# ਤਤਕਰਾ


ਦੋ ਸ਼ਬਦ (v)

ਭੂਮਿਕਾ (vii)

**ਮੁਢਲੀ ਜਾਣ ਪਛਾਣ** 1—44

ਭੂਮਿਕਾ 1

ਕਵੀ ਪਰਿਚਯ 1

ਸਾਹਿਤ ਸਿਰਜਣਾ 4

(ੳ) ਸੰਤ ਮਾਲ

(ਅ) ਗੁਰ ਬਿਲਾਸ ਬਾਬਾ ਸਾਹਿਬ ਸਿੰਘ ਬੇਦੀ

ਕਥਾ ਵਸਤੂ 5

ਬਾਬਾ ਸਾਹਿਬ ਸਿੰਘ : ਭਾਈ ਸੋਭਾ ਰਾਮ ਦੀ ਨਜ਼ਰ ਵਿਚ 10

ਬਾਬਾ ਸਾਹਿਬ ਸਿੰਘ ਦੀ ਸ਼ਖਸੀਅਤ 14

ਇਤਿਹਾਸਕ ਪੱਖ 16

ਪੰਜਾਬ ਦੀ ਰਾਜਨੀਤਕ ਸਥਿਤੀ 16

ਪੰਜਾਬ ਦੀ ਧਾਰਮਿਕ ਸਥਿਤੀ 18

ਪੰਜਾਬ ਦੇ ਰਸਮ ਰਿਵਾਜ 19

ਪੰਜਾਬ ਦੇ ਮੇਲੇ ਤੇ ਤਿਉਹਾਰ 19

ਚਰਿਤ ਕਾਵਿ ਪਰੰਪਰਾ 20

ਗੁਰ ਬਿਲਾਸ ਬਾਬਾ ਸਾਹਿਬ ਸਿੰਘ ਬੇਦੀ : ਚਰਿਤ ਕਾਵਿ 21

ਸਾਹਿਤਕ ਪੱਖ 23

ਯੁੱਧ ਚਿਤਰਨ 23

ਰਸ ਵਿਧਾਨ : ਬੀਰ ਰਸ, ਬੀਭਤਸ ਰਸ, ਸ਼ਿੰਗਾਰ ਰਸ, ਕਰੁਣਾ ਰਸ 24

ਛੰਦ ਵਿਧਾਨ : ਦੋਹਰਾ, ਚੌਪਾਈ, ਹਾਕਲ ਛੰਦ, ਗੀਆਂ ਮਾਲਤੀ, ਮਨੋਹਰ ਛੰਦ, ਤ੍ਰਿਭੰਗੀ, ਕਬਿਤ, ਸ੍ਵੈਯਾ, ਬ੍ਰਿਦਮਲਤਾ, ਭੁਯੰਗ ਪ੍ਰਯਾਤ, ਤੋਟਕ, ਰੁਣਝੁਣਾ, ਸਬਾਸ, ਨਰਾਜ, ਸਿਰਖੰਡੀ, ਚਾਚਰੀ, ਰਸਾਵਲ, ਨਵਨਾਮਕ ਛੰਦ। 26

ਛੰਦ ਦੋਸ਼

ਅਲੰਕਾਰ ਵਿਧਾਨ : ਰੂਪਕ, ਲੋਕੋਕਤੀ, ਅਨੁਪ੍ਰਾਸ ਉਪਮਾ, ਯਮਕ, 31

ਵੀਪਸਾ ਉਤਪ੍ਰੇਖਿਆ, ਪੁਨ ਉਕਤੀ, ਅਤਿਕਥਨੀ ਦ੍ਰਿਸ਼ਟਾਂਤ
ਭਾਸ਼ਾ 34
ਕਾਵਿ ਸ਼ੈਲੀ : ਬਿਰਤਾਂਤਿਕ, ਕਥਾ, ਸੰਬੋਧੀ, ਦਾਰਸ਼ਨਿਕ, ਸ਼ਬਦ ਜਾਲ, ਪ੍ਰਧਾਨ, ਪ੍ਰਸ਼ਨੋਤਰੀ ਤੇ ਸੰਗੀਤਾਤਮਕ ਸ਼ੈਲੀ । 37
ਵਿਸਥਾਰ ਰੁਚੀ 39
ਨੀਤੀ ਵਾਕ 39
ਸੰਪਾਦਨ ਵਿਧੀ 40
ਅਧਿਆਇ ਪਹਿਲਾ 45—103
ਗੁਰ ਬਿਲਾਸ ਬਾਬਾ ਸਾਹਿਬ ਸਿੰਘ ਬੇਦੀ (ਮੂਲ ਪਾਠ)
ਬਾਬਾ ਸਾਹਿਬ ਸਿੰਘ ਦਾ ਜਨਮ ਤੇ ਬਚਪਨ 45
ਮੰਗਲਾ ਚਰਣ 45
ਗ੍ਰੰਥ ਰਚਣ ਲਈ ਬਾਬਾ ਬਿਕਰਮ ਸਿੰਘ ਬੇਦੀ ਦਾ ਹੁਕਮ 49
ਕਵੀ ਦੀ ਗੁਰ ਪ੍ਰਣਾਲੀ 53
ਗੁਰਿਆਈ ਮੁੜ ਬੇਦੀਆਂ ਪਾਸ ਕਿਵੇਂ ਆਈ 63
ਗੁਰੂ ਗੋਬਿੰਦ ਸਿੰਘ ਜੀ ਦਾ ਊਨੇ ਆਉਣਾ 66
ਬੇਦੀਆਂ ਦੀ ਵਡਿਆਈ 67
ਗੁਰ ਪ੍ਰਣਾਲੀ 71
ਬਾਬਾ ਸਾਹਿਬ ਸਿੰਘ ਦਾ ਜਨਮ ਤੇ ਬਚਪਨ 72
ਬਾਲ ਲੀਲਾ 75
ਕਲਯੁਗੀ ਲੋਕਾਂ ਦੀ ਹਾਲਤ 77
ਬਾਬਾ ਮਹਿਬੂਬ ਸਿੰਘ ਦਾ ਜਨਮ 80
ਬਾਬਾ ਸਾਹਿਬ ਸਿੰਘ ਦਾ ਸ਼ਿਕਾਰ ਚੜ੍ਹਨਾ 83
ਪ੍ਰੋਧਾ ਮਾਲੀ ਨੂੰ ਉਪਦੇਸ਼ 85
ਸੰਗਤਾਂ ਨੂੰ ਉਪਦੇਸ਼ 89
ਦੁਆਬੇ ਨੂੰ ਪ੍ਰਸਥਾਨ 89
ਭਾਈ ਧਰਮ ਸਿੰਘ ਦੇ ਘਰ ਟਿਕਣਾ 92
ਬਾਬਾ ਸਾਹਿਬ ਸਿੰਘ ਨੂੰ ਵਿਦਿਆ ਦੇਣ ਦਾ ਪ੍ਰਬੰਧ ਕਰਨਾ 94
ਬੇਦੀਆਂ ਦਾ ਭਾਈ ਜੀ ਤੇ ਖਫ਼ਾ ਹੋਣਾ 95
ਬਾਬਾ ਸਾਹਿਬ ਸਿੰਘ ਦਾ ਬਾਲਾਂ ਨਾਲ ਖਿਦੋ ਖੂੰਡੀ ਖੇਲਣਾ 97
ਬਾਲਕ ਨੂੰ ਕਰਾਮਾਤੀ ਸ਼ਕਤੀ ਨਾਲ ਵਿਦਵਾਨ ਬਣਾਉਣਾ 98
ਬਾਬਾ ਸਾਹਿਬ ਸਿੰਘ ਦੀ ਕਸ਼ਮੀਰ ਯਾਤਰਾ 98
ਬਾਬਾ ਸਾਹਿਬ ਸਿੰਘ ਨੇ ਕਰਾਮਾਤ ਦਿਖਾਉਣੀ 101
ਊਨੇ ਵਾਪਸੀ 103

ਅਧਿਆਇ ਦੂਸਰਾ 104—230
ਮੰਗਲਾਚਰਣ 104
ਮਹਿਬੂਬ ਸਿੰਘ ਨੂੰ ਕਰਾਮਾਤ ਦਿਖਾਉਣੀ 105
ਭਾਈ ਗੁਰਦਿਆਲ ਨੂੰ ਭਗਤੀ ਬਾਰੇ ਦਸਣਾ 106
ਦੂਣ ਦੇ ਰਾਜੇ ਨੇ ਜਾਗੀਰ ਭੇਟ ਕਰਨੀ 115
ਭਾਈ ਰਾਜੂ ਨੇ ਮੁਕਤੀ ਪ੍ਰਾਪਤ ਕਰਨੀ 116
ਬਾਬਾ ਸਾਹਿਬ ਸਿੰਘ ਦੀ ਮੰਗਣੀ ਤੇ ਵਿਆਹ 118
ਬਾਬਾ ਸਾਹਿਬ ਸਿੰਘ ਦਾ ਸੱਸ ਸਹੁਰੇ ਨੂੰ ਉਪਦੇਸ਼ 129
ਬਾਬਾ ਸਾਹਿਬ ਸਿੰਘ ਦੀ ਅੰਮ੍ਰਿਤਸਰ ਯਾਤਰਾ 132
ਬਾਬਾ ਸਾਹਿਬ ਸਿੰਘ ਦਾ ਬਾੜੀਆਂ ਜਾਣਾ 134
ਬਾਬਾ ਸਾਹਿਬ ਸਿੰਘ ਦਾ ਆਨੰਦਪੁਰ ਵਿਖੇ ਵਾਸ 135
ਦੇਹਰਾ ਬਾਬਾ ਨਾਨਕ ਵਿਖੇ ਅੰਮ੍ਰਿਤ ਛਕਣਾ 135
ਬਾਬਾ ਸਾਹਿਬ ਸਿੰਘ ਦੀ ਸਾਧ ਸੇਵਾ ਦੀ ਭਾਵਨਾ 136
ਮਾਤਾ ਦਾ ਅਕਾਲ ਚਲਾਣਾ 137
ਸੰਗਤ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨੀਆਂ 138
ਪਾਖੰਡੀ ਬੈਰਾਗੀ ਸਾਧ ਦਾ ਪਾਜ ਉਘਾੜਨਾ 140
ਚੂੰਨੇ ਖਤਰੀ ਨੂੰ ਪੁਤਰ ਦੀ ਦਾਤ ਬਖਸ਼ਣੀ 143
ਬਾਬਾ ਸਾਹਿਬ ਸਿੰਘ ਨੇ ਪਿਛਲੇ ਜਨਮ ਦੀ ਵਾਰਤਾ ਦਸਣੀ 145
ਬਾਉਲੀ ਪ੍ਰਗਟ ਕਰਨੀ 147
ਬਾਬਾ ਸਾਹਿਬ ਸਿੰਘ ਦਾ ਸਿਖ ਦੇ ਘਰ ਜਾਣਾ 149
ਰਾਜਾ ਮਹਾਂ ਚੰਦ ਦੇ ਮਹਿਲੀ ਜਾਣਾ 150
ਬਦਲੇੜੀ ਵਿਖੇ ਵਿਸ਼ਰਾਮ 152
ਆਨੰਦਪੁਰ ਵਾਸਾ 153
ਕਾਲ ਸਮੇਂ ਲੋਕਾਂ ਨੂੰ ਅੰਨ ਆਦਿ ਦਾਨ ਕਰਨਾ 153
ਚੋਰਾਂ ਪਾਸੋਂ ਮਾਲਕ ਨੂੰ ਮੱਝ ਦਿਵਾਉਣੀ 153
ਮਾਈ ਅਨੰਤੀ ਨੇ ਪ੍ਰੇਮ ਨਾਲ ਪ੍ਰਸ਼ਾਦ ਛਕਾਉਣਾ 154
ਕੂਲ ਗਿਰਾਉਂ ਜਾਣਾ 154
ਪ੍ਰਵੀਨ ਸ਼ਿਕਾਰੀ ਬਾਬਾ ਸਾਹਿਬ ਸਿੰਘ 154
ਅਸਲੀ ਸੁਖਣਾ ਮੰਗਣੀ 156
ਦੇਸੂ ਸਿੰਘ ਨੂੰ ਪੁਤਰ ਦੀ ਦਾਤ ਬਖਸ਼ਣੀ 157
ਉਦੈ ਸਿੰਘ ਨੂੰ ਉਪਦੇਸ਼ 159
ਬਦਲੈੜੀ ਜਾਣਾ 161

| | |
|---|---|
| ਬਾਬਾ ਸਾਹਿਬ ਸਿੰਘ ਦਾ ਆਨੰਦਪੁਰ ਵਾਸ | 161 |
| ਸੂਰ ਦਾ ਸ਼ਿਕਾਰ | 162 |
| ਸਦਾ ਸੁਹਾਗਣ ਰੂਪ ਧਾਰਨ ਕਰਨ ਵਾਲੇ ਸਾਧ ਦਾ ਨਿਸਤਾਰਾ | 163 |
| ਬਾਬਾ ਸਾਹਿਬ ਸਿੰਘ ਨੇ ਔੜ ਪੈਣ ਦੇ ਕਰਾਮਾਤ ਨਾਲ ਮੀਂਹ ਬਰਾਉਣਾ | 164 |
| ਬਾਬਾ ਸਾਹਿਬ ਸਿੰਘ ਦੀ ਊਨੇ ਵਾਪਸੀ | 166 |
| ਬਾਬਾ ਸਾਹਿਬ ਸਿੰਘ ਨੇ ਕਰਾਮਾਤ ਨਾਲ ਅਟੁੱਟ ਲੰਗਰ ਕਰਵਾਇਆ | 167 |
| ਆਨੰਦਪੁਰ ਵਿਖੇ ਨਿਹੰਗ ਨੱਥਾ ਸਿੰਘ ਨੂੰ ਉਪਦੇਸ਼ | 168 |
| ਸੋਢੀ ਪ੍ਰੇਮ ਸਿੰਘ ਦਾ ਨਿਸਤਾਰਾ | 169 |
| ਬਾਬਾ ਸਾਹਿਬ ਸਿੰਘ ਦਾ ਸ਼ਿਕਾਰ ਜਾਣਾ | 170 |
| ਸਿਖ ਦੇ ਮਨ ਦੀ ਬੁਝਣੀ | 170 |
| ਚੋਰਾਂ ਨੇ ਗੁਰੂ ਦੇ ਘਰ ਚੋਰੀ ਕਰਨੀ | 170 |
| ਮਾਈ ਕਰਮੋਂ ਤੋਂ ਪ੍ਰਸ਼ਾਦ ਛਕਣਾ | 171 |
| ਰਾਜਪੂਤਾਂ ਨੂੰ ਉਪਦੇਸ਼ | 172 |
| ਸਾਧੂ ਧਰਮ ਦਾਸ ਦਾ ਬਿਰਤਾਂਤ | 173 |
| ਸਿਖਾਂ ਨੂੰ ਉਪਦੇਸ਼ | 175 |
| ਆਨੰਦਪੁਰ ਜਾਣਾ | 176 |
| ਚੜ੍ਹਤ ਸਿੰਘ ਨੂੰ ਰਾਜ਼ੀ ਕਰਨਾ | 176 |
| ਚੋਰਾਂ ਨੂੰ ਸ਼ਹੀਦਾਂ ਨੂੰ ਖੜਕਾਉਣਾ | 177 |
| ਚੋਚਾ ਰਾਣੀ ਦਾ ਰੋਗ ਨਿਵਾਰਣਾ | 178 |
| ਸੰਨਿਆਸੀ ਦਾ ਨਿਸਤਾਰਾ | 183 |
| ਚੋਚਾ ਰਾਣੀ ਦਾ ਦਰਸ਼ਨਾ ਨੂੰ ਆਉਣ | 184 |
| ਭਾਈ ਰਤਨ ਸਿੰਘ ਦੀ ਇਛਾ ਪੂਰੀ ਕਰਨੀ | 185 |
| ਭਾਈ ਦਇਆਲ ਸਿੰਘ ਦੀ ਕਥਾ | 187 |
| ਸਾਧੂ ਦੀ ਸ਼ੰਕਾ ਨਵਿਰਤੀ | 193 |
| ਸੇਵਲ ਗਾਂਵ ਦੀ ਸੰਗਤ ਨੂੰ ਉਪਦੇਸ਼ | 196 |
| ਗੁਰੂ ਪ੍ਰੇਮ ਵਿਚ ਲੀਨ ਲੜਕੀ ਦੀ ਕਥਾ | 197 |
| ਫੌਜਦਾਰ ਸ਼ਰਧਾਲੂ ਦੀ ਕਥਾ | 198 |
| ਮਾਲਵ ਦੇਸ਼ ਦੀ ਸੰਗਤ ਦੀ ਕਥਾ | 200 |
| ਗੈਂਡੇ ਜੱਟ ਦਾ ਬਿਰਤਾਂਤ | 201 |
| ਸੁਧਾ ਸਿੰਘ ਦੀ ਕਥਾ | 208 |
| ਦਿਵਾਨੀ ਰਾਮ ਨੂੰ ਪੁਤਰ ਬਖਸ਼ਣਾ | 210 |
| ਉਦਾਸੀ ਸਾਧੂ ਦੀ ਕਥਾ | 217 |

ਬਾਬਾ ਸਾਹਿਬ ਸਿੰਘ ਦੀ ਨਾਲਾ ਗੜ੍ਹ ਦੀ ਯਾਤਰਾ 220
ਰਾਜਾ ਬਿਲਾਸਪੁਰ ਤੇ ਅਘੜ ਧਤ ਦੀ ਕਥਾ 221
ਮਹਾਂ ਚੰਦ ਦੀ ਸ਼ਰਧਾ ਭਾਵਨਾ 224
ਤਮਾਕੂ ਪੀਣ ਵਾਲੇ ਰਾਜਪੂਤਾਂ ਨੂੰ ਸਜ਼ਾ ਦੇਣੀ 225
ਮੌਲਕ ਨੇ ਊਨੇ ਨੂੰ ਲੁਟਣਾ ਤੇ ਬਾਬਾ ਸਾਹਿਬ ਸਿੰਘ ਨੇ ਉਸ ਨੂੰ ਸਿਧਾ ਕਰਨਾ 227
ਅਧਿਆਇ ਤੀਸਰਾ (231-345)
ਮੰਗਲਾਚਰਣ 231
ਬਾਬਾ ਸਾਹਿਬ ਸਿੰਘ ਦੀ ਅੰਤਰਯਾਮਤਾ 231
ਅੰਮ੍ਰਿਤਸਰ ਤੋਂ ਸੰਗਤਾਂ ਨੇ ਦਰਸ਼ਨਾਂ ਲਈ ਆਉਣ 232
ਸ਼ਿਕਾਰ ਖੇਡਣਾ 233
ਕਰਮ ਸਿੰਘ ਨੂੰ ਅਰੋਗ ਕਰਨਾ 234
ਬਾਬਾ ਸਾਹਿਬ ਸਿੰਘ ਨੇ ਸਿੱਖ ਦੀ ਰੱਖਿਆ ਕਰਨੀ 236
ਮਨਸਾ ਸਿੰਘ ਦੀ ਸਾਖੀ 239
ਸਿਪਾਹਾ ਸਿੰਘ ਦੀ ਸਾਖੀ 241
ਸਿਖ ਨੂੰ ਉਪਦੇਸ਼ 244
ਬਾਬਾ ਸਾਹਿਬ ਸਿੰਘ ਦਾ ਕੁਲ ਗ੍ਰਿਰਾਉਂ ਆਉਣ 245
ਮੋਈ ਗਾਂ ਜਿਵਾਉਣੀ 245
ਮੋਇਆ ਘੋੜਾ ਜਿਵਾਉਣਾ 246
ਮਾਈ ਨੂੰ ਵਰ ਦੇਣਾ 246
ਆਨੰਦਪੁਰ ਵਿਖੇ ਸੰਗਤਾਂ ਦਾ ਦਰਸ਼ਨਾਂ ਨੂੰ ਆਉਣ 247
ਸਾਧੂ ਗੁਰਮੁਖ ਦਾਸ ਦੀ ਕਥਾ 247
ਗੁਰਬਾਣੀ ਦੀ ਮਹਾਨਤਾ ਦਸਣੀ 248
ਕੋਹੜੀ ਦਾ ਰੋਗ ਦੂਰ ਕਰਨਾ 251
ਖੜਕ ਸਿੰਘ ਸੋਢੀ ਦੀ ਕਥਾ 252
ਕੁਲ ਗਿਰਾਉਂ ਜਾਣਾ 254
ਜ਼ਿਮੀਦਾਰਾਂ ਨੂੰ ਸਬਕ ਸਿਖਾਉਣਾ 254
ਬਾਬਾ ਸਾਹਿਬ ਸਿੰਘ ਦਾ ਸਰੂਪ 256
ਰਾਜਕੁਮਾਰੀ ਦੀ ਕਥਾ 257
ਆਨੰਦਪੁਰ ਆਉਣਾ 260
ਮੀਂਹ ਰੋਕਣਾ 260
ਭਾਈ ਰਾਮ ਦੀ ਕਥਾ 261
ਦੀਵਾਨ ਨਾਨੂ ਮਲ ਦੀ ਸੁਧਾਈ 261
ਆਨੰਦਪੁਰ ਟਿਕਣਾ 263

| | |
|---|---|
| ਦੱਲ ਸਿੰਘ ਦੀ ਕਥਾ | 263 |
| ਰਾਮ ਸਿੰਘ ਦੀ ਕਥਾ | 264 |
| ਬਾਬਾ ਸਾਹਿਬ ਸਿੰਘ ਪ੍ਰਤਿ ਸੋਢੀਆਂ ਦੀ ਸ਼ਰਧਾ | 265 |
| ਲਧੜਾਂ ਪਿੰਡ ਦੇ ਸਾਧੂ ਦੀ ਕਥਾ | 266 |
| ਚੜ੍ਹਤ ਸਿੰਘ ਦੀ ਕਥਾ | 267 |
| ਆਨੰਦਪੁਰ ਟਿਕਣਾ ਤੇ ਕਰਾਮਾਤ ਵਿਖਾਉਣੀ | 268 |
| ਬਾਬਾ ਸਾਹਿਬ ਸਿੰਘ ਦਾ ਊਨੇ ਆਉਣਾ | 270 |
| ਬਾਬਾ ਸਾਹਿਬ ਦੀ ਕਰਾਮਾਤ | 272 |
| ਇਕ ਸਿਖ ਦਾ ਰੋਗ ਕਟਣਾ | 274 |
| ਬਾਬਾ ਸਾਹਿਬ ਸਿੰਘ ਦਾ ਦੂਸਰਾ ਵਿਆਹ | 275 |
| ਇਕ ਬਿਰਧ ਸਿਖ ਦੀ ਕਥਾ | 276 |
| ਰਾਮ ਸਰਨ ਦੀ ਕਥਾ | 277 |
| ਹਰਸਾ ਸਿੰਘ ਦਾ ਰੋਗ ਨਵਿਰਤ ਕਰਨਾ | 279 |
| ਇਕ ਮੁਸਲਮਾਨ ਸ਼ਰਧਾਲੂ ਦੀ ਕਥਾ | 281 |
| ਪਾਣੀ ਦੀ ਸਮਸਿਆ ਹਲ ਕਰਨੀ | 281 |
| ਬਾਬਾ ਸਾਹਿਬ ਸਿੰਘ ਦੀ ਜਗਾਧਰੀ ਦੀ ਯਾਤਰਾ | 282 |
| ਸਹਾਵਾਦ ਵਿਸ਼ਰਾਮ | 284 |
| ਪਟਿਆਲਾ ਨਰੇਸ਼ ਸਾਹਿਬ ਸਿੰਘ ਦਾ ਦਰਸ਼ਨਾਂ ਨੂੰ ਆਉਣਾ | 285 |
| ਭਾਈ ਹਿੰਮਤ ਸਿੰਘ ਦੀ ਕਥਾ | 286 |
| ਭਾਈ ਨੰਦ ਸਿੰਘ ਦੀ ਕਥਾ | 287 |
| ਇਕ ਬਾਲਕ ਦੀ ਕਥਾ | 290 |
| ਉਦਾਸੀ ਸਾਧੂ ਦੀ ਕਥਾ | 293 |
| ਹੋਲਾ ਮਹਲ ਮਨਾਉਣਾ | 295 |
| ਬਾਬਾ ਸਾਹਿਬ ਸਿੰਘ ਨੂੰ ਕਤਲ ਕਰਨ ਲਈ ਆਏ ਚੰਡਾਲ ਨੂੰ ਫੜਨਾ | 298 |
| ਚੋਰੀ ਫੜਨੀ | 299 |
| ਦੁਆਬੇ ਦੀ ਯਾਤਰਾ | 300 |
| ਦਮਦਮਾ ਸਥਾਨ ਤਿਆਰ ਕਰਨਾ | 302 |
| ਸ਼ੇਰ ਦਾ ਸ਼ਿਕਾਰ ਕਰਨਾ | 306 |
| ਮਾਈ ਦਾ ਦੰਭ ਉਜਾਗਰ ਕਰਨਾ | 307 |
| ਪਿੰਡ ਢੇਸੀਂ ਜਾਣਾ | 308 |
| ਪਿੰਡ ਅਪਰਾ ਜਾਣਾ | 308 |
| ਦੇਹਰਾ ਸਾਹਿਬ ਦੀ ਯਾਤਰਾ | 313 |
| ਕੁਬਹਰਵਾਲ ਜਾਣਾ | 316 |

ਇਕ ਨਿਹੰਗ ਸਿੰਘ ਦੀ ਕਥਾ 316
ਮੁਸਦਾ ਸਿੰਘ ਨੇ ਬਾਬਾ ਸਾਹਿਬ ਸਿੰਘ ਦਾ ਵਿਰੋਧ ਕਰਨਾ 309
ਆਨੰਦਪੁਰ ਆਉਣਾ 311
ਹਰੀਵਾਲ ਜਾਣਾ 311
ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਨੇ ਸ਼ਰਣ ਵਿਚ ਆਉਣਾ 320
ਰਣਜੀਤ ਸਿੰਘ ਨੂੰ ਦੁਸ਼ਮਣਾ ਤੋਂ ਬਚਾਉਣਾ 321
ਸ਼ਿਕਾਰ ਚੜ੍ਹਨਾ 325
ਮਾਈ ਜੀਵੀ ਦੀ ਕਥਾ 326
ਬਾਬਾ ਸਾਹਿਬ ਸਿੰਘ ਦੇ ਸਾਥੀ ਸਿੰਘ 328
ਮਿਆਂਣੀ ਜਾਣਾ 329
ਪਿੰਡ ਦਾਦਨ ਖਾਂ ਦੀ ਕਥਾ 382
ਬੈਰਾਗੀ ਸਾਧੂ ਦੀ ਕਥਾ 333
ਭਾਈ ਭਾਗ ਸਿੰਘ ਦੀ ਕਥਾ 334
ਮਹਾਰਾਜਾ ਰਣਜੀਤ ਸਿੰਘ ਦਾ ਦਰਸ਼ਨਾਂ ਨੂੰ ਆਉਣਾ 336
ਪੋਹਵਿੰਡੀ ਦੇ ਸਰਦਾਰ ਦੇ ਪੁਤਰ ਨੂੰ ਰਾਜ਼ੀ ਕਰਨਾ 338
ਰਣਜੀਤ ਸਿੰਘ ਨੇ ਬੇਨਤੀ ਕਰਨੀ 339
ਬਾਬਾ ਸਾਹਿਬ ਸਿੰਘ ਦਾ ਰਾਮ ਨਗਰ ਜਾਣਾ 341
ਬਾਬਾ ਸਾਹਿਬ ਸਿੰਘ ਦੇਹਰੇ ਆਉਣਾ 343
ਬਾਬਾ ਸਾਹਿਬ ਸਿੰਘ ਦੀ ਧਰਮ ਪਤਨੀ ਦਾ ਦੇਹਾਂਤ 344

ਅਧਿਆਇ ਚੌਥਾ 346-465

ਮੰਗਲਾਚਰਣ 346
ਬਾਬਾ ਸਾਹਿਬ ਦਾ ਆਨੰਦਪੁਰ ਵਿਸ਼ਰਾਮ 346
ਵਜ਼ੀਰ ਨੂੰ ਪੁਤਰ ਦੀ ਦਾਤ ਬਖਸ਼ਣੀ 346
ਮਨਸਾ ਸਿੰਘ ਦੀ ਕਥਾ 347
ਦੇਵੀ ਦੀ ਪ੍ਰਸੰਨਤਾ ਲਈ ਯੱਗ ਕਰਨਾ 348
ਸ਼ੰਕਾਲੂ ਲਈ ਸਜ਼ਾ 349
ਧਾੜਵੀਆਂ ਦੀ ਸਾਖੀ 349
ਸਿਖਾਂ ਦੇ ਕਾਰਜ ਸਵਾਰਨੇ 350
ਸੰਤੋਖ ਸਿੰਘ ਦੀ ਸਾਖੀ 351
ਖੜਗ ਸਿੰਘ ਸੋਢੀ ਦੀ ਕਥਾ 353
ਗੁਰਸਾ ਸਿੰਘ ਦੀ ਕਥਾ 355
ਸੋਢੀਆਂ ਦਾ ਅਹੰਕਾਰ ਦੂਰ ਕਰਨਾ 356

| | |
|---|---|
| ਚੰਦਾ ਸਿੰਘ ਦੀ ਕਥਾ | 358 |
| ਸੋਢੀਆਂ ਨੇ ਬਾਬਾ ਸਾਹਿਬ ਸਿੰਘ ਨੂੰ ਉਨੇ ਰਹਿਣ ਲਈ ਆਖਣਾ | 367 |
| ਬਾਬਾ ਸਾਹਿਬ ਸਿੰਘ ਨੇ ਗਾਂ ਬਚਾਉਣ ਲਈ ਕਸਾਈ ਨੂੰ ਕਤਲ | 371 |
| ਗੰਗਾ ਨੇ ਸਰੀਰ ਧਾਰ ਕੇ ਉਪਮਾ ਕਰਨੀ | 373 |
| ਆਨੰਦਪੁਰ ਆਉਣ ਤੇ ਨਾਰਦ ਨੇ ਸਾਧੂ ਦੇ ਭੇਸ ਵਿੱਚ ਦਰਸ਼ਨ ਕਰਨੇ | 373 |
| ਬਾਬਾ ਸਾਹਿਬ ਸਿੰਘ ਨੂੰ ਆਨੰਦਪੁਰ ਤਿਆਗਣ ਲਈ ਸੋਢੀਆਂ ਨੇ ਜ਼ੋਰ ਦੇਣਾ | 375 |
| ਆਨੰਦਪੁਰ ਦਾ ਤਿਆਗ | 377 |
| ਸਾਧ ਦੀ ਮਹਿਮਾ ਦਸਣੀ | 378 |
| ਬੇਈਮਾਨ ਨੂੰ ਸਜ਼ਾ ਦੇਣੀ | 379 |
| ਅੰਮ੍ਰਿਤਸਰ ਦੀ ਸੰਗਤ ਦੀ ਕਥਾ | 380 |
| ਮਿਹਰ ਸਿੰਘ ਦੀ ਕਥਾ | 382 |
| ਅੰਮ੍ਰਿਤਸਰ ਜਾਣ ਦੀ ਕਥਾ | 384 |
| ਸੱਪ ਦੀ ਕਥਾ | 384 |
| ਤੁਰਕਾਂ ਦੇ ਜ਼ੁਲਮ ਤੇ ਸਿਖਾਂ ਦੀ ਸ਼ਹੀਦੀ | 386 |
| ਇਕ ਮੁਸਲਮਾਨ ਲੋਹਾਰ ਦੀ ਕਥਾ | 388 |
| ਬਾਬਾ ਸਾਹਿਬ ਸਿੰਘ ਨੇ ਪਾਉਂਟੇ ਆਦਿ ਦੀ ਯਾਤਰਾ ਕਰਨੀ | 390 |
| ਤੁਰਕਾਂ ਨਾਲ ਯੁੱਧ | 391 |
| ਬਾਬਾ ਸਾਹਿਬ ਸਿੰਘ ਦੀ ਮਲੇਰਕੋਟਲੇ ਤੇ ਚੜ੍ਹਾਈ | 395 |
| ਸਿਖਾਂ ਨੂੰ ਉਪਦੇਸ਼ | 422 |
| ਬਾਬਾ ਸਾਹਿਬ ਸਿੰਘ ਦਾ ਦੇਹਰੇ ਆਦਿ ਜਾਣਾ | 429 |
| ਜੋਧ ਸਿੰਘ ਦੀ ਕਥਾ | 431 |
| ਸ਼ੇਰਖਾਨ ਨੂੰ ਸਬਕ ਸਿਖਾਉਣਾ | 432 |
| ਸੁੱਖੋ ਵਿਖੇ ਬਾਬਾ ਸਾਹਿਬ ਸਿੰਘ ਦਾ ਆਉਣਾ | 436 |
| ਰਤਨ ਸਿੰਘ ਦੀ ਕਥਾ | 437 |
| ਇਕ ਸਿਖ ਦਾ ਹਾਲ | 439 |
| ਇਕ ਸੁਨਿਆਰ ਸਿਖ ਦੀ ਕਥਾ | 440 |
| ਭਾਗ ਸਿੰਘ ਥਾਨੇਦਾਰ ਦੀ ਕਥਾ | 440 |
| ਬਾਬਾ ਸਾਹਿਬ ਸਿੰਘ ਦਾ ਸ਼ਿਕਾਰ ਚੜ੍ਹਨਾ | 441 |
| ਸੁਖਚੈਨ ਗਾਉਂ ਜਾਣਾ | 443 |
| ਬਾਬਾ ਸਾਹਿਬ ਸਿੰਘ ਦਾ ਵਜ਼ੀਰਾਬਾਦ ਜਾਣਾ | 444 |
| ਜਵਾਹਰ ਸਿੰਘ ਦੀ ਸ਼ੰਕਾ ਨਵਿਰਤੀ | 446 |
| ਭਾਈ ਬਲਾ ਸਿੰਘ ਦੀ ਕਥਾ | 448 |
| ਜੋਧ ਸਿੰਘ ਦੀ ਕਥਾ | 451 |

ਜੋਧ ਸਿੰਘ ਦੀ ਪਤਨੀ ਨੂੰ ਉਪਦੇਸ਼ 452
ਕਾਬਲ ਦੇ ਸਿਖਾ ਦੀ ਸਾਖੀ 455
ਸਦਾ ਕੌਰ ਦੀ ਕਥਾ 455
ਬੀਰ ਸਿੰਘ ਦੀ ਕਥਾ 456
ਬਾਬਾ ਸਾਹਿਬ ਸਿੰਘ ਦਾ ਰਾਮਨਗਰ ਆਉਣਾ 456
ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਨੇ 457
ਬਾਬਾ ਸਾਹਿਬ ਸਿੰਘ ਪਾਸ ਸ਼ਾਹ ਜ਼ਮਾਨ ਦੇ ਵਕੀਲ ਨੇ ਆਉਣਾ 458
ਬਾਬਾ ਸਾਹਿਬ ਸਿੰਘ ਨੇ ਸ਼ਾਹ ਜ਼ਮਾਨ ਨੂੰ ਲਾਹੌਰ ਤਿਆਗਣ ਲਈ ਕਹਿਣਾ 459
ਸ਼ਾਹ ਜ਼ਮਾਨ ਦਾ ਲਾਹੌਰ ਤਿਆਗਣਾ 460
ਦਰਬਾਰ ਸਾਹਿਬ ਦੀ ਦੀਪਮਾਲਾ ਕਰਨਾ 460
ਦਰਬਾਰ ਸਾਹਿਬ ਵਿਚ ਵੈਸਾਖੀ ਦਾ ਮੇਲਾ 461
ਇਕ ਸਰਬੰਗੀ ਦੀ ਕਥਾ 462

ਅਧਿਆਇ ਪੰਜਵਾਂ 466-565

ਮੰਗਲਾਚਰਣ 466
ਇਕ ਮਾਈ ਦੀ ਕਥਾ 466
ਬਾਬਾ ਸਾਹਿਬ ਸਿੰਘ ਦੀ ਮਾਝੇ ਦੀ ਫੇਰੀ 467
ਬਾਬਾ ਸਾਹਿਬ ਸਿੰਘ ਦਾ ਸੁਲਤਾਨਪੁਰ ਆਉਣਾ 468
ਬਾਬਾ ਸਾਹਿਬ ਸਿੰਘ ਨੇ ਲੁਧਿਆਣੇ ਆਉਣਾ 469
ਸਰਦਾਰਾਂ ਦੀ ਬੇਈਮਾਨ 470
ਗੌਂਡੇ ਦੀ ਕਥਾ 471
ਪੈਂਚਾਂ ਦਾ ਸ਼ਰਣ ਵਿਚ ਆਉਣਾ 472
ਸੁਧਾ ਸਿੰਘ ਦੀ ਮੌਤ 472
ਜੋਧ ਮਸੂਰੀ ਜਾਣਾ 472
ਲੋਕਾਂ ਵਿਚ ਸੁਲਹ ਕਰਵਾਉਣੀ 473
ਕਿਰਪੇ ਜੱਟ ਦੀ ਕਥਾ 474
ਬਾਬਾ ਸਾਹਿਬ ਸਿੰਘ ਦਾ ਲਖੇ ਪਧਾਰਨਾ 476
ਸਿਖ ਸਿਰਦਾਰਾਂ ਦੀ ਸੋਚ 478
ਜਮਰਾਜੇ ਨੇ ਗੁਪਤ ਸੈਨਾ ਭੇਜਣੀ 478
ਦੁਆਬੇ ਦੇ ਸਰਦਾਰਾਂ ਨੇ ਬਾਬਾ ਸਾਹਿਬ ਸਿੰਘ ਵਿਰੁਧ ਸਾਜ਼ਿਸ਼ ਕਰਨੀ 482
ਗੌਂਡੇ ਦੀ ਸਾਖੀ 486
ਬਾਬਾ ਸਾਹਿਬ ਸਿੰਘ ਦੀ ਕੈਥਲ ਫੇਰੀ 490
ਬਾਬਾ ਸਹਿਬ ਸਿੰਘ ਨੇ ਵਜ਼ੀਰਾਬਾਦ ਜਾਣਾ 491

| | |
|---|---|
| ਧੰਨੂ ਦੀ ਬੰਦ ਖਾਲਸੀ ਕਰਵਾਉਣੀ | 492 |
| ਕਰਤਾਰ ਪੁਰ ਠਹਿਰਨਾ | 493 |
| ਮਹਾਰਾਂਜਾ ਰਣਜੀਤ ਸਿੰਘ ਨਾਲ ਮਿਲਾਪ | 494 |
| ਇਕ ਮੁਸਲਮਾਨ ਦੀ ਕਥਾ | 495 |
| ਕਾਬਲ ਦੇ ਸਿਖ ਦੀ ਕਥਾ . | 496 |
| ਕਾਨ੍ਹ ਸਿੰਘ ਦੀ ਕਥਾ | 498 |
| ਪ੍ਰੇਮ ਸਿੰਘ ਦੀ ਕਥਾ | 500 |
| ਬਾਬਾ ਸਾਹਿਬ ਸਿੰਘ ਨੇ ਰਾਮ ਨਗਰ ਜਾਣਾ | 501 |
| ਸਿਰਦਾਰਾਂ ਦੀ ਕਮੀਨਗੀ | 505 |
| ਚੂਹਣਕਾਣੇ ਜਾਣਾ | 507 |
| ਦੰਭੀ ਸਾਧੂ ਦੀ ਕਥਾ | 507 |
| ਨਨਕਾਣਾ ਸਾਹਿਬ ਦੇ ਦਰਸ਼ਨ | 510 |
| ਭਾਈ ਬਾਲੇ ਦਾ ਖੂਹ ਲਭਣਾ | 512 |
| ਇਕ ਪੋਠੋਹਾਰੀ ਸਿੱਖ ਦੀ ਕਥਾ | 517 |
| ਇਕ ਸਿਖ ਦੀ ਗਾਥਾ | 519 |
| ਚੋਰਾਂ ਨੂੰ ਸਿਧੇ ਰਾਹ ਪਾਉਣਾ | 523 |
| ਰਾਇ ਬੁਲਾਰ ਦੇ ਪੋਤੇ ਨੇ ਮਿਲਣ ਆਉਣਾ | 524 |
| ਨਾਰਦ ਨੇ ਦਰਸ਼ਨ ਕਰਨ ਆਉਣਾ | 524 |
| ਗੁਰੂ ਨਾਨਕ ਦੇਵ ਜੀ ਦੀ ਸੰਖੇਪ ਜੀਵਨ ਕਥਾ | 525 |
| ਸੇਵਾ ਸਿੰਘ ਦੀ ਕਥਾ | 533 |
| ਸਾਹਿਬ ਸਿੰਘ ਦੀ ਬੇਅਦਬੀ ਕਰਨੀ | 534 |
| ਸਦਾ ਕੌਰ ਨੇ ਦਰਸ਼ਨਾ ਲਈ ਆਉਣਾ | 536 |
| ਰਾਮ ਨਗਰ ਆਦਿ ਜਾਣਾ | 537 |
| ਰਣਜੀਤ ਸਿੰਘ ਦੀ ਕਥਾ | 537 |
| ਭਾਈ ਵਸਤੀ ਰਾਮ ਦੀ ਕਥਾ | 540 |
| ਰਣਜੀਤ ਸਿੰਘ ਨੇ ਕਸੂਰ ਦੀ ਜੰਗ ਲੜਨੀ | 541 |
| ਬਾਬਾ ਸਾਹਿਬ ਸਿੰਘ ਦਾ ਅੰਮ੍ਰਿਤਸਰ ਆਉਣਾ | 542 |
| ਸਿਖ ਨੂੰ ਪੁਤਰ ਦੀ ਦਾਤ ਬਖਸ਼ਣੀ | 545 |
| ਬਾਬਾ ਸਾਹਿਬ ਸਿੰਘ ਦੇ ਤੀਸਰੇ ਵਿਆਹ ਦਾ ਹਾਲ | 547 |
| ਪ੍ਰੇਮ ਸਿੰਘ ਤੇ ਰਾਮ ਸਿੰਘ ਦੀ ਕਥਾ | 548 |
| ਇਕ ਮਾਈ ਨੂੰ ਪੁਤਰ ਦੀ ਦਾਤ ਬਖਸ਼ਣੀ | 549 |
| ਹਰੀ ਸਿੰਘ ਨੂੰ ਉਪਦੇਸ਼ | 550 |
| ਇਕ ਕਲੰਦਰ ਦੀ ਸਾਖੀ | 551 |

ਦੋ ਇਸਤਰੀਆ ਦੀ ਕਥਾ 552
ਜੰਮੂ ਦੇ ਰਾਜੇ ਦੀ ਕਥਾ 554
ਜੋਧ ਸਿੰਘ ਰਾਮਗੜ੍ਹੀਆ ਦੀ ਕਥਾ 558
ਬਾਬਾ ਸਾਹਿਬ ਸਿੰਘ ਦਾ ਊਨੇ ਆਉਣਾ 559
ਅੰਮ੍ਰਿਤਸਰ ਦੀ ਮਹਿਮਾ 560
ਊਨੇ ਆਉਣਾ 561
ਵਿਕਾਰਾਂ ਆਦਿ ਦੇ ਤਿਆਗ ਦਾ ਉਪਦੇਸ਼ 561
ਟਿੱਕਾ ਬਿਸ਼ਨ ਸਿੰਘ ਦੀ ਕਥਾ 563

**ਅਧਿਆਇ ਛੇਵਾਂ** 566-669

ਮੰਗਲਾਚਰਣ 566
ਗੁਲਾਬ ਸਿੰਘ ਦੀ ਕਥਾ 566
ਇਕ ਸਿੱਖ ਦੀ ਕਥਾ 567
ਮੰਗਲ ਸਿੰਘ ਦੀ ਰੱਖਿਆ ਕਰਨੀ 568
ਇਕ ਬ੍ਰਾਹਮਣ ਦੀ ਕਥਾ 569
ਬਾਬਾ ਸਾਹਿਬ ਸਿੰਘ ਦਾ ਨਾਨਕਸਰ ਜਾਣਾ 569
ਮਾਈ ਦੀ ਕਥਾ 570
ਇਕ ਸਿਖ ਦੀ ਮਦਦ ਕਰਨੀ 570
ਆਹਲੂਵਾਲੀਏ ਸਰਦਾਰ ਦੀ ਕਥਾ 521
ਸੇਵਾ ਸਿੰਘ ਦੀ ਕਥਾ 572
ਬਾਬਾ ਬੇਦੀ ਦਾ ਚਪੜਾਲ ਰਹਿਣਾਂ 573
ਭਾਈ ਦੁਖ ਭੰਜਨ ਨੂੰ ਬੁਲਾਉਣਾ 573
ਬਹਾਦਰ ਸਿੰਘ ਦੀ ਕਥਾ 575
ਸੇਵਾ ਪੰਥ ਦੀ ਕਥਾ 575
ਭਾਈ ਦੁਖ ਭੰਜਨ ਦੀ ਕਥਾ 578
ਈਸੋ ਨੇ ਮਾਈ ਅਨੰਤੀ ਦਾਂ ਵਿਰੋਧ ਕਰਨਾ 582
ਮਹਾਰਾਜਾ ਰਣਜੀਤ ਸਿੰਘ ਦਾ ਦਰਸ਼ਨਾ ਨੂੰ ਆਉਣਾ 584
ਦੀਵਾਨ ਸਿੰਘ ਦੀ ਕਥਾ 585
ਮਹਾਰਾਣੀ ਨਕੈਣ ਦਾ ਦਰਸ਼ਨਾਂ ਨੂੰ ਆਉਣਾ 586
ਭਾਈ ਦੁਖ ਭੰਜਨ ਦੀ ਸਾਖੀ 586
ਮਹਾਰਾਜਾ ਰਣਜੀਤ ਸਿੰਘ ਦੀ ਬੇਨਤੀ 589
ਅੰਗਰੇਜ਼ਾਂ ਨੇ ਮਰਹੱਟੇ ਜਸਵੰਤ ਰਾਓ ਦੀ ਵਾਪਸੀ ਲਈ ਵਕੀਲ ਭੇਜਣਾ 593
ਭਾਈ ਦੁਖ ਭੰਜਨ ਦਾ ਚਲਾਣਾ 597
ਭਾਈ ਭਾਗ ਸਿੰਘ ਦੀ ਕਥਾ 597

| | |
|---|---|
| ਬਾਬਾ ਸ੍ਰੀ ਚੰਦ ਦੀ ਕਥਾ | 599 |
| ਭਾਈ ਚੰਦਾ ਸਿੰਘ ਨੂੰ ਉਪਦੇਸ਼ | 601 |
| ਦੂਨਾ ਸਿੰਘ ਦੀ ਕਥਾ | 603 |
| ਬਾਬਾ ਜੀ ਨੇ ਚਪੜਾਲ ਜਾਣਾ | 603 |
| ਮਨਸਾ ਸਿੰਘ ਦੀ ਕਥਾ | 603 |
| ਗੈਂਡੇ ਦੀ ਕਥਾ | 605 |
| ਬੁਧ ਸਿੰਘ ਦੀ ਕਥਾ | 606 |
| ਮਹਾਰਾਜਾ ਰਣਜੀਤ ਸਿੰਘ ਦੀ ਪਟਰਾਣੀ ਨੇ ਆਉਣਾ | 606 |
| ਮਹਾਰਾਜਾ ਰਣਜੀਤ ਸਿੰਘ ਦਾ ਦਬਦਬਾ | 607 |
| ਸਰਦਾਰ ਬਿਸ਼ਨ ਦੀ ਵਿਧਵਾ ਨੇ ਬਾਬਾ ਬੇਦੀ ਦੀ ਸ਼ਰਣ ਆਉਣਾ | 608 |
| ਮਹਾਰਾਜਾ ਰਣਜੀਤ ਸਿੰਘ ਨੇ ਬਾਬੇ ਦਾ ਹੁਕਮ ਨਾ ਮੰਨਣਾ | 608 |
| ਬਾਬਾ ਸਾਹਿਬ ਸਿੰਘ ਦਾ ਨਰਾਜ਼ ਹੋਣਾ | 610 |
| ਬਾਬਾ ਸਾਹਿਬ ਸਿੰਘ ਦੇ ਘਰ ਪੁਤਰ ਦਾ ਜਨਮ | 613 |
| ਅੰਗਰੇਜ਼ਾਂ ਦੇ ਮੈਣ ਦੁਆਬ ਦੇ ਕਬਜ਼ਾ | 615 |
| ਇਕ ਖਤਰੀ ਦੀ ਕਥਾ | 615 |
| ਸੰਗਤਾਂ ਦਾ ਬਾਬਾ ਜੀ ਦੇ ਦਰਸ਼ਨਾ ਨੂੰ ਆਉਣਾ | 619 |
| ਊਨੇ ਦੀ ਉਪਮਾ | 622 |
| ਗਜ਼ਨੀ ਦੇ ਭਗਤ ਦੀ ਕਥਾ | 623 |
| ਲੌਂਗੋ ਪਿੰਡ ਦੀ ਮਾਈ ਦੀ ਕਥਾ | 626 |
| ਜਾਦੂਗਰਾਂ ਦੀ ਕਥਾ | 627 |
| ਆਨੰਦਪੁਰ ਦੇ ਸੋਢੀ ਦੀ ਕਥਾ | 629 |
| ਬਿਕਰਮ ਸਿੰਘ ਦੇ ਜਨਮ ਦੀ ਕਥਾ | 630 |
| ਊਨੇ ਦੀ ਕਥਾ | 631 |
| ਮਹਾਰਾਜਾ ਰਣਜੀਤ ਸਿੰਘ ਦੀ ਰਾਣੀ ਨੇ ਹਜ਼ੂਰੀ ਵਿਚ ਆਉਣਾ | 633 |
| ਸਾਧੂ ਬੇਲੀ ਰਾਮ ਦੀ ਕਥਾ | 634 |
| ਪਛਮ ਵਲ ਦੀਆਂ ਸੰਗਤਾਂ ਨੇ ਦਰਸਨ ਲਈ ਆਉਣਾ | 636 |
| ਇਕ ਜੁਲਾਹੀ ਦੀ ਸੁਖਣਾ ਪੂਰੀ ਕਰਨੀ | 636 |
| ਤੇਗ ਸਿੰਘ ਤੇ ਬਿਕਰਮ ਸਿੰਘ ਦੀ ਕਥਾ | 637 |
| ਦੂਨਾ ਸਿੰਘ ਦੀ ਕਥਾ | 638 |
| ਸਾਵਣ ਸਿੰਘ ਦੀ ਕਥਾ | 639 |
| ਸ਼ਰਧਾਲੂ ਸਿਖ ਦੀ ਕਥਾ | 640 |
| ਤੇਗ ਸਿੰਘ ਦੀ ਕਰਾਮਾਤ | 643 |
| ਹੋਲਾ ਮਹਲਾ ਮਨਾਉਣਾ | 644 |

ਬਾਬਾ ਜੀ ਦੇ ਪੁਤਰ ਦਾ ਵਿਆਹ 646
ਹਰਿਆ ਸਿੰਘ ਦੀ ਕਥਾ 664
ਭਾਈ ਬਲੂ ਦੀ ਕਥਾ 665
ਟਾਲੀ ਕਟਣ ਦੀ ਕਥਾ 667
ਅਮਰ ਸਿੰਘ ਦੀ ਕਥਾ 667

**ਅਧਿਆਇ ਸਤਵਾਂ** 670—824

ਮੰਗਲਾਚਰਣ 670
ਮਹਾਂ ਸਿੰਘ ਦੀ ਸਾਖੀ 671
ਬਾਬਾ ਸਾਹਿਬ ਸਿੰਘ ਨੇ ਮੀਂਹ ਵੱਰਾਉਣਾ 673
ਅਤੁਟ ਲੰਗਰ ਵਰਤਾਉਣਾ 674
ਜੱਸਾ ਸਿੰਘ ਛਾਛੀ ਦੀ ਸਾਖੀ 674
ਇਕ ਮਾਈ ਦੀ ਕਥਾ 675
ਮਹਾਰਾਜਾ ਰਣਜੀਤ ਸਿੰਘ ਦੀ ਊਨੇ ਵਿਖੇ ਫੇਰੀ 676
ਕੰਵਰ ਸ਼ੇਰ ਸਿੰਘ ਨੇ ਦਰਸ਼ਨ ਕਰਨ ਆਉਣਾ 685
ਸ਼ੇਰ ਸਿੰਘ ਦੀ ਅਵਗਿਆ 685
ਮਾਲਵੇ ਦੇ ਇਕ ਸਰਕਾਰ ਦੀ ਗਾਥਾ 687
ਇਕ ਸਿਖ ਦੀ ਕਥਾ 687
ਇਕ ਮਾਈ ਦੀ ਕਥਾ 688
ਭਾਈ ਮਨਸਾ ਸਿੰਘ ਦੀ ਕਥਾ 689
ਮਾਈ ਜੀਆ ਦੀ ਕਥਾ 691
ਬਾਬਾ ਬਿਕਰਮ ਸਿੰਘ ਦਾ ਵਿਵਾਹ ਵਰਣਨ 692
ਬੀਰ ਸਿੰਘ ਦੀ ਕਥਾ 705
ਇਕ ਸਿਖ ਨੂੰ ਉਪਦੇਸ਼ 710
ਜਵਾਲਾ ਦੇਵੀ ਦੀ ਕਥਾ 711
ਬਾਬਾ ਸਾਹਿਬ ਸਿੰਘ ਦਾ ਊਨੇ ਟਿਕਣਾ 712
ਬਾਬਾ ਸਾਹਿਬ ਸਿੰਘ ਪਾਸ ਵੈਦਾਂ ਨੇ ਆਉਣਾ 714
ਨਾਭਾਪਤੀ ਜਸਵੰਤ ਸਿੰਘ ਨੇ ਬਾਬਾ ਜੀ ਦੇ ਦਰਸਨਾਂ ਨੂੰ ਆਉਣਾ 715
ਬਾਬਾ ਸਾਹਿਬ ਸਿੰਘ ਨੇ ਭਵਿਖ ਬਚਨ ਕਰਨੇ 716
ਬਾਬਾ ਫਕੀਰ ਚੰਦ ਦੀ ਕਥਾ 719
ਮਹਾਰਾਜਾ ਰਣਜੀਤ ਸਿੰਘ ਨੇ ਦਰਸ਼ਨ ਕਰਨ ਲਈ ਆਉਣਾ 722
ਬਾਬਾ ਜੀ ਨੇ ਪੁਤਰਾਂ ਨੂੰ ਸ਼ਿਕਾਰ ਲਈ ਹੁਕਮ ਦੇਣਾ 725
ਇਕ ਸਿਖ ਨੂੰ ਪੁਤਰ ਦੀ ਦਾਤ ਬਖਸ਼ਣੀ 726

| | |
|---|---|
| ਸਰਦਾਰ ਅਮੀਰ ਸਿੰਘ ਦੀ ਕਥਾ | 727 |
| ਮਹਾਰਾਜਾ ਰਣਜੀਤ ਸਿੰਘ ਨੇ ਹਜ਼ੂਰੀ ਵਿਚ ਆਉਣਾ | 728 |
| ਬਾਬਾ ਸਾਹਿਬ ਸਿੰਘ ਨੇ ਨਨਕਾਣਾ ਸਾਹਿਬ ਜਾਣਾ | 729 |
| ਬਾਬਾ ਜੀ ਨੇ ਲਾਹੌਰ ਜਾਣਾ | 721 |
| ਜੁਆਲ ਸਿੰਘ ਦੀ ਸਾਖੀ | 733 |
| ਬਾਬਾ ਸਾਹਿਬ ਸਿੰਘ ਨੇ ਤਰਨਤਾਰ ਦਰਸ਼ਨਾ ਲਈ ਜਾਣਾ | 733 |
| ਸ਼ੁੰੜ-ਸ਼ਿੰਘ ਗਿਆਨੀ ਦੀ ਕਥਾ | 735 |
| ਬਾਬਾ ਸਾਹਿਬ ਸਿੰਘ ਨੇ ਉਨੇ ਆਉਣਾ | 737 |
| ਸੂਰ ਦੀ ਮੁਕਤੀ ਕਰਨੀ | 737 |
| ਮੇਘ ਸਿੰਘ ਨੂੰ ਉਪਦੇਖ | 738 |
| ਖਾਨਕੋਟ ਦੇ ਸਿਖ ਦੀ ਕਥਾ | 740 |
| ਸ਼ੇਰ ਦੀ ਕਥਾ | 733 |
| ਕੁਝਰਵਾਲ ਦੇ ਸਿਖ ਦੀ ਸਾਖੀ | 744 |
| ਰਸਾਇਣੀ ਨੇ ਬਾਬਾ ਜੀ ਨੇ ਬੁਲਾਉਣਾ | 745 |
| ਤਲਾਓ ਖੋਦਣ ਦੀ ਸਾਂਖੀ | 748 |
| ਬਾਬਾ ਜੀ ਨੇ ਤਮਾਸ਼ਾ ਕੇਰਨਾ | 750 |
| ਸੂਰ ਦਾ ਸ਼ਿਕਾਰ ਕਰਨਾ | 750 |
| ਹੁਕਮ ਸਿੰਘ ਦੀ ਕਥਾ | 751 |
| ਬੀਰ ਸਿੰਘ ਦੀ ਕਥਾ | 753 |
| ਊਨੇ ਬਾਰੇ ਭਵਿਖ ਬਚਨ | 755 |
| ਮਣਸਾ ਰਾਮ ਦੀ ਕੇਥਾ | 758 |
| ਇਕ ਚਰਮਕਾਰ ਦੀ ਕਥਾ | 759 |
| ਗਜਣ ਸਿੰਘ ਦੀ ਕਥਾ | 760 |
| ਜਵਾਹਰ ਸਿੰਘ ਨੂੰ ਦਰਸ਼ਨਾਂ ਨੂੰ ਆਉਣਾ | 761 |
| ਬਾਬਾ ਸਹਿਬ ਸਿੰਘ ਨੇ ਡੁਬਦੀ ਬੇੜੀ ਬਚਾਉਣੀ | 762 |
| ਭਾਈ ਹੇਮੇ ਨੂੰ ਅਰੋਗ ਕਰਨਾ | 763 |
| ਭਾਈ ਸਬਾਯਾ ਦੀ ਕਥਾ | 764 |
| ਭਾਈ ਦਰਬਾਰੀ ਕਥਾ | 264 |
| ਬਾਬਾ ਤੇਗ ਸਿੰਘ ਨੇ ਦੇਹਾਂਤ ਬਾਰੇ ਥਸਣਾ | 765 |
| ਸਿਖੀ ਦਾ ਸਰੂਪ | 766 |
| ਇਕ ਸ਼ਰਧਾਲੂ ਸ੍ਰਿਖ ਦੀ ਕਥਾ | 768 |
| ਬਾਬਾ ਸਾਹਿਬ ਸਿੰਘ ਨੇ ਭਵ੍ਰਿਖ ਬਚਨ ਕਰਨੇ | 770 |
| ਸੋਭੇ ਢਾਡੀ ਦੀ ਕਥਾ | 771 |

| | |
|---|---|
| ਹਜ਼ੂਰ ਸਿੰਘ ਦੇ ਪੁਤਰ ਨੂੰ ਵਾਪਸ ਬੁਲਾਉਣ | 772 |
| ਹੋਲਾ ਮਹਲਾ ਮਨਾਉਣਾ | 773 |
| ਭਾਈ ਗੁਰਦਿਤਾ ਦੀ ਕਥਾ | 777 |
| ਮੁਹਰ ਸਿੰਘ ਦੀ ਕਥਾ | 778 |
| ਭਾਈ ਗੁਰਦਿਤੇ ਦੀ ਸ਼ੇਸ਼ ਕਥਾ | 789 |
| ਦੂਨਾ ਸਿੰਘ ਦੀ ਕਥਾ | 782 |
| ਬਾਬਾ ਤੇਗ ਸਿੰਘ ਦੇ ਅਕਾਲ ਚਲਾਣੇ ਦੀ ਕਥਾ | 783 |
| ਬਾਬਾ ਤੇਗ ਸਿੰਘ ਦੀ ਪਤਨੀ ਦੇ ਸਤੀ ਹੋਣ ਦੀ ਕਥਾ | 790 |
| ਬਾਬਾ ਗੁਰਦਿਤਾ ਨਾਲ ਬਚਨ ਬਿਲਾਸ | 793 |
| ਸ਼ਹੀਦ ਸਿੰਘ ਨੇ ਇਕ ਸਿਖ ਦੇ ਚਪੇੜ ਮਾਰਨੀ | 795 |
| ਭਾਈ ਭਾਗ ਸਿੰਘ ਦੀ ਕਥਾ | 796 |
| ਮਹਾਂ ਸਿੰਘ ਦੀ ਕਥਾ | 796 |
| ਬੈਲ ਨੂੰ ਮਾਰਨ ਵਾਲੇ ਨੂੰ ਸਜ਼ਾ | 797 |
| ਬਲਵੰਤ ਸਿੰਘ ਦੀ ਕਥਾ | 798 |
| ਦਮਦਮੇ ਦੀ ਸੇਵਾ | 798 |
| ਭਾਈ ਸੇਵਾ ਸਿੰਘ ਦੀ ਕਥਾ | 800 |
| ਮਹਾਰਾਜਾ ਰਣਜੀਤ ਸਿੰਘ ਦੀ ਰਾਣੀ | 802 |
| ਬਾਬਾ ਸਾਹਿਬ ਸਿੰਘ ਦਾ ਆਪਣੇ ਪੈਰੋਕਾਰਾਂ ਨੂੰ ਉਪਦੇਸ਼ | 802 |
| ਮਾਹਾਰਾਜਾ ਰਣਜੀਤ ਸਿੰਘ ਨੇ ਮੁੜ ਚਪੜਾਲ ਦਾ ਇਲਾਕਾ ਵਾਪਸ ਮੰਗਣਾ | 803 |
| ਬਾਬਾ ਸਾਹਿਬ ਸਿੰਘ ਦੇ ਪਰਲੋਕ ਗਵਨ ਦੀ ਕਥਾ | 804 |
| **ਅੰਤਕਾ I : ਇਤਿਹਾਸਕ ਹਵਾਲੇ** | 825—849 |
| **ਅੰਤਕਾ II : ਅਰਥਾਵਲੀ** | 840—862 |
| **ਅੰਤਕਾ III : ਸਹਾਇਕ ਗ੍ਰੰਥਾਵਲੀ** | 863—866 |

## ਮੁੱਢਲੀ ਜਾਣ ਪਛਾਣ

**ਭੂਮਿਕਾ :**

ਪੰਜਾਬੀ ਸਾਹਿਤ ਦਾ ਬਹੁਤਾ ਭਾਗ ਅਜੇ ਹੱਥ ਲਿਖਿਤ ਗ੍ਰੰਥਾਂ ਦੇ ਰੂਪ ਵਿਚ ਵੱਖ ਵੱਖ ਸਰਕਾਰੀ, ਗੈਰ-ਸਰਕਾਰੀ, ਨਿੱਜੀ ਲਾਇਬ੍ਰੇਰੀਆਂ, ਸਾਧੂਆਂ ਦੇ ਡੇਰਿਆਂ ਵਿਚ ਜਾਂ ਅਣ-ਅਧਿਕਾਰੀ ਲੋਕਾਂ ਦੇ ਘਰਾਂ ਵਿਚ ਪਿਆ ਸੰਪਾਦਨ, ਪ੍ਰਕਾਸ਼ਨ ਤੇ ਮੁਲਾਂਕਣ ਲਈ ਸਹਿਕ ਰਿਹਾ ਹੈ। ਜਿਨ੍ਹਾਂ ਪਾਸ ਇਹ ਗ੍ਰੰਥ ਪਏ ਹਨ, ਉਹ ਅਕਸਰ ਅਧਿਐਨ ਲਈ ਪਰਵਾਨਗੀ ਨਹੀਂ ਦਿੰਦੇ ਤੇ ਰੁਮਾਲਿਆਂ ਵਿਚ ਲਪੇਟੇ ਗ੍ਰੰਥਾਂ ਨੂੰ ਮੱਥਾ ਟੇਕਣ ਲਈ ਆਖ ਕੇ ਮੁੜ ਸੰਦੂਕਾਂ ਵਿਚ ਰੱਖ ਦਿੰਦੇ ਹਨ। ਜਿਹੜੇ ਗ੍ਰੰਥ ਉਪਲਬਧ ਹਨ ਉਨ੍ਹਾਂ ਦਾ ਸੰਪਾਦਨ ਆਪਣੇ ਆਪ ਵਿਚ ਵੱਡੀ ਸਮੱਸਿਆ ਹੈ ਕਿਉਂਕਿ ਇਹ ਕਠਿਨ ਕਾਰਜ ਹੈ ਤੇ ਸੰਪਾਦਨ/ਸ਼ੋਧ ਕਰਤਾ ਨੂੰ ਧੀਰਜ ਸਬਰ, ਸਿਦਕ ਅਤੇ ਸ਼ਰਧਾ-ਭਾਵਨਾ ਵਾਲਾ ਹੋਣਾ ਪੈਂਦਾ ਹੈ। ਪੁਰਾਤਨ ਭਾਸ਼ਾ ਤੇ ਲਿਪੀ ਤੇ ਲਿਖਣ-ਢੰਗ ਬਾਰੇ ਗਿਆਨ ਲਾਜ਼ਮੀ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਗ੍ਰੰਥਾਂ ਦੇ ਲਿਖਣ ਵਾਲੇ ਵਿਦਵਾਨ ਆਲੋਚਕਾਂ ਨੇ ਵੀ ਇਸ ਪਾਸੇ ਅਕਸਰ ਉਦਾਸੀਨਤਾ ਹੀ ਵਿਖਾਈ ਹੈ ਜਿਸ ਕਾਰਨ ਬਹੁਤ ਸਾਰੇ ਸਾਹਿਤਕਾਰਾਂ ਦੀਆਂ ਰਚਨਾਵਾਂ ਦਾ ਮੁਲਾਂਕਣ ਨਹੀਂ ਹੋ ਸਕਿਆ। 'ਗੁਰ ਬਿਲਾਸ ਬਾਬਾ ਸਾਹਿਬ ਸਿੰਘ ਬੇਦੀ' ਦਾ ਸੰਪਾਦਨ ਇਸ ਦਿਸ਼ਾ ਵੱਲ ਇਕ ਨਿਮਾਣਾ ਜਿਹਾ ਯਤਨ ਹੈ।

**ਕਵੀ ਪਰਿਚਯ :**

ਭਾਰਤ ਵਿਚ ਤਿਆਗਵਾਦ ਦੀ ਭਾਵਨਾ ਦਾ ਬੜਾ ਜ਼ੋਰ ਰਿਹਾ ਹੈ ਜਿਸ ਦਾ ਕਾਰਨ ਹੈ ਕਿ ਇਸ ਜਗਤ ਨੂੰ ਅਸਤਿ, ਮਿਥਿਆ ਆਦਿ ਆਖ ਕੇ ਇਸ ਵਿਚ ਵਿਆਪਕ ਰਸਾਂ ਕਸਾਂ ਤੋਂ ਦੂਰ ਰਹਿ ਕੇ ਪਰਮਾਤਮਾ ਦੀ ਪ੍ਰਾਪਤੀ ਲਈ ਨਿਰੰਤਰ ਘਾਲਣਾ ਨੂੰ ਹੀ ਜੀਵਨ ਦਾ ਪ੍ਰਯੋਜਨ ਮੰਨਿਆ ਗਿਆ। ਮਨੁੱਖ ਨੂੰ 'ਪਾਣੀ ਦਾ ਬੁਲਬੁਲਾ,' 'ਨਚੀਜ਼' ਤੇ ਬਿਲਕੁਲ ਮਹੱਤਵਹੀਣ ਮੰਨਿਆ ਗਿਆ। ਇਸ ਜੀਵਨ ਨੂੰ ਅੰਤਿਮ ਨਾ ਮੰਨ ਕੇ ਅਗਲੇ ਜਨਮ ਵਿਚ ਰਹਿੰਦੀ ਭਗਤੀ ਦੀ ਕਸਰ ਨੂੰ ਪੂਰਾ ਕਰਨ ਦਾ ਪ੍ਰਚਾਰ ਰਿਹਾ ਹੈ ਭਾਵ ਇਹ ਕਿ ਜਨਮ-ਮਰਨ ਦਾ ਚੱਕਰ ਨਿਰੰਤਰ ਚਲਦਾ ਰਹਿੰਦਾ ਹੈ ਤੇ ਉਨਾਂ ਚਿਰ ਨਹੀਂ ਮੁਕਦਾ ਜਿਨਾਂ ਚਿਰ ਭਗਤੀ ਕਰਕੇ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਨਹੀਂ ਹੋ ਜਾਂਦੀ। ਇਹੀ ਕਾਰਨ ਹੈ ਕਿ ਭਾਰਤ ਵਿਚ ਜੀਵਨੀ ਜਾਂ ਇਤਿਹਾਸ ਲਿਖਣ ਦਾ ਰਿਵਾਜ ਨਹੀਂ ਸੀ। ਆਪਣੇ ਬਾਰੇ ਲਿਖਣਾ ਜਾਂ ਵਾਕਫ਼ੀਅਤ ਦੇਣਾ ਗੁਨਾਹ ਹੀ ਮੰਨਿਆ ਜਾਂਦਾ ਸੀ ਕਿਉਂਕਿ ਇਹ 'ਹਉਮੈ', ਦਾ ਪ੍ਰਗਟਾ ਸੀ। ਭਾਈ ਸੋਭਾ ਰਾਮ ਸੇਵਾਪੰਥੀ ਵੀ ਅਪਵਾਦ ਨਹੀਂ ਪਰ ਉਨ੍ਹਾਂ ਨੇ ਆਪਣੇ ਬਾਰੇ ਬੜੀ ਸੰਖਿਪਤ ਜਾਣਕਾਰੀ ਦਿਤੀ ਹੈ।

ਭਾਈ ਸੋਭਾ ਰਾਮ ਪ੍ਰਸਿੱਧ ਸੇਵਾਪੰਥੀ ਸਾਧੂ ਸਨ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਨਾਮ ਸਿਮਰਨ ਤੇ ਲਿਖਣ ਪੜ੍ਹਨ ਨੂੰ ਸਮਰਪਿਤ ਕੀਤਾ ਹੋਇਆ ਸੀ। ਇਹ ਸਾਧੂ ਗੁਪਤ ਰਹਿ ਕੇ ਪ੍ਰਸੰਨ ਹੁੰਦੇ ਸਨ ਜਿਸ ਕਾਰਨ ਇਨ੍ਹਾਂ ਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਉਪਲਬਧ ਨਹੀਂ ਹੈ। ਭਾਈ ਜੀ ਨੇ ਕੁਝ ਥਾਵਾਂ ਤੇ ਸ੍ਵੈ-ਪਰਿਚਯ ਕਰਵਾਇਆ ਹੈ ਜਿਸ ਦੇ ਆਧਾਰ ਤੇ ਇਨ੍ਹਾਂ ਦੇ ਜੀਵਨ ਬਾਰੇ ਸੰਖੇਪ ਰੂਪ ਵਿਚ ਲਿਖਿਆ ਜਾ ਸਕਦਾ ਹੈ।

ਆਪ ਦੇ ਮਾਤਾ ਦਾ ਨਾਮ ਲੱਛਮੀ ਤੇ ਪਿਤਾ ਦਾ ਨਾ ਭਾਈ ਦਰਬਾਰੀ ਸੀ। ਇਸ ਬਾਰੇ ਆਪ ਲਿਖਦੇ ਹਨ :

ਪਿਤਾ ਦਰਬਾਰੀ ਆਹਿ ਮਾਤਾ ਲਛਮੀ ਨਾਮ ਤਿਸੁ ॥
ਤਿਨ ਕਾ ਤਾਤ ਪਛਾਨਿ ਸੋਭਾ ਕਿੰਕਰੁ ਗੁਰੋ ਕਾ ॥

(ਸੰਤ ਮਾਲ, ਪਤਰਾ 255/ੳ)

ਭਾਈ ਜੀ ਨੇ ਆਪਣੀ ਗੁਰਪ੍ਰਣਾਲੀ ਇਸ ਪ੍ਰਕਾਰ ਦਿਤੀ ਹੈ :

ਭਾਈ ਕਨ੍ਹਈਆ ਜੀ
|
ਭਾਈ ਸੇਵਾਰਾਮ ਜੀ
|
ਭਾਈ ਅੜਣ ਸ਼ਾਹ ਜੀ
|
ਭਾਈ ਆਯਾ ਰਾਮ ਜੀ
|
ਭਾਈ ਧਰਮ ਦਾਸ ਜੀ
|
ਭਾਈ ਦੂਲੋ ਰਾਮ ਜੀ
|
ਭਾਈ ਗੁਰਦਿਤਾ ਜੀ

ਆਪ ਦੇ ਗੁਰੂ ਭਾਈ ਗੁਰਦਿਤਾ ਜੀ ਸਨ ਜੋ ਪ੍ਰਸਿੱਧ ਸੇਵਾ ਪੰਥੀ ਸਾਧੂ ਸਨ। ਆਪ ਨੇ ਉਨ੍ਹਾਂ ਦੀ ਸ਼ਰਣ ਵਿਚ ਉਦੋਂ ਆਏ, ਜਦੋਂ ਕਾਲ ਪਿਆ ਹੋਇਆ ਸੀ ਤੇ ਲੋੜ ਭੁੱਖ ਨਾਲ ਤੜਪ ਤੜਪ ਕੇ ਮਰ ਰਹੇ ਸਨ। ਇਹ ਕਾਲ 1765 ਈਸਵੀ ਵਿਚ ਪਿਆ ਸੀ। ਇਸ ਸਮੇਂ ਆਪ ਦੀ ਉਮਰ 7 ਸਾਲ ਦੀ ਸੀ। ਭਾਈ ਜੀ ਨੇ ਧੀਰਜ ਦਿਤਾ। ਚਰਨੀ ਲਾਇਆ ਤੇ ਬ੍ਰਹਮ ਵਿਦਿਆ ਵੀ ਪੜ੍ਹਾਈ। ਆਪ ਨੇ ਕਿਰਪਾ ਕਰਕੇ ਭਾਈ ਜੀ ਨੂੰ ਸੇਵਾ ਪੰਥ ਵਿਚ ਸ਼ਾਮਲ ਕਰ ਲਿਆ। ਭਾਈ ਸੋਭਾ ਰਾਮ ਦੇ ਆਪਣੇ ਸ਼ਬਦਾਂ ਵਿਚ :

ਸੋਭਾ ਦਾਸੰ ਭਾ ਇਨ ਦਾਸ ॥
ਜਿਮ ਆਇਆ ਤਿਮ ਕਰੇ ਪ੍ਰਕਾਸ ॥
ਪਰਾ ਦੁਕਾਲੁ ਕਿਛੁ ਬਰਨੁ ਨ ਜਾਈ ॥

ਬਿਨਾ ਅੰਨ ਨਰੁ ਮਰੁ ਮਰੁ ਜਾਈ ॥
ਤਿਸੀ ਸਮੇ ਮੈ ਸਰਨੀ ਆਯਾ ॥
ਗੁਰ ਮਯਾ ਤੇ ਧੀਰਜੁ ਪਾਇਆ ॥
ਬਿਦਯਾ ਦੀਨ੍ਹੀ ਪਰਾ ਪਢਾਈ ॥
ਬਹੁ ਗੁਣ ਦੀਨੇ ਆਪ ਸਿਖਾਈ ॥
ਭੇਖ ਦੀਆ ਨਿਜ ਮਯਾ ਕਰੁ ਸੁਭ ਮਗ ਦੀਨਾ ਪਾਇ ॥
ਗ੍ਰਿੰਥ ਬਨਾਇਆ ਪ੍ਰੀਤਿ ਕਰਿ ਤਾਂ ਕੀ ਆਇਸ ਪਾਇ ॥
(ਸੰਤ ਮਾਲ, ਪਤਰਾ 214/ਅ)

ਇਉਂ ਭਾਈ ਸੋਭਾ ਰਾਮ ਨੇ ਆਪਣੇ ਜੀਵਨ ਦਾ ਬਹੁਤ ਹਿੱਸਾ ਭਾਈ ਗੁਰਦਿੱਤਾ ਜੀ ਦੇ ਚਰਨਾਂ ਵਿਚ ਬਿਤਾਇਆ। ਭਾਈ ਸੋਭਾ ਰਾਮ ਨੇ ਆਪਣੇ ਗੁਰੂ ਦੀ ਬੜੀ ਮਹਿਮਾ ਕਹੀ ਹੈ। ਇਕ ਉਦਾਹਰਣ ਦੇਖੋ :

ਅਡਣਸਾਹੀ ਬਯੋਮ ਮਧ ਗੁਰਦਿਤਾ ਰਾਮ ਸਸਿ ਸੋਭ ॥
ਕੁਮਦਨਿ ਵਤ ਸੋਭਾ ਭਯੋ ਪਾਦ ਪਦਮ ਪਰ ਲੋਭ ॥

ਉਨ੍ਹਾਂ ਦੇ ਹੁਕਮ ਅਨੁਸਾਰ ਤਪ ਸਾਧਨਾ ਕੀਤੀ। ਵਿਦਿਆ ਪੜ੍ਹੀ ਦੇ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਿਚ ਲੱਗੇ ਰਹੇ। ਨਾਲ ਹੀ ਆਪ ਨੇ ਕਾਵਿ-ਰਚਨਾ ਵੀ ਕੀਤੀ। ਆਪ ਦੀਆਂ ਦੋ ਰਚਨਾਵਾਂ-ਸੰਤ ਮਾਲ ਤੇ ਗੁਰ ਬਿਲਾਸ ਬਾਬਾ ਸਾਹਿਬ ਸਿੰਘ ਬੇਦੀ-ਆਪ ਦੇ ਕਵੀ ਹੋਣ ਦਾ ਸੁਚੱਜਾ ਪ੍ਰਮਾਣ ਹਨ। ਭਾਈ ਜੀ ਨਿਮਰਤਾ ਵਾਲੇ ਸਨ। ਵਾਰ ਵਾਰ ਆਪਣੀ ਅਗਿਆਨਤਾ, ਅਲਪਗਤਾ ਤੇ ਅਲਪ-ਗਿਆਨ ਬਾਰੇ ਕਹਿੰਦੇ ਹਨ ਕਿ ਮੈਂ ਕੁਝ ਨਹੀਂ ਹਾਂ। ਇਹ ਜੋ ਕੁਝ ਲਿਖਿਆ ਜਾ ਰਿਹਾ ਹੈ, ਸਭ ਸੰਤਾਂ, ਗੁਰੂ ਸਾਹਿਬਾਨ ਦੀ ਮਿਹਰ ਸਦਕਾ ਹੈ। ਇਸ ਗ੍ਰੰਥ ਵਿਚ ਵੀ ਆਪ ਦੀ ਨਿਮਰਤਾ ਦੇ ਕਈ ਪ੍ਰਮਾਣ ਮਿਲਦੇ ਹਨ ਜਿਵੇਂ :

ਗ੍ਰਿੰਥ ਰਚਾਂ ਤਿਨ ਮਾਨ ਬਚ ਜਾ ਮੈ ਗੁਰ ਜਸੁ ਭੂਰ ॥
ਮਯਾ ਗੁਰੂ ਗੁਰ ਦਿਤ ਚੰਦ ਸੋਭਾ ਤਿਨ ਪਗ ਧੂਰ ॥
ਮੈਂ ਪ੍ਰਣਵੌਂ ਕਰ ਜੋਰ ਬਾਦਿ ਰਹਤ ਕਵਿ ਜੇ ਜਗਤ ॥
ਜਿਨ ਦੀਜਹੁ ਕਛੁ ਖੋਰੁ ਅਲਪ ਬੁਧਿ ਮਮ ਜਾਨੀਅਹੁ ॥
ਪਢਿਯਹੁ ਸੰਤ ਸੁਧਾਰ ਜੋ ਅਜੋਗਤਾ ਹੋਇ ਕਛੁ ॥
ਸਤਗੁਰ ਜਸੁ ਸੁਖਕਾਰ ਮੰਗਲ ਮੈ ਸਭ ਕੋ ਸੁਖਦ ॥

ਪਰ ਇਸ ਦਾ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਭਾਈ ਜੀ ਦਾ ਗਿਆਨ ਅਲਪ ਸੀ। ਆਪ ਵਿਦਵਾਨ ਸਨ ਤੇ ਆਪਣੇ ਸਮੇਂ ਵਿਚ ਦਿਤੀ ਜਾਂਦੀ ਵਿਦਿਆ ਗ੍ਰਹਿਣ ਕਰਨ ਉਪਰੰਤ ਲਿਖਣ ਪੜ੍ਹਨ ਵਿਚ ਲਗੇ ਰਹੇ।

ਬਾਬਾ ਸਾਹਿਬ ਸਿੰਘ ਬੇਦੀ ਨੂੰ ਸੇਵਾ ਪੰਥੀ ਸਾਧੂ ਗੁਰੂ ਮੰਨਦੇ ਸਨ ਜਿਸ ਕਾਰਨ ਉਨ੍ਹਾਂ ਦੇ ਮਨ ਵਿਚ ਅਥਾਹ ਸ਼ਰਧਾ ਸੀ। ਭਾਈ ਗੁਰਦਿਤਾ ਜੀ ਬਾਬਾ ਜੀ ਦੇ ਸ਼ਰਧਾਲੂ ਸਨ। ਉਨ੍ਹਾਂ ਨੇ ਸੇਵਾ ਪੰਥੀ ਸਾਧੂਆਂ ਨੂੰ ਹੁਕਮ ਦਿਤਾ ਕਿ ਬਾਬਾ ਜੀ ਪਾਸ ਊਨੇ ਰਹੋ।

ਭਾਈ ਸੋਭਾ ਰਾਮ ਵੀ ਬਾਬਾ ਜੀ ਦੇ ਸ਼ਰਧਾਲੂ ਸਨ ਜਿਸ ਕਾਰਨ ਬਹਤ ਲੰਮਾਂ ਸਮਾਂ ਊਨੇ ਬਾਬਾ ਜੀ ਦਾ ਹਜ਼ੂਰੀ ਵਿਚ ਰਹੇ ਰਿਹੇ ਤੇ ਬਾਬਾ ਜੀ ਦੇ ਨੇੜੇ ਰਹਿ ਕੇ ਜਿਥੇ ਨਾਮ ਸਿਮਰਨ ਵਿਚ ਲੀਨਤਾ ਪ੍ਰਾਪਤ ਕੀਤੀ, ਉੱਥੇ ਉਨ੍ਹਾਂ ਦੇ ਜੀਵਨ ਬਾਰੇ ਵੀ ਕਾਫੀ ਗਿਆਨ ਹਾਸਲ ਕੀਤਾ ਤੇ ਉਹ ਸਾਰਾ ਗਿਆਨ ਤੇ ਨਿਜੀ ਜਾਣਕਾਰੀ ਗ੍ਰੰਥ ਲਿਖਦੀਆਂ ਬੜੀ ਕੰਮ ਆਈ। ਗ੍ਰੰਥ ਦੇ ਅਧਿਐਨ ਤੋਂ ਜਾਪਦਾ ਹੈ ਕਿ ਬਾਬਾ ਸਾਹਿਬ ਸਿੰਘ ਬੇਦੀ ਦੇ ਅਕਾਲ ਚਲਾਣੇ ਮਗਰੋਂ ਭਾਈ ਜੀ ਊਨੇ ਨੂੰ ਤਿਆਗ ਕੇ ਅੰਮ੍ਰਿਤਸਰ ਆ ਗਏ ਤੇ ਪੱਕੇ ਤੌਰ ਤੇ ਇਥੇ ਰਹੇ ਕਿਉਂਕਿ ਅੰਮ੍ਰਿਤਸਰ ਵਿਖੇ ਭਾਈ ਸੋਭਾ ਰਾਮ ਦੀ ਧਰਮਸ਼ਾਲਾ ਮਸ਼ਹੂਰ ਹੈ। ਇਹ ਗੁਰ ਬਿਲਾਸ ਗ੍ਰੰਥ ਵੀ ਇਥੇ ਹੀ ਸੰਪੰਨ ਹੋਇਆ।

ਸੇਵਾ ਪੰਥੀ ਸਾਧੂਆਂ ਵਿਚ ਸੀਨਾ ਬਸੀਨਾ ਚਲੀ ਆਉਂਦੀ ਰਵਾਇਤ ਅਨੁਸਾਰ ਭਾਈ ਜੀ ਚੰਗੀ ਲੰਮੀ ਉਮਰਾ ਭੋਗ ਕੇ ਲਗਭਗ 80 ਸਾਲਾਂ ਦੀ ਉਮਰ ਵਿਚ ਅੰਮ੍ਰਿਤਸਰ ਵਿਖੇ ਗੁਜ਼ਰੇ।

**ਸਾਹਿਤ ਸਿਰਜਨਾ ;**

ਭਾਈ ਸੋਭਾ ਰਾਮ ਦੀਆਂ ਹੁਣ ਤਕ ਦੋ ਰਚਨਾਵਾਂ ਦਾ ਹੀ ਪਤਾ ਲੱਗ ਸਕਿਆ ਹੈ :

ੳ) ਸੰਤ ਮਾਲ

ਅ) ਗੁਰ ਬਿਲਾਸ ਬਾਬਾ ਸਾਹਿਬ ਸਿੰਘ ਬੇਦੀ।

ੲ) ਇਨ੍ਹਾਂ ਬਾਰੇ ਸੰਖਿਪਤ ਪਰਿਚਯ ਦਿਤਾ ਜਾਂਦਾ ਹੈ :

**ੳ) ਸੰਤ ਮਾਲ :**

ਇਹ ਵੱਡ ਅੰਕਾਰੀ ਹੱਥ ਲਿਖਤ ਗ੍ਰੰਥ ਹੈ ਜਿਸ ਵਿਚ ਸੇਵਾ ਪੰਥ ਦੇ ਇਤਿਹਾਸ ਨੂੰ ਲਿਖਣ ਦਾ ਉਪਰਾਲਾ ਕੀਤਾ ਗਿਆ ਹੈ। ਇਸ ਦੇ 225 ਪਤਰੇ ਹਨ। ਹਰ ਪਤਰੇ ਤੇ 16 ਪੰਗਤੀਆਂ ਹਨ। ਇਸ ਦਾ ਆਕਾਰ ਇਸ ਪ੍ਰਕਾਰ ਹੈ $12\frac{1}{2}'' \times 6\frac{1}{2}''$ ਲਿਖਤ $10'' \times 5\frac{1}{2}'$। ਇਹ ਅਜੇ ਤਾਈਂ ਪ੍ਰਕਾਸ਼ਤ ਨਹੀਂ ਹੋਇਆ ਤੇ ਨਾ ਹੀ ਨਿਕਟ ਭਵਿੱਖ ਵਿਚ ਇਸ ਦੇ ਪ੍ਰਕਾਸ਼ਤ ਹੋਣ ਦੀ ਕੋਈ ਸੰਭਾਵਨਾ ਹੀ ਜਾਪਦੀ ਹੈ। ਇਸ ਦੀਆਂ ਦੋ ਪ੍ਰਤੀਆਂ ਬਾਰੇ ਪਤਾ ਲੱਗ ਸਕਿਆ ਹੈ। ਇਕ ਮਹੰਤ ਗੋਪਾਲ ਸਿੰਘ ਸੇਵਾ ਪੰਥੀ, ਡੇਰਾ ਭਾਈ ਰਾਮ ਕਿਸ਼ਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਅਤੇ ਦੂਸਰੀ ਸਵਰਗਵਾਸੀ ਮਹੰਤ ਨਰਾਇਣ ਸਿੰਘ, ਡੇਰਾ ਭਾਈ ਕਨ੍ਹਈਆ, ਆਨੰਦਪੁਰ ਸਾਹਿਬ ਪਾਸ ਸੀ।

ਇਸ ਗ੍ਰੰਥ ਵਿਚ ਭਾਈ ਸੋਭਾ ਰਾਮ ਨੇ ਆਪਣੇ ਜੀਵਨ ਬਾਰੇ ਪਰਿਚਯ ਦਿਤ ਹੈ। ਸੇਵਾ ਪੰਥੀ ਸੰਪ੍ਰਦਾਇ ਦੇ ਪ੍ਰਸਿੱਧ ਸਾਧੂਆਂ ਬਾਰੇ ਕਾਫੀ ਸਮੱਗਰੀ ਇਸ ਵਿਚ ਸੰਚਿਤ ਕੀਤੀ ਗਈ ਹੈ। ਭਾਈ ਕਨ੍ਹਈਆ, ਭਾਈ ਸੇਵਾਰਾਮ: ਭਾਈ ਅੱਡਣਸ਼ਾਹ, ਭਾਈ ਸਹਿਜਰਾਮ, ਭਾਈ ਰੰਗਾ, ਭਾਈ ਦੁਖਭੰਜਨ ਆਦਿ ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ। ਭਾਈ ਧੰਨੂ ਭਾਈ ਸੋਮਾ ਸਿੰਘ, ਭਾਈ ਮੰਗੂ, ਭਾਈ ਗਾੜੂ, ਭਾਈ ਸਦਾ ਨੰਦ, ਭਾਈ ਭਲਾ ਰਾਮ ਆਦਿ ਬਾਰੇ ਬੜੇ ਸੰਖੇਪ ਪਰ ਭਾਵਪੂਰਤ ਢੰਗ ਨਾਲ ਲਿਖਿਆ ਹੈ।

ਸੇਵਾ ਪੰਥੀ ਸਾਧੂ ਰਾਜਨੀਤੀ ਵਲੋਂ ਉਦਾਸੀਨ ਰਹੇ ਤੇ ਨਾਮ ਸਿਮਰਨ, ਲੋਕ ਸੇਵਾ ਆਦਿ ਵਿਚ ਲੀਨ ਰਹਿਣਾ ਇਨਾਂ ਨੂੰ ਚੰਗਾ ਲਗਦਾ ਸੀ ਪਰ ਅਚੇਤ ਹੀ ਪੰਜਾਬ ਦੀ

ਮੰਦੀ ਦਸ਼ਾ ਬਾਰੇ ਇਸ ਗ੍ਰੰਥ ਵਿਚ ਹਵਾਲੇ ਆ ਗਏ ਹਨ। ਮੁਗਲਾਂ ਦੇ ਜ਼ੁਲਮ-ਜਬਰ ਬਾਰੇ ਸਾਖੀਆਂ ਉਪਲਬਧ ਹਨ। ਇਸ ਤੋਂ ਪਤਾ ਲਗਦਾ ਹੈ ਕਿ ਮੁਗਲ ਜਿਥੇ ਖਾਲਸੇ ਵੈਰੀ ਸਨ ਉਥੇ ਸਾਧੂ ਸੰਤਾਂ ਨਾਲ ਵੀ ਦੁਰ-ਵਿਹਾਰ ਕਰਦੇ ਸਨ। ਪ੍ਰਸੰਗ ਵਸ ਇਸ ਗ੍ਰੰਥ ਵਿਚ ਬਾਬਾ ਸਾਹਿਬ ਸਿੰਘ ਬੇਦੀ, ਮਹਾਰਾਜਾ ਰਣਜੀਤ ਸਿੰਘ, ਬਾਬਾ ਵਡਭਾਗ ਸਿੰਘ ਆਦਿ ਦੇ ਨਿੱਜੀ ਜੀਵਨ ਬਾਰੇ ਕਈ ਸਾਖੀਆਂ ਆ ਗਈਆਂ ਹਨ ਜਿਨ੍ਹਾਂ ਦਾ ਜ਼ਿਕਰ ਇਤਿਹਾਸ ਗ੍ਰੰਥਾਂ ਵਿਚ ਉਪਲਬਧ ਨਹੀਂ।

ਇਹ ਗ੍ਰੰਥ ਇਕ ਸਾਧੂ ਨੇ ਸਾਧੂਆਂ ਲਈ ਤੇ ਸਾਧੂਆਂ ਬਾਰੇ ਲਿਖਿਆ ਹੈ, ਇਸ ਲਈ ਗੁਰਮਤਿ-ਵਿਚਾਰਧਾਰਾ ਵੀ ਸਹਿਜੇ ਇਸ ਵਿਚ ਆ ਗਈ ਹੈ। ਦਾਰਸ਼ਨਿਕ ਤੇ ਨੈਤਿਕ ਵਿਚਾਰਾਂ ਦਾ ਪ੍ਰਚਾਰ ਤੇ ਪ੍ਰਸਾਰ ਸਹਿਜੇ ਹੀ ਕੀਤਾ ਗਿਆ ਹੈ। ਇਹ ਗ੍ਰੰਥ ਕਾਵਿ ਪੱਖ ਭਾਵੇਂ ਉਤਕ੍ਰਿਸ਼ਟ ਰਚਨਾ ਨਹੀਂ ਪਰ ਛੰਦਬੱਧ ਇਤਿਹਾਸ ਗ੍ਰੰਥਾਂ ਵਿਚ ਇਸ ਗ੍ਰੰਥ ਦਾ ਮਹੱਤਵਪੂਰਣ ਸਥਾਨ ਹੈ।

ਇਸ ਗ੍ਰੰਥ ਦੇ ਰਚਨ-ਕਾਲ ਬਾਰੇ ਭਾਈ ਸੋਭਾ ਰਾਮ ਨੇ ਖੁਦ ਲਿਖਿਆ ਹੈ :

ਜੇਸਟ ਮਾਸ ਥਿਤ ਤ੍ਰਿਓਦਸੀ ਸੋਮਿਵਾਰੁ ਸੁਖਕਾਰ ॥
ਉਨੀ ਸੈ ਤੇਈ ਉਪਰੇ ਤਿੰਸ ਦਿਨੁ ਗ੍ਰੰਥ ਇਤ ਧਾਰ ॥

**ਅ) ਗੁਰਬਿਲਾਸ ਬਾਬਾ ਸਾਹਿਬ ਸਿੰਘ ਬੇਦੀ :**

ਇਸ ਗ੍ਰੰਥ ਭਾਈ ਸੋਭਾ ਰਾਮ ਦਾ ਮਹੱਤਵਪੂਰਨ ਗ੍ਰੰਥ ਹੈ ਜਿਸ ਵਿਚ ਬਾਬਾ ਸਾਹਿਬ ਸਿੰਘ ਬੇਦੀ ਜੀ ਦੀ ਜੀਵਨ-ਕਥਾ ਵਿਸਤਾਰ ਸਹਿਤ ਲਿਖੀ ਗਈ ਹੈ।

**ਕਥਾਵਸਤੂ :**

ਭਾਈ ਸੋਭਾ ਰਾਮ ਨੇ ਇਸ ਗ੍ਰੰਥ ਨੂੰ ਸੱਤ ਅਧਿਆਵਾਂ ਵਿਚ ਵੰਡਿਆ ਹੈ। ਹਰ ਅਧਿਆਇ ਵਿਚ ਚਰਿਤ ਨਾਇਕ ਬਾਬਾ ਸਾਹਿਬ ਸਿੰਘ ਨੂੰ ਕੇਂਦਰ ਬਣਾ ਕੇ ਕਥਾ ਦਾ ਵਿਕਾਸ ਦਰਸਾਇਆ ਹੈ। ਕਥਾ ਆਪਣੇ ਸਿਖਰ ਵੱਲ ਨੂੰ ਚਲਦੀ ਜਾਂਦੀ ਹੈ। ਜਿਥੇ ਇਸ ਗ੍ਰੰਥ ਵਿਚ ਬਾਬਾ ਸਾਹਿਬ ਸਿੰਘ ਦੇ ਜੀਵਨ ਬਾਰੇ ਬਹੁਤ ਸਾਰੀ ਜਾਣਕਾਰੀ ਮਿਲਦੀ ਹੈ ਉਥੇ ਪੰਜਾਬ ਦੇ ਸਮਾਜਿਕ ਇਤਿਹਾਸ ਲਈ ਵੀ ਕਾਫੀ ਸੱਮਗਰੀ ਉਪਲਬਧ ਕਰਵਾਈ ਗਈ ਹੈ। ਹਰ ਅਧਿਆਇ ਵਿਚਲੀ ਕਥਾ ਬਾਰੇ ਸੰਖੇਪ ਪਰਿਚਯ ਦਿਤਾ ਜਾਂਦਾ ਹੈ।

**ਅਧਿਆਇ ਪਹਿਲਾ :**

ਇਸ ਅਧਿਆਇ ਵਿਚ ਬਾਲਕ ਸਾਹਿਬ ਸਿੰਘ ਦੀ ਜੀਵਨ ਕਥਾ ਦਾ ਆਰੰਭ ਕਰਦਿਆਂ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਸਿੱਧ ਕਰਨ ਦਾ ਸੁਚੇਤ ਯਤਨ ਕੀਤਾ ਗਿਆ ਹੈ। ਕਵੀ ਨੇ ਇਕ ਕਲਪਿਤ ਕਥਾ ਲਿਖੀ ਹੈ ਕਿ ਬੇਦੀਆਂ ਨੇ ਸੋਢੀਆਂ ਨੂੰ ਗੁਰ-ਗੱਦੀ ਦਿਤੀ ਸੀ ਜੋ ਮੁੜ ਗੁਰੂ ਗੋਬਿੰਦ ਸਿੰਘ ਜੀ ਨੇ ਬੇਦੀਆਂ ਦੇ ਮੰਗਣ ਤੇ ਵਾਪਿਸ ਕਰ ਦਿਤੀ। ਭਾਈ ਸੋਭਾ ਰਾਮ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਪਰਲੋਕ ਗਮਨ ਉਪਰੰਤ ਬਾਬਾ ਸਾਹਿਬ ਸਿੰਘ ਦੇ ਰੂਪ ਵਿਚ ਬੇਦੀਆਂ ਦੇ ਘਰ ਅਵਤਾਰ ਧਾਰਿਆ। ਇਸ ਕਥਾ ਦਾ ਕੋਈ ਇਤਿਹਾਸਕ ਆਧਾਰ ਨਹੀਂ ਹੈ ਤੇ ਨਾ ਹੀ ਮੌਖਿਕ ਰੂਪ ਵਿਚ ਇਹ ਸਾਖੀ ਸਿੱਖ ਜਗਤ ਵਿਚ ਪ੍ਰਚਲਿਤ ਹੈ।

ਬਾਬਾ ਸਾਹਿਬ ਸਿੰਘ ਬੇਦੀ ਦੇ ਜਨਮ ਤੇ ਬਚਪਨ ਦੀ ਕਥਾ ਵਿਸਥਾਰ ਸਹਿਤ ਕਹੀ ਗਈ ਹੈ। ਆਪ ਦਾ ਜਨਮ ਡੇਹਰਾ ਬਾਬਾ ਨਾਨਕ ਵਿਖੇ ਹੋਇਆ। ਅਜੇ ਆਪ ਛੋਟੇ ਹੀ ਸਨ ਕਿ ਮੁਗਲਾਂ ਦੇ ਹਮਲੇ ਦੀ ਸੋਅ ਕੰਨੀ ਪੈਣ ਤੇ ਆਪ ਦੇ ਪਿਤਾ ਪਰਿਵਾਰ ਸਹਿਤ ਦੁਆਬੇ ਵਲ ਨੂੰ ਚੱਲ ਪਏ ਤੇ ਅਖੀਰ ਊਨੇ ਆ ਕੇ ਵਿਸ਼ਰਾਮ ਕੀਤਾ। ਇਥੇ ਬਾਲਕ ਸਾਹਿਬ ਸਿੰਘ ਨੇ ਬਚਪਨ ਦੀਆਂ ਖੇਲਾਂ ਖੇਲੀਆਂ। ਸਾਥੀਆਂ ਨਾਲ ਖਿਦੋ ਖੂੰਡੀ ਖੇਡੀ ਤੇ ਧਿਆਨ ਪ੍ਰਭੂ ਚਰਨਾਂ ਵਿਚ ਰੱਖਿਆ। ਜੇਕਰ ਕਿਧਰੇ ਦਇਆਲ ਹੋਏ ਤਾਂ ਕਰਾਮਾਤੀ ਸ਼ਕਤੀ ਨਾਲ ਸਾਥੀਆਂ ਨੂੰ ਨਿਹਾਲ ਕਰ ਦਿਤਾ। ਆਪ ਨੇ ਆਪਣੇ ਬਾਲਕ ਸਾਥੀ ਨੂੰ ਕਰਾਮਾਤੀ ਸ਼ਕਤੀ ਨਾਲ ਵਿਦਿਆ ਦਾਤਾ ਬਣਾ ਦਿਤਾ। ਜੋ ਵੀ ਆਇਆ ਉਸ ਨੂੰ ਨਾਮ ਸਿਮਰਨ ਤੇ ਸ਼ੁਭ ਆਚਰਣ ਧਾਰਨ ਕਰਨ ਦਾ ਉਪਦੇਸ਼ ਦਿਤਾ। ਬਚਪਨ ਵਿਚ ਹੀ ਲੋਕਾਂ ਨੂੰ ਇਹ ਗਿਆਨ ਹੋ ਗਿਆ ਸੀ ਕਿ ਬਾਲਕ ਸਾਹਿਬ ਸਿੰਘ ਮਹਾਨ ਸੰਤ, ਰੂਹਾਨੀ ਰਹਿਬਰ ਬਣੇਗਾ।

**ਅਧਿਆਇ ਦੂਸਰਾ :**

ਇਸ ਅਧਿਆਇ ਵਿਚ ਬਾਬਾ ਸਾਹਿਬ ਸਿੰਘ ਬੇਦੀ ਦੇ ਵਿਆਹ ਦਾ ਵਿਸਥਾਰ ਪੂਰਬਕ ਵਰਣਨ ਕੀਤਾ ਗਿਆ ਹੈ। ਮੰਗਣੇ ਤੋਂ ਲੈ ਕੇ ਬਰਾਤ ਚੜ੍ਹਨ ਤੇ ਧੀ ਵਾਲਿਆਂ ਦੇ ਘਰ ਪੁੱਜਣ ਆਦਿ ਦਾ ਸੁੰਦਰ ਬਿਰਤਾਂਤ ਦਰਜ ਕਰਦਿਆਂ ਵਿਆਹ ਦੀਆਂ ਸਮਾਜਕ ਰਸਮਾਂ, ਬਰਾਤ ਦੀ ਸੇਵਾ, ਸਿਠਣੀਆਂ ਆਦਿ ਬਾਰੇ ਕਵੀ ਨੇ ਬੜੇ ਪਿਆਰ ਨਾਲ ਦੱਸਿਆ ਹੈ। ਇਸ ਵਰਣਨ ਤੋਂ ਪੰਜਾਬ ਦੇ ਜਨ-ਜੀਵਨ ਦੇ ਸਭਿਆਚਾਰਕ ਪੱਖ ਦਾ ਚੰਗਾ ਗਿਆਨ ਹੁੰਦਾ ਹੈ।

ਮੁਗਲਾਂ ਦਾ ਜ਼ੋਰ ਘੱਟ ਰਿਹਾ ਸੀ ਤੇ ਸਿਖ ਚੜ੍ਹਦੀ ਕਲਾ ਵੱਲ ਜਾ ਰਹੇ ਸਨ। ਬਾਬਾ ਸਾਹਿਬ ਸਿੰਘ ਬੇਦੀ ਨੇ ਇਕ ਸਿੱਖ ਗੈਂਡੇ ਨੂੰ ਮੁਸਲਮਾਨ ਹਾਕਮ ਤੋਂ ਮੁਕਤ ਕਰਵਾਉਣ ਲਈ ਪਹਿਲਾਂ ਪਿਆਰ ਨਾਲ ਸੰਦੇਸ਼ਾ ਭੇਜਿਆ ਪਰ ਜਦੋਂ ਉਸ ਨੇ ਇਨਕਾਰ ਕਰ ਦਿਤਾ ਤਾਂ ਤਲਵਾਰਾਂ ਦੇ ਬਲ ਨਾਲ ਉਸ ਨੂੰ ਆਜ਼ਾਦ ਕਰ ਵਿਖਾਇਆ। ਇਸੇ ਤਰ੍ਹਾਂ ਰਾਜਪੂਤਾਂ ਨੇ ਊਨੇ ਦੇ ਆਸ ਪਾਸ ਲੁਟ ਖਸੁਟ ਦਾ ਧੰਦਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੂੰ ਤਲਵਾਰ ਦੇ ਜ਼ੋਰ ਨਾਲ ਨੱਥ ਪਾ ਕੇ ਇਲਾਕੇ ਵਿਚ ਸ਼ਾਂਤੀ ਸਥਾਪਿਤ ਕੀਤੀ।

ਪਾਖੰਡੀ ਸਾਧੂਆਂ ਦੇ ਪਾਜ ਉਘਾੜੇ, ਸ਼ਰਧਾਲੂਆਂ ਨੂੰ ਨਾਮ ਸਿਮਰਨ ਦਾ ਉਪਦੇਸ਼ ਦਿਤਾ। ਪਰਮਾਤਮਾ ਨਾਲ ਜੋੜਿਆ। ਸਿੱਖਾਂ ਦੇ ਘਰੀਂ ਜਾ ਕੇ ਉਨ੍ਹਾਂ ਨੂੰ ਨਿਵਾਜਿਆ। ਰਾਜਿਆਂ ਮਹਾਰਾਜਿਆਂ ਨੇ ਵੀ ਸ਼ਰਧਾ ਵੱਸ ਬਾਬਾ ਸਾਹਿਬ ਸਿੰਘ ਬੇਦੀ ਨੂੰ ਮਾਨ ਸਨਮਾਨ ਦਿਤਾ। ਚੋਰਾਂ-ਯਾਰਾਂ ਨੂੰ ਦੰਡ ਦਿਤਾ ਤੇ ਉਨ੍ਹਾਂ ਨੂੰ ਹਮੇਸ਼ਾ ਲਈ ਚੋਰੀ ਦਾ ਤਿਆਗ ਕਰਨ ਲਈ ਪ੍ਰੇਰਿਆ। ਤਮਾਕੂ ਸੇਵਨ ਕਰਨ ਵਾਲਿਆਂ ਨੂੰ ਸਿੱਧੇ ਰਾਹ ਪਾਇਆ।

ਇਉਂ ਕਵੀ ਨੇ ਇਸ ਅਧਿਆਇ ਵਿਚ ਮਹੱਤਵਪੂਰਨ ਘਟਨਾਵਾਂ ਦਾ ਜ਼ਿਕਰ ਕੀਤਾ ਹੈ।

**ਅਧਿਆਇ ਤੀਸਰਾ :**

ਇਸ ਅਧਿਆਇ ਵਿਚ ਬਾਬਾ ਸਾਹਿਬ ਸਿੰਘ ਬੇਦੀ ਬਾਰੇ ਬਹੁਤ ਸਾਰੀਆਂ ਅਜਿਹੀਆਂ ਸਾਖੀਆਂ ਅੰਕਿਤ ਕੀਤੀਆਂ ਗਈਆਂ ਹਨ ਜਿਨ੍ਹਾਂ ਦਾ ਮਨੋਰਥ ਉਨ੍ਹਾਂ ਨੂੰ ਪਰਾਸਰੀਰਕ ਤੇ

ਕਰਾਮਾਤੀ ਸ਼ਕਤੀਆਂ ਦਾ ਸੁਆਮੀ ਸਿੱਧ ਕਰਨਾ ਹੈ। ਅੰਤਰਯਾਮਤਾ, ਵਾਕ-ਸਿੱਧੀ ਵਰ/ਸਰਾਪ ਦੇ ਅਸਰ ਆਦਿ ਨੂੰ ਦਰਸਾਇਆ ਗਿਆ ਹੈ। ਇਹ ਕਵੀ ਸੁਚੇਤ ਤੌਰ ਤੇ ਬਾਬਾ ਸਾਹਿਬ ਸਿੰਘ ਨੂੰ ਅਵਤਾਰ ਸਿੱਧ ਕਰਨ ਲਈ ਯਤਨਸ਼ੀਲ ਹੈ।

ਇਸ ਅਧਿਆਇ ਵਿਚ ਇਤਿਹਾਸਕ ਪੱਖੋਂ ਬੜੀ ਮਹਤਵਪੂਰਨ ਸੂਚਨਾ ਅੰਕਿਤ ਹੈ। ਮਹਾਰਾਜਾ ਰਣਜੀਤ ਸਿੰਘ ਦਾ ਪਿਤਾ ਸਰਦਾਰ ਮਹਾਂ ਸਿੰਘ ਬਾਬਾ ਸਾਹਿਬ ਸਿੰਘ ਦਾ ਬੜਾ ਸ਼ਰਧਾਲੂ ਸੀ। ਉਸ ਦੀ ਅਚਾਨਕ ਮੌਤ ਉਪਰੰਤ ਹੋਰ ਮਿਸਲਾਂ ਦੇ ਸਰਦਾਰ ਰਣਜੀਤ ਸਿੰਘ ਨੂੰ ਕਤਲ ਕਰਨਾ ਚਾਹੁੰਦੇ ਸਨ। ਜਦੋਂ ਇਸ ਗੱਲ ਦਾ ਬਾਬਾ ਸਾਹਿਬ ਸਿੰਘ ਨੂੰ ਪਤਾ ਲੱਗਾ ਤਾਂ ਉਹ ਮਦਦ ਲਈ ਬਹੁੜੇ ਤੇ ਰਣਜੀਤ ਸਿੰਘ ਨੂੰ ਜਿੱਥੇ ਦੁਸ਼ਮਨਾਂ ਦੇ ਵਾਰ ਤੋਂ ਬਚਾਇਆ ਉਥੇ ਉਸ ਨੂੰ ਹਰ ਪ੍ਰਕਾਰ ਦੀ ਮਦਦ ਦੇ ਕੇ ਮੁਸਲਮਾਨੀ ਇਲਕਿਆਂ ਨੂੰ ਅਧੀਨ ਕਰਨ ਲਈ ਉਤਸਾਹਿਤ ਵੀ ਕੀਤਾ। ਰਣਜੀਤ ਸਿੰਘ ਤੇ ਉਸ ਦੀ ਮਾਤਾ ਬਾਬਾ ਜੀ ਦੇ ਸ਼ਰਧਾਲੂ ਬਣ ਕੇ ਅਕਸਰ ਦਰਸ਼ਨਾਂ ਨੂੰ ਆਉਂਦੇ ਰਹਿੰਦੇ ਸਨ। ਇਵੇਂ ਹੀ ਮਹਾਰਾਜਾ ਸਾਹਿਬ ਸਿੰਘ ਪਟਿਆਲਾ-ਪਤੀ ਵੀ ਆਪ ਦੇ ਦਰਸ਼ਨਾਂ ਨੂੰ ਆਉਂਦਾ ਸੀ। ਦੀਵਾਨ ਨਾਨੂ ਮੱਲ ਬੜਾ ਜ਼ਾਲਮ ਸੀ ਜਿਸ ਤੋਂ ਪਰਜਾ ਬੜੀ ਦੁਖੀ ਸੀ। ਉਸ ਦੇ ਮਰਨ ਉਪਰੰਤ ਲੋਕ ਸੌਖੇ ਹੋ ਗਏ।

ਬਾਬਾ ਸਾਹਿਬ ਸਿੰਘ ਦੀ ਪਹਿਲੀ ਪਤਨੀ ਗੁਜ਼ਰ ਗਈ ਸੀ। ਭਾਈ ਜੀਤਮਲ ਨੇ ਆਪਣੀ ਕੰਨਿਆ ਬਾਬਾ ਜੀ ਦੇ ਲੜ ਲਗਾਈ। ਇਉਂ ਬੇਦੀ ਸਾਹਿਬ ਨੇ ਦੂਸਰਾ ਵਿਆਹ ਕੀਤਾ। ਬਾਬਾ ਸਾਹਿਬ ਸਿੰਘ ਹੋਲੇ ਮਹੱਲੇ ਦਾ ਉਤਸਵ ਬੜੀ ਧੂਮ ਧਾਮ ਨਾਲ ਮਨਾਉਂਦੇ ਸਨ। ਸ਼ਿਕਾਰ ਖੇਡਣ ਜਾਂਦੇ ਸਨ। ਸੂਰ ਦਾ ਸ਼ਿਕਾਰ ਆਪ ਦਾ ਮਨਾਉਂਦਾ ਸ਼ੁਗਲ ਸੀ। ਫਿਰ ਇਨ੍ਹਾਂ ਜਾਨਵਰਾਂ ਦਾ ਮਾਸ ਲੰਗਰ ਵਿਚ ਬਣਾ ਕੇ ਸੰਗਤਾਂ ਨੂੰ ਛਕਾਇਆ ਜਾਂਦਾ ਸੀ। ਬਾਬਾ ਜੀ ਅਕਸਰ ਯਾਤਰਾ ਤੇ ਰਹਿੰਦੇ ਸਨ। ਜਿਥੇ ਜਾਂਦੇ ਉਥੇ ਲੋਕਾਂ ਨੂੰ ਨਾਮ ਬਾਣੀ ਨਾਲ ਜੋੜਦੇ। ਸਿੱਖੀ ਦਾ ਪ੍ਰਚਾਰ ਕਰਦੇ। ਬੇਮੁਖਾਂ ਨੂੰ ਸਿੱਖੀ ਨਾਲ ਜੋੜਦੇ। ਸਿੱਖੀ ਦੀ ਮਹਾਨਤਾ ਤੋਂ ਅਣਜਾਣਾਂ ਨੂੰ ਸਿੱਖੀ ਦੇ ਗੁਣ ਦੱਸ ਕੇ ਅੰਮ੍ਰਿਤ ਛਕਾ ਕੇ ਲੋਕਾਂ ਨੂੰ ਅੰਮ੍ਰਿਤਧਾਰੀ ਖਾਲਸਾ ਸਜਾਉਂਦੇ।

**ਅਧਿਆਇ ਚੌਥਾ :**

ਇਸ ਅਧਿਆਇ ਵਿਚ ਬਾਬਾ ਸਾਹਿਬ ਸਿੰਘ ਨਾਲ ਸਬੰਧਤ ਬਹੁਤ ਸਾਰੀਆਂ ਅਜਿਹੀਆਂ ਸਾਖੀਆਂ ਅੰਕਿਤ ਕੀਤੀਆਂ ਹਨ ਜਿਨ੍ਹਾਂ ਦਾ ਮਨੋਰਥ ਬਾਬਾ ਜੀ ਨੂੰ ਅਲੌਕਿਕ ਸ਼ਕਤੀਆਂ ਦਾ ਸੁਆਮੀ ਸਿੱਧ ਕਰਨਾ ਹੈ।

ਬਾਬਾ ਸਾਹਿਬ ਸਿੰਘ ਤੇ ਸਨਾਤਨੀ ਵਿਚਾਰਾਂ ਤੇ ਕਰਮਕਾਂਡ ਦਾ ਪ੍ਰਭਾਵ ਪਿਆ ਜਿਸ ਕਾਰਨ ਆਪ ਨੇ ਦੇਵੀ ਨੂੰ ਪ੍ਰਸੰਨ ਕਰਨ ਲਈ ਯੱਗ ਕੀਤਾ ਤੇ ਗੁਰੂ ਗੋਬਿੰਦ ਸਿੰਘ ਦਾ ਪ੍ਰਮਾਣ ਦਿਤਾ ਕਿ ਉਨ੍ਹਾਂ ਨੇ ਵੀ ਦੇਵੀ ਦੀ ਪੂਜਾ ਕੀਤੀ ਸੀ ਜਦੋਂ ਕਿ ਉਨ੍ਹਾਂ ਨੇ ਬ੍ਰਾਹਮਣਾਂ ਦਾ ਦੰਭ ਦੂਰ ਕਰਨ ਲਈ ਕੌਤਕ ਕੀਤਾ ਸੀ।

ਬਾਬਾ ਸਾਹਿਬ ਸਿੰਘ ਆਨੰਦਪੁਰ ਦੇ ਸੋਢੀਆਂ ਨੂੰ ਆਪਣੇ ਲਈ ਖ਼ਤਰਾ ਜਾਪਦਾ ਸੀ ਕਿ ਕਿਧਰੇ ਉਨ੍ਹਾਂ ਦੀ ਸਿੱਖੀ ਸੇਵਕੀ ਤੇ ਮੰਦਾ ਪ੍ਰਭਾਵ ਨਾ ਪਵੇ। ਦੂਜਾ ਉਨ੍ਹਾਂ ਦਾ ਇਹ ਦਾਅਵਾ ਵੀ ਸੀ ਕਿ ਆਨੰਦਪੁਰ ਸੋਢੀਆਂ ਦੀ ਜਾਗੀਰ ਹੈ, ਇਸ ਲਈ ਉਨ੍ਹਾਂ ਨੇ

ਬਾਬਾ ਸਾਹਿਬ ਸਿੰਘ ਨੂੰ ਆਪਣਾ ਸਦਰ ਮੁਕਾਮ ਊਨਾ ਬਣਾਉਣ ਲਈ ਜ਼ੋਰ ਦਿਤਾ ਤੇ ਲੜਨ ਲਈ ਵੀ ਤਿਆਰ ਹੋ ਗਏ ਜਿਸ ਤੋਂ ਸੋਢੀਆਂ ਤੇ ਬੇਦੀਆਂ ਦੇ ਮਾੜੇ ਆਪਸੀ ਸਬੰਧਾਂ ਬਾਰੇ ਪਤਾ ਲਗਦਾ ਹੈ।

ਗਊ ਗਰੀਬ ਦੀ ਰੱਖਿਆ ਕਰਨੀ ਖਾਲਸੇ ਦਾ ਆਦਰਸ਼ ਹੈ। ਗੰਗਾ ਕਿਨਾਰੇ ਇਕ ਤੁਅਸਬੀ ਤੇ ਅਹੰਕਾਰੀ ਕਸਾਈ ਨੂੰ ਬਾਬਾ ਜੀ ਨੇ ਗਊ ਨਾ ਕਤਲ ਕਰਨ ਲਈ ਬੇਨਤੀ ਕੀਤੀ ਪਰ ਉਹ ਨਾ ਮੰਨਿਆ। ਆਪ ਨੇ ਉਸ ਦਾ ਸਿਰ ਲਾਹ ਕੇ ਰੱਖ ਦਿਤਾ ਤੇ ਹਿੰਦੂ ਜਨਤਾ ਪ੍ਰਸੰਨ ਹੋਈ! ਜਦੋਂ ਦਸਮ ਸਤਿਗੁਰੂ ਨੇ ਆਨੰਦਪੁਰ ਛਡਿਆ ਤਾਂ ਸਰਸਾ ਨਦੀ ਤੋਂ ਪਾਰ ਹੋਣ ਵੇਲੇ ਮੁਗਲਾਂ ਦੇ ਭਿਆਨਕ ਹੱਲੇ ਵਿਚ ਪਰਿਵਾਰ ਖੇਰੂੰ ਖੇਰੂੰ ਹੋ ਗਿਆ। ਗੁਰੂ ਜੀ ਦੇ ਮਹਿਲ ਮਾਤਾ ਜੀਤੋ ਜੀ ਦੀ ਭੈਣ ਮਾਈ ਰਾਮ ਕੌਰ ਮਲੇਰਕੋਟਲੇ ਦੇ ਸ਼ੇਰ ਮੁਹੰਮਦ ਖਾਨ ਦੇ ਢੈਹੇ ਚੜ੍ਹ ਗਈ। ਉਸ ਨੇ ਬੀਬੀ ਨੂੰ ਇਸਲਾਮ ਕਬੂਲਣ ਲਈ ਤਸੀਹੇ ਦਿਤੇ ਪਰ ਸਿਦਕ ਵਾਲੀ ਬੀਬੀ ਨਾ ਮੰਨੀ ਤਾਂ ਤੀਰਾਂ ਨਾਲ ਵਿੰਨ੍ਹ ਕੇ ਕਿਲੇ ਵਿਚ ਦਫਨਾ ਦਿਤਾ। ਜਦੋਂ ਬਾਬਾ ਜੀ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਆਪਨੇ ਮਲੇਰਕੋਟਲੇ ਦੇ ਨਵਾਬ ਨੂੰ ਅਸਥੀਆਂ ਦੇਣ ਲਈ ਕਿਹਾ ਤਾਂ ਕਿ ਉਨ੍ਹਾਂ ਦਾ ਸਸਕਾਰ ਕਰ ਦਿਤਾ ਜਾਵੇ ਪਰ ਉਹ ਨਾ ਮੰਨਿਆਂ ਤਾ ਬਾਬਾ ਜੀ ਨੇ ਮਲੇਰਕੋਟਲੇ ਤੇ ਚੜ੍ਹਾਈ ਕਰ ਦਿਤੀ ਤੇ ਜ਼ਬਰ-ਦਸਤ ਲੜਾਈ ਹੋਈ। ਬਾਬਾ ਜੀ ਦੀ ਜਿੱਤ ਹੋਈ ਤੇ ਆਪ ਨੇ ਕਿਲੇ ਵਿਚੋਂ ਅਸਤੀਆਂ ਕੱਢ ਕੇ ਉਨ੍ਹਾਂ ਦਾ ਗੁਰਮਤਿ ਅਨੁਸਾਰ ਸਸਕਾਰ ਕੀਤਾ।

ਆਪ ਨੇ ਸ਼ਾਹ ਜ਼ਮਾਨ ਨੂੰ ਲਾਹੌਰ ਤਿਆਗਣ ਲਈ ਸੁਨੇਹਾ ਭੇਜਿਆ ਕਿ ਜੇਕਰ ਉਹ ਨਾ ਗਿਆ ਤਾਂ ਖ਼ਾਲਸਾ ਚੜ੍ਹਈ ਕਰੇਗਾ। ਸ਼ਾਹ ਜ਼ਮਾਨ ਚਲਾ ਗਿਆ ਤੇ ਇਸ ਖੁਸ਼ੀ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀਪ ਮਾਲਾ ਕੀਤੀ ਗਈ।

**ਅਧਿਆਇ ਪੰਜਵਾਂ**

ਬਾਬਾ ਸਾਹਿਬ ਸਿੰਘ ਨੇ ਮਾਝੇ ਦੇ ਇਲਾਕੇ ਦਾ ਦੌਰਾ ਕੀਤਾ ਤਾਂ ਜੋ ਜਨਤਾ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਜਾ ਸਕੇ। ਆਪ ਨੇ ਲੁਧਿਆਣੇ ਦੇ ਆਸ ਪਾਸ ਦੇ ਇਲਾਕਿਆਂ ਤੇ ਕਬਜ਼ਾ ਕਰ ਲਿਆ। ਇਥੋਂ ਦੇ ਮੁਸਲਮਾਨ ਹਾਕਮ ਹਿੰਦੂਆਂ ਨੂੰ ਤੰਗ ਕਰਦੇ ਸਨ ਤੇ ਗਊਆਂ ਕਤਲ ਕਰਦੇ ਸਨ। ਮਨਸੂਰ ਵਾਲ ਦੇ ਇਲਾਕੇ ਦਾ ਪ੍ਰਸਿਧ ਜੱਟ ਗੈਂਡਾ ਵੀ ਰਾਏ ਕੱਲੇ ਨੇ ਕੈਦ ਕੀਤਾ ਹੋਇਆ ਸੀ। ਉਸ ਦੀ ਪਤਨੀ ਤੇ ਬੱਚਿਆਂ ਨੇ ਬਾਬਾ ਜੀ ਦੀ ਸ਼ਰਣ ਵਿਚ ਆ ਕੇ ਬੇਨਤੀ ਕੀਤੀ। ਬਾਬਾ ਜੀ ਨੇ ਸ਼ੇਰ ਖਾਨ ਨੂੰ ਗੈਂਡੇ ਨੂੰ ਛੱਡਣ ਲਈ ਆਖਿਆ ਪਰ ਉਹ ਨਾ ਮੰਨਿਆ। ਆਪ ਨੇ ਹਮਲਾ ਕਰ ਦਿਤਾ। ਜਿੱਤ ਪ੍ਰਾਪਤ ਕੀਤੀ ਤੇ ਗੈਂਡੇ ਨੂੰ ਮੁਕਤ ਕਰਵਾ ਲਿਆ। ਗਊਆਂ ਦਾ ਕਤਲ ਬੰਦ ਕਰਨ ਲਈ ਪ੍ਰਬੰਧ ਕੀਤੇ। ਇਸ ਇਲਾਕੇ ਦੇ ਰਈਸਾਂ, ਸਰਦਾਰਾਂ ਤੇ ਜਾਗੀਰਦਾਰਾਂ ਨੇ ਸਾਜਿਸ਼ ਕੀਤੀ। ਅੰਗਰੇਜ਼ ਜਾਰਜ ਟਾਮਸਨ ਨੂੰ ਬਾਬਾ ਜੀ ਤੇ ਹਮਲਾ ਕਰਨ ਲਈ ਸੁਨੇਹਾ ਘਲਿਆ। ਉਹ ਹਾਂਸੀਓ ਤੋਂ ਬੜੇ ਚਾਅ ਨਾਲ ਚੜ੍ਹਿਆ ਪਰ ਜਦੋਂ ਸਿਖਾਂ ਦੇ ਯੁੱਧ ਦੇ ਰੰਗ ਦੇਖੇ ਤਾਂ ਵਾਪਸ਼ ਪਰਤ ਗਿਆ।

ਮਹਾਰਾਜਾ ਰਣਜੀਤ ਸਿੰਘ ਅਕਸਰ ਬਾਬਾ ਜੀ ਦੇ ਦਰਸ਼ਨ ਕਰਨ ਤੇ ਸਹਾਇਤਾ

ਲੈਣ ਲਈ ਉਨ੍ਹਾਂ ਦੀ ਹਜ਼ੂਰੀ ਵਿਚ ਆਉਂਦਾ। ਆਪ ਨੇ ਕਸੂਰ ਦੀ ਲੜਾਈ ਵਿਚ ਮਹਾਰਾਜੇ ਦੀ ਬੜੀ ਮਦਦ ਕੀਤੀ। ਆਖਰ ਜਿੱਤ ਮਹਾਰਾਜਾ ਰਣਜੀਤ ਸਿੰਘ ਦੀ ਹੋਈ।

ਆਪ ਦੀ ਸੋਭਾ ਦੂਰ ਤੱਕ ਫੈਲ ਗਈ। ਹਜ਼ਾਰਾਂ ਸ਼ਰਧਾਲੂ ਸਿੱਖ ਆਪ ਦੇ ਦਰਸ਼ਨਾਂ ਨੂੰ ਆਉਂਦੇ ਸਨ। ਦਰਸ਼ਨ ਕਰਦੇ, ਉਪਦੇਸ਼ ਲੈਂਦੇ ਤੇ ਨਾਮ ਬਾਣੀ ਨਾਲ ਜੁੜਕੇ ਆਪਣਾ ਜੀਵਨ ਸਫਲ ਕਰਦੇ। ਆਪ ਹਮੇਸ਼ਾਂ ਹੀ ਨਾਮ ਸਿਮਰਨ ਤੇ ਪ੍ਰਭੂ ਭਗਤੀ ਕਰਨ ਲਈ ਪ੍ਰੇਰਨਾ ਦਿੰਦੇ। ਰਾਇ ਬੁਲਾਰ ਦਾ ਪੋਤਰਾ ਵੀ ਆਪ ਜੀ ਦੇ ਦਰਸ਼ਨ ਕਰਨ ਲਈ ਆਇਆ ਸੀ।

ਇਸ ਅਧਿਆਇ ਵਿਚ ਭਾਈ ਸੋਭਾ ਰਾਮ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨ-ਕਥਾ ਬੜੇ ਸੰਖੇਪ ਸ਼ਬਦਾਂ ਵਿਚ ਲਿਖ ਕੇ ਕੁੱਜੇ ਵਿਚ ਸਮੁੰਦਰ ਬੰਦ ਕਰ ਵਿਖਾਇਆ ਹੈ। ਇਸ ਨਾਲ ਭਾਵੇਂ ਮੁਖ ਕਥਾ ਦੇ ਪ੍ਰਵਾਹ ਵਿਚ ਰੋਕ ਪੈਂਦੀ ਹੀ ਪਰ ਇਹ ਆਪਣੇ ਆਪ ਵਿਚ ਮਹਤਵ ਪੂਰਨ ਅੰਸ਼ ਹੈ।

ਆਪ ਤੀਰਥਾਂ ਤੇ ਯਾਤਰਾ ਲਈ ਜਾਂਦੇ ਤੇ ਉਥੇ ਦਰਸ਼ਨ ਦੀਦਾਰ ਕਰਕੇ ਨਾਮ ਬਾਣੀ ਦਾ ਪ੍ਰਚਾਰ ਕਰਦੇ। ਆਪ ਨੇ ਬੜੇ ਪਿਆਰ ਨਾਲ ਅੰਮ੍ਰਿਤਸਰ ਦੀ ਮਹਿਮਾ ਸਿੱਖਾਂ ਨੂੰ ਦੱਸੀ।

**ਅਧਿਆਇ ਛੇਵਾਂ**

ਇਸ ਅਧਿਆਇ ਵਿਚ ਬਾਬਾ ਸਾਹਿਬ ਸਿੰਘ ਬੇਦੀ ਦੀ ਮਹਾਨਤਾ ਉਜਾਗਰ ਕਰਨ ਲਈ ਕਵੀ ਨੇ ਸੁਹਣਾ ਯਤਨ ਕੀਤਾ ਹੈ। ਜਿਥੇ ਬਾਬਾ ਜੀ ਬਾਰੇ ਵਿਸਥਾਰ ਸਹਿਤ ਲਿਖਿਆ ਹੈ ਉਥੇ ਸੇਵਾ ਪੰਥ ਤੇ ਸੇਵਾ ਪੰਥੀ ਸਾਧੂਆਂ ਬਾਰੇ ਵੀ ਵਿਸਥਾਰ ਸਹਿਤ ਦਸਿਆ ਹੈ। ਭਾਈ ਦੁਖ ਭੰਜਨ ਜੀ, ਭਾਈ ਬਲੂ ਜੀ, ਭਾਈ ਗੁਰਦਿਤਾ ਚੰਦ ਜੀ ਆਦਿ ਬਾਰੇ ਕਾਫੀ ਜਾਣ-ਕਾਰੀ ਦਿਤੀ ਹੈ।

ਮਹਾਰਾਜਾ ਰਣਜੀਤ ਸਿੰਘ ਡੋਗਰਿਆਂ ਦੇ ਪ੍ਰਭਾਵ ਹੇਠ ਇੰਨਾ ਆ ਗਿਆ ਕਿ ਉਨ੍ਹਾਂ ਨੂੰ ਪ੍ਰਸੰਨ ਕਰਨ ਲਈ ਬਾਬਾ ਜੀ ਨੂੰ ਨਰਾਜ਼ ਕਰ ਲਿਆ। ਮਹਾਰਾਜੇ ਨੇ ਚਪੜਾਲ ਦਾ ਇਲਾਕਾ ਬਾਬਾ ਜੀ ਨੂੰ ਭੇਟਾ ਕੀਤਾ ਸੀ ਪਰ ਡੋਗਰਿਆਂ ਦੇ ਕਹਿਣ ਤੇ ਵਾਪਸ ਲੈ ਲਿਆ। ਅਜਿਹੇ ਹੋਰ ਕਈ ਕਾਰਨ ਬਣੇ ਕਿ ਮਨ ਕਰਕੇ ਬਾਬਾ ਸਾਹਿਬ ਸਿੰਘ ਮਹਾਰਾਜਾ ਰਣਜੀਤ ਸਿੰਘ ਤੋਂ ਬਹੁਤ ਦੂਰ ਹੋ ਗਏ। ਅੰਗਰੇਜ਼ਾਂ ਦਾ ਕਾਫੀ ਦਬ ਦਬਾ ਵਧ ਰਿਹਾ ਸੀ ਪਰ ਬਾਬਾ ਜੀ ਨੇ ਉਨ੍ਹਾਂ ਨਾਲ ਸੁਲਾਹ ਨਹੀਂ ਕੀਤੀ। ਪੂਰੀ ਸ਼ਾਨ ਨਾਲ ਜ਼ਿੰਦਗੀ ਬਸਰ ਕੀਤੀ। ਮਰਹੱਟਾ ਜਸਵੰਤ ਰਾਓ ਬਾਬਾ ਜੀ ਦੀ ਸ਼ਰਣ ਵਿਚ ਆ ਗਿਆ ਤਾਂ ਅੰਗਰੇਜ਼ਾਂ ਨੇ ਵਾਪਸ ਕਰਨ ਲਈ ਵਕੀਲ ਭੇਜਿਆ ਪਰ ਬਾਬਾ ਜੀ ਇਨਕਾਰ ਕਰ ਦਿੱਤਾ। ਬਾਬਾ ਸਾਹਿਬ ਸਿੰਘ ਦੇ ਘਰ ਬਾਬਾ ਤੇਗ ਸਿੰਘ ਤੇ ਬਾਬਾ ਬਿਕਰਮ ਸਿੰਘ ਦੋ ਸਪੁਤਰ ਹੋਏ ਜਿਨ੍ਹਾਂ ਬਾਰੇ ਇਸ ਅਧਿਆਇ ਵਿਚ ਕਾਫੀ ਜਾਣਕਾਰੀ ਉਪਲਬਧ ਹੈ। ਇਉਂ ਇਹ ਆਧਿਆਇ ਪੰਜਾਬ ਦੇ ਇਤਿਹਾਸ ਬਾਰੇ ਕਾਫੀ ਮਹੱਤਵਪੂਰਣ ਜਾਣਕਾਰੀ ਦਿੰਦਾ ਹੈ।

**ਅਧਿਆਇ ਸਤਵਾਂ**

ਇਸ ਅਧਿਆਇ ਵਿਚ ਭਾਈ ਸੋਭਾ ਰਾਮ ਨੇ ਬਾਬਾ ਜੀ ਦੇ ਪੁਤਰਾਂ ਦੇ ਵਿਆਹ, ਬਾਬਾ ਤੇਗ ਸਿੰਘ ਦੇ ਅਕਾਲ ਚਲਾਣੇ, ਬਾਬਾ ਜੀ ਦੇ ਪਰਲੋਕ ਗਵਨ ਬਾਰੇ ਵਿਸਤਾਰ ਸਹਿਤ ਲਿਖਿਆ ਹੈ। ਬਾਬਾ ਸਾਹਿਬ ਸਿੰਘ ਮਹਾਰਾਜਾ ਰਣਜੀਤ ਸਿੰਘ ਨਾਲ ਨਰਾਜ਼ ਸਨ ਪਰ ਫਿਰ ਵੀ ਰਣਜੀਤ ਸਿੰਘ ਊਨੇ ਦਰਸ਼ਨਾਂ ਲਈ ਆਉਂਦਾ ਰਹਿੰਦਾ ਸੀ। ਕੰਵਰ ਸ਼ੇਰ ਸਿੰਘ ਵੀ ਊਨੇ ਆਇਆ ਪਰ ਬਾਬਾ ਜੀ ਦਾ ਹੁਕਮ ਨਾ ਮੰਨ ਕੇ ਉਨ੍ਹਾਂ ਤੋਂ ਸਰਾਪ ਲੈ ਕੇ ਵਾਪਸ ਗਿਆ। ਨਾਭਾਪਤੀ ਜਸਵੰਤ ਸਿੰਘ ਵੀ ਬਾਬਾ ਜੀ ਦੇ ਦਰਸ਼ਨਾ ਲਈ ਆਇਆ। ਇਉਂ ਹੋਰ ਕਈ ਸਰਦਾਰ, ਵਜ਼ੀਰ, ਸਾਧੂ, ਸੰਤ, ਜਿਗਿਆਸੀ ਆਦਿ ਉਨ੍ਹਾਂ ਪਾਸ ਆ ਕੇ ਸ਼ਾਂਤੀ ਪ੍ਰਾਪਤ ਕਰਦੇ।

ਬਾਬਾ ਬਿਕਰਮ ਸਿੰਘ ਦੇ ਵਿਆਹ ਦਾ ਬੜੇ ਵਿਸਤਾਰ ਨਾਲ ਕਵੀ ਨੇ ਵਰਣਨ ਕੀਤਾ ਹੈ ਜਿਸ ਤੋਂ ਉਸ ਸਮੇਂ ਦੇ ਰਸਮ-ਰਿਵਾਜਾਂ ਦਾ ਪਤਾ ਪਤਾ ਲਗਦਾ ਹੈ।

ਬਾਬਾ ਜੀ ਦਾ ਸਪੁਤਰ ਤੇਗ ਸਿੰਘ ਭਰ ਜੁਆਨੀ ਵਿਚ ਅਕਾਲ ਚਲਾਣਾਂ ਕਰ ਗਿਆ। ਸਾਰੇ ਪਾਸੇ ਉਦਾਸੀ ਦੇ ਸ਼ੋਕ ਦਾ ਵਾਤਾਵਰਣ ਬਣ ਗਿਆ। ਇਕ ਭਿਆਨਕ ਗੱਲ ਇਹ ਵੀ ਹੋਈ ਕਿ ਉਨ੍ਹਾਂ ਦੀ ਧਰਮ ਪਤਨੀ ਸਤੀ ਹੋ ਗਈ। ਗੁਰੂ ਸਾਹਿਬਾਨ ਨੇ ਇਸ ਪ੍ਰਥਾ ਨੂੰ ਬੰਦ ਕਰਨ ਤੇ ਸਦਾ ਲਈ ਤਿਆਗਣ ਦਾ ਉਪਦੇਸ਼ ਦਿਤਾ ਸੀ ਪਰ ਬਾਬਾ ਸਾਹਿਬ ਸਿੰਘ ਜਿਹੇ ਗੁਰੂ ਬੰਸ ਦੇ ਮਹਾਨ ਸੰਤ ਨੇ ਆਪ ਇਸ ਕਾਰਜ ਦੀ ਪਰਵਾਨਗੀ ਦਿਤੀ। ਇਹ ਖ਼ਬਰ ਜਿਸ ਨੂੰ ਵੀ ਮਿਲਦੀ ਉਹ ਬਾਬਾ ਜੀ ਪਾਸ ਅਫਸੋਸ ਕਰਨ ਲਈ ਹਾਜ਼ਰ ਹੁੰਦਾ।

ਬਾਬਾ ਸਾਹਿਬ ਸਿੰਘ ਬਿਰਧ ਹੋ ਗਏ ਸਨ। ਉਨ੍ਹਾਂ ਦਾ ਅੰਤਿਮ ਸਮਾਂ ਜਦੋਂ ਆ ਪੁੱਜਾ ਤਾਂ ਆਪ ਨੇ ਸਿੱਖਾਂ, ਸ਼ਰਧਾਲੂਆਂ ਤੇ ਪਰਿਵਾਰ ਦੇ ਜੀਆਂ ਨੂੰ ਉਪਦੇਸ਼ ਦਿੰਦਿਆਂ ਇਸ ਜਗਤ ਦੀ ਨਾਸ਼ਮਾਨਤਾ ਬਾਰੇ ਦੱਸਿਆ। ਆਪ ਪਰਲੋਕ ਗਵਨ ਕਰ ਗਏ ਤਾਂ ਮਗਰੋਂ ਸਮੇਂ ਦੀ ਰੀਤ ਅਨੁਸਾਰ ਅੰਤਿਮ ਸੰਸਕਾਰ ਕੀਤਾ ਗਿਆ ਤੇ ਹੋਰ ਰਸਮ ਰਿਵਾਜ਼ ਪੂਰੇ ਕੀਤੇ ਗਏ। ਇਸ ਪੱਖੋਂ ਇਹ ਬੜਾ ਅਹਿਮ ਦਸਤਾਵੇਜ਼ ਹੈ ਕਿਉਂਕਿ ਮਰਨ ਸਮੇਂ ਦੀਆਂ ਰੀਤਾਂ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਪੰਜਾਬ ਦਾ ਸਮਾਜਕ ਇਤਿਹਾਸ ਲਿਖਣ ਵਾਲਿਆਂ ਲਈ ਇਸ ਗ੍ਰੰਥ ਵਿਚ ਕਾਫੀ ਮਸਾਲਾ ਮਿਲ ਸਕਦਾ ਹੈ।

**ਬਾਬਾ ਸਾਹਿਬ ਸਿੰਘ ਭਾਈ ਸੋਭਾ ਰਾਮ ਦੀ ਨਜ਼ਰ ਵਿਚ :**

ਭਾਈ ਸੋਭਾ ਰਾਮ ਬਾਬਾ ਜੀ ਦੀ ਕਥਾ ਲਿਖਣ ਲੱਗਿਆਂ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਮੰਨ ਕੇ ਤੁਰਿਆ ਹੈ ਤੇ ਇਕ ਮਿਥਿਹਾਸਕ ਕਥਾ ਲਿਖੀ ਕਿ ਮੁੜ ਸੋਢੀਆਂ ਪਾਸੋਂ ਗੁਰਿਆਈ ਬੇਦੀਆਂ ਦੇ ਘਰ ਆ ਗਈ ਹੈ। ਇਉਂ ਉਹ ਬਾਬਾ ਜੀ ਨੂੰ ਗੁਰੂ ਲਿਖਦਾ ਹੈ। ਬਾਬਾ ਜੀ ਦਾ ਜਨਮ ਬਾਬਾ ਅਜੀਤ ਸਿੰਘ ਦੇ ਘਰ ਮਾਤਾ ਸਰੂਪਾ ਦੇਵੀ ਦੀ ਕੁੱਖੋਂ ਡੇਹਰਾ ਬਾਬਾ ਨਾਨਕ ਵਿਖੇ ਚੇਤ ਸੰਮਤ 1813 ਨੂੰ ਹੋਇਆ। ਬਚਪਨ ਤੋਂ ਹੀ ਇਹ ਬਾਲ ਬੜਾ ਸੁੰਦਰ ਸੁਚੇਤ ਤੇ ਬੰਦਗੀ ਕਰਨ ਵਾਲਾ ਸੀ। ਬਾਬਾ ਜੀ ਨੇ ਗੁਰਮੁਖੀ ਸਿੱਖੀ ਤੇ ਘਰ ਵਿਚੋਂ ਉਨ੍ਹਾਂ ਨੂੰ ਗੁਰ-ਇਤਿਹਾਸ ਅਤੇ ਗੁਰੂ ਸਾਹਿਬਾਨ ਬਾਰੇ

ਜਾਣਕਾਰੀ ਉਨ੍ਹਾਂ ਦੇ ਪਿਤਾ ਨੇ ਦਿਤੀ। ਗੁਰਬਾਣੀ ਦਾ ਪਾਠ ਤੇ ਕਥਾ ਆਦਿ ਦਾ ਅਭਿਆਸ ਕਰਵਾਇਆ। ਬਾਬਾ ਸਾਹਿਬ ਸਿੰਘ ਚੜ੍ਹਦੀ ਜਵਾਨੀ ਵਿਚ ਸਿੱਖ ਸੰਗਤਾਂ ਨੂੰ ਉਪਦੇਸ਼ ਬੜੇ ਮਨੋਹਰ ਢੰਗ ਨਾਲ ਕਰਦੇ ਸਨ। ਬਾਬਾ ਜੀ ਨੂੰ ਸ਼ਿਕਾਰ ਕਰਨ ਦਾ ਬੜਾ ਸ਼ੌਕ ਸੀ। ਆਪ ਜੰਗਲੀ ਜਾਨਵਰਾਂ ਨੂੰ ਮਾਰਦੇ ਸਨ। ਖਾਸ ਕਰ ਕੇ ਜੰਗਲੀ ਸੂਰਾਂ ਦਾ ਸ਼ਿਕਾਰ ਆਪ ਨੂੰ ਬੜਾ ਚੰਗਾ ਲਗਦਾ ਸੀ। ਆਪ ਸ਼ਿਕਾਰ ਕਰਕੇ ਲੰਗਰ ਵਿਚ ਮਾਸ ਬਣਵਾ ਕੇ ਸੰਗਤਾਂ ਨੂੰ ਛਕਾ ਕੇ ਖੁਸ਼ ਹੁੰਦੇ ਸਨ। ਇਸੇ ਤਰ੍ਹਾਂ ਆਪ ਤਲਵਾਰ ਦੇ ਵੀ ਧਨੀ ਸਨ। ਜੰਗਾਂ ਯੁੱਧਾਂ ਵਿਚ ਆਪ ਅਗਲੀਆਂ ਸਫ਼ਾਂ ਵਿਚ ਜਾ ਕੇ ਆਪਣੇ ਜੌਹਰ ਵਿਖਾਉਂਦੇ ਤੇ ਦੁਸ਼ਮਣ ਨੂੰ ਲਲਕਾਰ ਕੇ ਵਾਰ ਕਰਦੇ। ਰਾਇਕੋਟ ਤੇ ਮਲੇਰਕੋਟਲੇ ਆਦਿ ਦੀਆਂ ਲੜਾਈਆਂ ਇਸ ਦਾ ਪ੍ਰਮਾਣ ਹਨ ਕਿ ਆਪ ਨੇ ਔਖੀ ਤੋਂ ਔਖੀ ਘੜੀ ਵਿਚ ਪੂਰੇ ਹੌਸਲੇ ਨਾਲ ਰਣ ਵਿਚ ਖੰਡਾ ਖੜਕਾ ਕੇ ਜਿੱਤ ਪ੍ਰਾਪਤ ਕੀਤੀ।

ਮਿਸਲਾਂ ਦਾ ਜ਼ਮਾਨਾ ਸੀ। ਬਾਬਾ ਜੀ ਦਾ ਸਾਰੇ ਸਿੱਖ ਸਰਦਾਰ ਕਾਫੀ ਸਤਿਕਾਰ ਕਰਦੇ ਸਨ। ਬਾਬਾ ਜੀ ਨੇ ਉਸ ਵੇਲੇ ਦੀ ਸਿਖ ਰਾਜਨੀਤੀ ਵਿਚ ਬੜਾ ਅਹਿਮ ਰੋਲ ਅਦਾ ਕੀਤਾ। ਮਹਾਂ ਸਿੰਘ ਦੀ ਮੌਤ ਮਗਰੋਂ ਆਪ ਨੇ ਮਹਾਰਾਜਾ ਰਣਜੀਤ ਸਿੰਘ ਦੀ ਬੜੀ ਮਦਦ ਕੀਤੀ। ਉਸ ਦੇ ਵਿਰੋਧੀਆਂ ਨੂੰ ਪਿਆਰ ਤੇ ਤਲਵਾਰ ਦੇ ਜ਼ੋਰ ਨਾਲ ਚੁੱਪ ਕਰਵਾਇਆ। ਰਣਜੀਤ ਸਿੰਘ ਦੀ ਹਰ ਮਦਦ ਕੀਤੀ ਤੇ ਪੰਜਾਬ ਦਾ ਮਹਾਰਜਾ ਬਣਾਉਣ ਵਿਚ ਆਪ ਦਾ ਬੜਾ ਹੱਥ ਸੀ। ਮਹਾਰਾਜਾ ਵੀ ਆਪ ਨੂੰ ਬੜਾ ਪਿਆਰ ਕਰਦਾ ਸੀ ਪਰ ਬਾਅਦ ਵਿਚ ਡੋਗਰਿਆਂ ਦੇ ਬਹੁਤ ਜ਼ਿਆਦਾ ਪ੍ਰਭਾਵ ਹੇਠ ਆ ਜਾਣ ਕਾਰਨ ਬਾਬਾ ਜੀ ਨਾਰਾਜ਼ ਹੋ ਗਏ ਤੇ ਮਹਾਰਾਜੇ ਨੂੰ ਮਿਲਣੋ ਗੁਰੇਜ਼ ਕਰਨ ਲਗੇ।

ਬਾਬਾ ਜੀ ਨੇ ਜਿਥੇ ਦੇਗ ਚਲਾਈ, ਤੇਗ ਵਾਹੀ, ਉਥੇ ਸਿੱਖੀ ਦੇ ਪ੍ਰਚਾਰ ਵੀ ਬਹੁਤ ਉਦਮ ਕੀਤਾ। ਦੂਰ ਦੁਰਾਡੇ ਜਾ ਕੇ ਆਪ ਨੇ ਜਨਤਾ ਨੂੰ ਸਿੱਖੀ ਮਾਰਗ ਦੀ ਸੋਝੀ ਬਖਸ਼ੀ। ਲੋਕਾਂ ਨੂੰ ਨਾਮ ਬਾਣੀ ਨਾਲ ਜੋੜਿਆ ਪਾਖੰਡੀ ਸਾਧੂਆਂ ਦੇ ਪਾਜ ਉਘੇੜ ਕੇ ਉਨ੍ਹਾਂ ਨੂੰ ਸ਼ਰਮਿੰਦਾ ਕੀਤਾ, ਜੋ ਲੋਕਾਂ ਨੂੰ ਧੋਖਾ ਦੇ ਕੇ ਆਪਣੀ ਮਾਨ ਪ੍ਰਤਿਸ਼ਠਾ ਕਾਇਮ ਕਰਨ ਵਿਚ ਲੱਗੇ ਹੋਏ ਸਨ।

ਬਾਬਾ ਜੀ ਗਊ ਗਰੀਬ ਦੀ ਰੱਖਿਆ ਕਰਨਾ ਆਪਣਾ ਧਰਮ ਸਮਝਦੇ ਸਨ। ਆਪ ਨੇ ਹਮੇਸ਼ਾਂ ਹੀ ਕੋਸ਼ਿਸ਼ ਕੀਤੀ ਕਿ ਕਿਸੇ ਨਾਲ ਧੱਕਾ ਨਾ ਹੋਵੇ। ਜੇਕਰ ਕਿਸੇ ਨੇ ਧੱਕਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਆਪ ਨੇ ਪਹਿਲਾਂ ਪਿਆਰ ਨਾਲ ਸਮਝਾਇਆ ਤੇ ਜੇਕਰ ਜਾਲਮ ਨੂੰ ਪਿਆਰ ਦੀ ਬੋਲੀ ਨਾ ਸਮਝ ਆਈ, ਤਾਂ ਫਿਰ ਤਲਵਾਰ ਦੀ ਬੋਲੀ ਨਾਲ ਆਪਣੀ ਗੱਲ ਚੰਗੀ ਤਰ੍ਹਾਂ ਸਮਝਾਈ। ਇਉਂ ਬਾਬਾ ਜੀ ਨੇ ਆਪਣੇ ਜਨਮ ਤੋਂ ਲੈ ਕੇ ਪਰਲੋਕ ਗਮਨ ਤਕ ਸਿੱਖਾਂ ਦੀ ਸਮਾਜਿਕ, ਧਾਰਮਿਕ ਤੇ ਰਾਜਨੀਤਕ ਖੇਤਰ ਵਿਚ ਅਗਵਾਈ ਕੀਤੀ।

ਬਾਬਾ ਜੀ ਦੇ ਸਮੇਂ ਤੱਕ ਬ੍ਰਾਹਮਣੀ ਕਰਮ-ਕਾਂਡ ਮੁੜ ਸਿਖਾਂ ਦੇ ਧਾਰਮਿਕ ਜੀਵਨ ਵਿਚ ਪ੍ਰਵੇਸ਼ ਕਰ ਚੁੱਕੇ ਸਨ। ਦਾਨ ਦੇਣਾ, ਯੱਗ ਕਰਵਾਉਣਾ, ਦੇਵੀ-ਪੂਜਾ ਕਰਨੀ, ਬ੍ਰਾਹਮਣਾ ਨੂੰ ਦੱਖਣਾ ਦੇਣੀ, ਜੋਤਿਸ਼ ਅਨੁਸਾਰ ਸਾਹੇ ਸੋਧਣੇ, ਜਨਮ ਪਤਰੀਆਂ ਬਨਾਉਣ ਆਦਿ ਦਾ ਰਿਵਾਜ ਆਮ ਸੀ ਪਰ ਗੁਰੂ ਸਾਹਿਬਾਨ ਨੇ ਸਾਰੀ ਉਮਰ ਸਤੀ, ਪ੍ਰਥਾ

ਵਿਰੁਧ ਪ੍ਰਚਾਰ ਕੀਤਾ ਤੇ ਇਸ ਤਰ੍ਹਾਂ ਇਸਤਰੀਆਂ ਨੂੰ ਪਤੀ ਨਾਲ ਚਿਤਾ ਤੇ ਸੜਨ ਤੋਂ ਰੋਕਿਆਂ ਪਰ ਹੈਰਾਨੀ ਦੀ ਗੱਲ ਹੈ ਜੋ ਬਾਬਾ ਸਾਹਿਬ ਸਿੰਘ ਦੇ ਸਪੁੱਤਰ ਬਾਬਾ ਤੇਗ ਸਿੰਘ ਦੀ ਜਦੋਂ ਮੌਤ ਹੋਈ ਤਾਂ ਆਪ ਨੇ ਉਸ ਦੀ ਪਤਨੀ ਨੂੰ ਸਤੀ ਹੋਣ ਦੀ ਪਰਵਾਨਗੀ ਦੇ ਦਿਤੀ। ਉਹ ਸਤੀ ਹੋ ਗਈ। ਇਉਂ ਸ੍ਵੈ-ਸਪਸ਼ਟ ਹੋ ਜਾਂਦਾ ਹੈ ਕਿ ਬੇਦੀ ਖ਼ਾਨਦਾਨਾਂ ਵਿਚ ਵੀ ਅਜਿਹੀਆਂ ਕੁਰੀਤੀਆਂ ਦਾ ਪ੍ਰਵੇਸ਼ ਹੋ ਗਿਆ ਸੀ, ਜਿਨ੍ਹਾਂ ਵਿਰੁਧ ਸਿੱਖ ਗੁਰੂ ਸਾਹਿਬਾਨ ਨੇ ਸਾਰੀ ਉਮਰ ਪ੍ਰਚਾਰ ਕੀਤਾ।

ਭਾਈ ਸੱਭਾ ਰਾਮ ਆਪਣੇ ਚਰਿਤ ਨਾਇਕ ਬਾਬਾ ਸਾਹਿਬ ਸਿੰਘ ਬੇਦੀ ਨੂੰ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਮੰਨ ਕੇ ਚਲਿਆ ਹੈ, ਜਿਸ ਕਾਰਨ ਆਲੌਕਿਕ ਤੇ ਦੈਵੀ ਪੁਰਖ ਸਿੱਧ ਕਰਨ ਲਈ ਬਹੁਤ ਸਾਰੀਆਂ ਕਰਾਮਾਤਾਂ ਉਨ੍ਹਾਂ ਨਾਲ ਜੋੜ ਦਿਤੀਆਂ ਹਨ। ਉਸ ਦਾ ਕਹਿਣਾ ਹੈ :

ਕਰਾਮਾਤ ਦਾ ਗੁਰੂ ਖ਼ਜਾਨਾ ॥
ਜਿਹ ਦਰਸੇ ਜੜ ਪਾਵੇ ਗ਼ਯਾਨਾ ॥

ਕੁਝ ਕਰਾਮਤਾਂ ਹਨ :

1. ਬਾਬਾ ਦੀ ਮਿਹਰ ਦੀ ਨਜ਼ਰ ਨਾਲ ਸਰੀਰਕ, ਕਸ਼ਟ ਪੀੜਾ ਆਦਿ ਦੂਰ ਕਰ ਦਿੰਦੇ ਸਨ।

2. ਬਾਬਾ ਜੀ ਸਿਰ ਤੇ ਹੱਥ ਧਰ ਕੇ ਅਨਪੜ੍ਹਾਂ ਨੂੰ ਪੜ੍ਹਨ ਵਿਚ ਪ੍ਰਵੀਨ ਕਰ ਦਿੰਦੇ ਸਨ। ਅਗਿਆਨੀਆ ਨੂੰ ਗਿਆਨੀ ਬਣਾ ਦਿੰਦੇ ਸਨ।

3. ਬਾਬਾ ਜੀ ਨੂੰ ਵਾਕ ਸਿੱਧੀ ਪ੍ਰਾਪਤ ਸੀ। ਉਨ੍ਹਾਂ ਦੇ ਬਚਨ ਕਰਨ ਨਾਲ ਜੀਵ ਮਰ ਸਕਦਾ ਸੀ ਤੇ ਜੇਕਰ ਕਹਿ ਦੇਣ ਤਾਂ ਮੁਰਦਾ ਜੀ ਪੈਂਦਾ ਸੀ।

4. ਜੋ ਬਾਬਾ ਜੀ ਦੀ ਸੁਖਣਾ ਦੇਣੀ ਭੁਲ ਜਾਂਦਾ ਸੀ ਜਾਂ ਘਟ ਦਿੰਦਾ ਸੀ ਜਾਂ ਮੁਕਰ ਜਾਂਦਾ ਸੀ, ਬਾਬਾ ਜੀ ਦੈਵੀ ਸ਼ਕਤੀ ਨਾਲ ਉਸ ਦਾ ਨੁਕਸਾਨ ਕਰਦਿੰਦੇ ਸਨ। ਜੇਕਰ ਉਹ ਗਲਤੀ ਮੰਨ ਲੈਂਦਾ ਸੀ ਤਾਂ ਉਸ ਨੂੰ ਮੁਆਫ਼ ਕਰ ਦਿੰਦੇ ਸਨ।

5. ਬਾਬਾ ਜੀ ਅੰਤਰਜਾਮੀ ਸਨ ਤੇ ਹਰ ਸਿੱਖ ਦੇ ਮਨ ਦੀ ਗਲ ਸਹਿਜੇ ਬੁਝ ਲੈਂਦੇ ਸਨ।

6. ਬਾਬਾ ਜੀ ਦੇ ਸੁਭ ਬਚਨਾਂ ਨਾਲ ਬੇ-ਔਲਾਦਾਂ ਨੂੰ ਔਲਾਦ ਪ੍ਰਾਪਤ ਹੋ ਜਾਂਦੀ ਸੀ। ਇਉਂ ਆਪ ਪੁੱਤਰਾਂ ਦਾ ਮੂੰਹ ਦੇਖਣ ਲਈ ਤਰਸਦੇ ਮਾਪਿਆਂ ਨੂੰ ਪੁੱਤਰਾਂ ਦੀ ਦਾਤ ਬਖਸ਼ ਕੇ ਸ਼ਾਂਤ ਕਰ ਦਿੰਦੇ ਸਨ।

7. ਜਿਹੋ ਜਿਹੀ ਇੱਛਾ ਧਾਰ ਕੇ ਕੋਈ ਬਾਬਾ ਦੀ ਦੇ ਦਰਸ਼ਨਾਂ ਨੂੰ ਆਉਂਦਾ ਸੀ, ਉਹ ਪੂਰੀ ਕਰ ਦਿੰਦੇ ਸਨ। ਇਕ ਸ਼ਰਧਾਲੂ ਦੇ ਮਨ ਵਿਚ ਆਈ ਕਿ ਜੇਕਰ ਬਾਬਾ ਜੀ ਅੰਤਰਜਾਮੀ ਹਨ ਤਾਂ ਮੈਨੂੰ ਗੁਰੂ ਨਾਨਕ ਦੇ ਰੂਪ ਵਿਚ ਦਰਸ਼ਨ ਦੇਣ। ਬਾਬਾ ਜੀ ਨੇ ਉਸ ਦੇ ਮਨ ਦੀ ਬੁਝ ਕੇ ਗੁਰੂ ਨਾਨਕ ਦਾ ਰੂਪ ਧਾਰਨ ਕਰ ਕੇ ਦਰਸ਼ਨ ਦਿਤੇ।

8. ਬਾਬਾ ਜੀ ਸਿੱਖਾਂ ਦੀ ਹਰ ਪ੍ਰਕਾਰ ਦੀ ਸਹਾਇਤਾ ਕਰਦੇ ਸਨ। ਜੇ ਕਰ ਸਰਧਾਲੂ ਸਿੱਖਾਂ ਨੂੰ ਚੋਰ ਲੁਟਦੇ ਸਨ ਤਾਂ ਆਪ ਆਪਣੀ ਕਰਾਮਾਤੀ ਸ਼ਕਤੀ ਨਾਲ ਚੋਰਾਂ ਦੀ

ਅਜਿਹੀ ਖੜਕਾਈ ਕਰਦੇ ਸਨ ਕਿ ਉਹ ਲੁੱਟਿਆ ਮਾਲ ਵਾਪਸ ਕਰ ਦਿੰਦੇ ਸਨ, ਮੁਆਫੀ ਮੰਗਦੇ ਸਨ ਤੇ ਬਾਬਾ ਜੀ ਦੇ ਸਿੱਖ ਬਣ ਜਾਂਦੇ ਸਨ।

9. ਜਿਹੜੇ ਸ਼ਰਧਾਲੂ ਬਾਬਾ ਜੀ ਦੇ ਬਚਨ ਦੀ ਉਲੰਘਣਾ ਕਰਦੇ ਸਨ ਉਹ ਦੁੱਖ ਹੀ ਪਾਉਂਦੇ ਸਨ ਜਿਵੇਂ ਇਕ ਵਾਰ ਸਿੱਖਾਂ ਦੇ ਇਕ ਜਥੇ ਨੇ ਬਾਬਾ ਜੀ ਪਾਸੋਂ ਜਾਣ ਦੀ ਇਜਾਜ਼ਤ ਮੰਗੀ ਪਰ ਬਾਬਾ ਜੀ ਨੇ ਇਨਕਾਰ ਕਰ ਦਿਤਾ। ਵਾਰ ਵਾਰ ਕਹਿਣ ਤੇ ਕਿਹਾ ਚਲੇ ਜਾਓ ਤੁਹਾਡੀ ਮਰਜ਼ੀ ਹੈ। ਉਹ ਚੱਲ ਪਏ ਤੇ ਸਾਰੀ ਰਾਤ ਤੁਰਦੇ ਰਹੇ, ਭਟਕਦੇ ਰਹੇ ਤੇ ਸਵੇਰੇ ਉਨ੍ਹਾਂ ਦੇਖਿਆ ਕਿ ਉਹ ਤਾਂ ਊਨੇ ਸ਼ਹਿਰ ਦੇ ਬਾਹਰ ਹੀ ਹਨ।

10. ਯੁੱਧ ਵਿਚ ਜਦੋਂ ਸਿਖ ਸ਼ਰਧਾਲੂ ਯਾਦ ਕਰਦੇ ਸਨ ਤਾਂ ਬਾਬਾ ਜੀ ਆਪਣੀ ਕਰਾਮਤੀ ਸ਼ਕਤੀ ਨਾਲ ਉਨ੍ਹਾਂ ਦੀ ਮਦਦ ਕਰਦੇ ਸਨ।

11. ਬਾਬਾ ਜੀ ਸ਼ਰਧਾਲੂਆਂ ਦੀ ਹਰ ਪ੍ਰਕਾਰ ਮਦਦ ਕਰਦੇ ਸਨ ਜਿਵੇਂ ਇਕ ਮਾਈ ਦਾ ਪੁੱਤਰ ਰੁੱਸ ਕੇ ਘਰੋਂ ਚਲਾ ਗਿਆ ਤਾਂ ਮਾਈ ਨੇ ਕਾਫ਼ੀ ਲਭਣ ਮਗਰੋਂ ਕਰੁਣਾ ਭਰਪੂਰ ਬਚਨ ਬਾਬਾ ਜੀ ਨਾਲ ਕੀਤੇ ਤਾਂ ਉਨ੍ਹਾਂ ਨੇ ਆਪਣੀ ਕਰਾਮਾਤੀ ਸ਼ਕਤੀ ਨਾਲ ਲੜਕੇ ਦੇ ਮਨ ਵਿਚ ਅਜਿਹੀ ਖਿੱਚ ਪਾਈ ਕਿ ਉਹ ਊਨੇ ਦਰਬਾਰ ਵਿਚ ਆ ਹਾਜ਼ਰ ਹੋਇਆ।

12. ਬਾਬਾ ਜੀ ਤ੍ਰੈ-ਕਾਲ-ਦਰਸੀ ਸਨ। ਉਨ੍ਹਾਂ ਨੇ ਸਿੱਖਾਂ ਦੇ ਅਰਜ਼ ਕਰਨ ਤੇ ਆਪਣੇ ਪਿਛਲੇ ਜਨਮਾਂ ਦੀ ਕਥਾ ਵੀ ਉਨ੍ਹਾਂ ਨੂੰ ਸੁਣਾਈ।

13. ਬਾਬਾ ਜੀ ਆਪਣੇ ਪੂਰਬਲੇ ਜਨਮਾਂ ਦੇ ਸਾਥੀਆਂ ਨੂੰ ਪਛਾਣ ਲੈਂਦੇ ਸਨ ਤੇ ਫਿਰ ਉਨ੍ਹਾਂ ਨੂੰ ਦੱਸ ਦਿੰਦੇ ਸਨ ਕਿ ਸਤਿਯੁਗ ਵਿਚ ਉਹ ਬਾਬਾ ਜੀ ਦੇ ਪ੍ਰੇਮੀ ਸਨ।

14. ਬਾਬਾ ਜੀ ਦੇ ਸੀਤ ਪ੍ਰਸ਼ਾਦ ਛਕਣ ਵਾਲਿਆਂ ਦੇ ਰੋਗ ਸੋਗ ਦੂਰ ਹੋ ਜਾਂਦੇ ਸਨ।

15. ਪ੍ਰਾਕਿਰਤਕ ਸ਼ਕਤੀਆਂ ਬਾਬਾ ਦੀ ਦੇ ਕਹਿਣੇ ਵਿਚ ਸਨ। ਉਹ ਜਦੋਂ ਚਾਹੁਣ ਮੀਂਹ ਵਰ੍ਹਾਂ ਸਕਦੇ ਸਨ ਜਾਂ ਹਟਾ ਸਕਦੇ ਸਨ।

16. ਗੁਰੂ ਘਰ ਤੋਂ ਚੋਰੀ ਕਰਨ ਵਾਲੇ ਚੋਰ ਜਦੋਂ ਸਮਾਨ ਚੁਕ ਕੇ ਤੁਰਦੇ ਸਨ ਤਾਂ ਅੰਨ੍ਹੇ ਹੋ ਜਾਂਦੇ ਸਨ।

17. ਯਮਾਂ ਦੀ ਸੈਨਾ ਗੁਪਤ ਰੂਪ ਵਿਚ ਬਾਬਾ ਜੀ ਦੀ ਸੇਵਾ ਵਿਚ ਹਾਜ਼ਰ ਹੋ ਜਾਂਦੀ ਸੀ, ਆਦਿ।

ਗੁਰੂ ਘਰ ਵਿਚ ਕਰਾਮਾਤ ਨੂੰ ਕਹਿਰ ਆਖਿਆ ਗਿਆ ਹੈ ਪਰ ਕਵੀ ਨੇ ਆਪਣੇ ਸ਼ਰਧਾ ਪਾਤਰ ਚਰਿਤ ਨਾਇਕ ਨੂੰ ਮਹਾਨ ਸਿੱਧ ਕਰਨ ਲਈ ਅਜਿਹੀਆਂ ਕਰਾਮਾਤਾਂ ਨਾਲ ਜੋੜਨੀਆਂ ਲਾਜ਼ਮੀ ਸਮਝੀਆਂ। ਇਸ ਤੋਂ ਪਹਿਲਾਂ ਲਿਖੇ ਗਏ ਗ੍ਰੰਥ ਉਸ ਸਾਹਮਣੇ ਪ੍ਰਤਿਮਾਨ ਸਨ, ਜਿਵੇਂ ਜਨਮ ਸਾਖੀਆਂ, ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਗੁਰਬਿਲਾਸ ਪਾਤਸਾਹੀ ਦਸਵੀਂ, ਬੰਸਾਵਲੀਨਾਮਾ, ਜਨਮ ਸਾਖੀ ਗੁਰੂ ਨਾਨਕ ਸ਼ਾਹ ਕੀ-ਸੰਤ ਦਾਸ ਛਿਬਰ, ਗੁਰੂ ਨਾਨਕ ਬੰਸ ਪ੍ਰਕਾਸ-ਸੁਖਬਾਸੀ ਰਾਮ ਬੇਦੀ ਆਦਿ। ਇਨ੍ਹਾਂ ਗ੍ਰੰਥਾਂ ਵਿਚ ਨਾਇਕ ਨੂੰ ਸਰਬ-ਸ਼ਕਤੀਮਾਨ, ਸਰਵਗੁਣ ਸੰਪੰਨ ਦੈਵੀ ਪੁਰਸ਼ ਦੇ ਰੂਪ ਵਿਚ ਚਿਤਰਿਆ ਗਿਆ ਹੈ।

ਇਨ੍ਹਾਂ ਗ੍ਰੰਥਾਂ ਦੇ ਅਧਿਐਨ ਕਰਦਿਆਂ ਸ੍ਵੈ-ਸਪਸ਼ਟ ਹੋ ਜਾਂਦਾ ਹੈ ਕਿ ਭਾਈ ਸੋਭਾ ਰਾਮ ਤੇ ਇਨ੍ਹਾਂ ਦਾ ਬੜਾ ਡੂੰਘਾ ਪ੍ਰਭਾਵ ਹੈ । ਗੁਰੂ ਗੋਬਿੰਦ ਸਿੰਘ ਦੀ ਬਾਰੇ ਇਕ ਸਾਖੀ ਬੜੀ ਪ੍ਰਸਿਧ ਹੈ ਕਿ ਜਦੋਂ ਨਦੇੜ ਸਾਹਿਬ ਵਿਖੇ ਉਨ੍ਹਾਂ ਦਾ ਸਸਕਾਰ ਕਰਨ ਉਪਰੰਤ ਸਿਖ ਨਿਰਾਸ਼ ਸਨ ਤਾਂ ਇਕ ਸਿੰਘ ਆਇਆ ਤਾਂ ਉਸ ਨੇ ਦਸਿਆ ਕਿ ਮੈਨੂੰ ਦਸਮ ਪਾਤਸ਼ਾਹ ਹੁਣੇ ਹੀ ਘੋੜੇ ਤੇ ਜਾਂਦੇ ਮਿਲੇ ਹਨ ਇਸੇ ਸਾਖੀ ਨੂੰ ਸੋਭਾ ਰਾਮ ਨੇ ਵੀ ਇਨ੍ਹ ਬਿਨ ਵਰਤਿਆ ਹੈ ਕਿ ਬਾਬਾ ਸਾਹਿਬ ਸਿੰਘ ਦੇਹਾਂਤ ਤੇ ਸਸਕਾਰ ਉਪਰੰਤ ਸਿਖਾਂ ਨੂੰ ਮਿਲੇ । ਇਉਂ ਭਾਈ ਜੀ ਨੇ ਬਾਬਾ ਜੀ ਨੂੰ ਦਸਮ ਪਾਤਿਸ਼ਾਹ ਦਾ ਅਵਤਾਰ ਸਿੱਧ ਕਰਨ ਦਾ ਉਪਰਾਲਾ ਕੀਤਾ ਹੈ ।

**ਬਾਬਾ ਸਾਹਿਬ ਸਿੰਘ ਦੀ ਸ਼ਖ਼ਸੀਅਤ**

ਭਾਵੇਂ ਇਸ ਗ੍ਰੰਥ ਵਿਚ ਕਰਾਮਾਤਾਂ ਦੀ ਭਰਮਾਰ ਹੈ ਪਰ ਫਿਰ ਵੀ ਬਾਬਾ ਜੀ ਦੀ ਮਹਾਨ ਸ਼ਖ਼ਸੀਅਤ ਬਾਰੇ ਗਿਆਨ ਹੁੰਦਾ ਹੈ । ਕੁਝ ਗੱਲਾਂ ਬੜੀਆਂ ਸਪਸ਼ਟ ਸਾਹਮਣੇ ਆਉਂਦੀਆਂ ਹਨ :

1. ਬਾਬਾ ਜੀ ਦਾ ਆਚਰਣ ਬੜਾ ਉੱਚਾ ਸੀ ਤੇ ਉਨ੍ਹਾਂ ਦੇ ਅਸਰ ਸਦਕਾ ਉਨ੍ਹਾਂ ਦੇ ਸ਼ਰਧਾਲੂ ਆਪਣੇ ਆਚਰਣ ਨੂੰ ਉਚੇਰਾ ਰਖਣ ਲਈ ਯਤਨਸ਼ੀਲ ਰਹਿੰਦੇ ਸਨ । ਬਾਬਾ ਜੀ ਨੇ ਕਈ ਲੋਕਾਂ ਨੂੰ ਚੋਰੀ-ਯਾਰੀ ਤੋਂ ਵਰਜ ਕੇ ਸੱਤਿ ਦੇ ਮਾਰਗ ਲਈ ਪ੍ਰੇਰਿਆ ਉਹ ਚੰਗੇ ਮਨੁਖ ਬਣ ਗਏ ।

2. ਬਾਬਾ ਜੀ ਦੇ ਮਨ ਵਿਚ ਗੁਰਬਾਣੀ ਦਾ ਬੜਾ ਆਦਰ ਸੀ । ਆਪ ਰੋਜ਼ ਪਾਠ ਕਰਦੇ ਤੇ ਸੁਣਦੇ ਸਨ ਤੇ ਧਿਆਨ ਮਗਨ ਹੋ ਕੇ ਆਨੰਦ ਮਾਣਦੇ ਸਨ ।

3. ਬਾਬਾ ਜੀ ਗੁਰਬਾਣੀ ਦੀ ਬੜੀ ਸੁੰਦਰ ਵਿਆਖਿਆ ਕਰਦੇ ਸਨ । ਸਿਖ ਸੰਗਤਾਂ ਉਨ੍ਹਾਂ ਦੀ ਕਥਾ ਦੀ ਰਸ ਮਾਣਦੀਆਂ ਸਨ । ਆਪ ਗੁਰਮਤਿ ਦੇ ਨੁਕਤੇ ਸਹਿਜੇ ਹੀ ਸਮਝਾ ਦਿੰਦੇ ਸਨ ।

4. ਬਾਬਾ ਜੀ ਨੂੰ ਕੀਰਤਨ ਸੁਣਨ ਦਾ ਬੜਾ ਸ਼ੌਕ ਸੀ । ਆਪ ਕੀਰਤਨੀਏ ਸਿੰਘਾਂ ਤੇ ਬੜੇ ਪ੍ਰਸੰਨ ਹੁੰਦੇ ਸਨ । ਧਨ, ਮਾਲ ਤੋਂ ਇਲਾਵਾ ਅਸੀਸਾਂ ਵੀ ਦਿੰਦੇ ਸਨ ।

5. ਰਾਜਸੀ ਠਾਠ ਬਾਠ ਦੇ ਧਾਰਣੀ ਹੋਣ ਕਾਰਨ ਆਪਨੂੰ ਸ਼ਿਕਾਰ ਦਾ ਬੜਾ ਸ਼ੌਕ ਸੀ । ਆਪ ਜੰਗਲਾਂ ਵਿਚ ਜਾ ਕੇ ਸੂਰਾਂ ਦਾ ਸ਼ਿਕਾਰ ਕਰਦੇ ਸਨ । ਆਪ ਸ਼ਿਕਾਰ ਦੇ ਇਨੇ ਧਨੀ ਸਨ ਕਿ ਘੋੜੇ ਤੇ ਸਵਾਰ ਹੋ ਕੇ ਆਪ ਨੇ ਆਪਣੀ ਤਲਵਾਰ ਨਾਲ ਭੱਜੇ ਜਾਂਦੇ ਖ਼ਰਗੋਸ਼ ਦੇ ਦੋ ਟੋਟੇ ਕਰ ਦਿੱਤੇ ।

6. ਰਾਜਨੀਤੀ ਵਿਚ ਨਿਪੁੰਨ ਸਨ । ਆਪ ਦੇ ਮਨ ਵਿਚ ਅਭਿਲਾਸ਼ਾ ਸੀ ਕਿ ਸਿੱਖਾਂ ਵਿਚ ਏਕਤਾ ਹੋਣੀ ਚਾਹੀਦੀ ਹੈ । ਆਪ ਨੇ ਬੜੇ ਯਤਨ ਕਰਕੇ ਰਣਜੀਤ ਸਿੰਘ ਨੂੰ ਸਿੱਖਾਂ ਦਾ ਮੁਹਰੀ ਬਣਾ ਕੇ ਰਾਜਨੀਤਿਕ ਆਜ਼ਾਦੀ ਪ੍ਰਾਪਤ ਕਰਨ ਲਈ ਹੱਲਾ ਸ਼ੇਰੀ ਹੀ ਨਹੀਂ ਦਿੱਤੀ ਸਗੋਂ ਆਪ ਫੂਲ਼ੇ ਨਾਲ ਲੱਗ ਕੇ ਸਿੱਖ ਵਿਰੋਧੀ ਤਾਕਤਾਂ ਨਾਲ ਦੋ ਹੱਥ ਹੁੰਦੇ ਰਹੇ ਸਰਦਾਰਾਂ ਨੂੰ ਪਿਆਰ ਨਾਲ ਸਮਝਾਇਆ ਤੇ ਰਣਜੀਤ ਸਿੰਘ ਦੇ ਸਹਾਇਕ ਬਣਾ ਕੇ ਖਾਲਸਾ ਰਾਜ ਦੀਆਂ ਨੀਹ ਪਕੀਆਂ ਕਰਨ ਲਈ ਕੰਮ ਕਰਨ ਦੀ ਪ੍ਰੇਰਣਾ ਦਿੱਤੀ ।

8. ਆਪ ਧਾਰਮਿਕ ਨੇਤਾ ਸਨ, ਜਿਸ ਕਾਰਨ ਆਪ ਕਿਸੇ ਅਮੀਰ, ਵਜ਼ੀਰ, ਰਾਜੇ

ਮਹਾਰਾਜੇ ਦੀ ਪ੍ਰਵਾਹ ਨਹੀਂ ਸਨ ਕਰਦੇ । ਸ਼ਰਧਾ ਵਾਲੇ ਗਰੀਬ ਦੀ ਗੱਲ ਸੁਣਦੇ ਸਨੇ ਤੇ ਅਸ਼ਰਧਕ ਰਾਜੇ ਨੂੰ ਦਰਬਾਰ ਵਿਚੋਂ ਮੋੜ ਦਿੰਦੇ ਸਨ ।

9. ਆਪ ਤਲਵਾਰ ਦੇ ਧਨੀ ਸਨ । ਯੁੱਧ ਵਿਚ ਆਪ ਮਹਾਨ ਵੀਰਾਂ ਵਾਂਗ ਜੂਝਦੇ ਸਨ । ਮਲੇਰਕੋਟਲੇ ਤੇ ਰਾਇਪੁਰ ਦੀ ਲੜਾਈ ਵਿਚ ਆਪ ਨੇ ਜੋ ਜੌਹਰ ਵਿਖਾਏ, ਉਸ ਤੋਂ ਆਪ ਦੀ ਦਲੇਰੀ ਤੇ ਸ਼ਸਤਰ ਵਿਦਿਆ ਵਿਚ ਨਿਪੁੰਨਤਾ ਦਾ ਗਿਆਨ ਹੁੰਦਾ ਹੈ । ਆਪ ਨਿਰਦਈ ਬੀਰ ਨਹੀਂ ਸਨ, ਸਗੋਂ ਦਇਆ ਦੇ ਪੁੰਜ ਸਨ । ਜਦੋਂ ਮਲੇਰਕੋਟਲੇ ਦਾ ਨਵਾਬ ਮਾਰਿਆ ਗਿਆ ਤੇ ਆਪ ਨੇ ਇਲਾਕੇ ਤੇ ਕਬਜ਼ਾ ਕਰ ਲਿਆ ਤਾਂ ਉਸ ਦਾ ਪੁੱਤਰ ਗਲ ਵਿਚ ਪੱਲਾ ਪਾ ਕੇ ਆਪ ਦੀ ਹਜ਼ੂਰੀ ਵਿਚ ਪੇਸ਼ ਹੋਇਆ ਤਾਂ ਹਜ਼ੂਰ ਨੇ ਜਿੱਤਿਆ ਸਾਰਾ ਇਲਾਕਾ ਉਸ ਨੂੰ ਵਾਪਸ ਕਰ ਦਿਤਾ ।

10. ਆਪ ਗਊ ਨੂੰ ਪੂਜਨੀਕ ਮੰਨਦੇ ਸਨ । ਇਕ ਵਾਰ ਆਪ ਹਰਿਦਵਾਰ ਗਏ ਤਾਂ ਪਤਾ ਲਗਾ ਕਿ ਇਕ ਮੁਸਲਮਾਨ ਗੰਗਾ ਕਿਨਾਰੇ ਨੂੰ ਗਾਂ ਜ਼ਿਬਾਹ ਕਰਨ ਲੱਗਾ ਹੈ ਤਾਂ ਆਪ ਨੇ ਉਸ ਨੂੰ ਅਜਿਹਾ ਨਾ ਕਰਨ ਲਈ ਬੇਨਤੀ ਕੀਤੀ । ਰਾਜ-ਸ਼ਕਤੀ ਦਾ ਸਹਾਰਾ ਹੋਣ ਕਾਰਨ ਉਹ ਵਿਗੜ ਗਿਆ ਤਾਂ ਆਪ ਨੇ ਪਲ ਵਿਚ ਉਸ ਦਾ ਸਿਹ ਲਾਹ ਦਿਤਾ ਤੇ ਗਾਂ ਨੂੰ ਬਚਾ ਲਿਆ ।

11. ਆਪ ਗ੍ਰਿਹਸਥੀ ਸਨ ਤੇ ਸਿੱਖਾਂ ਨੂੰ ਗ੍ਰਿਹਸਥੀ ਬਣਨ ਲਈ ਉਪਦੇਸ਼ ਦਿੰਦੇ ਸਨ । ਆਪਣੇ ਪਰਿਵਾਰ ਵਿਚ ਆਪ ਦਾ ਅਥਾਹ ਸਤਿਕਾਰ ਸੀ । ਆਪ ਦੇ ਸਾਹਿਬਜ਼ਾਦੇ ਹੁਕਮ ਦੀ ਪਾਲਣਾ ਕਰਨਾ ਆਪਣੀ ਵਡਿਆਈ ਮੰਨਦੇ ਸਨ ।

12. ਬਾਬਾ ਜੀ ਕਿਸੇ ਨਾਲ ਜ਼ੁਲਮ ਜਾਂ ਧੱਕਾ ਹੁੰਦਾ ਨਹੀਂ ਸਨ ਸਹਿਣ ਕਰਦੇ । ਇਕ ਵਾਰ ਆਪ ਦੇ ਭਤੀਜੇ ਭਾਈ ਮਹਿਬੂਬ ਸਿੰਘ ਦੇ ਪੁੱਤਰ ਨੂੰ ਦੁੱਧ ਪੀਣ ਤੇ ਆਪ ਦੇ ਸਾਹਿਬਜ਼ਾਦੇ ਨੇ ਗੁੱਸੇ ਵਿਚ ਥੱਪੜ ਮਾਰਿਆ ਤਾਂ ਆਪ ਨੂੰ ਬੜਾ ਗੁੱਸਾ ਆਇਆ ਕਿ ਪਿਤਾ-ਹੀਣ ਬਾਲ ਨਾਲ ਮਾੜਾ ਵਰਤਾਂ ਕੀਤਾ ਗਿਆ ਹੈ । ਆਪ ਨੇ ਆਪਣੇ ਸਾਹਿਬਜ਼ਾਦੇ ਨੂੰ ਹੋਰ ਪਿੰਡ ਭੇਜ ਦਿਤਾ ਤੇ ਮੁੜ ਕਦੇ ਬੋਲ ਸਾਂਝੇ ਨਾ ਕੀਤੇ । ਭਤੀਜੇ ਨੂੰ ਲਾਡ ਵੀ ਲਡਾਉਂਦੇ ਰਹੇ ਤੇ ਪਾਲਣ ਪੋਸ਼ਣ ਵੀ ਕਰਦੇ ਰਹੇ ।

ਇਉਂ ਬਾਬਾ ਜੀ ਦੀ ਸ਼ਖ਼ਸੀਅਤ ਦੇ ਕਈ ਪੱਖ ਬੜੇ ਸਪਸ਼ਟ ਰੂਪ ਵਿਚ ਸਾਹਮਣੇ ਆਉਂਦੇ ਹਨ । ਬਾਬਾ ਜੀ ਕਰਾਮਾਤੀ ਸਨ ਜਾਂ ਨਹੀਂ ? ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਸ ਬਾਰੇ ਦੋ ਰਾਵਾਂ ਨਹੀਂ ਹਨ ਕਿ ਆਪ ਮਹਾਂਪੁਰਖ ਸਨ ਤੇ ਸਾਰਾ ਜੀਵਨ ਸਿੱਖ ਹਿੱਤਾਂ ਲਈ ਜੂਝਦੇ ਰਹੇ ।

ਬਾਬਾ ਜੀ ਦਾ ਆਮ ਜਨਤਾ ਤੇ ਇਨਾ ਪ੍ਰਭਾਵ ਸੀ ਕਿ ਉਹ ਆਪਣੇ ਜੀਵਨ ਕਾਲ ਵਿਚ ਹੀ ਦੈਵੀ ਗੁਣਾ ਵਾਲੇ ਮਹਾਂ ਪੁਰਖ ਮੰਨੇ ਜਾਣ ਲੱਗ ਪਏ । ਉਨ੍ਹਾਂ ਬਾਰੇ ਭਾਈ ਸੋਭਾ ਰਾਮ ਤੋਂ ਇਲਾਵਾ ਭਾਈ ਗੰਡਾ ਸਿੰਘ (ਗੁਰਬਿਲਾਸ) ਭਾਈ ਲਾਲ ਰਾਮ (ਗੁਰਬਿਲਾਸ ਸ੍ਰੀ ਗੁਰ ਜਸ ਹੁਲਾਸ ਸ੍ਰੀ, ਗੁਰ ਜਸ਼ ਪ੍ਰਕਾਸ਼) ਆਦਿ ਨੇ ਉਨ੍ਹਾਂ ਦੇ ਜੀਵਨ ਨੂੰ ਛੰਦ ਬਧ ਰੂਪ ਵਿਚ ਪੇਸ਼ ਕੀਤਾ ਜੋ ਉਨ੍ਹਾਂ ਦੀ ਮਹਾਨਤਾ ਤੇ ਲੋਕਪ੍ਰਿਯਤਾ ਦਾ ਪ੍ਰਮਾਣ ਹੈ ।

**ਇਤਿਹਾਸਕ ਪੱਖ**

ਭਾਈ ਸੋਭਾ ਰਾਮ ਧਾਰਮਿਕ ਬਿਰਤੀਆਂ ਵਾਲੇ ਸ਼ਰਧਾਲੂ ਕਵੀ ਸਨ ਜਿਸ ਕਾਰਨ ਉਨ੍ਹਾਂ ਨੇ ਆਪਣੇ ਸ਼ਰਧਾ ਪਾਤਰ ਬਾਬਾ ਸਾਹਿਬ ਸਿੰਘ ਦੀ ਉਸਤਤ ਨੂੰ ਹੀ ਆਪਣੇ ਕਾਵਿ ਦਾ ਪ੍ਰਯੋਜਨ ਮੰਨਿਆ ਹੈ। ਕਰਾਮਾਤਾਂ ਤੇ ਆਲੌਕਿਕ ਘਟਨਾਵਾਂ ਦਾ ਪੂਰੀ ਰੀਝ ਨਾਲ ਚਿਤਰਣ ਕੀਤਾ ਗਿਆ ਹੈ ਪਰ ਇਸ ਦਾ ਇਹ ਭਾਵ ਨਹੀਂ ਕਿ ਇਹ ਗ੍ਰੰਥ ਇਤਿਹਾਸਕ ਪੱਖੋਂ ਕੋਰਾ ਹੈ। ਇਸ ਵਿਚ ਬਾਬਾ ਸਾਹਿਬ ਸਿੰਘ ਦੇ ਜਨਮ ਤੋਂ ਲੈ ਕੇ ਉਨ੍ਹਾਂ ਦੇ ਪਰਲੋਕ ਗਵਨ ਤਕ ਦਾ ਬਿਰਤਾਂਤ ਪੇਸ਼ ਕੀਤਾ ਗਿਆ ਹੈ। ਬਾਬਾ ਜੀ ਦੇ ਪਰਿਵਾਰਕ ਜੀਵਨ ਤੋਂ ਲੈ ਕੇ ਉਨ੍ਹਾਂ ਦੇ ਰਾਜਨੀਤਕ ਜੀਵਨ ਬਾਰੇ ਵਿਸਤਾਰ ਸਹਿਤ ਲਿਖਿਆ ਗਿਆ ਹੈ। ਬਾਬਾ ਜੀ ਨੇ ਜਿਥੇ ਧਰਮ ਪਰਚਾਰ ਕੀਤਾ ਉਥੇ ਰਣ-ਖੇਤਰ ਵਿਚ ਬੀਰਾਂ ਵਾਂਗੂ ਜੂਝੇ ਤੇ ਸ੍ਵੈਮਾਨ ਤੇ ਧਰਮ ਦੀ ਰਖਿਆ ਕਰਨ ਲਈ ਜ਼ਾਲਮਾਂ ਦਾ ਨਾਸ਼ ਕਰਨ ਲਈ ਦਲੇਰਾਂ ਵਾਲੇ ਕਾਰਨਾਮੇ ਕੀਤੇ। ਇਥੇ ਹੀ ਬਸ ਨਹੀਂ ਪੰਜਾਬ ਦੀ ਸਮਕਾਲੀ ਰਾਜਨੀਤੀ ਨੂੰ ਆਪ ਨੇ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ। ਬਾਬਾ ਜੀ ਦੇ ਸੰਪਰਕ ਵਿਚ ਆਉਣ ਵਾਲੇ ਸਰਦਾਰਾਂ, ਰਾਜਿਆਂ, ਮਹਾਰਾਜਿਆਂ ਬਾਰੇ ਲਿਖਦਿਆਂ ਉਨ੍ਹਾਂ ਦੀ ਅਸਲੀ ਤਸਵੀਰ ਪੇਸ਼ ਕੀਤੀ ਗਈ ਹੈ। ਇਹ ਵੱਖਰੀ ਗੱਲ ਹੈ ਕਿ ਭਾਈ ਸੋਭਾ ਰਾਮ ਦੀ ਸ਼ੈਲੀ ਪੌਰਾਣਿਕ ਹੈ।

ਭਾਈ ਜੀ ਨੇ ਸਹਿਜ ਸੁਭਾ ਪੰਜਾਬ ਦੇ ਇਤਿਹਾਸ ਨੂੰ ਪੇਸ਼ ਕਰਦਿਆਂ ਇਥੋਂ ਦੇ ਲੋਕਾਂ ਦੇ ਜੀਵਨ, ਰਸਮ-ਰਿਵਾਜਾਂ ਆਦਿ ਨੂੰ ਵੀ ਪੇਸ਼ ਕਰ ਦਿਤਾ ਹੈ। ਇਹ ਗ੍ਰੰਥ ਪੰਜਾਬ ਦਾ ਸਮਾਜਿਕ ਇਤਿਹਾਸ ਵੀ ਹੋ ਨਿਬੜਿਆ ਹੈ। ਇਨ੍ਹਾਂ ਪੱਖਾਂ ਬਾਰੇ ਵਿਸਤ੍ਰਿਤ ਵਿਚਾਰ ਕਰਨਾ ਉਚਿਤ ਹੋਵੇਗਾ।

ਇਸ ਗ੍ਰੰਥ ਦੇ ਕੇਂਦਰ-ਬਿੰਦੂ ਬਾਬਾ ਸਾਹਿਬ ਸਿੰਘ ਬੇਦੀ ਜੀ ਹਨ ਪਰ ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲੇ ਕੁਝ ਵਿਅਕਤੀਆਂ ਬਾਰੇ ਵੀ ਚੰਗੀ ਵਾਕਫ਼ੀਅਤ ਮਿਲਦੀ ਹੈ। ਮਹਾਰਾਜਾ ਰਣਜੀਤ ਸਿੰਘ ਦਾ ਜ਼ਿਕਰ ਕਾਫ਼ੀ ਜ਼ਿਆਦਾ ਮਿਲਦਾ ਹੈ। ਸਰਦਾਰ ਮਹਾਂ ਸਿੰਘ ਦੀ ਮੌਤ ਉਪਰੰਤ ਮਹਾਂ ਸਿੰਘ ਵਿਰੋਧੀ ਹੋਰ ਮਿਸਲਾਂ ਦੇ ਸਰਦਾਰਾਂ ਨੇ ਰਣਜੀਤ ਸਿੰਘ ਨੂੰ ਮਹਾਂ ਸਿੰਘ ਦੇ ਭੋਗ-ਸਮਾਗਮ ਤੇ ਕਤਲ ਕਰਨ ਦੀ ਸਾਜਿਸ਼ ਰਚੀ ਸੀ, ਜਿਸ ਬਾਰੇ ਬਾਬਾ ਜੀ ਨੂੰ ਪਤਾ ਲੱਗ ਗਿਆ। ਗੁਜਰਾਂਵਾਲੇ ਆਪ ਖੁਦ ਪਹੁੰਚੇ ਤੇ ਰਣਜੀਤ ਸਿੰਘ ਨੂੰ ਗੋਦੀ ਵਿਚ ਲੈ ਕੇ ਤਿਲਕ ਲਗਾ ਕੇ ਸਰਦਾਰ ਥਾਪਿਆ ਤੇ ਬਾਕੀ ਸਰਦਾਰਾਂ ਨੂੰ ਰਣਜੀਤ ਸਿੰਘ ਦੀ ਮਦਦ ਕਰਨ ਲਈ ਆਖਿਆ। ਇਉਂ ਰਣਜੀਤ ਸਿੰਘ ਕਤਲ ਹੋਣ ਤੋਂ ਬਚ ਗਿਆ।

ਮਹਾਰਾਜਾ ਰਣਜੀਤ ਸਿੰਘ ਅਕਸਰ ਬਾਬਾ ਜੀ ਦੇ ਦਰਸ਼ਨਾਂ ਲਈ ਆਉਂਦਾ ਤੇ ਕਈ ਕਈ ਦਿਨ ਉਨ੍ਹਾਂ ਪਾਸ ਰਹਿੰਦਾ। ਭੇਟਾ ਚੜ੍ਹਾਉਂਦਾ ਤੇ ਮਿਹਰਾਂ ਮੰਗਦਾ। ਚੜ੍ਹਾਈ ਕਰਨ ਤੋਂ ਪਹਿਲਾਂ ਯੁੱਧ ਵਿਚ ਜਿੱਤ ਪ੍ਰਾਪਤ ਕਰਨ ਲਈ ਬਾਬਾ ਜੀ ਪਾਸ ਅਰਦਾਸ ਕਰਦਾ। ਬਾਬਾ ਜੀ ਉਸ ਨੂੰ ਅਸ਼ੀਰਵਾਦ ਦਿੰਦੇ ਤੇ ਕਈ ਵਾਰ ਆਪਣੀ ਫ਼ੌਜ ਨਾਲ ਭੇਜ ਦਿੰਦੇ ਤੇ ਕਈ ਵਾਰ ਖ਼ੁਦ ਵੀ ਨਾਲ ਜਾ ਕੇ ਮਦਦ ਕਰਦੇ। ਇਉਂ ਕਈ ਸਾਲ ਬਾਬਾ ਜੀ ਨਾਲ ਰਣਜੀਤ ਸਿੰਘ ਦੇ ਸਬੰਧ ਚੰਗੇ ਰਹੇ ਪਰ ਡੋਗਰਿਆਂ ਨੇ ਮਹਾਰਾਜੇ ਨੂੰ ਪੂਰੀ ਤਰ੍ਹਾਂ ਕਾਬੂ ਕਰ ਲਿਆ। ਹੀਰਾ ਸਿੰਘ ਦੇ ਆਖੇ ਲੱਗ ਕੇ ਮਹਾਰਾਜੇ ਨੇ ਬਾਬਾ ਸਾਹਿਬ ਸਿੰਘ ਨੂੰ ਦਾਨ ਕੀਤਾ

ਚਪੜਾਲ ਦਾ ਇਲਾਕਾ ਵਾਪਸ ਮੰਗ ਲਿਆ। ਇਸ ਨਾਲ ਬਾਬਾ ਜੀ ਦੇ ਮਨ ਵਿਚ ਨਰਾਜ਼ਗੀ ਪ੍ਰਗਟ ਹੋ ਗਈ ਤੇ ਆਪ ਨੇ ਮਹਾਰਾਜੇ ਨਾਲ ਤਕਰੀਬਨ ਸਬੰਧ ਤੋੜ ਹੀ ਲਏ। ਇਕ ਵਾਰ ਆਪ ਨੂੰ ਪਤਾ ਲਗਾ ਕਿ ਮਹਾਰਾਜਾ ਮਿਲਣੇ ਲਈ ਆ ਰਿਹਾ ਹੈ ਤਾਂ ਆਪਨੇ ਸਾਰੇ ਵਿਹੜੇ ਵਿਚ ਚਿਕੜ ਕਰਵਾ ਦਿਤਾ ਤਾਂ ਕਿ ਮਹਾਰਾਜਾ ਬੈਠ ਨਾ ਸਕੇ। ਆਪ ਨੇ ਮਹਾਰਾਜੇ ਦੀ ਬੜੀ ਮਦਦ ਕੀਤੀ ਸੀ। ਸਾਹਿਬ ਸਿੰਘ ਭੰਗੀ ਵਰਗੇ ਸਰਦਾਰਾਂ ਨਾਲ ਸੁਲਾਹ ਕਰਵਾਈ ਤੇ ਹੋਰ ਸਰਦਾਰਾਂ ਨੂੰ ਵੀ ਰਣਜੀਤ ਸਿੰਘ ਦੇ ਸਹਾਈ ਬੇਣਨ ਲਈ ਪ੍ਰੇਰਿਆ ਪਰ ਰਣਜੀਤ ਸਿੰਘ ਅਜਿਹੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਗਿਆ ਕਿ ਬਾਬਾ ਜੀ ਜਿਹੇ ਮਹਾਂ ਪੁਰਖ ਨਾਲ ਉਸ ਦੇ ਸਬੰਧ ਵਿਗੜੇ ਹੀ ਨਹੀਂ, ਸਗੋਂ ਲਗਭਗ ਖਤਮ ਹੀ ਹੋ ਗਏ।

ਮਹਾਰਾਜਾ ਰਣਜੀਤ ਸਿੰਘ ਦੇ ਸ਼ਹਿਜ਼ਾਦੇ ਵਿਕਾਰੀ ਬਣ ਗਏ ਸਨ। ਸ਼ਰਾਬ, ਮਾਸ ਤੇ ਇਸਤਰੀ ਦਾ ਭੋਗ ਉਨ੍ਹਾਂ ਦਾ ਨਿੱਤ ਦਾ ਕੰਮ ਸੀ। ਉਹ ਸਭ ਮਾਨ ਮਰਿਆਦਾ ਭੁੱਲ ਚੁੱਕੇ ਸਨ। ਇਕ ਵਾਰ ਬਾਬਾ ਸਾਹਿਬ ਸਿੰਘ ਬੇਦੀ ਲਾਹੌਰ ਗਏ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸ਼ਹਿਜ਼ਾਦਿਆਂ ਨੂੰ ਆਖਿਆ ਕਿ ਬਾਬਾ ਜੀ ਲਈ ਲੰਗਰ-ਪਾਣੀ ਤੇ ਰਿਹਾਇਸ਼ ਦਾ ਪ੍ਰਬੰਧ ਕਰੋ। ਸਵੇਰੇ ਮੈਂ ਉਨ੍ਹਾਂ ਦੇ ਦਰਸ਼ਨ ਕਰਾਂਗਾ ਪਰ ਸ਼ਹਿਜ਼ਾਦੇ ਆਪਣੀ ਮੌਜ ਵਿਚ ਸ਼ਰਾਬ-ਇਸਤਰੀ ਦਾ ਆਨੰਦ ਮਾਣਦੇ ਰਹੇ ਤੇ ਬਾਬਾ ਜੀ ਭੁੱਖੇ ਹੀ ਲਾਹੌਰ ਤੋਂ ਕੂਚ ਕਰ ਆਏ। ਮਗਰੋਂ ਭਾਵੇਂ ਰਣਜੀਤ ਸਿੰਘ ਨੇ ਮੁਆਫੀ ਮੰਗੀ ਪਰ ਬਾਬਾ ਜੀ ਇਸ ਤੇ ਵੀ ਕਾਫੀ ਨਰਾਜ਼ ਰਹੇ।

ਇਉਂ ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ ਪਰਿਵਾਰ ਬਾਰੇ ਚੰਗੀ ਜਾਣਕਾਰੀ ਉਪਲਬਧ ਹੈ।

ਫੂਲਕੀਆਂ ਸਟੇਟਾਂ ਦੇ ਰਾਜਿਆਂ ਬਾਰੇ ਵੀ ਹਵਾਲੇ ਮਿਲਦੇ ਹਨ। ਜਦੋਂ ਬਾਬਾ ਜੀ ਨੇ ਮਲੇਰਕੋਟਲੇ ਤੇ ਹਮਲਾ ਕੀਤਾ ਤਾਂ ਇਹ ਰਾਜੇ ਵੀ ਆਪਣੀਆਂ ਫੌਜਾਂ ਲੈ ਕੇ ਬਾਬਾ ਜੀ ਦੇ ਸਹਾਇਕ ਬਣ ਕੇ ਨਾਲ ਚੱਲੇ, ਰਾਤ ਨੂੰ ਨਵਾਬ ਵਲੋਂ ਇਕ ਲੱਖ ਰੁਪਏ ਦਾ ਲਾਲਚ ਦਿਤਾ ਗਿਆ ਤਾਂ ਇਹ ਬਾਬਾ ਜੀ ਦਾ ਸਾਥ ਛੱਡ ਗਏ। ਬਾਬਾ ਜੀ ਨਾਲ ਦਲੀਲਬਾਜ਼ੀ ਕਰਨ ਲਗੇ ਕਿ ਮੁਗ਼ਲ ਬਲੀ ਹਨ, ਸਾਥੋਂ ਜਿੱਤੇ ਨਹੀਂ ਜਾਣੇ ਤਾਂ ਬਾਬਾ ਜੀ ਨੇ ਕਿਹਾ ਕਿ ਤੁਸੀਂ ਲੱਖ ਰੁਪਏ ਵਸੂਲ ਕਰ ਲਏ ਹਨ। ਜਾਓ! ਅਸੀਂ ਆਪੇ ਹੀ ਲੜ ਲਵਾਂਗੇ। ਇਹ ਹਾਲਤ ਸੀ ਇਥੋਂ ਦੇ ਰਾਜਿਆਂ ਦੀ।

ਇਸੇ ਤਰ੍ਹਾਂ ਹੋਰ ਮਿਸਲਾਂ ਦੇ ਸਰਦਾਰਾਂ ਦੇ ਹਵਾਲੇ ਮਿਲਦੇ ਹਨ, ਜੋ ਆਪਸ ਵਿਚ ਲੜਦੇ ਝਗੜਦੇ ਸਨ। ਉਨ੍ਹਾਂ ਦਾ ਮਨੋਰਥ ਕੇਵਲ ਆਪਣੇ ਇਲਾਕੇ ਦਾ ਵਿਸਤਾਰ ਤੇ ਲੁੱਟ ਮਾਰ ਕਰਕੇ ਅਮੀਰ ਬਣਨਾ ਸੀ। ਇਥੇ ਤਾਂਈ ਕਿ ਉਹ ਬਾਬਾ ਸਾਹਿਬ ਸਿੰਘ ਬੇਦੀ ਨਾਲ ਸਿੱਧੇ ਰੂਪ ਵਿਚ ਟੱਕਰ ਨਹੀਂ ਸਨ ਲੈਂਦੇ ਸਗੋਂ ਮੁਗਲਾਂ ਨੂੰ ਉਕਸਾਉਂਦੇ ਸਨ ਤੇ ਉਨ੍ਹਾਂ ਦੀ ਮਦਦ ਕਰਦੇ ਸਨ ਤਾਂ ਜੋ ਬਾਬਾ ਜੀ ਨੂੰ ਨੁਕਸਾਨ ਪਹੁੰਚਾ ਕੇ ਉਹ ਲਾਭ ਲੈ ਸਕਣ।

ਆਨੰਦਪੁਰ ਨੂੰ ਸੋਢੀ ਆਪਣਾ ਕੇਂਦਰ ਮੰਨਦੇ ਸਨ ਜਿਸ ਕਾਰਨ ਬਾਬਾ ਸਾਹਿਬ ਸਿੰਘ ਬੇਦੀ ਨੇ ਊਨੇ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ। ਸੋਢੀ-ਬੇਦੀ

ਆਪਸ ਵਿਚ ਕਾਫ਼ੀ ਲਗਦੇ ਸਨ। ਇਕ ਵਾਰ ਲੜਾਈ ਵੀ ਹੋਈ। ਸੋਢੀ ਭੱਜ ਗਏ ਤੇ ਬੇਦੀ ਬਾਬੇ ਦੀ ਫੌਜ ਜਿੱਤ ਗਈ।

ਇਸੇ ਤਰ੍ਹਾਂ ਉਸ ਸਮੇਂ ਦੀ ਰਾਜਨੀਤਕ ਸਥਿਤੀ ਬਾਰੇ ਇਸ ਗ੍ਰੰਥ ਵਿਚ ਬੜੇ ਭਰੋਸੇਯੋਗ ਹਵਾਲੇ ਮਿਲਦੇ ਹਨ ਕਿਉਂਕਿ ਸੋਭਾ ਰਾਮ ਨੇ ਸਮਕਾਲੀ ਘਟਨਾਵਾਂ ਦਾ ਜ਼ਿਕਰ ਸਹਿਜ ਸੁਭਾ ਹੀ ਕੀਤਾ ਹੈ। ਇਹ ਗ੍ਰੰਥ ਪੰਜਾਬ ਦੇ ਇਤਿਹਾਸ ਦੇ ਵਿਦਿਆਰਥੀਆਂ ਲਈ ਸ੍ਰੋਤ ਪੁਸਤਕ ਬਣ ਸਕਦਾ ਹੈ ਕਿਉਂਕਿ ਇਸ ਵਿਚ ਕਾਫ਼ੀ ਭਰੋਸੇ ਯੋਗ ਜਾਣਕਾਰੀ ਮਿਲਦੀ ਹੈ। ਪੰਜਾਬ ਵਿਚ ਹੋਈ ਉਥਲ-ਪੁਥਲ, ਅੰਗਰੇਜ਼ਾਂ ਤੇ ਮਰਹੱਟਿਆਂ ਦੀਆਂ ਸਰਗਰਮੀਆਂ, ਸਿੱਖ-ਮਿਸਲਾਂ ਦੇ ਆਪਸੀ ਝਗੜਿਆਂ ਆਦਿ ਬਾਰੇ ਕਾਫ਼ੀ ਸਾਮਗਰੀ ਉਪਲਬਧ ਹੈ।

**ਪੰਜਾਬ ਦੀ ਧਾਰਮਿਕ ਸਥਿਤੀ-**

'ਗੁਰ ਬਿਲਾਸ ਬਾਬਾ ਸਾਹਿਬ ਸਿੰਘ ਬੇਦੀ ਕਾ' ਵਿਚੋਂ ਪੰਜਾਬ ਦੇ ਸਮਕਾਲੀ ਜਨ-ਜੀਵਨ ਬਾਰੇ ਕਾਫੀ ਗਿਆਨ ਪ੍ਰਾਪਤ ਹੁੰਦਾ ਹੈ। ਲੋਕ ਅਕਸਰ ਜ਼ਿਮੀਦਾਰੀ ਕਰਕੇ ਗੁਜ਼ਾਰਾ ਕਰਦੇ ਸਨ। ਖੇਤੀ ਦੀ ਸਿੰਚਾਈ ਲਈ ਮੁੱਖ ਸਾਧਨ ਮੀਂਹ ਹੀ ਸੀ ਭਾਵੇਂ ਖੂਹ ਆਦਿ ਵੀ ਲਗਾਏ ਗਏ ਸਨ। ਜੇਕਰ ਮੀਂਹ ਨਾ ਪੈਂਦਾ ਤਾਂ ਕਾਲ ਪੈਣ ਵਾਲਾ ਹੋ ਜਾਂਦਾ ਤੇ ਜੇਕਰ ਜ਼ਿਆਦਾ ਪੈਂਦਾ ਤਾਂ ਵੀ ਕਾਫੀ ਹਾਨੀਕਾਰਕ ਸਿੱਧ ਹੁੰਦਾ। ਲੋਕ ਅਕਸਰ ਮੀਂਹ ਪਵਾਉਣ ਜਾਂ ਮੀਂਹ ਹਟਾਉਣ ਲਈ ਸੁਖਣਾ ਸੁਖਦੇ ਸਨ।

ਜਰਵਾਣੇ ਲੁੱਟ ਮਾਰ ਕਰਨੋਂ ਗੁਰੇਜ਼ ਨਹੀਂ ਸਨ ਕਰਦੇ। ਰਾਹਗੀਰਾਂ ਨੂੰ ਅਕਸਰ ਲੁੱਟ ਲਿਆ ਜਾਂਦਾ ਸੀ ਤੇ ਕਈ ਵਾਰ ਕੁੱਟ ਮਾਰ ਵੀ ਕੀਤੀ ਜਾਂਦੀ ਸੀ ਤੇ ਜਾਨੋਂ ਵੀ ਮਾਰ ਦਿੱਤਾ ਜਾਂਦਾ ਸੀ। ਚੋਰੀਆਂ ਆਮ ਹੁੰਦੀਆਂ ਸਨ। ਚੋਰ ਰਾਤਾਂ ਨੂੰ ਚੋਰੀਆਂ ਕਰਦੇ ਸਨ। ਪੈਸਾ ਲੀੜਾ ਤਾਂ ਉਹ ਛਡਦੇ ਨਹੀਂ ਸਨ। ਡੰਗਰ ਵੀ ਖੋਲ੍ਹ ਲਏ ਜਾਂਦੇ ਸਨ ਤੇ ਦੂਰ ਦੁਰਾਡੇ ਵੇਚ ਜਾਂ ਪਹੁੰਚਾ ਦਿਤੇ ਜਾਂਦੇ ਸਨ। ਜ਼ੋਰਾਵਰ ਚੋਰਾਂ ਦੀ ਖੜਕਾਈ ਕਰ ਕੇ ਮਾਲ ਵਾਪਸ ਪ੍ਰਾਪਤ ਕਰ ਲੈਂਦੇ ਸਨ ਪਰ ਗਰੀਬ ਦੀ ਕੋਈ ਸੁਣਵਾਈ ਨਹੀਂ ਸੀ।

ਲੋਕ ਆਪਣੇ ਧਰਮ ਨੂੰ ਵਧੇਰੇ ਪਿਆਰ ਕਰਦੇ ਸਨ ਤੇ ਚੰਗੇਰਾ ਜੀਵਨ ਜੀਉਣਾ ਉਨ੍ਹਾਂ ਦੀ ਲਾਲਸਾ ਸੀ। ਲੋਕਾਂ ਵਿਚ ਭਾਈਚਾਰਕ ਸਾਂਝ ਕਾਇਮ ਸੀ। ਮੁਸਲਮਾਨਾਂ ਤੋਂ ਹਿੰਦੂ ਤੇ ਸਿੱਖ ਜ਼ਰਾ ਦੂਰ ਸਨ ਪਰ ਹਿੰਦੂ-ਸਿੱਖ ਭਰਾਵਾਂ ਵਾਂਗ ਰਹਿੰਦੇ ਸਨ। ਹੋਲੇ ਮਹਲੇ ਤੇ ਹਿੰਦੂ ਵੀ ਆ ਕੇ ਆਨੰਦ ਮਾਣਦੇ ਸਨ ਤੇ ਸਿਖ ਰਾਜੇ ਮਹਾਰਾਜੇ ਤੇ ਆਮ ਸਿਖ ਜਵਾਲਾ ਜੀ ਵੀ ਦਰਸ਼ਨ ਕਰਨ ਜਾਇਆ ਕਰਦੇ ਸਨ। ਇਸ ਤੋਂ ਸਿੱਖਾਂ ਤੇ ਹਿੰਦੂਆਂ ਦੀ ਦੀ ਆਪਸੀ ਡੂੰਘੀ ਸਾਂਝ ਦਾ ਗਿਆਨ ਹੁੰਦਾ ਹੈ।

**ਪੰਜਾਬ ਦੇ ਰਸਮ ਰਿਵਾਜ :**

'ਗੁਰ ਬਿਲਾਸ ਬਾਬਾ ਸਾਹਿਬ ਸਿੰਘ ਬੇਦੀ ਕਾ' ਸਮਕਾਲੀ ਸਮਾਜ ਵਿਚ ਪ੍ਰਚਲਿਤ ਰਸਮ ਰਿਵਾਜਾਂ ਬਾਰੇ ਮਹੱਤਵ ਪੂਰਨ ਦਸਤਾਵੇਜ਼ ਹੈ। ਪੰਜਾਬੀਆਂ ਦੇ ਸੁਭਾ ਆਦਿ ਬਾਰੇ ਕਾਫ਼ੀ ਸੂਚਨਾ ਉਪਲਬਧ ਹੈ। ਬੱਚੇ ਦੇ ਜਨਮ ਤੇ ਖੁਸ਼ੀਆਂ ਮਨਾਈਆਂ ਜਾਂਦੀਆਂ ਸਨ ਤੇ ਜੋਤਸ਼ੀ ਨੂੰ ਬੁਲਾ ਕੇ ਉਸ ਦੇ ਭਵਿੱਖ ਬਾਰੇ ਪੁੱਛਿਆ ਜਾਂਦਾ ਸੀ। ਜਨਮ-ਪਤਰੀ ਬਣਾਈ ਜਾਂਦੀ ਸੀ। ਜਦੋਂ ਉਹ ਪੜ੍ਹਨ ਲਈ ਬੈਠਦਾ ਸੀ ਤਾਂ ਅਧਿਆਪਕ ਜੋ ਆਮ ਕਰਕੇ ਗੁੰਬੀ/

ਮੁੱਲਾਂ/ਪੰਡਿਤ ਹੁੰਦਾ ਸੀ, ਨੂੰ ਸਤਿਕਾਰ ਸਹਿਤ ਭੇਟਾ ਦਿਤੀ ਜਾਂਦੀ ਸੀ। ਜਦੋਂ ਵਿਆਹ ਕਰਨਾ ਹੁੰਦਾ ਸੀ ਤਾਂ ਮਿਰਾਸੀ/ਪੰਡਿਤ ਕੁੜੀ ਲਈ ਮੁੰਡਾ ਲੱਭਦੇ ਸਨ। ਦੋਵਾਂ ਧਿਰਾਂ ਦਾ ਮੇਲ ਕਰਵਾਉਂਦੇ ਸਨ। ਗੁਣ ਗ੍ਰਹਿਣ ਕਰਦੇ ਸਨ ਤੇ ਰਿਸ਼ਤੇਦਾਰੀ ਸੁਥਾਪਿਤ ਕਰਵਾ ਦਿੰਦੇ ਸਨ। ਮੰਗਣੇ ਦੀ ਰਸਮ ਬੜੀ ਸ਼ਾਨ ਨਾਲ ਪੂਰੀ ਕੀਤੀ ਜਾਂਦੀ ਸੀ। ਵਿਆਂਦੜ ਦੇ ਬਟਣਾ ਮਲਿਆ ਜਾਂਦਾ ਸੀ। ਵਧੀਆ ਪਹਿਰਾਵਾ ਤਿਆਰ ਕੀਤਾ ਜਾਂਦਾ ਸੀ। ਸਿਹਰੇ ਬੰਨ੍ਹੇ ਜਾਂਦੇ ਸਨ ਤੇ ਕੀਰਤਨੀਏ ਕੀਰਤਨ ਕਰਦੇ ਸਨ। ਬਰਾਤ ਨੂੰ ਵਧੀਆ ਰੋਟੀ ਖਵਾਈ ਜਾਂਦੀ ਸੀ। ਚਾਵਲ, ਮੇਵੇ, ਪਿਸਤਾ, ਗਰੀ, ਬਦਾਮ, ਪੂਰੀ, ਕਚੌਰੀ, ਵੜੇ, ਪਕੌੜੇ, ਮਾਸ ਆਦਿ ਦਿਤਾ ਜਾਂਦਾ ਸੀ। ਉਪਰੋਂ ਦੀ ਰੁਪਏ ਸੁੱਟੇ ਜਾਂਦੇ ਸਨ। ਗਰੀਬ ਲੋਕ ਲੁੱਟ ਕੇ ਪ੍ਰਸੰਨ ਹੁੰਦੇ ਸਨ। ਬਰਾਤੀਆਂ ਨੂੰ ਸਿਠਣੀਆਂ ਦਿਤੀਆਂ ਜਾਂਦੀਆਂ ਸਨ ਤੇ ਕਈ ਵਾਰ ਇਹ ਅਸ਼-ਲੀਲ ਵੀ ਹੁੰਦੀਆਂ ਸਨ।

ਅੰਤਿਮ ਸਸਕਾਰ ਕਰਨ ਵੇਲੇ ਦੀਆਂ ਰਸਮਾਂ ਦਾ ਵੀ ਜ਼ਿਕਰ ਹੈ। ਆਖ਼ਰੀ ਸਵਾਸਾਂ ਤੇ ਹੁੰਦਿਆਂ ਬੰਦੇ ਨੂੰ ਜ਼ਮੀਨ ਤੇ ਲਿਟਾਇਆ ਜਾਂਦਾ ਸੀ। ਉਸ ਹੱਥੋਂ ਦਾਨ ਆਦਿ ਕਰਵਾ-ਇਆ ਜਾਂਦਾ ਸੀ। ਆਪਣੀ ਵਿੱਤ ਅਨੁਸਾਰ ਇਹ ਰਸਮ ਕੀਤੀ ਜਾਂਦੀ ਸੀ। ਬਾਬਾ ਜੀ ਨੇ ਗਊਆਂ, ਹਾਥੀ, ਘੋੜੇ ਆਦਿ ਦਾਨ ਕੀਤੇ ਸਨ। ਜਦੋਂ ਪ੍ਰਾਣੀ ਗੁਜ਼ਰਾਦਾ ਸੀ ਤਾਂ ਔਰਤਾਂ ਸਿਆਪਾ ਕਰਦੀਆਂ ਸਨ। ਪੁੱਤਰ ਧੀਆਂ ਕੁਰਲਾਹਟ ਪਾਉਂਦੇ ਸਨ। ਫੁਲ ਗੰਗਾ ਜਾ ਕੇ ਪਾਏ ਜਾਂਦੇ ਸਨ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰਖਵਾਇਆ ਜਾਂਦਾ ਸੀ। ਭੋਗ ਤੇ ਗੁਜ਼ਰੇ ਪ੍ਰਾਣੀ ਨਮਿਤ ਦਾਨ ਪੁੰਨ ਕੀਤਾ ਜਾਂਦਾ ਸੀ। ਇਸਤਰੀਆਂ ਆਪਣੇ ਪਤੀ ਨਾਲ ਸਤੀਆਂ ਹੋ ਜਾਂਦੀਆਂ ਸਨ। ਬਾਬਾ ਸਾਹਿਬ ਸਿੰਘ ਦੇ ਪੁੱਤਰ ਬਾਬਾ ਤੇਗ ਸਿੰਘ ਦੀ ਪਤਨੀ ਆਪਣੇ ਪਤੀ ਨਾਲ ਸਤੀ ਹੋਈ ਸੀ, ਭਾਵੇਂ ਸਿੱਖ ਗੁਰੂ ਸਾਹਿਬਾਨ ਨੇ ਇਸ ਕੁਪ੍ਰਥਾ ਵਿਰੁਧ ਆਵਾਜ਼ ਬੁਲੰਦ ਕਰਕੇ ਇਸ ਨੂੰ ਸਿੱਖਾਂ ਵਿਚ ਬੰਦ ਕਰ ਦਿਤਾ ਸੀ।

**ਪੰਜਾਬ ਦੇ ਮੇਲੇ ਤੇ ਤਿਉਹਾਰ**

ਮੇਲੇ ਆਮ ਲਗਦੇ ਸਨ। ਲੋਕ ਇਕੱਤਰ ਹੋ ਕੇ ਮੌਜਾਂ ਮੇਲੇ ਕਰਦੇ ਸਨ। ਮਿੱਤਰ ਰਿਸ਼ਤੇਦਾਰ ਇਸ ਬਹਾਨੇ ਇਕੱਠੇ ਹੋ ਜਾਂਦੇ ਸਨ। ਮੇਲ ਮਿਲਾਪ ਬਣਿਆ ਰਹਿੰਦਾ ਸੀ। ਮੇਲਿਆਂ ਦਾ ਸਭਿਆਚਾਰਕ ਰੋਲ ਬੜਾ ਉਸਾਰੂ ਸੀ ਕਿ ਸਭ ਵਰਣਾਂ, ਧਰਮਾਂ ਦੇ ਲੋਕ ਇਕੱਠੇ ਹੋਣ। ਸ਼ਰਧਾ ਸਹਿਤ ਪੂਜਾ ਪਾਠ ਕਰਦੇ ਸਨ, ਮੌਜਾ ਮਾਰਦੇ ਸਨ ਤੇ ਫਿਰ ਅਗਲੇ ਵਰ੍ਹੇ ਮੇਲੇ ਤੇ ਇਕੱਠੇ ਹੋਣ ਦੇ ਵਾਇਦੇ ਕਰਕੇ ਵਿਛੜਦੇ ਸਨ। ਇਹ ਆਸ਼ਾਵਾਦ ਦਾ ਨਮੂਨਾ ਸੀ। ਜੀਣ ਥੀਣ ਦੀ ਭਾਵਨਾ ਬੜੀ ਪ੍ਰਬਲ ਸੀ। ਹੋਲੇ ਮਹੱਲੇ ਨੂੰ ਹਿੰਦੂ ਸਿੱਖ ਬੜੇ ਚਾਅ ਨਾਲ ਮਨਾਉਂਦੇ ਸਨ।

ਹੋਲੀ ਖੇਲਣ ਦਾ ਬੜਾ ਸਜੀਵ ਚਿਤਰਣ ਕੀਤਾ ਗਿਆ ਹੈ। ਆਨੰਦਪੁਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਵੀ ਹੋਲੀ ਤੇ ਹੋਲੇ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਕਰਦੇ ਸਨ। ਬਾਬਾ ਸਾਹਿਬ ਸਿੰਘ ਬੇਦੀ ਵੀ ਉਨ੍ਹਾਂ ਦਾ ਅਨੁਸਰਣ ਕਰਦੇ ਸਨ। ਵਧੀਆ ਸੁਗੰਧਾਂ ਵਾਲੇ ਰੰਗਾਂ ਦਾ ਪ੍ਰਬੰਧ ਕੀਤਾ ਜਾਂਦਾ ਸੀ ਤੇ ਊਨਾ ਨਿਵਾਸੀ ਸਿੱਖਾਂ ਹਿੰਦੂਆਂ ਤੋਂ ਇਲਾਵਾ ਬਾਹਰੋਂ ਵੀ ਸੰਗਤ ਇਹ ਰੰਗੀਲਾ ਤਿਉਹਾਰ ਦੇਖਣ ਤੇ ਇਸ ਵਿਚ ਭਾਗ ਲੈਣ

ਲਈ ਆਉਂਦੀ ਸੀ । ਬੇਦੀ ਪਰਿਵਾਰ ਵੀ ਇਸ ਤਿਉਹਾਰ ਵਿਚ ਸ਼ਾਮਲ ਹੁੰਦਾ ਸੀ ਤੇ ਬਾਬਾ ਜੀ ਆਪ ਵੀ ਇਸ ਦਾ ਆਨੰਦ ਮਾਣਦੇ ਸਨ । ਭਾਈ ਸੋਭਾ ਰਾਮ ਨੇ ਬੜੇ ਵਿਸਥਾਰ ਸਹਿਤ ਇਸ ਉਤਸਵ ਦਾ ਚਿਤਰਨ ਕੀਤਾ ਹੈ । ਇਕ ਉਦਾਹਰਣ ਦੇਖੋ :

ਕਰ ਪਿਕਚਾਰੀ ਸਭ ਰੰਗ ਮੰਜ ਭਰੀ ਧਾਰੀ
ਸਤਗੁਰ ਅਵਤਾਰ ਗਿਰਾ ਭਨੀ ਸੁਖਕਾਰੀ ਹੈ ॥
ਜੇਬ ਦੀਨ ਹੈ ਚਲਾਈ ਮਾਨੋ ਅਮੀ ਛਟਕਾਈ
ਸਤਗੁਰ ਸੁਖਦਾਈ ਜਿਨ ਮਹਿਮਾ ਸਵਾਈ ਹੈ ॥
ਦੇਵ ਨਟੀ ਆਈ ਧਾਈ ਕੀਰਤ ਕਰੈ ਬਨਾਈ
ਨਰ ਨਾਰੀ ਹਰਖਾਈ ਮੋਖ ਤਿੰਨੋ ਪਾਈ ਹੈ ॥
ਸੱਭੇ ਲੀਨ ਸਰਨਾਈ ਸਤਗੁਰ ਸੁਖਦਾਈ
ਤਿੰਨੋ ਕੀ ਕਟੀ ਫਾਹੀ ਪ੍ਰੀਤ ਜਿਨਿ ਅਧਿਕਾਰੀ ਹੈ ॥

ਇਥੇ ਹੀ ਬਸ ਨਹੀਂ ਭਾਈ ਜੀ ਨੇ ਦੇਵਤਿਆਂ ਨੂੰ ਵੀ ਇਸ ਉਤਸਵ ਵਿਚ ਸ਼ਰੀਕ ਹੁੰਦਿਆਂ ਵਿਆਖਿਆ ਹੈ :

ਦੇਵ ਮਿਲੇ ਗੁਨ ਗੈਨ ਬਿਖੇ ਸਭ ਫੂਲਨ ਕੀ ਬਰਖਾ ਬਰਖਾਈ ॥
ਤਿਨ ਕੀ ਜੁਵਤੀ ਮਿਲ ਨਾਚਤ ਹੈ ਰਾਗ ਬਿਖੇ ਗੁਰ ਕੋ ਜਸੁ ਗਾਈ ॥
ਬਾਜ ਬਜੇ ਕਵਿ ਕੌਨ ਗਨੇ ਬਹੁ ਦੇਤ ਸੁਨਾਇ ਨ ਜਾਤ ਲਖਾਈ ॥
ਏਕ ਸ੍ਰੀ ਗੁਰ ਜਾਨਤ ਭੇ ਤਬ ਬਾਰੇ ਬਾਰ ਸੁ ਦੇਤ ਬਤਾਈ ॥

ਇਉਂ ਭਾਈ ਜੀ ਨੇ ਹੋਲੀ ਦੇ ਤਉਹਾਰ ਨੂੰ ਬੜੇ ਸੁੰਦਰ ਸ਼ਬਦਾ ਵਿਚ ਚਿਤਰਿਆ ਹੈ॥

ਇਸ ਪ੍ਰਕਾਰ ਹੋਰ ਬਹੁਤ ਸਾਰੇ ਰਸਮ-ਰਿਵਾਜਾਂ ਬਾਰੇ ਪਤਾ ਲਗਦਾ ਹੈ । ਇਹ ਗ੍ਰੰਥ ਸਮਾਜ ਵਿਗਿਆਨੀਆਂ ਲਈ ਸ੍ਰੋਤ ਪੁਸਤਕ ਹੈ । ਇਸ ਵਿਚ ਮਹਾਰਾਜਾ ਰਣਜੀਤ ਸਿੰਘ ਕਾਲੀਨ ਪੰਜਾਬ ਦੇ ਲੋਕ-ਜੀਵਨ ਦੀ ਸੂਚੀ ਤੇ ਸੁਚੱਜੀ ਤਸਵੀਰ ਮਿਲਦੀ ਹੈ ।

**ਚਰਿਤ ਕਾਵਿ ਪਰੰਪਰਾ**

ਭਾਰਤ ਵਿਚ ਮਹਾ ਪੁਰਖਾਂ ਨੂੰ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ । ਇਸ ਦਾ ਕਾਰਨ ਹੈ ਕਿ ਉਹ ਵਿਸ਼ੇਸ਼ ਮਨੋਰਥ ਲਈ ਦੁਨਿਆ ਵਿਚ ਆਉਂਦੇ ਹਨ ਤੇ ਉਸ ਦੇ ਪ੍ਰਚਾਰ ਤੇ ਪ੍ਰਸਾਰ ਦੀ ਖਾਤਰ ਨਿਰੰਤਰ ਕਾਰਜ-ਸ਼ੀਲ ਰਹਿੰਦੇ ਹਨ । ਲਕਸ਼ ਦੀ ਪ੍ਰਾਪਤੀ ਹੀ ਉਨ੍ਹਾਂ ਦਾ ਜੀਵਨ-ਪ੍ਰਯੋਜਨ ਹੁੰਦਾ ਹੈ । ਉਹ ਮੁੱਖ ਰੂਪ ਵਿਚ ਧਰਮ ਦਾ ਪ੍ਰਚਾਰ ਕਰਦੇ ਹਨ ਜਾਂ ਲੋਕਾਂ ਦੇ ਜੀਵਨ ਨੂੰ ਸੁਖੀ ਬਣਾਉਣ ਲਈ ਸੰਘਰਸ਼ ਕਰਦੇ ਹਨ । ਅਜਿਹੇ ਮਹਾਂ ਪੁਰਖਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ 'ਨਰ ਤੋਂ ਨਾਰਾਇਣ' ਬਣਾ ਦਿੰਦੀਆਂ ਹਨ । ਉਨ੍ਹਾਂ ਵਿਚ ਆਲੌਕਿਕ ਸ਼ਕਤੀਆਂ ਦਾ ਆਰੋਪ ਕਰ ਲਿਆ ਜਾਂਦਾ ਹੈ । ਉਨ੍ਹਾਂ ਨਾਲ ਸਬੰਧਿਤ ਗੱਲਾਂ, ਘਟਨਾਵਾਂ ਲੋਕ-ਸਿਮ੍ਰਤੀ ਦਾ ਹਿੱਸਾ ਬਣ ਜਾਂਦੀਆਂ ਹਨ । ਉਹ ਜਨ ਸਾਧਾਰਣ ਲਈ ਆਦਰਸ਼ ਰੂਪ ਬਣ ਜਾਂਦੇ ਹਨ, ਜਿਨ੍ਹਾਂ ਦੇ ਪਗ ਚਿੰਨ੍ਹਾਂ ਤੇ ਚਲ ਕੇ ਚੰਗੇਰਾ ਜੀਵਨ ਬਤੀਤ ਕਰਨ ਲਈ ਲੋਕ ਯਤਨਸ਼ੀਲ ਰਹਿੰਦੇ ਹਨ । ਉਨ੍ਹਾਂ ਦੀ ਪੂਜਾ ਹੋਣ ਲਗਦੀ ਹੈ ਤੇ ਉਨ੍ਹਾਂ ਦੇ ਸ਼ਰਧਾਲੂ ਸ਼ਰਧਾ-ਯੁਕਤ ਹੋ ਕੇ ਉਨ੍ਹਾਂ ਦੀ ਜੀਵਨ-ਗਾਥਾ ਲਿਖਦੇ ਹਨ । ਅਜਿਹੇ ਗ੍ਰੰਥਾਂ ਨੂੰ ਵਿਦਵਾਨਾਂ ਨੇ 'ਚਰਿਤ ਕਾਵਿ' ਆਖਿਆ ਹੈ । ਮੁਖ ਰੂਪ ਵਿਚ ਚਰਿਤ ਕਾਵਿ ਦੋ ਪ੍ਰਕਾਰ

ਦੋ ਹਨ : ਇਕ ਮਹਾਂਪੁਰਖਾਂ/ਗੁਰੂ ਪੀਰਾਂ, ਫਕੀਰਾਂ ਨਾਲ ਸਬੰਧਤ ਤੇ ਦੂਸਰੇ ਰਾਜਿਆਂ, ਮਹਾਰਾਜਿਆਂ ਜਾਂ ਆਸ਼ਰਯ-ਦਾਤੇ ਸਰਦਾਰਾਂ, ਅਮੀਰਾਂ ਨਾਲ ਸੰਬੰਧਤ। ਇਨ੍ਹਾਂ ਦੋਨੋਂ ਪ੍ਰਕਾਰ ਦੇ ਚਰਿਤਾਂ ਵਿਚ ਪ੍ਰਸ਼ੰਸਾ ਜਾਂ ਉਪਮਾ ਦੀ ਪ੍ਰਵਿਰਤੀ ਪ੍ਰਧਾਨ ਹੁੰਦੀ ਹੈ।

ਚਰਿਤ ਕਾਵਿ ਲਿਖਣ ਦੀ ਪਰੰਪਰਾ ਬੜੀ ਪੁਰਾਣੀ ਹੈ। ਸੰਸਕ੍ਰਿਤ ਵਿਚ ਅਸ਼ਵਘੋਸ਼ ਦਾ 'ਬੁੱਧ ਚਰਿਤ' ਬਾਣ ਭੱਟ ਦਾ 'ਹਰਿਸ਼ ਚਰਿਤ' ਪ੍ਰਸਿਧ ਗ੍ਰੰਥ ਹਨ। ਜੈਨ ਕਵੀਆਂ ਨੇ ਇਸ ਖੇਤਰ ਵਿਚ ਕਾਫੀ ਮਹੱਤਵਪੂਰਨ ਗ੍ਰੰਥ ਲਿਖੇ ਹਨ, ਜਿਨ੍ਹਾਂ ਵਿਚ ਕੁੱਝ ਕੁ ਪ੍ਰਸਿਧ ਹਨ ਜਿਵੇਂ 'ਸ਼ਾਲਕਾ ਪੁਰਸ਼ ਚਰਿਤ੍ਰ 'ਮਹਾਂਵੀਰ ਚਰਿਤ', 'ਸੁਮਤਿ ਨਾਥ ਚਰਿਤ', ਕੁਮਾਰ ਪਾਲ ਚਰਿਤ' ਆਦਿ। ਡਿੰਗਲ ਤੇ ਪਿੰਗਲ ਭਾਸ਼ਾ ਵਿਚ ਵੀ ਚਰਿਤ ਕਾਵਿ ਗ੍ਰੰਥਾਂ ਦੀ ਰਚਨਾ ਹੋਈ ਹੈ। ਬਾਦਰ ਢਾਡੀ ਦਾ 'ਵੀਰਆਯਣ' ਭਾਂਉਡ ਵਿਆਸ ਦਾ 'ਹਮੀਰਾਯਣ' ਕਰਣੀਦਾਸ ਦਾ 'ਸੂਰਜ ਪ੍ਰਕਾਸ਼', ਕੇਸ਼ਵ ਦਾਸ ਦਾ 'ਵੀਰ ਸਿੰਘ ਦੇਵ ਚਰਿਤ' 'ਜਹਾਂਗੀਰ ਜਸ ਚੰਦ੍ਰਕਾ', ਰਾਮ ਕਵੀ ਦਾ 'ਜਯ ਸਿੰਘ ਚਰਿਤ,' ਮਾਨ ਸਿੰਘ ਦਾ ਮਾਨ ਸਿੰਘ ਚਰਿਤ ਆਦਿ ਪ੍ਰਸਿਧ ਚਰਿਤ ਕਾਵਿ ਗ੍ਰੰਥ ਹਨ ਜਿਨ੍ਹਾਂ ਵਿਚ ਆਪਣੇ ਸ਼ਰਧਾ ਪਾਤਰ ਦੀ ਅਥਾਹ ਸਿਫਤ ਕੀਤੀ ਗਈ ਹੈ। ਉਸ ਦੀ ਸੁੰਦਰਤਾ, ਵੀਰਤਾ, ਦਾਨਸ਼ੀਲਤਾ, ਨਿਆਇਸ਼ੀਲਤਾ, ਵਿਵੇਕਸ਼ੀਲਤਾ ਆਦਿ ਬਾਰੇ ਵਿਸਥਾਰ ਸਹਿਤ ਲਿਖ ਕੇ ਉਨ੍ਹਾਂ ਨੂੰ ਦੈਵੀ ਗੁਣ ਸੰਪੰਨ ਮਹਾਂ ਪੁਰਖ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ।

ਪੰਜਾਬ ਵਿਚ ਇਸ ਪ੍ਰਕਾਰ ਦੇ ਗ੍ਰੰਥ ਰਚਣ ਦੀ ਪਰੰਪਰਾ ਕਾਫੀ ਪੁਰਾਣੀ ਹੈ। ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਰਚੇ ਗਏ ਕਾਵਿ ਗ੍ਰੰਥ ਚਰਿਤ ਕਾਵਿ ਦਾ ਸੁੰਦਰ ਨਮੂਨਾ ਹਨ। ਗੁਰੂ ਗੋਬਿੰਦ ਸਿੰਘ ਦੇ ਸਮੇਂ ਵਿਚ ਕਾਫੀ ਚਰਿਤ ਕਾਵਿ ਗ੍ਰੰਥ ਰਚੇ ਗਏ। ਦਸਮ ਗ੍ਰੰਥ ਵਿਚ 'ਬਚਿਤ੍ਰ ਨਾਟਕ', 'ਚੌਬੀਸ ਅਵਤਾਰ', 'ਚੰਡੀ ਚਰਿਤ੍ਰ' ਆਦਿ ਇਸੇ ਕੋਟੀ ਦੀਆਂ ਰਚਨਾਵਾਂ ਹਨ। ਇਹ ਪਰੰਪਰਾ ਨਿਰੰਤਰ ਚਲਦੀ ਰਹੀ। 'ਗੁਰ ਬਿਲਾਸ ਪਾਤਸ਼ਾਹੀ ਛੇਵੀਂ,' 'ਗੁਰ ਬਿਲਾਸ ਪਾਤਸਾਹੀ ਦਸਵੀਂ,' 'ਸ੍ਰੀ ਗੁਰ ਸੋਭਾ' 'ਮਹਿਮਾ ਪ੍ਰਕਾਸ਼' ਗੁਰ ਕੀਰਤ ਪ੍ਰਕਾਸ਼, 'ਸਿੰਘ ਸਾਗਰ', 'ਗੁਰੂ ਨਾਨਕ ਬੰਸ ਪ੍ਰਕਾਸ਼', ਸ੍ਰੀ ਗੁਰੂ ਨਾਨਕ ਚੰਦ੍ਰਿਕਾ', 'ਗੁਰੂ ਨਾਨਕ ਸੂਰਜੋਦਯ ਜਨਮ ਸਾਖੀ', 'ਜਨਮ ਸਾਖੀ ਨਾਨਕ ਸ਼ਾਹ ਕੀ' ਆਦਿ ਗ੍ਰੰਥਾਂ ਵਿਚ ਚਰਿਤ ਨਾਇਕ ਨੂੰ ਕੇਂਦਰ ਬਣਾ ਕੇ ਉਸ ਦੀ ਉਪਮਾ ਕੀਤੀ ਗਈ ਹੈ।

ਇਨ੍ਹਾਂ ਗ੍ਰੰਥਾਂ ਦੇ ਅਧਿਐਨ ਤੋਂ ਸ੍ਵੈ-ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦੇ ਉਪਰ ਪੌਰਾਣਿਕ ਸਾਹਿਤ ਦਾ ਬੜਾ ਪ੍ਰਭਾਵ ਹੈ। ਆਲੌਕਿਕਤਾ ਨੂੰ ਪ੍ਰਧਾਨਤਾ ਮਿਲੀ ਹੈ ਤੇ ਚਰਿਤ ਨਾਇਕ ਨੂੰ ਨਰ ਦੀ ਥਾਂ ਨਾਰਾਇਣ ਵਿਖਾਉਣ ਦੀ ਪ੍ਰਵਿਰਤੀ ਨੇ ਉਨ੍ਹਾਂ ਨੂੰ ਕਰਾਮਾਤੀ ਜਾਂ ਚਮਤਕਾਰੀ ਮਨੁੱਖ ਬਣਾ ਦਿਤਾ ਹੈ। ਸ਼ੈਲੀਗਤ ਪ੍ਰਭਾਵ ਬੜੇ ਸਪਸ਼ਟ ਦ੍ਰਿਸ਼ਟੀ-ਗੋਚਰ ਹੁੰਦੇ ਹਨ।

**ਗੁਰਬਿਲਾਸ ਬਾਬਾ ਸਾਹਿਬ ਸਿੰਘ ਬੇਦੀ : ਚਰਿਤ ਕਾਵਿ**

'ਗੁਰ ਬਿਲਾਸ ਬਾਬਾ ਸਾਹਿਬ ਸਿੰਘ ਬੇਦੀ' ਵੱਡ ਆਕਾਰੀ ਗ੍ਰੰਥ ਹੈ। ਭਾਰਤੀ ਕਾਵਿ ਸ਼ਾਸਤਰੀਆਂ ਨੇ ਪ੍ਰਬੰਧ ਕਾਵਿ ਦੇ ਲਛਣ ਨਿਸਚਿਤ ਕੀਤੇ ਹਨ। ਜੇਕਰ ਉਨ੍ਹਾਂ ਨੂੰ ਧਿਆਨ ਵਿਚ ਰੱਖ ਕੇ ਇਸ ਗ੍ਰੰਥ ਦਾ ਅਧਿਐਨ ਕਰੀਏ ਤਾਂ ਇਹ ਮਹਾਂ-ਕਾਵਿ ਸਿੱਧ ਨਹੀਂ ਹੁੰਦਾ।

ਇਸ ਦਾ ਆਰੰਭ ਮੰਗਲਾਚਰਣ ਨਾਲ ਹੁੰਦਾ ਹੈ । ਨਾਇਕ ਮਹਾਂ ਪੁਰਖ ਹੈ । ਇਹ ਸਤ ਅਧਿਆਵਾਂ ਵਿਚ ਵੰਡਿਆ ਹੋਇਆ ਹੈ । ਕਿਤੇ ਕਿਤੇ ਵਸਤੂ ਚਿਤਰਣ ਵੀ ਹੈ ਪਰ ਫਿਰ ਵੀ ਇਸ ਨੂੰ ਮਹਾਂ ਕਾਵਿ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਸ ਵਿਚ ਮਹਾਂ-ਕਾਵਿ ਵਾਲੇ ਉਦਾਤ ਤੱਤਾਂ ਦਾ ਅਭਾਵ ਹੈ । ਆਦਿ ਤੋਂ ਅੰਤ ਤੱਕ ਪੜ੍ਹਦਿਆਂ ਪ੍ਰਭਾਵ ਦੀ ਏਕਤਾ ਕਾਇਮ ਨਹੀਂ ਰਹਿੰਦੀ ਕਿਉਂਕਿ ਕਵੀ ਨਾਇਕ ਦੁਆਲੇ ਕਈ ਸਾਖੀਆਂ ਬੁਣਦਾ ਹੈ ਜੋ ਵੱਖ ਵੱਖ ਪ੍ਰਕਾਰ ਦੇ ਪ੍ਰਭਾਵ ਦਿੰਦੀਆਂ ਹਨ । ਕਰਾਮਾਤਾਂ ਦੀ ਭਰਮਾਰ ਹੈ ਜਿਸ ਨਾਲ ਇਹ ਲੌਕਿਕ ਦੀ ਥਾਂ ਅਲੌਕਿਕ ਹੋਣ ਦਾ ਪ੍ਰਭਾਵ ਦਿੰਦਾ ਹੈ ।

ਅਸਲ ਵਿਚ ਇਹ ਚਰਿਤ ਕਾਵਿ ਹੈ । ਕਵੀ ਆਪਣੇ ਚਰਿਤ ਨਾਇਕ ਨੂੰ ਸਰਬ ਸ਼ਕਤੀਆਂ ਦਾ ਸੁਆਮੀ ਸਿੱਧ ਕਰਨ ਲਈ ਦੈਵੀ/ਅਲੌਕਿਕ ਵਾਤਾਵਰਣ ਸਿਰਜਣ ਲਈ ਯਤਨਸ਼ੀਲ ਰਹਿੰਦਾ ਹੈ । ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਮੰਨ ਕੇ ਤੁਰਦਾ ਹੈ । ਉਹ ਜੀਵਨ ਦੇ ਸਕਦੇ ਹਨ, ਮੌਤ ਦੇ ਸਕਦੇ ਹਨ । ਮਰੇ ਨੂੰ ਜਿਵਾਂ ਸਕਦੇ ਹਨ । ਸਾਰੀਆਂ ਪ੍ਰਾਕ੍ਰਿਤਕ ਸ਼ਕਤੀਆਂ ਹੱਥ ਬੰਨ੍ਹੀਂ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਹਨ । ਬਾਬਾ ਸਾਹਿਬ ਸਿੰਘ ਇਸ ਚਰਿਤ ਕਾਵਿ ਦਾ ਕੇਂਦਰ ਹਨ । ਲੋਕ ਸ਼ਰਧਾ ਨਾਲ ਆਉਂਦੇ ਹਨ । ਸੁਖਣਾ ਸੁੱਖਦੇ ਹਨ । ਇਛਾਵਾਂ ਪੂਰੀਆਂ ਹੁੰਦੀਆਂ ਹਨ । ਦਾਨ ਦਿਤਾ ਜਾਂਦਾ ਹੈ । ਰਾਜੇ ਮਹਾਂਰਾਜੇ ਬਾਬਾ ਜੀ ਦੀ ਚਰਨ ਧੂੜੀ ਲੈਣੀ ਆਪਣੇ ਧੰਨ ਭਾਗ ਸਮਝਦੇ ਹਨ । ਇਉਂ ਕਵੀ ਨੇ ਸਾਰਾ ਜ਼ੋਰ ਆਪਣੇ ਨਾਇਕ ਦੇ ਗੁਣ ਗਾਉਣ ਤੇ ਲਗਾਇਆ ਹੈ । ਭੁਗਤੀ ਤੇ ਸ਼ਕਤੀ ਦੇ ਉਹ ਸੁਆਮੀ ਹਨ । ਕਵੀ ਆਪ ਵੀ ਇਸ ਨੂੰ 'ਚਰਿਤ' ਨਾਮ ਹੀ ਦਿੰਦਾ ਹੈ ਜਿਵੇਂ :

-ਏਹੁ ਚਰਿਤੁ ਆਗੇ ਕਹੋਂ ਔਰ ਇਤਿਹਾਸ ॥

-ਪਾਛਲ ਚਰਿਤ ਸੁਨੋ ਮਨ ਲਾਈ ॥
ਜੋ ਜੋ ਕੀਨੋ ਗੁਰ ਸੁਖਦਾਈ ॥

-ਬਾਲ ਚਰਿਤ ਸੁ ਤੁਮ ਨੇ ਗਾਵਾਂ ॥
ਸੋ ਮੇਰੇ ਮਨ ਅਤਿਸੇ ਭਾਵਾ ॥

-ਗੁਰੂ ਚਰਿਤ ਸੁਭ ਭਾਨ ਸਰੂਪਾ ॥
ਸਿਖ ਨੀਰਸ ਖਿਰ ਸੋਭ ਅਨੂਪਾ ॥

-ਭਾਈ ਸੇਵਾ ਸਿੰਘ ਜੀ ਗੁਰੂ ਕੇ ਚਰਿਤ ਅਪਾਰ ॥
ਗਿਰਾ ਗਨੇਸ ਨ ਕਹਿ ਸਕੈ ਸੋ ਨ ਪਾਵੈ ਪਾਰ ॥ ਆਦਿ

ਇਉਂ ਇਸ ਗ੍ਰੰਥ ਨੂੰ ਚਰਿਤ-ਕਾਵਿ ਆਖਣਾ ਠੀਕ ਹੈ । ਇਹ ਮਹਾਂਕਾਵਿ ਨਹੀਂ ਹੈ । ਭਾਈ ਸੋਭਾ ਰਾਮ ਵਿਦਵਾਨ ਸਾਧੂ ਸੀ ਜਿਸ ਨੇ ਬ੍ਰਹਮ ਵਿਦਿਆ ਦੇ ਨਾਲ ਨਾਲ ਕਾਵਿ-ਸ਼ਾਸਤਰ ਦਾ ਅਧਿਐਨ ਵੀ ਕੀਤਾ । ਨਾਮ-ਸਿਮਰਨ ਵਿਚ ਲੀਨ ਰਹਿਣਾ ਭਾਈ ਜੀ ਨੂੰ ਪਸੰਦ ਸੀ, ਜਿਸ ਕਾਰਨ ਆਪ ਗੁਪਤ ਹੀ ਵਰਤਦੇ ਸਨ । ਬਾਬਾ ਸਾਹਿਬ ਸਿੰਘ ਪਾਸ ਰਹਿਣ ਲਗੇ ਤਾਂ ਆਪਣੇ ਸ਼ਰਧਾ ਪਾਤਰ ਨੂੰ ਸ਼ਰਧਾਂਜਲੀ ਦੇਣ ਦੀ ਨੀਤ ਨਾਲ ਕਾਵਿ ਰਚਨਾ ਕਰਨ ਦਾ ਇਰਾਦਾ ਕਰ ਕੇ ਆਪ ਨੇ ਇਸ ਵੱਡ ਆਕਾਰੀ ਗ੍ਰੰਥ ਦੀ ਸਿਰਜਣਾ ਕੀਤੀ । ਸਾਰਾ ਤਾਣ ਬਾਬਾ ਜੀ ਦੇ ਗੁਣ ਗਾਉਣ ਤੇ ਲਗਾਇਆ ਹੈ । ਉਨ੍ਹਾਂ ਨੂੰ ਦੈਵੀ

ਦੁਨੀਆਂ ਦੇ ਸੁਆਮੀ ਦਰਸਾਇਆ ਹੈ । ਉਹ ਭਾਈ ਜੀ ਦੀ ਦ੍ਰਿਸ਼ਟੀ ਵਿਚ ਸਰਬਗੁਣ ਸੰਪੰਨ ਸਨ ।

**ਸਾਹਿਤਕ ਪੱਖ**

ਉਨ੍ਹਾਂ ਨੇ ਇਹ ਗ੍ਰੰਥ ਲਿਖਿਆ ਹੀ ਗੁਰ-ਜਸ ਕਰਨ ਲਈ ਹੈ ਜਿਸ ਕਾਰਨ ਕਾਵਿ-ਚਮਤਕਾਰ ਵਿਖਾਉਣ ਦਾ ਘਟ ਹੀ ਯਤਨ ਕੀਤਾ ਹੈ ਪਰ ਸਹਿਜ ਸੁਭਾ ਉਨ੍ਹਾਂ ਨੇ ਕਾਵਿ ਸੌਂਦਰਯ ਪੈਦਾ ਕਰਨ ਵਾਲੀਆਂ ਕਾਵਿ-ਜੁਗਤਾਂ ਦਾ ਪ੍ਰਯੋਗ ਕੀਤਾ ਹੈ । ਇਤਿਹਾਸਕ ਕਾਵਿ ਰਚਨਾ ਵਿਚ ਕਾਵਿ-ਉਡਾਰੀਆਂ ਮਾਰਨ ਦੇ ਘੱਟ ਹੀ ਮੌਕੇ ਹੁੰਦੇ ਹਨ ਪਰ ਜਿਥੇ ਮਨ ਦੀ ਗੱਲ ਕੀਤੀ ਹੈ, ਉਥੇ ਕਾਵਿ ਦਾ ਸੁੰਦਰ ਰੂਪ ਉਜਾਗਰ ਹੋਇਆ ਹੈ । ਇਕ ਉਦਾਹਰਣ ਵੇਖੋ :

ਕਿਯਾ ਇਹ ਜੰਤ ਮਲੀਨ ਥੇ ਬਿਨ ਪ੍ਰੀਤਮ ਤਜੇ ਪ੍ਰਾਨ ॥
ਹਮ ਤੇ ਮਨੁਖ ਦੇਹ ਥੇ ਪ੍ਰਾਨ ਨ ਦੀਨੀ ਹਾਨ ॥
ਪਾਹਨ ਤ੍ਰੇਊ ਰਹੇ ਨਿਠਰ ਲੀਨ ਬਿਯੋਗ ਸਹਾਰ ॥
ਇਨ ਸਾਥੋਂ ਹੈ ਕੀਚ ਭਲ ਬਿਨਾ ਆਬ ਫਟ ਚਾਰ ॥

ਇਉਂ ਕਵੀ ਨੇ ਜਿਥੇ ਮੌਕਾ ਮਿਲਿਆ ਹੈ, ਕਾਵਿ-ਸੌਂਦਰਯ ਪੈਦਾ ਕਰਨ ਦਾ ਅਚੇਤ ਯਤਨ ਕੀਤਾ ਹੈ । ਭਾਈ ਜੀ ਨਿਮਰਤਾ ਵਸ ਆਪਣੇ ਆਪ ਨੂੰ ਕਾਵਿ-ਸ਼ਾਸਤਰ ਤੋਂ ਅਣ-ਜਾਣ ਆਖਦੇ ਹਨ ਪਰ ਇਸ ਗ੍ਰੰਥ ਦੇ ਅਧਿਐਨ ਤੋਂ ਸ੍ਵੈ-ਸਪਸ਼ਟ ਹੋ ਜਾਂਦਾ ਹੈ ਕਿ ਆਪ ਵਿਚ ਕਾਵਿ-ਸਿਰਜਣ ਦੀ ਸਮਰੱਥਾ ਸੀ । ਇਸ ਬਾਰੇ ਸੰਖਿਪਤ ਰੂਪ ਵਿਚ ਵਿਚਾਰ ਕਰਨਾ ਅਣਉਚਿਤ ਨਹੀਂ ਹੋਵੇਗਾ ।

ਭਾਈ ਸੋਭਾ ਰਾਮ ਨੂੰ ਜਿਥੇ ਵੀ ਮੌਕਾ ਮਿਲਿਆ ਹੈ, ਉਸ ਨੇ ਆਪਣੀ ਅਭਿਵਿਅਕਤੀ ਸਮੱਰਥਾ ਤੇ ਸ਼ਬਦ ਚਿੱਤਰ ਬਣਾਉਣ ਦੀ ਮੁਹਾਰਤ ਦਾ ਪ੍ਰਮਾਣ ਦਿੱਤਾ ਹੈ । ਇਸ ਉਦਾਹਰਣ ਪੇਸ਼ ਹੈ :

ਦਾਂਤ ਭਯਾਨ ਕੇਸ ਮੁਖ ਭੂਰੇ ॥
ਅਧਰ ਚਬਾਤ ਕੋਪ ਕਰ ਪੂਰੇ ॥
ਅਤ ਬਿਸਾਲ ਬਹੁਤੇ ਭਯਦਾਯਕ ॥
ਸੂਪ ਸਮਾਨ ਨਖਨੇ ਰਨ ਘਾਯਕ ॥
ਮੁਦਗਰ ਮੂਲਸਿ ਪਾਸਿ ਅਸਿ ਹਾਥਾ ॥
ਚਮਰ ਡੋਰ ਕਰ ਬਾਂਧੇ ਭਾਥਾ ॥
ਗੋਫਨ ਗਦਾ ਧਰੈ ਗਰਬੀਲੇ ॥
ਦੇਵ ਦਨੁਜ ਤੇ ਸਮੁਰ ਹਠੀਲੇ ॥
ਛੁਰੀ ਬੁਰੀ ਲੋਹੂ ਸੋ ਭਰੀ ॥
ਲਾਇ ਸਾਨ ਪਰ ਕਰ ਮੇ ਧਰੀ ॥

**ਜੁਧ ਚਿਤਰਣ :**

ਜੁਧ ਚਿਤਰਣ ਵਿਚ ਭਾਈ ਜੀ ਨੂੰ ਵਿਸ਼ੇਸ਼ ਸਫਲਤਾ ਪ੍ਰਾਪਤ ਹੋਈ ਹੈ । ਆਪ ਨੇ

ਫ਼ੌਜ ਦੀ ਤਿਆਰੀ, ਚੜ੍ਹਾਈ, ਸ਼ਸਤਰਾਂ ਦਾ ਬਿਆਨ, ਮੋਰਚਾ-ਬੰਦੀ, ਰਣ-ਖੇਤਰ ਵਿਚ ਜੋਧਿਆਂ ਦੇ ਬੀਰਤਾ-ਪੂਰਣ ਕਾਰਨਾਮਿਆਂ ਦਾ ਬਿਆਨ, ਤੇਗਾਂ ਦੀ ਖੜਕਾਰ, ਤੀਰਾਂ ਦੀ ਸ਼ੂਕਰ, ਨੇਜ਼ਿਆਂ ਦੀਆਂ ਉਡਾਣਾ, ਤੋਪਾਂ ਦੇ ਗੋਲਿਆਂ ਦੀ ਗੜਗੜਾਹਟ, ਸੂਰਮਿਆਂ ਦੇ ਘਾਇਲ ਹੋ ਕੇ ਵੀਰ ਗਤੀ ਨੂੰ ਪ੍ਰਾਪਤ ਹੋਣ, ਰਣ ਵਿਚ ਸੀਨਾ ਤਾਣ ਕੇ ਲੜ ਕੇ ਮਰਨ ਨੂੰ ਪਹਿਲ ਦੇਣ, ਹਾਰੀ ਫ਼ੌਜ ਦੀ ਮੰਦੀ ਹਾਲਤ, ਭੱਜਣਾ, ਮਾਫ਼ੀ ਮੰਗਣੀ, ਜੇਤੂਆਂ ਦੀ ਚੜ੍ਹਦੀ ਕਲਾ, ਨਗਾਰਿਆਂ ਦੀ ਗੂੰਜ ਵਿਚ ਜਿੱਤ ਦੀ ਖੁਸ਼ੀ ਮਨਾਉਣ, ਗੀਦੀਆਂ ਨੂੰ ਲਾਹਨਤਾਂ ਤੇ ਯੁੱਧਿਆਂ ਨੂੰ ਸਨਮਾਨ ਆਦਿ ਦੇਣ ਬਾਰੇ ਭਾਈ ਜੀ ਨੇ ਕਮਾਲ ਦਾ ਲਿਖਿਆ ਹੈ। ਮਲੇਰਕੋਟਲੇ ਦੇ ਯੁੱਧ ਵਿਚ ਆਪ ਜੀ ਨਾਲ ਸਨ ਤੇ ਸਾਰਾ ਯੁੱਧ ਅੱਖੀਂ ਵੇਖਿਆ ਸੀ। ਜਿਹੋ ਜਿਹਾ ਨਜ਼ਾਰਾ ਹੈ, ਉਹੋ ਜਿਹੀ ਚਾਲ ਵਾਲਾ ਛੰਦ ਵਰਤ ਕੇ ਵਾਤਾਵਰਣ ਬੰਨ੍ਹਿਆ ਹੈ ਤੇ ਭਾਵਨਾ ਨੂੰ ਪ੍ਰਚੰਡ ਕੀਤਾ ਹੈ। ਇਉਂ ਯੁੱਧ ਚਿਤਰਣ ਵਿਚ ਕਮਾਲ ਕਰ ਵਿਖਾਈ ਹੈ। ਇਕ ਦੋ ਉਦਾਹਰਣਾਂ ਦੇਖੋ :

ਭਿੜੇ ਭੇੜ ਭਟ ਭਾਰੇ ਭਭਕੈ ਭੀਖਣਾ ॥
ਭਕ ਭਕ ਘਾਵ ਭਕਾਰੇ ਸ੍ਰੋਣਤ ਨਿਕਸੇ ॥
ਰਹਿਗੇ ਨੈਨ ਉਘਾਰੇ ਮਾਨੋ ਦੇਖਦੇ ॥
ਲੋਹੂ ਬਹੈ ਪਰਨਾਰੇ ਛਿਤ ਰੰਗੀਨ ਕਰਿ ॥
ਸਿਰ ਤਰਵਾਏ ਫਿਰੇ ਜਯੋ ਨਟ ਬਾਜੀਆਂ ॥
ਬਹੁ ਲਟੂ ਪਟ ਭਿਗੇ ਖੇਲਤ ਫਾਗ ਜਯੋ ॥
ਧਾਇ ਕੰਧ ਸੋ ਲਗੇ ਧਾਵਨ ਤੇ ਡਰੇ ॥
ਕਿਤਕ ਮਾਰ ਖਿਖ ਭੇਗੇ ਭੀਰੂ ਭੈ ਕਰੈ ॥
-ਦੁਬਾਰ ਸਿੰਘ ਜੀ ਤਬਹਿ ਤੀਰ ਕੌ ਪ੍ਰਹਾਰਤੇ ॥
ਤੁਫੰਗ ਏਕ ਸੰਗ ਸਿੰਘ ਸੂਰਮੇ ਤੇਘਾਰਤੇ ॥
ਮਰੀ ਤੁਰਕਾਨ ਬਾਹਿਨੀ ਬਿਲਾਸਾ ਮਹਾਇ ਕੈ ॥
ਸੁ ਏਕ ਬਾਰ ਗੋਰੀਆ ਅਨੇਕ ਹੀ ਚਲਾਇ ਕੈ ॥ ਆਦਿ ॥

**ਰਸ ਵਿਧਾਨ**

ਭਾਰਤੀ ਆਚਾਰੀਆ ਨੇ ਕਾਵਿ-ਰਸ ਨੂੰ ਮਹੱਤਵ ਪੂਰਨ ਸਥਾਨ ਦਿੱਤਾ ਹੈ। ਰਸਹੀਣ ਕਾਵਿ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਕਾਵਿ ਦੀ ਆਤਮਾ ਰਸ ਨੂੰ ਆਖਿਆ ਗਿਆ ਹੈ। ਭਾਈ ਸੋਭਾ ਰਾਮ ਦਾ ਮਨੋਰਥ ਭਾਵੇਂ ਕਾਵਿ-ਰਚਨਾ ਨਹੀਂ ਸਗੋਂ ਆਪਣੇ ਸ਼ਰਧਾ ਪਾਤਰ ਦੀ ਮਹਿਮਾ ਗਾਣ ਸੀ ਪਰ ਪ੍ਰਸੰਗ ਵਸ ਰਸਾਂ ਦਾ ਪ੍ਰਯੋਗ ਹੋਇਆ ਵੀ ਮਿਲਦਾ ਹੈ। ਮੁੱਖ ਰੂਪ ਵਿਚ ਇਹ ਬਿਰਤਾਂਤਿਕ ਰਚਨਾ ਹੈ ਜਿਸ ਕਾਰਨ ਬਹੁਤੇ ਰਸਾਂ ਦਾ ਪ੍ਰਯੋਗ ਨਹੀਂ ਹੋ ਸਕਿਆ। ਕੁਝ ਉਦਾਹਰਣਾ ਪੇਸ਼ ਹਨ।

**ਬੀਰ ਰਸ**

ਜਿਥੇ ਕਵਿਤਾ ਵਿਚ ਜੁਝਬੀਰਤਾ, ਯੁੱਧ, ਦਾਨ ਆਦਿ ਬਾਰੇ ਉਤਸ਼ਾਹ ਦੀ ਪੁਸ਼ਟੀ ਹੋਵੇ ਉਥੇ ਬੀਰ ਰਸ ਹੁੰਦਾ ਹੈ। ਇਹ ਉਤਸ਼ਾਹ ਉਤਮ ਪ੍ਰਕਿਰਤੀ ਵਾਲਾ ਹੁੰਦਾ ਹੈ। ਭਾਈ

ਸੈਣਾ ਰਾਮ ਨੇ ਯੁੱਧ ਬੀਰਾਂ ਦਾ ਬੜੇ ਉਤਸ਼ਾਹ ਨਾਲ ਚਿਤਰਣ ਕੀਤਾ ਹੈ ਜੋ ਆਪਣੇ ਸ਼ਰਧਾ ਖਾਤਰ ਸੁਆਮੀ ਦੀ ਖਾਤਰ ਯੁੱਧ ਵਿਚ ਸਿਰ ਤਲੀ ਤੇ ਰੱਖ ਕੇ ਜੂਝਦੇ ਹਨ ਤੇ ਦੁਸ਼ਮਨ ਨੂੰ ਰਣ ਵਿਚ ਹਾਰ ਦਿੰਦੇ ਹਨ ਤੇ ਲੋੜ ਪੈਣ ਤੇ ਆਪਣਾ ਜੀਵਨ ਵੀ ਕੁਰਬਾਨ ਕਰ ਦਿੰਦੇ ਹਨ। ਗੁਰਬਿਲਾਸ ਵਿਚੋਂ ਇਕ ਉਦਾਹਰਣ ਪੇਸ਼ ਹੈ :

ਜੁਟ ਗਏ ਤਰਵਾਰੀ ਰੌਰ ਪੁਕਾਰਤੇ ।।
ਲੋਥ ਲੋਥ ਪਰ ਡਾਰੀ ਉਪਕੋ ਤਰੇ ।।
ਭੁਜੈਂ ਪਸਾਰ ਉਬਾਰੀ ਮਾਰਤ ਜੋਰ ਤੈ ।।
ਹਟੀ ਤੁਪਕਿ ਤਿਸ ਬਾਰੀ ਹਹੀ ਹਵਾਲਦੇ ।।
ਬਰਛੀ ਸਾਂਗ ਪਰੋਏ ਫੇਰਿ ਨਿਕਾਸੀਆ ।।
ਗਥ ਹਥਾਵਥ ਹੋਏ ਜਮ ਧਲ ਮਾਰਦੇ ।।
ਉਚੇ ਨਾਚਤ ਰੋਏ ਧਰੇ ਹੂੰਗਾਰ ਤੇ ।।
ਬਡੀ ਨੀਂਦ ਇਕ ਸੋਏ ਬਹੁਰਿ ਨ ਜਾਗਦੇ ।।

**ਬੀਭਤਸ ਰਸ :**

ਜਿਥੇ ਘਿਰਣਤ ਚੀਜ਼ ਨੂੰ ਦੇਖਣ ਜਾਂ ਸੁਣਨ ਕਾਰਨ ਘਿਰਣਾ ਦਾ ਭਾਵ ਪੈਦਾ ਹੋਵੇ, ਉਥੇ ਬੀਭਤਸ ਰਸ ਹੁੰਦਾ ਹੈ। ਯੁੱਧ ਦੇ ਮੈਦਾਨ ਵਿਚ ਲਾਹੂ ਮਿਝ ਦਾ ਵਹਿਣਾ, ਇੱਲਾਂ, ਗਿਰਝਾਂ, ਕਲਜੋਗਣੀਆਂ, ਭੂਤਾਂ ਤੇ ਚੁੜੇਲਾਂ ਆਦਿ ਦਾ ਖੂਨ ਪੀਣਾ, ਗਿਦੜਾਂ ਦਾ ਲਾਸ਼ਾਂ ਨੂੰ ਖਾਣਾ ਆਦਿ ਨੂੰ ਪੇਸ਼ ਕਰਦਿਆਂ ਭਾਈ ਜੀ ਨੇ ਬੀਭਤਸ ਰਸ ਪੈਦਾ ਕਰਨ ਦਾ ਸਫਲ ਯਤਨ ਕੀਤਾ ਹੈ। ਇਕ ਉਦਾਹਰਣ ਵੇਖੋ :

ਪਿਖ ਮਾਸ ਗ੍ਰਿਧ ਮੰਡਰਾਵਤ ਹੈ ।।
ਗਿਨ ਕਾਕਰੁ ਕੰਕ ਭ੍ਰਮਾਵਤ ਹੈ ।।
ਬਹੁ ਕੂਕਰ ਜੰਬਕ ਡੋਲਤ ਹੈ ।।
ਭਖ ਆਮਿਖ ਦੀਰਘ ਬੋਲਤ ਹੈ ।।
ਸਿਰ ਕੇ ਬਹੁ ਬਾਰ ਖਿਲਾਰਤ ਹੈ ।।
ਗਨ ਜੋਗਨਿ ਚੀਕ ਪੁਕਾਰਤ ਹੈ ।।
ਹਰਖਾਵਤਿ ਪ੍ਰੇਮ ਸੁ ਨਾਚਤਿ ਹੈ ।।
ਮਿਲ ਭੂਤਹਿ ਸ੍ਰੋਣਤ ਰਾਚਤ ਹੈ ।।

**ਸਿੰਗਾਰ ਰਸ :**

ਇਸ ਦਾ ਮੂਲ ਤੇ ਮੁਖ ਭਾਵ ਪਿਆਰ ਜਾਂ ਸਨੇਹ ਹੈ ਜਿਸ ਨੂੰ ਸੁਹਜਾਤਮਕ ਢੰਗ ਨਾਲ ਅਨੁਭਵ ਕੀਤਾ ਜਾਵੇ। ਇਸ ਵਿਚ ਕਵੀ ਜਿਥੇ ਰੁਮਾਂਸ ਭਰਿਆ ਵਾਤਾਵਰਣ ਸਿਰਜਦਾ ਹੈ ਉਥੇ ਇਸਤਰੀ ਦੀ ਸੁੰਦਰਤਾ ਨੂੰ ਵੀ ਬਿਆਨ ਕਰਕੇ ਸੁਹਜਾਤਮਕ ਪ੍ਰਵਿਰਤੀ ਦਾ ਪਰਿਚਯ ਦਿੰਦਾ ਹੈ। ਇਸ ਦੇ ਸੰਜੋਗ ਤੇ ਵਿਜੋਗ ਦੋ ਪੱਖ ਹਨ। ਭਾਈ ਸੈਣਾ ਰਾਮ ਧਾਰਮਿਕ ਵਿਅਕਤੀ ਸਨ ਜਿਸ ਕਾਰਨ ਉਨ੍ਹਾਂ ਨੇ ਇਸ ਪਾਸੇ ਘੱਟ ਹੀ ਧਿਆਨ ਦਿਤਾ ਹੈ। ਪ੍ਰਸੰਗ ਵਸ ਇਸਤਰੀ ਦੀ ਸੁੰਦਰਤਾ ਦਾ ਸੁਹਣਾ ਬਿਆਨ ਕੀਤਾ ਹੈ। ਕੁਝ ਉਦਾਹਰਣਾ

ਦੇਖੋ :

-ਗਜ ਗਮਿਨ ਸੋ ਖੰਜਨ ਨੈਨੀ ॥
ਨਾਗਰ ਗੀਤ ਗਾਇ ਖਿਕ ਬੈਨੀ ॥
ਅਲੰਕਾਰ ਨਗ ਕੰਚਨਿ ਭੀਨੇ ॥
ਕਰਨ ਪੂਰ ਬਰ ਬੇਸਰ ਕੀਨੇ ॥
-ਗੋਰੀ ਸੂਰਤ ਨੈਨ ਰਸੀਲੇ ॥
ਚੰਦ ਬਦਨ ਭੁਜ ਦੰਡ ਗਹੀਲੇ ॥
ਕਰ ਕੰਕਨੇ ਸੁਠ ਛਾਪ ਛੱਲਾਇਨ ॥
ਕੋਟ ਮਦਨ ਛਬਿ ਬਲਿ ਬਲਿ ਜਾਇਨ ॥
-ਗੋਰੀ ਮੂਰਤ ਹੇਮ ਸਮਾਨਾ ॥
ਭੁਜਾ ਦੰਡ ਕਰੁ ਕਰੀ ਲਜਾਨਾ ॥
ਪੀਤ ਬਸਨ ਪਹਿਰੇ ਛਬਿ ਵੇਖੋ ॥
ਜਿਨ ਦੇਖਤ ਜਨ ਭਵ ਮਨ ਹਾਰੇ ॥ ਆਦਿਕ

**ਕਰੁਣਾ ਰਸ :**

ਕਿਸੇ ਪਿਆਰੀ ਤੇ ਮਨ ਚਾਹੀ ਵਸਤੂ ਦੀ ਹਾਨੀ ਤੇ ਅਣਚਾਹੀ ਵਸਤੂ ਦੀ ਪ੍ਰਾਪਤੀ ਤੋਂ ਜਿਥੇ ਸ਼ੋਕ ਭਾਵ ਦੀ ਪੁਸ਼ਟੀ ਹੋਵੇ ਉਥੇ ਕਰੁਣਾ -ਰਸ ਹੁੰਦਾ ਹੈ। ਇਸ ਰਸ ਦਾ ਸਥਾਈ ਭਾਵ ਸ਼ੋਕ ਹੈ। ਭਾਈ ਸੋਭਾ ਰਾਮ ਨੇ ਬਾਬਾ ਸਾਹਿਬ ਸਿੰਘ ਦੇ ਸਾਹਿਬਜ਼ਾਦੇ ਦੇ ਅਕਾਲ ਚਲਾਣੇ ਦਾ ਵਰਣਨ ਬੜਾ ਕਰੁਣਾ ਭਰਪੂਰ ਕੀਤਾ ਹੈ। ਨੌਜਵਾਨ ਦੀ ਮੌਤ ਤੇ ਮਾਤਾ-ਪਿਤਾ, ਸਕੇ-ਸਬੰਧੀ ਤੇ ਹਿਤੂ ਕਿੰਨਾ ਦੁਖੀ ਹੁੰਦੇ ਹਨ, ਉਸ ਦਾ ਵਰਣਨ ਕਰਦਿਆਂ ਭਾਈ ਸੋਭਾ ਰਾਮ ਨੇ ਕਰੁਣਾ ਰਸ ਨੂੰ ਪੂਰੀ ਸਫ਼ਲਤਾ ਨਾਲ ਨਿਭਾਇਆ ਹੈ। ਉਦਾਹਰਣ ਦੇਖੋ :

ਪੂਤ ਨੁਖਾ ਕੋ ਬਿਦਾ ਕਰਾਈ ॥
ਸ੍ਰੀ ਜਗਮਾਤ ਮੂਰਛਾ ਖਾਈ ॥
ਹਾਹਾਕਾਰ ਭੁਯੋ ਤਿਹ ਬਾਰੀ ॥
ਰੋਵਤ ਖਰੋ ਨਰੂ ਅਰੁ ਨਾਰੀ ॥
ਚੇਤਨ ਕੀ ਕਥਾ ਕਰੋ ਬਖਾਨਾ ॥
ਹੈ ਗੈ ਆਦਿ ਰੋਵਨ ਠਾਨਾ ॥ ਆਦਿ ॥

ਉਕਤ ਨਮੂਨਿਆਂ ਤੋਂ ਸਹਿਜੇ ਅਨੁਸਾਰ ਲਗਾਇਆ ਜਾ ਸਕਦਾ ਹੈ ਕਿ ਕਵੀ ਨੇ ਕਾਵਿ ਵਿਚ ਰਸਾਂ ਨੂੰ ਬੜੀ ਸਫ਼ਲਤਾ ਨਾਲ ਵਰਤਿਆ ਹੈ। ਇਤਿਹਾਸਕ ਕਾਵਿ ਹੋਣ ਕਾਰਣ ਕਵੀ ਨੂੰ ਖੁਲ੍ਹ ਘੱਟ ਹੁੰਦੀ ਹੈ, ਜਿਸ ਕਰ ਕੇ ਰਸਾਂ ਦਾ ਘੱਟ ਪ੍ਰਯੋਗ ਹੋ ਸਕਿਆ ਹੈ ਪਰ ਫਿਰ ਵੀ ਜਿਥੇ ਉਚਿਤ ਮੌਕਾ ਆਇਆ ਹੈ, ਭਾਈ ਜੀ ਨੇ ਰਸ ਪੈਦਾ ਕਰਨ ਦਾ ਸੁਚੇਤ ਯਤਨ ਕੀਤਾ ਹੈ।

**ਛੰਦ ਵਿਧਾਨ**

ਭਾਈ ਸੋਭਾ ਰਾਮ ਨੇ ਇਹ ਇਤਿਹਾਸਕ ਬਿਰਤਾਂਤ ਦੋਹਰਾ-ਚੌਪਈ ਸ਼ੈਲੀ ਵਿਚ

ਲਿਖਿਆ ਹੈ ਭਾਵੇਂ ਕਿਤੇ ਕਿਤੇ ਕਬਿੱਤ, ਸਵੈਯਾ, ਸੋਰਠਾ, ਤੋਟਕ ਝੁਣਝੁਣਾ, ਗੀਯਾਮਾਲਤੀ, ਪ੍ਰਮਾਣਾ, ਹਾਕਲ ਛੰਦ, ਪਾਧੜੀ ਛੰਦ, ਛੰਦ ਪਉੜੀ, ਸਿਰਖੰਡੀ ਆਦਿ ਛੰਦਾਂ ਦਾ ਪ੍ਰਯੋਗ ਵੀ ਕੀਤਾ ਹੈ ਜਿਸ ਦਾ ਮਨੋਰਥ ਛੰਦ ਪਰਿਵਰਤਨ ਨਾਲ ਨੀਰਸਤਾ ਤੇ ਇਕਸਾਰਤਾ ਨੂੰ ਦੂਰ ਕਰਨਾ ਹੈ। ਭਾਵੇਂ ਭਾਈ ਜੀ ਆਪਣੇ ਆਪ ਨੂੰ ਕਵੀ ਨਹੀਂ ਮੰਨਦੇ ਪਰ ਉਨ੍ਹਾਂ ਨੂੰ ਛੰਦ ਸ਼ਾਸਤਰ ਦਾ ਕਾਫੀ ਗਿਆਨ ਸੀ ਤੇ ਉਨ੍ਹਾਂ ਨੇ ਬੜੀ ਸਫਲਤਾ ਨਾਲ ਛੰਦਾਂ ਦਾ ਪ੍ਰਯੋਗ ਕੀਤਾ ਹੈ।

ਵਿਦਵਾਨਾਂ ਨੇ ਦੋਹਰੇ ਦੇ ਲਛਣ ਦੱਸੇ ਹਨ ਦੋ ਚਰਣ ਪ੍ਰਤਿ ਚਰਣ 24 ਮਾਤਰਾਂ ਪਹਿਲਾ ਵਿਸ਼ਰਾਮ 13 ਉਪਰ ਤੇ ਦੂਜਾ 11 ਉਪਰ। ਭਾਈ ਜੀ ਨੇ ਇਸ ਨਿਯਮ ਦੀ ਕਾਫ਼ੀ ਹਦ ਤਕ ਪਾਲਣਾ ਕੀਤੀ ਹੈ।

ਸਾਹਿਬ ਸਾਹਿਬ ਸਿੰਘ ਜੀ ਧਰਮ ਧੁਜਾ ਜਗਪੀਰ ॥
ਸੋਭਾ ਸੇਵਕੁ ਜਾਨ ਕੇ ਹਰੋ ਜਗਤ੍ਰ ਕੀ ਪੀਰ ॥

ਚੌਪਈ ਦੇ ਚਾਰ ਚਰਣ ਹੁੰਦੇ ਹਨ। ਇਸ ਦੇ ਹਰ ਚਰਣ ਵਿਚ 16 ਮਾਤਰਾਵਾਂ ਹੁੰਦੀਆਂ ਹਨ ਜਿਵੇਂ :-

ਯਾਰ ਮੁਹੰਮਦ ਜੋ ਤੁਰਕੇਸਾ ॥
ਨੀਲਾ ਕੀਨੋ ਤਨ ਕੈ ਬੇਸਾ ॥
ਗੁਰ ਜੀ ਨੇਜਾ ਮਾਰ ਗਿਰਾਵਾ ॥
ਲੇਨ ਅਟਕ ਕੋ ਕਰਤੋ ਦਾਵਾਂ ॥

ਹਾਕਲ ਛੰਦ ਵਿਚ ਚਾਰ ਚਰਣ ਹੁੰਦੇ ਹਨ। ਹਰ ਚਰਣ ਵਿਚ 14 ਮਾਤਰਾਂ ਹੁੰਦੀਆਂ ਹਨ। ਪਹਿਲਾ ਵਿਸ਼ਰਾਮ 9 ਉਪਰ ਤੇ ਦੂਜਾ 5 ਉਪਰ ਹੁੰਦਾ ਹੈ। ਇਕ ਉਦਾਹਰਣ ਦੇਖੋ :

ਜਬ ਆਵਾ ਉਨੋ ਪਾਸਾ ॥ ਮਨ ਧਾਰਤ ਭਾ ਇਕ ਆਸਾ ॥
ਜੋ ਗੋਬਿੰਦ ਸਿੰਘ ਵਡਾਰਾ ॥ ਅਬ ਲੇਵੇ ਰੂਪ ਸੁ ਧਾਰਾ ॥

ਵਿਦਵਾਨਾਂ ਨੇ ਗੀਆਮਾਲਤੀ ਛੰਦ ਦੇ ਲੱਛਣ ਦੱਸੇ ਹਨ ਕਿ ਇਸ ਵਿਚ ਚਾਰ ਚਰਣ ਹੁਦੇ ਹਨ। ਹਰ ਚਰਣ ਵਿਚ 28 ਮਾਤਰਾਵਾਂ ਹੁੰਦੀਆਂ ਹਨ ਤੇ 14-14 ਤੇ ਵਿਸ਼ਰਾਮ ਹੁੰਦਾ ਹੈ। ਇਕ ਉਦਾਹਰਨ ਪੇਸ਼ ਹੈ :

ਜਯ ਜਯ ਦੇਵ ਕ੍ਰਿਪਾਲ ਪਾਲ ਅਕਾਲ ਕਾਲ ਬਿਨਾਸ਼ਿਤੇ ॥
ਜਯ ਪੁੰਜ ਸਿਵ ਸ੍ਰਿਸਟ ਸੁ ਦ੍ਰਿਸਟ ਅੰਮ੍ਰਿਤ ਵਾਸ਼ਤੇ ॥
ਭਗਵੰਤਿ ਭਾਵਨਿ ਭੂਰ ਭੂਰ ਭਯ ਹਰੇ ਭਵ ਬੰਦਤੇ ॥
ਅਜਾ ਅਖਰ ਅੰਗਨਿ ਅਖੰਡ ਅਦਭੁਤ ਆਦਿ ਅਨੰਦਤੇ ॥

ਭਾਈ ਜੀ ਨੇ ਮਨੋਹਰ ਛੰਦ ਦਾ ਪ੍ਰਯੋਗ ਵੀ ਕਿਤੇ ਕਿਤੇ ਕੀਤਾ ਹੈ। ਇਕ ਉਦਾਹਰਣ ਦੇਖੋ :

ਫੂਲੇ ਗੁਰ ਸ੍ਵਾਮੀ ਅੰਤਰਿਜਾਮੀ ਗਦ ਗਦ ਗਿਰਾ ਗੰਭੀਰ ॥
ਆਨੰਦ ਅਮੇਵਾ ਜਿਯ ਸੁਖ ਦੇਵਾ ਸੋਹਤ ਪੁਲਕ ਸਰੀਰ ॥
ਜਿਹ ਰੂਪ ਨ ਰੇਖਾ ਗਾਵੈਤ ਸੇਖਾ ਅਖਿਲ ਭੁਵਨ ਅਵਿਲੰਬ ॥

ਮਾਯਾ ਅਨੁਸਾਰੀ ਰੀਝ ਸੁ ਭਾਰੀ ਮੰਦ ਮਾਨਸੁ ਕੁਟੰਬ ॥

ਤ੍ਰਿਭੰਗੀ ਛੰਦ ਦੇ ਲਛਣ ਹਨ : ਇਸ ਦੇ ਚਾਰ ਚਰਣ ਹੁੰਦੇ ਹਨ। ਹਰ ਚਰਣ ਵਿਚ 32 ਮਾਤਰਾਵਾਂ ਤੇ ਪਹਿਲਾ ਵਿਸਰਾਮ 10 ਉਪਰ, ਦੂਜਾ ਤੇ ਤੀਜਾ 8-8 ਉਪਰ ਤੇ ਚੌਥਾ 6 ਮਾਤਰਾਂ ਤੇ। ਗੁਰਬਿਲਾਸ ਵਿਚੋਂ ਇਕ ਉਦਾਹਰਣ ਦੇਖੋ :

ਸਭ ਸੁੰਦਰ ਸੰਗੀ ਨਾਨਾ ਰੰਗੀ ਡੀਲ ਉਤੰਗੀ ਬਰ ਬਾਨੇ ॥
ਜਾਚਿਕ ਕਰ ਦਾਤਾ ਸਭ ਸੁਖ ਦਾਤਾ ਸਹਿਤ ਬਰਾਤਾ ਨਿਯਰਾਨੇ ॥
ਪੁਰ ਬੀਥਿਨ ਆਏ ਹਰਖ ਸੁਹਾਏ ਦ੍ਰਿਗ ਰਸ ਛਾਏ ਧਰ ਧਾਮਾ ॥
ਸੁੰਦਰ ਸੁਤ ਜੋਰੀ ਰਾਜਤ ਜੋਰੀ ਦੇਖਹਿ ਜੋਰੀ ਦ੍ਰਿਗ ਬਾਮਾ ॥

ਕਬਿਤ ਦੇ ਚਾਰ ਚਰਣ ਹੁੰਦੇ ਹਨ। ਹਰ ਚਰਣ ਵਿਚ 31 ਅੱਖਰ ਹੁੰਦੇ ਹਨ। ਤਿੰਨ ਵਿਸ਼ਰਾਮ 8-8 ਅਤੇ ਚੌਥਾ 7 ਉਪਰ ਹੁੰਦਾ ਹੈ। ਭਾਈ ਸੋਭਾ ਰਾਮ ਨੇ ਵੀ ਕਾਫੀ ਸੁੰਦਰ ਕਬਿੱਤ ਲਿਖੇ ਹਨ। ਇਕ ਉਦਾਹਰਨ ਪੇਸ਼ ਹੈ ਜੀ :

ਪੂਰਨ ਪੁਰਖ ਗੁਰ ਨਾਨਕ ਭਗਤ ਜਗ
    ਹੇਤ ਪਰਸ੍ਵਾਰਥ ਕੇ ਆਏ ਇਸ ਕਲੀ ਕਾਲ ॥
ਜੰਬੂ ਦੀਪ ਨਵਖੰਡ ਸੈਲ ਕਰਯੋ ਬ੍ਰਹਮੰਡ
    ਤਰਕਯੋ ਪਖੰਡ ਭਾਈ ਬਾਲਾ ਮਰਦਾਨਾ ਨਾਲ ॥
ਸਿਧਨ ਸਿਉ ਗੋਸਟਿ ਹੈ ਲੋਸਨ ਕਨਨ ਕਰੇ
    ਤਰੈ ਭਵ ਸਾਗਰ ਹੈ ਪਰ ਹੈ ਸਰਨਿ ਬਾਲ ॥
ਐਸੇ ਗੁਰ ਨਾਨਕ ਕੀ ਸੰਪ੍ਰਦਾਇ ਭਵ ਪਾਇ
    ਗੁਰ ਹੈ ਸਰੂਪ ਧਰ ਰਾਜ ਕਰਯੋ ਊਨ ਆਲ ॥

ਭਾਈ ਸੋਭਾ ਰਾਮ ਨੇ ਕਈ ਥਾਈਂ ਸਵੈਯਾ ਛੰਦ ਬੜੀ ਹੀ ਸਫਲਤਾ ਨਾਲ ਵਰਤਿਆ ਹੈ। ਵਿਦਵਾਨਾਂ ਨੇ ਇਸ ਦੇ ਕਈ ਭੇਦ, ਉਪਭੇਦ ਦਸੇ ਹਨ। 'ਗੁਰ ਬਿਲਾਸ' ਵਿਚੋਂ ਇਕ ਉਦਾਹਰਣ ਦੇਖੋ :

ਸੁੰਦਰ ਇੰਦ੍ਰ ਸਭਾ ਤੁਮਾਰੀ ਦ੍ਰਿਗ ਭੀਤਰ ਦੇਖਿ ਹੀਯੋ ਹਰਖਾਯੋ ॥
ਕੋ ਅਸ ਦਾਸ ਹੈ ਤੁਮਰੋ ਗੁਰ ਜੀ ਜਾਸ ਕੋ ਚੀਤ ਨ ਦੇਵ ਬਿਕਾਯੋ ॥
ਧਨੁ ਹੋ ਧੰਨ ਮੈਂ ਆਜੁ ਪ੍ਰਭੂ ਤੁਮ ਰੂਪ ਸਰੋਵਰ ਮਾਹਿ ਅਨਾਯੋ ॥
ਮੈਂ ਤੋ ਗਰੀਬ ਚੰਮਿਆਰ ਹੁਤੋ ਪ੍ਰਭੂ ਆਪ ਗਰੀਬ ਨਿਵਾਜ ਕਹਾਯੋ ॥

ਭਾਈ ਸੋਭਾ ਰਾਮ ਨੇ ਗੁਰਬਿਲਾਸ ਵਿਚ ਭੁਯੰਗ-ਪ੍ਰਯਾਤ ਛੰਦ ਦਾ ਬੜਾ ਸੁਦਰ ਪ੍ਰਯੋਗ ਕਰਕੇ ਆਪਣੀ ਛੰਦ-ਸ਼ਾਸੱਤਰ ਦੀ ਵਾਕਫ਼ੀਅਤ ਦਾ ਪ੍ਰਮਾਣ ਦਿਤਾ ਹੈ। ਇਕ ਉਦਾਹਰਣ ਦੇਖੋ :

ਨਮੋ ਦੇਵ ਦੇਵ ਅਘੋ ਓਘ ਹਾਰੰ ।
ਕਲਾਧਾਰ ਅਕੋਸ ਜੈ ਚੰਦ੍ਰ ਚਾਰੰ ॥
ਮਹਾ ਰੂਪ ਰੂਪੰ ਮਹਾ ਦੇਵ ਦਾਤਾ ॥
ਸਰਦੰ ਚੰਦ ਗਾਤੰ ਮਹਾ ਗਿਯਾਨ ਗਯਾਤਾ ॥

ਭਾਈ ਜੀ ਨੇ ਬ੍ਰਿਧਮਲਤਾ ਛੰਦ ਦਾ ਵੀ ਸੁੰਦਰ ਪ੍ਰਯੋਗ ਕੀਤਾ ਹੈ। ਗੁਰਬਿਲਾਸ ਵਿਚੋਂ ਇਕ ਉਦਾਹਰਣ ਪੇਸ਼ ਹੈ :

ਜਯ ਬੇਦੀ ਬੰਸ ਦਿਵਾਕਰੇ ॥
ਭਗਵੰਤ ਭਵਨ ਹਾਂ ਨਰ ਹਰੇ ॥
ਜਯ ਰਾਮ ਚੰਦ ਰਮਾ ਪਤੇ ॥
ਜਯ ਸੰਖ ਚਕ੍ਰ ਗਧਾ ਧ੍ਰਿਤੇ ॥

ਤੋਟਕ ਛੰਦ ਨੂੰ ਵੀ ਭਾਈ ਸੋਭਾ ਰਾਮ ਨੇ ਬੜੀ ਸਫਲਤਾ ਨਾਲ ਵਰਤਿਆ ਹੈ। ਇਕ ਉਦਾਹਰਣ ਪੇਸ਼ ਹੈ :

ਮੁਹ ਕ੍ਰਿਤ ਕ੍ਰਿਤ ਕੀਨ ਕ੍ਰਿਤਾਗ ਪ੍ਰਭੋ ॥ ਦੁਖ ਦਾਰਿਦ ਹਾਰ ਅਪਾਰ ਵ੍ਰਿਭੋ ॥
ਕਿਯ ਮੰਜ ਮਨੋਰਥ ਪੁੰਜ ਹਰੇ ॥ ਕਰੁਣਾ ਕਰਿ ਪਾਹਿ ਨਮਾਮ ਹਰੇ ॥

ਰੁਣਝੁਣਾ ਛੰਦ ਬੜੇ ਛੋਟੇ ਬਹਿਰ ਵਾਲਾ ਛੰਦ ਹੈ ਜਿਸ ਨੂੰ ਭਾਈ ਸੋਭਾ ਰਾਮ ਨੇ ਯੁੱਧ ਚਿਤਰਣ ਲਈ ਵਰਤਿਆ ਹੈ ਜਿਥੇ ਫੁਰਤੀ ਨਾਲ ਕਾਰਜ ਹੁੰਦਾ ਹੈ। ਇਕ ਉਦਾਹਰਣ ਦੇਖੋ :

ਰਣ ਮਹਿ ਮਾਰੇ ॥ ਸੁ ਭਟ ਕਰਾਰੇ ॥
ਬਰਿ ਬਰਿ ਆਏ ॥ ਨਟ ਰਤ ਹਟਾਏ ॥
ਝਟ ਪਟ ਜੂਟੇ ॥ ਕਟਿ ਕੁਟਿ ਕੂਟੇ ॥
ਲਟ ਪਟ ਹੁਟੇ ॥ ਮੁਖ ਲਗ ਟੁਟੇ ॥

ਯੁੱਧ ਚਿਤਰਣ ਲਈ ਛੋਟੇ ਬਹਿਰ ਵਾਲਾ ਸਬਾਸ਼ ਛੰਦ ਵੀ ਵਰਤਿਆ ਹੈ। ਇਕ ਉਦਾਹਰਣ ਦੇਖੋ :

ਗਹਿਤ ਕਮਾਰਿ ॥ ਧਰ ਖਰ ਬਾਨਹਿ ॥
ਖੜਗ ਨਚਾਏ ॥ ਤਨ ਰਿਪੁ ਲਾਏ ॥
ਰਿਪ ਗਨ ਹਾਨਹਿ ॥ ਲਗਤਿ ਕਿਕਾਨਹਿ ॥
ਤਜ ਤਸ ਪ੍ਰਨਾਹਿ ॥ ਤਜ ਤਨ ਬਾਨਹਿ ॥

ਨਰਾਜ ਛੰਦ ਦੇ ਲਛਣ ਹਨ : ਚਾਰ ਚਰਣ ਪ੍ਰਤਿ ਚਰਣ 26 ਅੱਖਰ ਤੇ ਅੱਠ ਅੱਠ ਅੱਖਰਾਂ ਤੇ ਵਿਸ਼ਰਾਮ। 'ਗੁਰ ਬਿਲਾਸ' ਵਿਚੋਂ ਇਕ ਉਦਾਹਰਣ ਦੇਖੋ .

ਚਲੀ ਸਬੇਗ ਸੂਕਤੀ ਲਗੀ ਤੁਰੰਗ ਆਇ ਕੇ ॥
ਗਿਰਯੋ ਸੁ ਜੰਗ ਖੇਤ ਮੇ ਸੁ ਦੋਇ ਘਾਇ ਖਾਇ ਕੇ ॥
ਦਰਬਾਰ ਸਿੰਘ ਛੋਰ ਅੰਗ ਆਪ ਨੇ ਬਚਾਇ ਕੈ ॥
ਖਰੋ ਚਰੰਨ ਭਾਰ ਫੇਦ ਬਨ ਕੋ ਚਲਾਇ ਕੈ ॥

ਸਿਰਖੰਡੀ ਛੰਦ ਦਾ ਪ੍ਰਯੋਗ ਕਵੀਆਂ ਨੇ ਆਮ ਤੌਰ ਤੇ ਯੁੱਧ ਚਿਤਰਣ ਲਈ ਕੀਤਾ ਹੈ। ਭਾਈ ਸੋਭਾ ਰਾਮ ਨੇ ਵੀ ਇਸੇ ਮੰਤਵ ਲਈ ਇਸ ਛੰਦ ਦਾ ਸਫਲ ਪ੍ਰਯੋਗ ਕੀਤਾ ਹੈ। ਇਸ ਦੇ ਮਧ ਵਿਚ ਅਨੁਪ੍ਰਾਸ ਹੁੰਦਾ ਹੈ ਤੇ ਤੁਕਾਂਤ ਨਹੀਂ ਮਿਲਦਾ। ਇਸ ਦੇ ਚਾਰ ਚਰਣ ਹੁੰਦੇ ਹਨ ਤੇ ਪ੍ਰਤਿ ਚਰਨ 21 ਮਾਤਰਾਵਾਂ ਹੁੰਦੀਆਂ ਹਨ। ਪਹਿਲਾਂ ਵਿਸ਼ਰਾਮ 12 ਉਪਰ

ਤੇ ਦੂਜਾ 9 ਉਪਰ ਹੁੰਦਾ ਹੈ । 'ਗੁਰ ਬਿਲਾਸ' ਵਿਚੋਂ ਇਕ ਉਦਾਹਰਣ ਦੇਖੋ :

ਜੁੱਟ ਗਏ ਤਰਵਾਰੀ ਰੌਰ ਪੁਕਾਰਤੇ ॥
ਲੱਥ ਲੱਥ ਪਰ ਡਾਰੀ ਉਪਕੋ ਤਰੇ ॥
ਭੁਜੈਂ ਪਸਾਰ ਉਬਾਰੀ ਮਾਰਤ ਜੋ ਰਤੇ ॥
ਹਟੀ ਤੁਪਕਿ ਤਿਸ ਬਾਰੀ ਨਹੀਂ ਹਵਾਲ ਦੇ ॥

ਚਾਚਰੀ ਛੰਦ ਦਾ ਪ੍ਰਯੋਗ ਵੀ ਭਾਈ ਸੋਭਾ ਰਾਮ ਨੇ ਬੜੀ ਸਫਲਤਾ ਨਾਲ ਕੀਤਾ ਹੈ । ਇਹ ਛੋਟੇ ਬਹਿਰ ਦਾ ਛੰਦ ਹੈ । ਇਕ ਉਦਾਹਰਣ ਦੇਖੋ :

ਪ੍ਰਚਾਰੈ ॥ ਪ੍ਰਹਾਰੈ ॥ ਕ੍ਰਿਪਾਨੈ ॥ ਮਹਾਨੈ ॥
ਕਹੰਤੇ ॥ ਸੁਨੰਤੇ ॥ ਲਰਾਈ ॥ ਮਚਾਈ ॥

ਰਸਾਵਲ ਛੰਦ ਨੂੰ ਵੀ ਯੁੱਧ ਚਿਤਰਨ ਲਈ ਵਰਤਿਆ ਗਿਆ ਹੈ । 'ਗੁਰ ਬਿਲਾਸ' ਵਿਚੋਂ ਇਕ ਉਦਾਹਰਣ ਪੇਸ਼ ਹੈ :

ਹਟੈ ਕੌਨ ਪਾਛੈਂ ॥ ਲਰੈ ਅਗ੍ਰ ਬਾਛੈਂ ॥
ਸਮੂੰਹ ਜੁਝਾਰੀ ॥ ਤੁਫੰਗੈ ਪ੍ਰਹਾਰੀ ॥
ਤਬੈ ਸਿੰਘ ਗਾਜੇ ॥ ਕਹਾਂ ਜਾਹਿ ਪ੍ਰਾਜੇ ॥
ਅਬੈ ਹੋਹੁ ਠਾਂਢੇ ॥ ਲਗੇ ਖਗ ਬਾਂਢੇ ॥

ਕਵੀ ਨੇ ਨਵੇਂ ਛੰਦ ਦੀ ਸਿਰਜਣਾ ਕੀਤੀ ਹੈ । ਜਿਸ ਦਾ ਨਾਮ 'ਨਵ੍ਰਨਾਮਕ' ਛੰਦ ਰਖਿਆ ਹੈ । ਇਹ ਛੋਟੇ ਬਹਿਰ ਵਾਲਾ ਛੰਦ ਹੈ ਜੋ ਯੁੱਧ ਚਿਤਰਣ ਲਈ ਕਾਫੀ ਅਨੁਕੂਲ ਹੈ । ਇਕ ਉਦਾਹਰਣ ਦੇਖੋ :

ਕੁਪਿ ਕੁਪਿ ਅਤਿ ਅਤਿ ॥ ਕਹਿ ਕਹਿ ਦਲਿ ਪਤਿ ॥
ਪਠਿ ਪਠਿ ਨਰ ਬਰ ॥ ਖੜਗਨ ਧਰਿ ਧਰਿ ॥ ਆਦਿ

ਇਸ ਗ੍ਰੰਥ ਵਿਚ ਕਈ ਥਾਈ ਛੰਦ ਦੋਸ਼ ਦੇ ਵੀ ਦਰਸ਼ਨ ਹੁੰਦੇ ਹਨ ਜਿਵੇਂ ਕਈ ਥਾਈਂ ਤੁਕਾਂਤ ਨਹੀਂ ਮਿਲਦਾ ਤੇ ਕਈ ਥਾਈਂ ਮਾਤਰਾਵਾਂ ਦੀ ਗਿਣਤੀ ਵਿਚ ਫਰਕ ਹੈ ਜਿਸ ਕਾਰਨ ਛੰਦ ਦੀ ਚਾਲ ਨੂੰ ਨੁਕਸਾਨ ਪਹੁੰਚਦਾ ਹੈ ਤੇ ਕਾਵਿ ਰਸ ਫਿਕਾ ਪੈਂਦਾ ਹੈ । ਸੰਗੀਤਾਤਮਕਤਾ ਤੇ ਕਾਵਿ ਪ੍ਰਵਾਹ ਵਿਚ ਰੋਕ ਪੈਂਦੀ ਹੈ । ਕੁਝ ਉਦਾਹਰਣ ਦੇਖੋ :

-ਬੀਚ ਚੰਦੋਆ ਚਾਨਣੀ ਤਾਨੋ ਰੇਸਮ ਡੋਰ ॥
ਲਗੀ ਕਨਾਤ ਬਨਾਤ ਕੀ ਜੁਤ ਮਿਖਮਲ ਚਹੁ ਓਰ ॥
-ਸੋ ਅਪਨੇ ਸਦਨ ਪਹੁੰਚਾਈ ॥
ਲੇ ਸਗ ਕੋ ਚਲ ਅਗਾਹੀ ॥
-ਇਸ ਰੀਤੀ ਗੁਰ ਕੋ ਭਨਾ ਊਨਾ ॥
ਸੁਨੀਏ ਸੇਵਾ ਸਿੰਘ ਪ੍ਰਵੀਨਾ ॥
-ਤੁਰਕ ਪਹਾਰੀ ਗੁਰ ਸੰਗ ਬੈਰੀ ॥
ਘੇਰਾ ਪਾਯੋ ਸਾਂਝ ਸਵੈਰੀ ॥ ਆਦਿ

ਇਉਂ ਉਪਰੋਕਤ ਅਧਿਐਨ ਤੋਂ ਸ੍ਵੈ-ਸਪਸ਼ਟ ਹੋ ਜਾਂਦਾ ਹੈ ਕਿ ਭਾਈ ਸੋਭਾ ਰਾਮ ਨੂੰ

ਛੰਦ-ਸ਼ਾਸਤਰ ਦਾ ਕਾਫ਼ੀ ਗਿਆਨ ਸੀ ਤੇ ਉਨ੍ਹਾਂ ਨੇ ਇਸ ਗ੍ਰੰਥ ਵਿਚ ਵੰਨ ਸੁਵੰਨੇ ਛੰਦਾਂ ਦਾ ਪ੍ਰਯੋਗ ਕਰ ਕੇ ਨੀਰਸਤਾ ਨਹੀਂ ਆਉਣ ਦਿਤੀ ਅਤੇ ਆਪਣੇ ਭਾਵਾਂ ਨੂੰ ਸੁੰਦਰ ਢੰਗ ਨਾਲ ਅਭਿਵਿਅਕਤ ਕੀਤਾ ਹੈ । ਵਿਸ਼ੇ ਪਰਿਵਰਤਨ ਨਾਲ ਛੰਦ ਪਰਿਵਰਤਨ ਵੀ ਕਰ ਦਿਤਾ ਹੈ । ਇਹ ਉਨ੍ਹਾਂ ਦੀ ਕਾਵਿ-ਸ਼ਾਸਤਰ ਦੀ ਸੂਝ ਦਾ ਪ੍ਰਮਾਣ ਹੈ ਭਾਵੇਂ ਕਈ ਸਥਾਨਾਂ ਤੇ ਛੰਦ ਦੋਸ਼ ਵੀ ਹਨ ਪਰ ਉਹ ਬਹੁਤ ਘੱਟ ਹਨ ਜਿਨ੍ਹਾਂ ਨੂੰ ਨਜ਼ਰ ਅੰਦਾਜ਼ ਕੀਤਾ ਸਕਦਾ ਹੈ । ਇਹ ਵੀ ਸੰਭਵ ਹੈ ਕਿ ਉਤਾਰਾ ਕਰਨ ਵਾਲਿਆਂ ਦੀ ਅਣਗਹਿਲੀ ਦਾ ਹੀ ਇਹ ਸਿੱਟਾ ਹੋਵੇ ।

**ਅਲੰਕਾਰ ਵਿਧਾਨ**

ਸਾਹਿਤ ਆਚਾਰੀਆ ਨੇ ਅਲੰਕਾਰਾਂ ਨੂੰ ਕਵਿਤਾ ਦਾ ਮਹੱਤਵ ਪੂਰਨ ਅੰਗ ਸਵੀਕਾਰ ਕੀਤਾ ਹੈ ਕਿਉਂਕਿ ਇਨ੍ਹਾਂ ਨਾਲ ਜਿਥੇ ਕਾਵਿ ਵਿਚ ਸੁੰਦਰਯ ਦਾ ਵਾਧਾ ਹੁੰਦਾ ਹੈ, ਉਥੇ ਕਵੀ ਸਰਸ ਢੰਗ ਨਾਲ ਆਪਣੇ ਵਿਚਾਰਾਂ ਜਾਂ ਭਾਵਾਂ ਨੂੰ ਸੁਹਿਜੇ ਅਭਿਵਿਅਕਤ ਕਰਨ ਵਿਚ ਸਫ਼ਲ ਹੋ ਜਾਂਦਾ ਹੈ । ਆਚਾਰੀਆ ਕੇਸ਼ਵ ਨੇ 'ਭੂਸ਼ਣ ਬਿਨ ਨ ਬਿਰਾਜਈ ਕਵਿਤਾ ਬਨਿਤਾ ਮਿਤ' ਆਖ ਕੇ ਅਲੰਕਾਰਾਂ ਦੀ ਉਚਿਤਤਾ ਤੇ ਆਵਸ਼ਕਤਾ ਵੱਲ ਸੰਕੇਤ ਕੀਤਾ ਹੈ ਕਿਉਂਕਿ ਭਾਰਤੀ ਕਾਵਿ ਸ਼ਾਸਤਰੀ ਅਲੰਕਾਰਾਂ ਬਿਨਾ ਕਵਿਤਾ ਦੀ ਕਲਪਨਾ ਹੀ ਨਹੀਂ ਕਰ ਸਕੇ । ਭਾਈ ਸੋਭਾ ਰਾਮ ਵਿਦਵਾਨ ਸਨ ਪਰ ਇਤਿਹਾਸਕ ਕਾਵਿ ਸਿਰਜਣ ਵਿਚ ਕਲਪਨਾ ਨੂੰ ਬਹੁਤ ਸਥਾਨ ਨਹੀਂ ਦਿੱਤਾ ਜਾ ਸਕਦਾ । ਉਨ੍ਹਾਂ ਨੇ ਸਹਿਜ ਸੁਭਾ ਕੁਝ ਅਲੰਕਾਰਾਂ ਦਾ ਪ੍ਰਯੋਗ ਕੀਤਾ ਹੈ ਜਿਸ ਨਾਲ ਜਿਥੇ ਕਾਵਿ ਵਿਚ ਸੁਹਜਾਤਮਕਤਾ ਵਧੀ ਹੈ, ਉਥੇ ਵਿਚਾਰਾਂ/ਭਾਵਾਂ ਨੂੰ ਚੰਗੀ ਤਰ੍ਹਾਂ ਅਭਿਵਿਅਕਤ ਕਰਨ ਵਿਚ ਸਫ਼ਲਤਾ ਵੀ ਮਿਲੀ ਹੈ । ਉਨ੍ਹਾਂ ਨੇ ਕਿਧਰੇ ਵੀ ਅਲੰਕਾਰਾਂ ਦੇ ਪ੍ਰਯੋਗ ਲਈ ਉਚੇਚ ਨਹੀਂ ਚੀਤੀ, ਸਗੋਂ ਸਹਿਜ ਸੁਭਾ ਸੀ ਅਲੰਕਾਰ ਉਨ੍ਹਾਂ ਦੀ ਰਚਨਾ ਵਿਚ ਆ ਗਏ ਜਾਪਦੇ ਹਨ । ਉਨ੍ਹਾਂ ਦੀ ਇਸ ਕ੍ਰਿਤੀ ਵਿਚੋਂ ਕੁਝ ਅਲੰਕਾਰਾਂ ਦੀਆਂ ਉਦਾਹਰਣਾਂ ਦੇਖੋ :

**ਰੂਪਕ ਅਲੰਕਾਰ :**

ਜਿਥੇ ਉਪਮੇਸ ਤੇ ਉਪਮਾਨ ਵਿਚ ਅਭੇਦਤਾ ਦਰਸਾਈ ਜਾਵੇ ਉਥੇ ਰੂਪਕ ਅਲੰਕਾਰ ਹੁੰਦਾ ਹੈ । ਭਾਈ ਸ਼ੋਭਾ ਰਾਮ ਨੇ ਇਸ ਦਾ ਕਾਫ਼ੀ ਪ੍ਰਯੋਗ ਕੀਤਾ ਹੈ ਕੁਝ ਉਦਾਹਰਣਾਂ ਪੇਸ਼ ਹਨ :

-ਹਰੀ ਰਾਇ ਹਰਿ ਰੂਪ ਭਏ ਧੀਰਜ ਧਾਮ ਅਪਾਰ ॥
-ਪਾਦ ਕੰਜ ਸੁਭ ਗੰਧਹਿ ਧੂਰੀ ॥
ਮਨ ਮਧੁਕਰ ਤਜ ਰਹੇ ਨ ਦੂਰੀ ॥
-ਰਵ ਤੇਗ ਬਹਾਦਰ ਸੋਭਤ ਹੈ ਸਿਖ ਨੀਰਜ ਦੇਖ ਰਹੇ ਬਿਗਸਾਈ ॥
-ਚਰਨ ਅਰੁਨ ਨੀਰਜ ਸੁਭਗ ਕਮਲ ਨੈਨ ਸੁਖਦਾਇ ॥
ਅਲਿ ਕਨ੍ਹੈਯਾ ਲੇਤ ਰਸ ਆਪਾ ਭਾਇ ਗਵਾਇ ॥
-ਇਕ ਦਿਨ ਦਯਾ ਸਿੰਧ ਕੇ ਪਾਸ ॥
ਹਿਤ ਪੁਕਾਰ ਕੀਨੀ ਅਰਦਾਸਿ ॥

ਗੁਰ ਕੌਤਕ ਸੁਭ ਕੰਜ ਸਰੀਖੇ ॥
ਸਿਖ ਅਲੀ ਰਸ ਲੇਵਨ ਸੀਖੇ ॥ ਆਦਿ

**ਲੋਕੋਕਤੀ ਅਲੰਕਾਰ :**

ਜਿਥੇ ਕਵੀ ਕਿਸੇ ਮੁਹਾਵਰੇ ਜਾਂ ਆਖਣ ਨੂੰ ਕਵਿਤਾ ਵਿਚ ਵਰਤੇ ਉਥੇ ਲੋਕੋਕਤੀ ਅਲੰਕਾਰ ਹੁੰਦਾ ਹੈ। ਕੁਝ ਉਦਾਹਰਣਾਂ ਦੇਖੋ :

-ਕੋਈ ਨਾ ਜਾਨਤ ਤਿਸੀ ਕੋ ਘਟ ਮੈਲਾ ਲਾਲ ਲੁਕਾਇ ॥
-ਪਲਕਾਂ ਸੁੰਦਰ ਦੀਨ ਬਿਛਾਈ ॥
-ਯਾਰਾਂ ਨਾਲ ਬਹਾਰਾਂ ਜਾਨੋ ॥

**ਅਨੁਪ੍ਰਾਸ ਅਲੰਕਾਰ :**

ਜਿਥੇ ਵਿਅੰਜਨਾਂ ਦੀ ਸਮਾਨਤਾ ਹੋਏ ਭਾਵੇ ਸੁਰਾਂ ਦੀ ਸਮਾਨਤਾ ਨਾ ਹੋਵੇ, ਉਥੇ ਅਨੁਪ੍ਰਾਸ ਅਲੰਕਾਰ ਹੁੰਦਾ ਹੈ। ਭਾਈ ਸੋਭਾ ਰਾਮ ਨੇ ਇਸ ਅਲੰਕਾਰ ਦਾ ਕਾਫੀ ਪ੍ਰਯੋਗ ਕੀਤਾ ਹੈ। ਜਿਸ ਨਾਲ ਜਿਥੇ ਅਲੰਕਾਰ-ਸੌਂਦਰਯ ਪੈਦਾ ਹੋਇਆ ਹੈ, ਉਥੇ ਸੰਗੀਤਾਮਕਤਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਕੁਝ ਉਦਾਹਰਣਾ ਦੇਖੋ :

-ਸੁਖਨਾ ਸੁਖ ਸੁਖ ਗ੍ਰਹਿ ਮਹਿ ਜਾਵੇ ॥
-ਭੀਰ ਭੂਤ ਭਰ ਰਹੀ ਨਿਕੇਤ
-ਬਾਰੀ ਬਾਰਾ ਬਾਲਾ ਲੀਨੇ
-ਭਾਈ ਕਨੈਯੇ ਨਾਲ ਕੋ ਬੰਦਨ ਬਾਰੰ ਬਾਰ ॥
-ਹੇਰਤ ਹਸਤ ਹਸਾਵਤ ਔਰੀ
-ਲੀਲਾ ਲਲਤ ਲਾਲ ਲਲਚਾਨੇ ॥
-ਨਮਸਤੰਗ ਨਮਸਤੰਗ ਨਮਸਤੰਗਸ ਰੂਪ ॥
-ਧੀਰਜ ਧਾਰੀ ਧਰਮ ਧੁਜ ਸਿਖਨ ਹਰਤੇ ਸੋਗ ॥
-ਕੰਧਾ ਕੋਠੇ ਗਿਰ ਗਿਰ ਜਾਈ ॥ ਆਦਿ ॥

**ਉਪਮਾ ਅਲੰਕਾਰ :**

ਜਿਥੇ ਉਪਮੇਯ ਤੇ ਉਪਮਾਨ ਵਿਚ ਫ਼ਰਕ ਹੁੰਦੀਆਂ ਵੀ ਕਿਸੇ ਸਮਾਨ ਧਰਮ ਕਾਰਨ ਸਮਾਨਤਾ ਦਰਸਾਈ ਜਾਵੇ ਉਥੇ ਉਪਮਾ ਅਲੰਕਾਰ ਹੁੰਦਾ ਹੈ। ਕੁਝ ਉਦਹਾਰਣਾ ਦੇਖੋ :

-ਲੀਏ ਸਵਾਨੀ ਸੂਤ ਨਿਜ ਸੰਗ ॥
ਹੈ ਚੜ ਚੜੇ ਗਗਨ ਜਿਮ ਚੰਗ ॥
-ਦਾਸ ਕਮਲ ਸੇ ਖਿੜ ਰਹੇ ਪਾਯੋ ਗਯਾਨ ਅਨੂਪ ॥

ਜਿਥੇ ਭਿੰਨ ਭਿੰਨ ਅਰਥ ਵਾਲੇ ਸਾਰਥਕ ਅੱਖਰਾਂ ਦਾ ਦੁਹਰਾਓ ਹੋਵੇ ਉਥੇ ਯਮਕ ਅਲੰਕਾਰ ਹੁੰਦਾ ਹੈ। ਭਾਈ ਸੋਭਾ ਰਾਮ ਨੇ ਇਸ ਅਲੰਕਾਰ ਦਾ ਕਾਫੀ ਪ੍ਰਯੋਗ ਕੀਤਾ ਹੈ। ਗੁਰਬਿਲਾਸ ਵਿਚ ਕੁਝ ਉਦਾਹਰਣਾਂ ਦੇਖੋ :

ਸੀਸ ਨਿਵਾਇ ਚਲੇ ਸੁਖ ਸਾਥਾ ॥

ਆਨੰਦ ਪੁਰ ਮੇ ਆਨੰਦ ਸਾਥਾ ॥
-ਪਤਿਤ ਉਧਾਰ ਅਧਾਰ ਭੈ ਮੋਚਨ ਬਿਖਯਾਤ ॥
ਗਿਨੇ ਜਾਨ ਤਾਰੇ ਸਕਲ ਤਾਰੇ ਗਨੇ ਨ ਜਾਤ ॥
-ਕਰ ਮੇ ਕਰ ਪੈਇ ਕਰ ਦੀਯੋ ਗਾਵ੍ਰ-ਪਹੁਚਾਇ ॥
ਜੋ ਸੂਰਤ ਬਨ ਮੇ ਪਿਖੀ ਸੋ ਅਬ ਦੇਖੋ ਆਇ ॥
-ਬਰਖਾਇ ਸੁਚ ਘਨ ਫੂਲ ਫੂਲ ਹ੍ਰਿਦਯ ਨ ਸਮਾਵਦੀ ॥
ਉਮਗਯੋ ਮੋਦ ਅਤੂਲ ਜਯਤ ਜਯਤ ਜੈ ਨਭ ਮਹੀ ॥
-ਕਰਮ ਸਿੰਘ ਕਰੁ ਜੋਰ ਕਰੁ ਬਿਨੈ ਭਨੀ ਸਿਰ ਨਯਾਇ ॥
ਕਰੈ ਅਨੰਦੁ ਅਨੰਦ ਪੁਰ ਹੈ ਸਿਖ ਸੁਖਦਾਇ ॥ ਆਦਿ ॥

**ਵੀਪਸਾ ਅਲੰਕਾਰ :**

ਜਿਥੇ ਕਿਸੇ ਭਾਵ ਨੂੰ ਪ੍ਰਗਟ ਕਰਨ ਲਈ ਇਕੋ ਸ਼ਬਦ ਵਾਰ ਵਾਰ ਵਰਤਿਆ ਜਾਵੇ ਉਥੇ ਵੀਪਸਾ ਅਲੰਕਾਰ ਹੁੰਦਾ ਹੈ ਜਿਵੇਂ :

-ਧੰਨ ਧੰਨ ਗੁਰ ਧੰਨ ਤੂ ਕੰਜ ਸਿਖ ਰਵਿ ਪਾਇ ॥
-ਹਾਇ ਹਾਇ ਕਰ ਹਾਇ ਪੁਕਾਰੈ ॥

**ਉਤਪ੍ਰੇਖਿਆ ਅਲੰਕਾਰ**

ਜਿਥੇ ਉਪਮੇਯ ਦੀ ਉਪਮਾਨ ਦੇ ਰੂਪ ਵਿਚ ਸੰਭਾਵਨਾ ਕੀਤੀ ਗਈ ਹੋਵੇ ਉਥੇ ਉਤਪ੍ਰੇਖਿਆ ਅਲੰਕਾਰ ਹੁੰਦਾ ਹੈ । ਗੁਰ ਬਿਲਾਸ ਵਿਚੋਂ ਕੁਝ ਉਦਾਹਰਣਾ ਪੇਸ਼ ਹਨ :

-ਚੰਦਨ ਪਾਰਸ ਗੰਗ ਵਤ ਸੰਤ ਕਰੈ ਉਪਕਾਰ
-ਗੁਰ ਕੋ ਸੁਭ ਯਸ ਚੰਦ ਮਨਿੰਦਾ ।
ਸਿਖ ਕੁਦਮ ਚਿਤ ਭਏ ਅਨੰਦਾ ॥
-ਸੁੰਦਰ ਰੂਪ ਹੇਰ ਰਵਿ ਨਯਾਈ ॥
ਜਨ ਅਰਬਿੰਦ ਬਦਨ ਬਿਗਸਾਈ ॥

**ਪੁਨਉਕਤੀ ਅਲੰਕਾਰ**

ਜਿਥੇ ਭਾਵ ਨੂੰ ਸੁੰਦਰ ਬਣਾਉਣ ਲਈ ਸਮਾਨ ਸ਼ਬਦਾਂ ਦੀ ਆਵ੍ਰਿਤੀ ਹੋਵੇ ਉਥੇ ਪੁਨਉਕਤੀ ਅਲੰਕਾਰ ਹੁੰਦਾ ਹੈ । ਗੁਰ ਬਿਲਾਸ ਵਿਚੋਂ ਕੁਝ ਉਦਾਹਰਣਾਂ ਦੇਖੋ :

ਜਯ ਜਯ ਸ੍ਰੀ ਗੁਰ ਸਰਬ ਨਿਵਾਸੀ ॥
ਗੋਬਿੰਦ ਯਸ ਗਾਵੈ ਦਿਨ ਰਾਤੀ ॥

**ਅਤਿਕਥਨੀ ਅਲੰਕਾਰ**

ਜਿਥੇ ਕਿਸੇ ਵਸਤੂ ਦਾ ਲੋਕ ਸੀਮਾਂ ਤੋਂ ਲੰਘ ਕੇ ਵਧਾ ਚੜ੍ਹਾ ਕੇ ਵਰਣਨ ਕੀਤਾ ਜਾਵ ਰ ਉਹ ਝੂਠ/ਮਿਥਿਆ ਹੋਵੇ, ਉਥੇ ਅਤਿਕਥਨੀ ਅਲੰਕਾਰ ਹੁੰਦਾ ਹੈ । ਭਾਈ ਜੀ ਨੇ ਕਈ ਥਾਈਂ ਇਸ ਅਲੰਕਾਰ ਦਾ ਪ੍ਰਯੋਗ ਕੀਤਾ ਹੈ । ਉਦਾਹਰਣ ਦੇਖੋ :

ਬਾਰ ਬਾਰ ਹੁਏ ਦੀਨ ਪੁਕਾਰੇ ॥
ਨੈਨ ਨੀਰ ਕੇ ਚਲੇ ਪਨਾਰੇ ॥

ਜੁਗਮ ਘਟੀ ਲੌ ਮੁਰਛਤ ਹੋਵਾ ॥
ਨੈਨਨ ਕੇ ਜਲ ਸਿਉ ਉਰ ਧੋਵਾ ॥ ਆਦਿ ॥

**ਦ੍ਰਿਸ਼ਟਾਂਤ ਅਲੰਕਾਰ**

ਜਿਥੇ ਕਵੀ ਕਿਸੇ ਗੱਲ ਨੂੰ ਸਮਝਾਉਣ ਲਈ ਦ੍ਰਿਸ਼ਟਾਂਤ ਦੇਵੇ ਉਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ। ਗੁਰ ਬਿਲਾਸ ਵਿਚੋਂ ਉਦਾਹਰਣ ਵੇਖੋ :

ਹਰਿ ਜਨ ਹਰਿ ਸੰਗ ਮਿਲਤ ਹੈ ਸੁਨ ਪ੍ਰੇਮ ਕੀ ਗਾਥ ॥
ਜਯੋ ਡਾਰਯੋ ਮਿਲ ਜਾਤ ਹੈ ਨੀਰ ਨੀਰ ਨੀਰ ਕੇ ਸਾਥ ॥

ਉਪਰੋਕਤ ਅਧਿਐਨ ਤੋਂ ਸ੍ਵੈ-ਸਪਸ਼ਟ ਹੈ ਕਿ ਕਵੀ ਨੇ ਅਲੰਕਾਰਾਂ ਦਾ ਪ੍ਰਯੋਗ ਉਨਾ ਹੀ ਕੀਤਾ ਹੈ, ਜਿੰਨੀ ਜ਼ਰੂਰਤ ਸੀ। ਇਤਿਹਾਸਕ ਕਾਵਿ ਦੀ ਸਿਰਜਣਾ ਕਰਦਿਆਂ ਅਲੰਕਾਰਾਂ ਦੇ ਸੁਚੱਜੇ ਪ੍ਰਯੋਗ ਕਾਰਨ ਨੀਰਸਤਾ ਨੂੰ ਨੇੜੇ ਨਹੀਂ ਆਉਣ ਦਿਤਾ। ਕੋਈ ਉਚੇਚ ਨਜ਼ਰ ਨਹੀਂ ਪੈਂਦੀ। ਸਹਿਜ ਸੁਭਾ ਸੁਹਜਾਤਮਕਤਾ ਦਾ ਆਗਮਨ ਹੋਇਆ ਹੈ। ਇਹ ਭਾਈ ਜੀ ਦੀ ਪ੍ਰਾਪਤੀ ਹੈ।

**ਭਾਸ਼ਾ**

ਭਾਈ ਸੋਭਾ ਰਾਮ ਸੇਵਾ ਪੰਥੀ ਸਾਧੂ ਸਨ, ਜਿਨ੍ਹਾਂ ਨੇ ਸਾਰਾ ਜੀਵਨ ਭਾਰਤੀ ਦਰਸ਼ਨ ਤੇ ਗੁਰਮਤਿ ਦਰਸ਼ਨ ਦਾ ਅਧਿਐਨ ਕੀਤਾ। ਨਾਮ-ਸਿਮਰਨ ਵਿਚ ਲੀਨ ਰਹੇ ਤੇ ਗੁਰਮਤਿ ਦਾ ਪ੍ਰਚਾਰ ਕੀਤਾ। ਸੇਵਾ ਪੰਥੀ ਸਾਧੂ ਸੰਤਾਂ ਦੁਆਰਾ ਲਿਖੇ ਗ੍ਰੰਥਾਂ ਦਾ ਅਧਿਐਨ ਕੀਤਾ। ਪਾਰਸ ਭਾਗ ਤੇ ਮਸਨਵੀ ਮੌਲਾਨਾ ਰੂਮ ਦੀ ਕਥਾ ਸੁਣੀ। ਯੋਗ ਵਸ਼ਿਸ਼ਟ ਦਾ ਅਧਿਐਨ ਕੀਤਾ ਅਤੇ ਇਉਂ ਸਹਿਜੇ ਹੀ ਆਪ ਦੀ ਬੋਲੀ ਦੀ ਸਮਰੱਥਾ ਵਿਚ ਵਾਧਾ ਹੋਇਆ ਹੈ।

ਉਤਰੀ ਭਾਰਤ ਵਿਚ ਇਕ ਸਰਬ ਸਾਂਝੀ ਭਾਸ਼ਾ ਪ੍ਰਚਲਿਤ ਰਹੀ ਹੈ, ਜਿਸ ਵਿਚ ਲਗਭਗ ਸਾਰੀਆਂ ਭਾਸ਼ਾਵਾਂ, ਉਪਭਾਸ਼ਾਵਾਂ ਦੀ ਸ਼ਬਦਾਵਲੀ ਮਿਲੀ ਹੋਈ ਹੈ। ਸਾਧੂ ਵਿਚਾਰਵਾਨ ਸਨ। ਗੋਸ਼ਟਾਂ ਹੁੰਦੀਆਂ ਰਹਿੰਦੀਆਂ ਸਨ। ਇਕ ਦੂਸਰੇ ਦੇ ਪ੍ਰਭਾਵ ਗ੍ਰਹਿਣ ਹੁੰਦੇ ਸਨ ਤੇ ਅਚੇਤ ਹੀ ਭਾਸ਼ਾ ਵਿਚ ਵੀ ਇਕ ਦੂਸਰੇ ਦੀ ਸ਼ਬਦਾਵਲੀ ਦਾ ਪ੍ਰਵੇਸ਼ ਹੋ ਜਾਂਦਾ ਸੀ। ਇਸ ਭਾਸ਼ਾ ਨੂੰ ਵਿਦਵਾਨਾਂ ਨੇ ਸਾਧ ਭਾਸ਼ਾ, ਸਧੁਕੜੀ ਆਦਿ ਨਾਮ ਦਿਤੇ ਹਨ। ਭਾਈ ਸੋਭਾ ਰਾਮ ਦੀ ਭਾਸ਼ਾ ਇਹੀ ਸਾਧ ਭਾਸ਼ਾ ਹੀ ਹੈ। ਗੁਰ ਬਿਲਾਸ ਬਾਬਾ ਸਾਹਿਬ ਸਿੰਘ ਬੇਦੀ ਰਚਣ ਦਾ ਮਨੋਰਥ ਨਾਇਕ ਦਾ ਜਸ-ਗਾਇਨ ਕਰਨਾ ਹੈ। ਇਸ ਲਈ ਭਾਈ ਜੀ ਨੇ ਸਰਲ ਭਾਸ਼ਾ ਦਾ ਪ੍ਰਯੋਗ ਕੀਤਾ ਹੈ।

ਭਾਈ ਸੋਭਾ ਰਾਮ ਦੀ ਭਾਸ਼ਾ ਵਿਚ ਸੰਸਕ੍ਰਿਤ ਦੀ ਤਤਸਮ ਤੇ ਤਦਭਵ ਸ਼ਬਦਾਵਲੀ ਦੀ ਕਾਫ਼ੀ ਭਰਮਾਰ ਹੈ। ਕੁਝ ਸ਼ਬਦ ਦੇਖੋ : ਧਾਮ, ਅਸ, ਗੁਰਤਾ, ਬਿਗਸਾਇ, ਪੰਕਜ, ਕਮਲ ਬਦਨ, ਕਮਲਾਨੰਨ, ਰਚਨਾ, ਬ੍ਰਹਮ, ਬ੍ਰਹਮੰਡ, ਕੁਮਦ, ਪਾਨ, ਕਰ ਕਮਲ, ਸਪਤਮ, ਖਸ਼ਟਮ, ਧੁਜ, ਧਰਮ, ਰਾਸ, ਰਿਦ, ਚੂੰਦ, ਭੇਟ ਪਠਾਈ ਅਸ੍ਰ, ਪਰਬੀਨਾ, ਅਤਸੇ, ਸਨੁਖਾ, ਪ੍ਰਤ, ਬਿਹਾਈ, ਗ੍ਰਹਿ, ਗ੍ਰਿਹ, ਮਹੂਰਤ ਕਾਰਜ, ਬ੍ਰਧਤ, ਦਰਸਿਨ, ਅਧਿਕ, ਸਿਵਰ, ਪ੍ਰਸਾਦਿ, ਅਲਿ ਕੀਰਤ, ਰਸ, ਨੂਰ, ਬਿਲੁਮ, ਸਰਨ, ਚਿੰਤਾ, ਪਾਦ, ਪ੍ਰਦਨ, ਬੰਦਨਾ, ਹਰਖਾਨੀ, ਸਮੁਦਾਈ,

ਪ੍ਰਤਾਪ, ਤੀਨੋ ਤਾਪਨ ਬਿਲਾਇ, ਉਮਡ, ਘਟਾ, ਅਪੋਰ, ਉਸਤਤਿ, ਦਿਵਸ, ਨਿਸਿਦਿਨ, ਪੂਰਣ, ਸੂਰਜ, ਅੰਧਘੋਰ, ਪੀਨੀ, ਮਧੁ, ਰੰਚਕ, ਮਾਤਕ, ਸਕਤਿ ਯਥਾਯੋਗ, ਆਇਸ, ਯਦਪਿ, ਯਾਂਤੇ, ਚੂਨ, ਸੰਗਤਿ, ਆਂਧ, ਦੰਪਤਿ, ਸੀਸ, ਸੂਛੀ, ਸਵਾਮੀ, ਅੰਤਰਿਜਾਮੀ ਯਥਾਯੋਗ, ਕਰਨਹਾਰ, ਇਛਾਪੂਰਕ, ਬਾਂਛੋ, ਅਵਤਾਰ, ਪਗ, ਭਗਵਾਨ, ਰੰਕ, ਰਾਜਨ, ਸੁਰਤਰ, ਕਪਿ, ਕੰਜ, ਅਪਟਾਵੈ, ਬੀਨ, ਗਿਰਾ, ਅੰਤਿ, ਸਰਵ, ਸਸੀ, ਉਡਗਨਿ, ਬੁਧਿਵਾਨ. ਆਗਯਾ, ਸਯਾਮ, ਘਨ, ਤਮਾਸ, ਗ੍ਰਾਮ, ਕਟਕ, ਕਨਕ, ਨਿਪਤ, ਭਟ, ਬੀਰ, ਨ੍ਰਿਪ, ਦੇਵ, ਜੋਧਾ, ਮ੍ਰਿਗੇਸ, ਸੁਕਰ, ਵਰਾਹ, ਕੰਟਕ, ਸਸਾ, ਗਿਰੀ, ਗਿਰਿਵਰ, ਦ੍ਰਿੜਤਾ, ਸੈਨਾ, ਜੁਗਲ, ਜੁਗਮ, ਨਿਰਭੀਤਾ, ਦਲੈ, ਸਰਨਾਗਤ, ਬੇਦੀਸ, ਵੇਦ, ਪਾਛਲ, ਗਾਥ, ਕੰਚਨ, ਗਾਇੰਦ੍ਰ, ਵਿਪ੍ਰ, ਬਿਸਾਲਾ, ਮਧੁਰ, ਸਾਰੰਗਪਾਨੀ, ਮਾਯਾ, ਜੂਰ ਭੈ, ਜੋਯ, ਹੂਰਾ, ਸਿਮਰੋ, ਪ੍ਰਤਾਪ, ਨੈਨ, ਜਲਧਾਰਾ, ਪ੍ਰੇਮਾਭਕਤਿ, ਅਸਤ, ਕ੍ਰਿਤਾਰਥ,ਜਗਦੀਸ, ਕੇਸਰ, ਖੋਰਸ, ਕੋਇਲ, ਕੰਠੀ, ਪਿਕ, ਗਠਨ, ਹੋਲੀ, ਤਯਾਰੀ, ਅਮੋਲ ਆਦਿ ।

ਭਾਈ ਜੀ ਦੀ ਬੋਲੀ ਤੇ ਕਿਤੇ ਕਿਤੇ ਬ੍ਰਜ-ਭਾਸ਼ਾ ਦਾ ਪ੍ਰਭਾਵ ਵੀ ਬੜਾ ਸਪਸ਼ਟ ਹੈ । ਇਸ ਦਾ ਕਾਰਨ ਹੈ ਕਿ ਬਹੁਤਾ ਸੰਤ ਸਾਹਿਤ ਬ੍ਰਜ ਭਾਸ਼ਾ ਵਿਚ ਹੀ ਲਿਖਿਆ ਗਿਆ ਹੈ । ਉਨ੍ਹਾਂ ਦੇ ਅਧਿਐਨ ਕਰਨ ਕਾਰਨ ਭਾਈ ਜੀ ਦੀ ਬੋਲੀ ਤੇ ਪ੍ਰਭਾਵ ਪੈਣਾ ਕੁਦਰਤੀ ਹੀ ਸੀ । ਕੁਝ ਉਦਾਹਰਣਾ ਦੇਖੋ :

ਤੁਮ ਕੋ ਕਹਤੇ ਦਿਨ ਵਲ ਆਜੂ ॥
ਤੁਮਰਾ ਉਘਰ ਗਯਾ ਹੈ ਪਾਜੂ ॥
ਤੋਂ ਲਗ ਮਹਾ ਸਿੰਘ ਕੁਲ ਭਾਨੂ ॥
ਖਲ ਦਲ ਵਿਪ ਨਪ੍ਰ ਜਾਰ ਕ੍ਰਿਸਾਨੂ ॥ ਆਦਿਕ ॥

ਫ਼ਾਰਸੀ ਉਸ ਸਮੇਂ ਦੀ ਰਾਜ ਭਾਸ਼ਾ ਸੀ ਤੇ ਆਮ ਲੋਕਾਂ ਦੀ ਬੋਲੀ ਵਿਚ ਅਰਬੀ-ਫ਼ਾਰਸੀ ਦੀ ਤਤਸਮ ਤੇ ਤਦਭਵ ਸ਼ਬਦਾਵਲੀ ਦਾ ਪ੍ਰਵੇਸ਼ ਹੋ ਚੁਕਾ ਸੀ । ਭਾਈ ਸੋਭਾ ਰਾਮ ਦਾ ਮੇਲ ਜੋਲ ਫਕੀਰਾਂ ਆਦਿ ਨਾਲ ਵੀ ਰਿਹਾ ਤੇ ਵੈਸੇ ਵੀ ਵਿਦਵਾਨ ਹੋਣ ਕਾਰਨ ਉਸ ਦੀ ਬੋਲੀ ਵਿਚ ਕਈ ਅਰਬੀ-ਫ਼ਾਰਸੀ ਦੇ ਸ਼ਬਦ ਸਹਿਜੇ ਹੀ ਪ੍ਰਵੇਸ਼ ਕਰ ਗਏ ਹਨ । ਇਨ੍ਹਾਂ ਦਾ ਪ੍ਰਯੋਗ ਇਨਾ ਸੁਭਾਵਕ ਹੈ ਕਿ ਇਹ ਓਪਰੇ ਨਹੀਂ ਜਾਪਦੇ, ਸਗੋਂ ਪੰਜਾਬੀ ਵਿਚ ਨਗੀਨਿਆਂ ਵਾਂਗ ਜੜੇ ਹੋਏ ਆਪਣੀ ਚਮਕ ਦਿਖਾ ਰਹੇ ਹਨ । ਕੁਝ ਸ਼ਬਦ ਹਨ : ਅਰਜ਼ ਅਰਜ਼ੀ ਬਖਸ਼ ਬਖਸ਼ਿਸ਼, ਦੀਵਾਨ, ਵਜ਼ੀਰ, ਸਰਕਾਰ, ਨਫੀਰੀ, ਨਾਜਾਬ, ਦਲਗੀਰ, ਗੁਜਾਰੀ, ਬਦ, ਅਸ਼ਰਫੀ, ਬਦਲੋੜੀ, ਫੌਜਾਂ, ਰਯੀਅਤ, ਮਸਲਤ, ਜਾਗੀਰਦਾਰ, ਮਿਸਲਦਾਰ, ਫਤਹਿ, ਬਖਸ਼ੰਦ, ਅਰਦਾਸ, ਤਰਫ, ਅਰਾਕੀ, ਦੁਸਾਲਾ, ਜੇਰ, ਸਗ, ਅਜਾ, ਕਸਾਈ, ਮਿਹਰ, ਚੋਗਾ, ਖਬਰ, ਤਸਕਰ, ਆਬ, ਖਰਬੂਜਾ, ਖਰਗੋਸ਼, ਗਰੀਬਨਿਵਾਜ਼, ਪੀਰ, ਫਕੀਰ, ਗਰੂਰ, ਕਾਗਦ, ਕਾਸਦ, ਵਜੀਰ, ਅਦਬ, ਤਕਸੀਰ, ਆਬ, ਖਾਲਸਾ, ਗੁਨਹਗਾਰ, ਨੇਜਾ, ਨਵਾਜ, ਕਿਲਾ, ਕਰਾਮਾਤ, ਰਿਆਸਤ, ਖੁਦਾਇ, ਆਬ, ਤੁਰਕ, ਕਤਲਾਮ, ਜਗੀਰ, ਗੁਲਾਮ, ਦੁਸਤਰ, ਖਿਜਮਤ, ਵਕੀਲ, ਦਿਵਾਨ, ਚੋਬਦਾਰ, ਫੀਲ, ਅੰਬਾਰੀ, ਬੰਦ੍ਰਗੀ, ਖਜਾਨਾ, ਖਿਲਤ, ਚੁਗਲਖੋਰ, ਮੁਸਾਹਿਬ, ਮੁਰੀਦ, ਕੁਲਫ ਖਿਜਮਤਦਾਰ,

ਸਿਫਤ, ਕੁਰਾਨ, ਕਤੇਬਨ, ਕਦੀਮ, ਸਿਤਾਬ, ਰਕਾਬ, ਗੋਲਨਦਾਜ਼, ਜਾਮ, ਬਿਗੋਇ ਆਦਿ ।

ਕਈ ਥਾਵਾਂ ਤੇ ਭਾਈ ਸੋਭਾ ਰਾਮ ਨੇ ਬੜੀ ਠੇਠ ਪੰਜਾਬੀ ਦਾ ਪ੍ਰਯੋਗ ਕੀਤਾ ਹੈ ਜਿਵੇ :

ਫੇਰਿ ਕਰਾਗਾ ਖਾਲਸਾ ਬਸੇ ਵਿਚ ਪੰਜਾਬ ।।<br>
ਨਿੰਦਕ ਦੁਸਟ ਸਭ ਖਪੈਗੇ ਬਰਸੋ ਨਾਮੇ ਆਬ ।।<br>
ਹਥ ਦੁਤਾਰਾ ਧਰਿ ਕਰਿ ਗਾਵੇ ਸਬਦ ਰਸਾਲਿ ।।<br>
ਜਿੰਦੜੀਏ ਹਰਿ ਨਾਮੁ ਭਜਿ ਫੇਰਿ ਨ ਖਾਈ ਕਾਲ ।।<br>
ਅਖੀਆਂ ਲਗੀ ਰਹਨੁ ਤੇ ਸਾਂਈ ਝਰੋਖੇ ਤੀਰ ।।<br>
ਫਿਰ ਵੇਲਾ ਹਥ ਨ ਆਵੀਗਾ ਕਹਿਦਾ ਹਬੀ ਫਕੀਰ ।।<br>
ਚਲੋ ਸਈਓ ਰਲਿ ਵੇਖਣ ਚਲੀਏ ਆਸ਼ਕ ਸੂਲੀ ਚੜਦੇ ।।<br>
ਸੂਲੀ ਚੜਦੇ ਕਰਨ ਮਜਾਖਾਂ ਮੌਤੋ ਮੂਲਿ ਨਾ ਡਰਦੇ ।।<br>
ਦੇਹ ਅਭਿਮਾਨੁ ਛੁਟਾ ਜਿਨ ਮਨ ਤੇ ਗੁਰਪਗ ਆਗੇ ਗਿਰਦੇ ।।<br>
ਮਨਸਾ ਸਿੰਘ ਵਹੁ ਪ੍ਰੇਮੀ ਹੋਏ ਕਾਨ ਨ ਉਸ ਦੀ ਧਰਦੇ ।।

ਇਸ ਤੋਂ ਪਤਾ ਲਗਦਾ ਹੈ ਕਿ ਇਹ ਆਮ ਵਰਤੋਂ ਵਿਚ ਆਉਣ ਵਾਲੀ ਪੰਜਾਬੀ ਸੀ । ਲਿਖਣ ਸਮੇਂ ਸਾਧੂ ਲੋਕ ਸਾਧ-ਭਾਸ਼ਾ ਦਾ ਹੀ ਵਧੇਰੇ ਪ੍ਰਯੋਗ ਕਰਦੇ ਸਨ ।

ਇਸ ਗ੍ਰੰਥ ਵਿਚ ਭਾਈ ਸੋਭਾ ਰਾਮ ਨੇ ਹਿੰਦੀ । ਸਾਧ ਭਾਸ਼ਾ ਵਿਚ ਵਰਤੇ ਜਾਂਦੇ ਕਾਰਕ ਰੂਪ ਹੀ ਰੱਖੇ ਹਨ ਜਿਵੇਂ ਕਾ, ਕੇ, ਕੀ, ਕੋ, ਕਉ, ਮਹਿ, ਮੈ ਆਦਿ, । ਇਹ ਪ੍ਰਵਿਰਤੀ ਪੁਰਾਤਨ ਪੰਜਾਬੀ ਸਾਹਿਤ ਵਿਚ ਅਕਸਰ ਦੇਖਣ ਵਿਚ ਆਉਂਦੀ ਹੈ ।

ਸ਼ਬਦ-ਜੋੜ ਵਿਚ ਇਕਸਾਰਤਾ ਨਹੀਂ ਰੱਖੀ ਗਈ । ਇਸ ਕਾਰਨ ਇਕੋ ਸ਼ਬਦ ਕਈ ਰੂਪਾਂ ਵਿਚ ਲਿਖਿਆ-ਗਿਆ ਮਿਲਦਾ ਹੈ । ਕੁਝ ਉਦਾਹਰਣਾਂ ਦੇਖੋ :

ਭਿਯਾਰ-ਤਯਾਰ-ਤਿਆਰ, ਧਿਯਾਨ-ਧਯਾਨ-ਧਿਆਨ, ਕਰਣਾ-ਕਰਨਾ, ਪਲਘ-ਪਲੰਘ, ਕੀਯੋ-ਕਿਯੋ-ਕਿਉ, ਗ੍ਰਿਹਿ-ਗ੍ਰਿਹ-ਗ੍ਰਹ, ਅਕ੍ਰਿਤਘਨ-ਅਕਿਰਤਘਨ, ਬਾਨੀ-ਬਾਣੀ, ਬੇਦੀ-ਵੇਦੀ, ਪ੍ਰਵੀਨ-ਪਰਵੀਨ, ਮਣਸਾ-ਮਨਸਾ, ਮਿਹਰ ਮੇਹਰ, ਜੋ-ਜਯੋ, ਬੰਸ-ਵੰਸ, ਸਿਰੀ-ਸ੍ਰੀ, ਸੁਨਾਰ, ਸੁਨਿਆਰ, ਚਮਾਰ-ਚੰਮਿਆਰ, ਭਗਤੀ-ਭਗਤਿ, ਕਿਰਤਨ, ਕੀਰਤਨ, ਵਾਜੀਰ-ਵਜੀਰ, ਬਜੀਰ, ਵਿਸ਼ੇਸ਼-ਬਿਸੇਸ, ਠਠਾਰ-ਠਠਿਆਰ, ਪਰਵਾਨ-ਪ੍ਰਵਾਹ, ਪਰਿਵਾਰ, ਬ੍ਰਿਤ-ਵਤ, ਵਵੇਕ, ਬਬੇਕ-ਵਿਬੇਕ, ਸਿਰਪਾਇ-ਸਿਰੋਪਾਉ-ਸਿਰੋਪਾਯ, ਪਰਸੰਗ-ਪ੍ਰਸੰਗ, ਕਿਰਪਾਲ-ਕ੍ਰਿਪਾਨ, ਪਸੰਨ-ਪਰਸੰਨ ਆਦਿ ।

ਕਈ ਸ਼ਬਦਾਂ ਤੇ 'ਲ' ਦੀ ਥਾਂ 'ਰ' ਦਾ ਪ੍ਰਯੋਗ ਕੀਤਾ ਗਿਆ ਮਿਲਦਾ ਮਿਲਦਾ ਹੈ ਜਿਵੇਂ :

ਗੋਰੀ=ਗੋਲੀ, ਪਰਨਾਰਾ=ਪਰਨਾਲਾ, ਗਰ=ਗਲ, ਵਾਰੇ=ਵਾਲੇ, ਬਾਬ=ਵਾਲ, ਨਾਰਾ=ਨਾਲਾ ਆਦਿ ।

ਕਈ ਥਾਂਈ 'ੜ' ਦੀ ਥਾਂ 'ਰ' ਦਾ ਪ੍ਰਯੋਗ ਵੀ ਕੀਤਾ ਗਿਆ ਹੈ ਜਿਵੇ :

ਉਜਾਰ-ਉਜਾੜ, ਰੂਰਾ-ਰੂੜਾ, ਲਰਤ-ਲੜਤ, ਘੋਰਾ-ਘੋੜਾ, ਮਾਛੀਵਾਰਾ-ਮਾਛੀਵਾੜਾ,

ਪਹਾਰ-ਪਹਾੜ, ਲੈਰਾਇ-ਲੈੜਾਇ, ਛੋਰ-ਛੋੜ, ਅਰੈ-ਅੜੇ, ਲੋਰ-ਲੋੜ, ਲਕਰੀ-ਲਕੜੀ ਆਦਿ ।

ਦੁਆਬੀ ਉਪ-ਭਾਸ਼ਾ ਦੇ ਪ੍ਰਭਾਵ ਕਾਰਨ 'ਵ' ਦੀ ਥਾਂ 'ਬ' ਪ੍ਰਯੋਗ ਕੀਤਾ ਮਿਲਦਾ ਹੈ ਜਿਵੇਂ ਬਿਚ, ਬਡਾਈ, ਬੀਚਾਰ, ਬਾਰ, ਬੇਡ, ਬੇਦ, ਬੀਰ; ਬੰਸ ਆਦਿ ।

ਗੁਰ ਬਿਲਾਸ ਬਾਬਾ ਸਾਹਿਬ ਸਿੰਘ ਬੇਦੀ ਦਾ ਉਤਾਰਾ ਕਰਦਿਆਂ ਕਾਫੀ ਜ਼ਿਆਦਾ ਬਿੰਦੀਆਂ ਦਾ ਪ੍ਰਯੋਗ ਕੀਤਾ ਗਿਆ ਹੈ, ਜਿਸ ਨਾਲ ਅਰਥਾਂ ਦੇ ਅਨਰਥ ਹੋ ਜਾਂਦੇ ਹਨ । ਕੁਝ ਉਦਾਹਰਣਾ ਦੇਖੋ :

ਗਾਂਦੀ ਦੀ ਥਾਂ ਗਾਂਦੀ; ਬਾਗ ਦੀ ਥਾਂ ਬਾਂਗ ॥ ਆਖੈ ਦੀ ਥਾਂ ਆਂਖੈ. ਕਾਬਲ ਜੀ ਥਾਂ ਕਾਂਬਲ ਆਦਿ ॥

ਇਨ੍ਹਾਂ ਬਿੰਦੀਆਂ ਨੂੰ ਸੰਪਾਦਨ ਕਰਦਿਆਂ ਛੱਡ ਦਿਤਾ ਗਿਆ ਹੈ ਤਾਂ ਕੇ ਅਰਥਾਂ ਦੇ ਅਨਰਥ ਨ ਹੋਣ ।

ਭਾਈ ਸੋਭਾ ਰਾਮ ਨੇ ਕਈ ਸ਼ਬਦ ਸੁੰਦਰਤਾ ਪੈਦਾ ਕਰਨ ਲਈ ਸਿਰਜੇ ਹਨ ਜਾਂ ਬਦਲੇ ਹਨ ਜਿਵੇ

ਹਰੀ ਸਿੰਘ-ਹੁਰਿ ਮ੍ਰਿਗਿੰਦ, ਜਵਾਹਰ ਸਿੰਘ-ਜਵਾਹਰ ਨਾਹਰ, ਚੰਦਾ ਸਿੰਘ-ਸਸੀ ਹਰਿ, ਚੰਦਾ ਸਿੰਘ-ਚੰਦਾ ਕੇਹਰ, ਸਸਿ ਨਾਹਰ, ਬਾਂਦਰ-ਸਾਖ ਮ੍ਰਿਗਿੰਦ ਆਦਿ ।

ਕਈ ਸਥਾਨਾਂ ਤੇ ਕਵੀ ਨੇ ਸ਼ਬਦਾਂ ਦੇ ਗ਼ਲਤ ਰੂਪਾਂ ਦਾ ਪ੍ਰਯੋਗ ਵੀ ਕੀਤਾ ਹੈ, ਭਾਵੇਂ ਉਸ ਦਾ ਕਾਰਨ ਛੰਦ ਨੂੰ ਪੂਰਾ ਰੱਖਣਾ ਜਾਂ ਤੁਕਾਂਤ ਮਿਲਾਉਣਾ ਹੀ ਹੈ ਪਰ ਇਸ ਨਾਲ ਕਾਵਿ ਵਿਚ ਬੇਰਸੀ ਪੈਦਾ ਹੋਈ ਹੈ । ਕੁਝ ਉਦਾਹਰਣਾਂ ਦੇਖੋ :

ਜੋਗੀ ਜੈਸ ਪਰਮ ਤਤ ਪਾਵੈ ॥<br>ਸੰਤਤ ਰੋਖੀ ਅੰਮ੍ਰਿਤ ਖਾਵੇ ॥<br>ਚਾਰ ਸੁਸਾਹਬ ਪੂਰਾ ਸੁ ਭੇਜੇ ॥<br>ਜਾਵੋ ਬਿਨਤੀ ਹਮਰੀ ਕੇਜੇ ॥

ਉਪਰੋਕਤ ਅਧਿਐਨ ਤੋਂ ਸਪਸ਼ਟ ਹੈ ਕਿ ਭਾਵੇਂ ਭਾਈ ਸੋਭਾ ਰਾਮ ਨੇ ਸਾਧ ਭਾਸ਼ਾ ਪ੍ਰਯੋਗ ਕੀਤਾ ਹੈ ਜਿਸ ਵਿਚੋਂ ਸੰਸਕ੍ਰਿਤ ਤੇ ਫ਼ਾਰਸੀ ਆਦਿ ਕਲਾਸੀਕਲ ਭਾਸ਼ਾਵਾਂ ਦੀ ਤਤਸਮ ਤੇ ਤਦਭਵ ਸ਼ਬਦਾਵਲੀ ਕਾਫ਼ੀ ਮਾਤਰਾ ਵਿਚ ਮਿਲਦੀ ਹੈ ਪਰ ਮੁਖ ਰੂਪ ਵਿਚ ਇਹ ਪੰਜਾਬੀ ਪ੍ਰਧਾਨ ਸਾਧ ਭਾਸ਼ਾ ਹੈ, ਜਿਸ ਨੂੰ ਸਹਿਜੇ ਹੀ ਬਿਨਾ ਕਿਸੇ ਵਿਸ਼ਿਸ਼ ਯਤਨ ਦੇ ਸਮਝਿਆ ਜਾ ਸਕਦਾ ਹੈ । ਇਹ ਪੰਜਾਬੀ ਲੋਕ ਭਾਸ਼ਾ ਦੇ ਨੇੜੇ ਦੀ ਸਾਧ ਭਾਸ਼ਾ ਹੈ । ਧਾਰਮਕ ਬਿਰਤੀਆਂ ਵਾਲੇ ਲੋਕ ਸਹਿਜੇ ਹੀ ਇਸ ਦਾ ਆਨੰਦ ਮਾਣ ਸਕਦੇ ਹਨ ।

**ਕਾਵਿ ਸ਼ੈਲੀ**

ਕਵੀ ਨੇ ਮੁਖ ਰੂਪ ਵਿਚ ਬਿਰਤਾਂਤਿਕ ਸ਼ੈਲੀ ਦਾ ਪ੍ਰਯੋਗ ਕੀਤਾ ਹੈ ਜਿਸ ਦਾ ਕਾਰਨ ਹੈ ਕਿ ਉਨ੍ਹਾਂ ਦਾ ਮਨੋਰਥ ਆਪਣੇ ਸ਼ਰਧਾ-ਪਾਤਰ ਤੇ ਨਾਇਕ ਦਾ ਜੀਵਨ ਚਰਿਤ ਲਿਖਣਾ ਹੈ ਤੇ ਲਿਖਣਾ ਵੀ ਪੂਰੀ ਸ਼ਰਧਾ ਨਾਲ ਹੈ । ਇਸ ਲਈ ਉਨ੍ਹਾਂ ਦੇ ਜੀਵਨ ਵਿਚ ਵਾਪਰਨ ਵਾਲੀ ਹਰ ਘਟਨਾ ਨੂੰ ਬਿਰਤਾਂਤਿਕ ਰੂਪ ਵਿਚ ਪੇਸ਼ ਕੀਤਾ ਹੈ । ਨਾਇਕ ਦੇ ਜਨਮ ਤੋਂ ਲੈ ਕੇ ਪਰਲੋਕ ਗਮਨ ਤੱਕ ਵਾਪਰੀਆਂ ਘਟਨਾਵਾਂ ਦਾ ਬਿਆਨ ਕਰਨਾ ਹੀ ਕਵੀ ਦਾ

ਮਨੋਰਥ ਸੀ । ਉਹ ਇਸ ਵਿਚ ਸਫਲ ਰਿਹਾ ਹੈ, ਇਸ ਕਾਰਨ ਮੁਖ ਰੂਪ ਵਿਚ ਬਿਰਤਾਂਤਿਕ ਰੰਗ ਰੂਪ ਵਾਲੀ ਸ਼ੈਲੀ ਹੀ ਪ੍ਰਮੁੱਖ ਹੈ ਪਰ ਕਈ ਥਾਈ ਪ੍ਰਸੰਗ-ਵਸ ਜਾਂ ਨੀਰਸਤਾ ਨੂੰ ਦੂਰ ਰਖਣ ਲਈ ਕਥਾ-ਸ਼ੈਲੀ ਸੰਬੋਧਨੀ ਸ਼ੈਲੀ, ਦਾਰਸ਼ਨਿਕ ਸ਼ੈਲੀ, ਸ਼ਬਦ-ਜਾਲ-ਪ੍ਰਧਾਨ-ਸ਼ੈਲੀ ਆਦਿ ਦਾ ਸਫ਼ਲ ਪ੍ਰਯੋਗ ਕੀਤਾ ਹੈ । ਕੁਝ ਉਦਾਹਰਣ ਦੇਖੋ :

**ਕਥਾ ਸ਼ੈਲੀ**

ਭਾਈ ਸੋਭਾ ਰਾਮ ਨੇ ਕਥਾਕਾਰਾਂ ਵਾਂਗ ਬਾਬਾ ਸਾਹਿਬ ਸਿੰਘ ਦੀ ਗਾਥਾ ਸੁਣਾਈ ਹੈ ਜਿਸ ਕਾਰਨ ਕਈ ਥਾਈਂ ਕਥਾ ਸ਼ੈਲੀ ਦੇ ਦਰਸ਼ਨ ਹੁੰਦੇ ਹਨ । ਕੁਝ ਉਦਾਹਰਣਾਂ ਪੇਸ਼ ਹਨ :

ਸੁਨੀਏ ਸੇਵਾ ਸਿੰਘ ਰਸਾਲੀ ॥
ਆਦ ਕਹੋਂ ਗੁਰ ਕੀ ਪ੍ਰਨਾਲੀ ॥
-ਬਹੁੜਿ ਸੁਨੋ ਗੁਰ ਕੋ ਅਵਤਾਰੂ ॥
ਜਾਹਿ ਕਥਨ ਤੇ ਜਨਮ ਸੁਧਾਰੂ ॥ ਆਦਿ ॥

**ਸੰਬੋਧਨ ਸ਼ੈਲੀ**

ਕਈ ਵਾਰ ਕਵੀ ਜਾਂ ਚਰਿਤ ਕਾਵਿ ਦਾ ਕੋਈ ਪਾਤਰ ਸਿੱਧਾ ਸੰਬੋਧਨ ਕਰਕੇ ਆਪਣੀ ਗਲ ਸਮਝਾਉਂਦਾ ਹੈ ਜਾਂ ਕੋਈ ਵਿਚਾਰ ਪੇਸ਼ ਕਰਦਾ ਹੈ ਉਥੇ ਸੰਬੋਧਨੀ ਸ਼ੈਲੀ ਦੇ ਦਰਸ਼ਨ ਹੁੰਦੇ ਹਨ । ਗੁਰਬਿਲਾਸ ਵਿਚੋਂ ਉਦਾਹਰਣਾਂ ਦੇਖੋ :

-ਸ੍ਰੀ ਕਮਲਾਨਨ ਕਹਿਤ ਭੇ ਸੁਨੋ ਸਿਖ ਰਿਦਧਾਰ ॥
ਪ੍ਰਿਥਮੇ ਨਵਧਾ ਭਗਤਿ ਹੈ ਦੂਜੀ ਪ੍ਰੇਮਾ ਧਾਰ ॥
-ਪਾਛਲ ਚਰਿਤ ਸੁਨੇ ਮਨੁ ਲਾਈ ॥
ਜੋ ਜੋ ਕੀਨੋ ਗੁਰ ਸੁਖਦਾਈ ॥ ਆਦਿ ।

**ਦਾਰਸ਼ਨਿਕ ਸ਼ੈਲੀ**

ਗੂੜ੍ਹੇ ਦਾਰਸ਼ਨਿਕ ਵਿਸ਼ਿਆਂ ਨੂੰ ਜਦੋਂ ਕਵੀ ਪੇਸ਼ ਕਰਦਾ ਹੈ ਤਾਂ ਸਹਿਜੇ ਹੀ ਦਾਰਸ਼ਨਿਕ ਰੰਗਣ ਵਾਲੀ ਸ਼ੈਲੀ ਦੇ ਦਰਸ਼ਨ ਹੁੰਦੇ ਹਨ । ਭਾਈ ਸੋਭਾ ਰਾਮ ਨੇ ਇਸ ਦਾ ਪ੍ਰਯੋਗ ਵੀ ਕੀਤਾ ਹੈ । ਕੁਝ ਮਿਸਾਲਾਂ ਪੇਸ਼ ਹਨ :

-ਧਯਾਤਾ ਧਯਾਤ੍ਰ ਧੇਯ ਜੋ ਆਈ ॥
ਤ੍ਰਿਕੁਟੀ ਰੂਪ ਸਰਬ ਬ੍ਰਹਮ ਭਾਈ ॥
-ਅਖੰਡ ਅਛੇਦੁ ਅਭੇਦੁ ਹੈ ਅਬਿਨਾਸ਼ੀ ਸੋ ਦੇਵ ॥
ਅਨਨ ਅਗ੍ਰਾਹਯ ਅਦਾਹਯ ਹੈ ਸਦਹੁ ਅਲਖ ਅਭੇਵ ॥
ਸਚਿਦਾਨੰਦ ਬਿਗਯਾਨ ਘਨ ਹੋ ਸਤਯੰ ਗਯਾਨ ਅਨੰਤ ॥
ਹੈ ਅਕ੍ਰੈ ਅਦ੍ਵੈ ਰੂਪ ਤਿਹ ਯੋ ਭਾਖਤ ਹੈ ਸੰਤ ॥

**ਸ਼ਬਦ-ਜਾਲ ਪ੍ਰਧਾਨ ਸ਼ੈਲੀ**

ਕਈ ਵਾਰ ਕਵੀ ਸ਼ਬਦਾਂ ਦਾ ਅਜਿਹਾ ਪ੍ਰਯੋਗ ਕਰਦਾ ਹੈ ਕਿ ਉਹ ਸ਼ਬਦ-ਜਾਲ ਹੀ ਬਣ ਕੇ ਰਹਿ ਜਾਂਦਾ ਹੈ । ਭਾਈ ਜੀ ਨੇ ਵੀ ਇਸ ਪ੍ਰਕਾਰ ਦੀ ਸ਼ੈਲੀ ਦਾ ਪ੍ਰਯੋਗ ਕੀਤਾ ਹੈ ।

ਉਦਾਹਰਣ ਵੇਖੋ :

ਅਲੇਖੰ ਅਭਖੰ ਅਕੰਥੰ ਅਲੇਖੰ ॥
ਅਮੋਹੰ ਅਦੋਹੰ ਅਜੋਹੰ ਅਭੇਖੰ ॥
ਨਮਿਤਯੰ ਕਿਤਯੰ ਸੁਨਿਤਯੰ ਅਜਿਤਯੰ ॥
ਅਮਾਯੰ ਸੁਦਾਯੰ ਸਹਾਯੰ ਸੁਚਿਤਯੰ ॥ ਆਦਿ

**ਪ੍ਰਸ਼ਨੋਤਰੀ ਸ਼ੈਲੀ**

ਚਰਿਤ ਨਾਇਕ ਪਾਸ ਲੋਕ ਆ ਕੇ ਸ਼ੰਕਾ ਨਵਿਰਤੀ ਲਈ ਪ੍ਰਸ਼ਨ ਕਰਦੇ ਹਨ ਜਿਨ੍ਹਾਂ ਦੇ ਉਹ ਉੱਤਰ ਦਿੰਦਾ ਹੈ। ਉਥੇ ਪ੍ਰਸ਼ਨੋਤਰੀ ਸ਼ੈਲੀ ਹੁੰਦੀ ਹੈ। ਗੁਰਬਿਲਾਸ ਵਿਚੋਂ ਕੁਝ ਉਦਾਹਰਣ ਦੇਖੋ :

-ਜੋਗੀ ਰੀਤ ਕਰ ਮਯਾ ਬਤਾਵੋ ॥
ਦਾਸ ਜਾਨ ਸੁਭ ਮਾਰਗ ਪਾਵੋ ॥
-ਚੰਦਾ ਸਿੰਘ ਹਰਖਤ ਭਯੋ ਬਿਨੇ ਭਨੀ ਕਰੁ ਜੋਰੁ ॥
ਏਕ ਪ੍ਰਸਨ ਕਾ ਉਤ੍ਰ ਸੁਭ ਦੀਜੇ ਸਤਿਗੁਰ ਮੋਰ ॥ ਆਦਿ

**ਸੰਗੀਤਾਤਮਕ ਸ਼ੈਲੀ**

ਕਵੀ ਕਈ ਵਾਰ ਦੂਹਰਾ ਅਨੁਪ੍ਰਾਸ ਵਰਤ ਕੇ ਸੰਗੀਤ ਪੈਦਾ ਕਰਦਾ ਹੈ। ਇਸ ਨੂੰ ਸੰਗੀਤਾਤਮਕ ਸ਼ੈਲੀ ਆਖਿਆ ਜਾਂਦਾ ਹੈ। ਉਦਾਹਰਣ ਵੇਖੋ :

ਕਬਹੂ ਹਾਸੇ ਕਬਹੂ ਗਾਵੈ ॥
ਕਬਹੂੰ ਨਿਰਤੰ ਕਰੈ ਹੁਲਸਾਵੇ ॥
ਕਬਹੂ ਰੋਵੈਂ ਊਚ ਪੁਕਾਰੇ ॥
ਕਬਹੂੰ ਗਿਰੰਤੀ ਖਾਇ ਭਵਾਰੇ ॥

**ਵਿਸਤਾਰ-ਰੁਚੀ**

ਭਾਈ ਸੋਭਾ ਰਾਮ ਵਿਚ ਵਿਸਤਾਰ-ਰੁਚੀ ਦੇ ਕਈ ਥਾਈਂ ਦਰਸ਼ਨ ਹੁੰਦੇ ਹਨ। ਜਿਥੇ ਉਸ ਨੂੰ ਆਪਣੇ ਵਿਚਾਰਾਂ ਦੇ ਪ੍ਰਗਟ ਕਰਨ ਦਾ ਮੌਕਾ ਮਿਲਦਾ ਹੈ ਉਥੇ ਕਾਫੀ ਵਿਸਤਾਰ ਤੋਂ ਕੰਮ ਲੈਂਦਾ ਹੈ। ਹਿੰਸਾ ਬਾਰੇ ਉਸ ਨੇ ਬੜਾ ਲੰਮਾ ਚੌੜਾ ਵਿਖਿਆਨ ਦਿਤਾ ਹੈ। ਇਸੇ ਤਰ੍ਹਾਂ ਹੀ ਭਗਤੀ ਬਾਰੇ ਜਦੋਂ ਕੋਈ ਸਿੱਖ ਬਾਬਾ ਸਾਹਿਬ ਸਿੰਘ ਨੂੰ ਪੁਛਦਾ ਹੈ ਤਾਂ ਫਿਰ ਭਾਈ ਜੀ ਨੇ ਨਵਧਾ ਭਗਤੀ ਦੀ ਪੂਰੀ ਵਿਆਖਿਆ ਕੀਤੀ ਹੈ ਭਾਵੇਂ ਇਹ ਬੇਲੋੜਾ ਵਿਸਤਾਰ ਨੀਰਸਤਾ ਪੈਦਾ ਕਰਦਾ ਹੈ।

**ਨੀਤੀ ਵਾਕ**

ਪ੍ਰਾਚੀਨ ਕਾਲ ਤੋਂ ਹੀ ਕਵੀ ਆਪਣੀਆਂ ਰਚਨਾਵਾਂ ਵਿਚ ਲੋਕ ਅਨੁਭਵ ਵਿਚ ਆਈਆਂ ਸਚਾਈਆਂ ਨੂੰ ਅੰਕਿਤ ਕਰਦੇ ਆਏ ਹਨ। ਇਉਂ ਇਹ ਲੋਕ-ਸਤਿ ਨੀਤੀ-ਬਚਨ ਬਣ ਜਾਂਦੇ ਹਨ ਜਿਨ੍ਹਾਂ ਨੂੰ ਧਾਰਨ ਕਰ ਕੇ ਸਾਧਾਰਨ ਲੋਕ ਜ਼ਿੰਦਗੀ ਦੇ ਰਾਹਾਂ ਤੇ ਚਲਦਿਆਂ ਦੁਨਿਆਵੀ ਸਫਲਤਾ ਪ੍ਰਾਪਤ ਕਰਦੇ ਹਨ। ਭਾਈ ਸੋਭਾ ਰਾਮ ਨੇ ਵੀ ਇਸ ਗ੍ਰੰਥ ਵਿਚ ਕੁਝ ਨੀਤੀ ਬਚਨ ਅੰਕਿਤ ਕੀਤੇ ਹਨ। ਇਕ ਦੋ ਉਦਾਹਰਣਾਂ ਦੇਖੋ :

-ਸਿੰਘ ਸਾਂਪ ਨ੍ਰਿਪ ਜੁਵਤਿ ਜਨ ਜਲ ਅਸਿ ਅਗਨਿ ਅਤੀਤ ॥
ਇਨ ਤੇ ਮਨ ਭੈ ਸਦ ਕਰੋ ਮਤ ਸਮਝੋ ਮਨੁ ਮੀਤ ॥
-ਰਿਪੁ ਸਨ ਕਰਨ ਮਿਤ੍ਰਤਾ ਐਸੇ ॥
ਕੇਹਰ ਅਹਿ ਨਿਸ ਪ੍ਰੀਤੀ ਜੈਸੇ ॥
-ਦੁਸਟ ਬਿਗਾਰਤ ਔਰ ਕੋ ਬੁਰੋ ਕੁਸੰਗੀ ਸਾਥ ॥
ਚੋਰ ਜਾਰ ਘਟ ਪਾਰ ਖਲ ਇਨ ਸੇ ਕਰੋ ਨ ਗਾਥ ॥

ਆਪਣੀ ਗੱਲ ਨੂੰ ਸਪਸ਼ਟ ਤੇ ਸੰਖਿਪਤ ਰੂਪ ਵਿਚ ਅਭਿਵਿਅਕਤ ਕਰਨ ਲਈ ਭਾਈ ਜੀ ਨੇ ਮਿਥਿਹਾਸਕ ਕਥਾਵਾਂ ਦੇ ਹਵਾਲੇ ਦਿਤੇ ਹਨ। ਇਸ ਲਈ ਭਾਰਤੀ ਮਨ ਵਿਚ ਅੰਕ੍ਰਿਤ ਲੰਮੀਆਂ ਕਥਾਵਾਂ ਨਾ ਦੇ ਕੇ ਲੰਮੀ ਕਥਾ ਨੂੰ ਸੰਕੇਤ ਨਾਲ ਹੀ ਅੰਕਿਤ ਕਰ ਦਿਤਾ ਹੈ। ਰਾਮ ਚੰਦਰ, ਸੀਤਾ, ਹਨੂਮਾਨ, ਪਾਰਵਤੀ, ਅਕਰੂਰ, ਪਰੂਰਵਾ, ਅੰਬਰੀਕ ਆਦਿ ਮਿਥਿਹਾਸਕ ਪੌਰਾਣਿਕ ਵਿਅਕਤੀਆਂ ਦੇ ਹਵਾਲੇ ਮਿਲਦੇ ਹਨ, ਜਿਸ ਤੋਂ ਪਤਾ ਲਗਦਾ ਹੈ ਕਿ ਭਾਈ ਜੀ ਨੂੰ ਭਾਰਤੀ ਪੌਰਾਣਿਕ ਸਾਹਿਤ ਬਾਰੇ ਕਾਫੀ ਗਿਆਨ ਸੀ ਤੇ ਉਹ ਆਪਣੀ ਪਰੰਪਰਾ ਨਾਲ ਪੂਰੀ ਤਰ੍ਹਾਂ ਜੋੜੇ ਹੋਏ ਹਨ।

**ਸੰਪਾਦਨ ਵਿਧੀ :**

**'ੳ' ਪੋਥੀ**

'ਗੁਰ ਬਿਲਾਸ ਬਾਬਾ ਸਾਹਿਬ ਸਿੰਘ ਬੇਦੀ ਜੀ ਕਾ' ਦੇ ਸੰਪਾਦਨ ਲਈ ਮੋਤੀ ਬਾਗ ਲਾਇਬਰੇਰੀ, ਪਟਿਆਲਾ ਵਿਚ ਸੁਰਖਿਅਤ ਪੋਥੀ ਨੂੰ ਆਧਾਰ ਪੋਥੀ ਬਣਾਇਆ ਗਿਆ ਹੈ ਕਿਉਂਕਿ ਉਪਲਬਧ ਉਤਾਰਿਆ ਵਿਚ ਇਹ ਸਭ ਤੋਂ ਪੁਰਾਤਨ ਹੈ ਇਸ ਦਾ ਅਕਸੈਸ਼ਨ ਨੰ : 24 ਹੈ। ਇਸ ਨੂੰ 'ੳ' ਪੋਥੀ ਮੰਨਿਆ ਹੈ।

ਇਸ ਪੋਥੀ ਦਾ ਆਕਾਰ ਇਸ ਪ੍ਰਕਾਰ ਹੈ : 13-¼-"× 7-¼-" ਲਿਖਤ 9-½"× 5"। ਇਸ ਦੇ 391 ਪਤਰੇ ਹਨ। ਹਰ ਪਤਰੇ ਤੇ 13 ਪੰਗਤੀਆਂ ਹਨ। ਕਾਗਜ਼ ਦੇਸੀ ਹੈ। ਹਾਸ਼ੀਆ ਰੰਗੀਨ ਲਕੀਰਾਂ ਵਾਲਾ ਹੈ। ਛੰਦਾਂ ਦੇ ਨਾਮ ਤੇ ਸਿਰਲੇਖ ਨਾਲ ਨਾਲ ਲਿਖੇ ਹੋਏ ਹਨ।

ਇਸ ਦਾ ਉਤਾਰਾ ਕਰਨ ਵਾਲਾ ਨਾਥੀ ਰਾਮ ਹੈ ਜਿਸ ਬਾਰੇ ਨਾ ਤਾਂ ਗ੍ਰੰਥ ਵਿਚੋਂ ਜਾਣਕਾਰੀ ਮਿਲਦੀ ਹੈ ਤੇ ਨਾ ਹੋਰ ਕਿਸੇ ਪਾਸਿਓਂ ਉਸ ਬਾਰੇ ਪਤਾ ਲੱਗ ਸਕਿਆ ਹੈ। ਉਸ ਨੇ ਆਪਣੀ ਵਲੋਂ ਇਕ ਦੋਹਰਾ ਲਿਖਿਆ ਹੈ :

ਲਿਖਣਹਾਰ ਭੂਲੇ ਸਦਾ ਪੜੀਓ ਸੁਧਿ ਬਨਾਇ ॥
ਮਾਨਸ ਭੂਲੇ ਛਿਨਕ ਮੈ ਹੈ ਅਭੂਲ ਰਘੁਰਾਇ ॥ ॥ 1 ॥

ਇਸ ਉਪਰੰਤ ਵਾਰਤਕ ਵਿਚ ਨੋਟ ਲਿਖਿਆ ਹੈ :

"ਕ੍ਰਿਤ ਕਵਿ ਭਾਈ ਸੋਭਾ ਰਾਮ ਅੜਣਸ਼ਾਹੀ ਕੀ ਭਾਈ ਗੁਰਦਿਤ ਰਾਮ ਕਾ ਜਗਿਆਸੀ ਤਿਸਨੇ ਸ੍ਰੀ ਗੁਰ ਬਿਲਾਸ ਕੀਤਾ ਬਾਰੇ ਸਾਹਿਬ ਸਿੰਘ ਜੀ ਕਾ ॥ 1 ॥ 1 ॥

ਅਥ ਸੁਭ ਸੰਮਤੁ 1915 ਮਿਤੀ ਅਸੂ ਦਿਨੇ 24 ਵਾਰ ਸੁਕਰ ਦਿਨੇ ਦੇਵੀ ਕਾ ਵਰਤੁ ਲਿਖਤ ਸਮਾਪਤੰ ॥ 1 ॥ 1 ॥

ਬਕਲਮ ਨਾਥੀ ਰਾਮ॥ ਇਤ ਸ੍ਰੀ ਗੁਰੂ ਬਾਬਾ ਸਾਹਿਬ ਸਿੰਘ ਹਰਿ ਪਰਿਵਾਸ॥ ਭੁੱਲ ਚੁਕ ਬਖਸੇ ਸਤਿਗੁਰੂ॥".

ਇਸ ਪੋਥੀ ਦੇ ਲਿਖਾਰੀ ਨੇ ਪੋਥੀ ਦੇ ਹਾਸ਼ੀਏ ਵਿਚ ਕਈ ਥਾਈਂ ਸੁਧਾਈ ਕੀਤੀ ਹੈ, ਪਰ ਕੁਝ ਕੁ ਥਾਵਾਂ ਤੇ ਪੰਗਤੀਆਂ ਲਿਖਣੋਂ ਰਹਿ ਗਈਆਂ ਹਨ। ਸੁਧਾਈ ਕਰਨ ਲਈ ਉਨ੍ਹਾਂ ਤੇ ਨਿਸ਼ਾਨ ਲਗਾਏ ਹਨ ਪਰ ਕਿਸੇ ਕਾਰਨ ਵਸ ਸੁਧਾਈ ਨਹੀਂ ਹੋ ਸਕੀ।

ਇਹ ਪੋਥੀ ਕਾਫ਼ੀ ਸੁਧ ਲਿਖੀ ਹੋਈ ਹੈ। ਥਾਂਵੀਆਂ ਥਾਂਵੀਆਂ ਗਲਤੀਆਂ ਤੇ ਉਕਾਈਆਂ ਨੂੰ ਹੋਰ ਪੋਥੀਆਂ ਨਾਲ ਮੇਲ ਕੇ ਦੂਰ ਕੀਤਾ ਗਿਆ ਹੈ।

**'ਅ' ਪੋਥੀ**

ਸੰਪਾਦਨ ਅਧੀਨ ਗ੍ਰੰਥ ਦੇ ਪਾਠ-ਨਿਰਧਾਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਪਈ ਪੋਥੀ ਦਾ ਪ੍ਰਯੋਗ ਕੀਤਾ ਹੈ, ਜਿਸ ਦੀ ਪੁਰਾਤਨਤਾ ਨੂੰ ਮੁੱਖ ਰੱਖਦਿਆਂ ਇਸ ਨੂੰ 'ਅ' ਪੋਥੀ ਮੰਨਿਆ ਹੈ।

ਇਸ ਪੋਥੀ ਦਾ ਆਕਾਰ ਇਸ ਪ੍ਰਕਾਰ ਹੈ: 13" × 8½", ਲਿਖਤ 9¼" × 7"। ਇਸ ਦੇ 399 ਪਤਰੇ ਹਨ ਤੇ ਹਰ ਪਤਰੇ ਤੇ 19 ਪੰਕਤੀਆਂ ਹਨ। ਕਾਗਜ਼ ਦੇਸੀ ਹੈ ਤੇ ਪੋਥੀ ਚੰਗੀ ਹਾਲਤ ਵਿਚ ਹੈ। ਲਿਖਾਰੀ ਨੇ ਆਪਣਾ ਨਾਮ ਨਹੀਂ ਲਿਖਿਆ ਪਰ ਉਤਾਰਾ ਬੜਾ ਸੁਧ ਕੀਤਾ ਹੈ। ਲਿਖਾਈ ਵੀ ਸੁੰਦਰ ਹੈ, ਜੋ ਸਹਿਜੇ ਪੜ੍ਹੀ ਜਾ ਸਕਦੀ ਹੈ।

ਲਿਖਾਰੀ ਨੇ ਪੋਥੀ ਦੇ ਅਖੀਰ ਤੇ ਇਸ ਦੇ ਲਿਖਣ ਕਾਲ ਤੇ ਲਿਖਣ ਸਥਾਨ ਆਦਿ ਬਾਰੇ ਵਿਸਥਿਤ ਵਿਵਰਣ ਦਿਤਾ ਹੈ, ਜੋ ਨਿਮਨ ਅਨੁਸਾਰ ਹੈ:

'ਅਥ ਗੁਰ ਬਿਲਾਸ ਕ੍ਰਿਤ ਕਵਿ ਭਾਈ ਸੋਭਾ ਰਾਮ ਅਭਣਸ਼ਾਹੀ ਕੀ ਭਾਈ ਗੁਰਦਿਤ ਚੰਦ ਕੇ ਜਗਿਆਸੂ ਕੀ। ਅਥ ਸੁਭ ਸੰਮਤੁ ਰਾਜਾ ਬਿਕ੍ਰਮਾਜੀਤੁ ਕੋ॥ ਸੰਮਤੁ 1922 ਮਿਤੀ ਫਗਣ ਦਿਨੇ ਅਠਾਰਵੀ 18 ਫਗਣੁ ਸੁਦੀ ਤ੍ਰਿਓਦਸੀ ਸੰਪੂਰਨ ਕੀਤਾ ਸ੍ਰੀ ਅੰਮ੍ਰਿਤਸਰੁ ਜੀ ਸੁਧਾ ਸਰੋਵਰੁ ਕੇ ਕੰਢੇ ਪਰ ਬੈਠਿ ਕੇ ਰਚਨਾ ਰਚਾਈ ਭਾਈ ਸੋਭਾ ਰਾਮ ਨੇ, ਭੂਲਿ ਚੂਕਿ ਸ੍ਰੀ ਗੁਰੂ ਮਹਾਰਾਜ ਗੁਰੂ ਸਾਹਿਬ ਸਿੰਘ ਜੀ ਸਾਹਿਬਜ਼ਾਦੇ ਬਿਸਨ ਸਿੰਘ ਤੇਗਾ ਸਿੰਘ ਬਿਕ੍ਰਮ ਸਿੰਘ ਅਤਰੁ ਸਿੰਘ ਸੂਰਤ ਸਿੰਘ ਸੁਜਾਨ ਸਿੰਘ ਸਾਹਿਬਜ਼ਾਦਾ ਬਾਵਾ ਖੇਮ ਸਿੰਘ ਹੋਰੁ ਸਭਤੁ ਸਾਧ ਸੰਗਤ ਮਹਿਲੋਂ ਸੰਜੁਗਤਿ ਤਿਸ ਕੋ ਮੇਰੀ ਬੰਦਨਾ ਬਾਰੰਬਾਰ ਆਪਿ ਸਹਾਇ ਹੋਵੇ ॥ 1 ॥ 1 ॥ ਹਰੀ ਹਰਿ ਹਰੀ ਹਰਿ ॥ ਰਾਮ ਨਾਮ ਰਾਮ ਨਾਮ ॥ ਰਾਮ ਕ੍ਰਿਸਨ ਨਮੋ ਨਮ: ॥ 1 ॥

**'ੲ' ਪੋਥੀ :**

ਸੰਪਾਦਨ ਅਧੀਨ ਗ੍ਰੰਥ ਦੇ ਪਾਠ-ਨਿਰਧਾਰਨ ਲਈ ਰਸਾਲਦਾਰ ਗੁਰਬਿੰਦਰ ਸਿੰਘ ਸੇਖੋਂ ਢੱਕ ਬਾਜ਼ਾਰ, ਪਟਿਆਲਾ ਦੀ ਨਿੱਜੀ ਲਾਇਬ੍ਰੇਰੀ ਵਿਚ ਸੁਰਖਿਅਤ 'ਗੁਰ ਬਿਲਾਸ ਬਾਬਾ ਸਾਹਿਬ ਸਿੰਘ ਬੇਦੀ ਕਾ' ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਨੂੰ 'ੲ' ਪੋਥੀ ਮੰਨਿਆ ਹੈ ਕਿਉਂਕਿ ਇਹ ਪਹਿਲੀਆਂ ਦੋਨਾਂ ਪੋਥੀਆਂ ਤੋਂ ਮਗਰੋਂ ਲਿਖੀ ਗਈ ਹੈ :

ਇਸ ਪੋਥੀ ਦਾ ਆਕਾਰ ਇਸ ਪ੍ਰਕਾਰ ਹੈ : 12½" × 9½" ਲਿਖਿਤ 11½" × 8½", । ਇਸ ਦੇ 402 ਪਤਰੇ ਹਨ । ਹਰ ਪਤਰੇ ਤੇ ਤਕਰੀਬਨ 18 ਪੰਗਤੀਆਂ

## ਅਧਿਆਇ ਪਹਿਲਾ

## (ਬਾਬਾ ਸਾਹਿਬ ਸਿੰਘ ਦਾ ਜਨਮ ਤੇ ਬਚਪਨ)

ੴ[1] ਸਤਿਗੁਰ ਪ੍ਰਸਾਦਿ

ਅਥ ਗੁਰ ਬਿਲਾਸ ਸ੍ਰੀ ਗੁਰੂ ਬਾਬੇ ਸਾਹਿਬ ਸਿੰਘ ਜੀ ਕਾ ਲਿਖਯਤੇ ॥
ਕ੍ਰਿਤ ਭਾਈ ਕਵਿ[2] ਸੋਭਾ ਰਾਮ ਅਡਣਸ਼ਾਹੀ ਜੀ ਕੀਾ।

### (ਮੰਗਲਾਚਰਣ)

॥ ਦੋਹਰਾ ॥

ਸ੍ਰੀ ਗੁਰਬਾਨੀ ਗਣਪਤਹਿ ਨਾਯ ਸੀਸ ਕਰਿ ਜੋਰੁ ॥
ਕਰੁਣਾਕਰ ਕਰੁਣਾ ਕਰੋ ਦੀਜੈ ਆਪਨ ਜੋਰੁ ॥ 1 ॥
ਬੇਦਿ ਬੰਸਿ ਕੋ ਤਾਰਨੇ ਤਾਰਨ ਸਕਲ ਜਹਾਨ ॥
ਹੰਸ ਸਰੀਖੇ ਪ੍ਰਗਟ ਭਏ ਸ੍ਰੀ ਨਾਨਕ[3] ਸੁਖ ਦਾਨ ॥ 2 ॥
ਤ੍ਰੇਹਣ ਵੰਸ ਉਦੋਤਿ ਭਏ ਅੰਗਦ ਧਰਮ ਸੁਜਾਨ ॥
ਸਤ ਸੰਤੋਖਿ ਵਿਚਾਰ ਮਧ ਸਦਾ ਰਹੇ ਸਾਵਧਾਨ ॥ 3 ॥
ਬਾਈ ਮੰਜੀ ਬਖਸਿਯਨ ਭਲਿਯਨ ਕੁਲ ਸਿਰਮੌਰੁ ॥
ਕਾਮ ਕ੍ਰੋਧ ਲੋਭ ਕੋ ਦੀਨੋ ਕਰਿ ਬਿਨੁ ਜ਼ੋਰੁ ॥ 4 ॥
ਸੋਢ੍ਹ ਵੰਸੁ ਕੇ ਮੁਕਟਿ ਮਣਿ ਦੀਨੋ ਤਾਲ ਲਗਾਇ ॥
ਦਰਸੁ ਪਰਸਿ ਮਜਨੁ ਕੀਏ ਚਾਰ ਪਦਾਰਥੁ ਪਾਇ ॥ 5 ॥
ਸ੍ਰੀ[4] ਅਰਜਨ ਅਰਜੀ ਸੁਨੋ ਮੇਰੀ ਦੇ ਕੈ ਕਾਨ ॥
ਸ੍ਰੀ ਗੁਰ ਯਸੁ ਵਰਨਨ ਕਰੋ ਵਿਘਨ ਹੋਹਿ ਸਭ ਹਾਨ ॥ 6 ॥
ਨਰਨ[5] ਉਧਾਰਨ ਕਾਰਨੇ ਲੀਨੋ ਨਰੁ ਅਵਤਾਰੁ ॥
ਸਾਹਿਬ ਹਰਿ ਗੋਬਿੰਦ ਮਹਿ ਬਿਨ ਬੇਰੀ ਕਰਿ ਪਾਰ ॥ 7 ॥
ਹਰੀ ਰਾਇ ਹਰਿ ਰੂਪ ਭਏ ਧੀਰਜ ਧਾਮ ਅਪਾਰ ॥
ਹਰੀ ਕ੍ਰਿਸਨ ਤਿਹ ਸੁਵਨ ਭਏ ਜੋ ਦਾਯਕ ਫਲ ਚਾਰੁ ॥ 8 ॥
ਤੇਗ ਬਹਾਦਰ ਧਰਮ ਧੁਜ ਹਰਤਾ ਤੁਰਕਨ ਮੂਲ ॥
ਬੀਜ ਰਖਯੋ ਜਿਨ ਹਿੰਦੂ ਸੀਸ ਦੀਯੋ ਤ੍ਰਿਣ-ਤੂਲ ॥ 9 ॥

---

1. ਅ ਪੋਥੀ ੴ ਨਾਲ ਆਰੰਭ ਕੀਤੀ ਹੈ। 2. ਅ ਪੋਥੀ ਵਿਚ 3. ਅ ਪੋਥੀ ਗੁਰ ਨਾਨਕ
4. ਏ ਪੋਥੀ ਗੁਰੂ 5. ਏ ਪੋਥੀ ਲੋਕ

ਕਲਗੀਧਰ ਕੇ ਚਰਣ ਕੀ ਮਨੁ ਮੇਰੇ ਮਹਿ ਟੇਕ ॥
ਸੇਵਕੁ ਜਾਨ ਸੁ ਪਾਲ ਹੈ ਸਤਿਗੁਰ ਧਰਮ ਵਿਵੇਕ ॥ 10 ॥
ਸਰੁਤਿ ਪੁਰਣ ਇਤਿਹਾਸ ਕੋ ਸਾਰ ਨਿਕਾਸਯੋ ਗ੍ਰੰਥ ॥
ਸਭ ਗੁਰ ਸਿਖਨ ਕੇ ਲਿਯੇ ਗੁਰੂ ਰਚਾਯੋ ਗੁਰ ਗ੍ਰੰਥ ॥ 11 ॥
ਬੇਦਿ ਬੰਸੁ ਮਧ ਪ੍ਰਗਟਿ ਭਏ ਸਾਹਿਬੁ ਸਿੰਘ ਗੁਰ ਨਾਮ ॥
ਮਨੁਜ ਉਧਾਰਨਿ ਕਾਰਨੇ ਮਨੁਜ ਭਏ ਸੁਖ ਧਾਮ ॥ 12 ॥
ਭਾਨ[1] ਵੰਸੁ ਮਧੁ ਪ੍ਰਗਟ ਭਏ ਕਮਲ ਨੈਨ ਸ੍ਰੀ ਰਾਮ ॥
ਤਿਨ ਚਰਨਨਿ ਮਮ[2] ਬੰਦਨਾ ਦੇ ਹੈ ਅਪਨੋ ਨਾਮ ॥ 13 ॥
ਸਤਿਨਾਮ ਸਭ ਤੇ ਅਧਕਿ ਲੇਤ ਨ ਕੀਜੈ ਦੇਰਿ ॥
ਜਿਹ ਸਿਮਰਤਿ ਅਘਿ ਖੀਣ ਹ੍ਵੈ ਮਨ ਮੇਂ ਹਰਖਿ ਘਨੇਰਿ ॥ 14 ॥
ਗੁਰੂ ਨਾਨਕ ਥੀਂ ਆਦਿ ਲੇ ਸਤਨਾਮ ਸਭਿ ਜਾਪੁ ॥
ਸਤਿ ਸਰੂਪ ਜਾਨਵਤੋ ਮੇਟਤ ਤੀਨੋ ਤਾਪ ॥ 15 ॥
ਵਾਹਿਗੁਰੂ ਸਤਿਨਾਮ ਕੋ ਬੰਦਨ ਬਾਰੰਬਾਰੁ ॥
ਸ੍ਰੀ ਨਾਨਕ ਉਪਦੇਸਿ ਦੇ ਕਲਿ ਮੇਂ[3] ਕੀਯੋ ਉਧਾਰ ॥ 16 ॥

॥ ਚੌਪਈ ॥

ਵਾਹਿਗੁਰੂ ਵਰ ਸੁੰਦਰੁ ਨਾਮੂੰ ॥ ਸਦਾ ਸਵਾਰੇ ਹਮਰੇ ਕਾਮੂੰ ॥
ਜੋਗੀ ਜਤੀ ਮੁਨੀ ਬ੍ਰਹਮਚਾਰੀ ॥ ਸਿਮਰਤ ਨਾਮ ਭਏ ਸੁਖਿਆਰੀ ॥ 17 ॥
ਨਾਮ ਜਪਨ ਸਭ ਕੋ ਅਧਿਕਾਰ ॥ ਜੁਵਤੀ[4] ਪੁਰਖੁ ਜਿਤੇ ਸੰਸਾਰਾ ॥
ਜਿਨ ਜਿਨ ਲੀਨਾ ਨਾਮੁ ਭਰੋਸਾ ॥ ਤਿਨ ਨਹਿ ਕੋਊ ਲਾਗੇ ਦੋਸਾ ॥ 18 ॥
ਮਨ ਕਪਟੀ ਤੂ ਬਾਮੀ ਕਾਮੀ ॥ ਜਪੇ ਨਾਮ ਨਹਿ ਲੂਣ ਹਰਾਮੀ ॥
ਇਹ ਔਸਰ ਫਿਰਿ ਆਇ ਨ ਹਾਥਾ ॥ ਜਮ ਪਕੜੇ ਕੋ ਜਾਹਿ ਨ ਸਾਥਾ ॥ 19 ॥
ਗਰਬਿ ਕੀਨ[5] ਨਹਿ ਹਰਿ ਰਸੁ ਚਾਖੀ ॥ ਪ੍ਰਗਟਿ ਕਹਿਤ ਹੋ ਤਿਨ ਕੀ ਸਾਖੀ ॥
ਮਧ ਕੈਟਭ ਮਾਹਿਖਾ ਸੁਰ ਆਦੀ ॥ ਕੁੰਭ ਕਾਨ ਰਾਵਣੁ ਪਰਮਾਦੀ ॥ 20 ॥
ਸਹਸ੍ਰਬਾਹੁ ਬੁਰ[6] ਮਘ ਪਤਿ ਮੂਢਾ ॥ ਕਾਲਿਜਗਨ ਹੰਕਾਰ ਅਰੂਢਾ ॥
ਕਾਲਿਨੇਮ ਦੁਰਜੋਧਨ ਬੌਰਾ ॥ ਕਰਿ ਹੰਕਾਰੁ ਜੁ ਹੋਏ ਹੌਰਾ ॥ 21 ॥
ਰਕਤਬੀਜਾ ਸਠ ਕੰਸੁ ਕੇਸੀ[7] ॥ ਰਾਮ ਨ ਜਾਨਾ ਮਰੇ ਬਿਹੋਸੀ ॥
ਪਾਟ ਪਟੰਬਰ ਪਹਰਿ ਦਿਖਾਵੈ ॥ ਚੋਆ ਚੰਦਿਨ ਅੰਗਿ ਚੜਾਵੈ ॥ 22 ॥
ਕਰਨੀ ਕੁੰਡਲ ਕੰਚਨੁ ਦੇਹੀ ॥ ਕੰਕਨ ਅੰਗਦ ਮੁਕਟ ਧਰੇਹੀ ॥
ਸਿਹਜਾ ਸੁੰਦਰ ਲਾਲ ਨਿਹਾਲੀ ॥ ਨਾਮ ਬਿਨਾ[9] ਕਲਿ ਕਾਰੋ ਖਾਲੀ[8] ॥ 23 ॥
ਹਰਣਾਖੀ ਗ੍ਰਿਹਿ ਸੁੰਦਰ ਨਾਰੀ ॥ ਹੈ ਗੈ ਸੁਤ ਬਿਤ ਨਹਿ ਸੁਮਾਰੀ ॥

---

1. ੲ ਪੋਥੀ ਰਵਿ 2. ਅ ਪੋਥੀ ਪਰ 3. ਅ ਪੋਥੀ ਮੋ 4. ੲ ਪੋਥੀ ਨਾਰੀ 5. ਅ ਪੋਥੀ ਕੀਯੋ 6. ਅ ਪੋਥੀ ਅਰੁ 7. ਅ ਪੋਥੀ ਪਾਠਾਂਤਰ :-ਰਕਤ ਸੁ ਬੀਜ ਕੰਸ ਅਰੁ ਕੇਸੀ 8. ਅ ਪੋਥੀ ਨਾਮ ਬਿਨਾ ਕੁਛ ਗਯੋ ਨ ਛਾਲੀ

ਸੁੰਦਰ ਮੰਦਰੁ ਅਨਿਕ ਤਬੇਲੈ ॥ ਜਮ ਪਕੜੇ ਤਬ ਭੈਏ ਅਕੇਲੇ ॥ 24 ॥
ਛੁਟੈ ਜਮ ਤੇ ਜਿਨ ਮਨਿ ਆਸੂ ॥ ਸਿਮਰੈ ਵਾਹਗੁਰੂ ਸੁਖ ਰਾਸੂ ॥
ਬਹੁਰਿ ਨ ਜਨਮੈ ਜਗ ਮੋ ਆਈ ॥ ਕੇਵਲ ਕਲਿ ਮੈਂ ਨਾਮੁ ਬਡਾਈ ॥ 25 ॥

॥ ਦੋਹਰਾ ॥

ਨਾਮ ਨ[1] ਜਪਹਿ ਅਕ੍ਰਿਤਘਨ ਜੋ ਦਾਇਕ ਫੂਲ ਚਾਰੁ ॥
ਕਲਿ ਬਡਿਆਈ ਜਾਤ ਮੋ ਉਰਝੇ ਮੰਦ ਗਵਾਰ ॥ 26 ॥
ਕੰਚਨਿ ਹੀਰੇ ਰਤਨ ਬੁਹ ਦਏ ਕਾਚ ਹਿਤ ਹੋਇ[2] ॥
ਨਾਮ ਨ ਚੇਤਹਿ ਗੁਰਹਿ ਮਿਲ ਆਇ ਗਏ ਦੁਖ ਹੋਇ ॥ 27 ॥

॥ ਚੌਪਈ ॥

ਤਾਤੇ ਜਪੀਐ ਨਾਮ ਪਿਆਰੇ ॥ ਜਾਂਤੇ ਪਾਵੋ ਸੁਖ ਅਪਾਰੇ ॥
ਸੈਨ ਤ੍ਰਿਲੋਚਨਿ ਨਾਰਦ ਆਦਿ ॥ ਧ੍ਰੁਵ ਪ੍ਰਹਿਲਾਦਿਕ ਅਰ ਸਨਕਾਦਿ ॥ 28
ਅੰਬਰੀਕ ਰਵਿਦਾਸ ਸੁ ਧੰਨਾ ॥ ਕਬੀਰ ਪਰੂਰਵ ਭੀਲਨਿ ਜਨਾ ॥
ਅਜਾਮਲ ਉਧਵ ਅੰਕੂਰੰ[3] ॥ ਨਾਮ ਅਰਾਧੈ ਭਏ ਠਰੂਰੰ[4] ॥ 29 ॥

॥ ਦੋਹਰਾ ॥

ਤੀਨ ਲੋਕਿ ਜੁਗ ਚਾਰਿ ਮੋ ਵਾਹਿਗੁਰੂ ਸੁਖ ਦਾਨ ॥
ਜਿਨ ਜਿਨ ਜਪਿਯੋ ਪ੍ਰੇਮ ਕਰਿ ਤਿਨ ਭਾ ਪੂਰਨ ਗਯਾਂਨ ॥ 30 ॥

॥ ਚੌਪਈ ॥

ਗੁਰ ਪਦ ਨੀਰਜ ਬੰਦਨੁ ਕੀਜੈ ॥ ਮੋਹਿ ਆਦਿ ਬੰਧਨੁ ਸੁਭ ਛੀਜੈ ॥
ਗੁਰੂ ਰੇਂਨ ਹੈ ਚੂਰਨ ਚਾਰੂ ॥ ਦੇਹੋ ਹੰ ਜੂਰ ਦੇਤ ਬਿਦਾਰੂ ॥ 31 ॥
ਨਖ ਸਿਖ ਆਦਿ ਗੁਰੂ ਕੀ ਦੇਹੀ ॥ ਜਾਹਿ ਦਿਖੰਤ ਮਨ ਭਯੋ ਸਨੇਹੀ ॥
ਪਾਦ ਕੰਜ ਸੁਭ ਗੰਧਹਿ ਧੂਰੀ ॥ ਮਨ ਮਧੁਕਰ[5] ਤਜ ਰਹੈ ਨ ਦੂਰੀ ॥ 32 ॥
ਸਾਧ ਸਮਾਜ ਸਕਲ ਗੁਨ ਖਾਨੀ ॥ ਨਮੋ ਕੀਏ ਸੁਭ ਹੋਵਤ ਕਾਨੀ ॥
ਗੰਗਾ ਪਾਰੁਸ ਚੰਦਨ ਸਾਧੂ ॥ ਸਕ੍ਰਤ ਮਿਲੇ ਸੁਧ ਹੈ ਬਯਾਧੂ ॥ 33 ॥
ਤਿਨ ਕੇ ਚਰਨਨ ਕਰੰ ਪ੍ਰਨਾਮੂ ॥ ਜਿਨ ਮਿਲ ਗਯਾਂਨ ਆਇ ਹੈ ਬਾਂਮੂ ॥
ਜੰਗਮ ਤੀਰਥੁ ਪੁਹਮੀ ਮਾਹੀ ॥ ਜਹੰ ਵਿਚਰਤ ਤਿਹ ਮੁਕਤਿ ਕਰਾਹੀ ॥ 34 ॥
ਤੇਨ ਮਨ ਕਰੰ ਉਪਕਾਰ ਕਰਾਈ ॥ ਛੋਨੀ ਤਰੂ ਕਪਾਸੰ ਨਿਆਈ ॥
ਮੇਰ ਇਲਾ ਵਤ ਰਹੇ ਅਡੋਲੀ ॥ ਸੰਪਤਿ ਬਿਪਤਾ ਇਕ ਸਮਤੋਲੀ ॥ 35 ॥
ਸਮ ਦਮ ਗਯਾਂਨ ਵਿਰਾਗੰ ਵਿਵੇਕੂ ॥ ਸੁਤ ਸੰਤੋਖੁ ਵਿਖੇ ਜਿਨੰ ਓਕੂ ॥
ਕਾਂਮਿ ਲੋਭਿ ਕੀਏ ਤਿਨ ਫੋਕੂ ॥ ਜਨਮ ਮਰਨ ਸਿਰ ਡਾਰਉ ਸੋਕੂ ॥ 36 ॥
ਨਾਮ ਉਦਧਿ ਤਿੰਨ ਕੇ ਮਨ ਮੀਨਾ ॥ ਰੋਮਿ ਰੋਮਿ ਹਰ[6] ਨਾਮ ਜਪੀਨਾ ॥
ਗਯਾਂਨ ਹੰਸ ਜਿਨ ਕੇ ਮਨ ਕੋਕਾ ॥ ਨਿਸ[7] ਭੌਰ ਨਹਿ ਪਵੈ ਸੋਕਾ ॥ 37 ॥

1. ਅ ਪੋਥੀ ਵਿਚੋ 2. ਅ ਪੋਥੀ ਖੋਇ 3. ਅ ਪੋਥੀ ਅਕ੍ਰੂਰ 4. ਅ ਪੋਥੀ ਠਰੂਰ
5. ੲ ਪੋਥੀ ਭੌਵਰਾ 6. ਅ ਪੋਥੀ ਕਰਿ 7. ਅ ਪੋਥੀ ਪਾਠਾਂਤਰ : ਮੋਹ ਕੰਡਾ ਜਿਨ ਮਨ ਕੌ ਰੌਕਾ

ਬਿਧੁ ਅਰੁ ਬਾਨੀ ਅਵਰੁ ਗਨੇਸੁ ॥ ਬੇਦ ਪੁਰਾਨ ਸ੍ਰੁਤੀ ਬ੍ਰਹੰ ਸੇਸੂ ॥
ਸੰਤਨ ਉਤ ਕਰਿ ਸਕੈ ਨਾ ਭੂਰੀ ॥ ਔਰ ਕਹਨਿ ਮੋਕੋ ਹੈ ਸੂਰੀ ॥ 38 ॥

॥ ਦੋਹਰਾ ॥

ਸੰਤਨ ਮਹਿਮਾ ਅਤਿ ਘੀਨ ਕੋਇ ਨ ਪਾਵੈ ਪਾਰ ॥
ਸੋਭਾ ਤਾਕੀ ਸਰਨਿ ਰਹੁ ਜਾਂਤੇ ਹੋਇ ਉਧਾਰ ॥ 39 ॥
ਸੰਤ ਸਰਲ ਨਿਰਕਪਟ ਮਨੋ ਕਰੈਂ ਨ ਕਿਸੈ ਦੁਖਾਇ ॥
ਖਲ ਸੰਤਨ ਦੁਖ ਦੇਤ ਹੈ ਅੰਤ ਅਧੋਗਤਿ ਜਾਂਇ ॥ 40 ॥
ਜਿਨ ਕੇ ਚਿਤ ਕਠੋਰਿ ਹੈਂ ਨਿਵੈਂ ਨ ਗੁਰ ਕੀ ਓਰਿ ॥
ਕੂਕਰ ਸੂਕਰ ਹੋਇਗੇ ਕਾਕ ਬਿਲਾਂਈ ਢੋਹਿ ॥ 41 ॥

॥ ਚੌਪਈ ॥

ਸਹਜ[1] ਬਦਨੰ ਪਰਨਿੰਦਾ ਕਰਹੀਂ ॥ ਪਰ ਕਾਰਜ ਕੌ ਸਦਾ ਬਿਗਰਹੀਂ ।
ਕੋਟਿ ਨੈਨ ਪਰਦੂਖਨ ਦੇਖੀਂ ॥ ਬਦੇ ਨ ਕਿਸੈ ਹੰਕਾਰ ਬਸੇਖੀ ॥ 42 ॥
ਉਦੈ ਕੇਤੁ ਸਮ ਪਰ ਅਪਕਾਰੀ ॥ ਜਰਹਿੰ ਸਦਾ ਪਰ ਗੁਨਹਿ ਨਿਹਾਰੀ ॥
ਨਿਕਟਿ ਬੇਰਿ ਕੇਲਾ ਦੁਖ ਪਾਈ ॥ ਸਾਕਤ ਸੰਗਤਿ ਤਿਉ ਦੁਖਦਾਈ ॥ 43 ।

॥ ਦੋਹਰਾ ॥

ਘਰੁ ਖੋਵਤਿ ਹੈ ਆਪਨੋ ਅਵਰੁਨ ਕਹੂੰ[2] ਕੇ ਜਾਇ ॥
ਦੁਸਟਨ ਇਹੀ ਸੁਭਾਵ ਹੈ ਜਿਉ ਦੇਤ ਬਹਾਇ ॥ 44 ॥
ਦੁਰਜਨ ਸੰਗਿ ਨ ਕੀਜੀਏ ਸਹੀਏ ਦੁਖ ਅਨੇਕ ॥
ਸੋਭਾ ਸਭ ਸੰਸਾਰੁ ਮਧੁ ਦੁਸਟ ਸਮਾਨ ਨ ਏਕ ॥ 45 ॥
ਇਭ ਹਰਿ ਪਾਵਕ ਦੇਖਕੈ ਮਨ ਮੈ ਡਰੋ ਨ ਮੀਤ ॥
ਸਾਕਤੁ ਆਵਤ ਪੇਖਿ ਕੈ ਤਿਸ ਤੇ ਭਾਗੋ ਨੀਤ ॥ 46 ॥
ਆਨ ਜੀਵ ਕੀ ਕਵਨ ਗਥ ਸੂਰਜ ਇੰਦ ਡਰਾਂਹਿ ॥
ਰਾਹ ਕੇਤ ਦੁਖ ਦੇਤਿ ਹੈ ਅਬ ਲੌ ਬਯੋਮੈ ਮਾਂਹਿ ॥ 47 ॥
ਸੰਤ ਅਸੰਤ ਜੁਗਲ ਕੋ ਕਰੋ ਨਮੋ ਕਰੁ ਜੋਰੁ ॥
ਬਾਲੁ ਜਾਨ ਰਛਿਯਾ ਕਰੋ ਦੇਹੁ ਸੁਮਤਿ ਰਿਦ ਮੋਰੁ ॥ 48 ॥

॥ ਚੌਪਈ ॥

ਸਾਹਿਬ ਬੁਢਾ ਔ ਗੁਰਦਾਸ ॥ ਸਾਹਿਬ ਰਾਮ ਕੌਰ ਸੁਖਿਰਾਸ ॥
ਨੰਦ ਲਾਲ ਬਿਧੀ ਚੰਦੁ ਜਾਨੋ ॥ ਸਭ ਕੌ ਨਮੋ ਹਮਾਰੀ ਜਾਨੋ[3] ॥ 49 ॥
ਭਕਤਿ ਕਬੀਰਾਦਿਕ ਸੁਖ ਰਾਸੀ ॥ ਜਿਨ ਕੀ ਮਹਿਮਾ[4] ਜਗਤੁ ਪ੍ਰਕਾਸੀ ॥
ਕਪਲਾਦਿਕ ਜੋ ਗਯਾਨ ਨਿਵਾਸੀ ॥ ਤਿਨ ਕੌ ਨਮੋ ਕਰੋ ਸੁਖਰਾਸੀ ॥ 50 ॥

---

1. ਅ ਪੋਥੀ ਸਹਸ 2. ਅ ਪੋਥੀ ਹੂੰ 3. ਅ ਪੋਥੀ ਮਾਨੋ 4. ੲ ਪੋਥੀ ਉਪਮਾ

## [ਗ੍ਰੰਥ ਰਚਨ ਲਈ-ਬਾਬਾ ਬਿਕ੍ਰਮ ਸਿੰਘ ਬੇਦੀ ਦਾ ਹੁਕਮ]

॥ ਦੋਹਰਾ ॥

ਜਿਮ ਨਿਦੇਸ ਸਤਿਗੁਰ ਕਰੀ ਗ੍ਰੰਥ ਰਚਨ ਕੇ ਹੇਤ ॥
ਸੋ ਪ੍ਰਸੰਗ ਨਿਵਨੇ ਕਰੋ ਸੁਨੋ ਸੰਤ ਸੁਖ ਕੇਤ ॥ 51 ॥
ਸ੍ਰੀ ਗੁਰੂ ਸਾਹਿਬ ਸਿੰਘ ਗ੍ਰਿਹਿ ਬਿਕ੍ਰਮ ਸਿੰਘ ਸੁਜਾਨੁ ॥
ਯਗਯ ਕਰਤ ਸ੍ਰੀ ਦੇਹੁਰੇ ਗੁਰ ਨਾਨਕ ਇਸਥਾਨੁ ॥ 52 ॥
ਮਾਤ ਆਦਿ ਪ੍ਰਵਾਰ ਲੈ ਧੁਜਨੀ ਬੇਦੀ ਸਾਥ ॥
ਹੈ ਗੈ ਸਿਵ ਕਾ ਰਥ ਸੁਭਗ ਕੇਤ ਝੁਲਾਵੈ ਹਾਥ ॥53॥
ਗੁਰ ਸੁਥਾਨ ਸਿਰ ਨ੍ਯਾਇ ਕਰ ਗਜ ਪੁਰ ਭੈ ਅਸਵਾਰ ॥
ਰਾਇ ਕਵਿਤ ਬਨਾਇ ਵਰ ਬ੍ਰਿੰਨ ਬ੍ਰਿੰਨ ਕਰਤ ਉਚਾਰ ॥54॥

॥ ਸ੍ਵੈਯਾ ॥

ਦਿਸ ਏਕ ਤੁਰੰਗਮ ਸੁੰਦਰ ਚੰਚਲ ਜਾੜ ਕੁਦਾਵਤ ਭੂਖਨ ਧਾਰੀ ॥
ਦਿਸ ਏਕ ਮਤੰਗ ਅੰਬਾਰਨ ਸੰਗ ਕਰੈਂ ਜਿਨ ਗੰਡਹਿ ਭ੍ਰਿੰਗ ਗੁੰਜਾਰੀ ॥
ਦਿਸ ਏਕ ਚਲੈ ਸਿਵ ਕਾ ਰਥ ਪੰਕਤ ਬੀਚ ਬਿਰਾਜਤ ਗੁਰੂ ਸੁਖਕਾਰੀ ॥
ਦਿਸ ਏਕ ਤੁਖਾਰ ਭਰੇ ਸਕਟੇ ਗਮਨੇ ਮਗ ਹੋਤ ਕੁਲਾਹਲ ਭਾਰੀ ॥55॥

॥ ਦੋਹਰਾ ॥

ਸਨੇ ਸਨੇ ਮਗ ਤ੍ਯਾਗ ਕਰਿ ਪ੍ਰਹੁਚੇ ਦਿਹੁਰੇ ਮਾਂਹਿ ॥
ਸਿਵਰ ਲਗਾਵਈ ਨਦੀ ਤਟ ਸਭ ਕੇ ਮਨ ਉਮੰਗਾਂਹਿ ॥56॥

॥ ਚੌਪਾਈ ॥

ਪੁਰਾ[1] ਗੁਰੂਦ੍ਵਾਰਨ ਚਲ ਗਏ ॥ ਭੇਟਾ ਦੇ ਕਰ[2] ਸੀਸ ਨਿਵਏ ॥
ਫਿਰਿ ਡੇਰੇ ਮੇਂ ਆਇ ਬਿਰਾਜੇ ॥ ਆਏ ਬੇਦੀ ਮਿਲਨੇ ਕਾਜੇ ॥57॥
ਮੇਲਿ ਕਰਾ ਮਨ ਮੈ ਧਰ ਭਾਊ ॥ ਦੇਖਿ ਸੁਭਯ ਸਭੈ ਬਲਿ ਜਾਊ ॥
ਬਾਬੇ ਕਾਨ ਸਿੰਘ ਗਿਰ ਗਾਈ ॥ [3]ਯਗ ਕੀ ਲਾਜ ਹੈ ਤੁਮ ਕੌ ਭਾਈ[3] ॥58॥
ਸਭ ਬੇਦੀ ਬੋਲੇ ਕਰਿ ਜੋਰੀ ॥ '[4]ਗੁਰ ਨਾਨਕ ਜੀ ਹੈ ਤੁਮ ਓਰੀ[4]' ॥
ਕਰ ਅਰਦਾਸਿ[5] ਸਭ ਭਵਨ ਸਿਧਾਏ ॥ ਯਗ ਅਰੰਭ ਕਰਾ ਹਰਖਾਏ ॥59॥
ਬਨੀ ਮਿਠਾਈ ਬਹੁ ਪਰਕਾਰੀ ॥ ਕਵਨ[6] ਗਨੇ ਕਵਿ ਵਾਰ ਨ ਪਾਰੀ ॥
ਬਨੀ ਪੁਸਾਕੀ ਬਹੁਤ ਅਮੋਲੀ ॥ [7]ਗੋਟਾ ਲਾਗਾ ਹੈ ਅਤੋਲੀ[7] ॥60॥
ਭਾਈ ਗੁਰਦਿਤਾ ਮਿਲ ਹਰਖਾਵਾ ॥ ਭਾਈ ਬੀਰ ਸਿੰਘ ਚਲਿ ਆਵਾ ॥
ਦੂਰਿ ਦੂਰਿ ਤੇ ਸੰਗਤਿ ਆਈ ॥ ਕਹਿ ਲਗ ਬਰਨੋ ਕਹੀ ਨ ਜਾਈ ॥61॥
ਦਰ ਲੌ ਕੋਠੇ ਭਰ ਕਰਿ ਸਾਰੇ ॥ ਦੇਗ ਚਲਾਵੈ ਸੰਝ ਸਕਾਰੇ ॥
ਬਾਂਟਨ[8] ਲਗੇ ਹੋੜ ਭੁਨਸਾਰਾ ॥ ਜਾਮਿਨਿ ਸਾਲੌ ਅਖੁਟ ਅਹਾਰਾ ॥6[illegible]॥

---

1. ਅ ਪੋਥੀ ਪਹਿਲੇ 2. ਅ ਪੋਥੀ ਦੈ ਦੈ 3. ਅ ਪੋਥੀ ਪਾਠਾਂਤਰ "ਯਗ ਕੀ ਲਾਜੈ ਜੁ ਤੁਮ ਕੌ ਭਾਈ" 4. ਅ ਪੋਥੀ ਪਾਠਾਂਤਰ 'ਸ੍ਰੀ ਗੁਰ ਸਾਹਿਬ ਸਿੰਘ ਤੁਮ ਓਰੀ" 5. ਅ ਪੋਥੀ ਆਦਰ 6. ਕੌਨ 7. ਅ ਪੋਥੀ ਪਾਠਾਂਤਰ "ਕਨਾਰੀ ਗੋਟਾ ਲਗਾ ਅਤੋਲੀ' 8. ਅ ਪੋਥੀ ਦੇਨ

ਮਾਤਾ ਸਾਹਿਬ ਲੰਗਰੁ ਨ੍ਯਿਾਰਾ ॥ ਜੁਵਤੀ ਲੇਵੈ ਵਾਰ ਨ ਪਾਰਾ ॥
ਸੀਤਾ ਮਾਨੋ ਪੁਨਿ[1] ਪ੍ਰਗਟਾਨੀ ॥ ਅਤਿ ਉਦਾਰੁ[2] ਹੈ ਸੁਭ ਗੁਨ ਖਾਨੀ ॥63॥

॥ ਦੋਹਰਾ ॥

ਜੋ ਮਾਤਾ ਆਗਯਾ ਕਰੈ ਸੁਤ ਸੁਭ ਕ੍ਹਿ ਧਰਿ ਸੀਸ ॥
ਰੰਚ ਨ ਆਗਯਾ ਭੰਗ ਕਰਿ ਮਾਨਤ ਮਾਤਾ ਈਸ ॥64॥
ਮਾਤਾ ਅਇਸੋ ਲੋਯ ਕਰ ਗਏ ਯਗ[3] ਸੁਭ ਥਾਂਨ ॥
ਬੇਦੀ ਸਰਬਹ ਕ੍ਾਰ ਕਰੁ ਕੀਨੋ[4] ਤਿਨ ਕੌ ਮਾਨ ॥65॥

॥ ਚੌਪਈ ॥

ਤਿਨ ਕੀ ਆਇਸ ਪੂਰਾ ਸੁ ਲੀਨੀ ॥ ਅਕੋਰ ਤਿਆਰੀ ਤਤ ਖਿਨ ਕੀਨੀ ॥
ਹੈ ਗੈ ਭੂਖਨ ਭਾਜਨ ਬੀਨੇ ॥ ਚੀਰ ਦੁਸਾਲੈ ਅਤਿਸੈ ਪੀਨੇ ॥66॥
ਤੰਬੂ ਕਨਾਤਾਂ ਛਾਯਾਵਾਨ ॥ ਬਨੇ ਬਨਾਤੀ ਦੀਨੇ ਤਾਨ ॥
ਦਮੜੇ ਮੁਹਰਾ ਕੇ ਭਰ ਥਾਲ ॥ ਰਾਖੀ ਭੇਟਾ ਸ੍ਰੀ ਦਰਬਾਰ ॥67॥
[5]ਸਾਥ ਪ੍ਰਸਾਦਿ[5] ਅਨੇਕ ਲਿਆਏ ॥ ਕਰਿ ਅਰਦਾਸਿ ਸਭਨ[6] ਸਿਰਿ ਨਿਆਏ ॥
ਤੈਸੇ ਭੇਟਾ ਟਾਲੀ ਦੀਨ ॥ ਸਭ ਕੇ ਮਨੁ ਭਾ ਹਰਖਿ ਨਵੀਨ ॥68॥

॥ ਦੋਹਰਾ ॥

ਕੁਲ ਪ੍ਰੋਧਾ ਜੋ ਆਪਨੋ ਤਿਨ ਕੌ ਦੇਵਨ ਕੀਨ ॥
ਹੈ ਅੰਬਰ ਭੂਖਨ[7] ਜਟਤ ਸਿਹਜਾ ਬਾਸਨ ਪੀਨ ॥69॥

॥ ਚੌਪਈ ॥

ਦਰਬੁ ਦਯੋ ਨਹਿ ਬਰਨਯੋ ਜਾਈ ॥ ਸੋ ਜਾਨੇ ਜਿਨ ਲੀਨੋ ਪਾਈ ॥
ਜਾਤ ਸੁਭਾਈ ਬੇਦੀ ਜੇਤੇ ॥ ਪਾਂਤ ਬਿਠਈ ਹਿਤ ਕਰੁ ਤੇਤੇ ॥70॥
ਧਰ ਪਨਵਾਰੇ ਭੋਜਨੁ ਦੀਨਾ ॥ ਖਾਇ ਅਘਾਇ ਜਸ ਬਡ ਕੀਨਾ ॥
ਕਿਸੀ ਬਸਤੁ ਕੀ ਤੋਟਿ ਨ ਆਈ ॥ ਬਿਪ੍ਰ[8] ਜਾਤ ਸਭ ਹੀ ਤ੍ਰਿਪਤਾਈ ॥71॥
ਦੀਨਾ ਬਿਤ ਕਿਛੁ ਵਾਰ ਨ ਪਾਰੀ ॥ ਮਿਲ ਕਰਿ ਬੇਦੀ ਉਪਮ ਉਚਾਰੀ ॥
ਮਹਿ ਸੁਰ ਜਿਤੇ ਤਹਾਂ ਚਲਿ ਆਏ ॥ ਅਨਿਕ ਭਾਂਤਿ ਤਿਹ ਦਾਨੁ ਦਿਵਾਏ ॥72॥
ਅਵਰੁ ਬਹੁਤ ਜਾਚਿਕੁ ਜੋ ਆਏ ॥ ਦਾਨ ਪਾਇ ਨਿਜ ਭਵਨੁ ਸਿਧਾਏ ॥
ਕੀਰਤ ਪਸਰੀ ਸਭ ਭਵ ਮਾਂਹੀ ॥ ਗੁਰ ਸੁਤ ਊਪਰਿ ਬਲਿ ਬਲਿ ਜਾਂਹੀ ॥73॥
ਚੰਦੁ ਚੰਦ੍ਰਕਾ ਘਰੁ ਘਰੁ ਛਾਈ ॥ ਜਹ ਕਹ ਪਾਰ ਨ ਪਾਯੋ ਜਾਈ ॥
ਬਾਬੇ ਸੁਜਸੁ ਕਰੈ ਮਨ ਲਾਈ ॥ ਐਸੋ ਯਗ ਨ ਕੋਇ ਕਰਾਈ ॥74॥

॥ ਦੋਹਰਾ ॥

ਸਰਬ ਸਵੋਨੀ ਪੁਰ ਬਿਖੈ ਮਾਤਾ ਲੀਨ ਬੁਲਾਇ ॥
ਅੰਸਨ ਬਸਨ ਤਿਨ ਕੌ ਦੀਏ ਲੀਨੋ ਬਡ ਯਸੁ ਪਾਇ ॥75॥

---

1. ਅ ਪ੍ਰੋਥੀ ਫਿਰ 2. ਅਪੋਥੀ ਦਤਾਰ 3. ਅ ਪ੍ਰੋਥੀ ਸੁਯਗ ਕੇ 4. ਅ ਪੋਥੀ ਦੀਨੋ 5 ਅ ਪੋਥੀ ਪਾਠਾਂਤਰ : ਪ੍ਰਸਾਦ ਸੁ ਸਾਥ 6. ਅ ਪ੍ਰੋਥੀ ਸੰਭ 7. ੲ ਪੋਥੀ ਗਹਨੇ 8. ਅ ਪ੍ਰੋਥੀ ਅਰੁ

॥ ਚੌਪਈ ॥

ਤਿਲਕ ਦੇਨ ਕੋ[1] ਔਸਰੁ ਪਾਵਾ ॥ ਬੇਦੀ ਸਾਧ ਮਿਲੇ ਸਮੁ ਦਾਵਾ ॥
ਔਰ ਮਹਾਨ ਜਿਤੇ ਚਲਿ ਆਏ ॥ ਤਿਨ ਕੇ ਨਾਮੁ ਕਹੋਂ ਸਮੁਝਾਏ ॥76॥

॥ ਦੋਹਰਾ ॥

ਸੇਵਾ ਸਿੰਘ ਸੁਬੀਰ ਸਿੰਘ ਰਾਮ ਗੁਰਦਿਤਾ ਜਾਨ ॥
ਦਯਾਲ ਦਾਸ ਤੇ ਆਦਿ ਲੇ ਸੰਤ[2] ਔਰੁ ਗੁਨਵਾਨ ॥ 77 ॥
ਜੋ ਜੇ ਮੁਖੀਏ ਅਵਰੁ ਥੇ ਸਾਧੂ ਬਹੁ[3] ਸਿਰਦਾਰੁ ॥
ਭਏ ਇਕਤ੍ਰ ਹਰਖਤ ਸਕਲ ਕਵਿ ਨਹਿ ਪਾਵੈ ਪਾਰ ॥ 78 ॥
ਸ੍ਰੀ ਦਰਬਾਰ ਕੇ ਅਗ੍ਰ ਮੈ ਭੁਰੀ ਸਭਾ ਬਹੁ ਆਇ ॥
ਹਰੀ ਦਾਸ ਮਹੰਤ ਤਬ ਸਭ ਕੀ ਆਇਸ ਪਾਇ ॥ 79 ॥
ਕਰੀ ਅਰਦਾਸਿ[4] ਬਨਾਇ ਕਰੁ ਸੁਨ ਕਰੁ ਸਭ ਹਰਖਾਇ ॥
ਹੈ ਗੈ ਭੂਖਨ ਚੀਰ ਸੁਭ ਲੈ ਮਹੰਤ ਬਿਗਸਾਇ ॥ 80 ॥
ਜੋ ਜੋ ਬੇਦੀ ਬਡੇ ਥੇ ਕੀਨੋ ਤਿਲਕੁ ਲਿਲਾਰ ॥
ਬਾਜੇ ਬਾਜਤ ਅਤ ਘਨੇ ਗਿਰਾ ਨ ਪਾਵਤ ਪਾਰ ॥ 81 ॥

॥ ਚੌਪਈ ॥

ਦੁਹ ਦਿਸ ਚਾਮਰ ਚਾਰ ਢੁਰਾਵਤਿ ॥ ਮਨੋ ਮਰਾਲ ਬਿਦਸ ਉਡ ਆਵਤਿ ॥
[5]ਦਿਪਤ ਜੋਤਿ[5] ਮੁਖ ਮੰਡਲੁ ਕੇਰੀ ॥ ਤੇਜ ਬਿਸਾਲ ਦਿਪਯੋ ਤਿਸੁ ਬੇਰੀ ॥ 82 ॥
ਸ੍ਰੀ ਦਰਬਾਰ ਤੇਵਰ ਸਿਰੁਪਾਇ ॥ ਪਹਿਰਾਵਾ ਸਭ ਭੇ ਹੁਰਖਾਇ ॥
ਜਿਗਾ ਸੁ ਕਲਗੀ ਮਸਤਕੁ ਬਾਂਧੀ ॥ ਪੀਤ ਦੁਕੂਲ ਧਰਾ ਵਰ ਕਾਂਧੀ ॥ 83 ॥
ਚਾਂਮੀ ਕਰ ਕੀ ਮੁਸਟ ਸੁਹਾਈ ॥ ਚੰਦ੍ਰਹਾਸ ਸੁਭ ਗਰ ਮੋ ਪਾਈ ॥
ਪੁਰਟ ਫੂਲ ਵਰ ਸਿਮਰ ਸੁਹਾਈ ॥ ਬਾਂਧ ਪਿਸਟ [ਪਿਰ][6] ਮਨ ਬਿਗੁਸਾਈ ॥ 84 ॥
ਧੌਸਾ ਵਰ ਨਿਸਾਨ ਜੁਗ ਦੀਨੇ ॥ ਪਾਨੋ ਜੋਰ ਫਿਰ ਨਮੋ ਸੁ ਕੀਨੇ ॥
ਸ੍ਰੀ ਦਰਬਾਰੈਂ ਸੀਸ ਨਿਵਾਈ ॥ ਚਲੰਤ ਭਏ ਜੈ ਜੈ ਧੁਨਿ[7] ਛਾਈ ॥ 85 ॥
ਰੰਕਨ ਕੋ ਬਿਤ ਬਹੁਤ ਦਵਾਯੋ ॥ ਜਿਨ ਜਿਨ ਪਾਯੋ ਤਿਨ ਸੁਖ ਧਾਯੋ ॥
ਬੇਦੀ ਭੂਖਨ ਬਿਤ ਬਹੁ ਵਾਰੇ ॥ ਦੇਖੈਂ ਸੂਰਤਿ ਹੁਇ ਬਲਿਹਾਰੈ ॥ 86 ॥

॥ ਦੋਹਰਾ ॥

ਕਰੀ ਅੰਬਾਰੀ ਪਰ ਚਢੇ ਕਲਗੀ ਜਿਗਾ ਫਹਰਾਇ ॥
ਛਤ੍ਰ ਬਿਰਾਜਤ ਸੀਸ ਪਰ ਊਪਰਿ ਚੌਰਿ ਢੁਰਾਇ ॥ 87 ॥
ਮੰਗਲ ਬਾਜੇ ਬਜਤ ਭਏ[8] ਆਏ ਸਿਵਰ ਮਝਾਰ ॥
ਪਲਘ[9] ਬਿਰਾਜੇ ਸਤਿਗੁਰੂ ਹੋਈ[10] ਭੀਰ ਅਪਾਰ ॥ 88 ॥

॥ ਚੌਪਈ ॥

ਹੁਮ ਹੁਮਾਇ ਕਰਿ ਸੰਗਤਿ ਆਈ ॥ ਧਰੈ ਉਪਾਇਨ ਬੰਦਨ ਗਾਈ ॥

1. ਅ ਪੋਥੀ ਕਾ 2. ਅ ਪੋਥੀ ਮਹੰਤ 3. ਅ ਪੋਥੀ ਸਿੰਘ 4. ੲ ਪੋਥੀ ਬਿਨਤੀ 5. ਅ ਪੋਥੀ ਦੁਤਿ ਅਖੰਡ
6. ਅ ਪੋਥੀ ਵਿਚੋਂ 7. ੲ ਪੋਥੀ ਕਰ 8. ਅ ਪੋਥੀ ਭੇ 9. ਅ ਪੋਥੀ ਪਲਕ 10. ਅ ਪੋਥੀ ਭਈ ਸੁ

ਭੇਟਾ ਕੇ ਤਬ ਲਗੇ ਅੰਬਾਰ ॥ ਅਸ੍ਵ ਚਢੇ ਕਛੁ ਵਾਰ ਨ ਪਾਰ ॥ 89 ॥
ਕਹਿ ਲਗੂ ਬਰਨੋ ਭਯੋ ਉਤਸਾਹੂ ॥ ਜਿਨ ਦਰਸ਼ਾ ਤਿਨ ਹੀ ਸੁਖ ਪਾਹੂ ॥
ਪਰਯੰਕ ਤਿਯਾਰ ਉਠੇ ਗੁਰ ਪੂਰੇ ॥ ਜਿਨ ਦਰਸੇ ਮਿਟ ਜਾਨ ਵਸੂਰੇ ॥ 90 ॥

॥ ਦੋਹਰਾ ॥

ਮਾਤਾ ਸਾਹਿਬ ਮਿਲਣ ਕੌ[1] ਲੇ ਕਰ ਮੁਖੀਏ ਨਾਲ ॥
ਸਿਖ ਸੰਗਤਿ ਬਹੁ ਸਾਥ ਹੈ ਕਹਤੇ ਗਿਰਾ ਰਮਾਲ[2] ॥ 91 ॥

॥ ਚੌਪਈ ॥

ਜਾਇ ਪਗਨ ਪਰ ਸੀਸ ਨਿਵਾਵਾ ॥ ਬਾਰ ਬਾਰ ਸੁਤ ਕੰਠਿ ਲਗਾਵਾ ॥
ਭੂਖਨਿ ਬਸਨੁ ਨਿਛਾਵਰੁ ਕੀਨੇ ॥ ਅਨੰਦ ਤੋਇ ਜੁਗਮ ਚਖਿ ਭੀਨੇ ॥ 92 ॥
ਮਧੁਰ ਗਿਰਾ ਮਾਤ ਤਬ ਗਾਈ ॥ ਸੁਨੋ ਪੂਤ ਮੈ ਅਤਿ ਹਰਖਾਈ ॥
ਗੁਰਆਈ ਤਿਲਕ ਭਾ[3] ਤਵ ਭਾਲ ॥ ਥਿਰ ਗਾਦੀ ਸਿਖ ਕਰੋ ਨਿਹਾਲ ॥ 93 ॥
ਸ੍ਰੀ ਹਜੂਰ ਹਿਤ ਯਗ ਕਰਾਵਾ ॥ ਜਗ ਮੈ ਆਪ ਬਡੋ ਯਸੁ[4] ਪਾਵਾ ॥
ਸ੍ਰੀ ਹਜੂਰ ਤੁਮ ਕਰੈ ਸਹਾਇ ॥ ਗੁਰਆਈ ਤੁਮ ਸਦਨ ਰਹਾਇ ॥ 94 ॥

॥ ਦੋਹਰਾ ॥

ਏਕ ਬਚਨੁ ਮੈ ਕਹਿਤੁ ਹੌ ਕੀਜੈ ਸੁਤ ਹਿਤ ਠਾਂਨ ॥
ਜੋ ਜੋ ਕੌਤਕ ਗੁਰ ਕਰੇ ਸੋ ਸ਼ੁ ਹੈ ਸੁਖ ਖਾਨ[5] ॥ 95 ॥

॥ ਚੌਪਈ ॥

ਬ੍ਰਿਧ ਸਿਖ ਜੋ ਗੁਰੂ ਪ੍ਰਿਆਰੇ ॥ ਤਿਨ ਤੇ ਸਾਖੀ ਲੇਹੁ ਲਿਖਾੜੇ ॥
ਸੁਭਗ ਕਵੀ ਸੂਰ[6] ਲਯੋ ਬੁਲਾਈ ॥ ਛੰਦ ਬੰਦ ਜੁ ਕਰੈ ਬਨਾਈ ॥96॥
ਬਾਬਾ ਸੁਨ ਕਰ ਮਨੁ ਹਰਖਾਵਾ ॥ ਮਾਤਾ ਕੇ ਪਗ ਸੀਸ ਨਿਵਾਵਾ ॥
ਮੇਰੇ ਮਨ ਆਗੇ ਥੀ ਚਾਹਿ ॥ ਆਪ ਮਯਾ ਕਰ ਕੀਨ ਸਿਹਾਇ ॥97॥
ਮਾਤਾ ਸਾਹਿਬ ਮੈ ਹੋ ਦਾਸ ॥ ਆਯਸ ਤੁਮਰੀ ਮਾਨੋ ਰਾਸ ॥
ਨਾਯ ਸੀਸ ਆ ਪਲਘ ਬਿਰਾਜੇ ॥ ਸਾਧ ਸੰਗ[7] ਚੌਗਿਰਦੇ ਛਾਜੇ ॥ 8॥

॥ ਦੋਹਰਾ ॥

[8]ਬੇਦੀ ਆਦਿਕ ਸਰਬ ਥੀ[8] ਪੂਛੀ ਸਤਿਗੁਰ ਗਾਥ ॥
ਸਤਿਗੁਰ ਯਸਿ ਸਾਖੀ ਸੁਭਗ ਕਿਸ ਸੌਂਪੇ ਇਹ ਕਾਥ ॥99॥

॥ ਚੌਪਈ ॥

[9]ਹਾਥ ਜੋਰਿ ਤਿਨ[9] ਬਾਨੀ ਗਾਈ ॥ ਸੁਨੋ ਆਪ ਹਮ ਦੇਉ ਬਤਾਈ ॥
ਅਡਣਸਾਹੀ ਸੁ ਭਗਤ ਤ੍ਯਾਗ ॥ ਵਿਚ ਗੁਰਦਿਤਾ ਕੰਜ ਸੁਭਾਗ ॥100॥
ਸੋਭਾ ਅਲਿ ਰਹਿ ਤਿਨ ਕੇ ਪਾਸੂ ॥ ਤਿਸ ਫਰਮਾਵੋ ਸੁਖ ਮਾ ਰਾਸੂ ॥

---

1. ਅ ਪੋਥੀ ਹਿਤ 2. ਅ ਪੋਥੀ ਪਾਠਾਂਤਰ : ਸਾਹਿਬ ਬਿਕ੍ਰਮਾ ਸਿੰਘ ਜੀ ਕਹੁ ਤੇ ਗਿਰਾ ਰਸਾਲ
3. ਅ ਪੋਥੀ ਭਯੋ 4. ੲ ਪੋਥੀ ਮਾਨ 5. ਅ ਪੋਥੀ ਦਾਨਿ 6. ਅ ਪੋਥੀ ਸਰ 7. ਅ ਪੋਥੀ ਸੰਤ
8. ਅ ਪੋਥੀ ਪਾਠਾਂਤਰ : ਭਾਈ ਬੀਰ ਸਿੰਘ 9. ਅ ਪੋਥੀ ਸਾਹਿਬ

ਤਤ ਛਿਨ ਲੀਨੋ ਪਾਸ ਬੁਲਾਈ ॥ ਮਧੁਰ ਮੰਜੁ ਮ੍ਰਿਦੁ ਗਿਰਾ ਅਲਾਈ ॥101॥
ਅਡਨਸਾਹੀ ਹੈ ਜੋ[1] ਸਾਧੂ ॥ ਕ੍ਰਿਤ ਕਰਿ ਖਾਵੈ ਰਹਿਤ ਉਪਾਧੂ ॥
ਸੋ ਹਮਰੇ ਸਭ ਸਿਖ ਕਹਾਵੈ ॥ ਜੋ ਹਮ ਭਾਖੈ ਨਾਹਿ ਹਟਾਵੈ ॥102॥

॥ ਦੋਹਰਾ ॥

ਤੂੰ ਤਿਨ ਕੋ ਸੇਵਕ ਅਹੈ ਯਾਂਤੇ ਹਮਰੋ ਦਾਸ ॥
ਸਤਿਗੁਰ ਸਾਹਿਬ ਸਿੰਘ ਕੋ ਉਚਰੋ[2] ਗੁਰੂ ਬਿਲਾਸ ॥103॥
ਪਾਨ ਜੋਰੁ[3] ਸਿਰ ਨਾਇਕੇ ਸੱਤ ਬਚਨੁ ਤਿਨ ਗਾਇ ॥
ਜੋ ਜੋ ਆਇਸ ਕਰੇ ਪ੍ਰਭ ਤੈਸੋ ਦੇਉ[4] ਬਨਾਇ ॥104॥
ਮਨ ਮੈ ਭਯੋ ਹੁਲਾਸ ਅਤ ਕਰ ਗ੍ਰਿਹਿ ਸੱਤ ਭਾਇ ॥
ਜਪੁ ਤਪੁ ਸਾਧਨ ਹੇਤ ਨਹਿ ਐਸੇ ਸਮਾ ਬਿਤਾਇ ॥105॥

॥ ਚੌਪਈ ॥

ਮਨ ਮੇ ਰੁਚਿ ਉਪਜੀ ਅਤ ਚਾਰੂ ॥ ਕਥੋ ਕਥਾ ਗੁਰ ਕੀ ਸੁਖਕਾਰੂ ॥
ਮਨ ਮੈ ਚਾਹੋ ਰਤਨ ਪਰੋਜਾ ॥ ਹਾਥ ਨ ਆਵੈ ਪਾਥਰ ਖੋਜਾ ॥106॥
ਕਾਵਯ ਕੋਸ ਕੋ ਖੋਦਾ ਨ ਦੇਖਾ ॥ ਗੁਣ ਅਪਗੁਣ ਕੋ ਆਇ ਨ ਲੇਖਾ ॥
ਗੁਰ ਸੰਤਨ ਕੋ ਲੀਨ ਭਰੋਸੂ ॥ ਜਿਹ ਅਧਾਰ ਕੋ ਲਗੈ ਨ ਦੋਸੂ ॥107॥

॥ ਦੋਹਰਾ ॥

ਕਾਮੀ ਕੁਚਲ ਕੁਚੀਲ ਮੈ ਪਰ ਦ੍ਰੋਹੀ ਅਤ ਕੂਰ ॥
ਨਿੰਦਕ ਦੁਸਟ ਅਕਿਰਤਘਨ ਲੋਭ ਮੋਹ ਭਰਪੂਰ ॥108॥
ਸੁਭ ਗੁਣ ਕੋਮੋ ਮੈ ਨਹੀ ਸਭ ਬਿਦਿਯਾ ਤੇ ਹੀਨ ॥
ਸੰਤ ਗੁਰੂ ਗ੍ਰਿਬਨ ਕ੍ਰਿਪਾ ਕਹੋ ਕਥਾ ਰਸ ਭੀਨ ॥109॥

## (ਕਵੀ ਦੀ ਗੁਰ-ਪ੍ਰਣਾਲੀ)

॥ ਚੌਪਈ ॥

ਗੁਰ ਪਰਨਾਲੀ ਅਪਨੀ ਬਰਨੋ[5] ॥ ਜਿਨ ਕੋ ਮੈ ਮਨ ਲੀਨੋ ਧਰਨੋ ॥
ਨਗਰ ਸੋਧਿਰੇ ਮਾਂਹਿ ਰਹਾਈ ॥ ਹੈਈ [4]ਕਨੈਯਾ ਸੰਤ ਮੁਨਾਈ ॥110॥
ਮੀਠਾ ਬੋਲੇ ਅਰੁ ਵੰਡ ਖਾਵੈ ॥ ਰਾਮ ਨਾਮ ਸਦ ਹੀ ਮੁਖ ਗਾਵੈ ॥
ਕੰਚਨਿ ਆਦਿ ਐਸ ਕਰ ਜਾਨੈ ॥ ਖਟ ਪਦ ਜੈਸੇ ਚੰਪਕਿ ਮਾਨੈ ॥111॥

॥ ਦੋਹਰਾ ॥

ਬੀਚ ਬਜੀਰਾਬਾਦ ਕੇ ਨਨੂਆ ਸੰਤ ਰਹਾਇ ॥
ਤਿਨ ਕੀ ਸੰਗਤਿ ਨਿਤ ਕਰੇ ਕਨੈਯਾ ਮਨ[6] ਹਰਖਾਇ ॥112॥

॥ ਚੌਪਈ ॥

ਭਾਈ ਨਨੂਆ ਰਾਮ ਦਯਾਲ ॥ ਗੋਵਿੰਦ ਮੋ ਜਿਨ ਪ੍ਰੀਤ ਵਿਸਾਲ ॥

1. ਅ ਪੋਥੀ ਜੋ ਹੈ 2. ਅ ਪੋਥੀ ਰਾਚੋ 3. ੲ ਪੋਥੀ ਬਖਾਨੋ 4. ਅ ਪੋਥੀ ਭਾਈ
ਅ ਪੋਥੀ ਸ੍ਰੀ

ਤਨ ਤਯਾਗ [ਬਪੁ[1]] ਬਿਸੰਭਰ ਪਾਵਾ ॥ ਜਨਮ ਮਰਨ ਕੋ ਮੇਟਾ ਹਾਵਾ ॥113॥
ਤਿਨ ਵਿਯੋਗ ਕਰ ਰਾਮ ਕਨੈਯਾ ॥ ਭਏ ਉਦਾਸ ਨ ਮਨੁ ਬਿਰਥੈਯਾ ॥
ਸੁਦਨਨ ਮਾਝ ਉਦਾਸ ਰਹਾਵੈ ॥ ਟੋਲੈ ਸੰਤਨਿ ਹਾਥ ਨ ਆਵੈ ॥114॥
ਬੈਠਿ ਇਕਾਂਤ ਰਾਮ ਗੁਨ ਗਾਵੈ ॥ ਸੇਵ ਅਭਿਯਾਗਤ ਕੀ [ਸੁ[2]] ਕਰਵਾਵੈ ॥
ਲੋਕਨਿ ਸੰਗਤ ਐਸ ਤਿਯਾਗੀ ॥ ਪਤਿਬ੍ਰਤਾ ਪਰ ਪੁਰਸ ਨ ਰਾਗੀ ॥115॥

॥ ਦੋਹਰਾ ॥

ਭਾਈ ਕਨੈਯੋ ਲਾਲ ਜੋ ਭਯੋ ਗ੍ਰਿਹਸਤ ਕੇ ਮਾਂਹਿ ॥
ਰਾਮ ਰਾਮ ਨਿਸ ਦਿਨ[3] ਰਟੈ ਭਾ ਵਿਰਾਗ ਮਨੁ ਮਾਂਹਿ ॥116॥

॥ ਚੌਪਈ ॥

ਕਾਰਦਾਰ ਹੈ ਤੁਰਕਨ ਕੇਰੇ ॥ ਜਿਨ ਕੋ ਕਹਿਯੋ ਨ ਕੋਈ ਫੇਰੇ ॥
ਏਕ ਸਿਖ ਹੈ ਤੁਰਕਨ ਮਾਂਹੀ ॥ ਗੁਰਬਾਣੀ ਨਿਤ ਪ੍ਰੇਮ ਪਢਾਈ ॥117॥

॥ ਦੋਹਰਾ ॥

ਸਵਾ ਸੁ ਪਹਿਰ ਤ੍ਰਿਜਾਮ ਕੇ ਸਿਖ ਨੇ ਕਰਿਯੋ ਸਨਾਨ ॥
ਸਤਿਗੁਰ ਬਾਨੀ ਪਢਤ ਭਾ ਜਿਨ ਮੇ ਵਿਗਯਾਨ[4] ਗਯਾਨ ॥118॥

॥ ਚੌਪਈ ॥

ਨੌਮਿ ਮਹਿਲੁ ਕੀ ਸੁੰਦਰੁ ਬਾਣੀ ॥ ਗਯਾਨ ਵਿਰਾਗੁ ਵਿਖੇ ਜੋ ਸਾਨੀ ॥
ਭਾਈ ਕਨੈਯਾ ਸੁਨ ਕਰ ਮਗਨਾ ॥ ਤਨ[5] ਧਨ ਆਦਿਕ ਹੁਇਗੇ ਸੁਪਨਾ ॥119॥
ਸਿਖ ਕੋ ਲੀਨੋ ਨਿਕਟ ਬੁਲਾਈ ॥ ਹਾਥ ਜੋਰ ਕੈ ਬਿਨੈ ਅਲਾਈ ॥
ਕਿਸ ਕੀ ਬਾਣੀ ਪਠੋ ਰੂਰੀ ॥ ਮੁਝੇ ਬਤਾਵੋ ਸਭ ਗੁਣ ਪੂਰੀ ॥120॥
ਨੌਮਿ ਮਹਿਲੁ ਏਹੁ ਬਾਣੀ ਕੀਨੀ ॥ ਜੁਗਤਿ ਗਿਯਾਨੁ ਵਿਖੇ ਰਸੁ ਭੀਨੀ ॥
ਸੁਨ[6] ਲਾਲ ਕਨੈਯੇ ਪੂਛਨਿ ਕੀਨਾ ॥ ਕਹਾਂ ਰਹਿਤ ਹੈ ਗੁਰੂ ਪ੍ਰਬੀਨਾ ॥121॥
ਮਾਖੋਵਾਲ ਮਹੀ ਲੇ ਮੌਲੀ ॥ ਗੁਰੂ ਬਿਰਾਜੈ ਗਯਾਨ[7] ਅਤੋਲੀ ॥
ਸੁਨ ਕੇ ਭਾਈ ਭਯੋ ਪ੍ਰਸੰਨਾ ॥ ਕਰਤ ਭਯੋ ਸਿਖ ਕੋ ਧਨ ਧੰਨਾ ॥122॥

॥ ਦੋਹਰਾ ॥

ਭੂਖਨ ਬਸਤ੍ਰ ਉਤਾਰ ਕੇ ਦੀਨੇ ਸਿਖ ਉਢਾਇ ॥
ਗ੍ਰਿਹਸਤ ਤਯਾਗ ਐਸੇ ਚਲੇ ਜਯੋ ਮ੍ਰਿਗ ਫਾਸ ਕਟਾਏ ॥123॥

॥ ਚੌਪਈ ॥

[8]ਮਹੀ ਮੇਘ[9] ਕੌ ਜੈਸੇ ਲੋਰੇ ॥ ਜਯੋਂ ਸ੍ਵਾਂਤੀ ਕੋ ਚਾਤ੍ਰਕ ਦੌਰੇ ॥
ਤ੍ਰਿਖਾਵੰਤ ਜਯੋਂ ਜਲ ਕੌ ਚਾਹੈ ॥ ਤਯੋਂ ਗੁਰ ਦਰਸਨ ਚਿਤ ਉਮਾਂਹੈ ॥124॥
ਛੁਧਾ ਪਿਪਾਸਾ ਸੱਭ ਹੀ[10] ਤ੍ਰਿਯਾਗੀ ॥ ਦਰਸਨ ਕੀ ਮਨ ਮੈ ਲਿਵ ਲਾਗੀ ॥

---

1. ਅ ਪੋਥੀ ਵਿਚੋਂ 2. ਅ ਪੋਥੀ ਵਿਚੋਂ 3. ਅ ਪੋਥੀ ਨਿਤ 4. ਅ ਪੋਥੀ ਸੁਭ ਗੁਰ 5. ਅ ਪੋਥੀ ਬਿਤ
6. ਅ ਪੋਥੀ ਵਿਚੋਂ 7. ੲ ਪੋਥੀ ਠਹਰੇ 8. ਅ ਪੋਥੀ ਵਿਚੋਂ 9. ਅ ਪੋਥੀ ਬਾਦਰ
10. ਅ ਪੋਥੀ ਸੰਰਬ

ਬੀਚ ਪਹਾਰੰਨ ਜਾਂ ਪਰਵੇਸੇ ॥ ਦਰਸਨ ਕੀ ਮਨ ਪਿਯਾਸ ਬਿਸੇਸੇ ॥125॥
ਕ੍ਰਿਸ ਸਰੀਰ ਨੈਨਨ ਜਲ ਛਾਈ ॥ ਪ੍ਰੀਤੀ ਦਿਨੁ ਦਿਨੁ ਹੋਤਿ ਸਵਾਈ ॥
ਏਕ ਸਬਦੁ ਗੁਰ ਨਾਨਕ ਕੇਰੋ ॥ ਗਾਵੈ ਮਨ ਕਰੁ ਪ੍ਰੀਤਿ ਘਨੇਰੋ ॥126॥

॥ ਤਥਾ ਸਬਦੁ ਸ੍ਰੀ ਗੁਰੂ ਗ੍ਰੰਥੇ ॥

ਕੋਈ ਜਨ ਹਰਿ ਸਿਉ ਦੇਵੈ ਜੋਰੁ ॥
ਚਰਨਿ ਗਹਉ ਬਕਉ ਸਭ ਰਸਨਾ ਦੀਜਹਿ ਪ੍ਰਾਨ ਅਕੋਰੁ ॥1॥
ਤਨੁ ਮਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥
ਇਆ ਰਸ ਮਹਿ ਮਗਨ ਹੋਤ ਕ੍ਰਿਪਾ ਤੇ ਮਹਾ ਬਿਖਿਆ ਤੇ ਤੋਰੁ ॥ਰਹਾਉ॥
ਆਇਓ ਸਰਣਿ ਦੀਨ ਦੁਖ ਭੰਜਨੁ ਚਿਤਵਉ ਤੁਮਰੀ ਓਰਿ ॥
ਅਭੈ ਪਦ ਦਾਨ ਸਿਮਰਨ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ ॥2॥1॥

॥ ਦੋਹਰਾ ॥

ਐਸੇ ਗਾਵਤ ਪ੍ਰੇਮ ਸੋ ਹੋਵਾ ਸਾਧ ਮਿਲਾਪ ॥
ਬੀਚ ਡਰੋਲੀ ਗੁਰ ਅਹੇ ਤੇਗ ਬਹਾਦੁਰ ਆਪ ॥127॥

॥ ਚੌਪਈ ॥

ਐਸੇ ਸੁਨ ਕਰੁ ਹੋਇ ਮਗਨਾ ॥ ਗੁਰ ਦਰਸਨ ਕੀ ਲਾਗੀ ਲਗਨਾ ॥
ਚਲਤ ਚਲਤੁ ਚਲ ਦਰਸਨੁ ਦੇਖੀ ॥ ਦੇਖਤ ਹੀ ਮਨ ਸਾਂਤ ਵਿਸੇਖੀ ॥128॥
ਕਰਤ ਪ੍ਰਣਾਮ ਭਯੋ ਗੁਰ ਆਗੈ ॥ ਸੁਖ ਸਰੂਪੁ ਗੁਰ ਪੂਛਨਿ ਲਾਗੈ ॥
ਕਹਾ ਰਹਿਤ ਕਯਾ ਨਾਮੁ ਤੁਮਾਰਾ ॥ ਕੀ ਚਾਹੋ ਕਯਾ ਮਨ ਮੋ ਧਾਰਾ ॥129॥
ਨਾਮ ਕਨੈਯਾ ਸਤਿਗੁਰ ਸੁਾਮੀ ॥ ਆਯੋ ਸਰਣੀ ਅੰਤਰਜਾਮੀ ॥
ਜਨਮ ਮਰਨ ਸੰਸਤ[1] ਦੁਖ ਭਾਰੀ ॥ ਯਾਂ ਤੇ ਕਾਢੋ ਭੁਜਾਂ ਪਸਾਰੀ ॥130॥

॥ ਦੋਹਰਾ ॥

ਸੁਨ ਕਰ ਐਸੇ ਵਾਕ ਕੋ ਮਨ ਮੋ ਕਿਯੋ ਵਿਚਾਰ ॥
ਏ ਸੁਭ ਪੰਥ ਚਲਾਇਗੋ, ਬਹੁਤਨ ਕਰੇ ਉਧਾਰ ॥131॥
ਆਗਯਾ ਦੀਨੀ ਸਤਿਗੁਰੂ ਕਰੋ ਸੇਵ ਮਨੁ ਲਾਇ ॥
ਬਚਨ[2] ਉਚਾਰੋ ਸਤਿਨਾਮ ਹੈ ਸਭ ਤੇ ਅਧਿਕਾਇ ॥132॥
ਗੁਰ ਕੀ[3] ਆਇਸ ਮਾਨੁ[4] ਕੈ ਜਲ ਸੂਨੀ ਕੋ ਫੇਰਿ ॥
ਅੰਘਰੀ ਚਾਂਪਨ ਪ੍ਰੇਮ ਸੋ ਮਨਾ ਮਾ[5] ਦੀ ਕਰ ਜ਼ੋਰ ॥133॥

॥ ਸ੍ਵੈਯਾ ॥

ਜਾਇ ਦੀਦਾਰ ਕੀਯੋ ਗੁਰ ਕੋ ਜਬ ਆਨ ਕੀ ਆਸ ਨਹੀ ਮਨੁ ਰਾਈ ॥
ਰਵ ਤੇਗੁ[6] ਬਹਾਦਰੋ ਸੂਭਤ ਹੈ ਸਿਖ ਨੀਰਜ ਦੇਖ ਰਹੇ ਬਿਗਸਾਈ ॥

1. ਅ ਪੋਥੀ ਸੰਸ੍ਰਤ 2. ਅ ਪੋਥੀ ਮੁਖੋ 3. ਅ ਪੋਥੀ ਕੀਆ 4. ੲ ਪੋਥੀ ਜਾਨ 5. ਅ ਪੋਥੀ ਆ
6. ੲ ਪੋਥੀ ਭਾਨ

ਧੀਰਜ ਧੀਮ ਧਰਾ ਸਮ ਰਾਜਤਿ ਮੇਰ ਸਮਾਨ ਅਡੋਲ ਰਹਾਈ ॥
ਚੰਦ ਸਮਾਨ ਹੈਂ ਵਾਕ ਸੁ ਸੀਤਲ ਬਾਰਧ ਸੇ ਹੈ ਗੰਭੀਰ ਸਦਾਈ ॥134॥

॥ ਦੋਹਰਾ ॥

ਸੁਖ ਸਾਗਰ ਨਾਗਰ ਨਵਲ ਦੀਨ ਬੰਧੂ ਸੁਰਨਾਇ ॥
ਜੈਸੇ ਗਇੰਦ੍ਰ[1] ਉਧਾਰਿਓ ਤਿਮ ਮਮ ਕਰੋ ਸਹਾਇ ॥135॥

॥ ਚੌਪਈ ॥

ਐਸੋ ਰੂਪ ਰਿਦੇ ਮੋ ਰਾਖਾ ॥ ਗੁਰ ਸੇਵਨ ਕੀ ਬਹੁ ਅਭਿਲਾਖਾ ॥
ਹੈ ਸਾਲਾ ਮੋ ਜਾਇ ਥਿਰਾਨੇ ॥ ਅਸ਼ਨਾਨ ਹਿਤ ਜਲ ਕੋ[2] ਭਰ ਆਨੇ ॥136॥
ਹੈ ਅਸਥਾਨ ਗੁਰੂ ਨਿਤ ਆਵੈ ॥ ਰਾਮ ਕਨੈਯ ਦਰਸੁ ਦਿਖਾਵੈ ॥
ਏਕ ਦਿਵਸ ਸ੍ਰੀ ਗੁਰ ਜੀ ਆਏ ॥ ਭਾਈ ਕਨੈਯ ਚਰਨ ਗਹਾਏ ॥137॥
ਕਰ ਗਹਿ ਲੀਨਾ ਸਤਿਗੁਰ ਪੂਰੇ ॥ ਪਾਸ ਬਠਾਯ ਕਹੋ ਬਚ ਰੂਰੇ ॥
ਧਰਮਸਾਲ ਤੁਮ ਜਾਇ ਬਨਾਵੋ ॥ ਖਾਵੋਂ ਬਾਂਟ ਰਾਮ ਗੁਨ ਗਾਵੋ ॥138॥

॥ ਦੋਹਰਾ ॥

ਸਤਿਗੁਰ ਬਾਨੀ ਅਕਨ ਕਰ ਜੋਰ ਪਾਨ ਸਿਰਨਾਇ ॥
ਬਿਨੈ ਬਖਾਨੀ ਨਿਮ ਹੁਇ ਉਸਤਤਿ ਬਿਨੈ ਅਲਾਇ ॥139॥
ਚਾਰ ਮਾਸ ਸੇਵਾ ਕਰੀ ਈਛਨ ਹੋਈ ਖੀਨ ॥
ਗੁਰ ਕੀ ਸੇਵਾ ਸਫਲ ਹੈ ਗਯਾਨ ਪਦਾਰਥ ਦੀਨ ॥140॥
ਪਦਮ ਪਾਦ ਸਤਿਗੁਰ ਕੇ ਮਾਥ[3] ਨਿਵਾਵਨ ਕੀਨ ॥
ਹਾਥ ਕਮਲੇ ਸਿਰ ਮੋ ਧਰਾ ਬਾਨੀ ਅਸ ਕਹਿ ਦੀਨ ॥141॥

॥ ਚੌਪਈ ॥

ਸਤਿਨਾਮ ਜਾਪੋ ਮਨੁ ਲਾਈ ॥ ਕਲਗੀਧਰ ਸੇਵੋ ਤੁਮ ਜਾਈ ॥
ਹਮ ਨੇ ਦਿਲੀ ਪੁਰ ਮੋ ਜਾਨਾ ॥ ਆਨੰਦਪੁਰ ਤੁਮ ਕਰੋ ਪਯਾਨਾ ॥142॥
ਹਾਥ ਜੋਰ ਕਰ ਬੈਨ ਬਖਾਨਾ ॥ ਕਿਤ ਆਸਰੇ ਮੈ ਕਰੋ ਪਯਾਨਾ ॥
ਇਕ ਸੁਭ[4] ਸਬਦੁ ਉਚਾਰਨ ਕੀਨਾ ॥ ਇਸੇ ਪਢੋ ਤੁਮ ਹਿਤ ਚਿਤ ਦੀਨਾ ॥143॥

॥ ਗਉੜੀ ਮਹਲਾ ੯ ॥

ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾਤੇ ਅਹਿਨਿਸਿ ਭਾਗਉ ॥ਰਹਾਉ॥
ਦੁਖ ਸੁਖ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥2॥1॥

---

1. ਅ ਪੋਥੀ ਗਜਿੰਦ੍ਰ 2. ਅ ਪੋਥੀ ਪਾਨੀ 3. ੲ ਪੋਥੀ ਸੀਸ 4. ਅ ਪੋਥੀ ਸੁ

॥ ਚੌਪਈ ॥

ਸਬਦ ਪਠਤ ਹੀ ਸ਼ਮਾ ਬਿਤਾਵੇ ॥ ਕਲਗੀਧਰ ਆਵੈ ਸੁਖ ਪਾਵੇ ॥
ਸੀਸ ਨਿਵਾਇ, ਚਲੇ ਸੁਖ ਸਾਥਾ ॥ ਆਨੰਦਪੁਰ ਮੇਂ ਅਨੰਦ ਸਾਥਾ ॥144॥
ਜਾਇ ਰਹੇ, ਜਬ ਹੀ ਸੁਖ ਪਾਈ ॥ ਕਲਗੀਧਰ ਆਏ ਸੁਖਦਾਈ ॥
ਜਾਇ ਦੀਦਾਰੁ ਕੀਯੋ ਗੁਰ ਪੂਰੇ ॥ ਜਿਹ ਦੇਖਤ[2] ਅਘ ਹੋਵਤ ਚੂਰੇ ॥145॥
ਆਨੰਦਪੁਰ [ਮਹਿ][3] ਆਨੰਦਾ ਭਯੋ ਹੈ ॥ ਜੋ ਦੇਖੇ ਸੋ ਮਗਨ ਰਹਯੋ ਹੈ ॥
ਕਲਗੀਧਰ ਸਵਤਾ ਸਮ ਰਾਜੇ ॥ ਸਿਖ ਅੰਭੋਜ ਸੁ ਖਿਰੇ ਬਿਰਾਜੇ ॥146॥
ਮੇਚਕ ਕੌ ਹੀ ਦਬਕ ਗਏ ਹੈਂ ॥ ਕੋਕ ਸੰਤ ਆਨੰਦ ਭਏ ਹੈਂ ॥
ਕੁਮਦਨਿ[4] ਬੇਮੁਖ ਜਾਇ ਦੁਰਾਨੇ ॥ ਭਾਨ ਉਪਾਸਕ ਭੇ ਹਰਖਾਨੇ ॥147॥

॥ ਦੋਹਰਾ ॥

ਚਰਨ ਅਰਨ ਨੀਰਜ ਸੁਭਗ ਕੋਮਲ ਨੈਨ ਸੁਖਦਾਇ ॥
ਅਲਿ ਕਨੈਯਾ ਲੇਤ ਰਸ ਆਪਾ ਭੌਰਇ ਗਵਾਇ ॥148॥

॥ ਚੌਪਈ ॥

ਕਲਗੀਧਰੁ ਕੀ ਸੇਵ ਗਹਾਨੀ ॥ ਸੂੰਨੀ ਫੇਰਨ ਲਯਾਵਨ ਪਾਨੀ ॥
ਮਨ ਮੈ ਜਿਨ ਕੇ ਚਾਹ ਨ ਕਾਈ ॥ ਸਤਨਾਮ ਸਿਮਰੈ ਸੁਖਦਾਈ ॥149॥
ਸੇਵਾ ਕਰਤ ਭਯੋ ਚਿਰ ਕਾਲੂ ॥ ਗੁਰ ਦਰਸਨ ਮਨ ਪ੍ਰੀਤਿ[5] ਬਿਸਾਲੂ ॥
ਤੁਰਕ ਪਹਾਰੀ ਗੁਰ ਸੰਗਿ ਬੈਰੀ ॥ ਘੇਰਾ ਪਾਯੋ ਸਾਂਝ ਸਵੇਰੀ ॥150॥
ਸਾਧ ਕਨੈਯਾ ਸਤਿਗੁਰ ਪਾਸੂ ॥ ਸਭ ਮੈ ਆਤਮ ਲਖਯੋ ਪ੍ਰਕਾਸੂ ॥
ਰਾਗ ਨ ਦ੍ਵੈਖ ਨ ਹਰਖ ਨ ਸੋਕੂ ॥ ਸਤ੍ਰ ਮਿਤ੍ਰ ਨਹਿ ਭਾਵੈ[6] ਲੋਕੂ ॥151॥
ਮਸਕ ਨੀਰ ਕੀ ਭਰ ਢਿਗ ਰਾਖੈ ॥ ਕਰੈਹਿ ਪਿਲਾਵਨ ਜੋ ਅਭਿਲਾਖੇ ॥
ਸਿੰਘ ਮੋਰਚੇ ਮੈ ਥਿਰੁ ਜੇਈ ॥ ਜਲ ਤੇ ਤ੍ਰਿਪਤ ਕਰਹਿ ਫਿਰ ਤੇਈ ॥152॥
ਨਿਕਟ ਮੋਰਚੇ ਤੁਰਕਨ ਕੇਰੇ ॥ ਨੀਰ ਨ ਪ੍ਰਾਪਤ ਪਯਾਸ਼ ਬਡੇਰੇ ॥
ਸਬ ਦਿਨ ਮੋਰਚੇ ਭੂਖੇ ਬਿਤਾਵੈ ॥ ਤਿਮਰ ਭਏ ਤਉ ਉਠਿ ਕਰਿ ਜਾਵੈ ॥153॥
ਪ੍ਰਾਤ ਹੋਨ ਤੇ ਪ੍ਰਥਮੈ ਅੰਧੇਰੇ ॥ ਥਿਰਹਿ ਜਾਇ ਜੋ ਭਟ ਤਹਿ ਬੇਰੇ ॥
ਦਿਨ ਮੈ ਭੁਖ ਪਿਪਾਸਾ ਸਹੈ ॥ ਨਿਕਸਨ ਤਿਮਰ ਭਏ ਤੇ ਲਾਹੈ ॥154॥
ਤਿਨ ਪਰ ਭੀ ਕਰ ਕ੍ਰਿਪਾ ਕਨਯਾ ॥ ਭਰ ਭਰ ਮਸਕ ਨੀਰ ਬਹੁ ਦਯਾ ॥
ਜਿਤ ਜਿਤ ਮੋਰਚੇ ਮੈ ਭਟ ਰਹੈਂ ॥ ਦੁਹੂੰ ਦਿਸ ਕੇ ਦੂਰਿ ਦੂਰਿ ਬਹੈਂ ॥155॥
ਜਲ ਦੁਰਲਭ ਦਿਸ ਦੋਨਹ ਹੋਇ ॥ ਯਾਂ ਤੇ ਦੇਤ ਸਾਧ ਮਤਿ ਹੋਇ ॥
ਨਿਮ ਸਿੰਘਨ ਕੋ ਜਾਇ ਪਿਲਾਵੈ ॥ ਤਿਮ ਤੁਰਕਨ ਕੋ ਨਿਤ ਤ੍ਰਿਪਤਾਵੈ ॥156॥

---

1. ੲ ਪੋਥੀ ਆਨੰਦ 2. ਅ ਪੋਥੀ ਦੇਖੇ 3. ਅ ਪੋਥੀ ਵਿਚੋਂ 4. ਅ ਪੋਥੀ ਕੁਮੁਦਸੁ
5. ੲ ਪੋਥੀ ਪ੍ਰੇਮ 6. ਅ ਪੋਥੀ ਭਾਸੈ

ਤਿਸ ਕੌ ਦੇਖਿ ਖਾਲਸਾ ਰਿਸੈ ॥ ਜਲ ਕਯੋ ਦੇਤ ਰਿਪੁਨ ਗਨ ਬਿਸੈਂ ॥
ਕਈ ਬਾਰ ਤਿਸ ਦੇਤ ਹਟਾਇ ॥ ਸੋ ਨਹਿ ਮਿਟੈ ਦੇਤ ਜਲ ਜਾਇ ॥ 157 ॥
ਇਕ ਦਿਨੁ ਦਯਾਸਿੰਧ ਕੇਂ ਪਾਸ ॥ ਹਿਤ ਪੁਕਾਰ ਕੀਨੀ ਅਰਦਾਸਿ ॥
ਹਮ ਬਹੁ ਤੰਗ ਕਰੈ ਰਿਪੂ ਬ੍ਰਿੰਦ ॥ ਦਬਕ ਮੋਰਚੇ ਰਹੇ ਬਿਲਦ ॥ 158 ॥
ਖਾਨ ਮਾਨ ਨਹਿ ਪਹੁਚਨ ਦੇਤ ॥ ਸਕਾਰੇ ਦਿਨੁ ਦੂਖ ਦੈਵੇ ਹੇਤ ॥
ਤਬ ਜਲ ਲੇ ਕਰ ਸਾਧ ਕਨੈਯਾ ॥ ਦੇਤ ਤਿਨੈ ਬਹੁ ਕਰ ਤ੍ਰਿਪਤੈਯਾ ॥ 159 ॥
ਰਹੇ ਹੋਟਾਇ ਨਹੀ ਇਹੁ ਮਾਨੈ ॥ ਯਾਂਤੇ ਇਸ ਮੈ ਦੋਸ ਪਛਾਨੈ ॥
ਗਿਰਪਤ ਗਨ ਸੋ ਮਿਲਯੋ ਲਖੀਜੈ ॥ ਕਛੁ ਲਾਲਚ ਕਰ ਦੇਤ ਜੁਨੀਜੈ ॥ 160 ॥
ਨਤੁ ਹਮ ਰਿਪ ਕੋ ਕਰ ਕਰ ਤੰਗਾ ॥ ਮਾਰੇ ਹੁਤੇ ਸਰੀਰ ਨ ਭੰਗਾ ॥
ਇਮ ਪੁਕਾਰ ਸੁਨ ਸਿੰਘਨ ਕੇਰੀ ॥ ਸਾਧ ਹਕਾਰਯੋ ਢਿਗਿ ਤਿਹ ਬੇਰੀ ॥ 161 ॥
ਨਿਕਟਿ ਬਤਾਇ ਸਹਿਤ ਸਨਮਾਨਾ ॥ ਸ੍ਰੀ ਮੁਖ ਤੇ ਤਬ ਬਾਕ[1] ਬਖਾਨਾ ॥
ਕਹੁ ਸਾਧ ਕਯੋ ਸਹਹੁ ਬਿਖਾਧਾ ॥ ਬੈਠੇ ਕਯੋ ਨ ਕਰਹੁ ਅਹਿਲਾਦਾ ॥ 162 ॥
ਬੀਚ ਜੰਗ ਕੇ ਇਤ ਉਤ ਫਿਰੋ ॥ ਜਲ ਕੋ ਅਚਵਾਵਨ ਹਿਤ ਧਰੋ ॥
ਸਿੰਘਨ ਤੁਮ ਪਰ ਕਰੀ ਪੁਕਾਰਿ ॥ ਰਿਪੁਗਨ ਕੋ ਦੁਖਿ ਮਹਿ[2] ਦੇ ਬਾਰਿ ॥ 163 ॥
ਜੇ ਨਹਿ ਮਿਟਹਿ ਪਿਲਾਵਨ ਚਾਹੈ ॥ ਸਿੰਘਨ ਕੌ ਦਿਹਜੇ ਪਖ ਮਾਂਹੇ ॥
ਹਮਰੋ ਬੈਰ ਗਿਰੀ ਸਨ ਸੰਗ ॥ ਨਾਹਕ ਲਰਤੇ ਹੈ ਵਿਚਿ ਜੰਗ ॥ 164 ॥
ਗ੍ਰਾਮ ਨਗਰੇ ਤਿਨ ਕੋ ਨਹਿ ਰੋਕਯੋ[3] ॥ ਜਗਤ[4] ਮੂਢ ਮਤ ਹਮਹਿ ਬਿਲਕਯੋ[5] ॥
ਜਾਹਿ ਤੁਰਕ ਕੀ ਸਰਨੀ ਪਰੇ ॥ ਹਮ ਪਰ ਦੋਸ ਸੁਨਾਵਨ ਕਰੇ ॥ 165 ॥
ਨਿਜ ਸਹਾਇ ਲਸਕਰ ਲੇ ਆਏ ॥ ਕਈ ਲਾਖ ਦੇਖਹੁ ਭਟ ਛਾਏ ॥
ਅਨਕ ਜਤਨ ਤੇ ਜਗਤ ਬਟੋਰਾ ॥ ਪੁਰ ਕੋ ਘੇਰਿ ਲੀਨ ਚਹੁ ਓਰਾ ॥ 166 ॥
ਹਮਹਿ ਅਲੰਬ ਅਕਾਲ ਪੁਰਖੁ ਕੋ ॥ ਸਭ ਜਗੁ ਕਰਤਾ ਜੋ ਦੁਖ ਸੁਖ ਕੋ ॥
ਸਤ੍ਰਨ ਆਨ ਮੋਰਚੇ ਲਾਏ ॥ ਤਿਨ ਕੋ ਸਿੰਘ ਹਨਹ ਸਮੁਦਾਏ ॥ 167 ॥
ਨਹਿ ਬੈਰੀ ਗਨ ਕੋ ਜਲ ਦੇਹੁ ॥ ਇਹ ਸਿਖਯਾ ਉਰ ਮੈ ਧਰ ਲੇਹੁ ॥
ਸਾਧ ਕਨੈਯਾ ਸੁਨ ਗੁਰ ਬਾਨੀ ॥ ਹਾਥ ਜੋਰੁ ਕਰਿ ਤਬਹਿ ਬਖਾਨੀ ॥ 168 ॥
ਸ੍ਰੀ ਪ੍ਰਭ ਜੀ ਤੁਮਰੋ ਉਪਦੇਸੂ ॥ ਮੈ ਓਹ ਧਾਰਨ ਕਰੋਂ ਹਮੇਸੂ ॥
ਸਦਾ ਚਲੌਂ ਤਿਨ ਕੇ ਅਨੁਸਾਰੀ ॥ ਨਹੀ ਬਿਪਰਜੈ ਕਰ ਹੌਂ ਕਾਰੀ ॥ 169 ॥
ਜਹਾਂ ਕਹਾਂ ਇਕ ਰੂਪ ਤੁਮਾਰਾ ॥ ਨਹਿ ਦੂਸਰ ਮੈ ਕਹੂੰ ਨਿਹਾਰਾ ॥
ਜਿਤਕ ਚਰਾਚਰ ਜੁਗਤ ਬਨਾਉ ॥ ਚੌਰਾਸੀ ਲਖ ਜੋਨ ਸੁਹਾਊ ॥ 170 ॥
ਸਭ ਮੈ ਰਹੈ ਬਿਰਾਜ ਸਮਾਣਾ ॥ ਮਤ੍ਰ ਮਿਤ੍ਰ ਕੋ ਜਾਇ ਨ ਜਾਨਾ ॥

1. ੲ ਪੋਥੀ ਬਚਨ 2. ੲ ਪੋਥੀ ਮਤਿ 3. ਅ ਪੋਥੀ ਰੋਕਾ 4. ਅ ਪੋਥੀ ਜਗਤੁ
5. ਅ ਪੋਥੀ ਬਿਲੋਕਾ

ਸਭ ਥਲ ਤੁਮਰੋ ਰੂਪ ਨਿਹਾਰੋ ॥ ਭੇਦ ਭਿੰਨ [ਕੋ][1] ਨਹੀਂ ਬਿਚਾਰੋ ॥ 171 ॥
ਮੋ ਕੋ ਤਵ ਸਰੂਪ ਦ੍ਰਿਸਟਾਵੈ ॥ ਤੁਮ ਬਿਨ ਦੂਸਰ ਨਦਰਿ ਨ ਆਵੈ ॥
ਤਾਵਰ ਸੇਵੈ ਜੋ ਹਿਤ ਲਾਈ ॥ ਧਰਮ ਆਦਿ ਸੋ ਲੇਵੈ ਪਾਈ ॥ 172 ॥
ਇਤ ਸਿੰਘਨ ਮਹਿ ਆਪ ਬਿਰਾਜੇ ॥ ਉਤ ਤੁਰਕਨ ਮਹਿ ਤੁਮਹੀ ਛਾਜੇ ॥
ਨਹੀ ਪਹਾਰੀ ਮੈ ਕੋ ਦੂਜਾ ॥ ਜਹ ਕਹ ਕਰੈ ਆਪੁ ਕੀ ਪੂਜਾ ॥ 173 ॥
ਜਲ ਥਲ ਸਕਲ ਗਗਨ ਅੰਰੁ ਅਵਨੀ ॥ ਅਹੈ ਖੇਲ ਰਾਵਰ ਕੀ ਰਵਨੀ ॥
ਇਮ ਸੁਨ ਸੰਤ ਕਨੈਯੇ ਪਾਸ ॥ ਪਰਮ ਪ੍ਰਸੰਨ ਭਏ ਗੁਣ ਰਾਸ਼ ॥ 174 ॥
ਸ੍ਰੀ ਮੁਖ ਤੇ ਮੁਸਕਾਇ ਬਖਾਨਾ ॥ ਸੁਨਹੁ ਖਾਲਸਾ ਸਭ ਧਰ ਧਯਾਨਾ ॥
ਸਾਧ ਬ੍ਰਿਤੀ ਇਨ ਲਖਯੋ ਚਰਿਤ੍ਰ ॥ ਇਕ ਬਚਿਤ੍ਰ ਮਹਿ ਸਤ੍ਰ ਨ ਮਿਤ੍ਰ ॥ 175 ॥
ਇਸ [ਕਰੈ][2] ਕਿਸ ਬਿਧ ਕੋਹਹੁ ਨ ਕੋਈ ॥ ਕਰਹੁ ਜਥੋ ਚਿਤ ਜਿਮ ਉਰ ਹੋਈ ॥
ਨਹਿ ਬੈਰੀ ਇਸ ਕੇ ਉਰ ਭਾਸਾ ॥ ਪ੍ਰਭ ਇੱਕ ਸਭ ਮਹਿ ਲਖਯੋ ਤਮਾਸਾ ॥ 176 ॥
ਊਚ ਭੂਮਕ੍ਰਾ ਮਹਿ ਮੁਨ ਥਿਰਯੋ ॥ ਨਾਨਾ ਤਿਯਾਗ ਏਕ ਰਸੁ ਧਰਯੋ ॥
ਧੰਨ ਜਨਮ ਆਪਨ ਇਨ ਕੀਨਾਂ ॥ ਜਿਸ ਕੋ ਬਖਸੇ ਹੁਇ ਦੁਖ ਹੀਨਾ ॥ 177 ॥
ਇਹੁ ਭੀ ਅਪਨੋ ਪੰਥ ਪ੍ਰਕਾਸੈ ॥ ਬਹੁ ਲੋਕਨ ਕੀ ਕੁਮਤਿ ਬਿਨਾਸੈ ॥
ਸੁਨ ਪ੍ਰਭ ਤੇ ਸਭ ਸਿਖ ਅਨੰਦੇ ॥ ਦ੍ਵੈਤ ਹਤੀ ਲਹਿ ਬ੍ਰਹਮ ਅਨੰਦੇ ॥ 178 ॥
ਹਸਤ ਕਮਲੁ ਕਰੁ ਗਹਿ ਜੁਗ ਪਾਨੀ ॥ ਕੰਠਿ ਲਗਾਯੋ ਸੁਖਮਾ ਖਾਨੀ ॥
ਸ੍ਰੀ ਕਮਲਾਨਨ ਬੈਨ ਉਚਾਰਾ ॥ ਭਾਈ ਸੁਨੀਏ ਵਾਕ ਹਮਾਰਾ ॥ 179 ॥
ਜੋ ਕਰਨਾ ਥਾ ਸੋ ਕਰ ਲੀਨੋ ॥ ਔਰ ਨ ਕਰਨੋ ਰਹਯੋ ਪ੍ਰਬੀਨੋ ॥
ਗਯਾਨ ਅਰੂਢ ਭਈ ਬ੍ਰਿਤ ਤੇਰੀ ॥ ਸਖਮਾਂਖਾਂਨ ਭਯੋ ਬਿਨ ਦੇਰੀ ॥ 180 ॥
ਐਸੇ ਕਹਿ ਇਕ ਸਾਫਾ ਦੀਨੋ ॥ ਔਰਿ ਉਪਦੇਸਿ ਦੀਓ ਰਸਿ ਭੀਨੋ ॥
ਵੰਡ ਸੁ ਖਾਵਨ ਬਾਨੀ ਮੀਠੀ ॥ ਸੋ ਕਹੀਐ ਜੋ ਲਾਗੈ ਈਠੀ ॥ 181 ॥
ਅਭਯਾਗਤ ਕੋ ਸੇਵਨ ਕੀਜੈ ॥ ਜਿਹ ਸੇਵਨ ਤੇ ਸੁਭਗਤ ਲੀਜੈ ॥
ਔਰ ਨ ਕਿਸੁ ਕੋ ਕਰੋ ਭਰੋਸੂ ॥ ਕਰ ਕ੍ਰਿਤ ਖਾਵੋ ਜੋ ਬਿਨੁ ਦੋਸੂ ॥ 182 ॥
ਸਤਿਗੁਰ ਬਾਨੀ ਪਠੋ ਬਨਾਈ । ਔਰ ਭਰੋਸੇ ਦੇਉ ਬਹਾਈ ॥
ਜਗ ਮੋ ਤੁਮਰੋ ਹੂੰ ਹੈ ਪੰਥਾ ॥ ਸਿਮਰੈ ਸਤਨਾਮੁ ਗੁਣ ਗ੍ਰੰਥਾ ॥ 183 ॥
ਗਵਨ ਕਰੋ ਅਬ ਬੇਰ ਬਹੀਨਾ ॥ ਸਤਨਾਮ ਸਿਮਰੋ ਰਸੁ ਭੀਨਾ ॥
ਸੁਨ ਗੁਰ ਗਿਰਾ ਪ੍ਰਦਛਨ ਦੀਨ ॥ ਕਰ ਜੁਗ ਜੋਰ ਪ੍ਰਨਾਮੈ ਕੀਨ ॥ 184 ॥

॥ ਦੋਹਰਾ ॥

ਸੁੰਦਰ ਮੂਰਤਿ ਦੇਖ ਕਰ ਲੋਚਨਿ ਮਗ ਉਰਿ ਆਂਨ ॥
ਗਵਨ ਕਰਾ ਤਤਕਾਲ ਹੀ ਪ੍ਰੇਮ ਵਿਖੇ ਮਨ ਠਾਂਨ ॥185॥

---

1. ਅ ਪੋਥੀ ਵਿਚੋਂ 2 ਅ ਪੋਥੀ ਵਿਚੋਂ

ਭਾਈ ਕਨੈਯੇ ਲਾਲ ਕੋ ਬੰਦਨ ਬਾਰੰ ਬਾਰ ॥
ਜਿਨ ਕੀ ਸੇਵਾ ਸੇਵਤੇ ਸੇਵਾ ਭ੍ਰਾ ਭਵ ਪਾਰ ॥186॥
ਭਾਈ ਸੇਵਾ ਰਾਮ ਨੇ ਸੇਵਾ ਕਰੀ ਮਨ ਲਾਇ ॥
ਕਾਮਾਦਿਕ ਕੋ ਜੀਤ ਕੈ ਗਯਾਨ ਧਯਾਨ ਚਿਤੁ ਲਾਇ ॥187॥
ਭਾਈ ਸੇਵਾ ਰਾਮ ਕੋ ਲਿਯੋ ਰਿਝਾਇ ਮਨੁ ਲਾਇ ॥
ਸੇਵਾ ਯਾਹੇ ਪ੍ਰਤਾਪ ਹੈ ਭੇ ਅੜਣ ਸੁਖਦਾਇ ॥188॥
ਭਾਈ ਅੜਣ ਰਾਮ ਜੀ ਭਾਨ ਸਮਾਨ ਸਰੂਪ ॥
ਸੰਤ ਜਲ ਸੈ ਖਿਰ ਰਹੇ ਪਾਯੋ ਸੁਖ ਅਨੂਪ ॥189॥
ਭਾਈ ਅੜਣ ਰਾਮ ਕੀ ਸੰਪ੍ਰਦਾਇ ਜਗ ਭੂਰ ॥
ਆਯਾ ਰਾਮ ਸੁ ਮੁਖ ਭੇ ਗਯਾਨ ਆਦਿ ਭਰਪੂਰ ॥190॥
ਆਯਾ ਰਾਮ ਸੁ ਰਾਮ ਭੇ ਰਾਮ ਰਟੇ ਨਿਸ ਬਾਸ ॥
ਤਿਨ ਕੀ ਸੰਗਤਿ ਪਾਇ ਕੇ ਧਰਮ ਸਦਾ ਸੁਖ ਰਾਸ ॥191॥
ਧਰਮ ਦਾਸ ਧਰਮਗ ਸਦਾ ਸਰਬ ਗੁਣੇਨ ਕੀ ਖਾਨ ॥
ਤਿਨ ਕੀ ਸੰਗਤਿ ਕਰਨ ਭੇ ਦੂਲੋ ਰਾਮ ਸੁਜਾਨ ॥192॥

॥ ਸੋਰਠਾ ॥

ਆਇ ਪ੍ਰੀਤੀ ਧਾਰ ਸੁਧਾ ਸਰੋਵਰ ਨਾਨ ਕੋ ॥
ਪਰਸ ਰਾਮ ਸੁਖ ਕਾਰ ਗਾਦੀ ਤਿਨ ਕੋ ਦੇਤ ਭੇ ॥193॥

॥ ਦੋਹਰਾ ॥

ਭਾਈ ਦੂਲੋ ਰਾਮ ਕੋ ਅੰਮ੍ਰਿਤ ਸਰ ਮੈ ਬਾਸ ॥
ਤਿਨ ਕੀ ਸੇਵਾ ਸੁਭ ਕਰੀ ਗੁਰਦਿਤਾ ਰਾਮ ਸੁਖਰਾਸ ॥194॥
ਭਾਈ ਗੁਰਦਿਤਾ ਰਾਮ ਵਰ ਭਏ ਅਦਿੱਤ ਸਰੂਪ ॥
ਦਾਸ ਕਮਲ[1] ਸੇ ਖਿੜ ਰਹੇ ਪਾਯੋ ਗਯਾਨ ਅਨੂਪ ॥195॥
ਧੀਰਜ ਧਰਮ ਵਿਚਾਰ ਮੈ ਰਹਿਤ ਸਦਾ ਲੈ ਲੀਨ ॥
ਘੜਦੇ ਕਜਣ ਬਿਰਦ ਜਿਹ ਦਾਸ ਉਧਾਰਨ ਕੀਨ ॥196॥
ਦਾਨ ਦੇਨ ਮੇ ਇੰਦ੍ਰ ਜਯੋ ਦ੍ਰਵੀ ਭੂਤ ਜਲ ਜਾਨ ॥
ਧੀਰਜ ਧਾਰੀ ਮਹੀ ਸੇ ਗੁਰਦਿੱਤਾ ਰਾਮ ਸੁਜਾਨ ॥197॥
ਨਾਮੁ ਵਿਖੇ ਲੈ ਲੀਨ ਹੈ ਜਿਉ ਸਫਰੀ [2]ਜਲ ਮਾਹਿ ॥
ਸਤ ਸੰਤੋਖਿ ਸੁਗਯਾਨ ਨਿਧਿ ਮਨ ਬਿਖਿਯਨ ਮੋ ਨਾਂਹਿ ॥198॥
ਤਿਨ ਕੋ ਸਿਸ ਸੋਭਾ ਭਯੋ ਸਰਬ ਗੁਣੇਨਨ ਤੇ ਹੀਨ ॥
ਕੋਇਕ ਗੁਣ ਪਰਗਾਸ ਤੋ ਗੁਰ ਕਿਰਪਾ ਤੇ ਚੀਨ ॥199॥
ਅੜਣ ਸਾਹੀ ਸਾਧ ਜੋ ਆਦਿ ਅੰਤਿ ਤੇ ਲੇਹਿ ॥
ਸਭ ਕੇ ਚਰਣ ਪ੍ਰਨਾਮ ਮਮ ਗੁਰਚਰਨਨ ਰਤ ਦੇਇ ॥200॥

---

1. ੲ ਪੋਥੀ ਪੰਕਜ। 2. ੲ ਪੋਥੀ ਪਾਨੀ।

ਬੇਦੀ ਸੋਢੀ ਆਦਿ ਲੇ ਤ੍ਰੇਹਣ ਭਲੇ ਸੁਜਾਨ ॥
ਜੜ ਚੇਤਨ ਜੇ ਸ੍ਰਿਸਟਿ ਹੈ ਸੁਭ ਕੋ ਬੰਦਨ ਠਾਨ ॥201॥
ਚਾਰ ਜੁਗਨ ਮੈ ਜੋ ਭਏ ਕਵੀ ਜੁ ਧਰਮ ਸੁਜਾਨ ॥
ਤਿਨ ਚਰਨਨ ਬਲ ਬਲ ਪਾਇ ਕੈ ਕਹੋ ਕਥਾ ਸੁਖਦਾਨ ॥202॥

॥ ਚੌਪਈ ॥

ਗਾਥ[1] [ਜੁ][2] ਗੁਰੂ ਕੀ ਕਾਮਦ ਗਾਈ ॥ ਗੁਰ ਸਿਖਨ ਕੇ ਜੋਗ ਬਨਾਈ ॥
ਕਟ ਪੁਟ ਕਾਨ ਪੀਛੇ ਮਨ ਲਾਈ ॥ ਜਨਮ ਮਰਨ ਤਿਨ ਕੋ ਭ੍ਰਮ ਜਾਈ ॥203॥
ਕੂਰ ਕਪੂਤ ਕੁਟਿਲ ਅਭਿਮਾਨੀ ॥ ਜੋ ਗੁਰ [ਗਾਥ][3] ਸੁਨੇ ਨਹਿ ਕਾਨੀ ॥
ਕਾਮੀ ਭ੍ਰਾਮੀ ਕਹੇ ਕੁਬੈਨਾ[4] ॥ ਜੋ ਨਹਿ ਦਰਸੈ ਗੁਰੂ ਚਲ ਨੈਨਾ ॥204॥
ਕਲਮਲ ਖਾਨ ਬੁਧਿ ਤਹ ਮੂੜੀ ॥ ਜਿਨਹ ਨ ਲੀਨੀ ਗੁਰ ਪਦ ਧੂੜੀ ॥
ਕੂੜੀ ਚੂੜੀ ਚਲੈ ਕੁਪਾਥਾ ॥ ਜਿਹ ਨ ਨਿਵੈ ਗੁਰ ਆਗੈ ਮਾਥਾ ॥205॥
ਆਧ ਵਯਾਧ ਪਾਵੈ ਬਹੁ ਦੁਖਾ ॥ ਜੋ ਗੁਰ ਸਬਦ ਨ ਉਚਰੇ ਮੁਖਾ ॥
ਹਾਥ ਪਾਦ ਹੈ ਸਾਂਪ ਸਰੀਖੇ ਜੋ ਗੁਰ ਸੇਵਾ ਕਰਨ ਨ ਸੀਖੇ ॥206॥

॥ ਦੋਹਰਾ ॥

ਔਰ ਅੰਗ ਜੋ ਦੇਹ ਕੇ ਸਰਬ ਅਕਾਰੰਥ ਜਾਨ ॥
ਜੋ ਗੁਰ ਸੇਵਾ ਕੇ ਮੈ ਲਗੀ ਸਫਲੁ ਸੋਈ [ਕਿਰ][5] ਮਾਨ ॥207॥
ਸ੍ਰੀ ਗੁਰ ਸਾਹਿਬ ਸਿੰਘ ਕੇ ਚਰਨ ਕਮਲ ਰਿਦ ਧਾਰ ॥
ਕਹੋ ਮਿਲਨ ਜੁਗ ਸਿਖਨ ਕੋ ਮਿਲੇ ਪ੍ਰੀਤ ਮਨ ਧਾਰ ॥208॥

॥ ਚੌਪਈ ॥

ਊਨਾਂ ਸਾਹਿਬ ਗੁਰ ਕੋ ਥਾਨੂ ॥ ਤਿਸ ਕੇ ਨਿਕਟ ਸਲੋਹ ਬਖਾਨੂ ॥
ਗੁਰ ਕਲਧਾਰੀ ਤਹ ਤਪ ਕੀਨਾ ॥ ਸੋ ਸਥਾਨ ਜਗ ਮਧ[6] ਪ੍ਰਗਟੀਨਾ ॥209॥
ਤਿਸ ਸਥਾਨ ਕੀ ਸੇਵ ਸੁਹਾਈ ॥ ਤੇਜਾ ਸਿੰਘ ਕਰੇ ਮਨ ਲਾਈ ॥
ਸੂਨੀ ਫੇਰਨਿ ਦੀਪ ਜਗਾਵਨ ॥ ਪਾਨੀ ਲਯਾਵਨ ਅਰ ਵੰਡ ਖਾਵਨ ॥210॥
ਸਮਦਮ ਆਦਿ ਗੁਨ ਲੈ ਲੀਨਾ[7] ॥ ਕਰ ਵੈਰਾਗ ਗਿਯਾਨ ਰਸ ਭੀਨਾ[8] ॥
ਜਿਸ ਕੇ ਮਨ ਮੈ ਚਹ ਨ ਕਾਈ ॥ ਸਤਿਗੁਰ[9] ਸੇਵਾ ਕਰੈ ਬਨਾਈ ॥211॥
ਕਾਦਰਵਾਦਨ ਕੇ ਮਧ ਜਾਨੋ ॥ ਤਾ ਮਹਿ ਸੇਵਾ ਸਿੰਘ ਰਹਾਨੋ ॥
ਗੁਰ ਸਿਖੀ ਮੈ ਹੈ ਜੋ ਪੂਰਾ ॥ ਸੰਗਤ ਲਯਾਵੈ [ਗੁਰੂ][10] ਹਜੂਰਾ ॥212॥
ਊਨੇ ਸਾਹਿਬ ਹੋਲੇ ਮਾਹੀ ॥ ਆਯੋ ਸੰਗਤਿ ਕੋ ਲੈ ਤਾਂ ਹੀ ॥
ਗੁਰ ਸੁਤ ਦਰਸ ਕੀਯੋ ਮਨ ਲਾਈ ॥ ਜਥਾ ਸਕਤ ਤਹਿ ਭੇਟ ਚਢਾਈ ॥213॥

---

1. ਅ ਪੋਥੀ ਕਥਾ 2. ਅ ਪੋਥੀ ਵਿਚੋਂ 3. ਅ ਪੋਥੀ ਕਥਾ 4. ਅ ਪੋਥੀ ਕਟਬੈਨਾ 5. ਅ ਪੋਥੀ ਸੁਭ 6. ਅ ਪੋਥੀ ਮੋ 7. ਅ ਪੋਥੀ ਲੀਨ 8. ਅ ਪੋਥੀ ਚੀਨ 9. ਅ ਪੋਥੀ ਗੁਰ 10. ੲ ਪੋਥੀ ਸਤਿਗੁਰੂ

ਬਹੁਰੋ ਅਏ ਸਲੋਹ ਕੌ ਤੇਜਾ ਸਿੰਘ ਜਹ ਆਹਿ ॥
ਮਿਲਤ ਭਏ ਦੋਨੋ ਗੋਰੇ ਮਨ ਮੋ ਪ੍ਰੀਤ ਬਢਾਈ ॥214॥

॥ ਚੌਪਈ ॥

ਬੈਠਤ ਭੇ ਸੁ ਦੋਨੋ ਪਯਾਰੇ ॥ ਗੁਰਿ ਸਿਖੀ ਜਿਹ ਮਾਹਿ ਅਪਾਰੇ ॥
ਦੋਨੋ ਮਿਲ ਕੇ ਭੇ ਹੁਲਸਾਈ ॥ ਜਿਸ ਰਵਿ[1] ਦੇਖੇ ਕਮਲ[2] ਖਿਰਾਈ ॥215॥
ਭਾਈ ਸੇਵਾ ਸਿੰਘ ਕਰ ਜੋਰ ॥ ਬਿਨੈ ਭਨੀ ਬਹੁ ਬ੍ਰਾਂਚ ਨਿਹੋਰ ॥
ਕਹਤ ਮੋਹਿ ਆਵਤ ਬਡ ਲਾਜੂ ॥ ਜੋ ਨ ਕਹੋ ਤੌ ਬਿਗਰੇ ਕਾਜੂ ॥216॥
ਸ਼ੁਤੀ ਪੁਰਾਨ ਮੁਨੀ ਜਨ ਗਾਵ੍ਹ ॥ ਸੰਤ ਬਚਨ ਮਨ ਸੰਸੈ ਦਾਵਾ ॥
ਇਕ ਸੰਸਾ ਮੇਰੇ ਮਨ ਮਾਹੀਂ ॥ ਕਰਿ ਕਿਰਪਾ ਤੁਮ ਹਰੋ ਗੁਸਾਂਈ ॥217॥
ਰਾਮ ਦਾਸ ਗੁਰ ਸੇਵਾ ਕੀਨੀ ॥ ਕਰ ਸੇਵਾ ਗੁਰਆਈ ਲੀਨੀ ॥
ਸਤੁ ਸੰਤੋਖਿ ਵਿਖੇ ਮਨ ਲਾਯੋ ॥ ਗੁਰ ਸਿਖਨ ਕੋ ਨਾਮ ਦ੍ਰਿੜਾਯੋ ॥218॥

॥ ਦੋਹਰਾ ॥

ਭੱਲਿਯਨ ਕੁਲ ਕੇ ਮੁਕਟਿ ਮਣਿ ਅਮਰਦਾਸ ਗੁਣ ਰਾਸ ॥
ਦੇ ਗੁਰਿਆਈ ਅਸਿ ਕਹਾ ਰਹੇ ਤੁਮਾਰੇ ਪਾਸ ॥219॥

॥ ਚੌਪਈ ॥

ਸ੍ਰੀ ਅਮਰਦਾਸ ਸੋਢਨਿ ਕੋ ਦਈ ॥ ਬੇਦਿਨ ਮੋ ਕੈਸੇ ਪੁਨ ਆਈ ॥
ਇਹ ਸਹਸਾ ਹਮਰੇ ਮਨ ਮਾਹੀ ॥ ਕਰੋ ਦੂਰਿ ਅਬ ਬਿਲਮੋ ਨਾਹੀ ॥220॥

॥ ਦੋਹਰਾ ॥

ਇਹ ਸਹਸਾ ਉਤਪੰਨ ਭਾ ਭਯੋ ਤਿਮਰ ਅਗਯਾਨ ॥
ਵਾਕ ਕਹੋ ਮਾਰਤੰਡ ਸੇ ਮੁਹਿ ਸਹਸੀ ਹੁਬਿਹਾਨ ॥221॥
ਚੰਦਨ ਪਾਰਸ ਗੰਗ ਵਤ ਸੰਤ ਕਰੈ ਉਪਕਾਰ ॥
ਅਪਨੋ ਗੁਨ ਸਦ ਦੇਤ ਹੈਂ ਪਰ ਔਵਗੁਨ ਕਟਤ ਡਾਰ ॥222॥

॥ ਚੌਪਈ ॥

ਭਾਈ ਤੇਜਾ ਸਿੰਘ ਵਿਚਾਰਾ ॥ ਏ ਗੁਰ ਕੋ ਅਤ ਸਿਖ ਪਿਆਰਾ ॥
ਇਨ ਕੋ ਸੰਸਾ ਸੁਪਨੇ ਨਾਹੀਂ ॥ ਬਾਨੀ ਮੋਰ ਸਫਲ ਹੋਇ ਜਾਹੀ ॥223॥
ਏਹ ਬਿਚਾਰੁ ਕਹਯੋ ਤੁਮ ਧੰਨੁ ॥ ਜਿਨ ਕੇ ਮਨ ਉਪਕਾਰ ਉਪੰਨ ॥
ਗੁਰ ਕੋ ਜਸੁ ਸੁਨੀਯੈ ਮਨ ਲਾਈ ॥ ਜਿਹ ਸੁਨੰਤੇ ਅਘ ਓਘ ਨਸਾਈ ॥224॥

॥ ਦੋਹਰਾ ॥

ਤੁਮਨੇ ਕ੍ਰਿਤ ਉਪਕਾਰ ਸੁਭ ਕਥਾ ਕਰਾਈ ਯਾਦ ॥
ਇਮ ਕਹਤੇ ਚਖ ਜਲ-ਗਿਰਾ ਭਯੋ ਮਨੈ ਅਹਿਲਾਦ ॥225॥

1. ੲ ਪੋਥੀ ਭਾਨ 2. ਅ ਪੋਥੀ ਕੌਲ 3. ਅ ਪੋਥੀ: ਪਾਠਾਂਤਰ ਮਨ ਸੰਸੈ ਵਚ ਸੌਤੋਲ

ਜਾ ਕੇ ਸੁਨ ਆਧੀਨ ਤੇ ਤੀਨ ਪਾਪ ਜਰ ਜਾਇ ॥
ਪਾਇ ਭਕਤ ਅਨੁਪਾਇਨੀ ਜਨਮ ਮਰਨ ਮਿਟ ਜਾਇ ॥226॥

॥ ਚੌਪਈ ॥

ਸ੍ਰੀ ਗੁਰ ਕੀਰਤਿ ਅਮੀ ਸਮਾਨਾ ॥ ਜਾਹਿ ਸੁਨੇ ਅਸਰਾ ਪਦ ਜਾਨਾ ॥
ਗੁਰ ਕੋ ਸੁਭ ਜਸ ਚੰਦ ਮਨਿੰਦਾ ॥ ਸਿਖ ਕੁਮੁਦ ਚਿਤ ਭਏ ਅਨੰਦਾ ॥227॥
ਗੁਰ ਚਰਿਤ੍ਰ ਸੁਭ ਭਾਨ[2] ਸਰੂਪਾ ॥ ਸਿਖ ਨੀਰਜ ਖਿਰ ਸੋਭ ਅਨੂਪਾ ॥
ਗੁਰ ਮਹਿਮਾ ਪੁਨ ਮੇਘ ਸਮਾਨਾ ॥ ਸਿਖ ਚਾਤ੍ਰਿਕ ਮਨ ਭੇ ਹੁਲਸਾਨਾ ॥228॥
ਗੁਰ ਕੌਤਕ ਸੁਭ ਕੰਜ ਸਰੀਖੇ ॥ ਸਿਖ ਅਲੀ ਰਸ ਲੇਵਨ ਸੀਖੇ ॥
ਗੁਰ ਬਡਿਆਈ ਨਦੀ ਸਮਾਨਾ ॥ ਗੁਰ ਸਿਖ ਸਫਰੀ ਸਦ ਮਗਨਾਨਾ ॥229॥
ਗੁਰ ਸੁਭ ਗਥ ਚਿੰਤਾ ਮਨ ਚਾਰੂ ॥ ਜਾਹਿ ਸੁਨੇ ਚਿਤ ਚਿੰਤ ਨਿਵਾਰੂ ॥
ਗੁਰ ਪ੍ਰਤਾਪ ਪਦਮਾ ਪਤਿ ਜਾਨੂ ॥ ਜਿਹ ਦਰਸੇ ਅਘ ਓਘ ਪ੍ਰਹਾਨੂ ॥230॥

### [ਗੁਰਿਆਈ ਮੁੜ ਬੇਦੀਆਂ ਪਾਸ ਕਿਵੇ ਆਈ]

॥ ਦੋਹਰਾ ॥

ਭਾਈ ਸੇਵਾ ਸਿੰਘ ਜੀ ਗੁਰ ਕੇ ਚਰਿਤ, ਅਪਾਰ ॥
ਗਿਰਾ ਗਨੇਸ ਨ ਕਹਿ ਸਕੈ ਸੇਸ ਨ ਪਾਵੈ ਪਾਰ ॥231॥
ਜੈਸਿ ਗੁਰਾਈ ਫਿਰ ਆਈ ਬੇਦਿਨ ਬਿਖੇ ਸੁਜਾਨ ॥
ਜੈਸਾ ਸੁਨਾ ਸੋ ਕਹਤ ਹੌ ਤੁਮਰੇ ਪ੍ਰਤ ਹਰਖਾਨ ॥232॥
ਦੀਨ ਬੰਧ ਕਾਰਣ ਕਰਣ ਸਰਬ ਜਗਤ ਕੇ ਨਾਥ ॥
ਸਤਗੁਰ ਦਸਵੇ ਪਾਤਿਸਾਹ ਬੇਦੀ ਕੁਲ ਕੇ ਸਾਥ ॥233॥

॥ ਚੌਪਈ ॥

ਕਰੇ ਭਾਵ ਬਹੁ ਰਾਖੇ ਮਾਨ ॥ ਬਡੇ ਸੁ ਅਪਨੇ ਮਨ ਮੈ ਜਾਨ ॥
ਗੁਰ ਨਾਨਕ ਸਮ ਜਾਨਹਿ ਤਾਹਿ ॥ ਕਰਹਿ ਅਦਬ ਬਹੁ ਪੂਜਾ ਕਰਾਹਿ ॥234॥
ਜੋ ਅਨੰਦਪੁਰਿ ਬੇਦੀ ਜਾਵੈ ॥ ਕਲਗੀਧਰ ਤਿਹ ਪੂਜ ਕਰਾਵੈ ॥
ਬੇਦਿਨ ਬਿਖੇ ਸੁ ਭਏ ਉਜਾਗਰ ॥ ਬਾਬਾ ਕਲਾਧਾਰੀ ਸੁਖ ਸਾਗਰ ॥235॥
ਊਨੇ ਸਾਹਿਬ ਵਿਖੇ ਰਹੰਤੇ ॥ ਸਮ ਦਮ ਆਦਿ ਵਿਖੇ ਗੁਨਵੰਤੇ ॥
ਧੀਰਜ ਧਾਰੀ ਸਦਾ ਬਿਚਾਰੀ ॥ ਗਯਾਨਵਾਨ ਸੋਭ[3] ਸੁਖਕਾਰੀ ॥236॥
ਦੁਖੀਅਨ ਪਰ ਕਰਨਾ ਕੋ ਕਰਤੇ ॥ ਸੁਖਿਅਨ ਪਰਮੁਦਤਾ ਮਨੁ ਧਰਤੇ ॥
ਸੰਤਨ ਸਾਥ ਮੈਤ੍ਰਤਾ ਜਾਨੇ ॥ ਦੁਸਟਨ ਸੰਗ ਉਪੇਖਯਾ ਠਾਨੇ ॥237॥
ਕਬੀ ਕਬੀ ਆਨੰਦਪੁਰ ਜਾਹੀ ॥ ਕਲਗੀਧਰ ਬਹੁ ਅਦਬ ਕਰਾਂਹੀ ॥
ਅਦਬ ਸਾਥ ਸੋ ਪਲਘ[4] ਬਹਾਵੈ ॥ ਹਾਥ ਜੋਰੁ ਬਹੁ ਬਿਨੈ ਅਲਾਵੈ ॥238॥
ਪੰਜ ਸੈ ਰੂਪੀ ਏਕ ਕਿਨਾਨ ॥ ਦੇਹਿ ਦੁਸਾਲਾ ਕਰ ਬਹੁ ਮਾਨ ॥
ਅਦਬ ਸਾਥ ਫਰ ਬਿਦਾ ਕਰਾਈ ॥ ਬਾਬਾ ਕਲਧਾਰੀ ਘਰੁ ਜਾਈ ॥239॥

1. ਅ ਪੋਥੀ ਤਾਇ 2 ੲ ਪੋਥੀ ਰਵਿ 3. ਅ ਪੋਥੀ 4. ਅ ਪੋਥੀ ਪਲੰਘ

ਇਸੀ ਭਾਂਤਿ ਬਹੁ ਸਮਾ ਬਿਤਾਹੀਂ ॥ ਹੈ ਸੁਨਾਰਾ ਛੇਹਰੇ ਮਾਹੀ ॥
ਸਾਹਿਬਜ਼ਾਦਨ ਪਾਸਿ ਰਹੰਤਾ ॥ ਤਿਨਾ ਬਡਿਆਈ ਦੇਖਿ ਜਰੰਤਾ ॥ 240 ॥

॥ ਦੋਹਰਾ ॥

ਮਨ ਮੈ ਕੀਯੋ ਬਿਚਾਰ ਤਬ ਬੇਦੀ ਬਨਹੋਂ ਆਪੁ ॥
ਹੈ ਸੇਵਕ ਜੁਗ ਸਾਥ ਲੈ ਸੇਹਲੀ ਗਲ ਮੈ ਥਾਪ ॥ 241 ॥

॥ ਚੌਪਈ ॥

ਦੇਸਨ ਮੇ ਬਿਚਰਤ ਤਬ ਭਯੋ ॥ ਪੂਜ ਪਾਇ ਚਿਤ ਮੇ ਸੁਖ ਠਯੋ ॥
ਗਨਕਾ ਮੰਦਰਾ ਮਾਂਸ ਅਹਾਰੀ ॥ ਭਈ ਸੰਥੂਰ ਜਹ ਗੰਗਰ ਭਾਰੀ ॥ 242 ॥

॥ ਦੋਹਰਾ ॥

ਕਲਗੀਧਰ ਕੇ ਪਾਸ ਸੋ ਗਯੋ ਪਖੰਡ ਕੀਨ ॥
ਸਾਹਿਬਜਾਦੇ ਭੇਖ ਪਿਖ ਸਤਿਗੁਰ[2] ਆਦਰੁ ਦੀਨ ॥ 243 ॥

॥ ਚੌਪਈ ॥

ਕਰ ਸੋ ਕਰ ਗਹਿ ਪਲੰਗ ਬੈਠਾਯੋ ॥ ਆਦਰੁ ਦੇ ਕਰੁ ਬਾਕ ਅਲਾਯੋ ॥
ਮਿਹਰ ਕਰੀ ਮੁਹਿ ਕੀਯੋ ਨਿਹਾਲ ॥ ਭੇਟ ਸੋ ਦੀਨੀ ਇਕ ਹੈ ਲਾਲ ॥ 244 ॥
ਸਨਿਆਰੇ ਮਨ ਕਿਯਾ ਅਨੁਮਾਨੂ ॥ ਜੋ ਗੁਰ ਪੂਰਾ ਹੋਤ ਸੁਜਾਨੂ ॥
ਕੈਸੇ ਹਮਰਾ ਅਦਬ ਕਰੇਂਵਤ[3] ॥ ਦੇ ਕਰ ਭੇਟਾ ਪਲੰਘ ਬਹਾਵਤ[4] ॥ 245 ॥
ਮੈ ਜੈਸੇ ਜਗ ਭੇਖਿ ਬਨਾਈ ॥ ਮੇਰੀ ਪੂਜਾ ਹੋਤ ਸਵਾਈ ॥
ਤੈਸੇ ਜਗ ਇਨ ਦੰਭ ਪਸਾਰਾ ॥ ਪੂਜਾ ਹੋਵੇ ਅਪਰ ਅਪਾਰਾ ॥ 246 ॥
ਸਤਿਗੁਰ[5] ਤਿਸ ਕੇ ਮਨ ਕੀ ਜਾਨੀ ॥ ਜਾਤ ਸੁਨਾਰਾ ਹੈ ਅਤਿਮਾਨੀ ॥
ਹਮ ਤੇ ਸੇਲੀ ਅਦਬ ਕਿਯੋ ਹੈ ॥ ਏਹੁ ਮੂਰਖੁ ਮਨ ਮੇ ਗਰਬਯੋ ਹੈ ॥ 247 ॥
ਹੁਕਮੁ ਦੀਯੋ ਤਬ ਸਤਿਗੁਰ ਪੂਰੇ ॥ ਇਸੇ ਉਠਾਵੋ ਬਾਂਧ ਜਰੂਰੇ ॥
ਸਿੰਘਨ ਤਤੁ ਖਿਨੁ ਲੀਨ ਉਠਾਈ ॥ ਮੁਸਕਾਂ ਦੀਨੀ ਮਾਰਿ ਕਰਾਈ ॥ 248 ॥
ਕਾਲ ਨੇਮ ਜਿਉ ਹਨੂ ਪਛਾਰਾ ॥ ਤਿਉ ਸਿੰਘਨ ਨੇ ਗਹਿ ਗਹਿ ਮਾਰਾ
ਸੇਲੀ ਡੇਰਾ ਲੀਨੇ ਖੋਸਟੀ ॥ ਦੀਓ ਨਿਕਾਲ ਮਾਰਿ ਬਹੁ ਚੋਟੀ ॥ 249 ॥

॥ ਦੋਹਰਾ ॥

ਇਕ ਦੋਹਾ ਸਤਿਗੁਰ ਕੀਯੋ ਸਭ ਕੋ ਦੀਯੋ ਸੁਨਾਇ ॥
ਜਾਗੋ ਕਪਟ ਨਿਖੇਧਿਯਾ ਸੁਖਦਾਨੀ ਹਰਿ ਰਾਇ ॥ 250 ॥

॥ ਸ੍ਰੀ ਮੁਖ ਵਾਕੁ ॥

ਭੇਖੇ ਦਿਖਾਇ ਜਗਤੁ ਕੋ ਲੋਗਨਿ ਕੋ ਬਸਿ ਕੀਨ ॥
ਅੰਤ ਬੋਰਿ ਕਾਤੀ ਗਰੇ ਬਾਸ ਨਰਕਿ ਮੇ ਲੀਨ ॥ 251 ॥[6]

1. ਅ ਪੋਥੀ ਇਕੁ 2. ੲ ਪੋਥੀ ਸ੍ਰੀ ਗੁਰ 3. ਅ ਪੋਥੀ ਕਰੰਤੇ 4. ਅ ਪੋਥੀ ਬਹੰਤੇ
5. ੲ ਪੋਥੀ ਸ੍ਰੀ ਗੁਰ 6. ਅ ਪੋਥੀ ਵਿਚ ਇਸ ਮਗਰੋਂ ਇਹ ਪੰਗਤੀਆਂ ਵਾਧੂ ਮਿਲਦੀਆਂ
ਹਨ : ਜਹਾ ਤਹਾ ਇਹ ਬਾਤ ਸੁਨਾਈ ॥ ਬੇਦੀ ਨੂੰ ਗੁਰ ਮਾਰ ਕਰਾਈ ॥
ਕਲਾਧਰੀ ਜੀਯੋ ਸੁ ਪਨਾਵਾ ॥ ਕਲਗੀਧਰ ਸੁ ਅਯੋਗ ਕਰਾਵਾ ॥ 252 ॥

ਬਾਬੇ ਮਨ ਮੈਂ ਕੀਯੋ ਵਿਚਾਰੂ ॥ ਲੇਵਨ ਦੇਵਨ ਰਹਿਓ ਦਿਦਾਰੂ ॥
ਐਸੇ ਹੀ ਚਿਰ ਕਾਲ ਬਿਤਈ ॥ ਆਨੰਦਪੁਰ ਨਹਿ ਗਏ ਕਦੰਈ ॥ 252 ॥
ਏਕ ਦਿਵਸ ਕਲਗੀਧਰ ਸੁਾਮੀ ॥ ਚੜੇ ਅਖੇੜ ਗੁਰ ਅੰਤਰਯਾਮੀ ॥
ਦੂਣ ਬਿਖੇ ਸੋ ਖਿਲਤ ਸਿਕਾਰੂ ॥ ਜੋ ਮਾਰੇ ਸੋ ਭਵ ਤੇ ਪਾਰੂ ॥ 253 ॥
ਇਤ ਤੇ ਬਾਬਾ ਗੇ ਹੁਲਸਾਈ ॥ ਪੁਰ ਬਿਲਾਸ ਬਾਰਾਂ ਠੁਕਰਾਈ ॥
ਬਾਈਧਾਰ ਸੁ ਰਾਜਾ ਰਾਨਾ ॥ ਬਾਬੇ ਕੀ ਸੋ ਮਾਨੇ ਆਨਾ ॥ 254 ॥
ਕਲਗੀਧਰ ਤਹ ਖਿਲਤ ਸਿਕਾਰਾ ॥ ਆਏ ਬਾਬਾ ਦਾਸ ਉਚਾਰਾ ॥
ਸੁਨ ਕੇ ਅਸੁ ਤਿਯਾਗ ਤਬ ਦੀਨੋ ॥ ਚਰਨ ਕਮਲ ਪੰਰਨਾਮੈਂ[1] ਕੀਨੋ ॥ 255 ॥
ਹਾਥ ਜੋਰੁ ਕੈ ਬਿਨੇ ਬਖਾਨੀ ॥ ਕਾ ਅਯੋਗਤਾ ਹਮਨੇ ਠਾਨੀ ॥
ਆਨੰਦਪੁਰ ਨਹਿ ਆਵਤ ਜਾਤ ॥ ਸੋ ਤਕਸੀਰ ਕਹੋ ਬਖਯਾਤ ॥ 256 ॥
ਬਾਬਾ ਕਰੇ ਸੁਨੋ ਚਿਤ ਲਾਈ ॥ ਬੇਦੀ ਮਾਰਾ ਕਰੀ ਬਿਜਾਈ ॥
ਸੁਨ ਕਲਗੀਧਰ ਬਿਨੇ ਉਚਾਰੀ ॥ ਵਹੁ[2] ਸੁਨਿਆਰਾ ਮਹਾਂ ਲਵਾਰੀ ॥ 257 ॥
ਯਾਂ ਤੇ ਹਮ ਨੇ ਤਾੜਨ ਕੀਨਾ ॥ ਜਿਵ ਚਾਹੋ ਤਿਵ ਕਰੋ ਪ੍ਰਵੀਨਾ ॥
ਰਾਵਰ ਕੋ ਹਮ ਅਦਬ ਰਖੰਤੇ ॥ ਤੁਮਰੀ ਆਗਯਾ ਨਹਿ ਉਥਲੰਤੇ ॥ 258 ॥

॥ ਦੋਹਰਾ ॥

ਸੁਨ ਕਰ ਬਾਬੇ ਯੋ ਕਹਾ ਯਦਪਿ ਜਾਤ ਸੁਨਾਰ ॥
ਗਰ[3] ਨਾਨਕ ਕੋ ਭੇਖ ਥਾ ਲੀਜੈ ਮਨਹਿ ਬਿਚਾਰੁ ॥ 259 ॥

॥ ਚੌਪਈ ॥

ਗੁਰੂ ਕਹਯੋ ਜੋ ਚਾਹੋ ਲੀਜੈ ॥ ਜੋ ਹੋਈ ਸੋ ਬਖਸਿ ਕਰੀਜੈ ॥
ਬਾਬੇ ਕਹਾ ਪ੍ਰਤਗਯਾ ਕੀਜੈ ॥ ਜੋ ਹਮ ਮਾਂਗੇ ਸੋਈ ਦੀਜੈ ॥ 260 ॥
ਦਸਵੇਂ ਪਾਤਸਾਹ ਕਰ ਜੋਰੁ ॥ ਆਨ ਕੇਰੀ ਗੁਰ[4] ਨਾਨਕ ਓਰ ॥
ਬਾਬੇ ਕਹਾ ਸੁਨੋ ਸੁਖਰਾਸੀ ॥ ਹੈ ਗੁਰਿਆਈ ਤੁਮਰੇ ਪਾਸੀ ॥ 261 ॥

॥ ਦੋਹਰਾ ॥

ਸੋ ਹਮਰੇ ਤੁਮਨੇ ਲਈ ਅਬ ਤੁਮ ਹਮ ਕੋ ਦੇਹ ॥
ਧਰ[5] ਬਾਕ ਜੋ ਅਬ ਕਰੇ ਸੋ ਸਭ ਸਤ ਕਰੇਹੁ ॥ 262 ॥

॥ ਤੋਟਕ ਛੰਦ ॥

ਇਮ ਬਾਕ ਸੁਨਾ ਗੁਰ ਕਾਨ ਜਬੈ ॥
ਕਛੁ ਕਾਲ ਸੁ ਤੂਸਨ ਧਾਰ ਤਬੈ ॥
ਪੁਨ ਬਾਕ ਕਨਾ ਵਹਿ ਵਸਤੁ ਜੁ ਹੈ ॥
ਮੁਝ ਕੋ ਲਖੀਏ ਕਛੁ ਔਰ ਨ ਹੈ ॥ 263 ॥

---

1. ਅ ਪੋਥੀ ਪ੍ਰਣਾਮ ਸੁ 2. ਅ ਪੋਥੀ ਸੋ 3. ੲ ਪੋਥੀ ਸ੍ਰੀ ਗਰੁ 4. ੲ ਪੋਥੀ ਸ੍ਰੀ ਗਰੁ
5. ਅ ਪੋਥੀ ਧਰਮ

ਕਲ ਧਾਰ ਗੁਰੂ ਸੁਨ ਫੇਰਿ ਭਨਾ ॥
ਵਹਿ ਤੋ ਤੁਮ ਹੋ ਹਮ ਸਾਚ ਮਨਾ ॥
ਨਿਜ ਬਾਕਨ ਕੋ ਤੁਮ ਸਤ ਕਰੋ ॥
ਹਮਰੇ ਗ੍ਰਿਹ ਆਨੇ ਵਤਾਰ ਧਰੋ ॥264॥
ਕਲਗੀਧਰ ਜੂ ਏਹ ਬਾਤ ਮਨੀ ॥
ਤਬ ਗ੍ਰਹ ਵਤਾਰ ਧਰੋ ਸੁਭ ਨੀ ॥
ਜਿਸ ਥਾਨ੍ਹ ਵਿਖੇ ਏਹ ਵਾਕ ਭਏ ॥
ਕਲਧਾਰ ਗੁਰੂ ਵਰ ਤਾਹਿ ਦਏ ॥265॥

॥ ਦੋਹਰਾ ॥

ਗੁਰ ਮਿਲਾਪ ਏਹ ਠਾ ਭਯੋ ਯਾ ਤੇ ਯਾਂਕੋ ਨਾਮ ॥
ਗੁਰ ਪਲਾਹ੍ਹ ਸਭ ਹੂੰ ਕਹੈ ਸਭ ਸੁਖ ਸੰਪਤਿ ਧਾਮ ॥266॥
ਜੋ ਦਰਸਨ ਯਾਂਕੋ ਕਰੈ ਸੋ ਪਾਵੈ ਮਨ ਕਾਮ ॥
ਮੁਝ ਦਰਸਨ ਸਫਲ ਹੋਇ ਤਿਹ ਪ੍ਰੀਤਿ ਬਢੈ ਗੁਰ ਨਾਮ ॥267॥

## (ਗੁਰੂ ਗੋਬਿਦ ਸਿੰਘ ਜੀ ਦਾ ਊਨੇ ਆਉਣਾ)

॥ ਚੌਪਈ ॥

ਇਮ ਵਰ ਦੈ ਬਾਬਾ ਕਲਧਾਰੀ ॥ ਪੁਨ ਕਲਗੀਧਰ ਗੁਰ ਅਵਤਾਰੀ ॥
ਨਿਜ ਨਿਜ ਸਦਨ ਗੇ ਸੁਖ ਪਾਈ ॥ ਐਸੇ ਕਛੁਅਕ ਕਾਲ ਬਿਹਾਈ[1] ॥268॥
ਪੁਨ ਇਕ ਦਿਵਸੁ ਗੁਰੂ ਕਲਗੀਧਰ ॥ ਊਨੇ ਸਾਹਿਬ ਆਏ ਹਿਤਕਾਰ ॥
ਕੂਪ ਸੁ ਛੇਵੇ ਗੁਰੂ ਕੋ ਜਹਾਂ ॥ ਉਤਰ[2] ਭੁਏ ਅਨੰਦ ਸ਼ੋ ਤਹਾਂ ॥269॥
ਮਿਲੇ ਤਹਾ ਕਲਗੀਧਰ ਆਇ ॥ ਗੋਸਟ ਤਿਹ ਠਾਂ ਭਈ ਮਹਾਇ ॥
ਪੁਨ ਬਾਬੇ ਕਲਧਾਰੀ ਗਾਯੋ ॥ ਕਿਉ ਚਿਰ ਲਾਯੋ ਜੋਇ ਅਲਾਯੋ ॥270॥
ਆਵਹੁ ਧਰ ਅਵਤਾਰ ਹਮਾਰੇ ॥ ਅਬ ਤੁਮ ਚਹੀਅਤ ਨਾਂਹਿ ਅਵਾਰੇ ॥
ਦਸਮ ਮਹਿਲ ਵਰ ਬੈਨ[3] ਉਚਾਰਾ ॥ ਆਵੈ ਤੁਮ ਗ੍ਰਿਹਿ ਕਰੈ ਨੇ ਬਾਰਾ ॥271॥
ਤੁਮਰੇ ਸੁਤ ਕੋ ਹੋਵੋਂ ਤਾਤਾ ॥ ਜੀਤ ਸਿੰਘ ਜਿਹ ਨਾਮ ਸੁਹਾਤਾ ॥
ਤਿਸ ਗ੍ਰਿਹ ਧਰੋ ਵਤਾਰ ਮਹਾਨਾ ॥ ਚਰਤ ਜਗਤ ਮੇ ਕਰੋ ਸਨਾਨਾ ॥272॥
ਸਾਹਿਬ ਸਿੰਘ ਨਾਮੁ ਮਮ ਹੋਵੈ ॥ ਸਿਖ ਸੰਗਤਿ ਹਮ ਕੋ ਤਹੁ ਜੋਵੈ ॥
ਔਰ ਇਕ ਬਾਤ ਕਹੌ ਪ੍ਰਗਟਾਈ ॥ ਸੋ ਤੁਮ ਸੁਨਹੁ ਜਗਤ ਕੇ ਰਾਈ ॥273॥
ਆਨੰਦ ਪੁਰ ਹਮ ਜੰਗ ਮਚਾਵੈ ॥ ਤੁਰਕਾਨੇ ਕੋ ਦੂਰ ਉਠਾਵੇ ॥
ਦਖਣ ਦੇਸ ਹਮੋ ਨੇ ਜਾਨਾ ॥ ਜਿਹ ਕਰਨੇ ਹਮ ਕੌਤਕ ਨਾਂਨਾ ॥274॥
ਤਹਾਂ ਸਚਖੰਡ ਪਯਾਂਨ ਕਰਾਂਈ ॥ ਤੁਮਰੈ ਗ੍ਰਿਹ ਪ੍ਰਗਟੈ ਹਮ ਆਈ ॥
ਇਮ ਕਹਿ ਪੁਨਿ ਗੁਰ ਬਾਕ ਉਚਾਰਾ ॥ ਸੁਨੋਹੁ ਪ੍ਰਭੂ ਏਹੁ ਕੂਪ ਉਦਾਰਾ ॥275॥

---

1. ਅ ਪੋਥੀ ਬਿਤਾਈ 2. ਅ ਪੋਥੀ ਉਤਰਤ 3. ੲ ਪੋਈ ਬਚਨ

ਇਸ ਪਰ ਹਮ ਮਿਲਿ ਕਰਹਿ ਨਿਸਾਨੀ ॥ ਜਿਸ[1] ਪਿਖ ਯਮ ਤੇ ਛੁਟਹਿ ਪ੍ਰਾਨੀ ॥
ਇਮ ਕਹਿ ਪਾਂਚ ਗੁਠਰਿਯਾ ਅੰਬ ॥ ਲਾਵਨ ਹੇਤਿ ਸੁ ਕੀਨ ਅਰੰਭ ॥276॥
ਇਕ ਗਲਗਲ ਕੋ ਬੀਜ ਮੰਗਾਇ ॥ ਜੁਗ ਮਿਲਿ ਕਰ ਗੁਰ ਤਹਾਂ ਲੁਗਾਇ ॥
ਕੂਪਹਿ ਪਸਚਮ ਦਿਸ ਕੀ ਓਰਿ ॥ ਤਿਨ ਕੋ ਨਿਰਮਤ ਸਿਖ ਨਿਸ ਭੋਰੇਂ ॥277॥
ਪੁਨ ਬਚ ਭਨਾਂ ਜੋ ਇਕੰ ਜੁ ਦਰਸਨ ॥ ਕਦੇ ਨ ਹੋਵੈ ਜਮ ਕੋ ਪਰਸੁਨ ॥
ਇਮ ਵਰ ਦੈ ਕਰ ਸ੍ਰੀ ਜਗ ਨਾਥ ॥ ਕੋਲਧਾਰੀ ਪ੍ਰਤ ਨਮੋ ਸੋ ਭਾਖ ॥278॥
ਆਨੰਦ ਪੁਰ ਕੋ ਗੇ ਤਿਸ ਕਾਲ ॥ ਬਚਨ ਸੁ ਕਰਕੇ ਬਾਬੇ ਨਾਲ ॥
ਪੂਰਬਲੀ ਸੁਭ ਕਥਾ ਬਖਾਨ ॥ ਸੇਵਾ ਸਿੰਘ ਸੁਨਤ ਹਰਖਾਨ ॥279॥

॥ ਦੋਹਰਾਂ ॥

ਹਥ ਜੋਰ ਕਰ ਕਹਿ ਭਾ ਸੇਵਾ ਸਿੰਘ ਰਸਾਲ ॥
ਪੂਰਬ ਕਥਾਂ ਸੁਨਾਇ ਕਰ ਮੋ ਕੋ ਕੀਓ ਨਿਹਾਲ ॥280॥

॥ ਚੌਪਈ ॥

ਏਕ ਬਿਠੈ ਹਮਰੀ ਸੁਨ ਲੀਜੈ ॥ ਮੁਹਿ ਅਨਾਥ ਪਰ ਕਰੁਣਾ[2] ਕੀਜੇ ॥
ਕਿਹ ਕਾਰਨ ਸਤਿਗੁਰ ਸੋਢੇਸ ॥ ਬੇਦੀ ਪੂਜੈ ਜਾਨੈ ਈਸ ॥281॥

॥ ਦੋਹਰਾ ॥

ਸੁਨ ਤੇਜਾ ਸਿੰਘ ਬਚ ਭਨਾ ਇਹੁ ਗਾਥਾ ਅਤ ਰੂਰ ॥
ਪੜੇ ਸੁਨੇ ਜੋ ਚੇਤ ਧਰ ਤਿਹ ਅਘ ਹੋਵੈ ਚੂਰ ॥282॥

**(ਬੇਦੀਆਂ ਦੀ ਵਡਿਆਈ)**

॥ ਚੌਪਈ ॥

ਤਿਹਣ ਵੰਸੰ ਖਡੂਰ ਨਿਵਾਸ ॥ ਭਾ ਮਧ ਲਹਿਣੇ ਕੀਨ ਪ੍ਰਕਾਸ ॥
ਏਕ ਸਿਖ ਸ੍ਰੀ ਨਾਨਕ ਕੇਰਾ ॥ ਰਹਿ ਖਡੂਰ ਜਿਸ ਪ੍ਰੇਮ ਘਨੇਰਾ ॥283॥
ਪਠੈ ਸਦੀਵ ਗੁਰੂ ਕੀ ਬਾਨੀ ॥ ਸੇਵ ਆਨ ਕੀ ਰਿਦੈ ਨ ਆਨੀ ॥
ਏਕ ਦਿਵਸ ਮਹਿ ਇਕ ਮਨ ਹੋਈ ॥ ਬਾਨੀ ਪਠੈ ਪ੍ਰੇਯ[3] ਯੁਤ ਸੋਈ ॥284॥
ਸੁਨਿਓ ਸਬਦੁ ਸ੍ਰੀ ਲਹਿਣੇ ਜਬ ਹੀ ॥ ਜਾਗਯੋ ਰਿਦੇ ਪ੍ਰੇਮ ਬਹੁ ਤਬ ਹੀ ॥
ਪਾਨ ਜੋਰੁ ਕਰਿ ਪੂਛਨ ਕੀਨਾ ॥ ਕਿਹ ਕੀ ਬਾਨੀ ਪਢੋ ਪ੍ਰਬੀਨਾ ॥285॥
ਸਿਖ ਕਹਯੋ ਗੁਰ ਨਾਨਕ ਮੇਰਾ ॥ ਪਠੋ ਸਬਦ ਤਿਨ ਕੋ ਮੈਂ ਚੇਰਾ ॥
ਸ੍ਰੀ ਕਰਤਾਰ ਪੁਰੇ ਮਹਿ ਬਾਸਾ ॥ ਸਿਖਨ ਕੀ ਸਦ ਪੂਰੈ ਆਸਾ ॥286॥

॥ ਦੋਹਰਾ ॥

ਸ੍ਰੀ ਲਹਿਣੇ ਮਨ ਮੈਂ ਧਰੀ ਜਿਹ ਗੁਰ ਕੇ ਅਸ ਬੈਨ ॥
ਗੁਰੂ ਕਹੋ ਤਾਂ ਕੋ ਅਬੈ ਦਰਸ ਪਰਸ ਦੈ ਚੈਨ ॥287॥

---

1. ਅ ਪੋਥੀ ਯਾ 2. ੲ ਪੋਥੀ ਦਯਾ 3. ਅ ਪੋਥੀ ਪ੍ਰੇਮ

॥ ਚੌਪਈ ॥

ਸੁਨ ਗੁਰ ਵਾਕ ਦੋਊ ਕਰ ਜੋਰੀ ॥ ਬੋਲਯੋ ਬਾਨੀ ਅੰਮ੍ਰਿਤ ਬੋਰੀ ॥
ਸ੍ਰੀ ਗੁਰ ਨਾਮੁ ਕਹੈ ਜਗ ਲਹਣਾ ॥ ਅਬ ਤੁਮਰੀ ਸਰਨਾਗਤਿ ਰਹਣਾ ॥288॥
ਸੁਨ ਸਤਿਗੁਰ ਪੁਨ ਬਚਨ ਉਚਾਰਾ ॥ ਤੈ ਲਹਿਣਾ ਹਮ ਦੇਣਾ ਬਾਰਾ ॥
ਵਰੁ ਰੂਪੀ ਯਹਿ ਵਾਕ ਸੁਨਯੋ ਜਬ ॥ ਮਨ ਮਹਿ ਆਨੰਦ ਹੋਤ ਭਯੋ ਤਬ ॥289॥

॥ ਦੋਹਰਾ ॥

ਸੰਗ ਲੋਗ ਜੇ ਜੇ ਅਏ ਤਿਨ ਪ੍ਰਤ ਕਹਯੋ ਸੁਨਾਇ ॥
ਤੁਮ ਦੇਵੀ ਦਰਸਨ ਕਰੋ ਮੈ ਰਹਿ ਹੋ ਇਹ ਠਾਇ ॥290॥
ਤਾ ਦਿਨ ਤੇ ਲਹਿਣਾ ਰਹਯੋ ਸ੍ਰੀ ਗੁਰ ਚਰਣ ਹਜੂਰ ॥
ਅਨਿਕ ਭਾਂਤਿ ਸੇਵਾ ਕਰੈ ਤਜ ਕਰ ਵੰਸ ਗਰੂਰ ॥291॥

॥ ਚੌਪਈ ॥

ਪਾਂਦ ਪਲੋਸ ਨੀਰ ਨਿਤ ਲਯਾਵੈ ॥ ਸੂਨੀ ਫੇਰੈ ਦੀਪ ਜਗਾਵੈ ॥
ਔਰ ਅਨਕ ਕਾਰਜ ਗੁਰ ਗ੍ਰਹ ਕੇ ॥ ਲਹਣਾ ਕਰੇ ਚਾਉ ਚਿਤ ਚਹਿ ਕੇ ॥292॥
ਏਕ ਦਿਵਸ ਸਤਿ ਗੁਰ[1] ਮਨ ਆਈ ॥ ਕਰੈ ਪਰੀਖਯਾ ਜਗਤ ਦਿਖਾਈ ॥
ਮੂਸੀ ਮ੍ਰਿਤਕ ਧਰਾ ਪਰ ਗਿਰੀ ॥ ਸਤਿਗੁਰ[2] ਦ੍ਰਿਸ ਬਿਖੇ ਸੋ ਪਰੀ ॥293॥
ਆਗਯਾ ਦੀਨੀ ਇਸੇ ਉਠਾਇ ॥ ਦੂਰ ਸਥੱਲ ਪਰ ਦੇਹੁ ਗਿਰਾਇ ॥
ਸੁਨ ਕਰ ਤਿਸੀ ਭਾਤਿ ਤਿਨ ਕੀਨੀ ॥ ਤੁਰਤ ਉਠਾਇ ਦੂਰ ਤਜਿ ਦੀਨੀ ॥294॥
ਏਕ ਦਿਵਸ ਪੁਨ ਐਸਿ ਉਚਾਰਾ ॥ ਇਹ ਸਵ[3] ਕਾ ਤੁਮ ਕਰੋ ਅਹਾਰਾ ॥
ਸੁਨਤ ਵਾਕ ਸਬ ਸਿਖ ਭਗ ਗਏ ॥ ਹਾਥ ਜੋਰਿ ਲਹਿਣਾ ਥਿਰ ਭਏ ॥295॥
ਸਤਗੁਰਿ ਅਗ੍ਰ ਕਰੀ ਅਰਦਾਸ ॥ ਸ਼ਿਰ ਅਰ ਚਰਨ ਤਰਫ ਦ੍ਵੈ ਤਾਸੁ ॥
ਕਰੋ ਨਿਦੇਸ ਕਵਨ ਦਿਸ ਖਾਊ ॥ ਗੁਰ ਜੀ ਕਹਾਂ ਚਰਨ ਢਿਗ ਪਾਊ ॥296॥
ਵਸਤ੍ਰ ਉਤਾਰਨ ਜਬ ਤਿਹ ਕੀਨਾ ॥ ਤਿਰਭਾਵਲ ਤਿਹ ਤਰੇ ਸੁ ਚੀਨਾ ॥
ਕਰ ਦਮ ਕਰ ਇਕ ਹੋਦ ਸੁਪੂਰਨ ॥ ਤਾਂ ਮੈ ਕੌਲ ਗਿਰਾਯੋ ਤੂਰਨ ॥297॥
ਗੁਰ ਅੰਗਦ ਕੋ ਕਹਾ ਨਿਕਾਰ ॥ ਸੁਨਤ ਵਾਕ ਕਰਿ ਭੀਤਰ ਧਾਰ ॥
ਤਿਹ ਤੇ ਤੁਰਤ ਨਿਕਾਰਨ ਕੀਨਾ ॥ ਗੁਰ ਆਇਸ ਜਾਨੀ ਅਤਿ ਪੀਨਾ ॥298॥
ਏਕ ਦਿਵਸ[4] ਬਹੁ ਸੰਗਤਿ ਆਈ ॥ ਸ੍ਰੀ ਲਹਿਣੇ ਪ੍ਰਤਿ ਕਹਾ ਸੁਨਾਈ ॥
ਨਿਸਾ ਤੀਨ ਬਰਖਾ ਭੀ ਭਾਰੀ ॥ ਬਿਨ ਭੋਜਨੁ ਸੰਗਤਿ ਦੁਖਿਆਰੀ ॥299॥

॥ ਦੋਹਰਾ ॥

ਕੀਕਰ ਕੋ ਇਕ ਬ੍ਰਿਖ ਜੋ ਇਸ ਚੜ ਦੇਉ ਹਲਾਇ ॥
ਜੋ ਪ੍ਰਸਾਦਿ ਇਸ ਤੇ ਗਿਰੇ ਸੰਗਤਿ ਦੇਹੁ ਛਕਾਇ ॥300॥

---

1. ੲ ਪੋਥੀ ਸ੍ਰੀ ਸਤਿਗੁਰ 2. ੲ ਪੋਥੀ ਸ੍ਰੀ ਸਤਿਗੁਰ 3. ਅ ਪੋਥੀ ਸੂਵ 4. ਅ ਪੋਥੀ ਦਿਨਾ

ਗੁਰ ਕੀ ਆਗਿਆ ਮਾਨ ਚਿਤ ਤਾਸ਼ ਹਿਲਾਵਨ ਕੀਨ ॥
ਮੋਦਕ ਆਦਿਕ ਬਹੁ ਗਿਰੇ ਸੰਗਤਿ ਲੀਨੇ ਬੀਨ ॥301॥
ਸਰਬ ਭ੍ਰਾਂਤੁ ਨਿਜ ਚਰਨ ਪਰ ਨਿਸਚਾ ਦੇਖਯੋ ਆਪ ॥
ਮੰਗਲ[1] ਗਾਯੋ ਅੰਗਦਹਿ ਦੀਨੀ ਪਿਸ੍ਰੈ [ਸੁ] ਥਾਪ ॥302॥

॥ ਚੌਪਈ ॥

ਸ੍ਰੀ ਗੁਰ ਮਨ ਮੈ ਕੀਨ ਬਿਚਾਰ ॥ ਸੰਗਤ ਲੀਨੀ ਸਰਬ ਹਕਾਰ ॥
ਗੁਰ ਅੰਗਦ ਗਾਦੀ ਬੈਠਾਇ ॥ ਪੈਸੇ ਪੰਚ ਨਰੇਲ ਮੰਗਾਇ ॥303॥
ਸਰਬ ਸਕਤਿ ਯੁਤ ਜੋ ਗੁਰਿਆਈ ॥ ਦੀਨੀ ਸ੍ਰੀ ਗੁਰੂ ਅੰਗਦ ਤਾਈ ॥
ਭੇਟਾ ਧਰੀ ਨਿਵਾਯੋ ਮਾਥ ॥ ਪੁਨਿ ਪ੍ਰਦਛਨਾ ਲੀਨੀ ਸਾਥ ॥304॥

॥ ਦੋਹਰਾ ॥

ਇਹ ਸੁਨਕੈ ਸ੍ਰੀ ਚੰਦ ਜੀ ਕਹਯੋ ਵਾਕ ਰਿਸ ਧਾਰ ॥
ਅੰਗਦ ਕੇ ਪਗ ਨਹਿ ਫੁਟੇ ਜਿਨ ਪਰ ਗੁਰੂ ਜੁਹਾਰ ॥305॥

॥ ਚੌਪਈ ॥

ਗੁਰੂ ਸਪੂਤ ਸ੍ਰਾਪ ਜਪ ਦੀਨਾ ॥ ਗੁਰ ਅੰਗਦ ਪਗ ਬ੍ਰਣ ਤਬ ਚੀਨਾ ॥
ਪੁਨ ਸ੍ਰੀ ਅਮਰ ਦਾਸ ਕੋ ਭਯੋ ॥ ਤਾਤੇ ਰਾਮਦਾਸ ਜੂ ਠਯੋ ॥306॥
ਗੁਰ ਅਰਜਨ ਪਦ ਸੋ ਦ੍ਰਿਸਟਾਯੋ ॥ ਸ੍ਰੀ ਗੁਰ ਜੀ ਇਹ ਬਯੋਤ ਬਨਾਯੋ ॥
ਬਾਣੀ ਰਚੀ ਸੰਭਨ ਸੁਖਦਾਈ ॥ ਪਠੇ ਸੁਨੇ ਤਿਸ ਕੇ ਅਘ ਜਾਈ ॥307॥
ਸੁਧਾ ਸਰੋਵਰ ਕੀਨ ਤਿਯਾਰ ॥ ਹਰਿਮੰਦਰ ਮਧ ਰਚਯੋ ਸੁ ਧਾਰ ॥
ਰਚਯੋ ਜਗਤ ਹਿਤ ਤਰਨ ਸੁ ਤਾਰਨ ॥ ਜੋ ਮਜੈ ਤਿਸ ਬਿਪਤ ਨਿਵਾਰਨ ॥308॥
ਪੁਨਾ ਰਚੀ ਸੁਖਮਨੀ ਅਪਾਰ ॥ ਪਢਤ ਸੁਨੰਤ ਕਾ ਕਰੈਂ ਉਧਾਰ ॥
ਏਕ ਸਮੈਂ ਸ੍ਰੀ ਅਰਜਨ ਨਾਥ ॥ ਲੀਏ ਸੁਖਮਨੀ ਗੁਟਕਾ ਸਾਥ ॥309॥
ਸ੍ਰੀ ਚੰਦ ਗੁਰ ਮਿਲਨੇ ਤਾਈ ॥ ਗਏ ਸੁ ਟਾਲੀ ਦੇਰ ਬਿਹਾਈ ॥
ਜਬ ਚਲ ਦ੍ਵਾਰੇ ਸ੍ਰੀ ਗੁਰ ਆਏ ॥ ਧਰਮ ਚੰਦ ਖੇਲਤ ਤਹਿ ਪਾਏ ॥310॥
ਅਤਿ ਹਿਤ ਕਰਿ ਨਿਜ ਉਰ ਸੋਂ ਲਾਇ ॥ ਪੁਨ ਸਕੰਧ ਪਰ ਲੀਨ ਚਢਾਇ ॥
ਇਸੀ ਰੀਤਿ ਅੰਤਹ ਪੁਰਿ ਗਏ ॥ ਜਾਂਇ ਤਹਾਂ ਗੁਰ ਦਰਸਨ ਕਏ ॥311॥

॥ ਦੋਹਰਾ ॥

ਗੁਟਕਾ ਆਗੇ ਭੇਟ ਧਰ ਚਰਨਨ[3] ਮਾਥ ਨਿਵਾਇ[3]॥
ਹਾਥ ਜੋਰਿ ਆਗੈ ਖਰੇ ਸ੍ਰੀ ਚੰਦ ਕਹਯੋ ਸੁਨਾਇ ॥312॥

---

1. ਅ ਪੋਥੀ ਅੰਗਲ 2. ਅ ਪੋਥੀ ਵਿਚੋਂ 3. ੲ ਪੋਥੀ ਪਾਠਾਂਤਰ : ਭਾਲ ਟਿਕਾਇ

॥ ਚੌਪਈ ॥
ਕਿਉ ਅਰਜਨ ਇਤ ਸਮਸ ਬਢਾਈ ॥ ਗੁਰਬਾਨੀ ਸੁਨ ਗਿਰਾ ਅਲਾਈ ॥
ਚਰਨ ਤੁਮਾਰੇ ਝਾਰਨ ਹੇਤ ॥ ਇਹੈ ਬਢਾਈ ਅੰਤ ਹਿਤ ਹੇਤ ॥313॥
ਆਪ ਗਯਾ ਕਰ ਯਾਦ ਕਰਾਯੋ ॥ ਕਰ ਪਗ ਸੇਵੰਨ ਮਨ ਹਰਖਾਯੋ ॥
ਸ੍ਰੀ ਚੰਦ ਸਾਹਿਬ ਗਿਰਾ ਅਲਾਈ ॥ ਇਮ ਕਰ ਸੇਵਾ ਗੁਰਤਾ ਪਾਈ ॥314॥
॥ ਦੋਹਰਾ ॥
ਜੋ ਚਾਹੋ ਮੈ ਦੇਉ ਤੁਮ ਗੁਰ ਅਰਜਨ ਸੁਨ ਪਾਇ ॥
ਨਿਜ ਸਰੂਪ ਤੁਮ ਮਯਾ ਤੇ ਗਹਿਓ ਰਿਦੈ ਮੈ ਛਾਇ ॥315॥
॥ ਚੌਪਈ ॥
ਚਰਨ ਚਿਨ ਕੋ ਦੂਰ ਹਟਾਵੋ ॥ ਕਰੋ ਮਯਾ ਅਬ ਦੇਰ ਨ ਲਾਵੋ ॥
ਸ੍ਰੀ ਚੰਦ ਸਾਹਿਬ ਸੁਨ ਹਰਖਾਏ ॥ ਮੰਜ ਮਧੁਰ ਸੁਠ ਬੈਨ ਅਲਾਇ ॥316॥
ਫਿਰੰਨ ਹੋਇ ਜੋ ਗੁਰਤਾ ਪਾਵੈ ॥ ਥਿਰ ਗੁਰ ਗਾਦੀ ਚਿਤ ਹੁਲਸਾਵੈ ॥
ਸ੍ਰੀ ਅਰਜਨ ਪੁਨ ਗਿਰਾ ਅਲਾਈ ॥ ਲੀਜੈ ਭੇਟਾ ਗੁਰ ਸੁਖਦਾਈ ॥317॥
॥ ਦੋਹਰਾ ॥
ਰਜਤ ਮੁਦ੍ਰਕਾ ਪੰਚ ਸਤ ਇਕ ਹੈ ਪੀਨ ਸੁਰੰਗ ॥
ਗੁਰ ਅਰਜਨ ਭੇਟਾ ਕਰੀ ਧਰ ਚਿਤ ਅਧਿਕ ਉਮੰਗ ॥318॥
॥ ਚੌਪਈ ॥
ਸ੍ਰੀ ਗੁਰ ਗਾਦੀ ਥਿਰ ਜੋ ਹੋਇ ॥ ਵੇਦੀ ਅੰਸ ਪੂਜ ਕਰ ਸੋਇ ॥
ਸ੍ਰੀ ਚੰਦ ਸਾਹਿਬ ਸੁਨ ਹਰਖਾਏ ॥ ਗੁਰ ਅਰਜਨ ਜੀ ਕੰਠ ਲਗਾਏ ॥319॥
॥ ਦੋਹਰਾ ॥
ਲੇ ਆਇਸ ਨਿਜ ਭਵਨ ਗੇ ਗੁਰ ਅਰਜਨ ਸੁਖ ਧਾਮ ॥
ਏਹੁ ਸਾਖੀ ਜੋ ਪਠ ਸੁਨੈ ਪਾਵੈ ਪਦ ਅਭਿਰਾਮ ॥320॥
॥ ਚੌਪਈ ॥
ਦੁਤੀਯ ਭ੍ਰਾਤ ਕੋ ਸੁਨੋ ਪ੍ਰਸੰਗ ॥ ਜਾਹਿ ਸੁਨਤ ਸਬ ਸੰਸੈ ਭੰਗ ॥
ਨਿਤ੍ਰ ਪ੍ਰਤਿ ਖੇਲਤ ਰਹੈ ਸਿਕਾਰ ॥ ਸਾਥ[1] ਸਸੇ ਬਹੁ ਲਯਾਏ ਮਾਰ ॥321॥
॥ ਦੋਹਰਾ ॥
ਸ੍ਰੀ ਚੰਦ ਸਾਹਿਬ ਪੇਖ ਕਰੁ ਬਾਨੀ ਭਨੀ ਰਸਾਲ ॥
ਕਹਾਂ ਹਿਸਾਬ ਤੁਮ ਦੇਹੁਗੇ ਚਿਤ [2]ਮੈ ਲੇਹੁ ਸੰਭਾਲ ॥322॥
॥ ਚੌਪਈ ॥
ਸੁਨ ਕਰ ਤੁਰੰਤ ਤਰਕ ਜੀਅ ਆਨਾ ॥ ਨਿਜ ਭ੍ਰਤਾ ਪਤਿ ਬੈਠ ਬਖਾਨਾ ॥
ਸਭ ਕਾ ਲੇਖਾ ਹਮ ਚਲ ਦੇਹ ॥ ਐਸੇ ਕਹਿ ਨਿਜ ਆਏ ਗ੍ਰਿਹ ॥323॥

---

1. ਅ ਪੋਥੀ ਮਾਰ 2. ੲ ਪੋਥੀ ਮਧ

ਲੀਏ ਸਵਾਨੀ ਸੁਤ ਨਿਜ ਸੰਗ ॥ ਹੈ ਚੜ ਚਲੇ ਗਗਨ ਜਿਮ ਚੰਗ ॥
ਸ੍ਰੀ ਚੰਦ ਮਨ ਐਸ ਬਿਚਾਰਾ ॥ ਅੰਸ ਬਿਨਾ ਕੁਲ ਭਯੋ ਹਮਾਰਾ ॥324॥

॥ ਦੋਹਰਾ ॥

ਧਰਮ ਚੰਦ ਕਰ ਪਕਰ ਕੈ ਲੀਨੇ ਅਸ੍ਵ ਉਤਾਰ ॥
ਲਖਮੀ ਸਸਿ ਸਭ ਦੇਖਤੇ ਗਏ ਗਗਨ ਬਿਨੰ ਬਾਰ ॥325॥

॥ ਚੌਪਈ ॥

ਸੇਵਾ ਸਿੰਘ ਕਹਿ ਬਿਨੈ ਸੁਨੀਜੈ ॥ ਮੁਹਿ ਅਨਾਥ ਪਰ ਕਰੁਣਾ ਕੀਜੈ ॥
ਕੈਸੇ ਗੁਰ ਜੀ ਲਯੋ ਵਤਾਰ ॥ ਹਮੈ ਸੁਨਾਵੋ ਕਿਰਪਾ ਧਾਰ ॥326॥
ਬਾਲ ਚਰਿਤ੍ਰ ਕਹੋ ਸਮਝਾਈ ॥ ਜੋ ਜੋ ਕੀਨੇ ਗੁਰ ਸੁਖ ਦਾਈ ॥
ਪ੍ਰਥਮ ਕਹੋ ਸੋ ਗੁਰ ਪਰਨਾਲੀ ॥ ਜਾਹਿ ਸੁਨੇ ਮਨ [1]ਬਹੁ ਹਰਨਾਲੀ ॥327॥

॥ ਦੋਹਰਾ ॥

ਐਸ ਪ੍ਰਸਨ ਕੋ ਸੁਨਤ ਹੀ ਤੇਜਾ ਸਿੰਘ ਰਸਾਲ ॥
ਕਹਿਤ ਭਯੋ ਸਿਖ ਧੰਨ ਹੈ ਜਿਨ ਮੈ ਪ੍ਰੀਤਿ ਬਿਸਾਲ ॥328॥

## (ਗੁਰ ਪ੍ਰਨਾਲੀ)

॥ ਚੌਪਈ ॥

ਸੁਨੀਏ ਸੇਵਾ ਸਿੰਘ ਰਸਾਲੀ ॥ ਆਦ ਕਹੋ ਗੁਰ ਕੀ[2] ਪਰਨਾਲੀ ॥
ਬਹੁੜਿ ਸੁਨੋ ਗੁਰ ਕੋ ਅੰਵਤਾਰੂ ॥ ਜਾਹਿ ਕਥਨ ਤੇ ਜਨਮ ਸੁਧਾਰੂ ॥329॥

॥ ਦੋਹਰਾ ॥

ਸ੍ਰੀ ਗੁਰ ਚਰਨ ਸਰੋਜ ਰੰਜ ਇਹ ਸ੍ਰਿੰਖਲ ਪਗ ਡਾਰ ॥
ਮਨ ਗਯੰਦ ਆਧੀਨ ਕਰਿ ਕਹੋ ਕਥਾ ਸੁਖ ਸਾਰ ॥330॥
ਮੰਗਲਮਯ ਗੁਰ ਗਾਥ ਹੈ ਸਬ ਮੰਗਲ ਸਿਰ ਮੌਰ ॥
ਪਠੈ ਸੁਨੈ ਜੋ ਹੇਤ ਕਰ ਪਿਖੈ ਨ ਜਮ ਤਿਸ ਓਰ ॥331॥
ਗੁਰ ਨਾਨਕ ਹਰਿ ਰੂਪ ਭੇ ਕਮਲ ਨੈਨ ਸੁਖਰਾਸ ॥
ਤਿਨ ਕੇ ਸੁਤ ਜੁਗ ਹੋਤ ਭੇ ਸ੍ਰੀ ਚੰਦ ਲਖਮੀ ਦਾਸ ॥332॥

॥ ਚੌਪਈ ॥

ਸ੍ਰੀ ਗੁਰ ਲਖਮੀ ਚੰਦ ਸੁਜਾਨੋ ॥ ਧਰਮ ਚੰਦ ਤਿਨ ਕੋ ਸੁਤ ਮਾਨੋ ॥
ਮਾਨਕ ਚੰਦ ਤਿਨ ਕੇ ਸੁਤ ਸੋਭ ॥ ਦਤਾਰ ਚੰਦ ਤਿਨ ਸਦਨ ਅਮੋਲ ॥333॥
ਪਹਾੜ ਚੰਦ ਤਿਨ ਕੇ ਪ੍ਰਗਟਾਇ ॥ ਹਰ ਕਰਨ ਚੰਦ ਤਿਨੇ ਗ੍ਰਿਹ ਆਇ ॥
ਨਿਹਾਲ ਚੰਦ ਤਿਨ ਕੇ ਭਵ ਲੀਨ ॥ ਅਪਨੋ ਜਨਮ ਸਫਲ [ਕਿਰ][3] ਦੀਨ ॥334॥
ਕਲਾ ਸੁ ਧਾਰੀ ਤਿਨ ਗ੍ਰਿਹ ਆਏ ॥ ਜਿਨ ਗ੍ਰਿਹ ਜੀਤ ਸਿੰਘ ਨਿਪਜਾਏ ॥
ਤਿਨ ਗ੍ਰਿਹ ਸਾਹਿਬ ਸਿੰਘ ਸੁ ਛਾਜੇ ॥ ਜਿਨ ਦੇਖੇ ਸਭ ਕਲ ਮਲ ਭਾਜੇ ॥335॥

1. ੲ ਪੋਥੀ ਚਿਤ 2. ਅ ਪੋਥੀ ਵਿਚ ਕੀ ਸ਼ਬਦ ਨਹੀਂ ਹੈ । 3 ਅ ਪੋਥੀ ਵਿਚੋਂ

॥ ਦੋਹਰਾ ॥

ਗੁਰ ਪ੍ਰਣਾਲੀ ਗੁਰਨ ਕੀ ਤੁਮ ਕੋ ਦਈ ਸੁਨਾਇ ॥
ਗੁਰੂ ਜਨਮ ਅਬ ਕਹਤ ਹੌ ਸੁਨ ਮਨ [ਸੁ][1] ਪ੍ਰੀਤ ਬਢਾਇ ॥336॥

॥ ਚੌਪਈ ॥

(ਬਾਬਾ ਸਾਹਿਬ ਸਿੰਘ ਦਾ ਜਨਮ ਤੇ ਬਚਪਨ)

ਐਸੇ ਹੀ ਚਿਰ ਕਾਲ ਬਿਤੀਤਾ ॥ ਕਿਰੈ ਅਰਾਧਨ ਨਾਨਕ ਨੀਤਾ ॥
ਕਲਧਾਰੀ ਵਰ ਬ੍ਰਹਮ ਗਿਯਾਨੀ ॥ ਹੋਰ ਪੁਰ ਵਾਸ ਕੀਨਿ[2] ਹਰਖਾਨੀ ॥337॥
ਤਿਨ ਕੋ ਜੋ ਪਾਛਲ ਬਿਵਹਾਰੂ ॥ ਕੀਓ ਸੁ ਜੀਤ ਸਿੰਘ ਸੁਖ ਕਾਰੂ[3] ॥
ਪੁਨ ਡੇਹਰਿ ਮੋ ਆਇ ਬਿਰਾਜੇ ॥ ਸਤਨਾਮ ਬਿਨ ਅਵਰੁ ਨ ਕਾਜੇ ॥338॥
ਜਿਨ ਗ੍ਰਿਹ ਮਹਲ ਸਰੂਪਾ ਦੇਈ ॥ ਸ੍ਰੀ ਨਾਨਕ ਬਿਨੁ ਨਾਮੁ ਨ ਲੇਈ ॥
ਚਿਰੰਕਾਲ ਇਮ ਦੰਪਤੀ ਬੀਤਾ ॥ ਹਰਿ ਪਦ ਪੰਕਜ[4] ਜਿਸ ਮਨੁ ਪ੍ਰੀਤਾ ॥339॥
ਅਸ ਬਿਧਿ ਬਿਲਸਤ ਅਨਕ ਬਿਲਾਸਾ ॥ ਦੰਪਤਿ ਉਰਿ ਧਰ ਹੀ ਸੁਤ ਆਸਾ ॥
ਸਾਧਵੀ ਗਰਭ ਧਰਨ ਪੁਨ ਕੀਨਾ ॥ ਪਤਿਬ੍ਰਤ ਧਰਮ ਜ ਸ ਮਨ ਲੀਨਾ ॥340॥
ਜਿਉ ਦੁਤੀਆ ਤੇ ਬਰਧਤ ਚੰਦੂ ॥ ਤਿਹ ਸਮ ਗਰਭ ਰੂਪ ਸੁਖ ਕੰਦੂ ॥
ਮਾਤਾ ਸਾਹਿਬ ਐਸੈ ਰਾਜੇ ॥ ਮਾਨੋ ਸੀਤਾ ਪ੍ਰਹਮੀ ਛਾਜੇ ॥341॥
ਮਨ ਸੰਦੇਹ[5] ਕਰੈ ਜਿਨ ਕੋਈ ॥ ਕੋਟ ਬ੍ਰਹਮੰਡ ਸੇ ਭਦਾ ਜੋਈ ॥
ਜਹ ਨਿਵਾਸੁ ਕੀਨੋ ਜਗ ਸਾਂਈ ॥ ਕਯੋਂ ਨ ਹੋਇ ਤਹ ਸੋਭ ਮਹਾਂਈ ॥342॥
ਜਾਂ ਦਿਨ ਤੇ ਆਏ ਜਗ ਸ੍ਵਾਂਮੀ ॥ ਭਏ ਸਰਲਪੁਰ ਮਹਿ ਜੋ ਬਾਮੀ ॥
ਸੁਚ[6] ਸੰਤੋਖ ਧਰਮ ਸਤ [7]ਕਰਨਾ ॥ ਅਸ ਸੁਭੁ ਕਰਮਨ ਮਹਿ ਆਚਰਨਾ ॥343॥
ਸੀਤ ਸੁਗੰਧਤ ਮੰਦ ਸਮੀਰਾ ॥ ਚਾਲੈਹ ਰਹੀ ਸਬ ਬਿਧ ਧੀਰਾ ॥
ਬਾਰਧ [8]ਅ ਵਹਿ ਭਰ ਭਰ ਬਾਰੀ ॥ ਬਰਖਹਿ ਨਰ ਇਛਾ ਅਨੁਸਾਰੀ ॥344॥
ਫੂਲਹਿ ਫਲਹਿ ਬਿਰਖ ਸਮਦਾਈ[9] ॥ ਨਿਜ ਆਨੰਦਤਾ ਪ੍ਰਗਟ ਦਿਖਾਈ ॥
ਐਸਹਿ ਬੀਤ ਗਏ ਦਸ ਮਾਸਾ ॥ ਪ੍ਰਸੂਤ ਸਮਾ ਤਬ ਭਯੋ ਪ੍ਰਕਾਸਾ ॥345॥
ਚੇਤ ਮਾਸ[10] ਪੰਚ ਥਿਤ ਰੂਰੀ ॥ ਬੁਧ ਬਾਸਰ ਸਿਤ ਪਖ ਗਰੂਰੀ ॥
ਨਖਤ ਪੁਨਰ ਬਸੁ ਅਤ ਸੁਖਦਾਈ ॥ ਬ੍ਰਿਧ ਜੋਗੁ ਜਸ ਤੇਜ ਬ੍ਰਿਧਾਈ ॥346॥
ਬ੍ਰਿਖਭ ਸੁ ਲਗਨ ਸਰੇਸ ਸੁਖਬਾਸੀ ॥ ਭੇ ਵਤਾਰੁ ਸੁਖਮਾ ਕੇ ਰਾਸੀ ॥
ਸੰਮਤ ਗੁਣ ਸਸਿ ਵਸੁ ਸਸਿ ਚਾਰੂ ॥ ਮੰਗਲ ਮਹਤ ਸੋਦ ਪਰਵਾਰੂ ॥347॥
ਧਾਤ੍ਰੀ ਸੇਵਹਿ ਮਾਨਕ ਲੀਨਾ ॥ ਮਨ ਅਨੰਦ ਅਤ ਸੁਖ ਅਧੀਨਾ ॥
ਦਿਪਤ ਤੇਜ ਜਿਹ ਕ੍ਰਾਂਤ ਅਨੂਪਾ ॥ ਬਿਸਮਯ ਪ੍ਰਾਪ੍ਰਿ ਰਹੇ ਰਸ ਸਰੂਪਾ ॥348॥
ਅਨਤ ਬਾਲ ਜਨਮਤ ਸਭ ਰੋਤੇ ॥ ਬਿਗਸਤ ਇਹ ਜਿਵ ਆਨੰਦ [11]ਹੋਤੇ ॥

---

1. ਅ ਪੋਥੀ ਵਿਚੋਂ 2. ਅ ਪੋਥੀ ਪਾਠਾਂਤਰ : ਬੈਕੁੰਠ ਨਿਵਾਸੀ ਕੀਯੋ 3. ਅ ਪੋਥੀ ਸੁਖ ਧਾਰੂ
4. ੲ ਪੋਥੀ ਕਮਲ 5. ੲ ਪੋਥੀ ਸੰਕਾ 6. ਅ ਪੋਥੀ ਸਰ 7. ਅ ਪੋਥੀ ਸੁਭ 8. ਅ ਪੋਥੀ ਬਾਦਰ
9. ਅ ਪੋਥੀ ਸਮੁਦਾਈ 10. ਅ ਪੋਥੀ ਮਧੁ ਸੁ 11. ੲ ਪੋਥੀ ਹੋਰਖਤ

ਅਲਖ ਬੁਧ ਕਿਵ ਜਾਹਿ ਲਖਾਹੀ ॥ ਜਨਮ ਮਰਨ ਇਸ ਪੀਰਾ ਨਾਹੀ ॥349॥

॥ ਦੋਹਰਾ ॥

ਸਾਹਿਬ ਜੀਤ ਮ੍ਰਿਗੇਸ ਕੌ ਦਾਸੀ ਸੁਧ ਤਬ ਦੀਨ ॥
ਸੁਨ ਪ੍ਰਸੰਨ ਅਤ ਹੋਤ ਭੈ ਜਿਮ ਨਿਰਧਨੁ ਧਨ ਲੀਨ ॥350॥

॥ ਚੌਪਈ ॥

ਜਸਪਦ ਜਾਇ ਕੀਨ ਇਸਨਾਨਾ ॥ ਬਸਤ੍ਰਨ ਯੁਤ ਜਿਉ ਬੇਦ ਬਖਾਨਾ ॥
ਉਹ ਪਰਮੇਸਰੁ ਕੋ ਕਰ ਧਯਾਨਾ ॥ ਸ੍ਰੀ ਨਾਨਕ ਬਹੁ ਬਾਰ ਬਖਾਨਾ ॥351॥
ਇਹ ਬਿਧਿ ਜਨਮ ਭਯੋ ਜਗ ਗੁਰ ਕੋ ॥ ਸੁਖ ਦੇਵਨ ਭਗਤਨ ਪੁਨ ਧਰਕੋ ॥
ਭਈ ਭੋਰ ਨਿਜ ਦਾਸ ਬੁਲਾਯਾ ॥ ਦਿਸ ਬਰ ਸਦਨ ਜਾਤਹੁ ਤੂੰ ਧਾਇਆ ॥352॥
ਸੁਨਤ ਦਾਸ ਦਿਜ ਸਦਨੈ[1] ਜਾਈ ॥ ਦਰ ਪਰ ਤਿਸਟ ਗੁਹਾਰ ਸੁਨਾਈ ॥
ਸੁਨ ਦਰ ਪ੍ਰੋਧਾ ਬਾਹਰ ਆਵਾ ॥ ਕੈਸੇ ਤੁਮ ਨੇ ਆਨ ਬੁਲਾਵਾ ॥353॥

॥ ਦੋਹਰਾ ॥

ਦਾਸ ਕਹੇ ਦਿਜ ਜੂ ਸੁਨੋ ਬਾਬੇ ਸੁਤ ਭਵ ਲੀਨ ॥
ਤੁਮੇ ਬੁਲਾਵਨੁ ਮੈ ਅਯੋ ਚਲੋ ਦੇਰ[2] ਬਿਨ[3] ਕੀਨ ॥354॥

॥ ਚੌਪਈ ॥

ਆਯੋ ਦਿਜ ਸੁਭ ਸਗਨ ਬਿਚਾਰੀ ॥ ਇਹੁ ਬਾਲਕ ਕੋ ਭਯੋ ਵਤਾਰੀ[4] ॥
ਕੈ ਬਿਧ ਬਿਸਨੋ ਕਿ ਸਿਵ ਭਵ ਲੀਨੋ ॥ ਜਗਤ ਉਧਾਰਨ ਲਛਨੁ ਚੀਨੋ ॥355॥
ਆਤ ਪਤ੍ਰ ਇਸ ਸੀਸ ਝੁਲਾਰੇ ॥ ਸੁਭ ਅਭਿ ਲਗਨ ਜਨਮ ਭਾ ਬਾਰੇ ॥
ਬੇਦਨ ਮੋ ਹੋਵੇ ਉਜਿਯਾਰੀ ॥ ਜੋ ਦਰਸੇ ਤਿਸ ਸੰਕਟ ਟਾਰੀ ॥356॥
ਬਾਬੇ ਕੌ ਸ੍ਰਸਤੈਨ ਸੁਨਾਯੋ ॥ ਪਿਖ ਉਛਾਹ ਕੋ ਉਠ ਹੁਲਸਾਯੋ ॥
ਕਹਿ ਬਾਬਾ ਸੁਨ ਸੌਨਦਿ ਜਿੰਦੁ ॥ ਦਯੋ ਸਦਨ ਮਖ ਤਾਤ ਗੋਬਿੰਦੁ[5] ॥357॥
ਮੁਝ ਪਰ ਨਿਜ ਅਨੁਕੰਪਾ[6] ਧਾਰਹੁ ॥ ਸੋਧ ਮਹੂਰਤ ਲਗਨ ਬਿਚਾਰਹੁ ॥
ਭੇਦ ਸੁਭਾ ਸੁਭੋ ਸੋਭ ਲਿਖ ਲੀਜੇ ॥ ਭਵ ਪਤ੍ਰੀ ਇਨ ਕੀ ਲਿਖ ਦੀਜੈ ॥358॥

॥ ਦੋਹਰਾ ॥

ਸੁਨ ਦਿਜਬਰ ਸੁਭ ਬਚਨੋ ਕੋ ਜੋਤਸ ਕੀਨ ਬਿਚਾਰ ॥
ਸੁਭ ਨਿਛਤ੍ਰ ਸੁਭ ਕਾਲ ਮਹਿ ਪੁਨ ਸੁਭ ਤਿਥ ਸੁਭ ਵਾਰ ॥359॥

॥ ਚੌਪਈ ॥

ਭਲੇ ਜ ਮ[7] ਮੈ ਬਾਲਕ ਜਨਮਾ ॥ ਬਿਦੂਖ ਬਿਚਾਰ ਕਰਤੇ ਬਹੁ ਮਨ ਮਾ ॥
ਕਹਤ ਭਯੋ ਬਾਬਾ ਜੀ ਸੁਨੀਏ ॥ ਇਨ[8] ਕੀ ਗਨਨਾ ਕੋਇ ਨ ਗੁਨੀਏ ॥360॥
ਤ੍ਰੇਤੇ ਮੋ ਜੋ ਰਾਮ ਅਵਤਾਰੀ ॥ ਦੁਆਪੁਰ ਮੋ ਜੋ ਕ੍ਰਿਸਨ ਮੁਰਾਰੀ ॥
ਕਲਿਜੁਗ ਮੋ ਗੁਰ ਨਾਨਕ ਬੇਦੀਸ[9] ॥ ਸੋ ਤੁਮਰੇ ਗ੍ਰਿਹ[10] ਆਯੋ ਈਸ ॥361॥

---

1. ਅ ਪੋਥੀ ਸਦਨ ਸੁ 2. ਅ ਪੋਥੀ ਡੇਰ 3. ਅ ਪੋਥੀ ਜਿਨ 4. ਅ ਪੋਥੀ ਅਵਤਾਰੀ
5. ਅ ਪੋਥੀ ਗੋਬਿੰਦੂ 6. ੲ ਪੋਥੀ ਕ੍ਰਿਪਾ 7. ਅ ਪੋਥੀ ਲਗਨ 8. ਅ ਪੋਥੀ ਇਸ
9. ਅ ਪੋਥੀ ਜੋ ਸੋਢੀਸ 10. ੲ ਪੋਥੀ ਘਰ

॥ ਦੋਹਰਾ ॥

ਇਨ ਕੀ ਮਹਿਮਾ ਅਤਿ ਘਨੀ ਬੇਦ ਨ ਪਾਵੈ ਪਾਰ ॥
ਜੀਤ ਸਿੰਘ ਭਵ ਸੁ ਵਨ ਭਾ ਦੇਖੋ ਭਾਗ ਅਪਾਰ ॥362॥

॥ ਚੌਪਈ ॥

ਐਸੇ ਵਰ[1] ਬਚ[2] ਦਿਜ ਤੇ ਸੁਨ੍ਤੇ ॥ ਭਯੋ ਅਕਹਿ ਸੁਖ ਜਾਇ ਨ ਗਿਨਤੇ ॥
ਪੁਲਕਯੋ ਧਰਮ ਪ੍ਰੇਮ ਮਹਿ ਮਨੂਆ ॥ ਬੰਦਨੁ ਕਰਿ ਜਾਨਯੋ ਨਿਜ ਧਨੂਆ ॥363॥
ਨੰਦੀ ਮੁਖ [ਸ][3] ਸਿਰਾਧ ਕਰਵਾਯੋ ॥ ਬੇਦਨ ਬਿਧ ਜਯੋ ਬਿਪ੍ਰ ਬਤਾਯੋ ॥
ਬਾਬਾ ਕਹੈ ਨਾਮ ਸਿਸ ਰਾਖਹੁ ॥ ਬਰਨ ਸੋਧ ਸੁਧ ਮੁਝ ਸੋ ਭਾਖੋ ॥364॥
ਸੁਨ ਬਾਬਾ ਇਸ ਨਾਮ ਅਪਾਰਾ ॥ ਹੌ ਰਾਖੋਂ ਕਿਮ ਸੋਧ ਬਿਚਾਰਾ ॥
ਅਬ ਨਿਜ ਕੁਲ ਕੀ ਜਹਿ ਚਾਲੀ ॥ ਜੋ ਜਾਚਹਿ ਤਹਿ ਭੇਜ ਨ ਖਾਲੀ ॥365॥

॥ ਦੋਹਰਾ ॥

ਇਹੁ ਬਚ[4] ਕਹਿ ਦਿਜਬਰ ਚਲਾ ਲੈ ਕਰ ਦਰਬ ਅਪਾਰ ॥
ਦਰ ਪਰ ਤੋਰਣ ਸੁੰਦਰੰ ਬਾਂਧਤ ਹਰਖੰ ਧਾਰ ॥366॥

॥ ਚੌਪਈ ॥

ਆਵਹਿ ਕਰ ਬਹੁ ਜਾਚਕ ਜਾਂਚਹਿ ॥ ਤਾਲਨ ਪੂਰ ਕਲੀਵ ਸੁਨਾ ਚਹਿ ॥
ਢੋਲ ਕਟਲ ਕਾ ਘੁੰਘਰੂ ਤਾਲੀ ॥ ਤਾਲ ਮਿਲਾਵਹਿ ਲੇਹਿ ਭਵਾਲੀ ॥367॥
ਸਬਹਿ ਸਰੀਕਨਿ ਮਿਲ ਕਰੁ ਆਈ ॥ ਭੂਖਨ ਬਸਨ[5] ਧਰੇ ਛਬ ਛਾਈ ॥
ਗਜ ਗਾਮਨ ਜੇ ਖੰਜਨ ਨੈਨੀ ॥ ਨਾਗਰ ਗੀਤ ਗਾਇ ਪਿਕ ਬੈਨੀ ॥368॥
ਅਲੰਕਾਰ ਨਗ ਕੰਚਨਿ ਭੀਨ੍ਹੇ ॥ ਕਰਨ ਪੂਰ ਬਰ ਬੇਸਰ ਕੀਨੇ ॥
ਛੁਦ੍ਰ ਘੰਟਕਾ ਅੰਗਦ ਕੰਗਨ ॥ ਸਬਦ ਕਰਹਿ ਜੇ ਪਹਿਰੇ ਅੰਗਨ ॥369॥
ਗਾਵਤ ਪੈਠਤ ਬਾਬੇ ਦ੍ਵਾਰ ॥ ਦਰੈ ਨਿਛਾਵਰ ਵਿਤੈ ਬਿਸਾਰ ॥
ਦੇਇ ਵਧਾਈ ਬਾਰੇ ਬ੍ਹਾਰ ॥ ਮਾਤਾ ਲੇਤੀ ਰਿਦ ਸੁਧ [6]ਧਾਰ ॥370॥
ਮਾਤ ਸਰੂਪ ਦੇਈ ਸੁਖ ਪਾਈ ॥ ਜਾਂ ਕੇ ਆਂਗਨ ਬਜੀ ਬਧਾਈ ॥
ਸੋ ਕੌਤਕ ਜਿਨ ਨੈਨਹੁ ਦੇਖਾ ॥ ਮਾਨੁਖ ਦੇਹ ਸਫਲ ਕਰ ਪੇਖਾ ॥371॥
ਭਈ ਭੌਨ ਮੈ ਭਾਰੀ ਭੀਰਾ ॥ ਭੀ ਉਛਾਹ ਕੀ ਧੁਨਿ ਗੰਭੀਰਾ ॥
ਢਾਢੀ ਭਾਟ ਜੁ ਮਾਂਗਨਹਾਰੇ ॥ ਪਾਇ ਦਰਬ ਕੋ ਗੁਨਨ ਉਚਾਰੇ ॥372॥
ਨਰ ਨਾਰੀ ਬਹੁ ਦੇਤ ਬਧਾਈ ॥ ਦਰ ਪਰ ਭੀਰ ਭਈ ਅਧਿਕਾਈ ॥
ਦੇਨੋ ਉਚਿਤ ਲਖਯੋ ਜੁ ਜੈਸੋ ॥ ਦੇਵਤ[7] ਜੀਤ[8] ਸਿੰਘ ਤਿਨ ਤੈਸੋ ॥373॥
ਗ੍ਰਹਿ ਗ੍ਰਹਿ ਬੇਦੀ ਬਾਜ ਬਜਾਏ ॥ ਜਿਨ ਕੇ ਚਿਤ ਅਤ ਸੇ ਹਰਖਾਏ ॥
ਜੀਤ ਸਿੰਘ ਕੋ ਦੇਤ ਬਧਾਈ ॥ ਸੋ ਲੈਤੋ ਚੌਗੁਨੇ ਚਢਾਈ ॥374॥
ਹੈ ਗੈ ਚੀਰ ਜੁ ਤਾਕੇ ਪਾਸੀ ॥ ਦੀਏ ਦਾਨ ਦਰੁ ਚਿਤ ਹੁਲਾਸੀ ॥
ਬਾਬੇ ਕੇ ਮਾਨੰ[9] ਭਯੋ ਅਨੰਦੂ ॥ ਜਿਹ ਗ੍ਰਿਹ ਪ੍ਰਗਟੇ ਸੁਖ ਮਾਕੰਦੂ ॥375॥

---

1. ਅ ਪੋਥੀ ਬਾਕ 2. ਅ ਪੋਥੀ ਸੁ 3. ਅ ਪੋਥੀ ਬਿਧਿ 4. ਅ ਪਥੀ ਬਿਧੀ 5. ੲ ਪੋਥੀ ਬਸਤ੍ਰ
6. ਅ ਪੋਥੀ ਖ 7. ਅ ਪੋਥੀ ਦੇਤ 8. ਅ ਪੋਥੀ ਸੁਜੀਤ 9. ਅ ਪੋਥੀ ਮਕ 10. ੲ ਪੋਥੀ ਹਰਮ

॥ ਦੋਹਰਾ ॥

ਦ੍ਵਾਦਸਿ ਦਿਨ ਬੀਤਤ ਭਏ ਜੈ ਜੈ ਹੋਤ ਅਨੰਦ ॥
ਤ੍ਰੋਦਸਿ ਦਿਨ ਕੀ ਸੁਭ ਕਥਾ ਚੋ ਸਿਖਨ ਚਿਤ ਨੁਚੰਦ[1] ॥376॥

॥ ਚੌਪਈ ॥

ਤ੍ਰੋਦਸ ਦਯੋ ਸਹਿ ਸੰਯਾ[2] ਕੀਨੀ ॥ ਆਯੋ ਦਿਜ ਬਾਬੇ ਸੁਧ ਦੀਨੀ ॥
ਜਾਤੀ[3] ਭਾਈ ਲੀਨ ਬੁਲਾਈ ॥ ਸਭ ਕੇ ਦੇਖੁਤ ਰੀਤ ਕਰਾਈ ॥377॥
ਗੁਰੂ ਗ੍ਰੰਥ ਜੀ ਖੋਲਿ ਪਠਾਵਾ ॥ ਪੂਰਾ ਸਕਾਰ ਅੱਛਰ ਸੁਭ ਆਵਾ ॥
ਸਾਹਿਬ ਸਿੰਘ ਗੁਰ[4] ਨਾਮੁ ਧਰਾਯੋ ॥ ਨਰ ਨਾਰੀ ਸੁਨ ਮਨਿ ਹਰਖਾਯੋ ॥378॥
ਪੀਤ ਝਗੁਲੀਯਾਂ ਗਲ ਮੋ ਪਾਂਵਾ ॥ ਪ੍ਰੋਧਾ ਲਾਗ ਸੁ ਅਪਨਾ ਪਾਵਾ ॥
ਬੇਦੀ ਸੁਨ ਸੁਨ ਭਏ ਅਨੰਦੂ ॥ ਜਯੋ ਰਵਿ [5]ਦੇਖੋ ਨੀਰਜ ਬ੍ਰਿੰਦੂ ॥379॥
ਸਭ ਕੇ ਮਨ ਭਾ ਉਤਸਵ ਭਾਰੀ ॥ ਜਿਮ ਸਸਿ [6]ਦੇਖੇ ਕੁਮਦ ਸੁਖਾਰੀ ॥
ਰੂਪ ਅਰਕ ਸਾ ਸੁੰਦਰ ਗੇਹਾ ॥ ਸਭ ਕੇ ਮੁਖ ਪੰਜਕ ਬਿਗਸੇਹਾ ॥380॥
ਚਖਵਰ[7] ਸੋਏ ਕੰਜ ਸਰੀਖੇ ॥ ਸਿਖ ਸਿਲੀ ਮੁਖ ਲੇਹ ਰਸ ਤੀਖੇ ॥
ਅਰਨ ਚਰਨ ਬਰ ਮ੍ਰਿਦੁਲ ਸੁਹਾਵੈ ॥ ਜਿਸ ਬਿਧ ਕੋਕਨ ਦੰਦੁਤ ਪਾਵੈ ॥38 ॥
ਦਾਹਿਨ ਕਰ ਮਹਿ ਚਮਰ ਬਨਾਵਾ ॥ ਛਤ੍ਰ ਬਾਮ ਕੈ ਰੁਚਿਤ ਸੁਹਾਵਾ ॥
ਕੋਮਲ ਗੋਲ ਕਪੋਲ ਸੁਹਾਵਨ ॥ ਉਨਤ ਨਾਸਕਾ ਮੋਦ ਬਢਾਵਨ ॥382॥
ਉਡਗਪਤੀ ਵਤ ਸੋਭਾ ਲਿਲਾਰੰ ॥ ਆਨਨ ਦੇਖ ਕਾਮ ਛਬਿ ਹਾਰੰ ॥
ਤਾਹਿ ਸਮੇ ਜਹ ਦਰਸਨ ਪਾਵਾ ॥ ਜਨਮੁ ਮਰਨ ਮੋ ਬਹੁਰਿ ਨ ਆਵਾ ॥383॥

॥ ਦੋਹਰਾ ॥

ਐਸੀ ਸੁੰਦਰ ਰੀਤ ਕਰ ਬੇਦੀ ਗੇ ਨਿਜ ਧਾਮੁ ॥
ਮਾਤਾ ਮਨ ਆਨੰਦ ਭਾ ਜੀਏ ਚਿਤ ਬਿਸਰਾਮ ॥384॥
ਅੰਤਰਯਾਮੀ ਸਤਿਗੁਰੂ ਸਰਬ ਗੁਨਨ ਕੇ ਰਾਇ ॥
ਸੋਭਾ ਅਬ ਸਰਣੀ ਪਰਾ ਕੀਜੇ ਅੰਤੁ ਸਹਾਇ ॥385॥

(ਬਾਲ ਲੀਲਾ)

॥ ਚੌਪਈ ॥

ਮਾਤਾ ਲੇ ਪਲਨੇ ਪੌਢਾਵੈ ॥ ਕਹਿ ਲਲਨਾ ਲੇ ਅੰਕਿ ਖਿਲਾਵੈ ॥
ਲਾਲਤ ਮਾਤਾ ਸੂਘਤ[8] ਬੰਦਨੰ ॥ ਦੇਖਿ ਰੂਪ ਹੋਵਤ ਮਨ ਮਗਨੰ ॥386॥
ਪਾਨ ਕਰਤ ਪੈ ਹੂ ਬਲਿਹਾਰੀ ॥ ਆਨਨ ਨੀਰਜ ਨੀਰ ਪਖਾਰੀ ॥
ਅਲੰਕਾਰ ਸੁੰਦਰ ਘਰਵਾਏ ॥ ਬਿਨੁ ਦੂਖਨ ਕੌ ਭੂਖਨ ਪਾਏ ॥387॥
ਪਗ [9]ਮੋ ਨੂਪਰ ਕਰ ਕਟ ਸੋਹੈ ॥ ਜੋ ਦੇਖੈ ਤਿਸ ਕਾ ਮਨ ਮੋਹੈ ॥
ਬਨੀ ਬਾਜਨੀ ਕਿੰਕਨ ਚਾਰੀ ॥ ਕਟਿ ਪਹਿਰਾਈ ਅਤ ਛਬ ਵਾਰੀ ॥3 8॥

---

1. ਅ ਪੋਥੀ ਚੰਦ 2. ਅ ਪੋਥੀ ਸੰਖਯਾ 3. ਅ ਪੋਥੀ ਜਾਤ ਸੁ 4. ਅ ਪੋਥੀ ਸੁ 5. ੲ ਪੋਥੀ ਭਾਨ
6. ੲ ਪੋਥੀ ਚੰਦੂ 7. ਅ ਪੋਥੀ ਨੈਨ ਸੁ 8. ਅ ਪੋਥੀ ਸੁੰਘਤ 9. ਅ ਪੋਥੀ ਪਦ

ਹ੍ਵੈ[1] ਦ੍ਵੈ[2] ਦਸਨ ਅਧਰ ਦੁਤਿ ਹੋਤੀ ॥ ਸੰਪੁਧ ਬਿ੍ੰਦਮ ਜਯੋਂ ਜੁਗ ਮੋਤੀ ॥
ਅੰਙਣ ਮਹਿ ਰਿੰਙਣੈ ਗੋਤਿ ਕਾਰੀ ॥ ਚਰਣਾਂਬੁਜ ਖੈਚਤ ਦੁਤਿਕਾਰੀ ॥389॥
ਹੇਰਤ ਹਿਸਤ ਹਸਾਵਤ ਔਂਥੀ ॥ ਕਿਲਕਤ ਮੁਖ ਤੇ ਮਾਧੁਰ ਠੌਰੀ ॥
ਜਾਤ ਰੂਪ ਲਟਕਨ ਵਰ ਭਾਲਾ ॥ ਨਿਧਿਕ ਮਣੀ ਕਰ ਜਟਤ ਬਿਸਾਲਾ ॥390॥
ਬੇਦੀ ਕੁਲ ਕੀ ਆਨ ਬਧੂਟੀ ॥ ਮੂਰਤਿ ਪਿਖ ਜਨ ਆਨੰਦ ਬੂਟੀ ॥
ਦੋਨੋਂ ਕਰ ਗਹਿ ਅੰਕ ਬਸਾਵਹਿ ॥ ਪਰਮ ਪ੍ਰੇਮ ਕਰ ਹਰਖ ਲਡਾਵਹਿ ॥391॥
ਬੋਲਹਿ ਬਚਨ ਤੋਤਰੇ ਮੀਠੇ ॥ ਸੁਨਹਿ ਨਾਰ ਨਰ ਲਾਗਹਿ ਈਠੇ ॥
ਹੇਰਹਿ ਮਾਤ ਤਾਤ ਅਨੁਰਾਗਹਿ ॥ ਫਿਰਤ ਭੂਮਕਾ ਮ੍ਰਿਤਕਾ ਲਾਗਹਿ ॥392॥
ਲਗੀ ਧੂਰ ਤਨ ਧੂਸਰ ਹੋਏ ॥ ਅੰਬਿ ਲੇਯ ਅੰਬਾ ਅੰਗ ਧੋਇ ॥
ਮਲ ਕਰ ਮੁਖ ਮਜਨੁ ਕਰਵਾਯੋ ॥ ਪੋਛ ਸਰੀਰ ਅੰਕਿ ਬੈਸਾਯੋ ॥393॥

॥ ਦੋਹਰਾ ॥

ਝਗਲੀ ਝੀਨ ਨਵੀਨ ਪੁਨਿ ਪਹਿਰਾਈ ਤਨੁ ਤਾਤੁ ॥
ਪੈ ਕੋ ਪਾਨ ਕਰਾਇ ਕੈ ਪੌਢਾਏ ਤਬ ਮਾਤ ॥394॥

॥ ਚੌਪਈ ॥

ਦੋਇ ਘਟੀ ਲਗ ਸੁਖ ਸੋਏ ॥ ਜਾਗਿ ਜਿਨ ਸਿਖਨ ਸੁਖ ਖੋਏ ॥
ਲੋਚਨਿ[3] ਦੋਨੋ ਅੰਬਜ ਬਿਗਸੇ ॥ ਜਨ ਸਿਖੰਨ ਕੋ ਕਰਨਾ ਬਰਸੇ ॥395॥
ਭਯੋ ਚਰਨ ਬਲ ਹੋਵਹਿ ਠਾਂਢੇ ॥ ਖੇਲ ਬਾਲਨ ਮਹਿ ਹਿਤ ਬਾਢੇ ॥
ਬਿਨੁ ਬੋਲੇ ਨਹਿ ਆਲਯ ਆਵਹਿ ॥ ਸਿਸ ਪਸਚਾਤ ਪਰਿਗ਼ ਮਹਿ ਧਾਵਹਿ ॥396॥
ਲੀਲਾ ਲਲਿਤ ਲਾਲ ਲਲਚਾਨੇ ॥ ਸੁਖ ਸਮੂਹ [ਦਿਨ][4] ਦਿਨੁਸ ਰਸਾਨੇ ॥
ਘੁੰਘਰ ਚਾਰ ਪਗਨ ਝੰਲਕਾਰੀ ॥ ਜਿਹ ਦੇਖੇ ਤਿਹਿ ਯਮ ਭਯ ਨਾਹੀ ॥397॥
ਮੇਚਕ ਚਿਕਨ ਅਲਕ ਸੁਖਦਾਨੀ ॥ ਬਿਥੁਰੀ ਸੁਥਰੀ ਸੋਧੇ ਸਾਨੀ ॥
ਉਚਤ[5] ਸੁਬਾਸ ਚਹੂੰ ਦਿਸ ਚਾਰੂ ॥ ਤਜਿ[6] ਘਰੁ ਲਪਟਤ ਭ੍ਰਮਰ ਕਮਾਰੂ ॥398॥
ਲੈ ਕੁਮਾਰ ਨਾਗਰ ਸੰਗ ਖੇਲੈਂ ॥ ਕਿੰਦੂ ਡਾਰੁ ਊਚੇ ਕਰ ਮੇਲੈਂ ॥
ਜਨਨੀ ਅਸ ਨਹ ਕਾ ਰਖਵਾਵਹਿ ॥ ਨਹ ਅਘਾਤ ਦੇਖ ਬਲ ਜ਼ਾਵਹਿ ॥399॥

॥ ਦੋਹਰਾ ॥

ਬੇਦੀ ਬਾਲਕ ਸਾਥ ਥੇ ਮਾਤਾ ਲਏ ਬੁਲਾਇ ॥
ਖਾਵੋ ਭੋਜਨੁ ਪ੍ਰੀਤ ਸੋ ਖੇਲੋ ਤੁਮ ਨਿਤ ਆਇ ॥400॥

॥ ਚੌਪਈ ॥

ਭਾਦੋ ਚੌਦਹਿ ਪ੍ਰਾਕਜ ਆਈ ॥ ਬਾਬੇ ਆਂਗਨ ਬਜੀ ਬਧਾਈ ॥
ਆਮਖ ਆਦ ਔਰੁ ਜੋ ਚਾਹੀ ॥ ਤਤ ਖਿਨੁ ਬਾਬੇ ਲੀਨ ਮੰਗਾਈ ॥401॥

---

1. ਅ ਪੋਥੀ ਦ੍ਵਇ 3. ਇ ਪੋਥੀ ਦ੍ਰਿਗ 4. ਅ ਪੋਥੀ ਵਿਚੋਂ 2. ਅ ਪੋਥੀ ਦ੍ਵਇ 5. ਅ ਪੋਥੀ ਉਡਤ 6. ਇ ਪੋਥੀ ਛੋੜਿ

ਪ੍ਰੋਧਾ ਆਦਿ ਬੇਦੀ-ਸਭ ਆਇ ॥ ਕਰੇ ਜਠੇਰੇ ਪੂਜ ਬਨਾਇ ॥
ਜੋ ਜੋ ਰੀਤ ਆਦ ਚਲ ਆਈ ॥ ਸੋ ਸੋ ਜੀਤ ਸਿੰਘ ਕਰਵਾਈ ॥402॥

॥ ਦੋਹਰਾ ॥

ਭੋਜਨ ਭਯੋ ਤਿਯਾਰ ਜਬ ਸਭ ਕੋ ਦਯੋ ਅਚਾਇ ॥
ਨਾਊ ਵਾਰੀ ਡੋਮ ਭਟ ਨੇਗ ਸਭਨ ਨੇ ਪੋਇ ॥403॥
ਘਰੁ ਘਰੁ ਮੋਦੰ[1] ਹੋਤ ਭਾ ਸੋਸ ਨ ਪਾਵੈ ਪਾਰ ॥
ਸੋਭਾ ਕਹਨ ਮੈ ਕਵਨ ਹੈ ਗਿਰਾਨ ਪਾਵੈ ਪਾਰ[2] ॥404॥

॥ ਚੌਪਈ ॥

ਏਕ ਦਿਵਸ ਸੁਨ ਗਥ ਰੂਚੀ ॥ ਜਿਹ ਸੁਨਤੇ ਅਘ ਹੋਵਹਿ ਚੂਰੀ ॥
ਬਾਲਕ ਲੀਲਾ ਕਰਤ ਗੁਸਾਂਈ ॥ ਗੌਰ ਬਾਂਣ ਆਏ ਤਿਹ ਥਾਈ ॥405॥
ਕਰਹਿ ਬਿਚਾਰ ਪਰਸਪਰ ਦੇਵਾ ॥ ਕਿਹ ਬਿਧ ਹੋਇ ਨਾਥ ਕੀ ਸੇਵਾ ॥
ਪ੍ਰਗਟ ਨ ਹੋਵੈ ਕਲਜੁਗ ਭਾਰੀ ॥ ਦੁਰਤਨ ਪੂਜਯੋ ਜਾਤ ਮੂਰਾਰੀ ॥406॥
ਬਾਲ ਰੂਪ ਹੋਏ ਤਤਕਾਲਾ ॥ ਖੇਲਨਿ ਮਿਸ ਆਏ ਮਿਲ ਜਾਲਾ ॥
ਫੂਲ ਮਾਲ ਕੁੰਕਮ ਸੁ ਪਟੀਰ ॥ ਧੂਪ ਦੀਪ ਸੁਰਸਿਰ ਕਰ ਨੀਰ ॥407॥
ਅਛਤ ਸੁਛ ਰਤਨ ਮਨ ਚਾਰੂ ॥ ਪਦਕ ਹਾਰ ਭਰ ਥਾਹ ਅਪਾਰੂ ॥
ਇਨ ਕਰ ਪੂਜਨ ਕੀਓ ਬਨਾਈ ॥ ਜੈ ਜੈ ਉਸਤਤ ਮੁਖਹੁ ਅਲਾਈ ॥408॥
ਨੀਰਜ ਪਾਦ ਪਖਾਰਨ ਕੀਨੇ ॥ ਸੋ ਚਰਣੋਦਕ ਅਚਮਨ ਲੀਨੇ ॥
ਅਧਕ ਪ੍ਰਕੰਪ ਕਹਤ ਅਬ ਬੈਨਾ ॥ ਤ੍ਰਾਹਿ ਤ੍ਰਹਿ ਭਗਵੰਤ ਸੁਖ ਦੈਨਾ ॥409॥

॥ ਦੋਹਰਾ ॥

ਇਕ ਅਰਜੀ[3] ਹਮਰੀ ਸੁਨੋ ਸਤਿਗੁਰ ਦੀਨ ਦਯਾਲ ॥
ਹਮਰੋ ਬਲੁ ਅਤਿ ਖਿਨ[4] ਭਾ ਨਰ ਕਰਤੇ ਪਾਪ ਬਿਸਾਲ ॥410॥

## (ਕਲਯੁਗੀ ਲੋਕਾਂ ਦੀ ਹਾਲਤ)

॥ ਚੌਪਈ ॥

ਕਲਜੁਗ ਜੀਵ ਭਏ ਸਭ ਮੀਨਾ ॥ ਪਾਪ ਪਯੋਨਿਧਿ ਮੇ ਸੁਇ ਲੀਨਾ ॥
ਕਲਮਲ ਗ੍ਰਸੇ ਸੁ ਧਰਮ ਤਿਯਾਗੀ ॥ ਕਾਈ ਵਿਖੈ ਜਿਨਹਿ ਮਨ ਲਾਗੀ ॥411॥
ਲੋਭ ਸੁ ਮੋਹ ਗ੍ਰਸੇ ਕੁ ਕਰਮਾ ॥ ਸਤੁ ਸੰਤੋਖ ਨ ਜਾਨੈ ਧਰਮਾ ॥
ਆਸ੍ਰਮ ਬਰਨ ਨਾਹਿ ਨੇ ਕੋਈ ॥ ਸ੍ਰਤਿ ਬਿਰੋਧ ਸਰਬ ਨਰ ਹੋਈ ॥412॥
ਦ੍ਵਿਜ ਭੇ ਕਪਟੀ ਬਾਮੀ ਕਾਮੀ ॥ ਕਾਢ ਛੁਰੀ ਹਥੁ ਲੇਵੈ ਦਾਮੀ ॥
ਸ੍ਰਤਿ ਪੁਰਾਣ ਇਤਹਾਸ ਬਖਾਨੇ ॥ ਗਨਕਾ ਮਦਰਾ ਅਮੀ ਸਮਾਨੇ ॥413॥
ਮਿਥਿਯਾ ਬੋਲੈ ਦੰਭ ਕਮਾਵੈ ॥ ਕਲ ਮੇ ਸੋ ਬਡ ਸੰਤ ਕਹਾਵੈ ॥

---

1. ਅ ਪੋਥੀ ਸੁਜਸ 2. ਅ ਪੋਥੀ ਵਾਰ 3. ੲ ਪੋਥੀ ਬਿਨਤੀ 4. ਅ ਪੋਥੀ ਖੀਨ

ਬਾਲਾ ਬਾਲਨ ਹਰ ਲੇ ਜਾਈ ॥ ਏਹ ਤਿਨ ਮੋ ਹੈ ਬਡ ਚਤੁਰਾਈ ॥414॥
ਝੂਠ ਮਸਕਰੀ ਹਾਂਸੀ ਜਾਨੈ ॥ ਕਲ ਮੋ ਸੋ ਬੁਧਿਮਾਨ ਬਖਾਨੈ ॥
ਪਰਦੂਖਨ ਜਿਨ ਭੂਖਨ ਧਾਰੇ ॥ ਕਲ ਮੋ ਤਿਨ ਕੋ ਬਹੁ ਅਧਿਕਾਰੇ ॥415॥

॥ ਸੋਰਠਾ ॥

ਚਿਮਟਾ ਨਖ ਜੰਜੀਰ ਜਟਾ ਬਿਭੂਤ ਲਗਾਵਹੀ ॥
ਤਾਪਸ ਮਾਨੈ ਕੂਰ ਮਨਿ ਲਾਗੇ ਧਨ ਬਾਮ ਮੇ ॥416॥

॥ ਚੌਪਈ ॥

ਗ੍ਰਿਹਸਤੀ ਜਗ ਮੋ ਭਏ ਲਵਾਰੀ ॥ ਗੁਰੂ ਸਾਧ[1] ਕੋ ਦੇਇ ਧਿਕਾਰੀ ॥
ਨਾਰ ਅਧੀਨ ਕਰੈ ਆਕਰਨੀ ॥ ਨਹਿ ਬੋਲੇ ਤਿਯ ਲਾਗੈ ਚਰਨੀ ॥417॥
ਨਾਰੀ ਕੁਟਲਾ ਭਈ ਅਭਾਗੀ ॥ ਕੰਤਹ ਬੰਚਨ ਪਰ ਪਿਰ ਲਾਗੀ ॥
ਤੋ ਭੀ ਨਾਰੀ ਮੋ ਮਨ ਲਾਗਾ ॥ ਮਾਤ ਪਿਤਾ ਕੋ ਕਹੈ ਕੁ ਵਾਗਾ ॥418॥
ਰਾਜੇ ਨਯਾਵ ਨ ਕਰੈ ਅਭਾਗੀ ॥ ਪਰਜਾ ਸੀਦੈ ਬਹੁ ਧਨੁ ਲਾਗੀ ॥
ਯਗ ਹੋਮ ਕੋ ਨਾਮ ਨ ਲੇਹੀ ॥ ਗਨਕਾ ਮਦਰਾਂ ਮੋ ਮਨ ਦੇਹੀ ॥419॥
ਤਾਂਤੇ ਹਮ ਤਵ ਸਰਨੀ ਆਏ ॥ ਕਰਣਾਕਰ ਅਬ ਲੇਹੁ ਬਚਾਏ ॥
ਪਰਮੇਸਵਰ ਤੂ ਪੁਰਖੁ ਪੁਰਾਤਨ ॥ ਪਾਬ੍ਰਹਮ ਕ੍ਰਿਪਾਲ ਸਨਾਤਨ ॥420॥
ਜੋਤੀ ਰੂਪ ਅਨੂਪ ਸਰੂਪਾ ॥ ਸਾਹਿਨਸਾਹਿ ਭੂਪ ਕੋ ਭੂਪਾ ॥
ਦੀਨ ਬੰਧੁ ਸਦ ਅੰਤਰਯਾਮੀ ॥ ਪਤਿਤ ਉਧਾਰਨ ਬਿਰਦ ਸੁਆਮੀ ॥421॥

॥ ਦੋਹਰਾ ॥

ਸੁਨ ਸ੍ਰੋਣਨ ਤਿਨ ਬੇਨਤੀ ਦ੍ਰਵਤ ਭਏ ਤਤਕਾਲ ॥
ਪ੍ਰੇਮਾਤਰ ਅਵਿਲੋਕ ਕੇ ਭਾਖੇ ਬਚਨੁ ਰਸਾਲ ॥422॥

॥ ਚੌਪਈ ॥

ਤੁਮ ਚਿੰਤਾ ਜਿਨ ਮਨ ਮੋ ਧਾਰੋ ॥ ਦੇਵਪੁਰੀ ਤੁਮ ਦੇਵ ਸਧਾਰੋ ॥
ਕੋਟਿਕ ਜਾਪ[2] ਤਾਪ ਤਿਨ ਕੀਨੇ ॥ ਸਤਿਨਾਮ ਕੇ ਰਸ ਜੇ ਭੀਨੇ ॥423॥
ਜੋਯੋ ਜਯੋ ਗੁਰ ਸਿਖ ਨਾਮ ਉਚਾਰੈ ॥ ਤਯੋ ਤਯੋ ਤੁਮ ਕੋ ਹੁਇ ਸੁਭ ਭਾਰੈ ॥
ਐਸ ਵਾਕ ਜਬ ਸੁਨੇ ਰਸਾਲਾ ॥ ਲੇਖਾ ਭਏ ਲੋਪ ਤਤਕਾਲਾ ॥424॥
ਬਾਲਕ ਲੀਨੇ ਸੰਗਿ ਸੁਆਮੀ ॥ ਖੇਲਣੁ ਖੇਲਹਿ ਅੰਤਰੁਜਾਮੀ ॥
ਇਹੁ ਕੌਤਕ[3] ਨਹਿ ਕਾਹੂ ਜਾਨਾ ॥ ਸੋ ਜਾਨੈ ਜਿਹ ਦੇਹ ਗਯਾਨਾ ॥425॥
ਤਤਖਿਨ ਸੇਵਕੁ ਜਾਇ ਹਕਾਰਾ ॥ ਮਾਤ ਬੁਲਾਏ ਚਲੋ ਅਗਾਰਾ ॥
ਠੁਮਕ ਠੁਮਕ ਆਏ ਵਰ[4] ਰੂਪਾ ॥ ਮਾਤ ਪਿਤਾ ਸੁਧ ਭਯੋ ਅਨੂਪਾ ॥426॥

---

1. ਅ ਪੋਥੀ ਗੁਰ ਸਾਧੂ 2. ਅ ਪੋਥੀ ਯਾਗ 3. ੲ ਪੋਥੀ ਅਚਰਜ 4. ਅ ਪੋਥੀ ਸੁਖ

॥ ਦੋਹਰਾ ॥

ਹਾਥ ਕਮਲ ਕੌ ਹਾਥ ਗਹਿ ਜੀਏ ਗੋਦ ਬਿਠਾਇ ॥
ਨੈਨ ਕੰਜ ਮੁਖ ਭਾਨ[1] ਪਿਖ ਬਾਰ ਬਾਰ ਬਲ ਜਾਇ ॥427॥

॥ ਚੌਪਈ ॥

ਓਦਨ ਸਰਪੀ ਸਿਤਾ ਮਿਲਾਈ ॥ ਪਿਸਤਾ ਗਰੀ ਬਿਦਾਮ ਰਲਾਈ ॥
ਐਸ ਪੁਲਾਇ ਬਨਾਇ ਸੁ ਕੀਨਾ ॥ ਮਾਤ ਆਚਵੇ[2] ਕਰ ਹਿਤ ਚੀਨਾ ॥428॥

॥ ਦੋਹਰਾ ॥

ਸਿਤਾ ਸੁ ਬਾਸ ਮੇਲ ਪੈ ਪਾਨ ਕਰਾਯੋ ਮਾਤ ॥
ਪੁਰਟ ਰਚਤ ਬਰ ਪਲੰਘ ਪਰ ਸੈਨ ਕਰਾਯੋ ਤਾਤ ॥429॥

॥ ਚੌਪਈ ॥

ਸੁਚ ਸੇਵਕ ਪਗ ਚਾਂਪਕ ਲਾਗੇ ॥ ਜਯੋ ਜਯੋ ਚਾਂਪੇ ਮਨ ਅਨੁਰਾਗੇ ॥
ਸਾਂਤ ਰੂਪ ਸ੍ਰੀ ਸਤਿਗੁਰ ਸੋਏ ॥ ਜਾਗੇ ਬਹੁਰਿ ਸਚੇਤਨ ਹੋਇ ॥430॥
ਜੀਤ ਮ੍ਰਿਗੇਸ ਸੁ ਅੰਕ ਦੁਰਾਰਹਿ[3] ॥ ਪਾਵਤ ਸੁਖ ਸੁਤ ਬਦਨ ਨਿਹਾਰਹਿ[4] ॥
ਤਜ ਕਰ ਜਨਕ ਅੰਕ ਕੋ ਜਾਵਹਿ ॥ ਮਿਲ ਬਾਲਨ ਮੈ ਖੇਲਿ ਮਚਾਵੈ ॥431॥
ਸੁੰਦਰਤਾ ਮੰਦਰੁ ਮੁਖ ਹੇਰਹਿ ॥ ਨਰੁ ਨਾਰੀ ਜਾਵਤ ਮਗ ਘੇਰਹਿ ॥
ਬੋਲਹਿ ਬੋਲਿ ਬੁਲਾਵਹਿ ਬਚਨਾ ॥ ਗਿਰਾ ਮਾਧੁਰੀ ਕੀ ਜਨ ਰਚਨਾ ॥432॥
ਕਹਹਿ ਪਰਸਪਰ ਲੋਗੁ ਲੁਗਾਈ ॥ ਬਾਬੇ ਭਾਗ ਅਹੈ ਅਧਿਕਾਈ ॥
ਜਿਤ ਅਵਾਸ ਸੁਤ ਅਸ ਉਪਜਯੋ ॥ ਸੁਭ ਬਿਧਿ ਸੋ ਨਿਹਾਲ ਭਵ ਭਯੋ ॥433॥

॥ ਦੋਹਰਾ ॥

ਸਭਹਿ ਸੁਭਾਵਕ ਪ੍ਰੇਮ ਮਨ ਕਰਹਹਿ ਬਦਨ ਨਿਹਾਰ ॥
ਜੈਸੇ ਜਾਤ ਸਮੁੰਦ੍ਰ ਮੈ ਸਭਿ ਸਰਿਤਾ ਕੋ ਬਾਰ ॥434॥

॥ ਚੌਪਈ ॥

ਚਖ ਚਕੋਰ ਲੋਕਨ ਕੇ ਬ੍ਰਿੰਦਾ ॥ ਚੰਦ ਬਦਨ ਪਿਖ ਆਨੰਦ ਸੁੰਦਾ ॥
ਸੁੰਦਰ ਰੂਪ ਹੇਰ ਰਵਿ ਨਯਾਂਈ ॥ ਜਨੁ ਅਰਬਿੰਦ ਬਦਨ ਬਿਗਸਾਈ ॥435॥
ਘੰਟਕ ਜਯੋ ਸੁਨਕੈ ਬਰ ਬਾਨੀ ॥ ਰਹੈ ਠਾਢ ਢਿਗ ਮ੍ਰਿਗਹਿ ਸਮਾਨੀ ॥
ਇਹ ਬਿਧ ਬਾਲਕੁ ਲੀਲਾ ਕਰਹੀ ॥ ਧਯਾਨ ਜਿ ਧਰਹਿ ਭਵੋਧਿ[6] ਤਰਹੀ ॥436॥
ਬਿਚਰਹਿ ਖੇਲਨ ਮਹਿ ਅਨੁਰਾਗੇ ॥ ਭਾਗੇ ਭਾਗਹਿ ਬਾਲ ਸਭਾਗੇ ॥
ਥਿਰ ਹੋਵਤਿ ਥਿਰ[5] ਹੋਵਹਿ ਸਾਰੇ ॥ ਬੈਸਹਿ ਬੈਸ ਜਾਇ ਇਕ ਬਾਰੇ ॥437॥

---

1. ੲ ਪੋਥੀ ਰਵਿ 2. ਅ ਪੋਥੀ ਅਚਾਵੈ 3. ਅ ਪੋਥੀ ਦੁਲਾਰਹਿ 4. ਅ ਪੋਥੀ ਭਵੋ ਦਧਿ
5. ੲ ਪੋਥੀ ਸਥਿਰ

ਸਾਹਿਬ ਹਰਜੀ ਭਨੇ ਕਹਾਂਨਾ ॥ ਗਯਾਂਨ ਧਯਾਂਨ ਭਗਤ ਮੈ ਸਾਨੀ ॥
ਸ੍ਰਵਣ ਮਨਨ ਜਿਨ ਮੋ ਨਿਧਯਾਸਾ ॥ ਬਾਲਕ ਸੁਨੈ ਫਿਰਿ ਬਧੈ ਪਿਆਸਾ ॥438॥
ਨੀਰਜ[1] ਬਦਨ ਗਿਰਾ ਸੁਗੰਧਾ ॥ ਉਕਤਿ ਯੁਕ੍ਰਤਿ ਸੁੰਦਰ ਮਕਰੰਦਾ ॥
ਬਾਲ ਬ੍ਰਿੰਦ ਸਮ ਭਏ ਮਲਿੰਦਾ ॥ ਪਾਇ ਗਯਾਨ ਭੇ ਸੁਖ[2] ਮਾਕੰਦਾ ॥439॥

॥ ਦੋਹਰਾ ॥

ਬੇਦੀ ਪੰਡਿਤ ਲੋਗ ਬਹੁ ਆਵਤ ਜਾਤ ਨਿਹਾਰ ॥
ਸੁਨਤਿ ਗਿਰਾ ਅਸ ਕਹਿਤੁ ਹੈ ਬਾਣੀ ਬੇਦੰ ਸਾਰ ॥440॥

॥ ਚੌਪਈ ॥

ਕਿਤੇ ਲੋਗ ਭੇ ਮਨ ਸਰਧਾਲੂ ॥ ਜਿਨ ਕੇ ਜਾਗੇ ਭਾਗ ਬਿਸਾਲੂ ॥
ਜੀਤ ਮ੍ਰਿਗੇਸਹਿ ਦੇਹ ਬਧਾਈ ॥ ਤੁਮਰੇ ਗ੍ਰਹਿ ਪ੍ਰਗਟੇ ਹਰਿ ਰਾਈ ॥441॥
ਕਾਮ ਕੋਟ ਛਬਿ ਤਨ ਵਰ ਸੋਹੈ ॥ ਮਸੁਰੋ ਮੂਰਤਿ ਛਬ ਕੀ ਠੋਹੈ ॥
ਗਰ[3] ਮੇਂ ਗਜ ਕਾ ਕੰਠਾ ਸੋਹੈ ॥ ਜੋ ਦੇਖੈ ਤਿਨ ਕੇ ਮਨ ਮੋਹੈ ॥442॥
ਲੰਗੀ ਸਿਸੁਨ ਕੀ ਪ੍ਰੀਤ ਘਨੇਰੀ ॥ ਸੰਗ ਨ ਤਜਹਿ ਰਹਹਿ ਮੁਖ ਹੇਰੀ ॥
ਸਦਨ ਆਇ ਜਬ ਦੀਨਾ ਨਾਥੂ ॥ ਸਿਸਨ ਹਿਤ ਜਿਹ ਰਹਹਿ ਤਹਿ ਸਾਥੂ ॥443॥
ਬਾਹਰ ਚਲਤਿਹ ਸੰਗ ਸਿਧਾਰਹਿ ॥ ਇਹ ਬਿਧ ਨਿਤ ਪ੍ਰਤਿ ਸੁਖਦ ਬਿਹਾਰਹਿ ॥
ਸੂਛ ਬਛ ਮੋ ਚਿਤ ਭੇ ਬਾਲ ॥ ਕਰੈ ਕਿਤੇ ਜੋ ਦੀਨ ਦਯਾਲ ॥444॥

॥ ਦੋਹਰਾ ॥

ਲੀਲਾ ਬਾਲਕ ਖੇਲ ਕੀ ਸਲੋਕਾਰਸ ਬਿਸਾਲ ॥
ਜੋ ਸਿਖ ਕਰਹੀ ਧਯਾਨ ਕੋ ਦੇ ਸਤਿਗੁਰ ਸੁਖ ਰਾਸ ॥445॥

## (ਬਾਬਾ ਮਹਿਬੂਬ ਸਿੰਘ ਦਾ ਜਨਮ)

॥ ਚੌਪਈ ॥

ਤੀਨ ਬਰਸ ਜਬ ਐਸੇ ਬਿਤਏ ॥ ਮਬੂਬ ਸਿੰਘ ਤਬ ਹੀ ਜਨਮਏ ॥
ਤੁਰੀ ਨਿਸਾਨ ਪਣਵ ਬਹੁ ਬਾਜੇ ॥ ਕਹਿ ਲਗ ਬਰਨੋ ਭਏ ਸਮਾ ਜੇ ॥446॥
ਜੀਤ ਸਿੰਘ ਮਨੁ ਬਹੁਤ ਅਨੰਦੂ ॥ ਬਧੀ ਬੇਲ ਮਿਟ ਗਏ ਦੁਖ ਦੰਦੂ ॥
ਅਬ ਬਰਨੋ ਸਤਿਗੁਰ ਕੀ ਗਾਥਾ ॥ ਜਹ ਸੁਣਤੇ ਹੁਇ ਊਜਲ ਗਾਥਾ ॥447॥
ਜੀਤ ਮ੍ਰਿਗੇਸ ਮਨੈ ਸੁਖ ਪਾਈ ॥ ਮਹਿਲਾ ਸਾਥ ਕਹੇ ਬਚ ਚਾਈ ॥
ਸਾਹਿਬ ਸਿੰਘ ਜਬ ਤੇ ਘਰ ਅਏ ॥ ਸਰਬ ਲੋਕ ਮੁਹਿ ਅਦਬ ਕਰਏ ॥448॥
ਮਹਿਲਾ ਸੁਨ ਕਰ ਪਵਿਤਰੁ ਬਾਂਨੀ ॥ ਕਹਤ ਭਈ ਸੁਨੀਏ ਸੁਖਦਾਨੀ ॥
ਸੁਤ ਕੋ ਮਤ ਤੁਮ ਸੁਤ ਕਰ ਜਾਨੇ ॥ ਸ੍ਰੀ ਨਾਨਕ ਅਵਤਾਰੀ ਮਾਨੋ ॥ 449 ॥
ਕਹਿਤ ਭਈ ਪੁਨਿ ਪੁਨਿ ਗੁਰ ਮਾਤਾ ॥ ਸੁਭ ਲਖਣ ਇਨ ਮਹਿ ਬਿਖਿਯਾਤਾ ॥
ਬਦਨ ਪ੍ਰਸੰਨ ਕਮਲ ਜਿਉ ਬਿਕਸਾ ॥ ਰੋਦਨ ਸਬਦ ਨ ਮੁਖ ਤੇ ਨਿਕਸਾ ॥ 450 ॥

---

1. ੲ ਪੋਥੀ ਕਮਲ 2. ੲ ਪੋਥੀ ਅਨੰਦੁ 3. ਅ ਪੋਥੀ ਗਲ

ਸਿਸ ਮੁਹਿ ਖੇਲਤ ਦੇਤ ਨ ਗਾਰੀ ॥ ਲਰਯੋ ਨ ਕਿਸ ਸਿਉ ਮਧੁਰ ਉਚਾਰੀ ॥
ਨਰ ਨਾਰੀ ਸਭ ਕਰਤ ਬਡਾਈ ॥ ਸੰਗ ਫਰਹਿ ਬਾਰਕ ਬਰਿਆਈ ॥ 451 ॥
ਬ੍ਰਿਪ ਨਰਨ ਜਿਉ ਭਨਹਿ ਕਹਾਨੀ ॥ ਬਾਲ ਬਿਸਾਲ ਸੁਨਹਿ ਹਿਤ ਠਾਨੀ ॥
ਮਾਤ ਪਿਤਾ ਸੁਤ ਉਸਤਤ ਕਹਿ ਕਰ ॥ ਉਰਿ ਅਮਦ ਸੰਗ ਭੇ ਗਹਿਵਰ ॥ 452 ॥

॥ ਦੋਹਰਾ ॥

ਪਾਂਚ ਬਰਖ ਕੇ ਹੋਤ ਭੇ ਸਭ ਕੇ ਮਨਿ ਆਨੰਦ ॥
ਦਿਨ ਦਿਨ ਤਨ ਵਰੁ ਬਧਤ ਹੈ ਜਯੋਂ ਦੁਤਿਯਾ ਕੋ ਚੰਦ ॥ 453 ॥

॥ ਚੌਪਾਈ ॥

ਮਾਤ ਪਿਤਾ ਮਿਲ ਕੀਨ ਬਿਚਾਰੁ ॥ ਸਰਬਸੁ ਬੇਦੀ ਲੇਹੁ ਹਕਾਰੁ ॥
ਮਾਨਵੇਂ ਪਠਨ ਕਰ ਲੀਨ ਬੁਲਾਈ ॥ ਤੁਰਰੀ ਪਣਵ ਨਿਸ਼ਾਨ ਬਜਾਈ ॥454॥
ਘਰੁ ਘਰੁ ਮੰਗਲੁ ਹੋਤਿ ਅਨੰਦੂ ॥ ਜਯੋ ਜਯੋ ਦੇਖੈ ਸੁਖਮਾਕੰਦੂ ॥
ਜੋ ਕੁਲ ਰੀਤੀ ਪ੍ਰਥਮ ਕਰਾਈ ॥ ਬਹੁਰ ਸਭਨ ਕੀ ਆਗਿਆ ਪਾਈ ॥ 455 ॥
ਕੇਸਨ ਕੋ ਕਰ ਸੁੰਦਰ ਜੂਰਾ ॥ ਖੀਤ ਪਾਗ ਸਿਰ ਬਾਂਧੀ ਰੂਰਾ ॥
ਮੇਰ ਸਿਖਰ ਜਿਉ ਦਾਮਨ ਪੁੰਜਾ ॥ ਦੇਖ ਹਿਰਖੁ ਭੇ ਜਿਉ ਰਵਿ[1] ਕੰਜਾ ॥456॥
ਕਟ ਮੇਂ ਸੂਸੀ ਕਾਛ ਸੁ ਪਾਈ ॥ ਖੀਤ ਝਗੁਲੀਆ ਕੰਠ ਸੁਹਾਈ ॥
ਲਗੀ ਕਿਨਾਰੀ ਪੀਤ ਦੁਕੂਲੰ ॥ ਕਾਂਖਾ ਧਾਰੇ ਸੁਭ ਗੁਨ ਮੂਲੰ ॥
ਹਸਤੁ ਕਮਲ ਮੇਂ ਕਰੇ ਜਰਾਊ ॥ ਨਵ ਰਤਨੰ ਭੁਜ ਦੰਡ ਸੁਹਾਊ ॥
ਛਾਪ ਛਲਾਘਨ ਅੰਗਰੀ ਸੋਹੈ ॥ ਕੰਠ ਸੁ ਕੰਠਾ ਮਨ ਭਵ ਮੋਹੈ ॥ 457 ॥
ਮੁਖਾਰਬਿੰਦ ਰਾਕੇਸ ਮਨਿੰਦਾ ॥ ਨੈਨ ਕੰਜ ਜਿਨ ਸੋਭ ਬਲਿੰਦਾ ॥
ਕਬੁ ਕੰਠੁ ਭ੍ਰਿਕੁਟੀ ਵਰ ਬਾਂਕੀ ॥ ਮੂਰਤਿ ਮਧੁਰ[2] ਚਾਲ ਵਰ ਜ਼ਾਂਕੀ ॥ 458 ॥

॥ ਦੋਹਰਾ ॥

ਅਸ ਮੂਰਤ ਕੋ ਧਯਾਨ ਜਿਨ ਮਨ ਮੋ ਧਾਰਨ ਕੀਨ ॥
ਪਾਹਿ ਭਗਤੁ ਅਨੁਪਾਇਨੀ ਅੰਤ ਗੁਰਨ ਮੋ ਲੀਨ[3] ॥ 459 ॥

॥ ਚੌਪਈ ॥

ਅਸ ਉਤਸਾਹੁ ਹੋਤ ਭਾ ਰੂਰੀ ॥ ਜੀਤ ਮ੍ਰਿਗੇਸ ਦਾਨ ਦੇ ਭੂਰੀ ॥
ਨਾਊਵਾਰੀ ਭਾਟ ਲੇ ਦਰਬਾ ॥ ਡੂੰਮ ਕਲੀਵ ਮਿਲ ਗਾਵੈ ਸਰਬਾ ॥ 460 ॥
ਪ੍ਰੋਧਾ ਕੋ ਦੀਯੋ ਦ੍ਰਬ ਅਪਾਰਾ ॥ ਅਵਰ ਦਿਜਨ ਬਿਤ ਦੀਨ ਹਕਾਰਾ ॥
ਸੂਪਕਾਰ ਤਬ ਆਨ ਸੁਨਾਯੋ ॥ ਭੋਜਨੁ ਤਯਾਰੁ ਭਯੋ ਸੁਖਦਾਯੋ ॥ 461 ॥
ਜੀਤ ਮ੍ਰਿਗੇਸੁ ਤਬੈ ਕਰ ਜੋਰੀ ॥ ਲਗੋ ਸਭ ਕੋ ਭੋਜਨੁ ਫੋਰੀ ॥
ਦ੍ਵਿਜ ਸਾਧੂ ਖਰ ਬੇਦੀ ਗਯਾਤੀ ॥ ਬਨ ਬੈਠੇ ਸੋ ਪਾਂਤ ਸੁਹਾਤੀ ॥ 462 ॥

---

1. ੲ ਪੋਥੀ ਭਾਲ 2. ਅ ਪੋਥੀ ਮਧੁਰੀ ਮੂਰਤਿ 3. ਅ ਪੋਥੀ ਸਲੀਨ

ਅਨਿਕ ਭਾਂਤਿ ਭੋਜਨ ਧਰ ਆਗੇ ॥ ਸਪੂਕਾਰ[1] ਪਾਰੋਸਨ ਲਾਗੇ ॥
ਪਾਇ ਸਸਿਤਾ ਘ੍ਰਿਤ ਬ੍ਰਿਧ ਸੰਗਾ ॥ ਸਪਦ ਪਰੁਸ ਰਹੇ ਸੰਗ ਉਮੰਗਾ ॥463॥
ਸੂਖਮ ਓਦਨ ਬਰੇ ਪਕੌਰੇ ॥ ਮਰਚਾ ਧਨਿਯ ਧਹਿ ਮਹਿ ਬੋਰੇ ॥
ਸੂਪ ਬਨੀ ਬਰ ਅਨਿਕ ਪ੍ਰਕਾਰਾ ॥ ਖਾਨ ਪੂਰਾ ਹਰਿ ਨਾਮ ਉਚਾਰਾ ॥464॥
ਸ੍ਵਾਦ ਸੰਗ ਸਬ ਅਚਵਨ ਕੀਨੋ ॥ ਪੀ ਜਲ[2] ਕੋ ਸਭ ਭੇ ਤ੍ਰਿਪਤੀਨੋ ॥
ਭੋਜਨੁ ਕੀ ਮਿਲੁ ਕਰਤ ਬਡਾਈ ॥ ਐਸ ਨ ਖਾਯੋ ਅਗਰ ਕਦਾਈ ॥465॥
ਭੋਜ[3] ਭਯੋ ਅਤੋਟ ਅਪਾਰਾ ॥ ਲੇਤ ਦੇਤ ਕੋ ਵਾਰ ਨ ਪਾਰਾ ॥
ਜਵਨ ਬਸਤੁ ਮੋ ਬਸਤੁ ਉਚਾਵੈ ॥ ਤਵਨ ਸੁ ਆਗੈ ਪੂਰ ਦ੍ਰਿਸਟਾਵੈ ॥466॥
ਸਭ ਦੇਖਤ ਮਨ ਭਏ ਅਨੰਦੂ ॥ ਗੁਰ ਕੀ ਨੁਤ ਕਰੇ ਮਿਲ ਬ੍ਰਿੰਦੂ ॥
ਧੰਨੁ ਧੰਨੁ ਪੁਨਿ ਧੰਨੁ ਬਖਾਨਹਿ ॥ ਜੀਤ ਮ੍ਰਿਗੇਸ ਕਿ ਭਾਗ ਮਹਾਨਹਿ ॥467॥

॥ ਦੋਹਰਾ ॥

ਕੁਲ[4] ਗਯਾਤੀ ਛਤ੍ਰੀ ਅਵਰ[5] ਬਿਪ੍ਰ ਜਿ ਪ੍ਰੋਧਾ ਸਾਥ ॥
ਉਸਤਤਿ ਉਚਰਤਿ ਸਦਨ ਗੇ ਸਤਿਗੁਰ[6] ਦੀਨਾ ਨਾਥ ॥468॥

॥ ਚੌਪਈ ॥

ਬੇਦੀ ਜੁਵਤੀ ਜੋ ਘਰੁ ਆਈ ॥ ਸਭ ਕੋ ਮਾਤਾ ਦੇਤ ਮਿਠਾਈ ॥
ਔਰ ਜੁ ਦਾਸੀ ਦਾਸ ਕਮੀਨੀ ॥ ਸਭ ਕੀ ਮਾਤ ਪ੍ਰਸੰਨਤਾ ਲੀਨੀ ॥469॥
ਸ੍ਰੀ ਗੁਰ ਸਾਹਿਬ ਸਿੰਘ ਵਤਾਰੀ ॥ ਹੈ ਪਰ ਚਢਨ[7] ਲਗੇ ਸੁਖਕਾਰੀ[8] ॥
ਸੇਵਕ ਆਗੈ ਪਾਛੈ ਦੌਰੀ ॥ ਜਿਨ ਮੋ ਸਰਧਾ ਅਹੈ ਨ ਥੋਰੀ ॥470॥
ਬੀਥਨ ਮਧੁ ਕਿੰਕਾਂਨ ਕੁਦਾਵੈ ॥ ਕਰਕੈ ਸੈਲ ਬਹੁਰਿ ਘਰ ਆਵੇ ॥
ਮਾਰਤੰਡ ਵਤ ਤੇਜ ਪ੍ਰਕਾਸਾ ॥ ਗੁਰ ਸਿਖ ਨੀਰਜ ਖਿਰੇ ਹੁਲਾਸਾ ॥471॥
ਬਿਮੁਖ ਕੁਮਦਿ ਚਿਤ ਭਏ ਦੁਖਾਰੇ ॥ ਸੰਤ ਕੋਪ ਮਨ ਸਦ ਹਰਖਾਰੇ ॥
ਅਵਿਦਯਾ ਸਰਵਰਿ ਭਈ ਬਿਨਾਸਾ ॥ ਭਕਤਿ ਧੂਪ ਜਗ ਰਹੀ ਬਿਗਾਸਾ ॥472॥
ਬੇਦੀ ਬਾਲਕੁ ਲੇਹਿ ਬੁਲਾਈ ॥ ਮਿਲ ਮ੍ਰਿਗਯਾਂ ਬਨੁ ਖੇਲਹਿ ਜਾਇ ॥
ਕਟ ਤਟ ਬਾਂਧਾ ਸੁਭਗ ਤੁਨੀਰੈਂ ॥ ਚਾਂਪ ਜੜਤ ਵਰ ਕਰ ਮੋ ਤੀਰੈਂ ॥473॥
ਹੀਰਨ ਜਰੇ ਹੇਮ ਕੀ ਮੁਸਟਾ ॥ ਪਹਰਯੋ ਖੜਗ ਲੋਹ ਬਹੁ ਸੁਸਟਾ ॥
ਪਰ ਕਰ ਤੇ ਤਬ ਬਾਂਧੀ ਕੰਮਰ ॥ ਖੰਜਰ ਜਮਧਰ ਦੀਨੀ ਅੰਦਰ ॥474॥
ਪਹਿਰੇ ਭੂਖਨ ਚਾਂਮੀ ਕਰਕੇ ॥ ਜਥਾ ਜੋਗੁ ਸਬ ਅੰਗਨ ਧਰਕੇ ॥
ਮਾਤ ਪਿਤਾ ਕੇ ਕਰ ਪਾਦ ਬੰਦਨ ॥ ਅਭਨੰਦਨ ਹ੍ਵੈ ਦੇਖਯੋ ਨੰਦਨ ॥475॥
ਦੇਤ ਅਸੀਸੰ ਸੀਸ ਕਰ ਫੇਰਾ ॥ ਹੋਵਹੁ ਜਸੁ ਪਰਤਾਪ ਉਚੇਰਾ ॥
ਨਿਕਸੇ ਸਦਨ ਪੌਰ ਗੁਰ ਪੂਰੇ ॥ ਜਿਨ ਦੇਖਤ ਅਘ ਹੋਵਤ ਚੂਰੇ ॥476॥

---

1. ਅ ਪੋਥੀ ਸੂਪ ਸੁਕਾਰ 2 ਅ ਪੋਥੀ ਪਾਨੀ 3. ਅ ਪੋਥੀ ਭੋਜਨੁ 4. ਅ ਪੋਥੀ ਵਿਚ 'ਕੁਲ' ਸ਼ਬਦ ਨਹੀਂ ਹੈ । 5. ਅ ਪੋਥੀ ਅਪਰ ਜੋ 6. ੲ ਪੋਥੀ ਸ੍ਰੀ ਸਤਿ ਗੁਰ 7, ਅ ਪੋਥੀ ਚਰਨੇ 8. ਅ ਪੋਥੀ ਗਤਿਕਾਰੀ

## (ਬਾਬਾ ਸਾਹਿਬ ਸਿੰਘ ਦਾ ਸ਼ਿਕਾਰ ਚੜ੍ਹਨਾ)

॥ ਦੋਹਰਾ ॥

ਜਾਂਹਿ ਤਾਂਹਿ ਗਾਦਾ[1] ਪ੍ਰਗਟ ਭੀ ਸਾਹਿਬ ਚਢੇ ਸਿਕਾਰ ॥
ਦੌਰ ਦੌਰ ਸਿਖ ਆਵਹੀ ਜਿਨ ਮਨ ਪ੍ਰੀਤ ਅਪਾਰ ॥477॥

॥ ਚੌਪਾਈ ॥

ਕੰਚਨਿ ਜੀਨ ਤੁਰੰਗਮ ਸੋਹੈ ॥ ਬਲੀ ਚਪਲ ਪਰ ਗੁਰ ਅਰੋਹੇ ॥
ਸਣੈ ਸਨੈ ਤਬ ਕੀਨ ਪਯਾਨਾ ॥ ਗਰੀਅਨ ਮਹਿ ਠਾਂਢੇ ਨਰੁ ਆਨਾ ॥478॥
ਮਨਹੁ ਚਕੋਰ ਚੰਦ ਕੋ ਜੋਵੈਂ ॥ ਰਿਦੈ ਅਨੰਦ ਨੰਮ੍ਰ ਸਿਰ ਹੋਵੈਂ ॥
ਸਭ ਦਿਸ ਦੇਖਤ ਜਾਤ ਕ੍ਰਿਪਾਲਾ ॥ ਹੁਇ ਨਿਹਾਲ ਸਰਧਾ ਬਿਸਾਲਾ ॥479॥
ਭਈ ਭੀਰ ਬਹੁ ਮਾਨਵ ਕੇਰੀ ॥ ਚਲਹਿ ਪਿਛਾਰੀ ਸੁਖ ਮੈ ਹੇਰੀ ॥
ਬਨ ਮੈ ਜਾਇ ਪ੍ਰਵੇਸਨ ਕੀਨੋ ॥ ਫਿਰਤ ਭਏ ਜਰਿ ਤਹਿ ਮਨੁ ਦੀਨੋ ॥480॥
ਅਗਾਰ ਭਾਗ ਤੇ ਸੂਕਰ ਆਯੋ ॥ ਛਾਡ ਸਿਲੀ ਮੁਖ ਲੀਨ ਸੁ ਘਾਯੋ ॥
ਦੇਖ ਸਫੁਰਤੀ ਸਿਖ ਹਰਖਾਨੇ ॥ ਬਾਰ ਬਾਰ ਯਸ ਕਰੈ ਬਖਾਨੇ ॥481॥
ਖੇਲ ਅਖੇੜ ਹਟੇ ਪੁਨ ਘਰ ਕੋ ॥ ਮਾਤ ਤਾਤ ਚਿਤ ਦੇਹਿ ਹਰਖ ਕੋ ॥
ਐਸੇ ਹੀ ਨਹੀ ਖਿਲਤ ਸਿਕਾਰਾ ॥ ਜੋ ਮਾਰੇ ਸੋ ਭਵ ਤੇ ਪਾਰਾ ॥482॥

॥ ਦੋਹਰਾ ॥

ਮਸਤਕ ਆਯੁਤ ਦਿਪਤਿ ਦੁਤਿ ਚਿਤ ਮੋਹਤ ਨਰ ਬਾਲ ॥
ਕਮਲ ਦਲਨ ਸੇ ਦ੍ਰਿਗ ਲਲਿਤ ਆਲਯ ਲਾਜ ਬਿਸਾਲ ॥483॥

॥ ਚੌਪਈ ॥

ਦੁਸਨ ਦਮਕ ਅਧਰਨ ਮਧ ਐਸੇ ॥ ਗਿਰਾ ਸਦਨ ਹੀਰਾਵਲ ਜੈਸੇ ॥
ਭੁਜ ਸੁੰਦਰ ਕਟ ਸਜਤ ਕਿਯੂਰਾ ॥ ਪੀਤ ਪੁਸਾਕ ਧਰੀ ਛਬ ਰੂਰਾ ॥484॥
ਅਨੁਜ ਸਖਾ ਸਭ ਲੀਨ ਹਕਾਰੀ ॥ ਐਰਾਵਤ ਚਲ ਦੇਖਹਿ ਬਾਰੀ ॥
ਨਦੀ ਤਾਸ ਕੇ ਭਾਗ ਸੁਹਾਏ ॥ ਜਹ ਖੇਲਨ ਸ੍ਰੀ ਗੁਰ ਜੀ ਆਏ ॥485॥
ਹਿਤ ਜਲ[2] ਕੇਲ ਉਤਾਰੇ ਚੀਰਾ ॥ ਹੋਹਿ ਪ੍ਰਵੇਸਨਿ ਨੀਰ ਗਹੀਰਾ ॥
ਤਰਹਿ ਅਨੇਕ ਪ੍ਰਕਾਰ ਕਲੋਲਹਿ ॥ ਇਤ ਉਤ ਧਾਇ ਧਾਇ ਸ਼ਭ ਡਲੋਹਿ ॥486॥
ਬੇਦੀ ਕੁਲ ਕੇ ਬਾਲਕ ਜੇਈ ॥ ਗੁਰ ਕੀ ਬਯ[3] ਸਮਾਨ ਹੈਂ ਤੇਈ ॥
ਕਾਲ ਮਹਿ ਸਭ ਪ੍ਰਵੇਸੁ ਜਬ ਹੋਏ ॥ ਗਿਨ ਗਿਨ ਕੈ ਕੀਨਸ ਦਿਸ ਟੋਏ ॥487॥
ਛੀਟ ਨਿਸੰਗ ਜੰਗ ਕੋ ਕਰੈ ॥ ਕੋ ਭਾਂਜੈ ਕੋ ਬਲ ਕਰ ਥਿਰੈ ॥
ਇਮ ਬਦ ਕਰ ਇਕ ਇਕ ਕੇ ਸਾਥ ॥ ਧਿਰਾਂ ਬਨਾਈ ਦ੍ਵੈ ਗੁਰ ਨਾਥ ॥488॥
ਪ੍ਰਿਥਕ ਪ੍ਰਿਥਕ ਹ੍ਵੈ ਸਨਮੁਖ ਖਰੇ ॥ ਬਲ ਕਰ ਛੀਟਨ ਤੇ ਸਭ ਭਿਰੇ ॥
ਸਮੁਖ ਛੀਟ ਹਾਥਨ ਤੇ ਮਾਰਹਿ ॥ ਪੁਨ ਹਟ ਮਿਲ ਮਿਲ ਬਯਾਕੁਲ ਕਾਰਹਿ ॥489॥

---

1. ਅ ਪੋਥੀ ਗਾਥਾ 2. ੲ ਪੋਥੀ ਪਾਨੀ 3. ਅ ਪੋਥੀ ਆਬਯ

ਦ੍ਵੈ ਘਟਿ ਕਾਲ ਗ੍ਰਿਰ ਕਰ ਕਰ ਜੋਰਿ ॥ ਛੀਟਨ ਸੰਗਿ ਭਿਰੇ ਜੁਗ ਓਰ ॥
ਨੇਤ੍ਰ ਨਹੀ ਉਘਰਨ ਕੋ ਪਾਵੈ ॥ ਸ੍ਵਾਸ[1] ਨਾਸਕਾ ਆਇ ਨ ਜਾਵੈ ॥490॥

॥ ਦੋਹਰਾ ॥

ਅਸ ਕਲੋਲ ਬਹੁ ਕਰਤ ਭੇ ਬਾਹਰ ਆਏ ਨਾਥ ॥
ਪਹਿਰ ਪੁਸਾਕੀ ਸੁਭਗ ਤਬੈ ਅਸ੍ਵ ਚਢੇ ਸੁਖ ਸਾਥ ॥491॥

॥ ਚੌਪਈ ॥

ਛਾਲ ਬ੍ਰਿਸਾਲ ਅਲਪ ਕਰਵਾਵੈ ॥ ਵਾਗਨਿ ਕੇ ਅਨੁਸਾਰ ਭ੍ਰਮਾਵੈ ॥
ਕਰਹਿ ਕੁੰਡਲਾ ਕਾਰ ਬਿਸਾਲੇ ॥ ਪਲਟਹਿ ਤੁਰਤ ਫੁਰਤੁ ਕਰ ਨਾਲੇ ॥492॥
ਪੁਨਹ ਅਟੇਰਨਿ ਕੀ ਬਿਧਿ ਪ੍ਰੇਰਨਿ ॥ ਹੇਤ ਚਲਾਕੀ ਫਿਰ ਫਿਰ ਫੇਰਨਿ ॥
ਦਿਨ ਪ੍ਰਤਿ ਬਹੁ ਬਿਸਾਲੁ ਗੁਰ[2] ਕਰੈ ॥ ਪਿਖ ਸਿਖ ਸੰਗਤਿ ਉਰ ਮੈ ਧਰੈ ॥493॥
ਗੁਰ ਮੂਰਤਿ ਸੂਰਤਿ ਬੋਰ ਚਾਰੂ ॥ ਕਰੌ ਕਥਨ ਅਬ ਤਿਮੀ ਪ੍ਰਕਾਰੂ ॥
ਜੋ ਸਿਖ ਸੁਨਿ ਸੁਨਿ ਕਰਹੈ ਧਿਯਾਨਾ ॥ ਚਾਰ ਪਦਾਰਥ ਪ੍ਰਾਪਤਿ ਮਾਨਾ[3] ॥494॥
ਪਦ ਅਰਬਿੰਦੈ ਮ੍ਰਿਦਲੁ ਮਲਿੰਦੈ ॥ ਅਰੁਣ ਬਰਣ ਜਨ ਸਰਨ ਮੁਕੰਦੇ ॥
ਜਨੁ ਮਿਖਨੰ ਮਨੂੰ ਕੇ ਅਨੁਰਾਗੇ ॥ ਭਏ ਲਾਲ ਲਾਗੇ ਜੁਗ ਪਾਗੇ ॥495॥
ਨਖੁ ਸੁੰਦਰ ਸੋਭਤ ਇਮ ਖਰੇ ॥ ਜਨ ਲਾਲੀ ਪਰੁ ਹੀਰੇ ਧਰੇ ॥
ਏਡੀ ਕੋਮਲ ਬ੍ਰਤਲਾ ਕਾਰ ॥ ਜਨੁ ਫਲਸੇ ਕੋ ਲਾਲ ਉਦਾਰ ॥496॥
ਤਰਵਾ ਬ੍ਰਿਛ ਤੇ ਊਰਧ ਐਸੇ ॥ ਕਮਠ ਪੀਠ ਹੁਇ ਕੋਮਲ ਜੈਸ ॥
ਸੁਮਿਲ ਅੰਗਰੀ ਸੂਧੀ ਸੋਹੈ ॥ ਦੁਤਿ ਪਲਵ ਕੀ ਜਨੁ ਮਨ ਮੋਹੈ ॥497॥
ਸੁਭਤਿ ਪਗਨ ਪਰਿ ਗੁਲਫ ਉਚੰਚੇ ॥ ਜਿਨ ਮੈ ਸਭ ਲਛਣ ਸੁਭ ਹੇਰੇ ॥
ਜੁਗਲ ਜੰਘ ਜਾਨੂੰ ਦਿੜ੍ਹ ਹੋਏ ॥ ਮਨਹੁ ਓਜ ਤੇ ਥੰਭ ਖਰੋਏ ॥498॥
ਊਦਰ ਤ੍ਰਿਵਲੀ ਸੁੰਦਰ ਸੋਹਤਿ ॥ ਨਾਭੁ ਗੰਭੀਰ ਦਿਪਤਿ ਚਿਰ ਮੋਹਤਿ ॥
ਬਾਹੁ ਅਨਾਜਸੁ[4] ਅਰਲਾ ਮਾਨੋ ॥ ਸੁਭ ਤਿਕਰੀ ਕਰ ਬਲੀ ਮਹਾਨੋ ॥499॥
ਦਿਪਤਿ ਪ੍ਰਚੰਡ ਬਡੇ ਭੁਜ ਦੰਡ ॥ ਮਨਹੁ ਬਜ੍ਰ ਕੇ ਇਹ ਜੁਗ ਖੰਡ ॥
ਆਯੁਤ ਛਾਤੀ ਅਤਸੈ ਗਾਢੀ ॥ ਮਨਹੁ ਕਪਾਟ ਕਠਨ ਰਿਪੁ ਠਾਢੀ ॥500॥
ਤੁੰਗ ਸੁਕੰਧਨ ਤੇ ਜੁਗ ਛੈਲ ॥ ਜਿਮ ਕ੍ਰਿਖ ਚਰ ਸੂਨੋ ਬਡ ਬੈਲ ॥
ਮੁਕਤਾਮਾਲ ਬਿਸਾਲ ਉਜਾਲੀ ॥ ਗਲਿ ਮੋਲਿ ਬਡਿਕੇ ਦੁਤਿ ਵਾਲੀ ॥501॥
ਚਿਬੁਕ ਚਾਰ ਚਹੁਗਿਰਦ ਸੁਹਾਵਤੰ ॥ ਫਲੁ ਰਸਾਲੁ ਨੂਤਨ ਜਨ ਭਾਵਤਿ ॥
ਅਧਰ ਮ੍ਰਿਦੁਲ ਸੁਭ ਲਾਲ ਬਿਸਾਲਾ ॥ ਹੀਰੇਨ ਪੰਕਤਿ ਦੰਤੇ ਉਜਾਲਾ ॥502॥
ਮੁਸਕਾਵਤਿ ਦਿਖੀਯਤ ਦਮਕਾਵਤਿ ॥ ਸੰਪੁਟ ਬਿਦ੍ਰਮ ਕਲੀ ਲਖਾਵਤਿ ॥
ਸੁੰਦਰ ਦੀਪਤਿ ਜੁਗਲ ਕਪੋਲੈ ॥ ਮੁਕਰ ਮਾਰ ਜਨ ਮਨਹੁ ਅਮੋਲੇ ॥503॥
ਮੁਖ ਮੰਡਲ ਜਨੁ ਚੰਦ ਅਖੰਡਤਿ ॥ ਕਮਲ ਪ੍ਰਫੁਲਤਿ ਦੁਤਿ ਬਡਿ ਮੰਡਤਿ ॥

---

1. ੲ ਪੋਥੀ ਸਾਸ 2. ੲ ਪੋਥੀ ਸ੍ਰੀ ਗੁਰ 3. ਅ ਪੋਥੀ ਪਾਨਾ 4. ਅ ਪੋਥੀ ਅਜਾਨ

ਮਧੁਰ ਮਧੁਰ ਘਨਿ ਧੁਨਿ ਸਦ ਬਾਨੀ ॥ ਨਿਜ ਦਾਸਨਿ ਕੋ ਅੰਮ੍ਰਿਤੁ ਦਾਨੀ ॥504॥
ਕੈ ਦੁੰਦਭ ਸੁਰੇ ਸਬਦ ਗੰਭੀਰ ॥ ਬੋਲਤ ਮਹਾਂ ਭਰੇ ਰਸ ਬੀਰ ॥
ਕਮਲ[1] ਪਾਖਰੀ ਚਾਰੋ ਸਰੀਖੀ ॥ ਆਂਖ ਬਡੀ ਜੁਗ ਤੀਖੀ ਤੀਖੀ ॥505॥
ਕਰੁਣਾ ਭਰੇ ਕਟਾਖ ਛਬੀਲੇ ॥ ਪਟਲਤ ਮੀਨ ਮਨਹੁ ਦੁਤਿ ਲੀਲੇ ॥
ਮਨਹੁ ਨਿਪੁੰਨਿਤਾ ਬਿਧਿ ਉਪਜਾਈ ॥ ਹੁਤੀ ਜਿਤਕ ਸਭ ਲਾਇ ਦਿਖਾਈ ॥506॥
ਕ੍ਰਿਪਾ ਕਰਤ ਜਿਸ ਕੀ ਦਿਸ[2] ਹੇਰਹਿ ॥ ਬਿਨ ਦਾਮਨਿ ਤਿਸਿ ਠਾਨੰਤਿ ਚੇਰਹਿ ॥
ਅਤਿ ਸੁੰਦਰੁ ਸੋਭੰਤ ਹਠੀਲੇ ॥ ਰਸ ਕੋ ਬਰਸਤ ਅਧਕ ਰਸੀਲੇ ॥507॥
ਮਨਹੁ ਲਾਜ ਕੇ ਭਰੇ ਜਹਾਜਾ ॥ ਸਿਖ ਉਧਾਰਨ ਜਿਨ ਇਹ ਕਾਜਾ ॥
ਕੁਟਿਲ ਭ੍ਰਿਕੁਟਿ ਜਨ ਕਾਮਕ ਗਾਨਾ ॥ ਭਰਯੋ ਭਾਗ ਤੇ ਭਾਲ ਮਹਾਨਾ ॥508॥
ਮੇਚਕ ਚਿਕਨੇ ਕੇਸ ਬਿਸੇਸ ॥ ਸਿਰ ਉਸ ਨੀਕ ਸੁਹਾਇ ਸੁਸੇ ॥
ਕਲਗੀ ਜਿਗਾ ਜੇਬ ਜਿਨ ਜ਼ਾਹਿਰ ॥ ਜਬਰ ਜੜਤ ਜਗ ਮਗਤ ਜਵਾਹਰਿ ॥509॥
ਸਰਬ ਬਿਭੂਖਨ ਭੂਖਨ[3] ਧਾਰੇ ॥ ਲਾਗੇ ਮੋਲ ਬਿਸਾਲ ਧਾਰੇ ॥
ਕੰਚਨਿ ਕੇ ਕੰਕਨ ਖਚਿ ਹੀਰੇ ॥ ਜਰੇ ਰੁਚਿਰ ਕਰੀਗਰ ਚੀਰੇ ॥510॥
ਨਵ ਰਤਨੇ ਇਸ ਭਾਂਤ ਸੁਹਾਏ ॥ ਨੌਂ ਗ੍ਰਹਿ ਮਨਹੁ ਭੁਜਾ ਲਪਟਾਏ ॥
ਬਰਣ ਬਰਣ ਬ੍ਰਤ ਬਸਤ੍ਰ ਹਮੇਸ[4] ॥ ਪਹਿਰੇ ਰੀਤ ਨਵੀਨੀ ਬੇਸ[5] ॥511॥
ਛਾਪ ਛਲਾਯਨ ਤੇ ਛਬਿ ਛਾਜਤਿ ॥ ਗਰ ਮਹਿ ਖੜਗਿ ਬਿਸਾਲ ਬਿਰਾਜਤਿ ॥
ਧਨੁ ਬਿਦਿਯਾ ਅਭਯਾਸ ਕਮਾਵੈ ॥ ਕਹਿ ਕਹਿ ਖਪਰੇ ਤੀਰ ਘਰਾਵੈ ॥512॥
ਧਰਿ ਧਰਿ ਮਾਰਹਿ ਦੂਰਿ ਨਿਸਾਨਾ ॥ ਬਡੇ ਬੇਗ ਤੇ ਛੁਟ ਹੈ ਬਾਨਾ ॥
ਕਬ ਤੁਰੰਗੀ ਪੈ ਚਢਿ ਹੁਲਸਾਵੈ ॥ ਮਾਰਿ ਲਛ ਕੋ ਤਰੇ ਗਿਰਾਵੈ ॥513॥
ਇਤਯਾਦਿਕ ਆਯੁਧ ਅਭਿਯਾਸਾ ॥ ਦਿਨ ਪ੍ਰਤਿ ਸਤਿਗੁਰ[6] ਕਰਤ ਬਿਲਾਸਾ ॥
ਐਸੇ ਹੀ ਕਛੁ ਕਾਲ ਬਤੀਤਾ ॥ ਕਰੇ ਚਰਿਤ੍ਰ ਅਗਣਿਤ ਅਭੀਤਾ ॥514॥

(ਪ੍ਰੋਧਾ ਮਾਲੀ ਨੂੰ ਉਪਦੇਸ਼)

॥ ਦੋਹਰਾ ॥

ਏਕ ਦਿਵਸ ਸ੍ਰੀ ਸਤਿਗੁਰੂ ਥਿਰੇ ਏਕ ਅਸਥਾਨੁ ॥
ਪ੍ਰੋਧਾ ਮਾਲੀ ਆਤ ਭਾ ਮਨ ਮੈ ਪ੍ਰੀਤੀ ਠਾਨ ॥515॥

॥ ਚੌਪਈ ॥

ਸ੍ਰੀ ਗੁਰ ਆਦਰੁ ਕਰ ਬੈਠਾਯੋ ॥ ਕਰੀ ਕ੍ਰਿਪਾ ਬਡ ਦਰਸ ਦਿਖਾਯੋ ॥
ਪ੍ਰੋਧਾ ਕਹੈ ਸੁਨੋ ਸੁਖ ਧਾਮ ॥ ਤੁਮ ਕੋ ਮੇਰੀ ਅਨਿਕ ਪ੍ਰਨਾਮ ॥516॥
ਇਕ ਅਰਜੀ ਹਮਰੀ ਸੁਨ ਲੀਜੈ ॥ ਜਨਮ ਮਰਨ ਭੈ ਦੂਰਿ ਕਰੀਜੈ ॥
ਸ੍ਰੀ ਗੁਰ ਕਹੈ ਸੁਨੋ ਤੁਮ ਪ੍ਰੋਧਾ ॥ ਤੁਮ ਪੰਡਿਤ ਹੋ ਸੁਭ ਮਗ ਸੋਧਾ ॥517॥

---

1. ੲ ਪੋਥੀ ਪੰਕਜ 2. ਅ ਪੋਥੀ ਦਿਸਿ 3. ਅ ਪੋਥੀ ਭੂਖਤ 4. ਅ ਪੋਥੀ ਮਹੇਸਾ
5. ਅ ਪੋਥੀ ਬੇਸਾ 6. ੲ ਪੋਥੀ ਸ੍ਰੀ ਸਤਿਗੁਰਿ

ਚਹੀਏ ਤੁਮਹਿ ਕਰਨ ਉਪਦੇਸਿ ॥ ਹਮ ਬਾਰਿਕ ਗੁਨ ਨਾਹੀ ਲੇਸਿ ॥
ਅਸਿ ਸੁਨਿ ਮਾਲੀ ਚਰਨ ਗਹਾਨੇ ॥ ਕਹਤੁ ਭਯੋ ਸੁਨੀਯੇ ਸੁਖਦਾਨੇ ॥ 518 ॥
ਐਸੇ ਕਹਿ ਔਰਨ ਬਿਰਮਾਵੋ ॥ ਕਹਿ ਬਾਰੱਕ ਕਯੋ ਮਾਯਾ ਪਾਵੋ ॥
ਤੁਮ ਸਰਵੰਗ ਅੰਤਰਜਾਮੀ ॥ ਕੁਲ ਤਾਰਕ ਹੋ ਜਗਤ ਸੁਆਮੀ ॥ 519 ॥
ਕਹਿਤ ਭਏ ਸੁਨੀਏ ਦਿੰਜ[1] ਇੰਦੂ ॥ ਤੁਮਰਾ ਸੰਸਾ ਕਰੈ ਨਿਕੰਦੂ ॥
ਕਹੁ ਸੰਸਾ ਅਬਿ ਬੇਰਿ ਨ ਕਰੀਏ ॥ ਪਾਯ ਗਯਾਨ ਅਗਯਾਨ ਨਿਵਰੀਏ ॥ 520 ॥
ਦ੍ਵਿਜ ਕਹੇ ਸੁਨੀਏ ਸੁਖਦਾਈ ॥ ਮਨ ਮੇਰਾ ਦਿਨ ਥਿਰੁਹਿ ਹਰਾਈ ॥
ਐਸਿ ਉਪਾਇ ਕਹੋ ਗੁਰ[2] ਪੂਰੇ ॥ ਮਨ ਆਦੀ ਜਿਮ ਹੋਵੈ ਚੂਰੇ ॥ 521 ॥

॥ ਦੋਹਰਾ ॥

ਸ੍ਰੀ ਮੁਖ ਤੇ ਅਸਿ ਕਹਿਤ ਭੇ ਪ੍ਰੋਧਾ ਤੁਮ ਸਚ ਪ੍ਰਾਹ ॥
ਗੁਰ ਨਾਨਕ ਆਗੇ ਕਹਾ ਮਨ ਧਾਵੈ ਬਹੁ ਰਾਹ ॥ 522 ॥

॥ ਸ੍ਰੀ ਮੁਖ ਬਾਕ ॥

ਭੀਤਰਿ ਪੰਚ ਗੁਪਤੁ ਮਨ ਵਾਸੇ ॥
ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ ॥
ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥
ਲੋਭੀ ਕਪਟੀ ਪਾਪੀ ਪਾਖੰਡੀ ਮਾਇ ਅਧਿਕ ਲਗੈ ॥ 523 ॥

॥ ਚੌਪਈ ॥

ਸੁਨਿ ਪ੍ਰੋਧਾ ਅਬ ਦੇਹੁ ਬਤਾਈ ॥ ਮਨ ਆਦੀ ਜਿਮ ਇਸਥਿਤੁ ਪਾਈ ॥
ਪੰਚਭੂਤ ਮੈ ਤਮ ਗੁਨ ਜੋਈ ॥ ਤਿਹ ਤੇ ਬੰਨਯੋ ਥੂਲ ਸਬ ਕੋਈ ॥ 524 ॥
ਤਿਨ ਮਹਿ ਅੰਸ ਜੁ ਰਜ ਗੁਨ ਨੀਕਾ ॥ ਤਿਹ ਨਿਰਮਾਈ ਸਰਬਰਿ ਖੀਕਾ[3] ॥
ਤਾ ਮਹਿ ਸਤ ਗੁਨ ਅੰਸ ਸੁਹਾਂਵਾ ॥ ਤਿਹ ਤੇ ਅੰਤਹਕਰਣ ਬਨਾਵਾ ॥ 525 ॥
ਚਤੁਰ ਪ੍ਰਕਾਰ ਭਯੋ ਸੋ ਜਾਨੋ ॥ ਮਨ ਬੁਧ ਚਿਤੁ ਅਹੰਕਾਰ ਪਛਾਨੋ ॥
ਇਨ ਕੀ ਸਬ ਬਿਧ ਜਾਨਹ ਐਸੇ ॥ ਤਵ ਸਰੂਪ ਕੇ ਆਸ੍ਰੇ ਜੈਸੇ ॥ 526 ॥
ਰਥ ਰੂਪੀ ਜੋ ਅਹੈ ਸਰੀਰਾ ॥ ਤੇਹ ਤੁਰੰਗ ਇੰਦ੍ਰੀ ਲਖੁ ਧੀਰਾ ॥
ਮਨੁ ਡੋਰੀ ਕੇ ਸਮ ਪਹਿਚਾਨਹੁ ॥ ਬੁਧਿ ਸਾਰਥੀ ਤਿਨਹਿ ਪ੍ਰਮਾਂਨਹੁ ॥ 527 ॥
ਰਥੀ ਆਤੁਮਾ ਰੂਪ ਸੁ ਤੇਰੋ ॥ ਜਾਕੇ ਹਰਖ ਸੋਕੁ ਨਹਿ ਨੇਰੋ ॥
ਤਾ ਕੋ ਤੁਮ ਨੀਕੇ ਲਖ ਲੀਜੇ ॥ ਅਪਰ ਅਹੰਤ ਤਯਾਗ ਕਰੀਜੇ ॥ 528 ॥
ਜਿਹ ਕੋ ਸਕੈ ਨ ਅਗਨਿ ਜਰਾਈ ॥ ਨੀਰ ਨਹ ਤਾਂ ਕੋ ਕਬਹਿ ਗਿਰਾਈ ॥
ਨਹਿ ਸਸਤ੍ਰਨ ਸੋ ਛੇਦਯੋ ਜਾਇ ॥ ਪੌਨ ਨ ਜਾਕੋ ਸਕੇ ਉਡਾਇ ॥ 529 ॥
ਬਾਲਕ ਬੂਢਾ ਸੋ ਨਹਿ ਤਰਨਾ ॥ ਜਾਂਹਿ ਕਦਾਚਿਤ ਜਨਮ ਨ ਮਰਣਾ ॥

1. ਅ ਪੋਥੀ ਦਿਵਜ 2 ੲ ਪੋਥੀ ਸ੍ਰੀ ਸਤਿਗੁਰ 3. ਮੂਲ ਪੋਥੀ ਖਾਈ

ਜਾਂ ਕੋ ਭੂਖ ਪਿਆਸ ਨ ਥੋਰੀ ॥ ਜਿਸ ਬਿਸਰੇ ਤੇ ਹ੍ਵੈ ਦੁਖ ਘੋਰੀ ॥ 530 ॥
ਸੁਨਿ ਪ੍ਰੋਧਾ ਇਸ ਬਿਧ ਕੇ ਬੈਨਾ ॥ ਨਿਜ ਸਰੂਪ ਜਾਨਯੋ ਸੁਖ ਐਨਾ ॥
ਭਯੋ ਨਿਗਮਨ ਅਥਾਹ ਅਨੰਦ । ਛੂਟਿ ਗਏ ਜਮ ਕੇ ਸਮ ਫੰਦ ॥ 531 ॥
ਹਾਥ ਬੰਦ ਪਦਾ ਬੰਦਨੁ ਧਾਰੀ ॥ ਉਸਤਤਿ ਪ੍ਰੰਦ ਕੀ ਗਿਰਾ ਉਚਾਰੀ ॥
ਧੰਨ ਧੰਨ ਪੂਰਨ ਗੁਰਦੇਵਾ ॥ ਕ੍ਰਿਪਾ ਤੁਮਾਰ ਲਖਯੋ ਅਸ ਭੇਵਾ ॥ 532 ॥
ਰਾਗ ਦ੍ਵੈਖ ਦ੍ਵੈ ਸਿੰਘ ਸਮਾਨਾ ॥ ਇਕ ਕੇ ਭੈ ਤੇ ਮੁਝਹਿ ਮਚਾਨਾ ॥
ਗ੍ਰਸਯੋ ਸਰਪ ਦੀਰਘੁ ਹੰਕਾਰਾ ॥ ਦੀਨ ਜਾਨ ਤੁਮ ਲੀਨ ਉਬਾਰਾ ॥ 533 ॥
ਅਬ ਮੈ ਆਤਮ ਰੂਤ ਪਛਾਨਾ ॥ ਜਿਹ ਜਾਨਤ ਜਗ ਕੇ ਦੁਖ ਹਾਨਾ ॥
ਅਸ ਪ੍ਰਕਾਰ ਕੋ ਸੁਨ ਉਪਦੇਸੂ ॥ ਜਾਨਯੋ ਸਹਿਜ ਸਰੂਪ ਦਿਲੇਸੂ ॥ 534 ॥

॥ ਦੋਹਰਾ ॥

ਹਾਥ ਜੋਰੂ ਜੁਗ ਕਹਿਤ ਭਾ ਸੁਨੀਏ ਸ੍ਰੀ ਬੇਦੀਸ ॥
ਮੋ ਕੋ ਕ੍ਰਿਤ ਕ੍ਰਿਤ ਕਰ ਦਯੋ ਕੀਯੋ ਜੀਵ ਤੇ ਈਸ ॥ 535 ॥

॥ ਛੰਦ ॥

ਨਮੋ ਪਾਦ ਕੰਜੰ ਗੁਰੂ ਗਯਾਨ ਗਯਾਤ੍ਾ ॥
ਮਹਾ ਮੋਹ ਹੰਤਾ ਘਨੰ ਨੰਦ ਦਾਤਾ ॥
ਨਮੋ ਲੋਕ ਲੋਕੇ ਸੁਰੰ ਲੰਕ੍ ਕਰਤਾ ॥
ਸਦਾ ਸਰਬ ਥਾਨੰ ਸਦਾ ਸਰਬੰ ਭਰਤਾ ॥ 536 ॥
ਪ੍ਰਲੈ ਕਾਲ ਕਾਰੀ ਨਮੋ ਸਰਬ ਨਾਥੰ ॥
ਮੁਕੰਦੰ ਪਖੰਡਿਨਿ ਕੰਦੰ ਪ੍ਰਮਾਰਥੰ ॥
ਧਰਯੋ ਦੇਹ ਹੇਤੰ ਦੁਖੀ ਦੇਖ ਜੰਤਾ[2] ॥
ਕ੍ਰਿਪਾਲੰ-ਬਿਸਾਲੰ ਅਕਾਲੰ ਅਨੰਤਾ[3] ॥ 537 ॥
ਕਈ ਕੋਟਿ ਤਾਰੇ ਅਘੰ ਓਘਕਾਰੀ ॥
ਮਹਾਂ ਦੂਖ ਦਾਹੇ ਦਤਾਰੰ ਉਦਾਰੀ ॥
ਪਰਮ ਪਰਮ੍ ਈਸੰ ਪ੍ਰਮੰ ਪਰਮ ਬੇਤਾ ॥
ਪਰਮੰ ਪਰਮ ਆਸੂ ਪ੍ਰੇਮੰ ਪਰਮ ਜੇਤਾ ॥ 538 ॥
ਪ੍ਰਮਾਨੰਦ ਮਾਧੋ ਪ੍ਰਮੰ ਪ੍ਰਮ ਬਾਸੰ ॥
ਪ੍ਰਭੂ ਪਰਮ ਪੂਰੰ ਪ੍ਰਮੰ ਪ੍ਰਧਾਰ ਦਾਸੰ ॥
ਅਪ੍ਰੇਖੰ ਸੁ ਪ੍ਰੇਖੰ ਪ੍ਰਮੰ ਰੂਪ ਤੇਰੋ ॥
ਤੁਹੀ-ਏਕ ਨਯੰਤਾ ਸਦਾ ਸੁਖ ਕੇਰੋ ॥539॥
ਸਮਾਨੰ ਨ ਆਨੰ ਬਖਾਨੰ ਕੁਕੀਜੈ ॥

1. ੲ ਪੋਥੀ ਪਗ 2. ਅ ਪੋਥੀ ਜੰਤੰ 3 ਅ ਪੋਥੀ ਅਨੰਤੰ

ਨਿਧਾਨੰ ਮਹਾਨੰ ਸੁਜਾਨੰ ਭਨੀਜੈ ॥
ਪੁਰਾਨੰ ਸੁਭਾਨੰ ਪਰੇਸੰ ਪਵਿਤ੍ਰੰ ॥540॥
ਨਿਰਲੰਬ ਨਾਥੰ ਨਿਰਾਲੰ ਬਚਿਤ੍ਰੰ ॥
ਨਿਰਾਕਾਰ ਸਾਕਾਰ ਏਕੋ ਤੂਹੀ ਹੈ ॥
ਅਜਾਤੇ ਪਰੇ ਰੂਪ ਭੇਰੋ ਸਹੀ ਹੈ ॥
ਅਲਖੰ ਅਭਖੰ ਅਕਥੰ ਅਲੇਖੰ ॥
ਅਮੋਹੰ ਅਦ੍ਰੋਹੰ ਅਜੋਹੰ ਅਭੇਖੰ ॥541॥
ਨਮਿਤਯੰ ਕਿਤ੍ਰਯੰ ਸੁਨਿਤਯੰ ਅਜਿਤਯੰ ॥
ਅਮਾਯੰ ਸੁਦਾਯੰ ਸਹਾਯੰ ਸੁਚਿਤੰਯੰ ॥
ਮਨੰ ਕਾਨਨੰ ਕਾਮ ਕ੍ਰੋਧਾਦਿ ਗੈ ਸੈ ॥
ਤੁਮਰੇ[1] ਸੁਬੈਨੰ ਅਹੈ ਸਿੰਘ ਜੈਸੇ ॥542॥
ਅੰਧੇਰੋ ਮਹਾ ਮੋਹ ਕੋ ਮਾਰਤੰਡੇ ॥
ਨਿਰੀਹੰ ਨ੍ਰਿਬਾਣੰ ਸਦਾ ਜੈ ਅਖੰਡੰ ॥
ਦੁਖੰ ਦ੍ਵੰਦ ਸਿੰਗ ਅਗਸਤੰ ॥
[2]ਨਮਸਤੰਗ ਨਮਸਤੰਗ ਨਮਸਤੰਗ[2] ਸਰੂਪੰ ਅਨੂਪੰ ॥543॥

॥ ਦੋਹਰਾ ॥

ਇਹ ਬਿਧ ਉਸਤਤਿ ਕਰ ਬਹੁਰਿ ਰਹਯੋ ਚਰਨ ਲਿਪਟਾਇ ॥
ਪਠੈ ਸੁਨੈ ਇਸ ਕੋ ਜੁ ਨਰ ਸਰਬ ਫਲੰ ਸੁਖ ਪਾਇ ॥544॥

॥ ਚੌਪਈ ॥

ਪਾਯੋ ਗਯਾਨ ਸੰਪੂਰਨ ਮਾਲੀ ॥ ਸਤਿਗੁਰ ਸੇਵਾ ਸਫਲ ਬਿਸਾਲੀ ॥
ਉਠਿ ਕਰ ਚਲਾ ਭਯੋ ਅਤਿ ਮਗਨਾ ॥ ਔਰ ਕਿ ਔਰ ਠਟੀ ਗੁਰ ਲਗਨਾ ॥545॥
ਤਬ ਲਗ ਸੇਵਕ ਹੈ ਜੁਗ ਆਨੇ ॥ ਅਨੁਜ ਲਿਯੇ ਚੜ੍ਹ ਵਹਿਰ ਸਿਧਾਨੇ ॥
ਨਦੀ ਕਿਨਾਰੇ ਸੈਲੰ ਕਰ ਕਰ ॥ ਆਏ ਸਦਨੰ ਆਨੰਦ ਭਰ ਭਰ ॥546॥
ਦਰਸਨ ਕੋ ਸਿਖ ਆਵੈ ਚਲ ਕਰ ॥ ਸੁੰਦਰ ਸੂਰਤ ਰਿਦੇ ਮੋ ਧਰ ਧਰ ॥
ਧਰ ਆਕੋਰ ਪ੍ਰਣਾਮ ਕਰੰਤੇ ॥ ਮਨ ਬਾਂਛਤ ਕੋ ਝਟਕ ਲਹੰਤੇ ॥547॥
ਸੁਤ ਬਿਤ ਨੁਤ ਕੌ ਚਿਤ ਮੈ ਚਾਹੈ । ਗਯਾਨ ਭਕਤਿ ਕੋ ਮਨ ਉਮਗਾਹੈ ॥
ਸੁਰ ਤਰਵਰ ਗੁਰ ਅੰਤਰਜਾਮੀ ॥ ਚਿਤ ਮਨੋਰਥ ਪੂਰੈ ਸੁਾਮੀ ॥548॥
ਕੀਰਤ ਗੁਰ ਕੀ ਗ੍ਰਿਹ ਗ੍ਰਿਹ ਪਸਰੀ ॥ ਹੰਸਨ ਪੰਕਤ ਹੋ ਜਗ ਬਿਥਰੀ ॥
ਖੁਰਾਸਾਨ ਕਾਬਲ ਕੰਧਾਰੂ ॥ ਮਕਾ ਮਦੀਨਾ ਬਲਖ ਬੁਖਾਰੂ ॥549॥
ਕਾਸਮੀਰ ਗਜਨੀ ਬਗਦਾਦ ॥ ਲਵ ਪੁਰ ਕਾਂਸੀ ਫਰਕਾਵਾਦ ॥
ਮਾਲਵ ਮਾਝੇ ਔਰੁ ਦੁਆਬੇ ॥ ਘਰੁ ਘਰੁ ਜਸ ਗਾਵੈ ਗੁਰ ਬਾਬੇ ॥550॥

---

1. ਅ ਪੋਥੀ ਤੁਮਾਰੇ 2. ਅ ਪੋਥੀ ਪਾਠਾਂਤਰ ਨਮਸਤੰ ਨਮਸਤੰ ਨਮਸਤੰ

॥ ਦੋਹਰਾ ॥

ਪਰਬਤ ਆਦੀ ਦੇਸ ਜੋ ਗੁਰ ਕੀਰਤ ਤੇ ਪੂਰ ॥
ਸਭ ਕੇ ਮਨ ਆਨੰਦ ਅਸ ਜੈਸੇ ਉਗਾਵੈ ਸੂਰ ॥551॥

(ਸੰਗਤਾਂ ਨੂੰ ਉਪਦੇਸ਼)

॥ ਚੌਪਈ ॥

ਜਯੋਂ ਜਯੋਂ ਗੁਰ ਕੋ ਬਧੈ ਪ੍ਰਤਾਪ ॥ ਤਯੋਂ ਸਿਖਨ ਕਾ ਖਾਪੈ ਤਾਪ ॥
ਸਿਖ ਸੰਤ ਬਹੁ ਆਵਨ ਲਾਗੇ ॥ ਜਿਨ ਕੇ ਜਾਗੇ ਭਾਗ ਸੁਭਾਗੇ ॥552॥
ਆਇ ਆਇ ਬਹੁ ਧਨ ਅਰਪੰਤੇ ॥ ਮਨ ਬਾਂਛਤ ਕੋ ਤੁਰਤ ਲਹੰਤੇ ॥
ਗੁਰ ਕੋ ਸੇਵਨ ਕਰੈ ਬਨਾਈ ॥ ਜਨਮ ਮਰਨ ਭੈ ਗਯੋ ਬਿਲਾਈ ॥553॥
ਭਗਤਿ ਗਯਾਨ ਕੋ ਪੂਛੇ ਨਿਰਨਾ ॥ ਭਿੰਨ ਭਿੰਨ ਗੁਰ ਉਤਰ ਬਰਨਾ ॥
ਸੁਨ ਸੁਨ ਸਿਖ ਮਨ ਮੈ ਬਿਗਸਾਵੈ ॥ ਪਾਨ ਜੋਰ ਕਰ ਸੀਸ ਨਿਵਾਵੈਂ ॥554॥
ਬਹੁਰ ਗਿਰਾ ਗੁਰ ਕਹੀ ਰਸੀਲੀ ॥ ਮੰਜ ਮਧੁਰ ਅਤਸੈ ਚਟਕੀਲੀ ॥
ਸੁਨੋ ਸਿਖੋ ਮੈ ਦਯੋ ਸਮਝਾਈ ॥ ਵਾਹਿਗੁਰੂ ਸਿਮਰੋ ਸੁਖਦਾਈ ॥555॥

॥ ਦੋਹਰਾ ॥

ਮਾਨੁਖ ਦੇਹ ਦੁਲਭ ਹੈ ਪਾਈ ਭਾਗ ਪ੍ਰਤਾਪ ॥
ਸਤਨਾਮ ਸਭ ਤੇ ਅਧਕ ਜਾਪੋ ਤਾਂਕੋ ਜਾਪ ॥556॥

॥ ਚੌਪਈ ॥

ਸੰਤਨ ਸੇਵਾ ਕਰੋ ਬਨਾਈ ॥ ਪਰ ਉਪਕਾਰ ਕਰੋ ਮਨੁ ਲਾਈ ॥
ਪਰ ਕਾ ਬੁਰਾ ਨ ਰਾਖੋ ਚੀਤ ॥ ਭਲਾ ਕਰਨ ਮੈ ਰਾਖੋ ਹੀਤ ॥557॥
ਦੇਹੰ ਹੰਤਾ[1] ਦੂਰ ਹਟਾਵੋ ॥ ਹਰੀ[2] ਆਗਿਆ ਮਨੈ ਵਸਾਵੋ ॥
ਦੁਖ ਸੁਖ ਦੋਨੋ ਸਮ ਕਰ ਜਾਨੋ ॥ ਜੋ ਹੋਵੈ ਨਹਿ ਚਿੰਤਾ ਮਾਨੋ ॥558॥
ਸੰਤੁ ਬਚਨੁ ਸਭ ਸਿਖਨ ਗਾਯੋ ॥ ਪਾਦ ਪਦਮ ਪਰ ਸੀਸ ਨਿਵਾਯੋ ॥
ਲੇ ਬਾਰਾ ਗੁਰ ਖੇਲਨ ਲਾਗੇ ॥ ਜਿਨ ਕੇ ਜਾਗੇ ਭਾਗ ਸਭਾਗੇ ॥559॥
ਦੇਹੁਰੇ ਸਾਹਿਬ ਸੁਧ ਸੁਨ ਪਾਈ ॥ ਤੁਰਕਨ ਸੈਨਾ ਬਹ ਚਲੁ ਆਈ ॥
ਜੀਤ ਸਿੰਘ ਜੀ ਮਨੈ ਬਿਚਾਰਾ ॥ ਈਹਾਂ ਰਹਿਨ ਨ ਭਲੋ ਹਮਾਰਾ ॥560॥
ਮਹਿਲਾ ਲੀਨੋ ਪਾਸਿ ਬੁਲਾਈ ॥ ਆਏ ਤੁਰਕ ਮਦ[3] ਦੀਯੋ ਸੁਨਾਈ ॥
ਇਹ ਠਾਂ ਰਹਿਨਾ ਨਹਿ ਭਲ ਗੁਨੀਏ ॥ ਉਰਿ ਥਾਨ[4] ਜਾਨਾ ਵਰੁ ਜਨੀਏ ॥561॥

(ਦੁਆਬੇ ਨੂੰ ਪ੍ਰਸਥਾਨ)

॥ ਦੋਹਰਾ ॥

ਮਾਤ ਸਰੂਪਾ ਕਹਿਤ ਭੀ ਸੁਨੀਏ ਕੰਤਿ ਰਸਾਲ ॥
ਮੈ ਤੁਮਰੇ ਅਧੀਨ ਇਉ ਜਯੋ ਛਾਯਾ ਤਰੁ ਨਾਲ ॥562॥

---

ਅ ਪੋਥੀ ਤੋਂ ਕੋ 2. ਅ ਪੋਥੀ ਗੋਬਿੰਦ 3. ਅ ਪੋਥੀ ਮੰਦ 4. ਏ ਪੋਥੀ ਸਥਾਨ

॥ ਚੌਪਈ ॥

ਦੰਪਤੀ ਮਿਲ ਅਸਿ ਕੀਨ ਬਿਚਾਰੂ ॥ ਚਲੈਂ ਦੁਆਬੇ ਬਿਨਾ ਅਬਾਰੂ ॥
ਜੁਗ ਭੈਯਾ ਤਬ ਖੇਲਤ ਆਏ ॥ ਮਾਤ ਤਾਤ ਕੋ ਸੀਸ ਨਿਵਾਏ ॥563॥
ਜੀਤ ਮ੍ਰਿਗੇਸ ਲਏ ਉਰਿ ਲਾਈ ॥ ਗੋਦ ਬਿਠਾਏ ਬਾਤ ਚਲਾਈ ॥
ਦੁਵਾਬੇ ਦੇਸ ਬਿਖੇ ਤੁਮ ਤਾਯਾ ॥ ਬਾਰ ਬਾਰ ਤਿਨ ਬੋਲਿ ਪਠਾਯਾ ॥564॥
ਸਾਹਿਬ ਕਹੈਂ ਜੀਆ ਜੀ ਸੁਨੋ ॥ ਇਹ ਠਾਂ ਤਯਾਗਨ ਹੀ ਸੁਭ ਗੁਨੋ ॥
ਥੋਰ ਦਿਨੰਨ ਮੋ ਤੁਰਕ ਸੁ ਆਵੈ ॥ ਆ ਹਿੰਦਨੁ ਕੋ ਕਸਟ ਦਿਖਾਵੈ ॥565॥
ਕਰੋ ਤਯਾਰੀ ਦੇਰ ਨ ਕਰੀਏ ॥ ਮੈ ਅਨੁਸਾਰੀ ਸਦਾ ਬਿਚਰੀਏ ॥
ਇਨ ਸੁਨ ਜੀਏ ਮਨ ਆਨੰਦੂ ॥ ਜਿਮ ਰਾਕੇਸੈਂ ਦੇਖ ਸਮੁੰਦੂ ॥566॥
ਤਤੁਛਿਨ ਸੇਵਕੁ ਲੀਨ ਹਕਾਰੀ ॥ ਦੀਨ ਨਿਦੇਸੰ ਕਰੋ ਤਿਆਰੀ ॥
ਬੈਲ ਰੁਬੇਸਰ ਸਕਟੇ ਜੋਰੀ ॥ ਤੁਖਾਰਾਦਿ ਲਦ ਲੀਨੇ ਕੋਰੀ ॥567॥
ਭਵਨ ਮਾਂਝ ਜੁ ਵਸਤੁ ਸੰਪੂਰਨ ॥ ਬੀਨ ਬੀਨ ਸਭ ਲੀਨੀ ਤੂਰਨ ॥
ਬਾਬਾ ਜੀਤ ਸਿੰਘ ਸੁਖ ਪਾਈ ॥ ਮਹਿਲਾ ਬੇਟੇ ਲੀਨ ਲਵਾਈ ॥568॥
ਸ੍ਰੀ ਦਰਬਾਰ ਸੁਭ ਭੇਟਾ ਦੀਨ ॥ ਟਾਹਲੀ ਸਾਹਿਬ ਬੰਦਨ ਕੀਨ ॥
ਗਰ ਮੈ ਤੀਛਨ ਖੜਗੰ ਧਾਰਾ ॥ ਕਟ ਮੋ ਬਾਂਧ ਤਬਕੁਸੰ ਭਾਰਾ ॥569॥

॥ ਦੋਹਰਾ ॥

ਸਾਇਕੁ ਧਨੁ ਜਗੁ ਹਾਥ[2] ਮੈ ਗੁਰ ਜੀ ਕੀਨੇ ਧਾਰ ॥
ਹਯ ਅਰੂੜ ਤਬ ਹੋਤ ਭੇ ਦੀਨ ਦਯਾਲ ਕ੍ਰਿਪਾਲ ॥570॥

॥ ਚੌਪਈ ॥

ਮਾਤਾ ਡੋਲੇ ਮਾਂਹਿ ਬਿਰਾਜੈ ॥ ਮਹਿਬੂਬ ਸਿੰਘ ਅਸ੍ਵ ਪਰ ਛਾਜੇ ॥
ਜੀਤ ਸਿੰਘ ਹੈ ਭੇ ਅਸਵਾਰਾ ॥ ਦਾਸੀ ਦਾਸ[3] ਚਲੇ ਅਪਾਰਾ ॥571॥
ਪ੍ਰੇਮਨ ਕੇ ਮਨ ਭਯੋ ਵਿਖਾਦੂ ॥ ਲਵਨ ਬਿਨਾ ਜਿਮ ਭੋਜਨ ਸਾਦੂ ॥
ਥੋਰੇ ਜਲ ਜਿਮ ਮੀਨ ਦੁਖਾਰੀ ॥ ਮਾਰਤੰਡ ਬਿਨੁ ਨੀਰਜ ਝਾਰੀ ॥572॥
ਬਿਨਾ ਮੇਘ ਜਿਮ ਖੇਤੀ ਸੂਕੈ ॥ ਕੰਤਿ ਬਿਯੋਗ ਨਾਰਿ ਜਿਮ ਕੂਕੇ ॥
ਬਿਨਾ ਸੁਧਾਕਰ ਕਮਦਿ ਦੁਖਾਰੀ ॥ ਇਮ ਗੁਰ ਬਿਨ ਸਿਖ ਗੇ ਹਿਯ ਹਾਰੀ ॥573॥
ਸਿਖੁ ਜੁ ਗੁਰ ਕੇ ਅਤਸੇ ਪਯਾਰੇ ॥ ਭਏ ਦੁਖਤ ਜਯੋ ਕੰਜ ਹਿਮ ਮਾਰੇ ॥
ਨਗਰ ਨਾਰਿ ਨਰੁ ਦਰਸੈ ਦੌਰੇ ॥ ਗੁਰ ਬਿਯੋਗੁ ਕਰਿ ਦੀਨੇ ਬੌਰੇ ॥574॥
ਪ੍ਰਾਕਜੁ ਹਮ ਨੇ ਸੁਕ੍ਰਿਤ ਕੀਨੇ । ਤਾਂਤੇ ਨੈਨਨ ਦਰਸਨ ਲੀਨੇ ॥
ਇਨ ਕੋ ਦਰਸਨ ਅਸੀ ਸਮਾਨਾ ॥ ਜੋ ਦਰਸੇ ਸੋ ਪਾਵੈ ਗਯਾਨਾ ॥575॥
ਸੁਰ ਤਰ ਵਤ ਇਨ ਕੇ ਸੁਭ ਚਰਨਾਂ ॥ ਜੋ ਲੇ ਲੇ ਪਰਨਾ ਤਿਨ ਤੇ ਤਰਨਾ ॥

---

1. ਮੂਲ ਪੋਥੀ ਲੇਖਨ 2. ੲ ਪੋਥੀ ਕਰ 3. ਮੂਲ ਪੋਥੀ ਦ੍ਰਸ 4. ਅ ਪੋਥੀ ਉਠ ਸਭ

ਹਰਿ ਹਰ ਬਿਧੁ ਵੰਤ ਮੰਜੁਲ ਬਾਨੀ ॥ ਜਿਨ ਮਾਨੀ ਤੇ ਭੇ ਵਿਗਯਾਨੀ ॥ 576 ॥
ਅਬ ਦ੍ਵਾਬੇ ਭਾਗ ਅਪਾਰੇ ॥ ਪੁਨ ਹਮਾਰੇ ਸੁਭ ਬਿਰੁਥਾਰੇ ॥
ਯੁਵਾ ਅਵਸ਼ਥਾ ਇਨ ਜਬ ਹੋਤੀ ॥ ਬਯਾਹੁ ਆਦਿ ਹਮ ਨੈਨੋ ਜੋਤੀ ॥ 577॥
ਅਸ ਅਨੰਦ ਮਧਿ ਬਾਤ ਬਿਗਾਰੀ ॥ ਸੁਭ ਅੰਦ੍ਰਿਸਟ ਅਬ ਗੇ ਸਭ ਹਾਰੀ ॥
ਐਸੇ ਕਹਿ ਕਹਿ ਲੋਗ ਲੁਗਾਈ ॥ ਨੈਨਨ ਜਲ ਤਬ ਚਲਯੋ ਸੁ ਜਾਈ ॥578॥

॥ ਦੋਹਰਾ ॥

ਗੋਰੀ ਮੂਰਤਿ ਮਾਧੁਰੀ ਲੇਵੋਂ ਮਨ ਮੋਂ ਧਾਰੁ ॥
ਇਨ ਰਾਖਨ ਕੋ ਜ਼ੋਰ ਨਹਿ ਇਹੁ ਕੀਜੈ ਸੁਭ ਕਾਰ ॥579॥

॥ ਚੌਪਈ ॥

ਕਰ ਪਰਣਾਮ ਸਰਬ ਮੁੜ ਆਏ ॥ ਸ੍ਰੀ ਗੁਰ ਸਾਹਿਬ ਅਗਰੁ ਸਿਧਾਏ ॥
ਮਗ ਲੋਗਨ ਕੋ ਦੇਤ ਅਨੰਦੂ ॥ ਰਹੇ ਰਾਤਿ ਜਹ ਸੁਖ ਮਾਕੰਦੂ ॥580॥
ਭੋਜਨਾਦਿ ਸੁਭ ਸੇਵ ਕਰੰਦੇ ॥ ਮਨ ਬਾਂਛਤ ਵਰੁ[1] ਬੇਗ[2] ਲਹੰਦੇ ॥
ਸਭ ਲੋਗਨ ਕੌ ਦੈ ਉਪਦੇਸੂ ॥ ਕੀਏ ਮੁਕਤਿ ਸਭ ਬਿਨਾ ਕਲੇਸੂ ॥581॥
ਤੀਰ ਵਿਪਾਸਾ ਪਹੁਚੇ ਜਾਈ ॥ ਕਰ ਸਨਾਨ ਤਬ ਭੋਜਨੁ ਖਾਈ ॥
ਕੇਵਟ ਲੋਕਾਂ ਤੁਰਤ ਲਯਾਯੋ ॥ ਸਾਪਰਵਾਰ ਚਢੇ ਸੁਖ ਪਾਯੋ ॥582॥
ਝੀਵਰ ਬੇਰੀ ਜਬੈ ਚਲਾਈ ॥ ਤਤੁ ਖਿਨੁ ਪਾਰ ਭਏ ਸੁਖਦਾਈ ॥
ਕਰਨਧਾਰ ਕੋ ਦਈ ਮਜੂਰੀ ॥ ਭੇ ਸਵਾਰ ਤਬ ਸਭ ਗੁਣ ਪੂਰੀ ॥583॥
ਚਾਲ ਬਾੜੀਆਂ ਜਾਇ ਪਹੂਚੇ ॥ ਜਿਹ[3] ਦੇਖੇ ਅਘਿ ਹੋਵਹਿ ਸੂਚੇ ॥
ਧਰਮ ਸਿੰਘ ਸਾਹਿਬ ਕੋ ਤਾਯਾ ॥ ਸੁਨ ਕਰ ਬਾਹਰ ਲੈਨੇ ਆਯਾ ॥584॥
ਧਰਮ ਸਿੰਘ ਅਰੁ ਜੀਤ ਮ੍ਰਿਗੇਸੰ ॥ ਮਿਲੇ ਭ੍ਰਾਤ ਸੁਖ ਪਾਏ ਅਸੇਸੰ ॥
ਜੁਗ ਭੈਯਾ ਤਬ ਚਰਨ ਗਹਾਨੇ ॥ ਦੇਖ ਧਰਮ ਸਿੰਘ ਹਿਯ ਹੁਲਸਾਨੇ ॥585॥
ਸ੍ਰੀ ਸਾਹਿਬ ਕੋ ਗਰੇ ਲਗਾਯੋ ॥ ਅੰਭਕ ਅੰਬਜ ਮੋ ਅੰਭ ਛਾਯੋ ॥
ਕਹਤੁ ਭਏ ਤਬ ਐਸੀ ਬਾਨੀ ॥ ਸਾਹਿਬ ਸਿੰਘ ਸੁਨੋ ਸੁਰ ਗਯਾਨੀ ॥586॥
ਹਮਰੇ ਗ੍ਰਿਹ[4] ਤੁਮ ਲੱਯੋ ਵਤਾਰੂ ॥ ਕਲਗੀਧਰਿ ਆਏ ਸੁਖ ਸਾਰੂ ॥
ਕਲਧਾਰੀ ਪ੍ਰਤਿ ਜੋ ਤੁਮ ਆਖਾ ॥ ਲੇ ਵਤਾਰ ਸੋ ਪੂਰੀ ਕਾਖਾ ॥587॥

॥ ਦੋਹਰਾ ॥

ਧਰਮ ਜਿੰਘ ਸੁਭੰ ਵਾਕ ਕਹਿ ਕਲਾ ਲਵਾਇ ਨਿਕੇਤ ॥
ਕਮੱਲ ਨੈਨ ਗਤਿ ਹੰਸੋ ਜਿਮੇ ਬੇਦੀ ਕੁਲ ਕੇ ਕੇਤ ॥588॥

॥ ਚੌਪਈ ॥

ਜਾਂਤ ਰੂਪ ਦਿਬ ਭੂਖਨ[5] ਪਹਿਰੇ ॥ ਸਸਤੰ ਧਰੇ ਜਿਹ ਅੰਗਨ ਤਿਹਰੇ ॥
ਪਰਪਾਂ ਮਾਂਝ ਗਏ ਸੁਖ ਸਾਈ ॥ ਠਵਨ ਚਲੈਂ ਮ੍ਰਿਗਰਾਜ ਲਜਾਈ ॥589॥

---

1. ਅ ਪੋਥੀ ਕੌ 2. ਅ ਪੋਥੀ ਬਟਤ 3. ਅ ਪੋਥੀ ਜਿਨ 4. ਏ ਪੋਥੀ ਘਰੁ 5. ਏ ਪੋਥੀ ਆਭੂਖਨ

ਚਲੇ ਜਾਂਹਿ ਲੋਕਨ ਸੁਖ ਦਾਤਾ ॥ ਪੀਤ ਬਸਨ ਪਹਿਰੇ ਦੋ ਭ੍ਰਾਤਾ ॥
ਬਾਲ ਬ੍ਰਿੰਦ ਦੇਖਨ ਤਬ ਆਏ ॥ ਜਿਨ ਕੇ ਜਾਗੇ ਭਾਗ ਸੁਹਾਏ ॥590॥
ਪਾਦ ਪਦਮ ਪਰ ਭਏ ਮਲਿੰਦਾ ॥ ਜਿਨ ਕੇ ਜਾਗੇ ਭਾਗ ਸੁ[1] ਬ੍ਰਿੰਦਾ ॥
ਨਰ ਨਾਰੀ ਦਿਖ ਭਏ ਅਸੋਕਾ ॥ ਜਿਮ ਰਵਿ[2] ਦੇਖੇ ਕੋਕੀ ਕੋਕਾ ॥591॥
ਬਦਨ ਮਯੰਕ ਜਿਨੇ ਲੋਚਨ ਚਾਰ ॥ ਦੇਖਿ ਮਦਨ ਮਨ ਮਾਨੀ ਹਾਰ ॥
ਚਾਪ ਬਾਨ ਸੋਭਤ ਜੁਗ ਹਾਥਾ ॥ ਕੇਹਰ ਕੰਧਰੁ ਕਟ ਮੋ ਭਾਖਾ ॥ 592॥
ਉਰ ਮੋ ਕੰਠਾ ਗਜ ਮਨੁ ਲੋਹੇ ॥ ਜੋ ਪੇਖੈ ਤਿਹ ਕੋ ਮਨ ਮੋਹੇ ॥
ਦੋਰੇ ਲੋਕ[3] ਸਭ ਕਾਮ ਤਯਾਗੇ ॥ ਜਨਮ ਰੰਕ ਨਿਧ ਲੂਟਨ ਲਾਗੇ ॥593॥
ਨਿਰਖ ਸਹਿਜ ਸੁੰਦਰੁ ਦੋ ਭਾਈ ॥ ਭਏ ਸੁਖੀ ਲੋਚਨਿ ਫਲ ਪਾਈ ॥
ਬਾਰ ਬਾਰ[4] ਚਰਨਾਂਬੁਜ ਲਾਗੈ ॥ ਭਏ ਸਿਲੀ ਮੁਖੁ ਆਨੰਦੁ ਪਾਗੈ ॥594॥

## (ਭਾਈ ਧਰਮ ਸਿੰਘ ਦੇ ਘਰ ਟਿਕਣਾ)

॥ ਦੋਹਰਾ ॥

ਮਗ ਲੋਗੁਨ ਸੁਖ ਦੇਤ ਭੇ ਬੇਦੀ ਕੁਲ ਕੇ ਚੰਦ ॥
ਧਰਮ ਸਿੰਘ ਗ੍ਰਹ ਜਾ ਥਿਰੇ ਜਿਹ ਪਰਤਾਪ ਬਿਲੰਦ ॥595॥

॥ ਚੌਪਈ ॥

ਸਦਨ ਮਾਂਹਿ ਤਬ ਸਿਵਰ ਲਗਾਵਾ ॥ ਜੀਤ ਮ੍ਰਿਗੇਸ ਖੇਹਾ ਸਚੁ ਪਾਵਾ ॥
ਸਾਂਤ ਸਰੂਪਾ ਬਹੁ ਸੁਖ ਪਾਈ ॥ ਮਿਲੀ ਜਿਠਾਨੀ ਮਨ ਹੁਲਸਾਈ ॥596॥
ਲੰਗਰ ਮਾਂਹਿ ਪ੍ਰਸਾਦਿ ਸੁ ਧਰਯੋ ॥ ਅਲਰਕ ਨੇ ਤਬ ਆਨ ਉਚਰਯੋ ॥
ਮਿਲ ਪਰਵਾਰੇ[5] ਭੋਜਨੁ ਪਾਵਾ ॥ ਪੀ ਪਾਣੀ ਸਭ ਭੇ ਤ੍ਰਿਪਤਾਵਾ ॥597॥
ਸੈਨ ਕੀਯੋ ਅਤ ਸੈ ਸੁਖ ਪਾਈ ॥ ਜਾਗੇ ਸਰਬ ਤ੍ਰਿਜਾਮ ਬਿਹਾਈ ॥
ਰਦ ਧਾਵਨ ਕਰ ਕਰਯੋ ਸਨਾਨਾ । ਬਹੁਰ ਬਸਤ੍ਰ ਪਹਿਰੇ ਬਿਧ ਨਾਨਾ ॥598॥
ਬੇਦੀ ਬਾਰ ਔਰ ਜੁ ਛੋਟਾ ॥ ਮਿਲ ਕਰ ਖੇਲੈ ਜੋਟੋ ਜੋਟਾ ॥
ਚਢ ਕਿਕਾਂਨ ਵਰ ਵਹਿਰ ਸਿਧਾਵੈਂ ॥ ਕਰ ਅਖੇਰੁ ਬਹੁਰੋ ਗ੍ਰਹ ਆਵੈਂ ॥599॥
ਐਸੇ ਹੀ ਕੁਛ ਕਾਲ ਬਤੀਤਾ ॥ ਕਰਹੈਂ ਮੌਜ ਰਹੇਂ ਨਿਰਭੀਤਾ ॥
ਜੀਤ ਸਿੰਘ ਕੇ ਯਹ ਮਨ ਆਈ ॥ ਚਲੈ ਤੀਰਥਨ ਬਿਲਮ ਬਿਹਾਈ ॥600॥
ਇਹ ਬਿਚਾਰ ਮਹਲਿ ਮੋ ਆਏ ॥ ਮਹਿਲ ਸਾਥ ਵਾਕ ਅਲਾਏ ॥
ਹਮ ਚਾਹੈਂ ਅਬ ਤੀਰਥ ਜਾਂਨਾ ॥ ਰਹੋ ਇਹ ਤੁਮ ਕਰ ਗੁਜਰਾਨਾ ॥601॥
ਮਹਿਲਾ ਸੁਨ ਇਮ ਭਈ ਦੁਖਾਰੀ ॥ ਰੁਦਨ ਕੀਯੋ ਤਬ ਹੀ ਬਹੁ ਭਾਰੀ ॥
ਹਾਥ ਜੋਰ ਤਬ ਐਸ ਬਖਾਨਾ । ਕਿਤ ਆਸਰ ਹੋਵੈ ਗੁਜਰਾਨਾ ॥602॥

1. ਅ ਪੋਥੀ ਸੁਰ ਪੁਨ 2. ੲ ਪੋਥੀ ਭਾਨੁ 3. ਅ ਪੋਥੀ ਲੋਗ 4. ਅ ਪੋਥੀ ਦ੍ਵਾਰ ਦ੍ਵਾਰ
5. ਅ ਪੋਥੀ ਪਰਵਾਰੰ

॥ ਦੋਹਰਾ ॥

ਜੀਤ ਸਿੰਘ ਗੁਰੁ ਕਹਿਤ ਭੇ ਸੁਨੀਏ ਪਰਮ ਪ੍ਰਵੀਨ ॥
ਤੁਮਰੇ ਗ੍ਰਹ ਅਵਤਾਰੁ ਵੈਰੁ ਤੁਮ ਕਤ ਹੋਵਤ ਦੀਨ ॥603॥

॥ ਚੌਪਈ ॥

ਅਬ ਹੀ ਚਿੰਤਾ ਦੂਰਿ ਕਰੀਜੈ ॥ ਸਤਨਾਮ ਸਿਮਰੋ ਸੁਖ[1] ਲੀਜੈ ॥
ਥੋਰ ਦਿਨਨ ਮੋ ਬਧੈ ਪ੍ਰਤਾਪੂ ॥ ਇਨ ਸੇਵਨ ਤੇ ਖਾਪੈ ਪ੍ਰਾਪੂ ॥604॥
ਐਸ ਕਹਿ ਕੈਰੁ ਧੀਰਜ ਦੀਨਾ ॥ ਚਲਤੇ ਤ੍ਯਾਰ ਭਏ ਪਰਵੀਨਾ ॥
ਸਾਹਿਬਜਾਦਨ ਪਯਾਰ ਸੁ ਕਰ ਕਰ ॥ ਭੈ ਮਗਨ ਆਨੰਦ ਮੋ ਭਰੁ ਭਰ ॥605॥
ਭਯਾ ਦੋਨੋਂ ਚਰੰਨ ਗਹਾਨੇ ॥ ਬੰਦਨ ਕਰ ਮਨ ਮੋਂ ਹਰਖਾਨੇ ॥
ਜਿਸਟ[2] ਭ੍ਰਾਤਾ[2] ਮਿਲਨੇ ਤਾਈ ॥ ਗਏ ਸਦਨ ਤਿਨ ਕੇ ਸੁਖਦਾਈ ॥606॥
ਧਰਮ ਸਿੰਘ ਬਹੁ ਆਦਰੁ ਦੀਨੋ ॥ ਕਰ ਗਹਿ ਪ੍ਰਾਸ ਬੈਠਾਵਨ[3] ਕੀਨੋ ॥
ਕਹਤ ਭਏ ਕਿਧੋ ਭਏ ਉਦਾਸਾ ॥ ਵਹਿਰ ਗਮਨ ਕੀ ਤਯਾਗੋ ਆਸਾ ॥607॥

॥ ਦੋਹਰਾ ॥

ਧਰਮ ਸਿੰਘ ਕੇ ਬਚਨੁ ਸੁਨ ਜੀਤ ਸਿੰਘ ਗੁਨਵਾਨ ॥
ਕਹਿਤ ਭਏ ਭਾਈ ਸੁਨੋ ਤੁਮਰੀ ਬੁਧੰ ਮਹਾਨ ॥608॥

॥ ਚੌਪਈ ॥

ਹਮਰੀ ਬ੍ਰਿਧ ਅਵਸਤਾ ਹੋਈ ॥ ਤੀਰਥ ਗਵਨ ਕਹੈਂ ਸਭ ਕੋਈ ॥
ਅਬ ਰਾਵਰ ਕੀ ਆਯਸ ਜੋਈ ॥ ਸਰਬ ਸੁਖਨ ਕੀ ਕੋਰਤਾ ਸੋਈ ॥609॥
ਧਰਮ ਸਿੰਘ ਜੀ ਸੁਨ ਹਰਖਾਏ ॥ ਭ੍ਰਾਤਾ ਲੀਨੋ ਕੰਠ ਲਗਾਏ ॥
ਗੁਰ[4] ਨਾਨਕ ਕੀ ਤੁਮ ਪ੍ਰਰ ਮਯਾ ॥ ਜਿਨ ਕੇ ਸਦਨ ਸਪੂਤ ਅਸ ਭਯਾ ॥610॥
ਜਾਵੋ ਤੀਰਥ ਕਰੋ ਪਿਆਰੇ ॥ ਗੁਰ ਨਾਨਕ ਤੁਮ ਕਾਜ ਸਵਾਰੇ ॥
ਤੁਮ ਸਪੂਤ ਕੇ ਪਗ ਜਿਨ ਪਕਰੈ ॥ ਤਿਨ ਪਰਸੈ ਅਘ ਨਿਵਰੈ ਸਗਰੈ ॥611॥
ਇਨ ਕੀ ਚਿੰਤਾਂ ਕੁਚ ਨ ਕਰੀਯੋ ॥ ਬ੍ਰਿਹੁ ਜਗਪਾਲਕ ਸਦਾ ਬਿਚਰੀਯੋ ॥
ਬੇਦੀ ਪੰਕਜ[5] ਤ੍ਰਿਹਹਿ ਦਿਸੇਨੁ ॥ ਕੋਕ ਸ਼ਿਖਨ ਕੋ ਹਰਖੁ ਬਿਸ਼ੇਸੂ ॥612॥
ਕਲਪਤਰੂ ਵ੍ਰਛ ਇਨ ਕੇ ਕਰਨਾ ॥ ਜੋ ਸੇਵੈ ਤਿਸੁ ਨਰਕ ਨ ਪਰਨਾ ॥
ਇਨ ਦਰਸਨ ਚਿੰਤਾ ਮਨ ਚਾਰੂ ॥ ਮਨ ਬਾਂਛਤ ਵਰੁ ਦੇਵਨ ਹਾਰੂ ॥613॥

॥ ਦੋਹਰਾ ॥

ਦਿਨ ਦਿਨ ਬਿਨੈ ਪਤਾਪੁ ਬਹੁ ਜਸੁ ਗ੍ਰੀਖਮ ਕੋ ਭਾਨ ॥
ਊਨੇ ਕੋਤ ਭੁਲਾਵਹੀ ਧੀਰਜ ਧਾਮ ਸੁਜਾਨ ॥614॥

---

1. ੲ ਪੋਥੀ ਅਨੰਦ 2. ਅ ਪੋਥੀ ਭ੍ਰਾਤੰ 2. ਅ ਪੋਥੀ ਜੇਸਟ 3. ਅ ਪੋਥੀ ਟਿਕਾਇਤ
4. ੲ ਪੋਥੀ ਸਤਿਗੁਰ 5. ੲ ਪੋਥੀ ਕਮਲ

॥ ਚੌਪਈ ॥

ਖਾਨੀ[1] ਨਿਧ ਵਤ ਸਭ ਗੁਣ ਪੂਰੇ ॥ ਵਾਕ ਕਹੈ ਵਚੁ ਹੋਇ ਨ ਊਰੇ ॥
ਪਰ ਤਨ ਪਰ ਧਨੁ ਤੇ ਰਹੈ ਨਿਰਾਰੇ ॥ ਸੋਰਨਿ ਪਾਲ ਸਭ ਕੇ ਹਿਤਕਾਰੇ ॥615॥
ਜੀਤ ਸਿੰਘ ਸੁਨ ਭਯੋ ਅਨੰਦੂ ॥ ਗਰੇ ਲਗਾਏ ਸੁਖ ਮਾਕੰਦੂ ॥
ਤਬ ਚਲਬੇ ਕੀ ਕੀਨ ਤਯਾਰੀ ॥ ਸਹਿਬਜਾਦੇ ਸੰਮ ਸੁਚਾਰੀ ॥616॥
ਜੇਸਟ ਭ੍ਰਾਤਾ ਕੇ ਜੁਗ ਚਰਨਾ ॥ ਕਰ ਪ੍ਰਣਾਮ ਚਿਤ ਲੀਨੋ ਪਰਨਾ ॥
ਸ੍ਰੀ ਨਾਨਕ ਕੇ ਚਰਨ ਮਨਾਂਏ ॥ ਚਲਤ ਭਏ ਤਬ ਹੀ ਹੁਸਲਾਏ ॥617॥
ਪਾਛਲ ਚਰਿਤ ਸੁਨੋ ਮਨੁ ਲਾਈ ॥ ਜੋ ਜੋ ਕੀਨੋ ਗੁਰ ਸੁਖਦਾਈ ॥
ਜੀਤ ਸਿੰਘ ਕਾ ਸੇਵਕੁ ਜਾਨੋ ॥ ਗੁਰਦਿਆਲ ਤਿਹ ਨਾਮ ਪਛਾਨੋ ॥618॥

॥ ਦੋਹਰਾ ॥

ਸੁਚ ਸੇਵਕ ਸੁਭ ਜਾਨਕੇ ਜੀਤ ਸਿੰਘ ਪਰਵੀਨ ॥
ਚਲਤੀ ਵਾਰੀ ਸੰਮ ਗੇ ਕਰ ਸੇਵਾ ਰਹੁ ਦੀਨ ॥619॥

॥ ਚੌਪਈ ॥

ਗੁਰ ਕੀ ਸੇਵਾ ਕਰੇ ਬਨਾਈ ॥ ਮਨ ਮੇ ਜਿਸ ਕੇ ਅਤਸੇ ਭਾਈ ॥
ਚਰਨਨ ਚਾਂਪੈ ਕੰਧ ਉਚਾਵੇ ॥ ਪਨਹੀ ਝਾਰੈ ਜਲ[2] ਭਰ ਲਾਵੈ ॥620॥
ਸੁਨੀ ਫੇਰਿਨ ਦੀਪ ਜਗਾਵਨ ॥ ਬਾਸਨ ਮਾਂਜਨ ਪਲੰਘ ਬਿਛਾਵਨ ॥
ਜਯੋ ਜਯੋ ਗੁਰ ਕੀ ਸੇਵ ਕਰੰਤਾ ॥ ਤਯੋ ਤਯੋ ਹਿਰਦਾ ਸੂਛੁ ਹੁਵੰਤਾ ॥621॥
ਗੁਰਦਿਯਾਲੁ ਕੀ ਕਥਾ ਸੁਹਾਈ ॥ ਕਹੋ ਅਗਰ ਸੁਨੀਏ ਚਿਤੁ ਲਾਈ ॥
ਅਬ ਗੁਰ ਪਠਨ ਕੇਰ ਪਰਸੰਗ੍ਰ ॥ ਜਾਹਿ ਸੁਨੇ ਮਨ ਹੋਤ ਉਮੰਗ ॥622॥
ਇਕ ਭਾਈ ਵਿਦਵਾਨ ਰਹਾਵੈ ॥ ਬੇਦੀ ਬਾਲਕ ਬਹੁਤ ਪਢਾਵੈ ॥
ਮਾਤਾ ਸਾਹਿਬ ਕੀਨ ਬੀਚਾਰਾ ॥ ਸੁਤ ਮਮ ਸਾਹਿਬ ਸਿੰਘ ਅਵਤਾਰਾ ॥623॥

**(ਬਾਬਾ ਸਾਹਿਬ ਸਿੰਘ ਨੂੰ ਵਿਦਿਆ ਦੇਣ ਦਾ ਪ੍ਰਬੰਧ ਕਰਨਾ)**

॥ ਦੋਹਰਾ ॥

ਅਸ ਬ੍ਰਿਚਾਰ ਮਨ ਮੋ ਕੀਯੋ ਤਾਸ ਬੁਲਾਵਨ ਕੀਨ ॥
ਆਇਓ ਭਾਈ ਹੇਤ ਧਰ ਰਹੈ ਬਿਦਿਆ ਪਰਵੀਨ ॥624॥
ਧਰਮ ਸਿੰਘ[3] ਅਸ ਕਰਤ ਭਾ ਸੁਨ ਭਾਈ ਬੁਧਿਮਾਨ ॥
ਇਨੇ ਪਠਾਵੋ[4] ਹੇਤ ਕਰੁ ਇਹ ਦੋਨੋ ਗੁਨਵਾਨ ॥625॥

॥ ਚੌਪਈ ॥

ਭਾਈ ਕਹਿ ਦੋਨੋ ਵਰੁ ਜੋਰੀ ॥ ਇਹੁ ਮਾਨੀਖਾਵਾਨ ਬਹੋਰੀ ॥
ਥੋਰ ਦਿਨਨ ਨੋ ਪਢ ਸੋ ਜਾਵੇ ॥ ਹੋਇ ਬੁਧੀਸਰ ਯਸ ਪ੍ਰਗਟਾਵੈ ॥626॥
ਮਾਤਾ ਬਹੁਰ ਪਰਸਾਦ ਮੰਗਾਈ ॥ ਯਾਰਾ ਦਮੜੇ ਧਰੁ ਬਿਗਸਾਈ ॥
ਕਰਿ ਅਰਦਾਸ ਪ੍ਰਸਾਦ ਬਰਤਾਵਾ ॥ਲੈ ਕਰ ਸਭ ਨੇ ਮੁਖ ਮੈ ਪਾਵਾ ॥627॥

---

1. ਅ ਪੋਥੀ ਅੰਭਜੁ 2. ੲ ਪੋਥੀ ਪਾਨੀ 3. ਅ ਪੋਥੀ ਮਾਤਾ ਜੀ 4. ਅ ਪੋਥੀ ਪਢ ਵੋ

ਪੈਤੀ ਪਾਇ ਹਥ ਪਰ ਦੀਨੀ ॥ ਗੁਰ ਲਿਖ ਲੀਨੀ ਦੇਰੁ ਨ ਕੀਨੀ ॥
ਭਾਈ ਮਨ ਮੋ ਬਿਸਮੈ ਹੋਵਾ ॥ ਇਹ ਅਚਰਜ ਮੈ ਕਭੀ ਨ ਜੋਵਾ ॥628॥
ਬਡੀ ਸੁ ਪੈਤੀ ਭਾਈ ਪਾਈ ॥ ਸਾਹਿਬੁ ਲਿਖ ਕਰੁ ਤੁਰਤੁ[1] ਦਿਖਾਈ ॥
ਭਾਈ ਨਾਵੇ ਪਾਇ ਸੁ ਦੀਨੇ ॥ ਗੁਰ ਪਢ ਲੀਨੇ ਦੇਰੁ ਬਿਹੀਨੇ ॥629॥
ਜਿਨ ਜਿਨ ਦੇਖੀ ਇਹੁ ਚਤਰਾਈ ॥ ਗੁਰ ਕੀ ਮਹਿਮਾ ਕਹੈਂ ਬਨਾਈ ।
ਗ੍ਰਿਹਿ ਗ੍ਰਿਹਿ ਖਾਲਨ ਜਾਇ ਸੁਨਾਵਾ ॥ ਸੁਨ ਸੁਨ ਅਚਰਜੁ ਸਭ ਕੋ ਆਵਾ ॥630॥

(ਬੇਦੀਆਂ ਦਾ ਭਾਈ ਜੀ ਤੇ ਖਾਫ਼ ਹੋਣਾ)

॥ ਦੋਹਰਾ ॥

ਬੇਦੀ ਮਨ ਮੋ ਕ੍ਰੋਧ ਕਰਿ ਆਏ ਭਾਈ ਪਾਸ ॥
ਭ੍ਰਿਕੁਟੀ ਟੇਢੀ ਕਰ ਕਹਤ ਸੁਨ ਭਾਈ ਮੰਦ ਰਾਸ ॥631॥

॥ ਚੌਪਈ ॥

ਅਸਨ ਬਸਨ ਤੂ ਹਮ ਤੇ ਲੇਵੈ ॥ ਅਵਰ ਪਢਾਵਨ ਮੋ ਚਿਤੁ ਦੇਵੈ ॥
ਬਰਸ ਛਿਮਾਹੀ ਜਿਸਹਿ ਪਢਾਯੋ ॥ ਭਯੋ ਨ ਕੋਟਿ ਸੁਚੇਤ ਸੁਹਾਯੋ ॥632॥
ਸਾਹਿਬ ਸਿੰਘ ਇਕੁ ਦਿਨ ਮੋ ਪਢੇ ॥ ਹਮਰੇ ਬਾਰਿਕ ਰਹੇ ਅਪਢੇ ॥
ਜੋ ਤੂੰ ਤਿਨ ਕੋ ਬਹੁਰਿ ਪਢਾਵੈ ॥ ਤੋ ਤੂੰ ਹਮਤੇ ਤਾੜਨ ਪਾਵੈ ॥633॥
ਐਸੇ ਸੁਨ ਭਾਈ ਤਬ ਜਾਈ ॥ ਤਿਨ ਕੀ ਕਹਿਵਤ ਗੁਰੈ ਸੁਨਾਈ ॥
ਸਾਹਿਬ ਕਹੈ ਸੁਨਹੁ[2] ਤੁਮ ਭਾਈ ॥ ਮੁਹਿ ਪਢਨੇ ਕੀ ਚਾਹ ਨ ਕਾਈ ॥634॥
ਵਾਹਿਗੁਰੂ ਹਮ ਸਦਾ ਉਚਾਰੈ ॥ ਔਰੁ ਪਢਨ ਤੇ ਕਹਾਂ ਨਿਕਾਰੈ ॥
ਸੁਨਿ ਬਚ ਭਾਈ ਚਰਨ ਗਹਾਨੇ ॥ ਕਰੋ ਉਧਾਰਨ ਸੁਖਮਾਂ ਖਾਨੇ ॥635॥

॥ ਦੋਹਰਾ ॥

ਗੌਰੀ[3] ਮੂਰਤਿ ਸੁਨਿ ਬਿਨੈ ਕਹਯੋ ਬੈਨ ਬੇਦੀਸ ॥
ਮਾਨਖ ਦੇਹ ਦੁਲੰਭ ਹੈ ਸਰਨਿ ਗਹੋ ਜਗਦੀਸ ॥636॥
ਮਨੁਖ ਦੇਹੀ ਸਫਲੁ ਕਰੁ ਜਾਂ ਕੋ ਬਾਂਛੇ ਦੇਵ ॥
ਬਾਰ ਬਾਰ ਨਹਿ ਪਾਈਏ ਕੀਜੇ ਸਤਿਗੁਰ[4] ਸੇਵ ॥637॥
ਪਾਈ ਮਾਨੁਖ ਦੇਹੁ ਸਭ ਤਾਮੈ ਦ੍ਵੈ ਪ੍ਰਕਾਰ ॥
ਨਾਮ ਜਪੈ ਸੋ ਉਬਰੇ ਨਤੁ ਡੂਬੈ ਸੰਸਾਰੁ ॥638॥
ਜੈਸੇ ਨਦੀ ਪ੍ਰਵਾਹ ਮੈ ਕਾਸਟ ਤ੍ਰਿਣ ਸੰਜੋਗ ॥
ਖਿਣਕ ਮਾਂਹਿ ਭਿਨ ਹੋਤ ਹੈ ਤਯੋ ਕੁਟੰਬ ਸਭ ਲੋਗ ॥639॥
ਲੋਗੁ ਜੁ ਬੈਠੇ ਨਾਉ ਪਰ ਕਹੂੰ ਕਹੂੰ ਤੇ ਆਇ ॥
ਪਾਰ ਭਏ ਥਿਰ ਨਹਿ ਰਹੇ ਤਿਮ ਕੁਟੰਬੁ ਸਭ ਜਾਇ ॥640॥

---

1. ੲ ਪੋਥੀ ਸੀਘਰ 2. ਅ ਪੋਥੀ ਸੁਨੋ 3. ਅ ਪੋਥੀ ਗੌਰ ਸੁ 4. ੲ ਪੋਥੀ ਗੁਰ

ਮਮਤਾ ਕਰ ਤੂੰ ਬਾਂਧਿਓ ਸੁਤ ਜਾਯਾ ਘਰੁ[1] ਮਾਂਹਿ ॥
ਚੌਪਰ ਜੈਸੇ ਖੇਲ ਹੈ ਵਾ ਤਰਵਰ ਕੀ ਛਾਂਇ ॥641॥
ਠਗੁ ਬਾਜੀ ਸੰਸਾਰੁ ਯਹਿ ਕੇਤੇ ਗਏ ਠਗਾਇ ॥
ਪਹਿਲੇ ਬਹੁਤ ਠਗਾਇਓ ਅਬ ਸਮਝੋ ਮਨ ਮਾਂਹਿ[2] ॥642॥

॥ ਸੋਰਠਾ ॥

ਹੀਰਾ ਹਰਿ ਕੋ ਨਾਮ ਪਾਯੋ ਸ੍ਰੀ ਗੁਰ ਸਰਨਿ ਮੈਂ ॥
ਸ੍ਰੀ ਨਾਨਕ ਕਿਯੋ ਬਖਾਨ ਸੋਈ ਸਬਦ ਤੁਮ ਸੋ ਕਹੌਂ ॥643॥

॥ ਸਿਰੀ ਰਾਗੁ ਮਹਲਾ ੧ ॥

ਸੁਣਿ ਮਨਿ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ ॥
ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ ॥
ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ ॥੧॥
ਮੇਰੇ ਮਨ ਲੈ ਲਾਹਾ ਘਰਿ ਜਾਹਿ ॥
ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ ॥ ਰਹਾਉ ॥
ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ ॥
ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ ॥
ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ ॥ ੨ ॥
ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥
ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ ॥
ਹਰਿ ਜਪਿ ਜੀਅੜੇ ਛੁਟੀਐ ਗੁਰਮੁਖਿ ਚੀਨੈ ਆਪੁ ॥ ੩ ॥
ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥
ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ ॥
ਸਤਿਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥ ੪ ॥

॥ ਦੋਹਰਾ ॥

ਸਤਿਗੁਰ[3] ਸਾਹਿਬ ਕਹਤ ਭੇ ਸੁਨ ਭਾਈ ਰਿਦ ਧਾਰਿ ॥
ਸਬਦੁ ਕਮਾਵਨ ਕੀਜੀਏ ਸੁਖਦਾਈ ਜੁਗ ਚਾਰਿ ॥644॥

॥ ਚੌਪਈ ॥

ਕਹਿ ਭਾਈ ਮੈਂ ਤੁਮਰੀ ਸਰਨਾ ॥ ਨਾਮ ਤੁਮਾਰੇ ਕ੍ਰਾਮ ਮੁਹਿ ਪਰਨਾ ॥
ਤੁਮਰੀ ਉਸਤਿਤ ਅਪਰ ਅਪਾਰੀ ॥ ਸਾਰਦ ਸੇਸ ਨ ਪਾਵੈ ਪਾਰੀ ॥645॥
ਮੋ ਪਰ ਐਸੀ ਕਿਰਪਾ ਕੀਨੀ ॥ ਸਰਬ ਅਵਿਦਿਆ ਕੀਨਸ ਛੀਨੀ ॥
ਜੈ ਜੈ ਜਯ ਗੁਰ[4] ਅੰਤਰਜਾਮੀ ॥ ਸਰਬ ਵਿਆਪੀ ਜਗਤ ਸੁਆਮੀ ॥646॥

---

1. ਅ ਪੋਥੀ ਧਨ 2. ਅ ਪੋਥੀ ਲਾਇ 3. ਏ ਪੋਥੀ ਸ੍ਰੀ ਗੁਰੂ 4. ਏ ਪੋਥੀ ਸਤਿਗੁਰ

ਮੈ ਅਨਾਥ ਪਰ ਕੀਨੀ ਦਾਯਾ ॥ ਕੀਟੀ ਤੇ ਗਾਜਿੰਦ੍ਰ ਬਨਾਯਾ ॥
ਕਰੀਰ ਕਟਕ ਕੇ ਕੀਨ ਪਟੀਰ ॥ ਕਰੀ ਮਯਾ ਸੁਭ ਗੁਣ ਮੇ ਧੀਰ ॥651॥
ਜੋਗੀ ਜੈਸ ਪਰਮ ਤਤ ਪਾਵੈ ॥ ਸੰਤਤ ਰੋਗੀ ਅੰਮ੍ਰਿਤ ਖਾਵੈ ॥
ਜਨਮ ਰੰਕ ਜਿਮ ਰਾਜਾ[1] ਹੋਈ ॥ ਬਿਨ ਲੋਚਨਿ ਜਿਮ ਦੇਖੇ ਕੋਈ ॥652॥
ਮੂਕ ਆਸ ਜਨ ਭਾਰਥਿ ਛਾਈ ॥ ਮਨਹੁ ਕਾਯਰ ਰਣ ਜੈ ਪਾਈ ॥
ਬਾਂਮ ਬਾਂਝ ਜਿਮ ਸੁਤ ਉਪਜਾਵੈ ॥ ਜੈਸੇ ਪਿੰਗੁ ਗਹਿਨ ਗਿਰ ਧਾਵੈ ॥653॥

॥ ਦੋਹਰਾ ॥

ਇਹ ਸੁਖ ਤੇ ਸਤ ਕੋਇ ਗੁਨ ਭਾਈ ਪਾਇ ਅਨੰਦ ॥
ਪਰਮੇਾਨੰਦ ਮੇ ਮਗਨ ਭਾ ਗਯਾ ਸੁ ਬੇਦੀ ਚੰਦ ॥654॥

॥ ਚੌਪਈ ॥

ਕਮਲ ਨੈਨ ਕੇ ਚਰਨ ਗਹਾਨੇ ॥ ਸੁਭ ਉਸਤਤਿ ਕੇ ਬਾਕ ਬਖਾਨੇ ॥
ਰੂਪ ਨ ਰੇਖ ਨ ਰੰਗ ਤੁਹਾਰੋ ॥ ਰੋਗ ਨ ਸੋਗ ਨ ਮੋਹ ਅਪਾਰੋ ॥655॥
ਜਾਤਿ ਨ ਪਾਤ ਨ ਮਾਤ ਨ ਤਾਤੰ ॥ ਜਾਯਾ ਸਾਖ ਨ ਸਾਕੰ ਭ੍ਰਾਤੰ ॥
ਮੋਹ ਨ ਲੋਭ ਨ ਕੋਹ ਨ ਸ੍ਵਾਦ ॥ ਨਿੰਦ ਨ ਉਸਤਤਿ ਬੈਰ ਨ ਬਾਦੰ ॥656॥
ਪੂਰਨ ਸ੍ਰੀ ਪਰਮੇਸੁਰ ਸੂਰੇ ॥ ਸਤ ਪਰਸੋਤਮ ਸਭ ਘਟ ਪੂਰੇ ॥
ਜੰਗਮ ਔ ਜੜ ਜਾਂਹਿ ਬਨਾਏ ॥ ਨਰ ਨਾਰਿਨ ਕੇ ਚਿਨ ਸਜਾਏ ॥657॥
ਜੋਤਿ ਸਰੂਪ ਅਨੂਪ ਤੁਮਾਰੋ ॥ ਭੂਪਨ ਭੂਪ ਨ ਆਵਤ ਵਾਰੋ ॥
ਆਦਿ ਅਨਾਦਿ ਅਗਾਧਿ ਅਪਾਰੇ ॥ ਅਬਯਾਹ ਗਤਿ ਸਾਧ ਬਿਚਾਰੇ ॥658॥
ਸ੍ਰੀ ਪਤਮਾਤਮ ਬ੍ਯਾਪਕ ਸਾਰੰ ॥ ਖਾਪ ਨ ਪਾਪ ਨ ਸੋਕ ਨਿਵਾਰੰ ॥
ਸ੍ਰੀ ਜਗ ਕਾਰਣਿ ਦੰਭ ਬਿਦਾਰੀ ॥ ਦਾਸ ਉਧਾਰਨ ਬਿਰਦ ਸਮਾਰੀ ॥659॥

॥ ਦੋਹਰਾ ॥

ਐਸੇ ਨੁਤ ਕੇ ਬਾਕ ਕਹਿ ਲੀਨ[2] ਮੋਨ ਸੁਠ[3] ਧਾਰ ॥
ਭਯੋ ਮਗਨ ਸਾਰੂਪ ਮੇ ਔਰ ਤਿਯਾਗੀ ਕਾਰ ॥660॥

(ਬਾਬਾ ਸਾਹਿਬ ਸਿੰਘ ਦਾ ਬਾਲਾਂ ਨਾਲ ਖਿਦੋ ਖੂੰਡੀ ਖੇਡਣਾ)

ਏਕ ਦਿਵਸ ਸ੍ਰੀ ਸਤਿਗਰੂ ਬਾਰਕ ਲੀਨੇ ਸਾਥ ॥
ਗੇਦੰ[4] ਖੂੰਡੀ ਕਰ ਗਹੀ ਕਰੈ ਚਲਾਕ੍ਰੀ ਹਾਥ ॥661॥

॥ ਚੌਪਈ ॥

ਸਿਸ ਮਿਲ ਖੇਲਨ ਸਭ[5] ਲਾਗੇ ॥ ਜਿਨ ਕੇ ਜਾਗੇ ਭਾਗ ਸਭਾਗੇ ॥
ਜਿਦੋ ਜਿਦੀ ਸਭ ਖੂੰਡੀ ਮਾਰੈ ॥ ਆਪੋ ਅਪਨੀ ਜੀਤ[6] ਚਿਤਾਰੈ ॥662॥
ਬਦੋ ਬਦੀ ਬਧ ਚਲਤ ਅਗੇਰੇ ॥ ਚੌਗਿਰਦੇ ਗੇਂਦ ਲੇਵਤ ਘੇਰੇ ॥

---

1. ਅ ਪੋਥੀ ਗਟ ਸੁ 2. ਅ ਪੋਥੀ ਲੀਨੀ 3. ਅ ਪੋਥੀ ਸੁ 4. ਅ ਪੋਥੀ ਗੇਦ ਸੁ
5. ਸ੍ਰੀ ਗੁਰ 6. ੲ ਪੋਥੀ ਬਿਜੈ

ਏਕ ਬਾਰ ਬਹੁ ਕਰੈਂ ਚਲਾਕੀ ॥ ਮਾਰੈਂ ਖੂੰਡੀ ਗੇਦੈਂ ਧਾਕੀ ॥151॥
ਰਿਸ ਕਰ ਖੂੰਡੀ ਗੁਰੈਂ ਚਲਾਈ ॥ ਗੁਲਫ਼ ਚਰਨ ਕੌ ਦੀਨ ਉਡਾਈ ॥
ਹਾਇ ਹਾਇ ਬਹੁ[1] ਬਾਰ ਪੁਕਾਰਾ ॥ ਧਰਨਿ ਪੜ੍ਹਾ ਪੀੜਤ ਤਨ ਸਾਰਾ ॥652॥

॥ ਦੋਹਰਾ ॥

ਔਰੁ ਬ੍ਰਾਰ ਜੋ ਖੇਲਤੇ ਦੌਰੇ ਚਿਤ ਭਯ ਮਾਨ ॥
ਤਿਸ ਬਾਰੇਕ ਕੀ ਤਰਫ ਤਬ ਦੇਖਾਂ ਗੁਰ ਭਗਵਾਨੁ ॥653॥
ਪੀੜਾ ਤਤ ਖਿਨ ਨਾਸ ਭੀ ਬਾਲਕ ਮਨ[2] ਹਰਖਾਇ ॥
ਤਤ ਖਿਨ ਗੁਰ ਚਰਨੀ ਲਗਾ ਬਾਰ ਬਾਰ ਬਲ ਜਾਇ ॥644॥

**(ਬਾਲਕ ਨੂੰ ਕਰਾਮਾਤੀ ਸ਼ਕਤੀ ਨਾਲ ਵਿਦਵਾਨ ਬਣਾਉਣਾ)**

॥ ਹਾਕਲ ਛੰਦ ॥

ਤਬ ਬਾਰਕ ਬੈਨ ਬਖਾਨਾ ॥ ਮੈਂ ਕੈਸ ਕਰੋਂ ਗੁਜਰਾਨਾ ॥
ਸੁਨ ਕਮਲ ਨੈਨ ਬਚ ਬੋਲੇ ॥ ਤੁਮ ਚਿਤ ਮੋ ਰਹੋ ਅਡੋਲੇ ॥655॥
ਗ੍ਰਿਹ ਬੈਠੇ [3]ਬਾਲ ਪਢਾਵੈਂ ॥ ਬਹੁ ਸੰਪਤ ਘਰੁ ਮੋ ਪਾਵੈਂ ॥
ਸੁਨ ਬਾਰਕ ਬਾਨੀ ਗਾਈ ॥ ਨਹਿ ਬਿਦਿਯਾ ਜਾਨੋ ਕਾਈ ॥656॥

॥ ਦੋਹਰਾ ॥

ਪਾਨ ਅੱਪਨੋ ਸਤਿਗੁਰੂ ਤਾਕੇ ਸਿਰ ਧਰ ਦੀਨ ॥
ਤਤ ਖਿਣ ਅਛਰੁ ਗੁਰਮੁਖੀ ਪਢ ਕਰ ਭਯੋ ਪ੍ਰਬੀਨ ॥657॥

**(ਸਾਹਿਬ ਸਿੰਘ ਦੀ ਕਸ਼ਮੀਰ ਯਾਤਰਾ)**

ਐਸੇ ਤਿਸੇ ਨਿਹਾਲ ਕਰ ਆਏ ਗੁਰ ਸਦਨਾਰ ॥
ਆਗੇ ਗੇ ਕਸਮੀਰ ਕੋ ਜੋ ਸਿਖਨ ਸੁਖਕਾਰ ॥658॥
ਤੁਰਕਨ ਕੇਰੋ ਕਾਂਮਦਾਰ ਸੁਖ ਜੀਵਨ ਜਿਸ ਨਾਮ ॥
ਤਾਕੋ ਵਿਪਤਾ ਅਤਿ ਪਰੀ ਲੀਨੀ ਗੁਰ ਕੀ ਸਾਮ ॥659॥

॥ ਚੌਪਈ ॥

ਵਿਪਤਾ ਤਾਕੋ ਐਸੀ ਹੋਈ ॥ ਆਗੇ ਬਰਨ ਸੁਨਾਵੋ ਸੋਈ ॥
ਮੁਲਖਈਏ ਮਨ ਕੀਨ ਬਿਚਾਰੁ ॥ ਯਾਕੋ ਮਾਰੈ ਕਰੈ ਨ ਬਾਰੁ ॥660॥
ਕੋਠੇ ਮਾਂਝ ਬਰੂਦ ਬਿਛਾਈ ॥ ਅੰਤਰੁ ਲੈ ਗਏ ਦੇਰ ਬਿਹਾਈ ॥
ਏਕ ਪੁਰਖ ਨੇ ਕਾਨ ਸੁਨਾਵਾ ॥ ਤੋ ਕੌ ਮਾਰੈ ਦੇਰਿ ਬਿਹਾਵਾ ॥661॥
ਤਿਨ ਕੋ ਛਲ ਜਾਂਨਾ ਜਬ ਭਾਰੀ । ਗੁਰ ਨਾਨਕ ਕੋ ਨਾਮੁ ਉਚਾਰੀ ॥
ਸਤਿਗੁਰ ਮੇਰੀ ਰਾਖੋ ਲਾਜਾ ॥ ਸਰਨਿ ਪਾਲ ਬੇਦਿਨ ਕੇ ਰਾਜਾ ॥662॥

॥ ਦੋਹਰਾ ॥

ਅੰਤਰੁਜਾਮੀ ਸਤਗੁਰੂ ਸਿਖ ਕੀ ਕੀਨ ਸਹਾਇ ॥
ਕਰ ਮੋ ਕਰ ਗਹਿ ਕਾਢਯੋ ਤੁਰਕਨ ਆਗ ਲਗਾਇ ॥663॥

---

1. ਅ ਪੋਥੀ ਕਰ 2. ੲ ਪੋਥੀ ਚਿਤੁ 3. ਅ ਪੋਥੀ ਬਾਰ, 4. ੲ ਪੋਥੀ ਸ੍ਰੀ ਗੁਰ

॥ ਚੌਪਈ ॥

ਕੋਠਾ ਆਦਿ ਭਸਮ ਸਭੁ ਹੋਏ ॥ ਰਾਖਾਂ ਸਿਖ ਤਿਸ ਸੰਕਟ ਖੋਏ ॥
ਜਿਨ ਗਹਿ ਭੁਜ ਕਾਢਯੋ ਸੋ ਸਿਸ ਵਰ। ਨਹਿ ਦੇਖਿਯੋ ਤਬ ਮਨ ਲਈ ਧਰ ॥666॥
ਖਾਨ ਪਾਨ ਸਭ ਦਯੋ ਭੁਲਾਈ ॥ ਮਨ ਮੋ ਜਾਗੀ ਪ੍ਰੀਤੀ ਸਵਾਈ ॥
ਬਾਰ ਬਾਰ ਹੁਇ ਦੀਨ ਪੁਕਾਰੇ ॥ ਨੈਨ ਨੀਰ ਕੇ ਚਲੇ ਪਨਾਰੇ ॥667॥

॥ ਦੋਹਰਾ ॥

ਤਿਸ ਕੋ ਪ੍ਰੇਮ ਬਿਲੋਕ ਗੁਰ ਚਾਹੇਂ ਕਰਨ ਨਿਹਾਲ ॥
ਤਾਏ ਕੁਦਿਰਸ[1] ਸਿੰਘ ਕੋ ਲੀਨੋ ਸ੍ਰੀ ਗੁਰ ਨਾਲ ॥668॥

॥ ਚੌਪਈ ॥

ਕਾਸਮੀਰ ਪ੍ਰਾਪਤਿ ਜਾ ਹੋਏ ॥ ਜਿਨ ਸਿਖਨ ਕੇ ਸਭ ਦੁਖ ਖੋਏ ॥
ਸੁਖ ਜੀਵਨ ਕੇ ਸਦਨੰ ਗਏ ॥ ਦਿਖ ਗੁਰ ਕੌ ਤਿਨ ਆਨੰਦ ਕਏ ॥669॥
ਚਰਨ ਧੋਇ ਚਰਨਾਮਤ ਲੀਨੋ ॥ ਪਲਘ ਡਸਾਇ ਗੁਰੂ[2] ਕੋ ਦੀਨੋ ॥670॥
ਓਦਮ ਸਰਪੀ ਸਿਤਾ ਮਿਲਾਈ ॥ ਕਰ ਪਲਾਇ ਗੁਰ ਕੋ ਅਚਵਾਈ ॥670॥
ਕਿਸਤੀ ਊਪਰਿ ਗੁਰੂ ਚਢਾਵੈ ॥ ਸੈਲ ਕਰਾਵੈ ਮਨੁ ਹਰਖਾਵੈ ॥
ਪਸਮਿ ਪੁਸਾਕੀ ਤ੍ਰਿਲਾ ਜਰਾਈ ॥ ਗੁਰੂ ਓਢਾਈ ਮਨੁ ਹਰਖਾਈ ॥671॥

॥ ਦੋਹਰਾ ॥

ਸੇਵਾ ਗੁਰ ਕੀ ਬਹੁਤ ਬਿਧਿ ਸੁਖ ਜੀਵਨ ਕਰਵਾਇ ॥
ਤਨੁ ਤਨੁ ਧਨ ਅਰੁਪਨ ਕਰ ਵਾਹਿਗੁਰੂ ਮੁਖ ਪ੍ਰਾਇ ॥672॥
ਭੇ[3] ਤਿਯਾਰੁ ਸ੍ਰੀ ਸਤਗੁਰੂ ਸਿਖ ਨੂੰ ਭੇਟਾ ਦੀਨ ॥
ਪੰਜ ਹਜਾਰ ਰਜਤ ਪਣ ਹੈਂ ਦੋਸੇਲੇ ਚੀਨ ॥673॥
ਲੇ ਭੇਟਾ ਤਿਸ ਸਿਖ ਤੇ ਸਦਨੰ ਆਇ ਦਯਾਲ ॥
ਮਧਿ ਬਾੜੀਆ ਮੋ ਸਦਾ ਖੇਲਤ ਸਿਸ ਲੇ ਜਾਲ ॥674॥

॥ ਚੌਪਈ ॥

[4]ਬਾੜੀਆ [5]ਮੋ ਕਛੂ ਕਾਲ[5] ਰਹਾਨੇ । ਜੋ ਦਰਸੇ ਤਿਹ ਅਘਨ ਨਸਾਂਨੇ ॥
ਮਾਤਾ ਕਹੇ ਸੁਨੋ ਸੁਖ ਦਾਈ ॥ ਚਲਿਏ ਊਨੇ ਬਿਲਮ ਬਿਹਾਈ ।675॥
ਮਾਤਾ ਗਿਰਾ ਅਕਨ ਜਬ ਕੀਨੀ ॥ ਭਏ ਤਿਯਾਰ[6] ਦੇਰ ਬਿਹੀਨੀ ॥
ਦਾਸੀ ਦਾਸ ਸਕਲ ਪਰਵਾਰੂ ॥ ਚਲਤ ਭਏ ਨਹਿ ਲਾਗੀ ਵਾਰੂ ॥676॥
ਸਗਲ ਸਮਗ੍ਰੀ ਲੀਨ ਉਚਾਈ ॥ ਹੈ ਆਰੂਢ ਭਏ ਸੁਖਦਾਈ ॥
ਮਧਿ ਸਲੋਹ ਤਬ ਜਾਇ ਪਹੂਚੇ ॥ ਜਿਹ ਦੇਨਾ ਸਿਖਨ ਪਦ ਊਚੇ ॥677॥

---

1 ਅ ਪੋਥੀ ਕੋਦਿਰ 2. ਏ ਪੋਥੀ ਸਤਿਗੁਰ 3. ਅ ਪੋਥੀ ਭੈ 4. ਅ ਪੋਥੀ ਮਧ 5. ਅ ਪੋਥੀ ... 6. ਅ ਪੋਥੀ ਤਿਯਾਰ ਸੁ ॥

ਗ੍ਰਾਮ ਪੈਚਿ ਨੇ ਇਮ ਸੁਨ ਪਾਏ ॥ ਸਤਿਗੁਰ ਸਾਹਿਬ ਸਿੰਘ (ਚਲੇ)[1] ਆਏ ॥
ਕਰੁ ਆਦਰੁ ਬਰੁ ਬਾਰੰ ਬਾਰੀ ॥ ਲੇ ਗ੍ਰਿਹਿ ਪਹੁਚਾ ਬਿਨਾ ਅਵਾਰੀ ॥678॥
ਭੋਜਨੁ ਆਦ੍ਰਿਕ ਸੇਵਾ ਕੀਨੀ ॥ ਮਨ ਮੋ ਬਾਢੀ ਪ੍ਰੀਤ ਨਵੀਨੀ ॥
ਗੁਰ ਕਲਧਾਰੀ ਕੋ ਸੁਭ ਥਾਨਾ ॥ ਚਲ ਦਰਸੰ ਯਹ ਮਨ ਮੋਂ ਠਾਨਾਂ ॥678॥

॥ ਦੋਹਰਾ ॥

ਭੇਟ ਪ੍ਰਸਾਦੇ ਸੰਗ ਲੈ ਪਹੁਚੇ ਬਾਬੇ ਥਾਂਨ ॥
ਬੇਦ ਪ੍ਰਕਰਮਾ ਪ੍ਰਾਕਦੈ ਬਿਧਵਤ ਬੰਦਨ ਠਾਂਨ ॥680॥

॥ ਚੌਪਈ ॥

ਕਰ ਅਰਦਾਸੁ ਪ੍ਰਸਾਦਿ ਬ੍ਰਤਾਯੋ ॥ ਸਾਹਿਬ ਸਿੰਘ ਗੁਰੂ ਸੁਖ ਪਾਯੋ ॥
ਹਾਥ ਜੋਰਿ ਕਰਿ ਬਿਨੈ ਉਚਾਰੀ ॥ ਸੁਨਿਯੇ ਬਾਬਾ ਜੀ ਕਲਿਧਾਰੀ ॥681॥
ਤੁਮਰੇ ਬਾਕ ਭਏ ਅਬ ਪੂਰੇ ॥ ਜੋ ਤੁਮ ਕਹਾ ਸੁ ਹੋਇਨ ਊਰੇ ॥682॥
ਹਮ ਸੇਵਕ ਹੈ ਤੁਮਰੇ ਸ੍ਵਾਮੀ ॥ ਸਰਬ ਘਟਾ ਕੇ ਅੰਤਰਜਾਮੀ ॥682॥
ਹੋਇ ਨਮ੍ਰ ਜਬ ਬਿਨੈ ਬਖਾਨੀ ॥ ਮਧਿ ਦੁਬਾਰ ਭਈ ਸੁਭ ਬਾਨੀ ॥
ਧੰਨੰਯ ਧੰਨੰਯ ਸਤਿਗੁਰ ਅਵਤਾਰੀ ॥ ਤੁਮਰੇ ਬਾਕ ਭਏ ਨਿਰਧਾਰੀ ॥683॥
ਚਾਰ ਜੁਗਨ ਮੋ ਤੁਮ ਬਪੁ ਧਾਰੋ ॥ ਸੰਤਨ ਪਾਲੋ ਦੁਸਟ ਬਿਦਾਰੋ ॥
ਪਤਿਤ ਉਧਾਰਨ ਤੁਮਰੋ ਬਾਨਾ ॥ ਅਸ ਕਹਿਤੇ ਹੈਂ ਬੇਦ ਪੁਰਾਨਾ ॥684॥
ਜਬ ਜਬ ਹੋਇ ਧਰਮੁ ਕੀ ਹਾਨੀ ॥ ਧਰਮ ਸ[5] ਥਾਪੋ ਸੁਖਮਾਨ[6] ਖਾਨੀ ॥
ਆਦ ਅੰਤ ਏਕੋ ਅਵਤਾਰਾ ॥ ਬੇਦੀ ਪਾਲਨ ਅਬ ਬਪੁ ਧਾਰਾ ॥685॥
ਅਸ ਕਹਿ ਬਾਨੀ ਭੀ ਅਰੁ ਗਾਈ ॥ ਜਯ ਜਯ ਕਾਰ ਸਭਨ ਮੋ ਛਾਈ ॥
ਕਰਿ ਪਰਣਾਮ ਸਿਵ੍ਰ ਮੋ ਆਇ ॥ ਭੋਜਨੁ ਕਰਿ ਕਰਿ ਸਭ ਤ੍ਰਿਪਾਏ ॥686॥

॥ ਦੋਹਰਾ ॥

ਨਰ ਨਾਰੀ ਜੋ ਪਰਬਤੀ ਗੁਰ ਦਰਸਨ ਕੋ ਆਇ ॥
ਧਰੁ ਅਕੋਰ ਆਗੇ ਖਰੇ ਦੇਖ ਰੂਪ ਬਲ ਜਾਇ ॥687॥

॥ ਚੌਪਈ ॥

ਆਪਸ ਸੋ ਸਭ ਵਾਕ ਕਹੰਤੇ ॥ ਕਲਧਾਰੀ ਪੋਤੇ ਸੁਖਵੰਤੇ ॥
ਜੇਸਟ ਭ੍ਰਾਤੁ ਹੋਇ ਬਲਵਾਨਾ ॥ ਜਿਨ ਕੇ ਬਾਕ ਧਨੰਜੈ ਬਾਨਾ ॥688॥
ਉਸਤਤਿ ਕਰਿ ਕਰਿ ਗੇ ਘਰੁ ਮਾਹੀ ॥ ਸ੍ਰੀ ਗੁਰੂ[7] ਰਹੇ ਬਿਰਾਜ ਤਹੋਈ ॥
ਏਕ ਦਿਵਸ ਕੋ ਕਹੋ ਪ੍ਰਸੰਗੂ ॥ ਜਾਹਿ ਸੁਨੇ ਮਨ[8] ਬ੍ਰਧੈ ਉਮੰਗੂ ॥689॥
ਸੂਪਕਾਰ ਇਕ ਸੰਗਤਿ ਬ੍ਰਹਮਨ ॥ ਕਰਿ ਸੇਵਾ ਚਾਹੇ ਗੁਰ ਦਰਸਨ ॥
ਕਾਂਧੇ ਪਰ ਸੰਤਿਗੁਰੇ[4] ਉਚਾਵੈ ॥ ਕਰ ਕਰ ਪ੍ਰੇਮੈ[2] ਬਹੁਤ ਖਿਲਾਵੈ ॥690॥

---

1. ਅ ਪੋਥੀ ਵਿਚੋਂ 2. ਅ ਪੋਥੀ ਨਮ੍ਰ 3. ਅ ਪੋਥੀ ਬੀਚ 4 ਅ ਪੋਥੀ ਸਥਾਨ 5. ਅ ਪੋਥੀ ਧਰਮੰ 6 ਅ ਪੋਥੀ ਸੁਖਮ 7. ੲ ਪੋਥੀ ਸਤਿਗੁਰ 8. ੲ ਪੋਥੀ ਚਿਤੁ

॥ ਦੋਹਰਾ ॥

ਬੀਥੰਨ ਮਧ ਖਿਲਾਵਈ ਕਰਕੇ ਪ੍ਰੇਮੁ ਅਪਾਰੁ ॥
ਇਕ ਆਈ ਸੁਭ ਦੇਖਨੈਂ ਬੈਠੇ ਸ੍ਰੀ ਕਰਤਾਰ ॥691॥

(ਬਾਬਾ ਸਾਹਿਬ ਸਿੰਘ ਨੇ ਕਰਾਮਾਤ ਦਿਖਾਉਣੀ)

॥ ਚੌਪਈ ॥

ਅਜਾ ਬਹੁਤ ਗੁਰ ਲਾਂਘਤ ਚੀਨੀ ॥ ਅਜਾ[3] ਮੇਮਨੀ ਤਬ ਗਹਿ ਲੀਨੀ ॥
ਦੇ ਪਿਆਰ ਪਿਠ ਫੇਰੇ ਹਾਥਾ ॥ ਜਾਨ ਨ ਦੇਵੇ ਦੀਨਾ ਨਾਥਾ ॥692॥
ਅਜਾਲੀ ਆਯ ਖਸੌਟਨ ਲਾਗਾ । ਗੁਰ[4] ਨ ਤਯਾਗ ਵਹੁ ਬੋਲ ਕੁਵਾਗਾ ॥
ਦੇਤ ਦੁਹਾਈ ਉਚ ਪੁਕਾਰੇ ॥ ਕੌਨ ਅਜਾ ਤੁਮ ਖੋਸਨਹਾਰੇ ॥693॥
ਭਯੋ ਬਿਖਾਦ ਪਰਸਪਰ ਭਾਰੀ ॥ ਵਹਿ ਖਸੋਟ ਗੁਰ ਦੇਵਤ ਗਾਰੀ ॥
ਕਰੁ ਬਹੁ ਬਲ ਤਿਨ ਲੀਨ ਖਸੋਟੀ ॥ ਊਚ ਪੁਕਾਰੇ ਮਤ ਜਿਸ ਖੋਟੀ ॥694॥
ਕਮਲ ਨੈਨ ਤਬ ਬਾਕ ਬਖਾਨਾ ॥ ਸੁਨ ਮੂਰਖ ਤੂ ਪਰਮ ਅਜਾਨਾ ॥
ਅਬ ਅਯੜ ਤੇਰੋ ਮਰ ਜਾਈ ॥ ਰੋ ਰੋ ਦੇਵੈ ਬਹੁਤ ਦੁਹਾਈ ॥695॥
ਲੇ ਕਰ ਚਲਯੋ ਨ ਚਰਨ ਗਹਾਂਨੇ ॥ ਜਿਸ ਕੇ ਮੰਦ ਭਾਗ ਪ੍ਰਗਟਾਨੇ ॥
ਜਬ ਹੀ ਜਾਇ ਚਰਾਵਨ ਲਾਗਾ ॥ ਸਰਬ ਮਰੀ ਜੋਨ ਖਾਈ ਨਾਗਾ ॥696॥

॥ ਦੋਹਰਾ ॥

ਏਕ ਬਚਾਈ ਸਤਿਗੁਰੂ ਜੋ ਗੁਰ ਅਪਨੀ ਕੀਨ ॥
ਅਸ ਅਚਰਜ ਖਿਖ ਭਾਗਿਓ ਦੁਖਤ ਪੁਕਾਰੇ ਦੀਨ ॥697॥

॥ ਚੌਪਈ ॥

ਗ੍ਰਿਹ ਅਪਨੇ ਮੋ ਜਾਇ ਸੁਨਾਈ ॥ ਅਯੜ ਮਰਗਾ ਏਕ ਰਹਾਈ ॥
ਮਰਨਾ ਸੁਨ ਸਭ ਰੋਵਨੌ[6] ਲਾਗੇ ॥ ਕਰੇ ਬਿਖਾਦੇ ਪਰਮ ਅਭਾਗੇ ॥698॥
ਗੁਰ ਕੇ ਬਚ ਰਘੁ ਨਾਯਕ ਬਾਨਾ ॥ ਕਯੋ ਨਿਫਲੈ ਜੋ ਕਰੈਂ ਬਖਾਨਾ ॥
ਹਸ ਤੀਰ ਜੋ ਬਾਹਰ ਆਏ । ਫਿਰ ਆਨਨ ਮੋ ਕਬੀ ਨ ਛਾਇ ॥699॥
ਮੇਰੁ ਇਲਾ ਬਯੋਮੰ ਉਲਟਾਈ ॥ ਗੁਰ ਕੋ ਬਚੁਨ ਨ ਕਰੌ ਚਲਾਈ ॥
ਤੇਜਾ ਸਿੰਘ ਸੁ ਕਰੈ ਬਖਾਨਾ ॥ ਸੇਵਾ ਸਿੰਘ ਸੁਨ ਗ੍ਰੰਥ ਮਹਾਨਾ[7] ॥700॥

॥ ਸਾਰੰਗ ਮਹਲਾ 5 ॥

ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥
ਬਚਨੁ ਗੁਰੂ ਜੋ ਪੂਰੇ ਕਹਿਓ ਮੈ ਛੀਕ ਗਾਠੜੀ ਬਾਧਾ ॥1॥ਰਹਾਉ॥

1. ਅ ਪੋਥੀ ਸੋ ਗੁਰੈ 2. ਅ ਪੋਥੀ ਪ੍ਰੇਸ਼ਸੁ 3. ਅ ਪੋਥੀ ਅਲਪ 4. ੲ ਪੋਥੀ ਸਤਿਗੁਰ
5. ੲ ਪੋਥੀ ਸ੍ਰੀ ਗੁਰ 6. ੲ ਪੋਥੀ ਰੁਦਨ 7. ਅ ਪੋਥੀ ਪ੍ਰਮਾਨਾ

ਨਿਸ ਬਾਸਰ ਨਿਖਅਤ੍ਰ ਬਿਨਾਸੀ ਰਵਿ ਸਸੀ ਅਰੁ ਬੇਨਾਧਾ ॥
ਗਿਰ ਬਸੁਧਾ ਜਲ ਪਵਨ ਜਾਇਗੋ ਇਕ ਸਾਧ ਬਚਨ ਅਟਲਾਧਾ ॥1॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਚਾਰ ਖਿਲਾਸੀ ਖਟਹਿ ਬਿਨਾਸੀ ਇਕ ਸਾਧ ਬਚਨ ਨਿਹਚਲਾਧਾ ॥2॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕ ਭੀ ਬੇਨਾਧਾ ॥
ਦ੍ਰਿਸਟਮਾਨ ਹੈ ਸਕਲ ਬਿਨਾਸੀ ਇਕੁ ਸਾਧ ਬਚਨੁ ਅਗਾਧਾ ॥3॥
ਆਪੇ ਆਪ ਆਪ ਹੀ ਆਪੇ ਸਭ ਆਪਨ ਖੇਲ ਦਿਖਾਧਾ ॥
ਪਾਇਓ ਨ ਜਾਈ ਕਹੀ ਭਾਂਤ ਰੇ ਪ੍ਰਭੁ ਨਾਨਕ ਗੁਰ ਮਿਲੁ ਲਾਧਾ ॥4॥

॥ ਸੋਰਠਾ ॥

ਬੇਦ ਪੁਰਾਨ ਬਖਾਨ ਕਹੈ ਸਾਸਤ੍ਰ ਇਤਿਹਾਸ ਸਭ ॥
ਸੰਤ ਬਚਨ ਸੁਤ ਜਾਨ ਬਿਧ ਹਰਿ ਹਰ ਨਹਿ ਮੇਟਿ ਸਕ ॥7॥

॥ ਚੌਪਈ ॥

ਭਏ ਦੁਖਤੁ ਕਿਛੁ ਚਲੈ ਨ ਚਾਰੋ ॥ ਹ੍ਵੈ ਇਕਠੇ ਆਏ ਗੁਰਦ੍ਵਾਰਾ ॥
ਤ੍ਰਾਹਿ ਤ੍ਰਾਹਿ ਮੁਖ ਬੈਨ ਬਖਾਨੇ ॥ ਆਏ ਸਰਨੀ ਪਰ ਨਾ ਜਾਨੇ ॥702॥
ਬੂਡਤ ਗਜ ਜੈਸੇ ਰਖੁ ਲੀਨਾ ॥ ਦੁਖਤ ਬਭੀਖਨ ਰਾਜਾ ਕੀਨਾ ॥
ਪ੍ਰਿਥਾ ਨੁਖਾ ਜਸ ਨਗਨ ਨ ਹੋਈ ॥ ਬਿਪ੍ਰ ਸੁਦਾਮੇ ਅਪਦਾ ਖੋਈ ॥703॥
ਹਮ ਅਨਾਥ ਤਵ ਸਰਨੀ ਆਏ ॥ ਅਜਾ ਹਮਾਰੀ ਦੇਹ ਜਿਵਾਏ ॥
ਕਮਲ ਬਦਨ ਅਸ ਬਚਨ ਉਚਾਰੇ ॥ ਦੀਜੈ ਛੇਰੀ ਦੇਉ ਜਿਵਾਰੈ ॥704॥
ਤਬ ਅਯਾਸਿ ਸੋ ਛੇਰੀ ਆਨੀ ॥ ਗੁਰ ਕੋ ਦੀਨੀ ਬਿਨੈ ਬਖਾਨੀ ॥
ਤਬ ਹੀ ਹੁਕਮੁ ਕੀਯੋ ਗੁਰ[1] ਪੂਰੇ ॥ ਕੋਨ ਮਰੀ ਤੁਮ ਬੋਲਤ ਕੂਰੇ ॥705॥
ਕਹੇ ਅਯਾਲ ਸੁ ਮਰਗੀ ਸਾਰੀ ॥ ਮੈ ਆਯੋ ਅਬ ਨੈਨ ਨਿਹਾਰੀ ॥
ਗੁਰੂ ਕਹਯੋ ਅਬ ਬੇਰ ਨ ਕੀਜੈ ॥ ਘਾਸ ਖਾਤ ਹੈ ਜਾਇ ਲਖੀਜੈ ॥706॥

॥ ਦੋਹਰਾ ॥

ਸ੍ਰੀ ਗੁਰ ਕੇ ਵਾਕ ਕੌਦੌਰੇ ਦੇਖਨ ਕਾਜ ॥
ਅਯੜ ਚੁਗਤਾ ਦੇਖ ਕਰਿ ਆਇ ਸਰਨ ਗੁਰ ਭਾਜ ॥707॥

॥ ਚੌਪਈ ॥

ਜਥਾ ਸਕਤਿ ਭੇਟਾ ਸੋ ਆਨੀ ॥ ਜੈ[2] ਜੈ ਕਾਰ ਕਹੈਂ ਮੁਖ ਬਾਨੀ ॥
ਹਾਥ[3] ਜੋਰ ਕਰਿ ਚਰਨ ਗਹਾਨੇ ॥ ਹੋ ਸੇਵਕ ਸਭ ਘਰੈ ਸਿਧਾਨੇ ॥708॥
ਅਯੜ ਮਿਰਤਕ ਬਹੁੜ ਜਿਵਾਂਰਾ ॥ ਘਰ ਘਰ ਮੋ ਅਸ ਕਰੈ ਉਚਾਰਾ ॥

---

1. ੲ ਪੋਥੀ ਸਤਿਗੁਰ 2. ਅ ਪੋਥੀ ਸੁਨ ਸ੍ਰੀ 3. ੲ ਪੋਥੀ ਕਰ

ਜਸਵਾਲੀ ਰਾਜੇ ਸੁਨ ਪਾਵਾ ॥ ਸ੍ਰੀ ਗੁਰ ਜੀ ਅਸ ਚਰਿਤ੍ਰ[1] ਕਰਾਵਾ ॥709॥
ਦਰਸਨ ਕੀ ਮਨ ਇਛਾ ਧਾਰੀ ॥ ਚਲਿ ਆਯੋ ਤਬ ਬਿਨ ਅਵਾਰੀ ॥
ਸੌ ਰੁਪੀ ਸੁਭ ਏਕ ਕਿਕਾਨ ॥ ਭੇਟਾ ਦੀਨੁ ਬਿਨੈ ਬਹੁ ਠਾਨ ॥710॥
ਆਦਤ ਯੁਤ ਬਹੁ ਬਿਨੈ ਬਖਾਨੀ ॥ ਹਮ ਸੇਵਕ ਹੈ ਸੁਖਮਾ ਖਾਨੀ ॥
ਜੋ ਜੋ ਸੇਵਾ ਆਪ ਬਖਾਨੋ ॥ ਤਿਸ ਕਰਣੇ ਮੇਂ ਦੇਰੁ ਨ ਮਾਨੋ ॥711॥

॥ ਦੋਹਰਾ ॥

ਗੁਰ ਪਦ ਪੰਕਜ ਰੇਨ ਲੇ ਮਸਤਕ ਲਾਈ ਨਰਿੰਦ ॥
ਸਦਨ ਆਪਨੇ ਜਾਤ ਭਾ ਮਨ ਮੇਂ ਪ੍ਰੀਤ ਬਲਿੰਦ ॥712॥

॥ ਚੌਪਈ ॥

ਸਤਿਗੁਰ[2] ਸਾਹਿਬ ਭਯੋ ਤਿਯਾਰ ॥ ਧਰੁ ਕਰਿ ਮਸਤਕ ਸ੍ਰੀ ਦਰਬਾਰ ॥
ਹੈ ਅਸਵਾਰੁ ਭਏ ਬੇਦੀਸ ॥ ਜੋ ਦਰਸੇ ਹੁਇ ਜੀਵ ਤੇ ਈਸ ॥713॥

**(ਊਨੇ ਵਾਪਸੀ)**

ਊਨੇ ਸਾਹਿਬ ਜਾਇ ਪਹੂਚੇ ॥ ਜਿਨ ਦਰਸੈ[3] ਭੇ ਨੀਚੋਂ ਊਚੇ ॥
ਬਡਨ ਥਾਨ ਜਾ ਸਿਵਰ ਲਗਾਵਾ ॥ ਮਸਤਿਕ ਟੇਕ ਚਿਤ ਹੁਲਸਾਵਾ ॥714॥
ਕਲਧਾਰੀ ਕੇ ਸੇਵਕ ਜੋਈ ॥ ਲੇ ਅਕੋਰ ਮਿਲ ਆਏ ਸੋਈ ॥
ਮਸਤਕਿ ਟੇਕੈ ਭੇਟ ਚਢਾਵੈਂ ॥ ਉਸਤਤਿ ਕਰਤੇ ਭਵਨ ਸਿਧਾਵੈਂ ॥715॥
ਊਨੇ ਰਹਿਨ ਲਗੇ ਸੁਖ ਸਦਨਾ ॥ ਜਿਨ ਕੀ ਬਾਨੀ ਤਿਮਰੰ ਕੁਦਨਾ ॥
ਤਿਨ ਕੇ ਬਾਲ ਚਰਿਤ ਸੁਭ ਗਾਵਾ ॥ ਜੋ ਜੋ ਗੁਰ[4] ਜੀ ਪ੍ਰੇਰ ਕਹਾਵਾ ॥716॥

॥ ਦੋਹਰਾ ॥

ਬਾਲ ਚਰਿਤ ਸਤ ਭਾਵ ਕਰ ਬਰਨੇ ਸੋਭੇ ਦਾਸ ॥
ਕਹੇ ਸੁਨੇ ਜੋ ਪ੍ਰੀਤ ਸੋ ਪਾਇ ਬਿਕੁੰਠੇ ਬਾਸ ॥717॥
ਭਾਈ ਗੁਰਦਿਤੇ ਚੰਦ ਕੇ ਨੀਰਜ ਪਾਦ ਮਨਾਇ ॥
ਪੁਰਾ ਧਯਾਇ ਪੂਰਨ ਕਰਾ ਗੁਰ ਗਾਥ ਸੁਖਦਾਇ ॥718॥
ਕਠਿਨ ਕਾਲ ਕਲਿਯੁਗ ਭਯੋ ਸਾਧਨ ਕਛੁ ਨ ਹੋਇ ॥
ਮਨੁ ਵਿਚਾਰੁ ਵਿਸ੍ਵਾਸ ਧਰ ਗੁਰ ਯਸ ਸੁਨ ਆਘ ਧੋਇ ॥
ਮਨ ਗੁਰ ਪਦ ਅਨਰਾਗੁ[5] ਕਰ ਤਯਾਗ ਕਪਟ ਜੰਜਾਲ ॥
ਮਨੁਖ ਦੇਹੁ ਦੁਲੰਭੁ ਹੈ ਕਰ ਸਫਲੀ ਇਸ ਕਾਲ ॥720। 1॥
ਇਤ ਸ੍ਰੀ ਗੁਰ ਬਿਲਾਸੇ ਊਨੇ ਸਾਹਿਬ ਪ੍ਰਵੇਸੰ ਨਾਮ ਪ੍ਰਥਮੋ[6]
ਅੰਸੂ ਸਮਾਪਤੰ ॥1॥1॥

---

1. ਅ ਪੋਥੀ ਚਲਤੁ 2. ਏ ਪੋਥੀ ਸ੍ਰੀ ਗੁਰ 3. ਏ ਪੋਥੀ ਪਰਸ 4. ਏ ਪੋਥੀ ਸਤਿਗੁਰ
5. ਏ ਪੋਥੀ ਪ੍ਰੇਮ 6 ਮੂਲ ਪੋਥੀ ਪ੍ਰਥਨ

## ਅਧਿਆਇ ਦੂਸਰਾ

### (ਮੰਗਲਾਚਰਣ)

॥ ਦੋਹਰਾ ॥

ਸ੍ਰੀ ਬਾਨੀ ਸੁਭ ਬਿਧੁ ਬਦਨ ਕੁਮਤਿ ਨਿਕਦਨ ਉਦਾਰ ॥
ਰੂਪ ਉਮਾ ਬਾਨੀ ਰਮਾ ਤਾ ਕੋ ਨਮੋ ਹਮਾਰ ॥1॥
ਸਰਬ ਬਿਆਪੀ ਨਿਤ ਨਿਯੋ ਨਿਰਗੁਣ ਸਰਗੁਣ ਆਪ ॥
ਅਯ ਮਯ ਅਸਿ ਮੈ ਭੇਦ ਨਹਿ ਤੋਇ ਤੁਖਾਰ ਕਲਾਪ ॥2॥
ਸ੍ਰੀ ਬੇਦੀ ਗੁਰ ਕੌ ਨਮੋ ਕਾਲੂ ਜੀ ਕੇ ਤਾਤ ॥
ਹਿੰਦੂ ਤੁਰਕ ਉਧਾਰ ਹਿਤੁ[1] ਬਚਰੇ ਛਿਤ[2] ਅਬ ਦਾਤ ॥3॥
ਤਿਹਣੇ ਬੰਸ ਕੇ ਮੁਕਟਿ ਮਣਿ ਸ੍ਰੀ[3] ਗੁਰੂ ਅੰਗਦ[3] ਬਿਖਯਾਤ ॥
ਧੀਰਜ ਧਾਰੀ ਧਰਮ ਧਜੁ ਵਾਹਗੁਰੂ ਚਿਤ ਰਾਤ ॥4॥
ਭਲਿਅਨੁ ਕੁਲ ਅਰੁਬਿੰਦ ਸੀ ਤਿਨੇ ਖਿਰਾਵਨ ਹੇਤ ॥
ਮਾਰਤੰਡ ਸੇ ਸੋਭ ਤੇ ਗੁਰ ਅਮਰਦਾਸ ਸੁਖ ਕੇਤ ॥5॥
ਰਾਮਦਾਸ ਸ੍ਰੀ ਸਤਿਗੁਰੂ ਦਾਸਨ ਕੌ ਸੁਖ ਰਾਸ ॥
ਯਮ ਫਾਸਨ ਕੇ ਤ੍ਰਾਸ ਕੌ ਕਰਤ ਛਿਨਕ ਮਹਿ ਨਾਸ ॥6॥
ਸ੍ਰੀ ਅਰਜਨ ਅਰਜੀ[4] ਸੁਨਤ ਅਰਜਨ ਜਸ ਵਿਸਤਾਰ ॥
ਬਾਨੀ ਅਰਜਨ ਬਾਨ ਜਿਨ ਬੰਦਨ ਪਦ ਸਿਰ ਧਾਰ ॥7॥
ਸ੍ਰੀ ਹਰਿ ਗੋਬਿੰਦੁ ਜੀ ਪਦ ਅਰਬਿੰਦ ਮਨਾਇ ॥
ਕਹੌ ਕਥਾ ਸੁਖ ਦਾਯਨੀ ਸੁਨਹੁ ਸਿਖ ਚਿਤ ਲਾਇ ॥8॥
ਸ੍ਰੀ ਸਤਿਗੁਰੂ ਸਹਾਇ ਮਮ ਸਿਮਰਿ ਸਿਮਰਿ ਸੁਖ ਪਾਇ ॥
ਦਾਰਿਦ ਕਲਮਲ ਮਲ ਦਲਨ ਜਯ ਜਯ ਸ੍ਰੀ ਹਰਿ ਰਾਇ ॥9॥
ਸੁੰਦਰੁ ਬਦਨ ਨਿਕੰਦ ਦੁਖ ਸਦਨ ਸੁਖਨ ਗੁਰ[5] ਭੂਰ ॥
ਸ੍ਰੀ ਸਤਿਗੁਰ ਹਰਿ ਕ੍ਰਿਸਨ ਜੀ ਜਯ ਜਯ ਮੰਗਲ ਮੂਰ ॥10॥
ਤੁਰਕਨ ਕੁਲ ਕਾਨਨ ਕਮਲ ਤੇਗ ਬਹਾਦਰ ਚੰਦ ॥
ਪਦ ਅਰੁਬਿੰਦਹਿ ਬੰਦਨਾ ਜਯ ਤਿਸ ਚਿਦਾਨੰਦ ॥11॥
ਸਿਕਤਾਕਨ ਤੇ ਮੇਰ ਕਿਯ ਹੁਤੇ ਮੇਰ ਕਨ ਕੀਨਾ ॥
ਸ੍ਰੀ ਕਲਗੀਧਰ ਨਮਹਿ ਮਮ ਕੇਵਲ ਦਾਨੀ ਦੀਨ ॥12॥
ਚੂਰਨ ਸ੍ਰੀ ਗੁਰ ਚਰਨ ਰਜ ਰਾਜ ਦ੍ਵੈਖ ਮਨ ਰੋਗ ॥
ਕਰਿਕੈ[6] ਤਾਂ ਹਿਅ ਨਾਮ ਹੌ ਕਹੌ ਕਥਾ ਨਿਹਸੋਗ ॥13॥
ਸ੍ਰੀ ਗੁਰ ਪਦ ਸੋਭਾ ਬਿਮਲ ਪਿੰਜਰ ਸਰ[7] ਪਹਿਚਾਨ ॥

---

1. ਅ ਪੋਥੀ ਬਿਰਚੇ 2. ਅ ਪੋਥੀ ਅਵ੍ਰ 3. ਅ ਪੋਥੀ ਸ੍ਰੀ ਅੰਗਦੁ 4. ਅ ਪੋਥੀ ਅਰਚਿਨ
5. ਅ ਪੋਥੀ ਗੁਨ 6. ਅ ਪੋਥੀ ਕਰਕੈ 7. ਅ ਪੋਥੀ ਸੁਰ

ਮੰਨ ਖੰਜਨ ਤਹ ਪਾਇਕੈ ਕਹੌ ਕਥਾ ਗੁਨ ਖਾਨ ॥14॥
ਊਨੋਂ ਸ੍ਰੀ ਗੁਰ ਰਾਜੇ ਤੇ ਊਨੇ ਭਰਨ ਸੁਭਾਇ ॥
ਸੋਭਾ ਸਭ ਗੁਣ ਹੀਣ ਹੈ ਬਸੋ ਰਿਦੇ ਮੋਹਿ[1] ਆਇ ॥15॥
ਸਤਿਗੁਰੂ ਗੁਰਦਿਤਾ[2] ਚੰਦੂ ਤਿਨ ਕੀ ਆਇਸ[3] ਪਾਇ ॥
ਕਹੋ ਕਥਾ ਸੁਖਦਾਇਨੀ ਪੰਠਤ ਸੁਨਤ ਅਘ ਜਾਇ[4] ॥16॥

॥ ਚੌਪਈ ॥

ਸੇਵਾ ਸਿੰਘ ਕਹੈ ਕਰ ਜੋਰੀ ॥ ਸੁਨੀਏ ਤੇਜਾ ਸਿੰਘ ਬਹੋਰੀ ॥
ਬੰਦੋ ਪਾਦ ਧਰਨ ਸਿਰੁ ਰਾਖੋ ॥ ਬਿਨੈ ਕਰੌ ਕਰੁ ਜੋਰਿ ਭਿਲਾਖੋ ॥17॥
ਜੌ ਮੋ ਪਰ ਪ੍ਰਸੰਨ[5] ਤੁਮ ਭਾਈ ॥ ਕਹੋ ਕਥਾ ਗੁਰ ਕੀ ਸੁਖਦਾਈ ॥
ਬਾਲ ਚਰਿਤ[6] ਸੁ[7] ਤੁਮ ਨੇ ਗਾਵਾ ॥ ਸੇ ਮੇਰੇ ਮਨ ਅਤਿਸੈ ਭਾਵਾ ॥18॥
ਆਗਲ ਚਰਿਤ ਕਹੋ ਗੁਰ ਕੇਰੇ ॥ ਜਾਹਿ ਸੁਨੇ ਮਨ ਸਾਂਤ ਵਧੇਰੇ ॥
ਸੇਵਾ ਹਰਿ ਅਸਿ ਪ੍ਰਸਨ ਅਲਾਵਾਂ ॥ ਸੁਨ ਭਾਈ ਮਨ ਹੁਲਸਾਵਾਂ ॥19॥
ਪ੍ਰੇਮ ਪੁਲਕਤ[9] ਨੁਚਮ[9] ਜਲ ਛਾਏ ॥[10] ਹੀਯੇ ਮਧਿ[10] ਚਰਿਤ ਸਭ ਆਇ ॥
ਮਗਨ ਧਯਾਨ ਜੁਗ ਘਟੀ ਬਿਤ੍ਰਾਈ ਰੋਮਿ ਰੋਮਿ[11] ਆਨੰਦ ਮਗਨਾਈ ॥20॥

॥ ਦੋਹਰਾ ॥

ਬੰਦੋ[12] ਸ੍ਰੀ ਬੇਦੀਸ ਕੌ ਸਾਹਬ ਹਰਿ ਜਿਹ ਨਾਮ ॥
ਸੇਵਾ ਸਿੰਘ ਸੁਨ ਪ੍ਰੀਤ ਕਰੁ ਗੁਰ ਗਾਥਾ ਅਭਿਰਾਮ ॥21॥

॥ ਚੌਪਈ ॥

ਜਿਸ ਦਿਨ ਸ੍ਰੀ ਗੁਰ ਊਨੈ ਆਏ ॥ ਨਿਸ ਦਿਨ ਹੋਹਿ ਅਨੰਦ ਸਵਾਏ ॥
ਬਾਬੇ ਕਲਧਾਰੀ ਕੀ ਸੰਗਤਿ ॥ ਆਵਨ ਲਾਗੀ ਮਿਲ ਮਿਲ ਪੰਗਤਿ ॥22॥
ਓਦਨ ਸਰਪੀ ਅਨੁ ਅਰਪੰਤੇ ॥ ਮਨਿ ਬਾਂਛਤ ਕੌ ਤੁਰਤ ਲਹੰਤੇ ॥
ਸੁਖਨਾ ਸੁਖ ਸੁਖ ਗ੍ਰਿਹਿ ਮਹਿ ਜਾਵੈ ॥ ਹੋਵੈ ਪੂਰਨ ਭੇਟਿ ਲਿਆਵੈ ॥23॥
ਦਿਨ ਦਿਨ[14] ਗੁਰ ਜੀ ਲਿਖਤ ਸਿਕਾਰਾ ॥ ਮਹਿਬੂਬ ਸਿੰਘ ਹੈ ਜਿਨ ਕੇ ਲਾਰਾ ॥

**(ਮਹਿਬੂਬ ਸਿੰਘ ਨੇ ਕਰਾਮਾਤ ਦਿਖਾਈ)**

ਮਹਿਬੂਬ ਹਰਿ ਇਕ ਛਾਗ ਗਹਾਨਾ ॥ ਦੌਰ[15] ਅਯਾਲੀ ਖੋਸਨ ਠਾਨਾ[15] ॥24॥
ਮਹਿਬੂਬ ਸਿੰਘ ਕਹਿਯੋ ਤਬ ਐਸੇ ॥ ਤੁਮ ਗ੍ਰਿਹਿ ਜਰੈ ਸੁ ਲੰਕਾ ਜੈਸੇ ।
ਐਸੇ ਕਹਿ ਕਰ ਅਗ੍ਰ ਸਿਧਾਰੇ ॥ ਤਿਨ ਗ੍ਰਿਹਿ ਅਗ੍ਨਿ ਭਸਮ ਕਰਿ ਡਾਰੇ ॥25॥
ਮੂਢ ਆਇ ਨਹਿ ਚਰਨ ਗਹਾਂਨੇ ॥ ਯਾਂ ਤੇ ਪਾਏ ਕਸਟ ਮਹਾਂਨੇ ॥
ਅਬ ਲਗ ਹੀ ਇਹੁ ਚਲੀ ਸੁ ਆਵੈ ॥ ਬਰਸ ਮਾਂਝਿ[16] ਤਿਸ ਸਦਨ ਜਲਾਵੈ[16] ॥26॥

---

1. ਅ ਪੋਥੀ ਮਧਿ 2 ਅ ਪੋਥੀ ਗੁਰਦਿਤ 3. ਅ ਪੋਥੀ ਪਾਇ ਪਸਾਇ 4 ਅ ਪੋਥੀ ਘਾਇ 5 ਏ ਪੋਥੀ ਹਰਖਤ 6 ਏ ਪੋਥੀ ਚਰਿਤਰ 7. ਅ ਪੋਥੀ ਸੁਠ 8. ਅ ਪੋਥੀ ਸੋ 9. ਅ ਪੋਥੀ ਪੁਲਕ ਅੰਭਕੇ 10 ਅ ਪੋਥੀ ਹੀਯ ਮਧ 11 ਅ ਪੋਥੀ ਰੋਮ ਰੋਮ 12. ਅ ਪੋਥੀ ਬੰਦੋ 13. ਅ ਪੋਥੀ ਭੇਟ 14. ਅ ਪੋਥੀ ਦਿਨੁ ਦਿਨੁ 15 ਅ ਪੋਥੀ ਪਾਠਾਂਤਰ ਅਖਲ ਸਖੋਸਨ ਠਾਨਾ 16 ਅ ਪੋਥੀ ਪਾਠਾਂਤਰ : ਤਿਨ ਸਰਦਠ ਜਰਾਵੈ 17. ਅ ਪੋਥੀ ਸਸੂ ॥

॥ ਸੋਰਠਾ[1] ॥

ਖੇਲਾਵਾਂ ਗੁਦਿਰਯਾਲ ਗੁਰ ਸਸਟ੍ਰਖਾ ਕਰਤ ਭਾ ॥
ਮਨ ਮੋ ਪ੍ਰੀਤ ਬਿਸਾਲ ਕਰੈ ਸੇਵ ਚਿਤ ਲਾਇਕੈ ॥27॥

**(ਭਾਈ ਗੁਰਦਿਆਲ ਨੂੰ ਭਗਤੀ ਬਾਰੇ ਦੱਸਣਾ)**

॥ ਚੌਪਈ ॥

ਹੈ ਮੰਗਵਾਯੋ ਸ੍ਰੀ ਗੁਰੂ ਸੂਰੇ ॥ ਭਏ ਸਵਾਰ ਸਰਬ ਗੁਣ[1] ਪੂਰੇ ॥ ੨
ਗੁਰਦਿਯਾਲ ਤਬ ਸੰਗੁ ਪਧਾਰਾ ॥ ਲਿਵ ਲਾਗੀ ਜਿਸੁ ਗੁਰ ਚਰਨਾਰਾ ॥28॥
ਸ੍ਰਾਂਇ ਕਿਨਾਰੇ ਜਾਇ ਥਿਰੇ ਹੈ ॥ ਅਸ੍ਵ ਤਿਯਾਗੁ ਸੋ ਉਤਰ ਪਰੇ ਹੈ ॥
ਤਦ ਗੁਰਦਯਾਲੁ ਲੇ ਯਸ ਬਯਾਨਾ ॥ ਕਰ ਚੌਤਾਂਕ ਬਿਛਾਵਨ ਠਾਠਾ ॥29॥
ਕਮਲਾਨਨ ਜਬ ਬੈਠ ਗਏ ਹੈ ॥ ਜਿਨ ਦਰਸੇ ਅਘ ਓਘ ਖਏ ਹੈ ॥
ਗੁਰਦਯਾਲ ਪਦ ਬੰਦਨ ਕੀਨੀ ॥ ਸ੍ਰੀ ਗੁਰ ਹਰਖ ਆਸਿਖਾ ਦੀਨੀ ॥30॥
ਗੁਰਦਯਾਲ ਕੀ ਪੂਛਨ ਚਾਹੋ ॥ ਚਿਤ ਮਨੋਰਥ ਕਰ[2] ਸਮਝਾਹੋ[3] ॥
ਕਮਲ ਨੈਨ ਸੁਨਿਏ ਇਕੁ ਅਰਜੀ ॥ ਮੁਸੰਸੇ ਅਬ ਦੀਜੈ ਤਰਜੀ ॥31॥
ਗੁਰ ਅਰਜਨ ਸੁਭ ਬਚਨ[4] ਉਚਾਰਾ ॥ ਜਿਨ ਕੀਨੋ ਬਹੁ ਪਰ ਉਪਕਾਰਾ ॥32॥

॥ ਤਥਾ ਬਾਕਯੰ[5] ॥

ਭਾਇ ਭਗਤ ਤਰੀਐ ਸੰਸਾਰ ॥ ਬਿਨੁ ਭਗਤੀ ਤਨੁ ਹੋਸੀ ਛਰੁ ॥
ਭਗਤਿ ਸਰੂਪ ਕਹੋ ਸਮਝਾਈ ॥ ਜਿਹ ਸਮਝੇ ਮਨਿ ਸੰਸੈ ਜਾਈ ॥
ਪ੍ਰਭੁ ਸਮਰਥੁ ਸਰਵਗ ਅਪਾਰਾ ॥ ਭਗਤਿ ਸਰੂਪ ਕਹੋ ਨਿਰਧਾਰਾ ॥33॥

॥ ਦੋਹਰਾ ॥

ਸ੍ਰੀ ਕਮਲਾਨਨ ਕਹਤ ਭੇ ਸੁਨੋ ਸਿਖ ਨਿਰਧਾਰ ॥
ਪ੍ਰਿਥਮੇ[6] ਨਵਧਾ ਭਗਤਿ ਹੈ ਦੂਜੀ ਪ੍ਰੇਮਧਾਰ ॥34॥
ਪਰਾ ਭਕਤਿ ਹੈ ਤੀਸਰੀ ਉਤਮੁ[7] ਸਭ ਤੇ ਜਾਨ ॥
ਅਬ ਇਸ ਕੋ ਨਿਰਨੈ[8] ਸੁਨੋ ਤੁਮ ਪ੍ਰਤਿ ਕਹੋ ਬਖਾਨ ॥35॥

॥ ਚੌਪਈ ॥

ਪ੍ਰਾਕ੍ਰਸ ਨਵਧਾ ਭਕਤਿ ਬਖਾਨੋ ॥ ਸ੍ਰਵਨ ਕਿਰਤੰਨ ਸਿਮਰਨ ਜਾਨੋ ॥
ਪਾਦ ਸੇਵਨੰ ਅਰ ਚਰਨ ਬੰਦਨ ॥ ਦਾਸ ਭਾਵ ਸਖਤ ਸਮਰਪਨ ॥36॥
ਜਿਨ ਜਿਨ ਐਸੀ ਭਗਤੁ ਕਮਾਈ ॥ ਤਿਨ ਕੇ ਨਾਮ ਕਹੋ ਪ੍ਰਗਟਾਈ ॥
ਸੰਰਵਨ ਭਗਤ ਪ੍ਰੀਖਤ ਕੀਨੀ ॥ ਪਾਯੋ ਸ੍ਰਿਪ੍ਰਿਤਿ ਦੇਰ[9] ਬ੍ਰਿਹੀਨੀ ॥37॥
ਐਸੋ ਸ੍ਰਵਨ ਕੀਯੋ ਚਿਤੁ ਲਾਈ ॥ ਤ੍ਰਖਕ ਭੈ ਜਿਨ ਗਯੋ ਬਿਲਾਈ ॥
ਸ੍ਰਵਨ ਮਹਾਤਮ ਗੁਰੂ ਬਖਾਨਾ ॥ ਗੁਰਦਯਾਲ ਜੀ ਸੁਨ ਸਵਧਾਨਾ ॥38॥
ਸੁਣਿਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲੁ ਆਕਾਸ ॥

---

1. ਅ ਪੋਥੀ ਗੁਰ 1. ਅ ਪੋਥੀ ਕਹਿ 3. ਮੂਲ ਪੋਥੀ ਸਮਝਹੋ 4. ਅ ਪੋਥੀ ਬਾਕ 5. ਅ ਪੋਥੀ ਬਾਕ੍ਰੰ
6. ੲ ਪੋਥੀ ਪਹਿਲੇ 7. ੲ ਪੋਥੀ ਸ੍ਰੇਸਟ 8. ਅ ਪੋਥੀ ਨਿਰਨੈ 9. ਮੂਲ ਪੋਥੀ ਦੇ

ਸੁਣਿਐ ਦੀਪ ਲੋਅ ਪਾਤਾਲ ॥ ਸੁਣਿਐ ਪੋਹਿ ਨ ਸਕੈ ਕਾਲ ॥
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧॥
ਕੋਟਿ ਅਘਾ ਸਭ ਨਾਸ ਹੋਹਿ ਸਿਮਰਤ ਹਰਿ ਨਾਉ ॥
ਮਨੁ ਚਿੰਦੇ ਫਲੁ ਪਾਈਅਹਿ ਹਰਿ ਕੇ ਗੁਣਾ ਗਾਉ[1] ॥1॥
ਮੇਰੇ ਮਨ ਕਰਣਿ ਸੁਨੋ ਹਰਿ ਨਾਮੁ ॥
ਮਿਟਹਿ ਅਘ ਤੇਰੇ ਜਨਮ ਮਰਨ ਕੇ ਕਵਨ ਬਾਪਰੋ ਜਾਮ ॥

॥ ਚੌਪਈ ॥

ਸਵਰਨ[2] ਭਗਤ ਕਹੀ ਸਮਝਾਈ ॥ ਕਿਰਤਨ ਭਗਤਿ ਸੁਨੋ ਮਨੁ ਲਾਈ ॥
ਸ੍ਰੀ ਸੁਕਦੇਵ ਸੁ ਕੀਰਤ ਕੀਨੀ ॥ ਆਤਮ ਨੰਦਾ ਲਿਯੋ ਰਸ ਚੀਨੀ ॥39॥

॥ ਪ੍ਰਮਾਣ ਸ੍ਰੀ ਗੁਰ ਗ੍ਰੰਥ ਕੇ ॥

ਨਾਨਕ ਆਖੈ ਸੁਨ ਰੇ ਮਨਾ ਕਰ ਕੀਰਤਨ ਹੋਇ ਉਧਾਰੁ ॥
ਕਲਿਜੁਗ ਕੀਰਤਨ ਨਾਮ ਆਧਾਰੁ ॥

॥ ਸੂਹੀ ਮਹਲਾ 5[3] ॥

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣੁ ਕੀਰਤਨ ਗਾਵਹੁ ਕਰਤੇ ਨਿਮਖੁ ਸਿਮਰਤ ਜਿਤੁ ਛੂਟੈ ॥1॥
ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪ੍ਰਸਾਦੀ ਤਰੀਐ ॥ ਰਹਾਉ ॥
ਕੋਟਿ ਤੀਰਥੁ ਮਜਨੁ ਇਸਨਾਨਾ ਇਸ ਕਲ ਮਹਿ ਮੈਲਿ ਭਰੀਜੈ ॥
ਸਾਧ ਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲ ਕਰਿ ਲੀਜੈ ॥2॥
ਬੇਦ ਕਤੇਬ ਸਿਮ੍ਰਤ ਸਭੁ ਸਾਸਤ ਇਨ ਪੜਿਆ ਮੁਕਤਿ ਨ ਹੋਈ ॥
ਏਕ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਹਮਣੁ ਸੂਦ[4] ਵੈਸ ਉਪਦੇਸਿ[5] ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮ ਜਪੈ ਉਧਰੈ ਸੋ ਕਲ ਮਹਿ ਘਟਿ ਘਟਿ ਨਾਨਕ ਮਾਝਾ ।4॥

॥ ਚੌਪਈ ॥

ਜਿਨ ਅਸ ਕੀਰਤਿ ਕਰੀ ਬਨਾਈ ॥ ਵਾਹਗੁਰੂ ਮਹਿ ਗਏ ਸਮਾਈ ॥
ਦੂਜੀ ਭਕਤਿ ਕੀਰਤਨੁ ਕਹਿਯੇ ॥ ਸੋ ਤੋ[6] ਗੁਰ ਪ੍ਰਸਾਦਿ ਤੇ ਲਹੀਯੇ[6] ॥40॥
ਸਿਮਰਨਿ ਭਗਤਿ ਕਰੀ ਪ੍ਰਹਿਲਾਦਿ ॥ ਪਿਤਾ ਆਦਿ ਕਰ ਰਹੇ ਵਿਖਾਦ ॥
ਜਲ ਮੋ ਪਾਵਾ ਅਗਨਿ ਜਰਾਵਾ ॥ ਕਾਲ ਕੂਟ ਨਹਿ ਅਸਿ ਭੈ ਖਾਵਾ ॥41॥

॥ ਸੋਰਠਾ ॥

ਸ੍ਰੀ ਗੁਰ ਅਰਜਨ ਦੇਵ ਕੀ[7] ਜੁ ਬਾਨੀ ਅਮਿਯਮਯ ॥
ਰਾਮੈ ਰਾਮ ਸੁ ਸੇਵ ਜੋ ਸਿਮਰੇ[8] ਗਤਿ ਪਾਵਈ ॥4॥

1 ਅ ਪੋਥੀ ਪਾਠਾਂਤਰ: ਗੁਣ ਨਿਤ ਗਾਉ 2 ਅ ਪੋਥੀ ਸਵਨ 3 ਮੂਲ ਪੋਥੀ ਸੂਹੀਮਹਲਾ੧ 4. ਅ ਪੋਥੀ ਸੂਦ੍
5. ਅ ਪੋਥੀ ਉਪ ਦੇਸੁ 6. ਅ ਪੋਥੀ ਪਾਠਾਂਤਰ ਗੁਰਪ੍ਰਸਾਦੇ ਲਹੀਯੇ 7. ਅ ਪੋਥੀ ਕੀਨ ਜੋਬਾਨੀ
8. ਅ ਪੋਥੀ ਜਪਹਿ

॥ ਪ੍ਰਮਾਣੁ ਸ੍ਰੀ ਗੁਰ ਗ੍ਰੰਥੇ ॥

॥ ਗੋਂਡ ਮਹਲ ੫ ॥

ਰਾਮ ਰਾਮ ਸੰਗਿ ਕਰਿ ਬਿਉਹਾਰੁ ॥ ਰਾਮ ਰਾਮ ਰਾਮ ਪ੍ਰਾਨ ਅਧਾਰੁ ॥
ਰਾਮ ਰਾਮ ਰਾਮ ਕੀਰਤਨੁ ਗਾਇ ॥ ਰਮਤ ਰਾਮ ਸਭ[1] ਰਹਿਓ ਸਮਾਇ ॥1॥
ਸੰਤ ਜਨਾ ਮਿਲੁ ਬੋਲੋ[2] ਰਾਮ ॥ ਸਭ ਤੇ ਉਤਮੁ ਨਿਰਮਲੁ ਕਾਮੁ ॥ ਰਹਾਉ ॥
ਰਾਮ ਰਾਮ ਧਨੁ ਸੰਚਿ ਭੰਡਾਰੁ ॥ ਰਾਮ ਰਾਮ ਰਾਮ ਕਰ ਅਹਾਰੁ ॥
ਰਾਮ ਰਾਮ ਵੀਸਰੁ ਨਹੀ ਜਾਇ ॥ ਕਰਿ ਕਿਰਪਾ ਗੁਰ ਦੀਆ ਬਤਾਇ ॥
ਰਾਮ ਰਾਮ ਰਾਮ ਸਦਾ ਸਹਾਇ ॥ ਰਾਮ ਰਾਮ ਰਾਮ ਲਿਵ ਲਾਇ ॥
ਰਾਮ ਰਾਮ ਜਪਿ ਨਿਰਮਲ ਭਏ ॥ ਜਨਮੁ ਜਨਮੁ ਕੇ ਕਿਲਵਿਖ ਗਏ ॥
ਰਾਮ ਰਾਮ ਜਨਮੁ ਮਰਨ ਨਿਵਾਰੇ ॥ ਉਚਰਤਿ ਰਾਮ ਭੈ ਭਾਰ[3] ਉਤਾਰੇ ॥
ਸਭ ਤੇ ਊਚ ਰਾਮ ਪਰਗਾਸੁ ॥ ਨਿਸ ਬਾਸਰੁ[4] ਜਪਿ ਨਾਨਕ ਦਾਸ ॥4॥1॥
ਜਿਨਾ ਨ ਵਿਸਰੈ ਨਾਮ ਸੇ ਕਿਨੇਹਾ[5] ॥ ਭੇਦ ਨ ਜਾਣੋ ਮੂਲ ਸਾਂਈ ਜੇਹਿਆ ॥
ਨਾਮ ਧਿਆਵਨੇ ਸਾਜਨਾ ਜਨਮੁ ਪਦਾਰਥੁ ਜੀਤ ॥
ਨਾਨਕ ਧ੍ਰਮ ਐਸੇ ਚਵੈ ਕੀਤੋਨੁ ਭਵਨੁ ਪੁਨੀਤ ॥1॥

॥ ਚੌਪਈ ॥

ਤੀਜੀ ਸਿਮਰਨ ਭਗਤ ਬਖਾਨੀ ॥ ਜਿਹ ਸਿਮਰਤ ਮਿਲ ਸਾਰੰਗ ਪਾਨੀ ॥
ਕਮਲਾ ਪਾਦ ਪਦਮ ਹਿਤ ਸੇਵੈ ॥ ਮਨ ਬਾਂਛਤ ਸੋ ਹਰਿ[6] ਤੇ ਲੇਵੈ ॥43॥
ਯਹਿ ਬਿਧੀ ਭਗਤੁ ਚਰਨ ਕੀ ਸੇਵਾ ॥ ਸਮਝਾਵਤ ਹੈਂ ਸ੍ਰੀ ਗੁਰਦੇਵਾ ॥
ਸੋਢਿ ਵੰਸ ਕੈ ਰਵ ਚੰਦੂ ॥ ਚਰਨ ਸੇਵਕ ਕਹਿ ਸੁਖ ਮਾਕੰਦੂ ॥44॥

॥ ਪ੍ਰਮਾਣੁ ਸ੍ਰੀ ਗੁਰ ਗ੍ਰੰਥੇ ॥

ਚਰਨ ਕਮਲ ਸਿਉ ਪ੍ਰੀਤਿ ਰੀਤਿ ਸੰਤਨ ਮਨਿ ਆਵਏ ਜੀਉ ॥
ਦੁਤੀਆ ਭਾਉ ਬਿਪਰੀਤਿ ਅਨੀਤ ਦਾਸਾ ਨਹ ਭਾਵਏ ਜੀਉ ॥
ਦਾਸਾ ਨਹ ਭਾਵਏ ਬਿਨ ਦਰਸਾਵਏ ਇਕ ਖਿਨੁ ਧੀਰਜੁ ਕਿਉ ਕਰੈ ॥
ਨਾਮੁ ਬਿਹੀਨਾ ਤਨੁ ਮਨੁ ਹੀਨਾ ਜਲੁ ਬਿਨੁ ਮਛੁਲੀ ਜਿਉ ਮਰੈ ॥
ਮਿਲਿ ਮੇਰੇ ਪਿਆਰੇ ਪ੍ਰਾਨ ਅਧਾਰੇ ਗੁਣ ਸਾਧ ਸੰਗ ਮਿਲ ਗਾਵਏ ॥
ਨਾਨਕ ਕੇ ਸੁਆਮੀ ਧਾਰ ਅਨੁਗ੍ਰਹ ਮਨਿ ਤਨਿ ਅੰਕਿ ਸਮਾਵਏ ॥

॥ ਚੌਪਈ ॥

ਚਤਰਯ ਭਗਤਿ ਕਹੀ ਪ੍ਰਗਟਾਈ ॥ ਪੰਚਮ ਪ੍ਰਥਮ[7] ਪੂਜਾ ਵਿਧ ਗਾਈ ॥
ਗੁਰ ਪਰਮੇਸਰੁ ਏਕੋ ਜਾਨੋ ॥ ਗੁਰ ਕੀ ਪੂਜਾ ਬਹੁ ਬਿਧ ਠਾਨੋ ॥
ਅੰਘਰੀ ਚਾਂਪੈ ਸੂਨੀ ਫੇਰੇ ॥ ਪਾਨੀ ਲਯਾਵੈ ਬਿੰਜਨ ਝੂਰੇਲੈ ॥45॥

---

1. ਅ ਪੋਥੀ ਸਭਿ ਰਹਿਆ 2. ਅ ਪੋਥੀ ਬੋਲਹੁ 3. ਅ ਪੋਥੀ ਭੈਪਾਰਿ 4. ਅ ਪੋਥੀ ਨਿਸੁ ਬਾਸੁਰ
5. ੲ ਪੋਥੀ ਭੇਦ ਨ ਜਾਣੋ ਮੂਲਿ 6. ੲ ਪੋਥੀ ਪ੍ਰਭ 7. ਅ ਪੋਥੀ ਪ੍ਰਭ 8. ਅ ਪੋਥੀ ਝੂਲੇਰੋ ॥

॥ ਦੋਹਰਾ ॥

ਗੁਰ ਕੀ ਪੂਜਾ ਕਰਤ ਹੀ ਅੰਤਰ ਦੇਵਨ[1] ਹਾਰਿ ॥
ਪੂਜਾ ਯਾ ਬਿਧ ਕੀਜੀਐ[2] ਗੁਰ[3] ਨਾਨਕ ਉਚਾਰ[3] ॥46॥

[4]॥ ਸ੍ਰੀ ਗੁਰ ਗ੍ਰੰਥ ॥ ਗੂਜਰੀ ਮਹਲਾ ੧ ॥

ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥
ਕਰਣੀ ਕੁੰਗੂ ਜੇ ਮਿਲੈ ਘਟਿ ਅੰਤਰਿ ਪੂਜਾ ਹੋਇ ॥1॥
ਪੂਜਾ ਕੀਜੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥ ਰਹਾਉ ॥
ਬਾਹਰਿ ਦੇਵ ਪਖਾਲੀਅਹਿ ਜੇ ਮਨਿ ਧੋਵੈ ਕੋਇ ॥
ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥2॥
ਪਸੂ ਮਿਲਹਿ ਚੰਗਿਆਈਆ ਖੜੁ[5] ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ ਧ੍ਰਿਗ ਜੀਵਣ ਕਰਮ ਕਰੇਹਿ ॥3॥
ਨੇੜਾ ਹੈ ਦੂਰਿ ਨ ਜਾਣਿਹੁ ਨਿਤ ਸਾਰੇ ਸੰਮ੍ਹਾਲੇ ॥
ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥4॥1॥

॥ ਦੋਹਰਾ ॥

ਐਸੀ ਪੂਜਾ ਜੋ ਕਰੈ ਮਾਧਵ ਮਾਂਹਿ ਸਮਾਇ ॥
ਪੰਚਮ ਭਗਤੀ ਇਹ ਕਹੀ ਛਠ[6] ਸੁਨੋ ਮਨੁ ਲਾਇ ॥47॥

॥ ਚੌਪਈ ॥

ਬੰਦਨ ਭਗਤ ਅਕ੍ਰੂਰ ਸੁ ਕੀਨੀ ॥ ਜਿਸ ਕੇ ਮਨ ਮਹਿ ਪ੍ਰੀਤਿ ਨਵੀਨੀ ॥
ਪ੍ਰਗਟ ਕ੍ਰਿਸਨ ਲੀਨੋ ਗਲੇ ਲਾਈ ॥ ਅੰਤ ਗਰੜ ਧੁਜ ਗਯੋ ਸਮਾਈ ॥48॥
ਤਾਂਤੇ ਗੁਰ ਕੋ ਬੰਦਨ ਕੀਜੈ ॥ ਜਿਹ ਕਰਣੀ ਕਰ ਸੁ ਭਗਤਿ ਲੀਜੈ ॥

॥ ਤਥਾ ਬਾਕਯੰ ॥ ਸ੍ਰੀ ਗੁਰ ਗ੍ਰੰਥੇ ॥

ਕਰਿ ਸਾਧ ਅੰਜੁਲੀ ਪੁਨੁ ਵਡਾ ਹੇ ॥ ਕਰਿ ਡੰਡਉਤ ਪੁਨਿ ਵਡਾ ਹੇ ॥
ਖਸਟਮਿ ਭਗਤਿ ਉਚਾਰਨ ਕੀਨੀ ॥ ਸਪਤਮਿ ਦਾਸ ਕਪੀਸੁਰ ਚੀਨੀ ॥49॥

॥ ਸੋਰਠਾ ॥

ਸੀਤਾ ਖੋਜ ਸੁ ਲਯਾਇ ਬੂਟੀ ਆਨੀ ਦੌਰ ਕੈ ॥
ਭਰਥੈ ਸੁਧ ਪਹੁਚਾਇ ਮਨ ਮਹਿ ਰਹੀ[7] ਨ ਕਾਮਨਾ ॥50॥

॥ ਚੌਪਈ ॥

ਸ੍ਰੀ ਗੁਰ ਗ੍ਰੰਥ ਸੁ ਐਸੇ ਭਾਖਾ ॥ ਦਾਸ ਨ ਕਰੈ ਪਦਾਰਥ ਕਾਂਖਾ ॥

॥ ਪ੍ਰਮਾਣ ਸ੍ਰੀ ਗੁਰ ਗ੍ਰੰਥੇ ॥

ਹਰਿ ਬਿਨੁ ਕਛੁ ਨ ਲਾਗਈ ਭਗਤਨ ਕਉ ਮੀਠਾ ॥
ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ ॥

---

1. ਅ ਪੋਥੀ ਦੇਵਨਿਹਾਰਿ 2. ਅ ਪੋਥੀ ਕੀਜੀਯੇ 3. ਅ ਪੋਥੀ ਪਾਠਾਂਤਰ: ਨਾਨਕ ਕੀਉ ਉਚਾਰੁ
4. ਅ ਪੋਥੀ ਪ੍ਰਮਾਣ ਸ੍ਰੀ 5. ਅ ਪੋਥੀ ਖੜਿ 6. ੲ ਪੋਥੀ ਖਟਮੀ 7. ੲ ਪੋਥੀ ਰਿਦੈ

ਅਗਿਆਨ ਭਰਮ ਦੁਖ ਕਾਟਿਆ ਗੁਰ ਭਏ ਬਸੀਠਾ ॥
ਚਰਨ ਕਮਲੁ ਮਨੁ ਬੇਧਿਆ ਜਿਉ ਰੰਗੁ ਮਜੀਠਾ ॥
ਜੀਉ ਪ੍ਰਾਣ ਮਨੁ ਤਨੁ ਪ੍ਰਭੂ ਬਿਨਸੇ ਸਭ ਝੂਠਾ ॥
ਗੁਰ ਕੀ ਸਾਖੀ ਅੰਮ੍ਰਿਤੁ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਕਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥
ਸਕਰੁ ਖੰਡੁ ਨਿਵਾਤ ਗੁੜ ਮਾਖਿਓ ਮਾਝਾ ਦੁਧੁ ॥[5]
ਸਭੇ ਵਸਤੂ ਮਿਠੀਆ ਰਬੁ ਪੁਜਨਿ ਤੁਧ ॥

॥ ਦੋਹਰਾ ॥

ਦਾਸ ਭਕਤਿ ਗੁਰ ਕੀ ਕਰੈ ਮੰਨਿ[1] ਬਾਨੀ ਅਰੁ ਕਾਇ ॥
ਪਾਇ ਭਕਤਿ ਅਨੁਪਾਇਦਨੀ ਹਰਿ ਪੁਰ ਮਾਂਹਿ ਸਮਾਇ ॥51॥

॥ ਚੌਪਈ ॥

ਸਖਾ ਭਗਤੁਵਰੁ[2] ਅਰਜਨ[2] ਕੀਨੀ ॥ ਜਬ ਕੀਨੀ ਹਰਿ ਭਏ ਅਧੀਨੀ ॥
ਭੇ ਰਥਵਾਹੀ ਸੇਵਕ ਨਯਾਂਈ ॥ ਬਾਨ ਸਹਾਰੇ ਛਾਤੀ ਮਾਹੀ ॥52॥

॥ ਦੋਹਰਾ ॥

ਕ੍ਰਿਸਨ ਕਰੋ ਨਿਜ ਆਤਮਾ ਅਰਜਨ ਮਨ ਕਰ ਲੇਇ ॥
ਸਖਾ ਭਗਤੁ ਇਸ ਨਾਮ ਹੈ ਔਰਨ ਕਰੈਨ ਰਹੇਇ ॥53॥
ਵਾ ਸਿਖਨ ਸੰਗ ਸਖਤਾ[3] ਮਨ ਬਚ ਕਾਯ ਕਰੇ ॥
ਵਾਹਿਗੁਰੂ ਨਿਤ ਜਾਪਣਾ ਅਸਟਮ ਭਗਤੁ ਧਰੇ ॥54॥

॥ ਚੌਪਈ ॥

ਨੌਮੀ ਭਗਤੀ ਬਲਿ ਕੇ ਕੀਨੀ ॥ ਦੀਨ ਤ੍ਰਿਲੋਕੀ ਦੇਰੁ ਬਿਹੀਨੀ ॥
ਬਾਵਨੁ ਬਾਧਾ ਤੁਰੇ ਦਬਾਵਾ ॥ ਤੋ ਭੀ ਬਲਿ ਨੇ ਦੁਖ ਨਹੀ ਪਾਵਾ ॥55॥

॥ ਦੋਹਰਾ ॥

ਬਿਰੋਚਨ ਸੁਤ ਐਸੇ ਕਰੀ ਆਗੇ ਕ੍ਰਾਹਿ ਨ ਕੀਨ ॥
ਦ੍ਵਾਰਪਾਲ ਹਰਿ ਕੋ ਕ੍ਰਿਯੋ ਸੋ ਭਾਈ[4] ਕਹਿ ਦੀਨ ॥56॥

॥ ਭਾਈ ਗੁਰਦਾਸ ਯਥਾ ॥

ਬਲਿ ਛਲੁ ਆਪੁ ਛਲਾਇਅਨੁ ਹੋਇ ਦਇਆਲੁ ਮਿਲੈ ਗਲਿ ਲਾਵੈ ॥
ਦਿਤਾ ਰਾਜੁ ਪਾਤਾਲੁ ਦਾ ਹੋਇ ਅਧੀਨ ਭਗਤਿ ਜਸੁ ਗਾਵੈ ॥
ਹੋਇ ਦਰਵਾਨੁ ਮਹਾ ਸੁਖ ਪਾਵੈ ॥

॥ ਦੋਹਰਾ ॥

ਨੌਧਾ ਭਗਤੁ ਤੁਮ ਸੋ ਕਹੀ ਸੁ ਪ੍ਰੇਮ ਚਿਤ ਲਾਇ ॥

1. ਅ ਪੋਥੀ ਮਨੁ 2. ਅ ਪੋਥੀ ਪਾਠਾਂਤਰ: ਭਗਤਿ ਸੋ ਅਰਜਨ 3. ਅ ਪੋਥੀ ਸੰਖਤ 4. ੲ ਪੋਥੀ ਗੁਰਦਾਸ
5. ਅ ਪੋਥੀ ਸੁਨ

ਪ੍ਰੇਮ ਭਗਤਿ ਜਿਹ ਜਿਹ ਕਰੀ ਮਾਧਵ ਮਾਂਹਿ ਸਮਾਇ ॥57॥

॥ ਚੌਪਈ ॥

ਹਰੀ ਮਾਂਹਿ ਜਿਹ ਪ੍ਰੇਮ ਲਗਾਵ੍ਹਾ ॥ ਝੂਠ ਜਗਤੁ ਸੇ ਮੋਹੁ ਉਠਾਵ੍ਹਾ ॥
ਹ੍ਵੈ ਉਨਮਤ ਫਿਰੈ ਦਿਨ ਰਾਤੀ ॥ ਜਾਤ ਪਾਤ ਕੁਲ ਕਰ ਦੀ ਹਾਂਤੀ ॥58॥
ਰੋਮ ਰੋਮ ਕਰੁ ਪ੍ਰੀਤਮ ਸਾਰਾ ॥ ਨੈਨ ਨੀਰ ਅਖੰਡਤ ਧਾਰਾ ॥
ਬੇਦ ਲੋਕ ਸੁਭ ਕ੍ਰਾਨ ਤਿਯਾਗੀ ॥ ਬਿਨੁ ਪ੍ਰੀਤਮੁ ਸਭ ਕਰਣੀ ਲਾਗੀ ॥59॥
ਪ੍ਰੇਮਾਧੀਨਾ ਛੂਕਯਾ ਡੋਲੈਂ ॥ ਕ੍ਰਿਸਨ ਕ੍ਰਿਸਨ ਹੀ ਬਾਨੀ ਬੋਲੈ ॥
ਐਸੇ ਗੋਪੀ ਭੂਲੀ ਦੇਹਾ ॥ ਤਾਂ ਕੋ ਚਾਹੈ ਜਾ ਸੋ[1] ਨੇਹਾ ॥60॥
ਕਬਹੂ ਹਾਸੈ ਕਬਹੂੰ ਗਾਵੈ ॥ ਕੰਬਹੂ ਨਿਰਤ ਕਰੈਂ ਹੁਲਸਾਵੈ ॥
ਕੁਬਹੂ ਰੋਵੈਂ ਉਚ ਪੁਕਾਰੈਂ ॥ ਕੋਬਹੂ ਗਿਰੰਤੀ ਖਾਇ ਭਵਾਰੈ[2] ॥61॥
ਕਬਹੂੰ[3] ਮੁਖ ਮੋ ਮੋਨ[3] ਰਹਾਂਈ ॥ ਪ੍ਰੇਮ ਲਛੰਣਾ ਇਹੀ ਕਹਾਂਈ ॥
ਪ੍ਰੇਮ ਪ੍ਰੰਵਾਹੁ ਭਯੋ ਤਿਨ ਐਸੇ ॥ ਗੁਰ ਗ੍ਰੰਥ ਮਹਿੰ ਗਾਯੋ ਜੈਸੇ ॥62॥

(ਸ੍ਰੀ ਗੁਰੂ ਗ੍ਰੰਥ ਪ੍ਰਮਾਣੇ)[4]

ਜਿਉ ਮਛੁਲੀ ਬਿਨੁ ਪਾਣੀਏ ਕਿਉ ਜੀਵਣੁ ਪਾਵੈ ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥
ਨਾਦ ਕੁਰੰਕਹਿ ਬੇਧਿਆ ਸਨਮੁਖਿ ਉਠਿ ਧਾਵੈ ॥
ਭਵਰੁ ਲੋਭੀ ਕੁਸਮ ਬਾਸ ਕਾ ਮਿਲਿ ਆਪੁ ਬੰਧਾਵੈ ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸਿ ਅਘਾਵੈ ॥

॥ ਦੋਹਰਾ ॥

ਊਧੋ ਤੋ ਸੂਧੋ ਭਯੋ ਸੁਨ ਗੋਪਿਨ ਕੇ ਬੋਲ ॥
ਇਨ ਗਯਾਂਨ ਬਜਾਈ ਡਿਮ ਡਿਮੀ[5] ਉਨ ਪ੍ਰੇਮ ਬਜਾਯੋ ਢੋਲ ॥63॥

॥ ਚੌਪਈ ॥

ਪ੍ਰੇਮ ਭਗਤਿ ਜਾਂਕੇ ਘਟ ਹੋਈ ॥ ਭੂਖ ਤ੍ਰਿਖਾ ਤਿਹ ਲਗੈ ਨ ਕੋਈ ॥
ਮੁਖ ਪਰ ਪੀਰੀ ਸ੍ਵਾਸਾ ਸੀਰੀ ॥ ਨੈਨਨ ਨੀਰੀ ਧਰੈ ਨ ਧੀਰੀ ॥64॥
ਕਲਗੀਧਰ ਤੇ[6] ਪ੍ਰਗਟ ਦਿਖਾਵਾ ॥ ਪ੍ਰੇਮ ਅਗਰ ਨਹਿ ਗਯਾਨ ਰਹਾਵਾ ॥
ਗੋਪਿਨ ਕੀਨੋ ਜਬੈ ਬਿਲਾਪੂ ॥ ਉਧਵ ਗਯਾਨ ਗਯੋ ਤਬ ਢਾਪੂ ॥65॥

॥ ਤਥਾ ਬਾਕੰਯੰ ॥ ਸਵੈਯਾ ॥

ਜਬ ਊਧਵ ਸੋ ਇਹ ਭਾਂਤ ਕਹਯੋ ਤਬ ਉਧਵ ਕੋ ਮਨ ਪ੍ਰੇਮ ਭਰਯੋ ਹੈ ॥
ਔਰ ਗਈ ਸੁਧ ਭੂਲ ਸਬੈ ਮਨ ਤੇ ਸਭ ਗਯਾਂਨ ਹੁਤੋ ਸੁ ਟਰਯੋ ਹੈ ॥
ਸੋ ਮਿਲ ਕੈ ਸੰਗਿ ਗ੍ਵਾਰਨ ਕੇ ਅਤ ਪ੍ਰੀਤਿ ਕੀ ਬਾਤ ਕੇ ਸੰਗ ਢਰਯੋ ਹੈ ॥
ਗਯਾਂਨ ਕੇ ਡਾਰੁ ਮਨੋ ਕੁਪੁਰੇ ਹਿਤ ਕੀ ਸਰਤਾ ਮੈ ਕੂਦ ਪਰਯੋ ਹੈ ॥

---

1. ਅ ਪੋਥੀ ਸੋਂ 2. ਅ ਪੋਥੀ ਭਰਾਵੈ 3. ਅ ਪੋਥੀ ਪਾਠਾਂਤਰ: ਕਬਹੂ ਕੇ ਮੁਖ ਮੋਨਿ 4. ੲ ਪੋਥੀ ਵਿਚੋਂ
5. ੲ ਡੁਗ ਡੁਗੀ 6. ਅ ਪੋਥੀ ਨੇ

॥ ਦੋਹਰਾ ॥

ਪ੍ਰੇਮ ਭਗਤੁ ਇਸ ਨਾਮੁ ਹੈ ਪ੍ਰੇਮੀ ਕਰਤ ਬਨਾਇ ॥
ਪ੍ਰੇਮੀ ਪ੍ਰੀਤਮ ਏਕ ਹੈ ਜਲ ਤਰੰਗੁ ਕੇ ਭਾਇ ॥66॥

॥ ਪਰਮਾਨ ॥

ਹਰਿ ਜਨ ਹਰਿ ਸੰਗ ਮਿਲਤ ਹੈ ਸੁਨਤ ਪ੍ਰੇਮ ਕੀ ਗਾਥ ॥
ਜਯੋ ਡਾਰਯੋ ਮਿਲ ਜਾਤ ਹੈ ਨੀਰ ਨੀਰ[1] ਕੇ ਸਾਥ ॥67॥

॥ ਸ੍ਰੀ ਗੁਰ ਗ੍ਰੰਥੇ ॥

ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ ਪਾਏ ਬਿਸਰਾਮ ॥ ਬਹੁਰਿ ਨ ਹੋਵੈ ਆਵਨ ਜਾਨ ॥
ਸਾਚ ਕਹੋ ਸੁਨਿ ਲੇਹੁ ਸਭੈ ਜਿਨ ਪ੍ਰੇਮੁ ਕੀਯੋ ਤਿਨ ਹੀ ਪ੍ਰਭੁ ਪਾਇਉ ॥
ਪ੍ਰੇਮ ਭਗਤਿ ਸਭ ਤੇ ਅਧਿਕਾਈ ॥ ਜਿਨਿ ਕੀਨੀ ਹਰਿ ਮਾਂਹਿ ਸਮਾਈ ॥
ਪਰਾ ਭਕਤਿ ਅਬ ਦੇਉ ਸੁਨਾਈ ॥ ਜਾਹਿ ਸੁਨੇ ਸੰਸੇ ਸਭ ਜਾਈ ॥68॥

॥ ਸੋਰਠਾ ॥

ਛੇ ਪਨ ਕਬਹੂੰ ਹੋਇ ਨਿਕਟਿ ਰਹੈ ਹਰਿ ਕੇ ਸਦਾ ॥
ਸਦਾ ਸੁ ਸਨਮੁਖ ਹੋਇ ਹਾਥ ਜੋਰੁ ਬਿਨਤੀ ਕਰੈ ॥69॥

॥ ਚੌਪਈ ॥

ਏਕ ਪਲਕ ਨਹਿ ਬਿਛੁਰ ਕਦਾਈ ॥ ਤਿਨ ਕੌ ਪਰਾ ਭਗਤਿ ਪ੍ਰਗਟਾਈ ॥
ਸੇਵਕ ਸੇਵਯ ਮਿਲੇ ਰਸੁ ਪੀਵੈ ॥ ਨਾਹਿਨ ਭਿੰਨ[2] ਪਰ ਭਿੰਨ[2] ਦ੍ਰਿਸਟੀਵੈ ॥70॥
ਜਯੋ ਜਲੁ ਬੀਚ ਧਰਯੋ ਜਲ ਪਿੰਡ ॥ ਜਲੁ ਅਰੁ ਪਿੰਡੁ ਜੁਦੇ ਨਹਿ ਮੰਡ ॥
ਜਯੋ ਦ੍ਰਿਗ ਮੈ ਪੁਤਰੀ ਦ੍ਰਿਗ ਏਕ ॥ ਦੀਸਤ ਭਿੰਨੁ ਭਿੰਨ ਨਹੀ ਸੇਕ ॥71॥

॥ ਦੋਹਰਾ ॥

ਅਯ ਮਯ ਸੁ ਚੁੰਦ੍ਰਹਾਂਸ ਜਿਸ ਰਖੀਯੈ ਜੁਦੇ ਬਨਾਇ ॥
ਦੀਸਤ ਭਿੰਨ ਨ ਭਿੰਨ ਹੈ ਪਰਾ ਭਕਤਿ ਇਹੁ ਦਾਇ ॥72॥
ਚਾਮੀ ਕਰ ਅਰੁ ਮੁਦ੍ਰਕਾ ਦੀਸਤ ਭਿੰਨ ਸਰੂਰੁ ॥
ਭਿੰਨ ਅਹੈਂ ਪਰ ਭਿੰਨ ਨਹਿ ਸੇਵਕ ਸੇਬਯ ਸਰੂਪ ॥73॥

॥ ਚੌਪਈ ॥

ਛਿਤ ਅਉ ਘਟ ਕੇ ਜਿਮ ਦ੍ਵੈ[3] ਰੂਪ ॥ ਖਾਂਡ ਖਿਲੌਨਾ ਬਨੇ ਅਨੂਪ ॥
ਕੀਏ ਬਿਚਾਰ ਭਿੰਨ ਨਹਿ ਸੋਈ ॥ ਹਰਿ ਸੇਵਕ ਸੋ ਹਰਿ ਹੀ ਹੋਈ ॥74॥
ਸ੍ਰੀ ਕਲਗੀਧਰ ਬਾਕ ਬਖਾਨਾ ॥ ਹਰਿ[4] ਸੇਵਕ ਸੋ ਹਰਿ ਏਕੁ ਸਮਾਨਾ ॥

1. ਅ ਪੋਥੀ ਨੀਤ 2. ਅ ਪੋਥੀ ਭਿੰਨ ਭਿੰਨ 3. ਅ ਪੋਥੀ ਦੇ 4. ਅ ਪੋਥੀ ਹਰਿ ਕੋ

॥ ਤਥਾ ਬੋਾਕਯੰ ॥

ਹਰਿ ਹਰਿ ਜਨ ਦੋਊ ਏਕ ਹੈ ਬਿਬ ਬਿਚਾਰੁ ਕਛੁ ਨਾਹਿ ॥
ਜਲ ਤੇ ਉਪਜਿ ਤਰੰਗ ਜਿਉ ਜਲ ਹੀ ਮਾਹਿ[1] ਸਮਾਹਿ ॥

॥ ਪ੍ਰਮਾਣ ਸ੍ਰੀ ਗੁਰ ਗ੍ਰੰਥੇ ॥

ਦਾਸ ਅਨਿੰਨ ਮੇਰੋ ਨਿਜ ਰੂਪ ॥
ਦਰਸਨ ਨਿਮਖ ਤਾਪ ਤ੍ਰਈ ਮੋਚਨਿ ਪਰਸਤ ਮੁਕਤ ਕਰਤ ਗ੍ਰਿਹ ਕੂਪ ॥
ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥
ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥
ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥
ਨਾਮ ਦੇਵ ਜਾਕੇ ਜੀਅ ਐਸੀ ਤਾਸੋ [2]ਤਾਕੈ ਪ੍ਰੇਮ ਪ੍ਰਗਾਸ ॥

॥ ਤਥਾ ਔਰੁ ਵਾਕ ॥

ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰੁ ਕਰਣੈਹਾਰਾ ॥
ਕਹੁ ਨਾਨਕ ਭਗਤਨੁ ਕਾ ਸੰਗੀ ਭਗਤਿ ਸੋਹਹਿ ਦਰਬਾਰਾ ॥
ਭਗਤਿ ਸਚੇ ਦਰਿ ਸੋਹਦੇ ਅਨਦ ਕਰਹਿ ਦਿਨੁ ਰਾਤਿ ॥
ਰੰਗੁ ਰਤੇ ਪਰਮੇਸਰੈ ਨਾਨਕ ਤਿਨ ਬਲਿ ਜਾਤਿ ॥
ਥਿਰ[3] ਪਾਰਬ੍ਰਹਮ ਪਰਮੇਸਰੋ ਸੇਵਕ ਥਿਰ ਥੀਸੀ ॥
ਗੁਰੂ ਗ੍ਰੰਥ ਸਾਹਿਬ ਬਹੁ ਬਾਬਾ ॥ ਪਰਾ ਭਗਤ ਕੋ[4] ਕੀਨ ਉਚਾਰਾ ॥75॥

॥ ਦੋਹਰਾ ॥

ਸਾਹਿਬ ਬੁਢਾ ਔ ਬਿਧੀ[5] ਰਾਮ ਕੌਰ ਗੁਰਦਾਸ ॥
ਪਰ ਭਗਤਿ ਇਨ ਨੇ ਕਰੀ [6]ਰਹੇ ਗੁਰੂ ਕੇ ਪਾਸ[6] ॥76॥

॥ ਚੌਪਈ ॥

ਔਰੇ ਗੁਰ ਸਿਖ ਭੇ ਸਮਦਾਈ ॥ ਕਰ ਭਗਤੀ ਸੋ ਗੇ ਗੁਰ ਪਾਈ ॥

॥ ਪ੍ਰਮਾਣੁ ਸ੍ਰੀ ਗੁਰ ਗ੍ਰੰਥੇ ॥

ਨਾ ਓਇ ਮਰਹਿ ਨਾ ਠਾਗੇ ਜਾਹਿ[8] ॥ ਜਿਨਕੇ ਰਾਮ ਵਸੈ ਮਨ ਮਾਹਿ ॥
ਤਿਥੈ ਭਗਤਿ ਵਸਹਿ ਕੇ ਲੋਇ ॥ ਕਰਹਿ ਅਨੰਦੁ ਸਚਾ ਮਨੁ ਸੋਇ ॥1॥

॥ ਸੋਰਠਾ ॥

ਬਿਦਰ ਸੁ ਮੈਤ੍ਰ ਮਾਨ ਮੀਰਾ ਸਵੰਰੀ ਜਾਨ ਲੈ ॥
ਸਾਲੋ ਸੁਭ ਗੁਨ ਖਾਨ ਪਰਾਭਗਤੁ ਲੈ ਲੀਨ ਭੇ ॥77॥

॥ ਚੌਪਈ ॥

ਜਬ ਕਰ ਕਰਨਾ ਗੁਰੂ ਸੁਨਾਵਾ ॥ ਗੁਰਦਿਯਾਲ ਸੁਨ ਮਨ ਹਰਖਾਵਾ ॥
ਦੋ ਵਾਰੀ[9] ਲਗ ਬਿਹਬਲ ਪਰਾ ॥ ਬਹੁਰਿ ਸੁ ਚਿਤ ਹ੍ਵੈ ਉਸਤਤ ਰਰਾ ॥78॥

---

1. ੲ ਪੋਥੀ ਬਿਖੈ 2. ਅ ਪੋਥੀ ਤੈਸ 3. ਅ ਪੋਥੀ ਬਿਰੁ 4. ਅ ਪੋਥੀ ਕਿਉ 5. ਅ ਪੋਥੀ ਬਿਧੀ ਚੰਦ 6. ਅ ਪੋਥੀ ਪਾਠਾਂਤਰ: ਕਰੀ ਕਰਾ ਗੁਰ ਮਧ ਬਾਸਾ 7. ਅ ਪੋਥੀ ਔਗਸੁ 8 ਅ ਪੋਥੀ ਜਾਇ 9. ਅ ਪੋਥੀ ਘਟੀ

ਬਦਨ ਚੰਦ੍ਰਮਾ ਉਜਲ ਓਰਾ ॥ ਲੋਚਨਿ ਕੀਨ ਚਕੋਰਨ ਜੋਰਾ ॥
ਪਾਨ ਬੰਦ ਜੁਗ ਉਸਤਤਿ ਠਾਨੀ ॥ ਕਹਿ ਬਾਨੀ ਸੁਠ ਅੰਮ੍ਰਿਤ ਸਾਨੀ ॥79॥
ਆਦਿ ਨ ਅੰਤਿ[1] ਪਰੇ ਸਰੂਪਾ ॥ ਮਾਤ ਨ ਜਾਤ[2] ਅਨੰਤ ਅਨੂਪਾ ॥
ਨਿਜ ਇਛਾ ਬਪੁ ਧਰੋ ਦਯਾਲ ॥ ਕਰੋ ਉਧਾਰਨ ਜੀਵਨ ਜਾਲ ॥80॥
ਨਿਰਗੁਨ ਸਰਗੁਨ ਤੋਰ ਸਰੂਪ ॥ ਮਨ ਬਾਨੀ ਤੇ ਪਰੇ ਅਨੂਪ ॥
ਪਾਰਬ੍ਰਹਮ ਪਰਮੇਸਵਰ ਸੁਆਮੀ ॥ ਮੋਰਿ ਨਮਾਮਿ ਨਮਾਮਿ ਨਮਾਮੀ ॥81॥
ਭਗਤੁ ਵਛਨ ਦੀਨਨ ਦੁਖ ਭੰਜਕ ॥ ਜਯ[3] ਜਯ ਜੈ ਮੁਨਿ ਜਨਮ ਨ ਰੰਜਨ ॥
ਸੰਤ ਵਿਰਧੋਨ ਕਉ ਨਿਤ ਘਾਲਕ ॥ ਧਰਮ ਸੇਤ ਜਗ ਮਹਿ ਪ੍ਰਤਿਪਾਲਕ ॥82॥
ਪੁਨ ਪੁਨ ਬੰਦਨ ਤਵ ਭਗਵੰਤਾ ॥ ਮੁਹਿ ਨਿਰਧਨ ਕੋ ਕਿਯ ਧਨਵੰਤਾ ॥
ਜਮ ਜਾਲਨ ਤੇਂ ਲਯੋ ਬਚਾਈ ॥ ਮਹਿਮਾ ਤੁਮਰੀ ਕਥਨ ਨ ਜਾਈ ॥83॥
ਗਣਾਪਤਿ ਗਿਰਾ ਨ ਪਾਵੈ ਪਾਰਾ ॥ ਮੈ ਕਿਸ ਕਹੋਂ ਅਨਾਥ ਬਿਚਾਰਾ ॥
ਪਾਦ[5] ਪਰਮ ਪਰ ਸੀਸ[5] ਨਿਵਾਯੋਂ ॥ ਗੁਰ ਕਰੁਣਾ [ਤੇ][6] ਸੁਭ ਪਦ ਪਾਯੋ ॥84॥

॥ ਦੋਹਰਾ ॥

ਐਸੇ ਗੁਰ ਉਪਦੇਸ ਕਰ ਹੈ ਪਰ ਭਏ ਅਰੂਢ ॥
ਜਾਇ ਬਿਰਾਜੇ ਸਦਨ ਮੈ ਜਿਨ ਮਹਿਮਾ ਅਤਿ ਗੂਢ ॥85॥
ਗੁਰਦਯਾਲ ਗੁਰ ਕ੍ਰਿਪਾ[7] ਤੇ ਪਾਵਾ ਪ੍ਰੇਮ ਅਪਾਰ ॥
ਨਿਮ ਥੀ ਚੰਦਨ ਹੋਤ ਭਾ ਗੁਰ ਸੇਵਾ ਫਲ ਚਾਰ ॥86॥

॥ ਚੌਪਈ ॥

ਪ੍ਰੇਮਾ ਭਗਤੁ ਭਈ ਮਨੁ ਜਾਹੀ ॥ ਚਹੇ ਨ ਖਾਨ ਪਾਨ ਰਿਦ ਮਾਂਹੀ ॥
ਸ੍ਰੀ ਗੁਰ ਸਾਹਿਬ ਸਿੰਘ ਉਚਾਰੇ ॥ ਜਨਮ ਮਰਨ ਤੇ ਭਯੋ ਕਰਾਰੇ ॥87॥
ਵਾਹਿਗੁਰੂ ਮੁਖ ਅਹਿ ਨਿਸਿ ਰਰੈ ॥ ਦੁਖ ਸੁਖ ਅਯੋ ਆਦਿ ਦ੍ਵੰਦ ਤੇ ਪਰੈ ॥
ਧੂਪ ਛਾਵ ਜਹ ਸੁਮਸਤ ਹੋਈ ॥ ਸਤ੍ਰ ਮਿਤ੍ਰ ਜਾਨੋ[8] ਜਹਿ ਕੋਈ ॥88॥
ਕਾਮਾਦਿਕ[9] ਕਰਿ ਲੀਨੇ ਜੇਰੈ[10] ॥ ਰਿਦ ਮਾਹਿ ਸਾਂਤ ਨ ਮੇਰੈ ਤੇਰੈ ॥
ਤ੍ਰਤੀਯ ਪਦ ਮੋ ਗਯੋ ਸਮਾਈ ॥ ਸ੍ਰੀ ਗੁਰ ਸੇਵਾ ਫਲਿ ਅਧਿਕਾਈ ॥89॥
ਦਤ੍ਰਾਤ੍ਰੇ ਵਤ ਮਗਨ ਭਯੋ ਹੈ ॥ ਬੋਲਨ ਚਾਲਨਾ ਤਿਯਾਗ[12] ਦਯੋ ਹੈ ॥
ਕਬ ਕਬ ਸਾਹਿਬ ਆਨ ਬੁਲਾਵੈ ॥ ਦੇਹਿ ਦਿਦਾਰ ਅਨੰਦ ਬਢਾਵੈ ॥90॥

॥ ਦੋਹਰਾ ॥

ਸੁਨ ਕਰ ਸ੍ਰੀ ਗੁਰੂ ਬੈਨ ਕੋ ਗੁਰਦਿਯਾਲ ਮਨ ਚੈਨ ॥
ਹਰਖ ਪ੍ਰਫੁਲਤ ਗਾਤ ਹੈ ਦੇਖ ਕੁਧ ਜਿਮ ਮੈਨ ॥91॥

---

1. ਅ ਪੋਥੀ ਅੰਤੰ 2. ਅ ਪੋਥੀ ਤਾਤ 3. ਅ ਪੋਥੀ ਜੈ ਜੈ 4. ਏ ਪੋਥੀ ਗਰੀਬ 5. ਅ ਪੋਥੀ ਪਾਠਾਂਤਾਰ: ਪਾਦ ਪਦ ਪਰਮ 6. ਅ ਪੋਥੀ ਵਿਚੋਂ 7 ਅ ਪੋਥੀ ਯਾਰੇਪੇ 8 ਅ ਪੋਥੀ ਜਾਂਕੇ 9. ਅ ਪੋਥੀ ਕਾਮ ਆਦਿਕ 10. ਅ ਪੋਥੀ ਜੇਰੀ 11. ਅ ਪੋਥੀ ਪਾਠਾਂਤਰ : ਰਿਦੇ ਨਹਿ ਸਾਂਤ ਮੇਰੇ 12. ਅ ਪੋਥੀ ਪਾਠਾਂਤਰ : ਲਨਚਪੁ ਤਯਾਗ

॥ ਚੌਪਈ ॥

ਪਾਨ ਬੰਦ ਜੁਗ ਬਿਨੈ ਬਖਾਨੀ ॥ ਸੁਨੀਏ ਬੇਦੀਸਰ[1] ਸੁਖ ਦਾਨੀ ॥
ਗੋਦ ਹਮਾਰੀ[2] ਤੁਮਰਾ ਆਸਨ ॥ ਬੈਰਿ ਦਰਸੁ ਦੀਜੈ ਗੁਰੁ ਤਾਸਿਨ ॥92॥
ਸੁਨ ਸੁਰ ਬਾਨੀ ਬੈਠਿ ਸੁ ਗਏ ॥ ਗੁਰਦਯਾਲੁ ਮਨੁ ਅਨੰਦੁ ਭਏ ॥
ਸ੍ਰੀ ਗੁਰ ਜੀ ਤਬ ਪ੍ਰੇਰਾ ਦਾਸ ॥ ਲਯਾਵੋ ਭੋਜਨੁ ਜਾਇ ਅਵਸੁ ॥93॥
ਛੋਲੇ ਰੋਟੀ ਖਾਈ ਛਾਛ ॥ ਸਾਗ ਸਲੂਣਾ ਰੂਖੇ ਆਛ ॥
ਅਸਿ ਭੋਜਨੁ ਜਬ ਖਾਇ ਅਘਾਏ ॥ ਸਾਹਿਬ ਬੁਢੇ ਵਡ ਹੁਲਸਾਏ ॥94॥

॥ ਦੋਹਰਾ ॥

ਸੇਵਾ ਸਿੰਘ ਜੀ ਕਹਿਤ ਭੇ ਤੇਜਾ ਸਿੰਘ ਕ੍ਰਿਪਾਲ ॥
ਗੁਰਦਯਾਲ ਗਥ ਗਾਇ ਕੈ ਕੀਨੋ ਮੋਹਿ ਨਿਹਾਲ ॥95॥

## (ਦੂਣ ਦੇ ਰਾਜੇ ਨੇ ਜਾਗੀਰ ਭੇਟ ਕਰਨੀ)

॥ ਚੌਪਈ ॥

ਏਕ ਬਿਨੈ ਹਮਰੀ ਸੁਨਿ ਲੀਜੈ ॥ ਬਿਨੁ ਬਿਲੰਬੁ ਮੋਹਿ ਕ੍ਰਿਪਾ ਕੀਜੈ[3] ॥
ਦੂਣ ਦੇਸ ਹੈ ਰਾਜਨ ਕੋਰੋ ॥ ਗੁਰ ਜੀ ਕੈਸੋ[4] ਲੀਨ[4] ਬਸੇਰੋ ॥96॥
ਇਹ ਬ੍ਰਿਤਾਂਤ ਮੁਹਿ ਦੇਹਿ ਸੁਨਾਈ ॥ ਇਸ ਸੁਨਨੇ ਕੀ ਇਛ ਸਦਾ ਈ ॥
ਭਾਈ ਤੇਜਾ ਸਿੰਘ ਬਖਾਨੇ ॥ ਸ੍ਰਵਨ[5] ਕਰੋ ਭਾਈ ਸਵਧਾਨੇ ॥97॥
ਦਿਹੁਰੇ ਸਾਹਿਬੁ ਬੇਦੀ ਮਿਲਕੇ ॥ ਸੰਗਤਿ ਬਾਣੀ ਨਿਰਨੇ ਕਰਕੇ ॥
ਕਲਧਾਰੀ ਕੋ ਦੂਨ ਸੁ ਦੀਨੀ ॥ ਤਿਨ ਅਪਨੀ ਇਹ ਸੰਗਤਿ ਕੀਨੀ ॥98॥
ਉਨੇ ਸਾਹਿਬ ਕਿਯੋ ਨਿਵਾਸੂ ॥ ਰਾਜਾ ਰਾਣਾ ਆਵੈ ਪਾਸੂ ॥
ਚਗਤਨ ਘਰ ਕੋ ਏਕ ਦਿਵਾਨ ॥ ਕਾਰਦਾਰ ਸੋ ਸੈਲਨ ਜਾਨ ॥99॥

॥ ਦੋਹਰਾ ॥

ਅਨੰਦਪੁਰ ਮਹਿ ਆਇ ਕੈ ਦੀਨੋ ਸਿਵਰ ਲਗਾਇ ॥
ਲੋਗਨ ਕੌ ਅਸਿ ਕਹਿਤ ਭਾ ਗੁਰ ਦਰਸਨੁ ਮੁਹਿ ਚਾਇ ॥100॥
ਤਿਨ ਬਾਨੀ ਸੁਖਦਾਯਨੀ ਕਹੀ ਰਿਦੇ ਹੁਲਸਾਇ ॥
ਸ੍ਰੀ ਬਰ ਪ੍ਰਭ ਗੋਬਿੰਦੁ ਸਿੰਘ ਘਰ ਰਹਿਤੋ[7] ਥੇ ਇਸ ਥਾਇ ॥101॥
ਦਖਣੁ ਦੇਸਿ ਉਧਾਰ ਹਿਤ ਗਏ ਆਪ ਮਹਾਰਾਜ ॥
ਜਿਹ ਦਰਸਨ ਰਿਦ ਸਾਂਤ ਹ੍ਵੈ ਜਾਂਹਿ ਸਕਲ ਅਘ ਭਾਜ ॥102॥

॥ ਚੌਪਈ ॥

ਇਕ ਪ੍ਰਮਾਨ ਬੋਲਾਂ ਤਿਸੁ ਪਾਹੀ ॥ ਕਲਾ ਸੁ ਧਾਰੀ ਊਨੇ ਮਾਂਹੀ ॥
ਸਾਹਿਬ ਬੇਦੀ ਨਾਨਕ ਪੋਤਾ ॥ ਕਰਾਮਾਤ ਮਹਿ ਮਾਨੋ ਪੋਤਾ ॥103॥

1. ਅ ਪੋਥੀ ਗੁਰ 2. ਅ ਪੋਥੀ ਹਮਾਰੈ 3. ਅ ਪੋਥੀ ਪਾਠਾਂਤਰ: ਕ੍ਰਿਪਯਾ ਕਰੀਜੈ 4. ਅ ਪੋਥੀ ਕੈਸੇ ਕੀਨ
5. ਅ ਪੋਥੀ ਅਕਨ 6. ੲ ਪੋਥੀ ਆਨੰਦਮਯ 7. ਅ ਪੋਥੀ ਸ਼

ਸੁਨ ਕਰਿ ਤਹਿ ਤੇ ਕੂਚ ਕਰਾਵਾ ॥ ਊਨੇ ਆ ਕਰ ਸਿਵਰ ਲਗਾਵਾ ॥
ਮਨ[1] ਮਹਿ ਐਸੀ ਗਟੀ ਬਿਚਾਰੀ ॥ ਅੰਤਰਯਾਮੀ ਜੋ ਕਲਧਾਰੀ ॥104॥
ਨਾਨਕ ਰੂਪ ਦਿਖਾਵੈ ਮੋਹੀ ॥ ਪੰਚਾਮ੍ਰਿਤ ਮੁਹ ਦੇਵੈ ਸੋ ਹੀ ॥
ਐਸੀ ਮਨ ਮਹਿ[2] ਧਰਿ ਕੇ ਆਸਾ ॥ ਲੇ ਅਕਰੋਗਾ ਬਾਬੇ ਪਾਸਾ ॥105॥
ਬਾਬਾ ਸਾਹਿਬ ਅੰਤਰਿਯਾਮੀ ॥ ਤਿਸ ਕੇ ਮਨ ਕੀ ਜਾਨ ਸੁਆਮੀ ॥
ਗੁਰ ਨਾਨਕ ਅਪੁਨੋ ਬਪੁ ਧਾਰਾ ॥ ਪੰਚਾਮਰਤ ਵਰ[3] ਕਰ ਮੋ ਚਾਰਾ ॥106॥
ਧਰੋ ਅਕਰੋ ਜਬ ਚਰਨ ਗਹਾਂਨੋ ॥ ਦੀਨ ਪ੍ਰਸਾਦਿ ਗੁਰੂ ਹਰਖਾਨੇ ॥
ਦੋਨੋ ਆਸਾ ਪੂਰਨ ਹੋਈ ॥ ਜੋ ਚਾਹਤ ਥਾ ਪਾਵਤ[4] ਸੋਈ ॥107॥

॥ ਦੋਹਰਾ ॥

ਦੇਵੀ ਕੋ ਗੁਰ ਮਾਨਤਾ ਔਰੁ ਨ ਕਿਸ ਕੀ ਚਾਹਿ ॥
ਬਾਬੇ ਕਉ ਗੁਰ ਥਾਪਿਓ ਸਰਧ ਬ੍ਰਿਧ ਮਨ ਮਾਂਹਿ ॥108॥

॥ ਚੌਪਈ ॥

ਚਰਨ ਘਾਲ ਬਾਬੇ ਕੀ ਲੀਨੀ ॥ ਮਨ ਮੈ ਜਾਗੀ ਪ੍ਰੀਤ ਨਵੀਨੀ ॥
ਅਰਜੀ ਕੀਨੀ ਦ੍ਵੈ ਕਰ ਜੋਰੀ ॥ ਸੁਨੀਏ ਗੁਰ ਜੀ ਬਿਨਤੀ ਮੋਰੀ ॥109॥
ਟਹਿਲ[5] ਆਖਨੀ ਮੁਝੇ ਬਤਾਵੋ ॥ ਸੋ ਕਰ ਦੇਵੋਂ ਗਹੁਰ ਨ ਲਾਵੋ ॥
ਸੁਨ ਕਰਿ ਬਾਬੇ ਬਾਨੀ ਭ੍ਰਾਹੀ ॥ ਵਾਹਿਗੁਰੂ ਸਦਿ ਜਾਪ ਕਰਾਹੀ ॥110॥
ਮਾਨੁਖ ਦੇਹਿ ਸਫਲੁ ਕਰੀਜੇ ॥ ਸਤਨਾਮ ਸਿਮਰੋ ਸੁਖ ਲੀਜੇ ॥
ਇਹ ਔਸਰ ਫਿਰਿ ਆਇ ਨ ਹਾਥਾ ॥ ਵਾਹਿਗੁਰੂ ਬਿਨ ਜਾਇ ਨ ਸਾਥਾ ॥111॥
ਹਮਰੀ ਸੇਵਾ ਇਹੀ ਜਾਨੋ ॥ ਮੀਠਾ ਬੋਲਨਿ ਅਰੁ ਵੰਡ ਖਾਨੋ ॥
ਜੁਲਮ ਨ ਕਰੋ ਸਬਨ ਸੁਖ ਦੇਵੋ ॥ ਪਰਜਾ ਪਾਲਨ ਸੰਤਨ ਸੇਵੋ ॥112॥

॥ ਦੋਹਰਾ ॥

ਗੁਰ ਨਾਨਕ ਕੇ ਗ੍ਰਿਹ[6] ਵਿਖੇ ਕਮੀ ਨ ਕਾਈ ਜਾਨ ॥
ਚਾਰਿ ਪਦਾਰਥ ਨਵਨਿਧਾ ਸਿਧਾ ਅਠਾਰਾ ਮਾਨ ॥113॥

॥ ਚੌਪਈ ॥

ਕਰ ਪਰਣਾਮ ਸਿਵਰ ਮੋ ਆਵਾ ॥ ਤਾਂਬੇ ਕੋ ਇਕੁ ਪਟਾ ਬਨਾਵਾ ॥
ਸਤਰੁ ਘੁਮਾਇ ਜਿਮੀ ਲਿਖ ਲੀਨੀ ॥ ਕਰ ਬਿਨਤੀ ਬਾਬੇ ਕੋ ਦੀਨੀ ॥114॥
ਲੀਨ ਖੁਸੀ ਤਬ ਸਦਨ ਸਿਧਾਰਾ ॥ ਗੁਰ ਮਿਲ ਪਾਯੋ ਗਯਾਨ ਅਪਾਰਾ ॥
ਇਸ ਰੀਤੀ ਗੁਰ ਕੋ ਭਾ ਊਨਾ ॥ ਸੁਨੀਏ ਸੇਵਾ ਸਿੰਘ ਪ੍ਰਵੀਨਾ ॥115॥

**(ਭਾਈ ਰਾਜੂ ਨੇ ਮੁਕਤੀ ਪ੍ਰਾਪਤ ਕਰਨੀ)**

ਆਗਰ[7] ਚਰਿਤ੍ਰ ਸੁਨੋ ਮਨ ਲਾਈ ॥ ਭਾਈ ਰਾਜੂ ਜਿਮ[8] ਗਤਿ ਪਾਈ ॥
ਗੁਰ ਘਰ ਖੇਤੀ ਮੋ ਮਨ ਲਾਵੈ ॥ ਲਾਗਲ ਬਾਹੇ ਬੀਜ ਸੁ ਪਾਵੈ ॥116॥

1. ੲ ਪੋਥੀ ਰਿਦ 2. ਅ ਪੋਥੀ ਮੇ 3 ਅ ਪੋਥੀ ਹੈ 4. ਅ ਪੋਥੀ ਪਾਵਾ 5. ੲ ਪੋਥੀ ਸੇਵ
6. ਅ ਪੋਥੀ ਘਰ 7. ਅ ਪੋਥੀ ਆਗੁਲ 8. ਅ ਪੋਥੀ ਜਿਵ

ਦੈ ਦੈ ਪਾਨੀ ਖੇਤ ਪਕਾਵੈ ॥ ਰੰਚਕ ਨਹਿ ਨੁਕਸਾਨ ਕਰਾਵੈ ॥
ਗੁਰ ਮਰਜੀ ਬਿਨੁ ਕਰੇ ਨ ਅਰਜੀ ॥ ਕਾਮ ਆਦਿ ਕੌ ਰਾਖੈ ਤਰਜੀ ॥117॥
ਭਾਜੀ ਆਦਿਲ ਕਰ ਕਰ ਤਯਾਰ ॥ ਸਦਾ ਪਹੁਚਾਵੈ ਪ੍ਰੀਤੀ ਧਾਰ ॥
ਗੁਰੂ ਸਸੂਖਾ ਕਰੀ ਬਨਾਇ ॥ ਮੁਕਤਿ ਚਾਹਿ ਅਵਰੁ ਨਹਿ ਭਾਇ ॥118॥
[1]ਹੋਇ ਨਿਕਾਮ[1] ਸੁ ਸੇਵਾ ਕੀਨੀ ॥ ਦਿਨ ਦਿਨ ਜਾਗੀ ਪ੍ਰੀਤ ਨਵੀਨੀ ॥
ਬੇਦਿ ਕੁਲ ਕੇ ਸਤਿਗੁਰ ਦੀਪਾ ॥ ਕੀਏ ਦਰਸ ਰੰਕਹੁ ਹ੍ਵੈ ਭੂਪਾ ॥119॥
ਏਕ ਦਿਵਸ਼ ਸ੍ਰੀ ਸਤਿਗੁਰ ਸ੍ਵਾਮੀ ॥ ਥਿਰੇ ਇਕਾਤੰ[2] ਅੰਤਰਯਾਮੀ ॥
ਭਾਈ ਰਾਜੂ ਬਿਨੈ ਬਖਾਨੀ ॥ ਜਨਮੁ ਮਰਨ ਕਾਟ ਸੁਖਦਾਨੀ ॥ 120॥

॥ ਦੋਹਰਾ ॥

ਬੇਦੀ ਕੁਲ ਕੇ ਮੁਕਟ ਮਣਿ ਕਮਲਨੈਨ ਸੁਖਦਾਇ ॥
ਕਮਲਾਨਨ ਤੇ ਕਹਤ ਭੇ ਰਾਜੂ ਪ੍ਰਤ ਹਰਖਾਇ ॥121॥

॥ ਚੌਪਈ ॥

ਭਾਈ ਰਾਜੂ ਚਿੰਤੁ ਨ ਕੀਜੈ ॥ ਵਾਹਿਗੁਰੂ ਸਿਮਰਨ ਮਨਿ ਦਿਜੈ ॥
ਸਤੁ ਸੰਤੋਖਿ ਵਿਖੇ ਚਿਤੁ ਧਾਰੋ ॥ ਅਵਰੁ ਕਾਮਨਾ ਦੂਰਿ ਨਿਵਾਰੋ ॥122॥
ਐਸੇ ਕਹਿ ਚਰਨੋਦਕ ਦੀਨੋ ॥ ਪਾਇ ਬਦਨ ਭਾ ਮਸਤ ਨਵੀਨੋ ॥
ਦੇਹੋ ਹੰਜਹ ਹੋਈ ਦੂਰੀ ॥ ਗੁਰ ਸੇਵਾ ਕੇ ਫਲੁ ਅਤ ਰੂਰੀ ॥123॥
ਊਚ ਥਾਨ ਮਹਿ ਜਾਇ ਥਿਰਾ ਹੈ ॥ ਜੀਵੋ ਈਸੂਰ ਹੋਇ ਮਿਲਾ ਹੈ ॥
ਕਰੁ ਸੇਵਾ ਗੁਰ ਕੀਨੋ ਮੇਲਾ ॥ ਯਾਤੇ ਨਾਮ ਭਯੋ ਅਰੁ ਬੇਲਾ ॥124॥
ਨਾਂ ਅਰੁ ਬੇਲ੍ਹਾ ਕਹੈ ਬੁਲਾਈ ॥ ਰਾਜੂ ਨਾਮ ਨਾ ਕੋਇ ਅਲਾਈ ॥
ਭਾ ਅਲਮਸਤੁ ਦੇਹੁ ਸੁਧ ਭੂਲੀ ॥ ਆਪਨਿ ਆਪ ਅਨੰਦ ਮਝੂਲੀ[3] ॥125॥

॥ ਦੋਹਰਾ ॥

ਹਥ ਦੁਤਾਰਾ ਧਾਰਿ ਕਰਿ ਗਾਵੈ ਸਬਦੁ ਰਸਾਲਿ ॥
ਜਿੰਦੜੀਏ ਹਰਿਨਾਮ ਭਜਿ ਫੇਰਿ ਨ ਖਾਈ ਕਾਲ ॥126॥
ਧਨੁ ਦਾਰਾ ਸੁਤ ਆਦਿ ਲੈ ਸਭ ਕੀ ਪ੍ਰੀਤ ਤਿਆਗੁ ॥
ਆਨਿ ਭਰੋਸੇ ਦੂਰਿ ਕਰਿ ਵਾਹਿਗੁਰੂ ਰਸਿ ਪਾਗ ॥127॥

॥ ਚੌਪਈ ॥

ਕਬਿ ਕਬਿ ਊਚੇ ਟੇਰਿ ਅਲਾਵੈ ॥ ਲੋਕਨ ਕੋ ਅਸ ਬਿਧ ਸਮਝਾਵੈ ॥
ਸਾਹਿਬ ਸਿੰਘ ਗੁਰ ਨਾਨਕ ਜਾਨੋ ॥ ਜਨਮ ਮਰਨ ਕੀਜੇ ਦੁਖ ਹਾਨੋ ॥128॥

॥ ਦੋਹਰਾ ॥

ਜੋ ਇਨ ਕੈ ਅਨੁਸਰ ਹ੍ਵੈ ਪਾਵੈ ਸੁਖ ਅਪਾਰ ॥
ਜੋ ਇਨ ਸੋ ਇਰਖਾ ਧਰੈ ਭੋਗੈ ਨੌਰ ਕਿ ਹਜਾਰ ॥129॥

1. ਅ ਪੋਥੀ ਪਾਠਾਤਰ: ਹੋ ਨਿਸਕਾਮ 2. ਅ ਪੋਥੀ ਪਾਠਾਂਤਰ: ਸੁ ਅੰਤਰਜਾਂਮੀ 3. ਅ ਪੋਥੀ ਮਸੂਲੀ 4. ਅ ਪੋਥੀ ਰਸਾਲਾ 5. ੲ ਪੋਥੀ ਰੂਪ

॥ ਚੌਪਈ ॥

ਤਾਂਤੇ ਸਭ ਹੀ ਇਨ ਕੋ ਸੇਵੋ ॥ ਕਰਿ ਸੇਵਾ ਜੋ ਚਾਹੋ ਲੇਵੋ ॥
ਹਰੀ ਬਖਸ ਬਸ ਊਨੇ ਮਾਂਹੀ ॥ ਬਾਢੀ ਜਾਤ ਚਰਨ ਗੁਰ ਚਾਹੀ ॥130॥
ਬਹੁ ਕੀਲੇ ਤੁਮ ਕਰੋ ਤਿਯਾਰੁ ॥ ਗੁਰ ਕੇ ਹਯ ਗਯ ਹੋਇ ਅਪਾਰ ॥
ਦਿਨ ਦਿਨ ਗੁਰ ਕੋ ਬਧੇ ਪ੍ਰਤਾਪ ॥ ਜੋ ਸੇਵੇ ਤਿਸੁ ਖਾਪੇ ਪਾਪ ॥131॥
ਹੋਵੈਂ ਊਨਾਂ ਬਡੋ ਨਗੀਨਾ ॥ ਦਿਨੁ ਦਿਨੁ ਬਾਢੇ ਛਬਿ ਜਿਸ ਦੂਨਾ ॥
ਕੇਤੰ ਝੂਲੈ ਜਹ ਦਰਬਾਰ ॥ ਨੌਬਤਿ ਬਾਜੈ ਸਾਂਝ ਸਕਾਰ ॥132॥
ਕੋਟਿ ਸੂਬੇਸੁਰ ਉਚੈਂ ਰਾਜੇ ॥ ਈਟ ਕਲੀ ਚੂੰਨੇ ਕਰ ਸਾਜੈ ॥
ਕਾਰੀਗਰ ਚਿਣ ਭੀਤ ਬਨਾਵੈ ॥ ਊਚ ਪੌਰਸੁ ਦ੍ਰਿਸਟੀ ਆਵੈ ॥133॥

॥ ਦੋਹਰਾ ॥

ਬਾਗ ਤੜਾਗ ਸੁ ਸਦਨ ਬਹੁ ਸੋਭੈ ਨਗਰ ਮੰਝਾਰ ॥
ਸੰਗਤਿ ਆਵੈ ਬਹੁਤ ਹੀ ਲੰਗਰੁ ਹੋਹਿ ਅਪਾਰ ॥134॥

॥ ਚੌਪਈ ॥

ਐਸੇ ਕਹਿ ਕਰਿ ਉਚ ਸੁਨਾਵੈ ॥ ਨਾਤਰ ਮਗਨ ਰਹੈ ਗੁਨ ਗਾਵੈ ॥
ਐਸੇ ਹੀ ਚਿਰ ਕਾਲੁ ਬਿਤਾਵਾ ॥ ਬਪ ਤਿਯਾਗ ਗੁਰ ਨਾਨਕ ਪਾਵਾ ॥135॥
ਸੁਭ ਅਰੁ ਬੇਲੇ ਕੀ ਗਥਿ ਗਾਈ ॥ ਪਢਤ ਸੁਨਤ ਮਨ ਸ਼ਾਂਤ ਬਸਾਈ ॥
ਸਤਿਗੁਰ ਸਾਹਿਬ ਬਹੁਤ ਉਧਾਰੇ ॥ ਕੌਨ ਗਿਨੇ ਨਹਿ ਪਾਰਾਵਾਰੇ ॥131॥
ਤੁਰਕਨ ਨੇ ਬਹੁ ਪਾਵਾ ਜੋਰ ॥ ਹਿੰਦੂ ਭਾਜੈ ਪਰਸਤ ਓਰ ॥
ਏਕ ਮਿਆਣੀ ਦ੍ਵਾਬੇ ਹਏ ॥ ਤਾਂਤੇ ਖਤ੍ਰੀ ਭਾਜ ਸਿਧਏ ॥137॥
ਊਨੇ ਮੋ ਤਿਨ ਥਿਰਤਾ ਲੀਨੀ ॥ ਜਾ ਹਜੂਰ ਬਹੁ ਬੰਦਨਿ ਕੀਨੀ ॥
ਕਮਲੁਨੈਨ[2] ਜਬ ਦੇਖਤ ਕੀਨਾ ॥ ਮਨ ਮੋ ਹਰਖੁ ਭਯੋ ਅਤ ਪੀਨਾ ॥138॥

**(ਬਾਬਾ ਸਾਹਿਬ ਸਿੰਘ ਦੀ ਮੰਗਣੀ ਤੇ ਵਿਆਹ)**

॥ ਚੌਪਈ ॥

ਹਾਥ ਜੋਰਿ ਤਿਨ ਬੈਨ[3] ਬਖਾਨੀ ॥ ਸੁਨਿਯੇ ਬਾਬਾ ਸੁਭ ਗੁਨ ਖਾਨੀ ॥
ਸਭਰਵਾਲ ਹੈ ਗੋਤ ਹਮਾਰੇ ॥ ਖਤਰੀ ਜਾਤੁ ਸੇਵਕ ਥਾਰੇ ॥139॥
ਰਾਮ ਸਹਾਈ ਨਾਮ[4] ਜਾਨੋ ॥ ਇਕੁ ਬਾਲਾ ਗ੍ਰਹ ਹਮਰੇ ਮਾਨੋ ॥
ਸਹਿਬਜ਼ਾਦੇ ਦਾਸੀ ਕਰੋ ॥ ਮਨ ਕੀ ਇਛ ਅਬ ਪੂਰੀ ਕਰੋ[6] ॥140॥

---

1. ਮੂਲ ਪੋਥੀ ਜੋਨ ਸੋ 2. ਅ ਪੋਥੀ ਵਿਚ ਵਾਧੂ ਦੋਹਰਾ ਹੈ : 3. ਅ ਪੋਥੀ ਕਰਣੁਐਨ 4. ਅ ਪੋਥੀ ਬਿਨੈ 5. ਅ ਪੋਥੀ ਨਾਮੁਸ 6 ਅ ਪੋਥੀ ਧਰੋ

॥ ਚੌਪ ਈ ॥

ਗੁਰ ਤਾਯਾ ਜੋ ਧਰਮ ਸਿੰਘ ਬੋਲਤ ਭੇ ਤਿਨ ਨਾਲ ॥
ਕਹਾ ਰਹੋ ਕਿਯਾ ਨਾਮ ਤੁਮ ਕੌਨ ਸੁਗੋਤ ਬਿਸਾਲ ॥139॥

ਧਰਮ ਸਿੰਘ ਸੁਨ ਬਾਨੀ ਗਾਈ ॥ ਰਾਮੇ ਕੀ ਮਤੁ ਬਹੁਤ ਸਰਾਹੀ ॥
ਮਾਤ ਸਰੂਪਾ ਪਾਸ ਸਿਧਾਵੋ ॥ ਹਾਥ ਜੋਰੂ ਕਰਿ ਬਿਨੈ ਅਲਾਵੋ ॥141॥

॥ ਦੋਹਰਾ ॥

ਧਰਮ ਸਿੰਘ ਕੇ ਬੈਨ ਸੁਨਿ ਲੇ ਕਰ ਅਬਲਾ ਨਾਲ ॥
ਮਾਤ ਸਰੂਪਾ ਨਿਕਟ ਗੈ ਧਰ ਪਰ ਧਰਕੇ[1] ਭਾਲ ॥141॥

॥ ਚੌਪਈ ॥

ਕਰਿ ਬੰਦਨੁ ਅਰਦਾਸ ਉਚਾਰੀ ॥ ਹੈ ਤਨਜਾ ਮੋਮ ਸਦਨ ਮਝਾਰੀ ॥
ਚਾਹਤ ਕਰਯੋ ਗੁਰੂ ਕੀ ਦਾਸੀ ॥ ਦੀਨ ਜਾਨ ਜਿਨ ਠਾਨਹੁ ਹਾਸੀ ॥143॥
ਗੁਰ ਕੋ ਘਰ ਹੈ ਤਾਨ ਨਿਤਾਨਾ ॥ ਨਿਓਟਨ ਓਟ ਨਿਮਾਨਨਿ ਮਾਨਾ ॥
ਇਮ ਲਖ ਹੈ[2] ਹਠ ਧਾਰ ਬਖਾਨਾ ॥ ਕਿਤ ਲਘੁ ਹਮ ਕਿਤ ਗੁਰੂ ਮਹਾਨਾ ॥144॥
ਸੁਨ ਕਰ ਮਾਤਾ ਬਹੁ ਸਨਮਾਨੇ ॥ ਕਰ ਸਨਬੰਧ ਠੀਕ ਹਮ ਜਾਨੇਂ ॥
ਇਮ ਠਹਰਾਇ ਸਿਵਰ ਨਿਜ ਆਯੋ ॥ ਸੁਨ ਪਰਵਾਰ ਪਰਮੁ ਸੁਖ ਪਾਯੋ ॥145॥

॥ ਦੋਹਰਾ ॥

ਜਾਮ ਦਿਵਸ ਕੇ ਰਹੇ ਤੇ ਗੁਰੂ ਦਿਵਾਨੁ ਲਗਾਇ ॥
ਕੀਰਤਨੁ ਹੋਵਤਿ ਅਤਿ ਘਨਾ ਸਿਖਨ ਚਿਤ ਹਰਖਾਇ[3] ॥146॥
ਧਰਮ ਸਿੰਘ ਥੀ ਆਦਿ ਲੈ ਬੈਠੇ ਸਭਾ ਮਝਾਰ ॥
ਰਾਮਾ ਖਾਰਕ ਹਾਥ ਲੈ ਆਵਾ ਹਰਖੈ ਧਾਰ ॥147॥

॥ ਚੌਪਈ ॥

ਕਰ ਸੁਭ ਰੀਤੀ ਗੁਰ ਮੁਖਿ ਦੀਨੋ ॥ ਗੁਰ ਲੀਨੋ ਭਾ ਹਰਖੁ ਨਵੀਨੋ ॥
ਅੰਗੀਕਾਰ ਜਬਹਿ ਕਰ ਲਾਯੋ ॥ ਰਾਮਾ ਹਿਰਦੇ ਬਹੁ ਹਰਖਾ ਯੋ ॥148॥
ਨਿਕਟ ਮਾਤ ਕੇ ਅਧਕ ਬਧਾਈ ॥ ਦੇਤ ਤ੍ਰਿਯਾ ਪੁਰਾ ਕੀ ਸਮਦਾਈ ॥
ਸੁਬ ਰੀਤ ਕੇ ਮੰਗਲੁ ਸਾਜੇ ॥ ਲਘੁ ਦੁੰਦਭ ਕੀਨੋ ਬਤ ਬਾਜੇ ॥149॥
ਜਨਨੀ ਗਨ ਬਨਵਾਏ ਮੋਦਕ ॥ ਬਾਂਟ ਦੀਨ ਉਤਸਵ ਕਾ ਮੋਦਕ ॥
ਗਾਵਤ ਗੀਤ ਕੋਕਲਾ ਬੈਨੀ ॥ ਮਿਲੀ ਆਨ ਗਨ ਪੰਕਜ ਨੈਨੀ ॥150॥
ਮੰਗਤ ਜਨ ਗਨ ਦੇਖਨ ਕਰੇ ॥ ਮਾਤ ਅਨੰਦ ਬਿਲੰਦੈ ਧਰੇ ॥
ਸਾਦਰ ਧਨ ਸਭਹਿਨ ਕੋ ਦੇਤ ॥ ਭੀਰ ਭੂਰ ਭਰ ਰਹੀ ਨਿਕੇਤ ॥151॥

॥ ਦੋਹਰਾ ॥

ਤਬ ਰਾਮੇ ਕਰ ਜੋਰ ਕੈ ਗੁਰਮਾਤਾ ਪ੍ਰਤ ਗਾਇ ॥
ਸਾਹਾ ਸੁਖਦਾਈ ਅਬੈ ਲੇਵੋ ਬਯਾਹ ਕਰਾਇ ॥152॥

---

1. ਅ ਪੋਥੀ ਧਰ ਕਰ 2. ਅ ਪੋਥੀ ਮੇ 3. ੲ ਪੋਥੀ ਬਿਰਾਸਾਇ

॥ ਚੌਪਈ ॥

ਮਾਤ ਸਰੂਪੇ ਸੁੰਨ ਹਰਖਾਈ ॥ ਜਾਕੇ ਆਂਗਨ ਬਜੀ ਦਖਾਈ ॥
ਭਾਜੀ ਭੇਜੀ ਦੇਹਰੇ[1] ਆਦ ॥ ਆਏ ਬੇਦੀ ਸਹਿ ਮਿਰਜਾਦ ॥153॥
ਸਾਹਿਬ ਤਾਏ ਸਬ ਚਲ ਆਏ ॥ ਸੁਘੜ ਚੰਦ ਹਰਿ ਕੌਰ ਸੁਹਾਏ ॥
ਨਾਰੀ ਯੁਤ ਤੀਸਰ ਤਬ ਆਵਾ ॥ ਮਿਲ ਪਰਵਾਰ ਬਡੇ ਸੁਖ ਪਾਵਾ ॥154॥
ਔਰ ਸਿਖ ਜੋ ਗੁਰ ਕੇ ਪਯਾਰੇ ॥ ਆਇ ਮਿਲ ਕਰਿ [2]ਹਰਖੈ ਧਾਰੇ[2] ॥
ਊਨੇ ਤੇ ਸੌਗੂਨਾ ਹੋਵਾ ॥ ਸੋ ਜਾਨੈ ਜਿੰਨ ਨੈਨਨ ਜੋਵਾ ॥155॥
ਧਰਮ ਸਿੰਘ ਸਭ ਕੋ ਸਨਮਾਨੇ ॥ ਖਾਨ ਪਾਨ ਦੈ ਸਭ ਹਰਖਾਨੇ ॥
ਨਿਸ ਮਧੁ[3] ਮਿਲੀ ਚਾਰ ਗਨ ਨਾਰੀ ॥ ਹਾਸ ਬਿਲਾਸ ਕਰਤ ਦੈ ਤਾਰੀ ॥156॥
ਸ੍ਰੀ ਮਾਤਾ ਜੀ ਸਭ ਕੌ ਸਨਮਾਨੇ ॥ ਮੁਖ ਤੇ ਕੋਮਲ ਬੈਨ ਬਖਾਨੈ ॥
ਆਜੁ ਦਿਵਸੁ ਪਰ ਮੈਂ ਬਲਿਹਾਰੀ ॥ ਸੁਤ ਦਾਸੀ[4] ਹਿਤ ਹਰਖਤ ਨਾਰੀ ॥157॥
ਤਬ ਮੰਗਵਾਇ ਘਨੇ ਮਿਸਟਾਨਾ ॥ [5]ਬੰਨਵਾਇ ਕਰ[5] ਅਨੰਦ ਮਹਾਨਾ ॥
ਭਈ ਪ੍ਰਾਤ ਪੁਨ ਹਿਤ ਸਭ ਹੀ ਕਾ ॥ ਉਮ ਕਿਤ[6] ਭਯੋ ਹਰਖੁ ਸਭ ਹੀ ਕਾ ॥153॥
ਨਾਰ ਸੁਹਾਗਿ ਬ੍ਰਿੰਦ ਹਕਾਰੀ ॥ ਬਸਨ ਬਿਭੂਖਨ ਅੰਗ ਸੁਧਾਰੀ ॥
ਮੰਗਲ ਮੂਲ ਧਰਾ ਇਸ ਢੋਲੂ ॥ ਬਾਜਨਿ ਲਗਯੋ ਗਾਇ ਸੁਠ ਬੋਲੂ ॥159॥
ਲਘੁ ਨਿਸਾਨ ਅਰੁ ਬਜੀ ਨਫੀਰੇਂ ॥ ਪਹਰੈ ਚੀਰ ਨਵੀਨ ਸਰੀਰੈ ॥
ਕੋਕਲ ਕੰਠੀ ਮਿਲ ਮਿਲ ਟੋਲੀ ॥ ਉਮਗ ਅਨੰਦ ਬਧਾਈ ਬੋਲੀ ॥160॥
ਮਾਨ ਸੋ ਗੁਨ ਸੀਸ ਚਢਾਵਤ ॥ ਮਾਤ ਅਨੰਦ ਕਹਯੋ ਨਹਿ ਜਾਵਤਿ ॥
ਬਾਦਤਿ ਬਜਤਿ ਸ੍ਰਵਨ ਸਭਿ ਪੂਰਾ ॥ ਜਹ ਕਰ ਉਤਸਵ ਮਾਂਚਯੋ ਰੂਰਾ ॥161॥
ਸੁਪ੍ਰਸੰਨ[7] ਮਾਤਾ ਮਨ ਹੋਈ ॥ ਦੇਤਿ ਭਈ ਜਾ ਚਿਤ ਜੋ ਕੋਈ ॥
ਸੁਤ ਪਰ ਕਰੇ ਵਾਰਨੇ ਘਨੇ ॥ ਹੇਰਤ ਰਿਦਾ ਪ੍ਰੇਮ ਕੇ ਸਨੇ ॥162॥
ਲੌਕਕ ਬੇਦ ਕਹੀ ਕਹਾਈ ॥ ਪੁੰਨ ਗ੍ਰਹ ਗਮਨੇ ਗੁਰ ਗੋਸਾਂਈ ॥
ਤਯਾਰੀ ਸਾਂਰੀ[8] ਵਸਤੂ ਕਰੈ ॥ ਘ੍ਰਿਤ ਮਿਸਟਾਨ ਆਨ ਗਨ ਧਰੈ ॥

॥ ਦੋਹਰਾ ॥

ਦਿਵਸ ਬਿਯਾਹ ਕੋ ਆਇਗੋ ਤਯਾਰੀ ਸਕਲ ਕਰਾਇ ॥
ਸਾਜੀ ਸਕਲ ਬਰਾਤ ਤਬ ਦੇ ਪੋਸ[9] ਸਿਰੁ ਪਾਇ ॥164॥

॥ ਪਾਧੜੀ ਛੰਦੁ ॥

ਗੁਰ ਮਾਤ ਰਿਦੇ ਅਨੰਦ ਧਾਰਿ ॥ ਸਤਿਗੁਰ ਪੁਤੁ ਕੌ ਢਿਗ ਹਕਾਰ ॥
ਚੰਦਨ ਚਾਰ ਚੋਰੀ[10] ਡਸਾਇ ॥ ਮਧੁ ਅਜਰ ਮਹਦ[11] ਦੀਨੇ ਬੈਠਾਇ ॥165॥

---

1. ਅ ਪੋਥੀ ਡਹਰੇ 2. ਅ ਪੋਥੀ ਪਾਠਾਂਤਰ: ਹਰਖੁ ਸੁ ਧਾਰੇ 3. ਅ ਪੋਥੀ ਨਿਸ ਮੇ 4. ਅ ਪੋਥੀ ਸਾਚੀ
5. ਅ ਪੋਥੀ ਪਾਠਾਂਤਰ: ਬੰਦਿਨ ਕਰਾ 6. ਅ ਪੋਥੀ ਕਿ 7. ਅ ਪੋਥੀ ਸੁਨ ਪ੍ਰਸੰਨ 8. ਅ ਪੋਥੀ ਸੀਰੀ
9. ਅ ਪੋਥੀ ਪੋਸਸਿ 10 ਅ ਪੋਥੀ ਚੋਕੀ 11. ਅ ਪੋਥੀ ਮਹਿ

ਬਰ ਨਾਰ ਸੁਹਾਗਣਿ ਗੀਤ ਗਾਇ ॥ ਚਹੁ ਦਿਸਨ[1] ਆਇ ਪਰਵਾਰ ਪਾਇ ॥
ਮਰਦਣ ਕਰੰਤ ਬਟਣੋ ਸਰੀਰ ॥ ਜਿਸ ਮਹਿ ਸੁਗੰਧ ਮਹਿਕਤ ਗਹੀਰ ॥166॥
ਸਭ ਅੰਗ ਰੁਚਿ ਮਰਦਯੋ ਬਨਾਇ ॥ ਭੁਜ ਦੰਡ ਗਹੇ ਗਜ ਸੁੰਡ ਭਾਇ ॥
ਪੁਨ ਲਾਇ[2] ਨੀਰ ਨੀਕੇ ਸਨਾਨ ॥ ਮੁਖ ਚੰਦ ਪਖਾਰਯੋ ਰੁਚਰ ਠਾਨ ॥167॥

॥ ਚੌਪਈ ॥

ਪ੍ਰੋਹਿਤ ਮਾਲੀ ਰੀਤ ਕਰਾਈ ॥ ਸਾਲੂ ਊਪਰਿ ਦੀਨ ਉਢਾਈ ॥
ਪਾਦ ਪਦਮ ਮੋ ਪਊਏ ਪਾਏ ॥ ਫਾਹੁੜੀ ਝੋਲੀ ਹਾਥ ਗਹਾਏ ॥168॥
ਸੁਠ[3] ਮ੍ਰਿਗਾਂਨ ਤਨ ਉਪਰ ਲੀਨਾ ॥ ਭਾਵ ਰਾਮ ਮਨ ਮੋ ਅਤ ਪੀਨਾ ॥
ਮਸਤਕ ਲਾਲੀ ਭਈ ਅਪਾਰਾ ॥ ਬਾਲ ਰਵੀ ਜਿਮ ਕਰ ਉਜਿਆਰਾ ॥169॥
ਸ੍ਰੀ ਸੁ ਚੰਦ ਮਾਨੋ ਫਿਰ ਆਏ ॥ ਨੈਨਨਿ ਜੋਤਿ ਭਈ ਅਧਿਕਾਇ ॥
ਸਦਨ ਤਿਯਾਗਨ ਜਬ ਗੁਰ ਕੀਨਾ ॥ ਤਾਏ ਕਰਮੋ ਕਰ ਗਹਿ ਲੀਨਾ ॥170॥
ਕਰ ਬਹੁ ਯਤਨ ਲੀਨ ਬੈਠਾਈ ॥ ਝੋਲੀ ਮੋ ਤਬ ਮੁਹਰਾਂ ਪਾਈ ॥
ਔਰੁ ਜਿਤੇ ਥੇ ਬੇਦੀ ਆਏ ॥ ਜੋ ਹੈ ਰੀਤੀ ਸਭ ਕਰਵਾਏ ॥171॥

॥ ਧਾਧੜੀ ਛੰਦੁ ॥

ਪਟ ਪੀਤ ਪਹਰ ਕਰ ਸਕਲ ਅੰਗ ॥ ਕਰ ਸੋਭ ਕੰਗਨਾ ਸਗਨ ਸੰਗੁ ॥
ਸੁਭ ਬਸਤ੍ਰ ਬਿਭੂਖਨ ਚਾਰ ਧਾਰ ॥ ਪਗ ਪੀਤ ਸੀਸ਼ ਪਰ ਦੁਤਿ ਉਦਾਰ ॥172॥
ਤਿਸ ਪਰ ਸੁ ਜਿਗਾ ਬਹੁ ਚਮਕਵੰਤ ॥ ਮੁਕਤਾ ਸੁ ਮੋਲ ਹੀਰਨ ਜਰੰਤ ॥
ਸਬਜੇ ਬਿਲੰਦ ਆਤ ਸੇ ਸੁਹਾਇ ॥ ਲਰਕੰਤ ਪੰਕਤਿ ਦੁਤਿ ਬਨਾਇ ॥173॥
ਕਲਗੀ ਉਤੰਗ ਜਿਸੁ ਜਗਤਿ ਜੋਤਿ ॥ ਮੁਕਤਾਨ ਗੁਛ ਹੀਰਨ ਉਦੋਤਿ ॥
ਮੁਖ ਮੰਡਲ ਚੰਦ ਮਨਿੰਦ ਚਾਰ ॥ ਬਿਚ ਸੁਧਾ ਬਾਕ ਮਾਧਰ ਅਗਾਰ ॥174॥
ਹਾਟਕ ਜਰਾਵ ਕਰ ਕਟਕ[4] ਪਾਇ ॥ ਛਬਿ ਛਾਪ ਛਲਾ ਇਨ ਸੂਛ ਛਾਇ ॥
ਗਰ ਮੋਤਿ ਹਾਰ ਬਹੁ ਸੋਭ ਦੇਤ ॥ ਪਟ ਪੀਤ ਪਹਰੇ ਦੁਤਿ ਪਰਮ ਲੇਤ ॥175॥

॥ ਦੋਹਰਾ ॥

ਜੇਵਰੁ ਜੇਵਰ ਜੇਬ ਜਿਨ, ਜਬਰ ਜਵਾਹਰ ਜੋਤਿ ॥
ਜੇਕਰ[5] ਜਰਾਇ ਨਜ਼ਾਬੁ ਨਦ ਪਹਰੇ ਸੋ ਉਦੋਤਿ ॥176॥
ਮਾਲੀ ਪ੍ਰੋਹਤ ਆਦ ਦ੍ਵਿਜ ਧਰਮ ਸਿੰਘ ਥੀ ਆਦਿ ॥
ਸੇਰੇ ਬਾਂਧੇ ਮਾਥ ਪਰ ਕ੍ਰਕੇ ਕੁਲ ਮਿਰਜਾਦ ॥177॥
ਨਯੋਦਾ ਪਾਵਾ ਸਭਨ ਨੇ ਭੁਰ ਗੇ ਥਾਲ ਅਪਾਰ ॥
ਸਰਬ[6] ਨਿਛਾਵਰ ਕਰਤ ਹੈ ਅਪਨੋ ਬਿਤੰ ਬਿਸਾਰ ॥178॥

---

1. ੲ ਪੋਥੀ ਵਿਸਾ ਤੇ 2. ੲ ਪੋਥੀ ਲਯਾਇ 3. ਅ ਪੋਥੀ ਸੁਨ 4. ਅ ਪੋਥੀ ਕੜਕ 5. ਅ ਪੋਥੀ ਜਰੇ 6. ਅ ਪੋਥੀ ਸਭ

ਮਾਤਾ ਕੇ ਮਨੁ ਬਹੁਤੁ ਅਨੰਦੂ ॥ ਜਿਹ[1] ਗ੍ਰਿਹਿ ਸੋਭਤਿ ਸੁਖ-ਮਾਕੰਦੂ ॥
ਬਾਜਤਿ ਬਾਜੇ ਵਾਰ ਨ ਪਾਰੀ ॥ ਰਾਗ ਰਾਗਨੀ ਮਿਲੀ ਅਪਾਰੀ ॥179॥
ਜਾਂਞੀ ਬਨੁ ਬਨੁ ਭੇ ਇਕ ਠਾਇ ॥ ਵਾਹਨ ਅਪਨੇ ਲੀਨ ਸਜਾਇ ॥
ਬੇਦੀ ਕੁਲ ਕੀ ਮਿਲੀ ਬਧੂਟੀ ॥ ਜਿਨਿ ਜਗੁ ਸੋਭਾ ਲੀਨੀ ਲੂਟੀ[2] ॥180॥

॥ ਪਾਧਰੀ ਛੰਦੁ ॥

ਬਹੁ ਬਾਰ ਬਾਰੁ ਗਵੰਤ ਗੀਤ ॥ ਜਿਨ ਕੰਠ ਕੋਕਲਾ ਮੁਦਤ ਚੀਤ ॥
ਬਲਿਹਾਰ ਹੋਤ ਗੁਰ ਪਿਖ ਸਰੂਪ ॥ ਉਮ ਕੰਤ ਹੀਯ ਲਖ ਕਰ ਅਨੂਪ ॥181॥
ਕੁਲ ਰੀਤ ਕੀਨ ਗੁਰ ਵਹਿਰ ਆਇ ॥ ਥਿਰ ਭਏ ਪੌਰੁ ਸੁੰਦਰ ਸੁਹਾਇ ॥
ਤਬ ਹਨੇ ਦੰਡ ਧੌਂਸਾ ਧੁੰਕਾਰ ॥ ਡਰ ਪਣਵ[3] ਧਟਹ ਧੁਨਿ ਭੀ ਉਦਾਰ ॥182॥
ਝੁਰਰੀ ਨਫੀਰ ਛੈਣੇ ਬਜੰਤ ॥ ਗੁਣ[4] ਢੋਲ ਬੰਸਰੀ ਰਵਿ ਉਠੰਤ ॥
ਗ੍ਰਿਹਿ ਅਰਕ ਬਹੁਤ ਬਾਜਤ ਨਿਸਾਨ ॥ ਕਛੁ ਕਹੀ ਬਾਤ ਸੁਨੀਏ ਨ ਕਾਨ ॥183॥
ਘੋੜੀ ਅਰੂਫ ਗੁਰ ਅਗ੍ਰ ਚਾਲ ॥ ਮੁਕਤਾਨ ਸੈਹਰਾ ਮੁਕਟ ਭਾਲ ॥
ਫਿਰਿ ਯੰਤ ਛਤ੍ਰ ਢੁਰਕੰਤ[5] ਚੌਰ[6] ॥ ਬਜਿਯੰਤ ਬਾਜਿ ਪਰਿਯੰਤ ਰੌਰ ॥184॥
ਘਰੁ ਪੌਰ ਪੌਰ ਪਰਨਰੁ ਨਭੀਰ ॥ ਕਉਤਕਿ ਬਿਲੋਕ ਲੋਭਤ ਸਧੀਰ ॥
ਚਢਿ ਚਪਲ ਚਾਰ ਬਾਜੀ ਕੁਦਾਇ ॥ ਜਿਨ ਜੀਨ[7] ਰਜਤ ਅਰੁ ਰੁਕਮ ਲਾਇ ॥185॥
ਛੂਟੇ ਨਿਸਾਨ ਫਰਹੇ[8] ਮਹਾਨ ॥ ਬਹੁ ਬਰਨ ਬਰਨ ਕੇਸੌ ਭਵਾਂਨ ॥
ਪਸਚਾਤ ਤਿਨਹ ਬਾਜੇ ਬਜੰਤ ॥ ਬਡੀ ਕਰਤ ਕੁਲਾਹਲ ਪਗ ਚਲੰਤ ॥186॥
ਦੂਲਹੁ ਸਹਾਇ ਤਿਨ ਕੇ ਪਿਛਾਰਿ ॥ ਸਿਰ ਛਤ੍ਰ ਚਮਰ ਢਰੁ ਬਾਰ ਬਾਰ ॥
ਨਰੁ ਨਾਰਿ ਪਿਖਤ[9] ਥਿਰ ਹੋਇ ਹੋਇ ॥ ਅਧਿਕ ਮੁਦਤਿ ਬਰ ਜੋਇ ਜੋਇ ॥187॥

॥ ਛੰਦ ॥

ਸ੍ਰੀ ਗੁਰ ਮਾਤ ਸਮੂਹ ਤੀਯ ॥ ਕਰ ਬਿਦਾ ਬ੍ਰਾਤ ਆਨੰਦ ਹੀਯ ॥
ਗਮਨੀ ਨਿਕੇਤ ਗਾਵੰਤ ਗੀਤ ॥ ਸੁਤ ਕੌ ਪ੍ਰਭਾਵ ਬਡ ਜਾਨ ਚੀਤ ॥188॥
ਗਮਨੀ ਬਰਾਤ ਬਡ ਧੂਮ ਧਾਮ ॥ ਬਡ ਉਠੀ ਧੂਰਿ ਰਹਿ ਦਿਵਸ ਜਾਮ ॥
ਇਕ ਦਿਸਾ ਬਜਤ ਬਾਜੈ ਉਦਾਰ ॥ ਇਕ ਦਿਸਾ ਗੀਤ ਸਨ ਗਾਇ ਨਾਰ ॥189॥
ਗਨ ਆਇ ਜੁ ਮੰਗਤ ਊਚ ਨੀਚ ॥ ਸਬ ਲਹੈਂ ਦਰਸ ਹੁਇ ਊਚ ਨੀਚ ॥
ਬਹੁ ਕਰਤ ਸੁਯਸ ਗੁਰਦਾਨ ਪਾਇ ॥ ਇਹ ਬਡੇ ਸਭਨ ਸਮ ਹੈ ਨ ਕਾਇ ॥190॥

॥ ਦੋਹਰਾ ॥

ਰਾਮਾ ਮਿਲਨੇ ਹੇਤਿ ਤਬ ਭਾਂ ਤਿਯਾਰ ਬਿਨੁ ਦੇਰ ॥
ਜਾਤੀ ਭਾਈ ਸਾਥ[10] ਲੇ ਗੁਰ ਪਰ ਪ੍ਰੀਤ ਘਨੇਰ ॥191॥

---

1. ਅ ਪੋਥੀ ਜਿਸ 2. ਅ ਪੋਥੀ ਲੂਨੀ 3. ਅ ਪੋਥੀ ਪਣਵਤ 4. ਅ ਪੋਥੀ ਗਣ 5. ਅ ਪੋਥੀ ਥਤ 6. ਅ ਪੋਥੀ ਚੌਰ 7. ਅ ਪੋਥੀ ਜਿਨ 8. ਅ ਪੋਥੀ ਫਰੇਰ 9. ੲ ਪੋਥੀ ਬਿਲੋਕਤ 10. ਅ ਪੋਥੀ ਨਾਲ

ਥਾਤੀ ਭਰ ਕਰ ਦਰਬ ਕੀ ਬਸਤੂ ਅਪਰ ਸੰਭਾਰਿ ॥
ਚਲੇ ਹੇਤਿ ਸਨਮਾਨ ਕੇ ਗੁਰ ਸਰਧਾ ਉਰਧਾਰਿ ॥192॥

॥ ਪਾਧੜੀ ਛੰਦੁ ॥

ਗਨ ਵਸਤ ਅਗ੍ਰ ਗੁਰ ਕੇ ਟਿਕਾਇ ॥ ਸਭ ਪਰੇ ਪਾਇ ਚਿੱਤ ਚਾਇ ਚਾਇ ॥
ਬਹੁ ਬਿਨੈ ਭਨੀ ਸਭ ਹਾਥ ਬੰਦ ॥ ਹਮ ਅਲਪ ਲਘੁ ਤੁਮ ਬਡ ਬਿਲੰਦ ॥193॥
ਨਿਜ ਦਾਸ ਜਾਨ ਪਤਿ ਲੇਹੁ ਰਾਖੁ ॥ ਕਰ ਕ੍ਰਿਪਾ ਕਰੀ ਪੂਰਨ ਭਿਲਾਖ[1] ॥
ਤਬ ਤਾਏ ਪ੍ਰੇਰੇ ਗੁਰ ਕ੍ਰਿਪਾਲ ॥ ਗੁਰ ਸਸੁਰ ਸਾਥ ਮਿਲ ਮੁਦ ਬਿਲਾਸ[2] ॥194॥
ਸੁਭ ਬਸਤ੍ਰ ਹਰਖ ਦੀਨਸ ਸੁਰੰਗ ॥ [3]ਗੁਰ ਮਿਲੇ ਜੁਗਲ[3] ਮਨ ਧਰਿ ਉਮੰਗ ॥
ਸਨਮਾਨ ਜਾਨ ਗੁਰ ਤਿਨਹੁ ਕੇਰ ॥ ਪਕਵਾਨ ਲੀਨ ਦਿਯ ਬਾਂਟ ਫੇਰ ॥195॥

॥ ਦੋਹਰਾ ॥

ਰਾਮਾ ਮਿਲਨੀ ਕਰ ਸੁਭਗ ਦੇਖ ਰੂਪ ਗੁਰ ਕੇਰ ॥
ਕਰੁ ਪ੍ਰਨਾਮ ਗ੍ਰਿਹ ਜਾਤ ਭੀ ਬਾਢੀ ਪ੍ਰੀਤ ਘਨੇਰ ॥196॥

॥ ਪਾਧੜੀ ਛੰਦੁ ॥

ਬਰਖੁਨ ਕ੍ਰਜਯੋ ਧਨੁ ਏਕ ਸਾਰ ॥ ਜਨ ਊਨਵ ਜਲਧਰ[4] ਜਲਤ ਡਾਰ[4] ॥
ਗਨ ਬਜਤ ਬਾਜ ਧਈ ਧੂਮ ਧਾਮ ॥ ਬਡਿ ਉਠੀ ਧੂਰ ਲਿਯ ਛਾਂਦ ਧਾਮ ॥197॥
ਚੜ ਕੇ ਉਤੰਗ ਨਰ ਨਾਰ ਹੇਰਿ ॥ ਕਹਿ ਬਚ ਬਰਾਤ ਆਈ ਬਡੇਰਿ ॥
ਕਰ ਰੰਕ[5] ਤ੍ਰਿਪਤ ਧਨ ਕੋ ਬ੍ਰਖਾਇ ॥ ਤਿਹ ਸਦਨ ਪੌਰ ਲਗ ਸਕਲ ਜਾਇ ॥198॥
ਸਭ ਹਟੇ ਬਹੁਰ ਰਨਵਾਸ[6] ਥਾਂਨ ॥ ਗੁਰ ਕਰੇ ਖਰੇ ਜਹ ਪੌਰ ਜਾਨ ॥
ਗਨ ਨਾਰ ਆਰਤੀ ਹਾਥ ਧਾਰਿ ॥ ਬਹੁ ਗਾਇ ਗੀਤ ਕਰ ਕਰ ਸੀਗਾਰੁ ॥199॥
ਘੋੜੀ ਸੁ ਤਯਾਗੁ ਉਤਰੁ ਅਲੋਇ ॥ ਚੌਕੀ ਡਸਾਇ ਤਿਸੁ ਪਰ ਖਲੋਇ[7] ॥
ਕਰੁ ਨਮੋ ਨਾਰ ਗੁਰ ਕੋ ਨਿਹਾਰੁ[8] ॥ ਤਬ ਕਰੀ ਆਰਤੀ ਭੁਜ ਪਸਾਰ ॥200॥
ਕੁਲ ਰੀਤ ਕਰੀ ਸਗਰੀ ਸੰਭਾਰੁ[9] ॥ ਅਸਵਾਰੁ ਹੋਏ ਬਹੁਰੋ ਕਿਰਪਾਰੁ[10] ॥
ਜੰਨੁ ਵਾਸ ਹੁਤੋ ਤਹ ਕਿਯ ਪਯਾਨ ॥ ਤੰਬੂ ਸੰਮਯਾਨ ਗਨ ਤਾਨ ਪਾਨ ॥201॥
ਦੀਰਘੁ ਸੁਹਾਇ ਜਿਨ ਅਨਿਕ ਰੰਗ ॥ ਰੇਸਮ ਸੁ ਡੋਰ ਲਾਗੇ ਉਤੰਗ ॥
ਗੁਰ ਹੇਤ ਬਹਰ ਤੰਬੂ ਲਗਾਇ ॥ ਤਹ ਬਰੇ ਜਾਇ ਸਤਿਗੁਰ ਸੁਹਾਇ ॥202॥

॥ ਦੋਹਰਾ ॥

ਬੀਚ ਚੰਦੋਆ ਚਾਨਣੀ ਤਾਨੇ ਰੇਸਮ ਡੋਰ ॥
ਲਗੀ ਕਨਾਤ ਬਨਾਤ ਕੀ ਜੁਤ ਮਖਮਲ ਚਹੁ ਓਰ ॥203॥
ਬੇਦੀ ਸ਼ਿਖ ਸ਼ੁਭ ਬੈਠਿਗੇ ਰਿਦ ਮੋ ਪ੍ਰੀਤੀ ਕਾਰ ॥
ਮਨਹੁ ਸੁ ਧਰਮਾ ਸੋਭਤੀ ਬਸਨ ਬਿਭੂਖਨ ਧਾਰ ॥204॥

---

1. ਮੂਲ ਪੋਥੀ ਭਿਲਾਪ 2. ਅ ਪੋਥੀ ਬਿਲਾਸ 3. ਅ ਪੋਥੀ ਪਾਠਾਂਤਰ: ਸਮਧੀ ਮਿਲੇ ਜੁਗ 4. ਅ ਪੋਥੀ ਪਾਠਾਂਤਰ : ਜਲਧ ਜਲ ਜਲਤ ਡਾਰ 5. ਮੂਲ ਪੋਥੀ ਰੰਗ 6. ਅ ਪੋਥੀ ਜਨਵਾ 7. ਅ ਪੋਥੀ ਖਰੋਇ 8. ਮੂਲ ਪੋਥੀ ਨਿਰਾਰ 9. ਅ ਪੋਥੀ ਸੰਭਾਲ 10. ਅ ਪੋਥੀ ਕ੍ਰਿਪਾਲ

॥ ਚੌਪਈ ॥

ਲਾਵਾ ਲੇਨਿ ਸਮੈ ਤਬ ਆਯਹੂ ॥ ਧੇਨ ਧੂਲ ਵੇਲਾ ਦਰਸਾਯਹੂ ॥
ਦਿਜ ਪਹੁਚਯੋ ਉਤ ਲਾਵਤ ਤਵੈ[1] ॥ ਗੁਰ ਸਮੇਤ ਜਹ ਬੈਠੇ ਸਬੈ ॥205॥
ਧਰਮ ਚੰਦ ਪ੍ਰਤਿ ਜਾਇ ਸੁਨਾਯੋ ॥ ਲਾਵ ਲੇਨਿ ਸਮਾ[2] ਵਰੁ ਆਯੋ[2] ॥
ਤਯਾਰੀ ਕਰਿ ਬੈਠੇ ਹਮ ਭਵਨੂ ॥ ਕਰੈ ਪ੍ਰਤੀ ਖਨ ਤੁਮ ਆਗਮਨੂ ॥206॥
ਜਬ ਜਨ ਵਾਸ ਬਿਖੇ ਸੁਧ ਪਾਈ ॥ ਹਨੇ ਡੰਕ ਸਬ ਬਾਜ ਬਧਾਈ ॥
ਲਘੁ ਦੁੰਦਭ ਬਡ ਧੌਸ ਧੁੰਕਾਰੀ ॥ ਤੁਰਰੀ ਮੁਰਲ ਨਫੀਰ ਸੰਭਾਰੀ ॥207॥
ਪਟਹ ਪਨ੍ਵ ਬਡ ਬਾਜ ਬਜਾਏ ॥ ਸੁਨਤ ਉਠੇ ਤਤ ਛਿਨੁ ਸਮਦਾਏ ॥
ਜਨੇਤ ਬਨੀ ਆਕਾਸ ਮਨਿੰਦ ॥ ਦੂਲਹੁ ਦਿਪਤਿ ਸਰਬ ਸੁਖ ਚੰਦ ॥208॥
ਬਾਦਤ ਬਾਜਤ ਚਲੇ ਅਗਾਰੀ ॥ ਕੀਰਤ ਭਾਟਨ ਕੀਬ ਉਚਾਰੀ ॥
ਆਤ੍ਰ ਪਤ੍ਰ ਜੂਲਹੁ ਸਿਰ ਫਿਰਹੀ ॥ ਚਮਰ ਚਾਰੰ ਬਹੁ ਬਾਰਹਿ ਢੁਰਹੀ[3] ॥209॥
ਮਹਦ ਕੁਲਾਹਲ ਸਬ ਮੈ ਹੋਵਾ ॥ ਜਹ ਤਹ ਮਾਨਖ ਬ੍ਰਿਦ ਖਰੋਵਾ ॥
ਜੂਲਤਿ ਮਤਾਬੀ ਛੁਟਤਿ ਹਵਾਈ ॥ ਚਢੀ ਗਗਨ ਪੁਨ ਹਟ ਕਰ ਆਈ ॥210॥
ਮਨਹੁ ਅਕਾਸ ਲੋਕ ਸੁਧ ਦੈ ਕੈ ॥ ਅਵਨੀ ਪਰ ਪਹੁੰਚੀ ਪੁਨ ਐ ਕੇ ॥
ਬਾਸਵ ਆਦਿ ਦੇਵ ਸਭ ਆਏ ॥ ਪ੍ਰਹਮ[4] ਗੁਰੂ ਪਰ ਦੀਨ ਬਜਾਏ ॥211॥

॥ ਦੋਹਰਾ ॥

ਦੇਵ ਬਧੂਟੀ ਆਤ ਭੀ[5] ਮਨ ਮਹਿ ਪ੍ਰੀਤੀ ਧਾਰੁ ॥
ਨਾਰਿ ਰੂਪ ਤਿਨ ਨੇ ਕਿਯੋ ਰਾਮੇ ਸਦਨ ਮਝਾਰੁ ॥212॥

॥ ਚੌਪਈ ॥

ਇਸ ਹਰਖਤ ਬਹੁ ਕਰਉ ਉਜਿਆਰਾ ॥ ਪਹੁਚੇ ਗੁਰ ਘਰੁ ਸਸੁਰ ਮਝਾਰਾ ॥
ਆਨ ਮਿਲੇ ਆਗੇ ਸਭ ਕੋਈ ॥ ਅੰਤਰੁ ਪ੍ਰਵਿਸੇ ਲੰ ਮੁਦ ਹੋਈ ॥213॥
ਜਹ ਸੁੰਦਰ ਬੇਦੀ ਰਚਿ ਰਾਖੀ ॥ ਗਨ ਨਰੁ ਨਾਰਿ ਬਿਲੋਕਨਿ ਕਾਖੀ ॥
ਸਾਦਰ ਸਗੰਰੇ ਕਰੇ ਬੈਠਾਵਨ ॥ ਬਿਪ੍ਰ ਉਚਾਰਤ ਮੰਤ੍ਰਿਨ ਪਾਵਨ ॥214॥
ਪੂਜਤ ਨਵ ਗ੍ਰਿਹ ਗਣਿ ਪਤਿ ਸਾਥ ॥ ਕਹੈ ਕ੍ਰਿਤ ਠਾਂਨਹਿ ਗੁਰ ਨਾਥ ॥
ਪੁਨ ਬੇਦੀ ਮਹਿ ਰਾਖਹੁ ਤਾਸਨਾ ॥ ਡਾਰਤ ਸਰਪੀ ਕੀ ਪ੍ਰਕਾਸਾਨਾ ॥215॥
ਤਬ ਦੁਲਹਨਿ ਲੇ ਨਿਕਟ ਬਠਾਈ ॥ ਜਥਾ ਜੋਗੁ ਸਬ ਬਿਧਿ ਕਰਵਾਈ ॥
ਗੀਠ ਜੋਰੁ ਕਰ ਲੀਨੇ ਫੇਰੇ ॥ ਪਾਨ ਗ੍ਰਹਣ ਕੀਨਸ ਤਿਨ[6] ਫੇਰੇ ॥216॥
ਮਿਲ ਸੁਰ ਬਧੂ ਕਰਹਿ ਛਲ ਵੇਸਾ ॥ ਸਦਨ[7] ਪ੍ਰਵੇਸੀ ਰੂਪ ਸੁ ਬੇਸਾ ॥
ਮਿਲ ਨਾਰਿਨ ਮਹਿ ਗੀਤਨ ਗਾਵਹਿ ॥
ਗੁਰ ਹਿਤ ਮੰਗਲ ਅਧਕ ਵ੍ਰਧਾਵਹਿ ॥127॥

---

1. ਅ ਪੋਥੀ ਤਤਬੈ 2. ਅ ਪੋਥੀ ਪਾਠਾਂਤਰ: ਸਮਾਮੋ ਆਯੋ 3. ਮੂਲ ਪੋਥੀ ਢੁਰਤੀ 4. ਅ ਪੋਥੀ ਸੁ ਗੁਰ
5. ਅ ਪੋਥੀ ਭਾਈ 6. ਅ ਪੋਥੀ ਤਿਸੁ ਬੇਰ 7. ਅ ਪੋਥੀ ਆਨਿ

ਕਰਤ ਅਪਨ ਪੌ ਸਫਲ ਬਿਸਾਲਾ ॥ ਨਹੀ ਪਛਾਨਿ ਪਰਹਿ ਕਿਸਿ ਬਾਲਾ ॥
ਸੁਰ ਨਰ ਬੇਖ ਧਾਰ ਸਮਦਾਏ ॥ ਮਿਲੈ ਆਨ ਬਹੁ ਸੇਵ ਕਮਾਏ ॥218॥
ਪ੍ਰੋਧਾ ਨੇ ਸੁਭਾ ਸਮਾਂ ਪਛਾਨਾਂ ॥ ਸਗੌਰੋ ਸੌਂਖੋ ਚਾਰ ਬਖਾਨ੍ਹਾ ॥
ਲੌਗ ਸੁ ਅਪਨੋ ਲੀਨਨ ਬੇਰੀ ॥ ਮਨ ਮੋ ਹਰੱਖਾ ਬਹੁਤਿ ਸੁ ਬੇਰੀ ॥219॥
ਇਮ ਲਾਵਾ ਲੇ ਕਰ ਜਸ ਸਾਜਾ ॥ ਬੀਚ ਬੇਦ ਨਾ ਉਠਯੋ ਸਮਾਜਾ ॥
ਪੁੰਜ ਮਸਾਲੈ ਜੂਲਤ ਅਗਾਰੀ ॥ ਝਾਰ ਮਤਾਬੀ ਜੁਤ ਫੁਲਵਾਰੀ ॥220॥

॥ ਦੋਹਰਾ ॥

ਬਾਜੇ ਬਹੁਤ ਬਜਾਵਤੇ ਆਏ ਚੱਲ ਜਨ ਵਾਸ ॥
ਕੱਛੁਕ ਕਾਲ ਬੈਠੰਤ ਭਏ ਹਰਖ਼ਤ ਕਰਤ ਬਿਲਾਸ ॥221॥

॥ ਚੌਪਈ ॥

ਹਿਤੁ ਅਹਾਰ ਕੇ ਬਹੁਰ ਹਕਾਰੇ ॥ ਸੁਨ ਗਮਨੇ ਅਨੰਦਤ੍ਰ ਸਾਰੇ ॥
ਜਾਤਿ ਬਰਾਤੰ[1] ਚਿਤ ਹਰਖੰਤੀ ॥ ਆਤਸ ਬਾਜੀ ਪੁੰਜ ਛੁਟੰਤੀ ॥222॥
ਹੁੜ੍ਹੇ ਬਰੂਦ ਭਰੇ ਗਜ ਘੋਰੇ ॥ ਇਤ ਉਤ ਚਲਤ ਬੇਗ ਤੇ ਦੌਰੇ ॥
ਚਾਰ ਝਾਰ ਛੁਟਤ ਫੁਲਵਾਈ ॥ ਚਰਖੀ ਫਿਰਤੀ ਉਠਤ ਹਵਾਈ ॥223॥
ਮਨਹੁ ਮਤਾਬੀ ਪਾਇ ਬਹਾਨਾ ॥ ਗੁਰ ਪ੍ਰਕਾਸ ਦਿਖ਼ਾਇ ਮਹਾਨਾ ॥
ਦੇਖਿ ਭਏ ਬਿਸਮੈ ਨਰ ਨਾਰੀ ॥ ਅਸਿ ਪ੍ਰਕਾਰੁ ਨਹਿ ਕਬਹੁ ਨਿਹਾਰੀ ॥224॥
ਮੰਦ ਮੰਦ ਚਲ ਕੇ ਸਭ ਗਏ ॥ ਪੌਰ ਆਇ ਸੇ ਮਿਲਤੇ ਭਏ ॥
ਮਾਦਰੁ ਅੰਦਰੁ ਜਾਇ ਬਠਾਰੇ ॥ ਸੁੰਦਰ ਕਰੁ ਪੰਕਤ ਇਕ ਸਾਰੇ ॥225॥
ਸੁਠ ਚੌਕੀ ਪਰ ਆਸਨ ਡਾਸਾ ॥ ਗੁਰ ਬੈਠੇ ਤਿਹ ਪਰ ਢਿਗ ਦਾਸਾ ॥
ਪਰੁਸਨਹਾਰ ਆਇ ਸਮਦਾਈ ॥ ਧਰੇ ਥਾਰ[2] ਸਭ ਕੇ ਅਗਵਾਈ ॥226॥
ਮੋਦਕ ਖੁਰਮੇ ਨੁਗਦੀ ਘਨੀ ॥ ਘੇਵਰ ਸਰਪੀ ਤਿਸ੍ਰਾ[3] ਸੁਸੁਨੀ ॥
ਸ੍ਵਾਦਿਲ ਮਹਾਂ ਅੰਮ੍ਰਿਤੀ ਦੀਨੈ ॥ ਮੇਵੇ ਬ੍ਰਿੰਦ ਮਿਲੌਨੀ ਕੀਨ੍ਹ ॥227॥
ਤੁਰਤ ਪਰੋਸਯੋ ਚਤੁਰਨ ਚਾਰੂ ॥ ਖਾਂਨ ਲਗੇ ਸਤਨਾਮ[4] ਉਚਾਰੂ ॥
ਨਾਰੀ ਗਾਤਿ ਗਾਰਿ ਬਿਚ ਗੀਤਿ ॥ ਸਭਨ ਸੁਨਾਵਤ ਸੁਦਰੁ ਰੀਤਿ ॥228॥
ਮਿਲੀ ਸੁਰ ਬਧੂ ਅਵਿਕ ਬ੍ਰਿੰਦੇ ॥ ਕੰਠ ਮਨੋਹਰ ਪਿਕ੍ਰ ਮਨਿੰਦੇ ॥
ਸੁਨਤ ਮੁਦੰਤ ਗੁਰ ਸਹਿਤ ਸਮਾਜਾ ॥ ਸਮੈ ਉਛਾਹ ਬਿਸਾਲ ਬਿਰਾਜਾ ॥229॥

॥ ਦੋਹਰਾ ॥

ਪੁਨਾ ਸੁਜਲ ਸੇ ਚੁਲੇ ਕਰ ਬਿਤ ਜੂਠੇ ਮੈ ਡਾਰ ॥
ਜੰਨ ਵਾਸੈ ਤੱਬ ਆਤ ਭੇ ਨਿਸ ਸੋਏ ਸੁਖ ਧਾਰ ॥230॥

1. ਅ ਪੋਥੀ ਪਾਠਾਂਤਰ: ਬਰਾਤਿ ਸੁਚਿਤ 2. ਅ ਪੋਥੀ ਥਾਲ 3. ਅ ਪੋਥੀ ਸਿਤ੍ਰਾ
4. ੲ ਪੋਥੀ ਸ੍ਰੀ ਗੁਰੂ

॥ ਚੌਪਈ ॥

ਭਾ ਭੁਨੁਸਾਰ ਤਬੈ ਸਭ ਜਾਗੇ ॥ ਵਾਹਗੁਰੂ ਮੁਖ ਉਚਰਨ ਲਾਗੇ ॥
ਬਾਜੇ ਬਾਜੈਂ ਸਹਸੋਂ ਰਾਗਾ ॥ ਸੁਨਿ ਸੁਨਿ ਸਭ ਕੇ ਮਨੁ ਅਨੁਰਾਗਾ ॥231॥

॥ ਹਾਲਕ ਛੰਦੁ ॥

ਗੁਰ ਉਠ ਕਰੁ ਸੋਚ ਸਨਾਨੇ ॥ ਸੁਭ ਬਸਤ੍ਰ ਪਹਿਰਬੋ ਠਾਨੇ ॥
ਪੀਤ ਪਾਗ ਨੀਕ ਸਿਰ ਸਹੀ ॥ ਬੰਧ ਜਿਗ੍ਹਾ ਜਰਾਵਤ ਰੋਹੀ ॥232॥
ਮਾਥੇ ਕਲਗੀ ਤੁੰਗ ਬਿਰਾਜੀ ॥ ਮੁਕਤਾਨ ਬਜ੍ਰ ਜੁਤਿ ਸਾਜੀ ॥
ਗਰ ਮੋਤਿਨ ਮਾਲ ਬਿਸਾਲਾ ॥ ਬਿਚ ਹੀਰੇ ਜਰੇ ਉਜਾਲਾ ॥233॥
ਨਵ ਰਤਨੇ ਅੰਗ ਦਪਾਏ ॥ ਜਨ ਨਛ੍ਰ ਗ੍ਰਿਹ ਭੁਜ ਲਪਟਾਏ ॥
ਪੁਨ ਕਾਂਧੇ[1] ਭਗੌਤੀ ਧਾਰੀ ॥ ਨਰੁ ਚਾਮਰ ਚਾਰ ਝੁਲਾਰੀ ॥234॥
ਕਰ ਨਾਨ ਸੁ ਬੇਦੀ ਆਏ ॥ ਤਬ ਸਭਾ ਲਗੀ ਅਧਕਾਏ ॥
ਨਟੂ ਕਲਾਂਵਤ ਮਾਸਾ ॥ ਤਹ ਹੋਵੰਨਿ ਲਾਗੋ ਹਾਸਾ ॥235॥
ਬਹੁ ਤਿਨ ਕੋ ਬਿਤ ਦਿਵਾਵਾ ॥ ਤਿਨ ਲੇ ਕਰ ਬਹੁ ਸੁਖ ਪਾਵਾ ॥
ਗਨ ਕੌਤਕ ਕਰਨੇਹਾਰੇ ॥ ਬਹੁ ਕਰੇ ਬਰਾਤਿ ਨਿਹਾਰੇ ॥236॥
ਹੁਇ ਤਯਾਰ ਅਹਾਰ ਹਕਾਰੇ ॥ ਗਨ ਬਾਦਿਤ ਬਜਿਤ ਪਧਾਰੇ ॥
ਰਮਨੀਕ ਥਾਨ ਬੈਠਾਏ ॥ ਕਰ ਫਰਸ ਭਲੇ ਸੁਧਰਾਏ ॥237॥
ਜਲੁ ਲੈ ਕਰ ਪਾਨ ਪਖਾਰੇ ॥ ਪੁਨ ਪਹੁਚਿ ਪਰੋਸਨਹਾਰੇ ॥
ਧਰੁ ਸਭਨ ਅਗਾਰੀ ਥਾਰਾ ॥ ਬਹੁ ਸਵਾਦਲ ਪਾਇ ਅਹਾਰਾ ॥238॥
ਜੋ ਸਪਤ ਬਿਧਨ ਪਕਵਾਨਾ ॥ ਬਰ ਮੇਵੇ ਮਿਲੇ ਮਹਾਨਾ ॥
ਦਧ ਸਾਥ ਬਿਸਾਲ ਮਸਾਲੇ ॥ ਗਨ ਬਰੇ ਪਕੌਰੇ ਡਾਲੇ ॥239॥
ਸਭ ਅਚਵਤ-ਸ੍ਵਾਦ[3] ਰਹੈਂ ॥ ਪੁਨਿ ਸੂਖਮ ਚਾਵਰ ਚਾਹੈਂ ॥
ਜੁਗ ਤੀਤਲ ਕੇ ਤਬ ਲਯਾਏ ॥ ਖਿਕ ਮਧਵ ਸਲਵਣ ਮਿਲਾਏ ॥240॥

॥ ਦੋਹਰਾ ॥

ਤੀਨ ਦਿਵਸ[4] ਅੜ ਹੋਤ ਭਾ ਭੋਜਨੁ ਬਹੁ ਪ੍ਰਕਾਰੁ ॥
ਮਨ ਅਚਰਜ ਮਤਿ ਮਾਨੀਓ ਜਹ ਗ੍ਰਹ ਗੇ ਕਰਤਾਰ ॥241॥

॥ ਹਾਕੁਲ ਛੰਦੁ ॥

ਦਿਜ ਅਗ੍ਰ ਆਇ ਤਬ ਭਾਖਾ ॥ ਸਭ ਤ੍ਰਿਯਨ ਕੀ ਅਭਲਾਖਾ ॥
ਗੁਰ ਦੂਲਹੁ ਇਤ ਚਲ ਆਵੈ ॥ ਕੁਲ ਰੀਤੀ[5] ਸਗਲ[5] ਮਨਾਵੈ ॥242॥
ਇਮ[6] ਕਹ ਕਰ ਤੇਹ ਲੇ ਚਾਲਾ ॥ ਜਹ ਮਿਲੀ ਏਕ ਥਲ ਬਾਲਾ ॥

---

1. ਅ ਪੋਥੀ ਗਰੇ 2. ਅ ਪੋਥੀ ਪਾਠਤਰ: ਕਹਾਰੇ ਪੋਖੀ 3. ਅ ਪੋਥੀ ਸਰਾਹੈ 4. ਅ ਪੋਥੀ ਦਿਨਸ
5. ਅ ਪੋਥੀ: ਪਾਠਾਂਤਰ ਰੀਤੀ ਤਬ ਸਗਨ 6. ਏ ਪੋਥੀ ਅਸ

ਹਸਿ ਗਾਇ ਅਨੰਦ ਬਿਲੰਦੇ ॥ ਦ੍ਰਿਗ ਦਲ ਅਰੁ ਬ੍ਰਿੰਦ ਮਨਿੰਦੇ ॥243॥

॥ ਸਵੈਯਾ ॥

ਦੇਹਿ ਸਰੂਪ ਵਿਸੇਖਹ ਦੂਲਹੁ ਆਨੰਦ ਤੇ ਬਤਰਾਵਤ ਹੈਂ ॥
ਸੁੰਦਰ ਅੰਗ ਪ੍ਰਲੰਬ ਭੁਜਾ ਅਰੁਬਿੰਦੁ ਬਿਲਚੋਨ ਭਾਵਤਿ ਹੈਂ ॥
ਕੋਚਿਤ ਜਾਨ ਗੁਰੂ ਮਨ ਮੈ ਕਰ ਪ੍ਰੇਮ ਸੁ ਸੀਸ ਝੁਕਾਵਤ ਹੈਂ ॥
ਹਾਸ ਬਿਲਾਸ ਪ੍ਰਕਾਸ ਕਰੈ ਇਕ ਪ੍ਰੇਮ ਭਰੀ ਬਲ ਜਾਵਤ ਹੈਂ ॥244॥

॥ ਚੌਪਈ ॥

ਪਿਖ ਗੁਰ ਮੂਰਤਿ ਮਨੁ ਬਿਗਸਾਵੈ ॥ ਪਾਦ ਪਦਮ ਪਰ ਬਲੁ ਬਲੁ ਜਾਵੈ ॥
ਜੋਰੀ ਮਿਲੀ ਸੁ ਬਹੁਤ ਅਨੂਪਾ ॥ ਸਤਿਗੁਰੂ ਮੇਲੀ ਸੁਖਮਾ ਰੂਪਾ ॥245॥
ਰਾਮੇ ਭਾਗ ਜਗੇ ਅਤ ਭਾਰੇ ॥ ਜਾ ਕੇ ਗ੍ਰਹਿ ਸਤਿਗੁਰ ਪਗ ਧਾਰੇ ॥
ਹਮਰੇ ਭਾਗਨ ਬਯੋਤ ਬਨਾਵਾ ॥ ਜਾਂਤੇ ਹਮ ਨੇ ਦਰਸਨ ਪਾਵਾ ॥246॥
ਸਭ ਯੁਵਤੀ ਮਿਲ ਗੁਰ ਯਸ ਗਾਵੈ ॥ ਫਲੁ ਮਨ ਬਾਂਛਤ ਗੁਰ ਤੇ ਪਾਵੈ ॥
ਕਮਲਨੈਨ ਗੁਰ ਦਿਨੁਕਰ ਰਾਈ ॥ ਜੁਵਤਨ ਕੇ ਕੰਜ ਨੈਨ ਖਿਰਾਈ ॥ 247॥

॥ ਸਵੈਯਾ ॥

ਸਾਸ ਤਬੈ ਬਡ ਭਾਗ ਭਰੀ ਨਿਜ ਅੰਕ ਬਠਾਇ ਸਨੇਹ ਮਹਾਨਾ ॥
ਸੀਸ ਪੈ ਹਾਥ ਕੋ ਫੇਰਿ ਸਰਾਹਤ ਡੀਠ ਲੇ ਲੱਗੇ ਨਹਿ ਭੈ ਮਨ ਮਾਨਾ ॥
ਸਾਰੀਯਾ ਸਾਰੀਯਾਂ ਹ੍ਵੈ ਬਲਿਹਾਰੀ ਔ[1] ਗਾਰੀਯਾ ਹਾਸ ਕਰੈ ਬਿਧ ਨਾਨਾ ॥
ਬੋਲਤਿ ਮਾਧੁਰ ਪ੍ਰੇਮ ਧਰੇ ਉਰ ਸ੍ਰੀ ਗੁਰ ਜੋਗ ਹੀ ਤਾਂਹਿ ਬਖਾਨਾ ॥248॥
ਯੋਂ ਮਿਲ ਕੈ ਸਭਿ ਸੋਂ ਸੁਭ ਰੀਤ ਬਿਲਾਸਤ ਹਾਸ ਕਰੇ ਮਨੁ ਭਾਏ ॥
ਜ੍ਹਾਨ ਸਮੇ ਨਿਕਸਤੇ[2] ਤੁਬਹੂ ਜਨ ਵਾਸ ਵਿਖੈ ਤਬ ਸ੍ਰੀ ਗੁਰ[3] ਆਏ ॥
ਸਭ ਹੋਏ ਖਰੇ ਤਬ ਬੈਠ ਗਏ ਜਬ ਸ੍ਰੀ ਗੁਰ ਕੋ ਤਿਨ ਸੀਸ ਨਿਵਾਏ ॥
ਹ੍ਵੈ ਪਰਵਾਰਤ ਉਡ ਥਿਰੇ ਜਨੁ ਬੀਚ ਸੰਪੂਰਨ ਚੰਦ ਸੁਹਾਏ ॥249॥

॥ ਦੋਹਰਾ ॥

ਰਾਮੇ ਨੇ ਤਾਯਾਰੀ ਕਰੀ ਡੋਲਾ ਤੋਰਨ ਹੇਤਿ ॥
ਦਾਜ ਸਮੂਹ ਤਿਯਾਰ ਕਰੁ ਚਾਂਹੇ ਬਿਦਾ ਕਰੇਤ ॥250॥

॥ ਸਵੈਯਾ ॥

ਸੰਦਰ ਆਨ ਤੁਰੰਗ ਦੋ ਇਕ ਭੂਖਨ ਪਾਇ ਬਿਸਾਲ ਸੁਜਾਏ ॥
ਰੇਸਮੀ ਚੀਰ ਸੁਰੰਗ ਤੇ ਛਾਦਤਿ ਦੇ ਕਵਿਕਾਂ ਮੁਖ ਮੈ ਤਬ ਲਯਾਏ ॥
ਯੋ ਸਭ ਤਯਾਰ ਕਰੀ ਵਸਤੂ ਇਕ ਥਾਨ ਸਕੇਲ ਧਰੀ ਸੁਮੁਦਾਏ ॥
ਡਾਸ ਪੂਰਕ ਪਠਾਇ ਦਯੋ ਦਿਜ ਸ੍ਰੀ ਗੁਰੂ ਜੀ ਤਤੁ ਕਾਲ ਬੁਲਾਏ ॥251॥

1. ਅ ਪੋਥੀ ਆ ਗਾਰੀਆ 2. ਅ ਪੋਥੀ ਨਿਕਸ 3. ੲ ਪੋਥੀ ਸਤਿਗੁਰੂ

ਬੇਦੀ ਸਮੂਹ ਮੈ ਬੈਠੇ ਹੁਤੇ ਪ੍ਰਭ ਤਿਆਰੀ ਸੁਨੀ ਜਬ ਹੇਤ ਬਿਦਾਈ ॥
ਬਾਦਿਤ ਬਾਜ ਉਠੇ ਤਤਕਾਲ ਹੀ ਮੁਖ ਬਾਤਨ ਦੇਵਤ ਤਾਹਿ ਸੁਨਾਈ ॥
ਆਪ ਉਠੇ ਮਹਾਰਾਜ ਗੁਰੂ ਨਿਜ ਸੰਗ ਸਭਾ ਕੋ ਲੀਏ ਸਮਦਾਈ ॥
ਜਾਇ ਨਿਵੇਸ ਪ੍ਰਵੇਸ ਭਏ ਸਿਰ ਨੰਮ੍ਰ ਅਸੇਸ ਉਠੇ ਅਗਵਾਈ ॥252॥
ਸਭ ਬੀਚ ਪ੍ਰਯੰਕ ਪੈ ਬੈਠ ਗਏ ਚਹੁ ਓਰ ਨਿਹਾਰਤ ਹੈ ਨਰੁ ਨਾਰੀ ॥
ਪੀਤ ਸੁ ਪਾਗ ਜਿਗਾ ਕਲਗੀ ਕਲ ਕੰਕਨ ਛਾਪ ਜਰੇ ਦੁਤਿਕਾਰੀ ॥
ਅਰੁਬਿੰਦ ਬਿਲੋਚਨਿ ਸੋਚ ਬਿਮੋਚਨ ਛੋਰ ਸਕੋਚ ਪਿਖੈ ਮਹਤਾਰੀ ॥
ਗਨ ਆਨ ਬਿਭੂਖਨ ਥਾਰ ਧਰੇ ਬਹੁ ਬਾਸਨ ਕੋ ਧਰਿ ਕੀਨਸ ਤਯਾਰੀ ॥
ਭਾਟ ਨੇ ਦਾਇਜ ਪੁੰਨ[1] ਗਿਨਯੋ ਧਨ ਅੰਬਰੁ ਹੈ ਬਹੁ ਮੋਲਨ ਕੇ ॥
ਆਨ ਬਨਾਈ ਤਬੈ ਦੂਲਹੀ ਬਹੁ ਰੰਗੁ ਸੁਹਾਵਿਨਿ ਲੋਚਨ ਕੇ ॥
ਅੰਜਨ ਕੋ ਭਰ ਛੋਰਤ ਭਾ ਅਨੁਸਾਰ ਭਯੋ ਦਿਜ ਬੋਲਨ ਕੇ ॥
ਗੁਲਾਬ ਸੁ ਦੇਈ[2] ਭਾਗ ਬਿਲੰਦ ਮਨਿੰਦ ਕਹੈ ਕਿਹ ਤੋਲਨ ਕੇ ॥254॥

॥ ਚੌਪਈ ॥

ਬਿਦਾ ਸੁ ਹੋਤ ਭਏ ਗੁਰ ਪੂਰੇ ॥ ਚਾਲੇ ਸਦਨੰ ਸੁਭ ਗੁਣ ਰੂਰੇ ॥
ਡੋਲਾ ਆਗੇ ਕੀਨ ਬਡਾਈ ॥ ਪਾਛੇ ਚਲੰਤ ਭਏ ਸਮਦਾਈ ॥255॥
ਊਪਰ ਬਿਤ ਬਹੁ ਵਾਰਨ[3] ਕੀਨਾ ॥ ਲੇ ਜਾਚਕ ਮਨੁ ਹਰਖ ਨਵੀਨਾ ॥
ਭਾਟ ਕਲਾਵੰਤ ਨਟ ਸਮੁਦਾਈ ॥ ਲੇ ਲੇ ਬਿਤ ਭਏ ਹਰਖਾਈ ॥256॥
ਦੇਵ ਬਧੂਟੀ ਲੇ ਨਿਜ ਸਾਥਾ ॥ ਗੇ ਨਿਜ ਭਵਨੰ ਆਨੰਦ ਸਾਖਾ ॥
ਬਾਜ ਬਜਾਵਤ ਭਵਨੰ ਆਏ ॥ ਮਾਤਾ ਅਗ੍ਰ ਮਿਲੀ ਸੁਖ ਪਾਏ ॥257॥
ਕਲਿਧਾਰੀ ਬਧੂ ਪ੍ਰਥਮ ਲੇ ਗਈ ॥ ਦਿਪਤਿ ਮਾਥ ਟਿਕਾਵਤ ਭਈ ॥
ਬਾਏ ਪ੍ਰਸਾਦਿ ਸਦਨ ਲਿਆਈ ॥ ਆਂਗਨ ਮੋ ਬਹੁ ਬਜੀ ਬਧਾਈ ॥258॥

॥ ਦੋਹਰਾ ॥

ਜੋ ਕੁਲ ਰੀਤ ਸੁ ਸਭੁ ਕਰੀ ਮਨ ਮੈ ਪ੍ਰੀਤ[4] ਬਢਾਇ ॥
ਕੰਗਨਾ ਛੋਰਨ ਤਬ ਕਰਾ ਸਭ ਨਾਰੀ ਹਰਖਾਇ ॥259॥

॥ ਚੌਪਈ ॥

ਪ੍ਰੋਧਾ ਆਦਿ ਬਿਪ੍ਰ ਸਮੁਦਾਈ ॥ ਦਾਨ ਮਾਨ ਦੈ ਬਿਦਾ ਕਰ ਈ ॥
ਬੇਦੀ ਸਾਹਿਬ ਮੇਲਿ ਜੁ ਆਏ ॥ ਸਭ ਕੋ ਬਿਦਾ ਕੀਨ ਹਰਖਾਏ, ॥260॥
ਦਾਸੀ ਦਾਸ ਓਰ ਸੋ ਜੇਤੇ ॥ ਦੀਏ ਚੈਲ ਸੋ ਹਰਖਤ ਤੇਤੇ ॥
ਬਯਾਹ ਕਥਾ ਇਹੁ ਅਤ ਸੇ ਰੂਰੀ ॥ ਜੋ ਸੁਨ ਪਠੈ ਤਿਸੈ ਅਘ ਚੂਰੀ ॥261॥

---

1. ਅ ਪੋਥੀ ਪੁੰਜ 2. ਅ ਪੋਥੀ ਦੇਈਕੇ 3. ਅ ਪੋਥੀ ਵਾਂਚਨੇ 4. ੲ ਹਰਖ

ਸ੍ਰੀ ਗੁਰ ਗਾਥਾ ਕਾਮਦ ਗਾਈ ।। ਗੁਰ ਸਿਖਨ ਕੇ ਜੋਗ ਬਨਾਈ ।।
ਪੂਤ ਬਿਤ ਨੁਤ ਸਭ ਦੇਵਨਹਾਰੀ ।। ਜੇ ਕੋ ਸ੍ਰਵਣ ਕਰੇ ਇਕ ਬਾਰੀ ।।262।।
ਆਗਲ ਚਰਿਤ੍ਰ ਸੁਨੋ ਮਨੁ ਲਾਈ ।। ਜੋ ਗੁਰ ਕੀਨ ਸੰਤ ਸੁਖਦਾਈ ।।
ਰਾਮ ਸਸੁਰ ਗੁਰੂ ਕਾ ਆਵਾ ।। ਪਾਨ ਜੋਰ ਕਰ ਸੀਸ ਨਿਵਾਵਾ ।।263।।

(ਬਾਬਾ ਸਾਹਿਬ ਸਿੰਘ ਦਾ ਸੱਸ ਸਹੁਰੇ ਨੂੰ ਉਪਦੇਸ਼)

।। ਦੋਹਰਾ ।।

ਪ੍ਰਭੁ ਜੀ ਮੋ ਪਰ ਦਯਾ ਕਰ ਦੀਜੈ ਨਾਮ ਦ੍ਰਿੜਾਇ ।।
ਜਨਮ ਮਰਨ ਮੁਹਿ ਮੇਟੀਏ ਸੁਖਦਾਈ ਹਰਿ ਰਾਇ ।।264।।

।। ਚੌਪਈ ।।

ਜਬ ਦੰਪਤਿ ਮਿਲ ਅਰਜੀ ਕੀਨੀ ।। ਕੋਮਲ ਬੰਦਨ ਸੁਧਾ[1] ਸਰਧਾ ਚੀਨੀ ।।
ਕਹਤ ਭਏ ਸੁਨੀਏ ਮਨੁ ਲਾਈ ।। ਜਾਂਤੇ ਤੁਮਰਾ ਸੰਸਾ ਜਾਈ ।।265।।
ਸੰਤਨ ਸੇਵਾ ਹਰਖੰ ਕੀਜੈ ।। ਵਾਹਿਗੁਰੂ ਸਦ ਨਾਮ ਜਪੀਜੈ ।।
ਉਠਤ ਬੈਠਤ ਚਲਤ ਧਯਾਵੋ[2] ।। ਜਾਹਿ ਜਪੇ ਫਿਰ ਜੋਨ ਨ ਆਵੋ ।।266।।
ਗੁਰੂ ਗ੍ਰੰਥ ਮੋ ਗੁਰੂ ਬਖਾਨਾ ।। ਨਾਮੁ ਪ੍ਰਤਾਪੁ ਸਰਬ ਤੇ ਜਾਨਾ ।।

।। ਤਥਾ ਸਲੋਕ ।।

ਨਾਮੁ ਧਿਆਵਨ ਸਾਜਨਾ ਜਨਮੁ ਪਦਾਰਥੁ ਜੀਤ ।।
ਨਾਨਕ ਧਰਮ ਐਸੇ ਚਵੇ ਕੀਤੋਨੁ ਭਵਨੁ ਪੁਨੀਤੁ ।।
ਚਾਰ ਜੁਗਨ[3] ਮੋ ਨਾਮੁ ਬਡਾਈ ।। ਬੇਦ ਪੁਰਾਨ ਸਬਨਨ[4] ਨੇ ਗਾਈ ।।267।।
ਸ੍ਰੀ ਗੁਰ ਬਾਨੀ ਰਾਮੇ ਮਾਨੀ ।। ਬਹੁਰੋ ਪ੍ਰਸਨ ਕਰਾ ਹਰਖਾਨੀ ।।
ਜੀਵ ਈਸ ਕਾ ਭੇਦ ਸੁਨਾਵੋ ।। ਬਹੁਰੋ ਤਿਨੈ ਏਕਤਾ ਗਾਵੋ ।।268।।
ਗਯਾਨ ਵਿਗਯਾਨੁ ਵਿਰਾਗ ਸੁ ਮਾਯਾ ।। ਈਸੂਰ ਭਗਤ ਕਹੋ ਕਰ ਦਾਯਾ ।।
ਸ੍ਰੀ ਕਮਲਾਨਨ ਬੈਨ ਬਖਾਨਾ ।। ਸੁਨ ਰਾਮਾ ਅਬ ਦੇ ਨਿੰਜ ਕਾਨਾ ।।269।।

।। ਦੋਹਰਾ ।।

ਮਾਯਾ ਪ੍ਰੇਰਕ ਈਸ ਹੈ ਸੋ ਸਰਵਗ[5] ਕਹਾਇ ।।
ਮਾਯਾ ਬੰਦਨ ਜੀਵ ਕਿਯੋ-ਯਾਤੇ ਅਲਪੁ ਰਹਾਇ ।।270।।

।। ਚੌਪਈ ।।

ਈਸੂਰ ਜਗ ਕੋ ਕਾਰਣ ਹੋਈ ।। ਭਗਤਨ ਪਾਲਨ ਸਦਾ ਕਹੋਈ ।।
ਦਾਨਵ ਮਾਰੇ ਬਹੁ ਬਲੀ ਲਾਈ ।। ਲੇਖਾ ਪਾਲੇ ਸਦ ਸੁਖਦਾਈ ।।271।।
ਗੋ ਗੋਪੀ ਹਿਤ ਗਿਰੈ ਉਚਾਈ ।। ਰਾਧੇ ਲੀਨੀ ਕਾਂਧ ਉਠਾਈ ।।
ਈਸੂਰ ਮੈ ਸਭ ਕਲਪਤ ਜਾਨੋ ।। ਜੈਸੇ ਰਜੁ ਮੈ ਸਾਂਪ ਪਛਾਨੋ ।।272।।
ਤਨੁ ਮਨੁ ਧਨੁ ਮੋ ਹੰਤਾ ਠਾਨੇ ।। ਯਾਂਤੇ ਯਾਕੋ ਜੀਵ ਬਖਾਨੇ ।।

---

1. ਅ ਪੋਥੀ ਸੁਨ 2. ਮੂਲ ਪੋਥੀ ਧਯਾਵੋ 3. ਅ ਪੋਥੀ ਯੁਗਨ 4. ਅ ਪੋਥੀ ਸਭਨ 5. ਅ ਪੋਥੀ ਸਰਬਗਯ 6. ੲ ਪੋਥੀ ਬ੍ਰਹਮ

ਕਰਮ ਬਧ ਯਹ ਜੀਵ ਕਹਾਵੈ ॥ ਲੋਕ ਪਰਲੋਕਿ ਮਹਾਂ ਦੁਖੁ ਪਾਵੈ ॥273॥
ਵਾਸਤ੍ਰ ਯਾਂ ਮੈ ਦੁਖ ਨਹਿ ਕੋਈ ॥ ਸੁਪਨ ਸ੍ਰਿਸਟਿ ਵਤ ਭਾਸੇ ਸੋਈ ॥
ਜੀਵ ਈਸ ਮੈ ਭੇਦ ਨ ਹੋਈ ॥ ਤ੍ਰਤ ਪਰ ਤ੍ਵੰ ਪਦ ਸੋਧੇ ਕੋਈ ॥274॥

॥ ਦ੍ਰਿਸ੍ਟਾਂਤ ॥

ਜੈਸੇ ਨੀਰਾ ਓਲਾ ਹੋਈ ॥ ਬੰਰਫ਼ ਨਾਮ ਕਹਿਲਾਵੇ ਸੋਈ ॥
ਜਬ ਸਵਤਾਂ ਕੀ ਕਿਰਨ ਲਗਾਵੈ ॥ ਓਲਾ ਦਰ ਕਰ[1] ਜਲ[2] ਹ੍ਵੈ ਜਾਵੈ ॥275॥

॥ ਪ੍ਰਮਾਣ ਸ੍ਰੀ ਗੁਰ ਗ੍ਰੰਥੇ ॥

ਸੂਰਜ ਕਿਰਣ ਮਿਲੇ ਜਲ ਕਾ ਜਲ ਹੂਆ ਰਾਮ ॥
ਜੋਤੀ ਜੋਤਿ ਮਿਲੀ ਸੰਪੂਰਣ ਥੀਆ ਰਾਮ ॥
ਬ੍ਰਹਮ ਦੀਸੈ ਬ੍ਰਹਮ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹ ਜਾਣੀਐ ॥
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨੀ ਹਰਿ ਰਸੁ ਪੀਆ ॥1॥

॥ ਦੋਹਰਾ ॥

ਜੀਵ ਈਸ ਕੀ ਏਕਤਾ ਐਸੇ ਨਿਸਚੇ ਧਾਰ ॥
ਗਯਾਨ ਸੁਨੋ ਤੁਹਿ ਕਹਿਤੁ ਹੋ ਦੂਜਾ ਭਾਵ ਨਿਵਾਰੁ ॥276॥

॥ ਚੌਪਈ ॥

ਗੁਰ ਬੇਦੀ[3] ਥੀ ਜੁਗਤ ਬਿਚਾਰੈਂ ॥ ਸਰਬ ਬ੍ਰਹਮੁ ਹੀ ਨਿਸਚੈ ਧਾਰੈਂ ॥
ਯਾਕੋ ਗਯਾਨ ਕਹੈ ਬੁਧ ਮਾਨਾ ॥ ਪ੍ਰਮਾਣ[4] ਗੁਰੂ ਗ੍ਰੰਥੇ ॥
ਗਯਾਨ ਅੰਜਨ ਗੁਰਿ ਦੀਆ ਅਗਿਆਨੁ ਅੰਧੇਰੁ ਬਿਨਾਸੁ ॥
ਹਰਿ ਕ੍ਰਿਪਾ ਤੇ ਸੰਤੁ ਭੇਟਿਆ ਨਾਨਕ ਮਨ ਪਰਗਾਸਿ ॥
ਅਬ ਬਿਗਯਾਨ ਸੁਨੋ ਦੈ ਕਾਨਾ ॥277॥
ਧਯਾਤਾ[5] ਧਯਾਨ[5] ਧੇਯ ਜੋ ਆਈ ॥ ਤ੍ਰਿਕੁਟੀ ਰੂਪ ਸਰਬ ਬ੍ਰਹਮ ਭਾਈ ॥
ਕਰਤਾ ਹਰਤਾ ਆਪੇ ਮਾਨੇ ॥ ਅਨ ਭੇਯਾ ਕੋ ਨਾਮ ਬਖਾਨੈ ॥278॥

॥ ਪ੍ਰਮਾਣ ਸ੍ਰੀ ਗੁਰ ਗ੍ਰੰਥੇ ॥

ਸਰਬ ਸੀਲੰ ਮਮੰ[7] ਪਾਵਨ ਮਨ[8] ਪਾਵਨਹ ॥
ਸਰਬ ਕਰਤਬ ਮੰਮ ਕਰਤਾ ਨਾਨਕ ਲੇਪ ਛੇਪ ਨ ਲਿਪਤੇ ॥
ਦ੍ਰਿਸਟਮਾਨ ਤੇ ਕਰੈ ਬੈਰਾਗ ॥ ਯਾਂਕੋ ਵਿਰਤ ਕਹੈ ਬਡਭਾਗ ॥
ਸ੍ਰੀ ਗੁਰ ਅਰਜਨ ਆਪ ਬਖਾਨ੍ਹਾ ॥ ਤੀਬਰਤਰ ਵੈਰਾਗ ਮਹਾਨਾ[9] ॥279॥

1. ਅ ਪੋਥੀ ਪਾਠਾਂਤਰ : ਕਰਕੰ ਹੂੰ 2. ਅ ਪੋਥੀ ਜਾਵੈ 3. ਅ ਪੋਥੀ ਬੇਦੀ 4. ਅ ਪੋਥੀ ਸ੍ਰੀ ਗੁਰੁ 5. ਅ ਪੋਥੀ ਧਯਾਤਾ ਧਯਾਨ 6. ਅ ਪੋਥੀ ਧੋਇ 7. ਅ ਪੋਥੀ ਮਮੂੰ ਸੀਲੰ 8. ਅ ਪੋਥੀ ਮਮ 9. ਅ ਪੋਥੀ ਸੁਜਾਨਾ

॥ ਤਥਾ ਬਾਕਯੰ ॥

ਕਤੰਚ ਮਾਤਾ ਕਤੰਚ ਪਿਤਾ ਕੰਚ ਬਨਿਤਾ ਬਿਨੋਦ ਸੁਤਹ ॥
ਕਤੰਚ ਮੀਤ ਭ੍ਰਾਤਹਿ ਬਾਂਧਵ ਕਤੰਚ ਮੋਹੁ ਕੁਟੰਬ ਅਚੁਤ ਤਨਹ[1] ॥280॥

॥ ਦੋਹਰਾ ॥

ਉਤਮ ਯਹੀ ਵੈਰਾਗ ਹੈ ਧਾਰਤ ਹੈ ਬਡ ਭਾਗ ॥
ਅਬ ਮਾਯਾ ਸਾਰੂਪ ਸੁਨ ਜਾ ਮੋ ਜੀ ਰਹਿ ਪਾਗ ॥281॥

॥ ਚੌਪਈ ॥

ਮਨੁ ਗੋ ਆਦੀ ਜਾ ਲਗ ਜਾਈ ॥ ਮੇਰ ਤੇਰ ਸਭ ਮਾਯਾ ਆਈ ॥
ਅਕਾਲ ਪੁਰਖ ਕੇ ਸਦਾ ਅਧੀਨਾ ॥ ਜੀਵਨ ਚਾਵੈ ਕੇਰ ਬਹੁ ਦੀਨਾ ॥282॥
ਈਸ੍ਵਰ ਭਗਤ ਸੁਨੋ ਮਨੁ ਲਾਈ ॥ ਜਾਇ ਸੁਨੈ ਤਵ ਸੰਸੈ ਜਾਈ ॥
ਭਕਤ ਕਰੇ ਮਨ ਬਚ ਬਪੁ ਲਾਈ ॥ ਸੰਤਨ ਸੇਵਾ ਕਰੈ ਬਨਾਈ ॥283॥
ਕਪਟ ਕਾਮ ਛਲ ਲੋਭੈ ਤਯਾਗੀ ॥ ਸਤ ਸੰਤੋਖੁ ਵਿਖੇ ਰਹਿ ਪਾਗੀ ॥
ਆਪ ਨਿਰਮਾਨ ਮਾਨ ਦੇ ਸਾਰੇ ॥ ਬੋਲੇ ਮਧੁਰ ਨ ਕਟਕ ਉਚਾਰੇ ॥284॥
ਗੋਬਿੰਦੁ ਯਸੁ[3] ਗਾਵੈ ਦਿਨ ਰਾਤੀ ॥ ਗਦ ਗਦ ਬਾਨੀ ਪੁਲਕਤ ਛਾਤੀ ॥
ਐਸੀ ਭਗਤ ਕਰੈ ਮਨੁ ਲਾਈ ॥ ਗੁਰ ਨਾਨਕ ਮਹਿ ਜਾਇ ਸ ਮਾਈ ॥285॥

॥ ਪ੍ਰਮਾਣ ਸ੍ਰੀ ਗੁਰ ਗ੍ਰੰਥੇ ॥

ਤਾਣ ਹੋਦੇ ਹੋਏ ਨਿਤਾਣਾ ॥ ਮਾਣ ਹੋਦੇ ਹੋਇ ਨਿਮਾਣਾ ॥
ਅਣਹੋਦਾ ਆਪੁ ਵੰਡਾਏ ॥ ਕੋ ਐਸੋ ਭਗਤੁ ਕਹਾਏ ॥
ਭਗਤ ਭਗਤਨਿ ਹੂ ਬਨਿ ਆਈ ॥
ਤਨ ਮਨ ਗਲਤ ਭਏ ਠਾਕਰੁ ਸੋ ਆਪਨਿ ਲਿਯੇ ਮਿਲਾਈ ॥286॥

॥ ਦੋਹਰਾ ॥

ਸਤਿਗੁਰ ਕੋ ਉਪਦੇਸਿ ਸੁਨ ਦੰਪਤਿ ਭਏ ਨਿਹਾਲ ॥
ਉਸਤਤਿ ਗੁਰ ਕੀ ਕਰਤ ਭੇ ਧਰ ਕਰ ਧਰ ਪਰ ਭਾਲ ॥287॥

॥ ਚੌਪਈ ॥

ਜਯ ਜਯ ਸ੍ਰੀ ਗੁਰ ਸਰਬ ਨਿਵਾਸੀ ॥ ਦੁਖ ਭੰਜਨ ਸੁਖ ਗਯਾਨ ਨਿਵਾਸੀ ॥
ਹਮਰਾ ਸ੍ਰੀ ਗੁਰ ਕੀਨ ਉਧਾਰਾ ॥ ਭਵ ਸਾਗਰ ਤੇ ਪਾਰ ਉਤਾਰਾ ॥288॥
ਲੇ ਨਿਦੇਸ ਦੰਪਤੀ ਗ੍ਰਹ ਆਏ ॥ ਮਨਿ ਬਾਂਛਤ ਗੁਰ ਤੇ ਬਰ[6] ਪਾਏ ॥
ਸ੍ਰੀ ਗੁਰ ਪਹਿ ਇਕ ਮਾਨਵ ਆਵਾ ॥ ਤੁਰਕ ਹਟੈ ਤਿਨ ਐਸ ਸੁਨਾਵਾ ॥289॥
ਜੋ ਜੋ ਲੋਕ ਦੂਨ ਮੋ ਗਏ ॥ ਹਟ ਹਟ ਸਭੀ ਦੁਆਬੇ ਅਏ ॥
ਸ੍ਰੀ ਗੁਰ ਜੀ ਤਬ ਕੂਚ ਕਰਾਈ ॥ ਬੀਚ ਬਾੜੀਆ ਥਿਰੇ ਸੁ ਆਈ ॥290॥

---

1. ਅ ਪੋਥੀ ਪਾਠਾਂਤਰ; ਕੁਟੰਬਤੇ ਕਤੰਚ ਚਪਲ ਮੋਹ ਨੀਰੂਪੰ ਪੇਖੰਤੇ ਤਯਾਗ ਕਰੋਤ ॥ ਚਹੰਤ ਸ੍ਰਿਰੀ ਭਗਵਾਨ ਸਿਮਰਨ ਨਾਨਕ ਲਭਧੰ ਅਚੁਤ ਤਨ ॥ 2. ਅ ਪੋਥੀ ਭਗਤਿ 3. ਅ ਪੋਥੀ ਜਸੁ 4. ਅ ਪੋਥੀ 5. ਅ ਪੋਥੀ ਵਾਂਨਤ 6. ਅ ਪੋਥੀ ਵਰ 7. ਅ ਪੋਦੀ ਲੋਕ

॥ ਦੋਹਰਾ ॥
ਰਾਮ ਸਹਾਈ ਸੁਤਾ ਮਿਲ ਗੁਰ ਤੇ ਲੈਂ[1] ਨਿਦੇਸ ॥
ਮਿਯਾਨੀ ਮੈਂ ਤਬ ਜਾਤ ਭਾ ਪਾਵਾ ਗਯਾਨ ਵਿਸੇਸ ॥291॥
॥ ਚੌਪਈ ॥
ਮਧੁ[2] ਬਾੜੀਆ ਗੁਰ ਰਹਾਇ ॥ ਜਿਹ ਦਰਸੇ ਸੁਖ ਸੰਪਤਿ ਪਾਇ ॥
ਤਾਇਆ ਧਰਮ ਸਿੰਘ ਗੁਰ ਕੇਰਾ ॥ ਆਯੁਖਾ ਜਿਸ ਕੀ ਵਡੀ ਵਡੇਰਾ ॥292॥
ਤਯਾਗ ਕੁਨਪੁ ਬੈਕੁੰਠ ਸਿਧਾਰਾ ॥ ਪਾਛਲ ਕਰਮ ਗੁਰੂ ਸੁਧਾਰਾ ॥
ਧਰ ਸਰਧਾ ਸਿਖ ਗ੍ਰਿਹਿ[2] ਤੇ ਆਵੈ ॥ ਮਨ ਬਾਂਛਤ ਗੁਰ ਤੇ ਵਰ ਪਾਵੈ ॥293॥
॥ ਦੋਹਰਾ ॥
ਮਹਬੂਬ ਸਿੰਘ ਕੋ ਬਯਾਹ ਤਬ ਸ੍ਰੀ ਗੁਰ ਦੀਨ ਕਰਾਯ ॥
ਧਨ ਖਰਚਾ ਬਹੁ ਸਤਿਗੁਰੂ ਹੋਵਾ ਯਸ ਅਧਕਾਯ ॥294॥
॥ ਹਾਕਲ ਛੰਦ ॥
ਇਕ ਸਿਖ ਗੁਰੂ ਪਹਿ ਆਵਾ ॥ ਧਰ ਸਰਧਾ ਸੇਵ ਕਮਾਵਾ ॥
ਗੁਰ ਤੇਗ ਬਹਾਦਰ ਬਾਨੀ ॥ ਸੋ ਗਾਵੈ ਪ੍ਰੇਮ ਠਾਨੀ ॥295॥
ਗੁਰ ਸੁਨਤੇ ਹੇਤ ਬਢਾਈ ॥ ਮਨ ਜਾਗੀ ਪ੍ਰੀਤ ਸਵਾਈ ॥
ਮਨੋ ਚਾਹੈ ਸਦਨ ਤਿਆਗਾ ॥ ਮਨ ਜਾਗ ਵਿਰਾਗ ਸਭਾਗਾ ॥296॥
ਤਬ ਭੂਖਨ ਛੈਲ ਤਿਆਗੇ ॥ ਸ੍ਰੀ ਵਾਹਿਗੁਰੂ ਮਨ[3] ਲਾਗੇ ॥
ਤਸ ਸਦਨ ਛੋਡਿ ਸਿਧਾਰੇ ॥ ਵਿਰਤ[4] ਵਿਖੇ ਮਨ ਧਾਰੇ ॥297॥
ਬਿਚ ਸੈਲੋਂ ਜਾਇ ਥਿਰਾਈ ॥ ਸਤਨਾਮ ਬਿਖੇ ਮਨ ਲਾਏ ॥
ਭੇ ਇਕਾਂਕੀ ਸ੍ਰੀ[5] ਗੁਰ ਪੂਰੇ ॥ ਜਿਨ ਵਾਕ ਨ ਹੋਵਨ ਊਰੇ[6] ॥298॥
ਕਬ ਸੀਲਾਂ ਪਰ ਬਹਿ ਜਾਵੈਂ ॥ ਕਬ ਕੰਦਰ ਮਾਹਿ ਥਿਰਾਵੈਂ ॥
ਜਹ ਪਾਦਪ ਦੇਖਹਿ ਰੂਰੇ ॥ ਤਹਿ ਬੈਸੇ ਸ੍ਰੀ ਗੁਰ ਪੂਰੇ ॥299॥
ਜਿਮ ਰਾਮ ਚੰਦ ਅਤਿ ਸੂਰੇ ॥ ਬਨ ਬਿਚਰੇ ਸੁਖਮਾਂ ਪੂਰੇ ॥
ਆਪ ਤੈਸੇ ਗੁਰੂ ਸੁਆਸੀ ॥ ਬਨ ਬਿਚਰੇ ਅੰਤਰਜਾਮੀ ॥300॥
ਇਕ ਵਾਹਿਗੁਰੂ ਮੁਖ ਸਾਰੈਂ ॥ ਸਦ ਹਰਖ ਮਨ ਮੋ[7] ਧਾਰੈਂ ॥
ਜੋ ਸਰਧਾ ਧਰ ਕਰਿ ਆਵੈਂ ॥ ਗੁਰ ਵਾਕ ਸੁਨ ਹਰਖਾਵੈਂ ॥301॥
ਗੁਰ ਤੇਗ ਬਹਾਦਰ ਬਾਨੀ ॥ ਸੋ ਗਾਵੈਂ ਊਚ ਮਹਾਨੀ ॥
ਨਿਰਵਿਕਲਪ ਸਮਾਧ ਲਗਾਵੈ ॥ ਬ੍ਰਿਤ ਦਸਵੈ ਦ੍ਵਾਰ ਟਿਕਾਵੈ ॥302॥

(ਬਾਬਾ ਸਾਹਿਬ ਸਿੰਘ ਦੀ ਅੰਮ੍ਰਿਤਸਰ ਯਾਤਰਾ)

॥ ਦੋਹਰਾ ॥
ਏਕ ਦਿਵਸ[8] ਸ੍ਰੀ ਸਤਿਗੁਰੂ ਅੰਮ੍ਰਿਤਸਰ ਮਧੁ[9] ਜਾਇ ॥
ਜਾਇ ਥਿਰੇ ਗੜ[10] ਰਾਮ ਮੋ ਜੋ[10] ਸਿਖਨ ਸੁਖ ਦਾਇ ॥303॥

---

1. ਅ ਪੋਥੀ ਲੇਇ 2. ਅ ਪੋਥੀ ਘਰਿ 3. ਅ ਪੋਥੀ ਮਧ 4. ਅ ਪੋਥੀ ਹੀਰੰਜ 5. ਮੂਲ ਪੋਥੀ ਸਿਰ 6. ਅ ਪੋਥੀ ਊਰੇ ਪੂਰ 7. ਅ ਪੋਥੀ ਉਰ ਧਾਰੇ 8. ਅ ਪੋਥੀ ਦਿਨ 9. ਅ ਪੋਥੀ ਮੈ 10. ਮੂਲ ਪੋਥੀ ਗੜ ਸੋ ਜੋ

॥ ਚੌਪਈ ॥

ਆਪਨਿ ਆਪਿ ਸ੍ਰੀ ਗੁਰ ਦੁਰਾਵਾ ॥ ਜੁਗੋ ਈਧਨ ਕ੍ਰਿਸਨ ਛੁਹਾਵਾ ॥
ਰਹੈ ਅਲਮਸਤ ਨ ਕਾਹੂ ਬੋਲੈ ॥ ਜਬ ਬੋਲੈ ਤਬ ਅੰਮ੍ਰਿਤੁ ਖੋਲੈ ॥304॥
ਬੇਕ ਸਿਖ ਮਨ ਪ੍ਰੀਤੀ ਹੋਈ ॥ ਤਨੁ ਮਨੁ ਕਰ ਸੋ ਸੇਵੇ ਸੋਈ ॥
ਹਰਿ ਕੀ ਪੌੜੀ ਜਾਇ ਬਿਰੁਝੇ ॥ ਚਰਨ ਪਲੋਸਤ ਪ੍ਰੀਤੀ ਠਾਂਨੇ ॥305॥
ਜਾਂਮ ਜ਼ਾਂਮ ਭਰ ਪਰੇ ਰਹਾਵੈ ॥ ਮੁਖੋ ਨ ਬੋਲੈ ਬ੍ਰਿਤੀ ਟਿਕਾਵੈ ॥
ਹਰਿ ਮੰਦਰਿ ਮਹਿ ਜਾਇ ਖਰੋਵੈ ॥ ਸੁਨ ਸਬਦੰ ਚਿਤ ਹਰਖਤ ਹੋਵੈ ॥306॥
ਰਾਮਗੜੀਆ[2] ਇਕ ਸਿੰਕਦਾਰਾ[1] ॥ ਗੁਰ ਪਰ ਸਰਧਾ ਬਧੀ ਅਪਾਰਾ ॥
ਨਿਤ ਪ੍ਰਸਾਦਿ ਗੁਰੂ ਕੋ ਭੇਜੇ ॥ ਕਰ ਸਿਵਾ ਨਿਤ ਚਿਤ ਹਰਖੇਜੇ ॥307॥

॥ ਦੋਹਰਾ ॥

ਏਕ ਦਿਵਸ ਸ੍ਰੀ ਸਤਿਗੁਰ ਬੁੰਗੇ ਪਾਸ ਸਹੀਦ ॥
ਨਿਸ ਮੇ ਸੋਇ ਹਰਖ ਸੇ ਸੁਖਦਾਈ ਗੁਣ ਦੀਦ ॥308॥

॥ ਚੌਪਈ ॥

ਡੇਢ ਜਾਮ ਜਬੈ ਰਾਤ ਰਹਾਈ ॥ ਸੋ ਸਿਰਦਾਰ ਅਯੋ ਗੁਰ ਪਾਈ ॥
ਦੂਰ ਪੇਖਿਓ[3] ਬਡਾ ਉਜਾਲਾ ॥ ਰਵੀ ਕੀਨ ਮਾਨੋ ਛਿਤ ਆਲਾ ॥309॥
ਚਲ ਕਰੁ ਜਬੈ ਸਮੀਪੀ ਹੋਈ ॥ ਸੋਨੀ ਫੇਰਤ ਨਾਰੀ ਜੋਈ ॥
ਜਬ ਇਹ ਹੋਵਾ ਗੁਰ ਕੇ ਨੇਰੇ ॥ ਤਬ ਉਹ ਭਈ ਲੋਪ ਬਿਨ ਦੇਰੇ ॥310॥
ਹਾਥ ਜੋਰੁ[4] ਕਰਿ ਸੀਸ ਨਿਵਾਵਾ ॥ ਬਿਨੈ ਕਰੀ ਗੁਰ ਕੇ ਅਗ੍ਰਾਵਾ ॥
ਪ੍ਰਕਾਸਵਾਨ ਬਹੁ ਭੂਖਨਧਾਰੀ ॥ ਸੁਹਨੀ ਫੇਰਤ ਕੌਨ ਸੁ ਨਾਰੀ ॥311॥

॥ ਦੋਹਰਾ ॥

ਕਮਲ ਬਦਨ ਸੁਖ ਕੇ ਸਦਨ ਸਿੱਖ ਪ੍ਰਤਿ ਕਹਾ ਸੁਨਾਇ ॥
ਨਿਤ ਪ੍ਰਤਿ ਦੇਵੀ ਆਤ ਹੈ ਕਰ ਦਰਸਨ ਫਿਰ ਜਾਇ ॥312॥

॥ ਹਾਲਕ ਛੰਦ ॥

ਸੁਨ ਸਤਿਗੁਰ ਕੀ ਸੁਭ ਬਾਨੀ ॥ ਮਨੁ ਮਹਿ ਉਪਜਾ ਹਰਖ ਮਹਾਨੀ ॥
ਕਰ ਜੋਰੁ ਕਿਯੋ ਪਰਮਾਣੂ ॥ ਚਿਤ ਉਪਜਾ ਬਹੁ ਬਿਸਰਾਮੂ ॥313॥
ਗੁਰ ਉਸਤਤਿ ਕੀਨ ਬਹੋਰੀ ॥ ਮਨ ਉਪਜੀ ਪ੍ਰੀਤੀ ਨਿਬੋਰੀ ॥
ਨਮੋ ਨਮੋ ਗੁਰ ਪੂਰੇ ॥ ਸੁਖਦਾਈ ਸਿਖਨਿ ਹਦੂਰੇ ॥314॥
ਜਯ ਹੋਵੈ ਸਰਬ ਨਿਵਾਸੀ ॥ ਮੁਹਿ ਕਾਟੋ ਜਮ ਕੀ ਫਾਸੀ ॥
ਸੁਨ ਸ੍ਰੀ ਗੁਰ ਭਏ ਦਇਆਲਾ ॥ ਉਪਦੇਸ ਦਯੋ ਤਤਕਾਲਾ ॥315॥

॥ ਦੋਹਰਾ ॥

ਵਾਹਿਗੁਰੂ ਸਤਿਨਾਮੁ ਕੋ ਲੇਤ ਨ ਕੀਜੈ ਬੇਰ ॥
ਸਾਸ ਸਾਸ ਸਿਮਰਨ ਕਰੋ ਪਰੇ ਨ ਜਮ ਕੇ ਘੇਰਿ ॥316॥

---

1. ਅ ਪੋਥੀ ਸੁ 2. ਅ ਪੋਥੀ ਪਾਠਾਂਤਰ : ਰਾਮ ਸੁ ਗੜੀਆ 3. ਅ ਪੋਥੀ ਦੇਖਾ 4. ਏ ਪੋਥੀ ਪਾਨ
5. ਏ ਪੋਥੀ ਵਿਚੋਂ

॥ ਚੌਪਈ ॥

ਅਸ ਉਪਦੇਸ ਜਬ[1] ਗੁਰੂ ਬਖਾਨਾ ॥ ਸੁਨ ਕਰ ਸਿਖ ਮਨ ਭਾ ਹਰਖਾਨਾ ॥
ਕਰ ਬਹੁ ਬਿਨੁ ਗ੍ਰਿਹ ਮੋ ਲੇ ਆਏ ॥ ਸਨਾਨ ਕਰਾਇ ਬਸਤ੍ਰ ਪਹਿਰਾਏ ॥317॥
ਤਿਸੁ ਦਿਨੁ ਤੇ ਇਹ ਨੇਮੰ ਧਾਰਾ ॥ ਪ੍ਰਸਾਦ ਆਦ ਗੁਰ ਕੌ ਖਵਾਰਾ ॥
ਮਸਤਾਨਾ ਤੌਰ ਗੁਰੂ ਜੀ ਧਾਰ ॥ ਗਿਰਾ ਨ ਕਿਸੰ ਪ੍ਰਤਿ ਕਰੈਂ ਉਚਾਰ ॥318॥
ਹਰਿ ਕੀ ਪੌੜੀ ਆਨ ਬਿਰਾਜੈ ॥ ਦਤਾਤ੍ਰੇ ਵਤ ਪਰੇ ਸੁ ਛਾਜੇ ॥
ਚਰਨੋ ਪਰ ਕੋ ਲੋਕ ਲੰਘਤੇ ॥ ਪ੍ਰਤਾਪ ਨਾ ਜਾਨਤ ਮੂਰਖ ਜੰਤੇ ॥319॥

॥ ਦੋਹਰਾ ॥

ਇਕ ਮਾਈ ਤਬ ਆਤ ਭੀ ਪ੍ਰੇਮ ਵਿਖੇ ਲੈ ਲੀਨ ॥
ਗੁਰ ਮੂਰਤਿ ਕੋ ਦੇਖਿ ਕੈ ਖੜੀ ਰਹੀ ਰਸ ਭੀਨ ॥320॥

॥ ਚੌਪਈ ॥

ਚਾਰ ਪ੍ਰਦਖਣਾ ਗੁਰ ਕੋ ਦੀਨੀ ॥ ਮਨ ਮੈ ਜਾਗੀ ਪ੍ਰੀਤ ਨਵੀਨ ॥
ਹਾਥ ਜੋਰ ਤਬ ਮਸਤਕ ਟੇਕਾ ॥ ਜਾਗਾ ਮਨ ਮੈ ਰਿਦੇ ਬਿਸੇਕਾ ॥321॥
ਏਕ ਦਿਵਸ[3] ਸ੍ਰੀ ਸਤਿਗੁਰ ਸੁਆਮੀ ॥ ਦਿਹੁਰੇ ਜਾਵਤੁ ਅੰਤ੍ਰਯਾਮੀ ॥
ਸੋ ਮਾਈ ਤਬ ਆਗੇ ਆਈ ॥ ਧਾਨ ਜੋਰ ਚਰਨਨ ਲਪਟਾਈ ॥322॥
ਸ੍ਰੀ ਗੁਰ ਜੀ ਤਬ ਤਰਜਨ ਕੀਨੀ ॥ ਮਸਤਕੁ ਟੇਕਤ ਕਯਾ ਹਮ[4] ਚੀਨੀ ॥
ਹਾਥ ਜੋਰੁ ਕਰੁ ਮਾਈ ਬੋਲੀ ॥ ਸੁਨੀਏ ਸ੍ਰੀ ਗੁਰ ਗਯਾਨ ਅਮੋਲੀ[5] ॥323॥

॥ ਦੋਹਰਾ ॥

ਸ੍ਰੀ ਨਾਨਕੁ ਅੰਗਦ ਤੁਹੀ ਅਮਰਦਾਸ ਸੁਖ ਰਾਸ ॥
[ਗੁਰ][6] ਰਾਮ ਦਾਸ ਅਰਜਨ ਭਏ ਹਰਗੋਬਿੰਦ ਹੁਲਾਸ ॥234॥

॥ ਚੌਪਈ ॥

ਹਰੀ ਰਾਇ ਹਰਿ ਕ੍ਰਿਸਨ ਸਦਾਦੇ ॥ ਤੇਗ ਬਹਾਦਰ ਧਰਮ ਸਹਾਏ ॥
ਕਲਗੀਧਰ ਜਗ ਮਹਿ ਕਹੁਲਾਵਾ ॥ ਤੁਰਕਨ ਕੁਲ ਕੋ ਨਾਸ ਕਰਾਵਾ ॥325॥
ਅਬ ਕਯੋ ਆਪਨ ਆਪ ਦੁਰਾਈ ॥ ਸਾਹਿਬ ਸਿੰਘ ਸਰਬ ਸੁਖਦਾਈ ॥
ਨਾਰਿ ਜਾਨ ਮਤ ਤਰਜਨ ਕਰੋ ॥ ਜਨਮ ਮਰਨੁ ਮਹਿ ਕਾਟ ਉਧਰੋ ॥326॥
ਸੁਨ ਕਰ ਸ੍ਰੀ ਗੁਰ ਬਾਨੀ ਗਾਈ ॥ ਵਾਹਿਗੁਰੂ ਸਿਮਰੋ ਮਨ ਲਾਈ ॥
ਵੰਡ ਖਾਵੋ ਅਰੁ ਸੰਤਨੁ ਸੇਵੋ ॥ ਜਨਮ ਆਦਿ ਨਹਿ ਸੰਕਟ ਲੇਵੋ ॥327॥

॥ ਸੋਰਠਾ ॥

ਮਾਈ ਕਰ ਨੇਹਾਲ ਲੋਪ ਹੋਤੇ ਭੇ ਸਤਿਗੁਰੂ ॥
ਪ੍ਰਗਟੇ ਦੀਨਨ ਪਾਲ ਸੈਲਨ ਮੇ ਸੈਲ ਕਰਨ ॥328॥

**(ਬਾਬਾ ਸਾਹਿਬ ਸਿੰਘ ਦਾ ਬਾੜੀਆਂ ਜਾਣਾ)**

॥ ਚੌਪਈ ॥

ਕਰਤ ਸੈਲ ਸ੍ਰੀ ਸਤਿਗੁਰ ਪੂਰੇ ॥ ਜਿਨ ਦਰਸੈ ਅਘ ਹੋਵੈ ਚੂਰੇ ॥

---

1. ਅ ਪੋਥੀ ਸੰਚਯ 2. ਅ ਪੋਥੀ ਹਰਧ 3. ਅ ਪੋਥੀ ਦਿਨ 4. ਅ ਪੋਥੀ ਸਮ ਚੀਨੀ 5. ਅ ਪੋਥੀ ਅਤੋਲੀ 6. ੲ ਪੋਥੀ ਵਿਚੋਂ

ਬਾੜੀਨ ਮੇਂ ਆਏ ਸੁਖਦਾਈ ॥ ਮਾਤਾ ਆਦਿ ਮਿਲੇ ਹਰਖਾਈ ॥329॥
ਮਾਤਾ ਬਾਰ ਬਾਰ ਸਮਝਾਵੈ ॥ ਗ੍ਰਿਹਿ ਤਿਯਾਗਿ ਸੁਤ ਕਯੋ ਬਨੁ ਆਵੈ ॥
ਗੁਲਾਬ ਦੇਇ[1] ਚਰਨਨਿ ਲਾਗੀ ॥ ਗੁਰ ਗ੍ਰਿਹਿ ਆਇ ਭਈ ਬਡਭਾਗੀ ॥330॥
ਸਦਨੰ ਮਾਂਝ ਰਹਿਨ ਗੁਰ ਲਾਗੇ ॥ ਸਿਖ ਦਰਸੈਂ ਜਿਨਕੇ ਬਡਭਾਗੇ ॥
ਗੁਰ ਗ੍ਰਹ ਸੁਤ ਹੋਵਾ ਸੁਖਦਾਈ ॥ ਅੰਗਨ ਮੇਂ ਤਬ ਬੱਜੀ ਬਧਾਈ ॥331॥

॥ ਦੋਹਰਾ ॥

ਮੰਗਤ ਜਨ ਤਬ ਆਤੁ ਭੇ ਲੇਕਰ ਬ੍ਰਿਤ ਗ੍ਰਿਹਿ ਜਾਇ[2] ॥
ਜਸ ਕਰੇ ਸ੍ਰੀ ਗੁਰੂ ਕਾ ਬਾਰ ਬਾਰ ਹਰਖਾਇ ॥332॥

॥ ਚੌਪਈ ॥

ਮਿਲ ਮਿਲ ਨਾਰੀ ਗਾਵਨ ਲਾਗੀ ॥ ਗੁਰ ਸੁਤ ਪਿਖ ਕਰ ਭੀ ਬਡਭਾਗੀ ॥
ਬਾਜ ਬਜੇ ਬਹੁ ਭਈ[3] ਬਧਾਈ ॥ ਨਾਨਕ ਦਾਦਕ ਬਹੁ ਹਰਖਾਈ ॥333॥
ਜੰਡੀ ਆਦਿਕ ਸਭ ਕਰਵਾਵਾ ॥ ਬਿਸਨ ਸਿੰਘ ਤਿਹ ਨਾਮ ਧਰਾਵਾ ॥
ਮਾਤ ਸਰੂਪ[4] ਪ੍ਰਤਿ[4] ਗੁਰ ਪੂਰੇ ॥ ਕਹਤ ਭਏ ਬਚ ਅਤਸੇ ਰੂਰੇ ॥334॥

**(ਬਾਬਾ ਸਾਹਿਬ ਸਿੰਘ ਦਾ ਅਨੰਦਪੁਰ ਵਿਖੇ ਵਾਸਾ)**

ਆਨੰਦ ਪੁਰ ਆਨੰਦ ਦਾਤਾ ॥ ਚਲ ਤਹ ਰਹੀਏ ਸੁਨ ਮਮ ਮਾਤਾ ॥
ਔਰੁ ਪ੍ਰਵਾਰੰ ਤਹਾ ਟਿਕਾਈ ॥ ਲੇ ਮਾਤਾ ਚਲੇ ਸੁਖਦਾਈ ॥335॥
ਆਨੰਦਪੁਰ ਮੇਂ ਬਿਰਤ੍ਯਾ ਕੀਨੀ ॥ ਜਿਨ ਸਿਖਨ ਕੌਂ ਸੁਭ ਗਤਿ ਦੀਨੀ ॥
ਪ੍ਰੀਤਵਾਨ ਸਿਖ ਮਿਲ ਮਿਲ ਆਏ ॥ ਜਿਨ ਕੇ ਜਾਗੇ ਭਾਗ ਸਵਾਏ ॥336॥
ਏਕ ਦਿਵਸ ਮਾਤਾ ਸੁਭ ਬੋਲੀ ॥ ਅੰਮ੍ਰਿਤ ਛਕੀਏ ਸੋਢਨਿ ਕੋਲੀ ॥
ਕਮਲਨੈਨ ਤਬ ਗਿਰਾ ਬਖਾਨੀ ॥ ਮਾਤਾ ਸੁਨੀਏ ਦੈ ਕਰ ਕਾਨੀ ॥337॥

**(ਦੇਹਰਾ ਬਾਬਾ ਨਾਨਕ ਵਿਖੇ ਅੰਮ੍ਰਿਤ ਛਕਣਾ)**

॥ ਦੋਹਰਾ ॥

ਤੇਗ ਬਹਾਦਰ ਦੇਹੁਰੇ ਅੰਮ੍ਰਿਤ ਛਕੈਂ ਬਨਾਇ ॥
ਸੋਢਨਿ ਹਮਰੀ ਨਹਿ ਬਨੈ ਤਿਨ ਮਨ ਬਹੁ ਹਰਖਾਇ[5] ॥338॥

॥ ਚੌਪਈ ॥

ਐਸੇ ਕਹਿ ਗੁਰ ਦੇਹੁਰੇ ਗਏ[6] ॥ ਕੜਾਹ ਪ੍ਰਸਾਦਿ ਕਰਾਵਤ ਭਏ ॥
ਰਹਿਤ ਸਹਿਤ ਪੰਚ ਸਿਖ ਰਹਾਵੈਂ ॥ ਗੁਰਸਿਖੀ ਮਹਿ ਬਿਰਤਾ ਪਾਵੈਂ ॥339॥
ਤਿਨ ਪ੍ਰਤਿ ਸ੍ਰੀ ਗੁਰ ਗਿਰਾ ਬਖਾਨੀ ॥ ਪਾਹੁਲ ਦੀਜੈ ਸੁਖਮਾਖਾਨੀ ॥
ਹਾਥ[7] ਜੋਰ ਤਿਨ ਅਰਜੀ ਕੀਨ ॥ ਸੁਨੀਏ ਸ੍ਰੀ ਗੁਰ ਪਰਮ ਪਰਬੀਨ ॥340॥
ਨਾਨਕ ਆਦਿ ਸਭੀ ਬਪੁ ਧਾਰੇ ॥ ਕਹਾ ਸਕਤ ਦਿਹ ਪਾਹੁਲ ਬਾਰੇ ॥
ਸ੍ਰੀ ਗੁਰ ਬੋਲੇ ਚਿੰਤ ਨ ਕਰੀਏ ॥ ਵਾਹਿਗੁਰੂ ਸਚ ਮੁਖੋਂ ਉਚਰੀਏ ॥341॥

---

1. ਅ ਪੋਥੀ ਸੁ ਦੇਈ 2. ਅ ਪੋਥੀ ਆਇ 3. ਅ ਪੋਥੀ ਬਜੀ 4. ਅ ਪੋਥੀ ਸਰੂਪਾ ਪ੍ਰਤਿ
5. ਅ ਪੋਥੀ ਗਰਬਾਏ 6. ਅ ਪੋਥੀ ਅਏ 7. ੲ ਪੋਥੀ ਪਾਨ

॥ ਦੋਹਰਾ ॥

ਦਸਮ ਮਹਿਲ ਕੋ ਜਿਮ ਦਈ ਸਿਖਨ ਮਨ ਹਰਖਾਇ ॥
ਤੈਸੇ ਦੇਵੇ ਤੁਮ ਹਮੈ ਆਦ ਰੀਤਿ ਚਲਿ ਆਇ ॥342॥
ਪੰਚ[1] ਭੁਚੰਗੀ ਮਿਲ ਤਬੈ ਅੰਮ੍ਰਿਤ ਲੀਨ ਬਨਾਇ ॥
ਚੰਦ੍ਰਹਾਸ ਗੁਰ ਕੰਠ ਧੁਰ ਖਰੇ ਭਏ ਸੁਖਦਾਇ ॥343॥

॥ ਚੌਪਈ ॥

ਅੰਮ੍ਰਿਤ ਛਕਤ ਭਏ ਗੁਰ ਪੂਰੇ ॥ ਰਹਿਤ ਬਤਾਈ ਸਿਖਨ ਰੂਰੇ ॥
ਧੀਰਮਲ ਰਮਏਇ ਜਾਨੋ ॥ ਮੀਣੇ ਅਰੁ[2] ਮਸੰਦ ਪਛਾਨੋ[2] ॥344॥
ਸਿਰ ਗੁੰਗ ਪੰਚਮ ਮੇਲ ਨ ਕਰਨਾ ॥ ਸਤਿਨਾਮ ਮੁਖ ਭੀਤਰੁ ਧਰਨਾ ॥
ਸਤ ਬਚਨੁ ਕਹਿ ਸ੍ਰੀ ਗੁਰ ਬੋਲੇ ॥ ਦ੍ਰਬ ਦੇਤ ਭੇ ਤਿਨਹਿ ਅਤੋਲੇ ॥345॥
ਅੰਮ੍ਰਿਤ ਛਕ ਸਤਗੁਰ ਗ੍ਰਿਹਿ ਆਏ ॥ ਮਾਤਾ ਆਦਿ ਸਰਬ ਹਰਖਾਏ ॥
ਤੇਗ ਬਹਾਦਰ ਕੋ ਸੁਭ ਥਾਨੂ ॥ ਸ੍ਰੀ ਗੁਨ[3] ਮਾਨਤ ਸਬ ਕੋ ਜਾਨੂ ॥346॥
ਚੇਲ ਰੂਪੀ ਅੰਨ ਬਹੁ ਦੇਵੇ ॥ ਗੁਰ ਸੁਥਾਨ ਕੇ ਸਿਖਨ ਸੇਵੇ ॥
ਸਦਨ ਆਪਨੇ ਸਦਾ ਬਰਾਜੈ ॥ ਵਾਹਿਗੁਰੂ ਬਿਨ ਅਵਰੁ ਨ ਕਾਜੈ ॥347॥

॥ ਦੋਹਰਾ ॥

ਕਿਤਕ ਕਾਲ ਸ੍ਰੀ ਸਤਿਗੁਰੂ ਐਸ ਬਤਾਵਨ ਕੀਨ ॥
ਦੁਰੇ ਰਹਿ ਸਦਨੰ ਵਿਖੇ ਵਾਹਿਗੁਰੂ ਮਹਿ ਲੀਨ ॥348॥

**(ਬਾਬਾ ਸਾਹਿਬ ਸਿੰਘ ਦੀ ਸੰਧਿਆ ਸੇਵਾ ਦੀ ਭਾਵਨਾ)**

॥ ਚੌਪਈ ॥

ਆਨੰਦਪੁਰ ਮੈ ਸੋਬ ਸੁ ਆਏ ॥ ਨਾਨਕ ਪੰਥੀ ਨਾਮ ਕਹਾਏ ॥
ਸੀਤ ਕਾਲ ਬਹੁ ਬਿਰਖਾ ਹੋਈ ॥ ਓਰੇ ਪਰਤੇ[4] ਆਂਧੀ ਹੋਈ[5] ॥349॥
ਫਿਰਤ ਰੈਨ ਦ੍ਵੈ ਘਰੀ ਬਿਤੀਤੇ ॥ ਕਿਨੇ ਨ ਆਦਰ ਦਯੋ ਅਤੀਤੇ ॥
ਫਿਰਤਰ ਥਾ ਮੈ ਬੈਨ ਬਖਾਨੇ ॥ ਜਾਡਾ ਕਰ ਹੈ ਪ੍ਰਾਨਨ ਹਾਨੇ ॥350॥
ਸੁਨ ਸਤ ਗੁਰ ਜੀ ਮਨੇ ਬਿਚਾਰਾ ॥ ਸਾਧੋ ਦੁਖਿਤ ਭੇ ਠੌਰ ਮਝਾਰਾ ॥
ਲੀਨ ਬੁਲਿ ਕੋਰੁ[5] ਆਨੋ ਸਦਨਾ ॥ ਸੰਤ ਸਹਾਈ ਸਿਖੁ ਦੁਖ ਕਦਨਾ ॥351॥
ਦੈ ਬਹੁ ਆਦਰ ਲੀਨ ਬਠਾਈ ॥ ਮਾਤ ਸਰੂਪਾ ਪ੍ਰਤ ਇਮ[6] ਗਾਈ[7] ॥
ਕਰਿ ਸੁਭ ਭੋਜਨੁ ਦੇਰੁ ਬਿਹੀਨਾ ॥ ਕਹਿ ਮਾਤਾ ਸੁਨ ਸੁਤ ਪਰਵੀਨਾ ॥352॥

॥ ਦੋਹਰਾ ॥

ਸਰਪੀ ਉਢਨ ਦੂਨ ਬਹੁ ਮਰਦੋਦਾਰ ਵਿਸਾਰ ॥
ਇਹ ਸਾਮਾ ਗ੍ਰਿਹ ਬਹੁਤ ਭੈ ਕ੍ਰਹਿ ਲਕਰੀ ਸਦਨਾਰ ॥353॥
ਸੁਨ ਕਰੁ ਮਾਤਾ ਬੈਨ ਕੋ ਸਤਿਗੁਰ ਕੀਨ ਵਿਚਾਰ ॥
ਸੰਤ ਛੁਧਾਤਰ ਹੈ ਘਨੇ ਲੀਜੇ ਦਰਹਿ ਉਧਾਰ ॥354॥

---

1. ਅ ਪੋਥੀ ਪੰਜ 2. ਅ ਪੋਥੀ ਪਾਠਾਂਤਰ : ਔਰੁ ਮਸੰਦੀਏ 3. ਅ ਪੋਥੀ ਗੁਰ 4. ਅ ਪੋਥੀ ਪਾਠਾਂਤਰ : ਪਰਤਸੁ ਆਂਧੀ ਹੋਇ 5. ਅ ਪੋਥੀ ਹੰਕਾਰੁ 6. ੲ ਪੋਥੀ ਅਸ 7. ੲ ਪੋਥੀ ਬਚਨ

॥ ਚੌਪਈ ॥

ਘਰ ਮੇ ਰਾਖਾ ਏਕੁ ਕੁਠਰਾ ॥ ਤਤੁ ਖਿਨੁ ਸ੍ਰੀ ਗੁਰ ਕਰੰ ਮੋ ਧਾਰਾ ॥
ਦਰ ਚੌਕਾਠੰ ਰਖੂਤੇ ਫਾਹੇ ॥ ਫਾਰ ਲੀਨ ਤਬ ਦੇਰ ਬਿਹਾਏ[1] ॥355॥
ਲੰਗਰ ਮਾਂਝੈ[2] ਅਰਧੰ ਦੀਨੀ ॥ ਅਰਧ [3]ਜਠਾਈ ਦੇਰ[4] ਬਿਹੀਨੀ ॥
ਸੋ ਭੀ ਸੰਤਨ ਸੀਤ ਗਵਾਵਾ ॥ ਦਿਖ ਅਸ ਕੌਤਕਿ ਭੇ ਬਿਸਮਾਵਾ ॥356॥
ਮਾਤਾ ਭੋਜਨੁ ਕੀਨ ਤਿਆਰੀ ॥ ਖਾਵਾ ਸੰਤਨ ਭੇ ਤ੍ਰਿਪਤਾਰੀ ॥
ਸੰਤ ਜਨਾ ਮਿਲ ਕੀਨ ਬਿਚਾਰਾ ॥ ਸਰਬ ਬਿਆਪੀ ਗੁਰ ਤਨੁ ਧਾਰਾ ॥357॥
ਹਮਰੀ ਸੇਵਾ ਕਰੀ ਬਨਾਈ ॥ ਜਰੈ ਉਪਾਂਤ, ਦੇਰ ਨ ਲਾਈ ॥
ਕਰੁ ਬਿਚਾਰ ਅਸ ਸੁਖ ਸੋ ਸੋਏ ॥ ਭਈ ਭੋਰ ਫਿਰ ਜਾਗ੍ਰਤ ਹੋਏ ॥358॥
ਕਰ ਪ੍ਰਣਾਮ ਗੁਰ ਕੌ ਗਮਨਾਏ ॥ ਸਾਹਿਬ ਕੌਤਕ ਕਰੈਂ ਸੁਵਾਏ ॥
ਮਾਤਾ ਜੀ ਤਬ ਐਸ ਬਖਾਨਾ ॥ ਬਿਨੁ ਬੂਹੇ ਕਸ ਹੋ ਗੁਜਰਾਨਾ ॥359॥

॥ ਦੋਹਰਾ ॥

ਸ੍ਰੀ ਗੁਰ ਜੀ ਤਬ ਅਸੁ ਕਹਾ ਸੁਨ ਮਾਤਾਂ ਸੁਖਦਾਇ ॥
ਸੰਤਨ ਸੇਵਾ ਦੁਲਭ ਹੈ ਦਰਬ ਹੁਤੇ ਬਨ ਜਾਇ ॥360॥
ਸਿਖਨ ਕੌ ਸਮਝਾਵਨੇ ਸਤਗੁਰ ਐਸ ਕਰਾਂਹਿ ॥
ਜੋ ਸੰਤਨ ਕੋ ਸੇਵ ਹੈ ਚਾਰ ਪਦਾਰਥ ਪਾਹਿ ॥361॥

(ਮਾਤਾ ਦਾ ਅਕਾਲ ਚਲਾਣਾ)

॥ ਚੌਪਾਈ ॥

ਏਕ ਦਿਵਸ[5] ਮਾਤਾ ਬਚ ਬੋਲੀ ॥ ਸੁਨੋ ਤਾਤ ਸੁਭ ਗੁਣਨ ਅਮੋਲੀ ॥
ਦੇਹ ਬਿਧਾ ਅਬ ਮੇਰੀ ਹੋਈ ॥ [6]ਹਰਪੁਰਿ ਵਾਸ[6] ਦੀਜੀਏ ਮੋਹੀ ॥362॥
ਕਮਲਨੈਨ ਬੋਲੇ ਸੁਨ ਮਾਈ ॥ ਵਾਹਿਗੁਰੂ ਸਦ ਜਾਪਿ ਕਰਾਈ ॥
ਸ੍ਰੀ ਨਾਨਕ ਕੀ ਪੁਰੀ ਸਿਧਾਵੋ ॥ ਜਨਮ ਮਰਨ ਮੈ ਬਹੁਰਿ ਨਾ ਆਵੋ ॥363॥
ਮਾਤਾ ਜੀ ਤਬ ਜਲ ਮੰਗਵਾਵਾ ॥ ਕਰੁ ਇਸ਼ਨਾਨੁ ਦਾਨੁ ਚਿਤੁ ਲਾਵਾ ॥
ਭੂਖਣ ਬਸਤੁ ਬਿਤ ਬਹੁ ਦੀਨਾ ॥ ਸਤਿਨਾਮੁ ਉਰਿ ਮੈ ਦ੍ਰਿੜ ਕੀਨਾ ॥364॥
ਕੁਸਾ ਬਿਛਾਈ ਉਪਰਿ ਬੈਸੀ ॥ ਸ੍ਰੀ ਗੁਰ ਨਾਮੁ ਸਿਮਰ ਮੁਖ ਰਹਸੀ ॥
ਤਯਾਗ ਤਨੁ ਬੈਕੁੰਠ ਸਿਧਾਈ ॥ ਪ੍ਰਫਲੁ ਕ੍ਰਿਰਿਆ ਗੁਰੂ ਕਰਾਈ ॥365॥

॥ ਦੋਹਰਾ ॥

ਫੂਲ ਗੰਗਾ ਜੀ ਪਠਾਵਏ ਭੂਖਣ ਖਟ ਬਹੁ ਨਾਲ ॥
ਧਰਮ ਸਾਲਾ ਗੁਰ ਜੀ ਕਰੀ ਖਰਚਾ ਦਰਬ[8] ਬਿਸਾਲ ॥366॥
ਪੁਰਿ ਆਨੰਦ ਸੁਨਾਵਣਾ ਹੋਲਾ ਭਯੋ ਹੁਲਾਸ ॥
ਗੁਰ ਸਿਖ ਆਵੈ ਅਤਿ ਘਨੇ ਧਰੁ ਦਰਸਨ ਕੀ ਆਸ ॥367॥

---

1. ਮੂਲ ਪੋਥੀ ਬਿਹਾਹੰ 2. ਅ ਪੋਥੀ ਮਾਝ ਸੁ 3. ਅ ਪੋਥੀ ਸਰਾਈ ਦੇਗ 4. ਅ ਪੋਥੀ ਬਿਆਧੀ
5. ਅ ਪੋਥੀ ਦਿਨ 6. ਅ ਪੋਥੀ ਬੈਕੁੰਠ ਨਿਵਾਸ 7. ਅ ਪੋਥੀ ਸਰੀਰ 8. ੲ ਪੋਥੀ ਧੰਠ

## (ਸੰਗਤਾ ਦੀਆਂ ਮੰਨੋ ਕਾਮਨਵ ਪੂਰੀਆਂ ਕਰਨੀਆਂ)

॥ ਚੌਪਾਈ ॥

ਦੂਰਿ ਦੂਰਿ ਤੇ ਸੰਗਤਿ ਆਵੈ ॥ ਧਰ ਅਕੋਰ ਸੋ ਮਾਥੇ ਨਿਵਾਵੈ ॥
ਕਰੈਂ ਕੀਰਤਨੁ ਮਾਂਥ ਨਿਵਾਈਂ ॥ ਮੰਨੁ ਬਾਛਤ ਗੁਰ ਤੇ ਬਰਿ ਪਾਂਈ ॥368॥
ਬਿਸਾਲ[1] ਪੁਰੇ ਕੀ ਸੰਗਤਿ ਅਈ ॥ ਜਿਨ ਮਨ ਪ੍ਰੀਤੀ ਅਤਸੈ ਲਈ ॥
ਜਾਤ ਠਠੇਰਾ ਚੂਹਾ ਨਾਮ ॥ ਸੋ ਆਵਾ ਚਲਿ ਸਤਿਗੁਰ ਧਾਮ ॥369॥
ਘਰ ਸੋਢਨ ਕੇ ਢਿਗ ਫਿਰੇ ਹਾਰਾ ॥ ਕਿਸ ਨ ਕਹਾ ਤਵ ਹੁਇ ਸੁਤ ਚਾਰਾ ॥
ਭਾ ਨਿਰਾਸ ਮਨ ਮੇ ਦੁਖ ਪਾਈ ॥ ਨੈਨਨ ਤੇ ਬਹੁ ਜਲ ਢਰਕਾਈ ॥370॥
ਸਿਖ ਬਿਰਾਗਨੁ ਕਰੇ ਕਹਾਵੈਂ ॥ ਗਲ ਮਹਿ ਕੰਠੀ ਰਾਮ ਧਿਆਵੈਂ ॥
ਸਾਹਿਬ ਬੈਠੇ ਹੇਰ ਇਕਾਂਤ ॥ ਆਵਾ ਚਲ ਕਰ ਚਾਹੇ ਤਾਤ ॥371॥

॥ ਦੋਹਰਾ ॥

ਹਾਥ ਜੋਰੁ ਬਹੁ ਨਿਮਰ ਹੋਇ ਚਰਨਨ ਸੀਸ ਨਿਵਾਇ ॥
ਬੈਠਿ ਗਯੋ ਕਰ ਜੋਰਿ ਕੈ ਸਾਂਤ ਭਈ ਮਨੁ ਆਇ ॥372॥

॥ ਚੌਪਾਈ ॥

ਦੇਖਿ ਨਿਮ੍ਰ ਬਹੁ ਸਤਿਗਰ ਸੂਰੇ ॥ ਬੋਲੇ ਬੈਨਿ [2]ਬਚਨ ਮਨ[2] ਪੂਰੇ ॥
ਕਯਾ ਹੈ ਨਾਮ ਕਹਾਂ ਤੇ ਆਵਾ ॥ ਬਹੁ ਦਲਗੀਰ ਤਵ ਮਨੁ ਦ੍ਰਿਸਟਾਵਾ ॥373॥
ਹਾਥ ਜੋਰੁ ਤਵ ਬੈਨ ਬਖਾਨਾ ॥ ਘਰੁ ਬਿਲਾਸ ਪੁਰ ਚੂਹਾ ਨਾਮਾ ॥
ਤਾਤ ਨ ਹੋਵਾ ਬਹੁ ਪਚਿਹਾਰਾ ॥ ਕਰੋ ਮਯਾ ਤਾਂ ਹੋਇ ਸੁਤ ਚਾਰਾ ॥374॥
ਤਵ ਸਰਣੀ ਮੈ ਆਯੋ ਸੁਾਂਮੀ ॥ ਪ੍ਰਭ ਚਰਨਨ ਬਹੁ ਬਾਰ ਨਮਾਮੀ ॥
ਸ੍ਰੀ ਗੁਰ ਪ੍ਰਾਹਾ ਸਿਖੀ ਧਾਰੋ ॥ ਗਰ ਮੈਂ ਕਠੀ ਦੂਰਿ ਨਿਵਾਰੋ ॥375॥
ਵਾਹਿਗੁਰੂ ਸਦ ਜਾਪੁ ਕਰੀਜੈ ॥ ਅਸਨੁ ਬਸਨ ਗੁਰ ਸਿਖਨ ਦੀਜੈ ॥
ਸੁਤ ਬ੍ਰਿਤ ਮੁਕਤੀ ਤੀਨੋ ਪਾਵੋ ॥ ਜਨਮ ਮਰਨ ਮੋ ਬਹੁਰਿ ਨ ਆਵੋ ॥376॥

॥ ਦੋਹਰਾ ॥

ਗੁਰ ਕੀ ਗਿਰਾ ਸੁ ਅਕਨ ਕਰ ਕੰਠੀ ਤੋਰੁ ਬਗਾਇ ॥
ਅਮ੍ਰਿਤ ਛਕ ਸਿਖ ਹੋਤਿ ਭਾ ਵਹਿਗੁਰੂ ਮੁਖ ਪ੍ਰਾਇ[3] ॥377॥

॥ ਚੌਪਾਈ ॥

ਸ੍ਰੀ ਗੁਰੂ ਜੀ ਸੁਠ ਬਾਕ ਉਚਾਰਾ ॥ ਬਰਸ ਬੀਚ ਪਾਵੋ ਸੁਤ ਚਾਰਾ ॥
ਚਰਨਰੇਨ[4] ਲੇ ਮਾਥੇ ਲਾਈ ॥ ਜਥਾ ਸਕਤ ਤਬ ਭੇਟ ਚਢਾਈ ॥378॥
ਲੇ ਨਿਦੇਸ ਗੁਰ ਸਦਨ ਪਧਾਰਾ ॥ ਜਾਇ ਨਿਕੇਤ ਬੈਨ[5] ਉਚਾਰਾ ॥
ਬੇਦੀ ਸਾਹਿਬ ਮਯਾ ਸੁ ਧਾਰੀ ॥ ਹਰੇ ਕੀਏ ਦੈ ਕਿਰਪਾ ਬਾਰੀ ॥379॥
ਸੁਨ ਪਤਿ ਬਚ ਮਨ ਬਹੁਤ ਅਨੰਦੂ ॥ ਕਬ ਦੇਖੇ ਸੁਖ[6] ਸੁਖਮਾਂਕੰਦੂ ॥
ਸਿਖਨ ਸੰਤਨ ਸੇਵਨ ਲਾਗੇ ॥ ਪ੍ਰਸਾਦ ਖਵਾਇ ਉਢਾਵੈ ਬਾਗੇ ॥380॥

---

1. ਅ ਪੋਥੀ ਬਿਲਾਸ 2. ਅ ਪੋਥੀ ਬ੍ਰਚਨਨ 3. ਅ ਪੋਥੀ ਗਾਇ 4. ਮੂਲ ਪੋਥੀ ਲੇਨ੍
5. ਮੂਲ ਪੋਥੀ ਬੈਠ 6. ਅ ਪੋਥੀ ਸੁਤ 7. 'ੲ' ਪੋਥੀ ਸਾਧੂ

ਨਿਕੋ[1] ਨਾਮੰ ਪਤਿਨੀ[1] ਕੇਰੋ ॥ ਜਾਵਾ ਪੂਤ੍ਰ ਹਰਖ[2] ਘਨੇਰੋ ॥
ਨਾਨਕ ਦਾਦਕ ਬਜੀ ਬਧਾਈ ॥ ਨਿਰਧਨੁ ਕੋ ਬਹੁ ਦਾਨੁ ਦਿਵਾਈ ॥381॥

॥ ਦੋਹਰਾ ॥

ਸ੍ਰੀ ਗੁਰ ਕੋ ਯਸ ਕਰਤ ਭੇ ਮਿਲ ਕੇ ਸਭ ਠਠਿਆਰੁ ॥
ਸ੍ਰੀ ਬੇਦੀਸੰ ਗੁਨ ਕਥੈ ਜਿਨ ਮਹਿਮਾ ਜੁਗ ਚਾਰ ॥382॥

॥ ਚੌਪਈ ॥

ਦੁਤੀ ਬਰਸ ਜਬ ਹੋਲਾ ਆਵਾ ॥ ਦੰਪਤੀ ਕੇ ਮਨੁ ਬਹੁ ਹੁਲਸਾਵਾ ॥
ਲਰਕਾ ਲੇ ਅਨੰਦ ਪੁਰਿ ਆਏ ॥ ਜਿਨ ਕੇ ਜਾਗੇ ਭਾਗ ਸੁਹਾਏ ॥383॥
ਧਰ ਅਕੋਰ ਸਿਸੁ ਚਰਣੀ ਪਾਯੋ ॥ ਹਾਥੁ ਜੋਰੁ ਕਰੁ ਬਿਨੈ ਅਲਾਯੋ ॥
ਏ ਬਾਰਕ ਹੈ ਤੁਮਰਾ ਚੇਰਾ ॥ ਕਰੀ ਮਯਾ ਮੁਹਿ ਨਿਰਗੁਣ ਹੇਰਾ ॥384॥
ਜੋ ਕਮਲਾਨਨ ਬੈਨ ਬਖਾਨੇ ॥ ਭਏ ਸੰਪੂਰਨ ਸਭ ਜਗ ਜਾਨੇ ॥
ਮੁਹਿ ਅਨਾਥ ਪਰੁ ਕਿਰਪਾ ਕੀਨੀ ॥ ਸੂਕੀ ਬੇਲ ਹਰੀ ਕਰੁ ਦੀਨੀ ॥385॥
ਇਕ ਅਰਜੀ ਹਮਰੀ ਸੁਨਿ ਲੀਜੇ ॥ ਗ੍ਰਿਹ[3] ਹਮਰੋ ਅਬ ਪਾਵਨ ਕੀਜੇ ॥
ਜੈਸੇ ਸਵਰੀ ਭਵਨ ਸਿਧਾਰੇ ॥ ਸਦੰਨ ਬਿਦਰ ਕੇ ਸਾਗ ਭੁਚਾਰੇ ॥386॥

॥ ਦੋਹਰਾ ॥

ਕਰਮਾ ਬਾਈ ਖੀਚਰੀ ਕੀਨੀ ਪ੍ਰੇਮ ਲਗਾਇ ॥
ਤੁਮ ਭੁਚੀ ਬਹੁ ਹੇਤ ਧਰਿ ਗ੍ਰਿਹਿ ਲਾਲੋ ਕੇ ਜਾਇ ॥387॥

॥ ਚੌਪਈ ॥

ਨਰਸੀ ਹੁੰਡੀ ਤਾਰਨ ਕੀਨੀ ॥ ਰਾਇ ਬੁਲਾਰੇ ਸੁਭ ਗਤ ਦੀਨੀ ॥
ਧੰਨੇ ਕੇ ਤੁਮ-ਹਰਟ ਚਲਾਏ ॥ ਸਿਵਨਾਭ ਕੇ ਸਦਨ ਸਿਧਾਏ ॥388॥
ਪੁਰ ਬਿਲਾਸ ਅਬ ਪਾਵਨਿ ਕੀਜੈ ॥ ਹਮਰੇ ਪਰ ਬਹੁ ਮਯਾ ਕਰੀਜੈ ॥
ਦੰਪਤਿ ਮਿਲ ਜਬ ਐਸ ਬਖਾਨਾ ॥ ਸ੍ਰੀ ਗੁਰ ਜੀ ਸੁਨ ਲੀਨੋ ਮਾਨਾ ॥
ਹੁਕਮ ਕੀਯੋ ਸੁਚ ਸੇਵਕ ਤਾਂਹੀ ॥ ਕਰੋ ਤਿਯਾਰੀ ਬਿਲਮੋ ਨਾਹੀ ॥
ਆਨ ਤੁਰੰਗਮ ਕੀਨੀ ਅਰਜੀ ॥ ਜੋ ਵਰਤਤ ਸਤਿਗੁਰ ਕੀ ਮਰਜੀ ॥390॥
ਭਏ ਸਵਾਰ ਸਿਰੀ ਗੁਰ[4] ਪੂਤੇ ॥ ਜਿਨ ਕੇ ਬਾਕ ਨ ਹੋਵਿਤ ਊਰੇ ॥
ਪੁਰਿ ਬਿਲਾਸ ਮਹਿ ਜਾਇ ਪਹੂਚੇ ॥ ਜਿਨ ਦਰਸੇ ਅਘ ਹੋਵੈ ਸੂਚੇ ॥391॥

॥ ਦੋਹਰਾ ॥

ਤਿਸ ਠਿਠਾਰੁ ਕੇ ਗ੍ਰਿਹ ਗੁਰੂ ਬੈਠੇ ਸਿਵਰ ਲਗਾਇ ॥
ਸੁਨਿ ਕੇ ਸਭ ਠਠਿਆਰ ਤਬ ਆਏ ਪ੍ਰੇਮ ਬਢਾਇ ॥392॥

॥ ਚੌਪਈ ॥

ਅਰੁਪ ਅਕੋਰੰ[5] ਬੰਦਨੁ ਕੀਨੀ ॥ ਦੇਖ ਰੂਪ ਭੀ ਪ੍ਰੀਤ ਨਵੀਨੀ ॥

---

1. ਅ ਪੋਥੀ ਪਾਠਾਂਤਰ : ਨ ਮ ਤਿਨੁ ਇਸਤ੍ਰੀ 2. ਅ ਪੋਥੀ ਅਨੰਦ 3. 'ੲ' ਪੋਥੀ ਸਦਨ 4. 'ੲ' ਪੋਥੀ ਸਤਿਗੁਰੂ 5. ਅ ਪੋਥੀ ਸੁ ਬੰਦਨ

ਅੰਭ ਲੇ ਅੰਭੋਜ ਪਗੰ ਧੋਏ ॥ ਮੁਖ ਮੈ ਪਾਵੈ ਨੈਨ ਭਿਗੋਏ ॥393॥
ਪਲੰਕਾ ਸੁੰਦਰ ਦੀਨ ਬਿਛਾਈ ॥ ਆਸ ਤਰਨ ਉਪ ਧਾਨ ਧਰਾਈ ॥
ਸਤਿਗੁਰ ਊਪਰਿ ਦੀਨ ਬੈਠਾਇ ॥ ਲੈ ਕਰ ਸੰਦਰੁ ਚਉਰ ਢਰਾਇ ॥394॥
ਖਸਟ ਪ੍ਰਕਾਰ ਪ੍ਰਸਾਦੋ ਕਰਾਈ ॥ ਓਦਨ ਸਰਪੀ ਸਿਤਾ ਮਿਲਾਈ ॥
ਹਾਥ ਜੋਰ ਗੁਰ[1] ਅਰਜ ਗੁਜਾਰੀ ॥ ਚਲ[2] ਜੇਵੋਂ ਗੁਰ ਬਿਲਾ ਅਵਾਰੀ ॥395॥
ਲੰਗਰ ਮਹਿ ਸ੍ਰੀ ਗੁਰ ਜੀ ਗਏ ॥ ਚੌਕੀ ਪਰ ਤਬ ਇਸਥਿਤ[3] ਭਏ ॥
ਥਾਲ ਪਰੋਸਾ ਆਗੈ ਰਾਖਾ ॥ ਸਿਖਨ ਦੀਨੋ ਹਿਤ ਕਰੋ ਭਾਖਾ ॥396॥

॥ ਦੋਹਰਾ ॥

ਬ੍ਰਿਜਨਾ ਚੌਰੀ ਪ੍ਰੀਤਿ ਕਰਿ ਫੇਰਤਿ ਹੈ ਦੋਊ ਓਰਿ ॥
ਨਿਰਮਲੁ ਜਲ ਸੀਤਲ ਸੁਭਗ ਧਰੁ ਦੀਨੋ ਗੁਰ ਧੋਰ ॥397॥

॥ ਚੌਪਈ ॥

ਅਚ ਪ੍ਰਸਾਦਿ ਛਕ ਸੀਤਲ ਪਾਨੀ ॥ ਸੀਤ ਦੀਓ ਗੁਰ ਸੁਖਨਾ ਖਾਨੀ ॥
ਝਾਰੀ ਝਾਰਾ ਬਾਲਾ ਲੀਨੇ ॥ ਅਚਾ ਸੀਤ ਭਾ ਸੀਤਲ ਸੀਨੇ[4] ॥398॥
ਚਰਨ ਘਾਲ ਤਬ ਸਭ ਨੇ ਲੀਨੀ ॥ ਸਿਖਯ[5] ਧਾਰੀ ਹਰਖੁ ਨਵੀਨੀ ॥
ਵਹਿਗੁਰੂ ਮੁਖ ਜਾਪਨ ਲਾਗੇ ॥ ਸੇਵ ਬਿਰਾਗੀ ਦੀਨ ਤਿਯਾਗੇ ॥399॥

**(ਪਾਖੰਡੀ ਬੈਰਾਗੀ ਸਾਧ ਦਾ ਪਾਜ ਉਘਾੜਨਾ)**

ਮਧਿ ਠਠਿਆਰਨ ਕੇ ਨਹਿ ਗਯੋ ॥ ਬੈਰਾਗੀ ਮਨ ਦੁਖ ਅਤਿਸੇ ਭਯੋ[6] ॥
ਪੂਛਤਿ ਤਾਸੋ ਕਿਯੋ ਨਹੀ ਆਏ ॥ ਨਰ ਬੋਲਾ ਗੁਰ ਲੀਨ ਬਿਲ੍ਹਾਏ ॥400॥
ਸੁਨ ਕਰਿ ਈਰਖ ਐਗਨੀ ਜਾਰਾ ॥ ਕੌਨ ਗੁਰੂ ਮਮ ਸਿਖ ਬਿਗਾਰਾ ॥
ਕਰਾਮਾਤ ਕਰ ਦਿਉ ਉਠਾਈ ॥ ਬਹੁਰੋ ਇਹਾ ਸੁ ਆਵਹਿ ਨਾਈ ॥401॥

॥ ਦੋਹਰਾ ॥

ਨਿੰਦਾ ਗੁਰ ਕੀ ਕਰਤ ਬਹੁ ਮਨ ਮੋ ਈਰਖਾ ਧਾਰ ॥
ਜੁਗਤ ਅਨੇਕ ਬਨਾਵਈ ਬਲ ਨ ਚਲੇ ਗੁਰ ਲਾਰ ॥402॥

॥ ਚੌਪਈ ॥

ਇਕ ਦਿਨ ਗਾ ਠਠਾਰ ਤਿਸ ਪ੍ਰਾਸੂ ॥ ਬੈਠ ਕਰੀ ਗੁਰ ਨੁਤ ਪ੍ਰਕਾਸੂ ॥
ਸੁਨ ਕਰੁ ਜਰਾ ਨ ਕੀਨ ਸਹਾਰਾ[7] ॥ ਗੁਰ ਕੀ ਨਿੰਦਾ ਕਹਿ ਬਹੁ ਬਾਰਾ[8] ॥403॥
ਪੁਨ ਮੂਰਖ ਅਪਨੀ ਨੁਤ ਗਾਈ ॥ ਬਿਨੁ ਬੈਰਾਗੀ ਪੰਥ ਝੁਠਾਈ ॥
ਨਾਨਕ ਆਦਿ ਪਖੰਡ ਚਲਾਵਾ ॥ ਲੋਗ ਠਗਨ ਤਿਹ[9] ਬਯੋਤ ਬਨਾਵਾ ॥404॥

---

1. ਅ ਪੋਥੀ ਸਿਖ 2. ਅ ਪੋਥੀ ਚਲੀਏ 3. ਅ ਪੋਥੀ ਇਸਥਿਰ 4. ਅ ਪੋਥੀ ਪਾਠਾਂਤਰ :- ਨਰਨ ਅਚਾ ਭਾ ਸੀਤਲ ਸੀਨੇ 5. ਅ ਪੋਥੀ ਸਿਖੀ 6. ਅ ਪੋਥੀ ਪਾਠਾਂਤਰ ਠਠਿਆਰਨ ਮੋਹਿਤਬ 7. ਅ ਪੋਥੀ ਅਤਿਭਯੋ 8. ਅ ਪੋਥੀ ਭਾਸੋ 9. ਅ ਪੋਥੀ ਹਿਤ

ਉਠ ਠਿਠਾਰ ਸ੍ਰੀ ਗੁਰ ਪਹਿ ਆਯੋ ॥ ਜੋ ਤਿਨ ਭਾਖ੍ਯਾ ਸਕਲ ਸੁਨਾਯੋ ॥
ਸੁਨ ਕਰ ਗੁਰੂ ਉਚਾਰਨ ਠਾਨਾ ॥ ਨਿੰਦਿਯਾ ਫਲੁ ਸ੍ਰੀ ਗ੍ਰੰਥ ਬਖਾਨਾ ॥405॥

॥ ਤਥਾ ਸਲੋਕ ॥

ਜਿਸੁ ਅੰਦਰੁ ਤਾਂਤ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੈ ਭਲਾ ॥
ਜਿਸੁ ਅੰਦਰਿ ਚੁਗਲੀ ਬਜੈ ਕੀਤਾ ਕਰਤਿਆ ਉਸ ਦਾ ਸਭੁ ਗਇਆ ॥
ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ ਉਸ ਦਾ ਕਾਲਾ ਭਇਆ ॥
ਕਰਮ ਧਰਤੀ ਸਰੀਰ ਕਲਿਜੁਗ ਵਿਚ ਜੇਹਾ ਕੋ ਬੀਜੇ ਤੇਹਾ ਕੋਈ ਖਾਏ[1] ॥
ਗਲਾ ਉਪਰਿ ਤਪਾਵਸੁ ਨ ਹੋਵਈ ਵਿਸੁ ਖਾਧੀ ਤਤਕਾਲ ਮਰਿ ਜਾਏ ॥
ਭਾਈ ਵੇਖਹੁ ਨਿਆਉ ਸਚਿ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ ॥
ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਨਾਏ ॥1॥

॥ ਦੋਹਰਾ ॥

ਐਸਾ ਸਲੋਕ ਉਚਾਰ ਕੈ ਸਿਖ ਪ੍ਰਤਿ ਗੁਰ ਅਲਾਇ ॥
ਕਰਾਮਾਤ ਕਛੁ ਰਾਖਤਾ ਦੈ ਹਮ ਕੋ ਸਮਝਾਇ ॥406॥

॥ ਚੌਪਾਈ ॥

ਸਿਖ ਕਹੈ ਸ੍ਰੀ ਗੁਰ ਜੀ ਸੁਨੀਯੇ ॥ ਕਰਮਾਤ ਤਿਸ ਕੀ ਇਹ ਗੁਨੀਏ ॥
ਖਾਵਤ ਪੀਵਤ ਨਦਰੀ ਆਵੈ ॥ ਸੁਚੇਤੇ ਹੋਨ ਸੋ ਕਬੈ ਨ ਜਾਵੈ ॥407॥
ਏਹੀ ਹੈ ਤਿਸ ਕੀ ਸਿਧਤਾਈ ॥ ਔਰ ਨ ਸਿਧਤਾ ਦੇਖੀ ਕਾਈ ॥
ਗੁਰ ਜੀ ਭਾਖ੍ਯਾ ਤੂਸਨ ਕੀਜੈ ॥ ਜੋ ਬਰਤੇ ਕਲ ਦੇਖ ਸੁ ਲੀਜੈ ॥408॥
ਐਸੇ ਕਹਿ ਗੁਰ ਤੂਸਨਧਾਰੀ ॥ ਸੁਨੋ ਬਿਰਾਗੀ ਭਾ ਦੁਖੁ ਭਾਰੀ ॥
ਆਗੈ ਐਸੇ ਸਦਾ ਕਰਾਵੈ ॥ ਅਪਗਾ ਮਾਂਝ ਪਰੀਖਤ ਜਾਵੈ ॥409॥
ਭਾਸਕਾਰ ਗਾ ਨਦੀ ਕਨਾਰ ॥ ਦੋਂਦ ਧਾਵਨ ਕਰੈ ਵਰਾ ਮਝਾਰ ॥
ਕਰੇ ਯਤਨ ਬਹੁ ਮੈਲ ਤਿਯਾਗੋ ॥ ਭਾ ਆਫਰ ਲਾਗੀ ਤਨ ਆਗ ॥410॥

॥ ਦੋਹਰਾ ॥

*ਨਦੀ ਤਿਆਗ ਨ ਕੀਨ ਤਿਨ ਪਾਵਾ ਕਸਟ ਅਪਾਰ ॥[2]
ਨਦੀ ਕਨਾਰੇ ਆਇ ਭਾ ਪਰ ਗਾ ਪਾਵ ਪਸਾਰ ॥411॥

॥ ਸਵੈਯਾ ॥

ਪਰ ਕੈ ਧਰਨੀ ਨਿਜ ਪਾਇ ਪਸਾਰ ਪੁਕਾਰਤ ਆਰਤ ਭਾ ਅਨੁਜਾਨਾ ॥
ਕਬ ਪੰਡਤ ਦਾਬਤ ਹੈ ਉਦਰੰ ਕਬ ਬੈਠਤ ਐਠਿ ਅਮੈਠਤ ਪ੍ਰਾਨਾ ॥
ਨਿਜ ਕਾਰ ਕਰੀ ਤਰ[3] ਕਰ ਕੈ ਉਚਰੈ ਨ ਗੁਰੂ ਢਿਗਿ ਆਇ ਮਲਾਨਾ ॥
ਉਹ ਭੂਰ ਬਿਸੂਰਤ ਬ੍ਯਾਕੁਲ ਹੋਵਤਿ ਦੁਖ ਪਾਇ ਪਰਯੋ ਤਿਹ ਥਾਨਾ[4] ॥

1. ਅ ਪੋਥੀ ਪਾਠਾਂਤਰ ਕੋਈ ਕਰੇ ਤੇਹਾ ਕੋਈ ਪਾਏ 2. ਅ ਪੋਥੀ ਪਾਠਾਂਤਰ ; ਕਸ੍ਟ ਭਯੋ ਤਿਸ ਹੀ ਘਨੋ ਰੋਵੈ ਉਚ ਪੁਕਾਰ ॥ ਨਦੀ ਕਿਨਾਰੇ ਆਤ ਭਾਂ ਪਰਗਾ ਪਾਵ ਪਸਾਰ ॥ 3. ਅ ਪੋਥੀ ਤਰੁਪਾ 4. ਮੂਲ ਪੋਥੀ ਥਾਨਾ

॥ ਚੌਪਾਈ ॥

ਸਾਰੇ ਨਗਰ ਮਾਂਹਿ ਸੁਧ ਹੋਈ ॥ ਚਢਾ ਅਫਾਰਾ ਸਭ ਸੁਧ ਖੋਈ ॥
ਆਵੈ ਦੌਰੈ ਲੋਗ ਲੁਗਾਈ ॥ ਔਖਦ ਆਨੇ ਬੈਦ ਬੁਲਾਈ ॥413॥
ਜਯੋਂ ਜਯੋਂ ਔਖਦ ਮੁਖ ਮੈ ਡਾਰੈ ॥ ਰੋਇ ਪੁਕਾਰੈ ਬਹੁ ਸਿਰੁ ਮਾਰੈ ॥
ਸਿਖ ਠਿਠਾਰ ਭੀ ਤਹ ਚਲ ਆਯੋ ॥ ਦੇਖ ਦੁਖਤ ਪ੍ਰਤਿ ਬੈਨ ਅਲਾਯੋ ॥414॥
ਕਿਉ ਦੁਖ ਪਾਵਤ ਇਹ ਠਾ ਭ੍ਰਾਤਾ ॥ ਅਬ ਚਲੀਐ ਗੁਰ ਕੇ ਦਰਬਾਰਾ ॥
ਨਿੰਦਿਆ ਕੀਨੀ ਸੋ ਫਲੁ ਪਾਵਾ ॥ ਸਰਨਿ ਪਏ ਮਿਟ ਹੈ ਦੁਖ ਦਾਵਾ ॥415॥

॥ ਦੋਹਰਾ ॥

ਐਸੇ ਬੈਨ ਸੁਖ ਕੇ ਸੁਨੇ ਮਨ ਮਹਿ ਬਹੁਤ ਲਜਾਨ ॥
ਨੈਨ ਸੈਨ ਕਰੁ ਕਹਿਤ ਭਾ ਲੇ ਜਾਵੋ ਗੁਰ ਥਾਂਨ ॥416॥

॥ ਚੌਪਈ ॥

ਡੋਲੇ ਮੈ ਲੈ ਤਿਸ ਕੋ ਪਾਵਾ ॥ ਲੋਕਨ ਨੇ ਤਬ ਲੀਨ ਉਚਾਵਾ ॥
ਸ੍ਰੀ ਗੁਰ ਆਗੇ ਆਂਨ ਧਰਯੋ ਹੈ ॥ ਕਹਤ ਭੇ[1] ਦੁਖ ਬਹੁਤ ਭਰਯੋ ਹੈ ॥417॥
ਅਬ ਗੁਰ ਜੀ ਇਹ ਸਰਨੀ ਆਵਾ ॥ ਨਿੰਦ ਕਰੰਨ ਕੋ ਬਹੁ ਫਲੁ ਪਾਵਾ ॥
ਤੁਮ ਬਖਸੰਦ ਸਦਾ ਸੁਖਦਾਈ ॥ ਤਰੂ ਇਲਾਵਤ ਧੀਰ ਰਹਾਈ ॥418॥
ਲੋਕਨ ਕੇ ਅਸ ਬੈਨ ਸੁਨੇ ਜਬ ॥ ਕਰਤ ਭਏ ਤਬ ਹੀ ਕਰੁਣਾ ਸਬ ॥
ਜਲ ਮੰਗਵਾਵਾ ਸ੍ਰੀ ਗੁਰ ਤਬ ਹੀ ॥ ਸਤਨਾਮ ਕਰ ਸੰਚਾ ਜਬ ਹੀ ॥419॥

॥ ਦੋਹਰਾ ॥

ਜਲ ਸੰਚਨ ਜਬ ਕੀਨ ਗੁਰ ਮਿਟਯੋ[2] ਤਬੈ ਅਫਾਰ ॥
ਹਾਥ ਜੋਰ ਤਰਪਾ ਬਹੁਤ ਧਕਰੇ ਗੁਰ ਚਰਿਨਾਰ ॥420॥

॥ ਚੌਪਾਈ ॥

ਮੈ ਅਜਾਨ ਬਹੁ ਨਿੰਦਾ ਕੀਨੀ ॥ ਸਭ ਹਮਰੀ ਤੁਮ ਖਾਮੀ ਚੀਨੀ ॥
ਨਿੰਦਾ ਕੋ ਫਲੁ ਲੀਨੋ ਪਾਈ ॥ ਦੇਵ ਤਰੂ ਸਮ ਤੁਮ ਸੁਖਦਾਈ ॥421॥
ਅਪਨੇ ਗੁਰ ਮੋਕੋ ਓਪਦੇਸਾ ॥ ਨਹੀ ਬਿਰਾਗੀ ਤੁਲ ਕੋ ਭੇਸਾ[3] ॥
ਸ੍ਰੀ ਗੁਰ ਜੀ ਤਬ ਐਸ ਬਖਾਨਾ ॥ ਬਿਰਾਗ ਲਖਨ ਗ੍ਰੰਥ ਪ੍ਰਮਾਨਾ ॥422॥

॥ ਤਬ ਸਲੋਕੁ ॥

ਬੈਰਾਗੀ ਸੋ ਸੋ ਬੈ ਮਹਿ ਆਵੈ ॥ ਸਿਵਕੇ ਆਗੇ ਸਕਤਿ ਨਿਵਾਵੈ ॥
ਸਿਵ ਸਕਤੀ ਕੇ ਕਰਮ ਕਰੈ ॥ ਅਜਰੁ ਵਸਤੁ ਅਗੋਚਰੁ ਜਰੈ ॥
ਤਾਮਸ ਤ੍ਰਿਸਨਾ ਮਮਹਿ ਤਿਆਗੀ ॥ ਨਾਨਕ ਕਹੈ ਸੋਈ ਬੈਰਾਗੀ ॥

1. ਅ ਪੋਥੀ ਭਏ 2. ਅ ਪੋਥੀ ਮਿਟਗਯੋ 3. ੲ ਪੋਥੀ ਭੇਖਾ

॥ ਦੋਹਰਾ ।
ਬੇਦਿ ਬੰਸ[1] ਕੇ ਮੁਕਟਿ ਮਣਿ ਐਸ ਦਯੋ ਸਮਝਾਇ ॥
ਸੁਨ ਕਰ ਐਸੇ ਬੈਨ ਕੋ ਚਰਨ ਗਿਹ[2] ਅਕੁਲਾਇ ॥423॥
॥ ਚੌਪਈ ॥
ਬਾਰ ਬਾਰ ਬੰਦਤ ਪਗ ਗੁਰ ਕੋ ॥ ਬਿਨੈ ਭਨਤ ਬਹੁ ਹਿਤੁ ਕਰ ਉਰ ਕੋ ॥
ਕਮਲ ਬਦਨ ਲਖ ਕਰ ਜਗਿਆਸੀ ॥ ਹਿਤੁ ਉਪਦੇਸਿਨ ਗਿਰਾ ਪ੍ਰਕਾਸੀ ॥424॥
ਜਗਤ ਲਖਹੁ ਮਿਥਿਆਹਿ[4] ਦਾਮੂ ॥ ਸਿਮਰਨੁ ਕਰਹੁ ਸਦਾ ਸਤਨਾਮੂ ॥
ਕਰਮ ਧਰਮ ਤਪ ਨੇਮ ਅਨੇਕਾ ॥ ਸਰਬ ਅਫਲ ਜੇ ਨਾਮ ਨ ਏਕਾ ॥425॥
ਯਾ ਪਰ ਸੁਨ ਦ੍ਰਿਸਟਾਂਤ ਮਹਾਨਾ ॥ ਅਫਲ ਨਾਮੁ ਬਿਨੁ ਇਹ ਸਭ ਜਾਨਾ ॥
ਕਾਗਦ ਪਰ ਨਹਿ ਲਿਖਿਯੋ ਇਕਾਂਗਾ ॥ ਸੂਨ ਲਿਖਨ ਪਰ ਮਨ ਅਨੁਰਾਗਾ ॥426॥
ਤਿਨ ਤੇ ਸਰਯੋ ਨ ਏਕੋ ਕਾਜਾ ॥ ਭਾ ਬਿਰਥਾ ਸਬ ਲਿਖਨ ਸਮਾਜਾ ॥
ਪੂਰਬ ਲਿਖਿਯੋ ਇਕਾਂਗ ਬਨਾਈ ॥ ਲਿਖੀ ਨ ਸੂਨ ਸੁ ਅਫਲ ਨ ਜਾਈ ॥427॥
ਜੋ ਇਕਾਂਗ ਪਰ ਲਿਖ ਹੈ ਸੂਨਾ ॥ ਸੂੰਨ ਸੂੰਨ ਤੇ ਹ੍ਵੈ ਦਸ ਗੁਨਾ ॥
ਤਿਉ ਜੋ ਨਾਮ ਸੰਗ ਤਪੁ ਤਾਪਹਿ ॥ ਪੂਜਾ ਵਰਤ ਨੇਮੁ ਜਪੁ ਜਾਪਹਿ ॥428॥
ਸੌ ਦਸ ਗੁਨਾ ਅਧਕ ਫਲੁ ਪਾਵਹਿ ॥ ਹੋਰ ਮੁਕਤਿ ਜਮ ਸੰਗ ਨ ਜਾਵਹਿ ॥
ਅਹੈ ਸਿਰਮੌਣਿ ਸਭਿ ਮੈ ਨਾਮੂ ॥ ਸਿਮਰਹੁ ਸਦਾ ਆਨ ਤਜ ਕਾਮੂ ॥429॥
ਅਸ ਪ੍ਰਕਾਰ ਕੋ ਸੁਨ ਉਪਦੇਸਾ ॥ ਨਾਮ ਲਗੀ ਲਿਵ ਤਜੇ ਅੰਦੇਸਾ ॥
ਭਉ ਭਗਤਿ ਹਿਰਦੇ ਮਹਿ ਜਾਗੀ ॥ ਸਤ ਸੰਗਤਿ ਮਹਿ ਮਤੁ ਅਨੁਰਾਗੀ ॥430॥
॥ ਦੋਹਰਾ ॥
ਬਿਰਾਗਪਨੇ ਕੋ ਤਯਾਗ ਕੇ ਸਿਖੀ ਧਾਰਨ ਕੀਨ ॥
ਵਾਹਗੁਰੂ ਸਦ ਜਾਪਦਾ ਅਵਰ ਤਯਾਗ ਸਭ ਦੀਨ ॥431॥
ਗ੍ਰਹਿ ਗ੍ਰਹਿ ਮੋ ਸੁਧ ਹੇਤ[5] ਭੀ ਜੋ ਕੌਤਕੁ ਗੁਰ ਕੀਨ ॥
ਧਰ ਸਰਧਾ ਮਿਲ ਆਵਹੀ ਧਰ ਕਰ ਭਾਵ ਨਵੀਨ ॥432॥

**(ਚੂੰਨੇ ਖਤ੍ਰੀ ਨੂੰ ਪੁਤਰ ਦੀ ਦਾਤ ਬਖਸ਼ਣੀ)**

॥ ਚੌਪਈ ॥
ਪੁਰ ਬਿਲਾਸ ਅਸ ਕੌਤਕ ਕੀਨੇ ॥ ਬੇਦੀ ਕੁਲ ਕੇ ਚੰਦ ਨਵੀਨੇ ॥
ਚੂੰਨਾ ਛਤ੍ਰੀ[6] ਤਹਾਂ ਰਹਾਵੈ ॥ ਪੁਤ੍ਰ ਬਿਨਾ ਦੰਪਤਿ ਅਕਲਾਵੈ ॥433॥
ਠਠਿਆਰਨਿ ਕੋ ਤਿਨ ਗ੍ਰਹਿ ਆਈ ॥ ਪੂਤ ਖਿਲਾਵੈ ਚਿਤ ਹੁਲਸਾਈ ॥
ਚੂੰਨੇ ਪਤਨੀ ਨਾਉ ਅਣੋਖੀ ॥ ਸਿਸੁ ਕੋ ਦੇਖਿ ਭਈ ਚਿਤ ਚੋਖੀ ॥434॥
ਨਿਕੋ ਪ੍ਰਤੀ ਅਣੋਖੀ ਬੋਲੀ ॥ ਕੈਸੇ ਸੁਤ ਕੋ ਤਵ ਭਯੋ ਅਮੋਲੀ ॥
ਗ੍ਰਹ ਧਨੁ ਮਾਲੀ ਕਮੀ ਨਹਿ ਕਾਈ ॥ ਸਵਨ ਬਿਨਾ ਇਹੁ ਸਭ ਦੁਖ ਦਾਈ ॥435॥

---

1. ਮੂਲ ਪੋਥੀ ਬੀਸਿ ਕੇ 2. ਅ ਪੋਥੀ ਗਰੇ 3. ਅ ਪੋਥੀ ਪਦ 4. ਅ ਪੋਥੀ ਮਿਥਿਯਾ ਅਹਿ 5. ਅ ਪੋਥੀ ਭਈ
6. ੲ ਪੋਥੀ ਖਤ੍ਰੀ 7. ੲ ਪੋਥੀ ਸੁਤ ।

ਕਹਿ ਨਿਕੋ ਤੂੰ ਕਿਉਂ ਉਕਲਾਵੈ ॥ [1]ਹਮਰੇ ਸਦਿਨੰ ਗੁਰੂ ਰਹਾਵੈ ॥
ਹਮਰੈ ਘਰੁ[2] ਮੈ ਬੇਟਾ ਦੀਨੇ ॥ ਸਾਧ ਅਫਾਰਾ ਮੇਟਨ ਕੀਨੇ ॥436॥

॥ ਦੋਹਰਾ ॥

ਨਰ ਨਾਰੀ ਸਭ ਜਾਤਿ ਹੈ ਦਰਸਨ ਕੀ ਇਛ ਧਾਰ ॥
ਜੋ ਮਨ ਮੈ ਇਛਾ ਕਰੈ ਸੋ ਪਾਵਤੁ ਤਤਕਾਰ ॥437॥

॥ ਚੌਪਈ ॥

ਤੂੰ ਕਿਉ ਹੋਵਤ ਚਿੱਤ ਦੁਖਿਆਰੀ ॥ ਚਲ ਦਰਸੈਂ ਸੁਤ ਪਾਵੈ ਚਾਰੀ[3] ॥
ਕਹਿ ਅਣੋਖੀ ਬੇਬੇ ਸੁਣੀਏ ॥ ਨਾਮ ਜਾਤ ਕਿਆ ਤਿਨ ਕੀ ਗੁਣੀਏ ॥438॥
ਹੈ ਗੁਰ ਨਾਨਕ ਕੋ ਸੁਭ ਪੋਤਾ ॥ ਕੇਰਾਮਾਤ ਕੋ ਭਰਯੋ ਪੋਤਾ ॥
ਪੁਰ ਅਨੰਦ ਕੇ ਬਿਖ ਰਹਾਏ ॥ ਹਮੈ ਉਧਾਰਨ ਕੇ ਹਿਤ ਆਏ ॥438॥
ਐਸ ਬੈਨ ਜੱਬ ਸੁਣੈ ਅਣੋਖੀ ॥ ਚਿਤੁ ਹਰਖੀ ਰਵਿ ਕੋਕੀ ਤੋਖੀ ॥
ਕਹਤ ਭਈ ਬੇਬੇ ਅਬ ਸੁਨੀਏ ॥ ਧਰਮ ਭੈਨ ਨੰਤੀ[6] ਗੁਨੀਏ ॥440॥
ਅਨੰਦਪੁਰ ਮੋ ਸਦਾ ਰਹਾਵੈ ॥ ਹਮਰੇ ਪਰ ਬਹੁ ਕ੍ਰਿਪਾ ਰਖਾਵੈ ॥
ਐਸੇ ਕਹਿ ਕਰੁ ਦਾਸੀ ਪ੍ਰੇਰੀ ॥ ਦਾਸੀ ਜਾਇ ਅਨੰਤੀ ਹੇਰੀ ॥441॥

॥ ਦੋਹਰਾ ॥

ਅਣੋਖੀ ਤੁਝਹਿ ਬੁਲਾਵਤੀ ਮਾਤਾ ਲੇ ਚਲੁ ਨਾਲ ॥
ਮੁਝੇ ਹਕਾਰਣ ਭੇਜਿਆ ਲਾਵੋ ਨਹਿ ਬਹੁ ਕਾਲ ॥442॥

॥ ਚੌਪਈ ॥

ਅਨੰਤੀ ਮਣਸੋ ਦੋਨੋ ਆਈ ॥ ਕਰੁ ਆਦਰੁ ਬਹੁ ਲੀਨ ਬਠਾਈ ॥
ਕਹੈ ਅਣੋਖੀ ਪ੍ਰੀਤਿ ਬਧਾਈ ॥ ਮਾਤਾ ਮਣਸੋ ਸੁਨ ਹਿਤ ਲਾਈ ॥443॥
ਨੰਤੀ[6] ਜਯੋ ਮੁਹਿ ਸੁਤਾ ਪਛਾਨੋ ॥ ਜਿਮੁ ਹੁਇ ਸੁਤ ਤਿਮ ਉਦਮ ਠਾਨੋ ॥
ਪੁਰ ਅਨੰਦ ਸੇ ਬੇਦੀ ਆਵਾ ॥ ਬਿਰਾਗੀ ਕਾ ਜਿਸ ਰੋਗੁ ਗਵਾਵਾ ॥444॥
ਠਿਠਾਰਨ ਕੌ ਜਿਨ ਦੀਨੋ ਪੂਤ ॥ ਤਿਨ ਕਾ ਰਾਖਾ ਜਗ ਮੋ ਸੂਤ ॥
ਕਹਿ ਮਣਸੋ ਮੈ ਭੀ ਸੁਨ ਪਾਵਾ ॥ ਕਲਿਧਾਰੀ ਕੋ ਪੋਤਾ ਆਵਾ ॥445॥

॥ ਦੋਹਰਾ ॥

ਐਸ ਬਤਕਰੋ[7] ਕਰਤ ਹੀ ਅਣੋਖੀ ਭਰਤਾ ਆਇ ॥
ਮਣਸੋ ਬੋਲੀ ਹੇਤ ਕਰ ਸੁਨੋ ਪੂਤ ਸੁਖਦਾਇ ॥446॥

॥ ਚੌਪਈ ॥

ਬੇਦੀ ਸਾਹਿਬੁ ਦਰਸਨੁ ਜਾਵੈ ॥ ਜੇ ਤੁਮ ਕਹੋ ਤਾਂ ਦਰਸਨ ਪਾਂਵੈ ॥
ਕਹਿਤ ਭਯੋ ਸੁਨੀਏ ਮਮ ਮਾਈ ॥ ਤਿਨ ਕੋ ਦਰਸਨ ਅਤਿ ਸੁਖਦਾਈ ॥447॥

---

1. ਅ ਪੋਥੀ ਪਾਠਾਂਤਰ : ਹਮਰੇ ਗ੍ਰਿਹ ਸਤ ਗੁਰੂ ਰਹਾਵੇ 2. ਅ ਪੋਥੀ ਸਦਨੇ 3. ਅ ਪੋਥੀ ਨਾਰੀ
4. ਅ ਪੋਥੀ ਕਹਿਤ 5. ਅ ਪੋਥੀ ਅਨੰਤੀ 6. ਅ ਪੋਥੀ ਅਨੰਤੀ 7. ਅ ਪੋਥੀ ਕਕੇ

ਜਾਵੋ ਦਰਸ਼ਨ ਦੇਰੁ ਨ ਕਰੀਏ ॥ ਬੇਦੀ ਸਾਹਿਬ ਸੁਖਦ ਬਿਚਰੀਏ ॥
ਅਣੋਖੀ ਮਣਸੋ ਅਵਰ ਅਣੰਤੀ ॥ ਅਬਲਾ ਅਵਰੁ ਚਲੀ ਅਗਨੰਤੀ ॥448॥
ਪ੍ਰਸਾਦਿ ਆਦਿ ਭੇਟਾ ਬਹੁ ਲੀਨੀ ॥ ਚਲ ਦਰਸੇ ਗੁਰ ਪ੍ਰੀੜ੍ਹ ਨਵੀਨ ॥
ਧਰ ਅਕੋਰ ਦ੍ਰਗੁ ਮਸਤਕੁ ਟੇਕਾ ॥ ਮੋਨ ਮੈ ਜਿਨ ਕੈ ਹਰਖ ਬਿਸੇਖਾ[1] ॥449॥
ਏਕ ਏਕ ਹੁਇ ਚਰਨੀ ਲਾਗੀ ॥ ਉਠੀ ਅਨੰਤੀ ਜਬ ਬਡਭਾਗੀ ॥
ਸ੍ਰੀ ਗੁਰ ਜੀ ਤਬ ਬੋਲੇ ਬਾਨੀ ॥ ਆ ਮਾਤਾ ਬਹੁ ਚਿਰੀ ਮਿਲਾਨੀ ॥250॥

॥ ਦੋਹਰਾ ॥

ਹਾਥ ਅਨੰਤੀ ਕੋ ਗਹਾ ਪਾਦ ਸਕੋਚਨ ਕੌਨ ॥
ਦੈ ਕਰ ਜੋਰਤ[2] ਬੰਦਨਾ ਦਿਖ ਜੁਵਤੀ ਮਨ ਭੀਨ ॥451॥
ਮਾਈ ਮਨਸੋ ਕਹਤੁ ਭੀ ਸੁਨੀਏ ਸ੍ਰੀ ਬੇਦੀਸ ॥
ਕੈਸੇ ਤੁਮਰੀ ਮਾਤ ਹੈ ਪ੍ਰਗਟ ਕਰੋ[3] ਜਗਦੀਸ ॥452॥

**(ਬਾਬਾ ਸਾਹਿਬ ਸਿੰਘ ਨੇ ਪਿਛਲੇ ਜਨਮ ਦੀ ਵਾਰਤਾ ਦਸਣੀ)**

॥ ਚੌਪਈ ॥

ਸ੍ਰੀ ਗੁਰ ਜੀ ਅਸ ਬੈਨ ਬਖਾਨਾ ॥ ਪੂਰਬ ਕਥਾ ਸੁਨੋ ਹਿਤ ਠਾਨਾ ॥
ਦਸਵਾ ਜਾਮਾ ਜਬ ਹਮ ਧਾਰਾ ॥ ਮਾਲਵ ਦੇਸ ਗਏ ਇਕ ਬਾਰਾ ॥453॥
ਜਾਟ ਗੋਤ ਇਹੁ ਬ੍ਰਿਧ ਸੁ ਮਾਈ ॥ ਤਿਸ ਕੇ ਗ੍ਰਿਹ ਹਮ ਉਤਰੇ ਜਾਈ ॥
ਪ੍ਰਸਾਦਿ ਆਦਿ ਬਹੁ ਸੇਵਾ ਕੀਨੀ ॥ ਕਰੁ ਬਹੁ ਆਦਰ ਭੇਟਾ ਦੀਨੀ ॥454॥
ਹਿਤ ਕਰ ਸੇਵਕ ਲੀਨ ਰਿਝਾਈ ॥ ਮਾਂਗੋ ਵਰੁ ਸੁ ਕਹਯੋ ਹਮੁ ਮਾਈ ॥
ਹਾਥ ਜੋਰੁ ਇਨ ਅਰਜਿ ਅਲਾਈ ॥ ਮੈ ਮਾਤਾ ਤੁਮ ਹੂੰ ਸੁਤ ਆਈ ॥455॥
ਐਸ਼ ਵ੍ਰਾਕ ਜਬ ਇਨੇ ਉਚਾਰਾ ॥ ਹੈ ਪ੍ਰਸੰਨ ਹਮ ਦਿਉ ਵਰ ਚਾਰਾ ॥
ਦ੍ਵਾਦਸ ਜਾਮਾ ਜਬ ਹਮ ਧਾਰੈਂ ॥ ਧਰਮੁ ਮਾਤ ਹਮ ਤੁਮੈ ਉਚਾਰੈਂ ॥456॥

॥ ਦੋਹਰਾ ॥

ਯਾਂਤੇ ਹਮ ਮਾਤਾ ਕਹੀ ਜੋ ਬਚ੍ਰ[4] ਪੂਰਬ ਕੀਨ ॥
ਤੁਮਰੇ ਗ੍ਰਿਹਿ ਕੰਨਯਾ ਭਈ ਧਰਮੁ ਮਾਤ ਹਮ ਚੀਨ ॥457॥

॥ ਚੌਪਈ ॥

ਔਰ ਏਕ ਅਬ ਦੇਹ ਪਤ੍ਰਯਾਵਾ ॥ ਜਹ ਦੇਖਤ ਤਵ ਸੰਸੈ ਜਾਵਾ ॥
ਬਾਂਮੇ ਕੁਚ ਤ੍ਰੇ ਇਨ ਦੂਧ ਆਵੈ ॥ ਦਾਹਨੇ ਤੇ ਨਹਿ ਕਬੀ ਚਲਾਵੈ ॥458॥
ਦਾਹਨ ਅਸਤਨ ਤ੍ਰੋ ਪੈ ਆਈ ॥ ਤਬ ਤੁਮ ਜਾਨੋ ਹਮਰੀ[5] ਮਾਈ ॥
ਸੁਨ ਕਰ ਬਾਮਾਂ ਅਚਰਜ ਹੋਈ ॥ ਕਹਤ ਭਈ ਸੁਨੀਏ ਪ੍ਰਭੂ ਸੋਈ ॥459॥
ਤੀਨ ਬੇਰ ਮੈ ਬਾਲਕ ਜਾਏ ॥ ਦਹਨ ਅਸਤਨ ਦੂਧ ਨ ਆਏ ॥
ਅਬ ਜੋ ਵਾਕ ਕਹੋ ਜਗ ਸੁਾਮੀ ॥ ਹੈ ਹੈ ਪੂਰਨ ਅੰਤਰਯਾਮੀ ॥460॥

1. ਅ ਪੋਥੀ ਬਿਸੇਕਾ 2. ਅ ਪ੍ਰੋਕੀ ਜੁਰੋ ਸੁ 3. ਅ ਪੋਥੀ ਕਹੋ 4. ਅ ਪੋਥੀ ਸੋ 5. ਮੂਲ ਪੋਥੀ ਹਮ

ਐਸ ਕਹਿ ਕੰਚੁਕੀ ਉਘਾਰੀ ॥ ਨਿਸਰ ਚਲੀ ਤਬ ਦੂਧ ਕੀ ਧਾਰੀ ॥
ਸ੍ਰੀ ਗੁਰ ਜੀ ਅਸ ਕੌਤਕੁ ਕੀਨਾ ॥ ਸਭ ਕੇ ਮਨ ਭਾ ਹਰਖ ਨਵੀਨਾ ॥461॥

॥ ਦੋਹਰਾ ॥

ਜੋ ਜੁਵਤੀ ਮਿਲ ਅਈ ਥੀ ਦਿਖ ਅਚਰਜ ਚਿਤ ਧਾਰ ॥
ਬਾਰ ਬਾਰ ਉਸਤਤਿ ਕਰੈ ਭ੍ਰਾਲ ਚਰਨ ਰਜ ਧਾਰ ॥462॥

॥ ਅਨੰਤੀ ਬ੍ਰਾਚ ॥ ਚੌਪਈ ॥

ਤੁਮ ਸਾਮਰਥ ਈਸ ਅਵਤਾਰਾ ॥ ਜਗਤ[1] ਤੁਮ ਹਹਿ ਸਦ ਅਵਿਕਾਰਾ ॥
ਜਾ ਕੋ ਬਿਯਾਸਿ ਪਰਾ ਸਰ ਦੇਵਾ ॥ ਨਿਸ ਦਿਨੁ ਸੇਵ ਲਹਤ ਨਹਿ ਭੇਵਾ ॥463॥
ਚੰਦ੍ਰ ਚੂੜ ਸੁਮਿਰਤ ਗੁਨ ਗ੍ਰਾਮਾ ॥ ਭਯੋ ਜਗਤ ਤਾਰਕ ਸੁਖ ਧਾਮਾ ॥
ਤੁਮ ਪਦ ਪਦਮ ਪਖਾਰਨ ਕੀਨੇ ॥ ਲੇ ਚਰਣੋਦਕ ਭਕਤੀ ਭੀਨੇ ॥464॥
ਦਸ ਮੁਖ ਦਮਨ ਕ੍ਰਿਪਾਲ ਗੁਸਾਂਈ ॥ ਲੰਕਾ ਧਿਧ ਪਯ ਸਾਗਰ ਸਾਂਈ ॥
ਜਗ ਅਹਿਵਾਤ ਮਹੀ ਸੁਰ ਬੰਦਤ ॥ ਰਾਮ ਰਮਨ ਅਰਿ ਸਮਨ ਅਨੰਦਤ ॥465॥
ਕਾਲ ਕ੍ਰਿਪਾਲ ਜਾਲ ਜਗ ਭੰਜਨ ॥ ਦਾਨਵਾਰਿ ਸੁਰ ਨਰ ਮਨਰੰਜਨ ॥
ਹੌ ਮਤਿ ਮੰਦ ਅਪਾਵਨ ਨਾਰੀ ॥ ਕਰ ਲੀਨੀ ਅਪਨੀ ਮਹਿਤਾਰੀ ॥466॥

॥ ਦੋਹਰਾ ॥

ਨੰਤੀ ਕੇ ਅਸ ਬਾਕ ਸੁਨ ਬੇਦੀ ਕੁਲ ਕੇ ਈਸ ॥
ਭਏ ਹਰਖੁ ਅਨੰਦੁ ਨਿਧ ਸੁਖਦਾਈ ਜਗਦੀਸ ॥467॥
ਮੁਹਿ ਸਮੀਪ ਸਦ ਹੀ ਬਸਹੁ ਸਾਨਰਾਗੁ ਹ੍ਵੈ ਮਾਤ ॥
ਤੁਮਰੇ ਮੈ ਅਨੁਕੂਲ ਸਦ ਮੋ ਕੋ[2] ਇਹੈ ਸੁਹਾਤ ॥468॥

॥ ਚੌਪਈ ॥

ਮਾਤ ਅਨੰਤੀ ਅਰਜ ਗੁਜਾਰੀ ॥ ਮਯਾ[3] ਹਮਾਰੇ ਪਰ ਬਹੁ ਧਾਰੀ ॥
ਚੁੰਨਾ ਛਤ੍ਰੀ ਨਗਰ ਰਹਾਈ ॥ ਅਣੋਖੀ ਤਿਸ ਕੀ ਬਾਮਾ ਆਈ ॥467॥
ਧਨੰ ਧਾਮ ਕੀ ਕਮੀ ਨ ਕਾਈ ॥ ਸੁਤ ਨਹ ਹੋਵਾ ਬਹੁ ਉਲਕਾਈ ॥
ਸਰਨ ਪਾਲ ਅਬ ਸਰਨੀ ਆਏ ॥ ਦਿਨ ਗ੍ਰਿਹਿ ਦੀਜੈ ਸੁਤ ਸੁਖਦਾਏ ॥470॥
ਦ੍ਰਵਤ ਭਏ ਤਬ ਪੰਕਜ ਨੈਨਾ ॥ ਗਿਰਾ ਭਨੀ ਜੋ ਚਿਤ ਦੈ ਚੈਨਾ ॥
ਇਨ ਕੇ ਸਦਨੰ[4] ਹੁਇ ਸੁਤ ਰੂਰਾ ॥ ਜਹਿ ਉਪਜੇ ਤੇ ਮਿਟੇ ਬਿਸੂਰਾ ॥471॥

॥ ਦੋਹਰਾ ॥

ਜਬ ਸ੍ਰੀ ਗੁਰ ਜੀ ਅਸ ਕਹਾ ਉਪਜਾ ਸਭਨ ਅਨੰਦ ॥
ਕਮਲ ਨੈਨ ਕੋ ਦਿਖਤ ਭੀ ਜੈਸ ਚਕੋਰੀ ਚੰਦ ॥472॥

॥ ਚੌਪਈ ॥

ਬਹੁਰੋ ਅਣੋਖੀ ਗਿਰਾ ਉਚਾਰੀ ॥ ਧਾਨ ਸੁਸਕ ਪਰ ਪਾਯੋ ਬਾਰੀ ॥

---

1. ਅ ਪੋਥੀ ਜਗਤ 2. ਅ ਪੋਥੀ ਕੌ 3. ੲ ਪੋਥੀ ਦਯਾ 4. ੲ ਪੋਥੀ ਗ੍ਰਿਹ ਮਹਿ

ਅਪਗਾ ਡੂਬਤ ਭਏ ਜਹਾਜੂ ॥ ਬੇਦਿ ਬੰਸ ਕੇ ਭੇ ਸਿਰਤਾਜੂ ॥473॥
ਅਬ ਕਰੁਣਾਕਰੁ ਕਰਣਾ ਕੀਜੈ ॥ ਗ੍ਰਹਿ ਪਾਵਨ ਕਰਿ ਸੁਖ ਮੁਹਿ ਦੀਜੈ ॥
ਐਸ ਕਹਿ ਕਰਿ ਸਦਮ ਲਿਆਈ ॥ ਕਰੁ ਬਹੁ ਆਦਰੁ ਲੀਨ ਬਿਠਾਈ ॥474॥
ਚੂੰਨਾ ਆਯੋ ਗ੍ਰਹਿ ਮੈਂ[1] ਦੌਰ ॥ ਕਰੁ ਬਹੁ ਬਿਨੈ ਸੁ ਦੀਨ ਅਕੋਰ ॥
ਚਰਨ ਧੋਇ ਚਰਨੋਦਕ ਲੀਨੋ ॥ ਗੁਰ ਸਿਖੀ ਕੋ ਧਾਰਨ ਕੀਨੋ ॥475॥
ਭੋਜਨ ਸੁੰਦਰ ਲੀਨ ਕਰਾਈ ॥ ਕਰੁ ਬਹੁ ਪ੍ਰੀਤੀ ਦੀਨ ਅਦਾਈ ॥
ਸੀਤ ਲੀਨ ਸਭ ਮੈ ਵਰਤਾਵਾ ॥ ਜਿਹ ਜਿਹ ਖਾਵਾ ਤਿਹ ਸੁਖ ਪਾਵਾ ॥476॥

॥ ਦੋਹਰਾ ॥

ਕਿਤਨੇ ਦਿਨ ਤਿਹ ਗ੍ਰਿਹ ਰਹੇ ਸੁਖਮੁਖਾਨ ਦਿਆਰੁ ॥
ਜਗਤ ਉਧਾਰਨ ਕਾਰਨੇ ਜਿਨ ਲੀਨੋ ਅਵਤਾਰ ॥477॥

॥ ਚੌਪਈ ॥

ਕਰ ਨਿਹਾਲੁ ਮਾਈ ਗ੍ਰਹਿ ਆਏ ॥ ਦੇਖ ਅਨੰਤੀ ਬਹੁ ਸੁਖ ਪਾਏ ॥
ਪਲਕਾ ਸੁੰਦਰ ਦੀਨ ਬਿਛਾਈ ॥ ਸ੍ਰੀ ਗੁਰ ਜੀ ਤਹ ਬੈਠ ਸੁਹਾਈ ॥478॥
ਲੱਗ ਲੁਗਾਈ ਦਰਸਨ ਆਵੈ ॥ ਮੁੰਦਰਾ ਰੂਪੀ ਭੇਟ ਚਢਾਵੈ ॥
ਕਰ ਸੁਖਨਾ ਬਹੁਰੋ ਗ੍ਰਹਿ ਜਾਈ ॥ ਹੋਵੈ ਪੂਰਨ ਦੇਰ ਬਿਹਾਈ ॥479॥
ਤੀਨ ਦਿਵਸ ਜਬ ਬੀਤ ਸੁ ਗਏ ॥ ਦਿਨੁ ਦਿਨੁ ਹੋਤ ਹਰਖੁ ਅਤਿ ਨਏ ॥
ਮਾਤ ਅਨੰਤੀ ਦਹੀ ਮੰਗਾਈ ॥ ਕੇਸ ਸੁਧਾਰਨ ਕੇ ਹਿਤ ਲਯਾਈ ॥480॥

॥ ਦੋਹਰਾ ॥

ਮਾਈ ਪ੍ਰਤਿ ਗੁਰ ਕਹਿਤ ਭਏ ਰਾਖੋ ਦਹੀ ਬਨਾਇ ॥
ਅਬੀ[2] ਸੋਚ ਕੋ ਜਾਵਈ ਨਾਨ ਕਰਗੇ ਆਇ ॥481॥

## (ਬਾਉਲੀ ਪ੍ਰਗਟ ਕਰਨੀ)

॥ ਚੌਪਈ ॥

ਹੈ ਅਰੂਢ ਹ੍ਵੈ ਵਹਿਰ ਸਿਧਾਨੇ ॥ ਸੈਲਨ ਤਰਫ ਚਲੇ ਸੁਖਦਾਨੇ ॥
ਰਜਪੂਤਨ ਕੇ[3] ਬੇਸਮ ਆਏ ॥ ਤਿਨ ਸਮੀਪ ਹੁਇ ਅਗਰ ਸਿਧਾਏ[4] ॥482॥
ਇਕ ਜੁਵਤੀ ਨੇ ਗਿਰਾ ਉਚਾਰੀ ॥ ਸਤਿਗੁਰ ਜੀ ਆਗੇ ਨਹਿ ਬਾਰੀ ॥
ਸਤਿਗੁਰ ਜੀ ਤਬ ਬਾਨੀ ਪ੍ਰਾਹੀ ॥ ਹੈ ਬਾਪੀ ਆਗੇ ਸਿਤਲਾਈ ॥483॥
ਫਿਰ ਬਾਮਾ ਨੇ ਬਾਚ ਉਚਾਰਾ ॥ ਬੀਚ ਬਾਵਲੀ ਚੀਕਰ ਭਾਰਾ ॥
ਸੁਨ ਕਰ ਸ੍ਰੀ ਗੁਰ ਐਸ ਬਖਾਨਾ ॥ ਬੀਚ ਬਾਵਲੀ ਆਬ ਮਹਾਨਾ ॥484॥
ਬਾਪੀ ਕਾਂਧੇ ਇਸਥਿਤ ਭਏ ॥ ਬੀਚ ਪੰਕ ਬਹੁ ਦੇਖ ਨਕਏ ॥
ਸ੍ਰੀ ਕਮਲਾਨਨ ਬੈਨ ਬਖਾਨਾ ॥ ਦਿਉ ਨਿਕਾਰ ਤੁਮ ਪੰਕ ਸੁਜਾਨਾ ॥485॥

---

1. ਅ ਪੋਥੀ ਪਹਿ 2. ਅ ਪੋਥੀ ਅਬੈ 3. ਅ ਪੋਥੀ ਪਾਠਾਂਤਰ : ਕੇ ਘਰ ਬੇਸਮ 4. ਮੂਲ ਪੋਥੀ
5. ਸਿਧਾਏ ੲ ਪੋਥੀ ਸੁੰਦਰੀ

॥ ਦੋਹਰਾ ॥

ਬਾਜਿ ਤ੍ਰਿਆਗ ਨ੍ਰਿਕਾਰਿ ਗੁਰੂ ਭੇ ਸੁਚੇਤੇ ਤਿਹ ਥਾਇ ॥
ਬਾਪੀ ਕਾਂਧੇ ਆ ਥਿਰੇ ਪਰ ਉਪਕਾਰੁਨਿ ਚਾਇ ॥476॥

॥ ਚੌਪਈ ॥

ਖਡ ਸੇ ਜਲ ਤੁਬ ਗੁਰੂ ਮੰਗਾਵ੍ਹਾ ॥ ਹਾਥ ਪਾਵ ਤੱਵ ਸੂਛ ਕਰਾਵਾ ॥
ਬਹੁਰੋ ਕੁਰਲੇ ਸ੍ਰੀ ਗੁਰ ਕੀਨੇ ॥ ਪੰਕ ਨਿਕਾਰ ਤੱਬੈ ਸਿਖਨ ਦੀਨ ॥487॥
ਕਰਿ ਮਹਿ ਜਲ ਤਬ ਸ੍ਰੀ ਗੁਰ ਲੀਨੇ ॥ ਵਾਹਿਗੁਰੂ ਕਹਿ ਡਾਰਨਿ[2] ਕੀਨੋ[2] ॥
ਸ੍ਰੀ ਗੁਰ ਕਰ ਤੇ ਜਲ ਜਬ ਪਾਯੋ ॥ ਬਿਲਾ ਸੁ ਬੇਰਾ ਬਰਧ[3] ਤਬ ਆਯੋ ॥488॥

॥ ਦੋਹਰਾ ॥

ਜੈਸੇ ਬਾਵਨ ਲਸੁਟਕਾ ਦ੍ਰੁਪਤਿ ਬਧੁ ਜਸ ਚੀਰ ॥
ਤੈਸੇ ਬਾਧੀ ਨੀਰ ਭਾ ਗੁਰ ਪ੍ਰਤਾਪ ਦਿਖੀਰ ॥489॥

॥ ਚੌਪਈ ॥

ਕਰ ਅਸ ਕੌਤਕ ਭਏ[4] ਅਸਵਾਰਾ ॥ ਆਏ ਮਾਈ ਗ੍ਰਿਹਿ ਬਿਨੁ[5] ਵਾਰਾ ॥
ਕੇਸੁ ਸੁਧਾਰ ਕੀਨਸ ਆਈ ॥ ਕਰ ਕੰਘਾ ਦਸਤਾਰ ਬੰਧਾਈ ॥490॥

॥ ਦੋਹਰਾ ॥

ਪਲੁਘੁ ਬਿਰਾਜੇ ਸਤਿਗੁਰੂ ਦਰਸਨੁ ਆਵੈ ਲੋਗੁ ॥
ਸੁਤ ਬਿਤ ਨੂਰ ਸੁਖ ਪਾਵਤੇ ਤਨ ਮਹਿ[6] ਲਹਿਤ ਅਰੋਗ ॥491॥

॥ ਚੌਪਈ ॥

ਰਜਪੂਤਨ ਨੇ ਇਹ ਸੁਧ ਪਾਈ ॥ ਬਾਪੀ ਮੇਂ ਜਲ ਗੁਰ ਬਰਧਾਈ ॥
ਨਾਮ ਮੌਲਕੂ ਮੁਖੀ ਕਹਾਵੈ ॥ ਮ੍ਰਾਲਕ ਬਾਪੀ ਕੇਰ ਸਦਾਵੈ ॥492॥
ਸੁਨ ਕੇ ਸੁਧ ਮਨ ਮੇਂ ਹੁਲਸਾਵਾ ॥ ਲੈ ਕੁਟੰਬ ਗੁਰ ਦੋਰਸਨ ਆਵਾ ॥
ਦਮੜੇ ਬਕਰੂ ਓਦਲ ਆਨੇ ॥ ਕਰ ਸਰਧਾ ਗੁਰ ਚਰਨ ਗਹਾਂਨੇ ॥493॥
ਗੁਰ ਸਿਖੀ ਤਬ ਧਾਰਨ ਕੀਨੀ ॥ ਚਰਨ ਘਾਲ ਮਿਲ ਸਭ ਨੇ ਲੀਨੀ ॥
ਹਾਥ ਜੋਰੁ ਮਿਲ ਉਸਤਤਿ ਠਾਨੀ ॥ ਜੈ ਜਯ ਜਯੋ ਗੁਰ ਸੁਖਮਾਂ ਖਾਨੀ ॥494॥
ਹੇ ਜਗਦੀਸ ਚੌਰਾਚਰ ਤ੍ਰਾਤਾ[8] ॥ ਦੀਨ ਦਰਦ ਮੋਰਦਨ ਸੁਖਦਾਤਾ ॥
ਅਤਿ ਕ੍ਰਿਪਾਲ ਬੇਦੀ ਕੁਲ ਕੇਤੂ ॥ ਕਲਿਯੁਗ ਕਲਿਲ ਨਿਵਾਰਣ ਹੇਤੂ ॥495॥
ਬਡੇ ਪੁਨਯ ਜਪ ਤਪ ਹਮ ਕੀਨੇ ॥ ਤਾਂ ਕੋ ਫਲ ਆ ਦਿਲ ਅਬ ਲੀਨੇ ॥
ਤੂੰ ਅਜ ਅਮਰ ਸਰਬ ਸੁਖਦਾਈ ॥ ਹ੍ਵੈ ਪ੍ਰਸੰਨ ਬਾਪੀ ਸਫਲਾਈ ॥496॥

॥ ਦੋਹਰਾ ॥

ਕਹੀ ਉਸਤਤਿ ਕਰਤ ਬਹੁ ਚਰਨਨ ਸੀਸ ਨਿਵਾਇ ॥
ਕਰ ਪ੍ਰਣਾਮ ਗ੍ਰਿਹਿ ਕੋ ਚਲੇ ਮਨ ਬਾਂਛਤ ਫਲੁ ਪਾਇ ॥497॥

1. ਅ ਪੋਥੀ ਸੁੰ 2. ਅ ਪੋਥੀ ਪਾਠਾਂਤਰ ਡਾਰਿ ਸੁ ਦੀਨੋ 3. ਅ ਪੋਥੀ ਬਰਧਾ 4. ਮੂਲ ਪੋਥੀ ਏਏ
5. ਅ ਪੋਥੀ ਇਨ 6. ਅ ਪੋਥੀ ਪੈ 7. ਅ ਪੋਥੀ ਸੁਮੋਲਕ 8. ਅ ਪੋਥੀ ਤ੍ਰਾਸਾ

॥ ਚੌਪਈ ॥

ਦੇਖ ਅਨੰਤੀ ਅਚਰਜ ਪਾਵੈ ॥ ਕਰੁ ਕਹੁ ਉਸਤਤਿ ਮਨੁ ਹੁਲਸਾਵੈ ॥
ਜਾਕੋ ਕਰਤੇ ਚਾਰ ਸਰੁਤਿ ਗਾਨਾ ॥ ਮੁਹਿ ਘਰ ਮਾਂਝ ਆਜ ਅਗਾਮਾਨਾ ॥498॥
ਮੈ ਗੁਨਹੀਨ ਕ੍ਰਿਤਘਨਾ ਨਾਰੀ ॥ ਜਾ ਸੋ ਕਹਿਤ ਪ੍ਰਭੁ ਮਹਿਤਾਰੀ ॥
ਕਹੋ ਅਵਰਕਾ ਜਗਧਰ ਸਾਂਈ ॥ ਮੁਹਿ ਕ੍ਰਿਪਨਾ ਕੋ ਦੀਨ ਬਡਾਈ ॥499॥
ਮੇਰੋ ਪਦ ਇਮ ਭਯੋ ਉਤੰਗਾ ॥ ਜਿਮ ਲਘੁ ਨੀਰ ਮਿਲਤ ਵਿਚ ਗੰਗਾ ॥
ਜਿਮ[1] ਜਸੂਧਾ ਕੋ ਮੇਟਤ ਤਾਪੂ ॥ [ਦਿਨ ਦਿਨ ਬਾਧਤ ਗੁਰ ਪਰਤਾਪੂ][2] ॥
ਪੁਰ ਬਿਲਾਸ ਮਹਿ ਕੀਨ ਬਿਲਾਸਾ ॥ ਬਹੁਰ ਚਲਨ ਕੋ ਭਏ ਉਦਾਸਾ ॥500॥
ਹਾਥ ਜੋਰ ਸਭ ਨੇ ਬਿਨੁ ਗਾਇ ॥ ਕੋ ਦਿਨ ਠਹਿਰੋ[3] ਜਗ ਕੇ ਰਾਈ ॥
ਤੁਮਰਾ ਦਰਸਨ ਹਮ ਕੋ ਐਸਾ ॥ ਕੋਕ ਬਿੰਦ ਕੋ ਸਵਿਤਾ ਜੈਸਾ ॥501॥
ਚੰਦ ਦੇਖ ਜਿਮ ਕੁਮੁਦ ਖਿੜਾਈ ॥ ਮੀਨ ਨੀਰ ਮੇ ਜਿਮ ਹੁਲਸਾਈ ॥
ਨਿਰਧਨ ਜੈਸੇ ਸੁਰਤਰ ਪਾਵੈ ॥ ਖਟ ਪਦ[4] ਦੋਰ ਕੰਜ ਪਰੁ ਜਾਵੈ ॥502॥

॥ ਦੋਹਰਾ ॥

ਜੈਸੇ ਬਦਰਾ ਜਲ ਭਰਾ ਗਰਜੈ ਬੂੰਦ ਗਿਰਾਇ ॥
ਨਾਚਤ ਕੇਕੀ ਪੰਖ ਕਰ ਹਰਖ ਨ ਰਿਦੈ ਸਮਾਇ ॥503॥
ਜਿਮ ਤਰੁਨੀ ਕੋ ਕੰਤ ਪ੍ਰਿਯ ਤ੍ਰਿਖਾਵੰਤ ਕੋ ਵਾਰ ॥
ਤਿਮ ਹਮ ਕੋ ਗੁਰ ਦਰਸ ਤਵ ਜੋ ਦਾਯਕ ਫਲ ਚਾਰ ॥504॥
ਤਿਨ ਕੀ ਅਰਜੀ ਮਾਨੁ ਗੁਰ ਰਹੇ ਸਰਿਵਰੀ ਏਕ ॥
ਪ੍ਰਾਤ ਸਮੇ ਤਯਾਰੀ ਕਰੀ ਸਤਿਗੁਰੁ ਜਲਧਿ ਬਬੇਕ ॥505॥

॥ ਚੌਪਈ ॥

(ਬਾਬਾ ਸਾਹਿਬ ਸਿੰਘ ਦਾ ਸਿਖ ਦੇ ਘਰ ਜਾਣਾ)

ਬਾਦਲੀਆਂ ਕੀ ਬੀਥੀ ਮਾਂਹੀ ॥ ਸਿਖ ਸਦਨ ਤਿਸ ਮਾਹਿ ਰਹਾਈ ॥
ਆਇ ਹਜੂਰ ਤਿਨ ਅਰਜੀ ਕੀਨ ॥ ਪਾਵਨ ਗ੍ਰਿਹਿ ਗੁਰ ਕਰੋ[5] ਪ੍ਰਬੀਨ ॥506॥
ਪ੍ਰਸਾਦ[6] ਕੀਨੋ ਤਹਿ[6] ਤਿਯਾਰ ॥ ਚੂਲੀਏ ਅਚੀਏ ਗੁਰ ਕਰਤਾਰ ॥
ਤਤਖਿਨ ਤਾਜੀ[7] ਗੁਰੂ ਮੰਗਾਵਾ ॥ ਭੇ ਅਰੂੜ ਗੁਰ ਅੰਘ ਬਨ ਦਾਵਾ ॥507॥
ਜੁਗਮ ਪੌਰ ਹੈਂ ਬੀਬੀ ਕੇਰੇ ॥ ਏਕ ਊਚ ਇਕ ਅਰਧ ਹੇਰੇ ॥
ਨੀਵੇ ਪੌਰ ਤਰਫ ਲੇ ਚਾਲਾ ॥ ਕੋ ਇਕ ਕਹਤ ਭਯੋ ਤਿਸ ਨਾਲਾ ॥508॥
ਏਸ ਪੌਰ ਕਿਉ ਗੁਰ ਲੇ ਜਾਈ ॥ ਆਗੇ ਪੌਰ ਲਘੁ ਦ੍ਰਿਸਟਾਈ ॥
ਸਿਖ ਕਹਯੋ ਊਚੋ ਹ੍ਵੈ ਜਾਵੈ ॥ ਗੁਰ ਪ੍ਰਤਾਪ ਅਤ ਹੀ ਦ੍ਰਿਸਟਾਵੈ ॥509॥

---

1. ਅ ਪੋਥੀ ਪਾਠਾਂਤਰ : ਸਿਖ ਸੇਵਕ ਦੋ ਮੇਟਤ ਤਾਪੂ 2. ਅ ਪੋਥੀ ਵਿਚੋ 3. ਅ ਪੋਥੀ ਰਹਿ 4. ਅ ਪੋਥੀ ਪਦ 5. ਮੂਲ ਪੋਥੀ ਕੋ 6. ਅ ਪੋਥੀ ਪਾਠਾਂਤਰ : ਪ੍ਰਸਾਦਿ ਸੁ ਕੀਨੋ ਤਹਾ 7. ਅ ਪੋਥੀ ਅਸੂਠ

॥ ਦੋਹਰਾ ॥

ਪ੍ਰਮਾਨ ਕਹਯੋ ਸੁਨ ਸਿਖਯ ਤੂੰ ਪੌਰ ਊਚ ਹ੍ਵੈ ਜਾਇ ॥
ਗੁਰ ਸਿਖੀ ਮੇ ਧਾਰ ਹੌ ਅਬ[1] ਜੋ ਕਰੋ[1] ਅਧਿਕਾਇ ॥510॥

॥ ਚੌਪਈ ॥

ਜੋ ਗੁਰ ਪੌਰ ਲੰਘੇ ਹੈ ਤਯਾਗੀ ॥ ਪੰਚ[3] ਰੂਪੀ ਤੂ ਦੇਹ ਬਲਾਗੀ ॥
ਐਸੇ ਦੋਨ ਹੱਡ ਕਰੀ ਹੈ ॥ ਸੋ ਗੁਰ ਜਾਨੀ ਰਿਦੇ ਧਰੀ ਹੈ ॥511॥
ਪੌਰ ਨੇਰ ਜਬ ਗੁਰ ਜੀ ਕੀਨੋ ॥ ਤ੍ਰਿਸੀ ਪੁਰਖ ਨੇ ਅਸ ਕਹਿ ਦੀਨੋ ॥
ਗੁਰ ਜੀ ਉਤਰੋ ਦੇਰ ਨ ਕੀਜੈ ॥ ਦਰ ਬਹੁ ਨੀਵੋ ਆਪ ਲਖੀਜੈ ॥512॥
ਕਮਲਨੈਨ ਅਸ ਗਿਰਾ ਬਖਾਨੀ ॥ ਨਹਿ ਨੀਵੋਂ ਊਚੋ ਲਯੋ ਜਾਨੀ ॥
ਚਢੇ ਚਢਾਏ ਲਾਂਘੇ ਸ੍ਵਾਮੀ ॥ ਘਟ ਘਟ ਕੇ ਗੁਰ ਅੰਤਰਯਾਮੀ ॥513॥
ਸਿਖ ਨੇ ਚਰਨ ਗਹੇ ਗੁਰ ਕੇਰੇ ॥ ਆਨ ਰਖੀ ਸ੍ਰੀ ਸਤਿਗੁਰੂ ਮੇਰੇ ॥
ਜੈਸ ਕਟਾਰੂ ਪੈਜ ਰਖਾਈ ॥ ਤੈਸੇ ਮੇ ਪਰ ਭਏ ਸਹਾਈ ॥514॥

॥ ਦੋਹਰਾ ॥

ਜਿਸ ਪੁਰਖ ਨੈ ਹਬ ਬੰਧੀ ਵਿਖ ਪਰਤਾਪ ਉਚੇਰ ॥
ਲੇ ਪ੍ਰਵਾਰ ਗੁਰ ਸਿਖ ਭਾ ਧਰੀ ਭੇਟ ਬਿਨੁ ਦੇਰੁ ॥515॥

॥ ਚੌਪਈ ॥

ਸਿਖ ਸਦਨ ਗੁਰ ਭੋਜਨੁ ਕੀਨ ॥ ਸੀਤ ਦਯੋ ਸੋ ਲੈ ਕਰ ਭੀਨ ॥
ਜਥਾ ਸਕਤਿ ਤਿਹ ਭੇਟਾ ਰਾਖੀ ॥ ਸ੍ਰੀ ਗੁਰ ਤਿਸਕੀ ਦੁਰਮਤਿ ਨਾਖੀ[4] ॥516॥
ਕਰ ਨਿਹਾਲ ਸਿਖ ਸਿਵਰ ਮੁ ਆਏ ॥ ਸ੍ਰੀ ਬੇਦੀਸ ਸਦਾ ਸੁਖਦਾਏ ॥
ਜਿਨ ਧਰ ਸਰਧਾ ਸੇਵਾ ਕੀਨੀ ॥ ਹੋਵਾ ਮੁਕਤਿ ਜਨਮ ਤੇ ਹੀਨੀ ॥517॥

(ਰਾਜਾ ਮਹਾਂ ਚੰਦ ਦੇ ਮਹਿਲੀਂ ਜਾਣਾ)

ਮਹਾਂ ਚੰਦ ਰਾਜਾ ਸੁਠਸੀਲੀ ॥ ਬਦ ਕਰਮਨ ਤੇ ਬੁਧ ਜਿਨ ਕੀਲੀ ॥
ਸੋ ਸੁਨ ਆਵਾ ਮਿਲਨੇ ਤਾਂਈ ॥ ਪਾਦ ਪਦਮ ਪਰ ਸੀਸ ਝੁਕਾਈ ॥518॥
ਸ੍ਰੀ ਗੁਰ ਆਦਰ ਤਿਨ[5] ਕਾ ਕੀਨਾ ॥ ਬੈਠ ਗਯੋ ਮਨ ਹਰਖੰ ਭੀਨਾ ॥
ਪੂਛਾ ਸਤਗੁਰ[6] ਮੁਖ ਤਵ ਭਾਰੀ ॥ ਹਾਥ ਜੋਰੁ ਤਿਨ ਗਿਰਾ ਉਚਾਰੀ ॥519॥
ਸੁਖ ਹੈ ਤੁਮਰੀ ਮਯਾ[7] ਦਯਾਲ ॥ ਸਹਿ ਪਰਵਾਰ ਬਸੋ ਸੁਖ ਨਾਲ ॥
ਅਬ ਗੁਰ ਮੋ ਪਰ ਮਯਾ ਕਰੀਜੈ ॥ ਗ੍ਰਹਿ ਅਪਾਵਨ ਪਾਵਨ ਕੀਜੈ ॥520॥

॥ ਦੋਹਰਾ ॥

ਸ੍ਰੀ ਹਜੂਰ ਜੀ ਬਚਨ ਭਨਾ ਸੁਨ ਰਾਜਾ ਮਤ ਵਾਨ ॥
ਅਸਨ ਕਰਾਵੋ ਪ੍ਰੀਤ ਧਰ ਹਮ ਚਾਲੈ ਸੁਖਮਾਨ ॥521॥

---

1. ਅ ਪੋਥੀ ਧਰੌ ਕੌਰ 2. ਅ ਪੋਥੀ ਸੇ 3. ਅ ਪੋਥੀ ਪੰਜ 4. ਅ ਪੋਥੀ ਨਾਖੀ 5. ਅ ਪੋਥੀ ਤਿਸ 6. ੲ ਪੋਥੀ ਸ੍ਰੀਗੁਰੂ 7. ੲ ਪੋਥੀ ਦਯਾ

॥ ਚੌਪਈ ॥

ਚਲ ਕਰੁ ਰਾਜੇ ਅਸਨ ਕਰਾਏ ॥ ਪੁੰਨ[1] ਆਦਿ ਸ੍ਰੀ ਗੁਰੂ ਬੁਲਾਏ ॥
ਜਬ ਸਤਿਗੁਰ ਤਿਸ ਸਦਨੰ ਆਏ ॥ ਸੁਠ ਚੌਕੀ ਧਰ ਲੀਨ ਬਠਾਏ ॥522॥
ਥਾਲ ਪਰੋਸਾ ਆਗੈ ਰਾਖਾ ॥ ਸਾਗ ਬਿਦਰ ਕੋ ਅਸ ਬਚ ਭਾਖਾ ॥
ਕਮਲ ਬਦਨ ਜਬੁ ਬੁਰਕੀ ਪਾਈ ॥ ਰਾਨੀ ਪਾਖਾ ਹਾਥ ਫਿਰਾਈ ॥523॥
ਗੋਰੀ ਸੂਰਤ ਨੈਨ ਰਸੀਲੇ ॥ ਚੰਦ ਬਦਨ ਭੁਜ ਦੰਡ ਗਹੀਲੇ ॥
ਕਰ ਕੰਕਨ ਸੁਨ ਛਾਪ ਛਲਾਇਨ ॥ ਕੋਟ ਮਦਨ ਛਬਿ ਬਲਿ ਬਿਲਿ ਜਾਇਨ ॥524॥

॥ ਦੋਹਰਾ ॥

ਰਾਨੀ ਮੂਰਤਿ ਦੇਖ ਕਰੁ ਅਸ ਮਨ ਮੋ ਭਈ ਬਿਹਾਲ ॥
ਅੰਤਰਜਾਮੀ ਜਾਨ ਕੇ ਬੋਲੇ ਗਿਰਾ ਰਸਾਲ ॥525॥
ਧਨੁ ਸੀਤਾ ਜਹ[2] ਮਤ[2] ਰਖਾ ਦਹਸਿਰ ਕੈ ਗ੍ਰਿਹਿ ਜਾਇ ॥
ਅਗਨੀ ਤਾਕੋ ਨਹਿ ਦਹਾ ਦੇਖੋ ਸਤ ਪ੍ਰਭਾਇ ॥526॥

॥ ਚੌਪਈ ॥

ਤੀਯ ਕੰਤ ਕੋ ਹਰਿ ਬਪੁ ਜਾਨੇ ॥ ਔਰੁ ਪੁਰਖੁ ਕੋ ਮਾਟੀ ਮਾਨੈ ॥
ਸੀਤਾ ਸਤੀ ਸਮਾਨ ਸੁ ਨਾਰੀ ॥ ਨਾਨਕ ਦਾਦਿਕ ਸਭ ਕੁਲਤਾਰੀ ॥527॥
ਜੋ ਬਾਮਾ ਪਰ ਪੁਰਸੈ ਪਾਗੀ ॥ ਕੋਟਿ ਨਰਕ ਭੋਗੇ ਮੰਦ ਭਾਗੀ ॥
ਤੁਲ ਰੇਨ ਕਾਗਤਿ ਵਹੁ ਪਾਵੈ ॥ ਛਿਕ ਸੁਖ ਲੀਏ ਬਹੁ ਕਸਟਾਵੈ[3] ॥528॥
ਸੁਨ ਰਾਨੀ ਮਨ ਕੀਨ ਬਿਚਾਰਾ ॥ ਮੁਹਿ ਉਪਦੇਸਿ[4] ਗੁਰੂ ਉਚਾਰਾ ॥
ਗਰ ਅੰਚਰ ਤਬ ਰਾਨੀ ਪਾਵਾ ॥ ਪਾਦ ਪਦਮ ਪਰ ਸੀਸ ਝੁਕਾਵਾ[5] ॥529॥
ਮੈ ਭੂਲੀ ਤੁਮ ਬਖਸਨ ਜੋਗੂ ॥ ਕਾਂਮ ਕ੍ਰੋਧੁ[6] ਮੇਟੋ ਮਮ ਰੋਗੂ ॥
ਕਮਲ ਬਦਨ ਸੁਨ ਬਾਨੀ ਗਾਈ ॥ ਸਤਨਾਮ[7] ਸਿਮਰੌ ਸੁਖਦਾਈ ॥530॥
ਪੁਤ੍ਰ ਆਦਿ ਸੁਭ ਸੰਪਤਿ ਪਾਵੋ ॥ ਅੰਤਿਕਾਲ ਸੁਭ ਗਤਿ ਕੋ ਜਾਵੋ ॥
ਤਬ ਰਾਜੇ ਨੇ ਬਿਨੈ ਬਖਾਨੀ ॥ ਏਕ ਗਾਂਵ ਲੀਜੈ ਸੁਖਦਾਨੀ ॥531॥

॥ ਦੋਹਰਾ ॥

ਰਾਟ ਪ੍ਰੀਤਿ ਸੀ ਸਤਿਗੁਰੂ ਸੁਖਦਾਈ ਬਚ ਗਹਿ ॥
ਵਾਹਿਗੁਰੂ ਸਿਮਰਨ ਕਰੋ ਇਹੀ ਗ੍ਰਾਂਮ ਹਮ ਪਾਇ ॥532॥

॥ ਚੌਪਈ ॥

ਗੁਰ ਨਾਨਕ ਘਰੁ ਤੋਟ ਨ ਭਾਈ ॥ ਸੁਨੀ ਲਖਮੀ ਜਹਾ ਫਿਰਾਹੀ ॥
ਗੋਬਿੰਦ ਪ੍ਰੀਤ ਕਰੋ ਸਦ ਰਾਜਾ ॥ ਨਾਮ ਬਿਨਾ ਸਭ ਝੂਠ ਸਮਾਜਾ ॥533॥

1. ਅ ਪੋਥੀ ਆਪਨ 2. ਅ ਪੋਥੀ ਜਿਰ ਸੰਤ 3. ਅ ਪੋਥੀ ਦੁਖੁ ਪਾਵੈ 4. ਅ ਪੋਥੀ ਸੁ ਗੁਰ
5. ਅ ਪੋਥੀ ਨਿਵਾਵਾ 6. ਅ ਪੋਥੀ ਕ੍ਰੋਧ 7. ੲ ਪੋਥੀ ਵਾਵਿਗੁਰੂ

ਮਨੁਖ ਦੇਹੀ ਫੇਰਿ ਨ ਪਾਵੋ ॥ ਕਰ ਸੁਤ ਸੰਗਤਿ ਸਫਲ ਕਰਾਵੋ ॥
ਹੈ ਗ੍ਰੀ ਸੰਪੈ[1] ਸਾਥ ਨ ਜਾਈ ॥ ਭੂਮ ਧਾਂਨ ਧਨੁ ਈਹਾਂ ਰਹਾਈ ॥534॥
ਤਾਂਤੇ ਹਰਿ ਕੀ ਭਗਤਿ ਕਰੀਜੈ ॥ ਵੰਡ ਖੁਆਵੋ ਨਹੀ ਕਟਕ ਕਹੀਜੈ ॥
ਸਭ ਕੋ ਅਪਨਾ ਆਪ ਪਛਾਨੋ ॥ ਦ੍ਵੈਤ ਰਿਦੇ ਤੇ ਕਰ[2] ਦੇ ਹਾਨੋ ॥535॥

॥ ਦੋਹਰਾ ॥

ਉਪਦੇਸਿ ਸੁਨਾ ਸਤਿਗੁਰੂ ਕੋ ਰਿਦ ਮੈਂ ਧਾਰਨ ਕੀਨ ॥
ਬ੍ਰਸੁਨ ਅਸਰਫ਼ੀ ਅਸੂ ਜੁਗ ਏਕ ਗ੍ਰਾਮ ਲਿਖ ਦੀਨ ॥536॥
ਬਦਿਲੈੜੀ ਇਕ ਮਾਜਰਾ ਪਟਾ ਸੁ ਤਾਕੋ ਕੀਨ ॥
ਗੁਰ ਕੀ ਭੇਟਾ ਕਰਤ ਭਾ ਬਾਢੀ[3] ਪ੍ਰੀਤਿ ਨਵੀਨ ॥537॥
ਭੇਟਾ ਲੀਨੀ ਸਤਿਗੁਰੂ ਰਾਜਾ ਭਾ ਹਰਖਾਨ ॥
ਮਾਈ ਗ੍ਰਹਿ ਸ੍ਰੀ ਗੁਰਿ ਅਏ ਜਿਨ ਦੇਖੈ ਦੁਖ ਹਾਨ ॥538॥
ਚਰਨ ਤਯਾਰੀ ਗੁਰੂ ਕਰੀ ਦਾਸਨਿ ਦੀਨੋ ਨਿਦੇਸ ॥
ਸਾਂਮਾ ਬਾਧੀ ਸਕਲ ਤਿਨ ਜਿਨਹਿ ਨੌਰਿ[4] ਲੇਸ ॥539॥

॥ ਚੌਪਈ ॥

ਠਿਠਾਰੇ ਆਦਿ ਸੰਗਤਿ[5] ਗੁਰ ਕੀ ॥ ਮਿਲ ਮਿਲ ਆਵੈ ਚਾਹਿ ਮਿਲਨ ਕੀ ॥
ਨਗਰ ਨਾਰਿ ਨਰ ਮਿਲਨੇ ਆਏ ॥ ਦਰਸ਼ਨ ਕਰ ਕਰ-ਬਹੁ ਹੁਲਸਾਏ ॥540॥
ਨੈਨਨ ਲਾਭ ਲਯੋ ਉਮ ਭਾਈ ॥ ਪ੍ਰਿਯ ਪਾਹੁਨ ਗੁਰੂ ਸੁਖਦਾਈ ॥
ਕੋ ਜਾਨੈ ਕਿਹੁ ਪੁੰਨ ਪ੍ਰਭਾਊ ॥ ਠੈਨ ਅਤਿਥ ਭਏ ਸੁਖਦਾਊ ॥541॥

॥ ਦੋਹਰਾ ॥

ਸੁਰਤਰ ਧੇਨ ਪਿਯੂਖ ਸਮ ਇਨ ਕੋ ਦਰਸਨ ਜਾਨ ॥
ਬੇਦਿ ਬੰਸ ਕੇ ਮੁਕਟਿ ਮਣਿ ਸੁਖਦਾਤੇ ਗੁਣ ਖਾਨ ॥542॥

॥ ਚੌਪਈ ॥

ਭੇਟਾ ਦੈ ਦੈ ਸੇਦਨ ਜਾਵੈ ॥ ਮਨ ਬਾਂਛਤ ਬਰ ਗੁਰ ਤੇ ਪਾਵੈ ॥
ਮਾਤ ਅਨੰਤੀ ਕੀਨ ਤਿਯਾਰੀ ॥ ਭੋ ਤਿਯਾਰ ਗੁਰ ਬਿਨਾ ਅਵਾਰੀ ॥543॥
ਸ੍ਰੀ ਗੁਰੂ ਨਾਨਕ ਕੇ ਪਾਦ ਮਨਾਈ ॥ ਹੈ ਅਸਵਾਰ ਭਏ ਸੁਖਦਾਈ ॥
ਮਾਤ ਅਨੰਤੀ ਆਦਿ ਜੁ ਸੇਵਕ ॥ ਚਲਤ ਭਏ ਗੁਰ ਸੇਵਾ ਭੇਵਕ ॥544॥

(ਬਦਲੈੜੀ ਵਿਖੇ ਵਿਸ਼ਰਾਮ)

ਪ੍ਰਿਥਮ ਸਿਵਰ ਬਦਲੈੜੀ ਪਾਵਾ ॥ ਰਈਯਤ ਲੋਕ ਮਿਲੇ ਹਰਖਾਵਾ ॥
ਸਰਪੀ ਮੈਦਾ ਦਾਨਾ ਆਦਾ ॥ ਮਾਰ ਛਾਗ ਸੁਠ ਆਮਖ ਰਾਦਾ ॥545॥
ਕਾਰ ਗੁਰੂ ਕੀ ਸਿਰ ਧਰ ਧਾਰੀ ॥ ਘਾਸ ਲਕਰੀ[6] ਆਨੇ ਬਾਰੀ ॥
ਇਕ ਮਾਸ ਗੁਰ ਡੇਰਾ ਰਾਖਾ ॥ ਰਈਯਤ ਮਾਨੇ ਜੋ ਗੁਰ ਭਾਖਾ ॥546॥

---

1. ਮੂਲ ਪੋਥੀ ਸਿਪੈ 2. ਅ ਪੋਥੀ ਕਰਹੁ ਸੁਹਾਨੋ 3. ਮੂਲ ਪੋਥੀ ਬਾਢੀ 4. ਅ ਪੋਥੀ ਮਨ ਹੌਨਹਿ
5. ਅ ਪੋਥੀ ਜੋ ਗੁਰ ਕੀ 6. ੲ ਪੋਥੀ ਕਾਠ

(ਅਨੰਦਪੁਰ ਵਾਸਾ)

ਪੂੰਨਾ ਸੁ ਤਾ ਤੇ ਕੂਚ ਕਰਾਈ ॥ ਪੁਰਿ ਅਨੰਦ ਮੈ ਗੇ[2] ਸੁਖਦਾਈ ॥
ਗ੍ਰਹਿ ਅਪਨੇ ਮੈ ਜਾਇ ਬਿਰਾਜੇ ॥ ਜਿਨੈ ਬਿਨ ਨੌਮੈ ਗਯਾਨ ਸਮਾਨੇ ॥547॥

(ਕਾਲ ਸਮੇਂ ਲੋਕਾਂ ਨੂੰ ਅੰਨ ਆਦਿ ਦਾਨ ਕਰਨਾ)

॥ ਦੋਹਰਾ ॥

ਕੇਤਿਕ ਦਿਨ ਸ੍ਰੀ ਸਤਿਗੁਰੂ ਥਿਰੇ ਰਹੇ ਤਹ ਥਾਂਨ ॥
ਕਾਲ ਪਰਾ ਜਗ ਮੈ ਘਨਾ ਅੰਨ ਨ ਆਵੈ ਖਾਨ ॥548॥
ਦੇਗ[3] ਕਰਾਵੈ ਸਤਿਗੁਰੂ ਜੋ ਆਵੈ ਸੋ ਲੇਇ ॥
ਕੇਤਿਕ ਦਿਨ ਐਸ ਕਰਤੇ ਭੇ ਫ਼ਿਰ ਬਦਲੀ ਗੁਰ ਦਿਇ ॥549॥

॥ ਚੌਪਈ ॥

ਛੁਧਿਤ ਲੋਕ ਤਹ ਬਹੁ ਚਲਿ ਆਵੈ ॥ ਸ੍ਰੀ ਗੁਰ ਤਿਹ ਕੋ ਅੰਨ ਦਿਵਾਵੈ ॥
ਸੂਕਰ ਬ੍ਰਿੰਦ ਗੁਰੂ ਨਿਘਾਤੈ ॥ ਦੇਗ ਬਣੇ ਸਭ ਮਿਲ ਕਰ ਖਾਤੈ ॥550॥
ਕਾਲ ਚਲਿਆ ਭੋ ਦੁਖਦਾਈ ॥ ਬਿਨਾ ਅੰਨ ਜੀ ਸੂਰ ਮਰ ਜਾਈ ॥
ਮਿਲ ਸਿਖਨ ਨੇ ਅਰਜ ਗੁਜਾਰੀ ॥ ਕਾਲ ਨਿਵਾਰਿ ਗੁਰ ਸੁਖਕਾਰੀ ॥551॥
ਸ੍ਰੀ ਗੁਰ ਬੋਲ ਸੁਨੋ ਪਿਆਰੇ ॥ ਦਈ ਛਈ ਕੋ ਕੋ ਦੇ ਟਾਰੇ ॥
ਜੋ ਜੋ ਜੀਵਨ ਕਰਮ ਕਮਾਏ ॥ ਬਿਨੁ ਭੋਗੇ ਨਹਿ ਬ੍ਰਿਰਥਾ ਜਾਏ ॥552॥

(ਚੋਰ ਪਾਸੋਂ ਮਾਲਕ ਨੂੰ ਮੱਝ ਦਿਵਾਉਣੀ)

ਬਾਘ ਸਿੰਘ ਇਕ ਸਿਖ ਚਲਾ ਆਵਾ ॥ ਪਾਨ ਜੋਰੁ ਕਰੁ ਸੀਸ ਨਿਵਾਵਾ ॥
ਕਰੁ ਆਦਰੁ ਗੁਰ ਢਿਗ ਬੈਠਾਯੋ ॥ ਬਹੁਰਿ ਕਹਿਯੋ ਕਿਮ ਪੂਜਨ ਆਯੋ ॥553॥
ਹਸ ਭਾਖੀ ਪ੍ਰਭ ਜੀ ਯੇਹ ਕਾਮਾ ॥ ਮਹਿਖੀ ਚੋਰ ਬਸਾਊ ਨਾਮਾ ॥
ਬੇਲੇ ਗਾਓ ਤੇ[4] ਮਹਿ ਚੁਰਾਈ ॥ ਖਿੰਡੇ ਆਪ ਕੇ ਬਾਸਯੋ ਆਈ ॥554॥
ਦੋਖ ਹਮਾਰਾ ਖੋਜਤ ਆਯੋ ॥ ਭੇਸ ਪੇਖ ਤਿਨ ਮੋਹਿ ਸੁਨਾਯੋ ॥
ਸੁਨੀ ਅਰਜ ਗੁਰ ਧੀਰ ਧਰਾਵਾ ॥ ਖੀਵਾ ਸਹਰ ਹਜੂਰ ਬੁਲਾਵਾ ॥555॥

॥ ਦੋਹਰਾ ॥

ਤਿਹ ਕੋ ਸ੍ਰੀ ਗੁਰ ਐਸ ਕਹਾ ਮਹਿਖੀ ਛੋਰ ਲਿਆਇ ॥
ਬਾਘ ਸਿੰਘ ਕੀ ਭੈਸ ਹੈ ਦੇਵੋ ਦੋਰ ਬਹਾਇ ॥556॥

॥ ਚੌਪਈ ॥

ਚੋਰ ਨਿਕਾਸੋ ਰਹਿਨ ਨ ਦੀਜੈ ॥ ਹਮਰੀ ਸੇਵਾ ਯਹੀ ਲਖੀਜੈ ॥
ਚੋਰ ਜਾਰ ਬਟ ਪਾਰ ਨਿਕਾਸੈ ॥ ਚੁਗਲ ਕੂੜਾ ਕਰੇ ਨ ਬਾਸੈ ॥557॥
ਕਾਮੁ ਕ੍ਰੋਧੁ ਮਦੁ ਲਭੁ ਨ ਭਾਵੈ ॥ ਮੋਹ ਮ੍ਰਿਖਾ ਦੁਰਚਾਰ ਤਜਾਵੈ ॥
ਗੁਰੂ ਸੰਤ ਸੇਵੇ ਚਿਤੁ ਲਾਈ ॥ ਸ ਸਿਖ ਮੇਰਾ ਹਉ ਤਿਸ ਭਾਈ ॥558॥
ਮਹਿਖੀ ਅਬੈ ਲਿਆਵਨ ਕੀਜੈ ॥ ਦੇਵੋ ਇਸੈ ਚੋਰ ਬਿਸਰੀਜੈ ॥

1. ਮੂਲ ਪੋਥੀ ਕੇ 2. ਅ ਪੋਥੀ ਗਏ 3. ਅ ਪੋਥੀ ਪ੍ਰਦੇਗ 4. ਅ ਪੋਥੀ ਉਤੇ 5. ੲ ਪੋਥੀ ਸਤਿਗਰੂ ਜੀ

ਮਹਿਖੀ ਆਨ ਸਿਖ ਕੋ ਦਈ ॥ ਚੋਰ ਨਿਕਾਸਾ ਦੇਰ ਨ ਕਈ ॥559॥

(ਮਾਈ ਅਨੰਤੀ ਨੇ ਪ੍ਰੇਮ ਨਾਲ ਪ੍ਰਸਾਦ ਛਕਾਉਣਾ)

॥ ਦੋਹਰਾ ॥

ਮਾਤ ਅਨੰਤੀ ਨੰਦ ਪੁਰ ਮਨ ਮੋ ਕੀਨ ਬਿਚਾਰ ॥
ਪੀਠੀ ਜੀਰਾ ਮਰਚ ਸੁਭ ਸਰਪੀ ਧਨੀ ਅਚਾਰ[1] ॥560॥

॥ ਚੌਪਈ ॥

ਇਹ ਮਿਲਾਇ ਸੁਠ ਕੀਨ ਪ੍ਰਸਾਦੀ ॥ ਦਈ[2] ਜਮਾਈ ਨਾਲ ਸੁਆਦੀ ॥
ਲੇ ਪ੍ਰਸਾਦਿ ਸੋ ਗੁਰ ਪਹਿ ਆਈ ॥ ਮਸਤਕ ਟੇਕਾ ਬਿਨੈ ਅਲਾਈ ॥561॥
ਬਾਘ ਸਿੰਘ ਕਰੁ ਜੋਰ ਸੁਨਾਈ ॥ ਇਹੁ ਸੰਗਤਿ ਪ੍ਰਭ ਕਿਹ ਤੇ ਆਈ ॥
ਕਹਯੋ ਹਜੂਰ ਧਰਮ ਕੀ ਮਾਈ ॥ ਪੁਰ ਅਨੰਦ ਤੇ ਭੋਜਨ ਲਯਾਈ ॥562॥
ਸ੍ਰੀ ਗੁਰ ਆਦਿ ਸਭਨ ਨੇ ਖਾਵਾ ॥ ਬਾਘ ਸਿੰਘ ਕਛੁ ਬੈਨ ਅਲਾਵਾ ॥
ਭੋਜਨੁ ਬਾਸੁ ਆਪ ਅਚ ਲੀਨਾ ॥ ਕਹ ਬਚਨ ਸ੍ਰੀ ਗੁਰ ਪ੍ਰਬੀਨਾ ॥563॥
ਬਾਸੀ ਪ੍ਰੇਮ ਨ ਕੋ ਮੁਹਿ ਪਯਾਰਾ ॥ ਬਿਨਾ ਪ੍ਰੇਮ ਤੇ ਅੰਮ੍ਰਿਤੁ ਖਾਰਾ ॥
ਬਾਘ ਸਿੰਘ ਸੁਨਿ ਸੀਸ ਨਿਵਾਵਾ ॥ ਲੇ ਮਹਿਖੀ ਨਿਜ ਭਵਨ ਸਿਧਾਵਾ ॥564॥
ਸੁਖਾ ਸਿੰਘ ਇਕ ਤਾਂਕੇ ਮੀਤ ॥ ਆਵਾ ਮਿਲਨੇ ਧਰ ਮਨ ਪ੍ਰੀਤ ॥
ਦੋਨੋ ਮਿਲ ਕਰ ਮਸਲਤ ਕੀਨੀ ॥ [3]ਪਚੀਸ ਮਨ ਰਸਤ[4] ਪਠ ਦੀਨ ॥565॥
ਸਤੁ ਸੰਤੁਖੁ ਧਰਮ ਕੇ ਰੂਪੁ ॥ ਹਸਮੁਖ ਦਰਸ ਮਨੋ ਸੁਰ ਭੂਪ ॥566॥

॥ ਦੋਹਰਾ ॥

ਚਾਰ ਵਰਨ ਜਿਨ ਸਿਖੇਯਾ ਹੈ ਮੁਕਤੀ ਜਿਨ ਦਰਬਾਰ ॥
ਗੁਰ ਕੀ ਸੇਵਾ ਜੋ ਕਰੈ ਪਾਵੈ ਸੂਖ ਅਪਾਰੁ ॥567॥

(ਕੂਲ ਗਿਰਾਉਂ ਜਾਣਾ)

॥ ਚੌਪਈ ॥

ਏਕ ਦਿਨਾ ਸ੍ਰੀ ਗੁਰ ਮਨ ਆਈ ॥ ਚਲੈ ਪਾਰ ਅਬ ਦੇਰ ਬਿਹਾਈ ॥
ਲੇ ਸਭ ਕੌ ਬਚਨਨ ਕੇ ਪੂਰੇ ॥ ਜਿਹ ਦਰਸੇ ਮਿਟ ਜਾਹਿ ਵਿਸੂਰੇ ॥568॥
ਬੇਦੀ ਕੁਲ ਕੇ ਸੁਖਮਾਕੰਦੂ ॥ ਜਿਹ ਦਰਸੇ ਮਿਟ ਜਾਵੈ ਦੁੰਦੂ ॥
ਕੂਲ ਗਿਰਾਉ ਮੈ ਆਇ ਬਿਰਾਜੈ ॥ ਜਿਨ ਕੋ ਯਸੁ ਚਹੁ ਓਰਨ ਛਾਜੇ ॥569॥

॥ ਦੋਹਰਾ ॥

ਮਾਤ ਅਨੰਤੀ ਆਦਿ ਲੇ ਇਸਥਿਤ ਭੇ ਤਿਹ ਥਾਨ ॥
ਗੁਰ ਅਖੇੜੀ ਨਿਤ ਖੇਲਹੀ ਮਨ ਮੋ ਪ੍ਰੀਤੀ ਨਾਠ ॥570॥

(ਪ੍ਰਵੀਨ ਸ਼ਿਕਰੀ ਬਾਬਾ ਸਾਹਿਬ ਸਿੰਘ)

॥ ਚੌਪਈ ॥

ਏਕਾ ਦਿਨਾ ਬੇਦੀ ਕੁਲ ਰਾਈ ॥ ਖਿਲੈ ਅਖੇਟ[5] ਚਿਤੁ ਹੁਲਸਾਈ ॥

---

1. ਅ ਪੋਥੀ ਯਾਚਾਰ 2. ਅ ਪੋਥੀ ਦਧੀ 3. ਅ ਪੋਥੀ ਪਾਠਾਂਤਰ : ਪਚੀ ਮਨਾ ਸੁ ਰਸਤਾ । 4. ਏ ਪੋਥੀ ਕੀ ਨੂਤ 5. ਏ ਪੋਥੀ ਸਿਕਾਰ

ਮਾਰਵੜੀਏ ਸਿਖ ਹੈ ਨਾਲ ॥ ਜਿਨ ਮਨ ਬਾਂਧੀ ਪ੍ਰੀਤ ਬਿਸਾਲ ॥571॥
ਹਰੀ ਸਿੰਘ ਜੋ ਸੰਕ੍ਰਰ[1] ਵਾਲਾ ॥ ਭਲੜੀ ਪਿੰਡ ਮੈ ਡੇਰਾ ਘਾਲਾ ॥
ਜਗੀਰਦਾਰ ਜੋ ਤਿਸ ਕੇ ਪਾਹੀ ॥ ਖਿਲਤ ਸਿਕਾਰ ਹੁਤੇ ਬਨੁ ਮਾਹੀ ॥572॥
ਸਾਹਿਬ ਆਵਤ ਜਬ ਤਿਨ ਦੇਖੇ ॥ ਮਸਤਕ ਟੇਕਾ ਹਰਖੁ ਵਿਸੇਖੇ ॥
ਪੀਛੇ ਹੁਇ ਕਰ ਚਾਲੇ ਨਾਲ ॥ ਮਨ ਮਹਿ ਜਾਗੀ ਪ੍ਰੀਤਿ ਬਿਸਾਲ ॥573॥
ਸ੍ਰੀ ਗੁਰ ਦਿਖਤ ਸਸਾ ਨਿਕਸਾਨਾ ॥ ਦੌਰ ਮਿਲੇ ਮੋ ਜਾਇ ਥਿਰਾਨਾ ॥
ਸਤਿਗੁਰ ਨੇ ਸਰਮਾ ਛਡਿਵਾਈ ॥ ਆਪ ਦਾਹਨੇ ਭੈ ਹਰਖਾਈ ॥574॥

॥ ਦੋਹਰਾ ॥

ਹਜੂਰ ਓਰ ਤੇ ਨਿਕਸ ਕਰ ਸੈਹਾ ਬੇਗ ਪਰਾਇ ॥
ਚੰਦ੍ਰਹਾਂਸ ਕੌ[2] ਕ੍ਰਾਰ ਗੁਰ ਕੀਨ ਖੰਡ ਦੁਇ ਦਾਇ ॥575॥

॥ ਚੌਪਈ ॥

ਮਿਸਲਦਾਰ ਜੋ ਆਵਤ ਨਾਲ ॥ ਦਿਖ ਅਸ ਕੌਤਕ ਭਏ ਨਿਹਾਲ ॥
ਹਾਥ ਜੋਰ ਬ੍ਰਹੁ ਉਸਤਤਿ ਠਾਨੀ ॥ ਸ੍ਰੀ ਗੁਰੂ ਜੀ ਤੁਮ ਸੁਭ ਗੁਨ ਗ੍ਯਾਨੀ ॥576॥
ਆਪਸ ਮੈ ਮਿਲ ਕੀਨ ਬਿਚਾਰਾ ॥ ਸ੍ਰੀ ਗੁਰ ਨੇ ਬਡ ਕੌਤਕ ਧਾਰਾ ॥
ਬੂੜ ਸਿੰਘ ਰੰਘਰੇਟਾ ਆਈ[3] ॥ ਸੁਨ ਇਹ ਬਾਤ ਸੁ ਮਾਨਤ ਨਾਹੀ ॥577॥
ਹੈ ਠੰਡੇ ਸੈ ਗੁਰ ਨੇ ਮਾਰਾ ॥ ਹੈ ਊਪਰਿ ਅਸ ਸੋ ਨਹਿ ਝਾਰਾ[4] ॥
ਆਪਸਿ ਮੈ ਬਹੁ ਬਾਦ ਕਰੰਤੇ ॥ ਆਵਤ ਹੈ ਸ੍ਰੀ ਗੁਰ ਨਿਕਟੰਤੇ ॥578॥
ਤਿਨ ਕੇ ਮਨ ਕੀ ਗੁਰੂ ਪਛਾਨੀ ॥ ਬੂੜ ਸਿੰਘ ਪ੍ਰਤ ਉਚਰੀ ਬਾਨੀ ॥
ਕਯਾ ਤੇਰੇ ਮਨ ਸੰਸਾ ਆਵਾ ॥ ਹਾਥ ਜੋਰਿ ਤਿਨ ਬਾਕ ਅਲਾਵਾ ॥579॥

॥ ਦੋਹਰਾ ॥

ਬੁਧਵਾਨਨ ਤੇ ਮੈ ਸੁਨਾ ਹੈ ਊਪਰਿ ਅਸਿ ਨਾਲ ॥
ਸੈਹਾ ਮਾਰਯੋ ਜਾਤ ਨਹਿ ਸੁਨੀਯੋ ਸ੍ਰੀ ਗੁਰ ਦਯਾਲ ॥580॥

॥ ਚੌਪਈ ॥

ਐਸੀ ਬਾਨੀ ਜਬ ਸੁਨ ਪਾਈ ॥ ਬੂੜ ਸਿੰਘ ਪ੍ਰਤ ਗੁਰੂ ਅਲਾਈ ॥
ਅਬ ਹੀ ਸਸਾ ਨਿਕਾਸਨ ਕੀਜੈ ॥ ਹਮ ਹਤ ਦੇਵੈਂ ਸੰਸਾ ਖੀਜੈ[5] ॥581॥
ਬੂੜ ਸਿੰਘ ਨੇ ਅਸ੍ਵ ਤਿਯਾਗਾ ॥ ਮਲਅਨ ਝਾੜਨ ਮੋ ਮਨ ਲਾਗਾ ॥
ਏਕ ਮਲੇ ਤੇ ਸਸਾ ਨਿਕਾਸਾ ॥ ਦਿਖ ਕਰ ਗੁਰੂ ਜੀ ਭਏ ਬਿਗਾਸਾ ॥582॥
ਸ੍ਰੀ ਗੁਰੂ ਜੀ ਤਬ ਅਸ੍ਵ ਧਵਾਵਾ[6] ॥ ਹੋਇ ਨਜੀਕੈਂ ਖੜਗ ਚਲਾਵਾ ॥
ਦੋਇ ਟੂਕ ਤਿਸ ਕੇ ਕਰ ਗੇਰੇ ॥ ਲਜਤਾ ਹੋਇ ਬੂੜ ਸਿੰਘ ਹੇਰੇ ॥583॥
ਬੂੜ ਸਿੰਘ ਅੰਚਰੁ ਗਰ ਡਾਰਾ ॥ ਪ੍ਰਹਮੀ ਊਪਰਿ ਸੀਸ ਧਾਰਾ ॥
ਸਭ ਸਿੰਘਨ ਮਿਲ ਉਸਤਤਿ ਠਾਨੀ ॥ ਸ੍ਰੀ ਬੇਦੀਸ ਸਰਬ ਗੁਨ ਖਾਨੀ ॥584॥

---

1. ਅ ਪੋਥੀ ਸਾਕਰ 2. ਅ ਪੋਥੀ ਕਉ 3. ਅ ਪੋਥੀ ਆਹੀ 4. ਅ ਪੋਥੀ ਬਾਰਾ 5. ਅ ਪੋਥੀ ਛੀਜੈ
6. ਅ ਪੋਥੀ ਭਜਾਵਾ

॥ ਦੋਹਰਾ ॥

ਹਮ ਸਦ ਭੂਲ ਵਿਗਾਰ ਹੈ ਤੁਮ ਬਖਸਨ ਕੋ ਜੋਗੁ ॥
ਧੀਰਜੁ ਧੀਮਰੀ ਧਰਮ ਧੁਜ ਸਿਖਨ ਹਰਤੇ ਸੋਗ ॥585॥

(ਅਸਲੀ ਸੁਖਣਾ ਮੰਗਣੀ)

॥ ਚੌਪਈ ॥

ਕੁਲ ਗਿਰ੍ਹਾਇ ਸ੍ਰੀ ਗੁਰ ਜੀ ਆਏ ॥ ਭਲੇੜੀ ਮੇ ਸਿਖ ਗੋ ਸਮੰਦਾਇ ॥
ਹਰੀ ਸਿੰਘ ਕੋ ਫਤੇ ਬੁਲਾਈ ॥ ਗੁਰ ਕੀ ਉਸਤਤਿ ਬਹੁ ਬਿਧਿ ਗਾਈ ॥596॥
ਸਾਂਕਰ ਵਾਲ ਕੇਰ ਸਿਰਦਾਰਾ ॥ ਹਰੀ ਕੇਸਰੀ ਬੁਧ ਅਪਾਰਾ ॥
ਗੁਰ ਕੀ ਮਹਿਮਾ ਸਿਖਨ ਗਾਈ ॥ ਸੁਨ ਕਰ ਮਨ ਮੈ ਸਰਧਾ ਆਈ ॥587॥
ਆਗੇ ਦਰਸਨ ਨਾਰਿਨ ਕੀਨਾ ॥ ਖਾਤੇ ਚਹ ਪ੍ਰਤਗਯਾ ਲੀਨਾ ॥
ਏਕ ਤੁਰੰਗਮ ਹੈ ਬਲਵਾਨਾ ॥ ਗੁਰ ਕੋ ਦੇਵੋ ਇਹ ਮਤ ਠਾਨਾ ॥588॥
ਕਰ ਸਿੰਗਾਰੁ ਹੈ ਗ੍ਰਿਹਿ ਬੰਧਵਾਯੋ ॥ ਅਵਰ ਅਸ੍ਵ ਗੁਰ ਪਹਿ ਲੇ ਆਯੋ ॥
ਜੋ ਕਲਗੀਧਰ ਲੇਨਿ ਵਤਾਰ[2] ॥ ਇਹ ਬਾਜ ਮੁਹਿ ਦੇਇ ਨਿਵਾਰ ॥589॥

॥ ਦੋਹਰਾ ॥

ਜੋ ਸੈਂਧਵ ਗ੍ਰਿਹ ਰਾਖਯੋ ਤਾਂਕੋ ਲੇਹੁ ਮੰਗਾਇ ॥
ਕੁਲ ਯੁਤ ਹੋਵੋ ਸਿਖਯ ਮੈ ਦੇਵੋ ਪਿੰਡ ਚਢਾਇ ॥590॥

॥ ਚੌਪਈ ॥

ਐਸੇ ਮਨ ਮਹਿ ਕੀਨ ਬਿਚਾਰ ॥ ਦਰਸਨ ਕੀ ਇਛਾ ਚਿਤ ਧਾਰ ॥
ਸਰਬ ਸਿਖਨ ਕੋ ਲੀਨੇ ਸਾਥ ॥ ਤਹਾਂ ਤੇ ਪੂਛਤ ਗੁਰ ਕੀ ਗਾਥ ॥591॥
ਤਰ[3] ਛਾਯਾ ਤਰ ਸ੍ਰੀ ਗੁਰ ਥਿਰੇ[3] ॥ ਦੀਰਘੁ ਨੈਨਾ ਨੀਰਜ ਖਿਰੇ ॥
ਗੋਰੀ ਮੂਰਤ[4] ਹੇਮ ਸਮਾਨਾ ॥ ਭੁਜਾ ਦੰਡ ਕਰ ਕਰੀ ਲਜਾਨਾ ॥592॥
ਪੀਤ ਬਸਨ ਪਹਿਰੇ ਛਬਿ ਵਾਰੇ ॥ ਜਿਨ ਦੇਖਤ ਜਨ ਭਵ ਮਨ ਹਾਰੇ ॥
ਦਾਸਨ ਪੰਗਤ ਪਾਸ ਥਿਰੀ ਹੈ ॥ ਦੇਖੁ ਭਾਨੁ ਕੰਜ ਪਾਤ ਖਿਰੀ ਹੈ ॥593॥
ਹਰੀ ਸਿੰਘ ਜੀ ਮਾਥ ਨਿਵਾਵਾ ॥ ਗੁਰ ਪਗ ਪੇਖ ਮਨਹਿ ਬਿਗਸਾਵਾ ॥
ਸੌ ਰੂਪੀ ਸੁਭ ਏਕ ਕਿਕਾਨਾ ॥ ਇਕ[5] ਦੰਸਾਸਾ ਧਰਯੋ ਮਹਾਨਾ[5] ॥594॥
ਜੁਗਮ ਦੰਡ ਜਬ ਖਰਾ ਰਹਾਵਾ ॥ ਕਮਲ ਨੈਨ ਬਰ ਬਾਕ ਅਲਾਵਾ ॥
ਹਰੀ ਸਿੰਘ ਕਹਾ ਮਨ ਮੋ ਆਨੀ ॥ ਬਸਤੁ ਹਮਾਰੀ ਸਦਨ ਰਹਾਨੀ ॥595॥

॥ ਦੋਹਰਾ ॥

ਅਰਬ[6] ਗ੍ਰਿਹਿ ਮਧ ਬਾਧਯੋ[6] ਲਯਾਵੋ ਦੇਰ ਬਿਹੀਨ ॥
ਇਹੁ ਤੁਰੰਗ ਗ੍ਰਿਹਿ ਭੇਜੀਏ ਸੁਨੀਏ ਸਿਖ ਪ੍ਰਬੀਨ ॥596॥

---

1. ਅ ਪੋਥੀ ਅੰਚਲ 2. ਅ ਪੋਥੀ ਅਵਤਾਰਾ 3. ਅ ਪੋਥੀ ਪਾਠਾਂਤਰ: ਤਰੁ ਛਾਯਾ ਤੁਰ ਪਲਘ ਖਿਰੇ
4. ਅ ਪੋਥੀ ਸੁਮੂਰਤ 5. ਅ ਪੋਥੀ ਪਾਠਾਂਤਰ: ਏਕ ਪਾਸੰਮਰ ਧਰਯੋ ਮਹਾਨਾ 6. ਅ ਪੋਥੀ ਪਾਠਾਂਤਰ : ਅਰਬ
ਜੁ ਗ੍ਰਿਹਿ ਮੇ ਬਾਂਧਿਯੋ

॥ ਚੌਪਈ ॥

ਗੁਰ ਕੀ ਬਾਨੀ ਜਬ ਸੁਨ ਪਾਈ ॥ ਮਨ ਮੋ ਪ੍ਰੀਤ ਭਈ ਅਧਿਕਾਈ ॥
ਏਕ ਦਾਸ ਕੋ ਬੈਨ ਅਲਾਵਾ ॥ ਬੇਗ ਪਵੰਗਮ ਲਯਾਵੋ ਧਾਵਾ ॥597॥
ਆਪ ਢੇਰ ਕੇ ਚਰਨ ਗੁਹਾਨੇ ॥ ਰਾਖੋ ਰਾਖੋ ਮਯਾ ਨਿਧਾਨੇ ॥
ਹਮ ਅਪਰਾਧੀ ਭੂਲ ਬਿਗਾਰਾ ॥ ਤੁਮ ਬਖਸੰਦ ਸਦਾ ਦਿਯਾਰਾ ॥598॥
ਨਵੀਸੰਦ ਕੋ ਲੀਨ ਬੁਲਾਈ ॥ ਕੂਲ ਗਿਰਾਵ ਕੋ ਪਟਾ ਕਰਾਈ॥
ਦਾਸ ਅਰਾਕੀ ਲੈ ਕਰ ਆਵਾ ॥ ਮਨੋ ਚਹਤ ਬਿਨੁ ਪੰਖੁ ਉਡਾਵਾ ॥599॥
ਹੈ ਰੂਪੀ ਅਰੁ ਪਟਾ ਦੁਸਾਲਾ ॥ ਆਗੇ ਰਾਖਾ ਬਹੁ ਹਿਤੁ ਨਾਲਾ ॥
ਸਹਿਪਰਵਾਰ[1] ਲਗੋ ਗੁਰ ਚਰਣੀ ॥ ਉਸਤਤਿ ਗੁਰ ਕੀ ਬਹੁ ਬਿਧਿ ਬਰਨੀ ॥600॥
ਸ੍ਰੀ ਗੁਰ ਜੀ ਬਹੁ ਖੁਸ਼ੀ ਕਰੀ ਹੈ ॥ ਪਾਗ ਦੀਨ ਤਿਹ ਸੀਸ ਧਰੀ ਹੈ ॥
ਵਾਹਗੁਰੂ ਸੁਠ ਜਾਪ ਜਪਾਵਾ ॥ ਸੰਤਨ ਸੇਵਨ ਬਹੁਰ ਦ੍ਰਿੜਾਵਾ ॥601॥

॥ ਦੋਹਰਾ ॥

ਸ੍ਰੀ ਹਜ਼ੂਰ ਪਹਿ ਰਹਿਤ ਭਾ ਮਨ ਮੋ ਪ੍ਰੀਤੀ ਧਾਰ ॥
ਸੀਤ ਪ੍ਰਸਾਦਿ ਨਿਤ ਖਾਤ ਹੈ ਜਨਮ ਮਰਨ ਤੇ ਪਾਰ ॥602॥

॥ ਚੌਪਈ ॥

ਲੇ ਨਿਦੇਸ ਗੁਰ ਕੋ ਕਰ ਜੋਰੀ ॥ ਭਲੜੀ ਥਾਨੰ[2] ਗਯੋ ਬਹੋਰੀ ॥
ਕੂਲ ਗਿਰਾਵ ਗੁਰ ਕੀਨ ਬਸੇਰਾ ॥ ਦੇਗ ਚਲਤ ਹੈ ਸਾਝ ਸਵੇਰਾ ॥603॥

## (ਦੇਸੂ ਸਿੰਘ ਨੂੰ ਪੁਤਰ ਦੀ ਦਾਤ ਬਖਸ਼ਣੀ)

ਭਾਹੋ ਵਾਲ ਦੇਸੂ ਸਿੰਘ ਵਾਸੀ ॥ ਤਿਸ ਗ੍ਰਿਹਿ ਸਵਨਨ ਭਾ ਸੁਖਰਾਸੀ ॥
ਭਾਹੋ ਵਾਲੰ[3] ਸੋ ਸਿੰਘ ਆਏ ॥ ਹਰੀ ਸਿੰਘ ਕੇ ਪਾਸ ਰਹਾਏ ॥604॥
ਦੇਸੂ ਹਰਿ ਗ੍ਰਿਹਿ ਆਇ ਬਿਰਾਨੇ ॥ ਗੁਰ ਕੇ ਯਸ ਬਹੁ ਬਰਨਨ ਠਾਨੇ ॥
ਦੇਸੂ ਸਿੰਘ ਨੇ ਪੂਛਨ ਕੀਨਾ ॥ ਕੈਸੇ ਹੈ ਗੁਰ ਕਹੋ ਪ੍ਰਵੀਨਾ ॥605॥
ਸਿਖ ਕਹੈ ਸੁਨੀਏ ਤੁਮ ਭਾਈ ॥ ਗੁਰ[4] ਕੀ ਮਹਿਮਾ ਕਥਨਿ ਨ ਜਾਈ ॥
ਜੋ ਇਛਾ ਸਿਖ ਮਨ ਮੈ ਧਾਰੈਂ ॥ ਦੇਵਤ ਹੈਂ ਗੁਰ ਬਿਨਾ ਅਵਾਰੈਂ ॥606॥

॥ ਦੋਹਰਾ ॥

ਦੇਸੂ ਸਿੰਘ ਮਨ ਸਰਧ ਭੀ ਸੁਨ ਕਰ ਸਿਖਨ ਬੈਨ ॥
ਮੇਰੇ ਗ੍ਰਿਹਿ ਸੁਤ ਹੋਤ ਨਹਿ ਬਖਸੇ ਗੁਰ ਹ੍ਵੈ ਚੈਨ ॥607॥

॥ ਚੌਪਈ ॥

ਸੁਤ ਕੀ ਗਾਥਾ ਜਬੈ ਸੁਨਾਈ ॥ ਸਿਖ ਨੇ ਬਾਨੀ ਸੁਭਗ ਅਲਾਈ ॥
ਗੁਰ[5] ਕੀ ਸੁਖਨਾ ਕਰਿ[5] ਹਿਤੁ ਲਾਇ ॥ ਬਰਸ ਮਾਂਝ ਸੁਤ ਲੀਜੈ ਪਾਇ ॥608॥
ਦੇਸੂ ਹਰਿ ਅਰਦਾਸ ਕਰਾਈ ॥ ਗੁਰ ਘਰ ਅਸੂ ਦੇਵੋਂ[6] ਭਾਈ ॥

1. ਮੂਲ ਪੋਥੀ ਸਤਪਰਵਾਰ 2. ਅ ਪੋਥੀ ਥਾਂਨ ਸੁ 3. ਅ ਪੋਥੀ ਮੋ ਸੋ 4. ਅ ਪੋਥੀ ਤਾ ਕੀ 5 ਅ ਪੋਥੀ ਸੁੱਨਤ ਕੀਜੇਹਿ 6. ਅ ਪੋਥੀ ਸੁ ਦੇਵੇ

ਐਸੇ ਹੀ ਇਕ ਸੰਮਤ ਬੀਤਾ ॥ ਸੁਤ ਉਪਜਾ ਗ੍ਰਹਿ ਭੇ ਚਿਤ ਚੀਤਾ ॥609॥
ਦੰਪਤਿ ਮਿਲਿ ਯਸ ਗਾਵਨ ਲਾਗੇ ॥ ਗੁਰ ਮਹਿਮਾ ਸੁ ਕਥੈ ਸਭਾਗੇ ॥
ਤਿਸ ਤਰਫ ਗੁਰ ਚਲੇ ਸਿਕਾਰ ॥ ਭਾਹੋ ਵਾਲੰ ਓਰ ਪਧਾਰ ॥610॥
ਹਿਤ ਕਰ ਦੇਸੂ ਸਿੰਘ ਗ੍ਰਹਿ ਅਏ ॥ ਦੰਪਤਿ ਮਿਲ ਕਰੁ ਚਰਨੀ ਨਏ ॥
ਹਾਥ ਜੋਰ ਕਰੁ ਅਰਜੀ ਕੀਠੀ ॥ ਹਮ ਪਰ ਕੀਨੀ ਮਯਾ ਨਵੀਨੀ ॥611॥

॥ ਦੋਹਰਾ ॥

ਪਰਯੰਕ ਡਸਾਵਨ ਕੀਨ ਤਿਹ ਆਸਤਰਨ ਸੁ ਬਿਛਾਇ ॥
ਧਰਯੋ ਸਿਰਾਣਾ ਪ੍ਰੀਤ ਯੁਤ ਊਪਰਿ ਗੁਰੂ ਬਿਠਾਇ ॥612॥

॥ ਚੌਪਈ ॥

ਚਰਨ ਧੋਇ ਚਰਨੋਦਕ ਲੀਨੋ ॥ ਸਿਸ ਕੋ ਮਾਥ ਟਿਕਾਵਨ ਕੀਨੋ ॥
ਖਟ ਰਸੁ ਭੋਜਨੁ ਲੀਨ ਬਨਾਈ ॥ ਬਹੁਤ ਪ੍ਰੇਮ ਕਰੁ ਗੁਰੇ ਛਕਾਈ ॥613॥
ਸੀਤ ਪ੍ਰਸਾਦੰ ਸਭ ਨੇ ਖਾਯੋ ॥ ਜੋ ਚਾਹਤ ਸੋ ਗੁਰ ਤੇ ਪਾਯੋ ॥
ਦੇਸੂ ਸਿੰਘ ਨੇ ਮਨਹਿ ਬਿਚਾਰਾ ॥ ਅਸ੍ਵ ਅਮਲੋ ਮੋਲ ਜਿਹ ਭਾਰਾ ॥614॥
ਅਬ ਭੇਟਾ ਕਿਛੁ ਔਰੁ ਧਰੀਜੈ ॥ ਖੇਸ ਏਕ ਸੌ ਰੁਪੀ ਦੀਜੈ ॥
ਅਸਿ ਅਕੋਰ ਗੁਰ ਆਗੇ ਰਾਖੀ ॥ ਹਾਥ ਜੋਰੁ ਬਹੁ ਬਿਨਤੀ ਭਾਖੀ ॥615॥
ਮੰਦ ਮੰਦ ਗੁਰ ਗਿਰਾ ਅਲਾਈ ॥ ਖੇਸ-ਰਜਤ-ਧਨ ਰਖੁ ਘਰੁ ਜਾਈ ॥
ਹਮਰੀ ਚੀਜ ਸੁ ਅਰਪਨ ਕੀਜੈ ॥ ਜੇ ਬਹੁ ਲੋੜ-ਸੁ ਨਾਹਨ ਦੀਜੈ ॥616॥

॥ ਦੋਹਰਾ ॥

ਦੇਸੂ ਸਿੰਘ ਕੀ ਘਰਨਿ[2] ਸੁਨਿ ਕਹਤਿ ਭਈ ਪਤਿ ਪਾਹਿ ॥
ਕਮਲਨੈਨ ਜੋ ਕਹਤ ਹੈ ਦੀਜੈ ਦੇਰੁ ਬਿਹਾਹਿ ॥617॥

॥ ਚੌਪਈ ॥

ਦੇਸੂ ਸਿੰਘ ਨ ਹੈ ਤਬ ਆਨਾ ॥ ਅਗ੍ਰਜ ਗੁਰ ਕੇ ਕੀਨ ਬਿਰਾਨਾ ॥
ਦੇਖ ਅਸ੍ਵ ਕੌ ਸ੍ਰੀ ਗੁਰ ਹਰਖੇ ॥ ਹੇਰ ਕਟਾਖੰ ਅੰਮ੍ਰਿਤੁ ਬਰਖੇ ॥618॥
ਸ੍ਰੀ ਕਮਲਾਨਨ ਬੈਨ ਬਖਾਨਾ ॥ ਦੇਸੂ ਸਿੰਘ ਸੁਨੋ ਸਵਧਾਨਾ ॥
ਤਵ ਜੁਵਤੀ ਮਨੁ ਇਛਾ ਧਾਰੇ ॥ ਏਕ ਤਾਤ ਹੁਇ ਅਵਰੁ ਹਮਾਰੇ ॥619॥
ਹਵੈ ਚਿਤ ਮੋ ਚਿੰਤ ਨ ਕੀਜੈ ॥ ਬਧੇ ਬੇਲਿ ਜਗ ਮੋ ਸੁਖ ਲੀਜੈ ॥
ਪਿੰਡ ਮਾਂਝ ਲੋਗਨ ਸੁਨ ਪਾਏ ॥ ਦੇਸੂ ਸਿੰਘ ਕੇ ਗ੍ਰਹ ਗੁਰ ਆਏ ॥620॥

॥ ਦੋਹਰਾ ॥

ਲੇ ਅਕੋਰ ਚਲ ਆਵਈ ਕਰ ਦਰਸਨ ਹਰਖਾਇ ॥
ਮਨ ਬਾਂਛਤ ਵਰ ਪਾਵਈ ਦੇਖ ਰੂਪ ਬਲ ਜਾਇ ॥621॥

॥ ਚੌਪਈ ॥

ਕੇਤਿਕ ਬਾਸਰ ਤਿਨ ਗ੍ਰਹਿ ਰਹਿ ਕਰ ॥ ਭੇ ਤਿਯਾਰ ਗੁਰ ਸਿਖਨ ਭੈ ਹਰ ॥

1. ਦ ਪੋਥੀ ਪਾਠ 2. ਦ ਪੋਥੀ ਨਾਰੀ

ਦੇਸੂ ਸਿੰਘ ਕੋ ਕੀਨ ਨਿਹਾਲ ॥ ਆਗੇ ਗਵਨੇ ਸੁਖਮਾਂ ਸਾਲ ॥622॥
ਤਿਸੀ ਬਾਹੁ ਪਰ ਭਏ ਸਵਾਰਾ ॥ ਕਰੇ ਚਲਾਕੀ ਅਪਰੁ ਅਪਾਰਾ ॥
ਨਿਕਟਿ ਸੁ ਰਾਟਿ ਉਦੈ ਹਰਿ ਆਹੀ ॥ ਗੇ ਬੇਦੀਸ ਤਿਸ ਗ੍ਰਿਹਿ ਮਾਂਹੀ ॥623॥
ਕਰ ਗੁਰਦਰਸਨ ਪਾਇ ਅਨੰਦੂ ॥ ਜਿਮ ਚਕੋਰ ਕੁਮਦ ਪਿਖ ਚੰਦੂ ॥
ਮੇਘਨ ਦੇਖ ਮੋਰ ਹਰਖਾਵੈ ॥ ਗੁਰਦਰਸਨ ਗੁਰਸਿਖਨ ਭਾਵੈ ॥624॥
ਕਰੁ ਸਤਕਾਰ ਸੇਵ ਬਹੁ ਕੀਨੀ ॥ ਹਾਥ ਜੋਰੁ ਅਤਿ ਭਯੋ ਅਧੀਨੀ ॥
ਦੇਸੂ ਸਿੰਘ ਕੋ ਦਯੋ ਸੁਤ ਰੂਰਾ ॥ ਮੇਰੋ ਅਰਥੰ ਕੀਜੈ ਪੂਰਾ ॥625॥

## (ਉਦੈ ਸਿੰਘ ਨੂੰ ਉਪਦੇਸ਼)

॥ ਦੋਹਰਾ ॥

ਸਤਿਗੁਰ ਦਯੋ ਉਪਦੇਸਿ ਮੁਹਿ ਕੀਜੈ ਭਵ ਤੇ ਪਾਰ ॥
ਜਨਮ ਮਰਨ ਦੁਖ ਕਾਟੀਐ ਕਰੋ ਮੁਕਤਿ ਬਿਨੁ ਬਾਰੁ ॥626॥

॥ ਚੌਪਈ ॥

ਉਦੈ ਸਿੰਘ ਸੁਨੀਯੈ ਉਪਦੇਸੂ ॥ ਜਾਂਤੇ ਤੁਮਰੋ ਮਿਟੈ ਕਲੇਸੂ ॥
ਤੀਨ ਭਾਂਤਿ ਕੀ ਹਿੰਸਾ ਤਿਯਾਗੋ ॥ ਵਾਹਿਗੁਰੂ ਬਿਨ ਅਵਨੁ ਨ ਲਾਗੋ ॥627॥
ਪਰ ਕਾ ਬੁਰਾ ਚਿਤਵਨਾ ਤਯਾਗੋ ॥ ਚਿਤ ਕਰ ਗੁਰਬਾਨੀ ਮੈ ਪਾਗੋ ॥
ਫਿਕਾ ਬੋਲ ਦੁਖਾਇ[1] ਹਨਾਵੈ ॥ ਹਿੰਸਾ ਬਚਨਨ ਕੀ ਕਹਲਾਵੈ ॥628॥
ਤੀਜੀ ਮਾਰਨ ਜੀਵਨ ਕੇਰੀ ॥ ਤਯਾਗੇ ਇਨ ਕੌ ਹੁ ਬਿਨੁ ਦੇਰੀ ॥
ਦੁਤੀਯੇ ਸਤ ਉਚਾਰ ਨਿਰਬਹੈਂ ॥ ਕਬਹੂੰ ਕੂਰ ਨ ਕਿਹ ਬਿਧ ਕਹੈਂ ॥629॥
ਤੀਜੇ ਹੈ ਦ੍ਵੈ ਭਾਤ ਸਤੇਹੀ[2] ॥ ਇਕ ਤਨ ਕੀ ਇਕ ਮਨ ਕੀ ਸੋਈ ॥
ਪਰ ਕੀ ਵਸਤੁ ਛਪਾਵਨ ਕਰਨੀ ॥ ਏਹ ਸਤੇਈ ਤਨ ਕੀ ਬਰਨੀ ॥630॥
ਕਰਹਿ ਪਾਪ ਪੁੰਨ ਰਾਖ ਦੁਰਾਏ ॥ ਇਹੁ ਮਨ ਕੀ ਚੋਰੀ ਕਹਲਾਏ[3] ॥
ਚੌਥੇ ਬ੍ਰਹਮਚਰਜ ਸੁਖ ਸਾਰੂ ॥ ਜੀਤਨ ਕਾਮ ਅਸਟ ਪ੍ਰਕਾਰੂ ॥631॥
ਪ੍ਰਥਮੈ ਤਿਯ ਕੀ ਬਾਤੈਂ ਕਰਨੀ ॥ ਦੂਜੇ ਸੁਨ ਸੁਨ ਮਨ ਮਹਿ ਧਰਨੀ ॥
ਤੀਜੇ ਤਿਯ ਇਕਾਂਤ ਮਿਲ ਬੈਸਨ ॥ ਚੌਥੇ ਹੋਵਤ ਅੰਗ ਸਪਰਸਨ ॥632॥
ਪੰਚਮ ਹਿਤ ਕਰ ਦੇਖੈ ਤਿਯ ਸੋ ॥ ਛਟੈ[4] ਅਲਿੰਗਨ ਕਰਹੀ ਹਿਯ ਸੋ ॥
ਸਪਤ ਚਿਵਨੋ ਮਨ ਮਹਿ ਨਾਰੀ ॥ ਅਸਟਮ ਭੋਗੁ ਕਰਨ ਬਿਧ ਸਾਰੀ ॥633॥
ਇਨ ਸਬਹਿਨ ਕੌ ਤਯਾਗੈ ਜੋਈ ॥ ਬ੍ਰਹਮਚਰਜ ਧਾਰਤ ਹੈ ਤੇਈ ॥
ਪੰਚਮ ਸੁਭ ਹੈ ਧੀਰਜੁ ਕਰਨਾ ॥ ਦੁਖ ਸੁਖ ਸਦਾ ਹੈ ਸਮ ਧਰਨਾ ॥634॥
ਆਪਦ ਸੰਪਤ ਆਤ ਪਸੀਤਾ ॥ ਬਿਕਲ ਨ ਹੋਇ ਤੁਲਾਵੈ ਚੀਤਾ ॥
ਖਸਟਮ ਕਰਨੀ ਖਿਮਾ ਸੁਹਾਈ ॥ ਮਨ ਮੈ ਛੋਭਨ ਕਬਹਿ ਉਠਾਈ ॥635॥

1. ਅ ਪੋਥੀ ਦੁਖ ਦਾਇ 2. ਅ ਪੋਥੀ ਸਤਈ 3. ਅ ਪੋਥੀ ਬਹੁਲਾਇ 4. ਅ ਪੋਥੀ ਛਠੇ

ਭਲਾ ਕਿ ਬੁਰਾ ਬਖਾਨੇ ਕੋਇ ॥ ਸਹਿਨਸੀਲ ਸ਼ਨ ਸਬਤੇ ਹੋਇ ॥
ਸਪਤਮ ਦੁਖੀ ਨੇ ਦੇਖੈ ਕਾਹੀ ॥ ਦਯਾ ਕਰੈ ਸਬ ਸੋ ਨਿਰਬਾਹੀ ॥636॥
ਅਸਟਮ ਕੋਮਲ ਰਿਰਦਾ ਰਾਖੈ ॥ ਸਤ ਉਪਦੇਸਿ ਸਬਨ ਸੋ ਭਾਖੈ ॥
ਨੌਮੈ ਕਰ ਮਿਰਜਾਦ ਅਹਾਰਾ ॥ ਭਲਾ ਬੁਰਾ ਲਖੁ ਕਰੈ ਬਿਚਾਰਾ ॥637॥
ਖਾਵਨ ਕੋ ਅਹਾਰੁ ਹੈ ਜੇਤੋ ॥ ਚੌਥੇ ਭਾਗ ਖਾਇ ਕਮ ਤੇਤੇ ॥
ਦਸਵੇ ਸਰੀਰ ਸੌਚਿ ਰਖੀਜੈ ॥ ਜਲੁ ਮ੍ਰਿਤਕਾ ਇਸਨਾਨੁ ਕਰੀਜੈ ॥638॥
ਰਾਗ ਦ੍ਵੈਖ ਕੀ ਮਲ ਉਰ ਮਾਂਹੀ ॥ ਤਜ ਕਰ ਸੋਚ ਕਹਤ ਹੈ ਤਾਹੀ ॥
ਯਥਾ ਲਾਭ ਸੰਤੋਖ ਰਖੀਜੈ ॥ ਸੰਤਨ ਸੇਵਨ ਮੋ ਚਿਤੁ ਦੀਜੈ ॥639॥

॥ ਦੋਹਰਾ ॥

ਵਾਹਗੁਰੂ ਸਤੁਨਾਮੁ ਕੋ ਲੇਤ ਨ ਕੀਜੈ ਦੇਰ ॥
ਗਯਾਨ ਵਿਗਯਾਨ ਵਿਚਾਰੁ ਦ੍ਰਿੜ ਕਾਮਾਦਿਕ ਕਰ ਜੇਰ ॥640॥

॥ ਚੌਪਈ ॥

ਦ੍ਰਬ ਕਿਧੌ ਵਿਦਯਾ ਕੋ ਦਾਨ ॥ ਦੇਹ ਸਾਤਕੀ ਹ੍ਵੈ ਨਿਰਮਾਨ ॥
ਤਿਹ ਕੋ ਫਲੁ ਹੈ ਅਮਿਤ[7] ਬਿਸਾਲਾ ॥ ਬੇਦ ਸੰਤ ਭਾਖੰਤ ਇਸ ਢਾਲਾ ॥641॥
ਗੁਰ ਮੂਰਤਿ ਕੀ ਪੂਜਾ ਕਰਨੀ ॥ ਹਿਦੇ ਭਾਵਨੀ ਹਰ ਮੈ ਧਰਨੀ ॥
ਸਫਲ ਪੂਜਾ ਹੋਵਤ ਤਾਂਕੀ ॥ ਮਨੁ ਬਚਿ ਬਪ ਗੁਰ ਪਦ ਰੱਤਿ ਜਾਂਕਿ ॥642॥
ਗੁਰੂ ਸਿਧਾਂਤ ਬਿਨਾ ਜੋ ਆਂਨ ॥ ਤਿਨ ਕੇ ਬਕਨ ਸੁਨੇ ਨਹਿ ਕਾਂਨ ॥
ਗੁਰ ਤੇ ਪੜ੍ਹੈ ਸੁਨੈ ਜਿਹ ਰੀਤੀ ॥ ਵਰਤੈ ਤਿਹ ਅਨੁਸਾਰ ਸਪ੍ਰੀਤੀ ॥643॥
ਬਿਨਾ ਦੰਭੁ ਗੁਰ ਸਬਦੁ ਕਮਾਵਨ ॥ ਕਰਹਿ ਸਦਾ ਹ੍ਵੈ ਤਨੁ ਮਨੁ ਪਾਵਨ ॥
ਮੇਧਾ ਬ੍ਰਿਤੀ ਸਾਤਕੀ ਰਾਖੈ ॥ ਨਿਵ ਚਲਣਾ ਮਧੁਰੀ ਮੁਖ ਭਾਖੈ ॥645॥
ਸਿਖ ਛੁਧਾਕਰ ਕੇ ਮੁਖ ਪਾਵਨ ॥ ਬ੍ਰਹਮ ਹੋਮ ਇਹੁ ਭਲਾ ਸੁਹਾਵਨ ॥
ਵਾਹਗੁਰੂ ਕੋ ਕਰਹਿ ਉਚਾਰਾ ॥ ਤਾ ਪਾਛੇ ਮੁਖ ਪਾਇ ਅਹਾਰਾ ॥646॥
ਬੰਦਨ ਦੇਵਤਾ ਪਾਵਕ ਕਹੀਏ ॥ ਸਰਬ ਸੁਰਨ ਕੀ ਜਿਹਵਾ ਲਹੀਏ ॥
ਬ੍ਰਹਮ ਪ੍ਰਸੰਨ ਸੰਗ ਸੁਰ ਸਾਰੇ ॥ ਤ੍ਰਿਪਤ ਹੋਤ ਹਰਿ ਨਾਮੁ ਉਚਾਰੇ ॥647॥

॥ ਦੋਹਰਾ ॥

ਵਾਹਿਗੁਰੂ ਕੀ ਨੇਤ ਪੈ ਹਰਖੈ ਮਨ ਸੁਖ ਪਾਇ ॥
ਹਰਖੁ ਸੋਗ ਕੋ ਤਯਾਗੁ ਕੈ ਗੁਬਿੰਦ ਮਾਹਿ ਸਮਾਇ ॥648॥

॥ ਚੌਪਈ ॥

ਉਦੈ ਸਿੰਘ [ਸੁਣ][3] ਗੁਰ ਉਪਦੇਸਿ ॥ ਭਾ[4] ਨਿਹਾਲ ਭ੍ਰਮ ਰਹਾ ਨ ਲੇਸਿ ॥
ਹਾਥ ਜੋਰੁ ਬਹੁ ਉਸਤਤਿ ਠਾਂਨੀ ॥ ਕਯੋ ਨਿਹਾਲ ਮੁਹ ਸੁਖਮਾ ਖਾਨੀ ॥649॥

*1. ਏ ਪੋਥੀ ਅਨੰਤ 2. ਏ ਪੋਥੀ ਪਠੇ 3. ਅ ਪੋਥੀ ਵਿਚੋਂ 3. ਅ ਪੋਥੀ ਭਯੋ

ਗਿਰਾ ਗਜਾਨਨ ਬਿਦ[1] ਤੇ ਆਦੀ ।। ਤਵ ਉਪਮਾ ਕੋ ਕਥੈ ਅਨਾਦੀ ।।
ਮੋ ਭੀ ਨੇਤ ਨੇਤ ਕਰੁ ਗਾਵੈ ।। ਮੈ ਕਹਿ ਨੇ ਮੈ ਕੋ ਅਧਕਾਵੈ ।650।।
ਐਸੇ ਕਹਿ ਕਰਿ ਚਰਨ ਗਹਾਨੇ ।। ਭਾ ਅਲਮਸਤ ਰਿਦੇ ਹਰਖਾਨੇ ।।
ਕਰ ਨਿਹਾਲ ਗੁਰ ਭਏ ਸਵਾਰਾ ।। ਕੁਲ ਗਿਰਾਇ ਮੈ ਜਾਂ ਪਗ ਧਾਰਾ ।।651।।

।। ਦੋਹਰਾ ।।

ਸ੍ਰੀ ਗੁਰ ਜੀ ਕਰੁਣਾ ਇਤਨ ਸਿਖਨ ਕਰਨ ਉਧਾਰ ।।
ਬੇਦਿ ਬੰਸ ਕੇ ਮੁਕਟਿ ਮਣਿ ਸਾਹਿਬ ਸਿੰਘ ਸੁਖ ਸਾਰ ।।652।।

(ਬਦਲੈੜੀ ਜਾਣਾ)

।। ਚੌਪਈ ।।

ਕੁਲ ਗਿਰਾਉ ਮੈ ਰਹਿ ਸੁਖਦਾਈ ।। ਜਿਨ ਸਿਖਨ ਕੀ ਪੈਜਿ ਰਖਾਈ ।।
ਚੜਿ ਤੁਰੰਗ ਬਦਲੈੜੀ ਗਏ ।। ਨਿਜ ਜਗੀਰ ਪਖ[3] ਇਸ ਥਿਤ ਭਏ ।।653।।
ਏਕ ਦਿਨਾ[4] ਚੜ ਚਲੇ ਸਿਕਾਰਾ ।। ਸਿਖ ਸੇਵਕੁ ਹੈ ਜਿਨ ਕੇ ਲਾਰਾ ।।
ਸੂਰ ਰੋਝ ਪੰਛੀ ਬਹੁ ਮਾਰੇ ।। ਅਰੰਨ ਮਾਂਝ ਬਹੁ ਖਿਲਤ ਸਿਕਾਰੇ ।।654।।
ਬਨੁ ਬਿਚਰਤ ਪਯਾਸਾ ਬਹੁ ਭਈ ।। ਸਭਨਾ ਧੀਰਜ ਟੂਟ ਸੁ ਗਈ ।।
ਹਾਥ ਜੋਰੁ ਤਿਨ ਅਰਜੀ ਕੀਨੀ ।। ਆਬ ਬਿਨਾ ਹਮ ਹੋਵਤ ਹੀਨੀ ।।655।।
ਸਿਖਨ ਗਿਰਾ ਸੁਨ ਗੁਰ ਸੁਖਦਾਈ ।। ਨਗ ਸਿਖਹਿ ਪੈ ਜਾਇ ਥਿਰਾਇ ।।
ਕਮਲ ਬਦਲ ਸੁਭ[5] ਬੈਨ ਬਖਾਨੇ ।। ਨਦੀ ਕੋਸ ਸਪਤ ਪਰ ਜਾਨੇ ।।656।।

।। ਦੋਹਰਾ ।।

ਹੋਇ ਨਿਮ੍ਰ ਸਿਖ ਕਹਤੁ ਭੇ[6] ਕੀਜੇ ਅਕਨ ਦਿਆਲ ।।
ਨਦੀ ਕੂਪ ਸਰ ਹਾਥ ਮੈ ਦੀਜੈ ਨੀਰ ਪਿਆਲ ।।657।।

।। ਚੌਪਈ ।।

ਐਸ ਗਿਰਾ ਜਬ ਸਿਖਨ ਪ੍ਰਾਹੀ ।। ਕਮਲਾਨਨ ਤਬ ਸਿਲਾ ਉਠਾਈ ।।
ਸੀਤ ਨੀਰ ਸੁਭ ਮਿਸਟ ਨਿਕਾਸ ।। ਦਾਸਨ ਚਿਤ ਮੋ ਭਯੋ ਹੁਲਾਸ ।।658।।
ਨਾਨ ਪਾਨ ਤਹ ਸਭ ਨੇ ਕੀਨਾ ।। ਅਸ੍ਵ ਆਦਿ ਸਭ ਭੇ ਤ੍ਰਿਪਤੀਨਾ ।।
ਸ੍ਰੀ ਗੁਰ ਜੀ ਤਬ ਸਿਲਾ ਦਿਵਾਈ ।। ਨੀਰੰ ਲੋਪ ਭਯੋ ਤਹ ਥਾਈ ।।659।।
ਕਰ ਅਸ ਕਉਤਕ ਹੈ ਚਢ ਚਾਲੇ[7] ।। ਬਦਲੈੜੀ ਆਏ ਤਤਕਾਲੇ ।।
ਏਕਤ੍ਰਿ ਜਾਮ ਬਸੇ ਤਹ ਮਾਹੀ ।। ਭੋਰ ਚਢੇ ਤਿਹ ਬਿਲਮੇ ਨਾਹੀ ।।660।।

(ਬਾਬਾ ਸਾਹਿਬ ਸਿੰਘ ਦਾ ਆਨੰਦਪੁਰ ਵਾਸ)

ਆਨੰਦਪੁਰ ਮੋ ਜਾਇ ਥਿਰੈ ਹੈਂ ।। ਜਿਨ ਡਰਸੇ ਅਘ ਓਘ ਟਰੇ ਹੈਂ ।।
ਚਲ ਚਲ ਸਿਖ ਗੁਰ ਦਰਸਨ ਆਏ ।। ਮਨ ਬਾਂਛਤ ਵਰ[8] ਪ੍ਰਭ ਤੇ ਪਾਏ ।।661।।

---

1. ਅ ਪੋਥੀ ਖਿਧ 2. ਅ ਪੋਥੀ ਭਯੋ 3. ਅ ਪੋਥੀ ਲਖ 4. ਅ ਪੋਥੀ ਦਿਵਸ 5. ਅ ਪਥੀ ਸੁਨ 6. ਮੂਲ ਪੋਥੀ ਜਾਲੇ 8. ਅ ਪੋਥੀ ਸੋ

(ਸੂਰ ਦਾ ਸ਼ਿਕਾਰ)

॥ ਦੋਹਰਾ ॥

ਸੁਖਾ ਸਿੰਘ ਚਲ[1] ਏਕ ਦਿਨੁ ਆਵਾ ਗੁਰੂ ਹਜੂਰ ॥
ਪਾਨ ਜੋਰ ਬਹੁ ਨੰਮ੍ਰ ਹੁਇ ਸੁਨੀਏ ਸ੍ਰੀ ਗੁਰ ਪੂਰ ॥662॥

॥ ਚੌਪਈ ॥

ਏਕ ਸ੍ਵਾਨ ਆਤਾ ਤੁਮ ਪਾਹੀ ॥ ਪਕੜੇ ਸੂਕਰ ਏਕੋ ਧਾਈ ॥
ਹੁਕਮੁ ਹੋਇ ਬਨ ਲੇ ਕਰ ਜਾਵੋ ॥ ਖੇਲ ਅਖੇੜ[2] ਬਹੁੜਿ ਚਲ ਆਵੋ ॥663॥
ਸੁਨ ਕਰ ਸ੍ਰੀ ਗੁਰ ਗਿਰਾਂ ਬਖਾਨੀ ॥ ਸ੍ਵਾਂਨ ਤੁਮਾਰਾ ਕਹੋ ਨ ਮਾਨੀ ॥
ਬਿਹਾਰਾ ਸਿੰਘ ਸਾਥ ਲੈ ਜਈਏ ॥ ਪਹਲੇ ਹਨੇ ਸੁ ਹਮੈ ਪਠੀਏ[4] ॥664॥
ਦੂਜਾ ਹਤੇ ਸੁ ਤੁਮਰਾ ਹੋਵਾ ॥ ਸੰਤ ਬਚਨੁ ਕਹਿ ਸਿਖ ਸਗ ਜੋਵਾ ॥
ਬਿਹਾਰਾ ਸਿੰਘ ਨੇ ਕੂਕਰ ਆਨਾ ॥ ਗੁਰ ਕੇ ਆਗੇ ਮਾਥ ਟਿਕਾਨਾ ॥665॥

॥ ਦੋਹਰਾ ॥

ਸਾਹਾ ਸਗ ਤਿਸ ਨਾਮ ਹੈ ਤ੍ਰਿਸੁ ਪ੍ਰਤਿ ਗੁਰੂ ਅਲਾਇ ॥
ਜੁਗ ਹੇਰਾ ਕੋ ਮਾਰੀਐ ਐਸੇ ਦੀਓ ਬਤਾਇ ॥666॥

॥ ਹਾਕਲ ਛੰਦੁ ॥

ਤਵ ਲੇ ਕਰ ਸ੍ਵਾਨੰ ਚਾਲੇ ॥ ਧਰ ਲੀਨੇ ਸਸਤ੍ਰੰ ਨਾਲੇ ॥
ਵਿਚ ਕਾਨੰਨ ਜਾ ਪਰਵੇਸੇ ॥ ਜਿਨ ਚਿਤ ਮੋ ਹਰਖ ਬਿਸੇਖੇ ॥667॥
ਇਕ ਪਾੜਾ ਦ੍ਰਿਸਟੀ ਆਵਾ ॥ ਤਵ ਸ੍ਵਾਨ ਦੀਓ ਛਡਾਵਾ ॥
ਤਿਸ ਹਵਾਨਹਿ ਬਿਲਮਾਵਾ ॥ ਦਿਖ ਸੁਖਾ ਸਿੰਘ ਹਰਖਾਵਾ ॥668॥
ਸੋ ਗੁਰ ਪਹਿ ਦੀਨ ਪਹੁਚਾਈ ॥ ਨਰ ਦੇਰੰ ਕਛੂ ਲਗਾਈ ॥
ਔਰ ਦੂਸਰ ਦ੍ਰਿਸਟੀ ਆਵਾ ॥ ਸੋ ਲੀਨੋ ਤਤੁਖਿਨੁ ਘਾਵਾ ॥669॥
ਸੋ ਅਪਨੇ ਸਦਨ ਪਹੁਚਾਈ ॥ ਲੇ ਸਗ ਕੋ ਚਲ ਅਗਾਹੀ ॥
ਇਕੁ ਸੂਕਰ ਦ੍ਰਿਸਟੀ ਆਯੋ ॥ ਤਵ ਸਰਮਾ ਦੀਓ ਛੱਡਾਯੋ ॥670॥
ਤਿਸ ਆਗੇ ਪ੍ਰਾਵਨ ਘਾਲਾ ॥ ਗੁਰ ਬੈਨੰ[6] ਕੈਸੇ ਟਾਲਾ ॥
ਦਿਖ ਸੁਖਾ ਸਿੰਘ ਹਰਖਾਨਾ[7] ॥ ਇਨ ਕੂਕਰ ਅਚਰਜ ਠਾਂਨਾ ॥671॥

॥ ਦੋਹਰਾ ॥

[8]ਸਿੰਘ ਬਿਹਾਰਾ[8] ਕਹਤ ਭਾ ਸੁਨੋ ਸਿੰਘ[9] ਮਨੁ ਲਾਇ ॥
ਜੋ ਗੁਰ ਬਚਨ ਸੁ ਇਨੁ ਕਰਾ ਔਰ ਨ ਕਰੇ ਕਦਾਇ ॥672॥
ਗੁਰ ਕੀ ਆਗਿਆ ਮਾਨਤੇ ਜੜ੍ਹ ਚੇਤਨ ਸੁਰ ਆਦਿ ॥
ਏਤੋ ਗੁਰ ਕੋ ਸੀਤ ਭੂੰਚ ਕਹਾ ਕਹਯ ਖ੍ਵੈ ਬਾਦਿ ॥673॥

*1. ੲ ਪੋਥੀ ਸੋ 2. ਅ ਪੋਥੀ ਬਹੁਰ 3. ਅ ਪੋਥੀ ਕਦੋ 4. ਅ ਪੋਥੀ ਪਠਵੀਏ 5. ਅ ਪੋਥੀ ਜਗ 6. ਅ ਪੋਥੀ ਕੈਥੇਨੰ 7. ਅ ਪੋਥੀ ਹਰਾਨਾ 8. ਅ ਪੋਥੀ ਪਾਠਾਂਤਰ : ਬਿਹਾਰਾ ਸਿੰਘ ਤਬ 9. ਅ ਪੋਥੀ ਸਿਖ

॥ ਚੌਪਈ ॥

ਖੇਲ ਸਿਕਾਰ ਗੁਰੂ ਪਹਿ ਆਏ ॥ ਸਰਮਾ ਕ੍ਰੰਮ ਤਿਨ ਸਕਲ ਸੁਨਾਏ ॥
ਹੁਕਮੁ ਆਪ ਕਾ ਪੂਰਾ ਮਾਨਾ ॥ ਘਾਟ ਵਾਧ ਨਹਿ ਕਛੁ ਕਰਾਨਾ ॥674॥
ਸੁਖਾ ਸਿੰਘ ਨੇ ਉਸਤਤਿ ਠਾਂਨੀ ॥ ਸ੍ਰੀ ਬੇਦੀਸ ਸਰਬ ਸੁਖਦਾਨੀ ॥
ਸੁਖਾ ਸਿੰਘ ਨਿਜ ਗ੍ਰਿਹਿ ਕੋ ਗਯੋ ॥ ਮਨ ਮੋ ਅਚਰਜ ਜਾਨਤ ਭਯੋ ॥675॥
ਫਾਗ ਮਾਸ ਹੋਲਾ ਸੁਭ ਆਵਾ ॥ ਦਰਸਨ ਗੁਰ ਕੋ ਸਿਖਨ ਭਾਵਾ ॥
ਗੁਰ ਕੇ ਮੇਲੀ ਬਹੁ ਚਲ ਆਏ ॥ ਭੇਟਾ ਅਰਪੈ ਅਤ ਹਰਖਾਏ ॥676॥

**(ਸਦਾ ਸੁਹਾਗਣ ਰੂਪ ਧਾਰਨ ਵਾਲੇ ਸਾਧ ਦਾ ਨਿਸਤਾਰਾ)**

॥ ਦੋਹਰਾ ॥

ਭੀਰ ਭੂਰ ਤਬ ਬਹੁ ਹੁਤੀ ਆਯੋ ਸਾਧ ਹਜੂਰ ॥
ਸਦਾ ਸੁਹਾਗਨਿ ਰੂਪ ਧਰਿ ਸਰਬ ਗੁਣਨ ਭਰਪੂਰਿ ॥677॥

॥ ਚੌਪਈ ॥

ਸੀਸ ਗੁੰਦਾਵਾ ਮਹਿਦੀ ਲਾਈ ॥ ਕਰ ਮੋ ਚੂੜਾਂ ਮਾਂਗ ਬਣਾਈ ॥
ਅੰਗਨ[1] ਭੂਖਨ ਧਰੇ ਬਨਾਇ ॥ ਸਤਿਗੁਰ ਦਰਸਨ ਕਾ ਮਨ ਚਾਇ ॥678॥
ਪਾਦ ਪਦਮ ਪਰ ਬੰਦਨ ਧਾਰੀ ॥ ਧੂਰੀ ਲੇ ਕਰ ਮਾਥੇ ਸਾਰੀ[2] ॥
ਸੰਤਨੁ ਤੁਮ ਪ੍ਰਤਿ ਬੰਦਨ ਗਾਈ ॥ ਦੂਜੇ ਗੁਰੂ ਜੀ ਆਪੁ ਸਹਾਈ ॥679॥
ਪ੍ਰਭ ਦਰਸਨ ਕੋ ਮਨ ਮੈਂ ਚਾਹੇ ॥ ਹੋਇ ਨਿਦੇਸ ਤਾ ਦਰਸਨ ਆਹੇ ॥
ਸ੍ਰੀ ਗੁਰ ਬੋਲੇ ਹਮ ਹੀ ਜਾਵੈ ॥ ਓਇ ਨ ਆਵੈਂ ਠਹਿਰ ਰਹਾਵੈਂ ॥680॥

॥ ਦੋਹਰਾ ॥

ਇਕ ਚੰਗਾ ਹਰਿ ਮਿਹਰ ਤੇ ਲੀਨਾ ਗੁਰੂ ਮੰਗਾਇ ॥
ਪ੍ਰਸਾਦਿ ਛਕਾਵਾ ਸਾਧ ਕੋ ਚੋਗਾ ਦੀਨ ਉਢਾਇ ॥681॥

॥ ਚੌਪਈ ॥

ਤਬੈ[3] ਕਿਸੀ ਨਰ[3] ਈਟ ਚਲਾਈ ॥ ਗੁਰੂ ਨ ਲਾਗੀ ਸਿਖ ਕੋ ਘਾਈ ॥
ਸਿਖ ਬੋਲੇ ਰਿਸ ਗਾਰ ਸੁਨਾਈ ॥ ਗੁਰ ਚੁਪ ਰਹੇ ਸਾਧ ਰਿਸ ਖਾਈ ॥682॥
ਗੁਰੂ ਸਹਾਰਾ ਸਾਧੂ ਦੀਨਾ ॥ ਮਨ ਮੋ ਜਾਗਾ ਕੋਪੁ ਨਵੀਨਾ ॥
ਇਨ ਲੋਗਨ ਕੌ ਦਯੋ ਜਲਾਈ ॥ ਸਤਿਗੁਰ ਕੋ ਜਿਨ ਈਟ ਚਲਾਈ ॥683॥
ਐਸੇ ਕਹਿ ਕਰਿ ਦ੍ਰਿਸਟੀ ਫੇਰੀ ॥ ਲਾਗੀ ਅਗਨਿ ਭਈ ਨ ਦੇਰੀ ॥
ਨਿਖਦਯਾ ਘਰੁ ਜਰਤੇ ਦੁਖ ਅੰਈ ॥ ਪਾਵੈ ਪਾਨੀ ਹੋਇ ਸਵਾਈ ॥684॥

॥ ਦੋਹਰਾ ॥

ਲੋਗ ਲੁਗਾਈ ਦੁਖਤ ਹੁਇ ਧਾਂਏ ਗੁਰ ਕੀ ਓਰਿ ॥
ਤ੍ਰਾਹਿ ਤ੍ਰਾਹਿ ਪੋਕਾਰਿਤੇ ਹਮ ਤਾ ਕੀ ਧਰ ਤੋਰ ॥685॥[4]

---

1. ਅ ਪੋਥੀ ਔਰਸ 2. ਅ ਪੋਥੀ ਧਾਰੀ 3. ਅ ਪੋਥੀ ਪਾਠਾਂਤਰ : ਤਬ ਨਰ ਕਿਸੀ ਨੇ 4. ਅ ਪੋਥੀ ਵਿਚ ਇਕ ਵਾਧੂ ਦੁਹਰਾ ਹੈ :- ਸ੍ਰੀ ਕਮਲਾਨਨ ਅਸ ਭਨਾ ਸਾਧ ਕੋ ਅਬ ਸਾਂਤਾ ॥ ਅਗਨੀ ਤ੍ਰਾਸ ਨਿਵਾਰੀਏ ਦੁਖ ਪਾਵਾ ਜੀ-ਪੀਤਾ ॥686॥

॥ ਚੌਪਈ ॥

ਸੁਨ ਕਰੁ ਸਾਧੂ ਕੋਪ ਨਿਵਾਰਾ ॥ ਬੜਵਾ ਸਾਂਤ ਭਈ ਤਿਹ ਬਾਰਾ ॥
ਸਾਧ ਕਹਯੋ ਹਮ ਸਦੰਨ ਸਿਧਾਵਹਿ ॥ ਕਹਿਯੋ ਹਜੂਰ ਭੋਰ ਹਮ ਆਵਹਿ ॥686॥
ਐਸੇ ਕਹਿ ਕਰ ਲੋਪ ਹੋਵਾ ॥ ਦ੍ਰਿਸਟਿ ਨ ਆਵੈ ਅਚਰਜ ਜੋਵਾ ॥
ਸਿਖਨ ਅਰਜ ਕਰੀ ਪ੍ਰਭੁ ਪਾਸ ॥ ਸਾਧੂ ਕੀਨਾ ਅਧਿਕ[1] ਬਿਲਾਸ ॥687॥
ਸ੍ਰੀ ਕਮਲਾਨਨ ਬੈਨ ਸੁਨਾਵਾ ॥ ਚੀਨ ਮਚੀਨੋ ਸਾਧੂ ਪਾਵਾ[2] ॥
[3]ਆਪ ਦਰਸ ਕਰ ਖਬਰ ਜਨਾਈ ॥ ਸਾਧੂ ਤੀਨ ਅਵਰ ਹੈ ਆਈ[3] ॥688॥

॥ ਦੋਹਰਾ ॥

ਅਗਲੇ ਦਿਨੁ ਸ੍ਰੀ ਸਤਿਗੁਰੂ ਘਟੀ ਚਾਰ ਲਯੋ ਸੋਇ ॥
ਸਿਖ ਬਿਚਾਰੈ ਮਨ ਬਿਖੇ ਕੀ ਕੌਤਕੁ ਅਜ ਹੋਇ ॥689॥

॥ ਚੌਪਈ ॥

ਸ੍ਰੀ ਗੁਰੂ ਜਾਗੇ ਨੈਨ ਖਿਰਾਨੇ ॥ ਚੰਦ ਬਦਨ ਤੇ ਬੈਨ ਬਖਾਨੇ ॥
ਭਲਾ ਭਲਾ ਅਬ ਬਹੁ ਭੁਲ ਹੋਵਾ ॥ ਸਾਧ ਸਮਾਗਮ ਅਤਸੈ ਜੋਵਾ ॥690॥
ਪਾਨ ਜੋਰ ਸਿਖਨ ਬਿਨੁ ਗਾਈ ॥ ਹਮੇ ਸੁਨਾਵੇ ਗੁਰ ਸੁਖਦਾਈ ॥
ਸਾਧ ਸਮਾਗਮ ਕੈਸੇ ਹੋਵਾ ॥ ਚਿਰੰ ਲੌ ਸੋਏ ਅਚਰਜ ਹੋਵੇ[5] ॥691॥
ਸਿਖਨ ਬਿਨੁ ਸੁਨ ਸੁਖ ਮਾਕੰਦੂ ॥ ਕਹਤ ਭਏ ਮੁਖ ਦੁਤੀਆ ਚੰਦੂ ॥
ਸਤ ਚਿਤੁ ਆਨੰਦ ਇਹ ਸੁ ਸਾਧ ॥ ਜਿਨ ਦਰਸੇ ਮਿਟ ਜਾਂਹਿ ਬਿਆਧ॥692॥
ਜਿਨ ਜਿਨ ਇਨ[6] ਕੋ ਦਰਸਨ ਪਾਵਾ ॥ ਜਨਮ ਮਰਨ ਤਿੰਨ ਰੋਗੁ ਮਿਟਾਵਾ ॥
ਇਨ[7] ਦਰਸੈ ਬਿਨੁ ਮੋਖੁ ਨ ਹੋਈ ॥ ਜਪੁ ਤਪੁ ਕਰਮ ਕਰੇ ਜੇ ਕੋਈ ॥693॥

॥ ਦੋਹਰਾ ॥

ਗੁਰ ਕੀ ਬਾਨੀ ਅਕਨ ਕਰੂ ਸਿਖਨੁ ਸਰਧਾ ਧਾਰੁ ॥
ਲਗੇ ਸਰੂਪ ਧਯਾਨ ਮਧੂ[8] ਵਾਹਿਗੁਰੂ ਮੁਖ[9] ਸਾਰੁ ॥694॥

**(ਬਾਬਾ ਸਾਹਿਬ ਸਿੰਘ ਔੜ ਪੈਣ ਤੇ ਕਰਾਮਾਤ ਨਾਲ ਮੀਂਹ ਪਵਾਉਣਾ)**

॥ ਚੌਪਾਈ ॥

ਰੁਤਿ ਬਰਖਾ ਕੀ ਐਸੀ ਆਈ ॥ ਜਲ ਕੀ ਬੂੰਦ ਨ ਪਰੇ ਕਿਦਾਈ ॥
ਔੜ ਲਗੀ ਛਿਤੁ ਤ੍ਰਿਣੁ ਨਹਿ ਦੀਸੈ[10] ॥ ਗੋ ਆਦੀ ਸਭ ਹੋਏ ਖੀਸੇ ॥695॥
ਮਿਲ ਸਿਖਨੁ ਨੇ ਅਰਜੀ ਠਾਨੀ ॥ ਮੇਘਨ[11] ਪ੍ਰੇਰੇ ਸੁਖਮਾਂ ਖਾਨੀ ॥
ਤੁਮਰੀ ਸ੍ਰਿਸਟਿ ਤੂੰ ਸਭ ਕਾ ਕਰਤਾ ॥ ਮਾਰੋ ਰਾਖੋ ਸਬ ਦੁਖ ਹਰਤਾ ॥696॥
ਜਗਤੁ ਜੀਵ ਜਾਚਤ ਘਨੁ ਪ੍ਰਾਨੀ ॥ ਰਾਜ ਰੰਕ ਜੋ ਮਾਨ ਗੁਮਾਨੀ ॥
ਬਰਖਾ ਰੁਤ ਬਰਖਾ ਨਹਿ ਹੋਈ ॥ ਖੇਤੀ ਛਿਤੁ ਨਹਿ ਦੀਸਤ ਕੋਈ ॥697॥

---

1. ਅ ਪੋਥੀ ਅਚਰਜ 2. ਅ ਪੋਥੀ ਆਵਾਂ 3. ਅ ਪੋਥੀ ਪਾਠਾਂਤਰ : ਸੁਨ ਕਰ ਸਿਖ ਗਮਨੋ ਬਿਸੰਮੇ ਹੋਏ ॥ ਗੁਰ ਕਉਤਕ ਨਹਿ ਜਾਵਤ ਜੋਏ ॥ 4 ਅ ਪੋਥੀ ਜੋਰ 5. ਅ ਪੋਥੀ ਜੋਵਾ 6 ਮੂਲ ਪੋਥੀ ਇਕ 7. ਮੂਲ ਪੋਥੀ ਇਹ 8. ਅ ਪੋਥੀ ਕਰ 9. ਅ ਪੋਥੀ ਸਦ 10. ਅ ਪੋਥੀ ਜੋ 11. ੲ ਪੋਥੀ ਬਾਦਨ

॥ ਦੋਹਰਾ ॥

ਬਿਨੈ ਬਖਾਨੀ ਜਬ ਸਿਖਨ ਸ੍ਰੀ ਗੁਰ ਭਏ ਦਇਆਲੁ ॥
ਦ੍ਵਾਦਸ ਜਾਮ ਬਰਖਾ ਹੁਵੈ 'ਪਰ ਹੈ[1] ਮੇਘ ਅਪਾਰ ॥698॥
ਕੁਸਲ ਸਿੰਘ ਕੋ ਗੁਰੂ ਜੀ ਨਿਕਟਿ ਬਲਾਵਨ ਕੀਨ ॥
ਏਕ ਮੁੰਗਲੀ ਖੰਭ ਸੋਂ ਬਾਧੋਂ ਦੇਰੀ[2] ਹੀਨ[2] ॥699॥

॥ ਚੌਪਈ ॥

ਪਨਹੀ ਸਾਤ ਲਗਾਵੋਂ ਤਾਕੋ ॥ ਹੋਵੈ[3] ਬਰਖਾ ਗਨ ਨਹਿ ਸਾਕੋ ॥
ਕੁਸਲ[4] ਸਿੰਘ ਤਬ ਦੇਰ ਨ ਕੀਨੀ ॥ ਬਾਧ ਸੁ ਪਨਹੀ ਲਾਈ ਪੀਨੀ ॥700॥
ਬਦਰਾ ਭਰ ਭਰ ਆਵੈਂ ਬਾਰੀ ॥ ਬਰਖਾ ਹੋਇ ਵਾਰ ਨ ਪਾਰੀ ॥
ਕੰਧਾ ਕੋਠੇ ਗਿਰ ਗਿਰ ਜਾਈ ॥ ਜਿਨ ਗਿਰਗੇ ਸੋ ਰੋਵੈ ਧਾਈ ॥70 ॥
ਹਾਥੁ ਜੋਰੁ ਕਰੁ ਬਿਨੈ ਸੁਨਾਵੈ ॥ ਕਰੋ ਬਿਗਾਸ ਨਹ ਹਮ ਮਰ ਜਾਵੈ ॥
ਬਜ੍ਰ ਪਾਨ ਪ੍ਰਤਿ ਕਹਾ ਸੁਨਾਈ ॥ ਰੋਕੋ ਬਰਖਾ ਜਗ ਦੁਖ ਪਾਈ ॥702॥
ਐਸੀ ਗਿਰਜਾ[5] ਜਬ ਗੁਰੂ ਬਖਾਨੀ ॥ ਏਕ ਬੂੰਦ ਨਹਿ ਬਰਖਾ ਪਾਨੀ ॥
ਕਹਯੋ ਹਜੂਰ ਲਿਯਾਵੋ ਬਾਜੀ ॥ ਜਲ ਨਿਰਖੈ ਚਿਤ ਹੋਵੈ ਰਾਜੀ ॥703॥
ਹੈ ਤਿਯਾਰੁ ਬੁਧਿ ਸਿੰਘ ਲਿਯਾਇ ॥ ਚਢਿ ਬਿਪਨੀ ਮੋ ਗੁਰੂ ਸਿਧਾਏ ॥
ਏਕ ਪ੍ਰਮਾਨ ਨੇ ਗਿਰਾ ਸੁਨਾਈ ॥ ਗੁਰ ਕੇ ਬੈਠ ਸਦਾ ਸੁਖਦਾਈ ॥704॥

॥ ਦੋਹਰਾ ॥

ਬਰਖਾ ਬਾਰਾ[6] ਜਾਮ ਹੈ ਸ੍ਰੀ ਗੁਰ ਬੈਨ ਅਲਾਇ ॥
ਤੀਨ ਜਾਮ ਬਰਖਾ ਪਰੀ ਨੇਮ ਪਹਿਰ ਨਹਿ ਪਾਇ ॥705॥

॥ ਚੌਪਈ ॥

ਸੁਨ ਤਿਸੁ ਬਾਨੀ ਗੁਰੂ ਅਲਾਈ ॥ ਆਵੈ ਬਰਖਾ ਦੇਰੁ ਨ ਕਾਈ ॥
ਹੋਇ ਸੁਚੇਤ ਬਹੁਰਿ ਗ੍ਰਿਹਿ ਆਏ ॥ ਆਈ ਬਰਖਾ ਬਹੁ ਬਲ ਲਾਏ ॥706॥
ਦ੍ਵਾਦਸ ਜਾਮ ਭਈ ਤਬ ਬਰਖਾ ॥ ਲੋਗ ਲੁਗਾਈ ਸਭ ਮਨ ਹਰਖਾ ॥
ਫਿਰ ਬਿਨਤੀ ਮਿਲ ਸਿਖਨ ਕੀਨੀ ॥ ਜਹ ਤਹ ਬਰਖਾ ਹੋਏ ਪੀਨੀ ॥707॥
ਸ੍ਰੀ ਗੁਰ ਜੀ ਅਬ ਨਗਰ ਬਚਾਵੋ ॥ ਰੋਕੋ ਬਦਰਾ[7] ਫਿਰ ਬਰਖਾਵੋ ॥
ਕੁਸਲ ਸਿੰਘ ਪ੍ਰਤਿ ਗੁਰੂ ਅਲਾਵਾ ॥ ਵਾਹਿਗੁਰੂ ਮੁਖ ਲੇਵੋ ਗਾਵਾ ॥708॥

॥ ਦੋਹਰਾ ॥

ਚਰਨ ਸੁ ਦਾਸੀ ਸਪਤ ਹੀ ਮੁਗਰੀ ਕਰ ਪਟ ਹਾਰ ॥
ਤੈਸੇ ਹੀ ਤਿਸ ਨੇ ਕਰਾ ਮੇਘ ਭਏ ਬਿਨੁ ਬਾਰੁ ॥709॥
ਹਾਥ ਜੋਰੁ ਸਿਖ ਨੁਤ ਕਰੈਂ ਧੰਨੁ ਗੁਰੂ ਕਰਤਾਰੁ ॥
ਉਤਪਤ ਪਾਲਨ ਲਯ ਕਰੋ ਕਰਤ ਨ ਲਾਗੇ ਬਾਰ ॥710॥

---

1. ਅ ਪੋਥੀ ਪਰੈ 2. ਅ ਪੋਥੀ ਦੇਰੁ ਬਿਹੀਨਾ 3. ਅ ਪੋਥੀ ਹੈ 4. ਅ ਪੋਥੀ ਕੁਸਾਲ 5. ਅ ਪੋਥੀ ਗਿਰਾਜ 6. ਅ ਪੋਥੀ ਬਾਰ 7. ੲ ਪੋਥੀ 8. ਅ ਪੋਥੀ ਕੇਰੇ

ਬਾਤ ਨਭੰ[1] ਜਲ[2] ਹਾਥ ਮੈ ਅਹਾਨੀ ਛਿਤ ਲੇ ਸਾਥ ॥
ਅਨ ਵਰਤੀ ਤੁਮਰੇ ਸਦਾ ਤੁਮ ਪ੍ਰੇਰਕ ਸਭ ਨਾਥ ॥711॥

### (ਬਾਬਾ ਸਾਹਿਬ ਸਿੰਘ ਦੀ ਊਨੇ ਵਾਪਸੀ)

॥ ਚੌਪਈ ॥

ਏਕ ਦਿਨਾ ਗੁਰ ਕੇ ਮਨੁ ਆਈ ॥ ਊਨੇ ਚਾਲੈਂ ਦੇਰ ਬਿਹਾਈ ॥
ਹੈ ਚੜ ਊਨੇ ਜਾਇ ਬਿਰਾਨੈ ॥ ਜਿਨ ਦਰਸੇ ਸੁਖ ਹੋਇ ਮਹਾਨੇ[3] ॥712॥
ਗ੍ਰਾਮ ਸਿਣਸਿਣੀ ਮਾਹਿ ਰਹਾਈ ॥ ਇਕ ਰਵਿ ਦਾਸਿ ਗੁਰੂ ਸਿਖ ਆਈ ॥
ਬੇਲ ਕਦੂ ਕੀ ਲਾਈ ਸਦਨਾ ॥ ਪਹਿਲਾ ਫਲੁ ਗੁਰ ਕਾ ਕਹਿ ਬਦਨਾ ॥713॥
ਪੂਰਾ ਸੁ ਫਲ ਲਾਗੋ ਅਤਿ ਭਾਰੀ ॥ ਔਰ ਲਗੇ ਹੈਂ ਅਲਪ[4] ਅਪਾਰੀ ॥
ਸੋ ਦੇਵਨ ਕੀ ਮਤਿ ਫਿਰ ਗਈ ॥ ਛੋਟਾ ਲਯਾਵਾ ਗੁਰ ਅਰੁਪਈ ॥714॥
ਕਹਯੋ ਹਜੂਰ ਬਡਾ ਜੋ ਲਾਗਾ ॥ ਤਾਹਿ ਕਹਯੋ ਸੋ ਫਾਟਾ ਤਯਾਗਾ ॥
ਸੁਨ ਕਰ ਸ੍ਰੀ ਗੁਰੂ ਤੂਸਨ ਧਾਰੀ ॥ ਸੋ ਉਠਿ ਚਲਾ ਸਦਨ ਮਝਾਰੀ ॥715॥

॥ ਦੋਹਰਾ ॥

ਕਪਰਾ ਤਹਿ ਕੇ ਪਾਸ ਥਾ ਬੇਚਾ ਬਿਪਨੀ ਮਾਹਿ ॥
ਲੇ ਦਮੜਾਂ ਪਾਲੇ ਬੰਧਾ ਚਲਾ ਸਦਨ ਕੋ ਜਾਹਿ ॥716॥

॥ ਚੌਪਈ ॥

ਚਲਤ ਚਨਤ ਦਮਰਾ ਗਿਰ ਗਯੋ ॥ ਕੂਰ ਬਹੁ ਰੁਦਨ ਪੁਕਾਰਤ ਭਯੋ ॥
ਕਾਨਹੁ ਤੇ ਬੋਲਾ ਹੂੰ ਗਯਾ ॥ ਸੁਨੇ ਨਹੀ ਕਛੁ ਮੁਖ ਕਾ ਕਹਿਆ ॥717॥
ਸਨਬੰਧਨ ਮਨੁ ਇਹੁ ਬੀਚਾਰੀ ॥ ਇਨ ਤੇ ਭਈ ਅਵਗਯਾ ਭਾਰੀ ॥
ਜੋ ਫਲੁ ਲਾਗੋ ਗੁਰ ਕਾ ਸੋ ਨਹਿ ਦੀਨਾ ॥ ਤਾਤੇ[6] ਪਾਯੋ ਕਸਟੰ ਪੀਨਾ ॥718॥
ਸੋ ਫਲੁ ਲੀਨਾ ਤਿਸੈ ਲਿਆਏ ॥ ਆਗੈ ਰਾਖਾ ਸੀਸ ਨਿਵਾਏ ॥
ਹਮ ਭੂਲੇ ਤੁਮ ਬਖਸਣੁ ਜੋਗੁ ॥ ਦੁਖਤ ਭਯੋ ਇਸ 'ਮਿਟੇ ਰੋਗ'[7] ॥719॥

॥ ਦੋਹਰਾ ॥

ਕਮਲ ਨੈਨ [8]ਮੁਖ ਤੇ[8] ਕਹਤ ਭਏ ਇਹੁ ਭਾਇ ॥
ਸੁਖਨਾ ਹਮਰੀ ਅਬ ਅਈ ਇਸਕੋ ਰੋਗੁ ਬਿਲਾਇ ॥720॥

॥ ਚੌਪਈ ॥ ਹਾਲਕ ਛੰਦ ॥

ਅਸੁ ਗੁਰ ਜੀ ਬੈਠ ਅਲਾਵਾ ॥ ਤਬ ਰੋਗ ਰਹਿਨ ਨਹ ਪਾਵਾ ॥
ਸਭ ਮਨ ਮਹਿ ਭਏ ਪ੍ਰਸੰਨਾ ॥ ਸ੍ਰੀ ਗੁਰ ਕੋ ਕਹਿ ਧੰਨੁ ਧੰਨਾ ॥721॥
ਬਹੁ ਉਸਤਤਿ ਗੁਰ ਕੀ ਠਾਨੀ ॥ ਸਭ ਚਾਲੇ ਗ੍ਰਿਹ ਹਰਖਾਨੀ ॥
ਸੋ ਦਮੜਾ ਮਗ ਦ੍ਰਿਸਟਾਯੋ ॥ ਤਿਸ ਲੀਨੋ ਮਨ ਹਰਖਾਯੋ ॥722॥[9]

---

1. ਅ ਪੋਥੀ ਲਭੰ 2. ਅ ਪੋਥੀ ਜਨ 3 ਅ ਪੋਥੀ ਮਹਾਨੇ 4. ਅ ਪੋਥੀ ਅਲ 5. ਅ ਪੋਥੀ ਦਮੜਾ 6. ਅ ਪੋਥੀ ਥਾਂ ਤੇ 7. ਅ ਪੋਥੀ ਮੇਟੋ ਚੇਰੀ 8 ਅ ਪੋਥੀ ਕਮਲ ਤੇ 9. ਅ-ਪੋਥੀ ਵਿਚ ਇਸ ਮਗਰੋਂ ਇਹ ਪੰਗਤੀਆਂ ਵਾਧੂ ਹਨ : ਇਹ ਗਾਥਾ ਗੁਰ ਕੀ ਜਾਨੀ ॥ ਮਿਲ ਉਸਤਤਿ ਸਭ ਨੇ ਠਾਨੀ ॥

(ਬਾਬਾ ਸਾਹਿਬ ਸਿੰਘ ਨੇ ਕਰਾਮਾਤ ਨਾਲ ਅਟੁੱਟ ਲੰਗਰ ਕਰਾਇਆ)

ਹਰੀ ਸਿੰਘ ਸਰਦਾਰੁ ਜੋ ਭਲੜੀ ਗਾਉ ਕਿ ਬੀਚ ॥
ਸ੍ਰੀ ਗੁਰ ਆਵਨ ਤਿਨ ਸੁਨਾ ਬਹੁ ਹਰਖਾ ਚਿਤ ਬੀਚ ॥723॥

॥ ਹਾਕਲ ਛੰਦ ॥

ਤਬ ਮਿਲਨੇ ਗੁਰ ਕਉ ਆਵਾ ॥ ਧਰੁ ਭੇਟਾ[1] ਬਹੁ ਸੁਖੁ ਪਾਵਾ ॥
ਢਿਗ[2] ਲੀਨੋ ਗੁਰੂ ਬਠਾਈ ॥ ਮੁਖ ਬਾਨੀ ਮਧੁਰ ਅਲਾਈ ॥724॥
ਮੈ ਸੇਵਕੁ ਤੁਮਰੋ ਸ੍ਵਾਂਮੀ ॥ ਤੁਮ ਘਟਿ ਘਟਿ ਅੰਤਰੁਯਾਂਮੀ ॥
ਤਬ ਸੂਪਕਾਰ ਗੁਰ ਪ੍ਰੇਰਾ ॥ ਕਰੁ ਭੋਜਨੁ ਹੋਇ ਨ ਦੇਰਾ ॥725॥
ਲੇ ਦ੍ਵੈ ਮਣ ਚੂਨ ਪਕਾਵਾ ॥ ਵਲਟੋਹਾ[3] ਮਾਖ ਰਿਧਾਵਾ ॥
ਪੰਜ ਸੇਰ ਸੁ ਰਸਤੇ ਪਾਈ ॥ ਸੁਭ ਲੀਨ ਕੜਾਹੁ ਬਨਾਈ ॥726॥

॥ ਦੋਹਰਾ ॥

ਚੋਕੀ ਲੇ ਗੁਰਬਖਸ ਹਰਿ ਆਨੰਦ ਪੁਰ ਤੇ ਆਇ ॥
ਹਰੀ ਸਿੰਘ ਸਿਰਦਾਰ ਕੋ ਆਏ ਮਿਲਣ ਕਿ ਚਾਇ ॥727॥

॥ ਚੌਪਈ ॥

ਆਇ ਤਿਨੋ ਨੇ ਸੀਸ ਝੁਕਾਵਾ ॥ ਤਿਨ ਕੋ ਡੇਰਾ ਗੁਰੂ ਕਰਾਵਾ ॥
ਪੰਚ ਸਹਸ ਦਸ[4] ਮਾਨਸ ਭੀਰਾ ॥ ਸੂਪਕਾਰ ਚਿਤ ਰਹੀ ਨ ਧੀਰਾ ॥728॥
ਜੁਗ ਮਣ ਜੋ ਮੈ ਅੰਨ ਪਕਾਵਾ ॥ ਕੈਸੇ ਦੇਵੋ ਸਭਨ ਛਕਾਵਾ ॥
ਤਿਸ ਕੇ ਮਨ ਕੇ ਜਾਨ ਗੁਸਾਈ ॥ ਕਹਿ ਭੋਜਾ ਤੁਮ ਬਾਟੋ ਨਾਹੀ ॥729॥

॥ ਦੋਹਰਾ ॥

ਚੜਤ ਸਿੰਘ ਅਰੁ ਧੂਮ ਹਰਿ ਹੀਰਾ ਹਰਿ[5] ਖਾਇ ॥
ਪਾਹੁਲ ਹਿਤ ਤੀਨੋ ਖੜੇ ਮਨ ਮੈ ਪ੍ਰੀਤਿ ਬਢਾਇ ॥730॥

॥ ਚੌਪਈ ॥

ਸ੍ਰੀ ਹਜੂਰ ਲੰਗਰ ਮੋ ਗਏ ॥ ਕੜਾਹ ਪ੍ਰਸਾਦਿ ਪ੍ਰਤਿ ਦੇਖਤ ਭਏ ॥
ਚੰਗਲ ਪੂਰ ਕਿਨੋ ਕਢ ਲੀਨਾ ॥ ਸੂਪਕਾਰ ਮਨੁ ਅਚਰਜ ਲੀਨਾ[6] ॥731॥
ਥਰ ਥਰ ਕਾਂਪਾ ਕਹਿ ਕਰੁ ਜੋਰੀ ॥ ਮੈ ਥਿਰੁ ਰਹਾ ਨ ਆਯੋ ਮੋਰੀ[7] ॥
ਗੁਰੂ ਕਹਾ ਗੁਰੁ ਨਾਨਕ ਲੀਨਾ ॥ ਦਾਹਨ ਪੰਜਾ ਲਗਯੋ ਨਵੀਨਾ ॥732॥
ਆਦਿ ਹਰੀ ਹਰਿ ਦੇਖਨ ਆਏ ॥ ਲਾਗਾ ਪੰਜਾ ਸਬ ਹਰਖਾਏ ॥
ਬਾਟੀ ਮਾਝ ਸੁ ਬਾਹਰ ਲਯਾਨਾ ॥ ਅੰਮ੍ਰਿਤੁ ਸਿਖਨ ਦੀਨ ਛਕਾਨਾ ॥733॥

॥ ਦੋਹਰਾ ॥

ਅੰਮ੍ਰਿਤੁ ਤਿਸੈ ਛਕਾਇ ਕਰਿ ਸ੍ਰੀ ਗੁਰੂ ਲੰਗਰੁ ਆਇ ॥
ਆਪ ਸੁ ਬਾਂਟਨ ਗੁਰ ਲਗੇ ਸਤਿਨਾਮ[8] ਮੁਖ ਗਾਇ ॥734॥

---

*1. ਅ ਪੋਥੀ ਤਬ ਬਹੁ 2. ਅ ਪੋਥੀ ਤਬ ਢਿਗ 3. ਅ ਪੋਥੀ ਤਬ ਮਾਬ 4. ਮੂਲ ਪੋਥੀ ਦਮ 5. ਅ ਪੋਥੀ ਹਰਖਾਈ 6. ਅ ਪੋਥੀ ਚੀਨਾ 7. ਅ ਪੋਥੀ ਔਰੀ 8. ਅ ਪੋਥੀ ਵਾਹਿਗੁਰੂ

॥ ਚੌਪਈ ॥

ਜੁਗਲ ਪ੍ਰਸਾਦੇ ਬੀਚ ਕੜਹਿ ॥ ਉੱਪਰ ਦਾਲਾ ਸ੍ਰੀ ਗੁਰ ਪਾਹਿ ॥
ਹਰੀ ਸਿੰਘ ਅਦਿਕੁ ਸਭ ਲੀਨੋ ॥ ਸਭ ਕੋ ਮਨ ਭਾ ਹਰਖ ਨਵੀਨਾ[2] ॥7 :5॥
ਛਕਾ ਪ੍ਰਸਾਦਿ ਸੁਭਨੁ ਨੁਤ[3] ਗਾਈ ॥ ਮਿਲ ਮਿਲ ਗੁਰ ਕੀ ਕਰੈ ਬਡਾਈ ॥
ਕਾਮ ਸੁ ਧੰਨ ਦੇਗ ਗੁਰੂ ਕੀ ॥ ਰਿਧ ਸਿਧ ਨਵ ਨਿਧ ਸੁਰੂ ਕੀ ॥736॥
ਡੇਢ ਹਜਾਰ ਅਸਨ ਲੈ ਖਾਵਾ ॥ ਟੋਟ ਨ ਆਈ ਬਹੁਤ ਬਧਾਵਾ ॥
ਲੈ ਲੈ ਖੁਸੀਆ ਸਕਲ ਸਿਧਾਰੇ ॥ ਸਤਿਗੁਰ ਯਸਿ ਗਾਵੈ ਬਹੁ ਬਾਰੇ ॥737॥

**(ਆਨੰਦਪੁਰ ਵਿਖੇ ਨਿਹੰਗ ਨੱਥਾ ਸਿੰਘ ਨੂੰ ਉਪਦੇਸ਼)**

ਸ੍ਰੀ ਸਤਿ ਗੁਰ ਜੀ ਕੂਚ ਕਰ ਪੁਰ ਅਨੰਦ ਸੌ ਜਾਇ ॥
ਸਦਨ ਬਿਰਾਜੇ ਸਤਿਗੁਰੂ ਜੋ ਸਿਖਨ ਸੁਖਦਾਇ ॥738॥

॥ ਚੌਪਈ ॥

ਰਹਤਨ ਕੋ ਦਰ ਨਗਰੰ ਸਾਹੀ ॥ ਨਥਾ ਸਿੰਘ ਨਿਹੰਗ ਜੁ ਆਹੀ ॥
ਸੋ ਚਲ ਗੁਰ ਕੇ ਦਰਸਨੁ ਆਵਾ ॥ ਮਹਿਖੀ ਏਕ ਭੇਟ ਸੋ ਲਿਆਵਾ ॥739॥
ਧਰ ਪ੍ਰਸਾਦਿ ਮਸਤਕ ਤਿਹ ਟੇਕਾ ॥ ਮੈ ਸੇਵਕ ਤਵ ਜਲਧ ਬਿਬੇਕਾ ॥
ਕਮਲ ਸੁ ਬਦਨ ਖੁਸੀ ਬਹੁ ਕੀਨੀ ॥ ਸਿੰਘ ਨਿਹੰਗੁ ਹਰਖੁ[4] ਨਵੀਨੀ ॥740॥
ਪਾਨ ਜੋਰੁ ਕਰੁ ਅਰਜ ਬਖਾਨੀ ॥ ਜਨਮ ਮਰਨ ਕਾਟੋ ਸੁਖਦਾਨੀ ॥
ਭਵ ਤੇ ਮੋਕੋ ਪਾਰ ਕਰੀਜੈ ॥ ਪਾਦ ਪਦਮ ਮਹਿ ਥਿਰਤਾ ਕੀਜੈ[5] ॥741॥
ਸ੍ਰੀ ਹਜੂਰ ਜੀ ਗਿਰਾ ਬਖਾਨੀ ॥ ਸਬਦੁ ਅਭਿਯਾਸੁ ਕਰੋ ਹਰਖਾਨੀ ॥
ਸ੍ਰੀ ਨਾਨਕ ਜੋ ਬਾਨੀ ਗਾਈ ॥ ਸ੍ਰੀ[6] ਹਜੂਰ ਜੀ ਹੋਤ ਸਹਾਈ[6] ॥742॥

॥ ਤਥਾ ਸਬਦੁ ਸ੍ਰੀ ਗੁਰੁ ਗ੍ਰੰਥੇ ॥

ਦੁਰਲਭ[7] ਦੇਹੁ ਸਵਾਰਿ ॥ ਜਾਹਿ ਨ ਦਰਗਹ ਹਾਰਿ ॥੧
ਹਲਤੁ ਪਲਤੁ ਤੁਧੁ ਹੋਇ ਵਡਿਆਈ ॥ [8]ਅੰਤ ਕੀ ਬੇਲਾ ਲਏ ਛਡਾਈ ॥[8]
ਹਲਤੁ ਪਲਤੁ ਹੋਹਿ ਦੋਵੈ ਸੁਹਲੇ ਅਚਰਜ ਪੁਰਖੁ ਧਿਆਉ ॥ਰਹਾਉ॥
ਊਠਤ ਬੈਠਤ ਹਰਿ ਜਾਪੁ ॥ ਬਿਨਸੈ ਸਗਲ[9] ਸੰਤਾਪੁ ॥
ਬੈਰੀ ਸਭ ਹੋਵੈ ਮੀਤ ॥ ਨਿਰਮਲੁ ਤੇਰਾ ਹੋਵੈ ਚੀਤੁ ॥੨॥
ਸਭ ਤੇ ਊਤਮ ਇਹੁ ਕਰਮੁ ॥ ਸਗਲ ਮਰਮ ਮਹਿ ਸ੍ਰੇਸਟ ਧਰਮ ॥
ਹਰਿ ਸਿਮਰਨ ਤੇਰਾ ਹੋਇ ਉਧਾਰੁ ॥ ਜਨਮ ਜਨਮ ਕਾ ਉਤਰੈ ਭਾਰੁ ॥੩॥
ਪੂਰਨ ਤੇਰੀ ਹੋਵੈ ਆਸ ॥ ਜਮ ਕੀ ਕਟੀਐ ਤੇਰੀ ਫਾਸ ॥
ਗੁਰ ਕਾ ਉਪਦੇਸਿ ਸੁਨੀਜੈ ॥ ਨਾਨਕ ਸੁਖ ਸਹਜ ਸਮੀਜੈ ॥੪॥1॥

---

1. ਅ ਪੋਥੀ ਜੁਗਮ 2 ਮੂਲ ਪੋਥੀ ਨੰਕੀਨਾ 3. ਅ ਪੋਥੀ ਤਬ 4. ਅ ਪੋਥੀ ਹਿੰਹਰਖੁ 5. ਅ ਪੋਥੀ ਦੀਜੈ 6. ਅ ਪੋਥੀ ਪਾਠਾਂਤਰ : ਦਿਵ ਸੁ ਰਾਤਿ ਸਿਮਰੋ ਮਨੁ ਲਾਈ 7. ਅ ਪੋਥੀ ਦੁਲੁਭ 8. ਅ ਪੋਥੀ ਵਿਚੋਂ 9. ਅ ਪੋਥੀ ਸੋਗ

॥ ਦੋਹਰਾ ॥

ਨਬ੍ਹਾ ਸਿੰਘ ਗੁਰ ਬੈਨ ਸੁਨ ਹਰਖਾ ਰਿਦ ਕੇ ਮਾਹਿ ॥
ਹਟਿ ਨਿਮ੍ਰ ਬਹੁ ਬਿਨੇ ਭਨੁ ਪਰਾ ਗੁਰੂ ਪਗ[1] ਮਾਂਹਿ ॥743॥

॥ ਚੌਪਈ ॥

ਸਬਦ ਸੁਨੇ ਗੁਰ ਕੇ ਹਿਤ ਲਾਈ ॥ ਜਾਮ ਅਸਟਮੇ ਭੋਜਨੁ ਖਾਈ ॥
ਵਾਹਿਗੁਰੂ ਬਿਨੁ ਆਨੁ ਨ ਬੋਲੇ ॥ ਭਯੋ ਗਯਾਂਨ[2] ਮਨੁ ਜਾਹਿ ਅਮੋਲੇ ॥744॥
ਲੇ ਕਰ ਖੁਸੀ ਸੁ ਜਾਵਤ ਭਯੋ ॥ ਵੰਡ ਖਾਨ[3] ਮੈ ਮਨ ਜਿਸ ਦਯੋ ॥
ਬਦਲੈੜੀ ਮੈ ਸ੍ਰੀ ਗੁਰ ਗਏ ॥ ਏਕ ਸਿਖ ਪ੍ਰਤਿ ਕਹਤ ਸੁ ਭਏ ॥745॥
ਅਬ ਸਿਕਾਰ ਲਿਆਵਨ ਕੀਜੈ ॥ ਸੰਝ ਭਈ ਅਬ ਨਾਹਿ ਬਿਰੀਜੈ ॥
ਹੁਕਮੰ ਮਾਨ ਭੁਯੰਗੀ ਚਾਲਾ ॥ ਸੂਰਜ ਅਸਤ ਭਯੋ ਤਤੁਕਾਲਾ ॥746॥
ਪਿੰਡੁ ਤਯਾਗ ਜਬ ਬਾਹਰੁ ਆਵਾ ॥ ਪਾੜਾ ਤਾਕੋ ਦ੍ਰਿਸਟ ਪਰਾਵਾ ॥
ਹਨੀ ਬੰਦੂਕ ਤਬੈ ਗਿਰ ਪਰਾ ॥ ਗੁਰ ਕਾ ਬਚਨ ਨ ਮਿਥਿਯਾ ਟਰਾ ॥747॥
ਲੰਗਰ ਮਾਂਹਿ ਬਨਾਵਨ ਕੀਨਾ ॥ ਛਕੁ ਕਰਿ ਗੁਰ ਸਿਖ ਕੌ ਵਰੁ ਦੀਨਾ ॥
ਵਾਹਿਗੁਰੂ ਸਿਮਰੋ ਮਨੁ ਲਾਈ ॥ ਜਨਮ ਮਨਰ ਤਵ ਜਾਇ ਪਰਾਈ ॥748॥

## (ਸੋਢੀ ਪ੍ਰੇਮ ਸਿੰਘ ਦਾ ਨਿਸਤਾਰਾ)

॥ ਦੋਹਰਾ ॥

ਪ੍ਰੇਮ ਸਿੰਘ ਸੋਢੀ ਹੁਤੋ ਪੁਰ ਅਨੰਦ ਕੇ ਮਾਂਹਿ ॥
ਤਿਸ ਕੀ ਦੇਹੁ ਰੋਗੁ ਬਹੁ ਪ੍ਰਾਨ ਨ ਨਿਕਸੈ ਤਾਹਿ ॥749॥

॥ ਚੌਪਈ ॥

ਔਖਦ ਯਤਨ ਬਹੁਤਾ ਕਰ ਹਾਰਾ ॥ ਪ੍ਰਾਨ ਨ ਨਿਕਸੈ ਹੁਇ ਦੁਖਾਰਾ॥
ਨਰ ਅਪਨਾ ਗੁਰ ਪਾਸ ਪਠਾਵਾ ॥ ਕਰ ਸਹਾਇ ਦੁਖ ਦੇਹ ਨਸਵਾ ॥750॥
ਸੁਨ ਕਰ ਗੁਰ ਬੁਧ ਸਿੰਘਹਿ ਪ੍ਰੇਰਾ ॥ ਇਹ ਪਲਾਸ ਕਾਟੋ ਬਿਨੁ ਦੇਰਾ ॥
ਲੇ ਸੁ ਕੁਠਾਰ ਪਲਾਸ ਗਿਰਾਵਾ ॥ ਸੋਢੀ ਪ੍ਰਾਨ ਗਏ ਨਿਕਸਾਵਾ ॥751॥
ਪਾਛਲ ਕਿਰਿਆ ਤਿਸ ਕੀ ਕੀਨੀ ॥ ਬੁਧ ਸਿੰਘ ਤਬ ਅਚਰਜ ਚੀਨੀ ॥
ਹਾਥ ਜੋਰੁ ਕਰ ਬਿਨੈ ਬਖਾਨੀ ॥ ਮੇਰੀ ਸੰਕਾ ਕੀਜੈ ਹਾਨੀ ॥752॥

॥ ਦੋਹਰਾ ॥

ਜਬ ਪਲਾਸ[4] ਧਰ[4] ਪਰ ਗਿਰ ਸੋਢੀ ਨਿਕਸੇ ਪ੍ਰਾਨ ॥
ਇਹ ਕੌਤਕ ਕੌ ਦੇਖ ਕੈ ਮੈ ਮਨ ਭਯੋ ਹਰਾਨ ॥753॥
ਸ੍ਰੀ ਕਮਲਨਨ ਬਚ ਭਨਾ ਭਾਵੀ ਐਸੀ ਦੀਨ ॥
ਤਰੂ ਗਿਰੇ ਤਿਸੁ ਮਰਨੁ ਥਾ ਕਰੁ ਸੰਸੈ ਰਿਦ ਖੀਨ ॥754॥

---

1. ਅ ਪੋਥੀ ਟਗ 2. ਅ ਪੋਥੀ ਵਿਹਯਾਨ 3. ਅ ਪੋਥੀ ਦਾਵਨੋ 4. ਅ ਪੋਥੀ ਪਾਠਾਂਤਰ : ਪਲਾਸ ਤਰੂ ਧਰ

(ਬਾਬਾ ਸਾਹਿਬ ਸਿੰਘ ਦਾ ਸ਼ਿਕਾਰ ਜਾਣਾ)

॥ ਹ੍ਰਾਲਕੁ ਛੰਦ ॥

ਨਿਜ ਚਾਲੇ ਗੁਰ ਸਿਕਾਰਾ ॥ ਬਨ ਫਿਰਤੇ ਹਰਖੰ ਧਾਰਾ ॥
ਇਕ ਸੂਕਰ[1] ਦ੍ਰਿਸਟੀ ਆਵਾ ॥ ਤਬ ਸਭ ਕੌ ਗੁਰੂ ਹਟਾਵਾ ॥755॥
ਨਿਜ ਚਾਹਤ ਹੈ ਤਿਸੁ ਮਾਰਾ ॥ ਸੋ ਸੂਕਰ ਬਡੋ ਅਪਾਰਾ ॥
ਭਾਗੌਤਾ ਗੁਰੂ ਚਲਾਵਾ ॥ ਤਿਸੁ ਸੀਸ ਜੁਦਾ ਗਿਰਾਵਾ ॥756॥
ਤਬ ਸਿਖਨ ਲੀਨ ਉਚਾਏ ॥ ਗੁਰ ਆਨੰਦਪੁਰ ਮੋ ਆਏ ॥
ਤਿਸ[2] ਤੁਚਾ ਸੁ ਦੂਰ ਹਟਾਈ ॥ ਪਲ ਬਾਟਾ ਬਹੁਤੀ ਥਾਈ ॥757॥

॥ ਦੋਹਰਾ ॥

ਦੰਮ ਦੰਮੇਥੀ ਆਦਿ ਲੇ ਭੇਜਾ ਸਬ ਦਰਬਾਰ ॥
ਜੋ ਬਾਚਾ ਸੋ ਰਾਂਧ ਕਰ ਬਾਂਟਾ ਸਿਖਨ ਮਝਾਰ ॥758॥

(ਸਿਖ ਦੇ ਮਨ ਦੀ ਬੁੱਝਣੀ)

ਸੁਜਾਨ ਸਿੰਘ ਇਕ ਸਿਖਥਾ ਤਿਸ ਮਨ ਧਾਰਨਿ ਕੀਨ ॥
ਮੁਹਿ ਬੁਲਾਇ ਜਬ ਦੇਹਿ ਮੇ ਜਾਨੋ ਗੁਰ ਪ੍ਰਬੀਨ ॥759॥

॥ ਚੌਪਈ ॥

ਜਬ ਪ੍ਰਸਾਦ ਗੁਰ ਅਚਬੇ ਲਾਗੇ ॥ ਆਉ ਸੁਜਾਨ ਸਿੰਘ ਵਡਭਾਗੇ ॥
ਸੁਨ ਕਰ ਗੁਰ ਕੇ ਬੈਨ ਰਸੀਲੇ ॥ ਲੈ ਕਰ ਖਾਵਾ ਮਨ ਹਰਖੀਲੇ ॥760॥
ਹਾਥ ਜੋਰ ਕਰ ਬਿਨੈ ਬਖਾਨੀ ॥ ਮੈ ਭੁਲਾ ਬਖਸੋ ਗੁਨ ਖਾਨੀ ॥
ਗੁਰੂ ਕਹਾ ਮਨੁ ਚਿੰਤ ਨ ਕੀਜੈ ॥ ਵਾਹਿਗੁਰੂ ਸਿਮਰਨ ਚਿਤੁ ਦੀਜੈ ॥761॥

(ਚੋਰਾਂ ਨੇ ਗੁਰੂ ਦੇ ਘਰ ਚੋਰੀ ਕਰਨ)

ਨਿਸਾ ਅਮਾਵਸਿ ਬਹੁ ਅੰਧਿਆਰੀ ॥ ਗੁਰੂ ਗ੍ਰਿਹਿ ਚੋਰ ਪਰੇ ਗਾਵਾਰੀ ॥
ਚੋਰੀ ਕਰ ਜਬ ਚੋਰੁ ਸਿਧਾਏ ॥ ਅੰਧ ਭਏ ਮਗ ਨਹਿ ਦ੍ਰਿਸਟਾਇ ॥762॥
ਫਿਰ ਪਾਛੇ ਤਿਨ ਨੈਨ[3] ਪਸਾਰੈ ॥ ਭਏ ਸੁਜਾਖੇ ਲਗੀ ਨ ਵਾਰੇ ॥
ਗ੍ਰਾਮ ਆਪਨੇ ਓਰ ਸਿਧਾਵੈ ॥ ਹੋਵੈ ਆਂਧੇ ਬਹੁ ਦੁਖੁ ਪਾਵੈ ॥763॥
ਇਤਨੇ ਤਕ ਹੋਈ ਭੁਲਸਾਰਾ ॥ ਫਿਰ ਆਏ ਗੁਰ ਕੇ ਦਰਬਾਰਾ ॥
ਸਕੇਲ ਬਸਤੁ ਆਗੇ ਧਰ[4] ਦੀਨੀ ॥ ਪਾਨੁ ਜੋਰੁ ਬਹੁ ਬਿਨਤੀ ਕੀਨੀ ॥764॥

॥ ਦੋਹਰਾ ॥

ਹਮ ਭੂਲੇ ਤੁਮ ਬਖਸੀਏ ਹੈ ਸਦ ਭੂਲਨ ਹਾਰ ॥
ਦੀਨ ਦਯਾਲ ਤਵ ਬਿਰਦ ਹੈ ਹਾਰ ਪਰੇ ਦਰਬਾਰ ॥765॥

॥ ਚੌਪਈ ॥

ਸ੍ਰੀ ਗੁਰ ਬੋਲੈ ਚੋਰੀ ਤਿਯਾਗੋ ॥ ਸਤੁ ਨਾਮੁ ਜਪ ਸੰਤਨ ਪਾਗੋ ॥
ਗੁਰ ਸਿਖੀ ਰਿਦ ਅੰਤਰਿ ਧਾਰੋ ॥ ਬਾਟ ਖਾਹ ਨਹਿ ਝੂਠੁ ਉਚਾਰੋ ॥766॥

1. ਅ ਪੋਥੀ ਤਬ 2. ਅ ਪੋਥੀ ਤਬ ਤਿਸ 3. ਮੂਲ ਪੋਥੀ ਨੈ 4. ੲ ਪੋਥੀ ਰਖ

ਸਤੁ ਬਚਨੁ ਕਹਿ ਚੋਰੀ ਤਯਾਗੀ ॥ ਸੰਤਨ ਸੇਵਨ ਸਰਧਾ ਜਾਗੀ ॥
ਇਹ ਗੁਰ ਦਰਸਨ ਕੇਰ ਬਡਾਈ ॥ ਚੋਰੀ ਤਯਾਗੀ ਗੁਰਮਤਿ ਪਾਈ ॥768॥
ਤਿਨੈ ਉਧਾਰੁ ਕਰਾ ਗੁਰ ਪੂਰੇ ॥ ਊਨੇ ਚਾਲੇ ਸਦ ਗੁਣ ਰੂਰੇ ॥
ਦਾਦੇ ਥਾਨੇ ਮਾਥ ਨਿਵਾਵਾ ॥ ਪਰਜਾ ਲੋਗਨ ਬਹੁ ਸੁਖ ਪਾਵਾ ॥769॥
ਯਗ ਅਰੰਭ ਕੀਯਾ ਗੁਰ ਪੂਰੇ । ਨਯੋਤ ਬ੍ਰਹਮਣ ਬਿਦਯਾ ਰੂਰੇ ।
ਗਿਰਦ ਨਿਵਾਵੀ ਕੇ ਸਭ ਆਏ ॥ ਦਹੀ ਦੂਧ ਸੇਵਕ ਜਨ ਲਯਾਏ ॥770॥

॥ ਦੋਹਰਾ ॥

ਸਾਧ ਬਿਪ੍ਰ ਆਦਿ ਜਿਤੇ ਸਭ ਕੋ ਅਸਨ ਅਚਾਇ ॥
ਜਯ ਜਯ ਕਾਰੰ ਕਰਤ ਭੇ ਸ੍ਰੀ ਗੁਰੂ ਕੋ ਯਸ ਗਾਇ ॥771॥

**(ਮਾਈ ਕਰਮੋਂ ਤੋਂ ਪ੍ਰਸ਼ਾਦਾ ਛਕਣਾ).**

ਮਾਈ ਕਰਮੋ ਇਹ ਹੁਤੀ ਗ੍ਰਾਮ ਚਿਤਾੜੇ ਬੀਚ ॥
ਜਬ ਗੁਰ ਊਨੇ ਆਵਤੇ ਤਬ ਆਵਤ ਹਿਤ ਖੀਚ ॥772॥

॥ ਚੌਪਈ ॥

ਚਨ ਪਕੌਰੀ ਚੂਨ ਬਨਾਵੈ ॥ ਮਰਚੀ ਧਨੀਯਾ ਸਾਥ ਮਿਲਾਵੈ ॥
ਜੀਰਾ ਸੈਂਧਵ ਸੰਗ ਰਲਾਈ ॥ ਪਾਇ ਦਧੀ ਮੇਂ ਮਟਕੀ ਚਾਈ ॥773॥
ਸਦਾ ਨੇਮ ਤਿਨ ਆਗੀ ਕੀਨਾ ॥ ਅਬ ਨਹਿ ਆਈ ਕਯਾ ਤਿਨ ਚੀਨਾ ॥
ਕਯਾ ਸੁਤਰੀ ਤਿਨ ਸੁਨ ਨਹਿ ਪਾਈ ॥ ਹਮਰਾ ਆਵਨ ਕਿਹਿ ਨ ਸੁਨਾਈ ॥774॥
ਜਬ ਆਵੈ ਤਬ ਭੋਜਨੁ ਖਾਵੈਂ ॥ ਨਹਿ ਆਵੈ ਹਮ ਸੁਖ ਨਹਿ ਪਾਵੈਂ ॥
ਜੁਗਮ ਜਾਮ[1] ਇਮ[2] ਗੁਰੂ ਬਿਤਾਏ ॥ ਰੰਚਕ ਭਰ ਨਹਿ ਭੋਜਨੁ ਖਾਏ ॥775॥
ਤਬ ਲਗ ਮਾਈ ਆਈ ਧਾਈ ॥ ਜਿਸ ਕੇ ਮਨ ਮੈ ਪ੍ਰੀਤੁ ਸਵਾਈ ॥
ਮਟਕਾ ਸ੍ਰੀ ਗੁਰ ਆਗੈ ਰਾਖਾ ॥ ਮਸਤਕ ਟੇਕਾ ਕਰੁ ਅਭਿਲਾਖਾ ॥776॥

॥ ਦੋਹਰਾ ॥

ਤਬੈ ਪਕੌਰੀ ਹਰਖੁ ਸੋਂ ਖਾਈ ਗੁਰ ਰਸ ਭੀਨ ॥
ਮਾਈ ਮਨਿ ਆਨੰਦ ਭਾ ਬਾਂਟ ਸਿਖਨ ਕੋ ਦੀਨ ॥777॥

॥ ਚੌਪਈ ॥

ਪਾਨ ਜੋਰੁ ਬਹੁ ਬੰਦਨ ਕੀਨੀ ॥ ਗੁਰੂ ਮਯਾ ਪਿਖ ਰਿਦ ਮਹਿ ਭੀਨੀ ॥
ਬਦਰੀ ਫਲ ਸਵਰੀ ਕੇ ਖਾਏ ॥ ਦਿਜ ਕੇ ਚਬਰਾ[4] ਚਬ[5] ਤ੍ਰਿਪਤਾਏ ॥778॥
ਕਰਮਾ ਬਾਈ ਖਿਚਰੀ ਕੀਨੀ ॥ ਲੀਨ ਭਛ ਤਿਸੁ ਮੁਕਤੀ ਦੀਨੀ ॥
ਤੈਸਿ ਪਕੌਰੀ ਮੇਰੀ ਖਾਈ ॥ ਭਵ ਸਾਗਰ ਤੇ ਪਾਰ ਲੰਘਾਈ[5] ॥779॥

॥ ਦੋਹਰਾ ॥

ਮਾਈ ਨ੍ਰਤ ਐਸੇ ਕਰੀ ਰਹੀ ਚਰਨ ਲਪਟਾਇ ॥
ਗੁਰ ਕਿਰਪਾ ਤ ਪਰਮ ਪਦ ਪਾਯੋ ਬਿਨੁ ਬਿਲਮਾਇ ॥780॥

1. ਅ ਪੋਥੀ ਧਾਵੈਂ 2. ਅ ਪੋਥੀ ਨਾਮੁ ਇਮ 3. ਅ ਪੋਥੀ ਰੰਚਕ 4. ਅ ਪੋਥੀ ਦਿਜ ਵਾਚਾਬ

### (ਰਾਜਪੂਤਾਂ ਨੂੰ ਉਪਦੇਸ਼)

॥ ਚੌਪਈ ॥

ਰਜਪੂਤਨ ਪ੍ਰਤ ਬੈਨ ਉਚਾਰੇ ॥ ਹੈ ਗੈ ਹੋਵੈ ਈਹਾਂ ਹਮਾਰੇ ॥
ਊਚੇ ਮੰਦਰੁ ਬਨੇ ਬਜਾਰਾ ॥ ਸੰਗਤਿ ਆਵੈ ਵਾਰ ਨ ਪਾਰਾ ॥781॥
ਝੰਡੇ ਝੂਲੈ ਬਨੇ ਦਰਬਾਰਾ ॥ ਲੰਗਰ ਹੋਵੇ ਸਦਾ ਅਪਾਰਾ[1] ॥
ਹਾਥ ਜੋਰੁ ਕਰੁ ਅਰਜ ਗੁਜਾਰੀ ॥ ਸਤਿਗੁਰ ਜੀ ਮੁਹਿ ਕਰ ਭਵ ਪਾਰੀ[2] ॥782॥
ਸਾਧ ਸੰਗਤਿ ਬਹੁ ਈਹਾਂ ਆਵੈ ॥ ਜੋ ਇਛੈ ਸੋਈ ਫਲੁ ਪਾਵੈ ॥
ਬੀਰ ਸਿੰਘੁ ਰਾਗੀ ਇਕੁ ਆਵਾ ॥ ਧਰੀ ਅਕੋਰ ਮਾਥ ਨਿਵਾਵਾ ॥783॥
ਸ੍ਰੀ ਹਜੂਰ ਤਿਹ[2] ਬਹੁ ਸਨਮਾਨਾ ॥ ਨਿਕਟਿ ਬਠਾਵਾ ਬੈਨ ਬਖਾਨਾ ॥
ਆਯਾ ਅਬ ਤੂ ਬਹੁ ਚਿਰ ਲਾਈ ॥ ਹਾਥ ਜੋਰੁ ਤਿਹ ਬਿਨੈ ਅਲਾਈ ॥784॥
ਸਦਾ ਰਹਤ ਚਿਤ੍ਰ ਚਰਨਨ ਮਾਂਹੀ ॥ ਗ੍ਰਹ ਧੰਧੇ ਪ੍ਰਭੁ ਛਾਡਤ ਨਾਂਹੀ ॥
ਪੁਰ ਅਨੰਦ ਮੈਂ ਚਲ ਕਰ ਆਯਾ ॥ ਰਾਵਰ ਦਰਸਨ ਤਹਾ ਨ ਪਾਯਾ ॥785॥

॥ ਦੋਹਰਾ ॥

ਦਰਸਨ ਪਾਯੋ ਆਇ ਪ੍ਰਭ ਨੈਨ ਭਏ ਰੰਗੀਨ ॥
ਜੀਵਣ ਬੂਟੀ ਦਰਸਤ[3] ਜਨਮ ਮਰਨ ਭਾ ਖੀਨ ॥786॥

॥ ਚੌਪਈ ॥

ਏਕ ਬਿਨੈ ਹਮਰੀ ਸੁਨ ਲੀਜੈ ॥ ਤਿਸ ਕੋ ਉਤਰ ਸ੍ਵਾਮੀ ਦੀਜੈ ॥
ਨੌਮ ਮਹਿਲ ਜੀ ਬਾਨੀ ਗਾਈ ॥ ਦੁਖ ਸੁਖ ਆਦੀ ਤੁਲ ਦਿਖਾਈ ॥797॥
ਦ੍ਵੰਦ ਧਰਮ ਜਿਨ ਕੇ ਮਿਟ ਗਏ ॥ ਜਨਮ ਮਰਨ ਤਿਨ ਕੀਨੇ ਖਏ ॥

॥ ਗਉੜੀ ਮਹਲਾ 9 ॥

ਸਾਧੋ ਰਾਮ ਸਰਨ ਬਿਸਰਾਮਾ ॥
ਬੇਦ ਪੁਰਾਨ ਪੜ੍ਹੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥ਰਹਾਉ॥
ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਆਨੁ ਕੀ ਸੇਵਾ ॥
ਹਰਖੁ ਸੋਗੁ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥1॥
ਸੁਰਗ ਨਰਕ ਅੰਮ੍ਰਿਤੁ ਬਿਖੁ ਏ ਸਭ ਤਿਉ ਕੰਚਨਿ ਅਰੁ ਪੈਸਾ ॥
ਉਸਤਤਿ ਨਿੰਦਾ ਏ ਸਮ ਜਾਕੈ ਲੋਭ ਮੋਹ ਫੁਨਿ ਤੈਸਾ ॥2॥
ਸੁਖ ਦੁਖ ਏ ਬਾਧੇ ਜਿਹ ਨਾਹਨ ਤਿਹ ਤੁਮ ਜਾਨਹ ਗਿਆਨੀ ॥
ਨਾਨਕ ਮੁਕਤਿ ਤਾਹਿ ਤੁਮ ਮਾਨਹੁ ਇਹੁ ਬਿਧ ਕੋ ਜੋ ਪ੍ਰਾਨੀ ॥3॥1॥
ਐਸੇ ਸੰਤ ਆਗੇ ਭੀ ਭਏ ॥ ਅਸ ਨਹਿ ਐਸਾ ਕੋਇ ਦਿਸਟਏ ॥788॥

---

1. ਅ ਪੋਥੀ ਵਿਚ ਇਸ ਤੋਂ ਮਗਰੋਂ ਇਹ ਦੋ ਪੰਗਤੀਆਂ ਵਾਧੂ ਹਨ : ਬੀਰ ਸਿੰਘ ਰਾਗੀ ਇਕ ਆਵਾ ॥ ਧਰੀ ਅਕੋਰ ਮਾਥਾ ਨਿਵ੍ਹਾਵਾ 2. ਅ ਪੋਥੀ ਤਿਨ 3. ਅ ਪੋਥੀ ਦਰਸਤਵ 4. ਅ ਪੋਥੀ ਸੁਰ 5. ਅ ਪੋਥੀ ਕੰਭ.

ਸਿਖ ਗਿਰਾ ਸੁਨ ਗੁਰੂ ਬਖਾਨਾ ॥ ਅਬ ਹੀ ਬਹੁਤੇ ਪ੍ਰੀਤੀਵਾਨਾ ॥
ਪੁਰ ਅਨੰਦ ਸੇਵਾ ਸਿੰਘ ਆਹੀ ॥ ਵਾਹਗੁਰੂ ਬਿਨੁ ਔਰੁ ਨ ਚਾਹੀ ॥789॥
ਦੇਹਿ ਹੰਤਾ ਜਿਨ ਕੀ ਮਿਟ ਗਈ ॥ ਕੰਚਨ ਮਾਟੀ ਤਿਨ ਇਕ ਭਈ ॥
ਰਾਜਾ ਰੰਕ ਤੁਲ ਜਿਸੁ ਹੋਵਾ ॥ ਬਿਖ ਅੰਮ੍ਰਿਤ ਨਹਿ ਦੂਸਰੁ ਜੋਵਾ ॥790॥
ਹਰਖੁ ਸੋਗੁ ਅਰੁ ਮਾਨ ਅਮਾਨਾ ॥ ਭੂਖ ਪਿਆਸ ਜੀਵਨ ਹਾਨਾ ॥
ਉਸਤਤਿ ਨਿੰਦਾ ਕੌਰਾ ਮੀਠਾ ॥ ਦੇਵ ਅਦੇਵੰ ਸਤਰੂ ਈਠਾ ॥791॥

॥ ਦੋਹਰਾ ॥

ਜੇਤੇ ਦੁੰਦ ਸਬ ਗਤ ਗਏ ਰਹਾ ਨਾ ਬੈਰੀ ਮੀਤ ॥
ਹਾਣ ਲਾਭ ਦੁਖ ਸੁਖ ਨਹੀ ਇਕ ਚੇਤਨਾ ਮੇ ਹੀਤ ॥792॥
ਗਾੜ ਅਵਸਥਾ ਸਦਾ ਤਿਸੁ ਕਬੀ ਨ ਚਿਤੁ ਡਲਾਇ ॥
ਕੋਇ ਨ ਜਾਨਤ ਤਿਸੀ ਕੌ ਪਟ ਮੈਲਾ ਲਾਲ ਲੁਕਾਇ ॥793॥

॥ ਚੌਪਈ ॥

ਸਿਖ ਗੁਰੂ ਕੇ ਜੋ ਜਗ ਆਂਹੀ ॥ ਆਪਨ ਆਪੁ ਨ ਕਿਸੈ ਜਨਾਹੀ ॥
ਬੀਰ ਸਿੰਘ ਸੁਨ ਮਨਹਿ ਹੁਲਾਸਾ ॥ ਤਿਸ ਦਰਸਨ ਕੀ ਬਢੀ ਪਿਆਸਾ ॥794॥
ਜਿਨ ਕੀ ਉਪਮਾ ਆਪ ਬਖਾਨੋ ॥ ਧੰਨ ਸੰਤ ਜਗ ਮਹਿ ਪਰਵਾਨੋ ॥
ਜਿਸ ਕੋ ਸੰਤ ਬਨਾਵੋਂ ਸੁਆਮੀ ॥ ਤਿਸ ਕੀ ਕਥੋ ਹੋਵੈ ਜਗ ਖਾਮੀ ॥795॥
ਜਿਸ ਕੀ ਘਾਲੋ ਪਾਈ ਥਾਇ ॥ ਤਿਸ ਕੀ ਮਹਿਮਾ ਕਹੀ ਨ ਜਾਇ ॥
ਖੰਡ ਬ੍ਰਹਮੰਡ ਤਵ ਰੋਗ ਸਮਾਨੇ ॥ ਕਾਰਨ ਕਰਨ ਸਮਰਥ ਭਗਵਾਨੇ ॥796॥

॥ ਦੋਹਰਾ ॥

ਹਲਤ ਪਲਤ ਦ੍ਵੈ ਲੋਕ ਮੋ ਗੁਰ ਜੀ ਕਰੋ ਸਹਾਇ ॥
ਧੰਨ ਧੰਨ ਗੁਰ ਧੰਨ ਤੂੰ ਕੰਜ ਸਿਖ ਰਵਿ ਪਾਇ ॥797॥

॥ ਚੌਪਈ ॥

ਕਿਰਤਨ ਬੀਰ ਸਿੰਘ ਸੁਭ ਕੀਨਾ ॥ ਸੁਨ ਸੁਨ ਸਿਖ ਮਨ ਭੇ ਹਰਖੀਨਾ[1] ॥
ਸੋਦਰ ਪਠ ਰਹਿਰਾਸ ਉਚਾਰੀ ॥ ਪੁਨ ਅਰਦਾਸ ਕੀਨ ਹਰਖਾਰੀ ॥798॥
ਛਕ ਪ੍ਰਸਾਦਿ ਨਿਸ ਸੁਖ[3] ਸੋਏ[3] ॥ ਭੀ ਭੁਨਸਾਰਹਿ ਜਾਗ੍ਰਤ ਹੋਏ ॥[1]
ਰਦ ਧਾਵਨ ਕਰ ਕੀਨੋ ਨਾਨਾ ॥ ਵਾਹਿਗੁਰੂ ਮੁਖ ਉਚਰਨ ਨਾਨਾ ॥799॥
ਜੂਰਾ ਕਰ ਦਸਤਾਰ ਛਕਾਈ[4] ॥ ਪਲਕਾ ਊਪਰਿ ਥਿਰੇ ਗੁਸਾਂਈ ॥

**(ਸਾਧੂ ਧਰਮ ਦਾਸ ਦਾ ਬਿਰਤਾਂਤ)**

ਧਰਮ ਦਾਸ ਇਕ ਸਾਧੂ ਆਵਾ ॥ ਭੇਟਾ ਰਾਖੀ ਸੀਸ ਝੁਕਾਵਾ ॥200॥

---

1. ਅ ਪੋਥੀ ਲਿਖ 2. ਅ ਪੋਥੀ ਘਾਲ ਧੂ 3. ਅ ਪੋਥੀ ਪਾਠਾਂਤਰ :ਸੁਖ ਸੋ ਸੋਏ 4. ੲ ਪੋਥੀ ਸਜਾਈ ॥

ਪ੍ਰਾਕੁ ਜੋਰ ਕਰਿ ਗਿਰਾ[1] ਬਖਾਨੀ ॥ ਧੰਨ ਧੰਨ ਗੁਰ ਸਾਰੰਗ ਪਾਨੀ ॥
ਮੋ ਕੋ ਲੀਨਾ ਗੁਰੂ ਛਡਾਈ ॥ ਜਮ ਮਾਰਤ ਮੁਹਿ ਦੇਤ ਸਜਾਈ ॥801॥

॥ ਦੋਹਰਾ ॥

ਸਾਧੁ ਬੈਨ ਗੁਰ ਅਕੰਨ ਕਰ ਪੂਛਤ ਭੇ[2] ਫਿਰ ਤਾਹਿ ॥
ਤੂ ਤੋ ਸੰਤ ਸਰੂਪੁ ਹੈ ਜਮ ਮਾਰਾ ਕਯੋਂ ਧਾਹਿ ॥802॥

॥ ਚੌਪਈ ॥

ਹਾਥ ਜੋਰੁ ਤਿਨ ਅਰਜ ਅਲਾਈ ॥ ਗਯਾ ਪੁਆਰ ਪੀੜ ਬਹੁ ਪਾਈ ॥
ਸੋ ਪਰਸੰਗ ਸੁਨੋ ਸੁਖ ਦਾਤਾ ॥ ਜੈਸੇ ਜਮ ਦੂਤਨ ਮੁਹਿ ਤਾਤਾ ॥803॥
ਏਕ ਕ੍ਰਿਸਾਨ ਕੋ ਜੋਤ੍ਰੂ ਚੁਰਾਯਾ ॥ ਅਪਨਿ ਪੰਜਾਲੀ ਭੀਤਰੁ ਪਾਯਾ ॥
ਕੁਛਕ ਕਾਲ ਯੋ ਗਯੋ ਬਤੀਤੀ ॥ ਪਾਵਾ ਦੁਖ ਚੋਰੀ ਜੋ ਕੀਤੀ ॥804 ॥
ਜਬ ਪੁਆਰ ਮੈ ਜਾਵਨ ਕਯੋ ॥ ਸਭ ਜਾਨੇ ਸਾਧੂ ਮਰ ਗਯੋ ॥
ਜੋਤ੍ਰੂ ਵਾਲਾ ਤਹਿ ਮਿਲਤੇ ਭਏ ॥ ਭੁਜ ਗਹਿ ਲੀਨ ਤਾੜਨ ਕਏ ॥805॥
ਖੁਚਾ ਉਤਾਰੀਓ ਨਖ ਸ਼ਿਖ ਤਾਈ ॥ ਭਈ ਪੀੜ ਮੈ ਰੋਵੋ ਧਾਈ ॥
ਜਮਦੂਤਨ ਮੁਹਿ ਗਹਿ ਗਹਿ ਮਾਰਾ ॥ ਕੋ ਰਖਕ ਨਹੀ ਭਯੋ ਹਮਾਰਾ ॥806॥
ਸਾਰ ਕੰਟ ਪਰ ਘੀਸਨ ਲਾਗੇ ॥ ਮਾਰਤੰਡ ਦ੍ਵਾਦਸ ਜਹ ਦਾਗੇ ॥
ਮੁਦਗਰ ਮਾਰ ਧਰਨ ਗਿਰਾਵਾ ॥ ਵਯਾਲ ਰਨਾਦ ਮੋ ਕੋ ਗਹਿ ਖਾਵਾ ॥807॥
ਕ੍ਰਿਤਾਂਤ ਰੂਪੁ ਨਹਿ ਦੇਖਾ ਜਾਈ ॥ ਮਾਰਤ ਇਮ ਜਿਮ ਅਜਾ ਕਸਾਈ ॥
ਕੁੰਭੀ ਪਾਕ ਨਰਕ ਮਹਿ ਪਾਯੋ ॥ ਚੋਰੀ ਕਾ ਫਲੁ ਬਹੁਤ ਦਿਖਾਯੋ ॥808॥

॥ ਦੋਹਰਾ ॥

ਜਬ ਕਸੀਸ ਤਿਮ ਨੇ ਕਰੀ ਰਾਵਨ[3] ਰਾਮੁ ਉਚਾਰੁ ॥
ਜਬੈ ਉਚਾਰਨ ਮੈ ਕਰਾ ਤਿਨ ਛੋਡਾ ਤਤੁਕਾਰ ॥809॥

॥ ਚੌਪਈ ॥

ਏਕ ਦੰਡ ਜਬ ਬਿਤ[4] ਕਰੇ[4] ਗਯਾ ॥ ਦੇਹ ਬਿਖੈ ਮੈ ਆਵਤ ਭਯਾ ॥
ਮ੍ਰਿਤਕ ਹੇਤ ਜੋ ਕੀਨ ਤਿਯਾਰੀ ॥ ਸੋ ਤਜ ਦੀਨੀ ਭੇ ਹਰਖਰੀ ॥810॥
ਆਪ ਮਯਾ ਕਰੁ ਲੀਨ ਛਡਾਈ ॥ ਮੈ ਲੀਨੀ ਜਬ ਤਵ ਸਰਨਾਈ ॥
ਮੈ ਅਪੁਨੇ ਮਨਿ ਕਿਯ ਅਨੁਮਾਨਾ ॥ ਜੋ ਤਵ[5] ਸੇਵੇ ਤਰੇ ਜਹਾਨਾ ॥811॥
ਮੈ ਜਬ ਦੀਨੀ ਗੁਰੂ ਦੁਹਾਈ ॥ ਜਮ ਦੂਤਨ[6] ਤਬ ਗਏ ਪਲਾਈ[7] ॥
ਯਾਂਤੇ ਮੈ ਚਲੁ ਸਰਨੀ ਆਵਾ ॥ ਜਨਮ ਮਰਨ ਮਮ ਮੇਟੋ ਹਾਵਾ ॥812॥
ਦੂਤਨ ਤੇ ਜਿਮ ਲੀਨ ਛਡਾਈ ॥ ਤੈਸੇ ਦੇਵੋ ਗਯਾਨ ਦ੍ਰਿੜਾਈ ॥
ਮੈ ਹੋ ਦਾਸਨ ਦਾਸ ਬਿਚਾਰਾ ॥ ਜਪੁ ਤਪੁ ਸੰਜਮਿ ਨਾਹੀ ਧਾਰਾ ॥813॥

---

1. ਅ ਪੋਥੀ ਅਗਰ 2. ਅ ਪੋਥੀ ਭਏ 3. ਅ ਪੋਥੀ ਰਾਵਰ 4. ਅ ਪੋਥੀ ਬੀਤ ਸੁ 5. ਅ ਪੋਥੀ ਤਜ
6. ਅ ਪੋਥੀ ਦੂਤ 7. ਅ ਪੋਥੀ ਪਰਾਈ ॥

॥ ਦੋਹਰਾ ॥

ਹਲਤਿ ਪਲਤਿ ਸਿਖ ਰਾਖਤੇ ਤੈਸੇ ਕਰੋ ਨਿਹਾਲ ॥
ਸਰਬ ਗੁਣਨ ਤੇ ਹੀਨ ਮੈ ਜਾਨੋ ਅਪਨਾ ਬਾਲ ॥814॥

(ਸਿਖਾਂ ਨੂੰ ਉਪਦੇਸ਼)

॥ ਚੌਪਈ ॥

ਸੁਨ ਤਿਸੁ ਬਾਨੀ ਗੁਰੂ ਬਖਾਨਾ ॥ ਵਾਹਿਗੁਰੂ ਸਿਮਰੋ ਸੁਖ ਦਾਨਾ ॥
ਵੰਡ ਖਾਵੋ ਅਰੁ ਮੀਠਾ ਬੋਲੋ ॥ ਸਤੁ ਸੰਤੋਖ ਵਿਰਤੁ ਮਨੁ ਤੋਲੋ ॥815॥
ਪਰ ਕਾ ਬੁਰਾ ਨ ਰਾਖੋ ਚੀਤ ॥ ਜੋ ਕੋ ਕਰੈ ਸਹਾਰੋ ਨੀਤ ॥
ਐਸੀ ਸਿਖਯਾ ਤਿਸੇ ਦ੍ਰਿੜਾਈ ॥ ਸਰਬ ਸਿਖਨ ਪ੍ਰਤਿ ਬਾਨੀ ਗਾਈ ॥816॥
ਪਰ ਧਨ ਪਰ ਸੁਤ ਪਰ ਜੋ ਨਾਰੀ ॥ ਇਨੋ ਚੁਰਵੈ ਜੋ ਹਠ ਧਾਰੀ ॥
ਨਰਕ ਤਮਿ ਸਠ[1] ਬਹੁ ਦੁਖੁ ਪਾਵੈ ॥ ਸਹਸ ਵਰਖ ਲੌ ਗੋਤੇ ਖਾਵੈ ॥817॥
ਨਰਕ ਤਯਾਗ ਫਿਰਿ ਸੂਕਰ ਹੋਈ ॥ ਮੈਲ ਭਖੈ ਬਹੁ ਦੁਖੁ ਕਰ ਰੋਈ ॥
ਬਿਨਾ ਅਰਥੁ ਜੋ ਜੀਵਨ ਗਾਰੀ ॥ ਠੌਰ ਨ ਨਰਕੈ ਪਾਵ ਗਵਾਰੀ ॥818॥
ਰੁਰੁਵ ਜੀਵ ਤਿਸ ਕਟ[2] ਕਟ ਖਾਈ ॥ ਹਾਯ ਹਾਯ ਕਰ ਬਹੁ ਰੁਦਨਾਈ ॥
ਤਾਤ ਮਾਤ ਜੋ ਸਾਧ ਦੁਖਾਵੇ ॥ ਆਯੁਤ ਵਰਖੁ ਭਰੁ[3] ਨਰਕਿ ਰਹਾਵੈ ॥819॥

॥ ਦੋਹਰਾ ॥

ਗੋ ਭੂਸੁਰ ਜੋ ਬਧ ਕਰੈ ਜਿਤੇ ਰੋਗ ਤਨੁ ਕੇਰੁ ॥
ਤੇਤੇ[4] ਵਰਖੁ ਨਰਕਨਿ ਰਹੇ ਪਾਵਤ ਦੁਖੁ ਘਨੇਰ ॥821॥

॥ ਚੌਪਈ ॥

ਖਾਇ ਲੂਨ ਜਿਸ ਸੁਾਂਮੀ ਮਾਰਾ ॥ ਹੋਵੈ ਕੁਸਟੀ ਵਡ[5] ਹਤਿਯਾਰਾ ॥
ਜੋ ਪਰੁ ਭੋਜਨੁ ਲਏ ਖਸੋਟੀ ॥ ਪੁਰੀ ਖਟੀਕ[6] ਹੋਇ ਮਤ ਖੋਟੀ ॥820॥
ਪਰੁ ਨਾਰੀ ਜਿਹ ਲੀਨ ਚੁਰਾਈ ॥ ਮਰ ਕਰੁ ਨਰਕਿ ਪਰੈ ਸੋ ਜਾਈ ॥
ਲੋਹ ਮਈ ਤਹ ਦੇਹ ਬਨਾਵੈ ॥ ਕੰਠ ਮਿਲਾਵੈ ਤਬ ਪਛੁਤਾਵੈ ॥822॥
ਦੰਭ ਧਾਰ ਜੋ ਲੋਗਨ ਠਾਗੇ ॥ ਬੈਸਸ ਨਰਕੁ ਮਾਂਹਿ ਜੋ ਪਾਗੇ ॥
ਜੋ ਕਾਹੂ ਗਰਲੰ ਦੈ ਮਾਰੀ ॥ ਕੂਕਰ ਜੋਨੀ ਪਾਇ ਗਵਰੀ[7] ॥823॥
ਬਿਤ ਲੋਭ ਮਿਥ ਸਾਖ ਜੁ ਭਾਖੇ ॥ ਤ੍ਰਿਗਦ ਜੋਨ ਮੇ ਦੁਖ ਬਹੁ ਚਾਖੇ ॥
ਮਦਰਾ ਪਾਂਨ ਕਰੈ ਜੋ ਪਾਪੀ ॥ ਤਿਹ ਮੁਖ ਡਾਰੈ ਅਯ ਮਯ ਤਾਪੀ ॥824॥

॥ ਦੋਹਰਾ ॥

ਬਿਦਯਾ ਬਿਤਵਾ ਮਾਨ ਕਰੁ ਗੁਰ ਕਾ ਕਰੁ ਅਪਮਾਂਨੁ ॥
ਨਰਕੁ ਧਰੈ ਨਿਕਸੈ ਨਹੀ ਜਬ ਲੰਗ ਸਸਿ[8] ਅਰੁ ਭਾਨ ॥825॥

---

1. ਅ ਪੋਥੀ ਸੁਮ 2. ਅ ਪੋਥੀ ਕਰ 3. ਅ ਪੋਥੀ ਭਲ 4. ਅ ਪੋਥੀ ਇਤਨਿ
5. ਅ ਪੋਥੀ ਸਠ 6 ਮੂਲ ਪੋਥੀ ਖਟੀਟ 7. ਅ ਪੋਥੀ ਵਾਰੀ 8. ੲ ਪੋਥੀ ਚੰਦੂ

॥ ਚੌਪਈ ॥

ਵਿਸ੍ਵਾਸਘਾਤ ਕਰ ਕੀਨੋ ਪਾਪ ॥ ਸੂਲ ਨਰਕ ਕਾ ਹੋਵੈ ਸਾਪ ॥
ਕਰ ਸੁ ਪਿਸਨ ਪਰ ਕਾਮ ਗੁਵਾਵੈ ॥ ਬਿਛੂਏ ਤਾ ਕੋ ਕਟ ਕਟ ਖਾਵੈ ॥826॥
ਜੋ ਗੁਰ ਸੰਤਨ ਨਿੰਦ ਉਚਾਰੈ ॥ ਜਨਮ ਮਰਨ ਕੋ ਪਾਇ ਨ ਪਾਰੈ ॥
ਮੰਦ ਕਰਮ ਸਭ ਦੇਵੇ ਤਿਯਾਗੀ ॥ ਕਰ ਸੁਭ ਕਰਮਨ ਹੋਵੈ ਰਾਜੀ[1] ॥827॥
ਵ੍ਹਾਹਗੁਰੂ ਸਿਮਰਨ ਮਨਿ ਦੀਜੈ ॥ ਕਰ ਗੁਰ ਸੇਵਾ ਮਾਨ ਨ ਕੀਜੈ ॥
ਗੁਰਬਾਨੀ ਨਿਤ ਊਠ[2] ਪ੍ਰਬੀਨਾ ॥ ਕਾਮ ਆਦਿ ਕਰ ਦੇਖੋ[3] ਖੀਨਾ ॥828॥

॥ ਦੋਹਰਾ ॥

ਮਾਰਗ ਸਿਖਨ ਪਾਇ ਸੁਭ ਸ੍ਰੀ ਸਤਿਗੁਰ ਭੇ ਤਯਾਰ ॥
ਮਾਤਾ ਅਨੰਤੀ ਚਰ ਪਠਾ ਭੀ ਚੋਰੀ ਸੰਦੂ ਨਾਰੁ ॥829॥

॥ ਚੌਪਈ ॥

ਆਵਤ ਚਲੇ ਗੁਰੂ ਚਰਨੀ ਲਾਗਾ ॥ ਬਿਨੈ ਕਰੀ ਗੁਰ ਦਰਸਨ ਪਾਗਾ ॥
ਮਾਈ ਕਹਵਤ ਸਕਲ ਸੁਨਾਈ ॥ ਚੋਰੀ ਹੋਈ ਕਛੁ ਨ ਰਹਾਈ ॥830॥
ਤੁਧ ਬਿਨੁ ਓਟ ਨ ਕੋ ਜਗ ਮਾਹੀ[4] ॥ ਮੇਰੀ ਪਾਲਨ ਕਰੋ ਗੁਸਾਈ ॥
ਭੂਖਨ ਬਸਤਰ ਔਰ ਵਲੇਵਾ ॥ ਤਸਕਰ ਲੀਨਾ ਕਛੁ ਨ ਰਹਿਵਾ ॥831॥
ਮਾਈ ਬਿਨਤੀ ਸੁਨ ਕੇ ਸਾਂਈ ॥ ਭਏ ਸਵਾਰ ਜਗਤ ਕੇ ਰਾਈ ॥
ਪੁਰ ਅਨੰਦ ਮੋ ਜਾਇ ਥਿਰਾਨੇ ॥ ਜਿਨ ਦਰਸੈ ਸੁਖ ਮਿਲੇ ਮਹਾਨੇ ॥832॥

(ਅਨੰਦਪੁਰ ਜਾਣਾ)

॥ ਦੋਹਰਾ ॥

ਨੌਮ ਗੁਰੂ ਦਰਬਾਰ ਸੁਭ ਮਾਥ ਨਿਵਾਵਨ ਕੀਨ ॥
ਚੱਲ ਚੱਲੇ ਛਾਯਾਂ ਕੇ ਤਰੈ ਬੈਸੇ ਗੁਰ ਪ੍ਰਵੀਨ ॥833॥
ਮਾਤ ਅਨੰਤੀ ਖਬਰ ਸੁਨ ਮਨ ਮਹਿ ਪ੍ਰੀਤੀ ਧਾਰਿ ॥
ਲੇ ਪ੍ਰਸਾਦਿ ਆਵਤ ਭਈ ਲੇ ਕਰੁ ਸੁਭ ਕੋ ਨਾਰ ॥834॥

(ਚੜ੍ਹਤਸਿੰਘ ਨੂੰ ਰਾਜੀ ਕਰਨਾ)

॥ ਚੌਪਈ ॥

ਚੜ੍ਹਤ ਸਿੰਘ ਖਰਬੂਜੇ ਆਂਦੇ ॥ ਲੰਗੜੀ ਟੰਗਾ ਫੜ ਕ੍ਰਿਸ ਕਾਂਧੇ ॥
ਹੱਸ ਗੁਰ ਬੋਲਾ ਲੰਗੜੇ ਆਵੋ ॥ ਬਹਿ[5] ਕਰੁ[5] ਜਾਵੋ ਦੇਰੁ ਨ ਲਾਵੋ ॥835॥
ਸੁਨ ਮਾਈ ਨੇ ਅਰਜੀ ਕੀਨੀ ॥ ਚੜ੍ਹਤ ਸਿੰਘ ਰਹੇ ਲੰਗੜਾ ਦੀਨੀ ॥
ਟੂਟੀ ਟੰਗ ਤਿਸੁ ਕੂਲ ਗਿਰਾਉ ॥ ਲੰਗਾ ਭਾਖੋ[7] ਆਪੁ ਇਸ ਨਾਉ ॥836॥
ਚਾੜਿ ਰਹੇ ਨਹਿ ਸੀਧੀ ਹੋਈ ॥ ਸੰਕਟਿ ਇਨ ਕੋ ਦੇਵੋਂ ਖੋਈ ॥
ਗ੍ਰਿਹ ਕੀ ਬਸਤੁ ਚੋਰਨ ਲੀਨੀ ॥ ਜੋ ਹੋਤੀ ਸਭ ਤੁਮਰੀ ਦੀਨੀ ॥837॥

1. ਅ ਪੋਥੀ ਰਾਗੀ 2. ਅ ਪੋਥੀ ਪਠੋ 3. ਅ ਪੋਥੀ ਦੇਵੋ 4. ਅ ਪੋਥੀ ਸਾਈ ਸਾਈ 5. ਅ ਪੋਥੀ ਬੈਠਿਸੁ 6. ਅ ਪੋਥੀ ਸੁ 7. ੲ ਪੋਥੀ ਆਖਹੁ

ਸ੍ਰੀ ਗੁਰ ਬੋਲੇ ਚਿੰਤੁ ਨ ਕੀਜੈ ॥ ਦੋਨੋ ਕਾਰਜ ਹੋਇ ਲਖੀਜੈ ॥
ਸੁਨਿ ਮਾਈ ਮਨਿ ਚਿੰਤ ਗਵਾਈ ॥ ਖਰਬੂਜੇ ਗੁਰ ਕੋ ਦੀਨ ਛਕਾਈ ॥838॥

॥ ਦੋਹਰਾ ॥

ਕਮਲਨੈਨ ਸੁਭ ਬੈਨ ਭਨੁ ਚੜਤੁ ਸਿੰਘ ਉਠ ਧਾਇ ॥
ਹਾਥ ਜੋਰ ਸੋ ਕਹਿਤੁ ਭਾ ਬਿਨੈ ਸੁਨੋ ਸੁਖਦਾਇ ॥839॥

॥ ਚੌਪਈ ॥

ਬਿਨ ਲਾਠੀ ਮੁਹਿ ਚਲਿਯੋ ਨ ਜਾਈ ॥ ਕੈਸੇ ਦੌਰੋਂ ਗੁਰ ਸੁਖਦਾਈ ॥
ਸ੍ਰੀ ਕਮਲਾਨਨ ਗਿਰਾ ਬਖਾਨੀ ॥ ਚਿੰਤੁ ਤਿਯਾਗੁ ਦੌਰੋ[1] ਹਰਖਾਨੀ ॥840॥
ਬਚਨ ਮਾਨ ਗੁਰ ਲਾਠੀ ਤਿਯਾਗੀ ॥ ਸੂਧੀ ਟਾਂਗ ਭਈ ਬਡਿਭਾਗੀ ॥
ਧਾਯੋ ਸੀਘਰੁ ਲਾਤੁ ਚਲਾਏ ॥ ਗੁਰੂ ਆਦਿ ਦਿਖ ਸਭ ਹਰਖਾਏ ॥841॥
ਮਾਤ ਅਨੰਤੀ ਉਸਤਤਿ ਠਾਂਨੀ ॥ ਧੰਨੁ ਧੰਨੁ ਗੁਰ ਸਾਰੰਗ ਪਾਨੀ ॥
ਚੜਤਿ ਸਿੰਘ ਗੁਰ ਚਰਨੀ ਲਾਗਾ ॥ ਰਾਵਰ ਕਿਰਪਾ ਭਯੋ ਸਭਾਗਾ ॥842॥
ਮਾਈ ਅਰਜ ਕਹੀ ਕਰ ਜੋਰੀ ॥ ਗ੍ਰਿਹਿ ਮੋ ਚਲੀਏ ਸੁਖਮਾ ਠੌਰੀ ॥
ਆਏ ਮੰਦਰ ਜਗਤੁ ਸਆਮੀ ॥ ਛਕਾ ਅਸਨੁ ਗੁਰ ਅੰਤਰਿਜਾਂਮੀ ॥843॥

**(ਚੋਰਾਂ ਨੂੰ ਸ਼ਹੀਦਾਂ ਨੇ ਖੜਕਾਉਣਾ)**

॥ ਦੋਹਰਾ ॥

ਜਿਨ ਚੋਰਨ ਚੋਰੀ ਕਰੀ ਲੇ ਕੁਰੁ ਮਨੁ ਹਰਖਾਇ ॥
ਮਾਰ ਸਹੀਦਨ ਬਹੁ ਕਹੀ ਮੁਸਕੈ ਦੀਨ ਚੜਾਇ ॥844॥

॥ ਚੌਪਈ ॥

ਹਾਇ ਹਾਇ ਕਰ ਹਾਇ ਪੁਕਾਰੈ ॥ ਨਹਿ ਮਾਰੋ ਹਮ ਭੂਲਨਹਾਰੇ ॥
ਲੋਗੁ ਕਹੈ ਤੁਮ ਕੋ ਨਹਿ[2] ਮਾਰੈ ॥ ਤੁਮ ਕਾਹੈ ਕੋ ਰੋਇ ਪੁਕਾਏ ॥845॥
ਛਾਤੀ ਹਮਰੀ ਫਾਟਨ ਲਾਗੀ ॥ ਬਹੁ ਦੁਖ ਹੋਵਾ ਲਾਗੀ ਆਗੀ[3] ॥
ਤਿਨ ਭਾਖਾ ਜਿਨੁ ਬਸਤੁ ਚੁਰਾਈ ॥ ਤਿਨ ਕੋ ਦੇਵੋ ਬੇਗਿ ਰਹਾਈ ॥846॥
ਸਭ ਸਾਮਾਂ ਤਿਮ ਲੀਨ ਉਚਾਈ ॥ ਆਨੀ ਗੁਰੂ ਪਹਿ ਦੇਰੁ ਬਿਹਾਈ ॥
ਆਗੇ ਰਾਖੀ ਮਾਥ ਨਿਵਾਵਾ ॥ ਹਮ ਭੂਲੇ ਤੁਮ ਸਦ ਬਖਸਾਵਾ ॥847॥
ਸ੍ਰੀ[4] ਗੁਰ[4] ਬੋਲੋ ਸੁਨੋ ਗਵਾਰਾ ॥ ਚੋਰੀ ਤਯਾਗੁ ਲਹੋ ਸੁਖ ਭਾਰਾ ॥
ਕਰ ਖੇਤੀ ਸੁਭ ਕਰਮ ਕਮਾਵੋ ॥ ਅਨਿਕ ਭਾਂਤਿ ਕੇ ਤੁਮ ਸੁਖ ਪਾਵੋ ॥848॥

॥ ਦੋਹਰਾ ॥

ਵਾਹਿਗੁਰੂ ਸਿਮਰਨ ਕਰੋ ਜਾਵੋ ਅਪੁਨੇ ਧਾਮ ॥
ਕਰੁ ਬੰਦਨਿ ਗ੍ਰਿਹਿ ਜਾਤ ਭੇ ਗੁਰ ਯਸ ਕਰ ਅਭਿਰਾਮ ॥849॥

---

1. ਅ ਪੋਥੀ ਧਾਵੋ 2. ਅ ਪੋਥੀ ਕੋ 3. ਅ ਪੋਥੀ ਤਾਕੀ 4. ੲ ਪੋਥੀ ਗੁਰੂ ਸਾਹਿਬ

ਪੁਨ ਬਿਨਤੀ ਮਾਈ ਕਰੀ ਧੰਨੁ ਗਰੀਬ ਨਿਵਾਸ ॥
ਸੀਧ[1] ਜੰਗ ਪ੍ਰਥਮੇ ਕਰੀ ਚੌਰੀ ਮੰਡੀ ਆਜ ॥850॥

॥ ਚੌਪਈ ॥

ਆਨੰਦਪੁਰ ਮ੍ਹ[2] ਆਨੰਦ ਪਾਏ ॥ ਗੁਰ ਸਿਖਨ ਕੌ ਗੁਰ ਸੁਖਦਾਏ ॥
ਸਤਿਗੁਰ ਜੀ ਮਨੁ ਭਈ ਉਮਾਹਾ ॥ ਬਾਰਾ ਮਲਾਰ ਦੇਖਨੇ ਕੀ ਚਾਹਾ ॥851॥
ਸੇਵਕ ਅਸ੍ਵ ਲਿਆਵਨ ਕੀਨਾ ॥ ਭੇ ਸਵਾਰ ਸਤਿਗੁਰ ਪਰਵੀਨਾ ॥
ਤਿਸੀ ਦੇਸ ਮਹਿ ਪਹੁਚੇ ਸ੍ਵਾਮੀ ਘਟਿ ਘਟਿ ਕੇ ਗੁਰ ਅੰਤਰਜਾਮੀ ॥853॥
ਗੁਰ ਕੇ ਦਰਸਨ ਬਹੁ ਚਲ ਆਵੈ ॥ ਭੇਟਾ ਅਰਪੈ ਦਰਸਨੁ ਪਾਵੈ ॥

(ਚੋਚਾ ਰਾਣੀ ਦਾ ਰੋਗ ਨਿਵਾਰਨਾ)

ਬਿਸਹਰ ਪੁਰ ਕੋ ਜੋ ਹੈ ਰਾਜਾ ॥ ਹੈ ਗੈ ਬਿਤ ਕਰ ਅਭਸੈ ਛਾਜਾ ॥853॥
ਤੀਸੁ ਭਵੇਨੁ ਰਾਜ ਭਵਨ ਪ੍ਰਧਾਨੀ ॥ ਰਤਿ ਮੰਦ ਸੋ ਪਚਿਤ ਸੋ ਪਟਰਾਨੀ ॥
ਚੋਚਾ ਰਾਨੀ ਨਾਮ ਜਿਸੈ ਕੋ ॥ ਰੋਗ ਗੰਠੀਆ ਵਾਇ ਤਿਸੈ ਕੋ ॥854॥

॥ ਦੋਹਰਾ ॥

ਰਾਜੈ ਕਿਯ ਉਪਚਾਰ ਬਹੁ ਰੋਗ ਨ ਹੋਵਤ ਦੂਰ ॥
ਪੀਰ ਫਕੀਰ ਮਨਾਵਈ ਬਾਂਧਤ ਦੁਖ ਗਰੂਰ ॥855॥

॥ ਚੌਪਈ ॥

ਸੂਖ[3] ਬਾਲ ਬੇਲ ਦਿਨੁ ਦਿਨ ਹੀ ॥ ਰੋਗਾ ਤਪਸਹਿ ਸੁਖ ਰਸ ਬਿਨ ਹੀ ॥
ਭੀ ਅਸ ਦੁਖਤ ਸੈਲ ਸੁਖ ਤਯਾਗਾ ॥ ਅਤਿ ਦਾਰੁਣ ਦੁਖ ਦੇਹਹਿ ਲਾਗਾ ॥856॥
ਦਿਨ ਦਿਨ ਦੇਹੀ ਦੁਬਲ ਹੋਈ ॥ ਹਾਇ ਹਾਇ ਕਰੁ ਬਿਹਬਲੁ ਹੋਈ ॥
ਇਕੁ ਦਾਸੀ ਨੇ ਅਸ ਸੁਨਿ ਪਾਵਾ ॥ ਗੁਰ ਸਾਹਿਬ ਸਿੰਘ ਦੁਖ ਬਨ ਦਾਵਾ ॥857॥
ਰਾਨੀ ਪ੍ਰਤਿ ਤਿਨ੍ਹ ਕਹਾ ਬੁਝਾਈ ॥ ਸੁਨਿ ਰਾਨੀ ਮਨ ਮੈ ਹਰਖਾਈ ॥
ਰਾਜਾ ਰਾਨੀ ਕੀਨ ਸਲਾਹਿ ॥ ਤਯਾਗ[4] ਪ੍ਰਧਾਨ ਕਰ ਹਰਖਾਹਿ ॥858॥
ਗੁਰੂ ਹਜੂਰਿ ਹਿਤ ਭੇਟ ਤਯਾਰੁ ॥ ਅਰਜੀ ਲਿਖਤ ਭਏ ਹਿਤੁ ਧਾਰੁ ॥
ਬਾਰ ਬਾਰ ਅਤਿ ਬਿਨੈ ਬਖਾਨੀ ॥ ਅਰਜੀ ਹਮਰੀ ਸਾਰੰਗ ਪਾਨੀ ॥859॥

॥ ਕਬਿਤ ॥

ਜੈਸੇ ਰਿਖਿ ਨਾਰੀ ਤਾਰੀ ਛਿਨ ਮੈ ਮੁਰਾਰੀ ਜਾਇ
ਦ੍ਰੋਪਦ ਦੁਲਾਰੀ ਲਾਜ ਪਾਰਬ੍ਰੈ ਕੋ ਧਾਏ ਹੋ ॥
ਰਾਖਿ ਬੇਗ ਇੰਦ ਜੈਸੇ ਉਮਗੇ ਗੁਬਿੰਦ ਮਹਾ,
ਬੋਧਕ ਕਵਿੰਦ ਬ੍ਰਿੰਦ ਲੋਕ ਪਾਲ ਗਾਏ ਹੋ ॥
ਜ੍ਵਾਲਾ ਤੇ ਬਚਾਇ ਗ੍ਵਾਲ ਰਾਖੇ ਗਯੇ ਗੋਪਾਲ ਲਾਲ
ਦਾਸ ਹੇਤ ਦਯਾਲ ਭੇਦ ਥੰਭ ਉਕਸਾਏ ਹੋ ॥

1. ਅ ਪੋਥੀ ਸੀਧੀ 2. ਅ ਪੋਥੀ ਮਹਿ 3. ਅ ਪੋਥੀ ਸੁਖੀ 4. ਅ ਪੋਥੀ ਤਯਾਗ

ਬੇਦਿ ਸਟਹੰਸ ਕੰਸ ਬੰਸਹਿ ਬਿਧੁ ਸਥਾਲ
ਕੀਜੀਯੇ ਸਹਾਇ ਮੋਹਿ ਮੈਨ ਬਿਸ ਰਾਇ ਹੋ ॥860॥
ਨਮੋ ਰਾਵਣਾਰਿਨ ਮੋ ਅੰਗੁਲ ਪਹਾਰ ਧਾਰ
ਨਮੋ ਚਾਰਿ ਮੂਰਤਿ ਬਿਲੋਕਿ ਅਮੀ ਪੀਜਿਯੇ ॥
ਨਮੋ ਕੁੰਜ ਚਾਰੀਵਰ ਨਮੋ ਗੁੰਜ ਹਾਰੀ ਹਰਿ
ਨਮੋ ਬਾਰੀ ਜਨੁ ਨੈਨਨ ਜਯਾਏ ਜਾ ਕੇ ਜੀਜਿਯੇ ॥
ਨਮੋ ਸਰਬ ਬਿਯਾਪੀ ਨਮੋ ਸੰਤ ਸੁਖ ਰਾਸੀ
ਬੇਦੀ ਕੰਜ ਬਨੁ ਹੰਸ ਸੁਖ ਤਾ ਕੋ ਕੀਜਿਯੇ ॥
ਮੈ ਹੋ ਲਘਿ ਨਾਰੀ ਰੋਗਿ ਪਾਧਰੀ[1] ਕੀ ਜਾਰੀ,
ਮਾਹਿ ਰੋਗ ਹਾ ਬਿਹਾਰੀ ਰੁਜ ਹਾਰੀ ਰਾਖਿ ਲੀਜਿਯੇ ॥861॥

॥ ਦੋਹਰਾ ॥

ਔਹ ਬਿਨੈ ਬਹੁ ਬਿਧਿ ਲਿਖੀ ਹਮ ਸੇਵਕੁ ਹੈ ਬਾਰ ॥
ਜਿਵ ਭਾਵੈ ਤਿਵ ਰਾਖੀਏ ਦੁਖ ਤੇ ਕੀਜੇ ਪਾਰ ॥862॥

॥ ਚੌਪਈ ॥

ਚਲਾ ਪ੍ਰਧਾਨ ਰਿਦੇ ਹੁਲਸਾਵਾ ॥ ਰਾਣੀ ਪੇਕੇ ਆਇ ਥਿਰਾਵਾ ॥
ਸੁਣ ਬਿਰਤਾਂਤ ਸਭੈ ਹਰਖਾਏ ॥ ਰਾਣੀ ਭ੍ਰਾਤ ਚਲਾ ਹੁਲਸਾਏ ॥863॥
ਦੋਨੋ ਮਿਲ ਗੁਰ ਪਹਿ ਚਲਿ ਆਏ ॥ ਆਇ ਹਜੂਰੰ ਮਾਥ ਨਿਵਾਏ ॥
ਆ ਮਾਣੂਓ ਖਬਰੁ ਸੁਨਾਵੋ ॥ ਰਾਣੀ ਕੈਸੇ ਹੈ ਸੁਗਲਾਵੋ ॥864॥
ਸੁਨਿ ਗੁਰ ਬਾਨੀ[2] ਅਚਰਜ ਮਾਨਾ ॥ ਕੈਸੇ ਇਨ ਨੇ ਆਗੇ ਜਾਨਾ ॥
ਤਿਨ ਜਾਨਾ ਗੁਰ ਅੰਤਰੁਜਾਮੀ ॥ ਘਟ ਘਟ ਕੇ ਹੈ ਪ੍ਰੇਰਕ ਸੁਾਮੀ ॥865॥

॥ ਦੋਹਰਾ ॥

ਭੇਟਾ ਅਰਜੀ ਅਗ੍ਰ ਧਰ ਖਰੇ ਭਏ ਕਰੁ ਜੋਰੁ ॥
ਗੁਰੂ ਬਚਾਵਨੁ ਤਬ ਕਰੀ ਜਿਸ ਮੈ ਪ੍ਰੇਮ ਨਿਚੋਰ,॥866॥
ਸ੍ਰੀ ਕਮਲਾਨਨ ਬੈਨਿ ਕਹਿ ਬੈਠੇ ਜਾਹੁ ਬਿਨੁ ਦੇਰੁ ॥
ਗੁਰੂ ਨਾਨਕੁ ਕਾਰਜਿ ਕਰੇ ਜਿਨੋ ਪ੍ਰਤਾਪੁ ਉਚੇਰ ॥867॥
ਅਸ ਪ੍ਰਸੰਗ ਇਤ ਹੋਤ ਭਾ ਰਾਣੀ ਬਹੁ ਦੁਖੁ ਪਾਇ ॥
ਗੁਰੂ ਸੁ ਗੁਰੂ ਪੁਕਾਰਤੀ ਆਰਤ ਹੁਇ ਹੁਇ ਜਾਇ ॥868॥

॥ ਸੋਰਠਾ ॥

ਇਮ[3] ਅਤਿ ਆਰਤ ਹੋਇ ਬਿਨਯ ਕਰੀ ਪਟਰਾਨਿ ਜਬ ॥
ਪਹੁਚੀ ਪ੍ਰਭੁ ਸਰੂਤਿ ਸੋਇ ਅਵਿਲੰਬਹਿ ਹੈ ਤਾਹਿ ਛਿਨ ॥869॥

1. ਅ ਪੋਥੀ ਪਾਰਧੀ 2. ੲ ਪੋਥੀ ਵਾਕੰ 3. ੲ ਪੋਥੀ ਅਸ

॥ ਚੌਪਈ ॥

ਕਹੇ ਬਜੀਰ ਸੁ ਰਾਜਾ ਸੁਨੀਏ ॥ ਕਮਲਨੈਨ ਕੌ ਈਸ੍ਰਰ ਗੁਨੀਏ ॥
ਦਰਸਨ ਤਿਨ ਕੋ ਬਿਸਨ ਸਮਾਨਾ ॥ ਧਰਮੁ ਬਿਖੇ ਰਘੁਬੀਰ ਸੁਜਾਨਾ ॥894॥
ਸਮ ਸਵਿਤਾ ਕੇ ਤੇਜ ਦ੍ਰਿਸਟਾਵੈ ॥ ਸੀਤਲਤਾ ਛੱਤ੍ਰ ਪਰ ਚੰਦ ਸੁਹਾਵੈ ॥
ਛੋਤੀ ਸਮ ਅਤ੍ਰ ਧੀਰਜ ਧਾਰੀ ॥ ਤੁਲ ਤਰੁ[1]-ਸਮ ਪਰ ਉਪਕਾਰੀ ॥895॥
ਮੇਘ ਸਮਾਨ ਉਦਾਰ ਸੁਹਾਈ ॥ ਦ੍ਰਵੀ ਭੂਤ ਸਮ ਤੌ ਇਸ ਦਾਈ ॥
ਪ੍ਰਵਨ[2] ਸਮਾਨ ਅਲੇਪ ਰੁਹਾਵੈ ॥ ਸਮ ਸਮੇਰ ਸਦ ਅਚਲ ਥਿਰਾਵੈ ॥896॥

॥ ਦੋਹਰਾ ॥

ਰਾਜਾ ਰਾਨੀ ਗੁਰ ਨੰਤ੍ਰ ਸੁਨ ਹਰਖੇ ਮਨ ਮਾਹਿ ॥
ਭੇਟਾ ਭੇਜੈ ਗੁਰ ਨ੍ਰਿਕਟਿ ਜਿਨ ਕੀਨ ਮਯਾ[3] ਗ੍ਰਿਹਿ ਮਾਂਹਿ ॥897॥

॥ ਚੌਪਈ ॥

ਪੰਚ ਬੀਟ ਕਸਤੂਰੀ ਭਾਰੀ ॥ ਪੰਚੰ[4] ਗੰਜ ਗਾਹਿ ਦੀਸਤ ਚਾਰੀ ॥
ਗਾਤ੍ਰੇ ਪੰਚ ਰੁਚਭ ਬੁਲਗਾਰ ॥ ਔਰੁ ਬਸਤੁ ਜਿਨ ਮੌਲਿ ਅਪਾਰੁ ॥898॥
ਦੋਇ ਗੁਟੇ ਮੇਵੇ ਬਹੁ ਡਾਲੀ ॥ ਔਰੁ ਸੁ ਦਮਰੇ ਬਹੁਤੇ ਨਾਲੀ ॥
ਦੈ ਵਜੀਰ ਕੋ ਤੁਰਤ ਪਠਾਵਾ ॥ ਲੇ ਕਰੁ ਭੇਟ ਹਜੂਰੈ ਆਵਾ ॥899॥
ਪਾਨ ਬੰਦ ਕਰ ਮਾਥ ਨਿਵਾਵਾ ॥ ਭੇਟ ਦੀਨੀ ਹਰਖੁ ਬਹੁ ਪਾਵਾ ॥
ਕਮਲ ਬਦਨ ਬਹੁ ਆਦਰ ਦੀਨਾ ॥ ਪੂਛਤ੍ਰ ਭੇ[6] ਬਹੁ ਹਰਖੰ ਲੀਨਾ ॥900॥

॥ ਦੋਹਰਾ ॥

ਰਾਜਾ ਰਾਨੀ ਸੁਖ ਹੈ ਕਹੁ ਪ੍ਰਧਾਨ ਪ੍ਰਬੀਨ ॥
ਸਚਿਵ ਗੁਰਬਾਨੀ ਸੁਨੀ ਮਨ ਭਾ ਹਰਖ ਲਵੀਨ ॥901॥
ਹੋਇ ਨਿਮ੍ਰ ਅਰਜੀ ਭਨੀ ਤੁਮਰੀ ਕ੍ਰਿਪਾ ਦਿਆਲ ॥
ਸੁਖੀਏ ਜਗ ਮੋ ਆਜ ਭੇ ਪੂਛਾ ਹੋਇ ਕ੍ਰਿਪਾਲ ॥902॥

॥ ਚੌਪਈ ॥

ਸਚਿਵ ਭਨੇ ਸੁਨਿ ਬਿਨੇ ਸੁਆਮੀ ॥ ਰਾਜੇ ਸੁਤ ਦੇਹੁ ਅੰਤਰਜਾਮੀ ॥
ਔਰੁ ਬਸਤ੍ਰ ਕੀ ਕੀਖ ਨ ਕਾਈ ॥ ਤਾਤ ਬਿਨਾ ਰਾਜਾ ਦਖੁ ਪਾਈ ॥903॥
ਮੰਤ੍ਰੀ ਪ੍ਰਤਿ ਸ੍ਰੀ ਸਤਿਗੁਰ ਭਾਖਾ ॥ ਏਕ ਬਰਸੰ[7] ਪੂਰੈ ਅਭਲਾਂਖਾ ॥
ਏਕ ਫਲੰ ਤਬ ਸਤਿਗੁਰ ਦੀਨਾ ॥ ਰਾਨੀ ਪ੍ਰਤਿ ਦੇਵੋ ਪ੍ਰਵੀਨਾ ॥904॥
ਸਿਰੋਪਾਇ ਬਖਸਾ ਗੁਰ ਪੂਰੇ ॥ ਲੇ ਵਜੀਰ ਗਮਨਾ ਤਬ ਤੂਰੇ ।
ਦੰਪਤਿ ਲੇ ਫਲੁ ਮਨੁ ਹਰਖਾਏ ॥ ਖਾਵਾ ਰਾਨੀ ਚਿਤੁ ਹੁਲਸਾਏ ॥905॥

---

1. ਅ ਪੋਥੀ ਤਰੂ 2. ਅ ਪੋਥੀ ਕੰਜ 3. ਅ ਪੋਥੀ ਬੀਨ ਸਭੇ 4. ਅ ਪੋਥੀ ਪੰਜ 5. ਅ ਪੋਥੀ ਭਏ
6. ਅ ਪੋਥੀ ਕਮੀ 7. ੲ ਪੋਥੀ ਸੰਮਤ

(ਸੰਨਿਆਸੀ ਦਾ ਨਿਸਤਾਰਾ)

ਏਹੁ ਚਰਿਤੁ ਆਗੇ ਕਹੋਂ ਸੁਨੋ ਔਰ ਇਤਹਾਸ ॥
ਇਕ ਸੰਨਿਯਾਸੀ ਦੇਸ ਮੋ ਜੰਤ੍ਰ ਮੰਤ੍ਰ ਕਰ ਰਾਸ ॥906॥

॥ ਚੌਪਈ ॥

ਗੁਰ ਕੋ ਜਗਾ ਮੋ ਦਿਖ ਪਰਤਾਪੂ ॥ ਸੋ ਨ ਸਹਾਰੇ ਜਨ ਡਸ ਸਾਪੂ ॥
ਇਰਖਾ ਮਨ ਮੋ ਬਧੀ ਅਪਾਰਾ ॥ ਚਾਹੇ ਰਾਰੋ ਮਹਾਂ ਗਵਾਰਾ ॥907॥
ਜਾਸ ਨਗਰ ਮੋ ਸਤਿਗੁਰੂ ਥਿਰੇ ॥ ਚਹੇ ਸੰਨਿਆਈ[1] ਜਾਦੂ ਕਰੇ ॥
ਅਰਧ ਨਿਸਾ ਜਬ ਬੀਤ ਸੁ ਗਈ ॥ ਏਕ ਬਿੜਾਲ ਤਿਨ ਪ੍ਰੇਰਨ ਕਈ ॥908॥
ਸਿਰ ਤਿਸੁ ਦੀਵਾ ਆਈ ਧਾਈ ॥ ਗੁਰੂ ਮੰਜੁ[2] ਤਰਸ[2] ਗਰ ਹਾਈ ॥
ਆਵਤ ਹੀ ਤਿਨ ਤਰਜਨ ਕੀਨੀ ॥ ਪਾਸ[3] ਸੰਨਿਯਾਸੀ ਦੌਰੀ ਦੀਨੀ ॥909॥
ਸੋ ਦੀਵਾ ਤਿਸ ਉਪਰਿ ਮਾਰਾ ॥ ਗਿਰ ਸੰਨਿਯਾਸੀ ਪਾਵ ਪਸਾਰਾ ॥
ਇੰਦ੍ਰਿਨ ਦ੍ਵਾਰ ਰੁਧਰ ਬਹੁ ਜਾਵੈ ॥ ਉਲਟਾ ਜਾਦੂ ਬਹ ਦੁਖੁ ਪਾਵੈ ॥910॥
ਹਾਇ ਹਾਇ ਕਰੁ ਹਾਇ ਪੁਕਾਰਾ ॥ ਰੋਦਤ ਦੁਖ ਕਰ[4] ਸਿਰੁ ਬਹੁ ਮਾਰਾ ॥
ਲੋਗਨ ਮਾਂਹਿ ਬਾਤ ਪ੍ਰਗਟਾਈ ॥ ਜਾਦੂ ਗੁਰ ਸੋ ਜਤੀ ਕਰਾਈ ॥911॥

॥ ਦੋਹਰਾ ॥

ਗੁਰ ਸੋ ਜੰਤ੍ਰ ਚਾਲੋ ਨਹੀ ਪਲਟ[5] ਪਰਾ ਸਿਰ ਤਾਂਹਿ ॥
ਸੰਤਨ ਸੋ ਅਧਕੀ ਕਰੇ ਹੋਇ ਦੁਖੀ ਜਗ ਮਾਹਿ ॥912॥

॥ ਹਾਲਕ ਛੰਦੁ ॥

ਮਿਲ ਲੋਗਨ ਕੀਨ ਸਲਾਹਾ ॥ ਚਲਿ ਆਏ ਗੁਰ ਕੇ ਪਾਹਾ ॥
ਜੁਗ ਪਾਨੰ ਜੋਰ ਕਹੰਦੇ ॥ ਗੁਰ ਸੁਨੀਏ ਸਿਰੀ ਮੁਕੰਦੇ ॥913॥
ਸੰਨਿਯਾਸੀ ਪਾਪ ਕਮਾਵਾ ॥ ਜੋ ਕੀਨੋ ਸੋ ਫਲ ਪਾਵਾ ॥
ਤੁਮ ਬਖਸੋ ਦੀਨ ਦਇਆਲਾ ॥ ਪ੍ਰਭ ਸਦਾ ਸਦਾ ਕਿਰਪਾਲਾ ॥914॥
ਸ੍ਰੀ ਗੁਰ ਜੀ ਬੈਨ ਬਖਾਨਾ ॥ ਤੁਮ ਸੁਨੋ ਲੋਗ ਬੁਧਿਵਾਨਾ ॥
ਗੁਰ ਨਾਨਕ ਕੋ ਘਰੁ ਆਂਹੀ ॥ ਜਸਿ ਕਰੇ ਤੈਸ ਫਲੁ ਪਾਂਹੀ ॥915॥
ਅਬ ਮਿਲ ਕਰਿ ਕੇ ਤੁਮ ਆਏ ॥ ਹਮ ਦੇਵੈਂ ਪੀਰੁ[6] ਮਿਟਾਏ ॥
ਇਕ ਸਿੰਘ ਕੋ ਗੁਰ ਜੀ ਪ੍ਰੇਰਾ ॥ ਤੁਮ ਜਾਵੋ ਕਰੋ ਨ ਦੇਰਾ ॥916॥
ਸ੍ਰੀ ਵਾਹਿਗੁਰੂ ਮੁਖ ਗਾਵੋ ॥ ਜਲ ਸੰਚੋ ਦੇਰਿ ਬਿਹਾਵੋ ॥
ਸੁਨਿ ਸਤਿਗੁਰ ਕੀ ਸੁਭ ਬਾਨੀ ॥ ਚਲਿ ਪਹੁਚੋ ਦੇਰੁ ਬਿਹਾਨੀ ॥917॥

॥ ਦੋਹਰਾ ॥

ਜਤੀ ਸੁ ਪਰਾ ਪੁਕਾਰ ਹੀ ਚਲਾ ਰੁਧ੍ਰ ਬਹੁ ਜਾਇ ॥

---

1. ਅ ਪੋਥੀ ਸੰਨਿਯਾਸੀ 2. ਅ ਪੋਥੀ ਸੁਜੁਤਰ ਇਕਸ 3. ੲ ਪੋਥੀ ਪਾਇ 4, ੲ ਪੋਥੀ ਗੁਤ
5. ਅ ਪੋਥੀ ਉਲਟ 6. ੲ ਪੋਥੀ ਪੀੜ

ਹਾਇ ਪੁਕਾਰੇ ਸਿਰ ਧੁਨੈ ਬਾਰ ਬਾਰ ਪਛੁਤਾਇ ॥918॥
ਗੁਰ ਚਰਨਨ ਸਿਖ ਧਯਾਨ ਕਰ ਹਾਥ ਕਮਲ ਜਲ ਧਾਰ ॥
ਵਾਹਿਗੁਰੂ ਮੁਖ ਨਾਮ ਭਨ ਸੰਚਿ ਦੀਨ ਤਿਹ ਬਾਰ ॥919॥

॥ ਹਾਲਕ ਛੰਦ ॥

ਜਬ ਭਾਈ[1] ਸੰਚਾ ਨੀਰਾ ॥ ਸੁਖ ਹੋਵਾ ਬੇਗ ਸਰੀਰਾ ॥
ਸੰਨਿਆਸੀ ਹੁਇ ਅਤਿ ਦੀਨਾ ॥ ਚਲਿ ਆਵਾ[2] ਲਾਜ ਸੁ ਭੀਨਾ ॥920॥
ਮੁਖ[3] ਸਰਨੰ ਸਰਨ ਪੁਕਾਰਾ ॥ ਮੈ ਕੀਨਾ ਬਹੁ ਅਪਕਾਰਾ ॥
ਤੁਮ ਬਖਸ਼ਨ ਜੋਗ ਦਿਆਲਾ ॥ ਸ੍ਰੀ ਸਤਗੁਰੁ[4] ਕਰਨਾ ਆਲਾ ॥921॥
ਤਬ ਸ੍ਰੀ ਗੁਰ ਬੈਨ ਬਖਾਨਾ ॥ ਸੰਨਿਆਸੀ[5] ਸੁਨਿ ਦੈ ਕਾਨਾ ॥
ਤੁਮ ਮਾਨੁਖ ਦੇਹੀ ਪਾਈ ॥ ਕਿਮ ਚਾਹੋ ਬ੍ਰਿਥਾ[6] ਗਵਾਈ ॥922॥
ਇਨ ਮੂਤਨ ਤੇ ਕਯਾ[7] ਹੋਵੈ ॥ ਬਿਨ ਨਾਵੈ[8] ਅੰਤੈ ਹੋਵੈ ॥
ਤਨ ਆਦਿ ਸਾਥ ਨ ਜਾਇ ॥ ਸਤਨਾਮੰ[9] ਕਰੇ ਸਹਾਇ ॥923॥

॥ ਦੋਹਰਾ ॥

ਕਮਲ ਬਦਨ ਕੇ ਬੈਨ ਸੁਨਿ ਉਪਜੀ ਪ੍ਰੀਤ ਅਪਾਰ ॥
ਚਰਨ ਕਮਲ ਕੋ ਗਹਿ ਰਹਾ ਕੀਜੈ ਭਵ ਤੇ ਪਾਰ ॥924॥

॥ ਚੌਪਈ ॥

ਚਰਨ ਘਾਲ ਤਬ ਸ੍ਰੀ ਗੁਰ ਦੀਨੀ ॥ ਪਾਨ ਕਰੀ ਮਨ ਹਰਖ ਨਵੀਨੀ ॥
ਵਾਹਗੁਰੂ ਮੁਖ ਨਾਮ ਜਪਾਵਾ ॥ ਗੁਰ ਸਿਖੀ ਕੇ ਮਗ ਮੋ ਲਾਵਾ[10] ॥925॥
ਕੀਟੀ ਤੇ ਕਰ ਦਿਨ ਗਜਿੰਦ ॥ ਨਰਕੀ ਤੇ ਗੁਰ ਕੀਨ ਸੁਰਿੰਦ ॥
ਗੁਰ ਕਿਰਪਾ ਤੇ ਸਿੱਖੀ ਪਾਈ ॥ ਜਨਮ ਮਰਨ ਤਿਨ ਗਯੋ ਬਿਲਾਈ ॥926॥
ਐਸੇ ਸਤਿਗੁਰ ਬਹੁਤ ਉਧਾਰੇ ॥ ਜਿਹ ਦਰਸੇ ਸੁਖ ਭਏ ਅਪਾਰੇ ॥
ਕਰ ਨਿਹਾਲ ਦੇਸ ਸੁ ਸਾਰਾ ॥ ਆਨੰਦਪੁਰ ਮੋ ਗੁਰ ਪਗ ਧਾਰਾ ॥927॥

(ਚੋਚਾ ਰਾਣੀ ਦਾ ਦਰਸ਼ਨਾਂ ਨੂੰ ਆਉਣਾ)

॥ ਦੋਹਰਾ ॥

ਆਨੰਦਪੁਰ ਗੁਰ ਥਿਤ ਭਏ ਬੀਤਿਓ ਸੰਮਤ ਏਕ ॥
ਚੋਚਾ ਰਾਨੀ ਸੁਪਨੇ ਭਾ ਚਾਹਿ ਦਰਸ ਬਿਸੇਕ ॥928॥

॥ ਹਾਲਕ ਛੰਦ ॥

ਰਾਜਾ ਰਾਨੀ ਮਨੁ ਬੀਚਾਰਾ ॥ ਚਲ ਦਰਸੈ[11] ਗੁਰ ਦਰਬਾਰਾ ॥

---

1. ਅ ਪੋਥੀ ਤਬ ਸੰਚਾ 2. ਅ ਪੋਥੀ ਤਬ ਲਾਜੋ 3. ਅ ਪੋਥੀ ਤਬ ਮੁਖ 4. ਅ ਪੋਥੀ ਪਾਠਾਂਤਰ : ਜੀ ਤਬ ਕਰਣਾ 5. ਅ ਪੋਥੀ ਤਬ ਸੁਨ 6. ਅ ਪੋਥੀ ਜਨਮ ਗਵਾਈ 7. ਅ ਪੋਥੀ ਪਾਠਾਂਤਰ: ਕਯਾ ਸਿਧ ਹੋਵੈ 8. ਅ ਪੋਥੀ ਪਾਠਾਂਤਰ : ਨਾਵੈ ਵਹੈ ਅੰਤਰਿ 9. ਅ ਪੋਥੀ ਤਬ ਕਪੈ 10. ਅ ਪੋਥੀ ਆਵਾ 11. ਅ ਪੋਥੀ ਤਬ ਗੁਰ

ਤਬ ਆਨੰਦਪੁਰ ਮੈ ਆਏ ॥ ਗੁਰ ਦਰਸੇ ਪ੍ਰੀਤੀ ਲਾਏ[1] ॥੭੨੯॥
ਬਹੁ ਰਾਖੀ ਕੌਰ ਅਗਾਰੀ ॥ ਮੁਖ ਕਹਿ.ਗੁਰ ਪੈ ਬਲਿਹਾਰੀ ॥
ਸੁ ਤੂ ਪਰਾ ਗੁਰ ਕੀ ਚਰਨੀ ॥ ਮਨ ਲਾਗੀ ਰਤ ਭਵ ਤਰਨੀ ॥930॥
ਤਬ ਗੁਰ ਜੀ ਸਿਵਰ ਕਰਾਵਾ ॥ ਪਰਸਾਦੰ ਸਰਬ ਦਿਵਾਵਾ ॥
ਰਹਿ ਤੀਨ ਦਿਨਾ ਗੁਰ ਪਾਸੀ ॥ ਨਿਤ ਦਰਸੈ ਸੁਖਮਾ ਰਾਸੀ ॥931॥

॥ ਦੋਹਰਾ ॥

ਲੀਨ ਖੁਸੀ ਸਤਿਗੁਰੂ ਤੇ ਸਿਰੋਪਾਇ ਗੁਰ ਦੀਨ ॥
ਗੁਰ ਸਿਖੀ ਮਨ ਮੋਂ ਧਰੀ ਵਾਹਿਗੁਰੂ ਮਨ ਭੀਨ ॥932॥

॥ ਚੌਪਈ ॥

ਬਿਦਾ ਹੋਇ ਕਰ ਭਵਨੁ ਸਿਧਾਰੇ ॥ ਸਦਨ ਸੁ ਗਏ ਹਰਖੁ ਮਨੁ ਭਾਰੇ ॥
ਦੇਖੈ ਸੋਢੀ ਮਨ ਖੁਨਸਾਵੈ ॥ ਚਾਂਹੇ ਚਿਤ ਮੈਂ ਰਾਰ ਬਧਾਵੈ ॥933॥
ਦੁਆਬੇ ਮੀਰੋ ਵਾਲ ਸੁ ਗਾਉਂ ॥ ਰਹੈ ਸਿਖ ਰਤਨ ਸਿੰਘ ਨਾਉਂ ॥
ਬੰਗਿਆਂ ਪਾਸਿ ਸੁ ਗੁਰ ਕਾ ਥਾਨੁ ॥ ਚਰਨ[2] ਸੁਕੋਲੀ ਗੁਰ ਸਿਖ ਮਾਨੁ ॥934॥

॥ ਦੋਹਰਾ ॥

ਕੀਰਤ ਪੁਰ ਕੇ ਜਾਤ ਹੀ ਹਰਿ ਗੋਬਿੰਦ ਸੁਖਦਾਇ ॥
ਸੁਚੇਤਾ ਗੁਰ ਜੀ ਤਹਾ ਕਰਾ ਸਿਖ ਪੂਜੈਂ ਹਿਤ ਲਾਇ ॥935॥

((ਭਾਈ ਰਤਨ ਸਿੰਘ ਦੀ ਇਛਾ ਪੂਰੀ ਕਰਨੀ)

॥ ਚੌਪਈ ॥

ਤਿਥੇ ਥਾਨੁ ਰਤਨੁ ਸਿੰਘ ਜਾਈ ॥ ਸੁਖਨਾ ਕੀਨੀ ਮਨੁ ਹਰਖਾਈ ॥
ਘੋੜੀ ਅਸੂ ਜੁਗ ਹਮਰੇ ਧਾਮੂ ॥ ਜੇ ਬਿਕ ਜਾਵੈ ਪੂਰਨ ਕਾਮੂ[3] ॥
ਰੁਪਯੇਂ ਅਢਾਈਨ ਕਾ ਪਰਸਾਦਿ ॥ ਕਰਵਾਵੋ ਬਿਨੁ ਦੇਰੁ ਅਹਿਲਾਦੁ ॥
ਤਿਸੇ ਹੀ ਦਿਨ ਦੋਨੋ ਬਿਕ ਗਏ ॥ ਸਭ ਪਰਵਾਰੁ ਮਿਲ ਹਰਖਤ ਭਏ ॥937॥
ਸ੍ਰੀ ਗੁਰ[4] ਸਾਹਿਬ ਸਿੰਘ ਦਇਆਲ ॥ ਪੰਚ ਸਵਾਰੁ ਲੇ ਅਪੁਨੇ ਨਾਲ ॥
ਪੁਰਿ ਅਨੰਦ ਤੇ ਚੜ੍ਹੇ ਗੁਸਾਈ ॥ ਬੀਚ ਦੁਆਬੇ ਗੇ[5] ਹਰਖਾਈ ॥938॥
ਚਰਨ ਸਕੌਲੀ ਆਇ ਥਿਰਾਨੇ ॥ ਸਾਧ ਪੁਜਾਰੀ ਦਿਖ ਹਰਖਾਨੇ ॥
ਤਿਨ ਸੇਵਾ ਕੀਨੀ ਹਿਤ ਲਾਈ[5] ॥ ਪ੍ਰਸਾਦ ਛਕਾਵਾ ਮਨੁ ਹਰਖਾਈ[6] ॥939॥

॥ ਦੋਹਰਾ ॥

ਪ੍ਰਸਾਦ ਰੁਪਯੇ ਸਵੇ ਕਾ ਰਤਨ ਸਿੰਘ ਕਰ ਲੀਨ ॥
ਮਨਸਾ ਹਰਿ ਸੁ ਚਰਨ ਸਿੰਘ ਦੋਨੋ ਸਾਥੰ ਕੀਨ ॥940॥

---

. ਅ ਪੋਥੀ ਪਾਠਾਂਤਰ: ਪ੍ਰੀਤੀ ਮਨ ਲਾਏ 2. ਅ ਪੋਥੀ ਸੁ ਕੋਣੀ 3. ੲ ਪੋਥੀ ਕਾਸੂ 4. ੲ ਪੋਥੀ ਸਤਿਗੁਰ
. ੲ ਪੋਥੀ ਗਏ 5. ੲ ਪੋਥੀ ਲਾਵਾ 6. ੲ ਪੋਥੀ ਹਰਸਾਵਾ

ਔਰੁ ਪ੍ਰਵਾਰੰ ਲੇ ਕਰ ਸਾਰਾ ॥ ਚਰਨ ਸੁ ਕੌਲੀ ਗੇ ਬਿਨੁ ਬਾਰਾ ॥
ਗੁਰੂਦੁਆਰੇ ਮਾਥਿ ਨਿਵਾਈ ॥ ਹਾਥੁ ਜੋਰੁ ਬਹੁ ਬਿਨਤੀ ਗਾਈ ॥941॥
ਕਹੇ ਅਢਾਈ ਅਰਧ ਕਰਾਯਾ ॥ ਸੰਵਾ ਸੁ ਅਪਨੇ ਤਰੇ ਦਬਾਯਾ ॥
ਸਾਧ ਪਾਸ ਅਰਦਾਸੁ ਕਰਾਈ ॥ ਤਿਨੇ ਬਧਾਈ ਉਚਿ ਸਨਾਈ ॥942॥
ਕਹਯੋ ਹਜੂਰ ਗੁਰ ਬਹਰਾ[1] ਨਾਂਹੀ ॥ ਉਚ ਪੁਕਾਰੁ ਕਰੁ ਲੋਕਿ ਸੁਨਾਈ ॥
ਸੁਨੋ ਸਿਖੋ ਬਡ ਚਤੁਰ ਕਹਾਵੋ ॥ ਇਕੁ ਛਾਪਾ ਬਿਬ ਰਾਹਿ ਅੜਾਵੋ ॥943॥

॥ ਦੋਹਰਾ ॥

ਜਬ ਕਾਰਜਿ ਜਗੁ ਮੋ ਬਨੇ ਗੁਰੂ ਪੁਕਾਰੋ ਦੀਨ ॥
ਹੋਵੈ ਕਾਰਜਿ ਸਿਧ ਜਬ ਮੰਨਤੁ ਲੁਕਾਵੰਨ ਕੀਨ ॥944॥
ਰਤਨ ਸਿੰਘ[2] ਸੁਣਿ ਪੂਛਿਓ ਅਹੇ ਪੁਰਖੁ ਇਹ ਕੌਣ ॥
ਕਹਿ ਸਾਧ ਗੁਰ ਸਾਹਿਬ ਸਿੰਘ ਰਚੇ ਸਕਲ ਜਿਹ ਭੌਣ ॥945॥

॥ ਚੌਪਈ ॥

ਸਾਧ ਪ੍ਰਸਾਦ ਬਾਂਟਿ ਕੀਨਾ ॥ ਮੰਜੀ ਰਾਖਾ ਗੁਰ ਕੋ ਦੀਨਾ ॥
ਗੜਵੇ ਪਰੁ ਗੁਰੁ ਦੀਨ ਟਿਕਾਈ ॥ ਲੇ ਲੇ ਸੰਗਤਿ ਸਦਨ ਸਿਧਾਈ ॥946॥
ਰਤਨੁ ਸਿੰਘ ਗੁਰ ਚਰਨ ਮਹਾਨੇ ॥ ਹਮ ਹੈ ਸੇਵਕੁ ਸੁਖਮਾ ਖਾਨੇ ॥
ਹਮ ਭੂਲਨ ਮੈ ਸਦਾ ਦਇਆਲਾ ॥ ਤੁਮ ਬਖਸੰਦ ਸਦਾ ਕ੍ਰਿਪਾਲਾ ॥947॥
ਸੁਤ ਅਪਰਾਧ ਬਹੁਤ ਕਮਾਵੈ ॥ ਮਾਤਾ ਪਿਤਾ ਨਹਿ ਮਨ ਮੋ ਲਿਆਵੈ ॥
ਹਮ ਲੋਭੀ ਅੰਤਿ ਕਪਟੀ ਕਾਮੀ ॥ ਤੁਮ ਬਖਸੰਦ ਸਦਾ ਸੁਆਮੀ ॥948॥

॥ ਦੋਹਰਾ ॥

ਕਮਲ ਬਦਨੁ ਤਬ ਬਚ ਭਨਾ ਸੁਨੋ ਸਿਖ ਮਨੁ ਲਾਇ ॥
ਸੁਖਨਾ ਜਿਤਨਕ ਤੁਮ ਕਰੋ ਦੀਜੇ ਦੇਰੁ ਬਿਹਾਇ ॥949॥

॥ ਚੌਪਈ ॥

ਵਾਹਿਗੁਰੂ ਸਿਮਰੋ ਮਨੁ ਲਾਈ ॥ ਜਨਮੁ ਮਰਨੁ ਜਾਂਤੇ ਮਿਟ ਜਾਈ ॥
ਸਿਖ ਸਾਧ ਕੀ ਸੇਵਾ ਕੀਜੈ ॥ ਵੰਡ ਖਾਵੋ ਸਤਨਾਮ ਜਪੀਜੈ ॥950॥
ਰਤਨ ਸਿੰਘ ਸੁਨ ਗੁਰ ਕੀ ਬਾਨੀ ॥ ਹੁਇ ਪ੍ਰਸੰਨ ਤਬ ਬਿਨਤੀ ਠਾਨੀ ॥
ਮੀਰੋਵਾਲ ਪਾਵਨ ਕੀਜੈ ॥ ਜਾਨ ਗੁਲਾਮ ਮਯਾ[3] ਕਰੀਜੈ ॥951॥
ਸੁਨ ਕਰਿ ਸ੍ਰੀ ਗੁਰ ਕਹਾ ਪਿਆਰੇ ॥ ਆਵੈਗੀ ਹਮ ਬਹੁਤੀ ਬਾਰੇ ॥
ਐਸੇ ਕਹਿ ਗੁਰ ਅਸੁ ਮੰਗਾਵਾ ॥ ਭਏ ਸਵਾਰ ਮਨ ਹਰਖਾਵਾ ॥952॥

॥ ਦੋਹਰਾ ॥

ਵੰਗਯਾ ਪ੍ਰਤਿ ਸਤਗੁਰ ਚਲੇ ਰਤਨ ਸਿੰਘ ਲੇ ਨਾਲ ॥
ਚਟਨ ਸਿੰਘ ਭੀ ਸੰਗ ਚਲ ਜਾਗੀ ਪ੍ਰੀਤ ਬਿਸਾਲ ॥953॥

---

1. ੲ ਬੀਘ ਡੋਰਾ 2. ੲ ਪੋਥੀ ਹਥਿ 3. ੲ ਪੋਥੀ ਸੁ ਮਯਾ

॥ ਚੌਪਈ ॥

ਰਤਨ ਸਿੰਘ ਥੀ ਸਤਿਗੁਰ ਪੂਛਾ ॥ ਕਯਾ ਜਾਨੋਂ ਮੋਂ ਕੋ ਰਿਦ ਸੂਛਾ ॥
ਕਹਿ ਰਤਨ ਸਿੰਘ ਸੁਨੋ ਸੁਆਮੀ ॥ ਗੁਰ ਨਾਨਕ ਤੂੰ ਅੰਤਰਜਾਮੀ ॥954॥
ਸਾਹਿਬ ਭਨਾ ਚਲੋਂ ਮਮ ਨਾਲ ॥ ਗ੍ਰਿਹਿ ਕੁਟੰਬੁ ਸਭ ਤਜੋ ਜੰਜਾਲੁ ॥
ਸਗਲੁ ਜਗਤੁ ਕੋ ਮਿਥਿਆ ਜਾਨੋਂ ॥ ਰਜ ਬਿਖੇ ਜਿਮ ਸਾਪ ਬਖਾਨੋਂ[1] ॥955॥
ਰਾਉ ਰੰਕ ਨਹਿ ਰਹਣਾ ਪਾਵੈ ॥ ਮਰੁ ਮਰੁ ਕਰਿ ਸਭਿ ਨਰਕਿ ਸਿਧਵੈ ॥
ਗੁਰ ਕੀ ਸੇਵਾ ਸਭ ਤੇ ਊਚੀ ॥ ਜਿਨਿ ਜਿਨਿ ਕੀਨੀ ਹੋਏ ਸੂਚੀ ॥956॥

॥ ਦੋਹਰਾ ॥

ਰਤਨ ਸਿੰਘ ਕਰ ਜੋਰੁ ਕਰੁ ਬਿਨੈ ਭਨੀ ਸਿਰੁਨਾਇ ॥
ਮਾਤ ਪਿਤਾ ਅਤਿ ਬ੍ਰਿਧ ਹੈ ਆਗੇ ਜੈਸ ਰਜਾਇ ॥957॥

॥ ਚੌਪਈ ॥

ਮਾਤ ਪਿਤਾ ਕੀ ਟਹਲ ਪਵਿਤ੍ਰਾ ॥ ਕਰਤੇ ਹੈ ਜਗੁ ਪੁਰਖ ਬਚਿਤ੍ਰਾ ॥
ਦੇਵੀ ਦੇਵਾ[2] ਤਿਨੈ[3] ਮਨਾਏ ॥ ਮਾਤ ਪਿਤਾ ਜਿਨ[4] ਲੀਨ ਰਿਝਾਏ ॥958॥
ਬਚਨੁ ਬਿਲਾਸ ਕਰਤ ਗੁਰ ਪੂਰੇ ॥ ਵੰਞਾਯਾ ਮਾਂਝ ਗਏ ਦੁਖ ਚੂਰੇ ॥
ਸੁਖਦਾਈ ਧਰਧਸਾਲਾ ਗਏ ॥ ਸਿਖ ਸੰਤ ਤਹ ਮਿਲਨੇ ਅਏ ॥959॥
ਭੇਟਾ ਅਰਪੇ ਗੁਰੂ ਮਨਾਵੇ ॥ ਗੁਰ ਕੋਂ ਦਰਸੈ ਬਲਿ ਬਲਿ ਜਾਵੈਂ ॥
ਤੀਨ ਦਿਨਾ[5] ਗੁਰ ਤਹਾਂ ਰਹਾਏ ॥ ਦਰਸਨ ਕਰੁ ਕਰੁ ਸਿਖ ਹਰਖਾਏ ॥960॥

॥ ਦੋਹਰਾ ॥

ਰਤਨ ਇੰਘ ਸੁ ਚਰਨ ਸਿੰਘ ਵਿਦਾ ਕਰੇ ਗੁਰ ਪੂਰਿ ॥
ਆਪ ਗਏ ਆਨੰਦਪੁਰ ਜਿਨ ਦਰਸੇ ਅਘ ਚੂਰਿ ॥961॥

## (ਭਾਈ ਦਇਆਲ ਸਿੰਘ ਦੀ ਕਥਾ)

॥ ਚੌਪਈ ॥

ਕੁਰਛੇਤ੍ਰ ਕੀ ਧਰਤੀ ਮਾਹੀ ॥ ਦਯਾਲ ਸਿੰਘ ਬਾਢੀ ਇਕ ਆਹੀ ॥
ਹਰੀ ਸਿੰਘ ਕੋ ਸੁਵਨ ਕਹਾਵੈ ॥ ਵਾਹਿਗੁਰ ਸਦ ਜਾਪੁ ਕਮਾਵੈ ॥962॥
ਗ੍ਰਾਮ ਸਯਾਣੇ ਮਾਂਝ ਰਹਾਈ ॥ ਕ੍ਰਿਤ ਕਰੈ ਸਦ ਹੀ ਵੰਡ ਖਾਈ ॥
ਦਯਾਲ ਸਿੰਘ ਨੇ ਸੁਪਨਾ ਪਾਵਾ ॥ ਉਠ ਭੁਨਸਾਰੇ ਪਿਤਹਿ ਸੁਨਾਵਾ ॥963॥
ਸਾਹਿਬ ਸਿੰਘ ਗੁਰੂ ਦਰਸੁ ਦਿਖਾਯੋ ॥ ਦੂਰਦ ਅਬਾਰੀ ਕੰਚਨੁ ਲਾਯੋ ॥
ਛਤ੍ਰ ਚੋਰ ਹਾਟਕ ਜਟ ਸੋਹੈ ॥ ਜੋ ਦੇਖੈ ਤਿਸ ਕਾ ਮਨੁ ਮੋਹੇ ॥964॥

---

1. ਅ ਪੋਥੀ ਪਛਾਨੇ 2. ਮੂਲ ਪੋਥੀ ਦੇਵੀ 3. ਅ ਪੋਥੀ ਤਿਨੀ 4. ਮੂਲ ਪੋਥੀ ਜੀਨ 5. ਅ ਪੋਥੀ ਦਿਵਸ 6. ਅ ਪੋਥੀ ਨਾਮ ।

ਅਨਗਨ ਸੈਨਾ ਗਨੀ ਨ ਜਾਈ ॥ ਹੈ ਗੈ ਪਦ ਚਰ ਅੰਤੁ ਨਾ ਪਾਈ ॥
ਕਲਗੀ ਜਿਗਾ ਸੋਭਾ ਬਹੁ ਪਾਵੈ ॥ ਪੀਤ ਬਸਨੁ ਅਸਿ ਕੰਠਿ ਸੁਹਾਵੈ ॥965॥

॥ ਦੋਹਰਾ ॥

ਗੁਰ ਪ੍ਰਤਾਪੁ ਅਸਿ ਦੇਖ ਕੈ ਮੋ ਮਨੁ ਬਹੁ ਡਰੁ ਪਾਇ ॥
ਪਾਦ ਪਓਲੇ ਹੇਤ ਭਾ ਵਾਹਗੁਰੂ ਮੁਖ ਗਾਇ ॥966॥

॥ ਚੌਪਈ ॥

ਤਿਹ ਥਲ ਮੇ ਇਕੁ ਪੋਖਰ ਆਹੀ ॥ ਜਲ ਕਰ ਸੋ ਭਰਪੂਰਿ ਰਹਾਈ ॥
ਸਿੰਘਨ ਪ੍ਰਤਿ ਸ੍ਰੀ ਗੁਰੂ ਅਲਾਵਾ ॥ ਕਰਹਿ ਸਨਾਨੰ ਬਿਮਲ ਬਿਹਾਵਾ ॥967॥
ਚੌਕੀ ਸੇਵਕ ਆਨ ਡਸਾਹੀ ॥ ਰਦ ਧਾਵਨ ਕਰ ਨਾਵਨ ਚਾਹੀ ॥
ਕਰ ਸਨਾਨ ਗੁਰ ਬੁਸਤ੍ਰ ਪਾਇ ॥ ਕਮਲ ਬਦਨੁ ਸੁਭ ਬੈਨ ਅਲਾਇ ॥968॥
ਤਰ ਓਲੇ ਕਯੋ ਰਹਯੋ ਲੁਕਾਇ ॥ ਕਰ ਦਰਸਨ ਮਨ ਮੈ ਹਰਖਾਇ[1] ॥
ਸੁਨਿ ਐਸੇ ਮੈ ਬਾਹਰ ਹੁਇ ਕਰ ॥ ਚਰਨ ਕਮਲ ਪਰ ਮਾਥ ਹਿਤ ਧਰੁ ॥969॥
ਸਾਹਿਬ ਬਚਨੁ ਕੀਆ ਸੁਨ ਪ੍ਰਯਾਰੇ ॥ ਸਤ੍ਰਿਨਾਮੁ[2] ਸਿਮਰਹੁ ਸੁਖਕਾਰੇ ॥
ਕਾਮਾਇਕ ਸਭ ਹੀ ਰਸ ਤਯਾਗੋ ॥ ਗੁਰ ਸੇਵਾ ਮੈ ਨਿਤ ਹੀ ਪਾਗੋ ॥970॥

॥ ਦੋਹਰਾ ॥

ਗੁਰਬਾਨੀ ਨਿਤ ਪ੍ਰਤਿ ਰਟੋ ਮਮ ਆਗਿਆ ਰਿਦ ਧਾਰਿ ।
ਇਹ ਨਿਸਚਾ ਮਨ ਮੈ ਧਰੋ ਬਿਨ ਬੇਰੀ ਭਵ ਪਾਰੁ ॥971॥
ਕਲਧਾਰੀ ਪੋਤਾ ਕਹੈ ਸਾਹਿਬ ਸਿੰਘ ਮਮ ਨਾਮੁ ॥
ਸਿਖਨ ਤਾਰਨ ਕਾਰਨੇ ਨਾਮੁ ਜਪਾਵਨ ਕਾਮ ॥972॥

॥ ਹਾਲਕ ਛੰਦ ॥ ਚੌਪਈ ॥

ਗੁਰ ਐਸੇ ਬੈਨੁ ਬਖਾਨੇ ॥ ਤਬ ਲੋਪੁ ਭਏ ਗੁਨ ਖਾਨੇ ॥
ਖੁਲ ਨੈਨ ਗਏ ਤਬ ਮੇਰੇ ॥ ਮੈ ਅਚਰਜ ਭਯੋ ਬਡੇਰੇ ॥973॥
ਪਿਤ ਹਰੀ ਸਿੰਘ ਕਹਿ ਬਾਨੀ ॥ ਸੁਨ ਸੁਤ ਤੁਮ ਸਾਚਿ ਬਖਾਨੀ ॥
ਚਲ ਗੁਰ [ਕਾ][3] ਦਰਸਨੁ ਕੀਜੈ ॥ ਮਨੁ ਬਾਂਛਤ ਸਭੁ ਕਿਛੁ ਲੀਜੈ ॥973।
ਹੈ ਦਯਾਲ ਸਿੰਘ ਲਘੁ ਭਾਈ ॥ ਸਿੰਘ ਲਾਲ ਗਿਰਾ ਸੁਠਿ ਗਾਈ ॥
ਅਬਿ ਖੇਤੀ ਪਾਕੀ ਭਾਈ ॥ ਤੁਮ ਕੈਸੈ ਤਜੁ ਕਰੁ ਜਾਈ ॥975॥

॥ ਦੋਹਰਾ ॥

ਸਦਨ ਕਾਮ ਮੋ ਫਸਿ ਰਹੇ ਬੀਤੇ ਸੰਮਤਿ ਪਾਂਚ ॥
ਅਬ ਗਾਥਾ ਗੁਰ ਕੀ ਸੁਨੋ ਮੇਟੇ ਈਰਖ ਆਂਚ ॥971॥

---

1. ਪੋਥੀ ਅ ਸੁਖ ਧਾਈ 2. ੲ ਪੋਥੀ ਵਾਹਗੁਰੂ 3. ੲ ਪੋਥੀ ਵਿਚੋਂ

॥ ਚੌਪਈ ॥

ਸਮਲਵਾਦ ਨਗਰ ਕੇ ਮਾਂਹੀ ॥ ਕਰਮ ਸਿੰਘ ਇਕੁ ਸਿਖੁ[1] ਰਹਾਈ ॥
ਤਨੁ ਮੈ ਰੋਗ ਹੋਤ ਭਾ ਭਾਰੀ ॥ ਤਿਸ ਪੀੜਾ ਕਰਿ ਦੁਖਤ ਪੁਕਾਰੀ ॥977॥
ਗੁਰ ਕੀ ਸੁਖਨਾ ਹਿਤੁ ਕਰੂ[2] ਕੀਨ ॥ ਪੰਜ ਹਜਾਰ ਰਜਤ ਧਨ ਚੀਨ ॥
ਏਕ ਹਸਤਨੀ ਜੁਗਮ ਕਿਕਾਨਾ ॥ ਚੈਲ ਸੁ ਭੂਖਨ ਗੁਰ ਹਿਤ ਠਾਨਾ ॥978॥
ਹਾਥ ਬੰਦ ਬਹੁ ਨਿਮ੍ਰ ਸੁਭਾਵਾ ॥ ਦੁਖ ਤੇ ਰਾਖੋ ਬਹੁ ਮੈ ਪਾਵਾ ॥
ਸੰਕਟ ਕਾਟੋ ਗੁਰੂ ਮੁਰਾਰੀ ॥ ਮੇਰੀ ਪੈਜ ਰਖੋ ਗਿਰਧਾਰੀ ॥979॥

॥ ਕਬਿਤ ॥

ਸਰਨ ਪਾਲ ਦੀਨ ਦਯਾਲ ਭਗਤ ਨਰਪਾਲ[3]
ਮੋਕੋ ਅਬ ਕਰੋ ਪਾਰ ਦੁਖ ਬਹੁ ਜਾਲ ਤੇ ॥
ਕੂਬਰੀ ਸੁ ਤਾਰੀ ਤੁਮ ਸੰਕਟ ਨਿਵਾਰੀ ਗਜ
ਧ੍ਰੂ ਕੌਂ ਅਚਲ ਕਰ ਨੰਦ ਰਾਖਾ ਸਾਂਪ ਤੇ ॥
ਦ੍ਰੁਪਤਿ ਕੌ ਚੀਰ ਦੀਨ ਪੰਡ ਸੁਤ ਰਖਯਾ ਕੀਨ
ਬਿਦਰ ਕੇ ਗੇਹ[4] ਜਾਇ ਸਾਗ ਤੁਮ ਖਾਵਤੇ ॥
ਕਬੀਰ ਹਿਤ ਯਗਿ ਕੀਨ ਨਾਮੇ ਕੀ ਸੁ ਛੰਨ ਕੀਨ
ਸੁਦਾਮੇ ਕੌ ਬਿਤ ਦੀਨ ਧੰਨੇ ਧੇਨ ਚਾਰਤੇ ॥980॥

॥ ਸੋਰਠਾ ॥

ਅੰਤਰਜਾਮੀ ਜਾਂਨ ਗੁਰ ਕੀਨੀ ਅਸਿ ਅਰਦਾਸ ॥
ਸਿਖਨ ਕੇ ਮਨ ਕੀ ਜਾਨ ਭੇ ਤਿਆਰ ਸੁਖਰਾਸ ॥981॥

॥ ਚੌਪਈ ॥

ਸ੍ਰੀ ਗੁਰੂ ਸੇਵਕੁ ਏਕੁ ਬੁਲਾਵਾ ॥ ਕਰੋ ਤਿਆਰੀ ਦੇਰੁ ਬਿਹਾਵਾ ॥
ਧਤੁ ਬਚਨਿ ਕਹਿ ਤਯਾਰੀ ਕੀਨੀ ॥ ਵਾਹਿਗੁਰੂ ਸਿਮਰੇ ਬੁਧਿ ਭੀਨੀ ॥982॥
ਅਸ੍ਵ ਗੁਰ ਕੌ ਲਯਾਵਨ ਕੀਨਾ ॥ ਭੇ ਅਰੂਢ ਸ੍ਰੀ ਗੁਰ ਪ੍ਰਵੀਨਾ ॥
ਜਾਸ ਗ੍ਰਾਮ ਗੁਰ ਸਿਵਰ ਲਗਾਵੈ ॥ ਸੰਗਤਿ ਮਿਲੁ ਮਿਲੁ ਦਰਸਨ ਪਾਵੈ ॥983॥
ਤਿਨ ਕੇ ਮਨ ਕੀ ਜੋ ਇਛੁ ਹੋਈ ॥ ਪੂਰਨ ਹੋਵੈ ਦੇਰਿ ਨ ਕੋਈ ॥
ਸਮਸਵਾਦ ਮੋ ਸਿਵਰ ਲਗਾਵਾ ॥ ਕਰਮ ਸਿੰਘ ਸੁਨ ਮਨ ਹਰਖਾਵਾ ॥984॥
ਲੇ ਅਕੋਰ ਸੋ ਤਤੁ ਛਿਨੁ ਆਯੋ ॥ ਪਾਦ ਪਦਮ[5] ਪਰ ਸੀਸ ਨਿਵਾਯੋ ॥
ਓਦਨ ਸਰਪੀ ਮੈਦਾ ਆਨਾ ॥ ਦਾਰ ਸੁ ਦਾਨਾ ਝਟਕਾ ਠਾਨਾ ॥985॥
ਧਨੀਆ ਮਰਚੁ ਅਵਰੁ ਮਸਾਲੇ ॥ ਬਰਾ ਪਕੌਰੀ ਦੂਧ ਮੋ ਡਾਲੇ ॥
ਗੁਰ ਸੇਵਾ ਬਹੁ ਬਿਧਿ ਕਰਵਾਈ ॥ ਪ੍ਰਸਾਦ ਅਚਾਵਾ ਪ੍ਰੀਤੀ ਲਾਈ ॥986॥

---

1. ਅ ਪੋਥੀ ਨਿਰਮਲਾ 2. ਅ ਪੋਥੀ ਕਰਨਾ 3 ਅ ਪੋਥੀ ਨਰਛਪਾਲ 4. 'ੲ' ਪੋਥੀ ਗ੍ਰਿਹ
5. 'ੲ' ਪੋਥੀ ਚਰਨ ਕਮਲ

॥ ਦੋਹਰਾ ॥

ਸੇਵਾ ਗੁਰ ਕੀ ਬਹੁ ਬਿਧੀ ਕਰਵਾਈ ਹਿਤੁ ਲਾਇ ॥
ਪ੍ਰਸਾਦਿ ਅਚਾ ਜਬ ਸਤਗੁਰੂ ਲੇ ਸੀਤੰ ਤਬ ਖਾਇ ॥987॥

॥ ਸਵੈਯਾ ॥

ਸੀਤ ਪ੍ਰਸਾਦ ਜਬੈ ਮੁਖ ਪਾਇ ਤਬੈ ਦੁਖ ਦੂਰਿ ਗਏ ਬਿਨੁ ਦੇਰੀ ॥
ਬਾਤ ਤੇ ਪਾਤ ਜਿਵੈ ਅਹਿ ਮੋਰਤੇ ਸਿੰਘ ਤੇ ਏਣ[1] ਚਲਹਿ ਬਿਨੁ ਬੇਰੀ ॥
ਭਾਨ ਤੇ ਜਯੋ ਤਮ ਸੂਰ ਤੇ ਕਾਇਰੁ ਪਾਪ ਟਰੈ ਜਸੁ ਨਾਮ ਉਚੇਰੀ ॥
ਤਿਮ ਗੁਰ ਸਾਹਿਬ ਸਿੰਘ ਮਯਾ ਤੇ ਦੂਰ [ਭਯੋ ਦੁਖ][2] ਭਾਨ ਅਗੇਰੀ ॥988॥

॥ ਦੋਹਰਾ ॥

ਪੰਜ ਸਹਸ ਰੂਪੀ ਸੁਭਗ ਕਰਨੀ ਦੋਇ ਕਿਰਾਨ ॥
ਬਸਤ੍ਰ ਸਸਤ੍ਰ ਬਹੁ ਭੇਟ ਕੈ[3] ਕਰਮੁ ਸਿੰਘ ਹਰਖਾਨ ॥989॥

॥ ਚੌਪਈ ॥

ਹਾਥੁ ਜੋਰੁ ਕਰੁ ਅਰਜ ਬਖਾਨੀ ॥ ਕਮਲ ਨੈਨ ਸੁਨੀਏ ਗੁਨਖਾਨੀ ॥
ਚਾਰ ਪਦਾਰਥ ਤੁਮ ਦਾਤਾਰਾ ॥ ਛਿਨ ਮਹਿ ਦੇਵੋ ਕਰੋ ਨ ਬਾਰਾ ॥990॥
ਅਲਪ ਸੁ ਭੇਟ ਗੁਰ ਜੀ ਲੀਜੈ ॥ ਨਿਜ ਸੇਵਕਿ ਕਰਿ ਮਯਾ ਰਖੀਜੈ ॥
ਤਿਸ ਕੀ ਗੁਰ ਜੀ ਭੇਟਾ ਲੀਨੀ ॥ ਕਰਮੁ ਸਿੰਘ ਮਨੁ ਹਰਖੁ ਨਵੀਨੀ ॥991॥
ਹਾਥੁ ਜੋਰਿ ਕਰੁ ਗੁਰ ਕੋ ਰਾਖਾ ॥ ਟਹਿਲ ਕਰੇ ਕੁਰ ਮਨੁ ਅਭਿਲਾਖਾ ॥
ਦਿਨੁ ਦਿਨੁ ਪ੍ਰਤੀ ਸੰਗਤਾ ਆਵੈ ॥ ਭੇਟਾ ਅਰਪੈ ਦਰਸਨੁ ਪਾਵੈ ॥992॥
ਸਮੇ ਦਿਵਾਨੁ ਕਰਮੁ ਸਿੰਘ ਆਈ ॥ ਬਿਜਨ ਝੁਲਾਵੈ ਚੌਰ ਫਿਰਾਈ ॥
ਪਨਹੀ ਉਠਾਵੈ ਸੇਵ ਕਮਾਵੈ ॥ ਚਾਂਪੀ ਕਰਿ ਕਰਿ ਬਹੁਤ ਰਿਝਾਵੈ ॥993॥

॥ ਦੋਹਰਾ ॥

ਜਗੀਰੁਦਾਰੁ ਜੇਤਕ ਹੁਤੇ ਕਰਮੁ ਸਿੰਘ ਸੰਨ ਵੈਰ ॥
ਸ੍ਰੀ ਗੁਰ ਕਿਰਪਾ ਕਟਾਖ੍ਯ ਤੇ ਸਭ ਹੀ ਪੂਜੇ[5] ਪੈਰ ॥994॥
ਭਾਈ ਦਯਾਲੁ ਸਿੰਘ ਜੀ ਸੁਨ ਪਾਏ ਗੁਰ ਆਇ ॥
ਅਨੁਜ ਲਾਲ ਸਿੰਘ ਪ੍ਰਤਿ ਕਹਾ ਸਤਿਗੁਰ ਦਰਸੈ ਜਾਇ ॥995॥
ਭ੍ਰਾਤ ਬੈਨ ਕੋ ਅਕਨ ਕਰ ਪਿਤ ਤੇ ਪੂਛਨ ਕੀਨ ॥
ਤਾਤ ਕਹਯੋ ਮਨੁ ਰੁਖਖੁ ਧਰਿ ਜਾਵੋ ਪੂਤ ਪ੍ਰਬੀਨ ॥996॥

॥ ਚੌਪਈ ॥

ਲੇ ਭੇਟਾ ਤਬ ਦੋਨੋ ਭਾਈ ॥ ਗੁਰੂ ਹਜੂਰ ਚਲੇ ਸੁਖ ਪਾਈ ॥
ਦਾਤਨੁ ਭਰੀ ਸੁ ਸਿਖ ਉਚਾਈ ॥ ਮਗ ਮੈ ਜਾਵੈ ਰਿਦ ਹਰਖਾਈ ॥997॥

---

1. ਅ ਪੋਥੀ ਏਰ 2. ਅ ਪੋਥੀ ਵਿਚੋਂ 3. ਅ ਪੋਥੀ ਦੇ 4. ਨਵੀਂ ਪੋਥੀ ਨਫਰ
5. ਅ ਪੋਥੀ ਪੂਜਤ

ਦਯਾਲ ਸਿੰਘ ਜੀ ਤਿਸ ਪ੍ਰਤਿ ਬੋਲੇ ॥ ਕਹਿ ਹਿਤੁ ਦਾਤਣ ਲਏ ਅਮੋਲੇ ॥
ਸਿਖੁ ਬੋਲਾ ਗੁਰ ਕੇ ਹਿਤ ਆਂਦੀ ॥ ਗੁਰ ਸੇਵਾ ਰਿਦ ਮਾਂਹਿ ਸੁਖਾਂਦੀ ॥998॥
ਦਯਾਲ ਸਿੰਘ ਜੀ ਤਿਸ ਤੇ ਲੀਨੀ ॥ ਸਿਰੁ ਪਰੁ ਰਾਖੀ ਹਰਖ ਨਵੀਨੀ ॥
ਜਬੈ ਨਿਰਾਏ ਤਿਸ ਕੌ ਕਈ ॥ ਜੁਗਲ ਸੁ ਭਈਯਾ ਮਨੁ ਇਕਠਈ ॥999॥

॥ ਹਾਲਕ ਛੰਦ ॥

ਜੋ ਸੁਪਨਾ ਗੁਰੂ ਦਿਖਾਵਾ ॥ ਅਬ ਨਿਸਚੇ ਦੇਹ ਕਰਾਵਾ ॥
ਤਬ ਸੇਵੇ ਗੁਰ ਕੇ ਚਰਨਾ ॥ ਮਨੁ ਲੇਵੇ ਹਮਰਾ ਪਰਨਾ ॥1000॥
ਨਤੁ ਜਾਵੈ ਤੀਰਥੁ ਓਰਾ ॥ ਕਹੀ ਸੰਤਨ ਲੇਵੈ ਧੋਰਾ ॥
ਮਨ ਐਸ ਬਿਚਾਰਤ ਆਏ ॥ ਸੁ ਦਿਵਾਨੁ ਲਗਾ ਅਧਕਾਏ ॥1001॥
ਸੁਭ ਰਾਗੀ ਕੀਰਤਿ ਗਾਵੈ[1] ॥ ਸੁਨ ਸਿਖੁ ਬਹੁਤ ਹਰਖਾਵੈ ॥
ਇਕੁ ਜੋਰੀ ਪਊਅਨੁ ਕੇਰੀ ॥ ਗੁਰ ਆਏ ਰਖ[2] ਤਿਸੁ[2] ਬੇਰੀ ॥1002॥
ਦ੍ਵੈ ਭਈਯਨੁ ਮਾਥ ਨਿਵਾਵਾ ॥ ਦਿਖ ਸ੍ਰੀ ਗੁਰ ਬੈਨੁ ਅਲਾਵਾ ॥
ਤੁਮ ਹਮ ਕੌ ਮਿਲਨੇ ਆਏ ॥ ਕੈ ਤੀਰਥੁ ਓਹਿ ਸਿਧਾਏ ॥1003॥
ਪੰਜ ਬਰਸਾ ਹੋਤ ਤਿਯਾਰਾ ॥ ਅਬ ਆਏ ਸ੍ਰੀ ਗੁਰ ਦ੍ਵਾਰਾ ॥
ਅਸਿ ਸੁਨ ਕਰੁ ਦੋਨੋ ਭਾਈ ॥ ਗੁਰ ਆਗੇ ਅਰਜਿ ਸੁਨਾਈ ॥1004॥

॥ ਦੋਹਰਾ ॥

ਜਨਮੁ ਜਨਮੁ ਹਮ ਭੂਲਤੇ ਤੁਮ ਸਦ ਬਖਸਨਹਾਰੁ ॥
ਜਗਤ ਜਲਧ ਹਮ ਡੂਬਤੇ ਕੀਜੇ ਭਵ ਤੇ ਪਾਰ ॥1005॥

॥ ਚੌਪਈ ॥

ਗਰ ਮੋ ਅੰਚਰੁ[3] ਚਰਨ ਗਹਾਨੇ ॥ ਬਖਸੋ ਗੁਰ ਜੀ ਸਭ ਗੁਨ ਖਾਨੇ ॥
ਕਮਲ ਨੈਨ ਤਬ ਗਿਰਾ ਅਲਾਈ ॥ ਨਿਸਚਾ ਤੁਮਰਾ ਹੋਵਾ ਭਾਈ ॥1006॥
ਭਾਈ ਦਯਾਲ ਸਿੰਘ ਕਰੁ ਜੋਰੁ ॥ ਬਾਨੀ ਬੋਲਾ ਅਮੀ[4] ਨਿਚੋਰੁ ॥
ਮਹਾਰਾਜ ਤੁਮ ਅੰਤਰਿਜਾਮੀ ॥ ਘਟ ਘਟ ਕੇ ਤੁਮ ਪ੍ਰੇਰਕ ਸ੍ਵਾਮੀ ॥1007॥
ਏਕ ਸਿਖ ਪ੍ਰਤਿ ਗੁਰੂ ਅਲਾਵਾ ॥ ਦੇਵੋ ਇਨੇ ਪ੍ਰਸਾਦ ਛਕਾਵਾ ॥
ਲੰਗਰ ਮਾਂਝ ਤਿਨੈ ਲੈ ਗਯੋ ॥ ਮਾਈ ਪ੍ਰਤਿ ਤਿਹ ਜਾਇ ਅਲਯੋ ॥1008॥
ਮਾਈ ਅਗੈ ਐਸੇ ਗਾਈ ॥ ਲੰਗਰ ਬਰਤਾ ਚੂਨ ਦਿਵਾਈ ॥
ਸੁਨ ਕਰੁ ਸ੍ਰੀ ਗੁਰ ਬੋਲੇ ਬਚਨਾ ॥ ਜਿਨ ਮੁਖ ਅੰਮ੍ਰਿਤ ਕੀ ਹੈ ਰਚਨਾ ॥1009॥

॥ ਦੋਹਰਾ ॥

ਹਮਰੇ ਹਿਤ ਪ੍ਰਸਾਦਿ ਜੋ ਰਾਖਾ ਹੈ ਕਰੁ ਤਿਯਾਰ ॥
ਇਨ ਕੌ ਦੇਹਿ ਛਕਾਇ ਅਬ ਸਿਖੁ ਸੇਵਾ ਸੁਖਕਾਰੁ ॥1010॥

---

1. ਅ ਪੋਥੀ ਵਿਚੋਂ 2. ਅ ਪੋਥੀ ਪਾਠਾਂਤਰ : ਆਗੇ ਤਲ ਰਾਖ 3. ੲ ਪੋਥੀ ਪਲੂ 4. 'ੲ' ਪੋਥੀ ਸੁਧਾ

॥ ਚੌਪਈ ॥

ਮਾਈ ਨੰਬੀ ਦੀਆ ਪ੍ਰਸਾਦਿ ॥ ਦੋਨੋ ਛਕਾ ਕਰ ਚਿਤ ਅਹਿਲਾਦਿ ॥
ਮਾਈ ਕਹਾ ਸੁਨੋ ਤੁਮ ਭਾਈ ॥ ਤੁਮਰੇ ਭਾਗ ਜੁਗੇ ਅਧਿਕਾਈ ॥1011॥
ਅਪੁਨੇ ਹਿਤ ਗੁਰ ਅਸਨ ਰਖਾਵਾ ॥ ਆਪ ਨ ਅੰਚਾ ਸੁ ਤੁਮੇ ਅਚਾਵਾ ॥
ਛਕਿ ਪ੍ਰਸਾਦਿ ਤਬ ਦੋਨੋ ਆਏ ॥ ਸੁਨ ਰਹਿਰਾਸ ਮਨੈ ਹਰਖਾਏ ॥1012॥
ਏਕ ਸਿਖ ਨੇ ਕਹਾ ਬੁਝਾਈ ॥ ਪਿੰਡ ਮਾਂਝ ਤੁਮ ਜਾਵੋ ਭਾਈ ॥
ਆਦਿ ਪ੍ਰਾਤ ਕੋ ਦਰਸ਼ਨੁ ਕੀਜੈ ॥ ਨਿਸਾ ਬਿਤਾਵਨ ਤਹਾਂ ਕਰੀਜੈ ॥1013॥
ਸ੍ਰੀ ਕਮਲਾਨਨ ਜੀ ਸੁਨ ਪਾਵਾ ॥ ਸਿਖ ਪ੍ਰਤੀ ਅਸ ਬੈਨ ਅਲਾਵਾ ॥
ਤੇ ਸਿਖ ਮੋ ਕੋ ਅਤਮੈ ਪਯਾਰੇ ॥ ਵਹਿਗੁਰੂ ਜੋ ਮੁਖਹੁ ਉਚਾਰੈ ॥1014॥

॥ ਦੋਹਰਾ ॥

ਅਪਨੇ ਤੰਬੂ ਕੇ ਵਿੱਖੇ ਦੀਨੋ ਸਿਵਰ ਕਰਾਇ ॥
ਸਿਖਨ ਪਾਲਨੋ ਅੱਸ ਕਰੈ ਜਿਮ ਸਿਸ ਸਸੀ ਪੁਖਾਇ ॥1015॥

॥ ਹਾਲਕ ਛੰਦ ॥

ਸੁਖ ਪੂਰਬ ਤਬ ਨਿਸਾ ਬਿਤਾਈ ॥ ਤਬ ਮਿਲਿ ਕਰੁ ਏਹ ਦੋਨੋ ਭਾਈ ।
ਅਬ ਖੁਸੀ ਕਰੋ ਗੁਰ ਪੂਰੇ ॥ ਹਮ ਜਾਵੈਂ ਸਦਨੰ ਤੂਰੇ ॥1016॥
ਸੁਨ ਬਾਨੀ ਗੁਰੂ ਅਲਾਈ ॥ ਤ੍ਰੈ ਨਿਸਾ ਰਹੋ ਸੁਖ ਪਾਈ ॥
ਸੁਨ ਸਤੁ ਬਚਨੁ ਕਰੁ ਬੋਲੇ ॥ ਜਿਨ ਜਾਗੇ ਭਾਗ ਅਤੋਲੇ ॥1017॥
ਦਿਨ ਤੀਜ ਜਬ ਖੁਸੀ ਸੁ ਲੀਨੋ ॥ ਚਲ ਪਹੁਚੇ ਗ੍ਰਹ ਰਸ ਭੀਨੇ ॥
ਤਿਨ ਤਾਤ ਪ੍ਰਤੀ ਤਬ ਗਾਵਾ ॥ ਅਬ ਪੂਰਾ ਗੁਰ ਹਮ ਪਾਵਾ ॥1018॥

॥ ਦੋਹਰਾ ॥

ਹਰੀ ਸਿਘ ਬਚ ਕਹੂਤ ਭਾ ਸੁਨੋ ਤਾਤ ਬਚ ਮੋਰਿ ॥
ਜਬੈ ਰਿਦਾ ਹਮਰੋ ਖਿਚੈ ਤਬ ਜਾਵੈ ਗੁਰ ਓਰਿ ॥1019॥

॥ ਚੌਪਈ ॥

ਪ੍ਰਸਾਦਿ ਖਾ ਜਬ ਨਿਸ ਮੋ ਸੋਵਾ ॥ ਪਿਖ ਗੁਰ ਦਰਸਨ ਬਿਸਮੇ ਹੋਵਾ ॥
ਜਾਗ ਪ੍ਰਾਤ ਨਿਜ ਤਾਤ ਹੁਕਾਰੇ ॥ ਚਲ ਦਰਸੇ ਸ੍ਰੀ ਗੁਰ ਦਰਬਾਰੇ ॥1020॥
ਯਥਾ ਸਕਿਤ ਸੁਭ ਭੇਟਾ ਲੀਨੀ ॥ ਮਨ ਮੈ ਜਾਗੀ ਪ੍ਰੀਤ ਨਵੀਨੀ ॥
ਲੇ ਪਰਿਵਾਰ ਸੋ ਪਹੁਚਾ ਹਜੂਰ ॥ ਧਰੀ ਅਕੋਰ ਮਨ ਸਰਧਾ ਪੂਰ ॥1021॥
ਹਾਥ[2] ਜੋਰ ਕਰ ਠਾਂਢੇ ਹੋਏ ॥ ਦਿਖ ਸਰਧਾ ਗੁਰ ਬਚਨੁ ਗੋਏ ॥
ਬੈਠਿ ਜਹੁ ਸਤਗੁਰੂ ਪਿਆਰੇ ॥ ਗੁਰ ਸਿਖੀ ਮਨ ਮੈ ਬਹੁ ਹਿਤਕਾਰੇ ॥1022॥

---

1. ਅ ਪੋਥੀ ਖਾਏ 2. ਏ ਪੋਥੀ ਪਾਨ

ਦੇਗ ਗੁਰੂ ਕੀ ਭਈ ਤਿਯਾਰਾ ॥ ਆਮਖ ਰਾਧਾ ਅਪਰੁ ਅਪਾਰਾ ॥
ਸੂਪਕਾਰ ਨੇ ਅਰਜੀ ਠਾਂਨੀ ॥ ਪ੍ਰਸਾਦਿ ਤਿਯਾਰ ਭਾ[1] ਗੁਨ ਖ਼ਾਨੀ ॥1023॥

॥ ਦੋਹਰਾ ॥

ਹਰੀ ਸਿੰਘ ਪ੍ਰਤਿ ਸਤਗੁਰੂ ਬਾਨੀ ਐਸ ਬਿਗੋਇ ॥
ਦੇਗ ਸੁ ਬਾਂਟਨ ਤੁਮ ਕਰੋ ਵਾਹਗੁਰੂ ਮੁਖ ਭੋਇ ॥1024॥
ਹਰੀ ਸਿੰਘ ਕਰੁ ਜੋਰ ਕੇ ਸਤ ਬਚਨ ਮੁਖ ਗਾਇ ॥
ਕਰਛਾ ਕਰ ਮੇ ਧਾਰ ਕਰ ਬਾਂਟਤ ਭਾ ਹਰਖਾਇ ॥1025॥

॥ ਸਵੈਯਾ ॥

ਦੇਗ ਅਪਾਰ ਭਈ ਗੁਰ ਕੀ ਸਭ ਭੁੰਚ ਗਏ ਨਹ ਤੋਟ ਸੁ ਆਵੈ ॥
ਸੁਰ ਧੇਨ ਭਾਈ ਕਿਧੋ ਦੇਵ ਤਰੂ ਸੁਭ ਸੂਸਤ ਮਨੀਵਾ ਆਇ ਥਿਰਾਵੈ ॥
ਚਾਰ ਪਦਾਰਥੁ ਹੈ ਗੁਰ ਕੇ ਦਰ ਆਵਤ ਜੋ ਮਨ ਬਾਂਛਤ ਪਾਵੈ ॥
ਬਾਵਨ ਚੰਦਨ ਸ੍ਰੀ ਗੁਰ ਸੋਭਤ ਆਕ ਤੇ ਚੰਦਨ ਬੇਗਿ ਬਨਾਵੈ ॥1026॥

॥ ਚੌਪਈ ॥

ਏਕ ਜਾਮ ਜਬ ਦਿਵਸ ਰਹਾਵਾ ॥ ਕੀਰਤ ਹਾਗੀ ਕਰਤ ਬਨਾਵਾ ॥
ਪਲਕਾ ਊਪਰਿ ਗੁਰੂ ਬਿਰਾਜੇ ॥ ਦੇਵ ਸਭਾ ਜਿਮ ਸ੍ਰੀ ਪਤਿ ਛਾਜੇ ॥1027॥
ਕਰਮ ਸਿੰਘ ਸੁਭ ਚੋਰ ਢੁਰਾਵੈ ॥ ਕੋ ਇਕੁ ਸਿਖ ਲੇ ਬਿਜਨ ਫਿਰਾਵੈ ।

(ਸਾਧੂ ਦੀ ਸ਼ੰਕਾ ਨਵਿਰਤੀ)

ਏਕ ਸਾਧ ਤਵ ਆਵਾ ਧਾਈ ॥ ਪਾਨ ਜੋਰ ਕਰ ਸੀਸ ਨਿਵਾਈ ॥1028॥
ਆਸਨ ਤਰੇ ਬਿਛਾਵਨ ਕੀਨਾ ॥ ਬੈਠਾ ਹਿਦ ਮੋਹਿ ਤਾਂ ਭੀਨਾ ॥
ਦੋ ਬਕਰੁ ਹਮਰੇ ਸਿਖ ਆਨੇ ॥ ਗੁਰੂ ਦਿਵਾਵੋ ਦੇਰ ਵਿਹਾਨੇ[2] ॥1029॥
ਸਾਧ ਪ੍ਰਤੀ ਗੁਰਬਾਨੀ ਗਾਈ ॥ ਝਟਕਾ ਕੀਨਾ ਸਭ ਨੇ ਖਾਈ ॥
ਸੁਨਿ ਫਕੀਰ ਮਨ ਰਿਸ ਅਤਿ[3] ਆਵਾ[3] ॥ ਗੁਰ ਪ੍ਰਤਿ ਤਰਕ ਬੈਨ[4] ਅਲਾਵਾ[4] ॥
1028॥

॥ ਦੋਹਰਾ ॥

ਏਕੁ ਸਲੋਕੁ ਕਬੀਰ ਕਾ[5] ਸ੍ਰੀ ਗ੍ਰੰਥ ਜੀ ਮਾਂਹਿ ॥
ਸਰਬ ਪ੍ਰਤੀ ਉਪਦੇਸਿ ਕਿਯ ਆਮਖ ਖਾਵੋ ਨਾਹਿ ॥1031॥

॥ ਸਲੋਕ ॥

ਕਬੀਰ ਖੂਬ ਖਾਨਾ ਖੀਚਰੀ ਜੋ ਮੋ ਅੰਮ੍ਰਿਤ ਲੋਨੁ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕੌਨ ॥1032॥

॥ ਸਵੈਯਾ ॥

ਸਾਧ ਕੇ ਬੈਨ ਸੁਨੈ ਕਮਲਾਨਨ ਬੈਨ ਕਹੈ ਤਿਨ ਕੋ ਸੁਖ ਪਦੇ ॥

1. ੲ ਪੋਥੀ ਹੈ 2. ਅ ਪੋਥੀ ਪਾਂਠਾਤਰ : ਹਮਰਾ ਬਕਰਾ ਗੁਰ ਮੰਗਵਾਵਾ "ਝਟਕਾ ਕੀਨਾ ਸਭ ਨੇ ਖਾਵਾ"
3. ਅ ਪੋਥੀ ਸਖਾਈ 4. ਅ ਪੋਥੀ ਬਾਣੀ ਗਾਈ 5. ਅ ਪੋਥੀ ਕਹਾ

ਅਜਾ ਮਾਰ ਕੇ ਮੋਖ ਕਰੇ ਪਹਿਲੇ ਹਮ ਮਾਸ ਅਹਾਰ ਕਹੈ ਪਿਛਵਾਏ ॥
ਇਹੁ ਦੋਊ ਸੁ ਸਿਖ ਹੁਤੇ ਹਮਰੇ ਕੁਕਰਮ ਅਧੀਨੇ ਅਜਾ ਗ੍ਰਿਹਿ ਜਾਏ ॥
ਦੇਹ ਅਈ ਇਨ ਕੀ ਗੁਰ ਕਾਰਜਿ ਮੁਕਤਿ ਭਏ ਨਰ ਫੇਰ ਜਮਾਏ ॥1033॥

॥ ਦੋਹਰਾ ॥

ਗੁਰ ਬਾਨੀ ਕੋ ਅਕਨ ਕਰਿ ਤੂਸਨ ਸਾਧੂ ਧਾਰ ॥
ਜਾਤ ਭਯੋ ਬਿਨੁ ਦੇਰ ਹੀ ਅਪਨੇ ਸਦਨ ਮਝਾਰ ॥1034॥

॥ ਹਾਲਕ ਛੰਦੁ ॥

ਮਿਲ ਸਾਧ ਭਏ ਇਕ ਠੌਰੇ ॥ ਹਰਿ ਮਾਯਾ ਕੀਨੇ ਬੌਰੇ ॥
ਤੁਮ ਛੇਰੇ ਕਯੋ ਨਹਿ ਆਂਦੇ ॥ ਜੋ ਹਮਰੇ ਮਨ ਬਹੁ ਭਾਂਦੇ ॥1035॥
ਤਬ ਸਾਧ ਕਹਾ ਸਮਝਾਈ ॥ ਤੁਮ ਤੁਸਨ ਧਾਰੋ ਭਾਈ ॥
ਤਿਸ ਪਾਸਿ[1] ਨ ਬੋਲਾ ਜਾਵੈ ॥ ਜਯੋ ਏਣੇ ਹਰੀ ਦਬਾਵੈ ॥1036॥
ਸੁਨ ਕਹੇ ਸਾਧ ਆਹੰਕਾਰੀ ॥ ਹਮ ਜਾਵੈ ਗੁਰੂ ਅਗਾਰੀ ॥
ਇਕੁ ਗਿੰਥੀ ਲੇਕਰ ਲਾਗਾ ॥ ਚਲਿ ਆਏ ਗੁਰ ਦਰਬਾਰਾ ॥1037॥

॥ ਦੋਹਰਾ ॥

ਰਿਖੀ ਕੇਸ ਤਿਨ ਕੇ ਵਿਖੈ ਮਾਥ ਨਿਵਾਨਨ ਕੀਨ ॥
ਦਰਸਨ ਕਰ ਰਿਦ ਸਾਂਤ ਭਾ ਗਾਵਾ ਸਬਦੁ ਰਸੁ ਰੰਭੀਨ ॥1038॥

॥ ਤਥਾ ਸਬਦੁ ॥

ਅਖੀਆਂ ਲੱਗੀ ਰਹਨੁ ਦੇ ਸਾਂਝੀ ਝਰੋਖੇ ਤੀਰ ॥
ਫਿਰ ਵੇਲਾ ਹਥ ਨ ਆਵੀਗਾ ਕਹਿਦਾ ਹਈ ਫਕੀਰ ॥1039॥

॥ ਚੌਪਈ ॥

ਰਾਗੁ ਪਾਇ ਜੱਸ ਗਾਵਨ ਕੀਨਾ ॥ ਸ੍ਰੀ ਗੁਰੰ[3] ਬੈਨ ਕਹਾ ਰਸੁ ਭੀਨਾ ॥
ਸਾਂਈ ਝਰੋਖਾ ਕੇੜਾ ਆਹੀ ॥ ਹਮੇ ਬਤਾਵੋਂ ਦੇਰੁ ਬਿਹਾਈ ॥1040॥
ਕਹੈ ਫਕੀਰ ਸੁਨੋ ਗੁਰ ਪੂਰੇ ॥ ਨੈਨਨ ਮਾਂਝ ਰਹਾਂ ਭਰਪੂਰੇ ॥
ਗੁਰ ਕਹਿ ਆਂਧੇ ਨਹਿ ਦ੍ਰਿਸਟਾਵੈ ॥ ਆਂਖ[4] ਝਰੋਖਾ ਕੈਸੇ ਗਾਵੈ ॥1041॥
ਹਾਥ ਜੋਰੁ ਕਰੁ ਸਾਧ ਬਖਾਨਾ ॥ ਆਪ ਬਖਾਨੋ ਸੁਭ ਗੁਨ ਖਾਨਾ ॥
ਸ੍ਰੀ ਬੇਦੀ ਸਭਨਾ ਸੁਖਦਾਈ ॥ ਗੁਰੂ ਗ੍ਰੰਥਿ ਕੋ ਬਾਕ ਸੁਨਾਈ ॥ 1042॥

॥ ਤਥਾ ਬਕੰਯ ॥

ਸਰਬ ਨਿਵਾਈ ਘਟਿ ਘਟਿ ਵਾਸੀ ਲੇਪੁ ਨਹੀ ਅਲਪਰੀਅਉ ॥
ਨਾਨਕ ਕਹਤੁ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਿਰੀਅਉ ॥1043॥

॥ ਦੋਹਰਾ ॥

ਰੋਮ ਰੋਮ ਮਹਿ ਰਮ ਰਹਾ ਤਿਸੁ ਬਿਨ ਊਨ ਕ ਜਾਇ ॥
ਸੰਤਨ ਰਸਨਾ ਥਿਤ[1] ਸਦਾ ਝਰੋਖਾ ਇਹੁ ਦਿਸਟਾਇ ॥1044॥

---

1. ਅ ਪੋਥੀ ਪ੍ਰਸ 2. ਅ ਪੋਥੀ ਏਰੂਣੇ 3. ਟ ਪੋਥੀ ਸਤਿਗੁਰੂ 4. ੲ ਪੋਥੀ ਨੈਨ

॥ ਚੌਪਈ ॥

ਸੁਨ ਕਰਿ ਸਾਧੂ ਬਿਨੈ ਉਚਾਰੀ ॥ ਸੰਤਨ ਲਖਣ ਕਰੋ ਮੁਰਾਰੀ ॥
ਸ੍ਰੀ ਕਮਲਾਨਨ ਗਿਰਾ ਬਖਾਨੀ ॥ ਸੁਨੋ ਸੰਤ ਜੀ ਦੇ ਕਰ ਕਾਨੀ ॥1045॥
ਸਾਧਨ ਵੈਰੁ ਕਾਹੂ ਸੇ ਰਾਖੇ ॥ ਸਭ ਪਰਿ ਹਿਤ ਕਰ[2]ਮੀਠਾ ਭਾਖੇ ॥
ਪਰ ਕਾ ਵਯਸ ਦੋਖ ਅਦੋਖ ਕਹੈ ॥ ਆਪ ਨਿਮਾਨ ਨਹਿ ਭੂਲ ਚਹੈ ॥1046॥
ਆਪਨਿ ਗੁਨ ਸਦ ਰਹੇ ਦੁਰਾਈ ॥ ਪਰ ਕੇ ਗੁਨਨ[3] ਕੋਟ ਬਿਧ ਗਾਈ ॥
ਕੋ ਨਿੰਦੈ[4] ਸੋ ਲੇਤ ਸਹਾਰ ॥ ਆਪ[5] ਨ[5] ਕਿਸ ਕੀ ਕਰੈ ਉਚਾਰ ॥1047॥
ਚਿਤ[6] ਕੋ ਚਿਤ ਮੋ ਸਦਾ ਬਿਚਾਰਾ ॥ ਪਰੰਤੂ ਵਿਖਯੋ ਤੇ ਡਰੈ ਅਪਾਰਾ ॥
ਅਵਿਦਿਯਾ ਆਦਿ ਸਰਬ ਭੇ ਛੀਨਾ ॥ ਰਹੇ ਇਕਾਂਤ ਸਦਾ ਲੈ ਲੀਨਾ ॥1048॥

॥ ਦੋਹਰਾ ॥

ਕੋ ਨਿੰਦੇ ਕੋ ਨੁਤ ਕਰੈ ਸੰਤਨ ਏਕ ਸਮਾਨ ॥
ਕੋ[7] ਕਾਟੇ ਕੋ ਜਲ ਦੇ ਜਗ ਕੋ ਦੈ ਗੰਧ ਦਾਨ[7] ॥1049॥
ਸਬਦਾਦਿਕ ਭੋਗਤ ਵਿਖੇ ਕਬੇ ਲਿਪਾਹਿ ਨ ਹੋਇ ॥
ਸ੍ਰੀ ਫਲ ਮੈ ਜੈਸੇ ਗਰੀ ਜਲੁ ਭੀਤਰੁ[8] ਕੰਜੁ ਜੋਇ ॥1050॥
ਸੰਤਨ ਬਾਨੀ ਬਿਤ ਸਦਾ ਜਿਉ ਪਾਹਨਿ ਪਰਿ ਲੀਕ ॥
ਗਿਰਾ ਸੁ ਦੁਸਟਨ ਐਸ ਹੈ ਜਿਉ ਪਾਨੀ ਮੈ ਖੀਕ ॥1051॥

॥ ਚੌਖਈ ॥

ਖਟ ਵਿਕਾਰ ਜਿਨ[9] ਅਨਘ ਅਕਾਮੀ ॥ ਸੁਚਿ ਅਕਿੰਚਨ ਅੰਤਰੁਜਾਮੀ ॥
ਬੋਧ ਸਰੂਪੰ ਨਿਰ ਇਛੁ ਭੋਗੀ ॥ ਸਾਰ ਸੁ ਗ੍ਰਾਹੀ ਕੋ ਵਿਦ ਯੋਗੀ ॥1052॥
ਮਾਨ ਹੀਨ ਮਾਨਦ ਸਬ ਕਾਹੂ ॥ ਧੀਰ ਧਰਮ ਸਦ ਬੇਪਰਵਾਹੂ ॥
ਗੁਨਾਗਾਰ ਸੰਸਤ[10] ਦੁਖ ਰਹਿਤੇ ॥ ਵਾਹਿਗੁਰੂ ਬਿਨੁ ਅਵਰੁ ਨ ਚਹੰਤੇ ॥1053॥
ਸੂਧ[11] ਸੁਭ੍ਰਾ ਉਸੁ ਕਪਟੰ ਤਯਾਗੀ ॥ ਸੀਤਲ ਚਿਤ ਸਰਬੰ ਅਨੁਰਾਗੀ ॥
ਗੁਰ ਪਗ ਸਰਧਾ ਮਨ[12] ਮੋ ਪ੍ਰੇਮਾ ॥ ਛਿਮਾ ਸੁ ਮੈਤ੍ਰੀ ਸੰਜਮ ਨੇਮਾ ॥1054॥
ਗਯਾਂਨ ਵਿਗਯਾਨ ਵਿਰਤ[13] ਵਿਵੇਕਾ ॥ ਬੇਦ ਪੁਰਾਨ ਜਥਾਰਥ ਜੇਕਾ ॥
ਹੇਤ ਰਹਿਤ ਸਭ ਪਰਉਪਕਾਰੀ ॥ ਸਤਿਗੁਰ ਯਸ ਗਾਵੈ ਬਹੁ ਬਾਰੀ ॥1055॥

॥ ਦੋਹਰਾ ॥

ਚੰਦਨੁ ਚੰਦ ਸੁ ਸੀਤ ਰੁਤਿ ਰਿਦੈ ਨ ਮੇਟੇ ਘਾਮ ॥
ਸੰਤਨ ਦਰਸਨ ਐਸ ਹੈ ਦੇਤ ਸੁ ਰਿਦੁ ਬਿਸ੍ਰਾਮ ॥1055॥

---

1. ਅ ਪੋਥੀ ਬ੍ਰਿਤ 2. ਅ ਪੋਥੀ ਕਰੈ 3. ਅ ਪੋਥੀ ਗੁਨੰ 4. ਅ ਪੋਥੀ ਨਿੰਦ ਕਰੈ 5. ਅ ਪੋਥੀ ਅਸ ਨਹਿ 6. ਅ ਪੋਥੀ ਚਿਦ 7. ਅ ਪੋਥੀ ਪਾਠਾਂਤਰ : ਚੰਦਨ ਜਲ ਦੇਵਾ ਕਟੈ ਜੁਗ ਕੋ ਦੈ ਗੰਧ ਦਾਨਾ 8. ਅ ਪੋਥੀ ਸੁੰਤਿਹੇ 9. ਅ ਪੋਥੀ ਜਿਤ 10. ਅ ਪੋਥੀ ਸੰਸ੍ਰਤ 11. ਅ ਪੋਥੀ ਸੂਪ 12. ਅ ਪੋਥੀ ਤਨ 13. ਅ ਪੋਥੀ ਵਿਵਰਤ

ਸੰਤਨ ਮਹਿਮਾ ਮੰਜ ਅਤਿ ਗੁਰੂ ਗ੍ਰੰਥ ਕੇ ਮਾਹਿ ॥
ਆਪ ਗੁਰੂ ਅਰਜਨ ਕਹੀ[1] ਦੇਵੋਂ ਤਥਾ ਸੁਨਾਇ ॥1057॥

॥ ਤਥਾ ॥ ਸਲੋਕ ॥

ਮੰਤ੍ਰੰ ਰਾਮ ਨਾਮੰ ਧਿਆਨੰ ਸਰਬਤ੍ਰ ਪੂਰਣਹ ॥
ਗਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਤਹ ॥
ਭੋਜਨ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤਿਆਗਿ ਸਗਲ ਰੇਣੁਕਹ ॥
ਖਟ ਲਖਣੰ ਪੂਰਨੰ ਪੁਰਖਹ ਨਾਨਕ ਨਾਮ ਸਾਧ ਸੁਵਜਨਹ ॥1058॥

॥ ਚੌਪਈ ॥

ਐਸੇ ਲਖਣ ਜਿਨ੍ਹ ਕੇ ਮਾਂਹੀ ॥ ਸਾਂਤ ਸਰੂਪ ਸੰਤ ਭਵ ਮਾਂਹੀ[2] ॥
ਤਿਨ ਕੀ ਸੰਗਤਿ ਦੇਹੁ ਬਿਧਾਤਾ ॥ ਮੁਤਿ ਤਰੈ ਖਿਨੁ ਰਾਹਿ ਬਿਖਿਯਾਤਾ ॥1059॥

॥ ਸਵੈਯਾ ॥

ਸ੍ਰੀ ਕਮਲਾਨਨ ਬੈਨ ਭਏ ਜਬ ਸਾਧ ਮਨੇ ਅਤਸੈ ਹਰਖਾਵਾ ॥
ਪਾਨ[3] ਜੋਰ ਕਰੇ ਬਿਨਤੀ ਗੁਰ ਨਾਨਕ ਆਦਿ ਤੁਹੀ ਪ੍ਰਗਟਾਵਾ ॥
ਸਿਖੁ ਉਧਾਰੁ ਕਰੇ ਖਿਨੁ ਭੀਤਰੁ ਵਾਹਿਗੁਰੂ ਮੁਖ ਮੰਤ੍ਰ ਦ੍ਰਿੜਾਵਾ ॥
ਮੈ ਅਬ ਸਰਨਿ ਪਰਾ ਗੁਰ ਪੂਰਨ ਜਨਮ ਮਰਨ ਮੋ ਮੇਟੋ ਹਾਵਾ ॥1060॥

॥ ਦੋਹਰਾ ॥

ਸਾਧ ਬੈਨ ਗੁਰ ਸ੍ਰੌਨ ਕਰ ਹਰਖੇ ਦੀਨ ਦਯਾਲ ॥
ਵਾਹਿਗੁਰੂ ਸਦ ਜਾਪ ਕਰੁ ਪਾਵੋ ਗਯਾਨ-ਰਸਾਲ ॥1061॥
ਚਰਨਨਿ ਗੁਰ ਕਿ ਲਾਗੁ ਕਰੁ ਜਾਤਿ ਭਏ ਨਿਜ ਥਾਨੁ ॥
ਹਰੀ ਸਿੰਘ ਤੇ ਆਦਿ ਲੇ ਸੁਨ ਬੈਨਨ ਹਰਖਾਨ ॥1062॥

(ਸੇਵਲ ਗਾਂਵ ਦੀ ਸੰਗਤ ਨੂੰ ਉਪਦੇਸ਼)

॥ ਚੌਪਈ ॥

ਸੇਵਲ[4] ਗਾਂਵ ਤੇ ਸੰਗਤਿ ਆਈ ॥ ਆਇ ਚਰਨ ਗੁਰ ਤੇ ਲਪਟਾਈ ॥
ਕਰ ਬਹੁ ਭਾਵ ਗਾਂਵ ਲੈ ਗਏ ॥ ਚਰਨ ਧੋਇ ਚਰਣਾਮ੍ਰਿਤਿ ਲਏ ॥1063॥
ਔਰੁ ਸੰਗਤਿ ਬਹੁ ਚਲਿ ਚਲਿ ਆਵੈ ॥ ਹੈ ਗੋ ਆਦਿਕ ਭੇਟ ਚੜਾਵੈ ॥
ਪੈ ਦੁਧ ਸਰਪੀ ਆਨੇ ਘਨੇ ॥ ਕੜਾਹ ਬਾਨਵ੍ਹਿ ਪ੍ਰੀਤੀ ਸਨੇ ॥1064॥

1. ੲ ਪੋਥੀ ਭਨੀ 2. ਅ ਪੋਥੀ ਆਹੀ 3. ਅ ਪੋਥੀ ਪਾਨ ਕੈ 4. ਅ. ਪੋਥੀ ਸੇਂਲਵ
5. ੲ ਪੋਥੀ ਵਿਚੋਂ

ਭਾਈ ਬਹਿਲੋ ਪੌਤੇ ਆਏ ॥ ਬਿਤ ਹੈ ਚੈਲੰ ਗੋ ਅਰਪਾਏ ॥
ਤਿਨ ਕੋ ਆਦਰੁ ਸਤਗੁਰ ਕੀਨਾ ॥ ਮਨੁ ਭਾਵਤੁ ਜੋ ਸੋ ਵਰੁ ਦੀਨਾ ॥1065॥
ਸਿਰੇਪਾਇ ਸਭ ਕੌ ਗੁਰ ਦੀਨੇ ॥ ਸਦਨ ਜਾਤ ਭੇ ਗੁਰ ਰਸ ਭੀਨੇ ॥
ਇਕ[1] ਸੁਭ[2] ਸੰਗਤਿ ਆਈ ਘਨੀ ॥ ਤਿਨ ਮੈ ਲਰਕੀ ਪ੍ਰੇਮੈ ਭਿਨੀ ॥1066॥

## (ਗੁਰੂ ਪ੍ਰੇਮ ਵਿਚ ਲੀਨ ਲੜਕੀ ਦੀ ਕਥਾ)

॥ ਦੋਹਰਾ ॥

ਗੁਰ ਸੂਰਤਿ ਇਮ ਪੇਖਤੀ ਕੁਮਦਿ ਚੰਦ ਜਿਮ ਓਰਿ ॥
ਦਿਖ ਕਰਿ ਸ੍ਰੀ ਗੁਰ ਪੂਛਿਓ ਸੁਖ ਦਾਈ ਚਹੁ ਓਰਿ ॥1067॥

॥ ਹਾਲਕੁ ਛੰਦੁ ॥

ਇਹੁ ਲਰਕੀ[3] ਕਿਸ ਕੀ ਆਈ ॥ ਬਡ ਹਿਤ ਕਰੁ ਦਰਸਨੁ ਪਾਈ ॥
ਤਬ ਬੋਲਾ ਤਿਸ ਕਾ ਤਾਤਾ ॥ ਗੁਰ ਜੀ ਸੁਨੀਏ ਸਬ ਸੁਖਦਾਤਾ ॥1068॥
ਭੁਖ[4] ਪਯਾਸ ਇਨ ਕੀ ਭਾਗੀ ॥ ਇਹ[6] ਵਾਹਿਗੁਰੂ ਰਸੁ ਪਾਗੀ ॥
ਇਹ ਸੁਨ ਕਰੁ ਗੁਰ ਜੀ ਹਰਖਾਏ ॥ ਤਿਹ[7] ਲੀਨੋ ਨਿਕਟਿ ਬੁਲਾਏ ॥1069॥
ਤੂੰ ਕੈਸੇ ਅੰਨ ਨਹਿ ਖਾਈ ॥ ਇਹੁ ਹਮ ਕੋ ਦੇਹੁ ਜਨਾਈ ॥
ਤਬ ਕਨਿਯਾ ਜੁਗ ਕਰੁ ਜੋਰੀ ॥ ਸੋ ਬੋਲੀ ਸੁਧਾ ਨਿਚੋਰੀ ॥1070॥
ਮੈ ਪਿਲਕਨ ਤੋਰਨ ਚਾਲੀ ॥ ਬਹੁ ਲੇ ਕਰ ਸਖੀਆਂ ਨਾਲੀ ॥
ਕੰਤਾਰ ਫਿਰਨ ਮੋ ਲਾਗੀ ॥ ਤੋੜਿ ਪੀਲ[8] ਮਨ ਮੈ ਰਾਗੀ ॥1071॥
ਬਨੁ ਫਿਰਤੀ ਭਯਾ ਵਿਛੋੜਾ ॥ ਦੁਖੁ ਪਾਵਾ ਕਈ[9] ਕਰੋੜਾ ॥
ਭੂਖ ਪਿਯਾਸ ਕੀਨੇ ਜੋਰਾ ॥ ਮੈ[10] ਰੋਈ ਕਾਨਨ ਘੋਰਾ ॥1072॥

॥ ਦੋਹਰਾ ॥

ਗੁਰ ਗੁਰ ਮੁਖਹੋ ਪੁਕਾਰਤੀ ਲੇ ਲੇ ਤੁਮਰੋ ਨਾਇ ॥
ਮਾਤ ਪਿਤਾ ਮਮ ਸਿਖ ਥੇ ਨਾਮੁ ਸੁਨਾ ਤਿਨੁ ਪਾਇ ॥1073॥

॥ ਹਾਲਕ ਛੰਦੁ ॥

ਗੁਰ ਸਾਹਿਬ ਸਿੰਘ ਉਚਾਰਾ ॥ ਤਬ ਆਏ ਬਾਹੁ ਸਵਾਰਾ ॥
ਸੁਭ ਲੀਨੀ ਪਹਿਰ ਪੁਸਾਕੀ ॥ ਜਹਿ ਨਿਰਖੇ ਮਿਟ ਜਮ[11] ਝਾਂਕੀ ॥1074॥
ਤਬ ਬੋਲੇ ਅੰਮ੍ਰਿਤੁ ਬਾਨੀ ॥ ਕਯੋ ਰੋਵੈ ਹੁਇ ਦੁਖ ਆਨੀ ॥
/ ਹੰਉ ਕਹਤ ਭਈ ਗੁਰ ਪੂਰੇ ॥ ਮੈ ਬਿਛੁਰੀ ਸਖੀਨ[12] ਦੂਰੇ ॥1075॥
ਮੈ ਛੁਧ ਪਿਪਾਸ[13] ਸੰਤਾਈ ॥ ਅਬ ਪ੍ਰਾਨ ਜਾਤ ਹੈ ਧਾਈ ॥
ਤਬ ਬਾਨੀ ਤੁਮੇ ਉਚਾਰੀ ॥ ਭੂਖ ਪਯਾਸਾ ਤੁਮ ਕਟ ਡਾਰੀ ॥1076॥

---

1. ਅ ਪੋਥੀ ਏਕ ਸੁ 2. ਅ ਪੋਥੀ ਸੁਭਿਨੀ 3. ਅ ਪੋਥੀ ਲੜਕੀ 4. ਅ ਪੋਥੀ ਭੂਖ 5. ਅ ਪੋਥੀ ਸਭ ਰਾਗੀ 6. ਅ ਪੋਥੀ ਇਕ 7. ਅ ਪੋਥੀ ਤਬ ਤਿਨ 8. ਅ ਪੋਥੀ ਪੀਲੂ 9. ਅ ਪੋਥੀ ਪਾਠਾਂਤਰ : ਕਈ ਲਾਖ ਕਰੋੜ 10. ਅ ਪੋਥੀ ਤਬ ਮੈ 11. ਅ ਪੋਥੀ ਪਾਠਾਂਤਰ : ਜਮ ਕੀ ਝਾਂਕੀ 12. ਅ ਪੋਥੀ ਸਖੀਅਨ 13. ਅ ਪੋਥੀ ਪਿਯਾਸ

॥ ਦੋਹਰਾ ॥
ਕਰ ਮੋ ਕਰ ਪਕਰਾਇ ਕਰੁ ਦੀਯੋ ਗਾਂਵ ਪਹੁਚਾਇ ॥
ਜੋ ਸੂਰਤ ਬਨ ਮੋ ਪਿਖੀ ਸੋ ਅਬ ਦੇਖੀ ਆਇ ॥1077॥
॥ ਚੌਪਈ ॥
ਮੰਦ ਮੰਦ ਕਰੁ ਹਸਿ ਗੁਰ ਬੋਲੇ[1] ॥ ਭਾਗੁ ਤੁਮਾਰੇ ਅਹੇ ਅਤੋਲੇ ॥
ਤਬ ਕੰਨਿਯਾ ਕਰ ਜੋਰੁ ਬਖਾਨੇ ॥ ਮੁਕਤਿ ਹਮਾਰੀ ਕਰ ਸੁਖਦਾਨੇ ॥1078॥
ਸ੍ਰੀ ਕਮਲਾਨ ਗਿਰਾ ਉਚਾਰੀ ॥ ਪੰਚ ਬਰਸ ਤੂੰ ਜੀਵੈ ਬਾਰੀ ॥
ਭੂਖ ਪਯਾਸ ਨਹਿ ਬਿਯਾਪੈ ਤੋਹੀ ॥ ਵਾਹਿਗੁਰੂ ਸਦ ਜਾਪੋ ਓਹੀ ॥1079॥
ਧਰਮਸਾਲ ਮੈ ਪਾਨੀ ਢੋਵੋ ॥ ਸੂਨੀ ਫੇਰੋ ਚਰਨਨ ਧੋਵੋ ॥
ਸਤਿਗੁਰ ਸਾਖੀ ਸੁਨ ਹਿਤੁ ਲਾਈ ॥ ਜਾ ਤੇ ਹਿਰਦਾ ਸਾਂਤ ਰਹਾਈ ॥1080॥
ਕਰਿ ਸੇਵਾ ਹੰਕਾਰੁ ਨ ਕੀਜੈ ॥ ਵਾਹਿਗੁਰੂ ਸਦ ਜਾਪੁ ਕਰੀਜੈ ॥
ਐਸ ਗਿਰਾ ਗੁਰ ਕੀ ਸੁਨਿ ਪਾਈ ॥ ਮਸਤਕਿ ਟੇਕਾ ਸਦਨ[1] ਸਿਧਾਈ ॥1081॥
॥ ਦੋਹਰਾ ॥
ਜੋ ਜੋ ਗੁਰ ਅਗਿਆ ਕਰੀ ਸੋ ਕੀਨੀ ਹਿਤੁ ਲਾਇ ॥
ਆਯੁ ਬਿਤਾਈ ਨਾਮੁ ਜਪੁ ਬਸੀ ਬੈਕੁੰਠੇ ਜਾਇ ॥1082॥
ਰਾਮ ਸੁ ਗੜੀਆ ਹਰੀ ਹਰਿ ਦੋਨੋ ਸੁਤ ਲੇ ਸਾਥ ॥
ਹਾਥੁ ਜੋਰੁ ਆਗੇ ਖਰਾ ਚਰਨ ਕਮਲੁ ਧਰੁ ਮਾਥ ॥1083॥
॥ ਚੌਪਈ ॥
ਸਤਿ[2] ਗੁਰ ਤੇ ਲੀਨ ਨਿਦੇਸਾ ॥ ਚਲੁ ਪਹੁਰੇ ਨਿਜ ਆਪਨਿ ਦੇਸਾ ॥
ਆਪ ਗੁਰੂ ਜੀ ਕੂਚ ਕਰਾਈ ॥ ਹਿੰਮਤ ਪੁਰਿ ਮਹਿ ਥਿਰੇ ਸੁਹਾਈ[3] ॥1084॥
ਕਰਮ ਸਿੰਘ ਨੇ ਕੀਨੀ ਅਰਜੀ ॥ ਅਰੁ ਜਾਵਹੁ[4] ਜੇ ਹੋਵੈ ਮਰਜੀ ॥
ਕਮਲ ਬਦਨ ਸੁਨ ਆਗਯਾ ਦੀਨੀ ॥ ਜਾਵੋ ਸਦਨੇ ਦੇਰ ਵਿਹੀਨੀ ॥1085॥
ਸਿਰੋਪਾਇ[5] ਸ੍ਰੀ ਸਤਿਗੁਰ ਦੀਨਾ ॥ ਲੈ ਮਾਥੇ ਤਿਨ ਬਾਂਧਨ ਕੀਨਾ ॥
ਚਲ[6] ਪਿਛਾਰੀ ਮਾਥੁ ਨਿਵਾਇ ॥ ਨਿਜੇ ਗ੍ਰਹਿ ਪਹੁਚਾ ਹਰਖੁ ਬਢਾਇ ॥1081॥
ਗੁਰੁ ਹਜੂਰ ਚਲਿ ਸੰਗਤਿ ਆਵੈ ॥ ਅੰਨ ਆਦਿ ਬਹੁ ਭੇਟ ਲਯਾਵੈ ॥
ਦੇਗ ਗੁਰੂ ਕੀ ਹੋਵੈ ਭਾਰੀ ॥ ਊਚ ਨੀਚ ਸਭ ਕੋ ਤ੍ਰਿਪਤਾਰੀ ॥1087॥
(ਫੌਜਦਾਰ ਸਰਧਾਲੂ ਦੀ ਕਥਾ)
ਫੌਜਦਾਰ ਇਕੁ ਸਿਖੁ ਸੁ[7] ਆਯੋ ॥ ਖੇਸਿ ਗੁਰੂ ਪਹਿ ਆਨ ਚਢਾਯੋ ॥
ਔਰ ਸੁ ਸੇਵਾ ਬਹੁ ਬਿਧਿ ਕੀਨ ॥ ਦਾਨਾ ਘਾਸ ਆਨ ਸੁ ਦੀਨ ॥1088॥
ਕੂਲੀ ਸੁ ਘੋੜੀ ਜੀਨੋ ਪਾਈ ॥ ਔਰੇ ਭੂਖਨ ਅੰਗੁ ਸਜਾਈ ॥

1 ਮੂਲ ਪੋਥੀ ਸਦ 2 ਅ ਪੋਥੀ ਸ੍ਰੀ 3. ਅ ਪੋਥੀ ਸੁਜਾਈ 4. ਅ ਪੋਥੀ ਜਾਵੋਂ 5. ਅ ਪੋਥੀ ਸਿਰੋ ਪਾਇ
6. ਅ ਪੋਥੀ ਚਲਾ 7. ੲ ਪੋਥੀ ਚਲਿ

ਆਨ ਹਜੂਰਿ[1] ਠਾਢੀ ਕੀਨੀ ॥ ਕੈਸੀ ਬੜਵਾ ਹਮ ਕੋ ਦੀਨੀ ॥1089॥
ਹਾਥ ਜੋਰੁ ਕਰ ਅਰਜ ਗੁਜਾਰੀ ॥ ਆਪ ਸੁਨੋ ਸਤਿਗੁਰੂ ਮੁਰਾਰੀ ॥
ਨਿਸਾ ਮਾਂਝ ਅੰਧੇਰੀ ਆਈ ॥ ਮੰਡਪ ਪੁਰ ਮੈ ਥਿਰਾ ਸੁ ਜਾਈ ॥1090॥

॥ ਦੋਹਰਾ ॥

ਅਰਧ ਸਰਵਰੀ ਕੇ ਵਿਖੇ ਚਾਹਯੋ ਭੀਤਰੁ ਜਾਨ ॥
ਤਬ ਪਗ ਮੇਰਾ ਖਿਸਲ ਗਾ ਪਰਾ ਭੂਮਿ ਧਰ ਆਨ ॥1091॥

॥ ਚੌਪਈ ॥

ਸ੍ਰੀ ਗੁਰ ਜੀ ਮੈ ਤੁਮੈ ਚਿਤਾਰਾ ॥ ਕਰੋ ਸਹਾਇ ਹਮੈ ਇਹੁ ਬਾਰਾ ॥
ਹਾਥ ਕਮਲੁ ਪਹਿ ਮੋ ਕੋ ਲੀਨ ॥ ਸੰਤ ਸਹਾਈ ਗੁਰੂ ਪ੍ਰਵੀਨਾ ॥1092॥
ਤਬ ਬੜਵਾ ਮੈ ਸੁਖਨਾ ਕੀਨੀ ॥ ਮਾਨ[2] ਚੜ੍ਹਾਈ ਹੁਇ ਕਰ ਦੀਨੀ ॥
ਸਤਿਗੁਰ ਜੀ ਸੋ ਲੇਵਨ ਭਾਖੀ ॥ ਲੇਯ ਦਰੋਗੇ ਬਾਧ ਸੁ ਰਾਖੀ ॥1093॥
ਫੌਜਦਾਰ ਮਨ ਭਾ ਹਰਖਾਈ ॥ ਸੇਵਾ ਕਰ ਕਰ ਗੁਰੈ ਰਿਝਾਈ ॥
ਭਾਈ ਰੂਪੇ ਕੇ ਚਲਿ ਆਏ ॥ ਭੇਟਾ ਰਾਖੀ ਸੀਸੁ ਨਿਵਾਏ ॥1094॥
ਹਾਥ ਜੋਰੁ ਕਰ ਅਰਜਿ ਗੁਜਾਰੀ ॥ ਹਮੇ ਕ੍ਰਿਤਾਰਥੁ ਕਰੋ ਮੁਰਾਰੀ ॥
ਤਿਨ ਕੀ ਸਰਧਾ ਦੇਖਿ[3] ਦਿਆਰਾ ॥ ਕਰਨੀ ਊਪਰਿ ਭਏ ਸਵਾਰਾ ॥1095॥
ਭਾਈ ਰੂਪੇ ਪਿੰਡ ਥਿਰਾਏ ॥ ਸਿਖਨ ਸੇਵਾ ਕੈਰੀ ਬਨਾਏ ॥
ਦਿਆਲੁ ਪੁਰੇ ਕੇ ਗਾਂਵ ਮਝਾਂਰੀ ॥ ਭੂ ਸੂਰ ਤਾਮੈ ਅੰਧ ਦੁਖਾਰੀ ॥1096॥

॥ ਦੋਹਰਾ ॥

ਸੁਨਿ ਮਹਿਮਾ ਸਤਿਗੁਰੂ ਕੀ ਮਨੈ ਅਰਾਧਨ ਕੀਨ ॥
ਸ੍ਰੀ ਗੁਰ ਸਾਹਿਬ ਸਿੰਘ ਜੀ ਦੇਹੁ ਦਰਸ ਮੋਹਿ ਦੀਨ ॥1097॥

॥ ਸੋਰਠਾ ॥

ਸੇਵਾ ਮਨੈ ਬਿਚਾਰਿ ਅਰਧ ਨਿਸਾ ਬੀਤੀ ਜਬੈ ॥
ਆਏ ਦੀਨ ਦਇਆਰੁ ਉਠਿ ਦਿਜਬਰ ਦਰਸਨੁ ਕਰੋ ॥1098॥

॥ ਹਾਲਕ ਛੰਦੁ ॥

ਕਹਿ ਐਸੇ ਗੁਰੂ ਸਿਧਾਏ ॥ ਥਿਰਾ ਆਸ ਤਰਨ ਸੁਖ ਪਾਏ ॥
ਤਬ ਹੋਤਿ ਭਈ ਭੁਨਸਾਰਾ ॥ ਬਿਪੁ ਚਾਲਾ ਸ੍ਰੀ[4] ਗੁਰ[4] ਦਰਬਾਰਾ ॥1199॥
ਆ[5] ਗੁਰ ਪਹਿ ਮਾਥ ਨਿਵਾਵਾ ॥ ਮੁਖੋ ਐਸੇ ਬੈਨ ਅਲਾਵਾ ॥
ਸ੍ਰੀ ਗੁਰ ਜੀ ਕ੍ਰਿਪਾ ਕੀਜੈ ॥ ਮੁਹਿ ਨੈਨ ਸੁਧਿ ਦਰੁ ਦੀਜੈ ॥1100॥

---

ਅ ਪੋਥੀ ਹਜੂਰੰ 2. ਅ ਪੋਥੀ ਆਨ 3. ੲ ਪੋਥੀ ਪੇਖਿ 4. ਅ ਪੋਥੀ ਪਾਠਾਤਰ : ਤੁਰ
ਦਰਬਾਰਾ 5. ਅ ਪੋਥੀ ਆਇ

ਇਕੁ ਸੇਵਕੁ ਗੁਰੂ ਬੁਲਾਵਾ ॥ ਸੋ[1] ਆਵਾ ਗੁਰ ਪਹਿ ਧਾਵਾ ॥
ਜੁਗ ਪਵਰੀ ਲਯੋ ਉਠਾਈ ॥ ਜਲ ਧੋਵੇ ਦੇਰੁ ਵਿਹਾਈ ॥1101॥

॥ ਦੋਹਰਾ ॥

ਇਹ ਦ੍ਵਿਜ ਕੇ ਤੁਮ ਨੈਨ ਪਰ ਸੰਚੋ ਜਲੁ ਬਿਨੁ ਦੇਰ ॥
ਗੁਰ ਤੇ ਸੁਨ ਕਿੰਕਰ ਤਬੈ ਤਸ ਕੀਨਾ ਬਿਨ ਬੇਰੁ ॥1102॥
ਅਨੁਗ ਆਬ ਸੀਂਚਾ ਜਬੈ ਨੈਨਾ ਕੰਜ ਖਿਰੀਨ ॥
ਜਿਮ ਸਵਤ ਕੋ ਦੇਖਕੈ ਨੀਰਜ ਹਰਖ ਭੀਨ ॥1103॥

॥ ਚੌਪਈ ॥

ਗੁਰ ਕੀ ਕ੍ਰਿਪਾ ਆਂਖ ਜਬ ਪਾਈ ॥ ਚਰਨ ਕਮਲ ਗੁਰ ਕੇ ਲਪਟਾਈ ॥
ਪਾਨ ਜੋਰੁ ਕਰ ਬਿਨੈ ਬਖਾਨੀ ॥ ਮੈ ਅਨਾਥ ਪਰ ਕਰੁਣਾ ਠਾਨੀ ॥1104॥
ਬੇਦੀ ਕੁਲ ਕੇ ਭੂਖਨ ਭਾਰੇ ॥ ਜਗਤ ਜਲੰਧ ਤੇ ਤਾਰਨ ਹਾਰੇ ॥
ਮੈ ਅਨਾਥ ਚਲ ਸਰਨੀ ਆਵਾ ॥ ਚਖੰ ਸੁ[2] ਦੀਨੇ ਬਡ ਜਸੁ ਪਾਵਾ ॥1105॥
ਜੈ ਜੈ ਜਯ ਗੁਰ ਸ੍ਰੀ ਜਗ ਸਾਂਈ ॥ ਨਮੋ ਨਮੋ ਤ੍ਰਿਲੋਕ ਗੁਸਾਂਈ ॥
ਨਮੋ ਨਮੋ ਭਗਤਨ ਦੁਖ ਖੰਡਨ ॥ ਜੈ ਜੈ ਜਯ ਧਰਨੀ ਕੇ ਮੰਡਨ ॥1106॥

॥ ਕਵਿੱਤ ॥

ਦੀਨਨ ਕੀ ਰਛਾ ਕਰੋ ਭਗਤਨ ਪਖ ਧਰੋ
ਸਿਖਨ ਸਹਾਇ ਕਾਜ ਲੀਨੋ ਅਵਤਾਰੁ ਜੀ ॥
ਸੁਰ ਤਰੁ ਰੂਪੁ ਤੈਰੋ ਬਾਂਛਤ ਨ ਦੇਤ ਬੈਰੋ
ਆਵਤ ਦੁਖਤੁ ਜੋਈ ਦੇਤ ਹੋ ਨਿਵਾਰ ਜੀ ॥
ਕਾਮ ਬਾਮੀ ਕੁਟਲ ਮੈ ਪਰਦ੍ਰੋਹੀ ਕ੍ਰੂਰ ਅੰਤਿ
ਨਿੰਦਕ ਦੋਬਾਜਚ ਮੈ ਕਰੋ ਸੰਦ ਪਾਪ ਜੀ ॥
ਆਯੋ ਹੌਂ ਸਰਨ ਗੁਰ ਤਾਰਨ ਤਰਨ ਆਪੁ
ਲੀਜਿਯੇ ਬਚਾਇ ਮੋਹਿ ਕੀਜੈ ਭਵ ਪਾਰ ਜੀ ॥1107॥

॥ ਦੋਹਰਾ ॥

ਐਸੀ ਨੁਤ ਗੁਰ ਕੀ ਕਰੀ ਭੂਸੁਰ ਮਨ ਹਰਖਾਇ ॥
ਸੀਸ ਨਾਇ ਗ੍ਰਹ ਜਾਤ ਭਾ ਵ੍ਾਹਿਗੁਰੂ ਮੁਖ ਗਾਇ ॥1108॥

## (ਮਾਲਵ ਦੇਸ਼ ਦੀ ਸੰਗਤ ਦੀ ਕਥਾ)

॥ ਚੌਪਾਈ ॥

ਮਾਲਵ ਦੇਸੋ ਸੰਗਤਿ ਆਈ ॥ ਅਰਪਿ ਅਕੋਰ ਸੀਸ ਨਿਵਾਈ ॥
ਫੌਜਦਾਰੁ ਇਕ ਸਿੰਘ[3] ਸੁ ਆਵਾ ॥ ਜਵਿ ਬਾਜੀ ਇਕ ਭੇਟ ਚਢਾਵਾਂ ॥1109॥

---

1. ਅ ਪੋਥੀ ਚਲੁ ਆਵਾ 2. ੲ ਪੋਥੀ ਨੇਤ੍ਰ ਸੁ 3. ਅ ਪੋਥੀ ਸਿਖ

ਹਾਥੁ ਜੋਰੁ ਕਰ ਅਰਜੁ ਗੁਜਾਰੀ ॥ ਵਰਖਾ ਕੀਜੈ ਗੁਰੂ ਮੁਰਾਰੀ ॥
ਸ੍ਰੀ ਕਮਲਾਨਨ ਗਿਰਾ ਬਖਾਨੀ ॥ ਆਵੈ ਬਦਰਾ ਬਰਖੈ ਪਾਨੀ ॥1110॥
ਏਕ ਜਾਮ ਜਬ ਦਿਵਸ ਰਹਾਵਾ ॥ ਬਰਖਾ ਬਰਖੈ ਅੰਤੁ ਨ ਆਵਾ ॥
ਦਿਖ ਦਿਖ ਸੰਗਤਿ ਬਹੁ ਹਰਖਾਈ ॥ ਸੁਨ ਸੁਨ ਸੰਗਤਿ ਆਵੈ ਧਾਈ ॥1111॥
ਦੂਧ ਦਹੀ ਬਹੁ ਚੂਨ ਲਯਾਵੈ ॥ ਅਰਪਨ ਕਰ ਗੁਰ ਮਨ ਹਰਖਾਵੈ ॥
ਮਨਸੂਰੋ ਚਲ ਸੰਗਤਿ ਆਈ ॥ ਮਾਥ ਨਿਵਾਵੈ ਭੇਟ ਚਢਾਈ ॥1112॥
ਰਾਗੀ ਮਿਲ ਕਰੁ ਕੀਰਤ ਗਾਵੈ ॥ ਗੁਰ ਸਿਖ ਸੁਨ ਮਨਮੋਦ ਬਢਾਵੈ ॥
ਮਿਲ ਸੰਗਤਿ ਨੇ ਅਰਜਿ ਗੁਜਾਰੀ ॥ ਪਿੰਡ ਸੁ ਪਾਵਨ ਕਰੋ ਮੁਰਾਰੀ ॥1113॥

॥ ਦੋਹਰਾ ॥

ਤਾਂ ਕੀ ਪ੍ਰੀਤੀ ਦੇਖ ਕੇ ਸ੍ਰੀ ਗੁਰ ਭਏ ਦਇਆਲੁ ॥
ਕੂਚ[1] ਕਰ ਤਹ ਜਾਤ ਭੇ ਦੀਨਨ ਕਰਨ ਨਿਹਾਲ ॥1114॥

॥ ਚੌਪਈ ॥

ਆਵੈ ਸੰਗਤਿ ਪਾਰ ਨ[2] ਪਾਵੈ ॥ ਅਰਪ ਅਕੋਰ ਮਨ ਹਰਖਾਵੈ ॥
ਸੂਪਕਾਰ ਆਵਾ ਕਰ ਜੋਰੀ ॥ ਸ੍ਰੀ ਗੁਰ ਜੀ ਸੁਨੋ ਬਿਨੁ ਮੋਰੀ ॥1115॥
ਆਈ ਸੰਗਤਿ ਗੁਰ ਸਰਸਾਈ ॥ ਅਸਨ ਨ ਪੂਰਾ ਹੋਵਨ[3] ਪਾਈ ॥
ਸ੍ਰੀ ਕਮਲਾਨਨ ਕਹਿ ਮਿਰਜਾਦੇ ॥ ਅਢਾਈ ਸੇਰ ਦ੍ਵੈ ਪਰਸਾਦੇ ॥1116॥
ਕੜਾਹ ਪ੍ਰਸਾਦੰ ਨੇਮ ਬਨਾਵੋ ॥ ਸੂਪੰ ਗਾੜੀ ਮਾਖ ਰਿਧਾਵੋ ॥
ਦ੍ਵੈ ਪ੍ਰਸਾਦੇ ਊਪਰਿ ਦਾਲਾ ॥ ਬਾਂਟੋ ਸਭ ਕੋ ਪ੍ਰੀਤੀ ਨਾਲਾ ॥1117॥

॥ ਦੋਹਰਾ ॥

ਜਬੈ ਪ੍ਰਸਾਦਿ ਤਯਾਰ ਹੁਇ ਧੌਸੇ ਚੋਬ ਲਗਾਇ ॥
ਭੂਖਾ ਨਾਹੀ ਕੋ ਰਹੇ ਊਚ ਨੀਚ ਤ੍ਰਿਪਤਾਇ ॥1118॥

## (ਗੌਂਡੇ ਜੱਟ ਦਾ ਬਿਰਤਾਂਤ)

॥ ਚੌਪਈ ॥

ਬਹੁਤ ਦਿਵਸ ਤਹਿ ਗੁਰੂ ਰਹਾਏ ॥ ਦੈ ਦੈ ਅੰਮ੍ਰਿਤ ਸਿੰਘ ਬਨਾਏ ॥
ਗੌਡਾ ਜਟ ਇਕ ਤਹਾਂ ਰਹਾਈ ॥ ਤੁਰਕਨ ਕਾਮੰਦਾਰ ਸਦਾਈ[4] ॥1119॥
ਰਾਇ ਕਿਆ ਤਿਸ ਕੋ ਗਹਿ ਲੀਨਾ ॥ ਲੁਦਿਆਣੇ ਮੋ ਕੈਦੰ[5] ਕੀਨਾ ॥
ਦਾਰਾ ਕਨਯਾ ਸੁਤ ਤਿਹ ਕੇਰੇ ॥ ਆਇ ਲੁਕੇ ਸਤਿਗੁਰ ਕੇ ਡੇਰੇ ॥1120॥
ਲੇਇ ਪ੍ਰਸਾਦੰ ਸੰਝ ਸਵੇਰਾ ॥ ਹੈ ਸਾਲਾ ਤੇ ਲਿਦ ਦੇ ਗੇਰਾ ॥
ਆਨ ਦਰੋਗੇ ਅਰਜੀ ਕੀਨ ॥ ਬਿਨੇ ਸੁਨੋ ਸ੍ਰੀ ਗੁਰ ਪ੍ਰਵੀਨ ॥1121॥

---

ਅ ਪੋਥੀ ਸੁ ਕਰ 2. ਅ ਪੋਥੀ ਆਵੈ 3. ਅ ਪੋਥੀ ਹੋਵਨ 4. ਅ ਪੋਖੀ ਸਹਾਈ
ਅ ਪੋਥੀ ਸੁ ਕੀਨ

॥ ਦੋਹਰਾ ॥

ਗੈਂਡੇ ਕੇਰ ਪ੍ਵਾਰ ਜੋ ਆਵਾ ਧਰ ਤੁਮ ਓਟ ॥
ਤੁਰਕਨ ਗੈਂਡਾ ਗ੍ਰਹਿ ਰਖਾ ਕੀਨੇ ਤਿਨ੍ਹ ਬਡ ਖੋਟ ॥1122॥

॥ ਚੌਪਈ ॥

ਸੁਨ ਕਰ ਸ੍ਰੀ ਗੁਰੂ ਬੈਨ ਅਲਾਵਾ ॥ ਰਹੋ ਬੈਠਿ ਨਹਿ ਮਨੁ ਡਰ ਪਾਵਾ ॥
ਗੈਂਡਾ ਭੀ ਹਮ ਦੇਹਿ ਛਡਾਈ ॥ ਦਿਨ ਪ੍ਰਸਾਦਿ ਦੇਵੇ ਨਿਤ ਜਾਈ ॥1123॥
ਏਕ ਸਿਖ ਤਬ ਗੁਰੂ ਪਠਾਵਾ ॥ ਯਮਨ ਪਾਸ ਸੋ ਆਇ ਬਿਰਾਵਾ ॥
ਸ੍ਰੀ ਗੁਰ ਤੁਮਰੇ ਪਾਸ ਪਠਾਯੋ ॥ ਗੈਂਡਾ ਛਾਡੋ ਏਹੁ ਅਲਾਯੋ ॥1124॥
ਰਾਇ ਕਿਯਾ ਸੁਨ ਕਹਾ ਨ ਮਾਨਾ ॥ ਹਮ ਨਹਿ ਛੋਡੈ ਹਠ ਬਡ ਠਾਨਾ ॥
ਤਿਨ ਕੀ ਕਹਿਬਤ ਆਨ ਸੁਨਾਈ ॥ ਗੁਰ ਜੀ ਤਿਸ ਕੋ ਫੇਰਿ ਪਠਾਈ ॥

॥ ਦੋਹਰਾ ॥

ਤੀਨ ਬੇਰਿ ਸਿਖ ਫਿਰਤ ਭਾ ਕਹਾ ਨਾ ਮਾਨਾ ਮੂੜ ॥
ਫਿਰ ਗੁਰ ਜੀ ਕਹਿ ਭੇਜਿਆ ਹੋਵੋ ਤਕੜੇ ਕੂੜ ॥1126॥

॥ ਚੌਪਈ ॥

ਜੋਧ ਮਨਸੂਰ ਕੇ ਸਿਕਦਾਰਾ ॥ ਦੇਇ ਨਜ਼ਰ ਹੋਏ ਸਭ ਲਾਰਾ ॥
ਰਾਇ ਕਿਯਾਂ ਨੇ ਇਹ ਸੁਨ ਪਾਵਾ ॥ ਗੁਰੂ ਮਿਲਾਏ ਦੋਹੁ ਬਿਹਾਵਾ ॥1127॥
ਸੋਰਾ ਗੁਜਰ ਇਕ ਸੈਨਾਨੀ ॥ ਰਾਇ ਕਿਯਾ ਕੀ ਮਾਨੀ ਬਾਨੀ ॥
ਬਹੁਤੀ ਸੈਨਾ ਲੈ ਕਰੁ ਧਾਵਾ ॥ ਏਕ ਕੋਸ ਪਰ ਆਨ ਬਿਰਾਵਾ ॥1128॥
ਦੋਲੋ ਪਿੰਡ ਆਇ ਤਿਨ ਰੋਕਾ ॥ ਨਿਸਾਨ ਬਜਾਵਾ ਕਰ ਬਡ ਘੋਕਾ ॥
ਗੁਰੂ ਪਾਸ ਕਿਨ ਆਇ[1] ਸੁਨਾਵਾ ॥ ਸੋਰਾ ਆਵਾ ਸ਼ੋਰ ਮਚਾਵਾ ॥1129॥

॥ ਦੋਹਰਾ ॥

ਸੁਨ ਕਰੁ ਹਸ ਕੇ ਸਤਿਗੁਰੂ ਦੀਨੀ ਤਬੈ ਨਿਦੇਸ ॥
ਸਿੰਘਨ ਪ੍ਰੇਰਨ ਗੁਰ ਕਰਾ ਮਾਰੋ ਡਰੋ ਨ ਲੇਸ ॥1130॥

॥ ਚੌਪਈ ॥

ਸਿੰਘ[2] ਪੰਚ ਸੈ[*] ਸੰਗਤਿ ਕੇਰੋ ॥ ਸਿਪਰ ਅਸੀ ਗਹੀ ਬਿਨ ਦੇਰੋ ॥
ਰਾਮ ਜੰਗਾਂ ਕਿਨ ਨੇਜਾ ਲੀਨਾ ॥ ਸਯਹਥੀ ਕਿਨ ਸੇਲਾ ਬੀਨਾ ॥1131॥
ਆਪਸ ਵਿਖੇ ਸਿੰਘ ਕਹਿ ਗਾਜੇ ॥ ਇਨਹੁ ਕਰੇ ਬਡ ਪ ਧਨ ਕਾਜੇ ॥
ਤਿਸੀ ਪਾਪ ਤੇ ਇਹ ਖ਼ਪ ਜੈ ਹੈ ॥ ਨਹੀ ਕੁਸਲ ਕੇ ਸਹਿਤ ਥਿਰੈ ਹੈ ॥1132॥
ਹਮ ਇਸ ਤੁਰਕ ਸੰਗੁ ਕਰੁ ਜੰਗ ॥ ਭੂਰ ਗੁਮਾਨ ਕਰਹਿ ਸਭ ਭੰਗੁ ॥
ਰੁੰਡ ਮੁੰਡ ਬਨੁ ਬਿਖੇ ਬਿਖੇਰੈ ॥ ਤੋਲ[3] ਲਰਾਈ ਸਭ ਬਲ ਹੇਰੋ ॥1133॥

---

1. ਅ ਪੋਥੀ ਆਨਿ 2. ਅ ਪੋਥੀ ਪਾਠਾਂਤਰ : ਸਿੱਖ ਪਾਂਚ ਸੈਂ 3. ਅ ਪੋਥੀ ਤੋਲ

ਉਡੀ ਧੂਲਿ ਸੂਰਜ ਤਬ ਛਾਯੋ ॥ ਚਲੇ ਸਿੰਘ ਜਲ ਨਿਧ ਜਿਮ ਧਾਯੋ ॥
ਦੁੰਦਭ ਢੋਲ ਪਟਹਿ ਸਹਨਾਈ ॥ ਦੁਹੁ ਦਿਸਿ ਬਾਜ ਉਠੈ ਸਮਦਾਈ ॥1134॥
ਇਕ ਹੀ ਬਾਰ ਤੜਾ ਭੜ ਹੋਈ ॥ ਭੂਰਜੇ ਭਾੜ ਧਾਂਨ ਜਿਮ ਕੋਈ ॥
ਇਕੁ ਇਕੁ ਵਾਰੁ ਖਾਲਸੇ ਕੀਨਾ ॥ ਦ੍ਵੈ ਦ੍ਵੈ ਕਰੇ ਪ੍ਰਾਨ ਤੇ ਹੀਨਾ ॥1135॥
ਲਗਹਿ ਦੁਗਾੜਾ ਫੋੜਿ ਸਰੀਰਾ ॥ ਦੜ ਦੜ ਪਰੇ ਸਰਾ ਪਰ ਬੀਰਾ ॥
ਤੋੜ ਮੋੜ ਕਲਾ ਪਰ ਜੜੈ ॥ ਡਬੈ ਪਲੀਤੇ ਤਬ ਛੁਟ ਪੜੈ ॥1136॥

॥ ਦੋਹਰਾ ॥

ਸਿੰਘਨ ਕੇਰੋ ਪੇਖ ਬਲ ਸੈਰਾ ਭਯੋ ਹੈ ਹਰਾਨ ॥
ਸੈਨਾ ਪਰੀ[1] ਕ੍ਰੋਧ ਕਰਿ ਸਿੰਘਨ ਪਾਵੈ ਜਾਨ ॥1137॥
ਯਮਨ ਤਬੈ ਬਹੁ ਜੋਰੁ ਕਰਿ ਧਾਏ ਦੈ ਕਰ ਹੂਹ ॥
ਸਿੰਘ ਅਗਰ [ਮਾਰ][2] ਤੇ ਪਰ ਜੰਗ ਅਤ ਕਰੂਹ ॥1138॥

॥ ਸਿਖੰਡੀ ਛੰਦੁ ॥

ਹਲਾ ਹਲੀ ਭਟ[3] ਜੁੜੇ[3] ਭੜਥੂ ਮਚਿਆ ॥
ਚੜੇ ਅਸ੍ਵ ਪਰ ਸਟੇ[4] ਮੁੰਡੀਆ ਹੇਠ ਹ੍ਵੈ ॥
ਕੇਤਕ ਪਚਿ ਪਚਿ ਹਟੇ ਘਾਇਲ ਗਿਰ ਪਰੇ ॥
ਮਰ ਗੇ ਪ੍ਰਾਣ ਨਿਖੁਟੇ ਟੱਟਰ ਫੁਟਿ ਕੈ ॥1139॥
ਨੇਜੇ ਬੰਬਲਿਆਲੇ ਤੋਟਨ ਤੋਤੜੇ[5] ॥
ਰੁੰਡ ਮੁੰਡ ਬਢਿ ਡਾਲੇ ਲੱਥੈ ਗੁਥੀਆਂ ॥
ਪਹੁਚੇ ਬੀਰ ਮੁਛਾਲੇ ਨੰਗੇ ਖੜਗ ਲੈ ॥
ਗਹਿ ਕੇ ਹਥਨਿ ਢਾਲੇ ਸਨਮੁਖ ਆਵਦੇ ॥1140॥
ਭਿੜੇ ਭੇੜ ਭਟ ਭਾਰੇ ਭਭਕੈ ਭੀਖਣਾ ॥
ਭਕ ਭਕ ਘਾਵ ਭਕਾਰੇ ਸ੍ਰੋਣਿਤ ਨਿਕਸ ਕੈ ॥
ਰਹਿਗੇ ਨੈਨ ਉਘਾਰੇ ਮਾਨੋ ਦੇਖਦੇ ॥
ਲੋਹੂ ਬਹੇ ਪਰਨਾਏ ਛਿਤਿ ਰੰਗੀਨ ਕਰ ॥1141॥
ਸਿਰ ਤਰਵਾਏ ਡਿਗੇ ਜਯੋ ਨਟ ਬਾਜੀਆਂ ॥
ਬਹਿ ਲੋਹੂ ਪਟ ਭਿਗੇ ਖੇਲਤ ਫਾਗ ਜਿਯੋ ॥
ਧਾਏ ਝਾੜਨ ਲਗੇ ਘਾਵਨ ਤੇ ਡਰੇ ॥
ਕਿਤਕ ਮਾਰਿ ਪਿਖ ਭਗੇ ਭੀਰੂ ਭੇ ਕਰੇ ॥1142॥

---

ਅ ਪੋਥੀ ਪ੍ਰੇਰੀ 2. ਅ ਪੋਥੀ ਵਿਚ 3. ਅ ਪੋਥੀ ਕੁਟ ਜੁਦੇ 4. ਅ ਪੋਥੀ ਸੁੱਟੇ 5. ਅ ਪੋਥੀ
(. ਅ ਪੋਥੀ ਪਰਨਾਚੇ

ਇਕ ਸਨਮੁਖਾ[1] ਲਲਕਾਰੇ ਮਾਰੇ ਬੰਗਾਰ ਕੇ[2] ॥
ਇਕਨੀ ਖੜਗ ਉਭਾਰੇ ਢਾਲਨ ਰੋਕ ਦੇ ॥
ਤੁਛ ਮੂਛ ਕਰ ਡਾਰੇ ਹਾਥਨ ਪੈਰ ਤੇ ॥
ਬਜੈ ਹਜਾਰ ਨਗਾਰੇ ਚਹੁ ਦਿਸ ਓਰੜੇ ॥1143॥

॥ ਨਵ ਨਾਮਕ ਛੰਦੁ ॥

ਕੁਪ ਕੁਪ ਅਤਿ ਅਤਿ ॥ ਕਹਿ ਕਹਿ ਦਲਿ ਪਤਿ ॥
ਪਠਿ ਪਠਿ ਨਰ ਬਰ ॥ ਖੜਗਨ ਧਰਿ ਧਰਿ ॥1144॥
ਜਿਤੁ ਕਿਤੁ ਫਿਰਿ ਫਿਰਿ ॥ ਪਿਖ ਪਿਖ ਥਿਰਿ ਥਿਰਿ ॥
ਲੜ ਨਚਿ ਹਿਤ ਚਿਤ ॥ ਡਰ ਤਨ ਮਨੁ ਕਿਤੁ ॥1145॥
ਖਰ ਖਗ ਕਟਿ ਕਟਿ ॥ ਧਰ ਪਰ ਲਿਟਿ ਲਿਟਿ ॥
ਝਟ ਕਰਿ ਸਟ[3] ਪਟ ॥ ਛਿਤ ਲਿਹਿ ਝਟਿ ਪਟਿ ॥1146॥
ਉਮਡ ਉਮਡ ਭਟ ॥ ਘੁਮਡ ਘੁਮਡ ਘਾਟ ॥
ਬਰਖਤ ਸਰਖਤ[4] ॥ ਪਰਖਤਿ ਨਰ ਬਰ ॥1147॥

॥ ਦੋਹਰਾ ॥

ਕਹੌ ਕਹਾ ਲਗਿ ਜੁਧ ਕੋ ਭਯੋ ਪ੍ਰਥਮ ਕੀ ਹੇਲ ॥
ਜੁਰ [ਲੋਥ ਪਰ][5] ਲੋਥ ਗੁਥ ਢੇਰ ਬਰੇਡਨ ਮੇਲਿ ॥1148॥
ਤੁਰਕਨਿ ਠਹਿਰੇ ਤਨਕ ਭਰ ਭਾਜ ਚਲੇ ਦੁਖੁ ਪਾਇ ॥
ਪਰ ਭੰਜਨ ਕੇ ਬੇਗ ਤੇ ਜੈਸੇ ਪਾਂਤ ਉਡਾਇ ॥1149॥

॥ ਚੌਪਈ ॥

ਤੁਰਕਨ ਸੈਨਾ ਐਸੇ ਜਾਈ ॥ ਦੇਖੁ ਪੰਚਾਨਨ ਏਣ ਪਰਾਈ ॥
ਸਿੰਘਨ ਯਮਨ ਸੁ ਐਸਿ ਦਬਾਏ ॥ ਜੈਸੇ ਬਾਜ ਲਵੇ ਕੋ ਘਾਇ ॥1150॥
ਸਿੰਘਨ ਬਾਢ ਕਰੀ ਅਤਿ ਭਾਰੀ ॥ ਮਰੇ ਮਲੇਛੁ ਮੰਗੁ ਕਰਿ ਬਾਰੀ ॥
ਅਨੀਸ ਤੁਰਕ ਅਰਧ ਮਰ ਗਈ ॥ ਜੋ ਬਾਚਤ ਸੋ ਭਾਜਤ ਭਈ ॥1151॥
ਲੁਦਿਆਨੇ ਮੋ ਜਾਇ ਥਿਰਾਏ ॥ ਸਿੰਘ ਮੁੜੇ ਅਪਣੀ ਜਯ ਪਾਏ ॥
ਹੈ ਗੇ ਸਸਤ੍ਰ ਲੂਟ ਸੋ ਲੀਨੇ ॥ ਆਇ ਹਜੂਰੇ ਅਰਪਨ ਕੀਨੇ ॥1152॥
ਗੁਰ ਸਾਹਿਬ ਸਿੰਘ ਦਿਖ ਹਰਖਾਏ ॥ ਸਿੰਘਨ ਕਰ ਬਹੁ ਮਾਨ ਕਰਾਏ ॥
ਜਿਨ ਜਿਨ ਵਸਤੂ ਲੂਟਨ ਕੀਨੀ ॥ ਤਿਨ ਕੋ ਦੀਨੀ ਗੁਰੂ ਨ ਲੀਨੀ ॥1153॥
ਜੰਗ ਮਾਹਿ ਜੋ ਸਿੰਘ ਹਤਾਨੇ ॥ ਦਾਹਿ ਕਰਾਵਾ ਸ੍ਰੀ ਸੁਖ ਦਾਨੇ ॥
ਤਿਨ ਮੋ ਮੁਕਤਿ ਦੀਨ ਗੁਰ ਪੂਰੇ ॥ ਜਿਹ ਦਰਸੇ ਅਘ ਹੋਵੈ ਚੂਰੇ ॥1154॥

1. ਅ ਪੋਥੀ ਸਨਮੁਖ 2. ਅ ਪੋਥੀ ਦੇ 3. ਅ ਪੋਥੀ ਝਟ 4. ਅ ਪੋਥੀ ਸਰ ਖੰਡ
5. ਅ ਪੋਥੀ ਵਿਚੋਂ

॥ ਦੋਹਰਾ ॥

ਰਣਜੀਤ ਨਗਾਰਾ ਟੇਕ ਜੋ ਤੁਰਕਨ ਕੇ ਸੋ ਪਾਸ ॥
ਸਿਘਨ ਧੌਸਾ ਬਲੰ ਕਰ ਅਰੁਪਾ ਗੁਰੈਂ ਹੁਲਾਸ ॥1155॥

॥ ਚੌਪਈ ॥

ਤੁਰਕਨ ਨਾਰੀ ਘਰੁ ਘਰੁ ਪੀਟੈ ॥ ਖੋਇਸ ਰੋਗੋਂ[1] ਮਾਰੈ ਈਟੈਂ ॥
ਜਿਨ ਕੇ ਬੰਕੇ ਘਰੀ ਨ ਆਏ ॥ ਕੈਸੇ ਤਿਸ ਕੋ ਰੈਨਿ ਬਿਹਾਏ ॥1156॥
ਸ੍ਰੀ ਗੁਰ ਮਨ ਮੈ ਕੀਨ ਬਿਚਾਰਾ ॥ ਗੈਂਡ ਛਡਾਵੈਂ ਕਰੇ ਨ ਬਾਹਾ ॥
ਔਰੋ ਏਕ ਸਿਘ ਮਸਤਾਨਾ ॥ ਗੁਰ ਪ੍ਰੇਗ ਤਿਨ ਜਾਵਨੁ ਠਾਨਾ ॥1157॥

॥ ਦੋਹਰਾ ॥

ਵਹੀ ਸਿਘ ਜਾਵਤ ਭਯੋ ਰਾਇ ਕਲੇ ਕੇ ਪਾਸਿ ॥
ਵਾਹਿਗੁਰੂ ਜੀ ਕੀ ਫਤੇ ਬੋਲੈ ਚਿਤ[2] ਹੁਲਾਸਿ ॥1158॥

॥ ਚੌਪਈ ॥

ਕਲੇ ਰਾਇ ਤਬ ਪ੍ਰਛਨ ਕੀਨਾ ॥ ਗੁਰੂ ਪਠਾ ਤੁਮ ਲੇਵੋ ਚੀਨਾ ॥
ਗੁਰੂ ਜੀ ਕੈਸੇ ਤੁਮੇ ਪਠਾਵਾ ॥ ਰਾਇ ਸੁਨੋ ਜੈਸੇ ਮੈ ਆਵਾ ॥1159॥
ਗੈਂਡੇ ਕੋ ਤੁਮ ਛੋਡਿਨ ਕੀਜੈ ॥ ਜੋ ਲੈਨਾ ਸੋ ਹਮ ਤੇ ਲੀਜੈ ॥
ਸੁਨ ਕਰ ਰਾਇ ਸੁਨੈ ਨਤ ਤੇਰੇ ॥ ਬੋਲਾ ਮੁਖ ਤੇ ਬੈਨੁ ਉਚੇਰੇ ॥1160॥
ਗੁਰੂ ਸਾਬ ਪਰ ਹਮਰਾ ਬੈਰਾ ॥ ਤਿਨ ਕੋ ਪਕਰੈ ਸਾਂਝ ਸਵੇਰਾ ॥
ਹਮਹੀ ਸੈਨਾ ਮਾਰ ਗਵਾਈ ॥ ਸੋ ਬਦਲਾ ਹਮ ਲੇਵੈਂ ਜਾਈ ॥1161॥
ਤਿਸੀ ਸਿਘ ਨੇ ਗਿਰਾ ਬਖਾਨੀ ॥ ਰਾਇ ਕਲੇ ਸੁਨ ਹਮਰੀ ਬਾਨੀ ॥
ਜੋ ਹੋਈ ਨਹਿ ਯਾਦ ਕਰੀਜੈ ॥ ਗੁਰ ਸਨ ਬੈਰ ਨ ਕਬਹੂ ਕੀਜੈ ॥1162॥
ਬੈਰ ਕਰੇ ਤਵ ਬਿਗਰੈ ਕਾਜੂ ॥ ਸੇਵ ਕੀਏ ਤੇ ਪਾਵੈ ਰਾਜੂ ॥
ਜੋ ਤੂ ਮਾਨੇ ਕਹਾ ਹਮਾਰਾ ॥ ਗੈਂਡਾ ਭੇਜੋ ਕਰੋ ਨ ਬਾਰਾ ॥1163॥

॥ ਦੋਹਰਾ ॥

ਜੋ ਤਵ ਮਨ ਮੇ ਗਰਬ ਹੈ ਕਹਾ ਨ ਮਾਨੈ ਮੋਰ ॥
ਸਤਿਗੁਰ ਸਾਹਿਬੁ ਸਿਘ ਜੀ ਕਰ ਦੇਵੈ ਖਿਨੁ ਜੋਰੁ ॥1164॥

॥ ਚੌਪਾਈ ॥

ਭਾਈ ਕਹਿਵਤ ਕਿਨੇ[3] ਨ ਮਾਨੀ ॥ ਯਵਨ ਜਾਤ ਜੋ ਮੂਢ ਗੁਮਾਨੀ ॥
ਚਲੁ ਕਰੁ ਭਾਈ ਗੁਰ ਪਹਿ ਆਵਾ ॥ ਸੋ ਨਹਿ ਮਾਨੇ ਬਡ ਗਰਬਾਵਾ ॥1165॥
ਰਾਇ ਕਲੇ ਨੇ ਸੈਨ ਬਟੋਰੀ ॥ ਮਨ ਮੈ ਗਰਬੁ[4] ਮੂਰਖੁ ਘੋਰੀ ॥
ਜੰਡਾਲੀ ਚਲੁ ਸੈਨਾ ਅਈ ॥ ਸਿਖ ਸਿਖ[5] ਦੇਰਾ ਗੁਰ ਸੁਧ ਦਈ ॥

---

1. ਅ ਪੋਥੀ ਰੋਰੇ 2. ਅ ਪੋਥੀ ਚਿਤੇ 3. ਅ ਪੋਥੀ ਨੈਨ 4. ਅ ਪੋਥੀ ਗਾਖਾ 5 ਦਸ ਪੋਥੀ ਦਿਖ

॥ ਦੋਹਰਾ ॥

ਸੁਨ ਕਰੁ ਸਤਗੁਰ ਕੂਚ ਕਰਾਵਾ ॥ ਸਿੰਘਨ ਪ੍ਰਤ ਗੁਰ ਐਸਿ ਅਲਾਵਾ ॥
ਤੁਰਕਨ ਸੈਨਾ ਜਾਨ ਨ ਪਾਈ ॥ ਮਾਰੋ ਘੇਰੇ ਦੇਰੁ ਬਿਹਾਈ ॥1167॥
ਗੁਰ ਕੀ ਸੈਨਾ ਭਈ ਤਿਯਾਰਾ ॥ ਦੇਰ ਨ ਕੀਨੀ ਭਏ ਸਵਾਰਾ ॥
ਧੌਸਾ ਗੁਰ ਆ ਬਜਾ ਉਚੇਰਾ ॥ ਛੋਨੀ ਅਦ੍ਰੰ ਕੰਪ ਘਨੇਰਾ ॥1168॥

॥ ਦੋਹਰਾ ॥

ਦੋਨੋ ਸੈਨਾ ਮੁਕਾਬਲੇ ਭਯੋ ਭੇੜ ਬਿਨੁ ਦੇਰੁ ॥
ਸਿੰਘਨ ਮਾਰ ਨ ਸਹਿ ਸਕੇ ਭਾਜੇ ਹ੍ਵੈ ਕਰ ਜੇਰ ॥1169॥
ਏਕ ਸੁ ਕਸ ਨੀਵੇ ਹੁਤੋ ਬੁਰੇ ਤੁਰਤ ਤਿਸ ਧਾਇ ॥
ਸਿੰਘਨ ਮਾਰ ਐਸੇ ਕਰੀ ਬੇਰ ਦੁਰਗ ਮੋ ਜਾਇ ॥1170॥

॥ ਦੋਹਰਾ ॥

ਤਬੈ ਮੋਰਚੇ[1] ਗੁਰੂ ਲਗਾਏ[2] ॥ ਅੰਤਰੁ ਜਾਨਾ ਕਛੂ ਨ ਪਾਏ ॥
ਨਵ ਦਿਨ ਇਸੀ ਭਾਤੁ ਜਬ ਗਏ ॥ ਦੁਰਗ ਕੂਪ ਜਲ ਸੂਕਤ ਭ੍ਏ ॥1171॥
ਤੁਰਕਨ ਮਨ ਮੋ ਬਹੁ ਦੁਖੁ ਪਾਵਾ ॥ ਆਬ ਬਿਨਾ ਕਿਮ ਪ੍ਰਾਨ ਰਹਾਵਾ ॥
ਮਿਸਰੀ ਸ੍ਿੰਘ ਬਾਗ ਹਰਿ ਦੋਊ ॥ ਤੁਰਕ ਸਦਨ ਚਾਕਰ ਹੈ ਸੋਊ ॥1172॥
ਤਿਨ ਤੁਰਕਨ ਪ੍ਰਤਿ ਕਹਾ ਬੁਝਾਈ ॥ ਕਯੋ ਮਰਤੇ ਹੋ ਪ੍ਰਾਨ ਗਵਾਈ ॥
ਸ੍ਰੀ ਬਰ ਗੁੰਬਿੰਦ ਸਿੰਘ ਮਹਾਰਾਜ ॥ ਰਚਯੋ ਪੰਥਿ ਜੈਸੇ ਮ੍ਰਿਗਰਾਜ ॥1173॥
ਤੁਰਕਨ ਕੁਲ ਬਨ ਕੋ ਹੈ ਦਾਵਾ ॥ ਜਿਨ ਕੋ ਜਸੁ ਸਭੁ ਜਗੁ ਮੈ ਛਾਵਾ ॥
ਸੋਈ ਸਾਹਿਬ ਸਿੰਘ ਕਹਾਈ ॥ ਆਵਾ ਤੁਮ ਸੰਨ ਕਰਨ ਲਰਾਈ ॥1174॥

॥ ਦੋਹਰਾ ॥

ਨਿਮਕ[3] ਤੁਮਾਰਾ ਹਮੋ ਨੇ ਖਾਵਾ ਹੈ ਚਿਰ ਕਾਲ ॥
ਇਸ ਲੀਏ ਹਮ ਕਹਤ ਹੈ ਤੁਮਰੇ ਹਿਤੂ ਬਿਸਾਲ ॥1175॥

॥ ਚੌਪਈ ॥

ਆਵੋ ਬੁਰਜੰ ਦੇਹੁ ਦਿਖਾਈ ॥ ਲਾਖੋਂ ਫੌਜਾਂ ਗੁਰ ਕੀ ਆਈ ॥
ਐਸੇ ਕਹਿ ਕਰ ਸੰਗ ਲੇ ਗਯੋ ॥ ਦੇਖੁ ਮਲੇਛਨ ਅਚਰਜ ਭਯੋ ॥1176॥
ਬੋਲੇ ਸਿਖ ਕਯੋ ਪ੍ਰਾਨ ਗਵਾਵੋ ॥ ਗੁਰ ਮਿਲੇ ਤੇ ਬਹੁ ਸੁਖ ਪਾਵੋ ॥
ਤੁਰਕਨ ਆਖਾ ਤੁਮ ਜੁਗ ਜਾਈ ॥ ਹਮਰੀ ਤਰਫੋਂ ਬਿਨੈ ਅਲਾਈ ॥1177॥
ਮਿਲੈ ਹਮ ਅਬ ਦੇਰੁ ਨਹਿ ਲਾਵੈ ॥ ਹਮਰੀ ਇਜਤ ਨ ਗੁਰੂ ਗਵਾਵੇ ॥
ਦੋਨੋ ਭਾਈ ਚਲ ਕਰ ਆਏ ॥ ਆਏ ਹਜੂਰ ਮਾਥ ਤਿਨ ਨਾਏ ॥1178॥

---

1. ੬ ਪੋਥੀ ਸਾਹਿਬ 2. ੲ ਪੋਥੀ ਸਤਿਗੁਰੂ ਲਾਏ 3. ੲ ਪੋਥੀ ਲੂਣ

ਸ੍ਰੀ ਗੁਰ ਪੂਛਾ ਕੈਸੇ ਆਵੋਂ ॥ ਹਮਰੇ ਸੰਗੁ ਤੁਮ ਜੰਗੁ ਮਚਾਵੋਂ ॥
ਮਿਸਰੀ ਸਿੰਘ ਕਹਾ ਕਰ ਜੋਰੀ ॥ ਸਤਿਗੁਰ ਸੁਨੀਏ ਬਿਨਤੀ ਮੋਰੀ ॥1179॥

॥ ਦੋਹਰਾ ॥

ਤਨ ਕਰ [ਚਾਕਰ][1] ਤਿਨੋ ਕੇ ਮਨ ਕਰ ਤੁਮਰੇ ਦਾਸ ॥
ਅਬ ਹਮ ਕੋ ਤਿਨ ਭੇਜਿਆ ਮੇਲੋਂ ਤਿਨ ਸੁਖ ਰਾਸ ॥1180॥

॥ ਹਾਲਕ ਛੰਦੁ ॥

ਗੁਰ ਬੋਲੇ ਸੁਖਮਾ ਸਦਨਾ ॥ ਤੁਮ ਸੁਨੀਏ ਊਜਲ ਬਦਨਾ ॥
ਛਡ ਸਸਤ੍ਰ ਬਾਝ ਸਿਧਾਵੈ ॥ ਹਮ ਕਿਸੇ ਨ ਕਛੂ ਅਲਾਵੋਂ ॥1181॥
ਤੁਮ ਜਾਵੋ ਦੇਰੁ ਬਿਹਾਈ ॥ ਤਿਨੁ ਦੇਵੋ ਸਜਤ੍ਰ ਛਡਾਈ ॥
ਸੁਨ ਗੁਰ ਕੀ ਬਾਨੀ ਧਾਏ ॥ ਗੁਰ ਕਹਾ ਸੁ[2] ਤਿਨੇ ਸੁਨਾਏ ॥1182॥
ਜੇ ਪ੍ਰਾਨ ਬਚਾਨੋ[3] ਚਾਹੋ ॥ ਤਜਿ ਸਸਤ੍ਰ ਵਹਿਰ ਸਿਧਾਹੋ ॥
ਸੁਨ ਤੁਰਕਨ ਲਜਾ ਤਯਾਗੀ ॥ ਛਡ ਸਸਤ੍ਰ ਤਬੈ ਗੇ ਭਾਗੀ ॥1183॥

॥ ਦੋਹਰਾ ॥

ਛਾਡਿ ਦੁਰਗ ਭਾਜੀ ਜਬੈ ਸੈਨਾ ਤੁਰਕਨ ਕੇਰ ॥
ਗੁਰ ਕੀ ਸੈਨ ਅੰਤਰ ਧਸੀ ਬਾਜੇ ਧੌਸ ਉਚੇਰੁ ॥1184॥
ਮਿਸਰੀ ਸਿੰਘ ਸੁਬਾਗ ਹਰਿ ਠਾਣੇਦਾਰ ਬਨਾਇ ॥
ਮਨਸੂਰ ਵਿਖੇ ਸ੍ਰੀ ਪ੍ਰਭ ਗਏ ਸਿਵਰ ਲਗਾਯੋ ਜਾਇ ॥1185॥

॥ ਚੌਪਈ ॥

ਤਿਰਭਾਵਲਿ ਤਬ ਗੁਰੂ ਕਰਾਵਾ ॥ ਬਾਂਟ ਦੀਨ ਲੇ ਸਿਖੁਨ ਖਾਵਾ ॥
ਸਭ ਕੇ ਮਨ ਮਹਿ ਬਹੁਤ ਅਨੰਦ ॥ ਰਵੀ ਦੇਖ ਜਿਮ ਨੀਰਜ ਬ੍ਰਿੰਦ ॥1186॥
ਕਲੇ ਰਾਇ ਕੇ ਮਾਨਸ ਆਏ ॥ ਗੈਂਡੇ ਕੋ ਸੋ ਸੰਗੁ ਲਿਆਇ ॥
ਆਇ ਹਜੂਰ ਮਾਥ ਤਿਨੁ ਨਾਏ ॥ ਬਿਨੈ ਕਰਤ ਭੇ ਚਿਤ ਹਰਖਾਏ ॥1187॥
ਗੈਂਡਾ ਆਵਾ ਗੁਰ ਜੀ ਲੀਜੈ ॥ ਹਮ ਭੂਲੇ ਤੁਮ ਬਖਸ ਕਰੀਜੈ ॥
ਭੂਲਨਹਾਰ[4] ਹਮ ਸਦਾ ਸੁਆਮੀ ॥ ਸਦ ਬਖਸੰਦ ਸੁ ਅੰਤਰਜਾਮੀ ॥1188॥
ਸਤਗੁਰ ਬੋਲੇ ਰਾਖਨ ਕੀਜੈ ॥ ਹੋਵੋ ਆਕੀ ਦੇਰੁ ਨ ਕੀਜੈ ॥
ਤਬ ਪੁਮਾਨ ਬੋਲੇ ਕਰ ਜੋਰੀ ॥ ਰਾਖੋ ਗੁਰੂ ਸਰਨ ਹਮ ਤੋਰੀ ॥1189॥

॥ ਦੋਹਰਾ ॥

ਜੋ ਹੋਈ ਸੁ ਬਖਸੀਏ ਸਾਹਿਬ ਬਖਸਨਹਾਰੁ ॥
ਹਮ ਭੂਲੇ ਹੈ ਅਤ ਘਨੇ ਮੂਰਖ ਮਹਾ ਗਵਾਰ ॥1190॥

---

1. ਅ ਪੋਥੀ ਵਿਚੋਂ 2. ਅ ਪੋਥੀ ਜੁ 3. ਅ ਪੋਥੀ ਬਚਾਏ 4. ਅ ਪੋਥੀ ਨੀਰਨ
4) 'ੲ' ਪੋਥੀ ਗੁਨਹਗਾਰ

॥ ਚੌਪਈ ॥

ਸੁਨਤ ਬਿਨੈ ਸਤਿਗੁਰ ਹਰਖਾਇ ॥ ਗੌਂਡਾ ਲੀਨੋ ਪਾਸ ਬਿਠਾਇ ॥
ਤਿਨ ਕੋ ਗੁਰ ਜੀ ਸਿਵਰ ਕਰਾਵਾ ॥ ਅਸਨ ਆਦਿ ਸਭਹਨ ਪਹੁਚਾਵਾ ॥1191॥
ਹੁਟਿ ਭੂਨਸਾਰ ਬੁਲਾਇ ਸੁ ਲੀਨੇ ॥ ਆਇ ਗੁਰੂ ਪਗ ਬੰਦਨ ਕੀਨੇ ॥
ਕਮਲ ਬਦਨ ਗੁਰ ਗਿਰਾ ਬਖਾਨੀ ॥ ਜੰਡਾਲੀ ਤੁਮ ਲਯੋ ਹਰਖਾਨੀ ॥1192॥
ਹਮ ਕੋ ਲੇਵਨ ਚਾਹਿ ਨ ਕਾਈ ॥ ਤਲਕਾ ਸਾਂਭੋ ਬਿਨੁ ਬਿਲਮਾਈ ॥
ਸੁਨ ਕਰ ਮਾਨਵ ਮਨੁ ਹਰਖਾਈ ॥ ਸ੍ਰੀ ਗੁਰ ਕੀਰਤਿ ਬਹੁ ਬਿਧਿ ਗਾਈ ॥1192॥
ਅਪਣੇ ਠਾਣੇ ਲੀਨ ਬੁਲਾਇ ॥ ਤਿਨ ਕੋ ਭੇਜਾ ਸਾਂਭੋ ਜਾਇ ॥
ਦਿਖ ਗੁਰ ਕੌਤਕ ਅਚਰੇਜ ਮਾਨਾ ॥ ਕਰ ਬਹੁ ਉਸਤਤਿ ਕੀਯੋ ਪਯਾਨਾ ॥1194॥

॥ ਦੋਹਰਾ ॥

ਗੁਰ ਕੋ ਯਸ਼ ਅਸ ਹੋਤ ਭਾ ਜੈਸੇ ਰਾਕਾ ਚੰਦ ॥
ਗੌਂਡੇ ਕੋ ਸਿਰੋਪਾਉ ਦੈ ਭੇਜਾ ਗ੍ਰਿਹ ਸੁਖਕੰਦ ॥1195॥

॥ ਚੌਪਈ ॥

ਸੰਗਤਿ ਕੌ ਗੁਰ ਬਿਦਾ ਕਰਾਈ ॥ ਆਪ ਕੂਚ ਕਰਾ[1] ਸੁਖਦਾਈ ॥

**(ਸੁਧਾ ਸਿੰਘ ਦੀ ਕਥਾ)**

ਸੁਧਾ ਸਿੰਘ ਰਿਦ ਸਰਧਾ ਧਾਰੀ ॥ ਆਗ੍ਯਾ ਆਗੇ ਲੇਨ ਮੁਰਾਰੀ ॥1196॥
ਟਾਂਨੇ ਮੋ ਗੁਰ ਜਾਇ ਉਤਾਰੇ ॥ ਸਿਵ੍ਰ ਲਗਾਵਾ ਉਤਰੇ ਸਾਰੇ ॥
ਸੁਧਾ ਸਿੰਘ ਅਤ ਸੇਵਾ ਕੀਨੀ ॥ ਅਸਨਾਦਿਕ ਪ੍ਰਸੰਨਤਾ ਲੀਨੀ ॥1197॥
ਅਰ੍ਧ[2] ਮਾਸ ਗੁਰ ਤਹਾਂ ਥਿਰਾਨੇ ॥ ਸੰਗਤਿ ਆਵੈ ਮਿਲ ਹਰਖਾਨੇ ॥
ਸੁਧਾ ਸਿੰਘ ਆਵਾ ਗੁਰ ਪਾਸੀ ॥ ਫੀਲ ਤਯਾਗਾ ਸੁਖਮਾ ਰਾਸੀ ॥1198॥
ਕਰ ਪ੍ਰਣਾਮ ਬੈਠਿ ਕਰ ਜੋਰੀ ॥ ਸ੍ਰੀ ਗੁਰ ਕਿਰਪਾ ਕਰੋ ਹਮ ਓਰੀ ॥
ਸੁਧਾ ਸਿੰਘ ਕੋ ਇਂਭ ਪ੍ਰਭ ਦੇਖ੍ਯਾ ॥ ਤਰੀ ਉਠਾਈ ਬਲਹਿ ਬਿਸੇਖਾ ॥1199॥[3]
ਸੁਧਾ ਸਿੰਘ ਸੁਨੋ ਮਨੁ ਲਾਈ ॥ ਇਸ ਗਜ ਪਰ ਨਹਿ ਚੜੋ ਕਦਾਈ ॥
ਏਹੁ ਕਰੀ ਹੈ ਸਤ੍ਰੂ ਸਮਾਨਾ ॥ ਮਤੰਗ[4] ਤਿਆਗੁ ਦੇਹੁ ਬੁਧਵਾਨਾ ॥1200॥
ਸੁਧਾ ਸਿੰਘ ਕਹੈ ਕਰ ਜੋਰੀ ॥ ਗੁਰ ਜੀ ਸੁਨੀਏ ਬਿਨਤੀ ਮੋਰੀ ॥
ਕੁੰਭੀ ਹੈ ਮੁਹਿ ਪ੍ਰਾਨ ਪਿਆਰਾ ॥ ਇਹ ਦੰਤੀ ਦੇਵਤ ਸੁਖ ਭਾਰਾ ॥1200॥
ਤੀਨ ਬਾਰ ਸਤਗੁਰੂ ਹਟਾਵਾ ॥ ਬਾਰ ਬਾਰ ਸੋ ਗਜ ਯਸ ਗਾਵਾ ॥
ਕਮਲਨੈਨ ਸੁਭ ਬੈਨ ਬਖਾਨਾਂ ॥ ਇਹ ਬਾਰਨ ਤਵ ਸਤ੍ਰੂ ਮਹਾਨਾ ॥1202॥
ਸੁਧਾ ਸਿੰਘ ਨੇ ਅਰੰਜ ਗੁਜਾਰੀ ॥ ਬਾਰਨ ਕਸ ਭਾ ਸਤ੍ਰੂ ਭਾਰੀ ॥
ਸ੍ਰੀ ਕਮਲਾਨਨ ਗਿਰਾ ਬਖਾਨੀ ॥ ਪੂਰਬ ਕਥਾ ਸੁਨੋ ਦੇ ਕਾਨੀ ॥1203॥

---

1. ਅ ਪੋਥੀ ਸੁ ਕਰਾ 2. ਅ ਪੋਥੀ ਅਧਰ 3. ਮੂਲ ਪੋਥੀ ਵਿਚ ਇਸ ਮਗਰੋਂ ਇਹ ਦੋਹਰਾ ਵਾਧੂ ਹੈ :
ਪੋਤ ਉਠਾਵੈ ਫਿਰ ਧਰੈ ਨੌਕਾ ਚੂਰਨ ਕੀਨ ॥
ਬਲ ਕਰ ਗਰਬਤ ਘੁੰਮਤੋ ਸਤਿਗੁਰ ਬੋਲ ਪ੍ਰਬੀਨ ॥1199॥

॥ ਦੋਹਰਾ ॥

ਏਕੋ[1] ਨਗਰੁ ਤੂੰ ਚੌਧਰੀ ਇਹੁ ਠਾਕੁਰ ਥਾ ਤੋਰੁ ॥
ਬਿਤ ਚੁਰਾਵਨ ਇਨ ਕਰਾ ਤੁਮ ਡਾਟਾ ਕਰ ਜੋਰੁ ॥1204॥

॥ ਚੌਪਈ ॥

ਧਨ ਤੁਮਰਾ ਇਨ ਦੇਵਨ ਕੀਨਾ ॥ ਤੈਂ ਭੀ ਦੁਖ ਇਸ ਕੋ ਤੁਮ ਦੀਨਾ ॥
ਮਾਰ ਮਾਰ ਮਾਰ ਬਹੁ ਮਾਰਾ ॥ ਹਾਇ ਹਾਇ ਕਰੁ ਮਰਾ ਬਿਚਾਰਾ ॥1205॥
ਪਾਰਬ੍ਰਹਮ ਘਰੁ ਸਦਾ ਨਿਆਯਾ ॥ ਜੈਸ ਕਰੈ[2] ਤੈਸਾ ਫਲੁ ਪਾਇਆ ॥
ਤੁਮ ਅਰੁ ਤੁਮਰੋ ਸੇਵਕੁ ਜੋਊ ॥ ਪੂਰਬ ਕਥਾ ਸੁਨਹੁ ਤੁਮ ਦੋਊ ॥1206॥
ਇਸੀ ਹੇਤੁ ਤੁਮਕੋ ਹਮ ਬਰਜਾ ॥ ਜੋ ਗੁਰ ਸਿਖ ਸੁ ਹਮਰੀ ਪਰਜਾ ॥
ਦਸਮ ਮਹਿਲ ਤੈ ਸੇਵਨ ਕੀਨਾ ॥ ਯਾਂਤੇ ਪਾਯੋ ਰਾਜ ਨਵੀਨਾ ॥1207॥
ਮੁਕਤਿਸਰੇ ਜਬ ਜੰਗ ਮਚਾਵਾ ॥ ਭੂਖ ਪਯਾਸ ਸਿਘਨ ਤਪੁਤਾਵਾ ॥
ਖਾਟੀ ਛਾਡੇ ਚੰਨਯਨ ਰੋਟੀ ॥ ਪਾਵਾ ਲੂਣੰ ਪਾਕੀ ਮੋਟੀ ॥1208॥

॥ ਦੋਹਰਾ ॥

ਕਲਗੀਧਾਰ ਥੀ ਆਦਿ ਲੇ ਸਭ ਨੇ ਭਖਯਨ[3] ਕੀਨ ॥
ਹ੍ਵੈ ਪ੍ਰਸੰਨ ਗੁਰ ਵਰੁ ਦੀਯੋ ਪਾਵੈ ਰਾਜ ਨਵੀਨ ॥1209॥

॥ ਚੌਪਈ ॥

ਏਕ ਚਿਨ ਹਮ ਦੇਹਿ ਬਤਾਈ ॥ ਦੇਵਹਿ ਕੀਜੈ ਦੇਰੁ ਬਿਹਾਈ ॥
ਦਾਹਿਨ ਪਾਂਵ ਮੁ ਗੋਰੀ ਲਾਗੀ ॥ ਸੋਈ ਚਿਹਨ ਅਬ ਦੇਖ ਸੁਭਾਗੀ ॥1210॥
ਸਭ ਨੇ ਦੇਖਾ ਹੋਏ ਮਗਨਾ ॥ ਸਤਗੁਰ ਚਰਨਨ ਲਾਗੀ ਲਗਨਾ ॥
ਸੁਧਾ ਸਿੰਘ ਨੇ ਗਿਰਾ ਬਖਾਨੀ ॥ ਗੁਰ ਜੀ ਤੁਮਤੇ ਕਛੂ ਨ ਛਾਨੀ ॥1211॥
ਨਾਨਕ ਦੇਵ ਦਸੰ ਬਪੁ ਧਾਰੇ ॥ ਸੋਈ ਰੂਪੰ ਪ੍ਰਗਟ ਮੁਰਾਰੇ ॥
ਮੈ ਅਨਾਥ ਪੁਰ ਕੀਨੀ ਦਾਯਾ ॥ ਸੇਵਕ ਤੁਮਰਾ ਮੈ ਹਰਿ ਰਾਯਾ ॥1212॥
ਕੂਚ ਕਰਨ ਗੁਰ ਕੀਨ[4] ਤਿਯਾਰੀ ॥ ਸੁਧਾ ਸਿੰਘ ਚਿਤ ਭਯੋ ਦੁਖਾਰੀ ॥
ਹਾਥ ਜੋਰੁ ਹੋਵਤੁ ਭਾ ਠਾਢਾ ॥ ਨੈਨਨ ਨੀਰ ਚਲਾ ਬਹੁ ਗਾਢਾ ॥1213॥

॥ ਦੋਹਰਾ ॥

ਕੋਇਕੁ ਦਿਨ ਸ੍ਰੀ ਸਤਿਗੁਰੂ ਠਹਰੋ ਕਰੋ ਨਿਹਾਲੁ ॥
ਸੇਵਕੁ ਜਾਨੋ ਆਪਨਾ ਸੁਤ ਬਿਤੁ ਤੁਮਰੋ ਮਾਲ ॥1214॥

॥ ਦੋਹਰਾ ॥

ਸ੍ਰੀ ਕਮਲਾਨਨ ਕਹਾ ਬੁਝਾਈ ॥ ਹਮਰਾ ਠਹਰਨ ਨਹਿ ਬਨਿ ਆਈ ॥
ਸੁਧ ਸਿੰਘ ਤਬ ਭੇਟਾ ਦੀਨੀ ॥ ਸ੍ਰੀ ਗੁਰ ਲੀਨੀ ਦੇਰ ਬਹੀਨੀ ॥0215॥

---

1. ਮੂਲ ਪੋਥੀ ਕੇ 2. ਅ ਪੋਥੀ ਕਰਾ 3. ੲ ਪੋਥੀ ਅਚਵਨ 4. ੲ ਪੋਥੀ ਕਰੀ

ਭੇ ਸਵਾਰ ਸਿਖਨ ਸੁਖ ਦਾਈ ॥ ਜਿਨ ਕੀ ਮਹਿਮਾ ਕਥਨ ਨ ਜਾਈ ॥
ਆਨੰਦਪੁਰ ਮੇਂ ਜਾਇ ਬਿਰਜੇ ॥ ਜਿਨ ਦਰਸੇ ਕਲਮਨ ਸਭ ਭਾਜੇ ॥1216॥
ਜੋ ਪ੍ਰੀਤਮੁ ਸੇ ਗੁਰੂ ਪਯਾਰੇ ॥ ਆਇ ਮਿਲੇ ਮਨ ਮੇਂ ਹਰਖਾਰੇ ॥
ਸ੍ਰੀ ਸਤਗੁਰ ਜੀ ਸਭਨ ਬੁਲਾਵੈ ॥ ਆਦਰ ਦੇ ਦੇ ਪਾਸ ਬਹਾਵੈ ॥1217॥

**(ਦਿਵਾਨੀ ਰਾਮ ਨੂੰ ਪੁਤਰ ਬਖਸਣਾ)**

॥ ਦੋਹਰਾ ॥

ਬੀਚ ਕਲਾਲ ਚੱਕ ਦੇ ਬਸੈ ਲੋਗ ਅਭਿਰਾਮ ॥
ਬਾਸੀ ਸਿਖ ਕਲਾਲ ਤਿਹ ਨਾਮ ਦਿਵਾਨੀ ਰਾਮ ॥1218॥

॥ ਚੌਪਈ ॥

ਧੰਨੁ ਧਾਮ[1] ਕੀ ਕਮੀ ਨ ਕਾਈ ॥ ਸੁਵਨ[2] ਬਿਹੂਨਾ ਬਹੁ ਉਲਕਾਈ[3] ॥
ਤਾਕੀ ਨਾਰੀ ਬਹੁ ਰੁਦਨਾਵੈ ॥ ਸੁਤ ਨਹਿ ਹੋਵਾ ਬਹੁ ਪਛੁਤਾਵੈ ॥1219॥
ਮਸਤਕ ਧੁਨ ਧੁਨ ਕਰੈ ਪੁਕਾਰਾ ॥ ਕਵਨ ਪ੍ਰਬਲ ਅਸ ਪਾਪ ਹਮਾਰਾ ॥
ਜਾਂਤੇ ਹਮ ਸੰਤਾਨ ਨ ਹੋਈ ॥ ਈਸ ਗਤੀ ਨ ਜਾਨੈ ਕੋਈ ॥1220॥
ਫੂਲਯੋ ਫਲਯੋ ਜਗਤ ਸੁਭ ਰੂਖਾ ॥ ਕੌਨ[4] ਪਾਪ ਕਰ ਹਮ ਤਰ ਸੂਖਾ ॥
ਸੁਤਿ ਅਮੋਲਿ ਮਣਿ ਲਾਗ ਨ ਹਾਥਾ ॥ ਯੁਵਾ ਅਵਸਥਾ ਗਈ ਅਕਥਾ ॥1221॥
ਮਨੋ ਵਾਸਨ[5] ਸਫਲ ਨ ਭਈ ॥ ਦਈਂ ਦੇਹ ਕਾਹੇ ਕੌ ਦਈ ॥
ਸਹਿ ਪਰਵਾਰਿ ਮ੍ਰਿਗਾਦਿ ਜੁ ਹੋਤੇ ॥ ਸੁਤ੍ਰ ਲਡਾਇ ਕਾਨਨ ਸੁਖ ਸੋਤੇ ॥1222॥

॥ ਦੋਹਰਾ ॥

ਪਰੁ ਬਿਨੁ ਖਗ ਘਰੁ ਦੀਪ ਬਿਨ ਸਿੰਘ ਬਿਨਾ ਪਗ ਹੋਇ ॥
ਵਿਦਯਾ ਬਿਨੁ ਜਿਵ ਵਿਪ੍ਰਵਰ ਤਿਮ ਸੁਤ ਬਿਨੁ ਗ੍ਰਿਹ ਜੋਇ ॥1223॥

॥ ਚੌਪਈ ॥

ਅਸ ਪੁਕਾਰ ਕਰ ਰੋਦਹਿ ਦੰਪਤਿ ॥ ਗਿਰਹੀ ਕੌ ਨਹਿ ਸੁਤ ਸਮ ਸੰਪਤਿ ॥
ਪੀਰ ਫਕੀਰ ਦੇਵ ਬਹੁ ਪੂਜੇ ॥ ਜੰਤ੍ਰ ਸੁ ਮੰਤ੍ਰ ਤੰਤ੍ਰ ਕਰਨੂਜੇ ॥1224॥
ਤਿਨ ਤੇ ਏਕ ਸਫਲ ਨਹਿ ਭਈ ॥ ਟਾਰੇ ਕਵਨ ਦਈ ਨਿਰਮਈ ॥
ਧਾਇ ਧਾਇ ਬਹੁਤੇ ਪਚਹਾਰੇ ॥ ਜਾਹਿ ਨ ਬਿਧਿ[6] ਕੇ ਅੰਕਿ ਨਿਵਾਰੇ ॥1225॥

॥ ਦੋਹਰਾ ॥

ਥਾਕੇ ਅਨਿਕ ਉਪਾਵ ਕਰਿ ਸਫਲੋਂ ਭਯੋ ਨ ਏਕ ॥
ਇਕ ਖਿਨ ਚਿਤ ਥਿਰੁ ਨਾ ਰਹੇ ਸੁਤ ਕੀ ਚਾਹਿ ਅਨੇਕ ॥1226॥

॥ ਸੋਰਠਾ ॥

ਕਾਹੂ ਕਹੀ ਬਹੋਰੁ[7] ਰਚਹੁ ਧਾਮ ਸਰਵਰ ਭਵਨ ॥
ਨਸ ਹੈ ਕਸਮਲ ਘੋਰ ਸੁਤ ਦੀਰਘਾਯੂ ਜਨਮ ਹੈ ॥1227॥

---

1. ਅ ਪੋਥੀ ਸੁਧਾਮ 2. ਅ ਪੋਥੀ ਜੁਵਨ 3. ਅ ਪੋਥੀ ਉਲਕਾਈ 4. ਅ ਪੋਥੀ ਕਉਨ
5. ਅ ਪੋਥੀ ਵਾਸਨਾ 6. ਅ ਪੋਥੀ ਸਿਧਕੇ 7. ਅ ਪੋਥੀ ਰਹੋਰ

॥ ਚੌਪਈ ॥

ਸਰਬਰ ਬਿਧ ਲੌਗਨ ਕਹਿ ਜੈਸੇ ॥ ਕਰਤ ਭਏ ਦੰਪਤਿ ਮਿਲ ਤੈਸੇ ॥
ਪਣਵ ਬਜਾਵੈ ਪੂਜੈ ਸੋਈ ॥ ਦੀਪ ਹਾਥ ਲੈ ਬੰਦਹਿ ਦੋਈ ॥1228॥
ਕੁਸਮ ਮਾਲ ਨਿਤ ਗੁੰਥ ਚਢਾਵੈ ॥ ਜੁਮਾ ਸੁ ਰਾਖੈ ਜਸ ਬਹੁ ਗਾਵੈ ॥
ਹ੍ਵੈ ਸੁ ਪ੍ਰਸੰਨ ਸਰਵਰ ਸੁਖਦਾਤਾ ॥ ਦੇਹੁ ਅਮਰੁ ਮੁਹਿ ਸੁੰਦਰ ਤਾਤਾ ॥1229॥
ਚਿਰ ਲੌ ਪੂਜਾ ਸੁਤ ਨਾਹਿ ਲਾਧੀ ॥ ਬੈਸੇ ਮੌਨ ਭਲੀ ਬਿਧ ਸਾਧੀ ॥
ਦੰਪਤਿ ਕਿਯਾ ਬਿਚਾਰੁ ਚਿਤੁ ਐਸੇ ॥ ਪੁੰਨਨ ਬਿਨ ਸੁਤ ਉਪਜੈ ਕੈਸੇ ॥1230॥
ਗਯਾਨ ਬਿਨਾ ਸਾਧਨ ਕਹਿ ਕਾਮੂ ॥ ਰੂਪ ਬਿਨਾ ਕੈਸੇ ਹੈ ਨਾਮੂ ॥
ਸਾਖ ਬਿਨਾ ਕੈਸੇ ਬਿਵਹਾਰੂ ॥ ਪੁੰਨ ਬਿਨਾ ਨ ਮਿਲੇ ਸੁਤ ਚਾਰੂ ॥1231॥

॥ ਦੋਹਰਾ ॥

ਸਰਵਰ ਆਦਿ ਤਿਯਾਗੁ ਕੇ ਲੀਨੋ ਰਾਮ ਭਰੋਸ ॥
ਰਾਮ ਰਾਮ ਨਿਤ ਰਟਤ ਹੈ ਸੰਤਨ ਸੇਵ ਕਰੋਸ ॥1232॥

॥ ਚੌਪਈ ॥

ਕਿਤਕ[1] ਕਾਲ ਇਹੁ ਭਾਂਤ ਬਿਤਾਯੋ ॥ ਭਾਗ ਉਦੈ ਕੋ ਅਵਸਰ ਆਯੋ ॥
ਏਕ ਦਿਨਾ[1] ਗ੍ਰਿਹਿ ਮੋ ਸਿਖੁ ਆਵਾ ॥ ਜਾਨ ਅਭਿਆਗੀਤ ਲੀਨ ਬਿਠਾਵਾ ॥1233॥
ਭੋਜਨ ਅਦਿ ਦੀਨ ਸਭ ਸੇਵਨ ॥ ਮਨ ਮਹਿ ਬਾਢੀ ਪ੍ਰੀਤਿ ਨਮੇਵਨ ॥
ਗੁਰ ਸਿਖ ਪੂਛਾ ਕਥਾ ਮਨ ਚਾਹੋ ॥ ਤਨੁ ਧੁਨ ਕਰ ਸੇਵੈ ਹਿਤੁ ਲਾਹੋ ॥1234॥
ਸੁਨ ਸੁ ਦਿਵਾਨੀ ਰਾਮ ਅਲਾਈ ॥ ਸੁਵਨ ਨ ਹੋਵਾ ਮਨੁ ਪਛੁਤਾਈ ॥
ਸਿਖ ਕਹੇ ਮਨੁ ਚਿੰਤੁ ਨ ਕੀਜੈ ॥ ਬੇਦਿ ਰਾਜ ਕੀ ਸਰਨਿ ਗਹੀਜੈ ॥1235॥

॥ ਦੋਹਰਾ ॥

ਸ੍ਰੀ ਗੁਰ ਸਾਹਿਬ ਸਿੰਘ ਜੀ ਅਨੰਦਪੁਰੇ ਰਹਾਇ ॥
ਮਨੁ ਬਾਂਛਤਿ ਵਰੁ ਦੇਤ ਹੈ ਸਿਖਨ ਕਰੈ ਸਹਾਇ ॥1236॥

॥ ਚੌਪਈ ॥

ਸੁਨ ਸੁ ਦਿਵਾਨੀ ਮਨ ਹਰਖਾਵਾ ॥ ਚਿਤ ਮੈ ਚਾਹੇ ਦਰਸਨ ਪਾਵਾ ॥
ਜਿਮ ਚਕੋਰ ਚੰਦੈ ਚਿਤੁ ਚਾਹੈ ॥ ਤ੍ਰਿਖਾਵੰਤ ਜਿਮ ਨੀਰ ਉਮਾਹੈ ॥1237॥
ਕੋਕਨਦੀ[2] ਜਿਮ ਰਵਿ ਕੀ ਆਸਾ ॥ ਰੰਕ[3] ਚਹੇ ਜਿਮ ਧਨੇ ਬਿਲਾਸਾ ॥
ਚਾਤ੍ਰਿਕ ਹਿਤ ਜਿਮ ਸ੍ਵਾਂਤੀ ਟੇਰੇ ॥ ਮੀਨ ਜੈਸ ਜਲ ਮਨ ਤਨ ਹੇਰੇ ॥7238॥
ਐਸੇ ਹੀ ਮਨੁ[4] ਬਧੀ ਪਿਆਸਾ ॥ ਦਰਸੈ ਚਲ ਗੁਰ ਧਰ ਮਨ ਆਸਾ ॥

.. ਮੂਲ ਪੋਥੀ ਦਿਵਾਨਾ 2. ਅ ਪੋਥੀ ਕੋਕਨਏ 3. ਅ ਪੋਥੀ ਰੰਚਕ ਹੇ 4. ੲ ਪੋਥੀ ਮੋਰ

ਅਵਰ ਨਗਰ ਕੇ ਵਾਸੀ ਜੇਈ ॥ ਗੁਰ ਕੇ ਦਰਸਨ ਚਾਲੇ ਤੇਈ ॥1239॥
ਸਭ ਬਿਧ ਦੀਨ ਹ੍ਰਿਦੈ ਨਿਰਮਾਨੀ ॥ ਤਵਨ ਸਾਧ ਉਠਿ ਚਲਾ ਦਿਵਾਨੀ ॥
ਦਰਸੇ ਜਾਇ ਬੇਦਿ ਕੁਲ ਮੰਡਨ ॥ ਸੁਖ ਸਾਗਰ ਨਾਗਰ ਖਲ ਖੰਡਨ ॥1240॥
ਪੰਲਕਾਸੀਨ ਸਭਾ ਮਹਿ ਐਸੇ ॥ ਉਡਿ ਸਮਾਜ ਰਾਕਾ ਪਤਿ ਜੈਸੇ ॥
ਮੁਛ ਸੰਵਾਰਿਤੇ ਸੁਖਮਾ ਖਾਨੀ ॥ ਜੋ ਦਰਸੈ ਤਿਸ ਬਿਪਤਾ ਹਾਨੀ ॥1241॥
ਜਾਇ ਜੁਹਾਰ ਕੀਨ ਜੁਗ ਜੋਰੀ ॥ ਮੈ ਚਲੁ ਆਵਾ ਸਰਨੀ ਤੋਰੀ ॥
ਜੈ ਜੰਗ ਕਾਰਨ ਸ੍ਰੀ ਭਗਵਾਨਾ ॥ ਅੰਮ੍ਰਿਤ ਪ੍ਰਭਾਵ ਬੇਦਿ ਨਹਿ ਜਾਨਾ ॥1242॥
ਅੰਸ ਕਹਿ ਪਰੰਸੁ ਪਾਦ ਜਲ ਜਾਤਾ ॥ ਭਾ ਠਾਢਾ ਸਮੁ ਹੇ ਸੁਤ ਤ੍ਰਾਤਾ ॥
ਕਰ ਸੰਦਰ ਪ੍ਰਭ ਪਾਸਿ ਬਿਠਾਵਾ ॥ ਪੂਛੀ ਕੁਸਲ ਜੁ ਮੇਟੈ ਹਾਵਾ ॥1243॥

॥ ਦੋਹਰਾ ॥

ਕ੍ਰਮ ਕ੍ਰਮ ਪੂਛਾ ਸਤਿਗੁਰੂ ਸਭ ਕੋ ਆਦਰੁ ਦੀਨ ॥
ਹਰਖੇ ਮਨ ਮੈ ਸਕਲ ਤਬ ਮਾਨੋ ਰਾਜੰ ਲੀਨ ॥1244॥

॥ ਚੌਪਈ ॥

ਜੋ ਜੋ ਸਕਤੀ ਤਿਨ ਮੋ ਆਹੀ ॥ ਭੇਟਾ ਅਰਪੀ ਦੋਰੁ ਬਿਹਾਈ ॥
ਤਿਨ੍ ਕੀ ਪ੍ਰੀਤ ਦੇਖਿ ਗੁਰ ਪੂਰੇ ॥ ਸੋ ਲੈ ਲੀਨੀ ਸੁਖਮਾ ਪੂਰੇ ॥1245॥
ਕਹਯੋ ਬੋਲਿ ਫਿਰ ਅਹੋ ਦਿਵਾਨੀ ॥ ਆਪ ਕਸਲ ਕਿਉਂ ਚਿੰਤਾ ਠਾਨੀ ॥
ਪ੍ਰਭੁ ਬਚਨੁ ਸੁਨ ਉਚਿ ਕਰੁ ਜੋਰੀ ॥ ਕਹਯੋ ਦਿਵਾਨ ਮਯਾ ਗੁਰ ਤੋਰੀ ॥1246॥
ਅੰਸ ਕਹਿ ਆਰਤ ਮਨ ਪਿਘਲਾਨਾ ॥ ਅਸੁਵਾਂ ਭਰ ਪ੍ਰਭੁ ਪਦ ਲਪਟਾਨਾ ॥
ਔਰੁ ਨ ਚਿੰਤਾ ਕਹੇ ਦਿਵਾਨੀ ॥ ਅਵਰ ਸਰਬ ਬਿਧੁ ਹਰਖੁ ਮਹਾਨੀ ॥1247॥
ਇਕ ਸੰਤਾਨ ਬਿਨਾ ਦੁਖੁ ਸਾਨਾ ॥ ਦੇਹੁ ਸੰਤਾਨ ਬੇਦਿ ਕੁਲ ਭਾਨਾ ॥
ਅਨਿਕ ਉਪਾਵ ਕੀਨ ਮਿਲ ਦੰਪਤਿ ॥ ਨ ਪ੍ਰਾਪਤਿ ਭਾ ਨਾਥ ਸੁਤ ਸੰਪਤਿ ॥1248॥
ਸਰਬ ਤਿਯਾਗ ਸਰਨਿ ਪ੍ਰਭੁ ਆਵਾ ॥ ਕ੍ਰਿਪਾ ਕਰਹੁ ਛੀਨ ਦੁਖ ਘਾਵਾ ॥
ਅਸ ਆਰਤ ਸੁਨਿ ਗੁਰਸਿਖ ਬਾਨੀ ॥ ਆਰਤਿ ਹਰਿ ਬੂਝਾ[1] ਸੁ ਦਿਵਾਨੀ ॥1249॥

॥ ਦੋਹਰਾ ॥

ਅਹੋ ਦਿਵਾਨੀ ਜੁਗਤਿ ਨਿਜ ਮੋਸਨ[2] ਕਹੁ ਬੁਝਾਇ ॥
ਕਾਕੋ ਸਿਖ ਪੂਜਹੁ ਕਵਨ ਕੈਸੇ ਪੂਤਨ ਪਾਇ ॥1250॥

॥ ਦੋਹਰਾ ॥

ਸ੍ਰੀ ਕਮਲਾਨਨ ਪੁਛਨ ਕੀਨੋ ॥ ਸੁਨ ਸੁ ਦਿਵਾਨੀ ਭਯੋ ਅਧੀਨੋ ॥
ਨਾਥ ਤੋਰ ਜਸੁ ਰਸ ਬਿਸਰਾਯੋ ॥ ਕੁਬ ਬ੍ਰਿਪਾ ਭੀਤਰ ਉਰਝਾਯੋ ॥1251॥

---

1. ਆ ਪੋਥੀ ਬੂਝਾਂ 2. 'ੲ' ਪੋਥੀ ਮੋ ਕੋ

ਕੌਨ ਪੀਰ ਫਕੀਰ ਜਗ ਮਾਂਹੀ ॥ ਜੋ ਸੇਵਨ ਮੈ ਕੀਨੋ ਨਾਹੀ ॥
ਨਾਥ ਨ ਏਕੋ ਭਯੋ ਸਹਾਈ ॥ ਟਾਰੇ ਕਵਨੁ ਜੁ ਤੁਮਹਿ ਨਿਰਮਾਈ ॥1252॥
ਲੋਗਨ ਕਹੇ ਭ੍ਰਮਾਤ ਅਸੇਸਾ ॥ ਬਹੁਰ ਲਯੋ ਸਰਵਰ ਉਪਦੇਸਾ ॥
ਸਰਵਰ ਸਰਵਰ ਸੇਵਨ ਨੇਤਾ ॥ ਫੂਲਯੋ ਫਲਯੋ ਨਰਮ ਕੁਲ ਜੇਤਾ ॥1253॥
ਅਬ ਸਰਨਾਗਤਿ[1] ਤੁਮਰੀ ਆਵਾ ॥ ਕਰੁਣਾ ਕੰਦ ਪਾਪਨ ਕੋ ਦਾਵਾ ॥
ਮੈ ਹੋ ਕਲਰ ਪੁਹਮੀ ਸੁਆਮੀ ॥ ਸੁਤ ਉਪਜਾਵੋ ਅੰਤਰਯਾਮੀ ॥1254॥

॥ ਸੋਰਠਾ ॥

ਸੁਨਿ ਦਿਵਾਨੁ ਕੇ ਬੈਨ ਆਰਤ ਆਰਤ ਹਰਨ ਪ੍ਰਭ ॥
ਗੁਰ ਕਿਰਪਾ ਜਲ ਨੈਨ ਬੂਕਨ ਲਾਗ ਬਰੋਰੁ ਤਹਿ ॥1255॥

॥ ਚੌਪਈ ॥

ਸਰਵਰ ਸਰਵਰ ਹੈ ਜਗ ਮਾਂਹੀ ॥ ਤੋਹਿ ਤਪਤ ਸਿਰਾਂਨ ਕਿਉ ਨਾਂਹੀ ॥
ਤੂੰ ਮੁਰੀਦ ਭਾ ਪ੍ਰੇਮ ਲਗਾਵਾ ॥ ਤਾਤ ਨ ਦੀਨ ਸਕਿਆ ਮਨ ਆਵਾ ॥1256॥
ਸੁਨ ਕਰ ਬੋਲਾ ਰਾਮ ਦਿਵਾਨੀ ॥ ਨਾਥ ਨ ਦੂਸਰ ਤੋ ਸਮ ਦਾਨੀ ॥
ਤੂੰ ਸਰਬਗ ਕਹੈ ਸਭ ਕੋਈ ॥ ਤੁਮ ਤੇ ਸਰਬ ਨਰਨ ਸਿਧ ਹੋਈ ॥1257॥
ਸੁਖ ਨਿਧਾਨ ਦੁਖ ਮੇਰੁ ਨਿਵਾਰੋ ॥ ਲਖਯੋ ਚਰਾਚਰ ਤੇਮੇ ਦਤਾਰੋ ॥
ਤੁਮ ਪ੍ਰਤਾਪੁ ਪ੍ਰਭੁ ਤੋਹਿ ਸੁਹਾਯੋ ॥ ਆਗਮ ਨਿਗਮ ਪੁਰਾਨਨ ਗਯੋ ॥1258॥

॥ ਦੋਹਰਾ ॥

ਅਸ ਕਹਿ ਪ੍ਰਭ ਪੰਕਜ ਜੁਗਲ ਗਹੇ ਦਿਵਾਨੀ ਦੋਰ ॥
ਆਰਤ ਅਤਿ ਲੋਚਨਿ ਬਹਿਤ ਭਯੋ ਪ੍ਰੇਮ ਕੀ ਠੋਰ ॥1259॥

॥ ਚੌਪਈ ॥

ਹਰਖੇ ਕ੍ਰਿਪਾ ਸਿੰਧ ਸੁਖਦਾਇਕੁ ॥ ਆਰਤ ਹਰਸ ਚਰਾਚਰ ਨਾਇਕ ॥
ਪੀਠ ਠੋਕਿ ਭਰ ਡੀਠ ਵਿਲੋਕਾ ॥ ਕਹੇ ਦਿਵਾਂਨੀ ਤਯਾਗਹੁ ਸੋਕਾ ॥1260॥
ਇਕ ਬਾਤ ਉਰ ਧਰੋ ਹਮਾਰੀ ॥ ਤੌ ਪੂਰਨ ਹ੍ਵੈ ਆਸੁ ਤੁਮਾਰੀ ॥
ਅੰਮ੍ਰਿਤੁ ਪਾਨਹੁ ਸਤਿਗੁਰ ਘਰ ਤੇ ॥ ਲੇਹੁ ਨ ਫਿਰ ਕਦ ਜਲ ਸਰਵਰ ਤੇ ॥1261॥
ਤਿਹ ਖੂੰਡੀ ਉਰਿ ਤੇ ਕਟਿ ਡਾਰਹੁ ॥ ਵਾਹਿਗੁਰੂ ਉਰਿ ਅੰਤਰਿ ਧਾਰਹੁ ॥
ਸਾਵਧਾਨੁ ਹ੍ਵੈ ਅੰਮ੍ਰਿਤ ਪੀਜੈ ॥ ਸੁਤ ਪੈ ਹੋਇ ਜਿਯ ਸੰਕ ਨ ਕੀਜੈ ॥1262॥

॥ ਦੋਹਰਾ ॥

ਸੁਨ ਬੇਦੀ ਕੁਲ ਤਿਲੋਕ ਬਚ ਹਰਖਯੋ ਤਿਸਟ ਦਿਵਾਨ ॥
ਸਭ ਬਚਨੁ ਕਹਿ ਕਰ ਉਮਗ ਗਹਯੋ ਚਰਨ ਪਦ ਮਾਂਨ ॥1262॥

1. 'ਏ' ਪੋਥੀ ਸਰਨਾਈ 2. 'ਏ' ਪੋਥੀ ਅਗਮ

॥ ਸੋਰਠਾ ॥

ਜੌ ਪ੍ਰਭੁ ਭਾਖਹੁ ਮੋਹਿ ਚੂਮ ਚੜ੍ਹਾਊਂ ਸੀਸ ਸੋ ॥
ਪੂਰਵ ਮਨੋਰਥ ਸੋਹੁ ਸਰਨੀ ਆਯਾ ਜਾਨ ਕੈ ॥1264॥

॥ ਚੌਪਈ ॥

ਤਬ ਰਾਗੀ ਮਿਲ ਕੈ ਸਭ ਆਏ ॥ ਗੁਰ ਕੇ ਸਨਮੁਖਿ ਬੈਠਿ ਸੁਹਾਏ ॥
ਸਾਜ ਬਨਾਇ ਸੁ ਸਬਦਹਿ[1] ਗਾਵਾ ॥ ਗਯਾਨੁ ਵੈਰਾਗੁ ਸੁ ਜਿਨ ਮੋ ਛਾਵਾ ॥1265॥
ਜਲ ਭਰ ਪਾਤ੍ਰ ਤਬੈ ਮੰਗਵਾਵਾ ॥ ਯਥਾ ਰੀਤ ਮਿਸਟਾਨ ਮਿਲਾਵਾ ॥
ਸਰਬ ਲੋਹ ਲੈ ਹਾਥ ਗੁਸਾਈ ॥ ਜਪ ਸੋ ਪਾਨ ਪਾਂਚ ਰੁਚਿ ਗਾਈ ॥1266॥
ਪਠੇ ਬਹੋਰੀ ਦਸੋ ਸਵੈਯਾ ॥ ਪੁਨ ਗਾਯੋ ਆਨੰਦ ਸੁਖ ਦੈਯਾ ॥
ਧਰਮ ਨੇਸਿਟ ਸਿਖ ਚਾਰਿ ਬੁਲਾਏ ॥ ਤਹਿ ਤੇ ਇਹ ਬਿਧ ਮੰਤ੍ਰ ਪਠਾਏ[2] ॥1267॥
ਐਸੇ ਅੰਮ੍ਰਿਤੁ ਕਰਕੇ ਤਿਯਾਰਾ ॥ ਪਹਰ ਖੜਗ ਠਾਂਢਾ ਇਕੁ ਪਯਾਰਾ ॥
ਸੁਧਾ ਪਿਲਾਯ ਸੁ ਚਖਨ ਸਿੰਚਾਈ ॥ ਕਚਨ[3] ਡਾਰੁ ਪੁਨਿ ਫਤੇ ਬੁਲਾਈ ॥1268॥
ਕੀਨੋ ਨਾਮ ਦਿਵਾਨੁ ਮ੍ਰਿਗਿੰਦਾ ॥ ਕੀਟੀ ਤੇ ਕਰੁ ਦੀਨ ਗਜਿੰਦਾ ॥
ਪੰਚਸੈ ਸੰਗਿ ਮੇਲਿ ਨ ਕਰੀਅਹੁ ॥ ਸਤੁਨਾਮ ਸਦ[4] ਮੁਖਹੁ ਉਚਰੀਅਹੁ ॥1269॥

॥ ਦੋਹਰਾ ॥

ਸੰਤਨ ਸੇਵੇ ਭਾਵ ਕਰ ਗੁਰ ਬਚਨੀ[5] ਨਿਤੁ ਗਾਇ ॥
ਮਨ ਮੋ ਧਾਰੈ[6] ਗਿਆਨ ਸਦ ਵਾਹਿਗੁਰੂ ਮੁਖਿ ਪਾਇ ॥1270॥

॥ ਚੌਪਈ ॥

ਸੁਤ ਪਾਵੈ ਬੁਧਿਵਾਨੁ ਅਨੂਪਾ ॥ ਸਿਮਰਹੁ ਸ੍ਰੀ ਨਾਨਕ ਸੁਖ ਰੂਪਾ ॥
ਸੁਨ ਕਰੁ ਗੁਰਬਾਨੀ ਅਤਿ ਰੂਰੀ ॥ ਮਨ ਕੋ ਦੋਖਿ ਹੋਤ ਭੇ ਚੂਰੀ ॥1271॥
ਸ਼ਰਧਾ ਪੂਰਬਕ ਭੇਟ ਚਢਾਈ ॥ ਕੀਨ ਖੁਸੀ[7] ਸ੍ਰੀ ਗੁਰ ਅਧਿਕਾਈ ॥
ਸਿਰੋਪਾਵ ਸਤਿਗੁਰ ਤਬ ਦੀਨਾ ॥ ਮਸਤਕਿ ਨਾਇ ਚਲਾ ਪਰਬੀਨਾ ॥1272॥
ਔਰੁ ਸੰਗਤਾ ਲੋਕਿ ਜੁ ਆਏ ॥ ਸਿਰੋਪਾਇ[8] ਲੇ ਸਕਲ ਸਿਧਾਏ ॥
ਗੁਰੂ ਸੁ ਮੂਰਤਿ ਸਨੁ ਧਰਿ ਲੀਨੀ ॥ ਚਲਤਿ ਭਏ ਨੈਨ[9] ਜਲੁ ਭੀਨੀ ॥1273॥

॥ ਦੋਹਰਾ ॥

ਬੰਦ ਅਨੰਦ ਮੁਕੰਦ ਕੇ ਪਦ ਅਨੂਪੁ ਅਰੁਬਿੰਦੁ ॥
ਦ੍ਵੰਦ ਨਿਕੰਦ ਅਮੰਦ ਨਿਜ ਗਯੋ ਦਿਵਾਨ ਮਿਰਗਿੰਦ ॥1274॥

॥ ਚੌਪਈ ॥

ਗ੍ਰਿਹ ਮੋ ਜਾਇ ਸੁ ਪ੍ਰਾਪਤਿ ਹੋਏ ॥ ਸ੍ਰੀ ਗੁਰ ਮਯਾ ਅਨੰਦ ਭਿਗੋਏ ॥

---

1. ਅ ਪੋਥੀ ਪਾਠਾਤਰ : ਸਬਦਿ ਗਹਾਵਾ 2. ਅ ਪੋਥੀ ਪਚਾਏ 3. ਅ ਪੋਥੀ ਕਰਨ 4. ਅ ਪੋਥੀ ਸਦ 5. ਅ ਪੋਥੀ ਗੁਰਬਾਨੀ 6. ਅ ਪੋਥੀ ਧਰਨੋ 7. ਅ ਪੋਥੀ ਪਾਠਾਂਤਰ ਗੁਰ ਸ੍ਰੀ ਗੁਰ 8. ਅ ਪੋਥੀ ਸਿਰੋਪਾਇ 9. ਅ ਪੋਥੀ ਨੈਨਨ

ਬੀਤਾ ਸੰਮਤ ਸੁਭ ਦਿਨ ਢੂਕਾ ॥ ਜਨਯੋ[1] ਸੁਤੰ ਦੰਪਤਿ ਦੁਖ ਚੂਕਾ ॥1275॥
ਅਤਿ ਸੁਦਰ ਛਬਿ ਸਿਸ ਦ੍ਰਿਸਟਾਵਾ[2] ॥ ਦੇਖਤਿ ਮਨ ਸਿਜਮ ਨਹਿ ਰਹਾਵਾ ॥
ਸੇਵਤ ਗੁਰ ਜਲ ਧਰੁ ਸੁਖ ਮੂਲਾ ॥ [ਸੂਕਾ ਤਰ ਫਿਰਨੋ ਤਨ ਰੂਲਾ][3] ॥1276॥
ਸਾਠ ਵਰਖ ਬੀਤੇ ਉਪਚਾਰਤ ॥ ਗੁਰ ਪ੍ਰਤਾਪੁ ਪਾਯੋ ਕੁਲ ਪਾਲਤ ॥
ਮੰਗਲ ਭਯੋ ਅਮੰਗਲ ਨਾਸਯੋ ॥ ਮਨੋ ਕਮਲੁ ਕੁਲ ਭਾਂਨ ਪ੍ਰਕਾਸਯੋ ॥1277॥
ਤ੍ਰਿਖਾਵੰਤ ਜਨ ਪਾਯੋ ਪਾਨੀ ॥ ਨਿਧਨ ਮਨਹੁ ਲੀਨੀ ਰਜਧਾਨੀ ॥
ਹਰਿ ਅਵਤਾਰ ਸਹੀ ਨਿਸਚਾਵਾ ॥ ਜਯ ਜਯ ਸਬਦੁ ਦੁਹਨ ਮਿਲ ਗਾਵਾ ॥1278॥
ਫੂਲੇ ਦੰਪਤਿ ਹਿਯ ਨਹਿ ਮਾਈ ॥ ਸੁਤ ਲਡਾਇ ਨਾਨਾ ਸੁਖ ਪਾਈ ॥
ਪਾਂਚ ਸਾਲ ਕਾ ਸੁਤ ਭਾ ਜਬਹੀ ॥ ਲੇ[4] ਹਜੂਰ ਦੰਪਤਿ ਗੇ ਤਬ ਹੀ ॥1279॥

॥ ਦੋਹਰਾ ॥

ਭੇਟਾ ਰਾਖੀ ਅਗ੍ਰ ਮੋ ਸਿਸਹਿ ਟਿਕਾਵਾ ਮਾਥ ॥
ਹਾਥ ਜੋਰੁ ਉਸਤਤਿ ਕਰੀ ਹਮ ਅਨਾਥ ਤੁਮ ਨਾਥ ॥1280॥

॥ ਚੌਪਈ ॥

ਦਿਖ ਕਰੁ ਗੁਰ ਜੀ ਵਾਕ ਉਚਾਰਾ ॥ ਹਰਿ ਦਿਵਾਨੁ ਪਾਯੋ ਸੁਤ ਚਾਰਾ ॥
ਕਹਤ ਭਯੋ ਸੁਨੀਏ ਗੁਰ ਪੂਰੇ ॥ ਤੁਮਰੀ ਕ੍ਰਿਪਾ ਭਯੋ ਸੁਤ ਰੂਰੈ ॥1281॥
ਊਨੇ ਭਰੋ ਭਰੇ ਕਰਿ ਊਨੇ ॥ ਜੋ ਤੂ ਦਰਸੈ ਰਹੈ ਨ ਸੂਨੇ ॥
ਮੈ ਕਲਰ ਮੋ ਕੋਲ[5] ਉਪਾਵਾ ॥ ਅਰੁਕੋ ਚੰਦਨੁ ਮੁਝੈ ਬਨਾਵਾ ॥1282॥
ਅਬ ਇਸ ਸਿਸ ਕੋ ਨਾਮੁ ਧਰੀਜੈ ॥ ਸੇਵਕ ਜਾਨ ਮਯਾ ਬਹੁ ਕੀਜੈ ॥
ਸ੍ਰੀ ਗੁਰ ਜੀ ਤਬ ਅਮੈ ਛਕਾਵਾ ॥ ਜੀਵਨ ਸਿੰਘ ਸੁ ਨਾਮੁ ਰਖਾਵਾ ॥1283॥

॥ ਦੋਹਰਾ ॥

ਸਿਖਯਾ ਸਤਿਗੁਰੂ ਦੇਤ ਭੇ ਕੀਜੈ ਸੰਤਨ ਸੇਵ ॥
ਗੁਰਬਾਣੀ ਰਸਨਾ ਰਟੋ[6] ਮਨ ਬਾਂਛਤੁ ਫਲੁ ਲੇਵ ॥1284॥

॥ ਚੌਪਈ ॥

ਸਿੰਘ ਦਿਵਾਨ ਸੁ ਦ੍ਵੈ ਕਰ ਜੋਰੀ ॥ ਬਿਨੈ ਭਨੀ ਮਨੁ ਪ੍ਰੀਤਿ ਨ ਥੋਰੀ ॥
ਰਾਵਰਿ ਕ੍ਰਿਪਾ ਸੁਵਨ ਸੁਭ ਪਾਵਾ ॥ ਜਾਂਤੇ ਜਗ[7] ਮੋ ਸੂਤ ਰਹਾਵਾ ॥1285॥
ਗਿਆਨ ਵਿਗਿਅਯਾਨ ਭਗਤ ਸਮਝਾਵੋ ॥ ਜਨਮ ਮਰਨ ਕੀ ਕਾਨ ਮਿਟਾਵੋ ॥
ਇਹ ਸੰਸਾਰੁ ਬਡੋ ਦੁਖਦਾਈ ॥ ਜਾਮੈ ਜੀਵ ਭ੍ਰਮਤ ਬਦਰਾਈ ॥1286॥
ਤੀਨ ਤਾਪ ਯਾਂਕੋ ਸੰਤਾਵੈ ॥ ਨਾਕ ਨਰਕ ਬਹੁਤੇ ਦੁਖ ਪਾਵੈ ॥
ਜੀਵ ਸਹਾਯਕ ਦੂਜੋ ਨਾਹੀ ॥ ਮੈ ਬਿਚਾਰੁ ਦੇਖਾ ਮਨ ਮਾਹੀ ॥1287॥

---

1. ਅ ਪੋਥੀ ਜਨਮਯੋ 2. ਅ ਪੋਥੀ ਵਿਸਟਾਵਾ 3. ਅ ਪੋਥੀ ਵਿਚੋਂ 4. ਮੂਲ ਪੋਥੀ ਹੇ
5. ਅ ਪੋਥੀ ਕਮਲ 6. ਅ ਪੋਥੀ ਰਟੋ 7. ਅ ਪੋਥੀ ਜਗਤੰ

ਭ੍ਰਮਰੇ ਪਾਦ ਕੰਜੇ ਉਰ ਧਾਰੇ ॥ ਸੋ ਸਮਸਤ ਦੂਖਨ ਕੋ ਜਾਰੇ ॥
ਅੰਮ੍ਰਿਤੁ ਤਾਂਕੋ ਦਹਦਿਸਿ ਬਰਖੈ ॥ ਕਰੈ ਮਯਾ ਅਵਰਨ ਮਨ ਕਰਖੈ ॥1288॥

॥ ਦੋਹਰਾ ॥

ਜੈਸੇ ਰੰਕ ਦਾਰਦੀ ਫਿਰੈ ਈਸੁਰ ਦੇਵੈ ਰਾਜ ਮੈ
ਅਵਰਨ ਕੋ ਸੁਖ ਦੇਤ ਹੈ ਤੈਸੇ ਸੰਤਨ ਕਾਜ ॥1289॥

॥ ਚੌਪਈ ॥

ਤੈਸੇ ਸੰਤ ਸਦਾ ਸੁਖਦਾਈ ॥ ਅਵ੍ਰਨ[2] ਕੋ ਦੈ ਨਾਮੁ ਜਪਾਈ ॥
ਅਗਿਯਾਨ ਸ਼ਾਪ ਬਡੋ ਦੁਖ ਦਾਈ ॥ ਬਿਖੈ ਵਾਸਨਾ ਗਰਲ ਸਦਾਈ ॥1290॥
ਅਗਯਾਨ[3] ਫਣੀ ਪ੍ਰਭ ਮੋਰ ਨਿਵਾਰੇ ॥ ਕ੍ਰਿਪਾ ਅਮੀ ਮੁਖੋ ਦੈ ਦੁਖ ਟਾਰੇ ॥
ਸਿੰਘ[4] ਉਧਾਰਨ ਬਿਰਦੁ ਸੁਆਮੀ ॥ ਲੀਨ[5] ਵਤਾਰੇ ਅੰਤਰਿਜਾਮੀ ॥1291॥
ਦਿਵਾਨ ਸਿੰਘ ਅਸਿ ਬਿਨਤੀ ਗਾਈ ॥ ਤਬ ਕਰੁ ਗੁਰ ਜੀ ਗਿਰਾ ਅਲਾਈ ॥
ਗਯਾਨ ਬਿਗਯਾਨ ਭਗਤਿ ਸੁਨਿ ਲੀਜੈ ॥ ਜਾਹਿ ਸੁਨੇ ਸੰਸੇ ਸਭੁ ਛੀਜੈ ॥1292॥
ਪੁਰਖੁ ਪ੍ਰਕ੍ਰਿਤ ਮਹ ਤਤ ਅਹੰਕਾਰਾ ॥ ਸੂਖਮੁ ਥੂਲੰ ਭੂਤੁ ਪ੍ਰਕਾਰਾ ॥
ਤ੍ਰਿਗੁਣ ਇੰਦ੍ਰੀ ਦੇਵ ਜੋ ਆਹੀ ॥ ਥਾਵਰੁ ਜੰਗਮੁ ਜੀਅ ਜਗ ਮਾਹੀ ॥1293॥

॥ ਦੋਹਰਾ ॥

ਪੁਰਖੁ ਆਦਿ ਕੀਟ੍ਰੀ ਪ੍ਰਯੰਤ ਜੋ ਦੀਸਤੁ ਅਕਾਰ ॥
ਏਕੁ ਅਦੁਤੀ ਸੁ ਬ੍ਰਹਮੁ ਹੈ ਏਹੁ ਗਯਾਨੁ ਨਿਰਧਾਰ ॥1295॥

॥ ਪ੍ਰਮਾਣ ਸ੍ਰੀ ਗੁਰੂ ਗ੍ਰੰਥ ॥

ਆਪੇ ਕੀਆ ਕਰਾਇਆ ਆਪਿ ਕਰਣੈ ਜੋਗੁ ॥
ਨਾਨਕ ਏਕੋ ਰਵਿ ਰਹਿਆ ਦੂਸਰਿ ਹੋਆ ਨ ਹੋਗੁ ॥1295॥

॥ ਚੌਪਈ ॥

ਦ੍ਰਿਸਟਮਾਨ ਮਾਯਾ ਕਰ ਜਾਨੈ ॥ ਆਤਮੁ ਬ੍ਰਹਮੁ ਏਕੁ ਕਰਿ ਮਾਨੈ ॥
ਦੇਹਾਇਕ ਸਭ ਮਿਥਿਯਾ ਦੇਖੈ ॥ ਏਕੁ ਬ੍ਰਹਮ ਬਿਨ ਅਵਰੁ ਨ ਪੇਖੈ ॥1296॥
ਰਜੁ ਮਾਹਿ ਜਿਮੁ ਸਾਂਪ ਨ ਹੋਈ ॥ ਤੈਸੇ ਬ੍ਰਹਮ ਜਗਤੁ ਨ ਕੋਈ ॥
ਆਦਿ ਨ ਹੋਤੋ ਅੰਤ ਨ ਦੀਸੇ ॥ ਮਧ ਮੈ ਕੈਸੇ ਸਤੁ ਕਹੀਸੇ ॥1297॥
ਨੇਤ ਇਤੁ ਨੇਤੁ ਸਰੁਤਿ ਗਾਵੈ ॥ ਏਕੋ ਬ੍ਰਹਮੁ ਬਿਨੁ ਅਵਰ ਨ ਭਾਵੈ ॥
ਸਕਲ ਘਟਨ ਮੈ ਏਕ ਅਕਾਸ ॥ ਐਸੇ ਬ੍ਰਹਮ[6] ਸਕਲ ਮੈ ਬਾਸ ॥1298॥
ਅਨਭਵ ਕਰਿ ਨਿਤ ਹਿਰਦੈ ਬਿਚਾਰੇ ॥ ਚੇਤਨ ਸਾਖੀ ਅਚੇਤਨ ਡਾਰੇ ॥
ਸੂਖਮ ਥੂਲਿ[7] ਚੇਤਨ ਅਧਾਰਾ ॥ ਬਿਨੁ ਚੇਤਨ ਦਿਹਿ ਹੋਵੈ ਛਾਰਾ ॥1299॥

---

1. ਅ ਪੋਥੀ ਦਰਦੀ 2. ਮੂਲ ਪੋਥੀ ਅਵ੍ਰ 3. ਅ ਪੋਥੀ ਗਯਾਨ 4. ਅ ਪੋਥੀ ਸਿਖ 5. ਅ ਪੋਥੀ ਅਵਤਾਰੰ 6. ਅ ਪੋਥੀ ਸ੍ਰਗਲ 7. ੳ ਪੋਥੀ ਸਥੂਲ

॥ ਦੋਹਰਾ ॥

ਮ੍ਰਿਤਿ ਸਿਧਾਂਤ ਅਨੁਭਵ ਸੁ ਕਰ ਸੰਤਨ ਮਤੋ ਬਿਚਾਰ ॥
ਬੈਠਿ ਇਕਾਂਤ ਨਿਰਨੋ ਕਹੈ ਸਤ ਬ੍ਰਹਮ ਸੁਖ ਸਾਰ ॥1300॥
ਬ੍ਰਹਮ ਲੋਕਿ ਥੀ ਆਦਿ ਲੇ ਬ੍ਰਹਮ ਵਿਖੇ ਕਰ ਲੀਨ ॥
ਵਿਗਯਾਨ ਸੁ ਯਾਂਕੋ ਕਹਤ ਹੈ ਸੰਤ ਕਹੈਂ ਪ੍ਰਬੀਨ ॥1301॥

॥ ਚੌਪਈ ॥

ਗਯਾਨ ਵਿਗਯਾਨ ਤੁਮੇ ਸੁਨਾਵਾ ॥ ਭਗਤ ਸੁਨੋ ਜਾਤੇ ਮਿਟਿ ਹਾਵਾ ॥
ਭਗਤੀ ਸਾਧਨ ਸੁਨ ਮਨੁ ਲਾਈ ॥ ਸੰਤਨ ਸੇਵਾ ਕਰੇ ਬਨਾਈ ॥1302॥
ਹਰਿ ਕੀ ਕਥਾ ਸੁਨੇ ਅਰ ਗਾਵੈ ॥ ਬੰਦਨੁ ਕਰੈ ਸੁ ਗੁਰੈ ਮਨਾਵੈ ॥
ਗੁਰੂ ਗ੍ਰੰਥ ਕੀ ਬਾਨੀ ਪੜਹੁ ॥ ਸਿਖਨ ਸੇਵੋ[1] ਸਤ ਸੰਗੁ ਕਰਹੁ ॥1303॥
ਸਭ ਭੂਤਨ ਕੋ ਗੋਬਿੰਦੁ ਜਾਨੋ ॥ ਭਗਤ ਜਨਾ ਕੋ ਦੇਵੋ ਮਾਨੋ ॥
ਜੋਗ ਜਗੁ ਜਪੁ ਤਪੁ ਬ੍ਰਿਤ ਦਾਨਾ ॥ ਕਰੁ ਇਨ ਅਰਪੇ ਸ੍ਰੀ ਭਗਵਾਨਾ ॥1304॥
ਜੋ ਜੜ ਚੇਤਨ ਗ੍ਰੰਥ ਪਰ ਰਹੀ ॥ ਪ੍ਰੇਮ ਖੜਗ[2] ਕਰ ਕਾਟੇ ਸਹੀ ॥
ਐਸੀ ਭਗਤੀ ਜਬ ਮਨੁ ਧਾਰੇ ॥ ਕਾਮਾਦਿਕ ਸਭ ਦੂਰ ਨਿਵਾਰੇ । 1305 ॥

॥ ਦੋਹਰਾ ॥

ਦਿਵਾਨ ਸਿੰਘ ਤਵ ਪ੍ਰਸਨ ਜੋ ਸਭ ਕੋ ਨਿਰਨੇ ਕੀਨ ॥
ਵਾਹਿਗੁਰੂ ਸਦ ਜਾਪ ਕਰੁ ਜਨਮੁ ਮਰਨੁ ਹੋਇ ਖੀਨ ॥1306॥

॥ ਸਵੈਯਾ ॥

ਸ੍ਰੀ ਕਮਲਾਨਨ ਬੈਨ ਭਨੇ ਸੁ ਦਿਵਾਨੁ ਹਰੀ ਮਨ ਮੋ ਹਰਖਾਈ ॥
ਮਾਥ ਨਿਵਾਂਇ ਬਿਨੈ ਬਹੁ ਕੀਨ ਸੁ ਬੇਦਿਨੁ ਰਾਜ ਸਦਾ ਸੁਖਦਾਈ ॥
ਦੀਨਨ ਪਾਲ ਸਦੀਵ ਕਰੋ ਪ੍ਰਭ ਸੰਤ ਸਹਾਇ ਕਰੋ ਹਰਖਾਈ ॥
ਮੈ ਸੁ ਅਨਾਥ ਸਨਾਥ ਕੀਯੋ ਗੁਰ ਜੈਸ ਕਬੀਰੁ ਕੀ ਪੈਜ[3] ਰਖਾਈ ॥1307॥

॥ ਚੌਪਈ ॥

ਸਿਰੋਪਾਇ ਸਤਿਗੁਰੂ ਦਿਵਾਵਾ ॥ ਦਿਵਾਨ ਸਿੰਘ ਲੇ ਮਨੁ ਹਰਖਾਵਾ ॥
ਪਾਨ ਜੋਰੁ ਕੈ ਮਾਥ ਨਿਵਾਈ[4] ॥ ਤਾਤ ਬਾਮ ਲੇ ਸੰਗ ਸਿਧਾਈ ॥1308॥

## (ਉਦਾਸੀ ਸਾਧੂ ਦੀ ਕਥਾ)

ਅਨੰਦਪੁਰ ਸ੍ਰੀ ਗੁਰੂ ਬਿਰਾਜੈ ॥ ਜਿਨ ਦਰਸੇ ਅਘੁ[5] ਜਾਵਤ ਭਾਜੈ ॥
ਦੂਰਹੁ ਚਲ ਚਲ ਸੰਗਤਿ ਆਵੈ ॥ ਮਨ ਬਾਂਛਤੁ ਵਰੁ ਗੁਰ ਤੇ[6] ਪਾਵੈ ॥1309॥
ਪ੍ਰਸਾਦ ਹੋਤ ਹੈ ਬਹੁ ਪ੍ਰਕਾਰਾ ॥ ਗੁਰ ਸਿਖ ਲੇਵੈ ਪਾਰ ਨ ਵਾਰਾ ॥
ਸਾਧ ਉਦਾਸੀ ਦਰਸਨੁ ਆਏ ॥ ਭੇਟਾ ਰਾਖੀ ਸੀਸ ਨਿਵਾਏ ॥1310॥

---

1. ਅ ਪੋਥੀ ਸੇਵਹੁ 2. ਮੂਲ ਪੋਥੀ ਖੜਕ 3. ਮੂਲ ਪੋਥੀ ਬੈਜ 4. ਅ ਪਥੀ ਦਿਵਾਈ 5. ਅ ਪੋਥੀ ਮਘੁ 6. ੲ ਪੋਥੀ ਸਗਲੇ

ਬੇਦਿ ਰਾਜ ਤਬ ਪੂਛਨਿ ਕੀਨੇ ॥ ਕਹਾ ਰਹੋ ਤੁਮ ਸੰਤ ਪ੍ਰਵੀਨੇ ॥
ਪਾਨ ਜੋਰੁ ਤਿਨੁ ਬਿਨੈ ਬਖ੍ਹਾਨੀ ॥ ਰਹੈ ਬਿਲਾਸ ਪੁਰੇ ਸੁਖਦਾਨੀ ॥1311॥

॥ ਦੋਹਰਾ ॥

ਮਗਨੀ ਦਾਸ ਮਹੰਤੁ ਥਾ ਹਮ ਚੇਲੇ ਹੈਂ ਤਾਸ ॥
ਗਯਾਂਨ ਧਯਾਂਨ ਮੇ ਦ੍ਰਿੜ ਸਦਾ ਅੰਤਿ[1] ਗਯੋ ਹਰਿ ਪਾਸ ॥1312॥

॥ ਚੌਪਈ ॥

ਮੰਦ ਮੰਦ ਸਤਗੁਰ ਬਿਗਸਾਨੇਂ ॥ ਤਿਨ ਪ੍ਰਤਿ ਸ੍ਰੀ ਗੁਰ ਬੈਨ ਬਖਾਨੇ ॥
ਤੁਮਰੋ ਗੁਰ ਬਨ ਮੋ ਦੁਖ ਪਾਈ ॥ ਉਰਗ ਬੂਲ ਭ੍ਰਾ ਚਲਯੋ ਨ ਜਾਈ ॥1313॥
ਕਰੁ ਪਖੰਡ ਪੂਜਾ ਬਹੁ ਲੀਨੀ ॥ ਭਜਨੁ ਨ ਕੀਨਾ ਗਰਬੇ ਭੀਨੀ ॥
ਜਿਨ ਕਾ ਧਨੁ ਇਨ ਲੇਵਨ ਕੀਨਾ ॥ ਤਿਨ ਕਾ ਕਾਰਜ ਏਕ ਨ ਕੀਨਾ ॥1314॥
ਤੇ ਕ੍ਰਿਮ ਹੁਇ ਕਾਂਟੈ ਤਿਹ ਦੇਹੀ ॥ ਦੁਖ ਪਾਵਤ ਬਹੁ ਹਾਇ ਕਰੇਹੀ ॥
ਪ੍ਰਥਮੇ ਗੁਰ ਕਾ ਕਰਹੁ ਉਧਾਰਾ ॥ ਭੇਟਾ ਦੇਵਹੁ ਹਮੇ ਪਿਛਾਰਾ ॥1315॥
ਸੁਨਿ ਕਰ ਸਾਧੰਨ ਅਚਰਜ ਮਾਨਾ ॥ ਕਹਤ ਭਏ ਸੁਨੀਏ ਮਿਹਰਵਾਨਾ ॥
ਸੋ ਤੋ ਸੰਦਾ ਸਮਾਧ ਲਗਾਵੈ ॥ ਅਖੰਡਾਕਾਰ ਬ੍ਰਿਤੀ ਟਿਕਾਵੈ ॥1316॥

॥ ਹਾਲਕ ਛੰਦੁ ॥

ਸੁਨੋ ਸਾਧ[2] ਹੁਇ ਸਵਧਾਨੇ ॥ ਹਮ ਦੇਵੈਂ ਜੁਗਤ ਬਖਾਨੇ ॥
ਬਿਨੁ ਸੰਗਤਿ ਗਯਾਂਨੁ ਨ ਹੋਈ ॥ ਜੇ ਕੋਟ ਜਤਨ ਕਰ ਕੋਈ ॥1317॥
ਨੈਨ ਮੂੰਦੇ ਗਯਾਨ ਨ ਹੋਵੈ ॥ ਜੇ ਕੋਟ ਜਨਮ ਇਵ ਖੋਵੈ ॥
ਸ੍ਰੀ ਕਲਗੀਧਰੁ ਬੱਖਾਂਨਾ ॥ ਤੁਮ ਸੁਨੋ ਸਾਧ ਸਵਧਾਨਾ ॥1318॥

॥ ਪ੍ਰਮਾਣ ਪਾਤਿਸਾਹੀ ੧੦॥ ਸੈਯਾ ॥

ਕਹਾ ਭਯੋ [ਜੋ][3] ਦੋਊ ਲੋਚਨਿ ਮੂੰਦ ਕੈ ਬੈਠਿ ਰਹਯੋ ਬਕਿ ਧਯਾਂਨੁ ਲਗਾਯੋ ॥
ਨਾਤ ਫਿਰਯੋ ਲੀਏ ਸਾਤ ਸਮੁੰਦ੍ਰਨ ਲੋਕ ਗਯੋ ਪਰਲੋਕ ਗਵਾਯੋ ॥
ਬਾਸ ਕੀਯੋ ਬਿਖਾਯਾਂਨ ਸੋ ਬੈਸ ਕੈ ਐਸੇ ਸੀ ਐਸ ਸੁ ਬੈਸਿ ਬਿਤਾਯੋ ॥
ਸਾਕ ਕਹੈ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਯੋ ਤਿਨ ਹੀ ਪ੍ਰਭੁ ਪਾਯੋ ॥1319॥

॥ ਦੋਹਰਾ ॥

ਮਨੇ ਸੁਭਾਵ ਨ ਤਯਾਗਿਯੋ ਬੈਠੇ ਧਯਾਂਨੁ ਲਗਾਇ ॥
ਪੂਜਿ ਕਰਾਈ ਬਿਨੁ ਭਜਨੁ ਕੈਸ[4] ਹਰਿ ਪੁਰ ਜਾਇ ॥1320॥
ਦਿਤੂ ਸਾਧ ਇਕ ਤਿਨ ਵਿਖੇ ਗੁਰ ਬਚ ਸਰਧਾ ਧਾਰੁ ॥
ਪਾਨੁ ਜੋਰੁ ਠਾਢੇ ਭਯੋ ਅਰਜ ਕੀਨ ਹਿਤ ਧਾਰ[5] ॥ 1321॥

॥ ਚੌਪਈ ॥

ਗੁਰੁ ਜੀ ਤਾਂ ਪਰ ਮਯਾ[6] ਕਰੀਜੇ ॥ ਭੋਗੀ ਜੋਨਿ ਨਿਵਾਰਨ ਕੀਜੈ ॥

---

1. ਮੂਲ ਪੋਥੀ ਅੰਤਰ 2. ਅ ਪੋਥੀ ਸਾਧੋ 3. ਅ ਪੋਥੀ ਵਿਚੋਂ 4. ਅ ਪੋਥੀ ਕੈਸੇ 5. ਅ ਪੋਥੀ ਬਾਰ
6. ਅ ਪੋਥੀ ਕ੍ਰਿਪਾ

ਤੁਮ ਬਖਸੰਦ ਸਦਾ ਦਇਆਲਾ ॥ ਜਨਮ ਮਰਨ ਕੋ ਕਾਟੋ ਜਾਲਾ ॥1322॥
ਤਿਨ ਕੀ ਬਿਨੈਂ ਸੁਨੀ ਗੁਰ ਪੂਰੇ ॥ ਭੇ[1] ਸਵਾਰ ਸੁਰ[2] ਬਚਨਨ ਰੂਰੇ[3] ॥
ਤਿਨ ਸਾਧਨ[4] ਸੰਗਿ ਲਵਾਈ ॥ ਦੇਰੁ ਤਿਆਗੁ ਚਲੇ ਸੁਖਦਾਈ ॥1323॥
ਅਦ੍ਰੀ ਕਦ੍ਰਾ ਨਿਕਟਿ ਥਿਰਾਏ ॥ ਸਾਧੂ ਪ੍ਰੇਰਾ ਗੁਰ ਹਰਖਾਏ ॥
ਅੰਤਰੁ ਸਾਧੁ ਸੁ ਦੇਖਨ ਕੀਨਾ ॥ ਉਰਿ ਗਡੀਲ ਹੈ ਅਤਸੈ ਪੀਨਾ ॥1324॥
ਕੀਰੈਂ ਜਾਂਕੋ ਕਟ ਕਟ ਖਾਈ ॥ ਬਹੁ ਦੁਖ ਪਾਵੈ ਮਨੁ ਪੁਛਤਾਈ ॥
ਦੇਰੁ ਸਾਧ ਤਬ ਗੁਰ ਪਹਿ ਆਵਾ ॥ ਹਾਥੁ ਜੋਰੁ ਕਰੁ ਬਚਨੁ ਸੁਨਾਵਾ ॥1325॥

॥ ਦੋਹਰਾ ॥

ਜੈਸੇ ਗੁਰ ਜੀ ਬਚ ਭਨਾ ਤੈਸੇ ਦੇਖਨ ਕੀਨ ॥
ਅਬੇ ਉਧਾਰਨ ਕੀਜੀਏ ਕਾਟ[5] ਖਾਤ ਹੈ ਪੀਨ[6] ॥1326॥
ਸਾਧਨ ਅਰਜੀ ਸੁਨ ਗੁਰੂ ਜਲੁ[7] ਤਬ ਕਰ ਮੇਂ ਲੀਨ ॥
ਵਾਹਿਗੁਰੂ ਮੁਖਿ ਜਾਪ ਕਰਿ ਜਲੁ ਸੰਚਨ ਵਰੁ[8] ਕੀਨ 1327॥

॥ ਚੌਪਈ ॥

ਜਬ ਸੰਚਾ ਸ੍ਰੀ ਗੁਰ ਜੀ ਨੀਰਾ ॥ ਜਨਮ ਮਰਨ[9] ਮੇਟੀ ਤਿਸੁ ਪੀਰਾ[9] ॥
ਦੇਹੀ ਤਯਾਗੁ ਦੇਵ ਵਪੁ ਪਾਵਾ ॥ ਕੀਟਹੁ ਤੇ ਸੁਰ ਭੇ ਸਮ ਦਾਵਾ ॥1328॥
ਗੁਰ ਉਸਤਤਿ ਸਭ ਕਰਨੇ ਲਾਗ ॥ ਧੰਨੁ ਧੰਨੁ ਸ੍ਰੀ ਗੁਰ ਵਡਭਾਗੇ ॥
ਤ੍ਰਿਗਦ ਜੋਨਿ ਹਮਰੀ ਕਟ ਦੀਨੀ ॥ ਜਾਨ[10] ਦੀਨ ਦਯਾ[11] ਬਹੁ ਕੀਨੀ ॥1329॥
ਮੈ ਪਾਪੀ ਨੇ ਪਾਪ ਕਮਾਏ ॥ ਬਿਰਦ ਜਾਨ ਕੀਨੇ ਅਪਨਾਏ ॥
ਜੈ ਜੈ ਦੀਨਨ ਕੇ ਪ੍ਰਤਿ ਪਾਲਕ ॥ ਦਾਸਨ ਪਾਲਕ ਦੁਸਟਨੁ ਘਾਲਕ ॥1330॥
ਜਹਿ ਭੇਜੋ ਤਹਿ ਜਾਵੈ ਸ੍ਵਾਮੀ ॥ ਘਟਿ ਘਟਿ ਕੇ ਤੁਮ ਅੰਤਰਜਾਮੀ ॥
ਗੁਰ ਕੀ ਕ੍ਰਿਪਾ ਬਿਬਾਨੰ ਆਏ ॥ ਚਫ ਤਿਹ ਪਰ ਬੈਕੁੰਠਿ ਸਿਧਾਏ ॥1331॥

॥ ਦੋਹਰਾ ॥

ਚੇਲੇ ਤਿਸੁ ਕੇ ਦੇਖੇ ਕਰੁ ਬਡ ਅਚਰਜ ਰਿਦ ਮਾਨ ॥
ਗੁਰ ਕੀ ਨੁਤ ਮਿਲ ਕਰਤ ਭੇ ਜੈ ਜੈ ਸੁਖਮਾ ਖਾਨੁ ॥1332॥

॥ ਕਬਿਤ ॥

ਬੇਦੀ ਕੁਲ ਤਾਰ ਦੀਨ ਸਾਧ ਪਰ ਦਯਾ ਕੀਨ
ਕਾਮ ਕ੍ਰੋਧ ਛੀਨ ਕਰ ਦੀਨੇ ਹੈ ਬਹਾਇ ਕੈ ॥
ਕਲਾਧਾਰੀ ਬਚ ਮਾਨ ਆਪਨੇ ਸੁ ਬਡੇ ਜਾਨ
ਤੁਰਕਨ ਕਰੀ ਹਾਨ ਨੀਚ ਕੁਲ ਮਾਨ ਕੈ ॥

---

1. ਅ ਪੋਥੀ ਕਿ 2. ਅ ਪੋਥੀ ਜੋ 3. ਅ ਪੋਥੀ ਸੁਰੇ 4. ਅ ਪੋਥੀ ਸਾਧਾਣ ਕੋ 5. ਅ ਪੋਥੀ ਕਟਿ 6 ਅ ਪੋਥੀ ਦੀਨਾ 7. ਅ ਪੋਥੀ ਮੰਗਵਾਇ ਸੁ 8. ਅ ਪੋਥੀ ਤਬ ੯. ਅ ਪੋਥੀ ਪਾਠਾਂਤਰ: ਤਿਨ ਮੇਟੀ ਪੀਰਾ .0 ਅ ਪੋਥੀ ਜਾਨੇ 11. ਅ ਪੋਥੀ ਦਯਾਲ

ਜਗਤੁ ਕੇ ਬੀਚ ਰਹਿ ਰਾਖਯੋ ਹੈ ਦੁਰਾਇ ਆਪ
ਸੰਤਨ ਸਹਾਇ ਕਾਜ ਗੁਰ ਮਿਹਰ ਧਾਰਿ ਕੈ ॥
ਹਮ ਪਰ ਕਰੋ ਦਯਾ ਦੀਜੈ ਉਪਦੇਸ ਅਬਿ
ਕੀਜੈ ਭਵ ਪਾਰ ਗੁਰ ਕੋ ਬਤਾਇ ਕੈ ॥1333॥

॥ ਦੋਹਰਾ ॥

ਐਸੇ ਉਸਤਤਿ ਕਰ ਸਭ ਰਹੇ ਚਰਨ ਲਪਟਾਇ ॥
ਕੌਤਕ ਕਰ ਨਿਜ ਸਦਨ ਗੇ ਜੋ ਸਿਖਨ ਸੁਖਦਾਇ ॥1334॥

॥ ਚੌਪਈ ॥

ਆਇ ਭਵਨ ਮੇ ਇਸਥਿਤ ਹੋਇ ॥ ਜਿਹ ਸਿਖਨ ਕੇ ਬਹੁ ਦੁਖ ਖੋਇ ॥
ਸਾਧ ਬਿਦਾ ਹੁਇ ਭਵਨ ਸਿਧਾਰੇ ॥ ਗੁਰ ਕੋ ਯਸ ਗਾਵੈਂ ਬਹੁ ਬਾਰੇ ॥1335॥
ਕਮਲ ਨੈਨ ਜੀ ਮਨ ਹਰਖਾਈ ॥ ਛੜੀ ਸਵਾਰੀ ਚੜਿ ਸੁਖ ਦਾਈ ॥

(ਬਾਬਾ ਸਾਹਿਬ ਸਿੰਘ ਜੀ ਦੀ ਨਾਲਾਗੜ੍ਹ ਦੀ ਯਤਰਾ)

ਨਾਲੀਏ ਗਢ ਮੈ ਜਾਇ ਬਿਰਾਨੇ ॥ ਸੁਨਿ ਕਰ ਰਾਜੇ ਬਹੁ ਹਰਖਾਨੇ ॥1336॥
ਆਦਿ ਕਦੀਮੀ ਸਿਖੁ ਕਹਾਵੈ ॥ ਪਿਤਾ ਆਦਿ ਜਿਸ ਭੇਟ ਚੜਾਵੈ ॥
ਗੰਜਾ ਸਿੰਘ ਨਾਮੁ ਜਿਸ ਕੇਰੋ ॥ ਆਵਾ ਮਿਲਨੇ ਪ੍ਰੀਤੀ ਘਨੇਰੋ ॥1337॥
ਭੇਟਾ ਰਾਖੀ ਅਰਜ ਬਖਾਨੀ ॥ ਕੀਯੋ ਨਿਹਾਲ ਸਰਬ ਸੁਖਦਾਨੀ[2] ॥
ਚਰਨ ਧੋਇ ਚਰਨਾਮਤ ਲੀਨੋ ॥ ਸਭ ਪਰਵਾਰ ਹਰਖ ਮੇ ਭੀਨੋ ॥1338॥
ਭੋਜਨਾਦਿ ਸੁਭ ਸੇਵਾ ਕੀਨ ॥ ਭੂਖਣ ਬਸਤ੍ਰ ਭੇਟ ਬਹੁ ਦੀਨ ॥
ਬਿਜਨ ਢੁਰਾਵੈ ਪਾਦ[3] ਪਖਾਰੇ ॥ ਸੇਵਾ ਕਰ ਪਨਹੀ ਕੋ ਝਾਰੇ ॥1339॥

॥ ਦੋਹਰਾ ॥

ਪਾਨ ਜੋਰੁ ਠਾਢਾ ਭਯੋ ਬਿਨੈ ਭਨੀ ਹਿਤ ਲਾਇ ॥
ਚੰਬਾਗਢ ਹਮ ਰਾਹੁਤੋ ਪਿਤਾ ਪਿਤਾਮੈ ਪਾਇ ॥1340॥

॥ ਚੌਪਈ ॥

ਕਹਿਲੂਰੀ ਨੇ ਰੋਕਨ ਕੀਨਾ ॥ ਆਪਿ ਛੁਡਾਵੋ ਗੁਰੂ ਪ੍ਰਬੀਨਾ ॥
ਕਮਲਨੈਨ ਹਸਿ ਗਿਰਾ ਬਖਾਨੀ ॥ ਗਢਿ ਆਵੈਗਾ ਤੁਮਰੇ ਪਾਨੀ ॥1341॥
ਐਸੇ ਕਹਿ ਕਰ ਭਏ ਸਵਾਰਾ ॥ ਗਾਂਵ ਬਦੀਆ ਸਿਵਕੁ ਧਾਰਾ ॥
ਸਿਖ ਕਨੈ ਤਹੈ ਸ੍ਰੀ ਗੁਰ ਕੇਰੇ ॥ ਸੇਵਾ ਕੀਨੀ ਪ੍ਰੀਤ ਘਨੇਰੇ ॥1342॥
ਇਕੁ ਮਨੁਖ ਕੋ ਰੋਗ ਰਸਿਆਈ ॥ ਗੁਰ ਕੀ ਸੁਖਨਾ ਤਿਹਕਾ ਕਰਾਈ ॥
ਗੁਰ ਕਿਰਪਾ ਤੇ ਭਯੋ ਅਰੋਗੂ ॥ ਬਕਰੂ ਲਯਾਵਾ ਛਕਨੇ ਜੋਗੂ ॥1343॥

---

1. ਅ ਪੋਥੀ ਛੜੀ 2. ੲ ਪੋਥੀ ਗੁਨਖਾਨੀ 3. ੲ ਪੋਥੀ ਚਰਨ

ਸ੍ਰੀ ਗੁਰ ਕਹਾ ਬਹੁਤ ਹਰਖਾਈ ॥ ਜੋ ਸੁਖਨਾ ਸੋ ਲਯਾਵੋ ਜਾਈ ॥
ਹਾਥ ਜੋਰ ਤਿਨ ਬਿਨੈ ਬਖਾਨੀ ॥ ਸੁਨੀਏ ਸ੍ਰੀ ਗੁਰ ਮੁਕਤਾਦਾਨੀ ॥1344॥

॥ ਦੋਹਰਾ ॥

ਰਾਜੇ ਲੀਨ ਖਸੋਟ ਸੋ ਤਿਸ ਕੇ ਦੇਨੇ ਦਾਮ ॥
ਆਪ ਸਦਾਂ ਬਖਸੰਦ ਹੋ ਜਿਨ ਮੇਟਾ ਮੁਹਿ ਆਂਮ ॥1345॥

॥ ਚੌਪਈ ॥

ਸੁਨ ਬਿਨਤੀ ਬਕਰੂ ਗੁਰ ਲੀਨਾ ॥ ਕਰ ਝਟਕਾ ਸੋ ਗੁਰ ਕੀਨਾ ॥
ਔਰ ਲੋਗ ਬਹੁ ਮਿਲ ਮਿਲ ਆਏ ॥ ਭੇਟਾ ਅਰਪੀ ਸੀਸ ਨਿਵਾਏ ॥1346॥
ਸੂਰਜੁ ਕੁੰਡੁ ਦਰਸ ਪ੍ਰਭ ਗਏ ॥ ਦਰਸ ਪਰਸ ਕਰ ਆਵਤ ਭਏ ॥
ਏਕ ਦਿਨਾ ਹੋਏ ਭੁਨਸਾਰਾ[1] ॥ ਗਏ ਨਾਨ ਕੋ ਸ੍ਰੀ ਕਰਤਾਰਾ ॥1347॥
ਰਦ ਧਾਂਵਨ ਵਾਪੀ ਢਿਗ ਕੀਨੀ ॥ ਕੀਚ ਬੀਚ ਪੁਨਿ ਗਾਡ ਸੁ ਦੀਨੀ ॥
ਕਰ ਅਸਨਾਨ ਗਾਵ ਮੈ ਆਏ ॥ ਭੋਜਨੁ ਕੀਨਾ ਮਨੁ ਹਰਖਾਂਏ ॥1348।
ਏਕ ਸਿਖ ਨੇ ਦੇਖਨ ਕੀਨੀ ॥ ਦਾਤਣ ਗਾਡੀ ਹਰੀ ਸੁ ਚੀਨੀ ॥
ਲੇ ਪਾਛੋ[1] ਤਿਨ ਵਾੜ ਬਨਾਈ ॥ ਮਸਤਕ ਟੇਕਾ ਭੇਟ ਚੜ੍ਹਾਈ ॥1349॥
ਗੁਰੂ ਫੁਲਾਹੀ ਨਾਮ ਕਹਾਵੈ ॥ ਕਰ ਸੁਖਨਾ ਮੁਨ ਬਾਂਛਤਿ ਪਾਵੈ ॥
ਔਰ[2] ਥਾਨ ਸ੍ਰੀ ਗੁਰੂ ਸਿਧਏ[2] ॥ ਸਿਵਰ ਸੁ ਤਹਾ ਲਗਾਵਤ ਭਏ ॥1350॥

॥ ਦੋਹਰਾ ॥

ਆਏ ਮਿਲ ਕਰ ਤਬ ਸਬੈ ਭੇਟਾ ਅਰਪਨ ਕੀਨ ॥
ਅਸਨਾਦਿਕ ਸੇਵਾ ਕਰੀ ਮਨ ਬਾਂਛਤ ਵਰੀ ਲੀਨ ॥1351॥
ਤਿਨ ਕੋ ਸ੍ਰੀ ਗੁਰ ਖੁਸੀ ਕਰ ਪੁਰ ਬਿਲਾਸ ਮੇ ਜਾਇ ॥
ਸਿਵਰ ਲਗਾਵਨ ਤਹ ਕਰਾ ਜੋ ਦਰਸੇ ਅਘ ਹਾਇ ॥1352॥

**(ਰਾਜਾ ਬਿਲਾਸ ਪੁਰ ਤੇ ਅਘੜ ਧਤ ਦੀ ਕਥਾ)**

ਪੁਰ ਬਿਲਾਸ ਰਾਜਾ ਹੁਤੋ ਮਹਾਂ ਚੰਦ ਜਿਸੁ ਨਾਮੁ ॥
ਅਘੜ ਧਤ ਚਾਚਾ ਤਿਸੇ ਮਨ ਜਾਕੇ ਹੈ ਬਾਂਮ ॥1353॥

॥ ਚੌਪਈ ॥

ਸਾਤ ਗਾਂਵ ਰਾਜੇ ਨੇ ਦੀਨੇ ॥ ਅਘੜ ਧਤ ਖਾਵੈ ਹਿਤੁ ਕੀਨੇ ॥
ਰਾਜੇ ਕੀ ਸੋ ਆਂਨ ਨ ਮਾਨੇ ॥ ਰਾਜੇ ਗਾਂਵ ਖਸੋਟਨ ਠਾਂਟੇ[3] ॥1354॥
ਰਾਜੇ ਲੋਕ ਮਹਾਂ ਹੰਕਾਰੀ ॥ ਤਾਯਾ ਚਾਚਾ ਪਿਤ ਦੇ ਮਾਰੀ ॥
ਰਾਜ ਨੀਤ ਮੇ ਐਸ ਬਖਾਨਾ ॥ ਇਨੇ ਬਿਸਾਹਿ ਨ ਕਰੋ ਸੁਜਾਨਾ ॥1355

1 ਅ ਪੋਥ ਛਾਪੇ 2. ਅ ਪੋਥੀ ਪਾਠਾਂਤਰ : ਬਾਬਾ ਠਕੁਰਾਣੀ ਸਤਿਗੁਰ ਗਏ 3. ਅ ਪੋਥੀ ਠਾਨੇ

॥ ਦੋਹਰਾ ॥
ਸਿੰਘ ਸਾਂਪ ਨ੍ਰਿਪ ਜੁਵਤਿ ਜਨ ਜਲ ਅਸਿ ਅਗਨਿ ਅਤੀਤ ॥
ਇਨ ਤੇ ਮਨੋ ਭੈ ਸਦ ਕਰੋ ਮਤ[1] ਸਮਝੋ ਮਮ ਮੀਤ[1] ॥1356॥
॥ ਚੌਪਈ ॥
ਜਬ[2] ਰਾਜੇ ਜਾਗੀਰ ਖਸੋਟੀ ॥ ਅਘੜ ਧਤੁ ਦੁਖ ਪਾਵੈ ਕੋਟੀ ॥
ਦੇਵੀ ਦੇਵ ਅਨੇਕ ਮਨਾਏ ॥ ਕਾਜ ਨ ਪੂਰਨ ਹੋਵਨ ਪਾਏ ॥1357॥
ਕਲਧਾਰੀ ਪੱਤਾ ਬਲਵਾਨਾ ॥ ਕਿਸੀ ਸੁਨਾਵਾ ਸੁਨ ਹਰਖਾਨਾ ॥
ਪਾਨ ਜੋਰੁ ਬਹੁ ਬਿਨਤੀ ਠਾਨੀ ॥ ਅਰਜੀ ਸੁਨੀਏ ਸਤਿਗੁਰ ਕਾਨੀ ॥1358॥
॥ ਦੋਹਰਾ ॥
ਸਪਤ ਗਾਉ ਮੋਕੋ ਮਿਲੈ ਸੁ ਰਾਖਾ ਹੈ ਲੈ ਸੰਗ ॥
ਆਪ[3] ਚਲੋ ਅਰਪਨ ਕਰੋ ਦੇਵੋ ਭੇਟ ਉਮੰਗ ॥1359॥
॥ ਚੌਪਈ ॥
ਜਬ ਸੁਖਨਾ ਕੀਨੀ ਗੁਰ ਕੇਰੀ ॥ ਬਾਬੇ ਰਾਜੇ ਕੀ ਮਤ ਫੇਰੀ ॥
ਰਾਜੇ ਚਾਚਾ ਲੀਨ ਬੁਲਾਈ ॥ ਦੀਨੇ ਗਾਉ ਬਿਨਾ ਬਿਲਮਾਈ ॥1360॥
ਜਬੈ ਗਾਉ ਸੰਪ੍ਰਤਿ ਤਿਨ ਪਾਏ ॥ ਤਬ ਮਨ ਫਿਰ ਗਾ ਰਹਾ ਨ ਥਾਏ ॥
ਛੋਟਾ ਟੈਰਾ ਮੋਲ ਮੰਗਾਵਾ ॥ ਚੀਨ ਬਿਨਾ ਗੁਰ ਪਹਿ ਪਹੁਚਾਵਾ ॥1361॥
॥ ਹਾਲਕ ਛੰਦ ॥
ਜਬ ਗੁਰ ਜੀ ਦੇਖਨ ਕੀਨਾ ॥ ਤਬ ਫੇਰਾ ਦੇਰ ਬਿਹੀਨਾ ॥
ਗੁਰ ਸਿਖਨ ਪ੍ਰਤਿ ਅਲਾਵਾ ॥ ਕਰ ਸੁਖਨਾ ਅਵਰੁ ਪਠਾਵਾ ॥1362॥
ਅਘਣ ਧਤਾ ਮਹਾਂ ਗੁਮਾਨੀ ॥ ਗੁਰ ਗਿਆਨੀ ਤਿਸ ਬੁਧਿ ਹਾਨੀ ॥
ਮਨ ਤਿਸ ਕੋ ਪ੍ਰੇਰਨ ਕੀਨਾ ॥ ਚਹਿ ਰਾਜੇ ਸੋ ਛਲ ਕੀਨਾ ॥1363॥
ਸਾਥ ਹੰਦੂਰੰ[4] ਮਨ ਮਿਲਾਵਾ ॥ ਲੈ ਮਹਾ ਚੰਦ ਕੋ ਘਾਵਾ ॥
ਮਹਾਂ ਚੰਦ ਖਬਰੁ ਸੁਨ ਪਾਈ ॥ ਇਹੁ ਚਾਚੇ ਕੀਨ ਖੁਟਾਈ ॥1364॥
ਸੁਨ ਕਰੁ ਹੁਕਮ ਦਯੋ ਬਿਨ ਦੇਰੀ ॥ ਇਸੇ ਮਾਰੋ ਕਰੋ ਨਾ ਬੇਰੀ ॥
ਪਰਧਾਨੰ[5] ਬੈਨ ਅਲਾਵਾ ॥ ਤੁਮ ਮਾਰਨ ਨਹਿ ਬਨ ਆਵਾ ॥1365॥
॥ ਦੋਹਰਾ ॥
ਸੁਨ ਰਾਜੇ ਆਯਸ ਦਈ ਖੋਸੋ ਭੂ ਧਨ ਧਾਮ ॥
ਦਿਹ ਨਿਕਾਸ ਮਮ ਦੇਸ[6] ਤੇ ਲਯੋ ਨ ਇਸ ਕੋ ਨਾਮ ॥1366॥
॥ ਚੌਪਈ ॥
ਤਬ ਮੰਤ੍ਰੀ[7] ਨੇ ਦੀਨ ਨਿਕਾਸਾ ॥ ਬਹੁ ਦੁਖ ਪਾਵਾ ਪੂਰੇ ਨ ਆਸਾ ॥
ਮਨੁ ਅਪੁਨੇ ਮੋ ਕੀਨ ਬਿਚਾਰਾ ॥ ਗੁਰ ਤੇ ਬਿਖਮੁ[8] ਭਯੋ ਦੁਖ ਭਾਰਾ ॥1367॥

---

1. ਅ ਪੋਥੀ ਪਾਠਾਂਤਰ: ਇਨੋ ਨ ਸਮਝਾਵੋ ਮੀਤ 2. ਅ ਪੋਥੀ ਸਬ 3. ਅ ਪੋਥੀ ਆਪਸ 4. ਅ ਪੋਥੀ ਹੰਦੂਰੀ 5. ਅ ਪੋਥੀ ਤਬ ਬੈਨ 6. ਮੂਲ ਪੋਥੀ ਦੇ 7. ੲ ਪੋਥੀ ਬਜੀਰ 8. ੲ ਪੋਥੀ ਬਿਸਮ

ਅਬ ਮੈ ਤਿਨ ਕੀ ਸਰਨੀ ਜਾਵੋਂ ॥ ਔਰੁ ਬਾਨੁ ਕਹਿ ਦੂਜਾ ਪਾਵੋਂ ॥
ਹੋਇ ਦੀਨ ਮਨ ਕੀਨਸ ਬਿਨਤੀ ॥ ਗੁਰ ਕੀ ਹਮਰੀ ਕਰੋ ਨ ਗਿਨਤੀ ॥1368॥
ਮੈ ਭੂਲਾ ਤੁਮ ਬਾਖਸਨ ਹਾਰੇ ॥ ਸੇਵਕ ਪਾਲੋ ਗੁਰੂ ਦਤਾਰੇ ॥
ਨਾਉਦੇਵ[1] ਕੀ ਛਾਨ ਛਵਾਈ ॥ ਸਦੌਨ ਕਬੀਰੇ ਯਗ ਕਰਾਈ ॥1369॥
ਸੈਨ ਹੇਤ ਨਰਪਤਿ ਹੁਇ ਧਾਏ ॥ ਜਾਟ ਧਨੇ ਕੇ ਹਰਟ ਚੇਲਾਏ ॥
ਸਧਨੇ ਹਿਤ ਖਾਸਾ ਪਠ ਦੀਨਾ ॥ ਅਰਜਨ ਹਿਤ ਪਹੀਆ ਕਰ ਲੀਨਾ ॥1370॥
ਪ੍ਰਿਥਾ ਨੁਖਾ ਕੇ ਚੀਰ ਬਧਾਏ ॥ ਤੈਸੇ ਮੋ ਪਰੁ ਕੇਰੋ ਸਹਾਏ ॥
ਮੈ ਅਨਾਥੁ ਹੌ ਤਵ ਸ਼ਰਨਾਈ ॥ ਨਿਕਟਿ ਨ ਆਵੇ ਬਹੁ ਸਰਮਾਈ ॥1371॥

॥ ਦੋਹਰਾ ॥

ਜਿਵ ਜਾਨੋ ਤਿਵ ਬਖਸੀਏ ਅਵਗੁਨ ਗਨੋ ਮੋਰ ॥
ਹਮ ਸਦ ਭੂਲ ਬਿਗਾਰੁ ਹੈ ਕੀਨੋ ਤੁਮਰੋ ਧੋਰ ॥1372॥
ਅੰਤਰਜਾਮੀ ਜਾਨ ਗੁਰ ਮਨ ਮੋ ਬਿਨਤੀ ਕੀਨ ॥
ਸੁ ਰਖਾ ਹੈ ਮੈ ਲੈ ਮਿਲੈ[2] ਅਪਦਾ ਕਟੋ ਪ੍ਰਵੀਨ ॥1373॥
ਤਿਸ ਕੀ ਬਿਨਤੀ ਸ੍ਰਵਨ ਕਰ ਮਹਾਂ ਚੰਦ ਰਿਦ ਪ੍ਰੇਰ ॥
ਸੋ ਮਿਲਨੇ ਗੁਰ ਕੋ ਅਯੋ ਇਕ ਹੈ ਰੂਪੀ ਢੇਰ ॥1374॥
ਪਾਦ ਪਦਮ ਗੁਰ ਕੇ ਗਹੇ ਧੂਰੀ ਮਾਥੇ ਲਾਇ ॥
ਬਾਰ ਬਾਰ ਉਸਤਤਿ ਕਰੀ ਪੁਨ ਪੁਨ ਸੀਸ ਨਿਵਾਏ ॥1375॥
ਸ੍ਰੀ ਗੁਰ ਕਰ ਸੋ ਕਰ ਗਹਾ ਪਾਸਿ ਲੀਨ[3] ਬਠਾਇ[3] ॥
ਸਤ ਬਿਤ ਰਾਜੰ ਕੁਸਲ ਹੈ ਐਸ ਭੂਨਾ ਸੁਖ ਦਾਇ ॥1376॥
ਪਾਨ ਬੰਦ ਰਾਜਾ ਭਨੇ ਤੁਮਰੀ ਦਯਾ ਦਿਆਲ ॥
ਜੋ ਦੁਖ ਥੇ ਸਭ ਮਿਟ ਗਏ ਪਾਇ ਦਰਸ ਸੁਖ ਸਾਲ ॥1377॥

॥ ਚੌਪਈ ॥

ਸੁਨ[4] ਤਿਸ ਨਤੁ ਬੋਲੇ ਸੁਖਦਾਈ ॥ ਅਘੜ ਧਤ ਤਵ ਚਾਚਾ ਆਈ ॥
ਸੁਨ ਰਾਜਾ ਨੇ ਬੈਠਿ ਬਖਾਨਾ ॥ ਤਿਹ ਪਾਪੀ ਕੀਨੀ ਸਮ ਹਾਨਾ[5] ॥1378॥
ਆਪ ਹਾਥ ਦੈ ਮੁੰਡ੍ਰ ਬਚਾਵਾਂ ॥ ਤਿਹ ਪਾਪੀ ਨੇ ਰਾਜ ਗਵਾਵਾ ॥
ਸਾਥ ਹੰਡੂਰਨ ਖਾਤ ਮਿਲਾਈ ॥ ਪੁਰ ਬਿਲਾਸ ਕੌ ਹੋ ਕੈ ਧਾਈ ॥1379॥
ਯਾ ਤੇ ਤਾਕੋ ਕਾਢਨ ਕੀਨਾ ॥ ਜਗੀਰ ਸਦਨ ਖਸੋਟ ਸ੍ਰੁ ਲੀਨਾ ॥
ਸਤਿਗੁਰ ਸਾਹਿਬ ਗਿਰਾ ਬਖਾਨੀ ॥ ਅਪਨਾ ਸੁਖ ਖੋਵਾਂ ਅਗਿਯਾਨੀ ॥1380॥
ਬੁਰੇ ਪੁਰਖ ਕਾ ਭਲਾ ਕਰੀਜੈ ॥ ਕਰ[6] ਸੁ ਭਲਾਈ ਸੁਖ ਬਹੁ ਲੀਜੈ ॥
ਬੁਰੇ ਨਰੂ ਕਾ ਭਲਾ ਜਿਨ ਠਾਨਾ ॥ ਯਸ ਤਿਸ ਕਾ ਫਰੀਦ ਬਖਾਨਾ ॥1381॥

---

1. ਅ ਪੋਥੀ ਨਾਸਦੇਵ 2. ਮਿਲੈ ਅ ਪੋਥੀ ਵਿਚ ਨਹੀਂ ਹੈ 3. ਅ ਪੋਥੀ ਸੁਲੀਨੁ ਬਨਾਇ 4 ਮੂਲ ਪੋਥੀ ਤ 5. ਅ ਪੋਥੀ ਮਹਾਨ 6 ਮੂਲ ਪੋਥੀ ਕਰਤ

॥ ਤਥਾ ਬਾਕਯੰ ॥

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ[1] ਬਿਆਪਈ[1] ਪਲੈ ਸਭੁ ਕਿਛੁ ਪਾਇ ॥1382॥

॥ ਦੋਹਰਾ ॥

ਸੁਨਾ ਰਾਜਾ ਉਪਦੇਸਿ ਗੁਰ ਮਨ ਮੈ ਲੀਨਾ ਮਾਨ ॥
ਪਾਨ ਬੰਦ ਕਰ ਕੀਰਤ ਭਾ ਸਤ ਬਚਨ ਸੁਖਦਾਨ ॥1383॥

॥ ਚੌਪਈ ॥

ਤੱਤ ਛਿਨ ਤਾਕੋਂ ਲੀਨ ਬੁਲਾਈ ॥ ਸਦਨ ਗ੍ਰਾਮ ਦੀਨੋ ਤਿਨ ਪਾਈ ॥
ਰਾਜਾ ਚਲ ਅਪਨੇ ਗ੍ਰਿਹਿ ਆਵਾ ॥ ਗੁਰ ਕ੍ਰਿਪਾ ਤੇ ਬਹੁ ਸੁਖ ਪਾਵਾ ॥1384॥
ਅਘੜ ਧਤ ਚਲ ਗੁਰ ਪਹਿ ਆਯੋ ॥ ਹੈ ਸੁਤਖੇ ਕੋ ਸੰਗਿ[2] ਲਗਾਯੋ ॥
ਭੂਖਨ ਬਸਨ ਬ੍ਰਿਤਿ ਬਹੁ ਰਾਖਾ ॥ ਕਰ ਪਰਨਾਮ ਸੁ ਜਸ ਮੁਖ ਭਾਖਾ ॥1385॥
ਮੈ ਅਪਰਾਧ ਕੀਨ ਅਤਿ ਭਾਰੀ ॥ ਤੁਮ ਬਖਸਨ ਕੇ ਜੋਗ ਮੁਰਾਰੀ ॥
ਸੇਵਕ ਜਾਨ ਦਯਾ ਮੁਝ ਕੀਜੈ ॥ ਜਨਮ ਮਰਨ ਕੀ ਫਾਸ ਕਟੀਜੈ ॥1386॥
ਸੁਨ ਤਿਸ ਬਿਨੈ ਪ੍ਰਸੰਨ ਗੁਰ ਹੋਏ ॥ ਭੇਟਾ ਲੀਨੀ ਸਭ ਦੁਖ ਖੋਇ ॥
ਵਾਹਿਗੁਰੂ ਮੁਖ ਨਾਮੁ ਜਪਾਈ ॥ ਸੰਤਨ ਸੇਵਾ ਬਹੁਰ ਸਿਖਾਈ ॥1387॥

॥ ਦੋਹਰਾ ॥

ਸਦਾ ਸਹਾਇਤਾ ਗੁਰ ਕਰੈ ਜੋ ਕੋ ਸਰਨੀ ਆਇ ॥
ਸਤਿਗੁਰ ਸਾਹਿਬ ਸਿੰਘ ਜੀ ਸੋਭੈ ਪੈਜ ਰਖਾਇ ॥1388॥

(ਮਹਾਂ ਚੰਦ ਦੀ ਸ਼ਰਧਾ ਭਾਵਨਾ)

॥ ਚੌਪਈ ॥

ਏਕ ਦਿਵਸੁ ਮਹਾ ਚੰਦ ਸੁ ਆਵਾ ॥ ਕਰ ਬਹੁ ਪ੍ਰੇਮੰ ਸੀਸੁ ਝੁਕਾਵਾ ॥
ਕਰਿ ਆਦਰੁ ਗੁਰ ਪਾਸੁ ਬਿਠਾਇ ॥ ਪਾਨੁ ਜੋਰੁ ਰਾਜੇ ਬਚਿ ਗਾਇ ॥1389॥
ਭਵਨ ਹਮਾਰਾ ਸਫਲ ਕਰੀਜੈ ॥ ਭੋਜਨ ਕੀਜੈ ਸੁਖ ਬਹੁ ਦੀਜੈ ॥
ਨਯੋਤਾ ਸ੍ਰੀ ਗੁਰ ਮਾਨਨ ਕੀਨਾ ॥ ਰਾਜੇ ਮਨ ਭਾ ਹਰਖ ਨਵੀਨਾ ॥1390॥
ਸਦਨ ਜਾਇ ਭੋਜਨ ਕਰਵਾਵਾ ॥ ਓਦਨ ਮੀਠੇ ਆਦਿ ਬਨਾਵਾ ॥
ਕਰ ਆਦਰ ਗ੍ਰਿਹ ਮੇਂ[3] ਲੇ ਆਯੋ ॥ ਆਸਤਰਨ ਗੁਰ ਤਰੇ ਬਿਛਾਯੋ ॥1391॥
ਚਰਨਨ ਧੋਇ ਬਿੰਜਨ ਫੇਰਾਵਾ ॥ ਧਰਯੋ ਪ੍ਰਸਾਦਿ ਅਚਯੋ ਸੁਖ ਪਾਵਾ ॥
ਲੇਕਰ ਸੀਤ ਆਸਮੋ ਪਾਯੋ ॥ ਜਨਮ ਮਰਨ ਕੇ ਰੋਗ ਗਵਾਯੋ ॥1392॥
ਬਹੁ ਭੇਟਾ ਗੁਰੁ ਕੋ ਅਰਪਾਨੀ ॥ ਹੁਇ ਪ੍ਰਸੰਨ ਗੁਰ ਗਿਰਾ ਬਖਾਨੀ ॥
ਸੁਤ ਬਿਤ ਆਦਿ ਸਦਾ ਸੁਖ ਪਾਯੋ ॥ ਨਾਮ ਬਿਖੇ ਸਦ ਹੀ ਲਿਵ ਲਾਯੋ ॥1393॥

---

1. ਅ ਪੋਥੀ ਨ ਲਗਾਈ 2. ਅ ਪੋਥੀ ਸੰਗਾ ਲਾਯੋ 3. ਅ ਪੋਥੀ ਮੋ

॥ ਦੋਹਰਾ ॥

ਕਮਲ ਬਦਨ ਪ੍ਰਸਾਦਿ-ਛਕਿ ਬਾਹਰ ਆਵਨਿ ਕੀਨ ॥
ਰਾਜਪੂਤ ਮਿਲ ਕਰ ਤਹਾ ਪੀਤ ਬਿਖਯਾ ਮਤ ਹੀਨ ॥1394॥

## (ਤਮਾਕੂ ਪੀਣ ਵਾਲੇ ਰਾਜਪੂਤਾਂ ਨੂੰ ਸਜ਼ਾ ਦੇਣੀ)

॥ ਚੌਪਈ ॥

ਅਤਿ ਬਦਬੋਇ ਉਡੀ ਬਹੁ[1] ਜਬ ਹੀ ॥ ਸ੍ਰੀ ਗੁਰ ਤੰਗ ਹੋਤ ਭੇ ਤਬਹੀ ॥
ਕਿਛਕੁ ਕ੍ਰੋਧ ਕਰ ਦੇਖਤ ਭਏ ॥ ਲਗੀ ਆਗ ਤਬ[2] ਬਿਨ ਬਿਲਮਏ ॥1395॥
ਦਿਵਾਨ ਸੁ ਖਾਨਾ ਹੋਵਾ ਛਾਰਾ ॥ ਸਭ ਨੇ ਮਨ ਮੇ ਅਚਰਜ ਧਾਰਾ ॥
ਹਾਇ ਹਾਇ ਕਰ ਭੂਪ ਸੁ ਆਵਾ ॥ ਕੀਜੇ ਰਛਿਆ ਮੈ ਸਰਨਾਵਾ ॥1396॥
ਕਮਲ ਨੈਨ ਤਬ ਗਿਰਾ ਬਖਾਨੀ ॥ ਅਗਨੀ ਠਹੋਰ ਕਰੋ ਨ ਹਾਨੀ ॥
ਤਹ[3] ਅਨਲ ਖਿਰੁਤਾ ਹੁਇ ਗਈ ॥ ਮਾਨੋ ਬਦਰਾ ਦੀਨ ਬੁਝਈ ॥1397॥
ਜਿਨ ਜਿਨ ਬਿਖਿਆ ਪੀਵਨ ਕੀਨੀ ॥ ਤਿਨ ਕੌ ਰਾਜੇ ਤਾੜਨ ਦੀਨੀ ॥
ਪਾਦ ਪਦਮ ਸ੍ਰੀ ਗੁਰ ਕੇ ਪੂਜੇ ॥ ਦੇਵੀ ਦੇਵ ਤਯਾਗੇ ਦੂਜੇ ॥1398॥

॥ ਦੋਹਰਾ ॥

ਤਰੂ ਏਕ ਤਹ ਬਚ ਰਹਯੋ ਜਹ ਬੈਸੇ ਗੁਰ ਪੂਰ ॥
ਮਹਿਮਾ ਗੁਰ ਕੀ ਦੇਖਦੇ ਮਾਥੇ ਲਾਵੈ ਧੂਰਿ ॥1399॥
ਕਮਲਨੈਨ ਆਏ ਸਿਵਰ ਪੌਚੇ ਸੁਖਮਾਂ ਖਾਨ ॥
ਸੋਇ ਉਠੇ ਸੁਖ ਸੌ ਗੁਰੂ ਚੜਨਾ ਬਚਨੁ ਬਖਾਨਾ ॥1400॥

॥ ਰਸਾਵਲੁ ਛੰਦ ॥

ਤਿਯਾਰੀ ਕਰਾਵੋ ॥ ਪਵੰਗਮ ਮੰਗਾਵੋ ॥ ਦੇਰੀ ਨ ਲਾਈ ॥ ਚੜੇ ਸੁਖਦਾਈ ॥1401॥
ਪ੍ਰੇਮੀ ਮਿਲਾਨੇ ॥ ਰੋਏ ਦੁਖ ਮਾਨੇ ॥ ਵਿਛੋੜਾ ਹੈ ਭਾਰੀ ॥ ਨ ਜਾਵੇ ਸਹਾਰੀ ॥1402॥
ਗੁਰੂ ਧੀਰ ਦੀਨੀ ॥ ਗ੍ਰਹ[5] ਜਾਵੋ ਪ੍ਰਵੀਨੀ ॥ ਗੁਰੂ ਬੈਨ ਮਾਨੇ ॥ ਹਟੇ ਪ੍ਰੇਮ ਖਾਨੇ ॥ 1403॥
ਅਸ੍ਵੈ ਚਲਾਵਾ ॥ ਗੁਰੂ ਦੁਖ ਹਾਵਾ ॥ ਨਗੀ ਸੈਲ ਚਾਹੀ ॥ ਚਲੇ ਸੁਖ ਦਾਈ ॥ 1404॥

॥ ਦੋਹਰਾ ॥

ਸਿਕੰਦਰ ਧਾਰਾ ਦੇਖਬੇ[6] ਮਨ ਮੋ ਇਛਾਧਾਰ ॥
ਪ੍ਰਾਪਤਿ ਹੋਏ ਸ੍ਰੀ ਗੁਰੂ ਤਿਸੁ ਗੁਰ ਕੇ ਨਿਕਟਾਰ ॥1405॥
ਖਸ਼ਟ ਕੋਸ ਉਚੇ ਹੁਤੇ ਦੇਖਤ ਪਾਗ ਗਿਰਾਇ ॥
ਦ੍ਵਿਜਨਿ ਗ੍ਰਾਮ[7] ਥੇ ਤਿਸ ਤਰੇ ਲੀਨੇ ਗੁਰੂ ਬੁਲਾਇ ॥1406॥

1. ਅ ਪੋਥੀ ਸੋ 2. ਅ ਪੋਥੀ ਸੁ 3. ਅ ਪੋਥੀ ਤਰਾਂ 4. ਅ ਪੋਥੀ ਵਿਚ ਵਾਧੂ ਦੋਹਰਾ ਹੈ : ਤਿਸ ਦਿਨ ਤੇ ਮੀਏਂ ਸਭੇ ਗੁਰ ਤੇ ਭੇ ਮਨ ਧਾਰਾ ॥ ਉਸਤਤ ਗੁਰ ਕੀ ਬਹੁ ਕਰੈ ਸ਼ੌਕ ਆਦਿ ਦੁਧ੍ਰਟਾਰਾ ॥ 1399 5. ਅ ਪੋਥੀ ਰਹਹਿ 6. ਅ ਪੋਥੀ ਦੇਖਤੇ 7. ਅ ਪੋਥੀ ਵਸਤ

॥ ਰਸਾਵਲ ਛੰਦ ॥

ਦ੍ਵਿਜੰ ਆਖ ਰੋਏ ॥ ਗੁਰੂ ਬੈਨ ਗੋਏ ॥ ਮੁਝੈ ਰਸਤਾ ਬਤਾਵੋ ॥ ਸੁ ਦੇਰੀ ਨ ਲਾਵੋ ॥1407॥
ਤਵੈ ਦਿਵਸ ਬੋਲੇ ॥ ਸੁਨੋ ਗੁਨੰ ਅਮੋਲੇ ॥ ਰਸਤਾ ਨ ਕੋਈ ॥ ਗਏ ਔਖ ਹੋਈ ॥1408॥
ਪਹਾਰੀ ਸੁ ਜਾਵੈ ॥ ਘਾਸੈ ਗੜ੍ਹਾਵੈ ॥ ਆਪਿ ਕੈਸ ਜਾਵੋ ॥ ਈਹਾਂ ਹੀ ਰਹਾਵੋ ॥1409॥
ਗੁਰੂ ਬੈਨ ਬੋਲੇ[2] ॥ ਹਮ ਜਾਵੈ ਦਿਜੋਲੇ ॥ ਹਰੀ ਚੰਦ ਧਾਮਾ ॥ ਤਹਿ ਦੇਵੀ ਸਥਾਮਾ ॥ 1410॥
ਅਸ੍ਵ ਗੁਰ ਪ੍ਰੇਰਾ ॥ ਚਲਾਕੰ ਵਡੇਰਾ ॥ ਦਿਜੰ ਨਾਲ ਧਾਵਾ ॥ ਦਿਖੋ ਕਸੈ ਜਾਵਾ ॥1411॥
ਚਾਰ[3] ਸਿਖ੍ਯੰ ਨਾਲੇ ॥ ਚਲੇ ਪ੍ਰੀਤ ਵਾਲੇ ॥ ਬਾਹਿ ਐਸ ਜਾਈ ॥ ਉਹ ਗਹਾਂ ਧਾਈ ॥1412
ਖਲੰ ਮਾਹਿ ਜਾਏ ॥ ਨ ਦੇਰੀ ਲਗਾਏ ॥ ਦਿਜੰ ਭਾ ਹਰਾਨਾ ॥ ਸਹੀ ਰਾਮ ਜਾਨਾ ॥ 1413॥

॥ ਦੋਹਰਾ ॥

ਹਮ ਭੂਲਨ ਕੋ ਜੋਗ ਸਦ ਬਖਸੋ ਦੀਨ ਦਿਆਲ ॥
ਗੁਰ ਨਾਨਕ ਸਰੂਪ ਤੁਮ ਚਹੋ ਕਰੋ ਤਤਕਾਲ ॥1414॥

॥ ਚੌਪਈ ॥

ਅਸ੍ਵ ਤਿਯਾਗੁ ਕਰ ਬਸਨ ਬਿਛਾਏ ॥ ਬੈਠਿ ਗਏ ਸ੍ਰੀ ਗੁਰ ਸੁਖਦਾਏ ॥
ਅੰਬਾ ਥਾਨ ਦਰਸਨ ਪਾਵਾ ॥ ਸਰ ਰਵਾਲ ਤਬ ਨਿਕਟ ਦ੍ਰਿਸ਼ਟਾਵਾ ॥1415॥
ਦ੍ਵਿਜ ਬੋਲਾ ਸੁਨ ਸੁਖਮਾਰਾਸੀ ॥ ਤ੍ਰਿਖਾ ਬਿਆਪੀ ਜਲ ਦਿਉ ਰਾਸੀ ॥
ਕਮਲਾਨ[4]ਨ ਹਰਿ ਬੈਨ ਬਖਾਨਾ ॥ ਪੜੀ ਉਠਾਵੋ ਦੇ ਬਿਹਾਨਾ ॥1416॥
ਹਾਥ ਸਾਥ ਜਬ ਉਚੀ ਕੀਨੀ ॥ ਮੀਠਾ ਠਾਢਾ ਨੀਰੰ[5] ਚੀਨੀ ॥
ਦਿਖ ਪ੍ਰਤਪੁ ਦਿਜੁ ਅਚਰਜ ਹੋਵਾ ॥ ਬਾਰ ਬਾਰ ਗੁਰ ਚਰਨਨ ਜੋਵਾ ॥1417॥

॥ ਦੋਹਰਾ ॥

ਜਲ[6] ਮੰਗਵਾਵਾ ਸੁਤਿਗੁਰੂ ਪੰਜ ਸਨਾਨਾ ਕੀਨ ॥
ਦ੍ਵਿਜ ਸਿਖ ਜਲ ਪਾਨੰ ਕਰ ਮਨ ਮੈ ਭੇ ਹਰਖੀਨ ॥1418॥

॥ ਚੌਪਈ ॥

ਏਕ ਜਾਮਨੀ ਤਹਾਂ ਰਹਾਏ ॥ ਭੋਰ ਭਏ ਚਾਲੇ ਸੁਖ ਪਾਇ ॥
ਦ੍ਵਿਵ ਨੇ ਗੁਰ ਕੀ ਉਸਤਤਿ ਠਾਨੀ ॥ ਸਤਿਗੁਰ ਸਾਹਿਬ ਸੁਖਮਾਂ ਖਾਨੀ ॥1419॥
ਗੁਰ ਸਿਖੀ ਤਿਨ ਧਾਰਨ ਕੀਨੀ ॥ ਜਿਨ ਕੇ ਜਾਗੇ ਭਾਗ ਨਵੀਨੀ ॥
ਆਨੰਦਪੁਰ ਮੇ ਸ੍ਰੀ ਗੁਰ ਆਏ ॥ ਗੁਰ ਸਿਖ ਮਿਲ ਮਿਲ ਬਹੁ ਹਰਖਾਏ ॥1420॥
ਕੋਇਕੁ ਦਿਨ ਗੁਰ ਤਹਾਂ ਰਹਾਈ ॥ ਉਨੇ ਮਾਂਝ ਗਏ ਸੁਖਦਾਈ ॥
ਦਾਦੇ ਥਾਨ ਦਰਸਨੁ ਪਾਵਾ ॥ ਮਸਤਕਿ ਟੇਕਾ ਮਨੁ ਹਰਖਾਵਾ ॥1421॥
ਕੋ ਚਿਰ[7] ਠਹਰੇ ਤਹੀ ਸੁਆਮੀ ॥ ਘਟ ਘਟ ਕੇ ਗੁਰ ਅੰਤਰਜਾਮੀ ॥
ਜਸੁਵਾਲਨ ਮੈ ਅਤੇ ਵਡੇਰਾ ॥ ਮੋਲਕੁ ਨਾਮੁ ਹੈ ਜਿਸ ਕੇਰਾ ॥1422॥

1. ਅ ਪੋਥੀ ਵਿਪ੍ਰ 2. ਅ ਪੋਥੀ ਬੋਲੰ 3. ਅ ਪੋਥੀ ਪੰਚ 4. ਅ ਪੋਥੀ ਕਮਲਨੈਨ 5. ਅ ਪੋਥੀ ਬਾਰ ਸੁ
6. ਮੂਲ ਪੋਥੀ ਜਗ 7. ੲ ਪੋਥੀ ਦਿਨ

(ਮੌਲਕ ਦਾ ਊਨੇ ਨੂੰ ਲੁਟਨਾ ਅਤੇ ਸਾਹਿਬ ਸਿੰਘ ਨੇ ਉਨ੍ਹਾਂ ਨੂੰ ਸਿਧਾ ਕਰਨਾ)

॥ ਦੋਹਰਾ ॥

ਬਹੁ ਸੈਨਾ ਸੁ ਸੰਗ ਲੇ ਆਵਾ ਊਨੇ ਪਾਸ ॥
ਲੂਟ ਕੂਟ ਸਭ ਗਾਊਂ ਕਰ ਚਾਲਾ ਸਦਨ ਮਵਾਸ ॥1423॥
ਲੋਕ ਦੁਖੀ ਅਤਸੇ ਭਏ ਆਏ ਗੁਰ ਕੇ ਪਾਸ ॥
ਉਚ ਸੁਰੈਂ[1] ਪੁਕਾਰ ਤੇ ਕਰ ਰਖਿਆ ਸੁਖ ਰਾਸ ॥1424॥

॥ ਚੌਪਈ ॥

ਤਿਨ ਬਿਨਤੀ ਕੋ ਸੁਨ ਗੁਰ ਪੂਰੇ ॥ ਜੰਗ ਮਾਂਝ ਜ ਅਤਿਸੇ ਸੂਰੇ ॥
ਮਹਿਬੂਬ ਸਿੰਘ ਕੁ ਲੀਨ ਬੁਲਾਈ ॥ ਕਰੋ ਤਯਾਰੀ ਦੇਰ ਬਿਹਾਈ ॥1425॥
ਮਹਿਬੂਬ ਸਿੰਘ ਸੁਨ ਮਨ ਹਰਖਾਨਾ ॥ ਪਹਰੇ ਸਸਤ੍ਰੰ ਬਿਲਮ[2] ਬਿਹਾਨਾ ॥
ਕਮਰ ਕਸਾ ਸ੍ਰੀ ਗੁਰ ਜੀ ਕੀਨਾ ॥ ਪਹਰੀ ਅਸਿ ਹਥ ਨੇਜਾ ਲੀਨਾ ॥1426॥
ਜੰਗ ਹੈ ਸ੍ਰੀ ਗੁਰ ਮੰਗਲ ਗਾਏ[3] ॥ ਜੰਗ ਮਾਝ ਜੋ ਰਹੇ ਸਵਾਏ ॥
ਮਹਿਬੂਬ ਸਿੰਘ ਜੀ ਭਏ ਤਿਯਾਰ ॥ ਚਾਹੇ ਜੰਗ ਕਰੇ ਨਹੀ ਬਾਰ ॥1427॥

॥ ਦੋਹਰਾ ॥

ਤਬ ਆਇਸ ਸ੍ਰੀ ਗੁਰ ਕਰੀ ਬਿਲਮੁ ਕਰੋ ਤੁਮ ਬੀਰ ॥
ਆਵੈ ਸੈਨਾ ਆਪਨੀ ਸੁਨਾ ਅਨੁਜ ਧਰ ਧੀਰ ॥1428॥

॥ ਚੌਪਈ ॥

ਸਹੀਦਨ ਸੈਨਾ ਆਈ ਧਾਈ ॥ ਪਾਥਰ ਪਾਦਪ ਲੀਨ ਉਠਾਈ ॥
ਆਇ ਨਮੋ ਸਭ ਕਰਤੇ ਭਏ ॥ ਬਾਰ ਬਾਰ ਚਰਨਨ ਸਰ ਨਏ ॥1429॥
ਦਾਦੇ ਬਾਨੈ ਨਮੋ ਸੁ ਧਾਰੀ ॥ ਭੇ ਸਵਾਰ ਹੈ ਬਿਲਮ ਬਿਸਾਰੀ ॥
ਹਾਥ ਧਨਖੁ ਗੁਰ ਸਾਹਿਕ ਲੀਨਾ ॥ ਮਹਿਬੂਬ ਸਿੰਘ ਜੀ ਸੰਗਿ ਪ੍ਰਬੀਨਾ ॥1430॥
ਜੀਤ ਨਗਾਰੇ ਜੋਬ[4] ਲਗਾਈ ॥ ਚੜ੍ਹਤ ਕਰੀ ਸਿਖਨ ਸੁਖਦਾਈ ॥
ਤਿਨ ਕਾ ਆਗਾ ਰੋਕਨ ਕੀਨਾ ॥ ਬਚਨੁ ਕਹਾ ਸ੍ਰੀ ਗੁਰ ਪ੍ਰਵੀਨਾ ॥1431॥
ਗੋ ਆਦਿਕ[5] ਕੋ ਤਯਾਗਨ ਕੀਜੈ ॥ ਸਸਤ੍ਰ ਸਰਬ ਤੁਮ[6] ਹਮ ਕੋ ਦੀਜੈ ॥
ਐਸੇ ਗੁਰ ਜੀ ਬੈਨ ਬਖਾਨੇ ॥ ਸੁਨਤ[7] ਪਹਾਰੀ ਮਨ ਖੁਨਸਾਨੇ[8] ॥1432॥

॥ ਦੋਹਰਾ ॥

ਰਾਜਪੂਤ ਹਮ ਸੂਰਮੇ ਬਲ ਹਮਰੋ ਅਧਿਕਾਇ ॥
ਜਾਇ ਬੈਠ ਘਰਿ ਆਪਨੇ ਜਗ ਤੇ ਪੂਜ ਕਰਾਇ ॥1433॥
ਤਾਸ ਗਿਰਾ ਗੁਰ ਅਕਨ ਕਰੁ ਕੀਨੋ ਰੋਸੁ ਬਿਸਾਲ ॥
ਮਹਿਬੂਬ ਸਿੰਘ ਪ੍ਰਤਿ ਕਹਤ ਭੇ ਮਾਰੋ[9] ਕਰੌਨ ਨ ਟਾਲ ॥1434॥

---

1 ਅ ਪੋਥੀ ਊਚੀ ਸੁਰੇ 2. ਅ ਪੋਥੀ ਬਿਮਲ 3. ਅ ਪੋਥੀ ਮੰਗਾਏ 4. ਅ ਪੋਥੀ ਚੋਬੇ ਲਗਾਈ
5. ਅ ਪੋਥੀ ਆਦਿ 6. ਅ ਪੋਥੀ ਸੋ 7. ਅ ਪੋਥੀ ਸੁਨਸੁ 8. ਮੂਲ ਪੋਥੀ ਖੁਸਸਾਨੇ 9. ਅ ਪੋਥੀ ਮਨੋ

( ... ਨੂੰ ... ਭੁਜੰਗੀ ਪ੍ਰਯਾਤ ਛੰਦ ... ਕਲਸ)

ਧਰੈਂ ਚਾਂਪ ਹਾਥੀ ਰਿਦੇ ਚੋਪ ਸੰਗਾ ॥ ਤਿਸਰੈਂ ਸੰਧ ਐਂਚੈ ਹਨੈ ਸਤ੍ਰ ਅੰਗਾ ॥
ਸਰਬੇਰੀ[1] ਚਲੇ ਸੂਕ ਐਸੇ ਬਿਲੋਕੈ ॥ ਕਿਧੌ ਤੇ ਪੰਖ ਕੈ ਨਾਗ ਦੌਰੇ ਅਰੋਕੈ ॥1435॥
ਤਿਨ ਦੇਹ ਬੰਬੀ ਪ੍ਰਵੇਸੇ ਸੁਧਾਈ ॥ ਗਿਰੈ ਘਾਇ ਲਾਗੀ ਭਿਨੇ ਖ੍ਰਿਤ ਪਾਈ ॥
ਬਡੇ ਓਜਿ ਤੇ ਬੋਲ ਐਸੇ ਸੁਨਾਏ ॥ ਮਨੋ ਮ੍ਰਿਗ ਪੁੰਜਨ ਪੈ ਸੇਰ ਆਏ ॥1435॥

॥ ਦੋਹਰਾ ॥

ਮਹਿਬੂਬ ਸਿੰਘ[2] ਅਸਿ ਕਾਢ ਕੈ ਪ੍ਰਬਲ ਭਿਨੋ ਮੈ ਜਾਇ ॥
ਏਕ ਏਕ ਕੋ ਛੇਦਿ ਕਰ ਜੁਗ ਕੇ ਚਾਰ ਬਨਾਇ ॥1437॥
ਅਲਪ ਘਾਵ ਹਯ ਕੋ ਲਗੇ ਮਿਲਯੋ ਭੂੰਮ ਮਹਿ ਆਇ ॥
ਮਾਰੇ ਮੀਢੇ ਅਤਿ ਘਨੇ ਪ੍ਰਬਲ ਭਤੇ ਕਰ ਪਾਇ ॥1438॥
ਬਹੁਰ ਫਿਰੇ ਸਨਮੁਖ ਭਏ ਗਨ ਗੋਰੀ ਅਰ ਖਾਨ ॥
ਦੁਹਿ ਦਿਸ਼ ਤੇ ਛੂਟੈ ਲਗੇ ਹੋਨ ਲਗਯੋ ਘਮਸਾਨ ॥1439॥

॥ ਪਾਧੜੀ ਛੰਦ ॥

ਬਹੁ ਬਜੇ ਦੁੰਦ ਦਿਸਨ ਦੋਇ ॥ ਗਨ ਭੁਨੇ[3] ਭੁਕਾਰਨ ਸਬਦੁ ਹੋਇ ॥
ਭਟ ਛੇਰਨ ਅਗੀ ਬਜੰਤ ਢੋਲ ॥ ਤਹ ਪਰੇ ਧਾਇ ਬਡ ਬੋਲ ਬੋਲ ॥1440॥
ਇਕ ਬਾਰ ਪੂਰ ਗਨ ਗਿਰਨ ਲੋਕ ॥ ਗਨ ਗਿਰਨ ਲਗੇ ਹੋਇ ਟੂਕ ਟੋਕ ॥
ਕੁਲ[4] ਕਾਂਨ ਕੇਰ ਬਰਖਾ ਹੁਵੰਤ ॥ ਘਨ ਦੋਇ ਮਨੋ ਕਰਕਾ ਪਰੰਤ ॥1441॥
ਛਿਤ ਸੋਣ ਤਬਿ ਥਰੋ ਰੰਗ ਲਾਲ ॥ ਬਹੁ ਮਰੇ ਹੇਰ ਗਿਧੈ ਬਿਸਾਲ ॥
ਭਰਮਤੀ ਅਨੇਕ ਨਭ ਆਇ ਆਇ ॥ ਗਨਰਟੈ ਨਾਦ ਪਲ ਖਾਇ ਖਾਇ ॥1442॥

॥ ਦੋਹਰਾ ॥

ਪਹਾਰੀ ਮਨ ਮੈ ਕੋਪਿ ਕਰ ਧਾਏ ਗੁਰ ਕੀ ਓਰਿ ॥
ਜਿਮ ਪਚਾਨਨ ਪਰੇ ਚਲੇ ਕਰੀ ਕਰੈ ਦਲ ਜੋਰ ॥1443॥
ਸ੍ਰੀ ਗੁਰ ਸਾਹਿਬ ਸਿੰਘ ਜੀ ਧਨੁਖ ਮਾਹਿ ਸਰ ਜੋਰ ॥
ਵਾਹਿਗੁਰੂ ਮੁਖ ਜਪਿ ਕਰ ਸਾਯਕ ਤਜੇ ਬਹੋਰਿ ॥1444॥

॥ ਰਸਾਵਲ ਛੰਦ ॥

ਚਲੇ ਬਾਨ ਤੀਖੇ ॥ ਸੁ ਸਾਂਪ ਸਰੀਖੇ ॥ ਸੁ ਜਾਕੋ ਲਗਾਵੇ ॥ ਧਰਮਾ ਗਿਰਾਵੇ ॥1445॥
ਹੈ ਜ੍ਵਾਨ ਹੋਈ ॥ ਉਠੇ ਨਾਹਿ ਸੋਈ ॥ ਪਰੇ ਭੂਮ ਸੋਸੇ ॥ ਮਨੋ ਨੀਂਦ ਭੋਇ ॥1446॥
ਜਿਸੈ ਲਾਗ ਜਾਈ ॥ ਬਿਕੁੰਠ ਸਿਧਾਈ ॥ ਪਹਾਰੀ ਡਰਾਨੇ ॥ ਸੁ ਚਾਲੇ ਭਗਾਨੇ ॥1447॥
ਕੁਲੰ ਲਾਜ ਖੋਈ ॥ ਠਹਿਰੇ ਨ ਕੋਈ ॥ ਜਿਮ ਸੂਕ ਪਾਤਾ ॥ ਲਗੇ ਬਾਦ ਜਾਤਾ ॥1448॥
ਸੁ ਐਸੇ ਪਰਾਨੇ ॥ ਕਰੇ ਕੁਲ ਹਾਨੇ ॥ ਗੁਰ ਬਾਨ ਖਾਏ ॥ ਸੁ ਮਹਿ ਨ ਆਏ ॥1449॥

1. ਅ ਪੋਥੀ ਸਬਰੀ 2. ਅ ਪੋਥੀ ਹਰੀ 3. ਅ ਪੋਥੀ ਭੇਰ 4. ਅ ਪੋਥੀ ਗੁਲ 4. ਅ ਪੋਥੀ ਪੰਚਾਂਚਨ
6. ਅ ਪੋਥੀ ਕੇਰ 8. ਅ ਪੋਥੀ ਸੂਰ 9. ਅ ਪੋਥੀ ਬਾਤ 10. ਅ ਪੋਥੀ ਪਲਾਨੇ

॥ ਦੋਹਰਾ ॥

ਮਾਰ ਸ਼ਹੀਦਨ ਅਸ ਕਰੀ ਲੈਨਨ ਦੇਖੇ ਸਿ ਦਿ ॥
ਅਚਰਜ ਮਨ ਮੋ ਸਭ ਕਰੈ ਹਮੈ ਆਰਤਾ ਹੈ ਕੋਇ ॥1450॥
ਜਬੈ ਪਹਾਰੀ ਭਜਿ ਚਲੇ ਸ੍ਰੀ ਗੁਰ ਕੀਨ ਨਿਦੇਸ ॥
ਗੋ ਆਦੀ ਸਭ ਰੋਕ ਕਰੁ ਲੇਵੋ ਵਸਤੁ ਅਸੇਸ ॥1451॥
ਮੀਏ ਰਾਨੇ ਭਜ ਚਲੇ ਕੁਲ ਕੀ ਲਜਾ ਡਾਰ ॥
ਜੈਸੇ ਤਮ ਪਰਾਤ ਹੈ ਕਿਰਨ ਭਾਨ ਪਸਾਰ ॥1452॥

॥ ਚੌਪਈ ॥

ਜੈਸ ਪੌਨ ਸੋ ਮੇਘ ਉਡਾਈ ॥ ਨੀਲ ਕੰਠ ਤੇ ਫਨੀ ਪਰਾਈ ॥
ਜਿਮ ਨਾਹਰ ਤੇ ਏਣ ਡਰਾਵੈ ॥ ਸਾਚ ਸਮੀਪ ਨ ਝੂਠ ਰਹਾਵੈ ॥1453॥
ਭਏ ਕਪੂਤ ਕੂਲ ਜਿਮ ਨਾਸੇ ॥ ਬ੍ਰਿਧ ਜੁਵਤਿ ਤੇ ਸੁਤਿ ਨਹਿ ਆਸੇ ॥
ਕਿਰਸ੍ਨ ਤੇ ਜਿਸ ਜੈਸ ਪਰਾਈ ॥ ਜਿਮ ਅੱਖਧੁ ਤੇ ਰੋਗੁ ਖਿਲਾਈ ॥1454॥
ਕ੍ਰੋਧੁ ਕਿਯੇ ਤੇ ਧਰਮੁ ਨ ਹੋਵੈ ॥ ਗਯਾਨ ਭਏ ਤੇ ਭ੍ਰਮ ਨਹਿ ਜੋਵੈ ॥
ਸਾਂਤ ਭਏ ਤੇ ਤ੍ਰਮੋ ਨਸਾਈ ॥ ਆਗ ਅਗ੍ਰੇ ਨਹਿ ਸੀਤ ਰਹਾਈ ॥1455॥

॥ ਦੋਹਰਾ ॥

ਤੈਸ ਪਹਾਰੀ ਗੁਰੂ ਤੇ ਚਾਲੇ ਲਾਜ ਗਵਾਇ ॥
ਪੀਛੇ ਫਿਰ ਨਹੀ ਦੇਖਤੇ ਕਾਇਰ ਯਹੀ ਸੁਭਾਇ ॥1456॥

॥ ਚੌਪਈ ॥

ਜਿਨ ਕੇ ਤਾਤ ਭ੍ਰਾਤ ਮਰੁ ਗਏ ॥ ਸਵਾਮੀ ਜਿਨ ਕੇ ਘਰੀ ਨ ਅਏ ॥
ਸੋ ਨਾਰੀ ਪੀਟੈ ਦੁਖ ਪਾਈ ॥ ਮੌਲਕ ਪ੍ਰਤਿ ਸੋ ਗਾਰ ਅਲਾਈ ॥1457॥
ਮੌਲਕ ਸਦਨੰ ਜਾਇ ਦੁਰਾਨਾ ॥ ਅਪਜਸ ਜਿਸ ਕੋ ਜਗੁ ਪ੍ਰਗਟਾਨਾ ॥
ਗੁਰ ਜੀ ਜਯ ਕੋ ਦੁੰਦ ਭਵਾਈ ॥ ਆਏ ਊਨੇ ਬਹੁ ਯਸ ਪਾਈ ॥1458॥
ਲੋਕਨ ਸਾਂਮਾ ਲੂਟ ਜੁ ਲਈ ॥ ਗੁਰ ਜੀ ਫੇਰ ਸਭਨ ਕੋ ਦਈ ॥
ਗ੍ਰਹਿ ਗ੍ਰਹਿ ਜਸੁ ਹੋਵਤ ਹੈ ਗੁਰ ਕਾ ॥ ਕੇਵੜੇ ਫੂਲਾ ਅਤਿ ਸੁਗੰਧ ਕਾ ॥1459॥

॥ ਦੋਹਰਾ ॥

ਤਿਸ ਦਿਨਾ[1] ਥੀ ਮੀਏ ਸਭੀ[2] ਗੁਰ ਤੇ ਦਬਕ ਰਹਾਇ ॥
ਭੇਟਾ ਦੇਇ[3] ਹੁਜੂਰਿ ਕੋ ਪਾਦ ਪਦਮ[4] ਸਿਰ ਨਾਇ ॥1460॥

॥ ਚੌਪਈ ॥

ਊਨੇ ਕੋ ਸੌ ਗੂਨਾ ਕੀਨੋ ॥ ਦਿਨ ਦਿਨ ਵਰਧੇ ਜਸ ਅਤਿ ਪੀਨੋ ॥
ਕੋਇਕੁ ਦਿਨ ਊਨੇ ਮੋ ਰਹਿ ਕਰ ॥ ਆਨੰਦ ਪੁਰ ਮੋ ਗੇ ਮਨ ਹਿਤੁ ਧਰ ॥1461॥

---

1. ਮੂਲ ਪੋਥੀ ਦੀ 2. ਅ. ਪੋਥੀ ਸਭੇ 3. ਅ. ਪੋਥੀ ਦੇਹਿ 4. ਏ. ਪੋਥੀ ਚਰਨ ਕਮਲ

ਜੋ ਪ੍ਰੇਮੀ ਥੇ ਮਿਲਨੇ ਆਏ ॥ ਦਰਸ਼ਨ ਕਰੁ ਕਰੁ ਮਨੁ ਹਰਖਾਏ ॥
ਲੰਗਰ ਗੁਰ ਕਾ ਹੋਵੈ ਭਾਰੀ ॥ ਮਿਲੈ ਪ੍ਰਸਾਦੇ ਸੁ ਸੰਝਿ ਸਿਕਾਰੀ ॥1462॥
ਗੁਰ ਕੀ ਮਹਿਮਾ ਚੰਦ ਸਵਾਈ ॥ ਕੁਮਦਿ ਸਿਖਨਿ ਰਾਖੈ ਮਨ ਲਾਈ ॥
ਗੁਰ ਕੀਰਤ ਹੈ ਭ੍ਰਾਨ ਸਮਾਨੇ ॥ ਸਿਖ੍ਯ ਕੋਕ ਮਨ ਮੋ ਹਰਖਾਨੇ ॥1463॥

॥ ਦੋਹਰਾ ॥

ਪੁਰ ਅਨੰਦ ਊਨੇ ਬਿਖੇ ਬਦਲੈੜੀ ਕੁਲ ਗਾਇ ॥
ਕੌਤਕ ਕੀਨੇ ਸਤਿਗੁਰੂ ਜੋ ਸਿਖਨ ਸੁਖਦਾਇ ॥ 1464॥
ਦੂਸਰ ਧਿਯਾਇ ਸਮਾਪਤੀ ਕੀਨੋ ਗੁਰ ਪ੍ਰਸਾਦਿ ॥
ਕਵਿਤਾਏ ਕੋ ਗੁਣ ਨਹੀ[2] ਕੁਵੋ ਪ੍ਰਕੋ, ਤਨਿ ਬਾਦਿ ॥1465॥

॥ ਦੋਹਰਾ ॥

ਗੁਰ ਹਮਰੇ[3] ਗੁਰਦਿਤ ਚੰਦ ਤਿਨ ਕਾ ਪਾਇ ਪ੍ਰਸਾਇ ॥
ਧਯੋਯ ਭੈਨਾ ਅਬ ਦੂਸਰਾ ਗੁਰ ਪਗ ਫੂਲ ਚਢਾਇ ॥1466॥
ਕਠਿਨ ਕਾਲ ਕਲ ਮਲ ਸਮੋ ਹੋਤ ਨ ਆਨੋ ਉਪਾਇ ॥
ਗੁਰ ਗਾਥਾ ਸੁਖਦਾਇਨੀ ਸੰਤ ਸੁਨੋ ਹਰਖਾਇ ॥1467॥

ਇਤੀ ਸ੍ਰੀ ਗੁਰ ਬਿਲਾਸੁ ਸ੍ਰੀ ਗੁਰ ਸਾਹਿਬ ਸਿੰਘ ਆਨੰਦਪੁਰ ਇਸਥਿਤੰ ਨਾਮੁ ਦੁਤੀਯੋ ਅੰਸੂ ਨਾਮੁ ਸੁਮਾਪਤੰ ਮਸਤੁ ਸੁਭ ਮਸਤੁ ॥2॥ ੧॥

ਅ. ਪੋਥੀ ਸਭਗੁਰ 2. ਅ ਪੋਥੀ ਪਾਠਾਂਤਰ ? ਕਰਯੋ ਪੜੈ ਤਜ ਬਾਦ 3. ਅ ਪੋਥੀ ਕਵੀ ਗੁਰ 4. ਅ ਪੋਥੀ ਕੈ

## ਅਧਿਆਇ ਤੀਸਰਾ

॥ ੧ਓ ਸਤਿਗੁਰ ਪ੍ਰਸਾਦਿ[1] ॥

(ਮੰਗਲਾਚਰਣ)

॥ ਦੋਹਰਾ ॥

ਸ੍ਰੀਪਤ ਪਗ ਮਮ ਬੰਦਨਾ ਕਵਿਤਾ ਬਨੇ ਅਨੂਪ ॥
ਗੁਰ ਨਾਨਕ ਥੀ ਆਦਿ ਲੈ ਦਸ ਗੁਰੂ ਇਕ ਰੂਪ ॥1॥
ਸ੍ਰੀ ਗੁਰ ਸਾਹਿਬੁ ਸਿੰਘ ਜੀ ਸੱਭੇ ਕਰੇ ਸਹਾਇ ॥
ਕਥੌਂ ਧਿਆਇ ਅਬ ਤੀਸਰੋ ਦੀਜੈ ਬਲ ਹਰਖਾਇ ॥2॥
ਅਡਣ ਸਾਹੀ ਬਯੋਮ ਮਧ ਗੁਰ ਦਿਤਾ ਰਾਮ ਸਸਿ ਸੱਭ ॥
ਕੁਮਦਨਿ ਵਤ ਸੋਭਾ ਭਯੋ ਪਾਦ ਪਦਮ ਪਰ ਲੱਭ ॥3॥

॥ ਚੌਪਈ ॥

ਭਾਈ ਸੇਵਾ ਹਰਿ ਹਰਖਾਈ ॥ ਤੇਜੁ ਸਿੰਘ ਕੇ ਚਰਨ ਗਹਾਈ ॥
ਆਗਲ ਕਥਾ ਕਹੋ ਅਤਿ ਰੂਰੀ ॥ ਜਾਂਹਿ ਸੁਨਿ ਅਘੁ ਹੋਵੈਂ ਚੂਰੀ ॥4॥
ਤੁਮਰੇ ਮੁਖ ਸਰੋਜ ਕੀ ਬਾਨੀ ॥ ਮਨੁ ਮੇਰਾ ਆਲ ਰਹਾ ਲੁਭਾਨੀ ॥
ਕਹਿ ਭਾਈ ਅਬ ਸੁਨੋਂ ਪਿਆਰੇ ॥ ਗੁਰੂ ਗਾਥ ਹੈ ਅੰਮ੍ਰਿਤੁ ਧਾਰੇ ॥5॥
ਔਰ[2] ਗਾਥ ਸੁਨੋਂ ਮਨੁ ਲਾਈ ॥ ਮਾਈ ਬਿਚੁ ਕੁੰਜਾਹਿ ਰਹਾਈ ॥
ਹੂਆ ਤਿਸ ਕਾ ਸੁਤ ਬਹੁ ਰੋਗੀ ॥ ਦੇਖ ਦੁਖੀ ਮਨੁ ਪਈ ਬਿਓਗੀ ॥6॥
ਸੋ ਬਾਲਕ ਸੁਖਨਾ ਗੁਰ ਕੀਨੀ ॥ ਹੋਇ ਪ੍ਰਸੰਨ ਦੇਹ ਗੁਰ ਚੀਨੀ ॥
ਸਤਿਗੁਰ ਸਾਹਿਬ ਕਿਰਪਾ ਧਾਰੀ ॥ ਰੋਗ ਜਾਤ ਭਾ ਲਗੀ ਨ ਬਾਰੀ ॥7॥
ਪਰਿ ਆਨੰਦ ਲੇ ਸੁਤ ਕੋ ਗਈ ॥ ਮਨ ਮੈ ਬਾਤੰ ਐਸੀ ਠਈ ॥
ਸਭ ਸੋਢੀ ਨਿਜ ਗੁਰੂ ਕਹਾਵੈ ॥ ਬੈਠਿ ਸਿੰਘਾਸਨੁ ਚੌਰ[3] ਢੁਰਾਵੈ ॥8॥
ਭਿੰਨੁ ਭਿੰਨੁ ਭੇਟਾ ਸਭਨ ਚਢਾਵੋਂ ॥ ਜੋ ਸੁਤ ਮਾਗੋ ਤਿਸੁ ਅਰਪਾਵੋ ॥
ਸਭਨ ਸਦਨ ਜਾਂ ਭੇਟ ਚਢਾਈ ॥ ਦੇਵੋ ਪੂਤ ਨ ਕਿਸੈ ਅਲਾਈ ॥9॥

### (ਬਾਬਾ ਸਾਹਿਬ ਸਿੰਘ ਦੀ ਅੰਤਰ ਯਾਮਤਾ)

॥ ਦੋਹਰਾ ॥

ਸ੍ਰੀ ਗੁਰ ਸਾਹਿਬ ਸਿੰਘ ਪਹਿ ਆਈ ਪੁਨ ਬਿਨੁ ਦੇਰੁ ॥
ਭੇਟਾ ਰਾਖਨ ਜਬ ਲਗੀ ਵਰ ਬਾਨੀ ਗੁਰ ਟੇਰ ॥10॥

॥ ਚੌਪਈ ॥

ਇਹੁ ਬਾਲਕੁ ਜੋ ਤੇਰੇ ਨਾਲ ॥ ਹੈ ਹਮਰੋ ਅਰਪੋ ਤਤਕਾਲ ॥
ਸੁਨਿ ਮਾਈ ਮਨੁ ਨਿਸਚੇ ਆਵਾ ॥ ਅਰਪਾ ਬਾਲਕੁ ਰਿਦੁ ਹੁਲਸਾਵਾ ॥11॥

---

1. ਅ ਪੋਥੀ ਸ੍ਰੀ ਗਣੇਨਾਯਨਮ ॥ ਅਥ ਤ੍ਰਿਤੀ ਧਿਆਇ ਵਰਨੰਨ ॥ 2. ਅ ਪੋਥੀ ਔਰ ਸੁ 3. ੲ ਪੋਥੀ ਚਵਰ

ਪ੍ਰਥਮੇ ਪਾਹਲ[1] ਦੀਨ ਛਕਾਈ ॥ ਸਿੰਘ ਬਹਾਦਰ ਨਾਮੁ ਧਰਾਈ ॥
ਕੀਨ ਗਯਾ ਬਹੁ ਰਾਖਾ ਪਾਸ ॥ ਖਿਜਮਤੁਦਾਰੁ ਭਯੋ ਗੁਣਰਾਸ ॥12॥

॥ ਦੋਹਰਾ ॥

ਮਾਈ ਤਿਸ ਕੀ ਬਿਰਧਾ ਹੁਇ ਜ੍ਰਾਤ ਭਈ ਨਿਜ ਧਾਮ ॥
ਸਤਿਗੁਰ ਸਾਹਿਬੁ ਦਯਾ ਤੇ ਲਿਵ ਲਾਗੀ ਸਤਿਨਾਮ ॥13॥

**(ਅੰਮ੍ਰਿਤਸਰ ਤੋਂ ਸੰਗਤ ਨੇ ਦਰਸ਼ਨਾਂ ਲਈ ਆਉਣਾ)**

ਮਨਸਾ ਸਿੰਘ ਹਰਿ ਸ੍ਰਿੰਘ ਸੁਭ ਕਮਲ ਸਿੰਘ ਸਮਦਾਇ ॥
ਅੰਮ੍ਰਿਤਸਰ ਤੇ ਨੰਦਪੁਰਿ ਆਏ ਦਰਸਨ ਭਾਇ ॥14॥

॥ ਚੌਪਈ ॥

ਪੂਜੇ ਗੁਰ ਕੇ ਸਾਤੋ ਦੁਆਰੇ ॥ ਮਨ ਮੈ ਹਰਖੁ ਸੁ ਭਯੋ ਅਪਾਰੇ ॥
ਬਹੁਰੋ ਗੁਰ ਕੇ ਦਰਸਨ ਆਏ ॥ ਦਰਸਤ ਹੀ ਮਨ ਮੈ ਮਗਨਾਏ ॥15॥
ਧਰ ਅਕੋਰ ਝੁਕਿ ਮਾਥ ਨਿਵਾਵਾ ॥ ਕਹਿ ਗੁਰਦਰਸਨੁ ਬਲਿ ਬਲਿ ਜਾਵਾ ॥
ਨੀਰਜੇ ਨੈਨ ਕਹਾ ਤਿਨ ਪਾਸੀ ॥ ਕਿਸੈ ਸਥਾਨ ਹੈ ਤੁਮਰੀ ਵਾਸੀ ॥16॥
ਪਾਨ ਜੋਰੁ ਤਿਨੁ ਗਿਰਾ ਅਲਾਈ ॥ ਅੰਮ੍ਰਿਤਸਰ ਗ੍ਰਿਹ ਹੈ ਸੁਖਦਾਈ ॥
ਕਮਲ ਬਦਨ ਗੁਰ ਗਿਰਾ ਅਲਾਈ ॥ ਰਹੀਏ ਕੋ ਦਿਨ ਮਨੁ ਹਰਖਾਈ ॥17॥

॥ ਦੋਹਰਾ ॥

ਗੁਰੂ ਬੈਨ ਕੋ ਸ੍ਰਵਨੁ ਕਰ ਅਰਜ ਕਰਹੀ ਸਿਰੁ ਨਯਾਇ[2] ॥
ਗ੍ਰਿਹ ਕੇ ਕਾਰਜਿ ਹੈ ਘਨੇ ਜਾਣਾ ਹੈ ਉਤਲਾਇ ॥18॥

॥ ਚੌਪਈ ॥

ਹੋਯਾ ਹੁਕਮੁ ਤ੍ਰਿਰਾਤ੍ਰਾ ਰਹੋ ॥ ਸੁ ਸੰਗਤਿ ਫਲੁ ਬਹੁਤਾ ਲਹੋ ॥
ਤਾਂਤੇ ਠਹਰੋ ਗੁਰੂ ਪਿਆਰੇ ॥ ਕਾਰਜਿ ਤੁਮਰੇ ਗੁਰੂ ਸਵਾਰੇ ॥19॥
ਮਨਸਾ ਸਿੰਘ ਗੁਰ ਕਹਨਾ ਮਾਨਾ ॥ ਹਰਿ ਸਿੰਘ ਰਹਾ ਸੁ ਮਨ ਹਰਖਾਨਾ
ਖੁਸੀ ਲਈ ਗੁਰ ਪਾਗ ਬੰਧਾਈ ॥ ਗ੍ਰਿਹ ਕੋ ਚਾਲਾ ਮਨਿ ਬਿਗਸਾਈ ॥20॥
ਹੁਕਮੁ ਮੰਨੇ ਗੁਰ ਰਾਜੀ ਭਏ ॥ ਅੰਮ੍ਰਿਤਸਰੁ ਭੀ ਮੁਹਰੇ ਗਏ ॥
ਗੁਰ ਆਇਸ ਪਰ ਨਿਸਚਾ ਆਯਾ ॥ ਸੰਗਤਿ ਕੋ ਉਪਦੇਸਿ ਦ੍ਰਿੜਾਯਾ[3] ॥21॥

॥ ਦੋਹਰਾ ॥

ਮਨਸਾ ਸਿੰਘ ਕਿਤਨੇ ਦਿਨਾ ਪਾਛੈਗੋ ਸਿਦਾਂ ਨਾਰ ॥
ਹਰੀ ਸਿੰਘ ਪੂਛਨਿ ਕਿਯੋ ਕਹਾ ਰਹੇ ਸੁਖ ਸਾਰ ॥22॥

॥ ਚੌਪਈ ॥

ਕਹਿ ਮਨਸਾ ਸਿੰਘ ਸੁਨੋ ਪਿਆਰੇ ॥ ਗੁਰ ਬਚ ਮੋੜੇ ਭਏ ਦੁਖਾਰੇ ॥
ਰਸਤੇ ਮੇ ਜੂਰ[5] ਹੋਵਾ ਭਾਰੀ ॥ ਛਾਂਡੇ ਆਏ ਬਹੁ ਦਿਨ ਟਾਰੀ ॥23॥
ਬਹੁਰੋ ਸੁਖਨਾ ਗੁਰ ਕੀ ਕੀਨੀ ॥ ਤਬ ਜੂਰ ਹਮਰਾ ਹੋਵਾ ਖੀਨੀ ॥

1. ੲ ਪੋਥੀ ਅੰਮ੍ਰਿਤ 2. ਅ ਪੋਥੀ ਨੀਤਜ 3. ਅ ਪੋਥੀ ਨਾਇ 4. ਅ ਪੋਥੀ ਦਿਵਾਯਾ 5. ੲ ਪੋਥੀ ਤਾਤ

ਆਵਤ ਸਾਲ ਚਲੇ ਗੁਰ ਦਰਸਨੇ ॥ ਭੂਲ ਬਖਸਾਵੈ ਚਰਨਨ ਪਰਸਨੇ ॥24॥
ਹਰਿ ਸਿੰਘ ਸੁਤ ਕੋ ਨਿਕਸੀ ਮਾਤਾ ॥ ਬੀਚ ਧਸੀ ਪਰਵਾਰ ਰੁਵਾਤਾ ॥
ਸਭ ਜਾਨਾ ਬਾਰਕ ਮਰ ਜਾਈ ॥ ਬਿਨਾ ਭਾਤਿ ਸੋ ਹਮ ਦੁਖ ਪਾਈ ॥25॥
ਹਰਿ ਸਿੰਘ ਧਿਯਾਨ ਗੁਰੂ ਕਾ ਧਾਰੇ ॥ ਗੁਰ ਸਾਹਿਬ ਸਿੰਘ ਨਾਮ ਉਚਾਰੇ ॥
ਇਕ ਮਨ ਹ੍ਵੈ ਜਸ ਗੁਰੂ ਧਿਆਯਾ ॥ ਉਸੀ ਰਾਤ ਗੁਰ ਦਰਸਨ ਪਾਇਯਾ ॥26॥
ਹਰੀ ਸਿੰਘ ਗੁਰ ਚਰਨ ਮਹਾਨੇ ॥ ਬਾਰਕ ਰਾਖੁ ਮਯਾ ਨਿਧਾਨੇ ॥
ਕਹਯੋ ਹਜੂਰ ਚਿੰਤ ਤੁਮ ਤਿਯਾਗੋ ॥ ਵਾਹਿਗੁਰੂ[2] ਸਿਮਰੋ ਰਸੁ ਪਾਗੋ ॥27॥

॥ ਦੋਹਰਾ ॥

ਗੁਰਦਿਤ ਸਿੰਘ ਹਮ ਬਖ੍ਸਿਆ ਹੂਰਖੁ ਕਰੋ ਤੁਮ ਨੀਤ ॥
ਐਸੇ ਕਹਿ ਗੁਰ ਲੋਪ ਭੇ ਹਰਿ ਸਿੰਘ ਹਰਖਾ ਚੀਤੁ ॥28॥

॥ ਚੌਪਈ ॥

ਸਭ ਪ੍ਰਵਾਰੁ ਪ੍ਰਤਿ ਕਹਾ ਸੁਨਾਈ ॥ ਚਿੰਤ ਤਯਾਗੋ ਹਰਖੋ ਭਾਈ ॥
ਸਤਿਗੁਰ ਸਾਹਿਬ ਕਰੀ ਸਹਾਇ ॥ ਸੁਤ ਬਖਸਾ ਗ੍ਰਹਿ ਨਿਸਾ ਸੈ ਆਇ ॥29॥
ਭੋਰੁ ਭਏ ਮਾਤਾ ਭਰ ਗਈ ॥ ਬਾਲਕ ਕੁਸਲ ਖ੍ਰਿਮਦਤਾ ਭਈ ॥
ਸਭ ਪ੍ਰਵਾਰੁ ਕੋ ਨਿਸਚਾ ਆਵਾ ॥ ਸਤਿਗੁਰ ਸਾਹਿਬ ਜਸੁ ਮਿਲਿ ਗਾਵਾ ॥30॥
ਦੇਵੀ ਪੂਜੀ ਮਨ ਹਰਖਾਈ ॥ ਸ੍ਰੀ ਗੁਰ ਕੀਰਤਿ ਕਰੈ ਸਵਾਈ ॥
ਲੇ ਪ੍ਰਵਾਰ ਗੁਰੂ ਦਰਸਨੁ ਆਯੋ ॥ ਰਖ ਭੇਟਾ ਸੁਤ ਮਾਥ ਟਿਕਾਯੋ ॥31॥
ਨੀਰਜ[3] ਨੈਨ ਪੁਛਾ ਸੁਖ ਤੁਮਕੋ ॥ ਤੁਮਰੀ ਕ੍ਰਿਪਾ ਹੈ ਸੁਖ ਹਮ ਕੋ ॥
ਹਾਥ ਜੋਰ ਗੁਰ ਕੀ ਨੁਤ ਗਾਈ ॥ ਹਮ ਪਰ ਗੁਰ ਜੀ ਭਏ ਸਹਾਈ ॥32॥

॥ ਦੋਹਰਾ ॥

ਬਹੁਰੇ ਗੁਰ ਤੇ ਖੁਸੀ ਲੈ ਗੇ ਅਪਨੇ ਸਦਨਾਰੁ ॥
ਸ੍ਰੀ ਗੁਰ ਕੋ ਜਸ ਬਰਨਤੇ ਬਾਰ ਬਾਰ ਬਲਿਹਾਰੁ ॥33॥

(ਸ਼ਿਕਾਰ ਖੇਡਣਾ)

॥ ਚੌਪਈ ॥

ਏਕ ਦਿਵਸੁ ਗੁਰ ਕੇ ਮਨੁ ਆਈ ॥ ਚਲੇ ਸਿਕਾਰਿ ਬਿਲਮ ਬਿਹਾਈ ॥
ਬਾਜੀ ਸੁਰਗ ਕੂਕਰ ਨਾਲੁ ॥ ਖਿਲੇ ਅਖੇਟ ਦੀਨ ਦਯਾਲੁ ॥34॥
ਯੁਗ ਸੂਕਰ ਜੋ ਗੁਰ ਜੀ ਘਾਏ ॥ ਤਜਿ ਦੇਹ ਬੈਕੁੰਠਿ ਸਿਧਾਏ ॥
ਜਿਨਿ ਜਿਨਿ ਗਾਓ ਗੁਏ ਗੁਰ ਪੂਰੇ ॥ ਜਿਨ ਦਰਸੇ ਮਿਟਿ ਜਾਹਿ ਵਿਸੂਰੇ ॥35॥

---

1. ਅ ਪੋਥੀ ਪਾਵਾ
2. ਏ ਪੋਥੀ ਸਤਿਨਾਮ
3. ਏ ਪੋਥੀ ਕਮਲ

ਊਚੇ ਸੁਰ ਨਾਰੀ ਰੁਦਨਾਵੈ ॥ ਖੈਂਹ ਸਰੋ ਰਹੁ ਮਨੁ ਪ੍ਰਛਤਾਵੈ ।
ਸ੍ਰੀ ਗੁਰੂ ਸਾਹਿਬ ਪੂਛਨਿ ਕੀਨਾ ॥ ਕਯੋਂ ਰੋਵੈ ਹੁਇ ਅਤਸੈ ਦੀਨਾ ॥36॥

(ਕ੍ਰਮ ਸਿੰਘ ਨੂੰ ਅਰੋਗ ਕਰਨਾ)

॥ ਦੋਹਰਾ ॥

ਸੀਸ ਨਯਾਇ ਇਕ ਨੇ ਕਹਿਓ ਕਰਮ ਸਿੰਘ ਚੰਮ੍ਹਿਆਰ ॥
ਅਤੀਸਾਰ ਕਰ ਮਰਤੁ ਹੈ ਕੀਨੈ ਬਹੁ ਉਪਚਾਰੁ ॥37॥

॥ ਚੌਪਈ ॥

ਮਯਾ ਧਾਰ ਪ੍ਰਭ ਹੈ ਕੌ ਤੋਰਾ ॥ ਗਏ ਸੁਦਨ ਢਿਲ ਕਰੀ ਨ ਭੋਰਾ ॥
ਜੀਆਂ ਅਹੀ ਤਿਸ ਕੀ ਦਾਰਾ ॥ ਗੁਰ ਆਗੇ ਤਿਸੁ ਕਰੇ ਜੁਹਾਰਾ ॥38॥
ਨੈਨਹੁ ਨੀਰੁ ਢੁਰੈ ਬਹੁ ਰੋਵੈ ॥ ਅਰਜੁ ਕਰੈ ਗੁਰ ਕੀ ਵਲੁ ਜੋਵੈ ॥
ਪ੍ਰਭ ਜੀ ਮਮ ਸੁਹਾਗ ਰਖਾਵੈਂ ॥ ਮਯਾ ਕਰੋ ਸਿਖ ਪ੍ਰਾਨ ਬਚਾਵੈਂ ॥39॥
ਜੀਵਨ ਮਰਨਾ ਤੁਮਰੇ ਹਾਥਾ ॥ ਮੋ ਕੌ ਕੀਜੈ ਗੁਰੂ ਸਨਾਥਾ ॥
ਜੁਗ ਜੁਗ ਮੈ ਤੁਮ ਧਰੁ ਅਵਤਾਰੂ ॥ ਭਗਤ ਸਹਾਇਕ ਕਰੋ ਨਹਿ ਬਾਰੂ ॥40॥
ਦਿਆ ਦਿਲਾਸਾ ਗੁਰ ਜੀ ਤਬ ਹੀ ॥ ਮਰਨ ਦੇਤ ਨਹਿ ਤਵ ਪਤਿ ਅਬ ਹੀ ॥
ਇਸ ਨੇ ਟਹਲ ਹਮਾਰੀ ਕਰਨੀ ॥ ਆਇਸ ਹਮਰੀ ਸਿਰ ਪਰ ਧਰਨੀ ॥41॥
ਜੋੜਾ ਹਮਰਾ ਇਸੇ ਛੁਆਵੋ ॥ ਆਇਸ ਹਮਰੀ ਢੇਰੁ ਨਾ ਲਾਵੋ ॥
ਜੀਆਂ ਜਬੈ ਛੁਵਾਵਨ ਕੀਨੀ ॥ ਤਤੁਛਿਨ ਹੀ ਦੁਖ ਹੋਵਾ ਖੀਨਾ ॥42॥
ਹਾਥੁ ਜੋਰੁ ਉਨ ਸੀਸ ਨਿਵਾਯਾ ॥ ਤਬ ਸਾਹਿਬ ਤਿਸੁ ਕੌ ਫਰਮਾਯਾ ॥
ਕਰਮ ਸਿੰਘ ਤੈ ਕਯੋ ਦੁਖੇ ਪਾਯੋ ॥ ਤਬ ਤਿਸ ਨੇ ਸਭ ਬਯੋਂਤ ਸਨਾਯੋ ॥43॥

॥ ਦੋਹਰਾ ॥

ਸਿਧਨ ਕੀ ਇਹੁ ਠੌਰੁ ਹੈ ਪੂਜਤ ਹੈ ਬਹੁ ਲੋਗੁ ॥
ਜੋ ਇਸ ਥਾਨ ਨਾ ਪੂਜਤੇ[1] ਤਿਸ ਗ੍ਰਿਹਿ ਪਾਵੈ ਸੋਗੁ ॥44॥
ਹਮ[2] ਸਿਖ ਤਿਸੁ ਮਾਨਤ ਨਹੀ ਦੁਖ ਦੀਨੋ ਖੁਨਸਾਇ ॥
ਜੋ ਨਰ ਇਨੈ ਨ ਮਾਨਤੇ ਅਤੀਸਾਰ ਮਰ ਜਾਇ ॥45॥

॥ ਚੌਪਈ ॥

ਗਿਰਦ ਨਿਵਾਈ ਜੇਤੇ ਲੋਗਾ ॥ ਦੇਵੈ ਬਕਰੂ ਮੈ ਅਰੋਗਾ ॥
ਤਾਂ ਕੋ ਬਾਂਟ ਸਭੀ ਲੈ ਖਾਵੈ ॥ ਹਮ ਨਹੀ ਇਨ ਕੇ ਨੇਰੇ[3] ਜਾਵੈਂ ॥46॥
ਹਮ ਗੁਰ ਸਿਖੁ ਹੈ ਤੁਮਰੀ ਆਸਾ ॥ ਔਰ ਕਿਸੋ ਨਹਿ ਜਾਵੈ ਪਾਸਾ ॥
ਸੁਨ ਗੁਰ ਤਿਸੁ ਕਾ ਨਿਸਚਾ ਪੂਰਾ ॥ ਹਰਖ ਧਰਾ ਸ੍ਰੀ ਗੁਰ ਮਨ ਰੂਰਾ ॥47॥
ਬਿਨੁ ਫਰਸੈਰ ਧਰ ਦੀਨ ਚਲਾਈ ॥ ਧੂਜਾ ਗਿਰਾਈ ਦੇਰੁ ਨ ਲਾਈ ॥

1. ਅ ਪੋਥੀ ਪਾਠਾਂਤਰ : ਇਨੈ ਨ ਚੇਲੇ,
2. ੲ ਪੋਥੀ ਮਮ
3. ਤ ਪੋਥੀ ਨਿਕਟੇ

ਚੰਦ ਬਦਨ ਸੁਨਾ[1] ਬੈਨ ਬਖਾਨਾ ॥ ਵਾਹਿਗੁਰੂ ਜਾਪੋ ਹਰਖਾਨਾ ॥48॥
ਕਰੋ ਕੀਰਤਨ ਹਮੈ ਸੁਨਾਵੋ ॥ ਗੁਰਬਾਨੀ ਬਿਨੁ ਔਰ ਨਾ ਗਾਵੋ ॥
ਸੁਨ ਗੁਰ ਆਯਸ ਸਾਜ ਬਜਾਈ ॥ ਕੀਆ ਕੀਰਤਨ ਮਨੁ ਹਰਖਾਈ ॥49॥

॥ ਦੋਹਰਾ ॥

ਤਿਸ ਤੇ ਸੁਨ ਕਰੁ ਕੀਰਤਨ ਕਰਾ ਸ੍ਰੀ ਗੁਰ ਭਏ ਦਯਾਲ ॥
ਕੀਨ ਦਯਾ ਸਿਖ ਜਾਨ ਕੇ ਜਨਮ ਮਰਨ ਦੀਯਾ ਟਾਲ ॥50॥
ਕਰਮ ਸਿੰਘ ਰਾਜੀ ਭਯਾ ਸਾਹਿਬੁ ਲਯਾਏ ਨਾਲ ॥
ਪੁਰ ਅਨੰਦ ਗੁਰ ਆਤ ਭੇ ਉਤਰੇ ਸਦਨ ਦਿਯਾਲ ॥51॥

॥ ਚੌਪਈ ॥

ਕਰਮ ਸਿੰਘ ਨਿਤ ਵਾਰ ਸੁਨਾਵੈ ॥ ਵਾਇ ਰਬਾਬ ਉਚ ਸੁਰ ਗਾਵੈ ॥
ਗੁਰ ਕਿਰਪਾ ਤੇ ਜਨਮ ਸਵਾਰਾ ॥ ਵਾਹਿਗੁਰੂ ਸਿਮਰੇ ਭੁਨਸਾਰਾ ॥52॥
ਏਕ ਸਮੇ ਜੀਆ ਮਰ ਗਈ ॥ ਸਭ ਕੁਟੰਬ ਮਿਲੁ ਬਹੁ ਰੁਦਨਈ ॥
ਅੰਤਰਜਾਮੀ ਸਤਿਗੁਰੂ ਜਾਨਾ ॥ ਕਰਮ ਸਿੰਘ ਪ੍ਰਤਿ ਬਚਨ ਬਖਾਨਾ ॥53॥
ਕਰਮ ਸਿੰਘ ਅਬ ਚਲੈ ਸਿਕਾਰ ॥ ਤੂੰ ਭੀ ਚਲੋ ਹਮਾਰੇ ਨਾਰ ॥
ਚਢ ਕਿਕਾਨ ਅਟਵੀ ਗੁਰ ਗਏ ॥ ਖਿਲਤੁ ਅਖੇੜ ਸਿਣਸਿਣੀ ਅਏ ॥54॥
ਨਰ ਨਾਰੀ ਆਗੇ ਰੁਦਨਾਵੈ ॥ ਖੋਇ ਰਰੋਰ ਪੀਟ ਦਿਖਾਵੈ ।[2]
ਗੁਰ ਜੀ ਤਿਨ ਤੇ ਪੂਛਨ ਕੀਨਾ ॥ ਤੁਮ ਕਯੋ ਰੋਵਤ ਹੁਇ ਕਰ ਦੀਨਾ ॥55॥
ਨਰੁ ਨਾਰੀ ਕਰੁ ਜੋਰੁ ਬਖਾਨਾ ॥ ਸੁਨੀਏ ਬੇਦੀ ਕੁਲ ਕੇ ਭਾਨਾ ॥
ਰਾਤ ਬਿਖੇ ਜੀਆ ਮ੍ਰਿਤੁ ਭਈ ॥ ਸਸਕਾਰਨ ਕੀ ਤਯਾਰੀ ਠਈ ॥56॥
ਕਰਮ ਸਿੰਘ ਨਾਰੀ ਬਿਨੁ ਭਯੋ ॥ ਨਾਰਿ ਮਰੀ ਜਰਾ ਕੋ ਸੁਖ ਦਾਯੋ ॥
ਆਪ ਮਯਾ ਕਰ ਦੇਹ ਜਿਵਾਈ ॥ ਜਾਂਤੇ ਜਰਾ ਸਨਬੰਧ ਰਹਾਈ ॥57॥

॥ ਦੋਹਰਾ ॥

ਕਰਮ ਸਿੰਘ ਸਾਮੀਪ ਥਾ ਪੂਛਾ ਗੁਰੂ ਦਿਆਲ ॥
ਕਯੋ ਜੁਵਤੀ ਮਨ ਲੋੜਤਾ ਦੀਜੈ ਤੁਮੇ ਜਿਵਾਲ ॥58॥
ਕਰਮ ਸਿੰਘ ਕਰੁ ਜੋਰੁ ਕਰੁ ਬਿਨੈ ਭਨੀ ਸਿਰੁ ਨਯਾਇ[3] ॥
ਨਾਰੀ ਤੇ ਭਗਤੀ ਦਿਜੈ ਜਨਮ ਮਰਨ ਦੁਖ ਜਾਇ ॥59॥
ਸੁਨ ਕਰੁ ਗੁਰੂ ਪ੍ਰਸੰਨ ਭੇ ਭਗਤਿ ਬਾਂਮ ਜੁਗਿ ਲੇਹਿ ॥
ਸਬਦ ਸੁਨਾਵਤ ਹੈ ਹਮੈ ਯਾਤੇ ਬਾਸੈ ਗ੍ਰੇਹਿ ॥60॥

1. ਅ ਪੋਥੀ ਸੁਠ
2. ਅ ਪੋਥੀ ਖੋਇਸ ਰੋ ਰੁਹ
3. ਅ ਪੋਥੀ ਨਾਇ

ਤਬ ਹਜੂਰ ਫੁਰਮਾਇਆ ਚਰਨ ਧੂਰਿ ਤਿਸੁ ਲਾਇ ॥
ਰੰਚਕ ਦੀਜੈ ਘੋਲਿ ਕੈ ਦੀਜੈ ਅਬੈ ਜਿਵਾਇ ॥61॥

॥ ਹਾਲਕ ਛੰਦ ॥

ਸੁਨ ਕਰਮ ਸਿੰਘ ਮਨ ਹਰਖਾ ॥ ਲੈ ਧੂੜੀ ਹੋਵਾ ਸਰਖਾ ॥
ਜਬ ਧੂੜੀ ਤਿਨ ਤਨੁ ਧਾਰੀ ॥ ਤਬ ਜੀਆ ਜੀਵੀ ਨਾਰੀ ॥62॥
ਨਰੁ ਨਾਰੀ ਗੁਰ ਜੱਸੁ[3] ਗਾਵੈ ॥ ਦਿਖ ਮੂਰਤਿ ਸਿਖ ਬਲਿ ਜਾਵੈ ॥
ਤਬ ਜੀਆ ਚਰਨੀ ਲਾਗੀ ॥ ਗੁਰ ਕੀਰਤ ਕਰੈ ਸਭਾਗੀ ॥63॥
ਜਯ ਬੇਦੀ ਕੁਲ ਕੇ ਰਾਈ ॥ ਰਿਖ ਨਾਰਿ ਤਰੀ ਰਜ ਪਾਈ ॥
ਸੁਕੇਤ ਸੁਤਾ ਤੈ ਮਾਰੀ ॥ ਸੁਬਾਹਿ ਮਰੀਚ ਹੈਨ ਡਾਰੀ ॥64॥
ਧਨੁ ਤੋਰਾ ਬਿਨੁ ਬਿਲਮਾਈ ॥ ਸੀਯ ਲਯਾਇ ਗ੍ਰਹ ਹਰਖਾਈ ॥
ਫਿਰ ਬਨੈ ਗਏ ਬਿਨੁ ਦੇਰੀ ॥ ਨਿਜ ਸਬਰੀ ਕੀਨੀ ਚੇਰੀ ॥65॥
ਲੈ ਬਦ੍ਰੀ ਫਲ ਤੁਮ ਖਾਏ ॥ ਤਿਸ ਜਾਗੇ ਭਾਗ ਸੁਵਾਏ ॥
ਤਬ ਤਿਸ ਕੋ ਭਗਤੀ ਦੀਨੀ ॥ ਸੋ ਹੋਈ ਜਗ ਪ੍ਰਗਟੀਨੀ ॥66॥
ਅਬ ਸੋ ਪ੍ਰਭੁ ਕਰੁਨਾ ਕੀਜੈ ॥ ਸੁਖਦਾਈ ਭਗਤੀ ਦੀਜੈ ॥
ਮੈ ਅਤਸੈ ਕੁਟਲਾ ਨਾਰੀ ॥ ਕਿਛੁ ਅਵਗੁਨ ਵਾਰ ਨ ਪਾਰੀ ॥67॥

॥ ਦੋਹਰਾ ॥

ਸੁਨ ਕਰ ਮਾਈ ਬੈਨ ਕੋ ਕੰਜ ਨੈਨ ਹੁਰਖਾਇ ॥
ਵਾਹਿਗੁਰੂ ਸਿਮਰਨ ਕਰੋ ਅੰਤਿ ਕਾਲ ਗਤਿ ਪਾਇ ॥68॥
ਕਰਮ ਸਿੰਘ ਪ੍ਰਤਿ ਗੁਰ ਕਹਾ ਲੈ ਬਾਲਾ ਨਿਜ ਨਾਲ ॥
ਗੁਰ ਦੁਆਰੇ ਲੇਪਨ ਕਰੋ ਸੁਹਣੀ ਦੀਪਕ ਬਾਲ ॥69॥
ਅਪਨੋ ਬਿਰਦ ਪਛਾਨ ਕੈ ਜਿਯਤ ਕਰੇ ਨਰ ਨਾਰਿ ॥
ਅਸਨ ਬਸਨੁ ਜਗ ਦੇਤ ਹੈ ਮੁਕਤ ਕਰੇ ਅੰਤ ਬਾਰ ॥70॥
ਊਚ ਨੀਚ ਨ ਬਿਲਾਰ ਹੈ ਸਰਨ ਪਰੇ ਕੀ ਲਾਜ ॥
ਬਿਰਦ ਬਾਣ ਨ ਬਿਸਾਰਹੀ ਬਡੇ ਗਰੀਬ ਨਿਵਾਜ ॥71॥
ਜੀਆ ਗਾਥਾ ਆਗੇ ਕਹੋ ਜੋ ਊਨੇ ਕਛੁ ਹੋਇ ॥
ਜੁਆਲਾ ਦਰਸਨ ਕਰੇਗੀ ਹਰਖ ਰਿਦੇ ਮਹਿ ਸੋਇ ॥72॥

### (ਬਾਬਾ ਸਾਹਿਬ ਸਿੰਘ ਨੇ ਸਿੱਖ ਦੀ ਰਖਿਆ ਕਰਨੀ)

॥ ਚੌਪਈ ॥

ਅਸ ਅਖੇਟ ਕਰਾ ਗੁਰ ਪੂਰੇ ॥ ਪੁਰ ਆਨੰਦ ਗਏ ਦੁਖ ਚੂਰੇ ॥
ਅਗਰ ਪ੍ਰਸੰਗ ਕਹੋ ਸੁਖਕਾਰੀ ॥ [4]ਸਿਖ ਕੀ[4] ਕੀਨੀ ਗੁਰ ਰਖਵਾਰੀ ॥73॥

---

1. ਅ ਪੋਥੀ ਲਾਦੀ 2. ਅ. ਮਾਦੀ
3. ਮੂਲ ਪੋਥੀ ਭਗਤ 4. 'ਏ' ਪੋਥੀ ਸੇਵਕ

ਭਾਗ ਸਿੰਘ ਹੈ ਬਡ ਸਿਰਦਾਰਾ ॥ ਬਲੋ ਕਪੂਰ ਜਿਸੈ ਸਦਨਾਰਾ ॥
ਮੰਗਲ ਸਿੰਘ ਤਿਸੁ ਗ੍ਰਹ ਸੈਨਾਨੀ ॥ ਬਡੋ ਸੂਰਮਾ ਰਹਿ ਸਿਵਧਾਨੀ ॥74॥
ਭਾਗ ਸਿੰਘ ਪ੍ਰਤਿ ਚੁਗਲ ਸੁਨਾਵਾ ॥ ਮੰਗਲ ਸਿੰਘ ਘਰੋ ਤੁਮ ਆਵਾ ॥
ਭਾਗ ਸਿੰਘ ਨਹਿ ਕੀਨ ਬਿਚਾਰ ॥ ਚਿਤ ਚਾਹਾ ਇਨ ਦੇਵੋ ਮਾਰ ॥75॥

ਦੋਹਰਾ ॥

ਭਾਗ ਸਿੰਘ ਰਿਦੇ ਫੋਟ ਗਯੋ ਦੀਨੋ ਚੁਗਲ ਭ੍ਰਮਾਇ ॥
ਬਾਧ ਲਯੋ ਇਨ ਕੋ ਅਬੈ ਕਰੀ ਨਿਦੇਸ ਪਠਾਇ ॥76॥
ਜਬ ਪਕਰਨ ਕੋ ਤਯਾਰ ਭੇ ਮੰਗਲ ਹਰਿ ਬਲ ਛੀਨ ॥
ਹੈ ਉਪਰ ਅਸਵਾਰ ਭ੍ਰਾ ਹਾਕਵ ਦੇਰ ਬਹੀਨ ॥77॥
ਸਾਹਿਬ ਕੋ ਜੋਸੁ ਸੁਨਯੋ ਬਾਖੂਬ ਤਿਨ ਨਿਸ ਕਾਲ ॥
ਤਬ ਸਿਮਰਨ ਕੀਨਾ ਰਿਦੇ ਰੱਖੋ ਪ੍ਰਾਨ ਸਿਸ ਜਾਨ ॥78॥

ਚੌਪਈ ॥

ਜੁਗ ਸੈ ਸੈਨਾ ਪਾਛੈ ਧਾਈ ॥ ਚਾਹੈ ਪਕਰਨ ਦੇਰਿ ਬਿਹਾਈ ॥
ਸਾਹਿਬ ਸਾਹਿਬ ਨਾਮੁ ਪੁਕਾਰਾ ॥ ਅਸੁ ਚੇਲਾਕੀ ਚਲਾ ਅਪਾਰਾ ॥
ਹੇ ਸਤਿਗੁਰ ਜੀ ਹੋਇ ਸਹਾਈ ॥ ਬਿਪਤੁ ਪਰੀ ਅਬ ਮੋ ਪ੍ਰਭਿ ਆਈ ॥
ਜਿਮ ਸੁਗ੍ਰੀਵਹਿ ਕਰੀ ਸਹਾਇ ॥ ਦਹਸਿਰ ਅਨੁਜ ਲੀਯੋ ਗਰ ਲਾਇ ॥80॥
ਜਿਨ ਜਿਨ ਤੁਮਰੀ ਸਰਨਿ ਤਕਾਈ ॥ ਰਾਖੀ ਪੈਜ ਨ ਲਾਜ ਲਗਾਈ ॥
ਜੋ ਅਬ ਇਨ ਤੇ ਸਾਬਤ ਜਾਵਾ ॥ ਯਹਿ ਤੁਰੰਗ ਗੁਰ ਭੇਟ ਚਢਾਵਾ ॥81॥
ਜਿਨ ਜਿਨ ਤੁਮਰੀ ਸਰਨਿ ਤਕਾਈ ॥ ਰਾਖੀ ਪੈਜ ਨ ਲਾਜ ਲਗਾਈ ॥
ਜੋ ਅਬ ਇਨ ਤੇ ਸਾਬਤ ਜਾਵਾ ॥ ਯਹਿ ਤੁਰੰਗ ਗੁਰ ਭੇਟ ਚਢਾਵਾ ॥82॥
ਐਸੇ ਕਹਿਤ ਬਹੁਤ ਦੁਖ ਦਾਈ ॥ ਭਟਨੀ ਤਨੀ ਬਾਂਧੇ ਗਾਢ ਸਾਈ ॥
ਅੰਤਰੁ ਬਰੀ ਨਿਵਾਰ ਦਿਵਾਏ ॥ ਗੁਰ ਕੇ ਧਾਮ ਕਹਿ ਛਿਦਾ ਗਰਖਾਏ ॥83॥

ਦੋਹਰਾ ॥

ਜੁਗ ਸੈ ਸੈਨਾ ਭਯੋ ਰਹੀ ਗਹਾ ਨਾ ਕਿਤ ਕਿਨ ਬਲ ਲਾਇ ॥
ਦੁਰਗ[3] ਵਿਖੇ ਆਕੀ ਭਯੋ ਕੀਲਾ ਐਸ ਸਹਾਇ ॥84॥

ਚੌਪਈ ॥

ਭਾਗ ਸਿੰਘ ਨੇ ਹੁਕਮੁ ਪਠਾਵਾ ॥ ਗਿਰਦ ਕੋ ਦੇਰੁ ਬਿਹਾਵਾ ॥
ਗਿਰਦੁ ਨਿਵਾਈ ਮੁਰਚੇ ਲਾਏ ॥ ਤੋਪ ਜੰਬੂਰੇ ਬਹੁਤ ਚਲਾਏ ॥85॥
ਚਾਰ ਬੁਰਜ ਜਬ ਢਹੇ ਉਡਾਏ ॥ ਕਮਰ ਕੋਟ ਕੀ ਓਟ ਕਰਾਏ ॥
ਤਬ ਢੀਲ ਹੁਕਮ ਬਿਨ ਤਕ ਗਏ ॥ ਸ੍ਰੀ ਗੁਰ ਰਾਖੇ ਪ੍ਰਾਨ ਬਚਾਈ ॥86॥
ਮਾਤਾ ਉਦਰ ਪਰੀਖਤ ਰਾਖਾ ॥ ਅਗਨੀ ਭੈ ਪ੍ਰਹਲਾਦਿ ਨ ਚਾਖਾ ॥
ਹਾਥ ਕਮਲੁ ਦੇ ਮੋਹਿ ਦਚਾਵੈ ॥ ਸੇਵਕ ਜਾਨੋ ਨੇਹਿ ਬਿਲਮਾਵੈ ॥87॥

1. ਮੂਲ ਪੋਥੀ ਸਿਰ 2. ਅ ਪੋਥੀ ਗਲ 3. 'ਏ' ਪੋਥੀ ਕੋਟ

॥ ਦੋਹਰਾ ॥

ਅਬ ਤੇਰਾ ਹੀ ਆਸਰਾ ਔਰੁ ਓਟਿ ਨਹਿ[1] ਕੋਇ ॥
ਰਾਖ ਲਾਜ ਨਿੰਜ ਬਿਰਦ-ਕੀ ਆਨ ਸਹਾਈ ਹੋਇ ॥88॥

॥ ਚੌਪਈ ॥

ਦੀਨ ਹੋਇ ਕਰਿ ਬਹੁਤ ਧਿਆਵਾ ॥ ਸਤਿਗੁਰ ਸਾਹਿਬ ਸਿੰਘ ਪਿਆਵਾ ॥
ਸ੍ਰੀ ਗੁਰ ਜੀ ਤਬ ਕਰੀ ਸਹਾਇ ॥ ਸਿਖ ਕੌ ਲੀਨੋ ਆਪ ਬਚਾਇ ॥89॥
ਰਾਮੁ ਸੁ ਗੜੀਅਨੁ ਮਨੁ ਗੁਰ ਪ੍ਰੇਰਾ ॥ ਸੋ ਚੜਿ ਆਏ ਕਰੀ ਨ ਬੇਰਾ ॥
ਮੁਰਚੇ ਦੀਨੇ ਸਰਬ ਉਠਾਈ ॥ ਮੰਗਲ ਹਰਿ ਕੋ ਸਾਥ ਰਲਾਈ ॥90॥
ਮੰਗਲ ਸਿੰਘ ਮਨ ਸੌ ਗੁਰਖਾਵਾ ॥ ਬਾਰ ਬਾਰ ਗੁਰ ਕੋ ਯਸ ਗਾਵਾ ॥
ਪੁਰ ਅਨੰਦ ਆਵਾ ਹਿਤੁ ਲਾਈ ॥ ਤੁਰੰਗ ਦੁਸਾਲਾ ਭੇਟ ਚੜਾਈ ॥91॥

॥ ਦੋਹਰਾ ॥

ਪਾਨ ਜੋਰੁ ਅਰਜੀ ਕਰੀ ਗੁਰੁ ਜੀ ਲੀਨ ਬਚਾਇ ॥
ਐਸੇ ਹੀ ਪਰਲੋਕਿ ਮੋ ਕੀਜੈ ਅੰਤੁ ਸਹਾਇ ॥91॥
ਸਿਖ ਕੀ ਬਾਨੀ ਅਕਨ ਕਰ ਬੋਲੇ ਗਿਰਾਂ ਰਸਾਲ ॥
ਵਾਹਿਗੁਰੂ ਸਿਮਰਨ ਕਰੋ ਪਰੋ ਨ ਜਮ ਕੈ ਜਾਲ ॥92॥
ਪਾਗ ਬੰਧਾਈ ਸਤਿਗੁਰੂ ਪਾਦ ਪਦਮ ਸਿਰ ਨਿਯਾਇ ॥
ਜਾਤ ਭਯੋ ਨਿਜ ਸਦਨ ਮੋ ਮਨ ਬਾਂਛਤ ਫਲੁ ਪਾਇ ॥93॥
ਵਾਸੀ ਸੇਲ ਵਰਾਹ ਦੀ ਹਰਿ ਅਮਰੀਕ ਸੁ ਨਾਮ ॥
ਤਾਤ ਨ ਹੋਵਤ ਸਦਨ ਮੈ ਪਛਤਾਵੈ ਅਠ ਜਾਮ ॥94॥

॥ ਚੌਪਈ ॥

ਰਾਜੂ ਸਿੰਘ ਸਖਾ ਤਿਸ ਕੇਰਾ ॥ ਕਹਤੁ ਭਯੋ ਸੁਨਹੋ ਮਿਤ[2] ਮੇਰਾ ॥
ਗੁਰ ਸਾਹਿਬ ਸਿੰਘ ਚਰਨ ਮਨਾਇ ॥ ਸਾਂਤੇ ਸੁਤ ਪਾਵੈ ਸੁਖਦਾਇ ॥95॥
ਸੁਖਨਾ ਤੁਮ ਹਜੂਰ ਦੀ ਕਰਹੁ ॥ ਚੌਕੀ ਬਰਸ ਹਜੂਰੀ ਭਰਹੁ ॥
ਦੋ ਕਰਿ ਜੋਰੁ ਸੁ ਬਿਨਤੀ ਗਾਈ ॥ ਸੁਤ ਦੀਜੈ ਗੁਰ ਜੀ ਸੁਖਦਾਈ ॥96॥

॥ ਦੋਹਰਾ ॥

ਤੁਰਰਾ ਪੁਸਾਕੀ ਮੁਹਰ ਦਸ ਲਯਾਵੋ ਗੁਰ ਦਰਬਾਰੁ ॥
ਏਕ ਬਰਸ ਸੇਵਾ ਕਰੋ ਪਨਹੀ ਕਰ ਮੋ ਧਾਰ ॥97॥

॥ ਚੌਪਈ ॥

ਹ੍ਵੈ[4] ਅਧੀਨ ਜਬ ਬਿਨਤੀ ਗਾਈ ॥ ਭਾ ਅਰਧਾਨੁ ਜੁਵਤਿ ਹਰਖਾਈ ॥
ਸੁੰਦਰ ਕੁੰਵਰ ਸਦੋ ਪ੍ਰਭ ਦੀਆ ॥ ਦੰਪਤਿ ਕੋ ਅਨੰਦ ਚਿਤੁ ਥੀਆ ॥98॥

1. ਅ ਪੋਥੀ ਨ 2. ਅ ਪੋਥੀ ਮਿਤ੍ਰ
3. ਅ ਪੋਥੀ ਪਾਠਾਂਤਰ: ਹਾਜਰੀ ਤਰਹੁ 4. 'ੲ' ਪੋਥੀ ਹੋਇ

ਆਂਗਨ ਮੋ ਬਹੁ ਬਜੀ ਬਧਾਈ ॥ ਗੁਰ ਯਸ ਗਾਵੈ ਬਹੁ ਹਰਖਾਈ ॥
ਏਕ ਪ੍ਰਸਾਦਿ ਬਨਾਵਨ ਠਾਨੀ ॥ ਹੈ ਮੰਗਵਾਯੋ ਜਵੀ ਅਹਾਨੀ ॥99॥
ਦੰਪਤਿ ਲੀਨਾ ਸੁਤ ਕੋ ਸਾਥ ॥ ਆਇ ਹਜੂਰ ਨਿਵਾਯੋ ਮਾਥ ॥
ਹੈ ਪ੍ਰਸਾਦਿ ਦੀਨਾਰ ਚਢਾਈ ॥ ਬਾਰਕ ਗੁਰ ਕੇ ਚਰਨੀ ਪਾਈ ॥100॥
ਬਾਰਕ ਕੇ ਸਿਰ ਗੁਰ ਕਰ ਫੇਰਾ ॥ ਦੰਪਤਿ ਕੇ ਮਨ ਹਰਖੁ ਬਧੇਰਾ ॥
ਤਿਨ ਕਾ ਸਿਵਰੰ ਗੁਰੂ ਕਰਾਵਾ ॥ ਪ੍ਰਸਾਦ ਛਕਾਵਾ ਮਨੁ ਹਰਖਾਵਾ ॥101॥

॥ ਦੋਹਰਾ ॥

ਸਦਾ ਸਰਾਹਤ ਸਿਫਤਿ ਕਰਿ ਗੁਰ ਯਸ ਜਗਤ ਸੁਨਾਇ ॥
ਸੇਵ ਸਫਲ ਸਤਿਗੁਰੂ ਕੀ ਸੇਵਤ ਹੀ ਫਲੁ ਪਾਇ ॥102॥
ਜਿਨ ਸੇਵਯਾ ਗੁਰ ਭਾਖਿ ਕਰ ਹਿਰਦੇ ਪ੍ਰੀਤਿ ਬਢਾਇ ॥
ਸੁਤ ਸੰਪਤਿ ਸਭ ਸੁਖ ਲਹੈ ਘਾਲ ਨ ਬਿਰਥੀ ਜਾਇ ॥103॥
ਕਲਪ ਬ੍ਰਿਛ ਕਲੁ ਕਾਲ ਮੇ ਬੇਦੀ ਕੁਲ ਉਨੇਸ ॥
ਮਨ ਬਾਂਛਤ ਪਾਵਤ ਪੁਰਖੁ ਕਾਟਤ ਕਲੁਖ ਕਲੇਸ ॥104॥
ਏਕ ਬਰਸੁ[1] ਸੇਵਾ ਕਰੀ ਪਨਹੀ ਹੀ ਹਾਥ ਉਠਾਇ ॥
ਹਾਥੁ ਜੋਰੁ ਬਹੁਰੋ ਕਹਾ ਖੁਸੀ ਕਰੋ ਸੁਖਦਾਇ ॥105॥
ਸਿਰੋਪਾਇ ਗੁਰ ਬਖਸਿਆ ਸਿਖ ਨੇ ਸਿਰੁ ਧਰ ਲੀਨ ॥
ਪਾਨੁ ਜੋਰੁ ਸਿਰ ਨਿਯਾਇਕੈ ਗਯੋ ਸਦਨ ਰਸ ਭੀਨ ॥106॥

॥ ਚੌਪਈ ॥

ਪੁਰ ਅਨੰਦ ਕਰੈ ਬਿਲਾਸਾ ॥ ਸਿਖਨ ਕੀ ਕਾਟੈ ਜਮ ਫਾਸਾ ॥
ਜੋ ਜੋ ਮਨਸ਼ਾ ਧਰ ਮਨ ਆਵੈ ॥ ਗੁਰ ਤੇ ਲੇਵੈ ਬਿਲਮ ਨ ਲਾਵੈ ॥107॥
ਕਾਦਰਾਵਾਦੋ ਇਕੁ ਸਿਖੁ ਆਵਾ ॥ ਮਨਸਾ ਸਿੰਘ ਦਿਖ ਗੁਰ ਹੁਲਸਾਵਾ ॥
ਇਕੁ ਜੁਵਤੀ ਹੈ ਜਾ ਕੇ ਸਾਥ ॥ ਕਰ ਗੁਰ ਦਰਸਨ ਭਯੋ ਸਨਾਥ ॥108॥
ਜੁਗਮ ਘਟੀ ਲੌ ਗੁਰ ਛਤ੍ਰ ਹੋਵਾ ॥ ਨੈਨਨ ਕੇ ਜਲ ਸਿਓ ਉਰ ਧੋਵਾ ॥
ਸ੍ਰੀ ਗੁਰ ਸਾਹਿਬ ਪ੍ਰਸ਼ਨ ਕੀਨਾ ॥ ਕਯਾ ਤਵ ਨਾਮ ਸਿਖ ਪ੍ਰਬੀਨਾ ॥109॥

(ਮਨਸਾ ਸਿੰਘ ਦੀ ਸਾਖੀ)

॥ ਦੋਹਰਾ ॥

ਹਾਥੁ ਜੋਰੁ ਕਰਿ ਕਹਿਤੇ ਭੋ ਮਨਸਾ ਸਿੰਘ ਮਮ ਨਾਮ ॥
ਆਯੋ ਦਰਸਨ ਕਾਰਨੇ ਸੁਖਦਾਈ ਗੁਰ ਧਾਮ ॥110॥

---

1. ਏ ਪੋਥੀ ਕੀਰਤਿ
2. ਏ ਪੋਥੀ ਸੰਗਤ

॥ ਚੌਪਈ ॥

ਸ੍ਰੀ ਗੁਰ ਜੀ ਤਿਸ ਕਹਾ ਬੁਝਾਈ ॥ ਕਹੀਏ ਦਰਸ ਕਰੋ ਦਰਖਾਈ ॥
ਸਤ ਬਚਨ ਕਹਿ ਪਾਸ ਰਹਾਵਾ ਬੀ ਬਾਰ ਬਾਰ ਗੁਰ ਕੇ ਗੁਣ ਗਾਵਾ ॥111॥

॥ ਦੋਹਰਾ ॥

ਦਸ ਅਵਤਾਰਨ ਰੂਪ ਧਰ ਆਵਤ ਗੁਰੂ ਸਮੀਪ ॥
ਅਨੇਕ ਸ੍ਵਾਂਗ ਲੈ ਆਵਤਹ ਸੋ ਬੇਦੀ ਕੁਲਦੀਪ ॥112॥

॥ ਚੌਪਈ ॥

ਜੋ ਜੋ ਰੂਪ ਧਰੇ ਅਬਿਨਾਸੀ ॥ ਕਉਤਕਿ ਚੀਨੇ ਸੁਖਮਾ ਰਾਸੀ ॥
ਸੋ ਸੋ ਸ੍ਵਾਂਗ ਧਾਰ ਨਿਜ ਆਵੈ ॥ ਕਿਰ ਕਰ ਕੌਤਕ ਗੁਰੂ ਹਸਾਵੈ ॥113॥
ਕਦੇ ਰਾਮ ਸੀਤਾ ਬਨ ਆਵੈ ॥ ਬਨ ਕੀ ਓਹਿ ਬਲੈ ਹਰਖਾਵੈ ॥
ਕਦੀ ਕਛ ਕੋ ਰੂਪ ਬਨਾਈ ॥ ਕਦੀ ਮਛ ਕੋ ਭੇਸ ਦਿਖਾਈ ॥114॥
ਹੰਸ ਰੂਪ ਧਰਿ ਕਬੀ ਦਿਖਾਵੈ ॥ ਸੂਕਰ ਰੂਪ ਬਹੁਰਿ ਕਰ ਆਵੈ ॥
ਨਰ ਸਿੰਘ ਰੂਪ ਧਰ ਰੂਪ ਬਨਾਈ ॥ ਪ੍ਰਹਿਲਾਦਹਿ ਲਵੈ ਕੰਠਿ ਲਗਾਈ ॥115॥
ਪਰਸ ਰਾਮ ਹੁਇ ਧਰੈ ਕੁਠਾਰਾ ॥ ਬਾਜਿਰ ਮਹਿ ਕਰੇ ਉਚਾਰਾ ॥
ਗੁਰ ਕੀਰਤ ਕਬੀ ਬਹੁ ਗਾਵੈ ॥ ਲਛਮਨ ਕੋ ਪੁਨਿ ਐਸ ਸੁਨਾਵੈ ॥116॥
ਚਤੁਰ ਮੁਖ ਕਬ ਰੂਪ ਬਨਾਈ ॥ ਚਾਰ ਬੇਦ ਲੇ ਕਥਾ ਸੁਨਾਈ ॥
ਸੰਭੁ ਰੂਪ ਧਰ ਅਹਿ ਲਗ ਪਾਵੈ ॥ ਗਿਰਜਾ ਪ੍ਰਾਨ ਸਿਵਾ ਗਲ ਲਾਵੈ ॥117॥
ਕਦੀ ਬਯਾਸ ਹ੍ਵੈ ਭਨੇ ਭਾਗਵਤ ॥ ਜਾਹਿ ਸੁਨੇ ਹੋਵੈ ਭਗਵਤ ਰਤਿ ॥
ਕਦੀ ਜਲੰਧਰ ਰੀਛ ਕਹਾਵੈ ॥ ਆਗੇ ਗੁਰ ਕੇ ਆਨ ਨਚਾਵੈ ॥118॥
ਸਿੰਘੀ ਰਿਖ ਕਬ ਹੀ ਬਨਿਆਈ ॥ ਨਾਹਿ ਬਿਬਿਸ ਬਹੁ ਬਾਲ ਖਿਲਾਈ ॥
ਕਬਹੀ ਮੁਗਲ ਰੂਪ ਧਰ ਆਵੈ ॥ ਨਾਮਦੇਵ ਤੇ ਪੱਟ ਚੁਕਾਵੈ ॥119॥

॥ ਦੋਹਰਾ ॥

ਕਬੀ[2] ਕਬੀਰ ਸ੍ਵਾਂਗ ਧਰ ਲੈਕਰ ਲਈ ਨਾਲ ॥
ਰਾਮ ਰਾਮ ਮਨ ਧਯਾਵਦਾ ਤਾਣੀ ਉਣ ਉਤਾਲ ॥120॥
ਰਵਿਦਾਸ ਰੂਪ ਕੋ ਧਰਿ ਕਬੀ ਪਨਹੀ ਲੇਤ ਬਨਾਇ ॥
ਸੈਨ ਹੋਇ ਗੁਛੀ ਧਰੇ ਧੰਨਾ ਹਲ ਵਾਹਿ ॥121॥

॥ ਚੌਪਈ ॥

ਕਬੀਰ[4] ਨਿਹੰਗ ਚਕ੍ਰ ਧਰ ਆਵੈ ॥ ਨੀਲ ਬਸਨ ਸਮ ਲੇ ਲਟਕਾਵੈ ॥
ਅਕਾਲ ਅਕਾਲ ਅਕਾਲ ਪੁਕਾਰੇ ॥ ਖਾਟੀ ਕਾਢ ਟਿੰਡ ਹਥੁ ਧਾਰੇ ॥112॥

---

1. ਅ ਪੋਥੀ ਬਾਹਜ
2. ਅ ਪੋਥੀ ਕਬਹੀ
3. ਅ ਪੋਥੀ ਧਾਰਿ ਕਰ
4. ਅ ਪੋਥੀ ਕਬੀ

ਕਬੀ ਦਿਗੰਬਰ ਹ੍ਵੈ ਸੰਨਿਆਸੀ ॥ ਪਰਮ ਹੰਸ ਚਿਤੁ ਆਸਾ ਨਾਸੀ ॥
ਸਤ ਚਿਤ ਆਨੰਦ ਮੁਖ ਸੇ ਗਾਏ ॥ ਜਗ ਕੋ ਕਲਪਤਿ ਰੂਪ ਦਿਖਾਈ ॥123॥
ਕਦੀ ਰੂਪੁ ਕਾਜ਼ੀ ਬਣਿ ਆਵੈ ॥ ਨੀਲਾ ਤੰਬਾ ਕੂਜ ਗਹਾਵੈ ॥
ਕੁਰਾਨ ਕਤੇਬਨ ਮੱਸਲੇ ਗਾਈ ॥ ਮੋਰਿ ਛੜਾਂ ਲੇ ਹਾਥ ਝੁਲਾਈ ॥124॥
ਸਾਜ ਪਕਰ ਰਾਗੀ ਬਨਿ ਆਵੈ ॥ ਰਾਗ ਰਾਗਨੀ ਨਿਰਨੇ ਗਾਵੈ ॥
ਕਬੀ ਉਲਾਭੇ ਦੇਵੇ ਗੁਰ ਕੋ ॥ ਮਾਯਾ ਭਰਮੁ ਭੁਲਾਯਾ ਸਭ ਕੋ ॥125॥

॥ ਦੋਹਰਾ ॥

ਰਹਨ ਲਗਯੋ ਹਜੂਰ ਪਾਸ ਜਾਵੈ ਕਿਤੇ ਨ ਓਰਿ ॥
ਗੁਰ ਮੋ ਲਾਗੀ ਪ੍ਰੀਤ ਜਿਸੁ ਜਾਨਤ ਸਭ ਸਿਰ ਮੌਰੁ ॥126॥

**(ਸਿਪਾਹਾ ਸਿੰਘ ਦੀ ਸਾਖੀ)**

ਏਕ ਦਿਨਾਂ ਸ੍ਰੀ ਸਤਿਗੁਰੂ[1] ਬੈਠੇ ਸਦਨ ਮਝਾਰ ॥
ਸੁਪਾਹਾ ਸਿੰਘ ਜੋ ਖਤ੍ਰੀ ਆਵਾ ਪ੍ਰੀਤੀ ਧਾਰ ॥127॥

॥ ਚੌਪਈ ॥

ਕਰ ਦਰਸਨ ਮਨ ਮੋ ਹਰਖਾਵਾ ॥ ਪਾਨੁ ਜੋਰੁ ਕਰਿ ਸੀਸੁ ਨਿਵਾਵਾ ॥
ਤਿਨ ਪੁਨਿ ਬਿਨੈ ਕਰੀ ਗੁਰ ਆਗੈ ॥ ਏਕੁ ਸੁਤਾ ਹਮਰੇ ਬਡਭਾਗੇ ॥128॥
ਬਿਸਨ ਸਿੰਘ ਕੀ ਦਾਸੀ ਕੀਜੈ ॥ ਦਾਸ ਜਾਨੁ ਕਰ ਮਯਾ ਕਰੀਜੈ ॥
ਦਰਬਵਾਨੁ ਨਹਿ ਮੈ ਜਗ ਆਹੀ ॥ ਕੇਵਲ ਤੁਮਰਾ ਸਿਖ ਕਹਾਹੀ ॥129॥
ਸਿਖ ਬਿਨੈ ਸੁਨ ਕਰਿ ਸਸਿ ਬਦਨਾ ॥ ਗਦ ਗਦ ਬੋਲੇ ਦੁਖ ਕੇ ਕਦਨਾ ॥
ਤੂੰ ਨਿਰਧਨ ਕਯੋ ਬਡੋ ਧਨਾਢਾ ॥ ਜਿਨ ਗੁਰ ਗ੍ਰਹਿ ਪਾਲੀ ਅਤਿ ਗਾਢਾ ॥130॥

॥ ਦੋਹਰਾ ॥

ਛਿਤ ਬਿਓਮ ਜਬ ਲਗ ਰਹੇ ਤਬ ਲਗੁ ਤੁਮਰਾ ਨਾਮੁ ॥
ਮੇਰੋ ਕੁੜਮ ਕਹਾਇਕੇ ਪਾਵੋ ਗਤਿ ਨਰ ਬਾਂਮ ॥131॥
ਗੁਰਬਾਨ੍ਹੀ ਕੌ ਅਕਨ ਕਰ ਸਪਾਹਾ ਸਿੰਘ ਹਰਖਾਇ ॥
ਜਾਤ ਭਯੋ ਅਪਨੇ ਸਦਨ ਤ੍ਰਿਯ ਪ੍ਰਤਿ ਦਯੋ ਸੁਨਾਇ ॥132॥

॥ ਚੌਪਈ ॥

ਸੁਨਿ ਨਾਰੀ ਨੇ ਬਡ[2] ਸੁਖ ਪਾਵਾ ॥ ਜਿਮ ਸਫਰੀ ਮਿਲ ਜਲ ਸਿਤਲਾਵਾ ॥
ਖਾਰਕ ਖੇਜਾ ਦੇਹ ਬਿਹਾਈ ॥ ਲੇਕਰੁ ਭੂਸਰੁ ਆਯੋ ਧਾਈ ॥133॥
ਆਨ ਹਜੂਰ ਬਿਪ੍ਰ ਕੋ ਦੀਨਾ ॥ ਸਾਹਿਬਜਾਦਾ ਬੋਲ ਸੁ ਲੀਨਾ ॥
ਮੰਗਲ ਬਾਜੇ ਗੁਰ ਬਜਵਾਏ ॥ ਭਏ ਆਨੰਦ ਬਰਨ ਨਹਿ ਜਾਇ ॥134॥
ਗੁਲਾਬੁ ਸੁ ਦੇਈ ਮਨੁ ਹਰਖਾਈ ॥ ਤਾ ਕੇ ਆਂਗਨ ਬਜੀ ਬਧਾਈ ॥

1. ੲ ਪੋਥੀ ਸਾਹਿਬ ਜੀ
2. ੲ ਪੋਥੀ ਬਹੁ

ਮੰਗਨਹਾਰ ਜਿਤੇ ਚਲਿ ਆਏ ॥ ਸ੍ਰੀ ਗੁਰ ਤਿਨ ਕੋ ਦਾਮ ਦਿਵਾਏ ॥135॥
ਖ਼ਾਰਕ ਸਾਹਿਬਜ਼ਾਦੇ ਦੀਨਾ ॥ ਸਭ ਮਨ ਹੋਵਾ ਹਰਖੁ ਨਵੀਨਾ ॥
ਮਿਲ ਜੁਵਤੀ ਸੁਠ ਗਾਵਨ ਲਾਗੀ ॥ ਦੇਈ ਗੁਲਾਬੁ ਮਨੁ ਅਨੁਰਾਗੀ ॥136॥
ਬਿਪ੍ਰਨ ਲਾਗਿ ਆਪਨੋ ਲੀਨਾ ॥ ਦੇਹੁ ਬਧਾਈ ਮਨੁ ਹਰਖੀਨਾ ॥
ਸਤਿਗੁਰੂ ਸਾਹਿਬ ਮਨੈਂ ਬਿਚਾਰਾ ॥ ਕਰੈ ਬਿਆਹਿ ਨ ਕੀਜੈ ਬਾਰਾ ॥137॥

॥ ਦੋਹਰਾ ॥

ਸ੍ਰੀ ਗੁਰ ਜੀ ਭੂਸਰ ਪਠਾ ਸਿੰਘ ਸਪਾਹੇ ਪਾਸ ॥
ਥਿੱਤ ਲਗਨ ਸੁਭ ਹੈ ਸਭੇ ਦੇਹਿ ਬਿਆਹਿ ਸੁਖ ਰਾਸਿ ॥138॥

॥ ਚੌਪਈ ॥

ਸਿੰਘ ਸਪਾਹਾ[1] ਸੁਨ ਹਰਖ਼ਾਵਾ ॥ ਭੂਸਰ ਪ੍ਰਤ ਸੁਭ ਬੈਨ ਅਲਾਵਾ ॥
ਜਾਵੋ ਬਿਨਤੀ ਗੁਰ ਪਹਿ ਗਾਵੋ ॥ ਲਯੋ ਬਿਯਾਹਿ ਗੁਰ ਦੇਰ ਨ ਲਾਵੋ ॥139॥
ਆਵਾ ਦਿਜ ਗੁਰ ਦੀਨ ਸੁਨਾਈ ॥ ਸੁਨ ਕਰ ਸਤਿਗੁਰ ਭੇ ਹਰਖਾਈ ॥
ਮਹਿਬੂਬ ਸਿੰਘ ਕੋ ਗੁਰ ਫੁਰਮਾਵਾ ॥ ਸਭ ਬਸਤੂ ਅਬ ਲਿਯੋ ਬਨਾਵਾ ॥140॥
ਬੇਦੀ ਭਾਈ ਲੇਹੁ ਬੁਲਾਈ ॥ ਭੇਜੋ ਮਾਨਵ ਜਾਵੇ ਧਾਈ ॥
ਸਤ ਬਚਨੁ ਕਹਿ ਮਾਨਵ ਭੇਜੇ ॥ ਆਏ ਬੇਦੀ ਮਨ ਹਰਖੇਜੇ ॥141॥

॥ ਸਵੈਯਾ ॥

ਬਯਾਹਿ ਸਮਾਜ ਰਚਯੋ ਸੁਭ ਸਾਹਿਬ ਭਾਜੀਆ ਦੀਨ ਸੁ ਬੇਦੀ ਬੁਲਾਏ ॥
ਲੈ ਘ੍ਰਿਤ[3] ਖੰਡ ਚਨੇ ਸਿਤ ਮੈਦਹੁ ਮੋਦਕ ਬੂੰਦ ਜਲੇਬ ਪਕਾਏ ॥
ਥਾਨ ਮਹੀਨ ਮੰਗਾਇ ਸਿਵਾਇ ਪੁਸਾਕਨ ਸੰਗ ਸੁਬਾਸ ਲਗਾਏ ॥
ਕੇਸਰੁ ਚੀਰ ਰੰਗਾਇ ਉਛਾਇਸ ਸੇਵਕ ਮੀਤ ਸਭੀ ਹਰਖਾਏ ॥142॥

॥ ਚੌਪਈ ॥

ਸੋਢੀ ਹੁਤੇ ਜਿਤੇ ਗੁਰ ਮੇਲੀ ॥ ਸਿਖ ਸੰਤੁ ਸਭੁ ਲੀਨ ਸਕੇਲੀ ॥
ਆਤਸਬਾਜੀ ਗੁਰ ਮੰਗਵਾਈ ॥ ਸੂਗਸਤ ਬਨਾਵਾ ਬਹੁ ਧਨ ਲਾਈ ॥143॥
ਕੁਲ ਰੀਤੀ ਸਭ ਗੁਰ ਜੀ ਕੀਨੀ ॥ ਸੇਹਰੇ ਬਾਂਧੇ ਸੁਖਮਾਂ ਭੀਨੀ ॥
ਬਾਜੇ ਬਜਤ ਭਏ ਤਿਹ ਬਾਰੀ ॥ ਕੇਤੁ ਝੁਲਾਵੈ ਵਾਰ ਨਾ ਪਾਰੀਂ ॥144॥
ਘੋਰੀ ਪਰ ਦੂਲੋ ਛਬਿ ਪਾਈ ॥ ਜਿਸ ਦੇਖੇ ਮਨ ਕਾ ਮਲੁ ਜਾਈ ॥
ਚਢੇ ਜਨੇਤੀ ਛੈਲਿ ਛਬੀਲੇ ॥ ਹੈ ਗੈ ਪ੍ਰੇਰੈ ਮਨੁ ਹਰਖੀਲੇ ॥145॥

॥ ਦੋਹਰਾ ॥

ਬੇਦੀ ਜਿਤੇ ਮਹਾਨ ਥੇ [ਸਭ][4] ਭੇਜੇ ਗੁਰ ਸੰਗੁ ॥
ਪਹਿਨ ਪੁਸਾਕੀ ਸੁਭ ਘਨੀ ਦੀਸਤ ਰੰਗਨ ਰੰਗੁ ॥146॥

---

1. ਅ ਸੁਪਾਹਾ ਸਿੰਘ 2. ੲ ਪੋਥੀ 3. ੲ ਪੋਥੀ ਘਿਉ 4. ੲ ਪੋਥੀ ਵਿਚੋਂ

॥ ਸਵੈਯਾ ॥

ਸਰਬ ਚਢੇ ਗੁਰ ਸ੍ਵਾਨ ਬਿਆਹ ਨਹੰਗ ਨਰੰਗ ਨਿਸਾਨ ਝੁਲਾਏ ॥
ਅਗ੍ਰਜ ਬਾਜ ਬਜੈ ਬਹੁਤੈ ਸੁ ਤਰੀਰਨ ਸਿੰਗ ਸੁ ਢੋਲ ਸੁਹਾਏ ॥
ਬਦਰੇ ਬਹੁ ਪੂਰੁ ਰੁਪੀਏਯਨ ਕੇ ਪੁਨ ਨੰਦ ਬਜਾਰ ਬਿਖੈ ਬੋਰਖਾਏ ॥
ਦੀਨ ਅਧੀਨ ਮਲੀਨ ਕੰਗਾਲ ਜਨੇਤ ਕੇ ਅਗ੍ਰਜ ਲੁਟਤ ਧਾਏ ॥147॥

॥ ਦੋਹਰਾ ॥

ਸਿਪਾਹਾ ਸਿੰਘ ਸਭ ਭ੍ਰਾਤ ਲੇ ਆਵਾ ਮਿਲਨੀ ਹੇਤ ॥
ਬਸਨ ਰੁਪਯੇ ਅਗ੍ਰ ਧਰ ਚਰਨ ਗਹੇ ਬਡ ਹੇਤ ॥148॥
ਕਰੁ ਮਿਲਨੀ ਗ੍ਰਿਹਿ ਜਾਤ ਭਾ ਮਨੁ ਹੁਲਾਸ ਬਡ ਧਾਰ ॥
ਜੁਗਮ ਓਰਿ ਹਰਖਤ ਸਕਲ ਬਾਜਤ ਬਾਜ ਅਪਾਰ ॥149॥
ਸਿਖ ਕੀ ਪ੍ਰੀਤੀ ਦੇਖ ਸਭ ਤਿਸੁ ਪਰ ਮਯਾ ਬਹੁ ਕੀਨ ॥
ਬਡੇ ਬਜਾਰ ਸੁ ਰੂਪ ਢਿਗ ਸਿਵਰੁ ਲਗਾਇ ਸੁ ਦੀਨ ॥150॥

॥ ਸਵੈਯਾ ॥

[1]ਰੈਨ ਘਟੀ ਜਬ ਚਾਰ ਗਈ ਜਿਵ ਨਾਰ ਲੀਏ ਤਬ ਆਨ ਬੁਲਾਏ ॥
ਹੁਕਮੁ ਦੀਯੋ ਸਭ ਨੇ ਮਿਲ ਕੇ ਤਬ ਬਾਜ ਬਜੇ ਸਭ ਤੇ ਹਰਖਾਏ ॥
ਛੁਟਿ ਹਵਾਇ੍ਰ ਗਈ ਸਭ ਕੌ ਮਹਿਤਾਬ ਅਨਾਰ ਅਸ੍ਰ ਛਡਾਏ ॥
ਬਾਲਕ ਬ੍ਰਿਧ ਜੁਰੇ ਦੇਖਨ ਹੋਤ ਕੁਲਾਹਲ ਵਾਰ ਨ ਪਾਏ ॥151॥

॥ ਚੌਪਈ ॥

ਸਿਖੰ ਕੇ ਗ੍ਰਿਹਿ ਸਭ ਜਾਇ ਪ੍ਰਵੇਸੈ ॥ ਹੈਨ ਜਨੈਤੀ[2] ਜਿਨ ਸੁਭ ਵੇਸੈ ॥
ਧਰ ਮਨ ਪ੍ਰੀਤੀ ਪਾਤ ਬਹਾਈ ॥ ਆਦਰੁ ਦੇ ਮਿਠ ਬਾਨੀ ਗਾਈ ॥152॥
ਪ੍ਰਥਮੇ ਸਭ ਆਗੇ ਧਰ ਥਾਲ ॥ ਲਗੇ ਪਰੋਸਨ ਪ੍ਰੀਤੀ ਨਾਲ ॥
ਅਨਿਕ ਭਾਂਤਿ ਕੀ ਬਹੁਤ ਮਿਠਾਈ ॥ ਸਭ ਕੋ ਬਾਂਟੇ ਮਨ ਹਰਖਾਈ ॥153॥
ਬਾਰ ਬਾਰ ਬਹੁ ਹਿਤੁ ਕਹਿ ਪੂਛੇ ॥ ਕਰ ਕਰ ਦਰਸਨ ਰਿਦ ਜਿਨ ਸੂਛੇ ॥
ਜੁਵਤੀ ਮਿਲ ਕਰੁ ਗਾਲ ਸੁਨਾਈ ॥ ਜਨੇਤੀ ਸੁਨ ਕਰੁ ਬਹੁ ਹਰਖਾਈਂ ॥154॥
ਛਕ ਪ੍ਰਸਾਦਿ ਉਠੇ ਗੁਨ ਪੂਰੇ ॥ ਆਏ ਦੇਰੇ ਹਰਖਤ ਰੂਰੇ ॥
ਫਿਰ ਦਿਜੁ ਆਵਾ ਚਲੋ ਪਯਾਰੇ ॥ ਲਾਵਾ ਵੇਲਾ ਕਰੋ ਨਾ ਬਾਰੇ ॥155॥
ਆਏ ਮੁਖੀਏ ਦੇਰ ਬਿਹਾਈ ॥ ਖਾਰੇ ਦੀਨੇ ਤੁਰਤ ਬਿਛਾਈ ॥
ਦੂਲੋ ਦੁਲਹਿਨ ਦੀਨ ਬੈਠਾਇ ॥ ਸਾਖਾ ਚਾਰ ਦਿਜਨ ਸੁਭ ਗਾਇ ॥156॥

1. 'ੲ' ਪੋਥੀ ਰਾਤ
2. 'ੲ' ਪੋਥੀ ਬਰਾਤੀ

॥ ਦੋਹਰਾ ॥

ਪਾਠ ਗ੍ਰਿਹਨ ਹੋਯੋ ਸੁਭਗ ਲਾਵਾਂ ਲੇ ਹਰਖਾਇ ॥
ਵਾਰੀ ਨਾਉ ਦਿਜਨੁ ਕੋ ਦੀਨੋ ਲਾਗ ਦਿਵਾਇ ॥

॥ ਚੌਪਈ ॥

ਬਯਾਹਿ ਕਰਾਇ ਸਭ ਦੇਰੇ ਆਇ ॥ ਭੀ ਭੁਨਸਾਰ ਸੁ ਬਾਜ ਬਜਾਏ ॥
ਦਾਜੋ[1] ਦੀਨ ਬਹੁਤ ਬਿਤ ਲਾਇ ॥ ਗੁਰ ਕੇ ਆਗੇ ਬਿਨੇ ਅਲਾਇ ॥158॥
ਪ੍ਰਭ ਜੀ ਮੋਕੋ ਸੇਵਕੁ ਜਾਨੋ ॥ ਦਾਸਨਿਦਾਸ ਦਾਸ ਮੁਹਿ ਮਾਨੋ ॥
ਬਿਦਰ ਸੁਦਾਮਾ ਕੀਯੋ ਨਿਹਾਲੁ ॥ ਤੈਸੇ ਮੋ ਪਰ ਭਏ ਕ੍ਰਿਪਾਲ ॥158॥
ਸਿਵਕਾ ਲੀਨੀ ਤਯਾਰ ਕਰਾਈ ॥ ਦੀਨੀ ਦੁਲਹਨਿ ਬੀਚ ਬਿਠਾਈ ॥
ਸਭ ਪਰਵਾਰੰ ਬਹੁ ਰੁਦਨਾਵਾ ॥ ਬਾਰ ਬਾਰ ਲੇ ਕੰਠਿ ਲਗਾਵਾ ॥160॥

॥ ਦੋਹਰਾ ॥

ਸਾਸੁ ਸੁਸਰ ਪਤਿ ਸੇਵ ਕੀ ਸਿਛਾ ਮਾਤ ਸਿਖਾਇ ॥
ਸੀਲ ਪਤਿ ਬ੍ਰਤਾ ਧਰਮ ਤੇ ਕੰਨਿਯਾ ਜਸੁ ਪਾਇ ॥161॥
ਦੂਲਹੂ ਦੁਲਹੀਂ ਲਯਾਇਓ ਬਿਤ ਵਾਰਾ ਤਹ ਠੌਰੁ ॥
ਸਦਨ ਪ੍ਰਵੇਸਾ ਸਗਨ ਸੁਭ ਮਾਤਾ ਅੰਗ ਭਰ ਕੌਰ ॥162॥
ਮਾਤਾ ਮਨੁ ਆਨੰਦ ਬਹੁ ਪੀਓ ਜਲ ਕੋ ਵਾਰੁ ॥
ਕਰਯੋ ਨਿਛਾਵਰ ਦਰਸ ਬਹੁ ਗਾਇ ਗੀਤ ਕੁਲ ਨਾਰਿ ॥163॥
ਸਾਹਿਬ ਅਤਿ ਉਦਾਰੁ ਹੈ ਦੀਨੇ ਦਾਨ ਹਜਾਰ ॥
ਸਾਧ ਸੰਤ ਸਿਖ ਦਿਜਨ ਕੌ ਦੀਨੇ ਬਸਨੁ ਅਪਾਰ ॥164॥

॥ ਚੌਪਈ ॥

ਔਰੁ ਮੇਲ ਜੋ ਬੇਦੀ ਆਏ ॥ ਜਥਾ ਅਧਕਾਰ ਬਸਨ ਸਭ ਪਾਏ ॥
ਪੁਨਾ ਬਿਦਾ ਹੁਇ ਸਦਨ ਸਿਧਾਰੇ ॥ ਗਾਵੈ ਯਸ ਗੁਰ ਕਾ ਬਹੁ ਬਾਰੇ ॥165॥
ਏਹੁ ਕਥਾ ਜੋ ਸੁਨ ਹਿਤ ਲਾਈ ॥ ਚਿੰਤ ਬਿਆਪੇ ਨ ਤਿਸ ਕਾਈ ॥
ਏਕ ਸਿਖੁ ਆਵਾ ਗੁਰ ਦਰਸਨੁ ॥ ਪੈਸੇ ਪੰਜ ਰਖੇ ਚਿਤ ਹਰਖਨ ॥166॥
ਪੈਸੇ ਲੇਵੋ ਅਬੈ ਉਠਾਇ ॥ ਗ੍ਰਹ ਕਾਰਜ ਮੇ ਲਾਵੋ ਜਾਇ ॥167॥

## (ਸਿਖ ਨੂੰ ਉਪਦੇਸ਼)

॥ ਦੋਹਰਾ ॥

ਪੂਤ ਹੇਤ[2] ਨਾਲਾ ਸੁਖਾ ਸੁਤ ਲੀਨੋ ਸਭ[3] ਪਾਇ ॥
ਪਾਂਚ ਬਰਸ[4] ਕਾ ਸੁਤ ਭਯੋ ਪੈਸੇ ਦੀਨੇ ਆਇ ॥168॥

---

1. ਅ ਪੋਥੀ ਦਾਇਜ, 2. ਅ ਪੋਥੀ ਸੁਤ ਲੀਏ
3. ਅ ਪੋਥਹ ਸੁਭ 4. ੲ ਪੋਥੀ ਵਰਖ

ਕਾਰੀਗਰ ਵਾਪਟ ਨਹੀਂ ਮਨ ਤੇਰੋ ਥਿਰ ਨਾਇ ॥
ਸੁਨ ਕਤ ਸਿਖ ਮਨ ਮੇ ਡਰਾ ਕਹਾ ਸੀਸ ਨਿਰਵਾਹਿ ॥169॥

॥ ਚੌਪਈ ॥

ਤਬ ਖਿਨੁ ਨਾਲਾ ਲਯਾਵਨ ਕੀਨਾ ॥ ਤਿਲੇਦਾਰੁ ਬਹੁ ਰੰਗੁ ਨਵੀਨਾ ॥
ਗੁਰ ਕੇ ਆਗੇ ਆਨ ਚਢਾਵਾ ॥ ਮੈ ਭੂਲਾ ਨਹਿ ਲਾਵੌ ਹਾਵਾ ॥170॥
ਕਮਲ ਨੈਨ ਤਬ ਗਿਰਾ ਉਚਾਰੀ ॥ ਸੁਨੋ ਸਿਖ ਰਿਦ ਸਰਧਾ ਧਾਰੀ ॥
ਗੁਰ ਕੇ ਘਰ ਕਛੁ ਨਹਿ ਪਰਵਾਹਿ ॥ ਤੇਰੇ ਮਨ ਬਿਸਰਧ ਹੁਇ ਜਾਇ ॥171॥
ਦੋਨੋ ਲੋਕਿ ਤੂੰ ਹੋਵਤਿ ਦੁਖੀ ॥ ਯਾਂਤੇ ਕੀਨਾ ਤੋ ਕੌ ਸੁਖੀ ॥
ਜੈਸੇ ਮਾਤਾ ਬਾਰਕਿ ਪਾਲੇ ॥ ਤੈਸੇ ਸਿਖ ਕੇ ਗੁਰ ਰਖੁਵਾਲੇ ॥172॥

॥ ਦੋਹਰਾ ॥

ਹਾਥ ਜੋਰੁ ਪਗ ਗਹਿ ਰਹਾ ਮਨੁ ਪ੍ਰਤੀਤਿ ਜਿਸੁ ਆਇ ॥
ਬਾਰ ਬਾਰ ਬਿਨਤੀ ਕਰੈ ਬਖਸੋ ਗੁਰ ਸੁਖਦਾਇ ॥173॥
ਕਰੀਏ ਮਾਫ਼ ਗੁਨਾਹੁ ਮੁਹਿ ਜੀਅਤਿ ਰਹੇ ਵਹੁ ਵਾਲ ॥
ਦਾਸ ਆਪ ਕਾ ਅਮਰੁ ਹੈ ਸ੍ਰੀ ਗੁਰ ਦੀਨ ਦਇਆਲ ॥174॥

॥ ਚੌਪਈ ॥

ਸਤਿਗੁਰ ਸਾਹਿਬ ਕਹਾ ਪਿਯਾਰੇ ॥ ਵਾਹਿਗੁਰੂ[1] ਸਿਮਰੋ ਹਿਤੋ ਧਾਰੇ ॥
ਜਾਵੋ ਸਦਨਾ ਕਾਰ ਕਮਾਵੋ ॥ ਵੰਡ ਖਾਵੋ ਗੁਰ ਸਿਖ ਰਿਝਾਵੋ ॥175॥
ਸੁਨ ਕਰ ਸਿਖ ਤਬੇ ਗ੍ਰਿਹਿ ਗਯੋ ॥ ਜੋ ਗੁਰ ਕਹਯੋ ਸੁ ਕਰਤਾ ਭਯੋ ॥

**(ਬਾਬਾ ਸਾਹਿਬ ਸਿੰਘ ਦਾ ਕੁਲ ਗਿਰਾਉਂ ਆਉਣਾ)**

ਕੁਲ ਗਿਰਾਉ ਗੁਰ ਆਵਤ ਭਏ ॥ ਲੋਗ ਮਿਲੇ ਮਨੁ ਬਹੁ ਹਰਖਏ ॥176॥
ਕੋਇਕ ਦਿਨੁ ਗੁਰ ਤਾਂ ਬਿਰਾਜੇ ॥ ਸੰਗਤੁ ਆਵੈ ਦਰਸਨੁ ਕਾਜੇ ॥
ਇਸਨਾਨ ਕਾਜ ਗੇ ਨਦੀ ਕਨਾਰੇ ॥ ਕਰ ਮਜਨ ਆਏ ਹਰਖਾਰੇ ॥177॥
ਰੁਦਨ ਸਬਦ ਗੁਰ ਜੀ ਸੁਨ ਪਾਵਾ ॥ ਸਿਖਹਿ ਪ੍ਰੇਰਾ ਪੂਛਿ ਮੰਗਾਵਾ ॥
ਆਇ ਸਿਖ ਨੇ ਅਰਜੀ ਕੀਨੀ ॥ ਲਰਕਾ ਮਰ ਗਾ ਰੋਵਤ ਦੀਨੀ ॥178॥

**(ਮੋਈ ਗਾਂ ਜਿਵਉਣੀ)**

॥ ਦੋਹਰਾ ॥

ਮਯਾਵੰਤ ਕਿਰਪਾ ਕਰੀ ਚਲੇ ਤਿਸ ਹੀ ਰਾਯ ॥
ਪੂਛਤਿ ਭੇ ਇਸ ਕਯਾ ਭਯੋ ਕਹਯੇ ਮੁਹਿ ਪ੍ਰਗਟਾਯ ॥179॥

॥ ਚੌਪਈ ॥

ਹਾਥੁ ਜੋਰੁ ਤਿਨੁ ਬਿਨਤੀ ਗਾਈ ॥ ਨਾਗ ਡਸਾ ਬਿਖੰ ਅੰਗਨ ਧਾਈ ॥
ਤਿਸ ਕਾ ਮਰਾ ਸੁ ਯਾਂਤੇ ਰੋਵੈ ॥ ਪੂਤ ਅਬ ਕਿਸ ਕੋ ਜੋਵੈ ॥180॥

1. ੲ ਪੋਥੀ ਸਤਿਨਾਮ 2. ੲ ਪੋਥੀ ਵੈਣੰ

ਆਪਿ ਦਇਆ ਕਰਿ ਦੇਹੁ ਜਿਵਾਈ ॥ ਜਿਸੁ ਜੀਵੇ ਹਮਰੇ ਦੁਖ ਜਾਈ ॥
ਕਮਲ ਨੈਨ ਜੀ ਪਾਦੁ ਛੁਵਾਵਾ ॥ ਬਾਲਕੁ ਜੀਵਾ ਨਹਿ ਬਿਲਮਾਵਾ ॥181॥[1]
ਸਭ ਪਰਵਾਰੁ ਗੁਰਸਿਖੀ ਧਾਰੀ ॥ ਐਸੇ ਸ੍ਰੀ ਗੁਰ ਪਰਉਪਕਾਰੀ ॥
ਮੁਏ ਜੀਵਾਵਨ ਗੁਰ ਕਾ ਕਾਮੂ ॥ ਗੁਰ ਸੁਖਕਾਰੀ ਆਠੋ ਜਾਮੂ ॥182॥

॥ ਦੋਹਰਾ ॥

ਐਸੇ ਮ੍ਰਿਤਕ ਜਿਵ੍ਹਾਇਕੈ ਆਏ ਅਪਨ ਅਗਾਰ ॥
ਜੋ ਗੁਰ ਚਰਨ ਸਰੇਵਤੇ ਹੋਇ ਭਵ ਤੇ ਪਾਰ ॥183॥
ਏਕ ਸਮੇ ਇਸਨਾਨੁ ਹਿਤੁ ਬਹੁਰ ਗਏ ਦਰਆਵ ॥
ਕਰ ਮਜਨੁ ਧਰ ਧਯਾਨੁ ਕੋ ਪਢੈ ਸੁ ਜਪ ਰਿਦ ਭਾਵ[2] ॥184॥

## (ਮੋਇਆ ਘੋੜਾ ਜਿਵਾਉਣਾ)

॥ ਚੌਪਈ ॥

ਏਕ ਸਿਖ ਚਲ ਦਰਸਨ ਆਵਾ ॥ ਭੇਟਾ ਰਾਖੀ ਸੀਸ ਨਿਵਾਵਾ ॥
ਹੈ ਕੋ ਬਾਧਾ ਪ੍ਰਾਦਪ ਸੰਗ ॥ ਬਚਨੁ ਬਿਲਾਸੁ ਕਰੈ ਬਹੁ ਰੰਗ ॥185॥
ਗਿਰ ਗਾ ਅੱਸੁ ਸੂਲ ਬਡ ਹੋਵਾ ॥ ਮਰਾ ਸੁ ਬਾਜੀ ਦਿਖ ਦਿਖ ਰੋਵਾ ॥
ਸ੍ਰੀ ਗੁਰ ਜੀ ਤਿਹ ਪੂਛਨਿ ਕੀਨਾ ॥ ਕਯੋਂ ਰੋਵਤਿ ਹੈਂ ਸਿਖੁ ਪ੍ਰਵੀਨਾ ॥186॥
ਸਿਖ ਕਹਯੋ ਸੁਨੀਏ ਗੁਰ ਪੂਰੇ ॥ ਮੇਰੇ ਸੁਖ ਹੋਏ ਸਭ ਚੂਰੇ ॥
ਕਰਜ ਕਾਢ ਹੈ ਮੂਲ ਮੈਂ ਲੀਨਾ ॥ ਹੁਇ ਕਰਿ ਨੌਕਰ ਚਲਾ ਪਰਬੀਨਾ ॥187॥

॥ ਦੋਹਰਾ ॥

ਹੈ ਮੰਗਾ ਰਿਨ ਸਿਰ ਚਢਾ ਯਾ ਤੇ ਭਯਾ ਬਿਹਾਲ ॥
ਮਯ ਨਿਧੀ ਗੁਰ ਮਯਾ ਕਰ ਹੈ ਜੀਵੈ ਇਹੁ ਕਾਲ ॥188॥
ਦਯਾ ਪਰੀ ਸਾਹਿਬ ਰਿਦੈ ਹੈ ਤਨ ਚਰਨ ਛੁਹਾਇ ॥
ਦੀਯਾ ਉਠਾਇ ਸੁ ਅਸ੍ਵ ਕੌ ਸਿਖ ਮਨ ਭਯੋ ਉਮਾਹਿ ॥189॥

॥ ਚੌਪਈ ॥

ਵਾਰ ਵਾਰ ਗੁਰ ਕੀ ਨੁਤ ਗਾਵੈ ॥ ਚਰਨਿ ਧੂਰਿ ਲੇ ਮਾਥੇ ਲਾਵੈ ॥
ਲੇ ਨਿਦੇਸ ਚਾਲਾ ਹਰਖਾਇ ॥ ਸ੍ਰੀ ਗੁਰ ਜੀ ਅੰਪੁਨੇ ਗ੍ਰਿਹਿ ਆਇ ॥190॥

## (ਮਾਈ ਨੂੰ ਵਰ ਦੇਣਾ)

ਇਕ ਮਾਈ ਆਈ ਹਿਤ ਧਾਰ ॥ ਮਨ ਮੈ ਜਿਸ ਕੇ ਪ੍ਰੀਤ ਅਪਾਰ ॥
ਪਾਂਚ ਸੇਰੁ ਜੌਂ ਆਗੇ ਰਾਖੇ ॥ ਧਾਨੁ ਜੋਰੁ ਕਰਿ ਬੇਨਤੀ ਭਾਖੇ ॥191॥
ਸ੍ਰੀ ਕਮਲਾਨਨੁ ਬਾਨੀ ਗਾਈ ॥ ਕਹੁ ਮਾਈ ਕਯਾ ਮਨ ਮੈਂ ਚਾਈ ॥
ਮਾਈ ਕਹੈ ਸੁਨੋ ਸੁਖ ਦਾਤੇ ॥ ਘਰੁ ਮਮ ਸੰਪਤਿ ਹੋਈ ਹਾਤੇ ॥192॥

---

1 ਅ ਪੋਥੀ ਵਿਚ ਇਹ ਪੰਗਤੀਆਂ ਵਾਧੂ ਹਨ : ਜੈ ਜੈ ਕਾਰ ਸਭਨ ਮਿਲ ਕੀਨਾ ॥ ਜਿਨ ਕੇ ਜਾਗੇ ਭਾਗ ਨਵੀਨ ॥ ਜਿਸ ਕੋ ਗੁਰ ਕੀ ਚਰਨੀ ਧਾਵਾ ॥ ਸਿਰ ਕਰ ਫੇਰਾ ਸਿਖ ਬਨਾਵਾ ॥182॥

2 ਮੂਲ ਪੋਥੀ ਧਾਰ

॥ ਦੋਹਰਾ ॥

ਤਿਸ ਕੀ ਬਾਨੀ ਅਕਨੁ ਕਰ ਸਤਿਗੁਰ ਭਏ ਦਇਆਲੁ ॥
ਸੁਤ ਬਿਤ ਹੈ ਗੋ[1] ਮਹੀ ਹੋਵੈ ਸਦਨੁ ਬਿਸਾਲ ॥193॥
ਦੇਵਤਰੂ ਅਰੁ ਕਾਂਮ ਗੋ ਚਿੰਤਾਮਨਿ ਗੁਰਦੁਆਰ ॥
ਜੋ ਦਰਸਨੁ ਕੋ ਆਵਈ ਪਾਵਤ ਸੁਖ ਅਪਾਰ ॥194॥

(ਆਨੰਦਪੁਰ ਵਿਖੇ ਸੰਗਤਾਂ ਦਾ ਦਰਸ਼ਨਾਂ ਨੂੰ ਆਉਣਾ)

॥ ਚੌਪਈ ॥

ਪੁਰ ਅਨੰਦ ਫਿਰ ਗੇ ਗੁਰ ਪੂਰੇ ॥ ਸਦਨ ਬਿਰਾਜੇ ਜਿਨ ਬਚ ਰੂਰੇ ॥
ਹਮੀਰਵਾਲ ਤੇ ਸੰਗਤਿ ਆਈ ॥ ਦਿਖ ਅਨੰਦਪੁਰ ਭੇ ਹੜ੍ਹਖਾਈ ॥195॥
ਗੁਰ ਸਾਹਿਬ ਸਿੰਘ ਅਸ੍ਵ ਆਰੂਢੇ ॥ ਆਵਤ ਅਗਰ ਪਿਖੇ ਗੁਰ ਗੂਢੇ ॥
ਭਾਈ ਰਤਨ ਹਰੀ ਮੁਖ ਤਾਰੀ ॥ ਸਭ ਤੇ ਆਗੇ ਕਰੀ ਜੁਹਾਰੀ ॥196॥
ਸਭ ਸੰਗਤਿ ਨੇ ਦਰਸਨੁ ਪਾਵਾ ॥ ਜਿਮ ਨਿਰਧਨੁ ਕੋ ਰਾਜ ਬਹਾਵਾ[2] ॥
ਚਰਨ ਗਹੇ ਫਿਰ ਮਾਥਾ ਟੇਕਾ ॥ ਨੈਨ ਨੀਰ ਭਾ ਹਰਖ ਬਸੇਖਾ ॥197॥
ਚਰਨ ਸਿੰਘ ਤੂੰ ਕੈਸੇ ਆਵਾ ॥ ਮਾਤਾ ਪਿਤਾ ਤੁਹਿ ਬਹੁਤ ਹਟਾਵਾ ॥
ਚਰਨ ਸਿੰਘ ਤਬ ਕਹਿ ਕਰਿ ਜੋਰੀ ॥ ਮੁਝ ਪਰ ਕੀਨੀ ਮਯਾ ਨ ਥੋਰੀ ॥198॥

॥ ਦੋਹਰਾ ॥

ਸਨਬੰਧੀ ਅਟਕਾਵਤੇ ਮਨ ਮੈਂ ਦਰਸਨ ਚਾਇ ॥
ਸਵਾ ਰੁਪਯਾ ਸੁਖਨਾ ਸੁਖੀ ਦੀਜੈ ਮੁੜ ਫਿਰਾਇ ॥199॥

॥ ਚੌਪਈ ॥

ਆਪ ਮਯਾ ਕਰ ਤਿਨ ਮਨ ਪ੍ਰੇਰਾ ॥ ਕਹਿਨ ਲਗੇ ਤੁਮ ਜਾਹੁ ਸਵੇਰਾ ॥
ਏਸ ਤਰਾ ਗੁਰ ਦਰਸਨ ਆਵਾ ॥ ਲੀਨਾ ਗੁਰ ਜੀ ਆਪ ਬੁਲਾਵਾ ॥200॥
ਚਰਨ ਗੰਗ ਵਿਚ ਅਵ ਤਿਯਾਗੀ ॥ ਬੈਠਿ ਗਏ ਗੁਰ ਸਿਖ ਅਨੁਰਾਗੀ ॥
ਸਭਨੋ ਭੇਟਾ ਦੀਨ ਚਢਾਈ ॥ ਚਰਨ ਸਿੰਘ ਭੀ ਅਗਰ ਧਰਾਈ ॥201॥
ਮੰਦ ਮੰਦ ਗੁਰ ਬਹੁ ਮੁਸਕਾਏ ॥ ਚਰਨ ਸਿੰਘ ਤੁਮ ਜੋਰੀ ਲਯਾਏ ॥

(ਸਾਧੂ ਗੁਰਮੁਖ ਦਾਸ ਦੀ ਕਥਾ)

ਗੁਰਮੁਖ ਦਾਸ ਸਾਧ[3] ਇਕ ਸੰਗ ॥ ਏਕ ਰਜਤ ਪਣ ਧਰਯੋ ਉਮੰਗ ॥202॥
ਧਰ ਕਰ ਜਬ ਪਾਛੇ ਹਟ ਡਾਲਾ ॥ ਸ੍ਰੀ ਗੁਰ ਪੂਛਾ ਕਹ ਤਵ ਆਲਾ ॥
ਸੁਨ ਕਰ ਸਾਧੂ ਬਿਨੈ ਅਲਾਈ ॥ ਹੈ ਦੁਆਬੇ ਘਰੁ ਸੁਖਦਾਈ ॥203॥

---

1. ਅ. ਪੋਥੀ ਗੌ 2. ਅ. ਪੋਥੀ ਕੋ ਰਜਿਪਾਵਾ 3. ੲ ਪੋਥੀ ਵਿਰਕਤ
5. ੲ ਪੋਥੀ ਵਿਚ ਇਹ ਪੰਗਤੀਆਂ ਵਾਧੂ ਹਨ :
ਦਰਸਨ ਇਛਾ ਧਾਰ ਹਮ ਆਏ ॥ ਕਿਰਪਾ ਕਰੋ ਸਤਿਗੁਰ ਸੁਖਦਾਏ ॥
ਤੁਮ ਔਗੁਨ ਕੋ ਕਾਟਨ ਹਾਰੇ ॥ ਮੈ ਜਾਉ ਤੁਮ ਪਰ ਬਲਿਹਾਰੇ ॥

॥ ਦੋਹਰਾ ॥
ਗੁਰੂ ਕਹਯੋ ਸੋ ਭੂਲ ਗਯੋ ਜਬ ਉਰ ਸੂਲ ਉਠਾਇ ॥
ਪੰਜ ਰਜਤ ਸੁਖਨਾ ਕਰਹੀ ਦੀਨੋ ਏਕੁ[1] ਚਢਾਇ ॥204॥
॥ ਚੌਪਈ ॥
ਪਹਿਲੇ ਕਾਰਜ ਲੇਤ ਕਰਾਈ ॥ ਪਾਛੇ ਦੇਨਾ ਮੁਸਕਲ ਭਾਈ ॥
ਸੁਨਿ ਕਰ ਸਾਧ ਬਹੁਤ ਲਜਵਾ ॥ ਤ੍ਰਾਹਿ ਤ੍ਰਾਹਿ ਕਰ ਚਰਨ ਗਹਾਵਾ ॥205॥
ਮੈ ਭੁਲਾ ਤੁਮ ਬਖਸੋ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥
ਲੋਭੀ ਜੰਤ ਹਮ ਜੀਵਾ ਬਿਚਾਰੇ ॥ ਕਪਟੀ ਕਾਮੀ ਮੂੜ ਲਵਾਰੇ ॥206॥
ਕਰਦੂਹ ਕਰਮ ਦਿਖਾਵੈਂ ਹੋਰੁ ॥ ਕਹਾਵੇਂ ਸਾਧ ਅਹੈ ਹਮ ਚੋਰੁ ॥
ਸ੍ਵਾਸ ਸ੍ਵਾਸ ਹਮ ਕਰੈ ਬੁਰਾਈ ॥ ਕਬੀ ਨ ਸੁਭ ਮਾਰਗ ਚਲਿ[2] ਜਾਈ ॥207॥
॥ ਦੋਹਰਾ ॥
ਪੰਚ[3] ਰੁਪੀਏ ਪੂਰ[4] ਸੇ ਸਵਾ ਔਰੁ ਤਨੁਖਾਹਿ ॥
ਲੀਜੈ ਅਵਗੁਨ ਬਖਸੀਏ ਸਾਹਨ ਕੇ ਪਾਤਿਸਾਹੇ ॥208॥
॥ ਚੌਪਈ ॥
ਐਸੇ ਕਹਿ ਕਰੁ ਦੀਨ ਚੜ੍ਹਾਈ ॥ ਪਾਦ ਪਦਮ ਪਰ ਕਰੇ ਉਕਲਾਈ ॥
ਹਾਥ ਸਰੋਜ ਸੀਸ ਤਿਸੁ ਫੇਰਾ ॥ ਮਨ ਮੋ ਤਾਕੇ ਹਰਖੁ ਵਧੇਰਾ ॥209॥
(ਗੁਰਬਾਣੀ ਦੀ ਮਹਾਨਤਾ ਦੱਸਣੀ)
ਚਢੇ ਅਸ੍ਵ ਗੁਰ ਡੇਰੇ ਆਏ ॥ ਪ੍ਰਸਾਦ ਸਰਬ ਕੋ ਦੀਨ ਛਕਾਏ ॥
ਤੀਨ ਦਿਨਾ ਸੰਗਤਿ ਤਹਿ ਰਹ ਕਰੁ ॥ ਗ੍ਰਿਹਿ ਕੋ ਚਾਲੀ ਮਨੁ ਹਰਖੰ ਧਰੁ ॥210॥
ਬਾਬਾ ਦੇਹੁਰੇ ਮਧ ਰਹਾਵੈ ॥ ਆਵੈ ਮਿਲਕੈ ਮਨ ਹਰਖਾਵੈ ॥
ਸਾਹਿਬ ਤਾਂ ਕੋ ਆਦਰੁ ਦੇਹੀ ॥ ਬਚਨੁ ਬਿਲਾਸੁ ਤਿਸੁ ਸੰਗਿ ਕਰੇਹੀ ॥211॥
॥ ਦੋਹਰਾ ॥
ਇਕੁ ਦਿਨੁ ਆਯੋ ਦਿਨੁ ਚੜੇ ਕਹਯੋ ਹਜੂਰਿ ਸੁਨਾਇ ॥
ਕਹਾ ਰਹਯੋ ਤੂ ਅਬ ਲਗੇ ਹਮ ਪਹਿ ਸਾਚੁ ਅਲਾਇ ॥212॥
॥ ਚੋਪਈ ॥
ਬੇਦੀ ਕਹੈ ਸੁਨੋ ਸੁਖਦਾਈ[4] ॥ ਗੀਤਾ ਪਾਠ ਸੁ ਨੇਮ ਕਰਾਈ ॥
ਜਬ ਲਗ ਪਾਠ ਨ ਹੋਵੈ ਪੂਰਾ ॥ ਖਾਨ ਪਾਨ ਸਭ ਤਜੋ ਜਰੂਰਾ ॥213॥
ਹਸ ਕਰ ਤਿਸ ਪ੍ਰਤਿ ਗੁਰੂ ਉਚਾਰਾ ॥ ਬਾਬਾ ਕਯਾ ਗਲ ਪਾਇ ਜੰਜਾਰਾ[5] ॥
ਗੁਰ ਨਾਨਕ ਕੀ ਬਾਨੀ ਤਿਯਾਗੀ ॥ ਜਿਹ ਕਿਰਪਾ ਤੇ ਹਮ ਬਡਭਾਗੀ ॥214॥
ਸ੍ਰੀ ਗੁਰ ਨਾਨਕ ਗ੍ਰੰਥ ਬਨਾਵਾ ॥ ਭਰਾ ਖਜਾਨਾ ਅੰਤੁ ਨਾ ਆਵਾ ॥
ਵਿਰਤ ਗਯਾਨ ਵਵੇਕਿ ਉਚਾਰਾ ॥ ਭਗਤਿ ਵਿਗਯਾਨ ਨਾਮੁ ਅਪਾਰਾ ॥215॥

1. ਅ ਪੋਥੀ ਦੀਨ 2. ਅ ਪੋਥੀ ਹਮ 3. ਅ ਪੋਥੀ ਪੰਜ 4. ਅ ਪੋਥੀ ਕੇ 5. ਅ ਪੋਥੀ ਜਾਗਾ

ਨਰ ਬਿਨ ਨਾਰੀ ਕਿਸੇ ਨ ਲੇਖੇ ॥ ਬਿਨ ਕੇਵਟ ਜਿਮ ਨੌਕਾ ਪੇਖੇ ॥
ਬਿਨਾ ਲੋਨਿ ਜਿਮ ਭੋਜਨੁ ਹੋਈ ॥ ਪੰਖੁ ਬਿਨਾ ਜਿਮ ਪੰਖੀ ਰੋਈ ॥216॥
ਪਾਉ ਬਿਨਾਂ ਜਿਸ ਕੇਸਰਿ ਹੋਵੈ ॥ ਖੀਰ ਬਿਨਾ ਧੇਨੰ ਕਯਾ ਚੋਵੈ ॥
ਸਸਤ੍ਰ ਬਿਨਾ ਕਿਆ ਸੂਰ ਕਹਾਈ ॥ ਬਿਨੁ ਚਿਲੇ [1]ਕਿਆ ਧੰਨ ਕਮ ਆਈ ॥217

॥ ਦੋਹਰਾ ॥

ਤਿਮ ਮੁਖ ਗੁਰਬਾਨੀ ਬਿਨਾ ਮੁਖ ਨਹਿ ਅਹਿ ਖੂਡ ਜਾਨ ॥
ਮਰੁ ਜਨਮੈ ਦੁਖ ਪਾਵਈ ਗੁਰ ਬਿਨੁ ਗਯਾਨ ਨਾ ਭਾਨ ॥218॥

॥ ਚੌਪਈ ॥

ਗੁਰ ਨਾਨਕ ਜੀ ਆਪ ਬਖਾਨਾ ॥ ਜ਼ਾਸ ਸੁਨੈ ਭ੍ਰਮੁ ਰਹੇ ਨ ਆਨਾ ॥

॥ ਤਥਾ ਬਾਕਯੰ ॥ ਪਉੜੀ ਮ: ੧ ॥

ਸਤਿਗਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮ ਸੁਮਾਲਿਆ ॥
ਜਿਨ ਕਰ ਉਪਦੇਸਿ ਗਿਆਨੁ ਅੰਜਨੁ[2] ਦੀਆ ਏਨੀ ਨੇਤ੍ਰੀ ਜਗਤੁ ਨਿਹਾਲਿਆ ॥
ਖਸਮੁ ਛੋਡਿ ਦੂਜੈ ਲਗੇ ਡੂਬੇ ਸੇ ਵਣਜਾਰਿਆ ॥
ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵਿਚਾਰਿਆ ॥
ਕਰਿ ਕਿਰਪਾ ਪਾਰਿ ਉਤਾਰਿਆ ॥੫॥
ਗੁਰੂ ਤਯਾਗੁ ਜੋ ਆਨ ਮਨਾਵੈ ॥ ਜੀਵਤ ਹੀ ਸੁ ਅਧੋਗਤਿ ਪਾਵੈ ॥219॥

॥ ਦੋਹਰਾ ॥

ਬਿਨੁ ਸਤਿਗੁਰ ਨਹਿ ਮਤਿ ਜਗੈ ਗੁਰ ਬਿਨੁ ਭ੍ਰਮੁ ਭੁਲਾਇ ॥
ਇਸਟ ਛੋਡਿ ਜੋ ਅਨੁ ਭ੍ਰਮੈਂ ਮਰ ਪਿਸਾਚ ਹੁਇ ਜਾਵੈ ॥220॥
ਲਹਿਣਾ ਹੁਇ ਨਿਜ ਪਿਤਾ ਕੋ ਸੋ ਨਿਸਚੇ ਹਥਿਆਇ ॥
ਪਰ ਪਿਤਾ ਕਾ ਕਰ[3] ਨਹਿ ਮਿਲੈ ਜੇ ਸੌ ਜਤਨ ਕਮਾਇ ॥221॥

॥ ਚੌਪਈ ॥

ਸੁਨ ਬੇਦੀ ਗੁਰ ਚਰਨ ਗਹਾਏ ॥ ਮੈਂ ਭੂਲਾ ਬਖ਼ਸੋ ਸੁਖਦਾਏ ॥
ਜਿਸ ਮਾਰਗੁ ਅਬ ਪ੍ਰੇਰੋ ਸੁਆਮੀ ॥ ਸੋ ਮਾਨੋ ਮੈਂ ਅੰਤਰਜਾਮੀ ॥222॥
ਸਰਧਾਮਯ ਸੁਨ ਤਿਸ ਕੀ ਬਾਨੀ ॥ ਬੋਲੇ ਚੰਦ ਬਦਨ[4] ਸੁਖਦਾਨੀ ॥
ਜਪੁ ਸੁਖਮਨੀ ਕੰਠਿ ਕਰੁ ਲੀਜੈ ॥ ਨੇਮ ਪਰੀਜੈ ਅੰਮ੍ਰਿਤ ਪੀਜੈ ॥223॥
ਵਾਹਿਗੁਰੂ ਸਿਮਰੋ ਮਨੁ ਲਾਈ ॥ ਜਨੰਮੁ ਮਰੰਨੁ ਜੋਤੇ ਰੁਜ ਜਾਈ ॥
ਬੇਦ ਪੁਰਾਨ ਔਰ ਜੋ ਗ੍ਰੰਥੂ ॥ ਸਭ ਕਾ ਸਾਰ ਨਿਕਾਰਾ ਸਿੰਥੂ ॥224॥

---

1. ਅ ਪੋਥੀ ਪਾਠਾਂਤਰ: ਧਨ ਕਮ ਕਿਮ ਆਈ
2. ਮੂਲ ਪੋਥੀ ਅੰਵਨੁ
3. ਅ ਪੋਥੀ ਧਨ
4. ੲ ਪੋਥੀ ਕਮਲਾਨਨ

ਵਾਹਿਗੁਰੂ ਸਭ ਤੇ ਅਧਕਾਵਾ ।। ਗੁਰ ਨਾਨਕ ਜੀ ਆਪਿ ਬਤਾਵਾ ।।
ਗੁਰਦਾਸ ਭਾਈ ਬਚ ਬਖਾਨਾ[1] ।। ਵਾਹਿਗੁਰੂ ਯਸ ਪੌੜੀ ਗਾਨਾ ।।225।

।। ਪਰਮਾਨ ਭਾਈ ਗੁਰਦਾਜ ਜੀ ।।

ਸਤਜੁਗ ਸਤਗੁਰ ਵਾਸਦੇਵ ਵਵਾ ਵਿਸਨਾ ਨਾਮੁ ਜਪਾਵੈ ।।
ਦੁਆਪਰਿ ਸਤਗੁਰ ਹਰੀ ਕ੍ਰਿਸਨ ਹਾਹਾ ਹਰਿ ਹਰਿ ਨਾਮ ਜਪਾਵੈ ।।
[2]ਤ੍ਰੇਤੈ ਸਤਿਗੁਰ ਰਾਮ ਜੀ ਰਾਮ ਰਾਮ ਜਪੈ ਸੁਖ ਪਾਵੈ ।।
ਕਲਿਜੁਗ ਨਾਨਕ ਗੁਰ ਗੋਬਿੰਦ ਗਗਾ ਗੋਬਿੰਦੁ ਨਾਮ ਜਪਾਵੈ ।।
ਚਾਰੇ ਜਾਗੇ ਚਾਹੁ ਜੁਗੀ ਪੰਚਾਇਣੁ ਵਿਚ ਜਾਇ ਸਮਾਵੈ ।।
ਚਾਰੋ ਅਛਰੁ ਇਕੁ ਕਰਿ ਵਾਹਿਗੁਰੂ ਜਪਿ ਮੰਤ੍ਰ ਜਪਾਵੈ ।।
ਜਹਾਂ ਤੇ ਉਪਜਿਆ ਫਿਰ ਤਹਾਂ ਸਮਾਵੈ ।।226।।

।। ਦੋਹਰਾ ।।

ਗੁਰੂ ਗ੍ਰੰਥ ਸਾਹਿਬ ਜੀ ਵਿਖੇ ਭੁਟਨ ਕਰਾ ਬਖਾਨ ।।
ਵਾਹਿਗੁਰੂ ਸਿਮਰਨ ਕਰੈ ਚਾਰੰ ਪਦਾਰਥੁ ਪਾਨ ।।227।।

।। ਸ੍ਵੈਯਾ ।।

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ।।
ਕਵਲ ਨੈਨ ਮਧੁਰ ਬੈਨ ਕ੍ਰੋਟਿ ਸੈਨ ਸੰਗ ਸੋਭ
ਕਹਿਤ ਮਾਂ ਜਸੋਦਿ ਜਿਸਹਿ ਦਹੀ ਭਾਤਿ ਖਾਹਿ ਜੀਉ ।।
ਦੇਖ ਰੂਪ ਅਤਿ ਅਨੂਪ ਮੋਹਿ ਮਹਾ ਮਗ ਭਈ
ਕਿੰਨਨੀ ਸਬਦ ਝੁਨਤਕਾਰ[3] ਖੇਲਿ ਪਾਹਿ ਜੀਉ ।।
ਕਾਲਿ ਕਮਲ ਹੁਕਮ ਹਾਥ ਕਹਹੁ ਕੌਨ ਮੇਟਿ ਸਕੈ
ਈਸ ਬ੍ਰਮ ਗਯਾਨ ਧਯਾਨ ਧਰਤ ਹੀਯੈ ਚਾਹਿ ਜੀਓ ।।
ਸਤਿ ਸਾਚ ਸ੍ਰੀ ਨਿਵਾਸਿ ਆਦਿ ਪੁਰਖ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ।।228।।

।। ਦੋਹਰਾ ।।

ਐਸੇ ਬੈਨ ਗੁਰ ਕੇ ਸੁਨੇ ਬਾਬੇ ਮਨ ਮੇਂ ਧਾਰ ।।
ਵਾਹਿਗੁਰੂ ਮੁਖ ਤੇ ਭਨਾ ਹੋਵਾ ਭਵ ਤੇ ਪਾਰ ।।229।।
ਸ੍ਰੀ ਸੁਖਮਨੀ ਕੰਠ ਕਰ ਪਠੇ ਨੇਮ ਕੇ ਨਾਲ ।।
ਨਿਸਚਾ ਭਯੋ ਗਯਾਨ ਕਾ ਮੇਟੇ ਸਰਬ ਜੰਜਾਲ ।।230।।

---

1. ਅ ਪੋਥੀ ਪਾਠਾਂਤਰ ਭਾਈ ਗੁਰਦਾਸ ਜੀ ਬਚਨ ਬਖਾਨਾ ।
2. ਅ ਪੋਥੀ ਵਿਚ ਇਹ ਪੰਗਤੀਆਂ ਵਾਧੂ ਹਨ : ਤ੍ਰੇਤੈ ਸਤਿਗੁਰ ਗੁਰ ਗੋਬਿੰਦ ਨਾਮੁ ਜਪਾਵੈ ।। ਕਲਿਜੁਗ ਨਾਨਕ ਰਾਮ ਜੀ ਰਾਰਾ ਰਾਮ ਜਪੈ ਸੁਖ ਪਾਸੈ ।।
3. ਅ ਪੋਥੀ ਝੁਨਕਾਰ

॥ ਚੌਪਈ ॥

ਤ੍ਰਿਤੀਯ ਜਾਮ ਨਿਸ [ਕੋ][1] ਗੁਰ ਨਾਵੈ ॥ ਦ੍ਵਾਰ ਸੁਨੈ ਮਨ ਮੈ ਹਰਖਾਵੈ ॥
ਏਕ ਦਿਨਾ ਜਲ ਕਰਕੇ ਤਯਾਰ ॥ ਸੇਵਕ ਬੋਲਾ ਉਠੋ ਮੁਰਾਰ ॥231॥
ਕਹਾ ਹਜੂਰਿ ਕਿਛੁ ਬਿਲਮਾਵੋ ॥ ਬੋਲੋ ਨਾਹੀ ਥਿਰੇ ਰਹਾਵੋ ॥
ਚਾਰ ਘਰੀ ਜਬ ਬੈਠਿ ਬਿਤਾਈ ॥ ਬਹੁਰਿ ਕਹਯੋ ਉਠੋ ਸੁਖਦਾਈ ॥232॥
ਗੁਰੂ ਕਹਾ ਨਹਿ ਕਾਹਲਿ ਕੀਜੈ ॥ ਵਾਹਿਗੁਰੂ ਸਿਮਰੋ ਸੁਖ ਲੀਜੈ ॥
ਤਿਸੀ ਸਮੇਂ ਸੰਗਤਿ ਇਕੁ ਆਈ ॥ ਗੁਰੂ ਦਰਸਨ ਕਰ ਭੇਟ ਚੜਾਈ ॥233॥
ਕਹਯੋ ਹਜੂਰ ਸਮਾ ਅਬ ਹੋਵਾ ॥ ਮਜਨ ਕਰੀਏ ਲਯਾਵੋ ਤੋਵਾ ॥
ਜਬ ਗੁਰ ਊਪਰ ਗਡਵਾ ਡਾਰਾ ॥ ਜੁਮਜੀ ਮਲਨ ਲਗੇ ਹਿਤ ਧਾਰਾ ॥234॥

(ਕੋਹੜੀ ਦਾ ਰੋਗ ਦੂਰ ਕਰਨਾ)

॥ ਦੋਹਰਾ ॥

ਕੁਜ ਹਰਿ ਸੰਗਤਿ ਸਾਲਥਾ[2] ਕੁਸਟ ਰੋਗ ਤਨ ਭੂਰ ॥
ਚੈਲਿ ਉਤਾਰਨਿ ਤਿਨ ਕਰੇ ਆਵਾ ਗੁਰੂ ਹਜੂਰ ॥235॥

॥ ਚੌਪਈ ॥

ਜੋ ਜਲ ਚੌਕੀ ਹੇਠ ਚਲਾਵਾ ॥ ਮੰਗਲ ਸਿੰਘ ਲੇ ਤਨ ਕੋ ਲਾਵਾ ॥
ਸਾਰੇ ਤਨ ਪਰ ਕਰਦਮ ਲਾਯੋ ॥ ਦ੍ਰਿਖ ਤਿਸੁ ਪ੍ਰਤਿ ਗੁਰ ਬਚਨੁ ਅਲਾਯੋ ॥236॥
ਕਯਾ ਤੈਂ ਕੀਨੋ ਮਹਾ ਗਵਾਰਾ ॥ ਦੇਹੀਂ ਪਰ ਤੈ ਚੀਕਰ ਧਾਰਾ ॥
ਸਿਖ ਕਹੈ ਮੈ ਨਾਹਿ ਗਵਾਰਾਂ ॥ ਕਰਦਮ ਕੋ ਦੇਖਾ ਸੁਖ ਭਾਰਾਂ ॥237॥
ਕਮਲ ਨੈਨ ਪੂਛਾ ਕਯੋ ਲਾਵਾ ॥ ਸਿਖ ਕਹਯੋ ਸੁਨ ਦੁਖ ਬਨੁ ਦਾਵਾ ॥
ਕੁਸਟ ਰੋਗ ਮੋਕੌ ਦੁਖ ਦੀਨਾ ॥ ਧੈਰਾ ਆਇ ਤੁਮਾਰਾ ਲੀਨਾ ॥238॥
ਸਗਾਈ ਮੇਰੀ ਟੂਟ ਸੁ ਗਈ ॥ ਸਭ ਪ੍ਰਵਾਰ ਕੋ ਸੁਧ ਭੁਲਿ ਗਈ ॥
ਔਰੁ ਭਰੋਸੇ ਦੀਨ ਤਿਆਗੀ ॥[3] ਤਵ ਚਰਨਨ ਮੈ ਪ੍ਰੀਤੀ ਜਾਗੀ ॥[3]239॥
ਸੇਵਕ ਜਾਨੋ ਦਯਾ ਕਰੀਜੈ ॥ ਰੋਗ ਮਿਟਾਵੋ ਸੁਖ ਮੋਹਿ ਦੀਜੈ ॥
ਮਯਾ ਨਾਥ ਨੇ ਗਿਰਾ ਅਲਾਈ ॥ ਜਾਵੋ ਅਪਿਗਾ ਪੰਕ ਹਟਾਈ ॥240॥

॥ ਦੋਹਰਾ ॥

ਮਾਨ ਬਚਨੁ ਜਬ ਜਾਤ ਭਾ ਨਾਓ ਨਦੀ ਨਾਂਝਾਰ ॥
ਕੁਸਟ ਰੋਗ ਦੇਹ[4] ਤੇ ਇਮ ਗਯੋ ਜਿਮ ਰੂਈ ਅਗ ਡਾਰ ॥241॥

॥ ਚੌਪਈ ॥

ਕੰਚਨਿ[5] ਵਤਿ ਦੇਹੀ ਤਿਸ ਹੋਈ ॥ ਆਵਾ ਗੁਰ ਪਹਿ ਸਭ ਦੁਖ ਖੋਈ ॥
ਅਸਨ ਛਕਾਵਾ ਸਤਿਗੁਰ ਪੂਰੇ ॥ ਬਚਨੁ ਬਖਾਨਾ ਸੁਨ ਸਿਖ ਰੂਰੇ ॥242॥

---

1. ਅ ਪੋਥੀ ਵਿਚੋਂ 2. ਅ ਪੋਥੀ ਨਾਲ ਥਾ 3. ਅ ਪੋਥੀ ਪਾਠਾਂਤਰ : ਸਰਨੀ ਤਵ ਆਯੋ ਸੁਖ ਰਾਗੀ ॥
4. ਅ ਪੋਥੀ ਸੁ ਤਨ 5. ੲ ਪੋਥੀ ਚੰਦਨ

ਸੈਂਧਵ ਸੇਵ[1] ਕਰੋ ਮਨ ਲਾਈ ॥ ਵਾਹਿਗੁਰੂ ਸਿਮਰੋ ਹਰਖਾਈ ॥
ਦੇਹ ਤਯਾਗੁ ਗੁਰ ਨਾਨਕ ਪਾਵੋ ॥ ਜਨਮ ਮਰਨ ਮੇ ਬਹੁਰਿ ਨ ਆਵੋ ॥243॥
ਖਸ਼ਟ ਮਾਸ ਹੈ ਪੁਰੀਖ ਹਟਾਈ ॥ ਮਾਤ ਪਿਤਾ ਤਿਸ ਆਏ ਧਾਈ ॥
ਕੁਲ ਹਰਿ ਮਿਲ ਕਰੁ ਬਹੁ ਹਰਖਾਏ ॥ ਤਨੁ ਤਿਸ ਕੰਚਨਿ ਵਤੁ ਸੋਹਾਏ ॥244॥
ਮਾਤਾ ਪਿਤਾ ਦਿਖ ਅਸ ਹਰਖਾਇ ॥ ਜੈਸੇ ਨਿਰਧੰਨ ਧਨੁ ਕੋ ਪਾਇ ॥
ਜਾ ਹਜੂਰਿ ਤਿਨ ਬਿਨਤੀ ਗਾਈ ॥ ਕੁਸਟ ਦੀਯੋ ਗੁਰ ਆਪ ਹਟਾਈ ॥245॥

॥ ਦੋਹਰਾ ॥

ਇਕ ਅਰਜੀ[2] ਹਮਰੀ ਸੁਨੋ ਬੇਦੀ ਕੁਲ ਕੇ ਭਾਨ ॥
ਬਯਾਹਿ ਕਰਾਵੋ ਸੁਵਨ ਕਾ ਇਸ ਭੇਜੋ ਗ੍ਰਹ ਥਾਨ ॥246॥
ਸ੍ਰੀ ਕਮਲੋਨਨ ਬਚ ਭਨੋ ਮੰਗਲ ਸਿੰਘ ਘਰੁ ਜਾਇ ॥
ਬਯਾਹਿ ਕਰਾਵੋ ਖੁਸੀ ਹੋ ਵਾਹਿਗੁਰੂ ਮੁਖ ਗਾਇ ॥247॥
ਬਾਰੰਬਾਰ ਪ੍ਰਣਾਮ ਕਰੁ ਗੁਰ ਕੇ ਚਰਨ ਮਨਾਇ ॥
ਗੁਨ ਗਾਵਤੁ ਘਰੁ ਕੋ ਗਯੋ ਸਤਿਗੁਰ ਕਰੀ ਸਹਾਇ ॥248॥
ਪਾਦ ਨੀਰ ਗੁਰ ਸੁਧਾ ਤੁਲ ਕੋਢਨ ਰੋਗ ਮਿਟਾਇ ॥
ਐਸਾ ਗੁਰ ਜਿਨ ਤਿਆਗਿਆ ਮਰੁ ਜਨਮੈ ਦੁਖ ਪਾਇ ॥249॥

**(ਖੜਕ ਸਿੰਘ ਸੋਢੀ ਦੀ ਕਥਾ)**

॥ ਚੌਪਈ ॥

ਖੜਕ ਸਿੰਘ ਸੋਢੀ ਚਲ ਆਵਾ ॥ ਆਵਤ ਹੀ ਗੁਰ[3] ਪਗਿ ਲਪਟਾਵਾ[3] ॥
ਏਕੁ ਬੇਨਤੀ ਸੁਨੋ ਸੁਆਮੀ ॥ ਸੁਤ ਨਾ ਹੋਵਾ ਏ ਵਡ ਖਾਮੀ ॥250॥
ਤਬ ਹਜੂਰ ਬੋਲੇ ਕਰ ਮਯਾ ॥ ਸੁਤ ਹੋਵੈ ਤੁਮਰੇ ਸਦਨਯਾ ॥
ਨਿਤ ਹਮਾਰਾ ਦਰਸ ਕਰਾਵੋ ॥ ਨਹਿ ਕਰਵਾਵੋ ਜਿਯ ਤਨੁ ਪਾਵੋ ॥251॥
ਸੋਢੀ ਕਹਯੋ ਸਦਾ ਹਮ ਆਵੈ ॥ ਬਰਕ ਕੋ ਨਿਤੁ ਦਰਸ ਕਰਾਵੈ ॥
ਮਾਥ ਨਾਇ ਨਿਜ ਭਵਨੁ ਸਿਧਾਇਓ ॥ ਜੁਵਤੀ ਪ੍ਰਤ ਤਿਨ ਜਾਇ ਸੁਨਾਇਓ ॥252॥
ਕਹਯੋ ਹਜੂਰ ਸੁਤ ਹੋਵੇ ਭਵਨੂ ॥ ਤੁਮ ਸੁਖ ਪਾਵੋ ਦਿਖ ਸੁਤ ਰਮਨੂ ॥
ਏਕ ਸਾਲ ਪਾਛੇ ਸੁਤ ਹੋਵਾ ॥ ਬਜੀ ਬਧਾਈ ਆਨੰਦ ਜੋਵਾ ॥253॥

॥ ਦੋਹਰਾ ॥

ਖੜਕ ਸਿੰਘ ਲੈ ਸੁਵਨ ਕੋ ਆਵਾ ਗੁਰੂ ਹਜੂਰ ॥
ਜਥਾ ਸਕਤਿ ਭੇਟਾ ਧਰੀ ਮਨ ਹਰਖਾ ਲੈ ਧੂਰ ॥254॥
ਦਾਸੀ ਦਾਸ ਉਛੰਗ ਲੈ ਦਰਸ ਦਿਖਾਵੈ ਆਇ ॥
ਨਿਤ ਪ੍ਰਤਿ ਨੇਮੁ ਨਿਬਾਹਿਤੇ ਬਾਲਕ ਘਰੁ ਲੈ ਜਾਇ ॥255॥

1. ਅ ਪੋਥੀ ਟਹਲ 2. ੲ ਪੋਥੀ ਬਿਨਯ 3. ੲ ਪੋਥੀ ਸੀਸ ਨਿਵਾਵਾ

॥ ਚੌਪਈ ॥

ਖੜਕ ਸਿੰਘ ਕਿਤੋ[1] ਕੰਮ ਚਾਲਾ ॥ ਨਾਰਿ ਪ੍ਰਤਿ ਕਹਿ ਬਚਨੁ ਰਸਾਲਾ ॥
ਨਿਤੁ ਹਜੂਰ ਪਾਸਿ ਲੈ ਜਾਵੋ ॥ ਸਿਸੁ ਕੋ ਨਿਤੁ ਪ੍ਰਤਿ ਦਰਸੁ ਕਰਾਵੋ ॥256॥
ਖੜਕ ਸਿੰਘ ਚਾਲਾ ਹਰਖਾਈ ॥ ਬਾਰ ਬਾਰ ਨਾਰੀ ਸਮਝਾਈ ॥
ਪਾਛੇ[2] ਕੀ ਅਬਿ ਗਾਥ[2] ਸੁਨੀਜੈ ॥ ਜਾਸੁ ਸੁਨੈ ਮਨੁ ਨਿਸਚਾ ਲੀਜੈ ॥257॥
ਨਿਤੁ ਸੇਵਕੁ ਲੈ ਗੁਰ ਪਹਿ ਜਾਈ ॥ ਮਾਥ ਨਿਵਾਵੈ ਮਨੁ ਹਰਖਾਈ ॥
ਸਗਲ ਸਰੀਕਨ ਜਬ ਸੁਨ ਪਾਯੋ ॥ ਹਾਸੀ ਕਰੁ ਕਰੁ ਦਾਸ ਹਟਾਯੋ ॥258॥
ਲੋਕਿ ਲਾਜ ਤੁਮ ਕੋ ਤਿਲੁ ਨਾਹੀ ॥ ਸੋਢੀ ਹੁਇ ਬੇਦੀ ਕੇ ਜਾਹੀ ॥
ਕਰੁ ਕਰੁ ਬੋਲੀ ਦੀਨ੍ਹ ਭ੍ਰਮਾਈ ॥ ਸੋਢੀ ਨਾਰੀ ਸੁ ਤਹ ਹਟਾਈ ॥259॥

॥ ਦੋਹਰਾ ॥

ਸੇਵਕੁ ਕੋ ਆਗਿਆ ਕਰੀ ਬਾਰਿਕ ਮਤਿ ਲੈ ਜਾਇ ॥
ਸੇਵਕੁ ਲੈ ਕਰੁ ਨਹਿ ਗਿਯੋ ਤਤਖਿਨੁ ਪ੍ਰਾਨ ਬਿਲਾਇ ॥260॥

॥ ਚੌਪਈ ॥

ਖੜਕ ਸਿੰਘ ਤਿਸੇ ਦਿਨ ਆਵਾ ॥ ਜੁਵਤੀ[3] ਦਾਸਨ ਰੋਇ ਸੁਨਾਵਾ ॥
ਕੌਰੁ ਮਰਾ ਸੁਨ ਸੋਢੀ ਰੋਵਾ ॥ ਗੁਰ ਕੇ ਆਗੇ ਜਾਇ ਖਲੋਵਾ ॥261॥
ਗੁਰੂ ਕਰਯੋ ਕਯੋ ਰੋਵੈ ਭਾਈ ॥ ਬਾਮਾ ਤੇਰੀ ਗਿਰਾ ਹਟਾਈ ॥
ਹਮ ਤੋ ਪ੍ਰਥਮੇ ਤੁਮ ਕਹਿ ਰਾਖਾ ॥ ਕਹਿ ਸਰੀਕਨ ਦੁਖ ਤੁਮ ਚਾਖਾ ॥262॥
ਤੁਮ ਸੁਤ ਕੁੜਰਾਵਾਲ ਸਿਧਯੋ ॥ ਮਾਲਾ ਸਿੰਘ ਸੁਨਾਰ ਘਰ ਜਯੋ ॥
ਨਾ ਉਸ ਰਾਮ ਸਿੰਘ ਤਿਸੁ ਹੋਵੈ ॥ ਗੁਰ ਸਿਖੀ ਮਹਿ ਨਿਸਚਾ ਜੋਵੈ ॥263॥

॥ ਦੋਹਰਾ ॥

ਬਚਨ ਅਮਿਟ ਸਤਿਗੁਰੂ ਕੇ ਬ੍ਰਿਖਾ[4] ਨ ਕਬਹੀ ਹੋਇ ॥
ਚੰਦ ਸੂਰ ਛਿਤੁ ਜਾਂਹਿ ਗੇ ਗੁਰੂ ਗਿੜਾਂ ਦ੍ਰਿੜ ਜੋਇ ॥264॥

॥ ਚੌਪਈ ॥

ਖੜਕ ਸਿੰਘ ਕਰੁ ਜੋਰ ਖਲੋਵਾ ॥ ਹੋਇ ਅਧੀਨ ਸੁ ਅਤਸੇ ਰੋਵਾ ॥
ਪ੍ਰਨ ਹਜੂਰੁ ਨ੍ਹਹਿ ਬਿਨੈ ਸੁਨਾਈ ॥ ਪ੍ਰਭ ਗਹਿ ਸੁਤ ਕ੍ਰੀ ਕੀਮ ਨ ਕਾਈ ॥265॥
ਸੇਵਕ ਕੀ ਅਭਿਲਾਖਾ ਪੂਰੋ ॥ ਦੀਜੈ ਸੁਤ ਮੁਝ ਗੁਨੀ ਗਹੇਰੋ ॥
ਦੇਵੀ ਦੇਵਾ ਲੋਗ ਮਨਾਵੈਂ ॥ ਗੁਰ ਸੇਵਕ ਚਲ ਗੁਰ ਪਹਿ ਆਵੈ ॥266॥
ਗੁਰੂ ਮਿਹਰ ਕਰ ਬਚਨ ਉਚਾਰਾ ॥ ਜੁਗਲ ਹੋਹਿ ਸੁਤ ਤੋਹਿ ਅਗਾਰਾ ॥
ਸੁਨ ਕਰ ਸੋਢੀ ਮਨ ਹਰਖਾਵਾ ॥ ਜੋੜਾ ਝਾੜਾ ਅੰਗਰ ਟਿਕਾਵੋ ॥267॥

---

1. ਏ ਪੋਥੀ ਕਿਥੋ
2. ਏ ਪੋਥੀ ਪਾਠਾਂਤਰ : ਕਾ ਅਬ ਹਾਲ
3. ਏ ਪੋਥੀ ਨਾਰੀ 4. ਮੂਲ ਪੋਥੀ ਮ੍ਰਿਥਾ

ਪ੍ਰਭੂ ਮੁਯਾ ਤੇ ਜੁਗ ਸੁਤ ਹੋਏ ॥ ਸਰਨ ਸਿੰਘ ਜਸਾ ਸਿੰਘ ਜੋਏ ॥
ਦੋਨੋ ਗੁਰ ਕੇ ਸਿਖੁ ਬਨਾਏ ॥ ਆਪ ਸਦਾ ਗੁਰ ਸੇਵ ਕਮਾਏ ॥268॥

॥ ਦੋਹਰਾ ॥

ਜੋ ਜੋ ਸੇਵਤਿ[1] ਗੁਰੂ ਕੋ ਚਾਰੁ ਪਦਾਰਥੁ ਪਾਇ ॥
ਸੁਰ ਤਰੁ ਮਣੀ ਕਾਮ ਧੇਨ ਗੁਰ ਸਭ ਤੇ ਅਧਿਕਾਇ ॥269॥

(ਕੁਲ ਗਿਰਾਂਉ ਜਾਣਾ)

॥ ਚੌਪਈ ॥

ਏਕ ਦਿਵਸਿ ਗੁਰ ਕੇ ਮਨੁ ਆਈ ॥ ਕੁਲ ਗਿਰਾਉ ਚਾਲੈ ਸੁਖ ਹਰਖਾਈ ॥
ਸਭ ਪਰਵਾਰੁ ਸਾਥ ਗੁਰ ਲਯਾਏ ॥ ਕੁਲਿ ਗਿਰਾਉ ਬਸੇ ਹਰਖਾਏ ॥270॥
ਬਿਸਨੁ ਸਿੰਘ ਕੋ ਤਹ ਠਹਰਾਈ ॥ ਆਪ ਚੜੇ ਸਤਿਗੁਰ ਸੁਖਦਾਈ ॥
ਝਿਗੜੀ ਗਾਉ ਭੀਮ ਚੰਦੁ ਦੀਨ ॥ ਕਲਧਾਹੀ ਕੋ ਸਰਧਾ ਪੀਨ ॥271॥
ਸਤ੍ਰ ਘੁਮਾਉ ਆਇ ਮਸਾਰਾ ॥ ਰਾਜੇ ਲਿਖ ਦੀਨਾ ਹਿਤ ਧਾਰਾ ॥

(ਜ਼ਿਮੀਦਾਰਾਂ ਨੂੰ ਸਬਕ ਸਿਖਾਉਣਾ)

ਜਗੀਰ ਜਾਨ ਗੁਰ ਤਿਹ ਪਿੰਡੁ ਗਏ ॥ ਪਾਦਪ ਤਰੇ ਸੁ ਉਤਰਤ ਭਏ ॥272॥
ਜਿਮੀਦਾਰ ਸਭ ਬੋਲਿ ਪਠਾਏ ॥ ਆਏ ਬਿਨੁ ਭੇਟਾ ਖੁਨਸਾਏ ॥
ਆਪੁ ਹਜੂਰਿ ਬਚਨੁ ਸੁਭ ਕੀਨੇ ॥ ਅਬ ਲਗੁ ਦਾਣੇ ਕਿਉ ਨਹੀ ਦੀਨੇ ॥273॥
ਤੋਲਿ ਅੰਨ ਸਭ ਮੋਣੀ ਪਾਵੋ ॥ ਭਰਤੀ ਹਮਰੇ ਸਦਨ ਪੁਚਾਵੋ ॥
ਸੁਨਿ ਕਰਿ ਬਚਨ ਤਮਕਿ ਮਨਿ ਆਈ ॥ ਚਿਤੁ ਰਾਖੀ ਮੁਖ ਤੇ ਨ ਜਨਾਈ ॥274॥

॥ ਦੋਹਰਾ ॥

ਘਰ ਗੰਗਾ ਪ੍ਰਾਪਤ ਭਈ ਲਖਯੋ ਨ ਤਾਹਿ ਪ੍ਰਤਾਪੁ ॥
ਗੁਰ ਪ੍ਰਾਰਸਿ ਪਰਸਯੋ ਨਹੀ ਪਰਬਲ ਹੈ ਜਿਨ ਪਾਪ ॥275॥
ਕਾਮਧੇਨ ਸੁਰਤਰ ਰਤਨੁ ਚਿੰਤਾਮਣਿ ਜਿਸੁ ਦਾਸੁ ॥
ਰੰਘੜ ਰੰਕ ਨ ਚਰਨ ਗਹਿ ਮਾਯਾ ਕੀਨ ਬਿਲਾਸਾ ॥276॥

॥ ਚੌਪਈ ॥

ਰੰਘੜ ਕਹਯੋ ਸਭੈ ਮਿਲੁ ਆਵੈਂ ॥ ਚਾਰੇ ਧਿਰਾ ਰਸਤ ਲੈ ਜਾਵੈਂ ॥
ਕਹੈ ਹਜੂਰਿ ਤੂੰ ਹਮ ਕੋ ਦੇਹਿ ॥ ਹਮ ਭਾਈ ਆਪੇ ਵੰਡਿ ਲੇਹਿ ॥277॥
ਰੰਘੜ ਕਹਯੋ ਜੋਰ ਕਯੋ ਲਾਵੋ ॥ ਏਕ ਏਕ ਆਏ ਨਹਿ ਪਾਵੋ ॥
ਕਹਯੋ ਹਜੂਰ ਕਹਾ[3] ਨਹਿ ਮਾਨੇ ॥[4] ਤਾਂ ਦੁਖ ਪਾਵੈ[4] ਬੀਚ ਜਹਾਨੇ ॥278॥
ਕਹਿ ਰੰਘੜਿ ਅਬਿ ਦੇਖਾ ਜਾਈ ॥ ਸੁਤ ਪਸਿ ਨਾਰਿ ਮੇਰੇ ਮਰਿ ਜਾਈ ॥
ਤਾਂ ਮੈ ਤੋ [ਕਿਉ][5] ਦਾਣੇ ਦੈਵੋ ॥ ਕਰਾਮਾਤ ਜਬ ਦੇਖੁ ਸੁ ਲੇਵੋ ॥279॥

---

1. ਅ ਪੋਥੀ ਜੋ ਸੇਵਤ ਹੈ 2. ਅ ਪੋਥੀ ਪਾਠਾਂਤਰ : ਕਉ ਗੁਰ ਵਡ ਚੀਨ
3. ੲ ਪੋਥੀ ਹੁਕਮ 4. ੲ ਪੋਥੀ ਪਾਠਾਂਤਰ : ਨਰਕ ਭੋਗੇਗਾ । 5. ੲ ਪੋਥੀ ਵਿਚੋਂ

॥ ਦੋਹਰਾ ॥

ਕਹਯੋ ਹਜੂਰਿ ਜਸੁ ਭਾਵਨਾ ਤੈਸੋ ਹੀ ਫਲੁ ਜੋਇ ॥
ਦਾਣੇ ਸਿਰ ਤੇ ਧਾਰ ਕਰਿ ਹਮ ਗ੍ਰਿਹਿ ਆਵਹਿ ਰੋਇ ॥280॥

॥ ਚੌਪਈ ॥

ਐਸੇ ਕਹਿ ਗੁਰ ਭਏ ਸਵਾਰੁ ॥ ਬਿਲਾਸਪੁਰੇ ਪਹੁਚੇ ਹਰਖਾਰ ॥
ਰੰਘੜਿ ਕੌ ਅਨੁਜੈ ਸਮਝਾਵਾ ॥ ਸਾਹਿਬ ਮੋੜੋ ਲਾਗੋ ਹਾਵਾ ॥281॥
ਬੋਲਾ ਮੂਰਖੁ ਕਯੋ ਡਰ ਪਾਵੈ ॥ ਹੋਵੈ ਸੋ ਜੋ ਦੇਵੀ ਭਾਵੈ ॥
ਮੋ ਤੇ ਦਾਣੇ ਲੋਰਤ ਆਵਾ ॥ ਕਰਾਮਾਤ ਕਾ ਡਰੁ ਦਿਖਰਾਵਾ ॥282॥

॥ ਦੋਹਰਾ ॥

ਮੂਰਖਿ ਬਬਿਕਿਬਾਦ[1] ਕਰੁ ਖਾਇ ਅਸਨ ਨਿਸ ਸੋਇ ॥
ਸ੍ਰੀ ਗੁਰ[2] ਪਦ ਨਹਿ ਗਹਿਤ ਭਾਂ ਅੰਤੁ ਰੋਵੈ ਸੋਇ ॥283॥

॥ ਚੌਪਈ ॥

ਰਾਤ ਭਈ ਤਬ ਸੁਤ ਮਰਿ ਗਯੋ ॥ ਹਾਇ ਹਾਇ ਕਰੁ ਰੋਵਤਿ ਭਯੋ ॥
ਭਈ ਸਵੇਰੁ ਜੁਗ[3] ਬੈਲ ਮਰਾਨੇ ॥ ਖਿਨੁ ਖਿਨੁ ਭਈ ਦੁਸਟ ਕੀ ਹਾਨੇ ॥284॥
ਦੁਤੀ ਰਾਤ ਪੰਜ ਭੈਸ ਮਰਾਨੀ ॥ ਦਿਨ ਚੜਿਤੇ ਨੂੰ ਨਾਰ ਮਿਰਾਨੀ ॥
ਜਿਨ ਸਤਿਗੁਰ ਕਾ ਕਹਾ ਨ ਮਾਨਾ ॥ ਕਯੋ ਸੁਖੁ ਪਾਵੈ ਬੀਚ ਜਹਾਨਾ ॥285॥
ਕਹਯੋ ਭ੍ਰਾਤ ਅਜਹੂ ਬਖਸਾਇ ॥ ਗੁਰ ਬਿਰੋਧਿ ਕਰ ਕਯਾ ਸੁਖੁ ਪਾਏ ॥
ਸੁਤ ਸੁਭ ਨਾਰਿ ਪਸੂ ਮਰਿ ਗਏ ॥ ਅਜੇ ਹਠਿ ਨਹੀ ਤਯਾਗਨ ਕਏ ॥286॥

॥ ਦੋਹਰਾ ॥

ਹੋਇ ਦੁਖੀ ਰੋਵਤਿ ਭਯੋ ਭੁਲਾ ਮਹਾ ਗਵਾਰੁ ॥
ਮਿਲ ਰੰਘੜਿ ਸਭ ਕਹਤੁ ਭੇ ਜਾਵੋ ਗੁਰ ਦਰਬਾਰੁ ॥287॥
ਕੈ ਤਾ ਸਾਡਾ ਕਹਿਆ ਕਰਿ ਨਹੀ ਤਾਂ ਪਿੰਡੁ ਤਿਆਗੁ ॥
ਹਠਿ ਤਜਿ ਦਾਣੇ ਦੇਹੁ ਗੁਰ ਰਤਿ ਪਿੰਡ ਲਾਗੇ ਆਗ ॥288॥

॥ ਚੌਪਈ ॥

ਹਾਰ ਮਾਨ ਰੰਘੜ ਪਛੁਤਾਯਾ ॥ ਕੁਲ ਗਿਰਾਉ ਪੱਟ ਸਿਰੁ ਲਾਯਾ ॥
ਮਾਤਾ ਪਾਸ ਬਹੁਤ ਰੁਦਨਾਯੋ[4] ॥ ਮੈ ਮੂਰਖ ਨੇ ਸਦਨ ਗਵਾਯੋ ॥289॥
ਗੁਰ ਕੀ ਕਹਿਵਤ ਨਹਿ ਮੈ ਮਾਨੀ ॥ ਸੋ ਫਲ ਪਾਵਾ ਸਭ ਜਗੁ ਜਾਨੀ ॥
ਦਾਣੇ ਅਪਣੇ ਅਬ ਤੁਮ ਲੇਵੋ ॥ ਮਮ ਬਖਸਾਵਨੁ ਆਪਿ ਕਰੇਵੋ ॥290॥

---

1. ਦ ਪੋਥੀ ਬਕਵਾਸ
2. ਦ ਪੋਥੀ ਸਤਿਗੁਰੂ
3. ਦ ਪੋਥੀ ਦੋਇ
4. ਦ ਪੋਥੀ ਕੁਰਲਾਯੋ

ਮਾਤਾਂ ਬਿਸਨ ਸਿੰਘ ਉਤਰ ਦਏ ॥ ਪੁਰ ਬਿਲਾਸ ਸਾਹਿਬੁ ਜੀ ਗਏ ॥
ਰੰਘੜਿ ਨੇ ਜਬ ਅਸਿ ਸੁਨ ਪਾਵਾ ॥ ਉਠ ਕਰਿ ਅਪਨੇ ਸਦਨ ਸਿਧਾਵਾ ॥291॥
ਕਹਯੋ ਕੁਟੰਬ ਹਜੂਰ ਹੀ ਜਾਹਿ ॥ ਲੀਜੋ ਗੁਰ ਤੇ ਭੂਲ ਬਖਸਾਇ ॥
ਇਕ ਬਕਰੂ ਲੀਨੋ ਅਤਿ ਮੋਟਾ ॥ ਚਲ ਸੁ ਪਰਾ ਤਬ ਗੁਰ ਕੀ ਓਟਾ ॥292॥

॥ ਦੋਹਰਾ ॥

ਦਰਸਯੋ ਨਗਰ ਬਿਲਾਸ ਪੁਰਿ ਪਰਸਯੋ ਬੇਦੀ ਏਸ ॥[1]
ਤ੍ਰਾਹਿ ਤ੍ਰਾਹਿ ਰਖਿਆ ਕਰੋ ਸਰਨ ਪਾਲ ਜਗਤੇਸ[2] ॥293॥

॥ ਚੌਪਈ ॥

ਬਖਸੋ ਮੁਹਿ ਸਭ ਦਾਨੇ ਲੀਜੈ ॥ ਮੇਰੀ ਭੂਲ ਨ ਯਾਦ ਕਰੀਜੈ ॥
ਪਸੂ ਗਵਾਰੁ ਢੋਲ ਤਿਲ ਨਾਰੀ ॥ ਪਾਂਚੋ ਤਾੜਨ ਇਹ ਅਧਿਕਾਰੀ ॥294॥
ਤੁਮਰਾ ਕਹਯੋ ਨ ਮੈ ਮਨ ਲਾਯਾਯੋ ॥ ਸੁਤ ਪਸੁ ਨਾਰੀ ਮਰੁ ਪਛਤਾਯੋ ॥
ਬਡ ਸਜਾਇ ਤੁਮ ਦੀਨ ਗੁਸਾਈ ॥ ਲੀਜੈ ਰਾਖ ਦ੍ਰੂਪਤਿ ਗਜ ਨਯਾਈ ॥295॥
ਆਗੇ ਦਾਨੇ ਨਿਤ ਪਹੁਚਾਊ ॥ ਵਾਕ ਨ ਤੁਮਰਾ ਕਬੀ ਹਟਾਊ ॥
ਜਾਨੁ ਗੁਲਾਮੁ ਮੁਝੇ ਰਖ ਲੇਵੋ ॥ [3]ਪਾਹਿ ਪਾਹਿ' ਮੁਝੇ ਸਰਨ ਸੁ ਦੇਵੋ ॥296॥
ਗੁਰੂ ਕਹਯੋ ਅਬਿ ਚਿੰਤੁ ਤਿਯਾਗੋ ॥ ਰਹੋ ਪਾਸ ਨਹਿ ਲਗ ਦੁਖ ਦਾਗੋ ॥
ਜੇਬ ਹਮ ਅਪੁਨੇ ਭਵਨੁ ਸਿਧਾਵੈ ॥ ਲੇਵੈ ਜੋਖ ਨਹੀ ਬਿਲਮਾਵੈ ॥297॥

॥ ਦੋਹਰਾ ॥

ਪੁਰ ਬਿਲਾਸ ਕੇ ਨਰੁ ਬਹੁਤ ਧਰੁ ਕਰੁ ਸਰਧਾ ਆਇ ॥
ਚਰਨਿ ਗਹੈ ਭੇਟਾ ਧਰੈਂ ਬਾਰੁ ਬਾਰੁ ਬਲਿ ਜਾਇ ॥298॥
ਪ੍ਰੇਮ ਮਸਤ ਸ੍ਰੀ ਸਤਿਗੁਰੂ ਸੁਨਤੇ ਰਾਗੁ ਹਮੇਸ ॥
ਗਾਇਨ ਦੇਵੈ ਦਰਬੁ ਬਹੁ ਮੇਟੈ ਸਕਲੁ ਕਲੇਸ ॥299॥

**(ਬਾਬਾ ਸਾਹਿਬ ਸਿੰਘ ਦਾ ਸਰੂਪ)**

॥ ਚੌਪਈ ॥

ਮਧੁਰੀ ਮੂਰਤਿ ਕੰਚਨੁ ਦੇਹੀ ॥ ਨੈਨ ਕੰਜ ਅਲਿ ਸਿਖੁ ਸਨੇਹੀ ॥
ਮਸਤਕਿ ਸੋਭਤ ਜੈਸ ਰਕੇਸ ॥ ਨਿਰਖ ਰੰਕ ਹੋਵੈ ਜਗਤੇਸ ॥300॥
ਪੀਤ ਬਸਨ ਪਹਿਰੈ ਸਦ ਸ੍ਵਾਮੀ ॥ ਜਿਹ ਦਰਸੈ ਸੁਧ ਹੋਵੈ ਬਾਮੀ ॥
ਜਿਗਾ ਸੁ ਕਲਗੀ ਮਾਥੇ ਰਾਜੇ ॥ ਕੜੇ ਜੜਾਊ ਕਰ ਮੋ ਸਾਜੇ ॥301॥
ਨਵ ਰਤਨੇ ਭੁਜ ਦੰਡਿ ਸੁਹਾਏ ॥ ਛਾਪ ਛਲਾਇਨ ਅੰਗਰਨ ਛਾਏ ॥
ਕਮਰੁ ਕਸਾ ਕੀਨਾ ਗੁਰ ਪੂਰੇ ॥ ਚੰਦ੍ਰਹਾਸ ਪਾਈ ਗਰ ਰੂਰੇ ॥30 ॥

1. ਏ ਪੋਥੀ ਈਸ
2. ਏ ਪੋਥੀ ਜਗਤੀਸ
3. ਏ ਪੋਥੀ ਤ੍ਰਾਹਿ ਤ੍ਰਾਹਿ

ਚਲੇ ਠਵਨ ਮ੍ਰਿਗਰਾਜੁ ਲਜਾਈ ॥ ਦਿਖ ਕਰ ਮਨ ਮਥਿ ਜਾਇ ਪਰਾਈ ॥
ਹਾਥੁ ਧਨਖੁ ਕਟਿ ਬਾਂਧਤੁ ਤੀਰ ॥ ਹੈ ਸਵਾਰੁ ਭੇ ਗੁਨੀ ਜਾਹੀਰ ॥303॥

(ਰਾਜਕੁਮਾਰੀ ਦੀ ਕਥਾ)

॥ ਦੋਹਰਾ ॥

ਪੁਰੀ ਬਿਲਾਸੁ ਬਜਾਰ ਮੈ ਬਾਜੀ ਕੈ ਅਸਵਾਰੁ ॥
ਸੈਲ ਕਰਤ ਆਏ ਤਹਾਂ ਸ੍ਰਵਨ ਪਰੀ ਧੁਨਿ ਕਾਰੁ ॥304॥
ਰਾਜ ਸੁਤਾ ਗਾਇਨ ਕਰੈ ਅਪੁਨੇ ਮਹਲ ਮਝਾਰੁ ॥
ਖੜੇ ਰਹੇ ਪਲ ਭਰ ਪ੍ਰਭੁ ਰਾਗੁ ਸੁਨਹਿ ਹਿਤੁ ਧਾਰੁ ॥405॥

॥ ਸੋਰਠਾ ॥

ਖਰਜ[1] ਰਿਖਭ ਰੀ ਧਾਮ ਮਧਮ ਪੰਚਮ ਧੈਵਹ ਸੁ ॥
ਪੁਨਿ ਨਿਖਾਦ ਸੁਰ ਸਾਤ ਤੀਨ ਗ੍ਰਾਮ ਸੁਰ ਸਪਤ ਹੈ ॥306॥

॥ ਚੌਪਈ ॥

ਭੈਰੋ ਰਾਗ ਪ੍ਰਥਮ ਤਿਨ ਗਾਵਾ ॥ ਦੇਵ ਗੰਧਾਰ ਬਿਭਾਸ ਅਲਾਵਾ ॥
ਬਾਈ ਧਾਰ ਪਹਾੜ ਅਲਾਈ ॥ ਤਾਨਾ ਲੈ ਲੈ ਊਚ ਸੁਨਾਈ ॥307॥
ਤਿਸ ਕੀ ਦਾਸੀ[2] ਦ੍ਰਿਸਟਿ ਪਸਾਰੀ ॥ ਅਸ੍ਵ ਚੜੇ ਤਿਨ ਗੁਰੂ ਨਿਹਾਰੀ ॥
ਦੇਖਤ ਰੂਪ ਗਿਰੀ ਮੂਰਛਾਇ ॥ ਜਿਨ[3] ਮ੍ਰਿਗੀ ਲੀਨੀ ਸਰ ਘਾਇ ॥308॥
ਸਾਹਿਬੁ ਆਏ ਸਿਵਰ ਮਝਾਰੀ ॥ ਸਿਖ ਸੰਗਤਿ ਜਾਵੈ ਬਲਿਹਾਰੀ ॥
ਜਬ ਦਾਸੀ ਤਹਿ ਭੂਮ ਗਿਰਾਨੀ ॥ ਰਾਜ ਸੁ ਕੰਨਿਯਾ ਮਨ ਬਿਸਮਾਨੀ ॥309॥

॥ ਦੋਹਰਾ ॥

ਪ੍ਰਥਮ ਗੰਧ ਸੰਚਾਇ ਕਰੁ ਕੀਨਾ ਤਿਸੈ ਸੁਚੇਤ ॥
ਪੂਛਨਿ ਲਾਗੀ ਪ੍ਰੀਤਿ ਸੋ ਤੂ ਕਯੋ ਭਈ ਅਚੇਤ ॥310॥
ਕਹਿ ਚੇਰੀ ਸ੍ਵਾਮਨ ਸੁਨੋ ਮੈ ਗੁਰ ਮੂਰਤਿ ਦੇਖਿ ॥
ਦੇਖਤਿ ਹੀ ਛਿਤ ਗਿਰ ਪਰੀ ਜਿਨ ਕੀਨ ਮਦਨ ਅਭੇਖੁ ॥311॥

॥ ਚੌਪਈ ॥

ਕੰਨਯਾ ਸੁਨ ਮਨ ਮੋ ਹਰਖਾਨੀ ॥ ਚੇਰੀ ਪ੍ਰਤੀ ਤਿਨ ਗਿਰਾ ਬਖਾਨੀ ॥
ਤਿਨ ਕਾ ਦਰਸਨ ਮੁਝੇ ਕਰਾਵੋ ॥ ਜੋ ਚਾਹੋ ਸੋ ਮੋ ਤੇ ਪਾਵੋ ॥312॥
ਕਹਾ ਖਵਾਸਨੁ ਸੁਨੋ ਪਿਆਰੀ ॥ ਗੁਰ ਹਿਤੁ ਭੋਜਨੁ ਕਰੋ ਤਿਆਰੀ ॥
ਇਮ ਮਿਸ ਕਰ ਤੁਮ ਦਰਸਨੁ ਪਾਵੋ ॥ ਕਹਿ ਕੰਨਿਯਾ ਤੁਮ ਜਾਇ ਮਨਾਵੋ ॥313॥
ਸੁਨ ਕਰਿ ਦਾਸੀ ਆਈ ਧਾਈ ॥ ਪਾਨੁ ਜੋਰੁ ਤਿਨ ਬਿਨੈ ਅਲਾਈ ॥
ਰਾਜ ਕੁਮਾਰੀ ਨਯੋਤ ਪਠਾਵਾ ॥ ਭੋਜਨੁ ਕਰੀਏ ਚਲ ਹਰਖਾਵਾ ॥314॥

---

1. ੲ ਪੋਥੀ ਛੜਜ 2. ੲ ਪੋਥੀ ਗੋਲੀ
3. ਅ ਪੋਥੀ ਮਨੋ

ਕਮਲੁ ਬਦਨ[1] ਤਬ ਮਾਨ ਸੁ ਲੀਨਾ ॥ ਜਾਵੋ ਤਯਾਰੁ ਕਰੋ ਪਰਵੀਨਾ ॥
ਦਾਸੀ ਨੇ ਜਬ ਜਾਇ ਸੁਨਾਵਾ ॥ ਰਾਜ ਕਮਾਰ ਅਸਨ ਕਰ ਆਂਵਾਂ ॥315॥
ਕਰੁ ਤਿਯਾਰ ਤਬ ਦਾਸੀ ਪ੍ਰੇਰੀ ॥ ਲਯਾਵੋ ਗੁਰ ਕੌ ਕਰੋ ਨ ਦੇਰੀ ॥
ਦਾਸੀ ਆਈ ਬਿਨੇ ਅਲਾਈ ॥ ਚਲੀਏ ਗੁਰ ਜੀ ਦੇਰੁ ਨ ਕਾਂਈ ॥316॥

॥ ਦੋਹਰਾ ॥

ਪਾਂਚ ਸੁ ਸੇਵਕੁ ਸਤਿਗੁਰੂ ਲੇ ਕਰੁ ਚਾਲੇ ਸੰਗਿ ॥
ਚੰਦ ਬਦਨ ਪ੍ਰਾਪਤਿ ਭਏ ਤਾ ਕੇ ਸਦਨ ਉਮੰਗ ॥317॥

॥ ਚੌਪਈ ॥

ਚੰਦਨੁ ਚੌਕੀ ਦੀਨ ਬਿਛਾਈ ॥ ਬੈਠਿ ਗਏ ਬੇਦੀ ਕੁਲ ਰੋਾਈ[2] ॥
ਥਾਲ ਪਰੋਸਾ ਅਗੇ ਰਾਖਾ ॥ ਮੂਰਤਿ ਪਿਖ ਮਨ ਮੈ ਅਭਿਲਾਖਾ ॥318॥
ਪਾਨ ਜੋਰੁ ਕਹਿ ਦਾਸੀ ਬੋਲੀ ॥ ਰਾਜ ਸੁਤਾ ਕੋ ਰਾਖੋ ਕੋਲੀ ॥
ਤਿਸ ਕੇ ਮਨ ਕੀ ਜਾਨ ਦਿਆਲਾ ॥ ਉਤਰ ਦੀਨੋ ਹੁਇ ਕ੍ਰਿਪਾਲਾ ॥319॥
ਪਰ ਨਾਰੀ ਹੈ ਜਗ ਮੈ ਜੇਤੀ ॥ ਮਾਤਾ ਸੁਤਾ ਭਗਨੀ ਮੁਹਿ ਤੇਤੀ ॥
ਤੂ ਅਬ ਮਨ ਮੈ ਧੀਰਜ ਧਾਰ ॥ ਜਾ ਤੇ ਪਾਵੈ ਸੁਖ ਹਰਿਦੁਆਰੁ ॥320॥

॥ ਦੋਹਰਾ ॥

ਦਾੜੇ ਪੈਰ ਕਰ ਫੇਰਿ ਗੁਰ ਬਚਨ ਕਹਾ ਹਿਤੁ ਧਾਰ ॥
ਹਮ ਅਬ ਅਤ ਬੂਢੇ ਭਏ ਕਯਾ ਤੁਮ ਰਿਦੈ ਬਿਚਾਰ ॥321॥
ਸਯਾਮ ਸਮਸਿ ਤੇ ਸੇਤ ਕਰਿ ਆਪਨ ਆਪ ਬਚਾਇ ॥
ਗੁਰ ਕੇ ਕੌਤਕਿ ਦੇਖਿ ਕਰਿ ਕੰਨਿਯਾ ਚਰਨ ਗਹਾਏ ॥322॥
ਭੂਲੀ ਮੈ ਗੁਰ ਬਖਸੀਏ ਤੁਮ ਬਖਸਨ ਕੇ ਜੋਗੁ ॥
ਗੁਰੂ ਭਨਾ ਨਾਰੀ ਸੁਨੋ ਬੇਦ ਪੁਰਾਨ ਨਿਚੋਰ ॥323॥
ਪਤਿ ਸੰਜੋਗੁ ਸਹੰਸ੍ਰ ਸੁਖ ਅਪਦਾ ਗ੍ਰਸੇ ਉਜਾਰ ॥
ਪੀ ਬਿਨੁ ਰਾਜ ਨ ਕਾਜ ਕਿਤ ਸੁਰਪਰ[3] ਨਰਕੁ ਹਜਾਰ ॥324॥
ਅੰਧ ਬਧਰੁ ਪਿੰਗਲੁ ਕੁਟਿਲ ਕੁਸਟੀ ਨਿਧਨੀ ਬੌਰ ॥
ਅਸਪਤਿ ਜਾਨ ਨਿਰਾਦਰੈ ਤਾਂ ਤਿਯ ਨਰਕੁ ਨ ਠੌਰ ॥325॥

॥ ਚੌਪਈ ॥

ਮਾਤ ਪਿਤਾ ਜੋ ਭਰਤਾ ਦੇਈ ॥ ਹਰਿ ਹਰਿ ਬਿਧ ਤੇ ਊਚ ਸਨੇਹੀ ॥
ਵਾਹਿਗੁਰੂ ਸਿਮਰੋ ਮਨੁ ਲਾਈ ॥ ਜਨਮੁ ਮਰਨੁ ਜਾਂਤੇ ਮਿਟ ਜਾਈ ॥326॥

1. ਟ ਪੋਥੀ ਕਮਾਲਨਨ
2. ੲ ਪੋਥੀ ਸੁਖਦਾਈ
3. ਅ ਪੋਥੀ ਪਾਵੋਹਿ

ਅਸਨ ਬਸਨ ਸੰਤਨ ਕੋ ਦੇਵੇਂ ॥ ਚਰਨ ਪਖ਼ਾਰ ਸਭੀ ਸੁਖ ਲੇਵੋਂ ॥
ਐਸੇ ਕਹਿ ਗੁਰ ਭੋਜਨੁ ਖਾਏ ॥[1] ਪੀਵਾ ਪਾਨੀ ਮਨ ਹਰਖਾਏ[2] ॥327॥
ਜਥਾ ਸਕਤਿ ਤਿਨ ਭੇਟਾ ਦੀਨੀ ॥ ਲੀਨੀ ਗੁਰ ਜੀ ਦੇਰ ਬਿਹੀਨੀ ॥
ਸੀਤ ਪ੍ਰਸਾਦਿ ਗੁਰੂ ਤਿਸੁ ਦੀਨਾ ॥ ਪਾਵਾਂ ਮੁਖੁ ਹੈ ਸੀਤਲ ਸੀਨਾ ॥328॥

॥ ਦੋਹਰਾ ॥

ਅਪਨੀ ਸਮ ਸਿਸੁ ਸੇਤ ਕਰਿ ਤਾਕੋ ਨਾਮੁ ਜਪਾਇ ॥
ਆਦਿ ਬਿਰਾਜੇ ਸਿਵਰ ਮੋ ਜਿਨ ਦੇਖੇ ਅਘ ਜਾਇ ॥329॥

॥ ਸੋਰਠਾ ॥

ਸਤਿਗੁਰ ਹੈ ਨਿਰਵੈਰੁ ਕਾਮ ਆਦਿ ਸਭ ਜੇਰੁ ਕਰ ॥
ਸਿਖਨ ਕਰੈ ਉਧਾਰੁ ਲੀਨ ਵਤਾਰ ਇਸਹਿ ਨਮਿਤ ॥330॥

॥ ਦੋਹਰਾ ॥

ਸਭ ਸਿਖਨ ਕਰੁ ਜੋਰੁ ਕਰੁ ਬਿਨੈ ਕਰੀ ਸਿਰੁ ਨਾਇ ॥
ਚੰਦੁ ਸੁ ਬਦਨੀ ਨਾਰ ਤੇ ਲੀਨੋ ਆਪ ਬਚਾਇ ॥331॥
ਸੁਨ ਸਿਖਨ ਕੇ ਬੈਨ ਕੋ ਅਮੀ ਗਿਰਾ ਗੁਰ ਗਾਇ ॥
ਗੁਰ ਪਦਵੀ ਅਤਿ ਊਚਿ ਹੈ ਕਹਿ ਗੁਰਦਾਸ ਹਰਖਾਇ ॥332॥

॥ ਤਥਾ ਪਉੜੀ ॥

ਸਤਿਗੁਰ ਸਚਾ ਪਾਤਿਸਾਹੁ ਗੁਰਮੁਖਿ ਗਾਡੀ ਰਾਹ ਚਲਾਇਆ ॥
ਪੰਚ ਦੂਤਿ ਕਰਿ ਭੂਤਿ ਵਸਿ ਦੁਰਮਤਿ ਦੂਜਾ ਭਾਉ ਮਿਟਾਇਆ ॥
ਸਬਦਿ ਸੁਰਤਿ ਨਿਵ ਚਲਣਾ ਜਮੁ ਜਾਮਾਤੀ ਨੇੜਿ ਨ ਆਇਆ ॥
ਬੇ ਮੁਖ ਬਾਰਹ ਵਾਟ ਕਰ ਸਾਧ ਸੰਗਤਿ ਸਚਖੰਡਿ ਵਸਾਇਆ ॥
ਭਾਉ ਭਗਤਿ ਭੈ ਮੰਤ੍ਰ ਕੇ ਨਾਮੁ ਦਾਨੁ ਇਸਨਾਨੁ ਦਿੜਾਇਆ ॥
ਜਿਉ ਜਲੁ ਅੰਦਰੁ ਕੌਲੁ ਹੈ ਮਾਇਆ ਵਿਚ ਉਦਾਸ ਰਹਾਇਆ ॥
ਆਪ ਗਵਾਇ ਨ ਆਪ ਗਣਾਇਆ ॥333॥

॥ ਚੌਪਈ ॥

ਭਾਈ ਗੁਰਦਾਸ [ਜੀ][3] ਗੁਰੂ ਪਿਯਾਰਾ ॥ ਗੁਰ ਕੀ ਰਹਿਤੁ ਕਹੀ ਨਿਰਧਾਰਾ ॥
ਹੋਇ ਗੁਰੂ ਬਿਸਯਨ ਮਨੁ ਲਾਵੈ ॥ ਸਿਖਨੁ ਕੋ ਕਸ ਪਾਰ ਲੰਘਾਵੈ ॥334॥
ਐਸੇ ਕਹਿ ਕਰੁ ਭਏ ਤਯਾਰਾ ॥ ਜਿਨਿ ਪਰਸੇ ਮਿਟ ਜਾਹਿ ਜੰਜਾਰਾ ॥
ਚੜਿ ਕਰ ਉਸੇ ਰਾਹਿ ਪ੍ਰਭੁ ਆਏ ॥ ਜਹਾਂ ਝਿੰਜੁੜੀ ਤਿਨੁ ਘਰੁ ਛਾਏ ॥335॥

1. ਅ ਪੋਥੀ ਪਾਯੋ
2. ਅ ਪੋਥੀ ਹਰਖਾਯੋ
3. ਅ ਪੋਥੀ ਵਿਚੋਂ

ਸਭ ਰੰਘੜ ਤਬ ਚਰਨੀ ਲਾਗੇ ॥ ਦੇਵੈ ਭੇਟਾ ਮਨੁ ਅਨੁਰਾਗੇ ॥
ਦਾਣੇ ਜੋਖ ਗੌਣ ਭਰ ਲੀਨਾ ॥ ਸਾਥ ਚਲੇ ਲੈ ਮਨੁ ਹਰਖੀਨਾ ॥336॥

॥ ਦੋਹਰਾ ॥

ਆਏ ਕੁਲ ਗਿਰਾਉਂ ਗੁਰ ਭਰਤੀ ਸਦਨ ਪਵਾਇ ॥
ਸਿਦਕੁ ਲਯੋ ਨਿਜ ਘਰ ਗਯੋ ਔਗਨ ਸਭ ਬਖਸਾਇ ॥337॥
ਬਿਸਨ ਸਿੰਘ ਕੀ ਮਾਤ ਕੌ ਕਹਤ ਭਏ ਸੁਖ ਰਾਸ ॥
ਕੁਲ ਗਿਰਾਉਂ ਤੁਮ ਹੀ ਰਹੋ ਪੂਤ ਨੁਖਾ ਰਖ ਪਾਸ ॥338॥

(ਆਨੰਦਪੁਰ ਆਉਣਾ)

॥ ਚੌਪਈ ॥

ਚੜਿ ਕਰ ਗੁਰ ਅਨੰਦ ਪੁਰਿ ਆਏ ॥ ਮਾਈ ਮਿਲ ਕਰਿ ਬਹੁ ਹਰਖਾਏ ॥
ਆਏ ਮਿਲੁ ਕਰੁ ਸਭ ਸਿਰੁਦਾਰ ॥ ਚਹੈ ਕਟੋਚਨ ਲੇਵੈ ਮਾਰ ॥339॥
ਝੜੀ ਲਗੀ ਤਬ ਅਤਸੈ ਭਾਰੀ ॥ ਦਿਵਸ ਸਿਆਲੁ ਭਏ ਦੁਖੁਆਰੀ ॥
ਸਿੰਘਨ ਸੈਨਾ ਬਹੁ ਉਕਿਲਾਈ ॥ ਮੇਘ[1] ਨ ਠਹਿਰੈ ਬਹੁ ਬਰਖਾਈ ॥340॥
ਗੁਰੂ ਪਾਸ ਭਾਗ ਸਿੰਘ ਆਯੋ ॥ ਏਕ ਅਸ੍ਵ ਤਿਨ ਭੇਟ ਚਢਾਯੋ ॥
ਨਿਪ੍ਰ ਅੰਬਾਲੀਏ ਆਵਤਿ ਭਏ ॥ ਪੰਜਾ ਸੈ ਰਾਖਾ ਸੀਸ ਨਿਵਏ ॥341॥
ਔਰ ਸਿੰਘ ਆਏ ਬਹੁਤੇਰੇ ॥ ਭੇਟਾ ਰਾਖੀ ਚਿੱਤ ਹਰਖੇਰੇ ॥
ਸਭ ਨੇ ਅਰਜਿ ਕਰੀ ਗੁਰ ਆਗੇ ॥ ਮੇਘ ਹਟਾਵੋ ਹਮ ਦੁਖ ਪਾਗੇ ॥342॥

(ਮੀਂਹ ਰੋਕਣਾ)

॥ ਦੋਹਰਾ ॥

ਸ੍ਯਾਲ ਸਮਾ ਹੈ ਸੀਤ ਬਹੁ ਰਾਉ[2] ਰੰਕ ਦੁਖ ਪਾਇ ॥
ਬਰਖਾ ਹੋਵੈ ਅਤਿਘਨੀ ਗਰਾ ਪਰਤ ਅਧਿਕਾਇ ॥343॥

॥ ਚੌਪਈ ॥

ਸੁਨਿ ਕਰਿ ਤਿਨ ਕੀ ਬਿਨੇ ਗੁਸਾਂਈ ॥ ਗਦ ਗਦ ਬਚਨ ਕਹੇ ਬਿਗਸਾਈ ॥
ਥੰਮ ਸਾਥ ਮੁੰਗਲੀ ਲਟਕਾਵੋ ॥ ਪਨਹੀ ਮਾਰੋ ਦੇਰਿ ਨ ਲਾਵੋ ॥344॥
ਪਨਹੀ ਪਾਂਚ ਸੁ ਮਾਰਨ ਕੀਨੀ ॥ ਬਰਖਾ ਹੋਇ ਤਤੁ ਖਿਨੁ ਖੀਨੀ ॥345॥
ਗੁਰ ਕਾ ਯਸ ਮਿਲ ਲਾਗੇ ਗਾਨ ॥ ਇੰਦ੍ਰ ਸੂਰ ਸਸਿ ਮਾਨੇ ਆਨ ॥
ਪਾਨੀ ਪਵਨਾ ਇਨੈ ਅਧੀਨੋ ॥ ਦਾਨਵ ਦੇਵ ਸਦਾ ਡਰ ਕੀਨਾ ॥346॥
ਲੇ ਨਿੰਦੇਸ ਸਭ ਸਦਨ ਸਿਧਾਰੈ ॥ ਗੁਰ ਕੋ ਯਸੁ ਗਾਵੈ ਬਹੁ ਬਾਰੈ ॥
ਏਕ ਦਿਨਾਂ ਗੁਰ ਕੇ ਮਨੁ ਆਈ ॥ ਬੇਗੋਵਾਲ ਗਏ ਹਰਖਾਈ ॥347॥

1. ੲ ਪੋਥੀ ਮੀਂਹ
2. ੲ ਪੋਥੀ ਰਾਜਾ

॥ ਦੋਹਰਾ ॥
ਤਵਨ ਠਵਰ ਕੇ ਸਾਧੁ ਸਭ ਆਗੇ ਆਇ ਮਿਲੇ ॥
ਧਰਮਸਾਲ ਮੋ ਲੇ ਗਏ ਸੇਵਾ ਕਰਨ ਭਲੇ ॥348॥

**(ਭਾਈ ਰਾਮ ਦੀ ਕਥਾ)**

॥ ਚੌਪਈ ॥
ਰਾਮ ਸੁ ਚੇਰਾ ਬਡੋ ਮਹੰਤ ॥ ਪਰਸ ਚਰਨੰ ਸੁਖ ਲਯੋ ਅਨੰਤੁ ॥
ਕਰ ਤਿਯਾਰੁ ਸੁਭ ਅਸਨ ਛਕਾਏ ॥ ਸੀਤ ਅਚਾਲੈ ਬਿਨੈ ਅਲਾਏ ॥349॥
ਏਕ ਦਿਵਾਨਾ ਬਡ ਮਸਤਾਨਾ ॥ ਰਾਖੀ ਭੇਟਾ ਮਨੁ ਹਰਖਾਨਾ ॥
ਸਾਧੂ ਔਰੰ ਬਹੁ ਚਲ ਆਏ ॥ ਦੇ ਦੇ ਭੇਟਾ ਮਨੁ ਬਿਗਸਾਏ ॥350॥
ਪਿੰਡਾਂ ਤੇ ਸੰਗਤਿ ਚਲੁ ਆਈ ॥ ਸਰਧਾ ਕਰ ਤਿਨ ਪੂਜਿ ਚਢਾਈ ॥
ਭੂਖਨ[1] ਬਸਨ ਅਸਨ ਰਸ ਭਾਜਨ ॥ ਗੋਸ ਬਛ ਮਹਗੀ ਧਨ ਤੁਰਗਨਿ ॥351॥

॥ ਦੋਹਰਾ ॥
ਭੇਟਿ ਅਰਧਿ ਚਰਨੀ ਪਰਤਿ ਨਿਜ ਨਿਜ ਅਰਜਿ ਸੁਨਾਇ ॥
ਮਨ ਬਾਂਛਤਿ ਵਰੁ ਪਾਇ ਕਰੁ ਗਏ ਸਦਨ ਹਰਖਾਇ ॥352॥

॥ ਚੌਪਈ ॥
ਕਿਰਤਨ ਹੋਵਾ ਬਡ ਸੁਖਦਾਈ ॥ ਸੁਨ ਸੁਨ ਸਿਖ ਮਨ ਮੈ ਬਿਗਸਾਈ ॥
ਰਾਮ ਚੇਰਿ ਮਹੰਤੁ ਕਰੁ ਜੋਰੇ ॥ ਗੁਰ ਆਗੇ ਬਹੁ ਕਢੇ ਨਿਹੋਰੇ ॥353॥

**(ਦੀਵਾਨ ਨਾਨੂੰ ਮਲ ਦੀ ਸੁਧਾਇ)**

ਦਿਵਾਨ ਨਾਨੂ ਮਲ ਅੰਨਯਾਈ ॥ ਕਰਮ ਅਨੀਤ ਤਿਨ ਖਲਕੁ ਦੁਖਾਈ ॥
ਮਦਰਾ[2] ਮਾਸੰ ਨਿਤ ਹੀ ਖਾਵੈ ॥ ਲੂਟ ਕੂਟ ਜੀਅਨੁ ਬਿਲੁਲਾਵੈ ॥354॥
ਆਪ ਸਹਾਈ ਜੀਅਨ ਹੋਵੋਂ ॥ ਤਿਸੈ ਨੀਚ ਕੀ ਜੜ ਕੋਂ ਖੋਵੋਂ ॥
ਤੁਮਰੇ ਬਿਨਾਂ ਔਰ ਨਹਿ ਠੋਰ ॥ ਪ੍ਰਭੁ ਚਰਨਨ ਲਗ ਹਮਰੀ ਦੌਰ ॥355॥
ਸਾਹਿਬੁ ਸਿੰਘ ਰਾਜੇ ਕੋ ਸੁਆਨ ॥ ਕਾਟਤ ਹੈ ਨ੍ਰਿਪ ਕੇ ਬਲ ਆਨ ॥
ਮਾਰੁ ਡੰਡਾ ਸੋਵਾਨ ਹਵਾਵੋਂ ॥ ਗੋ[3] ਪਰਜਾ ਕੀ ਰਛ ਕਰਾਵੋਂ ॥356॥

॥ ਦੋਹਰਾ ॥
ਜੋ ਚਾਹੇ ਸੋਈ ਕਰੈ ਜੋ ਮਾਗੈ ਸੋ ਲੇਇ ॥
ਦਯਾ ਧਰਮ ਜਾਨੇ ਨਹੀ ਦੁਖ ਪਰਜਾ ਕੋਂ ਦੇਇ ॥357॥

॥ ਚੌਪਈ ॥
ਸਾਧ ਗੁਰੂ ਬ੍ਰਿਪ ਨਹਿ ਮਾਨੇ ॥ ਧਰਮ ਅਰਥ ਕੀ ਬਾਤ ਨ ਜਾਨੈ ॥
ਪੂਛਾ ਗੁਰ ਅਬ ਕਹਾਂ ਰਹਾਵੈ ॥ ਜੋ ਅਸ ਜੁਲਮੀ ਅਧਕ ਕਮਾਵੈ ॥358॥
ਕਹਾ ਸਭਨ ਆ ਬਾਹਰ ਉਤਰਾ ॥ ਕਰੇ ਬਧੀਕੀ ਹਮ ਬਡ ਖਤਰਾ ॥
ਕਹਯੋ ਹਜੂਰ ਚਿੰਤੁ ਨ ਕੀਜੈ ॥ ਵਾਹਿਗੁਰੂ ਸਿਮਰਨ ਮਨੁ ਦੀਜੈ ॥359॥

---
1. ੲ ਪੋਥੀ ਭੂਸਣ 2. ੲ ਪੋਥੀ ਮਦ ਔਰ 3. ੲ ਪੋਥੀ ਗਊ

ਕਹਿ ਐਸੇ ਇਕ ਸਿਖ ਪਠਾਵਾ ॥ ਜਾਇ ਕਹਾ ਤੁਹਿ ਗੁਰੂ ਬੁਲਾਵਾ ॥
ਸੁਨਿ ਕਰਿ ਆਵਾ ਗੁਰੂ ਹਜੂਰਿ ॥ ਧਰਾ ਪ੍ਰਸਾਦਿ ਰਿਦੈ ਮੋਂ ਕੂਰਿ ॥360॥
ਬਡ ਹੰਕਾਰ ਨ ਸੀਸ ਨਿਵਾਵਾ ॥ ਚਾਹੇ ਮੂਰਖ ਜੜ ਪੁਟਾਵਾ ॥
ਕਹਯੋ ਗੁਰੂ ਦੇਵਾਨ ਸੁਨੀਜੈ ॥ ਪਰਜਾ ਕੌ ਦੁਖ ਅਹਿ ਨ ਦੀਜੇ ॥361॥

॥ ਦੋਹਰਾ ॥

ਰਾਜੇ ਰਾਟ ਦਿਵਾਨੁ ਬਹੁ ਜਗ ਮੋਂ ਰਹਾ ਨ ਕੋਇ ॥
ਜੋ ਪਰਜਾ ਦੁਖ ਦੇਤ ਹੈ ਪਰੇ ਨਰਕ ਮੈ ਸੋਇ ॥362॥

॥ ਕਬਿੱਤ ॥

ਇੰਦ੍ਰ ਪਦ ਪਾਇਕੈ ਅਮਰ ਨ ਰਹਤ ਕੋਊ
ਬ੍ਰਹਮ ਪਦ ਵਾਰੇ ਭੋਗ ਭੋਗ ਕੈ ਗਿਰੰਤ ਹੈਂ ॥
ਮਾਯਾ ਬਾਰੇ ਹਾਇ ਹਾਇ ਕਰਤ ਫਿਰਤ ਸਦਾ
ਬਡੇ ਬਡੇ ਰਾਣੇ ਰਾਉ ਦੀਨ ਹ੍ਵੈ ਮਰੰਤ ਹੈ ॥
ਰਸਨਾ ਰਹਤ ਅੰਤ ਰਸਨਾ ਕੋ ਖਾਯੋ ਸ੍ਵਾਦ
ਦੌਲਤੀ ਹਸੈ ਯਾ ਰੋਇ ਮਰੈਂ ਬਹੁ ਜੰਤ ਹੈਂ ॥
ਕਹਿ ਸੋਭਾ ਰਾਮ ਬ੍ਰਹਮ ਚੀਟੀ ਲੌ ਨ ਰਹੇ ਕੋਊ
ਵੇਦੀ ਹੈਂ ਅਮਰੁ ਜਾਪੈ ਦਯਾਲ ਭੁਗਵੰਤੁ ਹੈਂ ॥363॥

॥ ਚੌਪਈ ॥

ਨਿਸਚੇ ਮਰਨਾ ਜਗ ਮੋਂ ਆਹੀ ॥ ਪਾਪ ਕਰਮ ਕਰਿ ਨਰੁਕ ਸਿਧਾਹੀ ॥
ਪਰਜਾ ਅਪਨੇ ਰੋਮ[1] ਜਨੀਜੈ ॥ ਸੁਖੀ ਕਰੀਜੈ ਨਹਿ ਦੁਖ ਦੀਜੈ ॥364॥
ਸੰਤਨ[2] ਸੇਵਾ ਹੈਂ ਸੁਖਦਾਈ ॥ ਮਨੁ ਤਨੁ ਧਨੁ ਜੀਦੈ ਹੁਰਖਾਈ ॥
ਵਾਹਿਗੁਰੂ ਸਦ ਆਨਨ ਗਾਵੋ ॥ ਜਨਮ ਮਰਨਿ ਮੈ ਬਹੁਰਿ ਨ ਆਵੋ ॥365॥
ਮੂਰਖੁ ਸੁਨ ਨਹਿ ਉਤਰਿ ਦੀਨਾ ॥ ਉਠਿ ਚਾਲਾ ਨਹਿ ਭਯੋ ਅਧੀਨਾ ॥
ਦੇਰੇ[3] ਜਾਇ ਕਰੀ ਬਕਬਾਦੇ ॥ ਮੈ ਕਯਾ ਜਾਨੋ ਸਾਹਿਬੁਜਾਦੇ ॥366॥

॥ ਦੋਹਰਾ ॥

ਜਿਸੁ ਸੁਨ ਪਾਈ ਨਿੰਦ ਗੁਰ ਆਵਾ ਗੁਰੂ ਹਜੂਰਿ ॥
ਪਾਨ ਜੋਰ ਸੋ ਕਹਿਤ ਭਾ ਬਕੇ ਦਿਵਾਨੁ ਬਚ ਕੂਰਿ ॥367॥

॥ ਚੌਪਈ ॥

ਭਨਾ[4] ਮਹੰਤ ਸੁਨੋ ਗੁਰ ਪੂਰੇ ॥ ਇਸ ਕੌ ਮਾਰੋ ਆਪਿ ਜਰੂਰੇ ॥
ਰਈਯਤਿ ਲੂਟ ਕੂਟ ਸਭ ਲਈ ॥ ਪਰਜਾ ਸਕਲ ਦੁਖਤ ਅਤਿ ਭਈ ॥368॥

---

1. ਅ ਪੋਥੀ ਕੈ
2. ੲ ਪੋਥੀ ਹਰਿਜਨ
3. ੲ ਪੋਥੀ ਡੇਹਰੇ 4. ੲ ਪੋਥੀ ਕਹਾ

ਸੁਨ ਕਰਿ ਰੋਸ ਗੁਰੂ ਮਨੁ ਕੀਨਾ ॥ ਦਾਸ ਏਕ ਕੌ ਪ੍ਰੇਰ ਸੁ ਦੀਨਾ ॥
ਇਹੁ ਸਰ ਬੂਟਾ ਪੁਟ ਤੁਮ ਡਾਰੋ ॥ ਨਾਨੂ ਕੀ ਜੜ ਮੂਲ ਉਖਾਰੋ ॥369॥
ਸਿਖ ਨੇ ਬੂਨਾ ਦੀਨ ਉਖਾਰੀ ॥ ਗੁਰੂ ਕਹਯੋ ਤਿਸ ਕੀ ਜੜ ਫਾਰੀ ॥
ਇਤ ਵਿਹ ਬਾਤਿ ਪ੍ਰਭੂ ਢਿਗ ਭਈ ॥ ਉਤ ਕੀ ਸੁਨੋ ਭਈ ਅਤਿ ਨਈ ॥370॥
ਸਿੰਘ ਬਹੁਤ ਤਿਸੁ ਪਾਸੁ ਰਹਾਵੈ ॥ ਜਹ ਪ੍ਰੇਰੇ ਤਹ ਚੜਿ ਕਰੁ ਜਾਵੈ ॥
ਦਰਮਾਂਹਾਂ ਤਿਨ ਮਾਂਗਨ ਕੀਨਾ ॥ ਨੈਨ ਤਿਤੇਰੇ ਰਿਸ ਮੇ ਭੀਨਾ ॥371॥

॥ ਦੋਹਰਾ ॥

ਕਟਕ ਬਾਕ[1] ਤਿਨ ਕੇ ਪ੍ਰਤੀ ਬੋਧ ਅਤਿ ਰਿਸ ਖਾਇ ॥
ਸਿੰਘ ਕੇ ਮਨੁ ਕੋਪ ਭਾ ਦੀਨਾ ਮੂੜ ਉਡਾਇ ॥372॥

॥ ਚੌਪਈ ॥

ਬਹੁਤ ਕੁਲਾਹਲ ਤਬ ਹੀ ਹੋਵਾ ॥ ਸਿੰਘਨ ਤਰਫ ਨ ਕਿਨ ਹੀ ਜੋਵਾ ॥
ਖਬਰੁ ਹਜੂਰਿ ਤੁਰਤ ਹੀ ਆਈ ॥ ਸਾਧੂ ਪਰਜਾ ਸਭ ਹਰਖਾਈ ॥373॥
ਗੁਰ ਕੀ ਨੁਤ ਮਿਲ ਗਾਵਨਿ ਲਾਗੇ ॥ ਕਰੁ ਕਰ ਦਰਸਨ ਭੇ ਅਨੁਰਾਗੇ ॥
ਗੁਰ ਜੀ ਕੀਨੁ ਬਹੁ ਉਪਕਾਰਾ ॥ ਦੁਸਟ ਮਰਾ ਸੁਖ ਭਾ ਸੰਸਾਰਾ ॥374॥
ਪੰਚ ਦਿਨਾ ਗੁਰ ਦੇਰਾ[2] ਰਾਖਾ ॥ ਬਹੁਰੋਂ ਚਲਨੇ ਕਰਿ ਅਭਿਲਾਖਾ ॥
ਸੰਗਤਿ ਨੇ ਬਹੁ ਭੇਟ ਚਢਾਈ ॥ ਹੈ ਚੜਿ ਚਾਲੇ ਗੁਰ ਸੁਖਦਾਈ ॥375॥

## (ਆਨੰਦਪੁਰ ਟਿਕਣਾ)

॥ ਦੋਹਰਾ ॥

ਪੁਰ ਅਨੰਦੁ ਆਏ ਗੁਰੂ ਥਿਰੇ ਮਹਲਿ ਮੋ ਜਾਇ ॥
ਕਰੈ ਅਨੰਦੁ ਅਨੰਦ ਪੁਰ ਹੈ ਸਿਖਨ ਸੁਖਦਾਇ ॥376॥

## (ਦਲ ਸਿੰਘ ਦੀ ਕਥਾ)

ਜਿਮੀਦਾਰ ਦਲ ਸਿੰਘ ਇਕ ਸੋਹੀ ਕਹਤੁ ਬੁਲਾਇ ॥
ਬਸਤੁ ਨੂਰਪੁਰ ਪਰਗਨੇ ਗੁਰ ਕੌ ਸਿਖੁ ਸਦਾਇ ॥377॥

॥ ਚੌਪਈ ॥

ਪੁਰਿ ਅਨੰਦੁ ਸੋ ਦਲ ਕਰੁ ਆਵਾ ॥ ਪਾਨ[3] ਜੋਰ ਕਰਿ ਸੀਸ ਨਿਵਾਵਾ ॥
ਪੁਸਟ ਇਕੁ ਬਕਰੂ ਆਨਿ ਚਢਾਯੋ ॥ ਦੇਖ ਅਜਾ ਕੌ ਗੁਰੁ ਅਲਾਯੋ ॥378॥
ਕੈਸਾ ਬਕਰੂ ਆਨ ਚਢਾਵਾ ॥ ਦਲ ਸਿੰਘ ਨੇ ਕਰੁ ਜੋਰੁ ਅਲਾਵਾ ॥
ਫੋੜੇ ਦੁਖ ਬਾਲਕ ਬਿਲਲਾਈ ॥ ਮਨਤੁ ਕਰੀ ਮੈ ਗੁਰ ਸੁਖਦਾਈ ॥379॥
ਸੁਤ ਕੋ ਕਸਟ ਸ੍ਰੀ ਗੁਰੂ ਹਟਾਵੋ ॥ ਬਕਰੂ ਭੇਟਾ ਅਪਨੀ ਪਾਵੋ ॥
ਹੁਇ ਅਧੀਨ ਜਬ ਬਿਨਤੀ ਗਾਈ ॥ ਫੋੜਾ ਫਟ ਗਾ ਪੀਰ ਬਿਲਾਈ ॥380॥

---

1. ੲ ਪੋਥੀ ਬੈਨ 2. ੲ ਪੋਥੀ ਡੇਰਾ
3. ੲ ਪੋਥੀ ਹਾਥ

॥ ਦੋਹਰਾ ॥

ਸੁਖਨਾ ਕੀਨੀ ਆਪਿ ਕੀ ਲੈ ਕਰਿ ਆਵਾ ਪਾਸਿ ॥
ਲੀਜੈ ਬ੍ਰਕਰੂ ਸਤਿਗੁਰੂ ਸੁਖਦਾਈ ਗੁਣ ਰਾਸ ॥381॥

॥ ਚੌਪਈ ॥

ਕਹਯੋ ਹਜੂਰ ਮੋੜਿ ਲੇ ਜਾਵੋ ॥ ਇਸ ਦੇਵਨ ਕੀ ਆਸ ਮਿਟਾਵੋ ॥
ਔਰ ਲਿਆਵੋ ਦੇਰੁ ਬਿਹਾਈ ॥ ਤਤਖਿਨੁ ਲੇਵੈ ਬੇਰਿ ਨ ਕਾਈ ।382॥
ਹੁਕਮ ਮਾਨ ਤਬ ਮੋੜ ਲੇ ਗਯੋ ॥ ਜਿਸ ਕਾ ਥਾ ਤਿਸ ਦੇਵਤ ਭਯੋ ॥
ਕਹਯੋ ਗੁਜਰ ਕਯੋ ਫੇਰਤਿ ਭਾਈ ॥ ਬਕਰੂ ਪੁਸਟਾ ਬਹੁ ਅਧਿਕਾਈ ॥383॥
ਸੁਨ ਕਰ ਦਲ ਸਿੰਘ ਕਹਾ ਸੁਨਾਈ ॥ ਕੋ ਅਵਗਨ ਹੈ ਇਸੁ ਮੇ ਭਾਈ ॥
ਕਹਿ ਗੁਜਰੁ ਨਹਿ ਅਵਗਨ ਕੋਈ ॥ ਜਬ ਇਹੁ ਜਨਮਾ ਬਕਰੀ ਮੋਈ ॥384॥
ਭੂਖਾ ਪਿਖ ਮਮ ਆਈ ਦਯਾ ॥ ਗਊ ਚੁੰਘਾਇ ਪੁਸਟ ਕਰ ਲਯਾ ॥
ਸੁਨ ਤਿਸੁ ਬਾਨੀ ਸ਼ਿਖ ਬਿਸਮਾਯੋ ॥ ਏਹੁ ਸਮਝਿ ਕਰਿ ਗੁਰੂ ਹਟਾਯੋ ॥385॥

॥ ਦੋਹਰਾ ।

ਅੰਤਰਜਾਮੀ ਸਤਿਗੁਰੂ ਜਿਸ ਤੇਂ ਗੋਝਿ ਨ ਕੋਇ ॥
ਬਕਰੂ ਔਰ ਅਬ ਲੈ ਚਲੋ ਦੇਵਉ ਸੁਖਨਾ ਸੋਇ ॥386॥[1]
ਔਰੁ ਲਿਆਇ ਅਰਪਨ ਕਿਯੋ ਹਾਥ ਜੋਰੁ ਸਿਰ ਨਿਯਾਇ ॥
ਆਪ ਗਯਾਤਾ ਸਰਬ ਕੇ ਹਮ ਸੁ ਜੰਤ ਅਲਪਾਇ ॥387॥
ਸ੍ਰਿਸਟ ਸਗਲ ਦਿਬ ਦ੍ਰਿਸਟ ਬਿਨ ਪਰਤ ਕੁਮਾਰਗੁ ਧਾਇ ॥
ਜਿਨ ਪਰ ਤੁਮਰੀ ਮਯਾ[2] ਹੈ ਲੇਵੋ ਤਿਸੈ ਬਚਾਇ ॥388॥

**(ਰਾਮ ਸਿੰਘ ਦੀ ਕਥਾ)**

॥ ਚੌਪਈ ॥

ਪੁਰ ਅਨੰਦ ਇਕ ਸਿਖੁ ਚਲੁ ਆਵਾ ॥ ਧਰੁ ਦੁਇ ਦਮੜੇ ਸੀਸ ਨਿਵਾਵਾ ॥
ਦਿਖੁ ਕਰਿ ਸ੍ਰੀ ਗੁਰ ਗਿਰਾ ਅਲਾਈ ॥ ਚੁਕਿ ਲੈ ਅਪੁਨੀ ਭੇਟਿ ਚੜਾਈ ।389॥
ਨਹਿ ਚੁਕੇ ਤਬ ਗੁਰੂ ਬਖਾਨਾ ॥ ਕਯੋ ਨਹਿ ਲੇਵੈ[3] ਮੂਢਿ ਅਯਾਨਾ ॥
ਰਾਮ ਸਿੰਘ ਫਿਰ ਬਿਨਤੀ ਗਾਈ ॥ ਕਯੋ ਨਹਿ ਲੇਵੋ ਗੁਰ ਸੁਖਦਾਈ ॥390॥
ਕਹਯੋ ਗੁਰੂ ਸੋ ਦਿਨੁ ਭੂਲਿ ਗਯੋ ॥ ਕੰਮ ਕਰਾਇ ਹੁਣ ਪੂਛਤ ਭਯੋ ॥
ਜਿਮੀ ਸੁ ਅਟਕਿ ਗਈ ਸਠਿ ਤੇਰੀ ॥ ਹੋਇ ਦੀਨ ਰੋਯੋ ਬਹੁ ਬੇਰੀ ॥391॥

---

1. ਅ ਪੋਥੀ ਵਿਚ ਇਹ ਦੋਹਰਾ ਵਾਧੂ ਹੈ : ॥ ਦੋਹਰਾ ॥
ਸੋ ਅਜ ਲੀਨੋ ਸਤਗੁਰੂ ਚਾਲੋ ਸਿਖ ਅਗਾਰ ॥
ਗੁਰ ਕੀ ਮਹਿਰਾ ਅਧਕ ਲਖ ਗਾਵੈ ਬਾਰੰਬਾਰ ॥389॥
2. ੲ ਪੋਥੀ ਮਾਯਾ 3. ੲ ਪੋਥੀ ਦਵੈ

ਗੁਰ ਬਚਨ ਕੋ ਅਕਨ ਕਰੁ ਮੁਖੋਂ ਨ ਆਵੈ ਬੈਨ ॥
ਪ੍ਰਗਟ ਕੜਾ ਥਾ ਹਾਥ ਮੇਂ ਧਰੁ ਆਗੈ ਨਿਵ ਨੈਨ ॥393॥

॥ ਚੌਪਈ ॥

ਪਾਨ ਜੋਰੁ ਕਰਿ ਬਿਨੈ ਅਲਾਈ ॥ ਮੈ ਭੂਲਾ ਸ੍ਰੀ ਗੁਰ ਸੁਖਦਾਈ ॥
ਸਦਾ ਸਦਾ ਤੁਮ ਬਖਸਨ ਜੋਗੁ ॥ ਹਮ ਕੋ ਲਾਗਾ ਤ੍ਰਿਸਨਾ ਰੋਗੁ ॥394॥
ਔਰੁ ਜੋ ਹੋਵੈ ਦਿਯੋ ਪਹੁਚਾਈ ॥ ਬਖਸੋ ਖਤਾ ਗੁਰੂ ਸੁਖਦਾਈ ॥
ਕਹਯੋ ਹਜੂਰਿ ਫਿਰ ਐਸ ਨ ਕੀਜੈ ॥ ਵਾਹਿਗੁਰੂ ਸਿਮਰੋ ਸੁਖ ਲੀਜੈ ॥395॥
ਮਾਥ ਨਿਵਾਇ ਗਯੋ ਘਰੁ ਅਪੁਨੇ ॥ ਗੁਰ ਚਰਨਨ ਮੈਂ ਪ੍ਰੀਤੀ ਮਗਨੇ ॥
ਕਰਾਮਾਤ ਕ੍ਯਾ ਗੁਰੂ ਖਜਾਨਾ ॥ ਜਿਹ ਦਰਸੇ ਜੜ ਪਾਵੈ ਗਯਾਨਾ ॥396॥

॥ ਦੋਹਰਾ ॥

ਰੇ ਮਨ ਐਸੇ ਗੁਰੂ ਕਉ ਸਿਮਰੋ ਬਾਰੰਬਾਰ ॥
ਜੋ ਗੁਰ ਚਰਨ ਧਿਆਇਦੇ ਭਵ ਤੇ ਹੋਏ ਪਾਰ ॥397॥

**(ਸਾਹਿਬ ਸਿੰਘ ਪ੍ਰਤਿ ਸੋਢੀਆਂ ਦੀ ਸ਼ਰਧਾ)**

॥ ਚੌਪਈ ॥

ਏਕ ਦਿਨਾ ਕਲਾਧਾਰੀ ਪੋਤਾ ॥ ਸੰਸ੍ਰਤ ਤਾਰਨ ਕੋ ਹੈ ਪੋਤਾ ॥
ਨਦੀ ਕਿਨਾਰੇ ਮਜਨ ਹੇਤ ॥ ਜਾਤ ਭਯੋ ਬੇਦੀ ਕੁਲ ਕੇਤ ॥398॥
ਤਿਸੀ ਥਾਨੁ ਸੋਢੀ ਸਭ ਆਏ ॥ ਕਰੁ ਕਰ ਮਜਨ ਬਹੁਤ ਹਰਖਾਏ ॥
ਗੁਰਬਾਨੀ ਪੜਤੇ ਹਿਤ ਲਾਈ ॥ ਜਾਸੁ ਪਠੇ ਮਨੁ ਥਿਰੁ ਹੁਇ ਜਾਈ ॥390॥
ਸੁਰਜਨ ਸਿੰਘ ਜੈਇ ਸਿੰਘ ਜੁਗ ਭ੍ਰਾਤ ॥ ਗੁਰ ਕਾ ਅਦਬੁ ਕਰੈਂ ਬਿਖਯਾਤ ॥
ਪਾਨ ਜੋਰੁ ਕਰੁ ਬਿਨਤੀ ਕੀਨ ॥ ਸਦਨ ਹਮਾਰੇ ਚਲੋ, ਪਰਵੀਨ ॥400॥
ਮਧੁਰੋ ਬੋਲਿ ਬੇਦੀ ਸੁਰਿਝਾਯੋ[1] ॥ ਭੋਜਨ ਕਾ ਨਿਵਤਾ ਸੁ ਮਨਾਯੋ ॥
ਬਹ ਹਿਤ ਸਾਥੈ[2] ਸਦਨ ਲਿਆਇ ॥ ਨਿਜ ਜਨਨੀ[3] ਪ੍ਰਤਿ ਦਯੋ ਸੁਨਾਏ ॥401॥

॥ ਦੋਹਰਾ ॥

ਮਾਤਾ ਬਾਨੋ ਹਰਖੁ ਕਰੁ ਉਠਿ ਕਰੁ ਮਾਥਿ ਨਿਵਾਇ ॥
ਜਸੁ ਗੁਰ ਕਾ ਬਹੁਤ ਕਰਤ ਭੀ ਬਾਰ ਬਾਰ ਹਰਖਾਇ ॥402॥

॥ ਚੌਪਈ ॥

ਸੁੰਦਰ ਚੌਕੀ ਦੀਨ ਬਿਛਾਈ ॥ ਊਪਰ ਸਤਿਗੁਰੂ ਲੀਨ ਬਿਠਾਈ ॥
ਥਾਲ ਪਰੋਸਾ ਆਗੇ ਰਾਖਾ ॥ ਛਕੀਏ ਸਤਿਗੁਰੂ ਬਚ ਸੁਭ ਭਾਖਾ ॥403॥
ਭ੍ਰਾਤਾ ਏਕ ਉਡਨੀ ਹਟਾਵੈ ॥ ਦੂਤੀ ਭ੍ਰਾਤ ਬੀਜਨੋ ਢੁਰਾਵੈ ॥
ਪ੍ਰੀਤੀ ਕਰ ਬਡ ਅਸਨ ਖੁਲਾਵਾ ॥ ਮੀਤ ਮਧੁਰ ਜਲੁ ਪਾਨੁ ਕਰਾਵਾ ॥404॥

1. ਮੂਲ ਪੋਥੀ ਸੁਰਿਝਾਵੋ
2. ਅ ਪੋਥੀ ਸਾਥ ਸੁ
3. ਅ ਪੋਥੀ ਮਾਤਾ

ਜੁਗਮ ਥਾਨ ਦਸਤਾਰੂ ਬਰੀਕ ॥ ਰੁਪਯੇ ਦਸ ਧਰੇ ਤਿਹ ਹੀਕ ॥
ਮਾਈ ਬਿਨੈ ਕਰੀ ਕਰੁ ਜੋਰੁ ॥ ਸੁਰਜਨ ਸਿੰਘ ਜੈਇ ਸਿੰਘ ਦੇਹ ਕੌਰ ॥405।
ਜੁਗ ਪੋਤੇ ਮੈ ਗੋਦ ਖਿਲਾਵਾ ॥ ਜੁਗਮ ਅਸ੍ਵ ਮੈ ਭੇਟ ਚਟਾਵਾ ॥
ਸੁਭਹਾਂ ਸੁ ਕਰਮੀ ਬਾਲਕ ਆਵਨ ॥ ਚਿਰ ਜੀਵੀ ਕੁਲ ਬੇਲ ਬਧਾਵਨ ॥406॥

॥ ਦੋਹਰਾ ॥

ਕਮਲ ਬਦਨ ਸੁਨ ਬਚ ਕਹਯੋ ਹੋਵੈ ਜੁਗਮ ਕੁਮਾਰ ॥
ਦ੍ਰਿਖ ਅਨੰਦ ਤੂੰ ਹੋਇਗੀ ਖੇਲਾਵੈ ਹਿਤੁ ਧਾਰ ॥407॥

॥ ਚੌਪਈ ॥

ਐਸੇ ਕਹਿ ਗੁਰ ਆਏ ਸਦਨਾ ॥ ਜੁਗ ਭ੍ਰਾਤਾ ਸੁਨ ਹੋਏ ਮਗਨਾਂ ॥
ਬਰਸ ਬੀਚ ਬਾਲਕੁ ਜੁਜ ਹੋਏ ॥ ਬਜੀ ਬਧਾਈ ਆਨੰਦ ਭਏ ॥408॥
ਲੇ ਬਾਰਾ ਚਲੁ ਗੁਰ ਦਰ ਆਏ ॥ ਦ੍ਵੈ ਘੋੜੇ ਧਨ ਭੇਟ ਚਢਾਏ ॥
ਇਨ ਕੇ ਗੁਰ ਜੀ ਨਾਮੁ ਧਰੀਜੈ ॥ ਸੇਵਕ ਅਪਨੇ ਜਾਨ ਸੁ ਲੀਜੈ ॥409॥

॥ ਦੋਹਰਾ ॥

ਸੁਰਜਣ ਸਿੰਘ ਤੇ ਤਾਤ ਕੋ ਤ੍ਰਿਲੋਕ ਸਿੰਘ ਸੁਭ[1] ਨਾਮ ॥
ਜੈਇ ਸਿੰਘ ਕਾਂ[2] ਸੁਵਨ ਵਰ[3] ਉਤਮੁ ਸਿੰਘ ਗੁਨ ਧਾਮ ॥410॥

॥ ਚੌਪਈ ॥

ਦੋਨੋ ਨਾਮੁ ਜਬ ਗੁਰੂ ਧਰਾਨੇ ॥ ਸਭ ਕੇ ਮਨ ਤਬ ਭੇ ਹਰਖਾਨੇ ॥
ਗਾਵਤ ਜਸੁ ਅਪਨੇ ਗ੍ਰਿਹ[4] ਗਏ ॥ ਜਿਨ ਕੇ ਆਨੰਦ ਹੋਵਤ ਨਏ ॥411॥

**(ਲਧੜ ਪਿੰਡ ਦੇ ਸਾਧੂ ਦੀ ਕਥਾ)**

ਹੈ ਏਕ ਗ੍ਰਾਮ ਲਧੜਾ ਜਿਸੁ ਨਾਮੁ ॥ ਤਿਸ ਥੀ ਸਾਧੂ ਆਏ ਗੁਰ ਧਾਮ ॥
ਮਾਥ ਨਾਇ ਤਿਨ ਬੈਨ ਸੁਨਾਵਾ ॥ ਰਾਮ ਸੁ ਚੇਰੇ ਮੁਝੈ ਪਠਾਵਾ 412॥
ਆਇ ਦਿਦਾਰ ਗੁਰੂ ਜੀ ਦੇਵੋ ॥ ਪ੍ਰਸਾਦਿ ਕੇਰਾ ਕਿਰਪਾ ਕਰ ਜੇਵੋ ॥
ਬਿਨੇ ਸੁਨਤ ਪ੍ਰਭ ਜੀ ਚੜ ਗਏ ॥ ਲਧੜ ਗ੍ਰਾਮਹਿ ਪ੍ਰਾਪਤਿ ਭਏ ॥413॥
ਰਾਮੁ ਸੁ ਚੇਰਾ ਮਨੁ ਹਰਖਾਈ ॥ ਚਰਨੀ ਲਾਗਾ ਸੇਵ ਕਰਾਈ ॥
ਅਸਨ ਅਚਾਵਾ ਮਨੁ ਹਰਖਾਏ ॥ ਸੀਤ ਦੀਯੋ ਸਭ ਕੋ ਬੰਰਤਾਏ ॥414॥
ਰਾਮ ਸੁ ਚੇਰੇ ਬਿਨੈ ਅਲਾਈ ॥ ਸੰਸਾ ਮਮ ਇਕ ਹੈ ਸੁਖਦਾਈ ॥
ਆਪ ਮਯਾ ਕਰਿ ਦਿਉ ਹਟਾਏ ॥ ਮੈ ਹਾਂ ਸੇਵਕ ਗੁਰ ਸੁਖਦਾਏ ॥415॥
ਕਾਰਨ ਕਿਸ ਜੀ ਬਹੁ ਦਖੁ ਪਾਵੈ ॥ ਫਿਰਤ ਤ੍ਰਿਲੋਕੀ ਅਤਿ ਪਛਤਾਵੈ ॥
ਸੁਨ ਕਰਿ ਬਾਨੀ ਗੁਰ ਹਰਖਾਨੇ ॥ ਮੰਜ ਮਧੁਰ ਸੁਠ ਬੈਨ ਬਖਾਨੇ ॥416॥

---

1. ਅ ਪੋਥੀ ਤਿਸ ੲ ਪੋਥੀ ਸੁਭ
2. ਅ ਪੋਥੀ ਕੋ
3. ਅ ਪੋਥੀ ਧਰ ਨਾਮ
4. ੲ ਪੋਥੀ ਘਰਿ

ਤ੍ਰਿਸਨਾ ਕਰ ਜੀ ਹੋਵਾ ਦੀਨਾ ॥ ਭਗਤ ਭੋਗ ਨ ਮਨ ਤ੍ਰਿਪਤੀਨਾ ॥
ਸ੍ਰੀ ਗੁਰ ਅਰਜਨ ਬਾਨੀ ਗਾਈ ॥ ਹੈ ਤ੍ਰਿਸਨਾ ਅਤਿਸੈ ਦੁਖਦਾਈ ॥417॥

॥ ਸ੍ਰੀ ਗੁਰ ਗ੍ਰਿੰਥ ਜੀ ਪ੍ਰਮਾਨੰ ॥

ਅਨਿਕ ਭੋਗੁ ਬਿਖਿਆ ਕੇ ਕਰੈ ॥ ਨਹਿ ਤ੍ਰਿਪਤਾਵੈ ਖਪਿ ਖਪਿ ਮਰੈ ॥

॥ ਔਰ ਪ੍ਰਮਾਨ ॥

ਚਾਹ ਚਮਾਰੀ ਚੂਹਰੀ ਅਤ ਨੀਚ੍ਹਨ ਤੇ ਨੀਚ ॥
ਏਹੁ ਤੋ ਪੂਰਨ ਬ੍ਰਹਮ ਥਾ ਜੇ ਚਾਹ ਨ ਹੋਤੀ ਬੀਚ ॥418॥
ਜੀਵੋ ਬ੍ਰਹਮ ਤਬੈ ਇਹ ਹੋਈ ॥ ਧਰ ਸੰਤੋਖਿ ਸੇਵਿ ਗੁਰ ਜੋਈ ॥
ਜਿਨ ਜਿਨ ਗੁਰ ਕੀ ਸੇਵ ਕਮਾਨੀ ॥ ਤ੍ਰਿਸਨਾ ਆਦਿ ਕਰੈ ਦੁਖ ਹਾਨੀ ॥419॥
ਵਾਹਿਗੁਰੂ ਸਦ ਮੁਖੋਂ ਉਚਾਰੈ ॥ ਤਨ ਹੰਤਾ ਨਰ ਕਬ ਮਨ ਧਾਰੈ ॥
ਕਾਮ ਆਦਿ ਕੌ ਤਰਜ ਹਟਾਵੈ ॥ ਸਤਗੁਰ ਬਾਨੀ ਮੈ ਮਨ ਲਾਵੈ ॥420॥
ਜੀਤਿਨ ਕੋ ਤਬ ਥਿਰਤਾ ਪਾਈ ॥ ਜਿਮ ਥੰਮ ਪੁਤਰੀ ਨਾਹਿ ਚਲ੍ਹਾਈ ॥
ਸੁਨਿ ਕਰਿ ਸਾਧੂ ਚਰਨ ਗਹਾਨੇ ॥ ਗੁਰ ਨੁਤ ਕੇ ਸੁਭ ਬੈਨ ਬਖਾਨੇ ॥421॥

॥ ਦੋਹਰਾ ॥

ਜੈ ਜੈ ਜਯ ਜਗ ਤਰ ਗੁਰ ਮੈ ਹਾਂ ਤੁਮਰਾ ਦਾਸ ॥
ਦਾਸਨ ਦਾਸ ਪਛਾਨੁ ਕਰ ਕਾਟੋ ਜਮ ਕੀ ਫਾਸ ॥422॥
ਸ੍ਰੀ ਕਮਲਾਨਨ ਬਚ ਭਨਾ ਜਪੋ ਨਾਮੁ ਹਿਤੁ ਧਾਰ ॥
ਕਲ ਮੈ ਸਾਧਨ ਏਹੁ ਮੁਖ ਭਵਨਿਧਿ ਤੇ ਹੁਇ ਪਾਰ ॥423॥

## (ਚੜਤ ਸਿੰਘ ਦੀ ਕਥਾ)

ਚੜਤ ਸਿੰਘ ਸਰਦਾਰ ਜੋ ਆਵਾ ਦਰਸਨ ਹੇਤ ॥
ਭੇਟਾ ਗੁਰ ਆਗੇ ਧਰੀ ਭਾਖਿ ਭਗਤੁ ਬਹੁ ਕੇਤ ॥424॥

॥ ਚੌਪਈ ॥

ਸਬ ਪਰਵਾਰ ਗੁਰ ਚਰਨੀ ਲਾਵਾ ॥ ਕਰ ਗੁਰਦਸਨ ਮਨ ਹੁਲਸਾਵਾ ॥
ਪਾਨ ਜੋਰੁ ਕਰੁ ਬਿਨੈ ਅਲਾਈ ॥ ਸੁਤ ਗ੍ਰਹ ਦੇਵੋ ਗੁਰ ਸੁਖਦਾਈ ॥425॥
ਗੁਰੂ ਭਨ੍ਹਾ ਨਹਿ ਚਿੰਤਾ ਕੀਜੈ ॥ ਪਾਵੈ ਪੂਤੰ[2] ਸੁਖੀ ਰਹੀਜੈ ॥
ਸਤਨਾਮੁ[3] ਸਿਮਰੋ ਚਿਤੁ ਲਾਈ ॥ ਅੰਤੁ ਕਾਲ ਤੁਮ ਹੋਇ ਸਹਾਈ ॥426॥
[4]ਮਾਨੁਖ ਦੇਹੀ[4] ਸਫਲ ਕਰੀਜੈ ॥ ਸੰਤਨ ਸੇਵਾ ਅਮੀ ਸੁ ਪੀਜੈ ॥
ਸਭ ਮਾਨਵ ਪਰ ਕਰਨ੍ਹਾ ਕੀਜੋ ॥ ਸਤਨ੍ਹਾਮੁ ਅਮੀ ਰਸੁ ਪੀਜੋ ॥427॥
ਤਨੁ ਧਨੁ ਆਦਿਕ ਹੰਤਾ ਤਿਯਾਗੋ ॥ ਨਿਜ ਸ੍ਵਰੂਪ ਵਿਖੇ ਸਦ ਪ੍ਰਾਗੋ ॥
ਹਰਖੁ ਸੋਗ ਔ ਮਾਨ ਅਪਮਾਨਾ ॥ ਸਰਬ ਦੰਦੁ ਕੋ ਕੀਜੈ ਹਾਨਾ ॥428॥

---

1. ਮੂਲ ਪੋਥੀ ਹਮਾਰੀ 2. ਅ ਪੋਥੀ ਸੁ
3. ੲ ਪੋਥੀ ਵਾਹਿਗੁਰੂ 4. ੲ ਪੋਥੀ ਪਾਠਾਂਤਰ : ਜੀਵਨ ਅਪਨੋ

ਗੁਰਬਾਣੀ ਸਦ ਬਚਨੁ ਉਚਾਰੋ ॥ ਪਾਦ ਪਦਮ ਗੁਤ ਕੇ ਉਰ ਧਾਰੋ ॥
ਮਨੁ ਤਨੁ ਧਨੁ ਕਰੁ ਸੰਤਨ ਸੇਵੋ ॥ ਗਯਾਨ ਬੈਨੁ ਤਿਨ ਤੇ ਸੁਨ ਲੇਵੋ ॥429॥

॥ ਦੋਹਰਾ ॥

ਮੁਦਤਾ ਕਰਣਾ ਮੈਤ੍ਰੀ ਔਹੁ ਉਪਖਯਾ ਜਾਨ ॥
ਇਹ ਚਾਰੋ ਰਿਦੈ ਮੈ ਧਰੋ ਚੂਕੇ ਜਮ ਕੀ ਕਾਨ ॥430॥

॥ ਚੌਪਈ ॥

ਸੁਨ ਗੁਰਬਾਨੀ ਸਿਖ ਹਰਖਾਨਾ ॥ ਮਨ ਮੈ ਜਾਗੀ ਪ੍ਰੀਤ ਮਹਾਨਾ ॥
ਪਾਦ ਪਦਮ ਪਰ ਸੀਸ ਨਿਵਾਯੋ ॥ ਗੁਰ ਮਯਾ ਤੇ ਸੁਭ ਪਦ ਪਾਯੋ ॥431॥
ਜਿਨ ਜਿਨ ਬਾਨੀ ਗੁਰ ਸੁਨਿ ਪਾਈ ॥ ਤਿਨ ਮਨ ਸਰਧਾ ਅਤਿਸੇ[1] ਆਈ ॥
ਨੈਨ ਗੁਰੂ ਪਦ ਐਸ ਲਗਾਨੇ ॥ ਰਵੀ ਦੇਖਿ ਜਿਮ ਕੰਜ ਖਿਰਾਨੇ ॥432॥
ਸੁਨ ਗੁਰਬਾਨੀ ਸਭ ਹਰਖਾਏ ॥ ਬਾਰ ਬਾਰ ਨੁਤ ਕਰ ਹਰਖਾਏ ॥
ਚੜਤ ਸਿੰਘ ਉਠਿ ਜੋਰਾ ਝਾਰਾ ॥ ਚਰਨ ਸਰੋਜ ਜਾਇ ਬਲਹਾਰਾ ॥433॥
ਗੁਰ ਪਰ ਸਰਧਾ ਆਈ ਭੂਰੀ ॥ ਮਾਥੇ ਲਾਈ ਚਰਨਨ ਧੂਰੀ ॥
ਭਾ ਨਿਹਾਲ ਗੁਰ ਸਿਖੀ ਪਾਈ ॥ ਮਨ ਮੇ ਸਾਂਤ ਭਈ ਅਧਿਕਾਈ ॥344॥

## (ਆਨੰਦਪੁਰ ਟਿਕਣਾ ਤੇ ਕਰਾਮਾਤ ਵਿਖਾਉਣੀ)

॥ ਦੋਹਰਾ ॥

ਕਰ ਨਿਹਾਲ ਸਭ ਦੇਸ ਕੋ ਆਏ ਅਪਨ ਅਗਾਰਿ ॥
ਪੁਰ ਆਨੰਦ ਆਨੰਦ ਕਰਿ ਸੋਭਾ ਤਿਨ ਬਲਹਾਰਿ ॥435॥

॥ ਚੌਪਈ ॥

ਪੁਰ ਅਨੰਦ ਮੈ ਥਿਰੇ ਸੁਆਮੀ ॥ ਕਰੇ ਮੁਕਤਿ ਜੇ ਬਾਮੀ ਕਾਮੀ ॥
ਪਹਿਰ ਤੀਸਰੇ ਦਿਨੁ ਹਰਖਾਏ ॥ ਸਤਦ੍ਰਵ ਤੀਰ ਥਿਰਹਿ ਗੁਰ ਜਾਏ ॥436॥
ਏਕ ਦਿਨਾ ਗੁਰਦ੍ਵਾਰ ਪੁਜਾਰੇ ॥ ਆਏ ਮਿਲ ਕਰੁ ਬੈਨ ਉਚਾਰੇ ॥
ਸੋਢੀ ਸਾਹਿਬ ਤਹਿ ਬਹੁ ਆਏ ॥ ਬੈਠਿ ਗਏ ਸਭ ਸੀਸ ਨਿਵਾਏ ॥437॥

॥ ਦੋਹਰਾ ॥

ਰੜੇ ਪਈ ਹੈ ਗੇਂਦ ਅਬ ਕੋ ਜੀਤੇ ਬਲ ਲਾਇ ॥
ਸਭ ਸੰਗਤਿ ਤਿਸ ਸੇਵਹੀ ਹਮ ਲਾਗੈ ਤਿਸੁ ਪਾਇ ॥438॥
ਤਿਨ ਕੀ ਬਾਨੀ ਸੁਨ ਗੁਰੂ ਹੰਸ ਕਰ ਉਤਰੁ ਦੀਨ ॥
ਮਤ ਜਾਨੋ ਬੇਦੀ ਲੈ ਗਯਾ ਪਾਛੈ ਹੱਵੈ ਦੀਨ ॥439॥

॥ ਚੌਪਈ ॥

ਕਹੋ ਨਹੀ ਬੇਦੀ ਲੈ ਗਯਾ ॥ ਯਾਹੀ ਤੇ ਪਹਿਲੇ ਕਹ ਦਯਾ ॥

1. ਅ ਪੋਥੀ ਕਰ ਬਾਨੀ

ਸਭ ਹੀ ਸਿਖਨ ਕਹਯੋ ਬਖਾਨ ॥ ਬੇਦੀ ਸੋਢੀ ਜੁਗੁ ਗੁਰ ਜਾਨ ॥440॥
ਜਲ ਤਰੰਗ ਮੈ ਭੇਦ ਨ ਜੈਸੇ ॥ ਬੇਦੀ ਸੋਢੀ ਹੈ ਇਕ ਤੈਸੇ ॥
ਹਮ ਦੋਨੋ ਕੀ ਸੇਵ ਕਮਾਵੈ ॥ ਮਨ ਬਾਂਛਤ ਜਾਂਤੇ ਬਰ ਪਾਵੈ ॥441॥
ਗੁੰਬੀ ਗਹਿਲਾ ਸਿੰਘ ਇੱਕ ਆਹਿ ॥ ਨਥਾਂ ਸਿੰਘ ਦੂਤੀ ਤਿਹ ਥਾਹਿ ॥
ਇਹ ਸਪਰਧਾ ਸਦ ਹੀ ਰਾਖੈ ॥ ਕਈ ਬਾਰ ਗੁਰ ਨਿੰਦਾ ਭਾਖੈ ॥442॥

॥ ਦੋਹਰਾ ॥

ਦੋਨੋ ਬੋਲੇ ਗੁਰ ਪ੍ਰਤੀ ਹਮ ਕੌ ਪਤਾ ਦਿਖਾਇ ॥
ਗੋਪ[1] ਚੀਜ ਸੋਢੀਸ ਕੀ ਦੀਜੈ ਹਮੇ ਦ੍ਰਿਸਟਾਇ ॥443॥

॥ ਚੌਪਈ ॥

ਪ੍ਰਗਟ ਦਿਖਾਵੋ ਹਮ ਕੌ ਸੋਈ ॥ ਹਮ ਸਭ ਤੁਮਰੇ ਸੇਵਕੁ ਹੋਈ ॥
ਸੁਨ ਤਿਨ ਬਾਨੀ ਗੁਰੂ ਬਖਾਨਾ ॥ ਦੇਖੋਵੈ ਹਮ ਤੁਮ ਨ ਪਤਯਾਨਾ ॥444॥
ਇਹ ਸਨੁ ਦੋਨੋ ਬਚਨ ਸੁਨਾਏ ॥ ਜੌ ਨ ਮਾਨੈ ਜਮਨੁ ਕਹਾਏ ॥
ਸਾਹਿਬ ਕਹਯੋ ਦੇਖਤ ਫਿਰ ਜੈਹੋ ॥ ਮਨ ਖੋਟੇ ਨਹ ਨਿਸਚਾ ਪੈਹੋ ॥445॥
ਦੋਨੋ ਬੋਲੇ ਕਰੀ ਸੁਗੰਦੂ ॥ ਜੇ ਫਿਰ ਜਾਵੈ ਹੋਵੈ ਮੰਦੂ ॥
ਕਹਯੋ ਗੁਰੂ ਕਲ ਦੇਖਨ ਕੀਜੈ ॥ ਜੋ ਦੇਖੋ ਹਮ ਕੌ ਕਹਿ ਦੀਜੈ ॥446॥

॥ ਦੋਹਰਾ ॥

ਏਕ ਮਹੂਰਤ ਨਿਸ ਰਹੈ ਤਬ ਤੁਮ ਬਾਹਰੁ ਜਾਇ ॥
ਜੇਤੀ ਬਸਤੂ ਦ੍ਰਿਸਟ ਪਰੈ ਹਮ ਕੌ ਆਨੁ ਸੁਨਾਇ ॥447॥

॥ ਚੌਪਈ ॥

ਬਾਸਵ ਕੌ ਗੁਰ ਦੀਨ ਨਿਦੇਸੁ ॥ ਬਰਖਾ ਕੀਜੈ ਹਰਨ ਕਲੇਸ਼ ॥
ਰਾਤੀ ਬਰਖਾ ਹੋਈ ਕਾਰੀ[2] ॥ ਨਾਰੇ ਅਪਗਾ ਚਲੇ ਅਗਾਰੀ ॥448॥
ਏਕ ਸਿੰਘ ਤਬ ਤਿਨ ਨੇ ਭੇਜਾ ॥ ਨਦੀ ਤੀਰ ਚਾਲਾ ਹਰਖੇਜਾ ॥
ਪਰਬਤ ਟਿਲਾ ਏਕ ਗਿਰਾਨਾ ॥ ਕੜਾ ਕੜਾਹੇ ਦ੍ਰਿਸਟ ਪਰਾਨਾ ॥449॥
ਗੁਰੂ ਗਿਰਾ ਤਿਨੁ ਸਾਚੀ ਜਾਨੀ ॥ ਮੁੜਿ ਕਰਿ ਤਿਨ ਪ੍ਰਤਿ ਆਇ ਬਖਾਨੀ ॥
ਜੋ ਗੁਰ ਭਾਖਾ ਝੂਠੁ ਨ ਹੋਵਾ ॥ ਚਲੁ ਕਰ ਨੈਨੋ ਲੇਵੋ ਜੋਵਾ ॥450॥
ਸੂਬਾ ਸਿੰਘ ਸੁਨ ਤਹੀ ਧਾਯਾ ॥ ਖੋਦ ਕੜਾਹਾ ਤੁਰਤੁ ਕਢਾਯਾ ॥
ਕਰਦ ਕਟਾਰ ਚੱਕ੍ਰ ਸਰ ਤੀਖੇ ॥ ਮੌਲੀ ਗੋਲਾਂ ਸੱਭ ਨੇ ਦੀਖੇ ॥451॥

॥ ਦੋਹਰਾ ॥

ਤਮਾਚੇ ਬਿਛੂਏ ਸੈਫ ਬਹੁ ਚੰਦ੍ਰਹਾਂਸ ਤੇ ਆਦਿ ॥
ਲੈ ਨਿਹੰਗ ਧਾਰਤ ਭਏ ਗਰਜੇ ਤਜ ਕਰ ਬਾਦ ॥452॥

1. ਏ ਪੋਥੀ ਗੁਪਤ
2. ਏ ਪੋਥੀ ਭਾਰੀ

॥ ਚੌਪਈ ॥

ਜੋ ਗੁਰ ਕੇ ਸੈ ਪ੍ਰੀਤੀਵਾਨ ॥ ਤਿਨ ਕੇ ਮਨ ਭਾ ਹਰਖ ਮਹਾਨ ॥
ਜਿਨ ਕੇ ਮਨ ਮੈ ਸਰਧਾ ਨਾਹੀ ॥ ਤੇ ਬਕਬਾਦ ਕਰਤ ਭੇ ਤਾਹੀ ॥453॥
ਅਗਲੇ ਦਿਵਸੁ ਏਕਠੋ ਭਏ ॥ ਸੋਢੀ ਸਿਖ ਹਜੂਰ ਪਹਿ ਗਏ ॥
ਮਹਿਲੇ ਸਿੰਘ ਪ੍ਰਤ ਗੁਰੂ ਅਲਾਣਾ ॥ ਤੁਮਰੇ ਮਨ ਮੈ ਨਿਸਚਾ ਆਵ੍ਹਾ ॥454॥
ਗਹਿਲਾ ਸਿੰਘ ਕਹੇ ਸੁਨ ਬਾਬਾ ॥ ਹਮਰਾ ਮਨ ਤੋ ਨਹਿ ਪਤਿਆਬਾ ॥
ਬਰਖਾ ਹੋਈ ਬਹੁ ਜਲ ਚਾਲਾ ॥ ਯਾਂਤੇ ਟਿਲਾ ਗਿਰਾ ਉਤਾਲਾ ॥455॥

॥ ਦੋਹਰਾ ॥

ਸਸੂਤ ਇਸ ਬਿਧ[1] ਨਿਕਸਤ ਭਏ ਦੀਨੇ ਆਪ ਦਿਖਾਇ ॥
ਕਮਲ ਨੈਨ ਸੁਨ ਬਚ ਭਨੇ ਪਰੇ ਨਰਕ ਤੂ ਜਾਇ ॥456॥
ਨੇਮ ਕਰਾ ਥਾ ਪ੍ਰਥਮ ਦਿਨ ਜੋ ਪਿਖ ਨਹਿ ਪਤਿਆਇ ॥
ਸਿਖ ਨ ਹੋਵੈ ਗੁਰੂ ਕਾ ਜਗ ਮੈ ਤੁਰਕ ਕਹਾਇ ॥457॥

॥ ਚੌਪਈ ॥

ਤੁਮਰੀ ਕਹਵਤਿ ਤੁਮ ਕੌ ਆਈ ॥ ਅੰਤ ਅਧੋਗਤਿ ਪਾਵੋ ਜਾਈ ॥
ਦੇਖ ਨੈਨ ਜੋ ਨਹਿ ਪਤਿਆਇ ॥ ਸਿਖ ਨਹੀ ਵਹੁ ਬਡੀ ਬਲਾਇ ॥458॥
ਐਸੇ ਕਹਿ ਗੁਰ ਤੂਸਨ[2] ਧਾਰੀ ॥ ਤਿਨੋ ਪ੍ਰਤੀ ਨਹਿ ਗਿਰਾ ਉਚਾਰੀ ॥
ਤੇ ਭੀ ਉਠਿ ਕਰਿ ਭਵਨ ਸਿਧਾਰੇ ॥ ਪੁਨਿ ਨਹਿ ਬੋਲੇ ਦਈ ਕੇ ਮਾਰੇ ॥459॥
ਤਿਨ ਮੈ ਕੋਈ ਫਤੇ ਬੁਲਾਵੈ ॥ ਸਾਹਿਬ ਸਲਾਮਤਿ ਸ੍ਰੀ ਗੁਰ ਗਾਵੈ ॥
ਹੋਵੈ ਲਜਤਿ ਨੈਨ ਨਿਵਾਈ ॥ ਤਿਨ ਕੀ ਸਤਿਗੁਰ ਛੋਰਿ ਮਚਾਈ ॥460॥
ਐਸੇ ਕੌਤਕ ਕਰੈ ਗੁਸਾਈ ॥ ਗੁਰ ਸਿਖ ਸੁਨ ਸੁਨ ਬਲ ਬਲ ਜਾਈ ॥
ਗਿਰਾ ਸੇਸ ਨਹਿ ਪਾਵੈਂ ਪਾਰਾ ॥ ਸੋਭਾ ਕੈਸੇ ਕਰੈ ਉਚਾਰਾ ॥461॥

**(ਬਾਬਾ ਸਾਹਿਬ ਸਿੰਘ ਦਾ ਊਨੇ ਆਉਣਾ)**

॥ ਦੋਹਰਾ ॥

ਪੁਰ ਅਨੰਦ ਤੇ ਚਢਿ ਪ੍ਰਭੂ ਆਏ ਊਨੇ ਮਾਹਿ ॥
ਗੁਰ ਕਲਧਾਰੀ ਥਾਂਨ ਕੋ ਨਮੋ ਕਰਹੀ ਪੁਨ ਤਾਂਹਿ ॥462॥

॥ ਚੌਧਰੀ ॥

ਨਗਰ ਲੋਕ ਸਭ ਮਿਲਨੇ ਆਏ ॥ ਕਰ ਕਰ ਦਰਸਨ ਮਨੁ ਹਸਖਾਏ ॥
ਏਕ ਏਕ ਕੌ ਗੁਰੂ ਬੁਲਾਵੈ ॥ ਪੇਖ ਸੋਭਾ ਇਸੁ ਬਲੁ ਬਲੁ ਜਾਵੈ ॥463॥
ਕੋਇਕੁ ਦਿਨੁ ਗੁਰ ਤਹਾਂ ਬਤਾਏ ॥ ਸਿਖਨ ਕੀ ਸਦ ਕਰੈ ਸਹਾਏ ॥
ਏਕੁ ਦਿਨਾ ਗੁਰ ਚਢੇ ਸੰਸਿਕਾਰਾ ॥ ਜੁਰਰੇ ਬਾਜੰ ਸ੍ਵਾਨ ਅਪਾਰਾ ॥464॥

---

1. ਅ ਪੋਥੀ ਤੇ
2. ੲ ਪੋਥੀ ਮੋਨੰ

ਊਨੇ ਗਿਰਦ ਸਘਨ ਬਨ ਮਾਂਹਿ ।। ਰਹਤੁ ਹਰਨ ਪਾੜੇ[1] ਬੈਰਾਹਿ ।।
ਖਗ ਮ੍ਰਿਗ ਮਾਰੇ ਤਿਨੇ ਉਧਾਰਾ ।। ਗੁਰ ਸੁਖਦਾਈ ਪਰ ਉਪਕਾਰਾ ।।465।।
ਕਛੁਕ ਚਲ ਕਰੁ ਆਗੇ ਗਏ ।। ਲੇਟਯੋ ਸੰਤ ਬਿਲੋਕਤਿ ਭਏ ।।
ਧੰਯਾਨ ਮਸਤ ਨਹਿ ਦੇਹਿ ਹਲਾਈ ।। ਇੰਦੇ[2] ਦਮ ਕਰੁ ਬ੍ਰਿਤ ਟਿਕਾਈ ।।466।।
ਤਯੁਗ ਅਸ੍ਵ ਜਾ ਪਾਸ ਖੜੋਏ ।। ਮੁਖ ਤੇ ਬਾਨੀ ਸੁਭ ਬਿਗੋਏ ।।
ਨੈਨ ਉਘਾਰੁਨ ਰਿਖੀ ਕਰੀਜੈ ।। ਦਰਸਨ ਦੀਜੈ ਬਹੁਰੋ ਲੀਜੈ ।।467।।
ਸੁਨ ਗੁਰਬਾਨੀ ਨੈਨ ਉਘਰੇ ।। ਠਾਂਢੇ ਦੇਖੇ ਗੁਰੂ ਮੁਰਾਰੇ ।।
ਪਾਨ ਜੋਰਿ ਰਿਖ ਸੀਸੁ ਨਿਵਾਵਾ ।। ਕਰੀ ਮਯਾ ਗੁਰ ਦਰਸੁ ਦਿਖਾਵਾ ।।468।।

।। ਦੋਹਰਾ ।।

ਕਮਲੁ ਬਦਨੁ ਤਿਸੁ ਕਹਤੁ ਭਏ ਦੇਹੀ ਕਯੋ ਦੁਖੁ ਦੇਹਿ ।।
ਸੁਠਿ ਕਰਿ ਸਾਧੂ ਕਹਤੁ ਭਾ ਸੁਨੀਏ ਕਰੁਨਾ ਗ੍ਰੇਹਿ ।।469।।

।। ਚੌਪਈ ।।

ਗੁਰੂ ਹਮਾਰਾ ਈਹਾਂ ਰਹਾਈ ।। ਮੈ ਤਿਨ ਸੇਵਾ ਕਰੁ ਹਰਖਾਈ ।।
ਪਾਨ ਜੋਰ ਮੈ ਬੈਨੁ ਬਖਾਨਾ ।। ਗੁਰੂ ਜੀ ਮੋਕੋ ਦੀਜੈ ਗਯਾਨਾ ।।470।
ਸੁਨ ਮਮ ਬਾਨੀ ਗੁਰੂ ਬਖਾਨੀ ।ਉਤਰ ਦੇਵੈ ਗੁਰ ਸੁਖਦਾਨੀ ।।
ਪਾਨ ਜੋਰ ਮੈ ਗਿਰਾ ਅਲਾਈ ।। ਕਬਿ ਆਵੈ ਗੇ ਗੁਰ ਸੁਖਦਾਈ ।।471।।
ਪੁਰ ਅਨੰਦ ਅਬ ਕਰੈ ਕਲੋਲ ।। ਆਵੈ ਚਲ ਕਰੁ ਤੁਮਰੇ ਕੋਲ ।।
ਆਪੁ ਆਇ ਮੁਝ[3] ਦਰਸ ਦਿਖਾਵਾ ।। ਮੇਰੇ ਮਨ ਕੋ ਮੇਟੋ ਹਾਵਾ ।।472।।
ਗੁਰੂ ਭਨਾ ਅਬ ਸਾਧੁ ਸੁਨੀਜੈ ।। ਵਾਹਿਗੁਰੂ ਸਿਮਰੋ ਸੁਖ ਲੀਜੈ ।।
ਕਲੀ ਕਾਲ ਨਹਿ ਔਰੁ ਉਪਾਇ ।। ਸਤ ਸੰਗਤਿ ਹੈ ਸਦ ਸੁਖਦਾਇ ।।473।।
ਜਪੁ ਤਪੁ ਜੋਗੁ ਜਗ ਹੈ ਜੇਤੇ ।। ਤੀਰਥ ਬ੍ਰਿਤਿ ਨੇਮਿ ਹੈ ਕੇਤੇ ।।
ਵਾਹਿਗੁਰੂ ਬਿਨੁ ਐਸੇ ਜਾਨ ।। ਲੂਣ ਬਿਨਾ ਜਿਮ ਭੋਜਨੁ ਮਾਨ ।।474।।
ਤਾਂਤੇ ਸਦ ਹੀ ਨਾਮੁ ਜਪੀਜੈ ।। ਦੁਤੀ ਗਰੀਬੀ ਮਨ ਮੇ ਲੀਜੈ ।।
ਜਿਨੋ ਗਰੀਬੀ ਮਨ ਮੇ ਧਾਰੀ ।। ਤਿਸੁ ਜਗੁ ਪੂਜੇ ਹੁਇ ਬਲਿਹਾਰੀ ।।475।।

।। ਦੋਹਰਾ ।।

ਗੁਰਦਾਸ ਭਾਈ ਸਿਖੁ ਭਾ ਸੁਭ ਬਾਣੀ ਤਿਨ ਕੀਨ ।।
ਗਰੀਬੀ ਬਖਾਨ ਤਿਨ ਤੂ ਸੁਨਿ ਸੰਤ ਪ੍ਰਬੀਨ ।।476।।

।। ਤਥਾ ਪਉੜੀ ।।

ਲਹੁੜੀ ਹੋਇ ਚੀਚੰਗੁਲੀ ਪੈਧੀ ਛਾਪ ਮਿਲੀ ਵਡਿਆਈ ।।

---

1. ਅ ਪੋਥੀ ਪਾੜੇ
2. ਅ ਪੋਥੀ ਦੰਮਨ ਬ੍ਰਿਤ
3. ੲ ਪੋਥੀ ਮੋਹਿ

ਲਹੁੜੀ ਘਾਨ ਹਰ ਬੂੰਦ ਹੋਇ ਪਰਗਟੁ ਮੋਤੀ ਸਿਪ ਸਮਾਈ ॥
ਲਹੁੜੀ ਬੂਟੀ ਕੇਸਰੈ ਮਥੇ ਟਿਕਾ ਸੋਭਾ ਪਾਈ ॥
ਲਹੁੜੀ ਪਾਰਸ ਪਥਰੀ ਅਸਟ ਧਾਤ ਕੰਚਨਿ ਕਰਵਾਈ ॥
ਜਿਉ ਮਣਿ ਲਹੁੜੇ ਸਪ ਸਿਰਿ ਦੇਖੇ ਲੁਕਿ ਲੋਕ ਲੁਕਾਈ ॥
ਜਾਣ ਰਸਾਇਣੁ ਪਾਰਿ ਅਹੁਰਤੀ ਮੁਲ ਨ ਜਾਇ ਮੁਲਾਈ ॥
ਆਪ ਗਵਾਇਨ ਆਪੁ ਗਣਾਈ ॥477॥

॥ ਚੌਪਈ ॥

ਨਿਰਹੰਕਾਰੁ ਸੰਤ ਜੋ ਹੋਵੈ ॥ ਜਨਮੁ ਮਰਨ ਕੇ ਸੰਕਟ ਖੋਵੈ ॥
ਜੜ ਚੇਤਨ ਸਭ ਗੋਬਿੰਦ ਜਾਨੋ ॥ ਪ੍ਰੀਤਿ ਬੈਰਿ ਨਾ ਕਿਸੁ ਸੰਗਿ ਠਾਨੋ ॥478॥
ਜੋ ਹੋਵੈ ਸੋ ਹੋਵਨ ਦੀਜੈ ॥ ਮਨ ਮੈ ਚਿੰਤਾ ਮੂਲ ਨ ਕੀਜੈ ।
ਦੇਹ ਹੰਤਾ ਕੋ ਦੂਰ ਤਿਗਾਯੋ ॥ ਦੁੰਦ ਧਰਮੁ ਮੈ ਕਬੀ ਨਾ ਪਾਗੋ ॥479॥
ਸੁਨ ਗੁਰ ਬਚ ਸਾਧੂ ਹਰਖਾਈ ॥ ਚਰਨ ਧੂਰਿ ਲੇ ਮਾਥੇ ਲਈ ॥
ਪਾਨ ਜੋਰੁ ਗੁਰ ਕੀ ਨੁਤ ਕੀਨੀ ॥ ਜਿਨ ਕੇ ਜਾਗੇ ਭਾਗ ਨਵੀਨੀ ॥480॥

॥ ਤ੍ਰਿਭੰਗੀ ਛੰਦੁ ॥

ਬੇਦੀ ਕੁਲ ਤਾਜੂ ਦੀਨ ਨਿਵਾਜੂ ਸਿਖ ਸੁਖ ਸਾਜੂ ਜੈ ਤਹ ਰੇ ॥
ਜੈ ਅੰਤਰੁਜਾਮੀ ਤ੍ਰਿਭਵਨ ਸ੍ਵਾਮੀ ਤੁਮ ਭਜ ਕਾਮੀ ਕੁਟਲ ਤਰੇ ॥
ਅਤਿ ਊਚ ਪ੍ਰਤਾਪੀ ਤੇਜੂਰ ਖਾਪੀ ਭਕਤ ਮਿਲਾਪੀ ਦੂਰਤ ਦਮੋ ॥
ਸਰਨਨ ਸੁਖਦ ਯਨ ਮੁਕਤ ਕਰਯਾਨ ਨਿਤਯ ਨਰਾਯਨ ਜੈਤ ਨਮੋ ॥481॥
ਅਤਿ ਗੌਰ ਸਰੀਰਾ ਗਿਰਾ ਗੰਭੀਰਾ ਨੈਨ ਸਧੀਰਾ ਧ੍ਰਵਦੇਨੇ ॥
ਗਰਬੀਲ ਭੌਹੈ ਸੁੰਦਰ ਸੌਹੈ ਚਿਤ ਵ੍ਰਿਮੋਹੈ ਮਟਕੋ ਨੇ ॥
ਖਿਰ ਖੀਲੀ ਪਾਗੀ ਕੇਸਰ ਰਾਂਗੀ ਅਤਿ ਦੁਤ ਪਾਗੀ ਲਹਿਰ ਭਰੀ ॥
ਤੁਰਰਾਰਖੂ[2] ਕਾਵਨ ਪਰਮ ਸੁਹਾਵਨ ਸੁਰ ਨਰ ਭਾਵਨ ਜੈਤ ਹਰੀ ॥482॥

॥ ਦੋਹਰਾ ॥

ਐਸੀ ਉਸਤਤਿ ਸਾਧ ਨੇ ਕੀਨੀ ਪ੍ਰੀਤੀ ਲਾਇ ॥
ਸੁਨ ਕਰ ਗੁਰੂ ਪ੍ਰਸੰਨ ਭੇ ਲੀਨੋ ਕੰਠਿ ਲਗਾਇ ॥483॥

॥ ਚੌਪਈ ॥

ਜਬ ਸ੍ਰੀ ਸਤਿਗੁਰੂ ਕੰਠ ਲਗਾਵਾ ॥ ਭਯੋ ਗਯਾਨ ਅਗਯਾਨ ਨਸਾਵਾ ॥
ਊਨੇ ਮੋ ਤਿਸ ਕੋ ਲੈ ਆਏ ॥ ਕਰੁ ਆਦਰੁ ਪ੍ਰਸਾਦਿ ਅਚਾਏ ॥482॥
ਬਹੁਰੋ ਲੈ ਕਰ ਗੁਰੂ ਨਿਦੇਸ ॥ ਮਾਥ ਨਿਵਾਏ ਚਲਾ ਰਿਖੇਸ ॥
ਗੁਰ ਉਪਦੇਸੁ ਸੁਨਾ ਜੋ ਕਾਨਾ ॥ ਸੋ ਕਮਾਵਨ[3] ਹਿਤ ਕਰ ਠਾਨਾ ॥485॥

1. ਮੂਲ ਪੋਥੀ ਕਿ
2. ਅ ਪੋਥੀ ਤੁਰਰਾਰਥਰ
3. ਮੂਲ ਪੋਥੀ ਕਮਾਨਵ

(ਬਾਬਾ ਸਾਹਿਬ ਦੀ ਕਰਾਮਾਤ)

ਪਵੰਗਮ ਪ੍ਰ ਗੁਰ ਭਏ ਸਵਾਰ ॥ ਅਪ੍ਰਗਾ ਤੀਰ ਅਏ ਹਿਤ ਧਾਰ ॥
ਕੇਵਟ ਕੌ ਤਬ ਗੁਰੂ ਬੁਲਾਵਾ ॥ ਲਯਾਂਵੋ ਨੌਕਾ ਦੇਰ ਬਿਹਾਵਾ ॥486॥
ਆਈ ਨਿਸ ਸੁ ਅਤ ਅੰਧਿਆਰੀ ॥ ਤਤ ਖਿਨ ਹਮ ਕੌ ਕਰਦੇ ਪਾਰੀ ॥
ਕਰਨ ਧਾਰ ਸੁਨ ਬਾਨੀ ਗਾਈ ॥ ਭਯਾ ਅੰਧੇਰਾ ਹੜ ਬੱਡ ਆਈ ॥487॥
ਗੁਰੂ ਭਨਾ ਮਨ ਚਿੰਤੁ ਨ ਕੀਜੈ ॥ ਪਾਰ ਲੰਘਾਵੋ ਸੁਖ ਬਹੁ ਲੀਜੈ ॥
ਕਹਿ ਕਵਟ ਤਰਨੀ ਹੜ[1] ਜਾਈ ॥ ਕਹਿਥੀ ਲੇਵਾ ਬਹੁਰਿ ਬਨਾਈ ॥488॥

॥ ਦੋਹਰਾ ॥

ਤੀਨ ਬੇਰ ਸਤਿਗੁਰੂ ਭਨਾ ਜੜ ਨਹਿ ਮਾਨੀ ਗਾਥ ॥
ਕਮਲੁ ਨੈਨ ਤਬ ਬਚਨ ਕਹਾ ਇਹ ਨ ਰਹਸੀ ਪਾਥ ॥489॥

॥ ਚੌਪਈ ॥

ਅਸ ਬਾਨੀ ਜਬ ਸਤਿਗੁਰੁ ਗਾਈ ॥ ਅਪਗਾ ਸੂਕੀ ਦੇਰ ਬ੍ਰਿਗਾਈ ॥
ਚੜ੍ਹੇ ਚੜ੍ਹਾਏ ਹੋਏ ਪਾਰ ॥ ਅਪਦਾ ਸੂਕਤ ਲਗੀ ਨ ਬਾਰ ॥490॥
ਬਦਲਹੇੜੀ ਮੋ ਜਾਇ ਖ਼ਿਰਾਨੇ ॥ ਜਿਨ ਕੇ ਬੈਨ ਨ ਹੋਵੈ ਹਾਨੇ ॥
ਨਦੀ ਨੀਰ ਜਬ ਗਯੋ ਸੁਕਾਈ ॥ ਦਿਖ ਕਰ ਲੋਗਨ ਅਚਰਜ ਆਈ ॥491॥
ਨਰ ਨਾਰੀ ਪਸੁ ਆਵੈ ਜਾਵੈ ॥ ਕੇਵਟ ਲੋਗ ਮਨੈ ਪਛੁਤਾਵੈ ॥
ਜ਼ਿਨ ਕੀ ਰੋਜੀ ਮਾਰੀ ਗੁਈ ॥ ਕਹਾਂ ਕਰੈ ਕਛੁ ਹੋਇ ਨ ਅਈ[2] ॥492॥
ਖੇਤ ਹਜਾਰਾਂ ਸੂਕਤ ਭਏ ॥ ਪਰਜਾ ਮੋ ਅਤਿ ਸੇ ਦੁਖ ਛਏ ॥
ਤਿਸ ਕੇਵਟ[3] ਲੋਗਨ ਪ੍ਰਤਿ ਗਾਈ ॥ ਨਿਦੇਸ ਗੁਰੂ ਕੀ ਮੈ ਹਟਾਈ ॥493॥
ਬਹੁਤ ਲੋਕਿ ਇਕਠੇ ਹੁਇ ਆਏ ॥ ਹੋਇ ਨਿਮਰ ਗੁਰ ਚਰਨ ਮਨਾਏ ॥
ਸਤਦ੍ਰਵ[4] ਦੀਨੀ ਆਪ ਸੁਕਾਈ ॥ ਸਭ ਜੀਵਨੁ ਕੌ ਮੁਸਕਲ ਆਈ ॥494॥

॥ ਦੋਹਰਾ ॥

ਪਾਥ ਬਾਤ ਛਿਤ ਅਨਲ ਜੋ ਬਯੋਮ ਆਦਿ ਜਿਤ ਆਇ ॥
ਜੜ ਚੇਤਨ ਜੋ ਸ੍ਰਿਸਟ ਹੈ ਮਾਨੇ ਆਪ ਰਜਾਇ ॥495॥

॥ ਚੌਪਈ ॥

ਤਿਨ ਅਰਜੀ ਜਬ ਸੁਨੀ ਸੁਆਮੀ ॥ ਦ੍ਰਵਤ ਭਏ ਗੁਰ ਅੰਤਰੁਜਾਮੀ ॥
ਸੰਤਨ ਕਾ ਹੈ ਝ੍ਰਿਹੀ ਸੁਭਾਇ ॥ ਪਰ ਦੁਖ ਦੇਖ ਦਯਾ ਮਨਿ ਆਇ ॥496॥
ਤਿਨਾ ਪ੍ਰਤੀ ਸ੍ਰੀ ਗੁਰੂ ਬਚ ਗਾਵਾ ॥ ਚਾਲੀ ਦਿਨੁ ਭੇ ਜਲ ਅਟਕਾਵਾ ॥
ਗ੍ਰਾਮ ਗ੍ਰਾਮ ਪ੍ਰਤ ਖਬਰੁ ਜਨਾਵੋ ॥ ਉਚੇ ਥਾਂਨਨ ਬਸਤ ਰਖਾਵੋ ॥497॥
ਐਸੇ ਸਭ ਕੋ ਦੀਨ ਜਨਾਈ ॥ ਪਸੂ ਆਦਿ ਸਭ ਉਚ ਨੇ ਜਾਈ ॥
ਕਲੂਰ ਰਾਟ ਨੇ ਇਹੁ ਸੁਨ ਪਾਵਾ ॥ ਚਾਹੇ ਗੁਰ ਜੀ ਦੀਨ ਛਡਾਵਾ ॥498॥

---

1. ਅ ਪੋਥੀ ਲੂੜ 2. ਮੂਲ ਪੋਥੀ ਆਈ 3. ੲ ਪੋਥੀ ਖੇਵਟ 4. ੲ ਪੋਥੀ ਸਤਲੁਜ

॥ ਦੋਹਰਾ ॥

ਗੋਲਨਦਾਜ ਪ੍ਰਤ ਤਿਨ ਕਹਯੋ ਤੋ ਪਾਊਂ ਚਟਕਾਇ ॥
ਜਲੁ ਆਵੈ ਜਬ ਜੋਰੁ ਕਰੁ ਦੇਵੋ ਤੋਪ ਚਲਾਇ ॥499॥

॥ ਚੌਪਈ ॥

ਊਚ ਥਾਂਨ ਜਬ ਲੋਕੁ ਥਿਰਾਨੇ ॥ ਸਤਿਗੁਰ ਸਾਹਿਬ ਮਯਾ ਨਿਧਾਨੇ ॥
ਸਤਦ੍ਰਵ ਕੋ ਤਬ ਲੀਨ ਬੁਲਾਈ ॥ ਡੇਰ ਬਿਹਾਇ ਸੁ ਆਈ ਧਾਈ ॥500॥
ਭਗੀਰਥ ਮਾਨੋ ਗੰਗਾ ਆਨੀ ॥ ਭਾਨ ਸੁਤਾ ਹਲਸੁਰ ਖੈਚਾਨੀ ॥
ਆਵਾ ਜਲੁ ਕਿਛੁ ਵਾਰ ਨ ਪਾਵਾ ॥ ਦੂਨ ਵਿਖੇ ਜਲ ਭਯਾ ਬਿਥਾਰਾ ॥501॥
ਨੁਕਸਾਨ ਕਿਸੇ ਨ ਕਛੂ ਨ ਹੋਵਾ ॥ ਗੁਰੂ ਪ੍ਰਤਾਪ ਸਭਨ ਨੇ ਜੋਵਾ ॥
ਘਰ ਘਰ ਪ੍ਰਤ ਗੁਰ ਮਹਿਮਾ[1] ਗਾਵੈ ॥ ਦਰਸਨ ਕਰ ਕਰ ਮਨੁ ਹਰਖਾਵੈ ॥502॥

**(ਇਕ ਸਿਖ ਦਾ ਰੋਗ ਕੱਟਣਾ)**

ਬਦਲਹਿੜੀ ਗੁਰ ਕਰਾ ਨਿਵਾਸ ॥ ਸਿਖਨ ਕਾਟੇ ਜਮ ਕੀ ਫਾਸ ॥
ਇਕੁ ਚੰਮਿਆਰੁ ਸੁ ਪਾਸ ਰਹਾਵੈ ॥ ਘੋੜਨਿ ਕੀ ਨਿਤੁ ਸੇਵ ਕਮਾਵੈ ॥503॥

॥ ਦੋਹਰਾ ॥

ਰੋਵਤ ਭਾ ਦੁਖੁ ਪਾਇ ਕੈ ਹਾਇ ਹਾਇ ਮੁਖ ਗਾਇ ॥
ਸੇਵਕ ਪ੍ਰੇਰਾ ਸਤਿਗੁਰੂ ਪੂਛਾ ਤਿਨੇ ਬੁਲਾਇ ॥504॥

॥ ਚੌਪਈ ॥

ਕਿਉ ਰੋਵੈ ਤੂ ਹੁਇ ਦੁਖਿਆਰੀ ॥ ਸੁਨਾਯੋ ਆਪਨ ਬੇਦਨ ਸਾਰੀ ॥
ਨਲ ਅਤ ਮੇਰੇ ਸੁਜ ਕਰ ਗਏ ॥ ਯਾਂ ਤੇ ਰੋਵਾ ਬਹੁ ਦੁਖੁ ਪਏ ॥505॥
ਆਇ ਹਜੂਰ ਸਿਖ ਨੇ ਭਾਖਾ ॥ ਨਲ ਬਹੁ ਸੂਜੇ ਤੇ ਦੁਖੁ ਚਾਖਾ ॥
ਦੀਆ ਹੁਕਮੁ ਸੁ ਪਾਸ ਬੁਲਾਵੋ ॥ ਸਿਖ ਹਕਾਰਾ ਛੇਤੀ ਆਵੋ ॥506॥
ਆਵਾ ਗੁਰ ਕੋ ਮਸਤਕ ਟੇਕਾ ॥ ਰੋਵਤ ਰੋਵਤ ਗਰ ਜਿਸ ਰੋਕਾ ॥
ਦੇਖ ਦੁਖੀ ਗੁਰ ਗਿਰਾ ਅਲਾਈ ॥ ਕਹੋ ਸਾਚ ਨਹਿ ਝੂਠ ਰਲਾਈ ॥507॥

॥ ਦੋਹਰਾ ॥

ਜੋ ਤੈ ਕੀਨਾ ਬਦ[2] ਕਰਮ ਦੇਵੋ ਹਮੈ ਸੁਨਾਇ ॥
ਜੋ ਤੂ ਰਾਖੈ ਦੁਰਾਇ ਕਰ ਅੰਤ ਅਧੋਗਤਿ ਜਾਇ ॥508॥
ਕਹਤੁ ਭਇਆ ਸਿਰ ਨਿਮਰ ਕਰ ਭੂਲਾ ਮਤੀ ਗਵਾਰੁ ॥
ਪਰ ਨਾਰੀ ਸੇ ਹਸਤੁ ਭਾ ਯਾਂਤੇ ਭਾ ਦੁਖ ਭਾਰ ॥509॥

॥ ਚੌਪਈ ॥

ਬਖਸੋ ਮੋ ਕੋ ਅੰਤਰੁਜਾਮੀ ॥ ਔਰ ਨ ਕਛੁ ਮੇਰੇ ਮੋ ਖਾਮੀ ॥
ਸ੍ਵਾਸ ਸ੍ਵਾਸ ਹਮ ਭੂਲਨਹਾਰੇ ॥ ਤੁਮ ਬਖਸੰਦ ਦਿਜੇ ਦੁਖ ਟਾਰੇ ॥510॥
ਕਮਲ ਨੈਨ ਜੀ ਬੈਨ ਬਖਾਨਾ ॥ ਫੇਰਿ ਨ ਐਸੇ ਕਰੀ ਅਜਾਨਾ ॥

1. ਏ ਪੋਥੀ ਕੀਰਤਿ 2. ਏ ਪੋਥੀ ਮੰਦ

ਪਨਹੀ ਹਮਰੀ ਝਾਰਨ ਕੀਜੈ ॥ ਧੂਰੀ ਮਾਥੇ ਲਾਇ ਸੁ ਲੀਜੈ ॥511॥
ਦੇਹ ਤਯਾਗੁ ਕਰੁ ਹੋਵਾ ਦੀਨਾ ॥ ਜਬ ਧੂਰੀ ਕੌ ਲਾਵਨ ਕੀਨਾ ॥
ਤਤੁ ਖਿਨੁ ਪੀੜਾ ਹੋਈ ਦੂਰੀ ॥ ਗੁਰੂ ਮਯਾ ਤੇ ਸੁਖ ਭਾ ਭੂਰੀ ॥512॥

॥ ਦੋਹਰਾ ॥

ਬਡ ਇਨ ਕੋ ਅਸ ਧਰਮ ਹੈ ਪ੍ਰਥਮੇ ਦੇਤ ਸਜਾਇ ॥
ਬਹੁਰਿ ਮਿਹਰ ਕੌ ਕਰਤ ਹੈ ਦੇਵੈ ਮਾਰਗ ਪਾਇ ॥513॥

### (ਬਾਬਾ ਸਾਹਿਬ ਸਿੰਘ ਦਾ ਦੂਸਰਾ ਵਿਆਹ)

ਬਾਦਲਹਿੜੀ ਕੇ ਪਾਸਿ ਹੈ ਬ੍ਰਹਮ ਪੁਰਾ ਇਕੁ ਥਾਨ ॥
ਜੀਤਾ ਮਲੁ ਖਤਰੀ ਰਹੈ ਤੁਲਸਾ ਜਾਂ ਕੀ ਬਾਮ ॥514॥

॥ ਚੌਪਈ ॥

ਤਿਨ ਗ੍ਰਿਹਿ ਕੰਨਿਯਾ ਸੁਭ ਗੁਨਵੰਤੀ ॥ ਮਾਤ ਪਿਤਾ ਕੇ ਰਿਦ ਭਾਵੰਤੀ ॥
ਦੰਪਤਿ ਮਿਲ ਕਰਿ ਕੀਨ ਬਿਚਾਰੂ ॥ ਕੰਨਿਯਾ ਲਾਇਕ ਮਿਲੇ ਭਤਾਰੂ ॥515॥
ਤੁਲਸਾ ਬੋਲੀ ਸੁਨੋ ਸੁਆਮੀ ॥ ਨਾਨਕ ਪੋਤਾ ਅੰਤਰਿਜਾਮੀ ॥
ਨਦੀ ਚਲਤ ਜਿਨ ਦੀਨ ਹਟਾਈ ॥ ਬਹੁਰੋ ਅਪਗਾ ਤੁਰਤ ਚਲਾਈ ॥516॥
ਸਭ ਜਗ ਜਿਨ ਕੇ ਚਰਨ ਜੁਹਾਰੈ ॥ ਸਰਨਾਗਤਿ ਕੋ ਕਉ ਪਾਰਿ ਉਤਾਰੈ ॥
ਬਦਲਹੜੀ ਮੇ ਉਤਰੇ ਸ੍ਵਾਮੀ ॥ ਘਟ ਘਟ ਕੇ ਹੈ ਅੰਤਰੁਜਾਮੀ ॥517॥
ਜੀਤ ਸਲ ਸੁਨ ਕਰ ਹਰਖਾਵਾ ॥ ਏਤੋ ਅਤ ਮੇਰੇ ਮਣ ਭਾਵਾ ॥
ਕਹੇ ਨਾਰਿ ਕੰਤ ਅਬ ਜਾਵੋ ॥ ਸੁਤਾ ਸਗਾਈ ਕਰੁ ਤੁਮ ਆਵੋ ॥518॥

॥ ਦੋਹਰਾ ॥

ਜੀਤ ਮਲ ਗ੍ਰਹ ਤੇ ਚਲਾ ਆਵਾ ਗੁਰੂ ਹਜੂਰ ॥
ਜਥਾ ਸਕਤਿ ਭੇਟਾ ਧਰੀ ਕਰ ਦਰਸਨ ਅਘ ਚੂਰ ॥519॥

॥ ਚੌਤਈ ॥

ਪਾਨੁ ਜੋਰੁ ਕਰੁ ਬਿਨੇ ਅਲਾਈ ॥ ਕੰਨਯਾ ਗ੍ਰਿਹਿ ਹਮਰੇ ਸੁਖਦਾਈ ॥
ਦਾਸੀ ਅਪੁਨੀ ਗ੍ਰਹਿ ਕੀ ਕੀਜੈ ॥ ਹਮ ਕੌ ਸੁਖ ਜੁਗ ਲੋਗਨ ਦੀਜੈ ॥520॥
ਸਿਖ ਕੀ ਬਾਨੀ ਸੁਨੀ ਸੁਆਮੀ ॥ ਹੈ ਨਿਹਕਪਟ ਨ ਜਿਸ ਮੋ ਖਾਂਮੀ ॥
ਚੰਦ ਬਦਨ[2] ਤਬ ਗਿਰਾ ਅਲਾਈ ॥ ਜੋ ਤੁਮ ਇਛਾ ਕਰੋ ਬਨਾਈ ॥521॥
ਸੁਨ ਕਰ ਮਨ ਮੋ ਬਹੁ ਹਰਖਾਵਾ ॥ ਨਾਰਿ ਪ੍ਰਤੀ ਤਿੰਨ ਜਾਇ ਸੁਨਾਵਾ ॥
ਸੁਨ ਪਰਵਾਰ ਸਰਬ ਹਰਖਾਯੋ ॥ ਮਾਨੋ ਰਾਜ ਪ੍ਰਿਥੀ ਕੋ ਪਾਯੋ ॥522॥

॥ ਦੋਰਰਾ ॥

ਸਭ ਪਰਵਾਰ ਕੋ ਨਾਲ ਲੇ ਬਦਲਹਿਰੀ ਮੋ ਆਇ ॥
ਕੁਲ ਰੀਤ ਪ੍ਰਥਮੇ ਕਰੀ ਦੀਨ ਬਿਆਹਿ ਕਰਾਇ ॥523

1. ੲ ਪੋਥੀ ਯੁਵਤੀ 2. ੲ ਪੋਥੀ ਕਮਲਾਨਨ

ਦੰਪਤਿ ਦੋਨੋ ਜੋਰਿ ਕਰੁ ਚਰਨ ਗਹੇ ਸਿਰ ਨਾਇ ॥
ਇਹ ਦਾਸੀ ਤੁਮਰੀ ਅਹੇ ਕੀਜੇ ਮਯਾ ਸਦਾਇ ॥524॥
ਦਾਜ ਆਦਿ ਸਭ ਅਰਪ ਕਰ ਗੁਰ ਕੇ ਚਰਨ ਮਨਾਇ ॥
ਜੀਤ ਮਲ ਗ੍ਰਿਹਿ ਜਾਤ ਭਾ ਸਭ ਪ੍ਰਵਾਰ ਸੁਖ ਪਾਇ ॥525॥
ਦੂਤੀ ਬਯਾਹ ਗੁਰ ਕੀ ਕਥਾ ਸੁਨਤ ਪੜਤ ਸੁਖਦਾਇ ॥
ਮਾਤਾ ਸੌਨਣ ਪਾਸ ਰਹਿ ਸੇਵ ਕਰੈ ਮਨੁ ਲਾਇ ॥526॥

॥ ਚੌਪਈ ॥

ਬਯਾਹਿ ਸਮਾਗੰਮ ਕਹਾ ਹਰਖਾਈ ॥ ਆਗਲ ਗਾਥ ਕਰੋ ਸੁਖਦਾਈ ॥
ਪੁਰ ਅਨੰਦ ਗਏ ਗੁਰ ਪੂਰੇ ॥ ਮਿਲਤਿ ਸਿਖ ਮਨੁ ਮਿਟੇ ਵਿਸੂਰੇ ॥527॥

**(ਇਕ ਬਿਰਧ ਸਿਖ ਦੀ ਕਥਾ)**

ਪੁਰ ਅਨੰਦ ਇਕ ਬਿਧ੍ਰ ਰਹਾਵੈ ॥ ਗੁਰ ਕੀ ਸੇਵਾ ਕਰ ਰਰਖਾਵੈ ॥
ਕਰ ਕਿਰਸਾਨੀ[1] ਗੁਜਰ ਚਲਾਈ ॥ ਵਾਹਿਗੁਰੂ ਸਿਮਰੇ ਮਨ ਲਾਈ ॥528॥
ਦਰਬਹੀਨ ਮਨੁ ਗੇ ਉਕਲਾਵੈ ॥ ਬਡ ਪਰਵਾਰੁ ਕਿਮ ਗੁਜਰ ਚਲਾਵੈ ॥
ਮਨ ਮੈ ਗੁਰ ਕੇ ਚਰਨ ਮਨਾਈ ॥ ਕਿਸੀ ਤਰਾ ਲੇਵੋ ਧਨੁ ਪਾਈ ॥529॥
ਇਕੁ ਦਿਨੁ ਹੁਤੀ ਅੰਧੇਰੀ ਰੈਨਿ ॥ ਪੁਰਖੁ ਪਛਾਨਯੋ ਪਰਤ ਨ ਨੈਨ ॥
ਪੁਤ੍ਰ ਹੇਤ ਭੋਜਨੁ ਲੇ ਚਾਲਾ ॥ ਖੇਤਿ ਦੂਰ ਹੈ ਚਲੇ ਉਤਾਲਾ ॥530॥
ਜੁਗ ਮਾਨਵ ਤਿਨ ਦ੍ਰਿਸਟੀ ਆਏ ॥ ਦੇਖਤ ਹੀ ਮਨ ਮੈ ਭੈ ਪਾਏ ॥
ਇਕੁ ਵਲਿ ਚੋਆ ਇਕੁ ਵਲੁ ਵਾੜ ॥ ਖੜਾ ਗਯੋ ਪਲ ਕਰਤ ਬਿਚਾਰ ॥531॥

॥ ਦੋਹਰਾ ॥

ਧੀਰਜਿ ਧਰ ਆਗੇ ਭਯੋ ਜੁਗਮ ਸੰਤ ਸੁਭ ਵੇਸੁ ॥
ਪਰਸਨ ਉਤਰਿ ਚਾਹਚਾ ਕਰੈ ਕਾਮ ਕ੍ਰੋਧ ਨਹਿ ਲੇਸੁ ॥532॥

॥ ਚੌਪਈ ॥

ਤਿਨਾ ਪ੍ਰਤੀ ਇਨੁ ਨਮੋ ਬਖਾਨੀ ॥ ਤੇ ਹਸ ਬੋਲੇ ਸੁਖਮਾ ਖਾਨੀ ॥
ਆਵੋ ਭੂਸਰ ਬੈਠ ਸੁ ਜਾਵੋ ॥ ਜੋ ਚਾਹੋ ਸੋ ਹਮ ਤੇ ਪਾਵੋ ॥533॥
ਪਾਇ ਬਸਨ ਇਨ ਪੋਟ ਸੁ ਬਾਂਧੀ ॥ ਜਬ ਇਹ ਲਗਾ ਉਠਾਵਨੁ ਕਾਂਧੀ ॥534॥
ਤਬ ਸੰਤਨ ਇਤ ਪ੍ਰਤ ਬਚ ਗਾਵਾ ॥ ਔਰ ਬਿਤੰ ਲੇ ਮੇਟੋ ਹਾਵਾ ॥
ਭੂਸਰ ਬੋਲਾ ਮੈ ਤ੍ਰਿਪਤਾਵਾ ॥ ਸਾਹਿਬ ਸਿੰਘ ਗੁਰ ਤੁਮੈਂ[2] ਪਠਾਵਾ ॥535॥

॥ ਦੋਹਰਾ ॥

ਸੰਤ[3] ਕਹੈ ਸੁਨ ਬਿਪ੍ਰ ਬਰ ਜਾਵੋ ਗੁਰੂ ਹਜੂਰਿ ॥
ਬੰਦਨ ਹਮਰੀ ਕੀਜੀਏ ਜਿਨ ਦਰਸੇ ਅਘ ਚੂਰਿ ॥536॥

---

1. ਅ ਪੋਥੀ ਕਿਰਸ ਨੀ 2. ਮੂਲ ਪੋਥੀ ਮੈ
3. ੲ ਪੋਥੀ ਸਾਧੂ

॥ ਚੌਪਈ ॥

ਬਿਤ[1] ਉਠਾਏ ਦਿਜ ਗ੍ਰਿਹਿ ਆਵਾ ॥ ਜੁਵਤੀ ਦੇਖਿ ਅਰਥ ਬਹੁ ਪਾਵਾ ॥
ਦਿਜ ਆਵਾ ਫਿਰ ਗੁਰ ਕੇ ਪਾਸੀ ॥ ਸੰਤਨ ਬੰਦਨ ਆਇ ਪ੍ਰਕਾਸੀ ॥537॥
ਦਿਜ ਤੇ ਸੁਨ ਗੁਰ ਗਿਰਾ ਬਖਾਨੀ ॥ ਕਹਾ ਸੰਤ ਜਿਨ ਤੇ ਧਨ ਆਨੀ ॥
ਬਿਪ੍ਰ ਕਹੈ ਵਹੁ ਲੋਪੈ ਸ੍ਵਾਮੀ ॥ ਤੁਮ ਜਾਨਤ ਹੋ ਅੰਤਰਜਾਮੀ ॥538॥
ਕਹਯੋ ਹੋਜੂਰ ਜੀ ਸੁਨੋ ਦਿਜਿੰਦੂ ॥ ਜਛਨ ਕੇਰ ਹੁਤੋ ਵਹੁ ਇੰਦੂ ॥
ਤੁਮਕੋ ਬਿਤ ਵਹੁ ਦੇਵਨ ਆਵਾ ॥ ਜਾਵੋ ਭੋਗੋ ਮਨੁ ਹਰਖਾਵਾ ॥539॥

॥ ਦੋਹਰਾ ॥

ਸ੍ਰੀ ਕਮਲਾਨਨ ਬਚ ਭਨੇ ਦਿਜ ਸੁਨ ਕਰ ਹਰਖਾਇ ॥
ਪਾਨ ਜੋਰੁ ਉਸਤਤਿ ਕਰੀ ਚਰਨਨ ਡੀਠ ਲਗਾਇ ॥540॥

॥ ਕਬਿਤ ॥

ਨਮੋ ਨਮੋ ਨਾਥ ਨਿਤ ਨੂਤਨ ਪ੍ਰਤਾਪ ਆਪ
ਦੂਖ ਜਨ ਦਮੋ ਇਹ ਰੀਤ ਨੀਤ ਰਾਵਰੀ ॥
ਸੈਲ ਤਾਰੇ ਸਿੰਧ ਐਸੋ ਨਾਮ ਕੋ ਪ੍ਰਭਾਵ ਭਵ
ਨਾਮ ਕੋ ਬਿਸਾਰ ਹੋਤ ਦੇਹ ਗਤਿ ਭਾਵਰੀ ॥
ਤੇਰੇ ਰੂਪ ਸੁਧ ਮੈ ਬਿਰੁਧ ਕੋ ਉਠਾਤ ਜੋਊ
ਕਾਮ ਕ੍ਰੁਧ ਜੁਧ ਕਰ ਤੈਨ ਸੁਧ ਪਾਵਰੀ ॥
ਕਲੀ ਕਾਲ ਮਾਂਹਿ ਕਲਾਨਾਮ ਚੰਦ ਰਾਖਬੇ ਕੋ
ਕਲਾਧਾਰ ਧਾਮ ਭਈ ਮੂਰਤਿ ਯੋਰਾਵਰੀ ॥541॥

॥ ਦੋਹਰਾ ॥

ਅਸੀਰਵਾਦ ਦੈ ਬਿਪ੍ਰਬਰ ਗਯੋ ਅਪਨੇ ਧਾਮ ॥
ਗੁਰ ਕੋ ਯਸ ਬਰ੍ਨਨ ਕਰੈ ਮਿਲ ਕਰ ਨਰ ਅਰੁ ਬ੍ਰਾਂਗ ॥542॥
ਹੈ ਚੜ ਉਤਰੇ ਜਾਇ ਪ੍ਰਭੁ ਆਲਮਗੀਰ ਗਿਰ੍ਹਾਉ ॥
ਥੇਹ ਊਪਰਿ ਡੇਰਾ ਕਰਾ ਤਰ ਤੰਬੂ ਕੀ ਛਾਉ ॥543॥

## (ਰਾਮ ਸਰਨ ਦੀ ਕਥਾ)

॥ ਚੌਪਈ ॥

ਪਜੋਰ ਦੇਸ ਕੁ ਭੂਪਤਿ ਧਾਵਾ ॥ ਭਰ ਹੰਕਾਰ ਸੈਨ ਬਹੁ ਲਯਾਵਾ ॥
ਹੰਦੂਰਿ ਮਾਰਨ ਕੀ ਇਛੁ ਧਾਰੀ ॥ ਰਾਮ ਸਰਨ ਪਕਰੋ ਇਕ ਬਾਰੀ ॥544॥
ਰਾਮ ਸਰਨ ਮਨ ਮੇ ਭਉ[2] ਪਾਵਾ ॥ ਮੰਤ੍ਰੀ ਲੀਨੋ ਪਾਸ ਬੁਲਾਵਾ ॥
ਵਜੀਰ ਜਾਇ ਅਬ ਦੇਰ ਬਿਹਾਈ ॥ ਜੋ ਗੁਰ ਹਮਰੀ ਕਰੇ ਸਹਾਈ ॥545॥

1. ਅ ਪੋਥੀ ਬਿਤੇ
2. ੲ ਪੋਥੀ ਭੈ

ਚਲਾ ਵਜੀਰ ਗੁਰੂ ਪਹਿ ਆਵਾ ॥ ਪਾਦ ਪਦਮ ਪਰ ਸੀਸ ਨਿਵਾਵਾ ॥
ਰਾਮ ਸਰਨਿ ਬਹੁ ਬਿਨਤੀ ਗਾਈ ॥ ਮੇਰੀ ਗੁਰ ਜੀ ਕਹੋ ਸਹਾਈ ॥546॥
ਪੰਜੌਰ ਭੂਪਤਿ ਚੜ੍ਹਿ ਕਰਿ ਆਵਾ ॥ ਚਾਹਤੁ ਹੈ ਅਬ ਜੰਗ ਮਚਾਵਾ ॥
ਛਿਪ੍ਰ ਸਹਾਇ ਕਰੋ ਨ੍ਰਿਪ ਕੇਰੀ ॥ ਜੈ ਹਿਤਿ ਸਰਨ ਗਹੀ ਪ੍ਰਭੁ ਤੇਰੀ ॥547॥
ਬਿਰਦ ਲਾਜ ਨਿਜ ਰਿਦੈ ਬਿਚਾਰੋ ॥ ਸਤਰੁ ਨਾਸ ਕਰਿ ਅਨੁਗਿ ਉਬਾਰੋ ॥
ਸੁਨ ਤਿਨ ਬਿਤਨੀ ਕਰੀ ਤਿਆਰੀ ॥ ਕਮਰ ਕਸਾ ਕੀਨਾ ਬਲੁਧਾਰੀ ॥548॥
ਹੈ ਅਰੂੜ੍ਹ ਲੈ ਸੈਨਾ ਨਾਲ ॥ ਕਮਲ ਨੈਨ ਹਿਮ ਕਰਵਤ ਭਾਲ ॥
ਰਾਜਾ ਆਗੇ ਲੇਵਨ ਆਵਾ ॥ ਪਾਦ ਕੰਜ ਪਰ ਸੀਸ ਨਿਵਾਵਾ ॥549॥

॥ ਦੋਹਰਾ ॥

ਹਾਥ ਬੰਦ ਕਰ ਕਹਿਤ ਭਾ ਰਾਜ ਜਿਮ ਕਰੋ ਸਹਾਇ ॥
ਲੰਕੇਸ ਅਨੁਜ ਸੁ ਕੰਠ ਕੋ ਜੈਸੇ ਗਰਹਿ ਲਗਾਇ ॥550॥

॥ ਚੌਪਈ ॥

ਧਰਮ ਪੁਤਰ ਕੀ ਬਿਪਤਾ ਨਾਸੀ ॥ ਦੁਰਜੋਧਨ ਮਾਰਾ ਦੁਖੁ ਰਾਸੀ ॥
ਤੈਸੇ ਮੇਰੀ ਕਰੋ ਸਹਾਇ ॥ ਤੁਮ ਬਿਨ ਨਾਹਿ ਕੋਈ ਜਾਇ ॥551॥
ਪੰਜੌਰ ਰਾਟ ਕੋ[1] ਮਾਰ ਹਟਾਵੋ ॥ ਕਰੋ ਸਹਾਇ ਨ ਦੇਰੀ ਲਵੋ ॥
ਸੁਨ ਗੁਰ ਬਿਨਤੀ ਧੀਰਜ ਦੀਨਾ ॥ ਭਯ ਕੋ ਤਯਾਗੋ ਨ੍ਰਿਪ ਪਰਬੀਨਾ ॥
ਰਾਜ ਕੌਰ[2] ਗੁਰ ਲੀਨਾ ਨਾਲ ॥ ਆਪ ਸਵਾਰ ਭਏ ਤਤਕਾਲ ॥553॥

॥ ਦੋਹਰਾ ॥

ਹੁਕਮ ਦੀਯੋ ਗੁਰ ਸੈਨ ਕੌ ਅਰੀ ਨ ਜਾਵਨ ਪਾਇ ॥
ਸਿੰਘ ਗਰਜੇ ਰਿਪ ਸੈਨ ਪਰ ਜਿਮ ਹਰਿ ਮਾਰ ਤਕਾਇ ॥554॥

॥ ਸਵੈਯਾ ॥

ਕੋਪਿ ਚਢਯੋ ਦਲ ਸਾਹਿਬੁ ਕੋ ਬਲ ਧਾਰੇ ਪ੍ਰਕਾਰ ਪਰੇ ਭਟ ਜਾਹੀ ॥
ਆਯੁਧ ਮਾਰ ਬਿਦਾਰ ਦਏ ਅਰਿ ਖ੍ਵਾਰ ਕਰੇ ਪਤਿ ਲਾਜ ਗਵਾਈ ॥
ਭਾਜ ਚਲੇ ਨ ਥਿਰਹਿ ਰੇ ਜੰਗ ਬੀਚ[3] ਹੈ ਆਯੁਧ ਡਾਰ ਬਡੋ ਦੁਖੁ ਪਾਈ ॥
ਦਾਸਨ ਕੇ ਦੁਖ ਟਾਰਤ ਹੈ ਨਿਜ ਸੇਵਕੁ ਕੀ ਜਗ ਪੈਜ ਰਖਾਈ ॥555॥

॥ ਚੌਪਈ ॥

ਪੰਜੌਰ ਨਰੇਸ ਬਡੌ ਦੁਖ ਪਾਵਾ ॥ ਥੋਰੀ ਸੇਨਾ ਦਲ ਮਮ ਘਾਵਾ ॥
ਭਾਖਯੋ ਆਸ ਕੌਰ ਸੁਨਿ ਰਾਜਾ ॥ ਸਿਰ ਕੀ ਓਰਿ ਗੁਰੂ ਮਹਾਰਾਜਾ ॥556॥

---

1. ਅ ਪੋਥੀ ਕੌ
2. ਅ ਪੋਥੀ ਰਾਜੇ ਕਉ
3. ਅ ਪੋਥੀ ਰਾਹਿ

ਕਲਗੀਧਰ ਕਾ ਸੋ ਅਵਤਾਰੂ ॥ ਜਿਹ ਤੁਰਕਨ ਕੀ ਕੁਲ ਬਹੁ ਮਾਰੂ ॥
ਜੁਧ ਕਰੇ ਨਹਿ ਆਵੈ ਪੂਰੇ ॥ ਸੈਨਾ ਹੋਈ ਅਤਸੈ ਚੂਰੇ । 557॥
ਤਿਨ ਕੀ ਸਰਨਿ ਗਏ ਸੁਖੁ ਹੋਈ ॥ ਔਰ ਉਪਾਇ ਨਹਿ ਦੀਸੈ ਕੋਈ ॥
ਰਾਣੀ ਬਾਣੀ ਰਾਜੇ ਮਾਨੀ ॥ ਪ੍ਰਥਮੇ ਤੂ ਮਿਲ ਜਾਂਇ ਸਿਆਨੀ ॥558॥

॥ ਦੋਹਰਾ ॥

ਰਾਨੀ ਮਨ ਮੋ ਪ੍ਰੀਤ ਧਰ ਪਰੀ ਚਰਨ ਗੁਰ ਆਇ ॥
ਖਤਾਹ ਹਮਾਰੀ ਬਖਸੀਏ ਗੁਨ ਸਾਗਰ ਸੁਖਦਾਇ ॥559॥

॥ ਚੋਪਈ ॥

ਨਾਰੀ ਜਾਨ ਦਯਾ ਗੁਰ ਕੀਨੀ ॥ ਰਾਜੇ ਮੇਲ ਕਰੋ ਪ੍ਰਬੀਨੀ ॥
ਰਾਨੀ ਕਹੈ ਸੁਨੋ ਸੁਖਦਾਈ ॥ ਮੇਲਿ ਕਰਾਵੋ ਦੇਰ ਬਿਹਾਈ ॥560॥
ਪੰਜੋਰ ਨਰੇਸ ਤਬੇ ਚਲਿਆਵਾ ॥ ਪਾਦ ਕੰਜ ਗੁਰ ਕੇ ਸਿਰ ਨਯਾਵਾ ॥
ਰਾਮ ਸਰਨਿ ਕੌ ਗੁਰੂ ਹਕਾਰਾ ॥ ਆਵਾ ਗੁਰ ਕੌ ਕਰੀ ਜੁਹਾਰਾ ॥561॥
ਦੋਨੋ [ਕਉ][1] ਗੁਰ ਪ੍ਰੀਤਿ ਕਰਾਏ ॥ ਪ੍ਰੀਤਿ ਬਧਾਈ ਮਨ ਹਰਖਾਏ ॥
ਪੰਜੋਰ ਰਾਟ ਗੁਰ ਆਗਯਾ ਲੀਨ ॥ ਜਾਤ ਭਯੋ ਸੋ ਬਿਮਲ ਬਿਹੀਨ ॥562॥
ਰਾਮ ਸਰਨ ਮਨ ਤਬ ਭੈ ਰਾਖੀ ॥ ਹੁਇ ਅਧੀਨ ਬਹੁ ਬਿਨਤੀ ਭਾਖੀ ॥
ਮੇਰੀ ਪੈਜ ਰਖੀ ਗੁਰ ਪੂਰੇ ॥ ਨਾਹੀ ਤਾ ਮੈ ਹੋਵਤਿ ਚੂਰੇ ॥563॥

॥ ਦੋਹਰਾ ॥

ਜੁਗ ਮੈਂ ਏਕ ਗਇੰਦ ਸੁਭ ਭੂਖਨ ਬਸਨੁ ਅਪਾਰ ॥
ਪਾਨ ਜੋਰੁ ਆਗੇ ਧਰੇ ਇਹੁ ਲੀਜੈ ਸੁਖਕਾਰ ॥564॥
ਲੈ ਕਰਿ ਭੇਟਾ ਸਤਿਗੁਰੂ ਆਏ ਊਨੇ ਮਾਹਿ ॥
ਬਸਤ ਭਏ ਨਿਜ ਸਦਨ ਮੋ ਮਿਲੇ ਲੋਗੁ ਹੁਲਸਾਏ[2] ॥565॥

॥ ਚੌਪਈ ॥

ਕੋਇ ਕੁ ਦਿਨੁ ਗੁਰ ਤਹਾਂ ਰਹਾਨੇ ॥ ਪੁਰ ਅਨੰਦ ਗੇ ਮਨ ਹਰਖਾਨੇ ॥
ਦਿਨੁ ਦਿਨੁ ਕੌਤੁਕ ਕਰਿ ਸਸਿ ਬਦਨਾ ॥ ਮਨੋ ਅੰਮ੍ਰਿਤ ਕੀ ਹੈ ਰਚਨਾ ॥566॥
ਜੋ ਗੁਰ ਸਿਖ ਸੁਨੇ ਮਨ ਲਾਈ ॥ ਜਨਮ ਮਰਨ ਤਿਨ ਕੋ ਮਿਟ ਜਾਈ ॥

### (ਹਰਸਾ ਸਿੰਘ ਦਾ ਰੋਗ ਨਵਿਰਤ ਕਰਨਾ)

ਰੋੜ ਮਾਜਰੀ[3] ਸੁੰਦਰੁ ਗ੍ਰਾਮੂ ॥ ਹੁਰਸਾ ਸਿੰਘ ਰਹੇ ਕਰਿ ਧਾਮੂ ॥567॥
ਰੋਗੀ ਹੋਵਾ ਬਡ ਦੁਖ ਪਾਵੈ ॥ ਜਿਸ ਦਿਨ ਦੁਖ ਕਰਿ ਅਤਿ ਬਿਲਲਾਵੈ ॥
ਹੋਇ ਦੀਨ ਤਿਨ ਬਿਨੇ ਅਲਾਈ ॥ ਗੁਰ ਜੀ ਕੀਜੇ ਮੋਰਿ ਸਹਾਈ ॥567॥

---

1. ੲ ਪੋਥੀ ਵਿਚੋਂ
2. ੲ ਪੱਥੀ ਹੁਸਲਾਏ
3. ਮੂਲ ਪੋਥੀ ਮਜਾਰੀ

ਤੂ ਸਾਹਿਬ ਹਾਜਰੁ ਹੈ ਸਾਰੇ ॥ ਦੀਜੈ ਮੋਕੋ ਕਸਟ ਨਿਵਾਰੇ ॥
ਜੋ ਮੈ ਆਜ ਅਰੋਗੀ ਹੋਵਾ ॥ ਕੁਸਲ ਪ੍ਰਮੁਦ ਭਰ ਨਿਦ੍ਰਾ ਸੋਵਾ ॥569॥
ਤਾਜੀ ਤਰਲ ਤੁਰਤ ਇਕ ਦ੍ਰੋਵੋਂ ॥ ਦਰਿਸਨ ਕਰਿ ਕਰਿ ਹਰਖਿਤ ਹੋਵੋਂ ॥
ਐਸੇ ਮਨਤ ਕਰੀ ਹਿਤ ਲਾਈ ॥ ਦੂਖ ਨਿਵਾਰੋ ਗੁਰ ਸੁਖਦਾਈ ॥570॥
ਮਾਈ ਉਨ ਕੀ ਪ੍ਰੀਤੀ ਸਾਥ ॥ ਗੁਰੂ ਭਗਤੁ ਮੈ ਹੈ ਸਖਯਾਤ ॥
ਉਨ ਸੁਖਯਾ ਕਜਾਹੁ ਪ੍ਰਭੁ ਕੇਰਾ ॥ ਇਸੀ ਠੌਰ ਆਵਗੁ ਗੁਰ ਮੋਰਾ ॥571॥

॥ ਦੋਹਰਾ ॥

ਭਵਨ[1] ਆਪਨੇ ਗੁਰੂ ਕੌ ਲੇ ਆਵੋਂ ਹਿਤੁ ਧਾਰ ॥
ਕਰ ਪ੍ਰਸਾਦਿ ਆਗੇ ਧਰੋ ਹੋਵੈ ਹਰਖੁ ਅਪਾਰੁ ॥572॥
ਦੋਨੋ ਹਿਤ ਕਰ ਧਯਾਇਆ ਬੇਦੀ ਕੁਲ ਕੇ ਚੰਦੁ ॥
ਬਿਨੁ ਦੇਰੀ ਅਸਵਾਰੁ ਭੇ ਜੋ ਮੇਟੇ ਜਮ ਫੰਦੁ ॥573॥

॥ ਚੌਪਈ ॥

ਮਾਜਰੀ ਮੇ ਜਬ ਪ੍ਰਾਪਤਿ ਹੋਏ ॥ ਸੰਗਤਿ ਭੇਟਾ ਧਰ ਗੁਰ ਜੋਏ ॥
ਆਈ ਮਾਈ[2] ਪ੍ਰੀਤੀ ਧਾਰ ॥ ਚਰਨਨ ਪਰ ਹਿਤ ਕਰੀ ਜੁਹਾਰ ॥574॥
ਨੈਨਨ ਤੇ ਜਲ ਚਲਾ ਅਪਾਰੀ ॥ ਬਾਰ ਬਾਰ ਜਾਵਤਿ ਬਲਿਹਾਰੀ ॥
ਸ੍ਰੀ ਗੁਰ ਸਾਹਿਬ ਬੈਨ ਬਖਾਨਾ ॥ ਪੂਤੰ ਮਾਈ ਹੁਇ ਸਾਵਧਾਨਾ ॥575॥
ਪ੍ਰਸਾਦਿ ਕਰਾਵੋ ਕਰੋ ਨ ਦੇਰੀ ॥ ਜਨਮ ਮਰਨ[3] ਤਵ ਕਟੀ ਬੇਰੀ ॥
ਜਾ ਮਾਈ ਪਰਸਾਦੁ ਕਰਾਵਾ ॥ ਸ੍ਰੀ ਗੁਰ ਲੀਨੇ ਸਦਨ ਬੁਲਾਵਾ ॥576॥

॥ ਦੋਹਰਾ ॥

ਕੜਾਹਿ ਪ੍ਰਸਾਦਿ ਥੀ ਆਦਿ ਲੇ ਔਰੁ ਅਸਨ ਬਹੁ ਕੀਨ ॥
ਥਾਰ ਪਰੋਸ ਆਗੇ ਧਰਾ ਮਨ ਮੋ ਹਰਖੁ ਨਵੀਨ ॥577॥

॥ ਚੌਪਈ ॥

ਅਸਨ ਅਚਨ ਲਾਗੇ ਗੁਰ ਪੂਰੇ ॥ ਜਿਹ ਦਰਸੇ ਅਘ ਹੋਵਤ ਚੂਰੇ ॥
ਬਹੁ ਪ੍ਰਸਾਦਿ ਦੀਨ ਵਰਤਾਈ ॥ ਸਭ ਨੇ ਲੇਵਾ ਮਨੁ ਹਰਖਾਈ ॥578॥
ਹਰਸਾ ਸਿੰਘ ਕਹੇ ਕਰ ਜੋਰੀ ॥ ਬਿਨਤੀ ਸੁਨੀਏ ਸਤਿਗੁਰ ਮੋਰੀ ॥
ਦੁਖ ਕਰ ਦੁਖੀ ਭਯੋ ਅਤਿ ਭਾਰੀ ॥ ਕੀਜੇ ਇਸ ਤੇ ਮੋ ਕੌ ਪਾਰੀ ॥579॥
ਸਤਿਗੁਰੂ ਸਾਹਿਬੁ ਸੀਤੁ ਦਿਵਾਵਾ ॥ ਪਾਵਤ ਮੁਖੁ ਸਭ ਰੋਗੁ ਬਿਲਾਵਾ ॥
ਹਾਥ ਜੋਰੁ ਕਰਿ ਉਸਤਿਤਿ ਕੀਨੀ ॥ ਪਨਹੀ ਉਠਾਈ ਸਿਰ ਧਰੁ ਲੀਨੀ ॥580॥

॥ ਦੋਹਰਾ ॥

ਸੌਕਾ ਰਖੁਕ ਪੁਸਾਕ ਸੁਭ ਚੰਚਲ ਏਕ ਤੁਰੰਗ ॥
ਇਹ ਅਕੋਰ ਅਰਪਨ ਕਰੀ ਰੁਜ ਜਿਸ ਹੋਵਾ ਭੰਗ ॥581॥

1. ਏ ਪੋਥੀ ਸਦਨ
2. ਏ ਪੋਥੀ ਮਾਤਾ
3. ਏ ਪੋਥੀ ਆਵਾਗਮਨ

॥ ਚੌਪਈ ॥

(ਇਕ ਮੁਸਲਮਾਨ ਸ਼ਰਧਾਲੂ ਦੀ ਕਥਾ)

ਰਿਖੁ ਦਿਨੁ ਸ੍ਰੀ ਗੁਰ ਦੇ ਰਾਖਾ ॥ ਮਿਲ ਮਿਲ ਸਿਖਨ ਆਨੰਦ ਚਾਖਾ ॥
ਤਬ ਇਕ ਯਮਨ ਅਯੋ ਗੁਰ ਪਾਸਾ ॥ ਪਾਂਚ ਰੁਪੈਯੇ ਧਰੁ ਅਰਦਾਸਾ ॥582॥
ਅਖਜ ਨੈਨ ਪੂਛਾ ਤਿੰਸ ਤਾਈ ॥ ਕੈਸੇ ਰੁਪੈਯੇ ਧਰੁ ਹਮ ਪਾਈ ॥
ਹਾਥ ਜੋਰੁ ਤਿਨ ਬਿਨਤੀ ਠਾਨੀ ॥ ਸੁਨੋ ਅਰਜ ਗੁਰ ਸੁਖਮਾਂ ਖਾਨੀ ॥583॥
ਹੂ ਦ੍ਵੈ ਸੁਤ ਮੇਰੇ ਮਰੁ ਗਏ ॥ ਪੀਰ ਫਕੀਰ੍ ਸੇਖ ਸੁ ਮਨਏ ॥
ਕਿਸੇ ਨ ਕੀਨੀ ਮੋਰਿ ਸਹਾਇ ॥ ਦੰਪਤਿ ਰੋਵਤ ਭਏ ਦੁਖ ਪਾਇ ॥584॥

॥ ਦੋਹਰਾ ॥

ਜਸੁ ਪ੍ਰਭ ਕਾਂ ਹਮ ਨੇ ਸੁਨਾ ਗੁਰ ਨਾਨਕ ਅਵਤਾਰੁ ॥
ਸੁਖਨਾ ਹਮ ਤੁਮਰੀ ਕਰੀ ਦੀਆ ਸੁਤ ਸੁਭ ਚਾਰ ॥585॥

॥ ਚੌਪਈ ॥

ਯਾਤੇ ਭੇਟਾ ਅਰਪਨਿ ਕੀਨੀ ॥ ਮੁਰਾਦ ਹਮਾਰੀ ਪੂਰ ਸੁ ਚੀਨੀ ॥
ਬਾਰਕੁ ਬੈਸ ਗੁਰ ਦਿਉ ਬਧਾਈ ॥ ਸਾਦੀ ਮਤ ਪਿਖ ਹਮ ਹਰਖਾਈ ॥586॥
ਗੁਰੂ ਕਹਾ ਮਨ ਚਿੰਤ ਤਿਆਗੋ ॥ ਸਾਹਿਬ ਬੰਦਗੀ ਮੁਝਿ ਤੁਮ ਪਾਗੋ ॥
ਮਾਨੁਖ ਦੇਹੀ ਸਫ਼ਲੁ ਕਰੀਜੈ ॥ ਪਰ ਉਪਕਾਰ ਵਿਖੇ ਮਨੁ ਦੀਜੈ ॥587॥

॥ ਦੋਹਰਾ ॥

ਪੂਰਨ ਪੁਰਖ ਪਛਾਨ ਕੈ ਕੀਨੀ ਸਿਫਤਿ ਉਚਾਰੁ ॥
ਬਾਬਾ ਜਾਹਰ ਪੀਰ ਹੈ ਹਮਰਾ ਕਰ੍ਹਾ ਉਧਾਰੁ ॥588॥[1]

(ਪਾਣੀ ਦੀ ਸਮਸਿਆ ਹੱਲ ਕਰਨੀ)

॥ ਚੌਪਈ ॥

ਪਲੀਣ ਗਢ ਕੋ ਜਾਇ ਬਿਰਾਨੇ ॥ ਸਰਬ ਸਿੰਘ ਮਿਲ ਕਰ ਹਰਖਾਨੇ ॥
ਭੇਟਾ ਸਭ ਨੇ ਆਗੇ ਰਾਖੀ ॥ ਪਾਠ ਜੋਰੁ ਜੁਰ ਬੇਨਤੀ ਭਾਖੀ ॥589॥
ਬਿਨਾ ਸੁ ਜਲ ਹਮ ਬਹੁ ਉਕਲਾਵੈ ॥ ਦੀਜੈ ਜਲ ਜਾਂਤੇ ਸੁਖ ਪਾਵੈ ॥
ਸੁਨ ਕਰੁ ਬਿਨੈ ਗੁਰੂ ਬਚ ਗਾਵਾ ॥ ਦੁਰਗ ਵਿਖੇ ਨਹਿ ਕੂਪ ਸੁ ਲਾਵਾ[2] ॥590॥
ਕਹੈ ਸਿੰਘ ਸੁਨੋ ਸੁਖਦਾਈ ॥ ਹੈ ਬਾਪੀ ਜਲ ਥੋਰ ਰਹਾਈ ॥
ਛੰਨੇ ਸਾਂਥੁ ਲੇਤ ਹਮ ਨੀਰਾ ॥ ਸਹਜੇ ਨਿਕਸੈ ਗੁਨੀ ਗਹੀਰਾ ॥591॥
ਏਕ ਸਿੰਘ ਕੌ ਸ੍ਰੀ ਗੁਰ ਪ੍ਰੇਰਾ ॥ ਲੇ ਗੜਵਾ ਜਾਵੋ ਬਿਨੁ ਦੇਰਾ ॥
ਵਾਹਿਗੁਰੂ ਕਹਿ ਜਲ ਵਿਚੁ ਡਾਰੋ ॥ ਸ੍ਰੀ ਸੁਖਮਨਿ ਸੁਭ ਪਾਠ ਉਚਾਰੋ ॥592॥
ਸਤਿ ਸਤਿ ਬਾਨੀ ਸਿਖ ਗਾਈ ॥ ਮਨ ਮੈ ਜਾਗੀ ਪ੍ਰੀਤ ਸਵਾਈ ॥
ਬਾਧੀ ਨੀਰ ਜਬੈ ਭਰ ਜਾਇ ॥ ਹਮ ਕੌ ਦੀਜੈ ਤਬੈ ਸੁਨਾਇ ॥593॥

---

1. ਅ ਪੋਥੀ ਵਿਚ ਇਹ ਦੋਹਰਾ ਵਾਧੂ ਦੋਹਰਾ ਹੈ : ਕੁਨਸਾਂ ਕਰ ਕਰ ਜਾਤ ਭੇ ਅਪਨੇ ਸਦਨ ਮਝਾਰ ॥ ਸ੍ਰੀ ਸਤਗੁਰ ਤਯਾਰੀ ਕਰੀ ਸਿਖਨ ਕਰ ਭਵ ਪਾਰ ॥589॥ 2. ਅ ਸੁਹਾਵਾ

॥ ਦੋਹਰਾ ॥

ਲੇ ਗਡਵਾ ਸਤਿਗੁਰੂ ਕਾ ਏਕ ਸਿੰਘ ਬਿਨੁ ਦੇਰੁ ॥
ਜਾਤ ਭਯੋ ਬਾਪੀ ਨਿਕਟਿ ਕਹਿ ਸਤਨਾਮ ਜਲ ਗੇਰੁ ॥594॥

॥ ਚੌਪਈ ॥

ਸ੍ਰੀ ਸੁਖਮਨਿ ਸੁਭ ਪ੍ਰਾਠ ਉਚਾਰਾ ॥ ਪ੍ਰਾਨੀ[1] ਨਿਕਸਾ ਵਾਰ ਨ ਪਾਰਾ ॥
ਦਿਖ ਕਰ ਸਿਖ ਸਭ ਭੇ ਹਰਖਾਈ ॥ ਸਿੰਘ ਨਗੁਰ ਕੌ ਖਬਰੁ ਸੁਨਾਈ ॥595॥
ਚਲੁ ਕਰਿ ਆਪਿ ਦੇਖਨੇ ਆਏ ॥ ਮੀਠਾ ਸੀਤਲ ਜਲੁ ਉਛਲਾਏ ॥
ਸਿੰਘਨ ਪ੍ਰਤਿ ਸ੍ਰੀ ਗੁਰੂ ਬਖਾਨਾ ॥ ਅਬ ਤੋ ਤੁਮਰਾ ਮਨ ਹਰਖਾਨਾ ॥596॥
ਪਾਨ ਜੋਰੁ ਤਿਨ ਅਰਜਿ ਉਚਾਰੀ ॥ ਹਮ ਪਰ ਕੀਨੀ ਮਯਾ ਅਪਾਰੀ ॥
ਜਾਨ ਸੁ ਸੇਵਕੁ ਪਾਲਨ ਕੀਨੇ ॥ ਦੂਖ ਹਮਰੇ ਕਰ ਪੀਨੇ ਦੀਨੇ ॥597॥

॥ ਦੋਹਰਾ ॥

ਰਾਮ ਸਿੰਘ ਗੁਰ ਮਾਸਕੀ ਹੁਕਮ ਕਰਯੋ ਪ੍ਰਭੁ ਤਾਹਿ ॥
ਜੂਠਾ ਕਰੇ ਨ ਜਲ ਕੋਇ ਭਰ ਭਰ ਦੇਂਦਾ ਜਾਇ ॥598॥
ਪ੍ਰਥਮੇ ਲੇਵਨ ਲਾਂਗਰੀ ਬਹੁਰੋ ਖੁਲਿ ਕਰਿ ਦੇਹਿ ॥
ਰਾਮ ਸਿੰਘ ਤੈਸੇ ਕਰਾ ਗੁਰ ਚਰਨਨ ਸੋ ਨੇਹਿ ॥599॥

**(ਬਾਬਾ ਸਾਹਿਬ ਸਿੰਘ ਜੀ ਜਗਰਾਧਰੀ ਦੀ ਯਤਰਾ)**

॥ ਚੌਪਈ ॥

ਤਹਿ ਤੇ ਸੋ ਗੁਰ ਕੂਚ ਕਰਾਈ ॥ ਮੈਣ ਦਾਬ ਚਾਲੇ ਹਰਖਾਈ ॥
ਜਾਹਿ ਜਾਹਿ ਉਤਰਤ ਸ੍ਰੀ ਗੁਰ ਜਾਵੈ ॥ ਸਿਖ ਸੰਤ ਮਿਲ ਕਰੁ ਹਰਖਾਵੈ ॥600॥
[ਮਧ][2] ਜਗਰਾਧਰੀ ਜਾਇ ਬਿਰਾਨੇ ॥ ਕਰ ਕਰ ਦਰਸਨ ਸਿਖ ਹਰਖਾਨੇ ॥
ਪੁਰਟ ਮੰਚ ਪਰ ਸਤਿਗੁਰ ਰਾਜੇ ॥ ਰਾਗੀ ਕਿਰਤਨ ਕ੍ਰਿ ਬਹੁ ਗਾਜੇ ॥601॥
ਸਾਧ ਉਦਾਸੀ ਚਲੁ ਕਰਿ ਆਵਾ ॥ ਫਲੁ ਮੀਠਾ ਤਿਸੁ ਭੇਟ ਚਢਾਵਾ ॥
ਮਨ ਮੇ ਤਰਕ ਉਠੀ ਤਿਸੁ ਭਾਰੀ ॥ ਬੇਮਰਜਾਦਾ ਗੁਰ ਜੀ ਧਾਰੀ ॥602॥
ਰਾਗੀ ਗਾਵਤ ਗੁਰ ਕੀ ਬਾਨੀ ॥ ਸੌ ਨੀਵੇ ਗੁਰ ਊਚਿ ਥਿਰਾਨੀ ॥[3]
ਅਰਜਿ ਕਰੀ ਤਿਨ ਗੁਰ ਕੇ ਆਗੇ ॥ ਆਪ ਮਿਰਜਾਦ[4] ਭਾਜਨ ਲਾਗੇ ॥603॥
ਆਪ ਮੰਚ ਪਰ ਊਚ ਸਥਾਨਾ ॥ ਰਾਗੀ ਸਬਦੁ ਕਰਤ ਤਜ ਮਾਨਾ ॥
ਬੇਦੀ ਸੋਢੀ ਸਭ ਸਰਦਾਰਾ ॥ ਸਬਦੁ ਗੁਰੂ ਕੌ ਕਰਤ ਜੁਹਾਰਾ ॥604॥
ਇਹੁ ਮਰਜਾਦਾ ਆਪੁ ਗਵਾਈ ॥ ਔਰ ਨ ਕੋਈ ਅਦਬ ਕਰਾਈ ॥
ਸਬਦੁ ਗੁਰੂ ਕਾ ਹੈ ਅਪਮਾਨਾ ॥ ਇਹੁ ਬਿਧਿ ਭਲੀ ਨ ਨਿਰਖੀ ਆਨਾ ॥605॥

---

1. ਅ ਅੰਭ ਸੁ
2. ਅ ਪੋਥੀ ਵਿਚੋਂ
3. ਅ ਪੋਥੀ ਪਾਠਾਂਤਰ: ਉਰ ਸੁਖਦਾਨੀ
4. ਅ ਪੋਥੀ ਤਬ

॥ ਦੋਹਰਾ ॥

ਸੁਨੁ ਕਰਿ ਤਿਸ ਕੀ ਤੰਰਕ ਕੌ ਸ੍ਰੀ ਗੁਰ ਉਤਰ ਦੀਨ ॥
ਛਤੀ ਜੁਗ ਜੋ ਤਪੁ ਕਰੈ ਤਊ ਨ ਸਾਕੇ ਚੀਨ ॥606॥

॥ ਚੌਪਈ ॥

ਗੁਰ ਨਾਨਕ ਹਮ ਕੋ ਬਲ ਦੀਨਾ ॥ ਬਿਨੁ ਦੇਰੀ ਤੂ ਲੇਵੋ ਚੀਨਾ ॥
ਕੈਸਾ ਫਲੁ ਹਮ ਆਗੈ ਰਾਖਾ ॥ ਦੇਰੁ ਹੋਇ ਤੁਮ ਦੇਵੋ ਭਾਖਾ ॥607॥
ਸੁਨ ਕਰ ਸਾਧ ਕਹਯੋ ਫਲੁ ਮੀਠਾ ॥ ਗੁਰੂ ਭਨਾ ਹਮ ਖਟਾ ਡੀਠਾ ॥
ਬਹੁਰੋ ਕਹਯੋ ਸਾਧੂ ਯਹ ਮੀਠਾ ॥ ਗੁਰੂ ਕਹਯੋ ਹਮ ਖਟਾ ਡੀਠਾ ॥608॥
ਕਹਯੋ ਸਾਧ ਮਿਠੇ ਤੇ ਲਯਾਯਾ ॥ ਤਬ ਹਜੂਰ ਨੇ ਚੀਰ ਖਵਾਯਾ ॥
ਚੂਪਤਿ ਹੀ ਮਨ ਮੈ ਬਿਸਮਾਯੋ ॥ ਮੁਖੋ ਨ ਬੋਲਾ ਨੈਨ ਨਿਵਾਯੋ ॥609॥
ਸਾਹਿਬ ਕਹਯੋ ਤੂੰ ਸਾਚਿ ਬਤਾਇ ॥ ਕੈਸੋ ਫਲ ਹੈ ਹਮੈ ਸੁਨਾਇ ॥
ਦੌਰ ਸਾਧ ਨੇ ਰਨ ਗਹਾਨੇਂ ॥ ਖਾਟਾ ਮੀਠਾ ਤੁਮਰੇ ਪਾਨੇ ॥610॥

॥ ਦੋਹਰਾ ॥

ਸਤਗੁਰ ਸਾਹਿਬੁ ਬਚਨ ਭਨਾ ਸੁਨੋ ਸਾਧੁ ਮਨੁ ਲਾਇ ॥
ਜਪੁ ਤਪੁ ਬ੍ਰਿਤਿ ਸਾਧਨ ਕਰੌ ਅੰਤਿ ਬ੍ਰਹਮੁ ਮੁਖ ਗਾਇ ॥611॥

॥ ਚੌਪਈ ॥

ਤੂੰ ਮੀਠਾ ਅਬ ਕਰ ਦਿਖਲਾਇ ॥ ਤੋ ਹਮ ਕੌ ਨਿਜ ਰਹਿਤ ਬਤਾਇ ॥
ਮੀਠੇ ਤੇ ਖਾਟੀ ਕਰ ਦਯਾ ॥ ਗੁਰ ਨਾਨਕ ਇਹ ਕੀਨੀ ਮਯਾ ॥612॥
ਗੁਰ ਪਰਮੇਸਰੁ ਏਕੋ ਜਾਨ ॥ ਯਾ ਮੈਂ ਭੇਦ ਨ ਰੰਚਕਿ ਮਾਨ ॥
ਜੋ ਗੁਰ ਚਾਹੇ ਕਰਨੇ ਜੋਗੁ ॥ ਕਾਮਿ ਆਦਿ ਮੇਟੈ ਭਵ ਰੋਗੁ ॥613॥
ਗੁਰ ਕੀ ਮਹਿਮਾ ਸਭਤ੍ਰੇ ਊਚੀ ॥ ਹਰਿ ਹਰ ਬਿਧਿ ਕੌ ਵਿਦ ਕਹਿ ਸੂਚੀ ॥
ਜਿਨ ਜਿਨ ਗੁਰ ਕੀ ਸੇਵ ਕਮਾਨੀ ॥ ਤਿਨ ਕੌ ਮਿਲ ਹੈ ਸਾਰੰਗ ਪਾਨੀ ॥614॥

॥ ਦੋਹਰਾ ॥

ਚਰਨਨ ਕਰ ਬੰਦਨੁ ਕਰੀ ਸਾਧੁ ਸੁਜਨ ਧਨੁ ਧੀਰ ॥
ਪ੍ਰਭ ਕੀ ਕ੍ਰਿਆ ਅਗਾਧ ਹੈ ਤੂ ਗੁਰ ਨਾਨਕ ਪੀਰ ॥615॥
ਗੁਰ ਕੀ ਨੁਤ ਕੇ ਬੈਨ ਸੁਭ ਕਹਨ ਲਗੋ ਧਰ ਧੀਰ ॥
ਮੈ ਸੇਵਕ[1] ਹੋ ਆਪ ਕਾ ਸਾਹਿਬ ਗੁਨੀ ਗਹੀਰ ॥616॥

॥ ਚੌਪਈ ॥

ਬੇਦੀ ਸਾਹਿਬ ਅਥਾਹ ਸਹਾਬਾ ॥ ਕਾਮਿ ਆਦਿ ਖੰਡ ਮੋਹ ਮੁਹਾਬਾ ॥
ਗਾਵੈ ਉਸਤਤਿ ਬੇਦ ਕਿਤਾਬਾ ॥ ਤਾਰੇ ਸਿਖ ਕਟ ਸੋਗ ਸਰਾਬਾ ॥617॥

1. ਮੂਲ ਪੋਥੀ ਸੇਵ

ਘਰੁ ਘਰੁ ਗੁਰ ਜਸ ਕਰੈ ਅਜਾਬਾ ॥ ਪਤਿਤ ਉਧਾਰਨ ਅਜਬ ਅਜਾਬਾ ॥
ਕੁਦਰਤਿ ਕਿਸ ਕੀ ਕਰੇ ਜਬਾਬਾ ॥ ਜਾਹਰ ਪੀਰ ਜਗਤੁ ਗੁਰੁ ਬਾਬਾ ॥618॥
ਕਰੋ ਮਯਾ ਸਤਗੁਰ ਸੁਖਦਾਈ ॥ ਆਵਨ ਜਾਨ ਹਰੋ ਹਰਖਾਈਂ ॥
ਸਾਧ ਕਹਾਵੈ ਸਾਂਤ ਨ ਆਵੈ ॥ ਦੇਹ ਸਾਂਤ ਹਮ ਬਲੁ ਬਲੁ ਜਾਵੈ ॥619॥

॥ ਦੋਹਰਾ ॥

ਬਿਨੈ[1] ਸੁਨੀ ਜਬ ਸਾਧ ਕੀ ਕਮਲ ਨੈਨ ਹਰਖਾਇ ॥
ਸ੍ਰੀ ਗੁਰ ਸਾਹਿਬ ਉਪਦੇਸਿ ਦਿਓ ਵਾਹਿਗੁਰੂ ਮੁਖ ਗਾਇ ॥620॥

॥ ਚੌਪਈ ॥

ਵਾਹਿਗੁਰੂ ਵਰ ਸੁੰਦ੍ਰ ਨਾਮੂ ॥ ਅਵਿਦਿਆ ਆਦਿ ਜੁ ਮੇਟ ਤਮਾਮੂ ॥
ਯਾਕੋ ਸਿਮਰਨ ਅਨਦਿਨੁ ਕੀਜੈ ॥ ਗੁਰ ਨਾਨਕ ਮੋ ਥਿਰਤਾ ਲੀਜੈ ॥621॥
ਸੁਨ ਕਰੁ ਸਾਧੂ ਮਨ ਹਰਖਾਯੋ ॥ ਪਾਦ ਪਦਮ ਪਰ ਸੀਸ ਨਿਵਾਯੋ ॥
ਲੇ ਨਿਦੇਸ ਗਯੋ ਤਬ ਸਾਧੂ ॥ ਜਿਨ ਕੀ ਸ੍ਰੀ ਗੁਰੂ ਮੇਟੀ ਬਯਾਧੂ ॥622॥

**(ਸਹਾਬਾਦ ਵਿਸ਼ਰਾਮ)**

ਜਗਾਧਰੀ ਤੇ ਗੁਰ ਕੂਚ ਕਰਾਇ ॥ ਸਹਾਵਾਦ ਆਏ ਸੁਖਦਾਇ ॥
ਬਾਹਰ ਆ ਗੁਰ ਸਿਵਰੁ ਲਗਾਵਾ ॥ ਆਈ ਸੰਗਤਿ ਦਰਸਨ ਪਾਵਾ ॥623॥
ਧਰ ਅਕੋਰ ਸਭੁ ਮਨੁ ਹਰਖਾਏ ॥ ਕਰ ਗੁਰ ਦਰਸਨ ਬਡ ਸੁਖ ਪਾਏ ॥
ਕਾਨ ਸਿੰਘ ਇਕ ਸਿਖ ਚਲਿ ਆਵਾ ॥ ਕਰ ਗੁਰ ਦਰਸਨ ਮਨ ਹਰਖਾਵਾ ॥624॥
ਚਾਰੈ ਮੁਹਰ ਦਮੜਾ ਇਕ ਯਾਨਾ ॥ ਧਰੁ ਗੁਰ ਆਗੇ ਸੀਸ ਨਿਵਾਨਾ ॥
ਸਾਹਿਬ ਬਚਨ ਤਬੈ ਇਹੁ ਭਾਖਾ ॥ ਮੁਹਰਾ ਮੈ ਦਮੜਾ ਕਿਉ ਰਾਖਾ ॥625॥
ਹਮਰੀ ਪੰਜ ਅਸਰਫੀ ਆਹਿ ॥ ਪ੍ਰਿਥਮ ਆਖਿ ਕਉ ਮਨ ਫਿਰ ਜਾਇ ॥
ਕਾਨ ਸਿੰਘ ਸੁਨ ਬੀਡੀ ਆਈ ॥ ਧਰਤਿ ਓਰਿ ਤਬ ਦ੍ਰਿਸਟਿ[2] ਲਗਾਈ ॥626॥
ਕਹਯੋ ਗੁਰੂ ਕਯੋ ਨੈਨ ਨਿਵਾਏ ॥ ਭਵ ਮੁਖ ਮੁਹਰਾ ਦੇ ਹਰਖਾਏ ॥
ਉਠਿ ਕਰਿ ਸਤਿਗੁਰ ਚਰਨ ਗਹਾਨੇ ॥ ਭੈ ਭੂਲਾ ਗੁਰ ਗਯਾ ਨਿਧਾਨੇ ॥627॥

॥ ਦੋਹਰਾ ॥

ਪੰਜ ਮੁਹਰ ਆਗੇ ਧਰੀ ਤ੍ਰਾਹਿ ਤ੍ਰਾਹਿ ਮੁਖ ਗਾਇ ॥
ਦਾਸ ਜਾਨ ਕ੍ਰਿਪਾ ਕਰੋ ਭੁਲਿ ਬਖਸੋ ਸੁਖਦਾਇ ॥628॥
ਸ੍ਰੀ ਕਮਲਾਨਨ ਬੈਠਿ ਕਹਿ ਸੁਨੋ ਸਿਖ ਮਨਿ ਲਾਇ ॥
ਗੁਰ ਘਰ ਤੋ ਪਰਵਾਹਿ ਨਹਿ ਨਿਸਚਾ ਤੁਮਰੋ ਜਾਇ ॥629॥

॥ ਚੌਪਈ ॥

ਜਬ ਸਿਖ ਨਿਸਚਾ ਜਾਇ ਪਰਾਈ ॥ ਪਰੈ ਨਰਕਿ ਨਹਿ ਨਿਕਸਾ ਜਾਈ ॥
ਯਾ ਤੇ ਹਮ ਤਵ ਦੀਨ ਜਨਾਇ ॥ ਦੂੱਤੀ ਔਰ ਸੁਨੋ ਹਿਤੁ ਲਾਇ ॥630॥

1. ੲ ਪੋਥੀ ਅਰਜਿ
2. ੲ ਪੋਥੀ ਨਜਰ

ਪ੍ਰਥਮੈ ਦੇਵੈ ਕਾਰਜ ਪੂਰ ॥ ਪਾਛੈ ਲੇਵੈ ਮੰਨਤ ਜਰੂਰ ॥
ਕਾਨ ਸਿੰਘ ਸੁਨਿ ਬਿਨੈ ਬਖਾਨੀ ॥ ਬਖਸੋ ਸਤਿਗੁਰ ਮੁਕਤੀ ਦਾਨੀ ॥631॥
ਨੈਨ ਕੰਜ ਤਬ ਪਾਗ ਬੰਧਾਈ ॥ ਬੈਠ ਗਯੋ ਸੋ ਮਨ ਹਰਖਾਈ ॥
ਖਿਜਗਤਦਾਰਨ ਤਿਸ ਤੇ ਪੂਛਾ ॥ ਕੈਸੀ ਸੁਖਨਾ ਸੀ ਕਹੁ ਸੂਛਾਂ ॥632॥
ਕਹੇ ਕਾਨ ਸਿੰਘ ਸੁਨੋ ਪਿਆਰੇ ॥ ਸਭ ਬਿਰਤਾਂਤ ਕਹੋ ਹਰਖਾਰੇ ॥
ਦਾਦੀ ਹਮਰੀ ਅਤ ਬ੍ਰਿਧ ਮਾਈ ॥ ਮੈ ਤਿਸ ਸੇਵੋਂ ਪ੍ਰੀਤੀ ਲਾਈ ॥633॥

॥ ਦੋਹਰਾ ॥

ਮੁਹਰ ਪਚਾਸਕ ਪਾਸ ਸੀ ਮਰਨ ਸਮੇ ਮੁਹਿ ਦੇਹਿ ॥
ਭ੍ਰਾਤ ਸਕੇ ਹਮ ਚਾਰ ਥੇ ਤਿਨ ਦਾਵਾ ਅਤਿ ਕੇਹਿ ॥634॥
ਪੈਚਨ ਪਰ ਝਗੜਾ ਪੜਾ ਮੁਹਿ ਮਨ ਚਿੰਤ ਕਰੇਹਿ ॥
ਮੁਹਰ ਪੰਚ ਸੁਖਨਾ ਕਰੀ ਸਰਨ ਗੁਰੂ ਕੀ ਲੇਹਿ ॥635॥
ਸ੍ਰੀ ਗੁਰੂ ਸਾਹਿਬ ਸਿੰਘ ਜੀ ਪੈਚਨ ਕੋ ਮਨਿ ਫੇਰਿ ॥
ਮੁਹਰਾ ਸਭ ਮੋ ਕੋ ਮਿਲੀ ਮਮ ਪਤਿ ਭਈ ਉਚੇਰਿ ॥636॥

॥ ਚੌਪਈ ॥

ਸੁਨ ਪ੍ਰਸੰਗ ਸਭੁ ਮਨੁ ਹਰਖਾਈ ॥ ਗੁਰ ਪਰ ਸਰਧਾ ਭਈ ਮਹਾਈ ॥
ਮਿਲਿ ਮਿਲਿ ਸੰਗਤਿ ਦਰਸਨ ਆਵੈ ॥ ਅਰਥ ਉਪਾਇਨ ਮਨ ਬਿਗਸਾਵੈ ॥637॥
ਤਹਿ ਥੀ ਸ੍ਰੀ ਗੁਰੂ ਕੂਚ ਕਰਾਏ ॥ ਰਾ ਪੁਰ[1] ਗੁਜਰਵਾਲੋਂ ਆਏ ॥
ਸੰਗਤਿ ਆਈ ਅੰਪਰਿ ਅਪਾਰੀ ॥ ਧਰੀ ਉਪਾਇਨ ਪ੍ਰੀਤੀ ਧਾਰੀ ॥638॥

**(ਪਟਿਆਲਾ ਨਰੇਸ਼ ਸਾਹਿਬ ਸਿੰਘ ਦਾ ਦਰਸ਼ਨਾਂ ਨੂੰ ਆਉਣਾ)**

॥ ਦੋਹਰਾ ॥

ਰਾਜਾ ਸਾਹਿਬ ਸਿੰਘ ਸੁਨਿ ਪਟਿਆਲੇ ਕੋ ਏਸ ॥
ਦਰਸਨ ਕੀ ਮਨ ਇਛ[2] ਧਰਿ ਆਵਾ ਪ੍ਰੀਤ ਬਸੇਸ ॥639॥

॥ ਚੌਪਈ ॥

ਹਾਥ ਜੋਰਿ ਨ੍ਰਿਪ ਗ੍ਰੀਵ ਨਿਵਾਈ ॥ ਮੈ ਸੇਵਕਿ ਅਸਿ ਬਾਨੀ ਗਾਈ ॥
ਤਾਜੀ ਤਰਲ ਜੀਨ ਜਰਕਾਰੀ ॥ ਕੁੰਜਰ ਤੁੰਗ ਜੜਤ ਅੰਬਾਰੀ ॥640॥
ਬਾਰ ਗਜ ਗਾਹਿ ਹਮੇਲ ਜਰਾਊ ॥ ਚਿਤ੍ਰਤ ਚਾਲੇ ਸਭ ਚਲੇ ਸੁਹਾਊ ॥
ਪਸਿਰੀ ਬਰ ਭੂਖਨਿ ਮ੍ਹਨਿ ਖਾਚੇ ॥ ਰੇਸਮ ਬਰ ਤਿਲਾਂ ਜਿਨ ਗਾਚੇ ॥641॥
ਦਮੜੇ ਮੁਹਰਾ ਪਟ ਬਹੁ ਲਯਾਏ ॥ ਉਜੱਲ ਮਧੁਰ ਪ੍ਰਸਾਦਿ ਚੜਾਏ ॥
ਧਰਿ ਭੇਟਾ ਕਰ ਜੋਰ ਖਲੋਯੋ ॥ ਪ੍ਰੇਮ ਪੂਰ ਚਿਤ ਗਦ ਗਦ ਹੋਯੋ ॥642॥

---

1. ੲ ਪੋਥੀ ਰਾਇਪੁਰ
2. ੲ ਪੋਥੀ ਆਸ

॥ ਦੋਹਰਾ ॥

ਰਾਜੇ ਪ੍ਰੀਤੀ ਦੇਖਿ [ਕਰ][1] ਗੁਰੂ ਬਚਨੁ ਕਹਾ ਬਿਗਸਾਇ ॥
ਬੈਠੋ ਸਾਹਿਬ ਸਿੰਘ ਜੀ ਵਾਹਿਗੁਰੂ ਮੁਖ ਗਾਇ ॥643॥

॥ ਚੌਪਈ ॥

ਸਾਹਿਬ ਸਿੰਘ ਸੁਨ ਮਨ ਹਰਖਾਵਾ ॥ ਬੈਠਤਿ ਭਾ ਮਨਿ ਮੇ ਹੁਲਸਾਵਾ ॥
ਝਾੜ ਸੁ ਜੋੜਾ ਆਗੇ ਰਾਖਾ ॥ ਭਾਲੰ ਧੂੜਿ ਲਾਇ ਬਚੁ ਭਾਖਾ ॥644॥
ਜਾਟ ਜਾਤ ਹਮ ਮਹਾ ਗਵਾਰਾ ॥ ਲਾਗਲੁ ਵਾਹੇ ਕਰੈ ਗੁਜਾਰਾ ॥
ਭੋਗੈ ਰਾਜੰ ਮਯਾ[2] ਤੁਮਾਰੀ ॥ ਹੈ ਗੈ ਰਥ ਪੈਦਲ ਅਸਵਾਰੀ ॥645॥
ਗੋ ਮਹਿਖੀ ਬਹੁ ਭਰੇ ਖਜਾਨੇ ॥ ਮਯਾ ਆਪ ਕੀ ਔਰੁ ਨ ਜਾਨੇ ॥
ਨਿਮ੍ਰਤ ਹੁਇ ਬਹੁ ਬਾਨੀ ਗਾਈ ॥ ਪ੍ਰੇਮ ਪ੍ਰਵਾਹ ਨੈਨ ਜਲ ਜਾਈ ॥646॥

॥ ਦੋਹਰਾ ॥

ਭੇਟਾ ਤਿਸ ਕੀ ਗੁਰ ਲਈ ਦੇਖ ਹੇਤ ਤਿਹ ਕੇਰ ॥
ਰਾਜਾ ਬਹੁਤੁ ਪ੍ਰਸੰਨ ਭਾ ਕੀਨ ਨੁਤ ਬਹੁ ਬੇਰਿ ॥647॥

॥ ਚੌਪਈ ॥

ਸਿਰੋਪਾਉ ਗੁਰ ਤਬ ਤਿਨ ਦੀਨਾ ॥ ਸਿਰੁ ਪਰੁ ਰਾਜੇ ਬਾਂਧਨ ਕੀਨਾ ॥
ਤੀਨ ਦਿਵਸੁ ਗੁਰ ਪਾਸ ਰਹਾਵਾ ॥ ਚਰਨ ਧੂਰਿ ਲੇ ਮਸਤਕਿ ਲਾਵਾ ॥648॥
ਹਾਥੁ ਜੋਰੁ ਕਰੁ ਬਿਨਤੀ ਕੀਨਸ ॥ ਮੋ ਕੋ ਸੇਵਕਿ ਆਪਨਾ ਚੀਨਸ ॥
ਸੂੰਨ ਸਦਨ ਮਹਿ ਦੀਪ ਜਗਾਵੋ ॥ ਸੇਵਕ ਕੇ ਸੰਤਤ ਉਪਜਾਵੋ ॥649॥
ਰਾਜਾ ਕੀ ਅਰਜੀ ਗੁਰ ਮਾਨੀ ॥ ਪੂਤ ਹੋਨ ਕੀ ਖੁਸੀ ਬਖਾਨੀ ॥
ਸੁਨ ਰਾਜਾ ਮਨ ਮੇ ਹਰਖਾਵਾ ॥ ਪਾਦ ਪਦਮ ਪਰ ਸੀਸ ਨਿਵਾਵਾ ॥650॥
ਹਾਥ ਜੋਰ ਫਿਰ ਬਿਨੇ ਬਖਾਨੀ ॥ ਖੁਸੀ ਕਰੋ ਗੁਰ ਸੁਖਮਾਖਾਨੀ ॥
ਦਯਾ ਹਮਾਰੇ ਪਰਿ ਨਿਤ ਕੀਜੈ ॥ ਯਾਦ ਰਖੀਜੈ ਨਹਿ ਬਿਸਰੀਜੈ ॥651॥

॥ ਦੋਹਰਾ ॥

ਆਗਿਯਾ ਦੀਨੀ ਸਤਿਗੁਰੂ ਜਾਵੋ ਅਪਨਿ ਅੰਗਾਰ ॥
ਵਾਹਿਗੁਰੂ ਸਿਮਰਨ ਕਰੋ ਜਾਂਤੇ ਹੋਇ ਉਧਾਰ ॥652॥

॥ ਚੌਪਈ ॥

ਮਾਥ[3] ਨਿਵਾਏ ਚਲਾ ਤਬ ਰਾਜਾ ॥ ਸਤਨਾਮ ਸਿਮਰਨ ਜਿਸ ਕਾਜਾ ॥

### (ਭਾਈ ਹਿੰਮਤ ਸਿੰਘ ਦੀ ਕਥਾ)

ਰਾਇਪੁਰੇ ਕਾ ਜੋ ਸਿਰਦਾਰ ॥ ਹਿੰਮਤੁ ਸਿੰਘ ਆਯੋ ਹਿਤੁ ਧਾਰ ॥653॥
ਧਰ ਪ੍ਰਸਾਦਿ ਜਬ ਮਸਤਕਿ ਟੇਕਾ ॥ ਹਜੂਰ ਰਿਦੇ ਭੀ ਅਣਖ ਬਿਸੇਕਾ ॥
ਕਹਯੋ ਹਜੂਰ ਪਾਂਚ ਦਿਨੁ ਭਏ ॥ ਹਮ ਉਤਰੇ ਨਹਿ ਚਲ ਆਏ ਅਏ ॥654॥

1. ੲ ਪੋਥੀ ਵਿਚੋਂ 2. ੲ ਪੋਥੀ ਦਯਾ 3. ੲ ਪੋਥੀ ਭਾਲ

॥ ਦੋਹਰਾ ॥

ਹਾਥ ਜੋਰ ਕਰਿ ਕਹਤ ਭਾ ਹੈ ਸੁਖਨਾ ਮੈ ਕੀਨ ॥
ਚੜ ਤਿਸ ਪਰਿ ਸੁਤ ਬਾਂਝ ਗਾ ਆਵਾ ਹੁਣ ਪਰਬੀਨ ॥655॥

॥ ਚੌਪਈ ॥

ਆਰਤਿ ਘੋੜੇ ਸੂਲ ਭਾ ਭਾਰੀ ॥ ਛਿਤ ਪਰ ਲੋਟਤ ਪਾਂਵ ਪਸਾਹੀ ॥
ਹੋਯਾ ਹੁਕਮੁ ਅਬੀ ਲੇ ਆਉ ॥ ਮਿਟੈ ਮਿਰਤ ਭੈ ਹੋਇ ਬਚਾਉ ॥656॥
ਹਮਰਾ ਹੈ ਤੌ ਹੋਇ ਅਰੋਗਾ ॥ ਜੇ ਹੈ[1] ਹਮਰੇ ਚਰਨੇ ਜੋਗਾ ॥
ਜਾਵੈਂ ਲਯਾਵੈਂ ਦੇਰਿ ਬਿਹਾਈ ॥ ਸੁਨ ਕਰ ਚਾਲਾ ਮਨ ਹਰਖਾਈ ॥657॥
ਬਿਨੁ ਦੇਰੀ ਹੈ ਹਾਜਰ ਕੀਨਾ ॥ ਸੂਲ ਬ੍ਰਿਥਾ ਤਬ ਹੋਈ ਖੀਨਾ ॥
ਤਬ ਸਾਹਿਬ ਜੀ ਜ਼ਾਹਰ ਕਹੀ ॥ ਸਿਦਕ ਟੇਕ ਇਸ ਰਿਦੇ ਨ ਰਹੀ ॥658॥

॥ ਦੋਹਰਾ ॥

ਇਕ ਬੜਵਾ ਇਸ ਗ੍ਰਹ ਹੁਤੀ ਅਤੁ ਚੰਚਲ ਬਲਵਾਨ ॥
ਜੋ ਸੁਤ ਦੇਵੇ ਅਸੂਨੀ ਸੋਈ ਮਰ ਮਰ ਜਾਨ ॥659॥

॥ ਚੌਪਈ ॥

ਸੁਖਨਾ ਗੁਰ ਕੀ ਇਸ ਨੇ ਕੀਨੀ ॥ ਜੋ ਉਪਜੇ ਦਯੋ ਦੇਰ ਬਿਹੀਨੀ ॥
ਹੈ ਚੰਚਲ ਉਪਜਾਂ ਜਬ ਭਾਰੀ ॥ ਦੇਵਨ ਕੀ ਨਹ ਸਰਧਾ ਧਾਰੀ ॥160॥
ਸੂਲ ਭਯੋ ਤਬ ਸਰਧਾ ਆਈ ॥ ਹਮ ਤੁਮਰੇ ਹੈ ਗੁਰ ਸੁਖਦਾਈ ॥
ਲੋੜਿ ਪਰੈ ਤਾ ਗੁਰੂ ਮਨਾਵੈਂ ॥ ਹੋਵੈ ਕਾਰਜਿ ਫਿਰ ਬਿਗਸਾਵੈ ॥661॥
ਹਿੰਮਤ ਸਿੰਘ ਸੁਨ ਮਨੁ ਭਯ ਪਾਵਾ ॥ ਗਰ ਮੇ ਅੰਚਰ ਸੀਸ ਨਿਵਾਵਾ ॥
ਤ੍ਰਾਹਿ ਤ੍ਰਾਹਿ ਰਖਿਆ ਗੁਰ ਕੀਜੈ ॥ ਸਿਦਕੁ ਹਮਾਰੇ ਰਿਦ ਮੈ ਦੀਜੈ ॥662॥
ਹਮ ਲੋਭੀ ਹੈ[2] ਕਪਟੀ ਕਾਮੀ[2] ॥ ਛਲੀਏ ਮੂਰਖੁ ਲੂਣ ਹਰਾਮੀ ॥
ਆਪ ਬਖਸੰਦ ਸਦਾ ਦਇਆਲਾ ॥ ਮਯਾ ਕਰੀਜੈ ਜਾਨਿ ਬਾਲਾ ॥663॥

॥ ਦੋਹਰਾ ॥

ਤਿਸ ਕੀ ਬਿਨਤੀ ਸੁਨ ਪ੍ਰਭੂ ਮਨ ਮੈ ਅਤਿ ਹਰਖਾਇ ॥
ਸਿਰੇ ਪਾਉ ਸਤਿਗੁਰ ਦਿਯੋ ਲੀਯੋ ਸੀਸ ਚੜਾਇ ॥664॥
ਭਯੋ ਤੁਰੰਗ ਦੇ ਸੁਰਖਰੂ ਗਯਾ ਖੁਸੀ ਲੇ ਧਾਮ ॥
ਸੁਤ ਸੰਪ੍ਰਿਤਿ ਘ੍ਰਰ ਸਭੋ ਸੁਖ ਸੋ ਕਰਯੋ ਅਰਾਮ ॥665॥

## (ਭਾਈ ਨੰਦ ਸਿੰਘ ਦੀ ਕਥਾ)

॥ ਚੌਪਈ ॥

ਰਾਇ ਪੁਰੇ ਨੰਦ ਸਿੰਘ ਰਹਾਵੈ ॥ ਗੁਰ ਸਿਖੀ ਜਿਸੁ ਅਤਸੈ ਭਾਵੈ ॥

---

1. ਦ ਪੋਥੀ ਅਸਵ
2. ਦ ਪੋਥੀ ਕਾਂਮੀ ਬਾਂਮੀ

ਤਾਤ ਨ ਜਿਨ ਕੇ ਘਰੁ ਮੈ ਹੋਵਾ ॥ ਬਿਨ ਸੰਤਤ ਸਭ ਸਿਖਨ ਜੋਵਾ ॥666॥
ਮਿਲ ਕਰਿ ਸਭ ਨੇ ਗਿਰਾ ਬਖਾਨੀ ॥ ਨੰਦ ਸਿੰਘ ਸੁਨਿ ਹਮਰੀ ਬਾਨੀ ॥
ਗੁਰ ਆਗੇਂ ਤੁਮ ਬਿਨਤੀ ਗਾਵੋਂ ॥ ਸੁੰਦਰ ਸੁਤ ਸਤਗੁਰ ਤੇ ਪਾਵੋਂ ॥667॥
ਨੰਦ ਸਿੰਘ ਸੁਨ ਉਤਰ ਕਹਿਯਾ ॥ ਪੂਤ ਬਿਨਾ ਮੈ ਕੋ ਦੁਖ ਲਹਯਾ ॥
ਗੁਰ ਤੇ ਜਾਚਨ ਨਾਮੁ ਕਰੀਜੈ ॥ ਜਨਮ ਮਰਨ ਜਾਂਤੇ ਕਟ ਦੀਜੈ ॥668॥
ਪੁਤ੍ਰ ਆਦਿ ਸਭ ਨਾਸੰ ਜਾਨੋਂ ॥ ਜਿਮ ਭੂਤਨ ਕੀ ਆਗੰ ਪਛਾਨੋਂ ॥
ਲੰਕੇਸਰ ਕੋ ਸੁਤ ਲਖੁ ਹੋਵਾ ॥ ਆਪ ਸਮਾਨ ਜਿਨੋ ਬਲਿ ਜੋਵਾ ॥669॥

॥ ਦੋਹਰਾ ॥

ਰਾਮ ਚੰਦ ਜੀ ਜਬ ਹਨਾ ਪਰਾ ਧਰਨੁ ਦੁਖ ਪਾਇ ॥
ਦੀਵਾ ਵਾਟੀ ਕਿਨ ਕਰੀ ਦੀਓ ਜਲ ਤਿਨ ਕਾਇ ॥670॥
ਗੁਰ ਤੇ ਮੰਗਿਐ ਨਾਮੁ [ਸੁਭ][1] ਅੰਤੇ ਕਰੇ ਸਹਾਇ ॥
ਅੰਤਰਜਾਮੀ ਜਾਨਤਾ ਕਿਉ ਕਹੀਏ ਤਹ ਜਾਇ ॥671॥

॥ ਚੌਪਈ ॥

ਐਸੀ ਚਰਚਾ ਕਰ ਸਿਖ ਆਏ ॥ ਗੁਰ ਕੇ ਅਗ੍ਰਜ ਸੀਸ ਨਿਵਾਏ ॥
ਬੈਠ ਗਏ ਜਬ ਸਿਖ ਪਯਾਰੇ ॥ ਤਿਨ ਪ੍ਰਤਿ ਸ੍ਰੀ ਗੁਰ ਬੈਨ ਉਚਾਰੇ ॥672॥
ਸੁਨੋ ਸਿਖ ਕਯਾ ਮਸਲਤ ਕੀਨੀ ॥ ਦਿਯੋ ਸੁਨਾਇ ਤੁਮ ਦੇਰ ਬਿਹੀਨੀ ॥
ਹਾਥ ਜੋਰ ਤਬ ਸਿੰਘਨ ਗਾਵਾ ॥ ਨੰਦ ਸਿੰਘ ਸੁਤ ਨਹਿ ਉਪਜਾਵਾ ॥673॥
ਸੁਨ ਕਰਿ ਸ੍ਰੀ ਗੁਰ ਬੈਨ ਬਖਾਨਾ ॥ [2]ਪੰਚ ਪੁਤ ਹੋਵੈ ਬਲਵਾਨਾ ॥[2]
ਗੁਰਸਿਖੀ ਇਨ[3] ਕੇ ਘਰੁ ਹੋਈ ॥ ਵਾਹਿਗੁਰੂ ਸਿਮਰੈ ਗੇ ਸੋਈ ॥674॥
ਨੰਦ ਸਿੰਘ ਸੁਨਿ ਸੀਸੁ ਨਿਵਾਵਾ ॥ ਉਠਿ ਕਰਿ ਅਪੁਨੇ ਗ੍ਰਿਹਿ ਮੋ ਆਵਾ ॥
ਬੜਵਾ ਚੰਚਲ ਸਦਨ ਮਝਾਰੀ ॥ ਲਯਾਵਾ ਗੁਰ ਪਹਿ ਪ੍ਰੀਤੀ ਧਾਰੀ ॥675॥

॥ ਦੋਹਰਾ ॥

ਪਾਨ ਜੋਰ ਸਿਰ ਨਿਮ੍ਰ ਕਰ ਗਿਰਾ ਭਨੀ ਕਰ ਭਾਇ ॥
ਅਸੂਨ ਲੀਜੈ ਗੁਰੂ ਜੀ ਚਾਲ ਚਲੈ ਅਧਿਕਾਇ ॥676॥

॥ ਚੌਪਈ ॥

ਸਿਖ ਕੀ ਬਿਨੇ ਸੁਨੀ ਗੁਰ ਪੂਰੇ ॥ ਗਿਰਾ ਭਨੀ ਜੋ ਅਤਿਸੈ ਸੂਰੇ[4] ॥
ਇਹੁ ਬੜਵਾ ਤੁਮ ਗ੍ਰਹ ਲੇ ਜਾਵੋ ॥ ਜਣੈ ਬਛੇਰਾਂ ਸੋ ਪਹੁਚਾਵੋ ॥677॥

1. ਅ ਪੋਥੀ ਵਿਚੋਂ
2. ਅ ਪੋਥੀ ਪਾਠਾਂਤਰ : ਨੰਦ ਸਿੰਘ ਸੁਤ ਪੰਜ ਲਯੋ ਜਾਨਾ ॥
3. ਅ ਪੋਥੀ ਇਸ
4. ਅ ਪੋਥੀ ਰੂਰੇ

ਨੰਦ ਸਿੰਘ ਸੁਨ ਸਦਨ ਲਿਆਵਾ ॥ ਦਾਣਾ ਘਾਸੁ ਬਹੁਤ ਖੁਲਾਵਾ ॥
ਬਛੇਰਾ ਅਸ੍ਵਨਿ ਸੁੰਦਰੁ ਜਾਯੋ ॥ ਰਵਿ ਹੈ ਕੋ ਮਾਨੋ ਸੁਤ ਆਯੋ ॥678॥
ਕੈ ਅਨੰਗ ਸੁਤ ਅਸ੍ਵ ਭਵ ਲੀਨੋ ॥ ਰੰਗੁ ਕੁਮੈ ਤਹੈ ਤਨੁ ਪੀਨੋ[1] ॥
ਨਿਸ ਮੋ ਜੁਗਮ ਚੋਰੁ ਚਲਿ ਆਏ ॥ ਬਛੇਰਾ ਬੜਵਾ ਚਹੈ ਚੁਰਾਏ[2] ॥679॥

॥ ਦੋਹਰਾ ॥

ਬਿਬ ਚੋਰ ਨਿਸ[3] ਆਇ ਕੇ ਸੋ ਯੋ ਸਿੰਘ ਤਕਾਇ ॥
ਜਬ ਅਸ੍ਵਨਿ ਖੋਲਨਿ ਲਗਾ ਤੁਰੰਗਨਿ ਲਯੋ ਦਬਾਇ ॥680॥

॥ ਚੌਪਈ ॥

ਸਿਰ ਤੇ ਫੇਰ[4] ਪਗ ਤਲੇ ਤਬਾਵਾ ॥ ਦੰਤਨ ਤੇ ਗਹਿ ਦੂਤੀ ਗਿਰਾਵਾ ॥
ਦੋਨੋ ਨੇ ਦੁਖ ਚੀਕ ਸੁ ਮਾਰੀ ॥ ਹਮ ਮਰ ਗੇ ਕੋ ਲੇਹੁ ਉਬਾਰੀ ॥681॥
ਨੰਦ ਸਿੰਘ ਜਾਗਯੋ ਸੁਨ ਸੋਰ ॥ ਅਰਬਨਿ ਨੈ ਪਕਰੇ ਦ੍ਵੈ ਚੋਰ ॥
ਕਹਯੋ ਸਿੰਘ ਚੋਰੀ ਫਲ ਪਾਵਾ ॥ ਗੁਰ ਕੀ ਘੋਰੀ ਚਹੋ ਚੁਰਾਵਾ ॥682॥
ਚੋਰ ਕਹੈ ਜੇ ਆਜੁ ਛਡਾਵੈ ॥ ਬਹੁਰ ਅਸੀ ਇਸ ਰਾਹਿ ਨ ਆਵੈ ॥
ਨੰਦ ਸਿੰਘ ਤਬ ਕਹਾ ਸੁਨਾਈ ॥ ਗੁਰ ਸਿਖੀ ਤੁਮ ਧਾਰੋ ਭਾਈ ॥683॥
ਅਬ ਤੂ ਹਮਰੀ ਜਾਨ ਬਚਾਉ ॥ ਤਰੇ ਦਬਾਏ ਲੇਹੁ ਛਡਾਉ ॥
ਉਪਕਾਰ ਨ ਤੁਮਰਾ ਕਬੈ ਗਵਾਵੈ ॥ ਜੋ ਤੂ ਆਖੈ ਸੋਇ ਕਮਾਵੈ ॥684॥

॥ ਦੋਹਰਾ ॥

ਨੰਦ ਸਿੰਘ ਤਬ ਕਹਿਤ ਭਾ ਸੁਨ ਘੋੜੀ ਮਨੁ ਲਾਇ ॥
ਏਹੁ ਸਿਖ ਗੁਰ ਕੇ ਭਏ ਦਿਯੋ ਪ੍ਰਾਨ ਹਰਖਾਇ ॥685॥
ਨੰਦ ਸਿੰਘ ਕੇ ਬੈਨ ਸੁਨ ਦੀਨ ਅਸ੍ਵਨੀ ਛੋਰੁ ॥
ਮ੍ਰਿਤ ਹੋਨ ਤੇ ਬਚ ਰਹੇ ਦੋਰੇ ਗੁਰ ਸਿਖ ਓਰ ॥686॥

॥ ਚੌਪਈ ॥

ਨੰਦ ਸਿੰਘ ਨੇ ਬਾਨੀ ਗਾਈ ॥ ਲੀਜੈ ਸਤਿਗੁਰ ਕੀ ਸਰਨਾਈ ॥
ਪਾਨ ਜੋਰੁ ਤਿਨ ਬੈਨਿ ਬਖਾਨਾ ॥ ਲੈ ਚਾਲੋ ਹਮ ਮਾਨੇ ਆਨਾ ॥687॥
ਨੰਦ ਸਿੰਘ ਤਬ ਗਿਰਾ ਅਲਾਈ ॥ ਹੋ ਤਸਕਰੁ ਚਲੋ ਤੁਮ ਭਾਈ ॥
ਭੀ ਭੁਨਸਾਰ ਹਜੂਰ ਲਿਆਵਾ ॥ ਗੁਰ ਪਗ ਦੋਨੋ ਮਾਥਾ ਟਿਕਾਵਾ ॥688॥
ਨੰਦ ਸਿੰਘ ਕਹੇ ਕਰ ਜੋਰੀ ॥ ਬਿਨਤੀ ਸੁਨੀਏ ਸਤਿਗੁਰ ਮੋਰੀ ॥
ਤੁਮਰੀ ਘੋੜੀ ਚਹੇ ਚੁਰਾਵਨ ॥ ਫੜ ਘੋੜੀ ਨੇ ਕਰੇ ਦਬਾਵਨ ॥689॥

---

1. ਅ ਪੋਥੀ ਪਾਠਾਂਤਰ : ਕੁਮੈ ਤਰੰਗ ਅਤਸੈ ਪੀਨੋ
2. ਅ ਪੋਥੀ ਲੁਕਾਏ
3. ਅ ਪੋਥੀ ਪਾਠਾਂਤਰ: ਚੋਰਨ ਤਹਿ
4. ਅ ਪੋਥੀ ਪਕਰ

ਤਬ ਇਹ ਰੁਏ ਹੋਇ ਦੁਖਾਰੀ ॥ ਗੁਰ ਸਿਖੀ ਤਬ ਇਨ ਨੇ ਧਾਰੀ ॥
ਅਬ ਚਲ ਕਰ ਤਵ ਸਰਨੀ ਆਏ ॥ ਗੁਰਮਤਿ ਦੀਜੈ ਇਨੈ ਦ੍ਰਿੜਾਏ ॥690॥

॥ ਦੋਹਰਾ ॥

ਸਤਿਗੁਰ ਸਾਹਿਬ ਬਚ ਭਨਾ ਚੋਰੀ ਦੇਉ ਤਿਆਗੁ ॥
ਸਿਖਨ ਸੇਵੋ ਭਾਉ ਕਰਿ ਵਾਹਿਗੁਰੂ ਮਹਿ ਪਾਗ ॥691॥

॥ ਚੌਪਈ ॥

ਸਤ ਬਚਨੁ ਤਬ ਦੋਨੋ ਗਾਵਾ ॥ ਗੁਰ ਸਿਖੀ ਕਾ ਨਿਸਚਾ ਪਾਵਾ ॥
ਲੇ ਨਿਦੇਸ ਨਿਜ ਸਦਨ ਸਿਧਾਏ ॥ ਗੁਰ ਕਿਰਪਾ ਤੇ ਗੁਰਮਤਿ ਪਾਏ ॥692॥

**(ਇਕ ਬਾਲਕ ਦੀ ਕਥਾ)**

ਭੂਸਰ ਬਾਲਕ ਇਕ ਚਲ ਆਂਵਾ ॥ ਸਵਾ ਰੁਪਯਾ ਭੇਟ ਚੜ੍ਹਾਯਾ ॥
ਬਾਲਕ ਪ੍ਰਤੀ ਗੁਰੁ ਬਚ ਗਾਯੋ ॥ ਭੇਟ ਉਠਾਵੋ ਗ੍ਰਿਹਿ ਲੇ ਜਾਯੋ ॥693॥
ਬ੍ਰਹਮਨ ਕਾ ਹਮ ਕਬੀ ਨ ਲੇਵੈ ॥ ਜਿਨ ਕੌ ਦਾਨ ਸਦਾ ਹਮ ਦੇਵੈਂ ॥
ਸੁਨ ਕਰ ਬਾਰਿਕ ਬਿੰਨਤੀ ਕੀਨੀ ॥ ਇਹ ਸੁਖਨਾ ਮੈ ਗੁਰ ਕੀ ਕੀਨੀ ॥694॥
ਕੈਸੀ ਸੁਖਨਾ ਬਾਲ ਬਤਾਉ ॥ ਭਈ ਹਕੀਕਤ ਪ੍ਰਗਟੁ ਸੁਨਾਉ ॥
ਬਾਰਕ ਕਹੈ ਸੁਨੋ ਸੁਖਦਾਈ ॥ ਸੁਖਨਾ ਜੈਸੇ ਕਰੀ ਬੰਨਾਈਂ ॥ 695॥

॥ ਦੋਹਰਾ ॥

ਨੌਕਰ ਮੇਰਾ ਤਾਤ ਥਾ ਨਗਰ ਪਟਾਲੇ ਮਾਹੇ ॥
ਜੰਗ ਮਾਂਝਿ ਸੋ ਮ੍ਰਿਤ ਭਯੋ[2] ਭਯੋ ਜਸੁ ਜਗੁ ਤਾਹਿ ॥696॥

॥ ਚੌਪਈ ॥

ਮੈ ਤਿਸ ਕ੍ਰਿਯਾ ਕਰਮ ਕਰਾਏ ॥ ਬਿਸਨਪਦੀ ਮਧੁ ਫੂਲ ਪਹੁਚਾਏ ॥
ਏਕ ਰੈਨਿ ਮੁਹਿ ਨੀਦ ਦਬਾਯਾ ॥ ਹੈ ਅਸਵਾਰ ਜਨਕ ਮੁਹਿ ਆਯਾ ॥697॥
ਬਚਨ ਬੋਲ ਮੁਹਿ ਦਯੋ ਜਗਾਇ ॥ ਸੁਨ ਪਿਤੁ ਬਾਨੀ ਮੈ ਹਰਖਾਇ ॥
ਉਠਿ ਬੈਠਾ ਮੈ ਹ੍ਵੈ ਸੁਧਾਨਾ ॥ ਨਿਜ ਪਤਿ ਸੌਂ ਬਚ ਕਹਯੋ ਬਖਾਨਾ ॥698॥
ਜੰਗ [ਸੁ][3] ਮਾਂਝਿ ਮ੍ਰਿਤ ਤੁਮ ਪਾਈ ॥ ਕਿਰਯਾ ਤੁਮਾਰੀ ਮੈ ਸੁ ਕਰਾਈ ॥
ਮੋਹਿ ਪਿਤਾ ਇਮ ਉਤਰੁ ਦਯੋ ॥ ਰੂਪ ਸਹੀਦ ਸੁ ਮੇਰੋ ਭਯੋ ॥699॥

॥ ਦੋਹਰਾ ॥

ਤੂ ਸਪੂਤ ਮੇਰੋ ਭਯੋ ਦੇਵੋਂ ਬਿਤ ਬਤਾਇ ॥
ਲੋਟਾ ਇਕ ਮੁਹਰਨ ਭਰਾ ਥੂਨੀ ਪਾਸ ਦਬਾਇ ॥700॥

॥ ਚੌਪਈ ॥

ਸੁਭ ਮਾਰਗੁ ਮੈ ਲਾਵਨ ਕੀਜੈ ॥ ਮੰਦ ਮਾਰਗ ਤੇ ਬਰਜੁ ਰਹੀਜੈ ॥

---

1. ੲ ਪੋਥੀ ਸਿਰੀ ਗੁਰ
2. ੲ ਪੋਥੀ ਮਰ ਗਯੋ
3. ੲ ਪੋਥੀ ਵਿਚੋਂ

ਪੁਨ ਪੂਛਾ ਮੈ ਅਬ ਕਿਤ ਜਾਵੋਂ ॥ ਜਹਿ ਜਾਨਾ ਹੈ ਮੁਹਿ ਸਮਝਾਵੂੰ ॥701॥
ਬੋਲਯੋ ਸੋ ਸੁਨ ਬਾਲਕ ਭੇਵ ॥ ਸਾਹਿਬ ਸਿੰਘ ਗੁਰ ਲਾਗੇ ਸੇਵ ॥[1]
ਦਖਣ ਦੇਸ ਹੁਤੇ ਹਮ ਆਏ ॥ ਸੈਨ ਸਹੀਦਨ ਅੰਤੁ ਨ ਪਾਏ ॥702॥
ਉਤਰੇ ਹੈ ਗੁਰ ਰਾਪੁਰ ਗ੍ਰਾਮੂ ॥ ਜਾਵੋਂ ਦਰਸਨ ਕਰ ਅਭਿਰਾਮੂ ॥
ਉਠ ਕਰੁ ਮੁਹਰਾ ਖੋਜਨੁ ਲਾਗਾ ॥ ਹਾਥ ਨ ਆਈ ਚਿੰਤਾ ਪਾਗਾ ॥703॥
ਤਬ ਸੁਖਨਾ ਗੁਰ ਤੁਮਰੀ ਕੀਨੀ ॥ ਕੀਨੀ ਮਯਾ ਲਭਾਯ ਯੁ ਦੀਨੀ ॥
ਮੇਰੇ ਮੁਨ ਸਰਧਾ ਤਬ ਆਈ ॥ ਮਨ ਮੈ ਪ੍ਰੀਤੀ ਭਈ ਸੁਵਾਈ ॥704॥
ਯਾਂਤੇ ਮੈ ਚਲ ਦਰਸਨ ਆਵਾ ॥ ਧਰੀ ਉਪਾਇਨਿ ਸੀਸ ਨਿਵਾਵਾ ॥
ਰਾਵਰ ਦਰਸਨ ਰਵੀ ਸਮਾਨਾ ॥ ਮਨ ਮੇਰਾ ਭਾ ਕੰਜ ਖਿਰਾਨਾ ॥705॥

॥ ਦੋਹਰਾ ॥

ਪਿਤੁ ਸੇਵਕਿ ਹੈ ਆਪ ਕਾ ਯਾ ਤੇ ਮੈ ਭੀ ਦਾਸ ॥
ਬਿਪ੍ਰ ਜਾਨ ਨ ਤਿਯਾਗੀਏ ਸਤਿਗੁਰ ਸੁਖਮਾ ਰਾਸ ॥706॥

॥ ਚੌਪਈ ॥

ਭੇਟਾ ਤਿਸ ਕੀ ਸ੍ਰੀ ਗੁਰ ਲੀਨੀ ॥ ਸਿਰ ਪਰ ਪਾਗ ਬੰਧਾਵਨ ਕੀਨੀ ॥
ਲੇ ਨਿਦੇਸ ਸੋ ਭਵਨ ਸਿਧਰਾ ॥ ਗੁਰ ਪਗ ਲਾਗੀ ਪ੍ਰੀਤਿ ਅਪਾਰਾ ॥707॥
ਰਾਪੁਰ ਥੀ ਗੁਰ ਕੂਚ ਕਰਾਈ ॥ ਸੇਵਲਰਾਹਿ[2] ਥਿਰੇ ਗੁਰ ਜਾਈ ॥
ਮਿਲ ਮਿਲ ਸੰਗਤਿ ਭੇਟਾ ਦੀਨੀ ॥ ਮਨ ਕੀ ਇਛਾ ਪੂਰਨ ਕੀਨੀ ॥708॥

॥ ਦੋਹਰਾ ॥

ਗ੍ਰਾਮ ਏਕ ਮੰਹਿ ਰਾਜ ਕੇ ਤਹਾਂ ਰਹਿਤ ਸਿਖ ਏਕ ॥
ਸਕਟੁ ਮਤੀਰਨ ਲੈ ਚਲਾ ਧਰੀ ਦਰਸ ਮਨ ਟੇਕ ॥709॥

॥ ਚੌਪਈ ॥

ਇਕ ਤਰਬੂਜ ਗੁਰੂ ਹਿਤੁ ਲੀਨ ॥ ਗੁਰਹਿ ਛਕਾਵਨ ਨਿਸਚਾ ਕੀਨ ॥
ਮੇਰੇ ਹਾਥ ਜਿ ਗੁਰੂ ਚਿਰਾਵੈ ॥ ਆਪਿ ਛਕੈ[3] ਮੁਹਿ ਸੀਤ ਦਿਵਾਵੈ ॥710॥
ਏਕੁ ਤੁਰੰਗਨਿ ਦਿਹੁ ਗੁਰ ਭੇਟ ॥ ਜਿਸ ਤੇ ਚੜਿ ਗੁਰ ਜਾਇ ਅਖੇਟ ॥
ਘਟ ਘਟ ਕੇ ਗੁਰ ਜਾਨਨਹਾਰੇ ॥ ਪੂਰੇ ਇਛਾ ਕਰੈ ਨ ਬਾਰੇ ॥711॥
ਸਕਟਾ ਆਂਦਾ ਗੁਰੂ ਹੁਜੂਰ ॥ ਕਰਿ ਦਰਸਨ ਮਨਿ ਮਿਟੈ ਵਸੂਰ ॥
ਸ੍ਰੀ ਹਜੂਰ ਸਭ ਘਟ ਕੇ ਮਾਲਕ ॥ ਅੰਤਰਜਾਮੀ ਜਗ ਕੇ ਪਾਲਕ ॥712॥

---

...ਠ ਪੋਥੀ ਰਹੀ
...ਥੀ ਸੇਲਵਰਾਹਿ
...ਥੀ ਪਾਠਾਂਤਰ: ਆਪ ਸੁ ਛਕਿ ਮੋਹਿ ਸੀਤ ਦਿਵਾਵੈ ॥

॥ ਦੋਹਰਾ ॥

ਸਿਖ ਕੇ ਮਨ ਕੀ ਜਾਨ ਕਰਿ ਦੀਨੀ ਗੁਰੂ ਨਿਦੇਸ ॥
ਤਰਬੂਜ ਲਿਆਵੋ ਸਭ ਮਧਿ ਸੁਨ ਸਿਖੰ ਮਨ ਹਰਖੇਸ ॥713॥

॥ ਚੌਪਈ ॥

ਲਾਗੇ ਅਨੁਗ ਉਤਾਰਨ ਜਬ ਹੀ ॥ ਨਿਕਸਯੋ ਝ੍ਵਹੀ ਮਤੀਰਾ ਤਬ ਹੀ ॥
ਕਹੇਯੋ ਪ੍ਰਭੂ ਇਸ ਚੀਰ ਬਹਾਵੋ ॥ ਮੁਝੇ ਛਕਾਵੋ ਦੇਰਿ ਨ ਲਾਵੋ ॥714॥
ਤਬ ਸੇਵਕ ਨੇ ਚੀਰਨ ਕੀਨਾ ॥ ਕਢ ਕਰ ਗੁਲਫਾ ਗੁਰ ਕੋ ਦੀਨਾ ॥
ਰਸੰਨੀ ਲਾਯੋ ਸ੍ਵਾਦ ਮਿਠੀਰਾ ॥ ਕਹੀ ਗਿਰਾ ਗੁਰ ਗੁਨੀ ਗਹੀਰਾ ॥715॥
ਐਸਾ ਹਮ ਨੇ ਕਬੀਂ ਨਾ ਖਾਯੋ ॥ ਜੈਸਾ ਸਿਖ ਨੇ ਆਨ ਛਕਾਯੋ ॥
ਸੀਤ ਪ੍ਰਸਾਦਿ ਜਬੈ ਤਿਨ ਪਾਵਾ ॥ ਖਾਵਤ ਹੀ ਮਨ ਮੇਟਾ ਹਾਵਾ ॥716॥

॥ ਦੋਹਰਾ ॥

ਬਿਨੈ ਕਰੀ ਕਰਿ ਜੋਰਿ ਕੇ ਸ੍ਰੀ ਗੁਰ ਨਾਨਕ ਆਪ ॥
ਜਾਨਤ ਹੋ ਸਿਖ ਰਿਦੈ ਕੀ ਸਭ ਘਟ ਰਹੈ[1] ਬਿਆਪ ॥717॥
ਤਾਜਨ ਹੈ ਗ੍ਰਹਿ ਆਪ ਦੀ ਸਿੰਘ ਦੇਹੁ ਮੁਹਿ ਸੰਗਿ ॥
ਪੰਥ ਧਾੜਵੀ ਪੜਤੁ ਹੈ ਲਯਾੜਾ ਤਿਨੈ ਪ੍ਰਸੰਗ ॥718॥
ਸ੍ਰੀ ਕਮਲਾਨਨਾ ਬਚ ਭਨਾ ਦੋਵੋ ਚਿੰਤ ਨਿਵਾਰ ॥
ਚੋਰ ਨਾ ਆਵੈ ਤਵ ਨਿਕਟਿ ਹੋਵੈ ਅੰਧ ਗਵਾਰ ॥719॥
ਸਤ ਬਚਨੁ ਕਹਿ ਜਾਣ ਭਾ ਅਪਨੇ ਸਦਨੁ ਮਝਾਰ ॥
ਪਾਈ ਜੀਨ ਤਿਸ ਉਪਰੇ ਲੈ ਚਾਲਾ ਹਿਤ ਧਾਰਿ ॥720॥

॥ ਚੌਪਈ ॥

ਜਬ ਉਜਾਰ ਮਾਰਗੁ ਮੈ ਆਯਾ ॥ ਤਬ ਬਟਪਾਰਨ ਸਮਾ ਤਕਾਯਾ ॥
ਦੌਰ ਪਰੇ ਦਰੁਤ ਪਹੁਚੇ ਆਇ ॥ ਤਿਸਟ ਤਿਸਟ ਤੂ ਕਹਾ ਪਲਾਇ ॥721॥
ਕਹਿ ਕਰ ਐਸੇ ਘੇਰਨੁ ਕੀਨਾ ॥ ਸ਼ਿਖ ਨੇ ਧੋਰਾ ਸ੍ਰੀ ਗੁਰ ਲੀਨਾ ॥
ਦੇਖ ਰਹੇ ਸਿਖ ਨਦਰਿ[2] ਨ ਆਯੋ ॥ ਚੋਰਨ ਮਨ ਮੈ ਅਚਰਜ ਪਾਯੋ ॥722॥
ਬਡੇ ਫਰਕ ਸੇ ਦ੍ਰਿਸਟੀ ਆਯਾ ॥ ਦੌਰ ਸੁ ਚੋਰਿਨਿ ਘੇਰਾ ਪਾਯਾ ॥
ਕਰੈ ਯਤਨ ਕਿਛੁ ਹਾਥੁ ਨ ਆਏ ॥ ਹੋਏ ਆਂਧੇ ਮੁਨੁ ਪਛੁਤਾਏ ॥723॥
ਚੋਰਨੁ ਤੇ ਤਬ ਪੂਛਨ ਕੀਨਾ ॥ ਹਯਨੀ ਕਿਸ ਕੀ ਕਹੁ ਪ੍ਰਵੀਨਾ ॥
ਕਹਯੋ ਸਿਖ ਇਹੁ ਗੁਰ ਕੀ ਆਹੀ ॥ ਜਾਤੇ ਤੁਮ ਆਂਧੇ ਹੁਇ ਜ਼ਾਈ ॥724॥

---

1. ੲ ਪੋਥੀ ਇਸ ਮਗਰੋਂ ਨੇ ਸ਼ਬਦ ਵਾਧੂ ਹੈ।
2. ੲ ਪੋਥੀ ਦ੍ਰਿਸਟਿ

॥ ਦੋਹਰਾ ॥

ਚੋਰ ਕਹੇ ਹਮ ਭੂਲ ਗਏ[1] ਲੇ ਚੱਲ ਅਪਨੇ ਨਾਲ ॥
ਬਖਸਾਵਨ ਗੁਰ ਤੇ ਕਰੈ ਪਰੈ ਨ ਜਮ ਕੇ ਜਾਲ[2] ॥725॥

॥ ਚੌਪਈ ॥

ਕਹੈ ਸਿਖ ਤੁਮ ਚਿੰਤ ਨ ਕੀਜੈ ॥ ਗੁਰ ਬਖਸੰਦ ਸਦਾ ਸੁਖ ਲੀਜੈ ॥
ਲੇਯ ਸਾਥ ਸਿਖ ਗੁਰ ਪਹਿ ਆਵਾ ॥ ਦੇਖਿ ਗੁਰੂ ਤਬ ਬੈਨ ਅਲਾਵਾ ॥726॥
ਕਟ ਕਰੀਰ ਚੰਦਨ ਕਰ ਲਯਾਯੋ ॥ ਚੋਰਨ ਕੋ ਸੁਭ ਮਾਰਗੁ ਪਾਯੋ ॥
ਸਿਖ ਕਹਯੋ ਸੁਨੋ ਸੁਖਦਾਨੀ ॥ ਗੜਿ ਮਤਿ ਅਪਨੀ ਤੁਮ ਹੀ ਜਾਨੀ ॥727॥
ਤੀਨ ਬਾਰ ਆਂਧੇ ਹੁਇ ਗਏ ॥ ਤਬ ਇਹ ਗੁਰ ਕੀ ਸਰਨੀ ਅਏ ॥
ਤਬ ਗਰ ਚੋਰਨ ਅੰਚਰੁ[3] ਪਾਵਾ ॥ ਮੰਦ ਕਰਮ ਹਮ ਬਹੁਤ ਕਮਾਵਾ ॥728॥
ਬਖਸਨ ਹਮ ਕੋ ਸਤਿਗੁਰ ਕੀਜੈ ॥ ਸਿਖੀ ਮਾਰਗ ਪਾਵ ਮੌਂ ਦੀਜੈ ॥
ਸਤਗੁਰ ਬੋਲੇ ਸੁਨੋ ਗਵਾਰਾ ॥ ਫਿਰ ਨਹਿ ਕੀਜੈ ਐਸੀ ਕਾਰਾਂ ॥729॥
ਵਾਹਿਗੁਰੂ ਅਬ ਮੁਖ ਸੇ ਗਾਵੋ ॥ ਸਾਧ ਸੰਤ ਕੀ ਸੇਵ ਕਮਾਵੋ ॥
ਪਰ ਧਨ ਪਰ ਤਨ ਮਾਟੀ ਮਾਨੋ ॥ ਝੂਠ ਨ ਬੋਲੋ ਸਾਚ ਪਛਾਨੋ ॥730॥

॥ ਦੋਹਰਾ ॥

ਗੁਰ ਉਪਦੇਸ ਕੁ ਮਾਚਨ ਕੁਰ ਸਤ ਬਚਨੁ ਮੁਖ ਗਾਇ ॥
ਪਹੁਲ ਲੀਨੀ ਗੁਰੂ ਤੇ ਭਏ ਸਿਖ ਸਮਦਾਇ ॥731॥

॥ ਸੋਰਠਾ ॥

ਤਸਕਰ ਭੁਏ ਨਿਹਾਲ ਗੁਰ ਦਰਸਨ ਪਰਤਾਪੁ ਇਹ ॥
ਚਾਲੇ ਧਰ ਪਦ ਭਾਲ ਵਾਹਿਗੁਰੂ ਸਿਮਰਨ ਕਰੈ ॥732॥

॥ ਚੌਪਈ ॥

ਤਬ ਲੇ ਅਸੂਨਿ ਗੁਰੂ ਬੰਧਾਈ ॥ ਸਿਖ ਪਰ ਮਯਾ ਕਰੀ ਸੁਖਦਾਈ ॥
ਲੇ ਸਿਰ ਪਾਇ ਗਯੋ ਗ੍ਰਹ ਅਪਨੇ ॥ ਸਤਨਾਮ ਸੋ ਲਾਗੋ ਜਪਨੇ ॥733॥

## (ਉਦਾਸੀ ਸਾਧੂ ਦੀ ਕਥਾ)

ਮਹੰਤ ਉਦਾਸੀ ਮਿਲਨੈ ਆਵਾ ॥ ਸੋ ਸਾਧੂ ਤਿਸ ਨਾਲ ਸੁਹਾਵਾ ॥
ਧਰੀ ਭੇਟ ਸੰਬ ਬੈਠਤ ਭਏ ॥ ਗੁਰ ਕੇ ਆਗੇ ਸੀਸ ਨਿਵਏ ॥734॥
ਆਦਰ ਤਿਨ ਕਾ ਗੁਰ ਜੀ ਕੀਨਾ ॥ ਅਸਨ ਛਕਾਵਾ ਅੰਤ ਰਸ ਭੀਨਾ ॥
ਕਹਯੋ ਹਜੂਰ ਸੰਤ ਜੀ ਰਹੀਏ ॥ ਦੇਵੋ ਦਰਸਨ ਹਰਖੰ ਲਹੀਏ ॥735॥
ਤੰਬੂ ਮਾਹਿ ਤੁਮ ਸਿਵਰ ਲਗਾਵੋ ॥ ਸੀਤ ਰੁਤ ਹੈ ਅਨਲ ਜਗਾਵੋ ॥
ਕਹਯੋ ਮਹੰਤ ਸੁਨੋ ਸੁਖਦਾਈ ॥ ਤਪੀ ਸਾਧ ਨਹਿ ਸੀਤ ਡਰਾਈ ॥736॥

---

1. ਅ ਪਾਠਾਂਤਰ ਤੁਮ ਲੇ ਚਾਲੋ
2. ਅ ਪੋਥੀ ਕਾਲ
3. ਮੂਲ ਪੋਥੀ ਅੰਦਰ

ਧੂਪ ਛਾਵ ਸ਼ਮ ਭਾਵ ਬਿਚਾਰਤ ॥ ਮੇਘ ਸੀਤ ਨਹੀ ਮਨੁ ਹਾਰਤ॥
ਮਾਨ ਅਮਾਨ ਜਿਨ ਏਕ ਸਮਾਨ ॥ ਸੁਖ ਦੁਖ ਭੂਖ ਤ੍ਰਿਖ ਨਹੀ ਚਲਾਨ ॥737॥

॥ ਦੋਹਰਾ ॥

ਯਾਤੇ ਰਹੈ ਮੈਦਾਨ ਮੈ ਤੰਬੂ ਕੀ ਕਯਾ ਲੋੜਿ ॥
ਜਬ ਹੋਵੇਗਾ ਸੀਤ ਬਹੁ ਦੇਉ ਭਜਨੁ ਮੋ ਜੋੜਿ ॥738॥

॥ ਚੌਪਈ ॥

ਕਹਯੋ ਹਜੂਰ ਮੇਘ ਜੇ ਆਵੈ ॥ ਰਹੈ ਜਮਾਤ ਭਾਗ ਮਤ ਜਾਵੈ ॥
ਕਹੈ ਮਹੰਤ ਮੇਘ ਹੈ ਤੁਛ ॥ ਤਪੀਆ ਕੇ ਤਪ ਕੀ ਕਯਾ ਪੁਛ ॥739॥
ਕਹਯੋ ਪ੍ਰਭੂ ਦੇਖੈ ਤਪ ਤੁਮਰਾ ॥ ਜੋ ਤੈ ਭਨਾ ਸਹਾਗੋ ਸਗਰਾ ॥
ਬਾਸਵ ਕੌ ਪ੍ਰਭ ਦਈ ਨਿਦੇਸ ॥ ਬਰਖਾ ਹੋਈ ਜਲਧ ਬਿਸੇਸ ॥740॥
ਪੌਨ ਚਲਾ ਬਹੁ ਬਰਸਤ ਓਰੇ ॥ ਸਾਧ ਭਏ ਤਬ ਅਤਸੇ ਹੋਰੇ ॥
ਧੀਰਜ ਤਜ ਸਭ ਹੀ ਭਜ ਗਏ ॥ ਸੀਤ ਪਵਨ ਜਲ ਕਸੂਤ ਭਏ ॥741॥
ਤੋਬ[2] ਚਿਮਟੇ ਤਗਾਂ ਰਹਾਨੇ ॥ ਦੇਖਿ ਸਿੰਘ ਸਿਮ ਏਵ ਪਰਾਨੇ ॥
ਦੌਰੁ ਮਹੰਤੁ ਗੁਰੂ ਪਹਿ ਆਵਾ ॥ ਜੈਸੇ ਬਣੀਏ ਪੋਤ ਡੁਬਾਵਾ ॥742॥

॥ ਦੋਹਰਾ ॥

ਜਿਮ ਦੁਰਬਾਸਾ ਗਰਬ ਤਜਿ ਆਵਾ ਰਾਜੇ ਪਾਸ ॥
ਤੈਸ ਮਹੰਤੁ ਤਬ ਗਰਬ ਤਜ ਬੈਠਾ ਹੋਇ ਨਿਰਾਸ ॥743॥

॥ ਚੌਪਈ ॥

ਮੰਦ ਮੰਦ ਹਸ ਕਹਯੋ ਗੁਰ ਪੂਰੇ ॥ ਕਹਗੇ ਸਾਧ ਜੁ ਤਪ ਮੈ ਸੂਰੇ ॥
ਕਹਯੋ ਫਕੀਰ ਮੀਂਹੁ ਕਤ ਆਹੀ ॥ ਆਪ ਮਯਾ ਕਰ ਦੀਨ ਬਸਾਹੀ ॥744॥
ਆਪ ਭਨਾ ਸਾਧ ਭਜ ਜੈ ਹੈ ॥ ਬਚਨੁ ਕਹੇ ਨਹਿ ਬਿਰਥਾ ਹੁਇ ਹੈ ॥
ਮੇਰ ਨਦੀ ਸਰਸਾ ਚਲ ਜਾਈ ॥ ਤੁਮਰੇ ਬੈਨ ਨ ਬਿਰਥ ਕਦਾਈ ॥745॥
ਹਮ ਭੂਲੇ ਹੈ ਮਹਾਂ ਗਵਾਰੂ ॥ ਤੁਮ ਬਖਸਿੰਦ ਸਦਾ ਦਾਂਤਾਰੂ ॥
ਗਿਰਾ ਤੁਮਾਰੀ ਦੀਨ ਹਟਾਈ ॥ ਸੋ ਤੋ[3] ਫਲ ਹਮ ਲੀਨਾ[3] ਪਾਈ ॥746॥
ਅਬ ਮਯਾ ਕਰ ਮੇਘ ਹਟਾਵੋ ॥ ਸਾਧਨ ਕੇ ਅਬ ਪ੍ਰਾਨ ਬਚਾਵੋ ॥
ਸਭ ਕਛੁ ਹੈ ਗੁਰ ਤੁਮਰੇ ਹਾਥ ॥ ਅਨਲ ਬਾਤ ਬਯੋਮ ਅਰੁ ਪਾਤ ॥747॥
ਬਿਗਸੇ ਸਾਹਬ ਸੁਨੋ ਮਹੰਤੁ ॥ ਕੌਨ ਲਹੇ ਕੁਦਰਤਿ ਕੇ ਅੰਤੁ ॥
ਗਰਬਿ ਕਿਸੀ ਕਾ ਰਹਣੁ ਨ ਦੇਵੈ ॥ ਬੇ ਪਰਵਾਹੁ ਬਿਅੰਤੁ ਅਭੇਵੈ ॥748॥

---

1. ਅ ਪੋਥੀ ਸਮ ਭਾਰਤ
2. ਅ ਪੋਥੀ ਤੂੰਬੇ
3. ਅ ਪੋਥੀ ਪਾਠਾਂਤਰ : ਹਮ ਫਲ ਲੀਨੋ

॥ ਦੋਹਰਾ ॥
ਤਿਸੁ ਆਗੈ ਅਰਦਾਸ ਕਰਿ ਦੇਵੈ ਮੇਘ ਹਟਾਇ[1] ॥
ਹਮ ਤਿਸ ਤੇ ਸਦ ਭੈ ਕਰੈ ਡਾਢਾ ਬੇਪਰਵਾਹਿ ॥749॥
ਸੁਨਿ ਮਹੰਤੁ ਗੁਰ ਬੈਨ ਕੋ ਚਰਨ ਗਹੇ ਉਕਲਾਇ ॥
ਹਮਰੇ ਆਪ ਭਗਵੰਤੁ ਹੋ ਤੁਮ ਬਿਨੁ ਦੂਸਰੁ ਨਾਇ ॥750॥
॥ ਚੌਪਈ ॥
ਜਬੈ ਸਾਧ ਬਹੁ ਬਿਨਤੀ ਗਾਈ ॥ ਬਿਗਸ ਬਿਗਸ ਗੁਰ ਗਿਰਾ ਅਲਾਈ ॥
ਹਟੋ ਮੇਘ ਨਹਿ ਜਲ ਬਰਖਾਇ ॥ ਸਾਧਨ ਕੋ ਸੁਖ ਦੈ ਹਰਖਾਇ ॥751॥
ਜਬੈ ਗੁਰੂ ਅਸ ਗਿਰਾ ਬਖਾਨੀ ॥ ਏਕ ਬੂੰਦ ਬਰਖਾ ਨਾ ਪਾਨੀ ॥
ਆਇ ਸਾਧ ਮਿਲ ਮਾਥ ਨਿਵਾਏ ॥ ਕਰੀ ਮਯਾ ਗੁਰ ਪ੍ਰਾਨ ਬਚਾਏ ॥752॥
ਦਈ ਕਸੌਟੀ ਹਮ ਕੌ ਸ੍ਵਾਮੀ ॥ ਨਿਰਹੰਕਾਰ ਰਹੋ ਅੰਤਰਜਾਮੀ ॥
ਸ੍ਰੀ ਗੁਰੂ ਕਹਯੋ ਹੰ[2] ਦੁਖਦਾਈ ॥ ਜਿਸ ਨੇ ਤਯਾਗਾ ਮੁਕਤੀ ਪਾਈ ॥753॥
॥ ਦੋਹਰਾ ॥
ਸੁਨ ਕਰ ਬਚਨੁ ਹਜੂਰ ਕੇ ਚਰਨ ਪਰੇ ਸਭ ਧਾਇ ॥
ਹ੍ਵੈ[3] ਅਧੀਨ ਉਸਤਤਿ ਕਰੀ ਮਨ ਅਭਿਮਾਨ ਮਿਟਾਇ ॥754॥
ਜੀਤ ਮ੍ਰਿਗੇਸ਼ ਅੰਬਰ ਬਿਖੇ ਹਿਮ ਕਰਤਵ ਅਵਤਾਰ ॥
ਬਚਨ ਕਿਰਨ ਜਿਨ ਜਿਨ ਲਹੀ ਜਨਮ ਮਰਨ ਤੇ ਪਾਰ ॥755॥
॥ ਚੌਪਈ ॥
ਕਹੇ ਮਹੰਤੁ ਸੁਨੋ ਸੁਖ ਸਾਗਰ ॥ ਜਨਮੁ ਮਰਨ ਕਾਟੋ ਮਮ ਕਾਗਰ ॥
ਚੰਦ ਬਦਨ ਤੇ ਗੁਰੂ ਬਖਾਨਾ ॥ ਵਾਹਿਗੁਰੂ ਸਿਮਰੋ ਸੁਖ ਦਾਨਾ ॥756॥
ਸਤ ਬਚਨ ਸੁਨ ਸਾਧੂ ਗਾਯੋ ॥ ਪਾਦ ਪਦਮ ਪਰ ਸੀਸੁ ਨਿਵਾਯੋ ॥
ਲੈ ਕਰਿ ਆਇਸ ਭਵਨ ਸਿਧਾਰਾ ॥ ਜਨਮ ਮਰਨ ਤੇ ਹੋਵਾ ਪਾਰਾ ॥757॥
ਕੂਚ ਕਰਨ ਗੁਰ ਤਯਾਰੀ ਕੀਨੀ ॥ ਨਗਰ ਪੰਚ ਮਿਲ ਭਏ ਅਧੀਨੀ ॥
(ਹੋਲਾ ਮਹਲਾ ਮਨਾਉਣਾ)
ਹੋਲਾ ਗੁਰ ਜੀ ਇਹਾਂ ਕਰੀਜੈ ॥ ਹਮ ਲੋਗਨ ਕੋ ਸੁਖ ਬਹੁ ਦੀਜੈ ॥753॥
ਅਰਜ[4] ਮਾਨ ਗੁਰ ਤਹਾਂ ਰਹਾਏ ॥ ਸਿਖਨ ਕੇ ਮਨ ਬਹੁ ਸਰਸਾਏ ॥
ਆਗਯਾ ਦੀਨੀ ਸਤਗੁਰ ਪੂਰੇ ॥ ਰੰਗ ਮੰਗਾਵੋ ਅਤਸੇ ਰੂਰੇ ॥759॥
ਰਾਮ ਸਰਨ ਰਾਜਾ ਚਿਤੁ ਆਇਆ ॥ ਹੁਕਮ ਸੁਨਾਵਾ ਤੁਰਤ ਲਿਖਾਯਾ ॥
ਤੁਣ ਪਿਚਕਾਰੀ ਭੇਜੋ ਘਨੀ ॥ ਅਤੁਰ ਅੰਬੀਰ ਗੁਲਾਲੀ ਮਨੀ ॥760॥

1. ਅ ਪੋਥੀ ਠਹਰਾਇ
2. ਅ ਪੋਥੀ ਹੰਕਾਰੁ
3. ੲ ਪੋਥੀ ਹੋਇ 4. ੲ ਪੋਥੀ ਬਿਨਤੀ

॥ ਦੋਹਰਾ ॥

ਹੁਕਮੁ ਸੁਨਾਵਾ ਗੁਰ ਕਾ ਲੈ ਕਰ ਸੇਵਕ ਧਾਇ ॥
ਨਰਪਤਿ ਕੋ ਤਿਨ ਜਾ ਦਯੋ ਰਾਜਾ ਮਨ ਹਰਖਾਇ ॥760॥
ਅਤਰੁ ਅੰਬੀਰ ਗੁਲਾਲੁ ਬਹੁ ਤੁਨਿ ਪਿਚਕਾਰੀ ਨਾਲ ॥
ਰਾਮ ਸਰਨਿ ਭੇਜੀ ਸਕਲ ਮਨ ਮੈ ਪ੍ਰੀਤਿ ਬਿਸਾਲ ॥761॥

॥ ਚੌਪਈ ॥

ਲਯਾਏ ਸੇਵਕ ਦੇਰ ਬਿਹਾਏ ॥ ਦਿਖ ਕਰਿ ਸ੍ਰੀ ਗੁਰੂ ਬਹੁ ਬਿਗਸਾਏ ॥
ਅੰਬਾਲੇ ਤੇ ਅੰਭਰਕੁ ਆਯਾ ॥ ਚੂਰਨ ਕਰ ਥੈਲੇ ਭਰਵਾਯਾ ॥762॥
ਸੁਨ ਸੁਨ ਸੰਗਤ ਬਹੁਤੀ ਆਈ ॥ ਜਿਨ ਮਨ ਜਾਗੀ ਪ੍ਰੀਤ ਸਵਾਈ ॥
ਮੈਣ ਦਾਬ ਨਰ ਮਾਲਵੇ ਕੇਰੇ ॥ ਆਏ ਰਾਜੇ ਗੁਰ ਕੇ ਚੇਲੇ ॥763॥
ਚੜਤ ਚੜਾਵੈ ਕੀਰਤ ਗਾਵੈ ॥ ਦਰਸ ਪਰਸ ਕਰ ਬਲਿ ਬਲਿ ਜਾਵੈ ॥
ਸਸਤ੍ਰ ਬਸਤ੍ਰ ਬਹੁ ਭਵੰਨ ਭੂਖਨ ॥ ਗਊ ਭੈਸ ਘੋੜੇ ਬਿਨ ਦੂਖਨ ॥764॥
ਸੰਰਪੀ ਓਦਨ ਸਿੱਤਾ ਲਯਾਏ ॥ ਗੁੜ ਸ਼ੱਕਰ ਕਿਛੁ ਵਾਰ ਨ ਪਾਏ ॥
ਲੰਗਲ ਹੋਵਤ ਗੁਰ ਕੋ ਭਾਰੀ ॥ ਪ੍ਰਸਾਦਿ ਮਿਲਤੁ ਹੈ ਸੰਝ ਸਕਾਰੀ ॥765॥
ਬਡਾ ਚੁਗਾਨ ਦਿਵਾਨ ਲਗਾਏ ॥ ਰਹੂ ਓਰਿ ਸਭ ਦਰਸਨ ਪਾਏ ॥
[1]ਮਧੁ ਕੁਰਸੀ[1] ਪਰ ਗੁਰੂ ਬਿਰਾਜੇ ॥ ਜੋ [2]ਦਰਸੇ ਅਘ ਤਿਸ ਕੇ ਭਾਜੇ ॥766॥

॥ ਦੋਹਰਾ ॥

ਮਿਲ ਰਾਗੀ ਸੁਭ ਸਾਜ ਲੇ ਗਾਵੈ ਜਿਦੇ[3] ਹੁਲਾਸ ॥
ਰਾਗ ਰਾਗਨੀ ਭਿੰਨ ਕਰ ਜਿਸ ਮੈ ਸਤਿਗੁਰ ਜਾਸੁ ॥767॥
ਭਗਵੀ ਸੂਹੀ ਸੋਸਨੀ ਜਰਦੀ ਸਬਜ਼ ਸੁ ਪ੍ਰੈਦ ॥
ਰੰਗ ਸੁਰੰਗ ਗੁਲਾਲੀਆ ਆਨੀ ਖੇਲਿਓ ਮੈਨ ॥768॥

॥ ਚੌਪਈ ॥

ਨਿਜ[4] ਪਿਚਕਾਰੀ ਭਰ ਗੁਰ ਪੂਰੇ ॥ ਪ੍ਰਥਮ ਚਲਾਈ ਬਹੁ ਰੰਗੁ ਰੂਰੇ ॥
ਏਕ ਸਿਖ ਕੌ ਗੁਰ ਫਰਮਾਯੋ ॥ ਤਿਨ ਕੇਸਰ ਸਭ ਪਰ ਛਿਨਕਾਯੋ ॥769॥
ਦੂਸਰ ਭ੍ਰਿਤ ਕੋ ਪੁਨ ਫੁਰਮਾਵਾ ॥ ਉਨ ਗੁਲਾਬੁ ਸਭ ਪਰ ਵਰਸਾਵਾ ॥
ਤੀਸਰ ਸੋਸਨਿ ਰੰਗ ਅੰਬੀਰ ॥ ਚਤੁਰਥੁ ਭੋੜਰ ਅਰੁ ਪਟੀਰੁ ॥770॥
ਬਹੁਰੋ ਹੁਕਮ ਦੀਆ ਗੁਰ ਪੂਰੇ ॥ ਖੇਲੋ ਆਪਸ ਮਿਟੋ ਵਿਸੂਰੇ ॥
ਮੂਠ ਅੰਬੀਰ ਚਲੈ ਤਹ ਭਾਰੀ ॥ ਰੰਗ ਸੁਰੰਗ ਭਯੋ ਇਕੁ ਭਾਰੀ ॥771॥

---

1. ਮੂਲ ਪੋਥੀ ਮਧੁ ਕਰੂ ਖੁਰਸੀ
2. ਮੂਲ ਪੋਥੀ ਦੋ
3. ਅ ਪੋਥੀ ਚਿਤੁ
4. ਅ ਪੋਥੀ ਆਪਿ

॥ ਦੋਹਰਾ ॥
ਇਸ ਪ੍ਰਕਾਰ ਸਭ ਏਕ ਸੇ ਭਏ ਕੇਸਰੀ ਰੂਪ ॥
ਬੀਰਨ ਕੇ ਬਾਨੇ ਧਰੇ ਖੇਲਤ ਫਾਗ ਅਨੂਪੁ ॥772॥
ਏਕ ਜਾਮ ਖੇਲਤ ਰਹੇ ਹਾਸ ਹੁਲਾਸ ਬਢਾਇ ॥
ਕਰਨ ਸੁਚੇਤਾ ਪੁਨਿ ਗਏ ਹੁਕਮੁ ਗੁਰੂ ਕਾ ਪਾਇ ॥773॥[1]
॥ ਚੌਪਈ ॥
ਅਗਲੇ ਦਿਵਸ ਭਯਾ ਫੁਰਮਾਨ ॥ ਛੇਤੀ ਤੁਣ[2] ਉਬਾਲੋ ਆਨ ॥
ਰੰਗਨ ਕੇ ਦੇਗੇ ਭਰ ਲਾਏ ॥ ਬੈਠ ਪੰਗਤਾ ਸਭਾ ਬਨਾਏ ॥774॥
ਸਭਨਾ ਪਰ ਗੁਰ ਰੰਗ ਪਵਾਵਾ ॥ ਅਤਰੁ ਗੁਲਾਬ ਵਿਚ ਛਟ੍ਰਕਾਵਾ ॥
ਅੰਜੁਲ ਭਰ ਅੰਬੀਰ ਓਡਾਯੋ ॥ ਨਰਿ ਨਾਰਿਨ ਆਨੰਦ ਬਢਾਯੋ ॥775॥
॥ ਦੋਹਰਾ ॥
ਚਾਰਿ ਦਿਵਸੁ ਖੇਲਤਿ ਰਹੇ ਭਰ ਭਰ ਹਾਸ ਹੁਲਾਸ ॥
ਭਏ ਪ੍ਰਸੰਨ ਹਜੂਰ ਮਨ ਕਰ ਕਰ ਬਾਕ ਬਿਲਾਸ ॥776॥
॥ ਚੌਪਈ ॥
ਸਭ ਕੀ ਮਨਸਾ ਪੂਰਨ ਕਰੀ ॥ ਸੁਤ ਬਿਤ ਸੁਖ ਦੀਨੇ[3] ਤਿਹ ਘਰੀ ॥
ਜਿਹ ਜਿਹ ਦਰਸਨੁ ਤਿਤੁ ਛਿਨੁ ਪਾਵਾ ॥ ਮਾਤ ਗਰਭ ਮੇ ਬਹੁਰਿ ਨ ਆਵਾ ॥777॥
ਦਿਵਾਨ ਮਧੁ ਗੁਰ ਬੈਠਿ ਬਖਾਨਾ ॥ ਵਾਹਿਗੁਰੂ ਸਿਮਰੋ ਹਰਖਾਨਾ ॥
ਏਕ ਬਾਰ ਸਭ ਨੇ ਧੁਨਿ ਕੀਨੀ ॥ ਆਯੁੰਧ ਸਭ ਨੇ ਸਫਲ ਚੀਨੀ ॥778॥
॥ ਕਬਿਤ ॥
ਅਤੁਰ ਗੁਲਾਬ ਸੁਭ ਅਲਤੇ ਹੈ ਰੰਗ ਬਹੁ
ਚਲਤ ਪਿਛਕਾਰੀਆਂ ਦੇਵ ਨੁਤ ਭਾਖਈ ॥
ਅੰਬਰ ਸੋ ਲਾਲ ਭਯੋ ਸੁਅੰਬਰੁ ਸੁਧਾਰੇ ਸਭ
ਨਰ ਨਾਰਿ ਜਸ ਭਨੈ ਮਿਲ ਮਿਲ ਗਾਵਈ ॥
ਦੇਵ ਬੰਧੂ ਕਰੈ ਮਾਨ ਰਾਗੰ ਸੇ ਮਿਲਾਏ ਤਾਨ
ਔਰੁ ਰਾਮਧਾਰੀ ਬਹੁ ਸਾਂਗ ਕੋ ਲਿਆਵਈ ॥
ਹੋਲਾ ਐਸਾ ਭਯੋ ਜਿਮ੍ਹ ਖੇਲਾ ਹੈ ਸੁ ਢੀਸ ਜਗ
ਬੇਦੀ ਗਾਇ ਜਸ ਗਾਇ ਸੋਭਾ ਸੁਖ ਪਾਵਈ ॥779॥
॥ ਤ੍ਰਿਭੰਗੀ ਛੰਦੁ ॥
ਸਮਤਾ ਸੁਖ ਸਾਗਰ ਸਭ ਬਿਧ ਆਗਰ ਪਰਮ ਉਜਾਗਰ ਜੋਤਿ ਜਗੀ ॥
ਖਲ ਝੰਡ ਬਿਹੰਡ ਨਦੁਜ ਮਤ ਦੰਡਨ ਸੁਕ੍ਰਿਤ ਮੰਡਲ ਕਲਖ ਦਗੀ ॥

1. ਅ ਪੋਥੀ ਵਿਚ ਇਹ ਦੋਹਰਾ ਵਾਧੂ ਹੈ : ਜਬੇ ਸੁਚੇਤਾ ਕਰ ਫਿਰੇ ਬਹੁਰ ਦਿਵਾਨ ਲਗਾਇ ॥ ਸ਼ਬਦ ਗਾਇ ਰਹਿਰਾਸ ਪਾਢਿ ਪੁਨ ਆਰਤਾ ਸੁਨਾਇ ॥773॥ 2. ਅ ਪੋਥੀ ਤੁਣੀ 3. ਐ ਪੋਥੀ ਦੀਯੋ

ਅਜ ਰਾਰਮ ਰੂਪ[1] ਚੌਦਸ ਭੂਪਾ ਅਧਕੁ ਅਨੂਪਾ ਛਸਿ ਛਾਈ ॥
ਬੇਦੀ ਕੁਲ ਭੂਖਨਤ ਮਹਾਂ ਦੂਖਨ ਗਯਾਨ ਸਰੂਪਨ ਜਗ ਰਾਈ ॥780॥

॥ ਦੋਹਰਾ ॥

ਮਹਲਾ ਖੇਲਨ ਗੁਰ ਚਲੇ ਕੁੰਚਰ ਭਏ ਅਰੂਢ ॥
ਰਾਇ ਰੰਕ ਸਭ ਚਢਿ ਚਲੇ ਅਲਤੇ ਡਾਰੈ ਗੂਢ ॥781॥
ਨਰੁ ਨਾਰੀ ਸੰਗਤ ਸਗਲ ਸਾਜ ਜੋੜੀਆਂ ਸਾਥ ॥
ਪ੍ਰੇਮ ਸਹਤ ਗਾਵਤੁ ਸਬਦੁ ਗੁਰ ਪਗ ਰਜ ਧਰ ਮਾਥ ॥782॥

॥ ਚੌਪਈ ॥

ਸਿਵਰ ਮਾਂਝ ਗੁਰ ਖੇਲਤੁ ਆਏ ॥ ਨਿਸਾਨ ਪਰ ਬਹੁ ਡੰਕ ਲਗਾਏ ॥
ਦੇਗ ਪ੍ਰਸਾਦਿ ਹੋਤ ਹੈ ਭਾਰੀ ॥ ਲੇ ਕਰੁ ਹਰਖੇ ਨਰੁ ਅਰੁ ਨਾਰੀ ॥783॥
ਭੀਭੁਨ ਸਾਰੈ ਸਰਬ ਬੁਲਾਏ ॥ ਸਿਰੇਪਾਇ ਸਭ ਕੌ ਪਹਿਰਾਏ ॥
ਲੇ ਨਿਦੇਸਿ ਸਭ ਭਵਨ ਸਿਧਾਰੇ ॥ ਸ੍ਰੀ ਗੁਰ[2] ਜਸੁ ਕਹੈ ਬਹੁ ਬਾਰੇ ॥784॥

॥ ਦੋਹਰਾ ॥

ਐਸੇ ਹੋਲਾ ਖੇਲੁ ਗੁਰ ਸੇਸ ਨ ਪਾਵੈ ਪਾਰ ॥
ਗਿਰਾ ਗਨੇਸ ਨ ਕਹਿ ਸਕੈ[3] ਗੁਰ ਮਹਿਮਾ ਜੁਗ ਚਾਰ[3] ॥785॥

**(ਬਾਬਾ ਸਾਹਿਬ ਸਿੰਘ ਨੂੰ ਕਤਲ ਕਰਨ ਆਏ ਚੰਡਾਲ ਨੂੰ ਫੜਨਾ)**

॥ ਚੌਪਈ ॥

ਤਹਿ ਤੇ ਸ੍ਰੀ ਗੁਰੂ ਕੂਚ ਕਰਾਈ ॥ ਸਤੁਦ੍ਰ ਤੀਰ ਥਿਰੇ ਤਬ ਆਈ ॥
ਸੰਗਤ ਦਰਸਨ ਕੌ ਦਲ ਆਵੈ ॥ ਧਰੈ ਉਪਾਇਨ ਸੀਸ ਨਿਵਾਏ ॥786॥
ਗੁਰ ਜੀ ਉਠੇ ਸੁਚੇਤਾ ਕਰਨੇ ॥ ਜਿਹ ਦਰਸੇ ਅਰਿ ਹੋਵੈ ਦਮਨੇ ॥
ਕਮਾਦ ਓਰ ਸਤਗੁਰੂ ਪਗ ਧਾਰੇ ॥ ਠਮਰ ਰਹੇ ਨਹਿ ਮਧੁ ਪਗ ਧਾਰੇ ॥787॥
ਭ੍ਰਿਤਨ ਨੇ ਤਬ ਪੂਛਨ ਕੀਨਾ ॥ ਕਯੋ ਨਹਿ ਜਾਵਤ ਗੁਰ ਪਰਬੀਨਾ ॥
ਗੁਰੂ ਕਹਯੋ ਕਮਾਦ ਖੋਜੀਜੈ ॥ ਜੋ ਮਧ ਬੈਠਾ ਫਰ ਤੁਮ ਲੀਜੈ[4] ॥788॥
ਸੁਨ ਗੁਰਬਾਨੀ ਖੋਜਨਿ ਲਾਗੇ ॥ ਇਕ[5] ਮੂੰਢ ਸੁਪਚ[5] ਖੜਾ ਹੈ ਆਗੇ ॥
ਤੀਖੀ ਭਲ ਤਿਨ ਕਰ ਮੋ ਲੀਨੀ ॥ ਮਾਨੋ ਤੜਤਾ ਚਮਕ ਨਵੀਨੀ ॥789॥
ਸਿੰਘਨ ਤਾਕੋ ਫਰ ਕਰ ਆਵਾ ॥ ਲੇਕਰ ਰਸੜੀ ਦ੍ਰਿੜ ਕਰੁ ਬਾਂਧਾ ॥
ਸਤਿਗੁਰ ਸਾਹਿਬ ਪੂਛਿਨ ਕੀਨਾ ॥ ਲੇ ਕਰ ਭਲ ਕਯੋ ਲੂਕੁ ਦੁਸਟੀਨਾ ॥790॥

॥ ਦੋਹਰਾ ॥

ਕਹਿ ਚੰਡਾਲ ਸ੍ਰੀ ਗੁਰ ਸੁਨੋ ਦੇਵੋ ਭੇਤੁ ਬਤਾਇ ॥
ਲੁਦਿਆਣੇ ਤੁਰਕੇਸ ਨੇ ਭੇਜਾ ਮੁਹਿ ਹਰਖਾਇ ॥791॥

---

1. ਅ ਪੋਥੀ ਰੂਪਾ 2. ਅ ਪੋਥੀ ਕੋ ਸੁ 3. ਅ ਪਾਠਾਂਤਰ : ਪੋਥੀ ਸੋਭਾ ਕ੍ਰੋਠ ਬਿਚਾਰ 4. ਅ ਪੋਥੀ ਪਾਠਤਾਰ : ਜੋ ਹੈ ਬੈਠਾ ਪਕੜਿ ਸੁ ਲੀਜੈ 5. ਅ ਪੋਥੀ ਚੰਡਾਲ

॥ ਚੌਪਈ ॥

ਸਹੰਸ ਰੁਪੈਯਾ ਦੇਵਨ ਕੀਨਾ ॥ ਗੁਰ ਕੋ ਮਾਰੋ ਦੇਰ ਬਿਜੀਨਾ ॥
ਮੈ[1] ਕਮਾਦ ਮਹ ਆਨ ਦੁਰਾਵਾ ॥ ਮਾਰਨ ਕੋ ਮੈ ਬਯੋਤ ਤਕਾਵਾ ॥792॥
ਮੈ ਅਪਰਾਧ ਕਰਾ ਹੈ ਭਾਰੀ ॥ ਮਾਰੋ ਰਾਖੋ ਗੁਰੂ ਮੁਰਾਰੀ ॥
ਗੁਰੂ ਕਹਯੋ ਸੁਨਿ ਮਹਾ ਗਵਾਰਾ ॥ ਸਹੰਸ ਰੁਪਯੇ ਹਿਤ ਚਹਿ ਮਾਰਾ ॥793॥
ਅਬ ਦੇਵੈ ਤੋ ਕੋ ਮਰਵਾਈ ॥ ਤੁਮ ਜੋ ਕੀਨੀ ਬਹੁਤੁ ਖੁਟਾਈ ॥
ਕਹਿ ਚੰਡਾਲ ਤੁਮ ਸਦਾ ਦਯਾਲ[2] ॥ ਸਭ ਕੀ ਆਪ ਕਰੋ ਪ੍ਰਤਿਪਾਲ ॥794॥
ਕਹਯੋ ਗੁਰੂ ਇਸ ਦੇਵੋ ਛੋਰੁ ॥ ਜਾਵੋ ਅਪਨੇ ਗ੍ਰਿਹਿ ਕੀ ਓਰੁ ॥
ਚੰਡਾਲ ਕਹਯੋ ਅਬ ਮੈ ਨਹਿ ਜਾਵੋ ॥ ਅਸੂਨ ਕੀ ਸਦ ਟਹਲ ਕਮਾਵੋ ॥795॥
ਜਾਵਨ ਕੀ ਨ ਰਹੀ ਮਨ ਆਸਾ ॥ ਜਬ ਲਗੁ ਜੀਵੋ ਰਹੌ ਸੁ ਪਾਸਾ ॥
ਤਿਸ ਕੀ ਬਿਨੈ ਸੁਨੀ ਗੁਰ ਪੂਰੇ ॥ ਦ੍ਰਵਿਤਿ ਭਏ ਜਿਨ ਸੁਭ ਗੁਣ ਰੂਰੇ ॥796॥

॥ ਦੋਹਰਾ ॥

ਬੇਦੀ ਕੁਲਿ ਕੇ ਮੁਕਟਿ ਮਣਿ ਦਯਾ ਖਾਨ ਅਘ ਚੂਰ ॥
ਅਸੂਨ ਕੀ ਸੇਵਾ ਕਰੋ ਮੁਕਤੀ ਪਾਵੋ ਰੂਰ ॥797॥
ਭਲਾ ਬੁਰੇ ਕਾ ਕਰਤ ਹੈ ਸਤਗੁਰ ਦੀਨ ਦਿਆਲ ॥
ਸੋਭਾ ਤਜਿਭਾ ਰੋਸ ਸਭ ਗੁਰ ਸੇਵੋ ਤਤਕਾਲ ॥798॥
ਤੀਰ ਸਤਦ੍ਰਵ ਭੂਖਣੀ ਲੁਦਿਆਣੇ ਕੇ ਪਾਸ ॥
ਸਾਹਬ ਕਾ ਡੇਰਾ ਹੁਤਾ ਚੋਰਨ ਕੋ ਤਹ ਤ੍ਰਾਸ ॥799॥

(ਚੋਰੀ ਫੜਨੀ)

॥ ਚੌਪਈ ॥

ਹੁਕਮ ਦੀਆ ਤਬ ਸਤਗੁਰ ਸ੍ਵਾਮੀ ॥ ਰਹੋ ਸੁਚੇਤ ਨ ਹੋਵੈ ਖਾਮੀ ॥
ਪੂਰਾ ਸਹਾਈ ਸਿੰਘ ਨਿਸ ਜਾਗਾ ॥ ਸੁਖਮਨਿ ਪਾਠ ਕਰਨੇ ਤਬ ਲਾਗਾ ॥
ਬਹੁਰੋ ਮਾਲੀ ਸਿੰਘ ਜਗਾਯੋ ॥ ਤਿਨ ਪੁਨਿ ਨਵਾ ਨਿਹੰਗ ਉਠਾਯੋ ॥
ਭੋਰ ਸਹਾਈ ਸਿੰਘ ਸੁ ਜਾਗਾ ॥ ਕਮਰ ਬੰਦੂਕਹਿ ਖੋਜਨ ਲਾਗਾ ॥801॥
ਦੌਰ ਹਜੂਰ ਅਰਜ[3] ਤਿਨਿ ਕੀਨੀ ॥ ਕਮਰੁ ਬੰਦੂਕ ਕਿਨੇ ਨਿਸਿ ਲੀਨੀ ॥
ਖੋਜ ਰਹਯੋ ਮੁਹਿ ਹਾਥ ਨ ਆਈ ॥ ਯਾਤੇ ਆਯੋ ਗੁਰ ਸਰਨਾਈ ॥802॥
ਸੁਨ ਹਜੂਰ ਤਬ ਅਸ ਫ਼ਰਮਾਯੋ ॥ ਤੈ ਪਹਿਰਾ ਦੈ ਕਿਸੇ ਜਗਾਯੋ ॥
ਸਿੰਘ ਸਹਾਈ ਬੈਨਿ ਅਲਾਵਾ ॥ ਮੈ ਸੋਯਾ ਵਹੋ ਖੜ੍ਹਾ ਰਹਾਵਾ ॥803॥

॥ ਦੋਹਰਾ ॥

ਤਬ ਨਿਹੰਗ ਕੋ ਪੂਛਿਓ ਸਾਹਬ ਨਿਕਟਿ ਬੁਲਾਇ ॥
ਕੂਫ਼ ਕਹਨ ਤੇ ਨ ਡਰਾ ਮੁਕਰਾ ਸਪਤ ਉਠਾਇ ॥804॥

---

1. ਅ ਪੋਥੀ ਅਬ 2. ੲ ਪੋਥੀ ਕ੍ਰਿਪਾਲ 3. ੲ ਪੋਥੀ ਬਿਨਯ

॥ ਚੌਪਈ ॥

ਗੁਰ ਹਜੂਰ ਨਹਿ ਝੂਠ ਤੇ ਡਰਾ ॥ ਸਾਜ਼ ਬੰਦੂਕ ਨ ਕਿਤ ਮੈਂ ਧਰਾ ॥
ਸੌਹ ਸੁਧਾਸਰ ਕੀ ਤਿਨ[1] ਕਰੀ ॥ ਜੇ ਮੈ ਲਈ ਮਰੋ ਇਹ ਘਰੀ ॥805॥
ਪ੍ਰਭ ਬੋਲੇ ਸਠ ਝਖ ਨਹਿ ਮਾਰ ॥ ਜਿਉ ਗੋਈ ਤਿਉ ਆਨ ਦਿਖਾਰ ॥
ਕਹਯੋ ਮੂਢ ਗੁਰ ਚਰਨ ਦੁਹਾਈ ॥ ਨ ਮੈ ਦੇਖੀ ਨਹੀ ਲੁਕਾਈ ॥806॥
ਹੁਕਮੁ ਕਪੂਰ ਸਿੰਘ ਪ੍ਰਤਿ ਹੋਵਾ ॥ ਤੂੜੀ ਫੋਲੋ ਲੇਵੋ ਜੋਵਾ ॥
ਮਾਨ ਹੁਕਮੁ ਜਬੋ ਟੋਲਨ ਕੀਨੀ ॥ ਨਿਕਸ ਪਰਾ ਤਿਨ ਲਯਾ ਸੋ ਦੀਨੀ ॥807॥
ਗੁਰ ਜੀ ਭੰਨਾ ਨਿਹੰਗ ਕਹਾਵੈ ॥ ਮਨ ਨਹਿ ਪ੍ਰੀਤ ਮੁਖੋ ਗੰਦਿ ਲਾਵੈ ॥
ਨੀਲ ਬਸਨ[2] ਧਰ ਕਰਦ ਕ੍ਰਿਪਾਨਾ ॥ ਕੜੇ ਚਕ੍ਰ ਮਾਲਾ ਬਹੁ ਠਾਨਾ ॥808॥
ਮਿਲੇ ਸਜ਼ਾਇ ਜੁ ਕਰੈ ਪਖੰਡ ॥ ਬਿਨ ਬਬੇਕ ਸਮੈ ਜਮ ਡੰਡ ॥
ਨਾਕ ਕਾਨ ਛੇਦਨ ਇਸ ਕੀਜੈ ॥ ਦੇਹੁ ਨਿਕਾਸ ਨਹੀ ਬਿਲ਼ਮੀਜੈ ॥809॥

॥ ਦੋਹਰਾ ॥

ਸੁਨ ਕਰ ਸਤਗੁਰ ਬੈਨ ਕੋ ਬੋਲਾ ਬਡ ਭੈ ਧਾਰ ॥
ਬਖਸ਼ਨਿ ਕੀਜੈ ਸਤਿਗੁਰੂ ਭੂਲਾ ਮਹਾ ਗਵਾਰ ॥810॥

॥ ਚੌਪਈ ॥

ਨਾਕ ਕਾਨ ਨਹਿ ਮੁਹਿ ਛਿਦਵਾਵੋ ॥ ਜੀਵਤ ਕੋ ਨਹਿ ਮ੍ਰਿਤੁ ਕਰਾਵੋਂ ॥
ਸੁਨ ਤਿਸ ਬਿਨੇ ਮਯਾ ਗੁਰ ਆਈ ॥ ਡੇਰੇ ਤੇ ਤਿਸ ਦੀਨ ਕਢਾਈ ॥811॥
ਜੋਖਤ ਸੰਗ ਜਿਮ ਜਤ ਨਸਾਵੈ ॥ ਔਰੁ ਰੰਗ ਜਿਮ ਨੀਲ ਗਵਾਵੈ ॥
ਨ੍ਰਿਪਤ[3] ਅਨੀਤ ਭ੍ਰਿਸਟ ਜਿਮ ਹੋਈ ॥ ਕਾਜੀ ਪਰ ਜਿਮ ਖੀਰ ਬਿਲੋਈ ॥812॥

॥ ਦੋਹਰਾ ॥

ਦੁਸਟ ਬਿਗਾਰਤ ਔਰ ਕੋ ਬੁਰੋ ਕੁਸੰਗੀ ਸਾਥ ॥
ਚੋਰ ਜਾਰ ਬਟਪਾਰ ਖਲ ਇਨੰ ਸੇ ਕਰੋ ਨ ਗਾਥ ॥813॥
ਸਿਖਨ ਪ੍ਰਤਿ ਉਪਦੇਸਿ ਕਰ ਦੀਨੋ ਤਿਸੇ ਕਢਾਇ ॥
ਕਰੀ ਤਯਾਰੀ ਦੇਰ ਬਿਨੁ ਚਲੇ ਪਾਰ ਹਰਖਾਇ ॥814॥

**(ਦੁਆਬੇ ਦੀ ਯਾਤਰਾ)**

॥ ਚੌਪਈ ॥

ਚਢ ਨੌਕਾ ਤੇ ਹੋਏ ਪਾਰਾ ॥ ਦੀਨ ਕੇਵਟੈ ਦਰਬੁ ਅਪਾਰਾ ॥
ਬੀਚ ਦੁਆਬੇ ਸਿਵਰ ਲਗਾਵਾ ॥ ਗੁਰ ਸਿਖ ਮਿਲ ਕਰ ਭ ਹਰਖਾਵਾ ॥815॥
ਰੋੜ ਮਾਜਰੀ ਆਇ ਮਿਲਾਨੇ ॥ ਧਰ ਅਕੋਰ ਪੁਨ ਬੈਨ ਬਖਾਨੇ ॥
ਚਰਨ ਆਇ ਪਿੰਡ ਪਾਵਨ ਕੀਜੈ ॥ ਹਮ ਅਨਾਥ ਪਰ ਮਯਾ ਕਰੀਜੈ ॥816॥

---

1. ਮੂਲ ਪੋਥੀ ਨ 2. ੲ ਪੋਥੀ ਬਸਤ੍ਰ
3. ੲ ਪੋਥੀ ਨਰਪਤਿ

॥ ਚੌਪਈ ॥

ਗੁਰ ਹਜੂਰ ਨਹਿ ਝੂਠ ਤੇ ਡਰਾ ॥ ਸਾਜ਼ ਬੰਦੂਕ ਨ ਕਿਤ ਮੈਂ ਧਰਾ ॥
ਸੋਹ ਸੁਧਾਸਰ ਕੀ ਤਿਨ[1] ਕਰੀ ॥ ਜੇ ਮੈ ਲਈ ਮਰੋ ਇਹ ਘਰੀ ॥805॥
ਪ੍ਰਭ ਬੋਲੇ ਸਠ ਝਖ ਨਹਿ ਮਾਰ ॥ ਜਿਉ ਗੋਈ ਤਿਉ ਆਨ ਦਿਖਾਰ ॥
ਕਹਯੋ ਮੂਢ ਗੁਰ ਚਰਨ ਦੁਹਾਈ ॥ ਨ ਮੈਂ ਦੇਖੀ ਨਹੀ ਲੁਕਾਈ ॥806॥
ਹੁਕਮੁ ਕਪੂਰ ਸਿਘ ਪ੍ਰਤਿ ਹੋਵਾ ॥ ਤੂੜੀ ਫੋਲੋ ਲੇਵੋ ਜੋਵਾ ॥
ਮਾਨ ਹੁਕਮੁ ਜਬੋਂ ਟੋਲਨ ਕੀਨੀ ॥ ਨਿਕਸ ਪਰਾ ਤਿਨ ਲਯਾ ਸੋ ਚੀਨੀ ॥807॥
ਗੁਰ ਜੀ ਭੰਨਾ ਨਿਹੰਗ ਕਹਾਵੈ ॥ ਮਨ ਨਹਿ ਪ੍ਰੀਤ ਮੁਖੋਂ ਗੰਢਿ ਲਾਵੈ ॥
ਨੀਲ ਬਸਨ[2] ਧਰ ਕਰਦ ਕ੍ਰਿਪਾਨਾ ॥ ਕੜੇ ਚਕ੍ਰ ਮਾਲਾ ਬਹੁ ਠਾਨਾ ॥808॥
ਮਿਲੇ ਸਜ਼ਾਇ ਜੁ ਕਰੈ ਪਖੰਡ ॥ ਬਿਨ ਬਬੇਕ ਸਮੈ ਜਮ ਡੰਡ ॥
ਨਾਕ ਕਾਨ ਛੇਦਨ ਇਸ ਕੀਜੈ ॥ ਦੇਰੁ ਨਿਕਾਸ ਨਹੀ ਬਿਲਮੀਜੈ ॥809॥

॥ ਦੋਹਰਾ ॥

ਸੁਨ ਕਰ ਸਤਗੁਰ ਬੈਨ ਕੌ ਬੋਲਾ ਬਡ ਭੈ ਧਾਰ ॥
ਬਖਸਨਿ ਕੀਜੈ ਸਤਿਗੁਰੂ ਭੂਲਾ ਮਹਾ ਗਵਾਰ ॥810॥

॥ ਚੌਪਈ ॥

ਨਾਕ ਕਾਨ ਨਹਿ ਮੁਹਿ ਛਿਦਵਾਵੋ ॥ ਜੀਵਤ ਕੋ ਨਹਿ ਮ੍ਰਿਤੁ ਕਰਾਵੋਂ ॥
ਸੁਨ ਤਿਸ ਬਿਨੈ ਮਯਾ ਗੁਰ ਆਈ ॥ ਡੇਰੇ ਤੇ ਤਿਸ ਦੀਨ ਕਢਾਈ ॥811॥
ਜੋਖਤ ਸੰਗ ਜਿਮ ਜਤ ਨਸਾਵੈ ॥ ਔਰੁ ਰੰਗ ਜਿਮ ਨੀਲ ਗਵਾਵੈ ॥
ਨ੍ਰਿਪਤ[3] ਅਨੀਤ ਭ੍ਰਿਸਟ ਜਿਮ ਹੋਈ ॥ ਕਾਜੀ ਪਰ ਜਿਮ ਖੀਰ ਬਿਲੋਈ ॥812॥

॥ ਦੋਹਰਾ ॥

ਦੁਸਟ ਬਿਗਾਰਤ ਔਰ ਕੋ ਬੁਰੋ ਕੁਸੰਗੀ ਸਾਥ ॥
ਚੋਰ ਜਾਰ ਬਟਪਾਰ ਖਲ ਇਨੋ ਸੇ ਕਰੋ ਨ ਗਾਥ ॥813॥
ਸਿਖਨ ਪ੍ਰਤਿ ਉਪਦੇਸਿ ਕਰ ਦੀਨੋ ਤਿਸੇ ਕਢਾਇ ॥
ਕਰੀ ਤਯਾਰੀ ਦੇਰ ਬਿਨੁ ਚਲੇ ਪਾਰ ਹਰਖਾਇ ॥814॥

**(ਦੁਆਬੇ ਦੀ ਯਾਤਰਾ)**

॥ ਚੌਪਈ ॥

ਚਢ ਨੌਕਾ ਤੇ ਹੋਏ ਪਾਰਾ ॥ ਦੀਨ ਕੇਵਟੈ ਦਰਬੁ ਅਪਾਰਾ ॥
ਬੀਚ ਦੁਆਬੇ ਸਿਵਰ ਲਗਾਵਾ ॥ ਗੁਰ ਸਿਖ ਮਿਲ ਕਰ ਭ ਹਰਖਾਵਾ ॥815॥
ਰੋੜ ਮਾਜਰੀ ਆਇ ਮਿਲਾਨੇ ॥ ਧਰ ਅਕੋਰ ਪੁਨ ਬੈਨ ਬਖਾਨੇ ॥
ਚਰਨ ਆਇ ਪਿੰਡ ਪਾਵਨ ਕੀਜੈ ॥ ਹਮ ਅਨਾਥ ਪਰ ਮਯਾ ਕਰੀਜੈ ॥816॥

1. ਮੂਲ ਪੋਥੀ ਨ 2. ੲ ਪੋਥੀ ਬਸਤ੍ਰ
3. ੲ ਪੋਥੀ ਨਰਪਤਿ

ਕਰ ਬਹੁ ਬਿਨੈ ਗ੍ਰਾਮ ਲੇ ਆਏ ॥ ਪਾਦ ਪਦਮ ਪੈ ਸੀਸ ਨਿਵਾਏ ॥
ਸੁਨ ਗੁਰ ਆਵਨ ਸੰਗਤਿ ਆਈ ॥ ਰਾਖ ਉਪਾਇਨ ਸੀਸ ਨਿਵਾਈ ॥817॥
ਅੰਮ੍ਰਿਤ ਸਿੰਘ ਅਰੁ ਸੁਰਜਨ ਹਾਰੀ ॥ ਗੁਰਸਿਖੀ ਜਿਨ ਮਨ ਮੋ ਧਾਰੀ ॥
ਨਿਤਾ ਪ੍ਰਤਿ ਗੁਰੂ ਸਿਕਾਰ ਖਿਲਾਵੈ ॥ ਰੋਝ ਬਰਾਹਿ ਮਾਰਿ ਲੇ ਆਵੈ ॥818॥
ਜੋ ਜੋ ਮਾਰਨ ਸਤਿਗੁਰ ਕੀਨੇ ॥ ਜਪੁ ਤਪੁ ਬਿਨ ਤਿਹ ਮੁਕਤੀ ਲੀਨੇ ॥
ਦਿਨ ਦਸ ਗੁਰ ਜੀ ਤਹਾਂ ਰਹਾਏ ॥ ਮਿਲ ਮਿਲ ਸੰਗਤਿ ਦਰਸਨ ਪਾਏ ॥819॥
ਬੁਧ ਸਿੰਘ ਗੁਰ ਕੋ ਪ੍ਰੇਰਨ ਕੀਨ ॥ ਹਮੀਰਵਾਲ ਤੂ ਜਾਹੁ ਪ੍ਰਬੀਨ ॥
ਰਤਨ ਸਿੰਘ ਬਾਢੀ ਲੇ ਆਉ ॥ ਗੁਰ ਸਿਖੀ ਮੈ ਜੋ ਅਧਕਾਉ ॥820॥
ਰਤਨ ਸਿੰਘ ਪ੍ਰਤਿ ਆਨ ਸੁਨਾਵਾ ॥ ਸੁਨ ਕਰ ਸਭ ਪ੍ਰਵਾਰ ਹਰਖਾਵਾ ॥
ਬਹੁ ਸੰਗਤਿ ਤਬ ਮਿਲੁ ਕਰੁ ਆਈ ॥ ਧਰੀ ਭੇਟ ਦਿਖ ਦਰਸ ਅਘਾਈ ॥821॥
ਏਕ ਏਕ ਕੋ ਗੁਰੂ ਬੁਲਾਵਾ ॥ ਸੁਨ ਕਰ ਗਿਰਾ ਮਨ ਬਾਂਛਤ ਪਾਵਾ ॥
ਬਾਰ ਬਾਰ ਸਿਖ ਹ੍ਵੈ ਬਲਿਹਾਰੀ ॥ ਸਸਿ ਨਿਰਖੇ ਜਿਮ ਕੁਮਦ ਸੁਖਾਰੀ ॥822॥

॥ ਦੋਹਰਾ ॥

ਰਤਨ ਸਿੰਘ ਪ੍ਰਤਿ ਸਤਿਗੁਰੂ ਬਚਨੁ ਕਹਾ ਬਿਗਸਾਇ ॥
ਤੁਮਰੇ ਗ੍ਰਾਮਿ ਸਿਕਾਰ ਹੈ ਚਲ ਖੇਲੈ ਹਰਖਾਇ ॥823॥
ਪਾਨ ਜੋਰ ਕਰ ਰਤਨ ਸਿੰਘ ਕਹਯੋ ਬੈਨ ਸਿਰ ਨਾਇ ॥
ਸਿਕਾਰ ਤਹਾਂ ਗੁਰ ਬਹੁਤ ਹੈ ਚਲ ਖੇਲੋ ਹਰਖਾਇ ॥824॥
ਅੰਮ੍ਰਿਤ ਵੇਲੇ ਕੂਚਿ ਕਰਿ ਉਤਰੇ ਕੂਪੰ ਆਇ ॥
ਦਰਸਨ ਕੋ ਸਿਖ ਆਵਈ ਮਨੁ ਬਾਂਛਤੁ ਵਰ ਪਾਇ ॥825॥

॥ ਚੌਪਈ ॥

ਰਤਨ ਸਿੰਘ ਤਬ ਬਿਨੈ ਬਖਾਨੀ ॥ ਪਾਵਨ ਸਦਨ ਕਰੌ ਸੁਖਦਾਨੀ ॥
ਸੁਨ ਤਿਸ ਬਿਨੇ ਚੜੇ ਸੁਖਦਾਏ ॥ ਆਏ ਗ੍ਰਿਹ ਮੋ ਸਭ ਹਰਖਾਏ ॥826॥
ਆਗੇ ਸਦਨ ਨਵਾ ਬਨਾਵਾ ॥ ਮੰਚ ਡਸਾਇ ਬਿਛੌਨ ਬਿਛਾਵਾ ॥
ਕੰਜ ਨੈਨ ਤਿਹ ਉਪਰਿ ਬੈਸੇ ॥ ਸਭ ਪ੍ਰਵਾਰ ਭਾ ਹਰਖੁ ਬਿਸੇਸੇ ॥827॥
ਰਤਨ ਸਿੰਘ ਪ੍ਰਤਿ ਗੁਰੂ ਬਖਾਨਾ ॥ ਤ੍ਰੇਤੇ ਕਾ ਹਮਰਾ ਹੈ ਥਾਨਾ ॥
ਰਾਮ ਅਵਤਾਰ ਜਬੈ ਹਮ ਧਾਰਾ ॥ ਲੇ ਸੀਤਾ ਬਨੁ ਫਿਰੈ ਅੰਫਾਰਾ ॥828॥

॥ ਦੋਹਰਾ ॥

ਕੋਇਕੁ ਦਿਨਸਿ ਇਸ ਥਾਇ ਰਹਿ ਪਾਵਾ ਸੁਖ ਅਪਾਰ ॥
ਯਾਂਤੇ ਮੁਹਿ ਇਉ ਪ੍ਰੇਮ[1] ਹੈ ਇਸ ਸੇਵੇ ਫਲ ਚਾਰ ॥829॥

---

1. ਮੂਲ ਪੋਥੀ ਪ੍ਰੇ

## (ਦਸਦਮਾ ਸਥਾਨ ਤਿਆਰ ਕਰਨਾ)

॥ ਚੌਪਈ ॥

ਦਮਦਮਾ ਇਸਥਾਨੁ ਬਨਾਵੋ ॥ ਸੁਨੀ ਫੇਰੋ ਦੀਪ ਜਗਾਵੋ ॥
ਏਸ ਥਾਨੁ ਸੁਖਨਾ ਜੋ ਕਰੈ ॥ ਪੂਰੀ ਹੋਵੈ ਦੇਰੁ ਨ ਪਰੈ ॥830॥
ਰਤਨ ਸਿੰਘ ਸੁਨ ਮਨਿ ਹਰਖਾਵਾ ॥ ਸਤ ਬਚਨ ਕਹਿ ਸੀਸ ਨਿਵਾਵਾ ॥
ਰਤਨ ਸਿੰਘ ਜੀ ਮਨਹਿ ਬਿਚਾਰਾ ॥ ਚਰਨ ਸਿੰਘ ਕੌ ਪਾਸ ਹਕਾਰਾ ॥831॥
ਧਰਮ ਸਿੰਘ [1]ਪਹਿ ਚਲ ਤੁਮ[1] ਜਾਵੋ ॥ ਦੇਗਾ ਥਾਲ ਲੋਹਿ ਲੈ ਆਵੋ ॥
ਚਰਨ ਸਿੰਘ ਗਯਾ ਬਿਨੁ ਦੇਰੀ ॥ ਧਰਮ ਸਿੰਘ ਪ੍ਰਤਿ ਬਾਨੀ ਟੇਰੀ ॥832॥
ਭਾਂਡੇ ਹਮ ਕੌ ਦੇਵਨ ਕੀਜੈ ॥ ਕਹਯੋ ਧਰਮ ਹਰਿ ਕਿਸੁ ਹਿਤੁ ਲੀਜੈ ॥
ਚਰਨ ਸਿੰਘ ਸੁਨ ਕਹਯੋ ਬੁਝਾਈ ॥ ਗੁਰ ਜੀ ਆਏ ਮਨ ਹਰਖਾਈ ॥833॥

॥ ਦੋਹਰਾ ॥

ਧਰਮ ਸਿੰਘ ਸਿਰਦਾਰ ਨੇ ਚਰਨ ਸਿੰਘ ਪ੍ਰਤਿ ਗਾਇ ॥
ਦਰਸ ਕਰਾਵੋ ਗੁਰੂ ਕਾ ਜਿਹ ਦਰਸੇ ਅਘ ਜਾਇ ॥834॥

॥ ਚੌਪਈ ॥

ਚਰਨ ਸਿੰਘ ਸੁਨਿ ਗਿਰ ਅਲਾਈ ॥ ਮਨੁ ਸਫਾਇ ਕਰਿ ਦਰਸੋ ਆਈ ॥
ਧਰਮ ਸਿੰਘ ਭਾਂਡੇ ਤਬ ਦੀਨੇ ॥ ਚਰਨ ਸਿੰਘ ਜੀ ਗਿਨ ਕਰ ਲੀਨੇ ॥835॥
ਲਯਾਵਾ ਸਦਨੰ ਅਸਨ ਕਰਾਵਾ ॥ ਥਾਲ ਪਰੋਸ ਗੁਰ ਅਗਰ ਧਰਾਵਾ ॥
ਰਤਨ ਸਿੰਘ ਲੇ ਬਿੰਜਨ ਝੁਲਾਵੈ ॥ ਦਿਖ ਗੁਰ ਦਰਸਨ ਬਲਿ ਬਲਿ ਜਾਵੈ ॥836॥
ਔਰੁ ਸਰਬ ਨੇ ਲੇ ਪਰਸਾਦ ॥ ਛਕਤਿ ਭਏ ਮਨ ਮੈ ਅਹਿਲਾਦ ॥
ਜੀਤ ਪ੍ਰਸਾਦਿ ਸਰਬ ਨੇ ਲੀਨਾ ॥ ਕਰ ਮਨ ਸਰਧਾ ਅਚਵਨੁ[3] ਕੀਨਾ ॥837॥

॥ ਦੋਹਰਾ ॥

ਸ੍ਰੀ ਗੁਰ[4] ਆਗਯਾ ਕਰੀ ਸੁਠ ਦਮਦਮਾ ਸੁਭ ਕੀਨ ॥
ਪਲਘੁ ਬਿਛਾਵਾ ਤਿਸੀ ਪਰ ਬੈਸੇ ਗੁਰ ਸੁਖ ਲੀਨ ॥838॥

॥ ਚੌਪਈ ॥

ਸੰਗਤ ਆਵੈ ਵਾਰ ਨਾ ਪਾਰਾ ॥ ਰਾਗੀ ਗਾਵੈ ਪ੍ਰੀਤੀ ਧਾਰਾ ॥
ਧਰਮ ਸਿੰਘ ਸਿਰਦਾਰੁ ਸੁ ਆਯੋ ॥ ਪੂਤ ਗਜਾ ਸਿੰਘ ਸਾਥ ਲਯਾਯੋ ॥839॥
ਹੈ ਦੁਸਾਲਾ ਪੰਜ ਸੈ ਰੂਪੀ ॥ ਧਰ ਗੁਰ ਆਗੈ ਬਚ ਕੀਰ ਊਪੀ ॥
ਮੈ ਅਨਾਥ ਪਰ ਮਯਾ ਕਰੀਜੈ ॥ ਦਾਸ ਜਾਨ ਕ੍ਰਿਪਾ ਬਹੁ ਕੀਜੈ ॥840॥
ਕਹਿ ਕਰੁ ਅਸੁ ਬਚ ਮਸਤਕਿ ਟੇਕਾ ॥ ਮਨੰ ਮੈ ਜਾਗੀ ਪ੍ਰੀਤਿ ਬਿਸੇਕਾ ॥
ਸਤਿਗੁਰ ਸਾਹਿਬ ਬੈਨੁ ਬਖਾਨਾ ॥ ਧਰਮ ਸਿੰਘ ਤੂ ਹੈ ਬੁਧਵਾਨਾ ॥841॥

---

1. ਅ ਪੋਥੀ ਸਿਰਦਾਰ ਪਹਿ
2. ਅ ਪੋਥੀ ਗਿਰਾ ਸੁ
3. ਅ ਪੋਥੀ ਖਾਵਨ
4. ਅ ਪੋਥੀ ਜਹ

ਗੁਰ ਸਿਖੀ ਮੈ ਕਾਇਮ[1] ਹੂਜੇ ॥ ਗੁਰ ਨਾਨਕ ਬਿਨੁ ਔਰੁ ਨ ਪੂਜੇ ॥
ਧਰਮ ਸਿੰਘ ਸੁਨ ਸੀਸ ਨਿਵਾਈ ॥ ਗਯੋ ਸਦਨ ਗੁਰ ਉਸਤਤਿ ਗਾਈ ॥842॥

॥ ਦੋਹਰਾ ॥

ਸਤਿਗੁਰ ਆਗੇ ਰਤਨੁ ਹਰਿ ਬਿਨੈ ਭਨੀ ਕਰਿ ਜੋਰੁ ॥
ਹੈ ਭਰਜਾਈ ਬਹੁ ਦੁਖੀ ਮਰ ਜਾਵੇ ਕਿਸ ਭੋਰ ॥843॥

॥ ਚੌਪਈ ॥

ਕਹਯੋ ਹਜੂਰ ਨ ਚਿੰਤਾ ਕੀਜੈ ॥ ਮਰਨ ਨ ਦੇਵੈ ਸੁਖੀ ਲਖੀਜੈ ॥
ਸੁਖਨਾ[2] ਸੁਖੀ ਨਹੀ ਤਿਸ ਦੀਨ ॥ ਯਾਤੇ ਦੁਖ ਪਾਵਤ ਹੈ ਪੀਨ ॥844॥
ਰਤਨ ਸਿੰਘ ਭਰਜਾਈ ਪੂਛੀ ॥ ਕਹਤ ਭਈ ਨਹ ਸੁਖਨਾ ਸੂਖੀ ॥
ਸ੍ਰੀ ਗੁਰ ਮੁਖ ਤੇ ਗਿਰਾ ਉਚਾਰੀ ॥ ਮਰਗਾ ਪੂਤ ਡਸਾ ਅਹਿ ਭਾਰੀ ॥845॥
ਮਿਲ ਦੰਪਤਿ ਤਬ ਕੀਨੀ ਅਰਜੀ ॥ ਬਾਲ ਜਿਵਾਵੋ ਅਪਨੀ ਮਰਜੀ ॥
ਇਹ[3] ਜੀਵੇ ਸਿਖ ਤੁਮਰਾ ਹੋਈ ॥ ਬਾਰਾ ਰਾਖੋ ਸੇਵਕੁ ਜੋਈ ॥846॥

॥ ਦੋਹਰਾ ॥

ਦੰਪਤਿ ਬਿਨਤੀ ਸੁਨ ਗੁਰੂ ਨੀਗਰ ਦਯੋ ਜਿਵਾਇ ॥
ਗ੍ਰਹ ਕਾਰਜ ਮੁ ਲਗਤ ਭੇ ਸੁਖਨਾ ਦੀਨ ਭੁਲਾਇ ॥847॥
ਸੁਨ ਕਰ ਮਾਈ ਕਹਤ ਭੀ ਕਹਯੋ ਸੁਤ ਗੁਰ ਦਯਾਲ ॥
ਸਦਾ ਸਦਾ ਹਮ ਭੂਲਤੇ ਤੁਮ ਦੀਨਨ ਪ੍ਰਤਿਪਾਲ ॥848॥
ਤੀਨੋ ਪੂਤ ਬਿਲਾਇ ਕਰ ਗੁਰ ਆਗੇ ਥਿਰ ਕੀਨ ॥
ਕ੍ਰਿਸਨ ਸਿੰਘ ਬਾਕਾ ਸਿੰਘ ਸੁਖਾ ਸਿੰਘ ਪ੍ਰਬੀਨ ॥849॥
ਮਨਸਾ ਸਿੰਘ ਕਰ ਜੋਰਿ ਕੇ[4] ਬਿਨੇ ਭਨੀ ਸਿਰੁ ਨਯਾਇ ॥
ਸੁਤ ਬਿਤ ਜੁਵਤੀ ਆਦਿ ਲੇ ਸਭੁ ਤੁਮਰੇ ਸੁਖਦਾਇ ॥850॥

॥ ਚੌਪਈ ॥

ਤੀਨੋ ਬਾਰਾ ਗੁਰ ਜੀ ਲੀਜੈ ॥ ਭੂਲਿ ਹਮਾਰੀ ਬਖਸਿ ਕਰੀਜੈ ॥
ਸਾਸ ਸਾਸ ਹਮ ਭੂਲਨਹਾਰੇ ॥ ਮਯਾ ਕਰੀਜੇ ਗੁਰੂ ਦਾਤਾਰੇ ॥851॥
ਤਿਨ ਕੀ ਬਿਖੇ ਦੇਖਿ ਗੁਰ ਪੂਰੇ ॥ ਹਸੁ ਕਰਿ ਬੈਨ ਭਨੇ ਅਘ ਚੂਰੇ ॥
ਇਹੁ ਵਰੁ ਪਾਰਸ ਹਮਰਾ ਜਾਨੋ ॥ ਸੇਵਾ ਹਮਰੀ ਕਰੇ ਮਹਾਨੋ ॥852॥
ਹਮਰੇ ਗ੍ਰਿਹ ਮੋ ਮੁਖ ਕਹਾਵੈ ॥ ਸੇਵਾ ਕਰਿ ਕਰਿ ਬਹੁਤ ਰਿਝਾਵੈ ॥
ਸੁਨਿ ਕਰਿ ਬਾਨੀ ਮਾਈ ਬੋਲੀ ॥ ਆਪਨੇ ਰਿਦ ਕੀ ਗੰਠੀ ਖੋਲੀ ॥853॥

1. ਮੂਲ ਪੋਥੀ ਕਾਇਕ
2. ਅ ਪੋਥੀ ਪਾਠਾਂਤਰ : ਸੁਖ ਕਰ ਨਹਿ
3. ਅ ਪੋਥੀ ਜੇ
4. ੲ ਪੋਥੀ ਕਰ

ਸ੍ਰੀ ਸਤਗੁਰ ਤੁਮ ਕਾਰਨ ਕਰਨਾ ॥ ਸੰਪ੍ਰਤਿ ਸੁਖ ਦੇ ਅਪਦਾ ਹਰਨਾ ॥
ਬਾਕੇ ਸਿੰਘ ਸਦਨ ਸੁਤ ਦੇਵੋ ॥ ਮੇਰੀ ਬਿਨੈ ਗੁਰੂ ਸੁਨ ਲੇਵੋ ॥854॥
ਕਹਯੋ ਹਜੂਰ ਨ ਚਿੰਤਾ ਕੀਜੈ ॥ ਇਕ ਕਯਾ ਮਾਂਗੋ ਚਾਰਿ ਸੁ ਲੀਜੈ ॥
ਤਵ ਪੋਤੇ ਮਮ ਪੂਤ ਕੌ ਸੇਵੈ ॥ ਮਨ ਬਾਂਛਤ ਸੋ ਤਿਸ ਤੇ ਲੇਵੈ ॥855॥
ਸੁਨ ਗੁਰ ਵਰ ਮਾਈ ਹਰਖਾਈ ॥ ਗੁਰ ਬੈਨਨ ਪੈ ਬਲ ਬਲ ਜਾਈ ॥
ਰਤਨ ਸਿੰਘ ਤੂ ਰਹੋ ਹਜੂਰ ॥ ਤੋਸੇਖ਼ਾਨਾ ਸਾਂਭ ਜਰੂਰ ॥856॥
ਰਚਨ ਸਿੰਘ ਕੋ ਰਾਖੋ ਸੰਗ ॥ ਟਹਲ ਗੁਰੂ ਕੀ ਕਰੇ ਅਭੰਗ ॥
ਕਹਯੋ ਰਤਨ ਸਿੰਘ ਸੁਨੀਏ ਸੁਆਮੀ ॥ ਘਟ ਘਟ ਕੇ ਹੋ ਅੰਤਰਜਾਮੀ ॥857॥

॥ ਦੋਹਰਾ ॥

ਜੋ ਆਗਯਾ ਸਤਗੁਰ ਕਰੋ ਹੌ ਮਾਨੋ ਮਨਿ ਲਾਇ ॥
ਸਭ ਘਟ ਮੁ ਪ੍ਰੇਰਕ ਤੂਹੀ ਇਮ ਕਹਿ ਚਰਨ ਗਹਾਇ ॥858॥
ਰਤਨ ਸਿੰਘ ਕੇ ਬੈਨ ਸੁਨ ਹਰਖੇ ਦੀਨ ਦਯਾਲ ॥
ਮਾਈ ਪ੍ਰਤਿ ਗੁਰ ਬਚਨ ਭਨਾ ਅਸਨ ਕਰੋ ਹਿਤੁ ਨਾਲ ॥859॥

॥ ਚੌਪਈ ॥

ਸੁਨ ਕਰਿ ਮਾਈ ਲੰਗਰ ਗਈ ॥ ਮਨ ਧਰ ਪ੍ਰੀਤਿ ਪਕਾਵਤ ਭਈ ॥
ਤਤੁ ਖਿਨ ਦੂਖ ਬਿਨਾਸਨ ਹੋਵਾ ॥ ਜਿਮ ਗਰ ਓਰਾ ਸਵਤਾ ਜੋਵਾ ॥860॥
ਪ੍ਰਭ ਕਾ ਮਾਈ ਬਹੁ ਜਸੁ ਗਾਈ ॥ ਮਨ ਮੋ ਜਾਗੀ ਪ੍ਰੀਤਿ ਸਵਾਈ ॥
ਧਰਮ ਸਿੰਘ ਸਿਰਦਾਰ ਜੋ ਆਵਾ ॥ ਮੁਸਦਾ ਸਿੰਘ ਤਿਸੁ ਪਾਸ ਰਹਾਵਾ ॥861॥
ਆਵਾ ਗੁਰ ਪਹਿ ਬਿਨੈ ਬਖਾਨੀ ॥ ਰਾਵਰ ਸੇਵਕ ਮੈ ਸੁਖਦਾਨੀ ॥
ਪਾਦ ਪਦਮ ਹਮਰੇ ਗ੍ਰਹ ਪਾਵੋ ॥ ਅਚੋ ਅਸਨਿ ਮਮ ਮਯਾ ਕਰਾਵੋ ॥862॥
ਗੁਰੂ ਭਨਾ ਜਿਸ ਤੇਰੀ ਸਰਧਾ ॥ ਸੁਨਿ ਗੁਰਬਾਨੀ ਮਨ ਤਿਸ ਬਰਧਾ ॥
ਜਾਇ ਸਦਨ ਮੁ ਅਸਨ ਕਰਾਯੋ ॥ ਭੀ ਭੁਨਸਾਰ ਗੁਰੂ ਪਹਿ ਆਯੋ ॥863॥

॥ ਦੋਹਰਾ ॥

ਪਾਨ[2] ਜੋਰ ਕਰ ਕਹਤ ਭਾ ਚਾਲੋ ਦੀਨ ਦਿਆਲ ॥
ਮੁਸਦਾ ਸਿੰਘ ਪ੍ਰਤਿ ਗੁਰ ਭਨਾ ਲਯਾਵੋ ਇਹਾ ਉਤਾਲ ॥864॥

॥ ਚੌਪਈ ॥

ਮੁਸਦਾ ਸਿੰਘ ਮਨ ਮੋ ਖੁਨਸਾਵਾ ॥ ਉਠਿ ਕਰਿ ਅਪਨੇ ਸਦਨ ਸਿਧਾਵਾ ॥
ਨਾਰੀ ਪ੍ਰਤਿ ਤਿਨ ਬੈਨੁ ਬਖਾਨਾ ॥ ਕਹਯੋ ਲਯਾਵੋ ਇਸ ਹੀ ਬਾਨਾ ॥865॥

1. ਅ ਪੋਥੀ ਅਗਾਰ
2. ੲ ਪੋਥੀ ਹਾਥ

ਸੋ[1] ਕਯਾ ਕੋ ਸਿਖ ਕਹਾਵੋ ॥ ਸੀਸ ਉਠਾਇ ਤਹਾਂ ਲੇ ਜਾਵੋ ॥
ਛਤਰੀ ਸੋ ਮੈ ਬ੍ਰਾਹਮਨ ਆਹੀ ॥ ਲੀਨੋ ਨਿਯੋਤਾ ਦੀਨ ਹਟਾਈ ॥866॥
ਲੀਨੇ ਪਿੰਡਾਕੋ ਜਾਟ ਬੁਲਾਇ ॥ ਤਿੰਨੇ ਖੁਲਾਵਾਂ ਡੇਰ ਬਿਹਾਇ ॥
ਰਤਨ ਸਿੰਘ ਕੋ ਸ੍ਰੀ ਗੁਰ ਪੂਰਾ ॥ ਕੇਰੋ ਦੇਗ ਨਹਿ ਕੀਜੈ ਦੇਰਾ ॥867॥
ਤਤੋ ਖਿਨ ਹੋਈ ਦੇਗ ਤਿਆਰੁ ॥ ਛੱਕਯਾਸਨ[2] ਗੁਰ ਕੇਰੀ ਨ ਬਾਰ ॥
ਸੰਗਤਿ ਚਲ ਚੱਲ ਬਹੁਤੀ ਆਵੈ ॥ ਧਰੁ ਧਰੁ ਭੇਟਾ ਮਨੁ ਹਰਖਾਵੈ ॥868॥

॥ ਦੋਹਰਾ ॥

ਧਰਮ ਸਿੰਘ ਸਿਰਦਾਰੁ ਜੋ ਜੁਗ ਵੇਲੇ ਚਲ ਆਇ ॥
ਦਰਸਨ ਕਰ ਮਨ ਹਰਖਈ ਬਚਨ ਸੁਨਤ ਬਲਿ ਜਾਇ ॥869॥

॥ ਚੌਪਈ ॥

ਧਰਮ ਸਿੰਘ ਪ੍ਰਤਿ ਗੁਰੂ ਉਚਾਰਾ ॥ ਹੋਵੈ ਹਮਰਾ ਡੇਰਾ ਭਾਰਾ ॥
ਤਬ ਤੁਮਰੇ ਮਨ ਐਸੀ ਆਵੈ ॥ ਹਮਰੇ ਪਰ ਖੇਚਲ ਮਤਿ ਗੁਰ ਪਾਵੈ ॥870॥
ਪਾਸੋ ਹਮਰੇ ਗੁਰੂ ਲੰਘਾਈ ॥ ਕਦ ਸੇਵਾ ਹਮ ਤੇ ਬਨਿ ਆਈ ॥
ਧਰਮੁ ਸਿੰਘ ਕਹਯੋ ਕਰਿ ਜੋਰੀ ॥ ਗੁਰੂ ਸੁਨੋ ਸੁਭ ਬਿਨਤੀ ਮੋਰੀ ॥871॥
ਰਾਵਰ ਡੇਰਾ ਜਬ ਬਧ ਜਾਈ ॥ ਮੈਂ ਭੀ ਸਾਥ ਚੜ੍ਹੋ ਸੁਖਦਾਈ ॥
ਟਹਿਲ ਕਰੋ ਮੈ ਗੁਰੂ ਹਜੂਰ ॥ ਕ੍ਰਿਪਾ ਸਮੁੰਦ੍ਰ ਸਦਾ ਭਰਪੂਰ ॥872॥
ਬਚਨ ਬਿਲਾਸ ਐਸ ਜਬ ਹੋਵਾ ॥ ਤਬ ਲਗੁ ਸੰਗਤਿ ਕੀਨੋ ਢੋਵਾ ॥
ਜੋਧ ਮਨਸੂਰੈ ਤੇ ਚਲ ਆਈ ॥ ਧਰ ਕਰ ਭੇਟਾ ਮਨ ਹਰਖਾਈ ॥873॥

॥ ਦੋਹਰਾ ॥

ਅਸੁ ਏਕ ਚੰਚਲ ਅਤੈ ਦੇਹੀ [ਸੁ][3] ਪੁਸਟ ਬਡ ਚਾਲ ॥
ਕਮਲ ਨੈਨ ਸਿਖ ਪ੍ਰਤਿ ਕਹਯੋ ਜਗ ਮੈ ਭਯੋ ਨਿਹਾਲ ॥874॥

॥ ਚੌਪਈ ॥

ਰਤਨ ਸਿੰਘ ਪ੍ਰਤਿ ਸ੍ਰੀ ਗੁਰ ਗਾਯੋ ॥ ਸੰਗਤਿ ਕੋ ਦਿਹ ਅਸਨ ਛਕਾਯੋ ॥
ਬਹਰਿ ਚਲਾਕੀ ਅਤਿਸੇ ਜੋਈ ॥ ਦਾਦੇ ਕਾ ਇਹੁ ਕੋਤਲ ਹੋਈ ॥875॥
ਚਰਨ ਸਿੰਘ ਪਹਿ ਇਕ ਖਗ ਆਹੀ ॥ ਅਤਿ ਅਮੋਲ ਸੋ ਚੁਲੈ ਸਫਾਹੀ ॥
ਧਰਿ ਗੁਰ ਆਗੇ ਬਿਨਤੀ ਠਾਨੀ ॥ ਸੁਨਿ ਗੁਰ ਅਰਜੀ ਸੁਖਮਾ ਖਾਨੀ ॥876॥

॥ ਦੋਹਰਾ ॥

ਧਰਮ ਸਿੰਘ ਮੁਹ ਜੋਰ ਕਰਿ ਮਾਂਗੇ ਇਹੁ ਤਲਵਾਰ ॥
ਗੁਰੂ ਭਨਾ ਨਹਿ ਚਿੰਤ ਕਰਿ ਰਾਖੋ ਗਰ ਮੋ ਧਾਰਿ ॥877॥

---

1. ਮੂਲ ਪੋਥੀ ਕੈ
2. ਅ ਪੋਥੀ ਛਕਾ ਅਸਨ
3. ਅ ਪੋਥੀ ਵਿਚੋਂ

॥ ਚੌਪਈ ॥

ਕਿਸੇ ਮੈ ਬਲ ਜੋ ਤੁਮ ਤੇ ਖੋਵੈ ॥ ਜੋ ਖੋਵੈ ਅਪਨੀ ਪਤ ਖੋਵੈ ॥
ਐਸੇ ਕਹਿ ਕਰਿ ਕੂਚ ਕਰਾਵਾ ॥ ਪੁਰ ਅਨੰਦ ਜਾਵੈ ਮਨੁ ਭਾਵਾ ॥878॥
ਸੰਗਤਿ ਬਹੁਤੀ ਸਾਥ ਸਿਧਾਈ ॥ ਜਿਨ ਕੇ ਮਸਤਕਿ ਭਾਗ ਸੁਹਾਈ ॥
ਹਮੀਰੋਵਾਲ ਪਾਸ ਇਕੁ ਤਾਲ ॥ ਗੁਰ ਜੀ ਭਨਾ ਸੁਨੋ ਸਿਖ ਜਾਲ ॥879॥
ਪੁਰਾਤਮ ਤਾਲ ਹਮਾਰਾ ਜਾਨੋ ॥ ਜੋ ਇਸ ਮਜੈ ਤਿਸਿ ਦੂਖ ਹਾਨੋ ॥
ਐਸੇ ਕਹਿ ਕਰ ਭਏ ਸਵਾਰ ॥ ਸੋਭਾ ਜਾਵਤ ਸਦ ਬਿਲਹਾਰਾ ॥888॥
ਰਚਨ ਸਿੰਘ ਜੀ ਸਾਥ ਸਿਧਾਰੇ ॥ ਚਰਨ ਸਿੰਘ ਵੀ ਹੋਵਾ ਨਾਰੇ ॥
ਬਾਕਾ ਸਿੰਘ ਚਲਯੋ ਹਰਖਾਈ ॥ ਗੁਰ ਕੀ ਸੇਵਾ ਜਿਸ ਮਨ ਭਾਈ ॥881॥
ਪੁਰ ਅਨੰਦ ਗੁਰ ਜਾਇ ਬਿਰਾਜੇ ॥ ਜਿਨ ਦਰਸੇ ਹੁਇ ਰੰਕਹੁ ਰਾਜੇ ॥
ਗੁਰ ਕੇ ਪ੍ਰੀਤਮ ਮਿਲ ਹਰਖਾਏ ॥ ਗੁਰ ਸਿਖਨ ਮਨ ਬਜੇ ਬਧਾਏ ॥782॥

॥ ਦੋਹਰਾ ॥

ਹੋਲਾ ਭਯੋ ਸੁਹਾਵਣਾ ਸੰਗਤਿ ਬਹੁਤੀ ਆਇ ॥
ਅਸੁ ਬਸਨ ਰੋਕੜ ਘਣੀ ਧਰ ਅਕੋਰ ਬਲ ਜਾਇ ॥883॥

(ਸ਼ੇਰ ਦਾ ਸ਼ਿਕਾਰ ਕਰਨਾ)

॥ ਚੌਪਈ ॥

ਸ੍ਰੀ ਗੁਰ ਸਾਹਿਬ ਚਲੇ ਸਿਕਾਰੁ ॥ ਸਿੰਘ ਸਿਰਦਾਰੁ ਚਲੇ ਅਪਾਰ ॥
ਸੂਰ ਸਸੇ ਪਾੜੇ ਬਹੁ ਮਾਰੇ ॥ ਜੋ ਮਾਰੇ ਬੈਕੁਠ ਪਧਾਰੇ ॥884॥
ਅਗ੍ਰ ਭਾਗ ਇਕ ਮ੍ਰਿਗੁ ਪਤਿ ਗਰਜਾ ॥ ਏਕ ਸਿੰਘ ਤਿਨ ਲੀਨੋ ਤਰਜਾ ॥
ਗੁਰੂ [1]ਪ੍ਰਤੀ ਕਿਨ ਖਬਰ ਜਨਾਈ ॥ ਨਾਹਰ ਲੀਨੋ ਸਿੰਘ ਇਕ ਘਾਈ ॥885॥
ਸੁਨ ਕਰਿ ਸ੍ਰੀ ਗੁਰ ਬਡ ਗਰਜਾਨੈ ॥ ਮਾਰੈ ਤਿਸ ਕੌ ਚਹਾ ਪਰਾਨੈ ॥
ਐਸੇ ਕਹਿ ਗੁਰ ਘੇਰਾ ਪਾਵਾਂ ॥ ਸਿੰਘਨ ਪ੍ਰਤਿ ਗੁਰ ਬੈਨ ਅਲਾਵਾਂ ॥886॥
ਪਾਦਪ ਪਰ ਸਿੰਘ ਦੀਨ ਚਢਾਈ ॥ ਭਰੀ ਬੰਦੂਕ ਹਾਥ[2] ਗਹਾਈ ॥
ਏਕ ਓਰੁ ਲਲਕਾਰ ਦੀਨੋ ॥ ਨਿਕਲਾ ਮ੍ਰਿਗ ਪਤਿ ਗਰਜਤ ਪੀਨੋ ॥887॥
ਏਕ ਸਿੰਘ ਨੈ ਮਾਰ ਦੁਗਾੜਾ ॥ ਛਿਤ ਪਰ ਦੀਨੋ ਤਤੁਖਿਨੁ ਝਾੜਾ ॥
ਤਿਸੇ ਸਿੰਘ ਪਰ ਗੁਰ ਹਰਖਾਏ ॥ ਏਕ ਅਸੁ ਏਨਾਮ ਦੇਵਾਏ ॥888॥
ਕਰਹਲ ਪਰ ਗੁਰ ਸੇਰ ਚੁਕਾਏ ॥ ਆਏ ਨੰਦਪੁਰ ਬਜੈ ਬਧਾਏ ॥
ਨਗਰ ਲੋਕ ਸਭ ਦੇਖਨ ਆਵੈ ॥ ਬਾਰੁ ਬਾਰੁ ਗੁਰ ਕੋ ਯਸ ਗਾਵੈ ॥889॥
ਗੁਰ ਜੀ ਕੀਨੋ ਪਰ ਉਪਕਾਰਾ ॥ ਇਹੋ ਦੁਖਦਾਈ ਨਰ ਪਸੁ ਮਾਰਾ ॥
ਆਪੁ ਜਗਤ ਕੇ ਰਖਕ ਸੁਆਮੀ ॥ ਧੀਰਜ ਧਾਰੀ ਮੇਟਤ ਖਾਮੀ ॥890॥

1. ਅ ਪੋਥੀ ਹਜੂਰ
2. ੲ ਪੋਥੀ ਕਰ ਮਾਹਿ

ਇਕੁ ਦਿਨੁ ਰਤਨ ਸਿੰਘ ਬਿਨੁ ਗਾਈ ॥ ਦੁਆਬੇ ਚਾਲੋ ਗੁਰ ਸੁਖਦਾਈ ॥
ਬਿਨੇ ਸੁਨੇ ਬੇਦੀ ਕੁਲ ਕੇਤੂ ॥ ਚੜਿ ਹਮੀਰ ਪੁਰ ਆਵਨਿ ਹੇਤੂ ॥891॥

### (ਮਾਈ ਦਾ ਦੰਭ ਉਜਾਗਰ ਕਰਨਾ)

ਆਏ ਤਤੁ ਖਿਨੁ ਸਿਵਰੁ ਲਗਾਵਾ ॥ ਨਰ ਨਾਰੀ ਮਿਲ ਦਰਸਨੁ ਪਾਵਾ ॥
ਟਹਿਲੀਏ ਰਖਿ ਓਰ ਸਿਧਾਰੇ ॥ ਘਾਸਿ ਲਿਆਵੈ ਜਾਇ ਉਪਾਰੇ ॥892॥
ਮੁਸਦਾ ਸਿੰਘ ਕੀ ਰਖੁ ਸੁ ਆਹੀ ॥ ਕਟਿ ਕਟਿ ਭਰੀਆ ਲੀਨ ਉਚਾਰੀ ॥
ਤਬ ਇਕ ਰਾਖਾ ਆਵਾ ਦੌਰੀ ॥ ਕਟ ਰਿਸਾ[1] ਬੈਨ ਅਲਾਏ ਜੋਰੀ ॥893॥
ਗੁਰ ਕੇ ਘਾਇਨ ਫੜਿ ਕਰਿ ਮਾਰਾ ॥ ਹਾਇ ਹਾਇ ਕਰਿ ਹੋਈ ਪੁਕਾਰਾ ॥
ਮੁਸਦਾ ਸਿੰਘ ਕੇ ਘਰ ਮੋ ਜਾਈ ॥ ਊਚੀ ਸੁਰ ਕ੍ਰਿ ਰੋਇ ਸੁਨਾਈ ॥894॥

॥ ਦੋਹਰਾ ॥

ਮੁਸਦਾ ਸਿੰਘ ਕੀ ਮਾਇ ਨੇ ਲੀਨੋ ਮੰਜੇ ਪਾਇ ॥
ਲਯਾਈ ਤਿਸੇ ਚੁਕਾਇ ਕਰਿ ਦੀਨੋ ਅਗ੍ਰ ਧਰਾਇ ॥895॥

॥ ਚੌਪਈ ॥

ਕਹਯੋ ਹਜੂਰ ਪ੍ਰਤਿ ਊਚਿ ਪੁਕਾਰੀ ॥ ਬਿਨੈ ਸੁਨੋ ਸਤਿਗੁਰੂ ਹਮਾਰੀ ॥
ਤੁਮਰੇ ਘਾਇਨ ਜਬਰੀ ਕੀਨੀ ॥ ਮਾਨੁਖ ਮਾਰਾ ਲੇਵੋ ਚੀਨੀ ॥896॥
ਤੁਮਰੈ ਗ੍ਰਹ ਮੋ ਰਾਜਨ ਆਵਾ ॥ ਘਾਸੁ ਲੁਟਾ ਪੁਨ ਨਹ ਕੋ ਆਵਾ ॥
ਸੁਨ ਤਿਸ ਬਾਨੀ ਗੁਰੂ ਰਸੀਲੇ ॥ ਭਨੀ ਗਿਰਾ ਜਹ ਨੈਨ ਛਬੀਲੇ ॥897॥
ਇਸ ਮਾਨਵ ਕੀ ਮ੍ਰਿਤ ਜੋ ਆਈ ॥ ਯਾਂਤੇ ਮੋਵਾ ਚਿੰਤੋ ਨਾਈ ॥
ਜੁਗਮ[2] ਟਹਿਲੀਏ ਹਮ ਤੇ ਲੇਵੋ ॥ ਛਿਮਾਹੀ ਹਮਰੇ ਗ੍ਰਹ ਤੇ ਦੇਵੋ ॥898॥

॥ ਦੋਹਰਾ ॥

ਜਾਂਤ ਬ੍ਰਹਮਨੀ ਰਾਜ ਮਦ ਤ੍ਰਿਤੀ ਨਾਰਿ ਬਦਕਾਰ ॥
ਸੰਤਗੁਰ[3] ਅਦਬ ਨ ਤਿਨ ਕਰਾ ਬੋਲੀ ਬੈਨ ਖੁਦਾਰ ॥899॥

॥ ਚੌਪਈ ॥

ਕੜਾਹਿ ਸਿੰਘ ਕੋ ਗੁਰੂ ਬੁਲਾਵਾ ॥ ਤੁਰਕ ਮਰਾ ਹੈ ਬਦ ਦੁਖ ਪਾਵਾ ॥
ਅਗਨੀ ਇਸ ਕੇ ਮੁਖ ਕੋ ਲਾਵੋ ॥ ਜੇ ਜੀਵੇ ਤਾ ਲੇਹੁ ਜਿਵਾਵੋ ॥900॥
ਬਲਦੀ ਲਕੜੀ ਆਨੀ ਧਾਈ ॥ ਜਬ ਤਿਸ ਮੁਖ ਕੋ ਦੀਨ ਛੁਆਈ ॥
ਤਬ ਉਠਿ ਦੌਰਾ ਕਰੀ ਨ ਦੇਰੀ ॥ ਸਿੰਘਨ ਲੀਨੋ ਤਾ ਕੌ ਘੇਰੀ ॥901॥
ਫੜਿ ਕਰਿ ਆਦਾ ਗੁਰ ਕੇ ਪਾਹੀ ॥ ਹਸੁ ਕਰਿ ਪੂਛਾ ਗੁਰ ਸੁਖਦਾਈ ॥
ਤੂ ਮਰਿ ਗਯੋ ਸੁ ਕੈਸੇ ਦੌਰਾ ॥ ਕਹਤ ਭਯੋ ਸੁਨੀਏ ਗੁਰ ਮੋਰਾ ॥902॥

---

1. ਅ ਪੋਥੀ ਕਟਕ ਸੁ
2. ੲ ਪੋਥੀ ਦੋਵ
3. ੲ ਪੋਥੀ ਸ੍ਰੀ ਗੁਰ

ਇਨ ਜੋਰੀ ਮੁਹਿ ਮੰਜੇ ਪਾਈ ॥ ਆਈ ਝਗਰਨ ਛਾਫੋ ਮਾਈ ॥
ਦਿਵਾਨ ਲਗਾ ਥਾ ਅਤਿਸੇ ਭਾਰੀ ॥ ਨਾਰੀ ਕੌਸੁਭ ਦੇਵੈ ਗਾਰੀ ॥903॥

॥ ਦੋਹਰਾ ॥

ਗਿਰਾ ਭਲੀ ਜਿਮ[1] ਰੰਸ ਕਰਿ ਸੁਨਿ ਨਾਹੀ ਮਨ ਲਾਇ[2] ॥
ਮਿਲੁ ਕੁਟੰਬੁ ਟੁਕੜੇ ਮੰਗਾ ਸੁਧਾ ਸਰੋਵਰੁ ਜਾਇ ॥944॥

॥ ਚੌਪਈ ॥

ਐਸੇ ਕਹਿ ਗੁਰ ਦੀਨ ਉਠਾਈ ॥ ਲੈ ਕਰਿ ਸ੍ਰਾਪ ਮਨੈ ਪਛੁਤਾਈ ॥
ਸਤ ਬਚਨੁ ਸ੍ਰੀ ਗੁਰ ਕੇ ਭਏ ॥ ਅੰਮ੍ਰਿਤਸਰ ਟੁਕੜੇ ਮੰਗ ਖਏ ॥905॥

(ਪਿੰਡ ਢੋਸੀ ਜਾਣਾ)

ਤਿਹ ਤੇ ਸ੍ਰੀ ਗੁਰ ਕੂਚ ਕਰਾਈ ॥ ਢੋਸੀ ਉਤਰੇ ਗੁਰ ਸੁਖਦਾਈ ॥
ਬੀਰ ਸਿੰਘ ਸਰਦਾਰ ਸੁ ਆਵਾ ॥ ਅਸੁ ਦੁਮਾਲਾ ਭੇਟ ਚਢਾਵਾ ॥906॥
[4]ਮਿਲ ਕਰਿ[4] ਸੰਗਤਿ ਆਈ ਧਾਈ ॥ ਜਿਮ[5] ਪਿਆਲੇ ਨੀਰ ਤਕਾਈ ॥
ਤਿਹ ਤੇ ਚੜਿ ਦਖਣੀ ਮਹਿ ਗਏ ॥ ਦੁਸੰਧਾ ਸਿੰਘ ਅਗੋ ਹਿਤ ਕਏ ॥907॥

(ਪਿੰਡ ਅਪਰਾ ਜਾਣਾ)

॥ ਦੋਹਰਾ ॥

ਦਸ ਦਿਨ ਸ੍ਰੀ ਗੁਰ ਤਹੋ ਰਹੇ ਭਾਵ ਸੁ ਤਿਸ ਕਾ ਦੇਖੁ ॥
ਆਪ੍ਰਾ ਪਿੰਡ ਮੋ ਫਿਰ ਗਏ ਜਿਨ ਮਿਲ ਧਮ ਨਹਿ ਪੇਖੁ ॥908॥

॥ ਚੌਪਈ ॥

ਸਰਦੂਲ ਸਿੰਘ ਬਹੁ ਸੇਵਾ ਠਾਨੀ ॥ ਰਸਤੰ ਦਾਨਾ ਘਾਸ ਮਹਾਨੀ ॥
ਸਤਿਗੁਰ ਸਾਹਿਬ ਪੂਛਨ ਕੀਨਾ ॥ ਈਹਾਂ ਸਿਕਾਰ ਸਿਖ ਪ੍ਰਬੀਨਾ ॥909॥
ਸਰਦੂਲ ਸਿੰਘ ਭਨਾ ਕਰ ਜੋਰੁ ॥ ਝੰਗੀ ਮੋ ਸੂਕਰ ਵੁਡ ਜੋਰੁ ॥
ਸੁਨ ਕਰਿ ਸਾਹਿਬ ਅਸੁ ਮੰਗਾਵਾ ॥ ਚੜ ਭਏ ਲੇ ਸ਼ਿਖ ਸਮੁਦਾਵਾ ॥919॥
ਸਰਦੂਲ ਸਿੰਘ ਮਨ ਚਿੰਤਾ ਹੋਈ ॥ ਸੂਕਰ ਨਾਹੀ ਮਿਥਿਯਾ ਗੋਈ ॥
ਮਨ ਮੈ ਕੀਨੀ ਤਿਸੁ ਅਰਦਾਸ ॥ ਪੰਚੀ ਰੁਪਈਏ ਦਯੋ ਗੁਰ ਪਾਸ ॥911॥

॥ ਦੋਹਰਾ ॥

ਸੂਕਰ ਨਿਕਸੇ ਤਹਾਂ ਤੇ ਗੁਰੁ ਜੀ ਲੇਵੈ ਮਾਰੁ ॥
ਜੁਗ ਜੁਗ ਗੁਰ ਕਾ ਬਿਰਦੁ ਹੈ ਰਾਖੇ [ਪੈਜ][6] ਮੁਰਾਰਿ ॥912॥

॥ ਚੌਪਈ ॥

ਝੰਗੀ ਨੇਰੇ ਜਬ ਗੁਰ ਗਏ ॥ ਸਰਦੂਲ ਸਿੰਘ ਗੁਰ ਚਰਨ ਮਨਾਏ ॥
ਬੀਚ ਢਾਕਿ ਬਰਾਹਿ ਦ੍ਰਿਸਟਾਵਾ ॥ ਨੇਜਾ ਮਾਰਾ ਗੁਰ ਜੀ ਘਾਵਾ ॥913॥
ਲੀਨ ਉਠਾਇ ਸਿਵਰ ਲੇ ਆਏ ॥ ਛੇਦ ਰਿੰਧਾਵਾ ਮਾਰ ਨ ਪਾਏ ॥
ਸਰਦੂਲ ਸਿੰਘ ਮਨ ਮੋ ਹਰਖਾਈ ॥ ਧਰੇ ਰੁਪਈਏ ਗੁਰ ਅਗਵਾਈ ॥914॥

---

1. ਅ ਪੋਥੀ ਗੁਰ 2. ਅ ਪੋਥੀ ਪਾਠਾਂਤਰ : ਸਾਹਿਪੁ 3. ਅ ਪੋਥੀ ਤੋਂ ਸ਼ਾਹਿਬ ਸਿੰਘ ਕਹਾਇ 4. ਅ ਪੋਥੀ ਅਓਰ 5. ਅ ਪੋਥੀ ਜੈਸ 6. ਝ ਪੋਥੀ ਵਿਚੋਂ

ਕਹਯੋ ਹਜੂਰ ਕੈਸ ਬਿਤ ਆਦਾ ॥ ਕਹਿ ਸੁਦੂਲ ਸਿੰਘ [ਮਨ][1] ਹਰਖਾਂਦਾ ॥
ਮੇਰੀ ਪੈਜਿ ਰਖੀ ਗੁਰ ਪੂਰੇ ॥ ਮਾਰਾ ਸੂਕੱਰ ਆਪ ਜਰੂਰੇ ॥915॥
ਝੂਠ ਕਹਾ ਮੈ ਗੁਰੂ ਹਜੂਰ ॥ ਤਿਹਾਂ ਨ ਦੇਖਾਂ ਕੋਈ ਸੂਰ ॥
ਹਸ ਕਰਿ ਸਤਿਗੁਰ ਗਿਰਾ ਅਲਾਈ ॥ ਤੇਰੀ ਸੁਖਨਾ ਨਹੀ ਹਟਾਈ ॥916॥
ਨਦੀ ਪਾਰ ਤੇ ਸੂਕਰ ਆਨਾ ॥ ਮਾਰਾ ਤੁਮ ਹਿਤ ਲੇਵੋ ਜਾਨਾ ॥
ਸੁਦੂਲ ਸਿੰਘ ਤਬ ਚਰਨ ਗਹਾਨੇ ॥ ਚੀਨ ਮਹਾ ਗੁਰ ਸੁਖਮਾਂ ਖਾਨੇ ॥917॥
ਤਿਹ ਤੇ ਸ੍ਰੀ ਗੁਰ ਕੂਚ ਕਰਾਈ ॥ ਹਮੀਰਵਾਲ ਆਏ ਹਰਖਾਈ ॥
ਧਰਮ ਸਿੰਘ ਤਬੈ ਸੁਨ ਪਾਵਾ ॥ ਲੇ ਪ੍ਰਸਾਦੰ [ਸੋ][2] ਦਰਸਨ ਆਵਾ ॥918॥

**(ਮੁਸਦਾ ਸਿੰਘ ਨੇ ਬਾਬਾ ਸਾਹਿਬ ਸਿੰਘ ਦਾ ਵਿਰੋਧ ਕਰਨਾ)**

॥ ਦੋਹਰਾ ॥

ਸਾਧੂ ਮੁਸਦਾ ਸਿੰਘ ਸਤਗੁਰ ਸਨ ਕਰੈ ਵਿਰੋਧ ॥
ਆਸਨ ਹਮਾਰੇ ਨਹਿ ਖਯੋ ਫਿਰ ਜਨਨੀ ਸੋ ਕ੍ਰੋਧ ॥919॥

॥ ਚੌਪਈ ॥

ਧਰਮ ਸਿੰਘ ਤਬ ਸੀਸ ਨਿਵਾਵਾ ॥ ਸਤਿਗੁਰ ਸਾਹਿਬੁ ਨਹੀ ਬੁਲਾਵਾ ॥
ਜੁਗਮੁ ਘਰੀ ਜਬ ਬੈਠੀ ਬੀਤੀ ॥ ਪ੍ਰਸਾਦ ਨ ਬਾਂਟਾ ਭਈ ਬਿਪਰੀਤੀ ॥920॥
ਇਕ ਪਰਵਾਨਾ ਕਹਿ ਤੇ ਆਵਾ ॥ ਧਰਮ ਸਿੰਘ ਨੇ ਖੋਲਿ ਪਠਾਵਾ ॥
ਦਿਖ ਕਰਿ ਸ੍ਰੀ ਗੁਰ ਬਾਨੀ ਗਾਈ ॥ ਕਾਗਦ ਪੜੀਏ ਘਰੁ ਮੋ ਜਾਈ ॥921॥
ਸੁਨੋ ਸਬਦੁ ਮਨਿ ਹਿਤ ਕੋ ਲਾਇ ॥ ਜਾਤੇ ਜਨਮ ਸਫਲੁ ਹੁਇ ਜਾਇ ॥
ਸਾਧ ਸੰਗਤਿ ਮੋ ਬਾਤ ਚਲਾਵੈ ॥ ਜਨਮ ਜਨਮ ਮੋ ਅਤਿ ਬਿਲਲਾਵੇ ॥922॥

॥ ਦੋਹਰਾ ॥

ਧਰਮ ਸਿੰਘ ਪ੍ਰਤਿ ਕਹਿਤ ਭਾ ਮੁਸਦਾ ਸਿੰਘ ਦੁਸਟਾਰ ॥
ਕਯਾ ਲੈਨਾ ਹੈ ਬੈਠ ਕੈ ਚਾਲੋ ਅਪਨ ਅਗਾਰ ॥923॥

॥ ਚੌਪਈ ॥

ਅੰਮ੍ਰਿਤਸਰੀਏ ਸਿਖ ਕਹਾਵੋ ॥ ਰਾਜ ਭਾਗ ਕੇ ਸਹਿਤ ਸੁਹਾਵੋ ॥
ਬੇਦੀ ਨੇ ਤੁਮ ਕੋ ਕਯਾ ਦੇਨਾ ॥ ਕਹੈ ਕੁਬੈਨ ਨ ਹੋਵੈ ਚੈਨਾ ॥924॥
ਧਰਮ ਸਿੰਘ ਸੁਨ ਗਿਰਾ ਅਲਾਈ ॥ ਫਿਰ ਨਹਿ ਆਵੋ ਮੈ ਸੁ ਕਦਾਈ ॥
ਐਸੇ ਕਹਿ ਉਠ ਘਰ ਕੋ ਗਯੋ ॥ ਹੋਇ ਅਧੀਨ ਨਹਿ ਸਰਨੀ ਪਯੋ ॥925॥
ਸੁਤ ਗਜਾ ਸਿੰਘ ਨਹਿ ਚਲ ਆਵਾ ॥ ਧਰਮ ਸਿੰਘ ਨੇ ਦਾਸ ਪਠਾਵਾ ॥
ਗਜਾ ਸਿੰਘ ਤੋ ਭੀ ਨਹਿ ਗਯੋ ॥ ਧਰਮ ਸਿੰਘ ਕੇ ਮਨ ਦੁਖ ਭਯੋ ॥

1. ਅ ਪੋਥੀ ਵਿਚੋਂ
2. ਅ ਪੋਥੀ ਵਿਚੋਂ

॥ ਦੋਹਰਾ ॥

ਜੁਗਲੋ ਪੂਤ ਮਾਰੇ ਗਏ ਆਗੇ ਲੜਾਈ ਮਾਹਿ ॥
ਬੇਦੀਸ ਇਨੇ ਭੁਲਾਯੋ ਜੋ ਗ੍ਰਹਿ ਆਵੈ ਨਾਹਿ ॥927॥
ਗਜਾ ਸਿੰਘ ਕੋ ਸਤਿਗੁਰੂ ਲੀਨੋ ਪਾਸਿ ਬੁਲਾਇ ॥
ਜਾਵੋ ਅਪਨੇ ਸਦਨ ਮੋ ਵਾਹਿ ਗੁਰੂ ਮੁਖ ਗਾਇ ॥982॥

॥ ਚੌਪਈ ॥

ਸਤ ਬਚਨੁ ਕਹਿ ਜਾਵਤ ਭਯੋ ॥ ਸਦਨ ਗਯੋ ਪਿਤ ਬਹੁ ਹਰਖਯੋ ॥
ਤਿਹ ਤੇ ਸ੍ਰੀ ਗੁਰ ਕੂਚ ਕਰਾਈ ॥ [1]ਖਾਨੇ ਥਾਨੇ [1]ਥਿਰੇ ਗੁਰ [2]ਜਾਈ ॥929॥
ਧਰਮ ਸਿੰਘ ਮਨ ਇਰਖਾ ਆਈ ॥ ਮਸੁਦਾ ਸਿੰਘ ਪ੍ਰਤਿ ਕਹਯੋ ਬੁਝਾਈ ॥
ਜੋ ਜੋ ਜਾਵੈਂ ਬੇਦੀ ਪਾਸੂ ॥ ਤਿਨ ਕੋ ਤਾੜੋ ਦੈ ਦੁਖ ਰਾਸੂ ॥930॥
ਮੁਸਦਾ ਸਿੰਘ ਨੇ ਲੈ ਬੁਲਾਈ ॥ ਧਰਮ ਸਿੰਘ ਕਹਯੋ ਰਿਸ ਖਾਈ ॥
ਬੇਦੀ ਪਾਸੈ ਕਯੋ ਚਲਿ ਜਾਵੋ ॥ ਗਾਵਨ ਤਯਾਗੋ ਇਮ ਸੁਨ ਪਾਵੋ ॥931॥
ਸਭਨ ਕਹਯੋ ਬੇਦੀ ਕੁਲ ਕੇਤੂ ॥ ਜਾਵੈਂ ਦਰਸਨ ਕੋ ਹਮ ਹੇਤੂ ॥
ਸ੍ਰੀ[3] ਗੁਰ ਨਾਨਕ ਲੀਨ ਅੰਵਤਾਰ ॥ ਜਿਹ ਦਰਸੇ ਹੋਵੈ ਭਵ ਪਾਰ ॥932॥
ਬਹੁਤੀ ਬਾਰ ਰਹਯੋ ਝਖ ਮਾਰ ॥ ਕਿਸੇ ਨ ਮਾਨੀ ਗਿਰਾ ਗਵਾਰ ॥
ਬਹੁੜੋ ਚੜਿ ਕਰ ਬਹੁਰ ਸਿਧਾਵਾ ॥ ਮਸੁਦਾ ਸਿੰਘ ਕੁਮੰਤ੍ਰ ਦ੍ਰਿੜਾਵਾ ॥933॥

॥ ਦੋਹਰਾ ॥

[4]ਦਮੁਦਮਾ ਇਕ ਬਾਧਿਯੋ ਗੋਰੋ[4] ਕਰੋ ਨ ਦੇਰ ॥
ਰਤਨ ਸਿੰਘ ਤ੍ਰਿਖਾਨ ਨੇ ਕਰਾ ਪਖੰਡ ਵਧੇਰ ॥934॥

॥ ਚੌਪਈ ॥

ਜੋ ਕੋ ਹੋਵੇ ਰੋਗੀ ਭਾਰੀ ॥ ਗੋਲੀ ਵਾਕੋ ਦੇਹ ਖਵਾਰੀ ॥
ਦਮੁਦਮੇ ਕੀ ਮੰਨਤ ਕਰਾਵੈ ॥ ਕੜਾਹ ਚੜਤੰ ਘਰੁ ਲੈ ਜਾਵੈ ॥935॥
ਸਭ ਪਖੰਡ ਤ੍ਰਿਖਾਨ ਉਠਾਵਾ ॥ ਯਾਕੋ ਤਾੜੋ ਦੇਹੁ ਹਟਾਵਾ ॥
ਐਸੇ ਕਹਿ ਤੇ ਅਗ੍ਰ ਸਿਧਾਏ ॥ ਦਮਦਮੇ ਕੋ ਚਹੇ ਢਹਾਏ ॥936॥
ਰਾਮ ਸਿੰਘ ਆਗੇ ਥੀ ਆਵਾ ॥ ਧਰਮ ਸਿੰਘ ਜਗਾਤ ਕਹਾਵਾ ॥
ਤਿਸ ਨੇ ਪੂਛਾ ਕਹਾ ਸਿਧਾਏ ॥ ਸਤਿਗੁਰ ਸਾਹਿਬ ਕੂਚ ਕਰਾਏ ॥937॥

॥ ਦੋਹਰਾ ॥

ਧਰਮ ਸਿੰਘ ਸੁਨ ਕਹਤੁ ਭਾ ਸੁਨੋ ਪੂਤ ਬੁਧਵਾਨ ॥
ਰਤਨ ਸਿੰਘ ਡੰਡ ਦੇ ਫਿਰ ਨ ਉਤਰੇ ਆਨ ॥938॥

---

1. ਅ ਪੋਥੀ ਖਾਂਨ ਖਾਨੈ    2. ਅ ਪੋਥੀ ਸੋ
3. ਅ ਪੋਥੀ ਪਾਠਾਂਤਰ: ਕਮਲਾਨਨ ਲੀਨੋ
4. ਅ ਪੋਥੀ ਪਾਠਾਂਤਰ: ਦੱਮ ਦੱਮਾ ਇਕ ਬਨਾਇਓ ਓਢਾਵੋ

ਰਾਮ ਸਿੰਘ ਨੇ ਪੁਨ ਕਹਯੋ ਸੁਨ ਸਿਰਦਾਰ ਬੁਧੀਸ ॥
ਨਗਰ ਸਾਥ ਬਿਰੋਧ ਕਰ ਰਾਜ ਕਰੈ ਮਖਤੀਸ ॥1939॥
ਤ੍ਰਿਖਾਨੁਨ ਪਰ ਗੁਰ ਕੀ ਗਯਾ ਕਰੋ ਨ ਤਿਨ ਸੁਨ ਵੈਰ ॥
[1]ਗੁਰੂ ਥਾਂਨ ਛੋਰੋ ਨਹੀ[1] ਚਾਹੋ ਕੁਲ ਕੀ ਖੈਰ ॥1940॥
ਐਸੇ ਕਹਿ ਕਰਿ ਫੇਰਿਆ ਰਾਮ ਸਿੰਘ ਬੁਧਵਾਨ ॥
ਪੁਰ ਅਨੰਦ ਗੁਰ ਜਾਤ ਭੇ ਜਿਹ ਦਰਸੇ ਅਘ ਹਾਨ ॥1941॥

(ਆਨੰਦਪੁਰ ਆਉਣਾ)

॥ ਚੌਪਈ ॥

ਮਾਲਵ ਤੇ ਇਕ ਸੰਗਤਿ ਆਈ ॥ ਭੇਟਾ ਦੈ ਦੈ ਸੀਸ ਨਿਵਾਈ ॥
ਗੁਲਾਬੁ ਸਿੰਘ ਭੀ ਤਹਿ ਰਹਾਵੈ ॥ ਦੇਹਿ ਕੋੜਿ ਅਤਿ ਬਡ ਦੁਖ ਪਾਵੈ ॥1942॥
ਸੋ ਭੀ ਗੁਰ ਦੇ ਦਰਜਨ ਆਵਾ ॥ ਚਾਹੋ ਅਪਨਾ ਕੋਢ ਗਵਾਵਾ ॥
ਸਤਿਗੁਰ ਸਾਹਿਬੁ ਨੀਰ ਮੰਗਾਵਾ ॥ ਲੇ ਗੜਵਾ ਜਲੁ ਉਪਰਿ ਪਾਵਾ ॥1943॥
ਗੁਲਾਬ ਸਿੰਘ ਨੇ ਚੀਰ ਤਿਆਗਾ ॥ ਕਰਦਮ ਦੇਹੀ ਮਲਨੇ ਲਾਗਾ ॥
ਜਿਸ ਪ੍ਰਤਿ ਸ੍ਰੀ ਗੁਰ[2] ਗਿਰਾਂ ਅਲਾਈ[2] ॥ ਹਮੀਰ ਵਾਲ ਸੁ ਜਾਵੋ ਧਾਈ ॥1944॥
ਤਹਾਂ ਤਾਲ ਹੈ ਹਮਰਾ ਜਾਨੋ ॥ ਵਾਹਿਗੁਰੂ ਕਹਿ ਨਾਵਨ ਠਾਨੋ ॥
ਸਭ ਸੰਗਤਿ ਪ੍ਰਤਿ ਗੁਰੂ ਬਖਾਨਾ ॥ ਤੁਮ ਭੀ ਜਾਵੋ ਕਰੋ ਸਨਾਨਾ ॥1945॥
ਮਨੁ ਬਾਂਛਤਿ ਬਰਿ ਤਿਹ ਤੇ ਪਾਵੋ ॥ ਨਾਨ ਪਾਨ ਕਰੁ ਮਨ ਹਰਖਾਵੋ ॥
ਚਰਨ ਸਿੰਘ ਕੋ ਗੁਰੂ ਬੁਲਾਵਾ ॥ ਸੰਗਤਿ ਸਾਥ ਜਾਹੁ ਹਰਖਾਵਾ ॥1946॥
ਚਰਨ ਸਿੰਘ ਸੰਗਤਿ ਲੇ ਚਾਲਾ ॥ ਪਹੁਤੀ ਸੰਗਤਿ ਪ੍ਰੀਤਿ ਬਿਸਾਲਾ ॥
ਵਾਹਿਗੁਰੂ ਕਹਿ ਨਾਵਨ ਕੀਨਾ ॥ ਗੁਲਾਬ ਸਿੰਘ ਦੁਖ ਹੋਯੋ ਖੀਨਾ ॥1947॥

॥ ਦੋਹਰਾ ॥

ਗੁਰ ਉਪਮਾ ਸਭ ਕਹਤ ਭੇ ਧੰਨ ਗਰੀਬ ਨਿਵਾਜ ॥
ਕੋੜ ਨਿਵਾਰਾ ਸਿਖ ਕਾ ਬੇਦੀ ਕੁਲ ਸਿਰਤਾਜ ॥1948॥
ਹਮੀਰਵਾਲ ਜੋ ਦਮਦਮਾ ਸੰਗਤਿ ਦਰਸਨੁ ਕੀਨ ॥
ਜਾਤ ਭਏ ਨਿਜ ਨਿਜ ਸਦਨ ਗੁਰ ਜਸ ਮੈ ਲੈ ਲੀਨ ॥1949॥

(ਹਮੀਰਵਾਲਾ ਜਾਣਾ)

॥ ਚੌਪਈ ॥

ਹਮੀਰਵਾਲ ਗੁਰੂ ਫਿਰ ਆਏ ॥ ਗੁਰ ਸਿਖ ਦਰਸਨ ਕਰੁ ਹਰਖਾਏ ॥
ਗਜਾ ਸਿੰਘ ਸਿਖ ਇਕ ਆਹੀ ॥ ਪਾਨ[3] ਜੋਰੁ ਕਰਿ ਅਰਜੀ ਗਾਈ ॥1950॥
ਕੁਸਾਲ ਸਿੰਘ ਘਰ ਬੇਟਾ ਦੇਵੋ ॥ ਹੈ ਸੁਭ ਅਪਨੀ ਭੇਟਾ ਲੇਵੋ ॥
ਕਹਯੋ ਹਜੂਰ ਤਿਸ ਮਾਥੇ ਨਾਹੀ ॥ ਕੈਸੇ ਹੋਵੈ ਲੇਖ ਬਿਨਾ ਹੀ ॥1951॥

1. ਅ ਪੋਥੀ ਪਾਠਾਂਤਰ : ਦੱਮ ਦੱਮਾ ਢਾਹਿਨ ਮਤ ਕਰੋ 2. ੲ ਪੋਥੀ ਪਾਠਾਂਤਰ : ਬਾਣੀ ਗਾਈ
3. ੲ ਪੋਥੀ ਹਾਥ

॥ ਦੋਹਰਾ ॥

ਰਤਨੁ ਸਿੰਘ ਥੀ ਆਦਿ ਲੈ ਸਭਿਨਿ ਬਿਨਤੀ ਕੀਨ ॥
ਲੇਖ ਅਲੇਖ ਹੈ ਕਰ ਬਿਖੈ ਦੇਵੋ ਸੁਤ ਪਰਬੀਨ ॥952॥

॥ ਚੌਪਈ ॥

ਸੁਨ ਤਿਨ ਬਿਨਤੀ ਗੁਰ ਹਰਖਾਏ ॥ ਹੋਵੈ ਸੁਤ ਇਕ ਸਾਲ ਬਿਹਾਏ ॥
ਜਸਵੰਤ ਸਿੰਘ ਤਿਨ ਕੈ ਸੁਤ ਹੋਵਾ ॥ ਸਭ ਪਰਿਵਾਰ ਮਿਲ ਹੋਰਖਤ ਜੋਵਾ ॥953॥
ਸੁਖਨਾ ਗੁਰ ਕੀ ਦੀਨ ਪੁਜਾਈ ॥ ਜਿਨ ਕੇ ਆਂਗਨ ਬਜੀ ਬਧਾਈ ॥
ਏਕ ਦਿਨਾ ਗੁਰ ਚਲੇ ਸਿਕਾਰ ॥ ਚਕ ਕਲਾਲ ਦੇ ਓਰ ਪਧਾਰ ॥954॥
ਤਿਸ ਗ੍ਰਾਮ ਤੇ ਸੰਗਤਿ ਆਈ ॥ ਅਗ੍ਰ ਉਪਾਇਨ ਸੀਸ ਨਿਵਾਈ ॥
ਇਕ ਸਰਵਰ ਕੋ ਬਹੁਤੁ ਮਨਾਵੈ ॥ ਔਰੁ ਨ ਕਿਸੀ ਕੀ ਸੇਵ ਕਮਾਵੈ ॥955॥
ਸਰਵਰ ਝੰਡੀ ਦਿਖਿ ਗੁਰ ਪੂਰੇ ॥ ਬਚਨੁ ਕਹੇ ਜੋ ਅਤਿਸੈ ਰੂਰੇ ॥
ਤੁਮ ਤੌ ਗੁਰ ਕੇ ਸਿਖ ਕਹਾਵੋ ॥ ਸਰਵਰ ਝੰਡੀ ਕੈਸ ਝੁਲਾਵੋ ॥956॥

॥ ਦੋਹਰਾ ॥

ਸਿਖ ਭਨਾ ਕਰ ਜੋਰਿ ਕੈ ਅਕਨ ਕਰੋ ਸੁਖਦਾਇ ॥
ਸੁਤ ਹਮਰੈ ਗ੍ਰਿਹ ਹੋਤ ਨਹਿ ਯਾਤੇ ਕੀਨ ਉਪਾਇ ॥957॥
ਕਹਯੋ ਗੁਰੂ ਤੂ ਚਿਤ ਤਜਿ ਸਰਵਰੁ ਦੇਹੁ ਤਿਯਾਗੁ ॥
ਵਾਹਿਗੁਰੂ ਸਿਮਰਨ ਕਰੋ ਮਸਤਕਿ ਜਾਗੇ ਭਾਗ ॥958॥

॥ ਚੌਪਈ ॥

ਮਾਨ ਵਚਨ ਤਿਨੇ ਝੰਡੀ ਢਾਹੀ ॥ ਗੁਰ ਸਿਖੁ ਹੋਵਾ ਮਨ ਬਿਗਸਾਹੀ ॥
ਸਮਾ ਪਾਇ ਤਿਸੁ ਗ੍ਰਿਹਿ ਸੁਤ ਹੋਵਾ ॥ ਮਰਤੇ ਮੁਖ ਗੁਰ ਅੰਮ੍ਰਿਤ ਚੋਵਾ ॥959॥
ਦਸਬੰਧ ਗੁਰੂ ਕਾ ਨਿਤ ਪਹੁਚਾਵੈ ॥ ਵਾਹਿਗੁਰੂ ਸਦ ਹੀ ਮੁਖ ਗਾਵੈ ॥
ਸੁਨੋ [1]ਸੁਆਮੀ ਕੀ। ਸੁਭ ਸਾਖੀ ॥ ਜਿਮ ਹੋਈ ਤਿਮ ਦੇਵੋਂ ਭਾਖੀ ॥960॥

॥ ਦੋਹਰਾ ॥

ਏਕ ਦਿਨਾ ਸਿੰਘ ਰਤਨ ਜੀ ਲਾਗੇ ਕਰਨ ਕੜਾਹ ॥
ਮੈਦਾ ਭੁਰਜਣ ਜਬ ਲਗੇ ਇਕ ਬਾਲਕੁ ਤਹ ਆਹ ॥961॥

॥ ਚੌਪਈ ॥

ਬਾਲਕ ਕਹਿ ਪ੍ਰਸਾਦਿ ਮੁਹਿ ਦੀਜੈ ॥ ਕਹਯੋ ਰਤਨ ਸਿੰਘ ਧੀਰ ਕਰੀਜੈ ॥
ਪ੍ਰਥਮੇ [2]ਗੁਰੁ ਕੌ ਦੇਹੁ ਛਕਾਈ ॥ ਬਹੁਰੋ ਬਾਂਟੇ ਲੇਵਹੁ ਆਈ ॥962॥
ਫਿਰ ਫਿਰ ਬਾਲਕ ਮਾਂਗਨ ਕੀਨਾ ॥ ਰਤਨ ਸਿੰਘ ਨਹਿ ਰੰਚਕ ਦੀਨਾ ॥
ਕਰ ਪ੍ਰਸਾਦਿ ਜਬ ਗੁਰ ਪਹਿ ਆਵਾ ॥ ਦੀਨ ਹੱਟਾਵ ਨਹੀ ਗੁਰ ਭਾਵਾ ॥963॥

1. ਅ ਪੋਥੀ ਪਾਠਾਂਤਰ: ਅਮੀ ਸੁਮ ਗੁਰ
2. ੲ ਪੋਥੀ ਪਹਿਲੇ

ਰਤਨੇ ਸਿੰਘ ਕਹਯੋ ਕਰਿ ਜੋਰੀ ॥ ਗੁਰ ਜੀ ਕੋਹੈ ਮੁ ਮੈ ਖੋਰੀ ॥
ਹਸ ਕਰ ਗੁਰ ਜੀ ਬੈਨ ਬਖਾਨਾ ॥ ਮਾਂਗ ਰਹੇ ਨਹਿ ਦੇਵਨ ਠਾਨਾ ॥964॥

॥ ਦੋਹਰਾ ॥

ਮੈ ਭੂਲਾ ਗੁਰਾ ਬਖਸੀਏ ਤੁਮ ਹੋ ਦੇਵਨਹਾਰ ॥
ਅਬਹਿ ਖਿਮਾ ਮੁਹਿ ਕੀਜੀਏ ਫਿਰ ਨ ਕਰੋਂ ਅਸ ਕਾਰ ॥965॥

॥ ਚੌਪਈ ॥

ਨਮੋ ਨਮੋ ਅਬਨਾਸੀ ਸੁਾਮੀ ॥ ਰੂਪ ਨ ਰੇਖਿ[2] ਅੰਤਰਜਾਮੀ ॥
ਪ੍ਰਾਰਬ੍ਰਹਮੁ ਪਰਮੇਸਰ ਕਰਤਾ ॥ ਗੰਜ ਨਗਰੋ ਬਸ ਕਲ ਦੁਖ ਹਰਤਾ ॥966॥
ਅਗੰਮੁ ਅਗੋਚਰੁ ਅਲਖ ਅਨੰਤਾ ॥ ਅਚੁਤ ਅਬਯ ਸ੍ਰੀ ਗੁਰ ਭਗਵੰਤਾ ॥
ਸਤਯ ਅਰੂਪ ਅਨੂਪ ਅਲੇਖਾ ॥ ਨਿਤਯ ਅਭੂਤ ਅਛੂਤ ਅਭੇਖਾ ॥967॥
ਅਕਰਮੋ ਅਭਰਮ ਅਪਾਰ ਅਨਾਸਾ ॥ ਅਭੈ ਅਨਾਦੀ ਸੁਤੈ ਪ੍ਰਕਾਸਾ ॥
ਰੇਖ ਨ ਰੰਗ ਨ ਮੋਹ ਨ ਮਾਯਾ ॥ ਅਜੈ ਅਜਨਮਾ ਜਰ ਅਜਾਯਾ ॥968॥
ਸਬ ਤੈ ਦੂਰ ਸਬਨ ਅੰਤ ਪਾਸਾ ॥ ਸਦਾ ਅਲੇਖ ਸਰਬ ਮਹਿ ਬਾਸਾ ॥
ਨੇਤ ਨੇਤ ਨਿਤ ਅਪਰ ਅਪਾਰਾਂ ॥ ਸਹੰਸਫਨੀ ਅਸ ਬਦਨ ਉਚਾਰਾ ॥969॥

॥ ਦੋਹਰਾ ॥

ਜਿਹ ਘਰ ਦੀਪਕ ਰਾਖੀਐ ਤਿਹ ਘਰ ਹੋਤ ਪ੍ਰਕਾਸ ॥
ਤੈਸੇ ਜਿਹ ਕੁਲ ਜਨਮ ਕਸੋ ਨ ਹੋਇ ਜਸ ਤਾਸੁ ॥970॥
ਜਿਹ ਕੋ ਅੰਤ ਨ ਜਾਨਹੀ ਬਿਸ ਗੰਨ ਪਤਿ ਅਹਿ ਆਦ ॥
ਮੈ ਕਹਨੇ ਮੈਂ ਕੌਨ ਹੋ ਕਰੋਂ ਸੁ ਗੁਰ ਪ੍ਰਸਾਦਿ ॥971॥

॥ ਚੌਪਈ ॥

ਤਿਸ ਦਿਨ ਥੀ ਮਨ ਨਿਸਚਾਂ ਧਾਰਾ ॥ ਪ੍ਰਸਾਦਿ ਮੰਗੇ ਨ ਕਹਿ ਉਚਾਰਾ ॥
ਰਤਨ ਸਿੰਘ ਪਰ ਗੁਰ ਕੀ ਮਯਾ ॥ ਗੁਰ ਸਿਖੀ ਮੈ ਮਨ ਥਿਰ ਥਯਾ ॥972॥
ਏਕ ਦਿਨਾ ਗੁਰ ਕੀਨ ਤ੍ਰਿਆਰੀ ॥ ਡੇਹਰੇ ਸਾਹਿਬ ਕੀ ਇਛਾ ਧਾਰੀ ॥

**(ਡੇਹਰਾ ਸਾਹਿਬ ਦੀ ਯਾਤਰਾ)**

ਗਜ ਅਰੂੜ ਭਏ ਸੁਖਦਾਈ ॥ ਪਹੁਚੇ ਡੇਰੇ ਦੇਰ ਬਿਰਾਈ ॥973॥
ਨਗਰ ਪਾਸ ਗੁਰ ਸ਼ਿਵਰ ਲਗਾਏ ॥ ਬੇਦੀ ਸਾਹਿਬ ਬਹੁ ਮਿਲ ਆਏ ॥
ਅਦਬ ਸਾਥ ਮਿਲੇ ਸੁਰਖਾਈ ॥ ਬਾਰ ਬਾਰ ਗੁਰ ਕੀ ਨੁਤ ਗਾਈ ॥974॥
ਏਕ ਏਕ ਕੋ ਗੁਰੂ ਬੁਲਾਵੈ ॥ ਜਿਸੁ ਬੁਲਾਵੈ ਤਿਸ ਹਰਖਾਵੈ ॥
ਸੀਲ ਸੁਭਾਇ ਗੁਰੂ ਕਾ ਦੇਖਾ ॥ ਸਭਨਾ ਜਾਗੀ ਪ੍ਰੀਤ ਬਿਸੇਖਾ ॥975॥

---

੧ ਪੋਥੀ ਪ੍ਰਭੁ
੨ ਪੋਥੀ ਨ
੩ ਪੋਥੀ ਅਸੁ

॥ ਦੋਹਰਾ ॥

ਭੇਟ ਪ੍ਰਸਾਦਿ ਲੇ ਕਰ ਗੁਰੂ ਡੇਹਰੈ ਗੇ ਹਰਖਾਇ ॥
ਚਾਰ ਪ੍ਰਦਖਣਾ ਪ੍ਰਥਮ ਕਰ ਬਹੁਰੋ ਸੀਸ ਨਿਵਾਇ ॥976॥

॥ ਚੌਪਈ ॥

ਉਠਿ ਮਹੰਤ ਨੇ ਕਰੀ ਅਰਦਾਸਿ ॥ ਗੁਰ ਘਰੁ ਕਾਰਜ ਆਵੈ ਰਾਸ ॥
ਪ੍ਰਸਾਦ ਬਰਤਾਵਾ[1] ਸਭ ਨੇ ਲੀਨਾ ॥ ਔਰੁ ਦਰਬੁ ਸਾਧਨ ਗੁਰ ਦੀਨਾ ॥977॥
ਸੀਸ ਨਿਵਇ ਚਲੇ ਗੁਰ ਪੂਰੇ ॥ ਗੇ ਟਾਲੀ ਜੋ ਸਭ ਅਘ ਚੂਰੇ ॥
ਭੇਟ ਚਢਾਈ ਸੀਸ ਨਿਵਾਏ ॥ ਕਰ ਕਰ ਦਰਸਨ ਸਭ ਹਰਖਾਏ ॥978॥
ਬਹੁਰੋ ਚਲ ਗੁਰ ਦੇਰੇ ਆਏ, ॥ ਸਾਧ ਸੰਤ ਮਿਲ ਦਰਸਨ ਪਾਏ ॥
ਜਗੀਰ ਚੰਦ ਬਾਬਾ ਚਲ ਆਵਾ ॥ ਭਾਈ ਕਹਿ ਕਹਿ ਗੁਰਹਿ ਬੁਲਾਵਾ ॥979॥
ਸ੍ਰੀ ਗੁਰ ਤਿਸ ਕਾ ਆਦਰੁ ਕੀਨਾ ॥ ਗੁਰ ਪ੍ਰਯੰਕ ਭਰ ਭਯੋ ਅਸੀਨਾ ॥
ਵਾਕ ਨ ਤਿਸ ਪ੍ਰਤਿ ਗੁਰ ਕਛੁ ਭਾਖਾ ॥ ਕਰਨ ਸਰੀਕੀ ਜਿ ਅਭਿਲਾਖਾ ॥980॥

॥ ਦੋਹਰਾ ॥

ਏਕ ਨਿਹੰਗ ਨੇ ਬਰਜਿਆ ਬਾਬਾ ਅਦਬ ਕਮਾਇ ॥
ਬੈਠਿ ਹਜੂਰਿ ਨ ਪ੍ਰਲੰਘੁ ਪਰ ਅਪਣਾ ਆਪ ਬਚਾਇ ॥981॥
ਸੁਨ ਕਰ ਕਹ੍ਯੋ ਨਿਹੰਗ ਪ੍ਰਤਿ ਹਮ ਭਾਈ ਇਕ ਕੇਰ ॥
ਗੁਰੂ ਨਿਹੰਗ ਹਟਾਯੋ ਤੂੰ ਨਹਿ ਬੋਲ ਉਚੇਰ ॥982॥
ਭਈ ਪੀਰ ਤਿਸ ਉਦਰ ਮਹਿ ਗਯੋ ਸਦਨ ਨਿਜ ਥਾਇ ॥
ਹਾਇ ਸੁ ਹਾਇ ਪੁਕਾਰਤਾ ਅਤੀਸਾਰ ਦੁਖ ਪਾਇ ॥983॥

॥ ਚੌਪਈ ॥

ਸਭ ਪ੍ਰਵਾਰ ਨੇ ਪੂਛਨ ਕੀਨਾ ॥ ਕਯੋ ਦੁਖੁ ਹੋਵਾ ਕਹੋ ਪ੍ਰਬੀਨਾ ॥
ਕਹਤ ਭਯੋ ਗੁਰ ਪਲਘ ਬਿਰਾਜੇ ॥ ਮੈਂ ਬਰੋਬਰੀ ਕਰੀ ਨਿਲਾਜੇ ॥984॥
ਯਾਤੇ ਮੈ ਦੁਖ ਅਤਿਸੈ ਪਾਵਾ ॥ ਪ੍ਰਾਨ ਚਲੰਤੰ ਹੈ ਬਿਨ ਸਿਰ ਨਾਵਾ ॥
ਮੰਚ ਚੁਕਾਇ ਗੁਰੂ ਪਹਿ ਆਯੋ ॥ ਤ੍ਰਾਹਿ ਤ੍ਰਾਹਿ ਮੁਖਿ ਬੈਨ ਅਲਾਯੋ ॥985॥
ਛਿਮਾ ਕਰੀਜੈ ਮੈਂ ਦੁਖ ਪਾਵਾ ॥ ਆਪ ਸੁਖੰਗਰ ਦੁਖ ਬਨ ਦਾਵਾ ॥
ਮੇਰੇ ਮਨ ਮੋ ਜਾਤ ਗੁਮਾਨਾ ॥ ਅਬ ਤੋ ਹੋਵਾ ਸਗਲੋ ਹਾਨਾ ॥986॥

॥ ਦੋਹਰਾ ॥

ਬਿਨਤੀ ਸੁਨੀ ਹਜੂਰ ਜਬ ਬਚਨ ਕਹਯੋ ਬਿਗਸਾਇ ॥
ਤੁਕ ਮੁੰਦਾਂ ਸੰਤੋਖੁ ਪੜ ਦੇਵੋ ਜਲਹਿ ਪਿਲਾਇ ॥987॥

---

1. ਏ ਪੋਥੀ ਸੁ ਦੀਨਾ

॥ ਚੌਪਈ ॥

ਪੜ ਕਰ ਪੌੜੀ ਜਲ ਮੁਖ ਪਾਵਾ ॥ ਰੋਗ ਗਯੋ ਜਿਮ ਹੜ ਜਲ ਧਾਵਾ ॥
ਉਠਿ ਕਰਿ ਗੁਰ ਕੇ ਚਰਨ ਗਹਾਨੇਂ ॥ ਬਾਰ ਬਾਰ ਬੰਦਨ ਬਹੁ ਠਾਨੇ ॥988॥
ਪਤਵੰਤ ਰਾਇ ਪੁਨਾ ਚਲ ਆਵਾ ॥ ਚਾਹੇ ਗੁਰ ਜੀ ਪਲੰਘ ਬਹਾਵਾ ॥
ਹਾਥ ਜੋਰ ਤਿਨ ਬਿਨਤੀ ਗਾਈ ॥ ਜਗੀਰ ਚੰਦ ਲੀਨੋ ਫਲ ਪਾਈ ॥989॥
ਤੁਮ [1]ਗੁਰ ਨਾਨਕ ਭਾ ਅਵਾਤਰਾ ॥ ਬਹੋ ਬਰੋਬਰ ਕੌਨ ਬਿਚਾਰਾ ॥
ਐਸੇ ਕਹਿ ਕਰ ਬੈਸਾ ਨੀਵਾ ॥ ਜਾਨਤ ਭਾ ਗੁਰ ਬੱਲ ਕੀ ਸੀਵਾ ॥990॥

॥ ਦੋਹਰਾ ॥

ਤਿਸ ਦਿਨ ਥੀ ਬੇਦੀ ਜਿਤੇ ਅਦਬ ਕਰੈ ਹਿਤ ਧਾਰ ॥
ਸ੍ਰੀ ਗੁਰ ਨਾਨਕ ਬਪ ਧਰਾ ਸਭ ਨੇ ਲੀਨ ਬਿਚਾਰੁ ॥991॥

॥ ਚੌਪਈ ॥

ਤਯਾਰ ਭਲੋ ਲੰਗਰੁ ਗੁਰ ਕੇਰਾ ॥ ਬਰਤਤ ਹੈ ਸਦ ਸਾਂਝ ਸਵੇਰਾ ॥
ਜੋ ਆਵਤਿ ਨਹਿੰ ਖਾਲੀ ਜਾਈ ॥ ਹੋਵਤ ਗੁਰ ਕੀ ਦੇਗ ਸਵਾਈ ॥992॥

॥ ਦੋਹਰਾ ॥

ਨਿਸਿ ਬਿਖੇ ਜਬ ਸੋਤ ਭੇ ਗੁਰੂ ਗਰੀਬੁ ਨਿਬਾਜੁ ॥
ਤੰਗਿ ਭਯੋ ਤਨ ਪੀਰ ਕਰਿ ਉਠਿ ਬੈਠੇ ਸੁਖ ਸਾਜ ॥993॥

॥ ਚੌਪਈ ॥

ਤਜਿ ਪ੍ਰਯੰਕ ਬਾਹਰਿ ਉਠਿ ਧਾਏ ॥ ਗਵਨ ਕਰਤ ਕੂੜੇ ਢਿਗ ਆਏ ॥
ਹੁਕਮ ਭਯੋ ਕੂੜਾ ਸਭ ਫੋਲੋ ॥ ਜੋ ਹੈ ਬੀਚ ਨਿਕਾਸੋ ਟੋਲੋ ॥994॥
ਜਬ ਫੋਲਾ ਤਬ ਪੋਥੀ ਨਿਕਸੀ ॥ ਕਹਾ ਬਚਨ ਗੁਰ ਅਤਿਸੈ ਬਿਗਸੀ ॥
[2]ਹੈ ਪੋਥੀ ਪਰਮੇਸਰੁ ਥਾਨੁ[2] ॥ ਸਬਦੁ ਬ੍ਰਹਮੁ ਦੀਪਕੁ ਗੁਰ ਗਯਾਨੁ ॥995॥
ਕਹਯੋ ਹਜੂਰ ਹਮਾਰੀ ਦੇਹੀ ॥ ਯਾਤੇ ਭਯੋ ਕਸਟ ਤਨੁ ਏਹੀ ॥
ਰੁਮਾਲ ਧੁਵਾਏ ਮਨੁ ਹਰਖਾਏ ॥ ਸਭ ਹੀ ਸਿੰਘ ਨਜੀਕੁ ਬੁਲਾਇ ॥996॥
ਕਰੋ ਖੋਜਿ ਕਿਨ ਕਰੀ ਕੁ ਚਾਲ ॥ ਪੋਥੀ ਦੀਨੀ ਕੂੜੇ ਡਾਲ ॥
ਕਹਯੋ ਸਿੰਘ ਦਿਹੁ ਚੋਰ ਚੁਰਾਈ ॥ ਕੂੜੇ ਮੇ ਤਿਨ ਆਨ ਛਪਾਈ ॥997॥

॥ ਦੋਹਰਾ ॥

ਸਰਬ ਪ੍ਰਤੀ ਸਤਗੁਰ ਭਨਾ ਸੁਨੋ ਸਬੈ[3] ਮਨੁ ਲਾਇ ॥
ਗੁਰਮੁਖੀ ਅਛਰ ਜੋ ਅਹੈ ਗੁਰ ਕੇ ਰੋਮ ਸੁਹਾਇ ॥998॥
ਏਕ ਸਿਖ ਬਿਨਤੀ ਕਰੀ ਦੇਵੋ ਮੋਹਿ ਦਿਆਲੁ ॥
ਪਾਠ ਕਰੋ ਸਦ ਨੇਮ ਸੋ ਦੀਨੀ ਗੁਰ ਤਤੁ ਕਾਲ ॥999॥

1. ਅ ਪੋਥੀ ਤੂੰ  2. ਅ ਪੋਥੀ ਪਾਠਾਂਤਰ : ਪੋਥੀ ਪਰਮੇਸੁਰ ਕਾ ਥਾਨੁ
3. ਅ ਪੋਥੀ ਸਾਬ

ਲੇਕਰ ਸਿਖ ਮਨ ਹਰਖਯੋ ਪਾਠ ਸੁਨਾਵੈ ਨੀਤ ॥
ਗੁਰੂ ਸੁਨੈ ਹਿਤੁ ਧਾਰਿ ਕੈ ਸਿਖ ਮਨ ਜਾਗੀ ਪ੍ਰੀਤਿ ॥1000॥

॥ ਸੋਰਠਾ ॥

ਗੁਰ ਜੀ ਮਨ ਹੁਲਸਾਇ ਕੜਾਹ ਪ੍ਰਸਾਦਿ ਕਰਾਇ ਕੈ ॥
ਟਹਿਲੀ ਦਯੋ ਪੁਜਾਇ ਸਾਧਨ ਢਾ ਘਰ ਖਾਇਓ ॥1001॥

॥ ਚੌਪਈ ॥

ਤਯਾਰ ਭੰਡਾਰਾ ਹੋਵਾ ਜਬ ਹੀ ॥ ਕਹਿ ਅਰਦਾਸ ਮਹੰਤੈ ਤਬ ਹੀ ॥
ਪੰਜ ਮੰਨੀਆ ਬਾਰਾ ਅੰਬ ॥ ਧਰੇ ਸਾਧ ਸੰਦੂਕ ਅਲੰਬ ॥1002॥
ਜਬ ਹਜੂਰ ਦਰਸ਼ਨ ਕੋ ਆਵੈ ॥ ਮਯਾ ਧਾਰੈ ਕੁਣਕਾ ਮੁਖ ਪਾਵੈ ॥
ਸ੍ਰੀ ਗੁਰ ਸਾਹਿਬ ਤਿਹ ਚਲਿ ਗਏ ॥ ਬੇਦੀ ਬਾਬੇ ਭੀ ਬਹੁ ਅਏ ॥1003॥
ਸੀਸ ਨਿਵਾਇ ਅਰਦਾਸ ਕਰਾਈ ॥ ਬਹੁਰੋ ਦਯੋ ਪ੍ਰਸਾਦ ਬਰਤਾਈ ॥
ਨਿਵਾਤ ਕੂਜੇ ਸਾਧ ਸੁ ਆਨੇ ॥ ਸ੍ਰੀ ਪ੍ਰਭ ਜੀ ਨਹਿ ਲਾਵਨ ਠਾਨੇ ॥1004॥
ਹਿਤੁ ਹਮਰੇ ਜੋ ਤੁਮ ਨੇ ਰਾਖਾ ॥ ਸੋਈ ਲਯਾਵੋ ਇਹ ਹਮ ਕਾਬਾ ॥
ਅੰਬ ਮਨੀਆ ਯਾਦ ਕਰਾਏ ॥ ਕਾਢ ਫਕੀਰ ਹਜੂਰ ਲਿਯਾਏ ॥1005॥
ਸੋ ਪ੍ਰਸਾਦਿ ਲੀਯੋ ਗੁਰ ਪੂਰੇ ॥ ਜਿਨ ਕੇ ਬੈਨ ਨ ਜਾਵੈ ਊਰੇ ॥
ਬੇਦੀ ਸਾਧ ਸਭੈ ਹਰਖਾਏ ॥ ਬਾਰ ਬਾਰ ਗੁਰ ਉਸਤਤਿ [2]ਗਾਏ ॥1006॥

॥ ਦੋਹਰਾ ॥

ਦਰਸ ਪਰਸ ਗੁਰ ਦ੍ਵਾਰ ਕੋ ਗਵਨੇ ਸਿਵਰ ਹਜੂਰ ॥
ਕਰੇ ਅਗ ਪ੍ਰਯੰਕ ਪਰ ਸਭ ਕੀ ਸਰਧਾ ਪੂਰ ॥1007॥

**(ਕੁੜਹਵਾਲ ਜਾਣਾ)**

॥ ਚੌਪਈ ॥

ਭੋਰ ਹੋਤ ਗੁਰ ਕੂਚ ਕਰਾਵਾ ॥ ਕੁੜਹਵਾਲ ਗਏ ਹਰਖਾਵਾ ॥
ਨਗਰੁ ਲੋਕਿ ਸਭ ਆਏ ਧਾਈ ॥ ਸਬਦ ਪਠੈ ਸੁਰ ਊਚ ਉਠਾਈ ॥1008॥
ਧਰੇ ਉਪਦਿਨ ਬਿਨੈ ਉਚਾਰੈ ॥ ਬਾਰ ਬਾਰ ਹੋਵਤ ਬਲਿਹਾਰੈ ॥
ਕਰਿ ਕਰ ਦਰਸਨ ਮਨ ਹਰਖਾਈ ॥ ਰੰਕਨ ਮਾਨੋ ਨਵ ਨਿਧਿ ਪਾਈ ॥1009॥
ਸਤਿਗੁਰ ਸਵਤਾ ਤਹਾ ਬਿਰਾਜੇ ॥ ਸਿਖਨ ਕੰਜ ਬਿਰੇ ਸੁਖ ਸਾਜੇ ॥
ਔਰ ਗਿਰਾਮਨ ਕੇ ਨਰ ਆਏ ॥ ਧਰ ਕਰਿ ਭੇਟਾ ਮਨ ਬਿਗਸਾਏ ॥1010॥

**(ਇਕ ਨਿਹੰਗ ਦੀ ਕਥਾ)**

ਏਕ ਨਿਹੰਗ ਤਬੈ ਚਲ ਆਵਾ ॥ ਸਸਤ੍ਰਧਾਰੀ ਅਕਾਲ ਬੁਲਾਵਾ ॥
ਕਰਕੇ ਦਰਸਨ ਹੋਯੋ ਮਗਨ ॥ ਗੁਰ ਕੇ ਚਰਨਨ ਲਾਗੀ ਲਗਨਾ ॥

---

1. ਅ ਪੋਥੀ ਕਉ
2. ੲ ਪੋਥੀ ਕੀ ਨੁਤ

॥ ਸੋਰਠਾ ॥

ਗੁਰ ਦਰਸਨ ਪ੍ਰਤਾਪ ਪਾਛਲ ਗਾਥਾ ਯਾਦ ਭੀ ॥
ਹਟ ਗਏ ਤੀਨੋ ਤਾਪ ਪਾਨ ਜੋਰਿ ਕਰਿ ਕਹਿਤ ਭਾ ॥1012॥

॥ ਚੌਪਈ ॥

ਗੁਰ ਜੀ ਮੋਕੋ ਦਾਸ ਪਛਾਨੋ ॥ ਜਨਮ ਜਨਮ ਕਾ ਚੇਰਾ ਮਾਨੋ ॥
ਗੁਬਿੰਦ ਸਿੰਘ ਜੱਬ ਤੁਮ ਬੱਪੁ ਧਾਰੋ ॥ ਪਾਦ ਪਖਾਰ ਜਾਵਤ ਬਲਿਹਾਰਾ ॥1013॥
ਮੋ ਘਰ ਮਯਾ ਸਦਾ ਆਪ ਕਰਾਵੋ ॥ ਅਸਨ ਬਸਨ ਬਹੁ ਮੁਝੇ ਦਿਵਾਵੋ ॥
ਏਕ ਦਿਨ ਤੁਮਰੇ ਮਨੁ ਆਈ ॥ ਪ੍ਰਗਟ ਕਰੈ ਦੇਵੀ ਸੁਖਦਾਈ ॥1014॥
ਏਕ ਵਰਖੁ ਲੌ ਹੋਮਨ ਕਰਾਯੋ ॥ ਸਿਵਾ ਪ੍ਰਗਟਬੇ ਕੋ ਦਿਨੁ ਆਯੋ ॥
ਹਸ ਕਰ ਮੇ ਪ੍ਰੀਤਿ ਬੈਨ ਬਖਾਨਾ ॥ ਤੁਮ ਕੋ ਦੇਵੀ ਭੇਟਾ ਠਾਨਾ ॥1015॥

॥ ਦੋਹਰਾ ॥

ਜੱਬ ਐਸੇ ਤੁਮ ਬਚੰਨ ਕਹਯੋ ਮੁਹਿ ਮਨੁ ਉਪੰਜਾ ਤ੍ਰਾਸ ॥
ਆਗ ਜਰੰਨ ਮੁਸਕਲ ਗਨਯੋ ਭਾਗਯੋ[2] ਹੋਇ ਉਦਾਸ ॥1016॥
ਅਨਿਕ ਸਿਵਾ ਪੂਜਤ ਪ੍ਰਭਹਿ ਕੋਟਿਕ ਸਿਵ ਸਨਕਾਇ ॥
ਪੂਜੀ ਤੁਮ ਪ੍ਰਭ ਅਦੂਜਾ ਰਾਖੀ ਬੇਦ ਮ੍ਰਜਾਦ ॥1017॥

॥ ਚੌਪਈ ॥

ਤੁਮਰੀ ਸੇਵਾ ਬਹੁ ਫਲੁ ਆਹੀ ॥ ਜਿਸ ਤੇ ਫਿਰ ਨਰ ਦੇਹੀ ਪਾਹੀ ॥
ਤਬ ਮੈ ਕੀਨੋ ਜਰਨ ਸੰਦੇਹਾ ॥ ਨਿਸ ਦਿਨ ਦੁਖੁ ਪਾਵੇ ਮਮ ਦੇਹਾ ॥1018॥
ਪ੍ਰਭ ਕੇ ਬਚਨ ਨ ਮਨ ਠਹਰਾਯੋ ॥ ਪਰਮ ਕਸਟ ਤਾਂਤੇ ਮੈ ਪਾਯੋ ॥
ਮਨ ਤੰਨ ਜਲਤ ਰਹੇ ਦਿਨੁ ਰਾਤੀ ॥ ਕਹੋ ਕਹਾ ਲਗ ਅਪਨੀ ਬਾਤੀ ॥1019॥

॥ ਦੋਹਰਾ ॥

ਤਾਂਤੇ ਦੁਖ ਪਾਯੋ ਹਮੈਹਿ ਉਲੰਘਿ ਪ੍ਰਾਨ ਜਗਦੀਸ ॥
ਭੂਲ[3] ਛਿਮਾਪਨ ਕੀਜੀਐ[3] ਲੇਵੋ ਮੇਰੋ ਸੀਸ ॥1020॥
ਗੁਰ ਨਿਦੇਸ ਜਿਨ ਭੰਗ ਕਰੀ ਪਰੇ ਨਰਕ ਕੋ ਜਾਇ ॥
ਪਾਨ ਆਪਨੀ ਸਤ੍ਰ ਕਰੋ ਲੇਵੋ ਨਰਕਿ ਬਚਾਇ ॥1021॥
ਅਸ ਕਹਿ ਰਾਮ ਮ੍ਰਿਗੇਸ ਜੂ ਪ੍ਰਭੁ ਪਦ ਸੀਸ ਝੁਕਾਇ ॥
ਟਾਰਯੋ ਟਰੈ ਨ ਨੇਕ ਹੂ ਕਹਿ ਥਕੇ ਸੁਖਦਾਇ ॥1022॥

॥ ਚੌਪਈ ॥

ਤਿਸ ਕਾ ਨਿਸਚਾ ਜਬ ਗੁਰ ਜਾਨਾ ॥ ਚੰਦ ਬਦਨ ਤੇ ਬਚਨ ਬਖਾਨਾ ॥
ਮਹਾਂ ਸਿੰਘ ਪਹਿ ਤੂ ਚਲ ਜਾਇ ॥ ਦੇਵੋ ਅਪਨਾ ਸੀਸ ਕਟਾਇ ॥1023॥

---

1. ਏ ਪੋਥੀ ਰਿਦਿ 2. ਪੋਥੀ ਦੋਰਯੋ
3. ਏ ਪੋਥੀ ਪਾਠਾਂਤਰ : ਹਮਾਰੀ ਬਖਸੀਏ

ਸੁਨ ਗੁਰਬਾਨੀ ਮਨੁ ਹਰਖਾਵਾ ॥ ਮਾਨੋ ਨਿਰਧਨ ਨਿਧ ਕੋ ਪਾਵਾ ॥
ਚਾਰਿ ਪ੍ਰਦਖਣਾ ਗੁਰ ਕੋ ਦੀਨੀ ॥ ਮਨ ਮੈ ਜਾਗੀ ਪ੍ਰੀਤ ਨਵੀਨੀ ॥1024॥

॥ ਦੋਹਰਾ ॥

ਚਲਯੋ ਚਮਕ ਕੈ ਰਾਮ ਹਰਿ ਸੁਮਰਤ ਗੁਰ ਗੁਨ ਗ੍ਰਾਮ ॥
ਮਹਾ ਸਿੰਘ ਨ੍ਰਿਪ ਢਿਗ ਗਯੋ ਵਾਹਿਗੁਰੂ ਜਪਿ ਨਾਮੁ ॥1025॥

॥ ਚੌਪਈ ॥

ਪ੍ਰੇਮ ਉਮਗੀ ਪੂਰਣ ਚਖ ਮਾਤੇ ॥ ਗਦ ਗਦ ਬੈਨ ਨੈਨ ਰਸ ਰਾਤੇ ॥
ਆਗੇ ਮਹਾਂ ਸਿੰਘ ਨਰ ਪਾਲਾ ॥ ਸਜੀ ਸਭਾ ਬਿਠ ਬਾਗ ਬਿਸਾਲਾ ॥1026॥
ਰਾਮ ਸਿੰਘ ਇਤ ਆਵਤ ਦੇਖਾ ॥ ਅਤਸੇ ਕ੍ਰੋਧ ਮਿਲ ਰਹਾ ਬਿਸੇਖਾ ॥
ਸਜੇ ਸਸਤ੍ਰ ਖੰਗ ਮਯਾਨ ਬਿਨ ਕਰ ॥ ਬੇਖ ਨਿਹੰਗ ਧਰਾ ਤਿਨ ਤਨ ਵ੍ਰਰ ॥1027॥
ਬੀਚ ਮਹਾਂ ਸਿੰਘ ਸਭਾ ਸੁਹਾਈ ॥ ਜਾਇ ਨਿਹੰਗ ਸਿੰਘ ਫਤੇ ਬੁਲਾਈ ॥
ਸਭ ਕੇ ਮਨ ਬਹੁ ਅਚਰਜ ਆਵਾ ॥ ਪਹਿਰੇਦਾਰ ਨ ਇਨੇ ਹਟਾਵਾ ॥1028॥
ਮਹਾਂ ਸਿੰਘ ਪ੍ਰਤਿ ਬਾਨੀ ਗਾਈ ॥ ਤੂੰ ਹੈ ਸਿੰਘ ਨਮੋ ਅਧਿਕਾਈ ॥
ਚਲ ਕਰਿ ਗੁਰ ਕਾ ਦਰਸਨ ਕੀਜੈ ॥ ਜਨਮ ਮਰਨ ਜੂਰ ਕਾਟ ਸੁ ਦੀਜੈ ॥1029॥
ਨਿਰੰਕਾਰ ਗੁਰ ਕੁਲਾ ਅਵਤਾਰਾ ॥ ਗੁਰ ਸਾਹਿਬੁ ਸਿੰਘ ਜਗ ਦਾਤਾਰਾ ॥
ਕਾਰਨ ਕਰਨ ਕ੍ਰਿਤਾਗ ਗੁਸਾਈ ॥ ਬਾਰਨ ਬਾਰ ਨ ਤਾਰਨ ਲਾਈ ॥1030॥

॥ ਦੋਹਰਾ ॥

ਨਿਰਗੁਣ ਕੋ ਪੂਜੇ ਨ੍ਰਿਪਤ ਅਤਿ ਅਚਾਰ ਕੈ ਠਾਂਨ ॥
ਸਰਗੁਨ ਪ੍ਰਗਟ ਨ ਪੂਜਈ ਨ੍ਰਿਪਤ ਕੈ ਨ ਅਭਿਮਾਂਨ ॥1031॥

॥ ਚੌਪਈ ॥

ਚਲਹੁ ਪੇਖਿ ਤਜਿ ਨ੍ਰਿਪਤਿ ਗੁਮਾਨੀ ॥ ਨਾਥ ਨਿਰੰਜਨ ਗਤਿ ਜਿਯ ਨਾਨੀ ॥
ਮੁਕਤਿ ਭੁਗਤਿ ਦਾਤਾਰ ਕ੍ਰਿਪਾਲਾ ॥ ਚਲੋ ਦਰਸ ਹਿਤ ਉਮਗ ਨ੍ਰਿਪਾਲਾ ॥1032॥
ਪਾਹਨ ਤਰੇ ਸਿੰਧ ਕੇ ਮਾਹੀ ॥ ਤੂੰ ਕਿਹ ਹੇਤੁ ਤਰਤ ਨ੍ਰਿਪ ਨਾਹੀ ॥
ਰਾਜ ਗਰਬ ਮਤ ਕਰਹੁ ਨਰੇਸੂ ॥ ਛਿਨ[2] ਮਾਹਿ ਗਤਿ ਰਹੇ ਨ ਲੇਸੂ ॥1033॥

॥ ਦੋਹਰਾ ॥

ਧਨੁ ਅਰੁ ਜੋਬਨੁ ਕੋ ਗਰਬੁ ਕਬਹੂੰ ਕੀਜੈ ਨਾਹਿ ॥
ਦੇਖਤ ਹੀ ਮਿਟ ਜਾਤ ਹੈ ਜਯੋ ਬਾਦਰ ਕੀ ਛਾਹਿ ॥1034॥
ਏਕ ਦਸਾ ਨਿਰਬਹਤ ਨਹਿ ਇਹ ਜਾਨੰਤ ਸਭ ਕੋਇ ॥
ਸੂਰਜ[3] ਕੀ ਇਕ ਦਿਵਸ ਮੈ ਤੀਨ ਅਵਸਥਾ ਹੋਇ ॥1035॥

---

1. ਮੂਲ ਪੋਥੀ ਕੋਲ
2. ਅ ਪੋਥੀ ਛਿਨਕ
3. ੲ ਪੋਥੀ ਸੂਰਯ

॥ ਚੌਪਈ ॥

ਨਦੀ ਪ੍ਰਵਾਹ ਗਤਾ ਗਤਿ ਜੈਸੇ ॥ ਅਗਮ ਪਾਇ ਪਦਾਰਥ ਤੈਸੇ ॥
ਬਧਕ ਦਰਪ ਗਹਿ ਤ੍ਰਿਸਨਾ ਜਾਲਾ ॥ ਜੀਵ ਵਿਹੰਗ ਗ੍ਰਸਤ ਤਤਕਾਲਾ ॥1036॥
ਗਰਬ ਸਰੂਪ ਜੋ ਜੋ ਨਰ ਚਾਬੇ ॥ ਤਰਫਤ ਜਨਮੁ ਮਰਨ ਦੁਖ ਦਾਬੇ ॥
ਛੁਟਕੀ ਡੋਰਿ ਹਾਥ ਨਹਿ ਲਾਗੇ ॥ ਤ੍ਰਿਣ ਸਮੀਰ ਗਤਿ ਹੋਵਤਿ ਭਾਗੇ ॥1037॥

॥ ਛੰਦ ॥

ਚੌਕਾਰੋ ਮਦਰਾ ਕਰਤੂ ਘੂਰਣ ਬੁਧ ਚਖ ਨਹਿ ਸੂਝ ਹੀ ॥
ਪਥ ਅਪਥ ਨਹਿ ਬਿਚਾਰਿ ਹੈ ਕਛੁ ਰਸ ਅਰਥ ਮਤ ਸੂਝ ਹੀ ॥
ਪਲ ਅਵਧ ਨਾਹਿ ਪ੍ਰਤੀਤ ਮਨ ਮੈ ਸੌ ਵਰਖ ਤਕ ਹੋ ਡਹੀ ॥
ਜਿਮ ਹਾਡ ਸ੍ਵਾਨ ਚਬਾਤ ਰੁਚਿ ਤਿਮ ਵਿਖਯ ਵ੍ਯਾਧ ਨ ਛੋਡ ਹੀ ॥1038॥

॥ ਦੋਹਰਾ ॥

ਮਾਨ ਕਹਯੋ ਮੇਰੋ ਨ੍ਰਿਪਤ ਮਾਨ ਤ੍ਰਿਯਾਗੁ ਕੈ ਚਾਲ ॥
ਬੇਦੀ ਮਾਨਸ ਹੰਸ ਪ੍ਰਭੁ ਨਿਰਖਹੁ ਰੂਪ ਰਿਸਾਲ ॥1039॥

॥ ਚੌਪਈ ॥

ਮਾਨ ਸਿੰਘ ਸੁਨ ਮਨ ਰਿਸ ਆਈ ॥ ਲਾਲ ਨੈਨ ਕਰਿ ਭ੍ਰਿਤੇ ਬੁਲਾਈ ॥
ਇਸ ਨਿਹੰਗ ਕੋ ਮਾਰ ਹਟਾਵੋ ॥ ਦੇਰੁ ਨ ਕੀਜੈ ਪ੍ਰਾਨ ਗਵਾਵੋ ॥1040॥
ਤਬ ਨ੍ਰਿਪ ਭ੍ਰਿਤ ਤਹਿ ਬਰਛੀ ਮਾਰੀ ॥ ਮਾਨ ਸਿੰਘ[1] ਤਨ ਲਗੀ ਨ ਭਾਰੀ ॥
ਖੋਸ ਲੀਨ ਬਰਛੀ ਨ੍ਰਿਪ ਭ੍ਰਿਤ ਤੇ ॥ ਰਾਮ ਸਿੰਘ ਰਿਸ ਪੂਰਣ ਚਿਤ੍ਰ ਤੇ ॥1041॥

॥ ਭੁਜੰਗ ਪ੍ਰਯਾਤ ਛੰਦ ॥

ਨ੍ਰਿਪੰ ਦਾਸ ਕੋ ਮਾਰ ਬਰਛੀ ਭਿ ਰਾਮੰ ॥
ਮਹਾਂ ਸਿੰਘ ਲੈ ਗਾਜ ਕੈ ਸਿੰਘ ਰਾਮੰ ॥
ਲਗੀ ਸਿੰਘ[3] ਕੋ ਬਰਛਕਾ ਜਾਇ ਭਾਰੀ ॥
ਚਲਯੋ ਸ੍ਰੋਣ ਫੁਵਾਰ ਉਛਾਰ ਭਾਰੀ ॥1042॥
ਗਿਰਯੋ ਭੂਮਿ ਪੈ ਝੂਮ ਕੇ ਬੀਰ ਬਾਕੋ ॥
ਮਨੋ ਬਜ੍ਰ ਸੋ ਲਾਗ ਗਿਰ ਸ੍ਰਿੰਗ ਚਾਕੋ ॥
ਤਜੇ ਪ੍ਰਾਣ ਬੀਰੇਂਦ੍ਰ ਔਰੁਨ ਲਖਾਏ ॥
ਤਬੈ ਔਰ ਬਲਵਾਨ ਕਰ ਕੋਪ ਧਾਏ ॥1043॥
ਭਜੇ ਵ੍ਰਿੰਦ ਯੁਧੰ ਮੂਏ ਚਾਰ ਜੋਧਾ ॥
ਮੁਯੋ ਰਾਮ ਸਿੰਘ ਮਹਾਂ ਸੂਰੁ ਕ੍ਰੋਧਾ ॥

---

1. ਅ ਪੋਥੀ ਮਹਾਂ ਸਿੰਘ
2. ਅ ਪੋਥੀ ਰਾਮ ਸਿੰਘ
3. ਅ ਪੋਥੀ ਬੀਰ

ਗੁਰੂ ਲੋਕ ਜਾਨਾ ਇਹੀ ਹੇਤ ਧਾਰਾ ॥
ਮਰਯੋ ਅਸਿ ਖਾਈ ਭਯੋ ਭਵੰ ਧਾਰਾ ॥1044॥

॥ ਦੋਹਰਾ ॥

ਦਿਬ ਵਿਮਾਨ ਅਸਮਾਨ ਤੇ ਗੰਧ੍ਰਵ ਰਾਗ ਅਲਾਇ ॥
ਦੇਵ ਨਟੀ ਬਹੁ ਨਾਚਹੀ ਰਾਮ ਸਿੰਘ ਜਸੁ ਗਾਇ ॥1045॥
ਜਪ ਤਪ ਯਗ ਨਾਹਿਨ ਕੀਏ ਗਯੋ ਗੁਰੂ ਕੋ ਲੋਗ ॥
ਗੁਰ ਸੇਵ ਇਹੁ ਪ੍ਰਤਾਪ ਹੈ ਜਨਮ ਮਰਨ ਨਹਿ ਸੋਗ ॥1046॥

॥ ਚੌਪਈ ॥

ਰਾਮ ਸਿੰਘ ਦਿਬ ਪੁਰੀ ਸਿਧਾਵਾ ॥ ਜੈ ਜੈ ਜੈ ਸਭ ਦੇਵਨ ਗਾਵਾ ॥
ਪਾਛਲ ਗਾਥ ਸੁਨੋ ਮਨ ਲਾਈ ॥ ਜੈਸੇ ਹੋਈ ਸੋ ਦੇਉ ਬਤਾਈ ॥1047॥
ਮਹਾਂ ਸਿੰਘ ਉਦ੍ਰ ਸੂਲ ਭਾ ਭਾਰੀ ॥ ਭਯਾ ਮ੍ਰਿਤ ਨਹਿੰ ਰਹੀ ਸੰਭਾਰੀ ॥
ਰਣਜੀਤ ਸਿੰਘ ਕਿਰਯਾ ਕਰਵਾਈ ॥ ਬੇਦ ਪੁਰਾਣਨ ਜੈਸੇ ਗਾਈ ॥1048॥
ਸੁਨ ਗੁਰੁ ਗਾਥਾ ਅਤਿਸੈ ਰੂਰੀ ॥ ਪਾਠਤ ਸੁਨਤੇ ਮਿਟ ਜਾਹਿ ਵਿਸੂਚੀ ॥
ਕੁਝਰਾਵਾਲ ਰਹੇ ਸੁਖਦਾਈ ॥ ਸੰਗਤਿ ਆਵੈ ਮਨੁ ਹਰਖਾਈ ॥1049॥
ਏਕ ਮਾਸ ਗੁਰ ਤਹਾਂ ਬਿਰਾਜੇ ॥ ਹੋਵੈ ਕੀਰਤਨ ਸੰਗਤਿ ਛਾਜੇ ॥
ਬਹੁਰੋ ਸ੍ਰੀ ਗੁਰ ਕੂਚ ਕਰਾਈ ॥ ਰਾਮ ਨਗਰ ਮੰਗਾਨੇ ਸੁਖਦਾਈ ॥1050॥
ਸੁਨ ਕਰੁ ਸੰਗਤਿ ਆਈ ਦੋਰੀ ॥ ਕਰ ਗੁਰ ਦਰਸ ਫਿਰੇ ਚਹੁ ਓਰੀ ॥
ਧਰੈ ਉਪਾਇਨ ਚਰਨੀ ਲਾਗੇ ॥ ਬਾਰ ਬਾਰ ਗੁਨ ਗਾਵਨ ਪਾਗੇ[1] ॥1051॥

(ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਦਾ ਸ਼ਰਣ ਵਿਚ ਆਉਣਾ)

॥ ਦੋਹਰਾ ॥

ਮਹਾ ਸਿੰਘ ਕੀ ਨਾਰਿ ਜੋ ਹੈ ਸਰ ਕਾਰੈ ਮਾਤ ॥
ਪ੍ਰਤਾਪ ਕੌਰ ਜਿਸੁ ਨਾਮ ਹੈ ਆਈ ਲੇਕਰ ਤਾਤ ॥1052॥

॥ ਚੌਪਈ ॥

ਜੁਗਮ ਅਸੂ ਹੈ ਬਹੁਤ ਚਲਾਕੀ ॥ ਬਸਨ ਰਜਤ ਪਣ ਫਲ ਸੁਧਾਕੀ ॥
ਆਨ ਹਜੂਰਿ ਸੁਤ ਮਾਥ ਟਿਕਾਯੋ ॥ ਪਾਨ[2] ਜੋਰ ਗੁਰ ਕੋ ਜਸੁ ਗਾਯੋ ॥1053॥
ਅਸੀ ਜਾਟ ਸਦ ਭੂਲਨ ਹਾਰੇ ॥ ਆਪੁ ਬਖਸ਼ੰਦ ਸਦਾ ਦਾਤਾਰੇ ॥
ਇਸ ਬਾਰਕ ਪਰ ਮਯਾ ਕਰੀਜੈ ॥ ਤਾਤ ਮਰੇ ਪਰ ਰਖਿਆ ਕੀਜੈ ॥1054॥
ਸੁਨਿ ਤਿਸ ਬਿਨਤੀ ਗੁਰ ਹਰਖਾਏ ॥ ਬਚਨ ਕਹੇ ਜੋ ਹੈ ਸੁਖਦਾਏ ॥
ਇਹੁ ਬਾਰਕੁ ਹੋਵੈ ਬਡ ਜੋਧਾ ॥ ਮਾਰੇ ਸ਼ਤ੍ਰੂ ਕਰ ਮਨ ਕ੍ਰੋਧਾ ॥1055॥

---

1. ਅ ਪੋਥੀ ਲਾਗੇ
2. ੲ ਪੋਥੀ ਹਾਥ

ਸਭ ਸਿਰਕਾਰ ਮਾਨੈ ਤਿਸ ਆਨ ॥ ਦੇਖਿ ਪ੍ਰਤਾਪ ਕੰਪੈ ਤ੍ਰਿਨ ਪ੍ਰਾਨ ॥
ਖੁਦ ਦੇਸ ਕੋ ਟੀਕੋ ਹੋਈ ॥ ਔਰ ਨ ਦੂਜਾ ਇਸ ਸਮ ਕੋਈ ॥1056॥

॥ ਦੋਹਰਾ ॥

ਪ੍ਰਤਾਪ ਕੌਰ ਗੁਰ ਬੈਠ ਸੁਨ ਮਨ ਮੋ ਬਹੁ ਹਰਖਾਇ ॥
ਗਰ ਮੋ ਅੰਚਰੁ ਧਾਰਿ ਕੈ ਖਰੀ ਚਰਨ ਉਲਕਾਇ ॥1057॥
ਪਾਨ ਜੋਰ ਕਰ ਕਹਤ ਭੀ ਸੁਨੀਏ ਦੀਨ ਦਿਆਲ ॥
ਇਹਾਂ ਬਿਰਾਜੋ ਸਤਿਗੁਰੂ ਕੀਜੈ ਹਮਰੀ ਪਾਲ ॥1058॥

॥ ਚੌਪਈ ॥

ਤਿਸ ਕੀ ਬਿਨਤੀ ਸੁਨ ਕਰ ਦਯਾਲਾ ॥ ਰਾਖਾ ਡੇਰ ਕਛੁਕ ਕਾਲਾ ॥
ਮੈਦਾ ਘੀਉ ਦਾਨਾ ਪਹੁਚਾਈ ॥ ਲਕਰੀ ਘਾਸਹਿ ਅੰਤੁ ਨ ਪਾਈ ॥1059॥
ਲੰਗਰ ਆਪੁ ਸਦਾ ਚਲ ਆਵੈ ॥ ਗੁਰ ਹਿਤ ਫੁਲਕੇ ਸਰਬ ਪਕਾਵੈ ॥
ਰਣਜੀਤ ਸਿੰਘ ਸਦ ਧੁਰ ਭਾਵਾ ॥ ਪਾਦ ਪਦਮ ਪਰ ਸੀਸ ਨਿਵਾਵਾ ॥1060॥
ਸਾਹਿਬ ਤਿਸ ਸਿਰੁ ਫੇਰੈ ਹਾਥਾ ॥ ਰਾਜ ਨੀਤ ਸਿਖਲਾਵੈ ਗਾਥਾ ॥
ਏਕ ਦਿਵਸ ਸੀਤੰ ਭਾ ਭਾਰੀ ॥ ਰਣਜੀਤ ਸਿੰਘ ਖੇਲਤੁ ਅਗਾਰੀ ॥1061॥

॥ ਦੋਹਰਾ ॥

ਬਾਲਕ ਸਗਲ ਤਿਯਾਗ ਕੇ ਥਿਰਾ ਮੰਚ ਤਰ ਆਇ ॥
ਸ੍ਰੀ ਗੁਰ ਕਰ ਮੋ ਕਰ ਗਹਾ ਕਹਯੋ ਬੈਨ ਹਰਖਾਇ ॥1062॥
ਜਾਡਾ[2] ਤੇ ਕੈ ਲਾਗਿਓ ਬਰਾ ਮੰਚ ਤਰ ਆਇ ॥
[3]ਬੋਲੀ ਨਹਿ ਸਰਕਾਰ[3] ਤਬ ਲੀਨੇ ਨੈਨ ਨਿਵਾਇ ॥1063॥
ਖੇਸ ਰੇਸਮੀ ਜਰਕਸੀ ਪਿੜੀਆ ਜਿਸ ਮੋ ਆਹਿ ॥
ਅਪਨੇ ਉਪਰਿ ਲਾਹਿ ਗੁਰ ਦੀਨ ਤਿਸੇ ਉਡਾਇ ॥1064॥

## (ਰਣਜੀਤ ਸਿੰਘ ਨੂੰ ਦੁਸ਼ਮਣਾਂ ਤੋਂ ਬਚਾਉਣਾ)

॥ ਚੌਪਈ ॥

ਕਰੀ ਮਯਾ ਬੇਦੀ ਕੁਲ ਈਸਾ ॥ ਕੀਨੇ ਇਸ ਕੇ ਦੁਸਮਨ ਖੀਸਾ ॥
ਪ੍ਰਤਾਪ ਕੌਰ ਦਿਖ ਮਨ ਹਰਖਾਈ ॥ ਬਾਰ ਬਾਰ ਗੁਰ ਕੇ ਗੁਨ ਗਾਈ ॥1065॥
ਫੈਲੀ ਬਾਤ ਸਗਲ ਜਗ ਮਾਹੀ ॥ ਸਰਕਾਰ ਪੇਖ ਗੁਰੂ ਮਨ ਮਾਹੀ ॥
ਦਲ ਸਿੰਘ ਜੋਧ ਸਿੰਘ ਰਿਸ ਖਾਇ ॥ ਭੰਗੀ ਲੀਨੇ ਸਾਥ ਮਿਲਾਇ ॥1066॥
ਔਰੁ ਸਿਰਦਾਰੁ ਲੀਨ ਬੁਲਾਈ ॥ ਫੌਜ ਇਕਤ੍ਰ ਕਰੀ ਸਮੁਦਾਈ ॥
ਲੀਨੀ ਸਭ ਨੇ ਮੇਲਿ ਸਲਾਹਿ ॥ ਬੇਦੀ ਡੇਰਾ ਲੂਟੈ ਜਾਇ ॥1067॥

---

1. ਅ ਪੋਥੀ ਦਾਰ
2. ੲ ਪੋਥੀ ਠਾਢ
3. ਅ ੲ ਪੋਥੀ ਪਾਠਾਂਤਰ : ਬੋਲ ਨਹਿ ਰਣਜੀਤ ਸਿੰਘ

ਤਿਨ ਮੋ ਗਜਾ ਸਿੰਘ ਇਕ ਆਹੀ ॥ ਸੁਨਿ ਕਰਿ ਮਸਲਤਿ ਬਹੁ ਪਛਤਾਈ ॥
ਮੰਦ ਕੁਮਤਿ ਇਨ ਕੈ ਮਨ ਆਹੀਂ ॥ ਗੁਰ ਸਨ ਚਾਹੇ ਬੈਰ ਕਮਾਈ[1] ॥1068॥
ਇਕ ਮਾਨਵ ਮੈ ਦਿਓ ਪਠਾਇ ॥ ਦੇਵੈ ਗੁਰ ਕੋ ਬਿਧ ਸਮਝਾਇ ॥
ਲਿਖ ਅਰਜੀ ਤਬ ਮਾਨਵ ਭੇਜਾ ॥ ਲੇਕਰ ਦੌਰਾ ਜਿਸ ਵਡ ਤੇਜਾ ॥1069॥

॥ ਦੋਹਰਾ ॥

ਹਾਥੁ ਜੋਰੁ ਸਿਰੁ ਨਯਾਇ ਕਰੁ ਅਰਜੀ ਆਗੈ ਕੀਨ ॥
ਗੁਰੂ ਪੜਾਈ ਖੋਲਿ ਕਰਿ ਬਿਨੈ ਗਜਾ ਸਿੰਘ ਚੀਨ ॥1070॥

॥ ਚੌਪਈ ॥

ਗੁਰ ਜੀ ਮਾਨਵ ਆਯਾ ਜੈਸੇ ॥ ਸਿੰਘਨ ਸੈਨਾ ਆਈ ਤੈਸੇ ॥
ਦਲ ਸਿੰਘ ਆਦਿ ਸਭੀ ਚੜਿ ਧਾਏ ॥ ਜਿਨ ਕੇ ਮਨ ਮੈ ਮਾਨ ਮਹਾਏ ॥1071॥
ਚਾਹੇਂ ਤੁਮਰਾ ਡੇਰਾ ਲੂਟਾ ॥ ਜਗ ਮੈ ਰਹੈ ਨ ਇਨ ਕਾ ਬੂਟਾ ॥
ਆਗੇ ਆਪ ਕਰੋ ਸੁ ਹੋਈ ॥ ਮੈ ਸੇਵਕ ਨੇ ਅਰਜੀ ਢੋਈ ॥1072॥
ਜਬ ਇਹ ਬਾਕ[2] ਸੁਨੇ ਗੁਰ ਪੂਰੇ ॥ ਭ੍ਰੰਕੁਟ ਚਢਾਈ ਜਗ ਮੋ ਸੂਰੇ ॥
ਸੰਗਤਿ ਸਿੰਘ ਕੋ ਸ੍ਰੀ ਗੁਰ ਪ੍ਰੇਰਾਂ ॥ ਸੈਨ ਸਕੇਲੋ ਕਰੋ ਨਬੇਰਾ ॥1073॥
ਸਤ ਬਚਨ ਤਬ ਤਿਸ ਨੇ ਗਾਯੋ ॥ ਭਿੰਨ ਭਿੰਨ ਕਰਿ ਨਾਮੁ ਬੁਲਾਯੋ ॥
ਧਰ ਧਰ ਆਯੁਧ ਤਤੁ ਛਿਨ ਆਏ ॥ ਜੈਸੇ ਪੰਚਾਨਨ ਮਾਰਤ ਕਾਏ ॥1074॥
ਮਾਨੋ ਸਿੰਘ ਆਗੇ ਥੇ ਤਯਾਰ ॥ ਸੰਧਯਾ ਹੋਈ ਭਯੋ ਅੰਧਕਾਰ ॥
ਕਾਸਟ ਪ੍ਰਿਸਟਣੀ ਕੀਨ ਤਯਾਰੀ ॥ ਜਿਨੇ ਦੀਨ ਸਤਿਗੁਰ ਬਲਿਹਾਰੀ ॥1075॥

॥ ਦੋਹਰਾ ॥

ਜੋਧ ਸਿੰਘ ਦਲ ਸਿੰਘ ਜੋ ਭੰਗੀ ਬਹੁ ਸਿਰਦਾਰ ॥
ਆਪੇ ਅਪਨੀ ਮਿਸਲ ਲੇ ਕਰ ਧਰ ਸਸਤ੍ਰ ਹਜਾਰ ॥1076॥

॥ ਚੌਪਈ ॥

ਜੁਗ ਤੁਮਣ ਤਿਨ ਸੈਨ ਬਨਾਈ ॥ ਗੁਰ ਸਮੀਪੁ[3] ਤਬ ਆਏ ਧਾਈ ॥
ਸੰਗਤਿ ਸਿੰਘ ਨੇ ਸਿੰਘ ਸੁ ਪ੍ਰੇਰੇ ॥ ਮਾਰੋ ਇਨ ਕੋ ਕਰੋ ਨ ਦੇਰੇ ॥1077॥
ਜਬੈ ਰੈਬਾ ਇਨ ਦੀਨ ਚਲਾਈ ॥ ਤਿਨ ਭਟ ਗਿਰੇ ਨ ਗਿਨਤੀ ਕਾਈ ॥
ਏਕ ਗੁਰੂ ਜੀ ਕੌਤਕਿ ਕੀਨ੍ਹਾ ॥ ਜਾਤੇ ਸਤਰੂ ਹੋਈ ਹੀਨਾ ॥1078॥
ਜੁਗਲ ਓਰਿ ਤਿਨ ਸੈਨਾ ਆਈ ॥ ਗੁਰ ਡੇਰੇ ਤੇ ਭੀ ਅਗਵਾਈ ॥
ਆਪਸ ਮੋ ਤਿਨ ਕੀਨੋ ਭੇੜਾ ॥ ਮਾਰੈ ਗੋਰੀ ਕਰ ਕਰ ਝੇੜਾ ॥1079॥

---

1. ਅ ਪੋਥੀ ਬਧਾਈ
2. ੲ ਪੋਥੀ ਬੈਠ
3. ੲ ਪੋਥੀ ਨਿਕਟਿ

ਨਿਸ ਆਪੀ ਗੁਰ ਮਾਯਾ ਪ੍ਰਾਈ ॥ ਆਪਸ ਮੇ ਮਰ ਖਪ ਦੁਖ ਪਾਈ ॥
ਐਸਾ ਗੁਰ ਜੀ ਕੌਤਕ ਕੀਨਾ ॥ ਕਿਨੇ ਨਾ ਜਾਨਾ ਭਾ ਦੁਖ ਪੀਨਾ ॥1080॥

॥ ਦੋਹਰਾ ॥

ਇਸ ਮੇ ਗਾਥਾ ਔਰੁ ਭੀ ਸੁਨ ਭਾਈ ਮਨੁ ਲਾਇ ॥
ਸਿਵਰ ਹੁਤੇ ਤਿਨ ਕੋ ਜਹਾ ਚਮਕਿ ਜ੍ਵਾਲ ਬਲ ਪਾਇ ॥1081॥

॥ ਚੌਪਈ ॥

ਤੰਬੂ ਕਨਾਤਾ ਬਹੁ ਅਸਬਾਬ ॥ ਹੈ ਗੈ ਸੜਗੇ ਭਏ ਖਰਾਬ ॥
ਅਵੰਨੀ ਸੁਤ ਮਨੋ ਦਯੋ ਲਾਈ ॥ ਗੁਰ ਘਰ ਸੇਵਾ ਆਨ ਕਮਾਈ ॥1082॥
ਲੰਕਾ ਵਤ ਹੋਈ ਸਭ ਛਾਰ ॥ ਅਮਨ ਦੇਵ ਕੀਨੀ ਅਸ ਮਾਰ ॥
ਦੇਖੈ ਲੋਗ ਅਚੰਭਾ ਹੋਵੈ ॥ ਗੁਰ ਸਨ ਵੈਰ ਕਰ ਫਲ ਜੋਵੈ ॥1083॥
ਆਪਸ ਮੇ ਆਗੇ ਲੜ ਮੋਏ ॥ ਪਾਛ ਪਦਾਰਥ ਅਗਨੀ ਖੋਏ ॥
ਜਿਨ ਜਿਨ ਗੁਰ ਸਨ ਕਰਾ ਬਿਰੋਧ ॥ ਤਿਨ ਕੋ ਹੋਵੈ ਨਾਹੀ ਬੋਧੁ ॥1084॥

॥ ਦੋਹਰਾ ॥

ਔਰੁ ਸੁ ਡੇਰੇ ਸਬਨ ਕੇ ਅਗਨੀ ਕੀਨੇ ਛਾਰ ॥
ਗਜਾ ਸਿੰਘ ਕਾ ਬਚ ਰਹਾ ਗੁਰ ਸਨ ਜਿਸੇ ਪਿਆਰ ॥1085॥

॥ ਚੌਪਈ ॥

ਦੌਰੇ ਮਾਨਵ ਖਬਰੁ ਜਨਾਈ ॥ ਗੁਰ ਸਨ ਲੇਰ ਕਯਾ ਪਾਵੋ ਭਾਈ ॥
ਪਾਛੇ ਡੇਰੇ ਤੁਮ ਸੜ [1]ਗਏ ॥ ਕਛੂ ਨ ਬਾਚਾ ਹਮ ਦੁਖੁ ਭਏ ॥1086॥
ਹਟ ਕਰਿ ਆਏ ਦੇਰੇ ਮਾਹੀ ॥ ਭਾਇ ਜਲਾਇ ਰੋਵੈ ਧਾਹੀ ॥
ਮਿਲ ਕਰਿ ਸਭ ਨੇ ਕੀਨ ਸਲਾਹਿ ॥ ਗੁਰ ਪਹਿ ਚਾਲੋ ਦੇਰ ਬਿਹਾਇ ॥1087॥
ਅਗਨੀ ਆਦਿ ਮਨੈ ਜਿਸ ਆਨ ॥ ਦੇਵੀ ਦੇਵ ਰਖੇ ਜਿਨ ਮਾਨ ॥
ਭੀ ਭੁਨਸਾਰ ਸਭੀ ਮਿਲ ਆਏ ॥ ਗਰ ਮੇ ਅੰਚਰ ਸੀਸ ਨਿਵਾਏ ॥1088॥
ਤ੍ਰਾਹਿ ਤ੍ਰਾਹਿ ਹਮ ਸਰਨੀ ਆਇ ॥ ਹਮ ਮੂੜਨ ਕੀਨੇ ਮਨ ਭਾਇ ॥
[2]ਸੋ ਤੋ ਫਲ ਹਮ ਲੀਨੋ ਪਾਈ ॥ ਹਮ ਨੇ ਕੀਨੀ ਅਤਹ ਖੁਟਾਈ[2] ॥1089॥
ਕਮਲ ਨੈਨ ਸੁਨ ਤਿਨ ਕੀ ਬਾਨੀ ॥ ਮੰਦ ਮੰਦ ਬਿਗਸੇ ਗੁਨ ਖਾਨੀ ॥
ਇਹ ਮੂਢੇ ਹੈ ਮਹਾ ਗਵਾਰਾ ॥ ਚਾਹਤ ਅਪਨੀ ਜਰਾ ਉਖਾਰਾ ॥1090॥

॥ ਦੋਹਰਾ ॥

ਤੁਮ ਤੋ ਆਏ ਲੂਟਨੇ ਲੇਵੋ ਲੂਟ ਬਨਾਇ ॥
ਜੋ ਚਾਹੋ ਸੋ ਲੀਜੀਯੈ ਮਤੁ ਪਾਛੈ ਪਛੁਤਾਇ ॥1091॥

---

1. ਅ ਪੋਥੀ ਸਰ
2. ਅ ਪੋਥੀ ਪਾਠਾਂਤਰ : ਮਿਹਰ ਕਰੋ ਬਖਸੋ ਸੁਖਦਾਈ ॥
ਜੋ ਤੁਮਰੇ ਸੰਗ ਕੀਨ ਖੁਟਾਈ ॥

ਹਾਥ ਜੋਰਿ ਸਭ ਨੈ ਭਨਾ ਮਿਹਰ ਕਰੋ ਗੁਰ ਦੇਵ ॥
ਲਜਯਾਮਾਨ ਕਯੋਂ ਕਰਤ ਹੈ ਸਰਨ ਪਾਲ ਰਖ ਲੇਵ ॥1092॥

॥ ਚੌਪਈ ॥

ਰਣਜੀਤ ਸਿੰਘ ਤਬ ਹੀ ਚਲ੍ਹ ਆਵਾ ॥ ਗੁਰ ਪਗ ਆਗੇ ਸੀਸ ਨਿਵਾਵਾ ॥
ਸਭਨਾ ਪ੍ਰਤਿ ਗੁਰ ਬੈਨ ਬਖਾਨਾ ॥ ਬੈਠਿ ਜਾਉ ਸੁਨੀਓ ਸਵਧਾਨਾ ॥1093॥
ਰਣਜੀਤ ਸਿੰਘ ਮਤ ਬਾਰਕ ਜਾਨੋ ॥ ਚੰਦ੍ਰਹਾਸ ਕੇ ਤੁਲ ਪਛਾਨੋ ॥
ਇਸ ਸਨ ਵੈਰੁ ਕਰੈ ਗੋ ਜੋਈ ॥ ਧ੍ਰਿਸਟ ਬੁਧੀ ਸਮ ਤਿਨ ਗਤ ਹੋਈ ॥1094॥
ਸਰਬ ਪੰਥ ਮੈ ਟੀਕਾ ਕੀਨਾ ॥ ਬੈਰ ਕਰੇ ਦੁਖੁ ਪਾਵੈ ਪੀਨਾ ॥
ਸਭ ਨੈ ਕਹਯੋ ਜੁ ਭਨੋ ਸੁਆਮੀ ॥ ਹਮ ਨੇ ਮਾਨੀ ਅੰਤਰਿਜਾਮੀ ॥1095॥
ਭਏ ਸਿਖ ਸਭ ਮਾਨ ਤਿਯਾਗੀ ॥ ਗੁਰ ਚਰਨਨ ਮੈ ਜਿਨੈ ਰਤ[1] ਜਾਗੀ ॥
ਆਪੋ ਅਪਨੀ ਭੇਟ ਚੜਾਈ ॥ ਲੈ ਸਿਰੁਪਾਉ ਗਏ ਹਰਖਾਈ ॥1096॥
ਪ੍ਰਤਾਪ ਕੌਰ ਦਿਖ ਮਨੁ ਬਿਗੁਸਾਵੈ ॥ ਬਾਰ ਬਾਰੋ ਗੁਰ ਕੇ ਗੁਨ ਗਾਵੈ ॥
ਪ੍ਰਭੁ ਜੀ ਮੇਰੀ ਕੀਨ ਸਹਾਇ ॥ ਜੈਸ ਸੁ ਕੰਠ ਰਖਾ ਪਿਠ ਪਾਇ ॥1097॥

॥ ਦੋਹਰਾ ॥

ਗੁਰੂ [2]ਭਨਾ ਨਹਿ ਚਿੰਤ ਕਰਿ ਇਸ ਸਨ ਕਰ ਜੋ ਬੈਰ ॥
ਰਾਜ ਗਵਾਵੈ ਆਪਨਾ ਮਰੈ ਬੰਦ ਕੇ ਘੇਰ ॥1098॥

॥ ਚੌਪਈ ॥

ਸੁਨ ਕਰਿ ਰਾਨੀ ਮਨ ਬਿਗਸਾਈ ॥ ਬਾਰ ਬਾਰ ਗੁਰ ਕੀ ਨੁਤ ਗਾਈ ॥
ਤਬ ਲਗ ਦੇਗ ਭਈ ਤੁਰਤ ਤਯਾਰਾ ॥ ਪ੍ਰਸਾਦਿ ਅਚਾ ਸਤਿਗੁਰੂ ਮੁਰਾਰ ॥1099॥
ਗਜਾ ਸਿੰਘ ਆਯੋ ਹਿਤੁ ਲਾਈ ॥ ਜਿਸ ਨੇ ਦੀਨੋ ਸੁਧ ਪਹੁਚਾਈ ॥
ਦੂਰੋ ਆਵਤ ਗੁਰੂ ਬੁਲਾਵਾ ॥ ਆਉ ਗਜਾ ਸਿੰਘ ਧਰਮ ਰਖਵਾਵਾ ॥1100॥
ਪ੍ਰੇਮ ਮਗਨ[3] ਹੁਇ ਚਰਨ ਗਹਾਨੇ ॥ ਮਨ ਮੈ ਜਾਗੀ ਪ੍ਰੀਤਿ ਮਹਾਨੇ ॥
ਨੈਨਨ ਤੇ ਚਾਲੀ ਜਲ ਧਾਰਾ ॥ ਗਦ ਗਦ ਕੰਠ ਨ ਪਾਰਾਵਾਰਾ ॥1101॥
ਭੁਜਾ ਪਕਰ ਗੁਰ ਪਾਸ ਬਹਾਵਾ ॥ ਕਮਲ ਬਦਨ ਤੇ ਬਚ ਸੁਭ ਗਾਵਾ ॥
ਗੁਰਸਿਖੀ ਕੀ ਰਾਖ ਲਿਯੋ ॥ ਔਰ ਸਿਰਦਾਰ ਸੁ ਹੋਇ ਘਤਯਾ ॥1102॥
ਤੁਮ ਤੇ ਲੀਨੋ ਜਨਮ ਸਵਾਰੁ ॥ ਜਨਮ ਮਰਨ ਤੇ ਹੋਵਾ ਪਾਰੁ ॥
ਗਜਾ ਸਿੰਘ ਪੁਨਿ ਅਰਜੀ ਠਾਨੀ ॥ ਬਿਨੈ ਸੁਨੋ ਮੁਹਿ ਸਾਰੰਗਪਾਨੀ ॥1103॥

॥ ਦੋਹਰਾ ॥

ਸਭ ਕੇ ਪ੍ਰੇਰਕ ਆਪ ਹੋ ਚਾਹੋ ਦੇਹੁ ਕਰਾਇ ॥
ਦਾਰ ਸੁ ਪੁਤਰੀ ਕਯਾ ਕਰੈ ਘਟ ਘਟ ਰਹੇ ਸਮਾਇ ॥1104॥

---

1. ਮੂਲ ਪੋਥੀ ਤਰ 2. ਅ ਪੋਥੀ ਗੁਰੂ 3. ਅ ਪੋਥੀ ਆਤੁ

ਸਿਰਪਾਇ ਸਤਿਗੁਰ ਦਯੋ ਲੀਨੋ ਸੀਸ ਚਢਾਇ ॥
ਬੰਦਨ ਕਰਿ ਸੰਦਨੰ ਆਯੋ ਵਾਹਿਗੁਰੂ ਮੁਖਿ ਗਾਇ ॥1105॥

॥ ਚੌਪਈ ॥

ਬਹੁਰੋ ਸ੍ਰੀ ਗੁਰ ਕੀਨ ਤਯਾਰੀ ॥ ਜਾਵਤ ਸੋਭਾ ਗੁਰੋ ਬਲਿਹਾਰੀ ॥
ਪ੍ਰਤਾਪੁ ਕੌਰ ਬਹੁ ਬਿਨਤੀ ਗਾਈ ॥-ਇਹਾਂ ਬਿਰਾਜੋ ਗੁਰ ਸੁਖਦਾਈ ॥1106॥
ਗੁਰੂ ਭਨਾ ਹਮ ਆਵੈ ਫੇਰਿ ॥ ਸਤਰੂ ਤੁਮਰੇ ਹੋਵੈ ਜੇਰ ॥
ਬਾਰਨ ਪਾਰ ਗੁਰ ਭਏ ਅਰੂੜ ॥ ਮੁਕਤੀ ਦਾਯਕ ਜਿਨ ਪਗ ਧੂੜ ॥1107॥
ਨੌਕਾ ਪਰ ਤਬ ਚੜੇ ਸੁਆਮੀ ॥ ਜਿਨ ਤਾਰੇ ਜਗ ਕਾਮੀ ਬਾਮੀ ॥
ਕਰਨਧਾਰਿ ਨੇ ਤਰੀ ਚਲਾਈ ॥ ਕੀਨੀ [1]ਪਾਰ ਨ ਦੇਰ ਲਗਾਈ ॥1108॥
ਕੇਵਟ ਕੋ ਬਹੁ ਦਰਬੁ ਦਿਵਾਵਾ ॥ ਦੇਰਾ ਮਾਗਟ ਓਟ ਸਿਧਾਵਾ ॥

(ਸ਼ਿਕਾਰ ਚੜ੍ਹਨਾ)

ਖਿਲੈ ਸਿਕਾਰ ਗੁਰੂ ਮਨੁ ਆਈ ॥ ਸੈਨਾ ਲੀਨੀ ਸਾਥ ਬੁਲਾਈ ॥1109॥

॥ ਦੋਹਰਾ ॥

ਮਾਰਵੜੀਏ ਭ੍ਰਾਤ ਜੁਗ ਬਡੇ ਸਿਕਾਰੀ ਜਾਨ ॥
ਲੀਨੇ ਸੰਗ ਹਜੂਰਿ ਜੀ ਪ੍ਰੀਤਿਵਾਨ ਮਨੁ ਮਾਨ ॥1110॥

॥ ਚੌਪਈ ॥

ਬਡੋ ਅੰਮ੍ਰਿਤ ਸਿੰਘ ਸੁ ਜਾਨੋ ॥ ਸੁਰਜਨ ਸਿੰਘ ਲਘੁ ਲੇਹੁ ਮਾਨੋ ॥
ਗੁਰ ਪਰ ਸਰਧਾ ਜਿਨ ਕੋ ਭਾਰੀ ॥ ਸੇਵਾ ਤੇ ਅਤਸੇ ਅਧਿਕਾਰੀ ॥1111॥
ਝਾਰਨ ਝਾਰਤ ਦ੍ਰਿਸਟ ਪਸਾਰਤ ॥ ਚਲੇ ਜੋਤ੍ਰ ਖੋਜਤ ਪਲ ਆਰਤ ॥
ਸਹੇ ਸੂਰ ਟੋਲ ਕਰ ਮਾਰੇ ॥ ਫਿਰ ਕਰਿ ਝਾਰਨ ਹਰਖੰ ਧਾਰੇ ॥1112॥
ਸੁਰਜਨ ਸਿੰਘ ਆਗੇ ਹੁਇ ਚਾਲਾ ॥ ਕਾਂਧੇ ਧਰੀ ਬੰਦੂਕਿ ਦੁਨਾਲਾ ॥
ਚਿਨਗ ਪਰੀ ਤੁਪਕ ਚਲੀ ਗਈ ॥ ਭੁਜ ਹਜੂਰ ਕੀ ਜਖਮੀ ਭਈ ॥1113॥
ਧੀਰਜ ਧਾਟ ਨ ਸਾਹਿਬ ਡਰੇ ॥ ਰੰਚਕ ਭਰਿ ਚਿਤ ਕੋਪਿ[2] ਨ ਕਰੇ ॥
ਸੁਰਜਨ ਸਿੰਘ ਮਨੋ ਭਵ ਪਾਵਾ ॥ ਕਹਯੋ ਗੁਰੂ ਤੂੰ ਕਿਉਂ ਪਾਵਾ ॥1114॥
ਜਖਮ ਬਾਂਧ ਪ੍ਰਭੁ ਪਿਖੇ ਸਿਕਾਰਾ ॥ ਜਨੁ ਅਪਰਾਧ ਨ ਰਿਦੈ ਚਿਤਾਰਾ ॥
ਖੇਲ ਅਖੇਟ ਸਿਵਰ ਗੁਰ ਆਏ ॥ ਨੰਤੀ ਮ੍ਰਾਤ ਬਹੁਤੁ ਪਛੁਤਾਏ ॥1115॥
ਅਹੋ ਅਡੋਰ ਰਿਦੇ ਨਹਿ ਡਰੇ ॥ ਗੁਰ ਕੀ ਦੇਹ ਬਿਖੇ ਬ੍ਰਿਣ ਕਰੇ ॥
ਜਿਨ ਕਾ ਦਰਸਨ ਬਾਂਛਤ ਦੇਵਾ ॥ ਸੁਰ ਜਨ ਚਾਹੇ ਤਾਕੀ ਸੇਵਾ ॥1116॥

॥ ਦੋਹਰਾ ॥

ਬਿਬ ਹੀ ਭ੍ਰਾਤਿ ਨਿਕਾਰੀਏ ਦਲ ਮੈ ਰਹਣੁ ਨ ਦੇਹੁ ॥
ਇਨਹੁ ਦ੍ਰੋਹ ਗੁਰ ਸਨ ਕਿਯੋ ਤੂਰਨ ਬਾਹਰਿ ਕਰੇਹੁ ॥1117॥

---

1. ੲ ਪੋਥੀ ਕੀਓ
2. ੲ ਪੋਥੀ ਰਿਸਿ

॥ ਚੌਪਈ ॥

ਸੁਨਿ ਸਾਹਿਬ ਇਮ ਬਚਨ ਉਚਾਰਾ ॥ ਇਨ ਮੈ ਦੋਸ ਤੁਮ ਕੌਨ ਚਿਤਾਰਾ ॥
ਮੋਹਿ ਮਾਰ ਇਨੂ ਰਾਜ ਨ ਲਹਣਾ ॥ ਇਨ ਮੇਰੀ ਨਹਿ ਗਾਦੀ ਬਹਿਣਾ ॥1118॥
ਸਿਖ ਪੂਤ ਮੇਰੇ ਮਨ ਭਾਏ ॥ ਬਾਲ ਪਾਲ ਕਰ ਜਵਾਨ ਬਨਾਏ ॥
ਮੇਰਾ ਜੁਗ ਮਹਿ ਕੋ ਨਹ ਬੈਰੀ ॥ ਸੁਰ ਦਾਨਵ ਸਭ ਪਰਤੈ ਪੈਰੀ ॥1119॥
ਦੋਨੋ ਭਾਈ ਸੁਨ ਗੁਰਬਾਨੀ ॥ ਬਾਰ ਬਾਰ ਹਿਤ ਬੰਦਨ[1] ਬੰਦਨ ਠਾਨੀ ॥
ਹਮ ਪਰ ਕੀਨੀ ਮਯਾ ਦਯਾਲਾ ॥ ਕੋਪ ਨ ਕੀਨਾ ਕੀਨੀ ਟਾਲਾ ॥1120॥
ਕਿਰਾ ਹੁਕਮ ਸ੍ਰੀ ਸਤਿਗੁਰੂ ਪੂਰੇ ॥ ਦੇਖੋ ਜਖਮ ਮਿਟ ਜਾਇ ਵਸੂਰੇ ॥[2]
ਦੇਖਿ ਸੁਭਾਇ ਸੁ ਮਨ ਹਰਖਾਏ ॥ ਵਾਰ ਵਾਰ ਗੁਰ ਕੇ ਗੁਨ ਗਾਏ ॥1121॥

॥ ਦੋਹਰਾ ॥

ਜਬੈ ਜਖਮ ਖੋਲਨ ਕਰਾ ਦ੍ਰਿਸਟਿ ਨ ਆਵੈ ਦਾਗੁ ॥
ਸਭ ਮਿਲ ਉਸਤਤਿ ਕਰਤਿ ਭੇ ਜਾਗਾ ਮਨ ਅਨੁਰਾਗੁ ॥1122॥

॥ ਚੌਪਈ ॥

ਜਲ ਮੰਗਾਇ ਸਨਾਨੁ ਗੁਰ ਕੀਨਾ ॥ ਨਿਰਧਨ ਕੌ ਧਨੁ ਬਹੁਤਾ ਦੀਨਾ ॥
ਭਾਈ ਬੰਨੋ ਪੋਤੇ ਆਏ ॥ ਧਰੀ ਉਪਾਇਨ ਸੀਸ ਨਿਵਾਏ ॥1123॥
ਸੰਗਤਿ ਔਰ ਸੁ ਬਹੁਤੀ ਆਈ ॥ ਧਰੁ ਧਰੁ ਭੇਟਾ ਮਨ ਹਰਖਾਈ ॥
ਕੀਰਤਨ ਕਰਤੇ ਭਏ ਮਨੁ ਲਾਇ ॥ ਦਰਸਨ ਕਰ ਕਰ ਮਨੁ ਹੁਲਖਾਇ ॥1124॥
ਜਨਮ ਰੰਕ ਜਿ ਪਾਰਸ ਪਾਏ ॥ ਮਰਿੰਨਸੀਲ ਸੁਧਾ ਹਥੁ ਆਏ ।
ਬੰਝ ਨਾਰਿ ਜੈਸੇ ਸੁਤ ਪਾਵੈ ॥ ਰੋਗੀ ਕਾ ਜਿਮ ਰੋਗ ਨਸਾਵੈ ॥1125॥

॥ ਦੋਹਰਾ ॥

ਤੈਸੇ ਗੁਰ ਕਾ ਦਰਸੁ ਕਰ ਮਨ ਮੈ ਸਭ ਹਰਖਾਇ ॥
ਬੰਨੂ ਪੋਤੇ ਕਹਤ ਭੇਏ ਰਹੋ ਗੁਰੂ ਸੁਖਦਾਇ ॥1126॥
ਤਿਨ ਕੀ ਅਰਜੀ ਮਾਨ ਗੁਰ ਠਹਿਰੇ ਕਰਨ ਉਧਾਰਿ ॥
ਜਿਨ ਜਿਨ ਦਰਸ਼ਨ ਗੁਰ ਕੇਰਾ ਹੋਏ ਭਵ ਤੇ ਪਾਰਿ ॥1127॥

॥ ਚੌਪਈ ॥

ਲੰਗਰ[2] ਹੋਵਾ ਤਤੁਖਿਨੁ ਤਿਯਾਰਿ ॥ ਪ੍ਰਸਾਦਿ ਅਚਾ ਸ੍ਰੀ ਗੁਰ ਕਰਤਾਰਿ ॥
ਔਰੁ ਸਰਬ ਨੇ ਲੇਕਰ ਖਾਵਾ ॥ ਭਾਆ[3] ਅਨੰਦ ਸਭ ਕੋ ਹਰਖਾਵਾ ॥1128॥

(ਮਾਈ ਜੀਵੀ ਦੀ ਕਥਾ)

ਜੀਵੀ ਮਾਈ ਇਕ ਚਲ ਆਈ ॥ ਦਾਦਨ ਖਾਂ ਦੇ ਪਿੰਡੁ ਰਹਾਈ ॥
ਜਥਾ ਸਕਤਿ ਤਿਨ ਭੈਟਾ ਰਾਖੀ ॥ ਸਤਿਗੁਰ ਦਰਸ ਅਮੀ ਰਸ ਚਾਖੀ ॥1129॥

---

1. ਅ ਪੋਥੀ ਬੈਦਨ 2. ਅ ਪੋਥੀ ਵਿਚੋਂ 3. ਅ ਪੋਥੀ ਸਭ

ਬੀਸ ਦਿਵਸੁ ਰਹਿ ਸੇਵਕ ਮਾਈ ॥ ਲੰਗਰੁ ਭਾਂਡੇ ਸਦਾ ਮੰਜਾਈ ॥
ਕਿਤਕ ਦਿਵਸ ਪਾਛੇ ਸੁਤ ਆਯੋ ॥ ਲਾਲ ਸਿੰਘ ਜਿਸੁ ਨਾਉ ਕਹਾਯੋ ॥1130॥
ਧਰਿ ਆਕੋਰ ਬਹੁ ਬਿਨੇ ਬਖਾਈ ॥ ਕਰੁ ਮਯਾ ਚਰ ਅਪਨੋ ਜਾਨੀ ॥
ਆਏ ਕੋ ਗੁਜਰੇ ਦਿਨੁ ਚਾਰੁ ॥ ਗਏ ਸੁਤਰੁ ਚੋਰੀ ਪੈ ਧਾਰ ॥1131॥
ਆਵਾ ਮਾਨਵ ਖਬਰੁ ਜਨਾਈ ॥ ਲਾਲ ਸਿੰਘ ਸੁਨ ਮਨ ਪਛਤਾਈ ॥
ਮਾਈ ਤਾਕੋ ਧੀਰ ਧਰਾਵਾ ॥ ਚਿੰਤ ਤਯਾਗ ਨਹਿ ਕਰ ਪਛੁਤਾਵਾ ॥1132॥

॥ ਦੋਹਰਾ ॥

ਮਾਈ ਕਹੇਯੋ ਕਰਿ ਜੋਰੁ ਕਰਿ [1]ਸੁਨੀਏ ਦੀਨਾ ਦਿਆਲ ॥
ਤੁਖਾਰ ਗਏ ਮਮ ਪੂਤੋਂ ਕੋ ਯਾਤੇ ਭਯੋ ਬਿਹਾਲ ॥1133॥
ਸੁਨ ਪ੍ਰਭ ਕਹਯੋ ਤੂ ਧੀਰ ਧਰ ਹਲਕਰ ਆਏ ਜਾਨ ॥
ਵਾਹਿਗੁਰੂ ਸਿਮਰਨ ਕਰੋ ਮਤੁ ਮਨ ਕਰੋ ਡੁਲਾਨ ॥1134॥

॥ ਚੌਪਈ ॥

ਸੀਸ ਨਿਯਾਇ ਮਾਈ ਬਹਿ ਗਈ ॥ ਵਾਹਿਗੁਰੂ ਮੁਖ ਉਚਰਤਿ ਭਈ ॥
ਬਸਨ ਓਢਿ ਸੁਖ ਆਸਨ ਭਏ ॥ ਤੁਰਗ ਅਰੂਢ ਗੁਪਤ ਹ੍ਵੈ ਗਏ ॥1135॥
ਬੀਤਾ ਜਾਮ ਝਟਤ ਉਠਿ ਜਾਗੇ ॥ ਪਰ ਉਪਕਾਰ ਵਿਖੈ ਅਨੁਰਾਗੇ ॥
ਲਾਲ ਸਿੰਘ ਕੌ ਤੁਰਤ ਸਦਾਯਾ ॥ ਸਭ ਕੇ ਸੁਨਤੇ ਬੈਨ ਅਲਾਯਾ ॥1136॥
ਜਾਵੋ ਦੌਰ ਦੇਰਿ ਮਤਿ ਲਾਵੋਂ ॥ ਕੋਸ ਦਸਾ ਪਰ ਉਠ ਲਿਆਵੋਂ ॥
ਜਿਸੀ ਤਰਫ ਸ੍ਰੀ ਸਤਿਗੁਰ ਪ੍ਰੇਰਾ ॥ ਗਯੋ ਲਾਲ ਸਿੰਘ ਕਰੀ ਨ ਦੇਰਾ ॥1137॥
ਦੇਵ ਬਰਛੇ ਕਰ ਮੋਏ ਪਰੇ ॥ ਔਰਨ ਮੁਸਕਾ ਦੀਨੀ ਤਰੇ ॥
ਹਾਇ ਹਾਇ ਕਰੁ ਰੋਇ ਪੁਕਾਰਤ ॥ ਲਾਲ ਸਿੰਘ ਦੇਖੇ ਸਭ ਆਰਤ ॥1133॥

॥ ਦੋਹਰਾ ॥

ਲਾਲ ਸਿੰਘ ਤਿਨ ਪ੍ਰਤਿ ਭੰਨਾ ਕਿਨ ਮੁਸਕਾ ਤਮੁ ਦੀਨ ॥
ਕਹਿਤ ਭਏ ਇਕੁ ਸਿੰਘ ਥਾ ਸਾਵਾ ਨੇਜਾ ਲੀਨ ॥1139॥

॥ ਚੌਪਈ ॥

ਨੇਜੇ ਕਰ ਜੁਗ ਦੀਨਸ ਮਾਰੇ ॥ ਮੁਸਕਾ ਹਮਰੀ ਦੀਨੀ ਤਾਰੇ ॥
ਨਾਉ ਖੁਦਾਇ[2] ਹਮ ਕੌ ਮੁਕਤਾਵੈ ॥ ਜਗ ਮੈ ਕੀਰਤੁ ਬਡੁ ਤੁਮ ਪਾਵੈ ॥1140॥
ਲਾਲ ਸਿੰਘ ਸਭ ਦੀਨੇ ਛੋਰ ॥ ਮਿਲ ਕਰਕੇ ਸਭ ਪੂਛਤ ਚੋਰ ॥
ਜਿਸ ਨੇ ਹਮਰੀ ਮੁਸਕਾ ਤਾਰੀ ॥ ਸੋ ਦਰਸਾਵੋ ਹਮ ਬਲਿਹਾਰੀ ॥1141॥

---

1. ਏ ਪੋਥੀ ਬਿਨੈ ਸੁਨੋ
2. ਏ ਪੋਥੀ ਅਲਾਹਿ

ਚਾਰੇ ਸੁਤਰ ਧਰੇ ਸਿਖ ਆਗੇ ॥ ਚੋਰੁ ਲਿਆਵਾ ਗੁਰ ਅਨਰਾਗੇ ॥
ਚੋਰਨ ਨੇ ਤਬ ਕਹੀ ਸਲਾਮ ॥ ਦੇਖੈ ਸੂਰਤਿ ਬਲਿ ਬਲਿ ਜਾਮ ॥1142॥

॥ ਦੋਹਰਾ ॥

ਸਾਹਿਬ ਕਹਯੋ ਮੁਸਕਾਇ ਕੈ ਤੁਮ ਕੈਸੇ ਮਿਲ ਆਇ ॥
ਕੁਨਸਾ ਕਰ ਕਰ ਕਹੰਤ ਭੇ ਆਪਾਂ ਛਿਮੋ ਸੁਖਦਾਇ ॥1143॥
ਹਜੂਰ ਕਹਯੋ ਚੋਰੀ ਤਜੋਂ ਖੇਤ ਬੀਜ ਕਰਿ ਖਾਇ ॥
ਮਾਨ ਹੁਕਮੁ ਘਰੁ ਕੋ ਗਏ ਸੰਗਤਿ ਬਲਿ ਬਲਿ ਜਾਇ ॥1144॥
ਮਾਈ ਜੀਵੀ ਪੁਤ੍ਰ ਯੁਤ ਗੁਰ ਚਰਨੀ, ਸਿਰ ਨਯਾਇ ॥
ਖੁਸੀ ਲਈ ਘਰੁ ਕੋ ਗਈ ਅਤਸ਼ੈ ਮੋਦ ਬਢਾਇ ॥1145॥

(ਬਾਬਾ ਸਾਹਿਬ ਸਿੰਘ ਦੇ ਸਾਥੀ ਸਿੰਘ)

॥ ਚੌਪਈ ॥

ਦੋ ਸੈ ਸਿੰਘ ਹੁਤੇ ਗੁਰ ਨਾਲਿ ॥ ਊਚ ਦੁਮਾਲੇ ਕਹੈਂ ਅਕਾਲ ॥
ਨਗਨ ਕ੍ਰਿਪਾਨਾਂ ਕਰ ਚਮਕਾਵਹਿ ॥ ਕਰਤ ਕਵਾਇਤ ਹੈ ਟਪਕਾਵਹਿ ॥1146॥
ਸਿੰਘ ਭੁਜੰਗੀ ਤੁਰੇ ਨਚਾਹੀ ॥ ਰੇਣ ਮੈ ਭਿਰਤਿ ਨ ਭੈ ਮਨ ਲਯਾਹੀ ॥
ਊਚੇ ਖਰੀਆ ਸੇਤ ਪੁਸਾਕ ॥ ਬਿਨ ਗੁਰ ਮਾਨਤ ਨਾਹੀ ਸਾਕ ॥1147॥
ਸਮਟ ਬੀਚ ਨਹਿ ਪ੍ਰਿਸਟਿ ਦਿਖਾਵਹਿ ॥ ਸੁਨਮੁਖਿ ਮਰਹਿ ਸਹੀਦ ਕਹਾਵੈ ॥
ਤੁਰਕਨ ਲਖ ਲਲਕਾਰੇ ਮਾਰਹਿ ॥ ਗਰਜ ਅਕਾਲ ਅਕਾਲ ਉਚਾਰਹਿ ॥1148॥

॥ ਦੋਹਰਾ ॥

ਕੌਲ ਪੂਰਬਿ ਜੀਆ ਅਚਤ ਚੇਤ ਮੁਛਹਰੇ ਤਾਉ ॥
ਹੈ ਸੁਚੇਤ ਗੁਰ ਸਬਦ ਖੜ ਗੁਰ ਦਰਸ਼ਨ ਕੋ ਚਾਉ ॥1149॥

॥ ਚੌਪਈ ॥

ਦੇਖਾ ਤੋਰ ਯਮਨ ਮਨ ਡਰੇ ॥ ਆਪਸ ਮੇਂ ਮਿਲ ਮਸਲਤ ਕਰੇ ॥
ਅਬ ਤੋਂ ਸੈਨਾ ਇਨ ਕੀ ਥੋਰੀ ॥ ਰਾਤੀ ਜਾਗਤ ਨਾਹਿਨ ਭੋਰੀ ॥1150॥
ਸਭ ਗ੍ਰਾਮਨ ਤੇ ਮਿਲ ਸਮਦਾਏ ॥ ਨਿਸ ਕੋ ਦੇਰਾ ਲੂਟਨ ਆਏ ॥
ਕੋਸ ਫਰਕ ਅੰਧੇ ਸਭ ਹੁਏ ॥ ਜਬ ਗੁਰ ਤੁਰੇ ਸੁ ਨੈਨਨ ਜੋਏ ॥1151॥
ਲੋਕ ਲਹਿਤ ਨੇ ਫਿਰ ਹਲਕਾਏ ॥ ਲੂਟਨ ਦੌਰੇ ਅੰਧ ਸਬਾਏ ॥
ਆਵਤ ਜਾਤ ਬਤੀਤੀ ਰਾਤਿ ॥ ਜਾਹਿਰ ਲਖੀ ਪੀਰ ਕਰਮਾਰ ॥1152॥

॥ ਦੋਹਰਾ ॥

ਤਿਨ ਮੋ ਏਕ ਸੁਜਾਨ ਥਾ ਬੋਲਾ ਤਿਨ ਕੇ ਸਾਥ ॥
ਪੀਰਨ ਪੀਰ ਸੁ ਗੁਰੂ ਹੈ ਚਾਲੋ ਤਿਨ ਕੇ ਪਾਥ ॥1153॥

---

1. ਅ ਪੋਥੀ ਭੂਲ
2. ੲ ਪੋਥੀ ਰਣ ਕੇ

॥ ਚੌਪਈ ॥

ਹੋਤ ਭੋਰ ਸਭ ਚਲ ਕਰ ਆਏ ॥ ਘੀ ਮਟਕੇ ਲੇ ਭੇ ਨਿਰਮਾਏ ॥
ਹਮ ਭੂਲੇ ਹੈ ਮਹਾ ਗਵਾਰੁ ॥ ਖਿਮਾ ਕੀਜੈ ਗੁਰ ਕਰਤਾਰ[1] ॥1154॥
ਕਹਯੋ ਗੁਰੂ ਤੁਮ ਕਯੋ ਚਲ ਆਏ ॥ ਜਿਮ ਆਏ ਤਿਮ ਦੇਹੁ ਬਤਾਏ ॥
ਪਾਨ ਜੋਰੁ ਤਿਨ ਅਰਜਿ ਬਖਾਨੀ ॥ ਹਮ ਨੇ ਬਡ ਖੁਟਯਾਈ ਠਾਨੀ ॥1155॥
ਨਿਸ ਮੁ ਮਿਲ ਹਮ ਲੂਟਨ ਆਏ ॥ ਹੋਏ ਆਂਧੇ ਮਨੁ ਪਛੁਤਾਏ ॥
ਭੂਲਿ ਹਮਾਰੀ ਬਖਸਿ ਕਰੀਜੈ ॥ ਜੋ ਚਾਹੋ ਸੋ ਹਮ ਤੇ ਲੀਜੈ ॥1156॥
ਹਸਿ ਕਰਿ ਸਾਹਿਬੁ ਬੈਨ ਬਖਾਨਾ ॥ ਜਾਵੋ ਗ੍ਰਹ ਹਮ ਭੇ ਹਰਖਾਨਾ ॥
ਸੁਨ ਕਰ ਸਭਨ ਸੀਸ ਨਿਵ੍ਹਾਵਾ ॥ ਗੇ ਸਦਨੰ ਗੁਰੂ ਕੋ ਯਸ ਗਾਵਾ ॥1157॥

॥ ਦੋਹਰਾ ॥

ਚੜਨ ਤਿਯਾਰੀ ਗੁਰ ਕਰੀ ਸਿਖਨ ਪਾਗ ਬੰਧਾਇ ॥
ਹਰੀਏ ਮੈ ਸਤਿਗੁਰ ਥਿਰੈ ਕੂਪ ਛਾਇ ਸਘਨਾਇ ॥1158॥

॥ ਚੌਪਈ ॥

ਸੁਨ ਕਰਿ ਸੰਗਤਿ ਦਰਸਨ ਆਈ ॥ ਧਰੁ ਕਰਿ ਭੇਟਾ ਮਨ ਹਰਖਾਈ ॥
ਇਕ ਤੋ ਗੁਰ ਕਾ ਡੇਰਾ ਭਾਰੀ ॥ ਦੂਜੇ ਸੰਗਤਿ ਆਈ ਅਪਾਰੀ ॥1159॥
ਕੂਪ ਨੀਰ ਤਬ ਸੂਕਤ ਭਯਾ ॥ ਸੂਪਕਾਰ ਨੇ ਬੈਨ ਅਲੈਯਾ ॥
ਗੁਰ ਜੀ ਲੰਗਰ ਕੈਸੇ ਹੋਈ ॥ ਕੂਏ ਕਾ ਜਲ ਸੂਕਾ ਸੋਈ ॥1160॥
ਸੁਨ ਕਰ ਸਤਿਗੁਰ ਦਈ ਨਿਦੇਸ ॥ ਗਡਵੇ ਕਾ ਜਲ ਪਾਵੋ ਸੇਸ ॥
ਵਾਹਿਗੁਰੂ [2]ਕਹਿ ਜਲ ਜਬ ਪਾਵ੍ਹਾ ॥ ਭਾ ਅਗਾਧ ਤੋਟ ਨ ਆਵਾ ॥1161॥
ਏਕ ਨਿਸ ਗੁਰ ਤਹਾ ਰਹਾਨੇ ॥ ਭੋਰ ਕੂਚ ਕੇ ਬਜੇ ਨਿਸਾਨੇ ॥
ਦਮਦਮਾ ਗੁਰ ਕਾ ਤਿਹ ਰਾਜੇ ॥ ਜਿਨ ਦਰਸੇ ਕਲਮਲ ਸਭ ਭਾਜੇ ॥1162॥

## (ਮਿਆਣੀ ਜਾਂਣਾ)

॥ ਦੋਹਰਾ ॥

ਮਿਆਣੀ ਤੇ ਇਕ ਕੋਸ ਭਰ ਬਟ ਛਾਯਾ ਅਭਿਰਾਮ ॥
ਸ੍ਰੀ ਹਜੂਰਿ ਉਤਰੇ ਤਹਾਂ ਸਭ ਨੇ ਕਰਾ ਅਰਾਮ ॥1163॥

॥ ਸੋਰਠਾ ॥

ਦੁਖ ਭੰਜਨ ਇਕ ਸਾਧ ਰਹਿਤਾ ਭੋਰੇ ਮਾਹਿ ਸੋ ॥
ਹੈ ਸੋ ਬ੍ਰਿਨਾ ਉਪਾਧ ਧਰਮਸਾਲ ਮਯਾਣੀ ਰਚਤ ॥1164॥

॥ ਚੌਪਈ ॥

ਗੁਰ ਕੋ ਆਵਨ ਤਿਨ ਸੁਨ ਪਾਵਾ ॥ ਸਭ ਸਾਧਨ ਪ੍ਰਤਿ ਬੈਨ ਅਲਾਵਾ ॥
ਕਰੋ ਅਸਨ ਸਭ ਦੇਰ ਬਿਹਾਈ ॥ ਆਉ ਥਿਰੋ ਸਤਿਗੁਰ ਸੁਖਦਾਈ ॥1165॥

---

1. ੲ ਪੋਥੀ ਕਿਰਪਾ ਧਾਰਿ  2. ੲ ਪੋਥੀ ਸਤਿਨਾਮ

ਕੁੜਾਹਿ ਆਦ ਸਰਬ ਕਰ ਲੀਨਾ ॥ ਲੈ ਕਰਿ ਚਾਲੇ ਦੇਰ ਬਿਹੀਨਾ ॥
ਦਸਮ ਮਹਿਲ ਮਹਿ ਜਿਨ ਮਨ ਲਾਗਾ ॥ ਕਲਗੀਧਰ ਗਾਵੈ ਮਨ ਪਾਗਾ ॥1166॥
ਸਬਦੁ ਬਨਾਇ ਕਲਗੀਧਰ ਗਾਵੈਂ ॥ ਦੇਵੀ ਦੇਵ ਨ ਕਦੀ ਮਨਾਵੈ ॥
ਮਨ ਅਪਨੇ ਮੋ ਨਿਸਚ੍ਹਾ ਧਾਰਾ ॥ ਜੇ ਕਲਗੀਧਰੁ ਲਯੋ ਅਤਵਾਰਾ[1] ॥1167॥
ਤੌ ਮੇਰੇ ਮਨ ਨਿਸਚਾ ਹੋਈ ॥ ਜੇ ਨ ਹੋਇ ਫਿਰ ਆਵੈਂ ਜੋਈ ॥
ਅਸ ਮਨ ਧਾਰ ਮਿਲੇ ਦੁਖ ਭੰਜਨ ॥ ਸੰਤ ਸਮਾਗਮ ਸਦ ਮਨ ਰੰਜਨ ॥1168॥

॥ ਦੋਹਰਾ ॥

ਅੰਤਰਜਾਮੀ ਸਤਿਗੁਰੂ ਸਾਧ ਰਿਦੇ ਕੀ ਜੌਨ ॥
ਜਿਗਾ ਸੁ ਕਲਗੀ ਨਗ ਜੜੀ ਬਾਂਧੀ ਮਸਤਕ ਭਾਨ ॥1169॥
ਹਾਥ ਸਾਜ ਸਬਦ ਪਢੈ ਸਾਧ ਮਿਲੇ ਸਮਦਾਇ ॥
ਔਰ ਸੁ ਸੰਗਤਿ ਸਾਥ ਹੈ ਜਿੰਨ ਮਨਿ ਪ੍ਰੀਤਿ ਬਸਾਇ ॥1170॥
ਗੁਰ ਅਗ੍ਰਜ ਪਰਸਾਂਦ ਧਰ ਸੀਸ ਨਾਇ ਕਰ ਜੋਰ ॥
ਦਸਮ ਗੁਰੂ[2] ਕੋ ਰੂਪ ਲਖੁ ਕੀਨੀ ਬਿਨੈ ਨਿਹੋਰ ॥1171॥
ਹੇ ਕਲਗੀਧਰ ਸਤਗੁਰੂ ਸਾਹਿਬ ਸਿੰਘ ਕਹਾਇ ॥
ਰਾਖ ਲੇਹੁ ਇਸ ਅਨੁਗ ਕੋ ਕਰੁ ਗਹਿ ਕਰੇ ਨ੍ਰਿਬਾਹੇ ॥1172॥
ਅਮੀ ਬੈਨ ਸਤਿਗੁਰ ਭਨੇ ਬੇਦੀ ਕੁਲ ਕੇ ਈਸ ॥
ਗੁਰੂ ਗ੍ਰੰਥ ਕਾ ਸੁਭ ਸਬਦੁ ਕਹਤ ਭਏ ਜਗਦੀਸ਼ ॥1173॥

॥ ਤਥਾ ਸਬਦ ॥

ਭਾਗੁ ਹੋਆ ਗੁਰ ਸੰਤ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵ ਕਰੀ ਪਲ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥1॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥

॥ ਦੋਹਰਾ ॥

ਐਸੇ ਕਹਿ ਕੇ ਸਤਿਗੁਰੂ ਕਰੁ ਮੋ ਕਰਿ ਗਹਿ ਲੀਨ ॥
ਪਲਘ ਪਾਸ ਇਸਥਿਤ ਕਰੇ ਭਯੋ ਹਰਖ ਮਨ ਭੀਨ[3] ॥1174॥

॥ ਚੌਪਈ ॥

ਸਾਹਬ ਆਨਨ ਚੰਦ ਮਨਿੰਦ ॥ ਭਾਈ ਨੈਨ ਚਕੋਰ ਸੁਬਿੰਦੁ ॥
ਇਕੁ ਟਕ ਨੈਨ ਰਹੇ ਲਿਵ ਲਾਈ ॥ ਮੋ ਤੇ ਸੋ ਸੁਖ ਕਹਯੋ ਨ ਜਾਈ ॥1175॥
ਭਾਈ ਮਨ ਭਾ ਐਸ ਅਨੰਦੂ ॥ ਜਿਮੁ ਨਿਰਧਨੁ ਧਨੁ ਪਾਵੈ ਬ੍ਰਿੰਦੂ ॥
ਪਾਨ ਜੋਰੁ ਕਰਿ ਉਸਤਤਿ ਗਾਈ ॥ ਜੈ ਜੈ ਜਯਤ ਬੇਦਿ ਕੁਲ ਰਾਈ ॥1176॥

---

1. ਮੂਲ ਪੋਥੀ ਵਤਾਰਾ 2. ੲ ਪੋਥੀ ਕਲਗੀਧਰ 3. ਅ ਪੋਥੀ ਪੀਠ

॥ ਬਿੰਦਮਲਤਾ ਛੰਦ ॥

ਜਯ ਬੇਦੀ ਬੰਸ ਦਿਵਾਕਰੇ ॥ ਭਗਵੰਤ ਭੁਵਨ ਹਾਂ ਠਰਹਰੇ ॥
ਜਯ ਰਾਮ ਚੰਦਰ ਮਾਪਤੇ ॥ ਜਯ ਸੰਖ ਚਕ੍ਰ ਗਦਾ ਧ੍ਰਿਤੇ ॥1177॥
ਭਵ ਬੰਧ ਬ੍ਰਿਦ ਬਿਨਾਸੁਨੇ ॥ ਗੋਪੀਸ ਗੋਕੁਲ ਵਾਸੁਨੇ ॥
ਜਯ ਸਤਯ ਹੰਸ ਜਨਾਰਦਨੰ ॥ ਗੋਬਿੰਦ ਖਲ ਕੁਲ ਮਰਦਨੰ ॥1178॥
ਸੁਰ ਪੂਜ ਸਾਰੰਗ ਧਾਰਨੇ ॥ ਸੁਰਵਗ ਦੋਸ ਨਿਵਾਰਨੇ ॥
ਜਿਉ ਸਿੰਧ ਮਥਵੇ ਕੀ ਕਥਾ ॥ ਕ੍ਰਿਤ ਯੁਗ ਯਥਾ ਭੀ ਕਲਿਤ ਥਾ ॥1179॥
ਤ੍ਰਯੀ ਦੋਖ ਨਾਸਨ ਕੇਲਿਯੇ ॥ ਜੋਈ ਧਿਆਇ ਤੁਮ ਕਹੁ ਸਦ ਹਿਯੇ ॥
ਸੋਈ ਸਰਬ[1] ਦੋਖਹਿ ਖਾਵਈ ॥ ਪੁਨ ਜਗਤ ਜਨਮ ਨ ਆਵਈ ॥1180॥
ਜੋ ਉਪਾਇ ਮਾਨਸ ਦੇਹ ਕੋ ॥ ਨਹ ਕਰਤ ਤੋਰ ਸਨੇਹ ਕੋ ॥
ਦੋ ਦੁਸਟ ਖੰਡਨ ਜੋਗ ਹੈ ॥ ਭਯ ਰੌ ਰਵਾਦਿਕ ਭੋਗ ਹੈ ॥1181॥
ਜਮ ਤ੍ਰਾਸ ਤੋ ਨ ਦਿਖਾਤ ਹੈ ॥ ਜਗ ਸੁ ਮਰਸੋ ਪਛੁਤਾਤ ਹੈ ॥
ਮੁਹਿ ਬੁਧਿ ਹੈ ਅਤਿ ਬਾਵਰੀ ॥ ਕਸ ਜਾਨ ਹੈ ਗਤਿ ਰਾਵਰੀ ॥1182॥
ਇਹ ਆਸਤ੍ਰੋਤ ਹੈ ਤਬ ਜਸ ਪਦਾ ॥ ਉਠਿ ਪ੍ਰਾਤ ਗਾ ਹੈ ਜੇ ਸਦਾ ॥
ਜਸ ਭੋਗ ਨਾ ਨਾ ਪਾਹਿਗੇ ॥ ਤਵ ਲੋਕਿ ਅੰਤਿ ਸਿਧਾਹਿਗੇ ॥1183॥

॥ ਦੋਹਰਾ ॥

ਉਸਤਤਿ [2]ਭਾਈ ਜੀ ਕਰੀ ਸੁਨਿ ਗੁਰ ਭਏ ਕ੍ਰਿਪਾਲ ॥
ਬੈਨ ਕਹਯੋ ਗੁਰ ਅਮੀ ਸਮ ਜੋ ਕਾਟਤ ਜਮ ਜਾਲ ॥1184॥

॥ ਚੌਪਈ ॥

ਧੰਨੁ ਧੰਨੁ ਭਾਈ ਬੁਧ ਤੇਰੀ ॥ ਜਿਸ ਮਨੁ ਪ੍ਰੀਤੀ ਉਪਜੀ ਮੇਰੀ ॥
ਪਾਸ ਹਮਾਰੇ ਸਦਾ ਰਹਾਵੋ ॥ ਸਤਨਾਮ ਸਿਮਰੋ ਸੁਖ ਪਾਵੋ ॥1185॥
ਭਾਈ ਦੁਖ ਭੰਜਨ ਕਰਾ ਬਖਾਨ ॥ ਬਿਨਤੀ ਸੁਨੀਏ ਸਾਰੰਗਪਾਨ ॥
ਰਾਵਰ ਕੇ ਹਮ ਸਦ ਹੀ ਚੇਰੇ ॥ ਕਰੋ ਨਿਦੇਸ ਕਹੋ ਬਿਨੁ ਦੇਰੇ ॥1186॥
ਪਤੰਗ ਸਮਾਨ ਮੋਰ ਮਨ ਜਾਨੋ ॥ ਨਿਜ ਕਰ ਡੋਰੀ ਲੇਹੁ ਪਛਾਨੋ ॥
ਮਿਯਾਨੀ ਮੋ ਧਰਮਸਾਲ ਬਨਾਈ ॥ ਕਰੈ ਸੰਪੂਰਨ ਆਪਰ ਜਾਈ ॥1187॥
ਮੈ ਹਜੂਰ ਅਬ ਲਯੋ ਬਨਾਇ ॥ ਜਬੈ ਬੁਲਾਵੈ ਆਵੋ ਧਾਇ ॥
ਸਤ ਬਚਨੁ ਤਬ ਭਾਈ ਗਾਵਾ ॥ ਪਾਦ ਪਦਮ ਪਰ ਸੀਸ ਨਿਵਾਵਾ ॥1188॥

॥ ਦੋਹਰਾ ॥

ਮੰਜ ਬੈਨ ਭਾਈ ਪ੍ਰਤੀ ਸਤਿਗੁਰ ਕਹਯੋ ਬੁਲਾਇ ॥
ਪ੍ਰਸਾਦਿ ਬਰਤਾਵੋ ਆਪ ਸੁਭ ਸਭ ਕੋ ਦੇਹੁ ਛਕਾਇ ॥1189॥

---

1 ੲ ਪੋਥੀ ਤ੍ਰਯ

2 ੲ ਪੋਥੀ ਕੀਰਤਿ

ਮਾਨ ਬਚਨ ਸਤਿਗੁਰੂ ਕਾ ਪ੍ਰਥਮੈਂ ਬਾਲ ਪਰੋਸ ॥
ਸਤਿਗੁਰ ਸਾਹਿਬ ਅਗੁ ਧਰ ਭੋਜਨੁ ਭਖ ਲਿਹੁ ਚੋਸ ॥1190॥
॥ ਚੌਪਈ ॥
ਸਾਰੇ ਦਲ ਨੇ ਲੀਨ ਪ੍ਰਸਾਦਿ ॥ ਤੋਟਿ ਨ ਆਵੈ ਭਾਂ ਅਹਿਲਾਦ ॥
ਊਚ ਨੀਚ ਲੇ ਸਭ ਹਰਖਾਏ ॥ ਪ੍ਰਸਾਦਿ ਬੱਧ ਪਿਖ ਗੁਰ ਬਿਗਸਾਏ ॥1191॥
ਚਾਰ[1] ਘੜੀ ਗੁਰ ਤਹਾ ਬਿਰਾਜੇ ॥ ਬਹੁਰਿ ਅੰਬਾਰੀ ਕੁੰਚਰ ਰਾਜੇ ॥
ਭਾਈ ਕੌ ਤਿਹ ਬਿਦਾ ਕਰਾਈ ॥ ਅਪਗਾ ਓਰਿ ਗਏ ਸੁਖਦਾਨੀ ॥1192॥
ਕਰਨਧਾਰ ਨੌਕਾ ਤਬ ਆਨੀ ॥ ਚੜਿ ਕਰ ਪਾਰ ਭਏ ਸੁਖਦਾਨੀ ॥

## (ਪਿੰਡ ਦਾਦਨ ਖਾਂ ਦੀ ਕਥਾ)

ਦਾਦਨ ਖਾਂ ਪਿੰਡ ਸਿਵਰ ਲਗਾਏ ॥ ਗੁਰ ਸਿਖ ਸੁਨ ਕਰ ਆਏ ਧਾਏ ॥1193॥
ਏਕ ਧਨਾਢ ਆਯੋ ਹਰਖਾਈ ॥ ਚਰਨ ਧੂਰਿ ਲੇ ਮਸਤਕ ਲਾਈ ॥
ਚਾਰਿ ਪ੍ਰਦਛਨਾ ਗੁਰ ਕੀ ਲੀਨੀ ॥ ਮਨ ਮੈ ਜਾਗੀ ਪ੍ਰੀਤੀ ਨਵੀਨੀ ॥1193॥
॥ ਦੋਹਰਾ ॥
ਹਾਥ ਜੋਰੁ ਬਿਨਤੀ ਕਰੀ ਸੁਨੀਏ ਅਰਜ ਹਜੂਰਿ ॥
ਦਾਨੇ ਸੁਖਨਾ ਆਪ ਕੀ ਲੀਜੇ ਪ੍ਰਭੂ ਜਰੂਰ ॥1195॥
॥ ਚੌਪਈ ॥
ਕਹਯੋ ਹਜੂਰਿ ਸੁ ਕੈਸੇ ਦਾਣੇ ॥ ਭਨਾ ਸਾਹ ਸੁਨੋ ਸੁਭ ਬਾਣੇ ॥
ਤ੍ਰਿਣ ਮੰਦਰੁ ਅਨਾਜ ਕੋ ਗੰਜ ॥ ਲਾਹੇ ਹੇਤ ਧਰਾ ਮੈ ਸੰਜ ॥1196॥
ਗ੍ਰਾਮ ਬੀਚ ਲਾਗੀ ਥੀ ਆਗ ॥ ਆਲਸ ਤਜ ਮੈ ਲੀਨੀ ਜਾਗ ॥
ਰਾਵਰ ਕਾਜ ਸੁ ਆਗੈ ਸੁਨਾ ॥ ਤੁਮਰਾ ਸਿਮਰਨ ਮਨ ਮੈ ਗੁਨਾ ॥1197॥
ਜਬੈ ਛਾਨ ਅਗ ਲਾਗੀ ਆਇ ॥ ਸੁਖਨਾ ਕੀਨੀ ਮੈ ਮਨੁ ਲਾਇ ॥
ਸਾਹਿਬ ਜੀ ਦਸੌਂਧ[2] ਮੈ ਦੇਵਾ ॥ ਜੇ ਅਨਾਜ ਸਾਬਤ ਅਬ ਲੇਵਾ ॥1198॥
ਤਤੁਖਿਨੁ ਲਾਗੀ ਆਗ ਬੁਝਿ ਗਈ ॥ ਔਰਨ ਕੇ ਘਰ ਜਾਰਤ ਗਈ ॥
ਅੰਨਿ ਅਗਨਿ ਤੇ ਲੀਨ ਬਚਾਇ ॥ ਯਾਂਤੇ ਆਵਾ ਮੈ ਸਰਨਾਹਿ ॥1199॥
ਕਹਯੋ ਹਜੂਰ ਇਸ ਚੂਨ ਪਿਸਾਵੋ ॥ ਲੰਗਰੁ ਪਾਵੋ ਦੇਰੁ ਨ ਲਾਵੋ ॥
ਤੈਸੇ ਤਿਨ ਨੇ ਚੂਨ ਕਰਾਵਾ । ਔਰ ਸੰਜ ਬਹੁ ਸਗੈ ਲਯਾਵਾ ॥1290॥
॥ ਦੋਹਰਾ ॥
ਲੰਗਰ ਹੋਵੈ ਗੁਰੂ ਕਾ ਸੰਗਤਿ ਲੈ ਕਰਿ ਖਾਇ ॥
ਸੰਗਤਿ ਆਵੈ ਅਤਿ ਘਾਨੀ ਭੇਟਾ ਚੜਤ ਮਹਾਇ ॥1201॥

---

1. ਅ ਪੋਥੀ ਬੇਦ
2. ਅ ਪੋਥੀ ਦਸਵੰਧ

॥ ਚੌਪਈ ॥

ਜੀਵੀ ਮਾਈ ਨੇ ਸੁਨ ਪਾਵੀਂ ॥ ਆਏ ਸਤਿਗੁਰ ਸਿਵਰ ਲਗਾਵਾ ॥
ਲਾਲ ਸਿੰਘ ਸੁਤ ਲੀਨ ਹਕਾਰੀ ॥ ਭੇਟਾ ਗੁਰ ਹਿਤ ਕੀਨ ਤਯਾਰੀ ॥1202॥
ਏਕ ਸਾਧ ਤਿਨ ਕੇ ਘਰ ਆਹੀ ॥ ਭਾਗਾ ਭਾਗਾ ਨਾਮ ਕਹਾਹੀ ॥
ਤਿਨ ਪੂਛਾ ਮਾਈ ਕਹ ਚਾਲੈ ॥ ਕਰ ਲੈ ਭੇਟਾ ਚਲੈ ਉਤਾਲੇ ॥1203॥
ਮਾਈ ਕਹਯੋ ਸੰਤ ਜੀ ਸੁਨੀਏ ॥ ਬੇਦੀ ਸਾਹਿਬ ਆਏ ਗੁਨੀਏ ॥
ਸਾਧ ਕਹਯੋ ਵਹੁ ਕੈਸੇ ਆਹੀ ॥ ਮਾਈ ਭਨੇ ਵਹੁ ਸਿਧ ਸਹਾਹੀ ॥1204॥
ਸਾਧ ਕਹਯੋ ਹਮ ਭੀ ਚਲ ਦ੍ਰਸੈ ॥ ਮਾਈ ਭਨਾ ਗੁਰ ਲੈਵੇ ਪ੍ਰਸੈ ॥
ਤੀਨੋ ਮਿਲ ਕਰ ਆਏ ਹਜੂਰ ॥ ਮਨ ਮੈ ਜਾਗੀ ਸਰਧਾ ਪੂਰ ॥1205॥

॥ ਦੋਹਰਾ ॥

ਮਾਈ ਸੁਤ ਭੇਟਾ ਧਰੀ ਸੀਸ ਨਿਵਾਵਨ ਕੀਨ ॥
ਮਾਤ ਪੂਤ ਪ੍ਰਸੰਨ ਭਏ ਗੁਰੂ ਮਯਾ[1] ਮਨ ਚੀਨ ॥1206॥
ਦੇਖ ਕ੍ਰਿਪਾਨਿਧ ਵਰ ਦਰਸ ਭਾਗ ਸਧ ਵਡਭਾਗ ।
ਸਫਲ ਕੀਏ ਲੋਚਨ ਜੁਗਲ ਨਿਰਭੈਰ ਰਸੁ ਅਨੁਰਾਗ ॥1202॥

(ਬੈਰਾਗੀ ਸਾਧੂ ਦੀ ਕਥਾ)

॥ ਚੌਪਈ ॥

ਭੇਖ ਸਾਧ ਭਾਗ ਸੁਖਰਾਸੀ ॥ ਮਨ ਉਦਾਸ ਜਿਸ ਤੀਰਥ ਵ੍ਾਸੀ ॥
ਟੋਪੀ ਸੀਸ ਮੇਖਲੀ ਕਾਂਧੇ ॥ ਤੁਲਸੀ ਕਾਸਟ ਕੰਠੀ ਗਲ ਬਾਂਧੇ ॥1208॥
ਬ੍ਰਹਮ ਸੂਤ੍ਰ ਗਰ ਧਾਰਨ ਕੀਨੋ ॥ ਚੰਦਨ ਖੌਰ ਮੌਲ ਮਹੁ ਦੀਨੋ ॥
ਕਟ ਕੋਪੀਨ ਪਾਵਰੀ ਪਾਇਨ ॥ ਹਾਥ ਤੂੰਬਿਕਾ ਲੀਨ ਸੁਹਾਇਨ ॥1209॥
ਐਸਾ ਭੇਖ ਦੇਖ ਗੁਰ ਪੂਰੇ ॥ ਹਸ ਕਰ ਬੋਲੇ ਬੱਚਨਨ ਸੂਰੇ ॥
ਕੌਨ ਗੋਤ ਕਯਾ ਨਾਉ ਤੁਮ੍ਹਾਰਾ ॥ ਕਹਾ ਰਹੋ ਕਯਾ ਭੇਖਹਿ ਧਾਰਾ ॥1210॥

॥ ਦੋਹਰਾ ॥

ਗੋਤ ਖਤਰੀ[2] ਭਾਗ ਨਾਉ ਘੁਰ ਹੈ ਕੁੰਦ੍ਰਾਵਾਦ ॥
ਭੇਖ ਬਿਰਾਗੀ ਕੋ ਧਰਾ ਪਰਸੇ ਗੰਗਾ ਆਦ ॥1211॥

॥ ਚੌਪਈ ॥

ਕਹਯੋ ਹਜੂਰ ਭੇਟ ਚੁਕ ਲੇਇ ॥ ਬਿਰਾਗੀ ਕਾ ਹਮ ਕਬੀ ਨ ਲੇਇ ॥
ਇਸਟ ਦੇਵ ਅਪੁਨੇ ਕੋ ਦੇਵੋ ॥ ਜੋ ਰਾਖਾ ਅਬ ਹੀ ਚੋਕ ਲੈਵੋ ॥1212॥
ਸਾਧ ਕਹਯੋ ਸੁਨੀਏ ਸੁਖਦਾਈ ॥ ਮਹਿਮਾ ਤੁਮਾਰੀ ਕਥਨ ਨ ਜਾਈ ॥
ਕਰ ਦਰਸਨ ਮੈ ਮਨ ਹਰਖਾਵਾਂ ॥ ਕੈਸੇ ਰੰਕ ਰਾਜ ਛਿਤ ਪਾਵਾ ॥1213॥

---

1. ੲ ਪੋਥੀ ਕ੍ਰਿਪਾ
2. ੲ ਪੋਥੀ ਛਤ੍ਰੀ

ਇਸਟ ਦੇਵ ਹਮ ਆਦਿਕ ਜਾਨਕ ॥ ਕਾਲੂ ਕੁਲ ਅਕਾਸ ਸਸਿ ਨਾਨਕ ॥
ਤੁਮ ਹੋ ਤਿਹ ਅਵਤਾਰੁ ਕ੍ਰਿਪਾਲਾ ॥ ਦੀਨ ਬੰਧ ਸੁਖ ਸੀਂਵ ਬਿਸਾਲਾ ॥1214॥
ਮੈ ਤੁਮ ਪਦ ਪੰਕਜ ਨਿਤ ਧਿਆਉ ॥ ਤੁਮ ਬਿਨੁ ਅਵਰੁ ਕਵਨ ਪਹਿ ਜਾਊ ॥
ਇਹੁ ਜੁ ਚਰਾਚਰਿ ਚ੍ਰਿਤ ਗੁਸਾਈ ॥ ਤੁਮ ਬਿਨੁ ਰਚਨਾਹਾਰ ਕੋ ਨਾਹੀ ॥1215॥
ਜਯੋ ਕਾਸਟ ਮੈ ਅਗਨਿ ਪ੍ਰਚਾਰੋ ॥ ਤੈਸੇ ਸਭ ਮੁਹ ਸਭ ਤਿਹਾਰੋ ॥
ਤੁਮੋ ਅਧਾਰ ਚਰਾਚਰ ਸੁਆਮੀ ॥ ਮੈਂ ਅਨਾਥ ਕੀ ਮੇਟੋ ਖਾਮੀ ॥1219॥
ਕਰਮ ਧਰਮ ਹੈ ਬਹੁ ਕਰ ਹਾਰਾ ॥ ਅਗਯਾਨ ਨਸਟ ਕਰ ਭਾ ਦੁਖਯਾਰਾ ॥
ਜਨਮ ਮਰਨਾ ਕੀ ਕਾਟੋ ਫਾਸਾ ॥ ਪਾਦ ਪਦਮ ਮਹਿ ਦੇਵੋਂ ਬਾਸਾ ॥1211॥
ਜਿਮ ਰਾਵਰ ਆਯਸ ਜਗਦੀਸਾ ॥ ਤਿਮ ਹੀ ਸਾਦਰ ਧਰਹੋਂ ਸੀਸਾ ॥
ਅਸਿ ਕਹਿ ਭਾਗ ਸਾਧ ਵਡਭਾਗੀ ॥ ਸ੍ਰੀ ਮਦ ਕੰਜ ਭਯੋ ਅਨੁਰਾਗੀ ॥1218॥

॥ ਦੋਹਰਾ ॥

ਭਾਗ ਸਾਧ ਕੀ ਪ੍ਰੀਤਿ ਪਰ ਰੀਝੇ ਕਰਣਾਕੰਦ ॥
ਅੰਮ੍ਰਿਤ ਪਾਨ ਕਰਾਇਓ ਪੂਰਨ ਪਰਮਾਨੰਦ ॥1219॥

॥ ਚੌਪਈ ॥

ਪਾਗ ਕਾਛ ਤਬ ਹੀ ਪਹਿਰਾਈ ॥ ਪੂਰਬ ਨਾਮਹਿ ਦੀਨ ਬਢਾਈ ॥
ਭਾਗ ਸਿੰਘ ਕਰ ਨਾਮੁ ਬਖਾਨਾ ॥ ਜਨਮ ਮਰਨ ਦੁਖ ਕੀਨੋ ਹਾਨਾ ॥1220॥
ਜਬੈ ਭਾਗ ਹਰਿ ਅੰਮ੍ਰਿਤ ਪਾਯੋ ॥ ਸ੍ਰੀ ਸਤਿਗੁਰ ਸੋਂ ਬਚਨੁ ਅਲਾਯੋ ॥
ਹੇ ਕਰਣਾ ਨਿਧਿ ਆਨੰਦ ਕੰਦੇ ॥ ਦੀਨਾ ਨਾਥ ਕ੍ਰਿਪਾਲ ਅਨੰਦੇ ॥1221॥
ਮੋ ਮਨ ਸੂਧਾ ਦੇਵਨ ਦੇਵਾਂ ॥ ਨਿਸ ਦਿਨ ਕਰੋ ਰਾਵਰੀ ਸੇਵਾ ॥
ਇਹੁ ਪਦ ਨੀਰਜੁ ਮੁਕਤੀ ਹੇਤਾ ॥ ਸੇਵੋਂ ਅਹਿਨਿਸਿ ਭਾਵ ਸਮੇਤਾ ॥1222॥
ਕਹਯੋ ਤੰਥਾਸੰਤੰ ਬੇਦ ਕੁਲ ਮੰਡਨ ॥ ਕ੍ਰਿਪਾ ਰਾਸਿ ਜਗ ਜਾਲ ਵਿਖੰਡਨ ॥
ਨਿਸਿ ਦਿਨ ਸੇਵੇ ਭਾਗ ਮ੍ਰਿਗਾਰੀ ॥ ਬਾਰ ਬਾਰ ਹੋਵਤਿ ਬਲਿਹਾਰੀ ॥1223॥

**(ਭਾਈ ਭਾਗ ਸਿੰਘ ਦੀ ਕਥਾ)**

॥ ਦੋਹਰਾ ॥

ਇਕ ਦਿਵਸ ਸ੍ਰੀ ਸਤਿਗੁਰੂ ਥਿਰੇ ਸੁ ਤੰਬੂ ਮਾਂਹਿ ॥
ਪਾਦ ਪਲੋਸਤ ਭਾਗ ਹਰਿ ਅਧਿਕ ਪ੍ਰੀਤਿ ਮਨ ਮਹਿ ॥

॥ ਚੌਪਈ ॥

ਭਾਗ ਮ੍ਰਿਗੇਸ ਪ੍ਰਤੀ ਗੁਰ ਬੋਲੇ ॥ ਮਾਨੋ ਸੰਪਟ ਹੀਰਨ ਖੋਲੇ ॥
ਸ੍ਰੀ ਗੁਰ ਗ੍ਰੰਥ ਸਰਬ ਸੁਖਦਾਨੀ ॥ ਪਠਤ ਸੁਨਤ ਹੈ ਭਦ੍ਰ ਮਹਾਨੀ ॥1225॥

---

1. ੲ ਪੋਥੀ ਆਵਾਗਮਨ
2. ੲ ਪੋਥੀ ਸਿੰਘ

ਜੋ ਸਰਧਾ ਧਾਰੈ ਮਨਿ ਲਾਈ ॥ ਨਿਸਚੈ ਮੁਕਤਿ ਪਦਾਰਥੁ ਪਾਈ ॥
ਬੇਦ ਪੁਰਾਨਨ ਸਾਰ ਨਿਕਾਰਾ ॥ ਗ੍ਰੰਥ ਕਰਾ ਅੰਮ੍ਰਿਤ ਕੀ ਧਾਰਾ ॥1226॥

॥ ਦੋਹਰਾ ॥

ਭਵ ਨਦ ਤੇ ਜਨ ਜੂਥ ਕੌ ਪਾਰ ਉਤਾਰਨ ਹੇਤ ॥
ਸ੍ਰੀ ਬੇਦੀ ਕੁਲ ਕੇਤ ਜੀ ਕੀਨੀ ਬਾਨੀ ਸੇਤ ॥1227॥

॥ ਚੌਪਈ ॥

ਤੁਮ ਭੀ ਕੰਠ ਕਰੀ ਕਛੁ ਬਾਨੀ ॥ ਮੈਂ ਸੋਂ ਕਹਿਓ ਭਾਗ ਸਿੰਘ ਗਯਾਨੀ ॥
ਪਾਨ ਜੋਰ ਬਚ ਕਹ ਸਿਰ ਨਿਯਾਈ ॥ ਸ੍ਰੀ ਅਨੰਦ ਗੁਰੂ [1]ਸੁਖਦਾਈ ॥1228॥
ਕਹਯੋ ਹਜੂਰ ਸੁਨਾਵਨ ਕੀਜੈ ॥ ਸੁਧ ਕਰ ਪਠੋ ਸੁ ਮਨ ਬਿਚ ਦੀਜੈ ॥
ਸ੍ਰੀ ਗੁਰੂ ਸੁਭ ਆਯਸ ਪਾਈ ॥ ਸੁਰ ਭਰ ਜੋਗੁ ਰਾਗਨੀ ਗਾਈ ॥1229॥
ਤਾਮੈ ਪਾਠ ਅਨੰਦ ਸੁਨਾਵਾ ॥ ਮਾਤ੍ਰਾ ਭੇਦ [2]ਦੋਨ ਨਹਿ[2] ਪਾਵਾ ॥
ਸ੍ਰੀ ਸਤਿਗੁਰ ਰੀਝੇ ਮਨ ਮਾਹੀ ॥ ਪ੍ਰੇਮ ਬਾਰ ਦ੍ਰਿਗ ਬਰਜੈ ਨਾਹੀ ॥1230॥
ਸਾਧੁ ਸਾਧੁ ਸ੍ਰੀ ਮੁਖ ਤੇ ਕੀਨੋ ॥ ਮਨੁਖ ਦੇਹੀ ਸਫਲ ਸੁ ਚੀਨੋ ॥
ਕਹਯੋ ਬਹੁਰ ਹੇ ਭਾਗ ਮ੍ਰਿਗਾਰੀ ॥ ਤੂੰ ਸਦੀਵ ਮੇਰੇ ਸਹਚਾਰੀ ॥1231॥
ਜਹਾਂ ਜਹਾਂ ਮੈ ਨਰ ਤਨ ਧਾਰਾ ॥ ਤਹਾਂ ਤਹਾਂ ਤੂ ਭੀ ਰਹਿ ਨਾਰਾ ॥
ਅਬ ਹੀ ਨਯੋਨ ਭਯੋ ਮਿਲਾਪੀ ॥ ਸਦਾ ਸੰਗਿ ਹਮਰੇ ਨਿਹਪਾਪੀ ॥1232॥

॥ ਦੋਹਰਾ ॥

ਕਰ ਨੀਰਜ[3] ਸ੍ਰੀ ਸਤਿਗੁਰੂ ਦੀਨੋ ਸੀਸ ਛੁਵਾਇ ॥
ਆਤਮ ਗਯਾਨ ਤਤੁ ਖਿਨ ਭਯੋ ਗਯੋ ਅਗਯਾਨ ਬਿਲਾਇ ॥1233॥

॥ ਚੌਪਈ ॥

ਕਮਲ ਨੈਨ ਮੁਖ ਬੈਨ ਬਖਾਨਾ ॥ ਭਾਗ ਪੰਚਾਨਨ ਸੁਨ ਬੁਧਵਾਨਾ ॥
ਵਾਹਿਗੁਰੂ ਸਦ ਹੀ ਮੁਖ ਗਾਵੋ ॥ ਅਨਭਵ ਨਿਸਚਾ ਮਨ ਠਹਰਾਵੋ ॥1234॥
ਭਾਗ ਸਿੰਘ ਜੀ ਚਰਨ ਗਹਾਨੇ ॥ ਨੈਨਨ ਨੀਰ ਝਰਾ ਹਰਖਾਨੇ ॥
ਪਾਨ ਜੋਰੁ ਕਰਿ ਉਸਤਤਿ ਗਾਈ ॥ ਦੋਇ ਕਬਿਤ ਕਰੇ ਮਨ ਲਾਈ ॥1235॥

॥ ਕਬਿਤ ॥

ਦਰੁਪਦ ਦੁਲਾਰੀ ਕੁਰ ਬਿਰਸਿ ਦੁਖਾਰੀ ਭਾਰੀ
ਸਭਾ ਕੇ ਮਝਾਰੀ ਗਹਿ ਕੇਸਨ ਕੋ ਝਟਕੀ ॥
ਕੌਰਵਉ [4]ਉਚਾਰੀ ਕਰੋ ਨਗਨ ਏ ਨਾਰੀ ਸੁਨ
ਨਿਪਟਿ ਦੁਸਾਸਨਿ ਦੁਸਟਾਰੀ ਫਰ ਪਟਕੀ ॥

---

1. ਅ ਪੋਥੀ ਕੰਦ
2. ਅ ਪੋਥੀ ਹੋਨ ਨਹਿ
3. ਅ ਪੋਥੀ ਸੁ ਕਮਲ
4. ਅ ਪੋਥੀ ਕੋਰਵ

ਡਾਰੋ[1] ਅਧ ਨਾਰੀ ਪਾਂਚਾਲ ਪਾਂਡਵ ਲਜਾਏ ਭਾਰੀ
ਨੈਨ ਭਰ ਬਾਰੀ ਦੇਖ ਪਸਾਰੀ ਨਾਰੀ ਅਟਕੀ ॥
ਤੌਨ ਸਮੇ ਧਰੀ ਬਾਰੀ ਲੀਜੈ ਕੈ ਨਿਹਾਰੀ ਪਾਰੀ
ਵਜੋਮ ਲੋ ਸਵਾਰੀ ਨਿਆਰੀ ਗੀਤ ਢੀਠ ਪਟਕੀ ॥1236॥
ਤਾਰੀ ਰਿਖ ਨਾਰੀ ਸ੍ਵਾਮਿ ਸ੍ਰਾਪੁ ਪਾਪੁ ਭਾਰੀ ਬਸਿ
ਗਨਿਕਾ ਉਧਾਰੀ ਪਤਿਵ੍ਰਾਰੀ ਸਿਰਤਾਜ ਕੀ ॥
[2]ਰਾਇਨੀ ਨਿਕਾਰੀ ਬੇਗ ਰਾਮਦਨੀ ਸਵਾਰੀ ਧਾਰੀ
ਰੁਕਮਨ ਕੁਮਾਰੀ ਚਿੰਤ ਹਾਰੀ ਪਾਪ ਸਾਜ ਕੀ ॥[2]
ਪ੍ਰਹਿਲਾਦ ਹਿਤਕਾਰੀ ਭਏ ਖੰਭ ਅਵਤਾਰੀ
ਅਸੁ ਫਾਰੀ ਉਰ ਡਾਰੀ ਅਗਰਾਰੀ ਨਿਰਲਾਜ ਕੀ ॥
ਗਾਵੈ ਸਰੁਤਿ ਚਾਰੀ ਜਸੁ ਭਾਗ ਸਿੰਘ ਬਾਰ ਬਾਰੀ
ਪਤਿਤ ਉਧਾਰੀ ਨਾਰੀ ਭੀਲਨੀ ਕੁ ਜਾਤ ਕੀ ॥1237॥

॥ ਦੋਹਰਾ ॥

ਅਸਿ ਉਸਤਤਿ ਕਰਿ ਭਾਗ ਸਿੰਘ ਪਰਾ ਚਰਨ ਲਪਟਾਇ ॥
ਜੈਸੇ ਭੌਰਾ ਕੰਜ ਸੋ ਕਰਤ ਪ੍ਰੀਤ ਅਧਿਕਾਈ ॥1238॥

(ਮਹਾਰਾਜਾ ਰਣਜੀਤ ਸਿੰਘ ਨੇ ਦਰਸ਼ਨਾਂ ਨੂੰ ਆਉਣਾ)

॥ ਚੌਪਈ ॥

ਤਬ ਸਰਕਾਰ ਮਿਲਨ ਕੋ ਆਈ ॥ ਮਿਲ ਹਜੂਰ ਪਹਿ ਬਿਨਤੀ ਗਾਈ ॥
ਮਖਯਾਲਾ ਗਢ ਗੁਰੋ ਦਿਯੋ ਛਡਾਇ ॥ ਆਵਾਂ ਚਲ ਤੁਮਰੀ ਸਰਨਾਇ ॥1239॥
ਕਈ ਬਾਰ ਮਮ ਪਿਤ ਚਲਿ ਆਵਾ ॥ ਕਰੇ ਯਤਨ ਨਹਿ ਤਿਹ ਹਥੁ ਆਵਾ ॥
ਆਪ ਮਯਾ ਕਰੁ ਕਰ ਜੈ ਦੇਵੋ ॥ ਸਰਬ ਜਗਤੁ ਮੋ ਬਡ ਜਸੁ ਲੇਵੋ ॥1240॥
ਗੁਰੂ ਭਨਾ ਨਹਿ ਚਿੰਤਾ ਕੀਜੈ ॥ ਜੌ ਅਧਨੀ ਮਨਿ ਸਹਿ ਲਿਖ ਲੀਜੈ ॥
ਪਿੰਡ ਥੀ ਸਤਿਗੁਰ ਕੂਚ ਕਰਾਇ ॥ ਮਖਯਾਲੇ ਓਰਿ ਗਏ ਬਿਗਸਾਇ ॥1241॥
ਗਿਰ ਪਰ ਗਢ ਹੈ ਅਤਿਸੇ ਬਾਂਕਾ ॥ ਬਸੈ ਤੁਰਕ ਮਧ ਬਡ ਬਲ ਜਾਕਾ ॥
ਜਲ ਆਦਿਕ ਸਭ ਤਿਸ ਬਿਚੁ ਆਹੀ ॥ ਯਮਨ ਭਟ ਬਹੁ ਬਾਲ ਜਿਹ ਬਾਹੀ ॥1242॥
ਜਬ ਘੇਰਾ ਸ੍ਰੀ ਸਤਿਗੁਰ ਪਾਯੋ ॥ ਸਿੰਘਨ ਫੌਜ ਬਡੋ ਬਲ ਲਾਯੋ ॥
ਆਗੇ ਤੁਰਕ ਭਏ ਸਿਮੁਹਾਇ ॥ ਜੁਗਮ ਓਰਿ ਸੂਰੇ ਬਹੁ ਘਾਇ ॥1243॥

॥ ਦੋਹਰਾ ॥

ਗੁਪਤੀ ਨਰ ਤੁਰਕਨ ਪਠਾ ਕਿਨ ਪਾਵਾਂ ਘਮਸਾਨ ॥
ਮਹਾਂ ਸਿੰਘ ਹਮ ਤੇ ਭਗਾ ਇਹ ਕੋਈ ਬਲਵਾਨ ॥1244॥

---

1. ਅ ਪੋਥੀ ਡਾਰੀ 2. ਅ ਪੋਥੀ ਪਾਠਾਂਤਰ : ਰਾਇਨੀ ਨਿਕਾਰੀ ਭਏ ਖੰਭ ਅਵਤਾਰੀ ਅਸ ਛਾਹੀ ਉਰ ਡਾਰੀ ਅਸਰਾਰੀ ਨਿਰਲਾਜ ਕੀ ॥

॥ ਚੌਪਈ ॥

ਮਾਨਵ ਨੇ ਮੁਨ ਬਾਤ ਜਨਾਈ ॥ ਦੁਰਗ ਛੁਡਾਵਤ ਬੇਦੀ ਰਾਈ ॥
ਸੁਨ ਕਰ ਤੁਰਕਨ ਧੀਰਜ ਛੂਟਾ ॥ ਇਹ ਗੁਰ ਹਮਰਾ ਫ਼ਾਰੋ ਬੂਟਾ ॥1245॥
ਏਕ ਕਹਾ ਤੁਮ ਸਰਨੀ ਜਾਵੋ ॥ ਸਰਨ ਗਏ ਨਹਿ ਰਾਜ ਗਵਾਵੋ ॥
ਕਰ ਮਸਲਤਿ ਤਿਨ ਮੈ ਜੋ ਸਯਾਨੇ ॥ ਆਏ ਸਰਨੀ ਗੁਰ ਭਗਵਾਨੇ ॥1246॥
ਪ੍ਰਥਮ ਨਜਰ ਗੁਰ ਅਗ੍ਰਰਜੁ ਰਾਖੀ ॥ ਗਰੁ ਮੈ ਅੰਚਰਿ ਬ੍ਰਿਨਤੀ ਭਾਖੀ ॥
ਸਾਂਝੇ ਪੀਰ ਹੋਤ ਸਭ ਕੇਰੇ ॥ ਹਿੰਦੂ ਤੁਰਕਿ ਸਭੈ ਹੈ ਤੇਰੇ ॥1247॥

॥ ਦੋਹਰਾ ॥

ਗੁਰ ਨਾਨਕ ਤੁਮ ਬਪੁ ਖਰਾ ਤੋ ਹਮਰਾ ਹੈ ਪੀਰ ॥
ਸਿੰਘ ਸੁ ਤੁਰਕ ਮੁਰੀਦ ਹੈ ਹਮ ਕੌ ਦੇਵੋ ਧੀਰ ॥1248॥

॥ ਚੌਪਈ ॥

ਸੁਨ ਕਰ ਤਿਨ ਕੀ ਬਿਨੈ ਸੁਆਮੀ ॥ ਕਹੀ ਗਿਰਾ ਗੁਰ ਅੰਤਰਿਜਾਮੀ ॥
ਰਣਜੀਤ ਸਿੰਘ ਕੀ ਆਨ ਮਨੀਜੈ ॥ ਬੈਸੋ ਘਰੁ ਮੈ ਬਹੁ ਸੁਖੁ ਲੀਜੈ ॥1249॥
ਆਪ ਰਿਜਾਇ ਨਾਮ ਰੀ ਜਾਵੈ ॥ ਹੁਕਮੁ ਆਪ ਕਾ ਹਮ ਕੋ ਭਾਵੈ ॥
ਗੁਰੂ ਭਨਾ ਅਬ ਜਾਵਨ ਕੀਜੈ ॥ ਭੋਰ ਹੋਤ ਹੀ ਸੁਲਾ ਕਰੀਜੈ ॥1250॥
ਮਾਨ ਹੁਕਮੁ ਗੁਰ ਤੁਰਕ ਸਿਧਾਏ ॥ ਦੁਰਗ ਬੀਚ ਸੋ ਜਾਇ ਬਿਰਾਏ ॥
ਬਾਰ-ਬਾਰ ਗੁਰ ਕੇ ਗੁਨ[2] ਗਾਵੈ ॥ ਲਾਜ ਹਮਾਰੀ ਗੁਰੂ ਰਖਾਵੈ ॥1251॥

॥ ਦੋਹਰਾ ॥

ਹੋਤ ਭੋਰ ਸ੍ਰੀ ਸਤਿਗੁਰੂ ਲਖਪਤਿ ਲੀਨ ਬੁਲਾਇ ॥
ਲੈ ਸਰਕਾਰ ਆਯੋ ਤਬੈ ਗੁਰ ਪਗ ਸੀਸ ਨਿਵਾਇ ॥1252॥
ਸ੍ਰੀ ਕਮਲਾਨਨ ਬਚ ਭਨਾ ਸੁਨ ਦਿਵਾਨ ਮਨੁ ਲਾਇ ॥
ਤੁਰਕ ਸਾਥ ਸਾਲਕ ਕਰੋ ਲੇਵੋ ਆਨ ਮਨਾਇ ॥1253॥

॥ ਚੌਪਈ ॥

ਕਹਯੋ ਦਿਵਾਨੁ ਜਿਮ ਕਹਯੋ ਸੁਆਮੀ ॥ ਹੈ ਸਰਕਾਰ ਸਦਾ ਅਨੁਗਾਮੀ ॥
ਹਮ ਗਨੜੀ ਮੈ ਕੌਨ ਬਿਚਾਰੇ ॥ ਜਿਮ ਪ੍ਰੇਰੋ ਤਿਮ ਕਰਨੇਹਾਰੇ ॥1254॥
ਪਠ ਮਾਨਵ ਗੁਰ ਤੁਰਕ ਬੁਲਾਵਾ ॥ ਸਾਥ ਸਰਕਾਰ ਤਿਸੁ ਮੇਲ ਕਰਾਵਾ ॥
ਅਸ੍ਵ ਆਦ ਨਜਰਾਨਾ ਦੀਨਾ ॥ ਹੁਕਮੁ ਤਿਨੋ ਕਾ ਸਿਰ ਧਰ ਲੀਨਾ ॥1255॥
ਸਤਿਗੁਰ ਕੌ ਭੇਟਾ ਤਿਨ ਦੀਨੀ ॥ ਚਰਨ ਰੇਨ ਮਾਥੇ ਧਰ ਲੀਨੀ ॥
ਬਹੁਰੋ ਤਹ ਤੇ ਕੂਚ ਕਰਾਈ ॥ ਪੁਰਿ ਜਲਾਲ ਆਏ ਸੁਖਦਾਈ ॥1256॥

---

1. ੲ ਪੋਥੀ ਕੱਟ
2. ੲ ਪੋਥੀ ਕੀ ਨੁਤ

## (ਪੋਹ ਵਿੰਡੀਏ ਸਰਦਾਰ ਦੇ ਪੁਤਰ ਨੂੰ ਰਾਜ਼ੀ ਕਰਨਾ)

॥ ਦੋਹਰਾ ॥

ਪੋਹ ਵਿੰਡ ਸਰਦਾਰ ਥਾ ਤਾਸ ਪੂਤ ਜਰੁ ਆਹਿ ॥1257॥
ਔਖਦ ਕਰ ਕਰ ਪਚਿ ਰਹੇ ਦਿਨ ਦਿਨ ਜੁਰ ਬਰਧਾਹਿ ॥1257॥
ਸੁਖਨਾ ਕਰੀ ਹਜ਼ੂਰਿ ਕੀ ਹਾਥ ਜੋਰ ਸਿਰ ਨਾਇ ॥
ਪਾਂਚ ਰੁਪਯੇ ਕੜਾਹ ਕਰ ਭੇਟਾਂ ਬੀਸ ਚਢਾਇ ॥1258॥

॥ ਚੌਪਈ ॥

ਤਾਪ ਗਯੋ ਸੁਤ ਰਾਜੀ ਹੋਵਾ ॥ ਗੁਰ ਪਰ ਨਿਸਚਾ ਅਤਿਸੇ ਜੋਵਾ ॥
ਸਤਿਗੁਰ ਆਏ ਸੁਨ ਕਰ ਸੋਈ ॥ ਆਵਾ ਮਿਲਨੈ ਪ੍ਰੀਤਿ ਹੋਈ ॥1259॥
ਮਨ ਮੈ ਲੋਭ ਹੋਤ ਭਾ ਭਾਰੀ ॥ ਦਮੜੇ ਦਸ ਆਂਦੇ ਗੁਰਦੁਆਰੀ ॥
ਰਸਤ ਪਾਂਚ ਦਮੜੇ ਕੀ ਲਯਾਏ ॥ ਧਰ ਕਰ ਆਗੇ ਸੀਸ ਨਿਵਾਏ ॥1260॥
ਧਰਿ ਆਗੇ ਕਰ ਜੋਰ ਖਲੋਆ ॥ ਅਪਨੇ ਰਿਦਾ[1] ਮੈ ਸੁਰਖਰੂ ਹੋਆ ॥
ਸਿਖ ਸੰਗਤ ਕੀ ਭੀਰ ਸੁ ਭਾਰੀ ॥ ਪਲਘੁ ਬਿਰਾਜੇ ਗੁਰ ਸੁਖਕਾਰੀ ॥1261॥
ਕਹਯੋ ਹਜ਼ੂਰ ਉਠਾਵੋ ਦਮੜੇ ॥ ਦਸੁ ਕਿਉ ਦੇਤ ਬੀਸ ਹੈ ਹਮਾਰੇ ॥
ਹਮਕੋ ਪੁੰਨ ਨ ਦੇਨੇ ਆਯਾ ॥ ਪਹਲੇ ਲੀਨੋ ਕਾਮ ਕਰਾਯਾ ॥1262॥
ਇਹੁ ਭੇਟਾ ਮਿਹਨਤ ਹੈ ਹਮਰੀ ॥ ਪੂਜਨ ਬਿਨ ਜਗ ਦੇਹ ਨ ਦਮ ਰੀ ॥
ਲੋਰ ਪੂਰੈ ਗੁਰ ਗੋਬਿੰਦ ਜਾਨੈ ॥ ਹੋਵੈ ਪੂਰੀ ਮਨੁਖ ਮਾਨੈ ॥1263॥

॥ ਦੋਹਰਾ ॥

[2]ਲਗੋ ਦੇਵਾਨ ਸੁਭਗ ਅਤਿ[2] ਗੁਰ ਬਚ ਦੀਨ ਸੁਨਾਇ ॥
ਹੁਇ ਲਜਤ ਨੀਵੋਂ ਤਕੇ ਬਾਰ ਬਾਰ ਪਛੁਤਾਇ ॥1264॥
ਖੜੋ ਰਹਯੋ ਦ੍ਵੈ ਪੰਹਰ ਲਗ ਹਾਥੁ ਜੋਰੁ ਸਿਰਦਾਰੁ ॥
ਅਰਜ ਨ ਕੋਈ ਕਰ ਸਕੈ ਗੁਰ ਕਾ ਤੌਰ ਨਿਹਾਰ ॥1265॥
ਜਾਂਮ ਤੀਸਰੇ ਬਖਸ਼ਿਆ ਗੁਰ ਜੀ ਭਏ ਦਯਾਲ ॥
ਮਾਰਗੁ ਪਾਵਤ ਸਿਖਨ ਕੋ ਕਾਟਤ ਹੈ ਜਮ ਜਲ ॥1266॥

॥ ਚੌਪਈ ॥

ਬਡ ਨਿਸਚਾ ਜਿਸ ਗੁਰ ਪਹਿ[3] ਆਵਾ ॥ ਪਨੋਹੀ ਊਪਰ ਸੀਸ ਨਿਵਾਵਾ ॥
ਬੀਸ ਰੁਪਯੇ ਦੀਨ ਚਢਾਏ ॥ ਸੇਵਾ ਔਰੁ ਕਰੀ ਹਰਖਾਏ ॥1267॥
ਸਿਰੇਪਾਏ ਸ੍ਰੀ ਸਤਿਗੁਰ ਦੀਨਾ ॥ ਭੂਲਿ ਖਿਮਾ ਕਰਿ ਸੇਵਕੁ ਚੀਨਾ ॥
ਔਰੁ ਸੰਗਤਾਂ ਚਲ ਚਲ ਆਵੈ ॥ ਦਰਸਨ ਕਰਿ ਕਰਿ ਮਨ ਬਿਗਸਾਵੈ ॥1268॥

---

1. ਅ ਪੋਥੀ ਮਨ
2. ਅ ਪੋਥੀ ਪਾਠਾਂਤਰ : ਦਿਵਾਨ ਲਗੋ ਸੁ ਅਤਿ ਘਣਾ
3. ੲ ਪੋਥੀ ਪਰ

## (ਰਣਜੀਤ ਸਿੰਘ ਨੇ ਬੇਨਤੀ ਕਰਨੀ)

ਪੁਨ[1] ਸਰਕਾਰ ਕਹਯੋ ਕਰਿ ਜੋਰੀ ॥ ਬਿਨੰਤੀ ਸੁਨੀਏ ਸਤਿਗੁਰ ਮੋਰੀ ॥
ਸਹੀਦਾ ਵਾਲੀ ਮੁਝੇ ਦਿਵਾਵੋ ॥ ਤੁਰਕਨ ਕੋ ਤੁਮ ਮਾਰ ਗਵਾਵੋ ॥1269॥

॥ ਦੋਹਰਾ ॥

ਗੁਰੂ ਕਹਯੋ ਮਹਾਂ ਸਿੰਘ ਨੇ ਆਗੇ ਕੀਨੇ ਜੋਰ ॥
ਤੂੰ ਕੈਸੇ ਫਿਰਿ ਚਾਹੰਤਾ ਕਹਿ ਦੀਜੈ ਬਿਨੁ ਬੇਰੁ ॥1270॥

॥ ਚੌਪਈ ॥

ਕਹਯੋ ਸਰਕਾਰ ਸੁਨੋ ਸੁਖਦਾਈ ॥ ਅੰਤਰਿਜਾਮੀ ਬੇਦੀ ਰਾਈ ॥
ਕੇਈ ਬੇਰ ਪਿਤਾ ਮਾਮ ਆਵਾਂ ॥ ਕਰੰ ਕਰ ਜੰਗ ਬਹੁਰਿ ਪਛੁਤਾਵਾਂ ॥1271॥
ਆਪ ਮੰਯਾ ਕਰਿ ਦਿਯੋ ਛਡਾਈ ॥ ਪਾਦ ਪਦਮ ਕੀ ਮੈ ਸਰਨਾਈ ॥
ਸਰਨਿ ਲਈ ਮੈ ਸਤਿਗੁਰੂ ਪੂਰੇ ॥ ਪੀਰ ਫਕੀਰ ਸੁ ਜਾਨੇ ਊਰੇ ॥1272॥

॥ ਦੋਹਰਾ ॥

ਬਿਗਸ ਕਹਯੋ ਸ੍ਰੀ ਸਤਿਗੁਰ ਅਜਮਤ ਦੇਖਨ ਚਾਹਿ ॥
ਜੋ ਤੇਰੇ ਮਨ ਐਸ ਹੈ ਦਖੋਂ ਕਲਪਤਿ ਆਹਿ ॥1273॥

॥ ਚੌਪਈ ॥

ਕਹਯੋ ਸੁਰਕਾਰ ਸੁਨੋ ਸੁਖਦਾਈ ॥ ਮੈ ਤਾ ਲੀਨੀ ਪਦ ਸਰਨਾਈ ॥
ਅਜਮਤਿ ਦੇਖਿਨ ਕੀ ਨਹਿ ਚਾਹੀ ॥ ਦੁਰਗ ਛੜ੍ਹਾਵੋ ਇਹ ਮਨੁ ਆਹੀ ॥1274॥
ਸੁਨ ਤਿਸ ਤੇ ਗੁਰ ਕੂਚ ਕਰਾਵਾ ॥ ਸਹੀਦਾ ਵਾਲੀ ਦੇਰਾ ਪ੍ਰਾਵਾ ॥
ਆਕੀ ਕਢ ਤੁਰਕਨੁ ਤਬ ਕੀਨਾ ॥ ਸਿੰਘਨ ਫੌਜ ਲਖੀ ਤਿਨ ਪੀਨਾ ॥1275॥
ਸਰਕਾਰ ਫੌਜ ਸਭ ਭੂਖੀ ਆਹੀਂ ॥ ਗੁਰ ਲੰਗਰ ਤੇ ਲੇਕਰਿ ਖਾਹੀ ॥
ਬਿਹਾਰੇ ਸਿੰਘ ਪ੍ਰਤਿ ਗੁਰੂ ਅਲਾਵਾ ॥ ਬਹੁਤ ਚੂਨ ਸੁ ਲੇਹੁ ਮੰਗਾਵਾ ॥1271॥

॥ ਦੋਹਰਾ ॥

ਸਵਾ ਸੇਰ ਜੁਗ ਰੋਟੀਆ ਕਰੜੀ ਸੂਪ ਬਨਾਇ ॥
ਜਬਹਿ ਪ੍ਰਸਾਦਿ ਤਿਆਰੁ ਹੁਇ ਸੁਤੇਰੀ ਦੇਉ ਬਜਾਇ ॥1277॥

॥ ਚੌਪਈ ॥

ਜੁਗਮ[2] ਪ੍ਰਸਾਦੇ ਊਪਰਿ ਦਾਲਾ ॥ ਦੇਂਦੇ ਜਾਵੋ ਕਰੋ ਨਾ ਟਾਲਾ ॥
ਜੋ ਆਵੇ ਨਹਿ ਖਾਲੀ ਜਾਈ ॥ ਲੋਹਿ ਤਪਾਵੋ ਦੇਰੁ ਬਿਹਾਈ ॥1278॥
ਜਿਮ ਗੁਰ ਆਗਯਾ ਤਿਮ ਹੀ ਕੀਨਾ ॥ ਲੰਗਰ ਹੋਵੈ ਗੁਰ ਕਾ ਪੀਨਾ ॥
ਊਚ ਨੀਚ ਸਭ ਲੇਕਰ ਖਾਈ ॥ ਸਤਿਗੁਰ ਜਸੁ ਕਰੈ ਹਰਖਾਈ ॥1279॥
ਦੁਰਗ ਚੁਗਿਰਦੇ ਘੇਰਾ ਪਾਵਾਂ ॥ ਸਰਕਾਰ ਪ੍ਰਤਿ ਗੁਰ ਬੈਨ ਅਲਾਵਾ ॥
ਮੁਰਚਨ ਮੋ ਤੁਮ ਥਿਰੇ ਰਹਾਵੋ ॥ ਆਜ ਦੁਪਹਿਰੇ ਜੈ ਤੁਮ ਪਾਵੋ ॥1280॥

---

1. ਦ ਪੋਥੀ ਫੁਨਿ    2. ਦ ਪੋਥੀ ਦੇ ਦੋ

॥ ਦੋਹਰਾ ॥

ਜਬ ਧੌਸਾ [1]ਹਮਰਾ ਬਜੈ ਤਬੋ ਤੁਮ ਹੋਹੁ ਸਵਾਰੁ ॥
ਵਾਹਿਗੁਰੂ ਸਿਮਰਨ ਕਰੋ ਔਰ ਬਿਸਾਰੋ ਕਾਰ ॥1281॥

॥ ਚੌਪਈ ॥

ਮਾਨੁ ਬਚਨੁ ਸਭ ਦੇਰ੍ਹੇ ਗਏ ॥ ਵਾਹਿਗੁਰੂ ਮੁਖ ਸਿਮਰਨ ਕਏ ॥
ਜੁਗਲ ਸੁ ਜਾਮ ਬਜੈ [2]ਦਿਨ ਆਯੋ ॥ ਸ੍ਰੀ ਕਮਲਾਨਨ ਅਮਲ ਮੰਗਾਯੋ ॥1282॥
ਛਕਿ ਅਮਲੰ ਗੁਰ ਕਰਾ ਸੁਚੇਤਾ ॥ ਤੁਰਕਨ ਕੁਲ ਕੋ ਕਰ ਹੈ ਰੇਤਾ ॥
ਅਨੂਠਿ ਪਾਗ ਬਾਧ ਸੁਖਦਾਈ ॥ ਜਿਗਾ ਸੁ ਕਲਗੀ ਬਹੁ ਚਮਕਾਈ ॥1283॥
ਕੜੇ ਜੜਾਊ ਕਰ ਮੋ ਸੋਹੈ ॥ ਨਵ ਰਤਨੇ ਭੁਜ ਮਨ ਮਖ ਮੋਹੈਂ ॥
ਚੰਦ੍ਰਹਾਸ ਗੁਰ ਗੁਰ ਸੋ ਪਾਈ ॥ ਕਰ ਮੋ ਬਰਛੀ ਬਹੁ ਛਬ ਛਾਹੀ ॥1284॥

॥ ਦੋਹਰਾ ॥

ਕਟ ਤੁਨੀਰ ਕਾਂਧੇ ਧਨੁਖ ਚੀਨਾ ਹੈ ਮੰਗਵਾਇ ॥
ਸ੍ਰੀ ਗੁਰ ਨਾਨਕ ਨਾਮੁ ਲੈ ਭੇ ਸਵਾਰ ਹਰਖਾਇ ॥1285॥

॥ ਚੌਪਈ ॥

ਧੌਸਾ ਗੁਰ ਕਾ ਤਿਹ ਛਿਨੁ ਬਾਜਾ ॥ ਜੈ ਜੈ ਧੁਨਿ ਛਿਤ ਨਭ ਪਰ ਛਾਜਾ ॥
ਸਰਕਾਰ ਆਦਿ ਸਭ ਹੀ ਚੜਿ ਧਾਏ ॥ ਸਤਿਗੁਰ ਪਗ ਪਰ ਸੀਸ ਨਿਵਾਏ ॥1286॥
ਭਨਾ ਗੁਰੂ ਤੁਮ ਥਿਰੋ ਰਹਾਵੈ ॥ ਕਰੇ ਕਰਤਾਰ ਸੋ ਦੇਖਤ ਜਾਵੋ ॥
ਦੁਰਗ ਚੌਫੇਰਿ ਗੁਰੂ ਫਿਰ ਆਏ ॥ ਧਨੁਖੁ ਮਾਹਿ ਸਾਂ ਯਕਸੰ ਧਾਏ ॥1287॥
ਏਕ ਬਾਨ ਗੁਰ ਦੀਨ ਚਲਾਈ ॥ ਦੁਰਗ ਸਫ਼ੀਲ ਲਗਾ ਸੋ ਜਾਈ ॥
ਤਬੈ ਸਹੀਦਨ ਕੀ ਬਹੁ ਮਾਰੈ ॥ ਤੁਰਕਨ ਸੀਸ ਜੁਦੇ ਕਰ ਡਾਰੈਂ ॥1288

॥ ਦੋਹਰਾ ॥

ਸਰਕਾਰ ਪ੍ਰਤੀ ਗੁਰ ਬਚਨ ਭਨਾ ਜਾਵੋ ਦੁਰਗ ਮਝਾਰ ॥
ਪਾਨ[3] ਜੋਰ ਤਿਨ ਅਸ ਕਹਾ ਚਾਲੋ ਆਪ ਮੁਰਾਰ ॥1289॥

॥ ਚੌਪਈ ॥

ਪਹਿਲੇ ਆਪ ਗੁਰੂ ਚਲਿ ਗਏ ॥ ਸਰਕਾਰ ਆਦਿ ਸਭ ਪਾਛ ਸਿਧਾਏ ॥
ਦਰਪਟ ਖੋਲਨ ਤਬ ਹੀ ਕੀਨੇ ॥ ਆਗੇ ਤੁਰਕ ਮਰੇ ਹੀ ਚੀਨੇ ॥1290॥
ਸਭ ਕੇ ਮਨ ਬਡ ਅਚਰਜ ਆਵਾ ॥ ਮਾਰਨ ਵਾਲਾ ਨਹਿ ਦ੍ਰਿਸਟਾਵਾ ॥
ਜਯਤ ਦਮਾਮੇ ਬਜੇ ਬਜਾਏ ॥ ਬਾਰ ਬਾਰ ਗੁਰ ਕਾ ਯਸ ਗਾਇ ॥1291॥
ਸਭ ਕੈ ਮਨ ਬਡ ਨਿਸਚਾ ਆਯੋ ॥ ਰਣਜੀਤ ਸਿੰਘ ਤਬ ਬੈਨ ਅਲਾਯੋ ॥
ਸਰਬ ਪਦਾਰਥ ਗੁਰ ਜੀ ਲੀਜੇ ॥ ਸੇਵਕ ਜਾਨੋ ਮਯਾ ਕਰੀਜੇ ॥1202॥

---

1. ਅ ਪੋਥੀ ਰੀ ਧਉਸਾ – 2. ਅ ਪੋਥੀ ਜਬੈ 3. ੲ ਪੋਥੀ ਹਾਥ

ਰਹਯੋ ਹਜੂਰ ਸਭ ਹੀ ਲੇਵੋ ॥ ਫੌਜ ਆਪਨੀ ਕੋ ਵੰਡ ਦੇਵੋ ॥
ਇਕ ਬਰਾ ਟਕਾ ਨਹਿ ਗੁਰ ਲੀਨਾ ॥ ਦੂਰਗ ਆਦਿ ਸਭ ਤਿਨ ਕਉ ਦੀਨਾ ॥1233॥

॥ ਦੋਹਰਾ ॥

ਥਾਨਾ ਨਿਜ ਸਰਕਾਰ ਨੇ ਗਢ ਮੇ ਥਾਵਨ ਕੀਨ ॥
ਗੁਰ ਕੀ ਉਸਤਤਿ ਕਰਤ ਭਾ ਪਾਦ ਪਦਮ ਮਨ ਦੀਨ ॥1294॥

(ਬਾਬਾ ਸਾਹਿਬ ਸਿੰਘ ਦਾ ਰਾਮ ਨਗਰ ਜਾਣਾ)

॥ ਚੌਪਈ ॥

ਪਾਨ ਜੋਰ ਕਰ ਬਿਨੇ ਬਖਾਨੀ ॥ ਰਾਮ ਨਗਰ ਚਾਲੋ ਸੁਖਦਾਈ ॥
ਤਿਹ ਥੀ ਕੂਚ ਕਰਾ ਬੇਦੀਸ ॥ ਤੁਰਕਨ ਮਾਰ ਕਰਾ ਜਿਹ ਖੀਸ ॥1295॥
ਕਰਮ ਸਿੰਘ ਆਲਾ ਸਿੰਘ ਭਾਈ ॥ ਦੋਨੋ ਮਿਲ ਕਰ ਅਰਜ਼ੀ ਗਾਈ ॥
ਕੁਜਾਂਹਿ ਨਗਰ ਕੋ ਪਾਵਨ ਕੀਜੈ ॥ ਸਰਧਾ ਹਮਰੀ ਪੂਰਨ ਕੀਜੈ ॥1296॥
ਜੁਗ ਭਾਈ ਬਹੁ ਬਿਨਤੀ ਕੀਨੀ ॥ ਮਾਨੀ ਸਤਿਗੁਰ ਸਰਧਾ ਕੀਨੀ ॥
ਸਰਕਾਰ ਪ੍ਰਤਿ ਗੁਰ ਬੈਨ ਬਖਾਨਾ ॥ ਰਾਮ ਨਗਰ ਤੁਮ ਕਰੋ ਪਯਾਨਾ ॥1297॥
ਸਹਜੇ ਸਹਜੇ ਹਮ ਭੀ ਆਵੈ ॥ ਸਿਖਨ ਦਰਸਨ ਦੇ ਹਰਖਾਵੈ ॥
ਮਾਨ ਹੁਕਮ ਤਿਨ ਕੂਚ ਕਰਾਵਾ ॥ ਚਲ ਕੁਜਾਂਹਿ ਗੁਰ ਸਿਵਰ ਲਗਾਵਾ ॥1298॥
ਸੰਗਤ ਸੁਨ ਕਰ ਦਰਸਨ ਆਈ ॥ ਧਰੀ ਉਪਹਿਨ ਸੀਸ ਨਿਵਾਈ ॥
ਦਰਸਨ ਕਰਿ ਕੇ ਸਿਖ ਹਰਖਾਏ ॥ ਮਨ ਬਾਂਛਤ ਗੁਰ ਤੇ ਫਲ ਬਰ ਪਾਏ ॥1299॥

॥ ਦੋਹਰਾ ॥

ਕਰਮ ਸਿੰਘ ਆਲਾ ਸਿੰਘ ਦੋਨੋ ਮਾਨ ਤਿਯਾਗੁ ॥
ਗੁਰ ਸੇਵਾ ਮਨੁ ਤਨੁ ਕਰੀ ਪਰਸੇ ਗੁਰ ਕੇ ਪਾਗ ॥1300॥

॥ ਚੌਪਈ ॥

ਉਪਦੇਸਿ ਕਰਾ ਗੁਰ ਜੀ ਹਰਖਾਈ ॥ ਸਤਨਾਮੁ ਸਿਮਰੋ ਮਨੁ ਲਾਈ ॥
ਸੰਤਨ ਸੇਵਾ ਸਦ ਹੀ ਕੀਜੈ ॥ ਨਿਜ ਸੰਰੂਪੁ ਵਿਖੇ ਮਨੁ ਦੀਜੈ ॥1301॥
ਸੁਨ ਕਰ ਸਿਖ ਮਨ ਮੈ ਹਰਖਾਏ ॥ ਬਾਰ ਬਾਰ ਗੁਰ ਪਾਦ ਮਨਾਏ ॥
ਸੇਵਾ ਕੀਨੀ ਬਹੁ ਹਿਤੁ ਲਾਈ ॥ ਜਨਮ ਮਰਨ ਹਿਤ ਗਯੋ ਬਿਲਾਈ ॥1302॥
ਕੁਝਰਾਵਾਲ ਆਏ ਗੁਰ ਪੂਰੇ ॥ ਸਿਖਨ ਕੇ ਮਿਟ ਗਏ ਵਿਸੂਰੇ ॥
ਕੋਇ ਕੁ ਦਿਨੁ ਗੁਰ ਤਹਾਂ ਬਿਰਾਂਨੇ ॥ ਜਹਿ ਦਰਸੇ ਅਘ ਜਾਤ ਪਰਾਨੇ ॥1303॥

॥ ਦੋਹਰਾ ॥

ਅਰਧ ਸਹਸ ਅਸ੍ਵਾਰ ਯੁਤਾ ਅਈ ਸਰਕਾਰ ਪਾਸ[1] ॥
ਕਰ ਬੰਦਨ ਢਿਗ ਬਹਿਤ ਭੀ ਨੰਤੀ[2] ਬਚਨ ਪ੍ਰਕਾਸ ॥1304॥

1. ਅ ਪੋਥੀ ਪਾਠਾਂਤਰ ਸਰਕਾਰੀ ਆਈ ਗੁਰ ਪਾਸ 2. ੲ ਪੋਥੀ ਅਨੰਤੀ

॥ ਚੌਪਈ ॥

ਗਰੀਬ ਨਿਵਾਜ ਜਬੈ ਇਤ ਆਵੈ ॥ ਇਹੁ ਨੀਰਗੁ[1] ਇਕਲੋ ਦਰਸਾਵੈ ॥
ਸਾਹਿਬ ਬਚਨੁ ਕਹਯੋ ਸੁਨ ਮਾਈ ॥ ਬਿਨੁ ਬਜੀਰ[2] ਇਹ ਰਾਜ ਕਰਾਈ ॥1305॥
ਇਸ ਕੋ ਭਯ ਨਹਿ ਕਿਸ ਕਾ ਹੋਵੈ ॥ ਰਾਜ ਕਮਾਵੈ ਸੁਖ ਸੋ ਸੇਵੋ ॥
ਆਪ ਉਤੀਰਨੁ ਖੇਸ ਉਢਾਯਾ ॥ ਇਸ ਕੌ ਨਿਜ ਹਾਥਨ ਪਹਿਰਾਯਾ ॥1306॥
ਜੇ ਉਸ ਕੌ ਇਹ ਉਮਰ ਹੰਢਾਵਤ ॥ ਉਦੇ ਅਸਤ ਲੌ ਰਾਜ ਕਮਾਵਤ ॥
ਏਕ ਦਿਨਾ ਰਖੁ ਦਾਸੁਹਿ ਦੀਆ ॥ ਤੇ ਰਾਜਨ ਸਿਰ ਰਾਜਾ ਕੀਆ ॥1307॥
ਜਿਹ ਦਿਸ ਕੋ ਪਯਾਨੋ ਕਰੈ ॥ ਇਸ ਆਗੈ ਭਟ ਕੋਇ ਨ ਅਰੈ ॥
ਦੁਰਗ[3] ਖਜਾਨੈ ਦਿਨੁ ਦਿਨੁ ਬਾਢੈ । ਤੋਪ ਜੰਬੂਰੇ ਸੈਨਾ ਚਾਢੈ ॥1308॥
ਸੁਨ ਗੁਰ ਬਾਨੀ ਸੀਸ ਨਿਵਾਯੋ ॥ ਚਰਨ ਪਲੋਸਤ ਮਨ ਹਰਖਾਯੋ ॥
ਪਾਨ ਜੋਰੁ ਕਰਿ ਅਰਜ ਬਖਾਨੀ ॥ ਕਰੋ ਨਿਦੇਸ ਮੁਹਿ ਸੇਵਕ ਜਾਨੀ ॥1309॥
ਪੋਠੋਆਰ ਦੇਸ ਮੈ ਜਾਂਉ ॥ ਜੀਤ ਸੁ ਦੁਰਮਨ ਰਈਤ[4] ਬਨਾਉ ॥
ਕਹਯੋ ਹਜੂਰ ਚੜਿ ਜਾਹੁ ਸਵੇਰੇ ॥ ਹੋਵੈ ਫਤੇ ਨ ਲਾਗੈ ਦੇਰੇ ॥1310॥

॥ ਦੋਹਰਾ ॥

ਭੋਰ ਕੂਚ ਹਮ ਭੀ ਕਰੈ ਜਾਵੈ ਡੇਹਰੇ ਓਰਿ ॥
ਲੇ ਨਿਦੇਸ ਸਦੰਨੰ ਗਯੋ ਮਨ ਚਰਨਨ ਗੁਰ ਜੋਰੁ ॥1311॥
ਏਕ ਮਹੂਰਤਿ ਨਿਸ ਰਹੀ ਆਯੋ ਫੇਰਿ ਹਜੂਰਿ ॥
ਚਰਨਨ ਪਰ ਬੰਦਨ ਕਰੀ ਮਨ ਪ੍ਰੀਤੀ ਜਿਹ ਭੂਰ ॥1312॥

॥ ਚੌਪਈ ॥

ਸਾਹਿਬ ਛਾਇਵਾਨ ਲਹਾਏ ॥ ਤੰਬੂ ਪਲੰਘ ਕਤਾਨ[5] ਲਦਾਏ ॥
ਤਿਸੀ ਸਮੇ ਬੋਲਯਾ ਨਭ ਬਾਂਦਰ ॥ ਸੁਨ ਧੁਨ ਮੁਦਤ ਕੋਰ ਝਖ ਦਾਂਦੁਰ ॥1313॥
ਮਧੁਰ ਗਿਰਾ ਸਰਕਾਰ ਅਲਾਈ ॥ ਆਜਜ ਮਯਤ ਕਰੋ ਗੁਸਾਈ ॥
ਪ੍ਰਭ ਜੀ ਨਭਿ ਮੋ ਬਾਂਦਰ ਆਏ ॥ ਪਰੇ ਨੀਰ ਸਭ ਕਿਛੁ ਭਿਜ ਜਾਏ ॥1314॥

॥ ਦੋਹਰਾ ॥

ਇੰਦ੍ਰ ਕਵਨ ਹੈ ਗੁਰ ਭਨਾ ਕਰੇ ਨ ਹੁਕਮ ਪ੍ਰਮਾਨ ॥
ਜਬ ਹਜੂਰ ਉਚਰੀ ਇਤੀ ਭਯੋ ਅਮਲ ਅਸਮਾਨ ॥1315॥
ਫ਼ੀਲ ਅੰਬਾਰੀ ਸਤਿਗੁਰੂ ਭੇ ਅਰੂੜਿ ਬਿਨੁ ਦੇਰ ॥
ਲੇ ਨਿਦੇਸਿ ਸਰਕਾਰ ਤਬ ਸੀਸ ਨਾਯ ਹੈ ਪ੍ਰੇਰ ॥1316॥

---

1. ਅ ਨੀਗਰ
2. ਮੂਲ ਪੋਥੀ ਬੀਜਰ
3. ਅ ਪੋਥੀ ਦੁਰਚਾ
4. ਅ ਪੋਥੀ ਰਈਅਤ
5. ਅ ਕਨਾਤ

## (ਬਾਬਾ ਸਾਹਿਬ ਸਿੰਘ ਦਾ ਦੇਹਰਾ ਆਉਣਾ)

॥ ਚੌਪਈ ॥

ਲੋ ਮਜਲੀ ਡਹੁਰੇ ਆਏ ॥ ਗੁਰੂ ਥਾਨ[1] ਪਿਖ ਮਨ ਬਿਗਸਾਏ ॥
ਰੈਨ ਗੁਰ ਤਹਾਂ ਰਹਾਨੇ ॥ ਭੋਰ ਹੋਤ ਚਾਲੇ ਸੁਖ ਖਾਨੇ ॥1317॥
ਾਬੇ ਦੇਸ ਗਏ ਸੁਖਦਾਈ ॥ ਜਿਨ ਕੀ ਮਹਿਮਾ ਜਗਤ ਸਹਾਈ ॥
ਗਲ ਗ੍ਰਾਮ ਪ੍ਰਭੂ ਜਾ ਉਤਰੇ ॥ ਸਾਥ ਸਿਕਾਰੀ ਸਗ ਬਹੁ ਤਕਰੇ ॥1318॥
ਤੋਖੀ ਮਾਈ ਦੂਧ ਲਯਾਈ ॥ ਪਰ ਮਟਕਾ ਛਿਤ ਸੀਸ ਨਿਵਾਈ ॥
ਮਲਨੈਨ ਤਿਹ ਪੂਛਨ ਕੀਨਾ ॥ ਕੈਸੇ ਪੈ ਹੈ ਕਹੁ ਪਰਬੀਨਾ ॥1319॥

॥ ਦੋਹਰਾ ॥

ਪਾਨ ਜੋਰ ਸੋ ਕਹਤ ਭੀ ਕੀਜੈ ਅਕਨ ਦਿਆਲ ॥
ਏਕ ਮਝ ਹਮਰੇ ਸਦਨ ਦੇਵੈ ਖੀਰ ਬਿਸਾਲ ॥1320॥
ਚਉਥੋ ਥਨ ਪੈ ਸ੍ਰਵਨ ਤੇ ਮੂੰਦਯੋ ਸਦਾ ਰਹਾਇ ॥
ਹਾਥ ਜੋਰਿ ਸਿਰ ਨਾਇ ਮੈ ਤੁਮਰੋ ਸ੍ਵਾਨ ਮਨਾਇ ॥1321॥

॥ ਚੌਪਈ ॥

ਚੋਥਾ ਥਨ ਜਬ ਹੀ ਪੈ ਦੇਵੈ ॥ ਮੇਰਾ ਮਨ ਤਨ ਨਿਸਚਾ ਲੇਵੈ ॥
ਗੁਰ ਕੇ ਸ੍ਵਾਨਨ[2] ਦੂਧ ਪਿਲਾਵਾ ॥ ਕਰਿ ਗੁਰਦਰਸਨ ਮਨ ਹਰਖਾਵਾ ॥1322॥
ਜਬ ਮੈ ਮੁਖ ਸੈ ਐਸ ਉਚਾਰਾ ॥ ਥਣ ਚੰਗਾ ਹੋਵਾ ਤਿਹ ਬਾਰਾ ॥
ਮਨ ਮੈ ਹਰਖ ਭਯੋ ਤਿਹ ਬਾਰੀ ॥ ਦਰਨ ਆਪ ਕੇ ਰਿਦ ਮੋ ਧਾਰੀ ॥1323॥

॥ ਦੋਹਰਾ ॥

ਤਬ ਬੋਲੇ ਹਸਿ ਆਪੁ ਪ੍ਰਭੁ ਦੈ ਹੌ ਯਾਦ ਕਰਾਇ ॥
ਪ੍ਰਥਮੇ ਕਹਯੋ ਕੜਾਹੁ ਤੈ ਸੋ ਅਬ ਦੇਯੋ ਭੁਲਾਇ ॥1324॥

॥ ਚੌਪਈ ॥

ਸੁਨ ਕਰ ਮਾਈ ਤੂੰਸਨ ਹੋਈ ॥ ਰਹਾਨ ਯਾਦ ਪ੍ਰਥੀ ਤਲ ਜੋਈ ॥
ਕਹਯੋ ਗੁਰੂ ਸੁਖੰਨਾ ਭੂਲ ਗਈ ॥ ਦੇਨ ਸਮੇ ਬਹੁ ਚਿੰਤਾ ਭਈ ॥1325॥
ਪੂਛ ਸਾਹਦੀ ਪ੍ਰੋਸਨ ਤੇ ਅਬ ॥ ਕਹਯੋ ਰੋਬਰੋ ਜਿਸ ਕੇ ਤੈ ਤਬ ॥
ਤਬੈ ਪਰੋਸਨ ਉਚਰ ਸੁਨਾਯਾ ॥ ਭੂਲ ਗਯੋ ਜੋ ਬੰਦਨ ਅਲਾਯਾ ॥1326॥
ਪਾਥੀ ਪਾਥਤ ਜੋ ਤੇ ਕਹੀ ॥ ਹੋਹੁ ਸੁਰਖਰੂ ਦੇ ਕਰ ਵਹੀ ॥
ਪੰਜ ਸੇਰ ਤੈ ਕਹਯੋ ਕੜਾਹੁ ॥ ਅਬ ਮੁਕਰਨਾ ਕਯਾ ਹੈ ਰਾਹੁ ॥1327॥
ਪਾਨ ਜੋਰ ਬੋਲੀ ਸਿਰ ਨਯਾਇ ॥ ਭੂਲਿ ਛਿਮਾ ਕੀਜੈ ਸੁਖਦਾਇ ॥
ਹਮ ਗਵਾਰ ਹੈ ਅਤਸੇ ਮੰਦੇ ॥ ਤੁਮ ਬਖਸੰਦ ਸਦਾ ਸੁਖ ਕੰਦੇ ॥1328॥

---

1. ਅ ਪੋਥੀ ਦੇਹੁਰਾ
2. ੲ ਪੋਥੀ ਕੂਕਰਹਿ

(ਬਾਬਾ ਸਾਹਿਬ ਸਿੰਘ ਦਾ ਦੇਹਰਾ ਆਉਣਾ)

॥ ਚੌਪਈ ॥

ਮਜਲੋ ਮਜਲੀ ਡਹੁਰੇ ਆਏ ॥ ਗੁਰੂ ਥਾਨ[1] ਪਿਖ ਮਨ ਬਿਗਸਾਏ ॥
ਏਕ ਰੈਨ ਗੁਰ ਤਹਾਂ ਰਹਾਨੇ ॥ ਭੋਰ ਹੋਤ ਚਾਲੇ ਸੁਖ ਖਾਨੇ ॥1317॥
ਦੁਆਬੇ ਦੇਸ ਗਏ ਸੁਖਦਾਈ ॥ ਜਿਨ ਕੀ ਮਹਿਮਾ ਜਗਤ ਸਹਾਈ ॥
ਨੰਗਲ ਗ੍ਰਾਮ ਪ੍ਰਭੂ ਜਾ ਉਤਰੇ ॥ ਸਾਥ ਸਿਕਾਰੀ ਸਗ ਬਹੁ ਤਕਰੇ ॥1318॥
ਸੰਤੋਖੀ ਮਾਈ ਦੂਧ ਲਯਾਈ ॥ ਧਰ ਮਟਕਾ ਛਿਤ ਸੀਸ ਨਿਵਾਈ ॥
ਕਮਲਨੈਨ ਤਿਹ ਪੂਛਨ ਕੀਨਾ ॥ ਕੈਸੇ ਪੈ ਹੈ ਕਹੁ ਪਰਬੀਨਾ ॥1319॥

॥ ਦੋਹਰਾ ॥

ਪਾਨ ਜੋਰ ਸੋ ਕਹਤ ਭੀ ਕੀਜੈ ਅਕਨ ਦਿਆਲ ॥
ਏਕ ਮਝ ਹਮਰੇ ਸਦਨ ਦੇਵੈ ਖੀਰ ਬਿਸਾਲ ॥1320॥
ਚਉਥੋ ਥਨ ਪੈ ਸ੍ਰਵਨ ਤੇ ਮੂੰਦਯੋ ਸਦਾ ਰਹਾਇ ॥
ਹਾਥ ਜੋਰਿ ਸਿਰ ਨਾਇ ਮੈ ਤੁਮਰੋ ਸ੍ਵਾਂਨ ਮਨਾਇ ॥1321॥

॥ ਚੌਪਈ ॥

ਚੋਥਾ ਥਨ ਜਬ ਹੀ ਪੈ ਦੇਵੈ ॥ ਮੇਰਾ ਮਨ ਤਨ ਨਿਸਚਾ ਲੇਵੈ ॥
ਗੁਰ ਕੇ ਸ੍ਵਾਂਨਨ[2] ਦੂਧ ਪਿਲਾਵਾ ॥ ਕਰਿ ਗੁਰਦਰਸਨ ਮਨ ਹਰਖਾਵਾਂ ॥1322॥
ਜਬ ਮੈ ਮੁਖ ਸੈ ਐਸ ਉਚਾਰਾ ॥ ਥਣੰ ਚੰਗਾ ਹੋਵਾਂ ਤਿਹ ਬਾਰਾ ॥
ਮਨ ਮੈ ਹਰਖ ਭਯੋ ਤਿਹ ਬਾਰੀ ॥ ਦਰਨ ਆਪ ਕੇ ਰਿਦ ਮੋ ਧਾਰੀ ॥1323॥

॥ ਦੋਹਰਾ ॥

ਤਬ ਬੋਲੇ ਹਸਿ ਆਪੁ ਪ੍ਰਭੁ ਦੈ ਹੋ ਯਾਦ ਕਰਾਇ ॥
ਪ੍ਰਥਮੇ ਕਹਯੋ ਕੜਾਹੁ ਤੈ ਸੋ ਅਬ ਦੇਯੋ ਭੁਲਾਇ ॥1324॥

॥ ਚੌਪਈ ॥

ਸੁਨ ਕਰ ਮਾਈ ਤੂੰਸਨ ਹੋਈ ॥ ਰਹਾਨ ਯਾਦ ਪ੍ਰਥੀ ਤਲ ਜੋਈ ॥
ਕਹਯੋ ਗੁਰੂ ਸੁਖਨਾ ਭੂਲ ਗਾਈ ॥ ਦੇਨ ਸਮੇ ਬਹੁ ਚਿੰਤਾ ਭਈ ॥1325॥
ਪੂਛ ਸਾਹਦੀ ਪ੍ਰਸਨ ਤੇ ਅਬ ॥ ਕਹਯੋ ਰੋਬਰੋ ਜਿਸ ਕੇ ਤੈ ਤਬ ॥
ਤਬੈ ਪਰੋਸਨ ਉਚਰ ਸੁਨਾਯਾ ॥ ਭੂਲ ਗਯੋ ਜੋ ਬਦਨ ਅਲਾਯਾ ॥1326॥
ਪਾਥੀ ਪਾਥਤ ਜੋ ਤੇ ਕਹੀ ॥ ਹੋਹੁ ਸੁਰਖਰੂ ਦੇ ਕਰ ਵਹੀ ॥
ਪੰਜ ਸੇਰ ਤੈ ਕਹਯੋ ਕੜਾਹੁ ॥ ਅਬ ਮੁਕਰਨਾ ਕਯਾ ਹੈ ਰਾਹੁ ॥1327॥
ਪਾਨ ਜੋਰ ਬੋਲੀ ਸਿਰ ਨਯਾਇ ॥ ਭੂਲਿ ਛਿਮਾ ਕੀਜੈ ਸੁਖਦਾਇ ॥
ਹਮ ਗਵਾਰ ਹੈ ਅਤਸੇ ਮੰਦੇ ॥ ਤੁਮ ਬਖਸੰਦ ਸਦਾ ਸੁਖ ਕੰਦੇ ॥1328॥

---

1. ਅ ਪੋਥੀ ਦੇਹੁਰਾ
2. ੲ ਪੋਥੀ ਕੂਕਰਹਿ

॥ ਦੋਹਰਾ ॥

ਦੂਧ ਅਬੈ ਗੁਰੂ ਜੀ ਲਿਵੋਂ ਲਿਯਾਵੋਂ ਕੜਾਹ ਬਨਾਇ ॥
ਮਯਾ ਕਰੋ ਸਿਖ ਜਾਨ ਕੈ ਦੀਜੈ ਨਹੀਂ ਸਜਾਇ[1] ॥1329॥

॥ਚੌਪਈ ॥

ਤਬ ਪ੍ਰਭ ਕਹਯੋ ਮਲ ਸਿੰਘ ਲੇਹੁ ॥ ਲੈ ਕਰ ਦੂਧ ਸੰਗਾਂ ਕੌ ਦੇਹੁ ॥
ਮਾਨ ਬਚਨੁ ਤਿਨੁ ਸ੍ਵਾਨਨ ਪਾਵਾ ॥ ਪੀ ਕਰ ਸਗ ਸਭ ਹੀ ਤ੍ਰਿਪਤਾਵਾ ॥1330॥
ਕਰੁ ਕੜਾਹੁ ਮਾਈ ਤਬ ਲਯਾਈ ॥ ਜਥਾ ਸਕਤੁ ਤਿਨ ਭੇਟ ਚਢਾਈ ॥
ਕਮਲੁ ਬਦਨੁ ਜੀ ਸੁਭ ਬ੍ਰਚ ਗਾਵਾ ॥ ਦੇਹ ਬਰਤਇ ਸੁ ਦੇਰ ਬਿਹਾਵਾ ॥1331॥
ਸੁਨ ਕਰ ਸੰਗਤਿ ਬਹੁਤੀ ਆਈ ॥ ਧਰੇ ਅਕੋਰੇ ਰਿਦ ਹਰਖਾਈ ॥
ਦੇ ਦੇ ਸੁਖਨਾ ਮਨੁ ਹਰਖਾਵੈ ॥ ਮਨੁ ਬਾਂਛਤੁ ਗੁਰ ਤੇ ਬਰੁ ਪਾਵੈ ॥1332॥
ਮਧੁ ਬਾੜੀਆ[2] ਆਇ ਥਿਰਾਨੇ ॥ ਸਿਖ ਸਾਧ ਮਿਲ ਕਰੁ ਹਰਖਾਨੇ ॥
ਹੋਤ ਭੋਰ ਗੁਰ ਕੂਚੁ ਕਰਾਈ ॥ ਕੁਲ ਗਿਰਾਂਉ ਗਏ ਸੁਖਦਾਈ ॥1333॥

## (ਬਾਬਾ ਸਾਹਿਬ ਸਿੰਘ ਦੀ ਧਰਮ ਪਤਨੀ ਦਾ ਦੇਹਾਂਤ)

॥ ਦੋਹਰਾ ॥

ਗੁਰ ਸਪੂਤ ਸ੍ਰੀ ਬਿਸਨ ਸਿੰਘ ਮਿਲ ਕਰ ਬਹੁ ਰੁਦਨਾਇ ॥
ਮਾਤਾ ਜਿਸ ਕੀ ਪ੍ਰਾਨ ਤਜਿ ਗਈ ਬੈਕੁਠਿ ਸਮਾਇ ॥1334॥
ਗੁਰੂ ਭਨਾ ਨਹ ਚਿੰਤ ਕਰਿ ਇਮ ਹੀ ਭਵ ਬਿਵਹਾਰ ॥
ਸੋਗੁ ਸੁ ਕਿਸ ਕਾ ਕੀਜੀਏ ਜੋ ਦੀਸੈ ਸੋ ਛਾਰੁ ॥1335॥
ਕੋਇਕੁ ਦਿਨ ਰਹਿ ਕਰ ਗੁਰੂ ਸੁਤ ਕੌ ਧੀਰ ਦ੍ਰਿੜਾਇ ॥
ਪੁਰਿ ਅਨੰਦੁ ਪੁਨ ਜਾਤ ਭੇ ਥਿਰੇ ਸਦਨ ਮਹਿ ਜਾਇ ॥1336॥
ਤ੍ਰਿਤੀ ਧਯਾਇ ਪੂਰਨ ਕਰਾ ਸਤਿਗੁਰ ਕੇ ਪ੍ਰਸਾਦਿ ॥
ਸੁਤ ਬਿਤ ਨੁਤ ਤਿਸ ਦੇਤ ਹੈ ਜੋ ਇਮ ਪਠੈ ਭਜਿ ਬਾਦ ॥1337॥
ਚਨੇ ਸੁ ਚੂਨ ਕਵੀਸਰੀ ਗੁਰ ਜਸੁ ਘੀ ਅਰ ਖਾਂਡ ॥
ਛੰਦੁ ਬੰਦ ਨੁਗਦੀ ਬਾਨੀ ਜਨਮ ਮਰਨੁ ਭੁਖ ਫਾਂਡ[3] ॥1338॥
ਸੋਭਾਂ ਕੁਚਲ ਕੁਚੀਨ ਅਤਿ ਕਵਿਤਾ ਗੁਨ ਨਹਿ ਲੇਸ ॥
ਕੇਵਲ ਪ੍ਰੇਮ ਹੁਲਾਸ ਮਨੁ ਕੀਨੋ ਜਸੁ ਜੁਗ ਜੇਜ ॥1339॥
ਭੂਲ ਚੂਕ ਸੋ ਬਹੁਤ ਹੈ ਲੇਵੋ ਸੰਤ ਸੁਧਾਰ ॥
ਪਰ ਉਪਕਾਰੀ ਤੁਮ ਸਦਾ ਜਿਮ ਪਾਦਪ ਧਰੁ[4] ਬਾਰ ॥1340॥

---

1. ਮੂਲ ਪੋਥੀ ਬਜਾਇ
2. ਅ ਪੋਥੀ ਪਾਠਾਂਤਰ : ਬਾੜੀਆ ਮੁ ਗੁਰ
3. ਅ ਪੋਥੀ ਛਾਂਡ
4. ਅ ਪੋਥੀ ਅਰੁ

ਗੁਰੂ ਗੁਰਦਿਤੇ ਰਾਮ ਜੀ ਮਯਾ ਕਰੀ ਸਿਸ ਜਾਨ ॥
ਬਾਵਨ ਕਰਿ ਜਿਮ ਲਸਟਕਾ ਭਵ੍ਹ ਮਸਤਕਿ ਸਸਿ ਮਾਨ ॥1341॥
ਚੰਦਨ ਪਾਰਸ ਦੀਪ ਤੇ ਗੁਰ ਸਭ ਤੇ ਅਧਿਕਾਇ ॥
ਵਹੁ ਚੈਤੰਨ ਨਹਿ ਕਰਿ ਸਕੈ ਗੁਰ ਚੈਤੰਨ ਕਹਾਇ ॥1342॥
ਕਠਿਨੁ ਕਾਲ ਆਯੋ ਸਮਾ ਧਰਮੁ ਯੋਗ ਯਗ ਮਾਹਿ ॥
ਵਾਹਿਗੁਰੂ ਸਿਮਰਨ ਕਰੋ ਗੁਰ ਕੇ ਪਾਦ ਧਿਆਹਿ ॥1343॥
ਮਾਨੁਖੁ ਦੇਹੀ ਸਫਲੁ ਕਰਿ ਗੁਰਬਾਣੀ ਹਿਤੁ ਲਾਇ ॥
ਮਿਸਟੁ ਸੁ ਬੋਲਣ ਨਿਵ ਚਲਣੁ ਅੰਤ ਗੁਰੂ ਪਹਿ ਜਾਇ ॥1344॥

ਇਤ ਸ੍ਰੀ ਗੁਰ ਬਿਲਾਸੇ ਸ੍ਰੀ ਗੁਰ ਬਾਬੇ ਸਾਹਿਬ ਸਿੰਘ ਜੀ ਕੋ ਪੁਰ ਅਨੰਦੁ ਪਰਵੇਸ਼ ਕਥਨੰ ਨਾਮ ਤ੍ਰਿਤੀਓ ਧਿਆਇ ਸਮਾਪਤੰ[1] ॥3॥1॥1॥

1. ਅ ਪੋਥੀ ਪਾਠਾਂਤਰ : ਮਸਤੰ ਸੁਭ ਮਸੱਤ

## ਅਧਿਆਇ ਚੌਥਾ

॥ ੧ਓ ਸਤਿਗੁਰ ਪ੍ਰਸਾਦਿ ॥

ਅਥ ਗੁਰ ਬਿਲਾਸੇ ਚੌਥੇ ਧਿਆਇ ਕਥਨੰ[1] ॥

### (ਮੰਗਲਾਚਰਣ)

॥ ਦੋਹਰਾ ॥

ਸ੍ਰੀ[2] ਬੇਦੀ ਸੂ[3] ਸਤਿਗੁਰੂ ਨਮੋ ਨਮੋ ਸੁ ਸੋਢੀ ਰਾਇ ॥
ਸ੍ਰੀ ਗੁਰ ਸਾਹਿਬੁ ਸਿੰਘ ਪਗ ਨਮੋ ਕਰੋ ਸਿਰ ਨਯਾਇ ॥1॥
ਗੁਰੂ ਗ੍ਰੰਥਿ ਗਣਪਤਿ ਨਮੋ ਨਮੋ ਸਾਰਦਾ ਮਾਤ ॥
ਨਮੋ ਗੁਰੂ ਗੁਰ ਦਿਤ ਛੰਦ ਕਥੋ ਕਥਾ ਸੁਖ ਦਾਤ ॥2॥
ਚਤੁਰ ਧਿਆਇ ਬਰਨਨ ਕਰੋ ਸਭ ਸੰਤਨ ਪ੍ਰਸਾਦਿ ॥
ਭਾਈ ਸੇਵਾ ਸਿੰਘ ਸੁਨ ਗੁਰੂ ਕਥਾ ਅਹਿਲਾਦ[4] ॥3॥
ਸੇਵਾ ਸਿੰਘ ਸੁਨ ਕਰ ਕਹੇ ਤੇਜਾ ਸਿੰਘ ਤੁਮ ਧੰਨਯ ॥
ਪਰ ਉਪਕਾਰ ਤੁਮ ਕਰਤ ਹੋ ਜਿਮ ਸਵਿਤਾ ਹਰਿ ਜੰਨਯ ॥4॥

### (ਸਾਹਿਬ ਸਿੰਘ ਦਾ ਆਨੰਦਪੁਰ ਵਿਸ਼ਰਾਮ)

॥ ਚੌਪਈ ॥

ਆਨੰਦਪੁਰ ਮੋ ਗੁਰੂ ਰਹਾਏ ॥ ਕੀਨੇ ਕੌਤਕ ਦੇਹ ਸੁਨਾਏ ॥
ਤੇਜ ਸਿੰਘ ਕਹੇ ਕਥਿ ਰੁਰੀ ॥ ਜਾਹਿ ਸੁਨੇ ਆਘ ਹੋਵੈ ਚੂਰੀ ॥5॥

### (ਵਜ਼ੀਰ ਨੂੰ ਪੁਤਰ ਦੀ ਦਾਤ ਬਖਸ਼ਣੀ)

ਫਲਨੇ ਗਾਉਂ ਵਜੀਰ ਰਹਾਈ ॥ ਨਾਉ ਸੁ ਬਲੀਆ ਤਿਸ ਕੋ ਆਈ ॥
ਸ੍ਰੀ ਕਲਧਾਰੀ ਸਿਖ ਅਖਾਵੈ[5] ॥ ਭੇਟਾ ਊਨੇ ਮਦ ਪਹੁਚਾਵੈ ॥6॥
ਧੰਨ ਧਾਮ ਕੀ ਕਮੀ ਨ ਕਾਈ ॥ ਸੁਤ ਨ ਹੋਵਾ ਬਹੁ ਦੁਖ ਪਾਈ ॥
ਸਾਹਿਬ ਉਪਮਾ ਸੁਨਿ ਰਿਦ ਧਾਰ ॥ ਆਵਾ ਚਲ ਗੁਰ ਕੈ ਦਰਬਾਰ ॥7॥
ਭੇਟਾ ਰਾਖੀ ਬਿਨਤੀ ਗਾਈ ॥ ਪਦ ਸੁਠ[6] ਕੰਜ ਰਹਾ ਲਪਟਾਈ ॥
ਹਾਥ ਪਕਰ ਗੁਰ ਨਿਕਟ ਬਠਾਵਾ ॥ ਕਹੁ ਵਜੀਰ ਤੂੰ ਕੈਸੇ ਆਵਾ ॥8॥
ਪਾਨ ਜੋਰੁ ਤਿਨ ਅਰਜੀ ਗਾਈ ॥ ਬਿਨਾ ਤਾਤ[7] ਮੈ ਬਹੁ ਦੁਖੁ ਪਾਈ ॥
ਸਰਨ ਪਾਲ ਸੁਨ ਸਰਨੀ ਆਵਾ ॥ ਬਾਲਕ ਦੇਵੋ ਮੇਟੋ ਹਾਵਾ ॥9॥

॥ ਦੋਹਰਾ ॥

ਸੂਪਕਾਰ ਉਪਕਾਰ ਨਿਸ ਦ੍ਵਿਜ ਬਜੀਰ ਨਾਉ ॥
ਪ੍ਰਸਾਦ ਬਨਾਏ ਗੁਰੂ ਕਾ ਪੁਨਿ ਅਰਜੀ ਤਿਨ੍ਹ ਗਾਉ ॥10॥

---

1. ਅ ਪੋਥੀ ਪਾਠਾਂਤਰ: ਅਬ ਚਤੁਰਥਉ ਧਿਯਾਇ ਵਰਨਨੰ ਕਥਤੇ 2. ੲ ਪੋਥੀ ਹਰਿ 3. ਪੋਥੀ ਸਸ 4. ਅ ਪੋਥੀ ਹਰਬਾਦ 5. ਪੋਥੀ ਕਹਾਵੈ 6. ਅ ਪੋਥੀ ਸੁ 7. ੲ ਪੋਥੀ ਪੂਤ

॥ ਚੌਪਈ ॥

ਇਹੁ ਤੁਮਰੇ ਗ੍ਰਿਹਿ ਸਦਾ ਗੁਲਾਮੂ ॥ ਸੁਤ ਦੀਜੈ ਇਨ ਕੋ ਅਭਿਰਾਮੂ ॥
ਬਾਵਨ ਚੰਦਨ ਆਪ ਸੁਆਮੀ ॥ ਸੀਤ ਬਾਕ ਕਹਿ ਮੇਟੋ ਘਾਮੀ ॥11॥
ਸੁਨ ਗੁਰ ਭਨਾ ਸਦਨ ਤੁਮ ਜਾਵੋ ॥ ਏਕ ਬਰਸੋ ਮੋ ਸੁਤ ਸਭ ਪਾਵੋ ॥
ਵਜੀਰੇ ਨੇ ਕੀਨੇ ਉਪਕਾਰ ॥ ਇਨ ਕੇ ਕਹੇ ਦੀਨੇ ਸੁਤ ਚਾਰ ॥12॥
ਸੁਨ ਗੁਰਬਾਨੀ ਭਵਨ ਸਿਧਾਵਾ ॥ ਸਾਲ ਵਿਖੇ ਤਿਨ ਸੁਤ ਸੁਭ ਪਾਵਾ ॥
ਬਦਤ[1] ਬਾਜੇ ਬਹੁ ਪ੍ਰਕਾਰੀ ॥ ਭਜਨੂ ਨਾਮ ਧਰਾ ਸੁਖਕਾਰੀ ॥13॥

॥ ਦੋਹਰਾ ॥

ਭਾਮਾ ਸੁਵਨ ਸੁ ਸਾਥ ਲੇ ਆਵਾ ਗੁਰ ਦਰਬਾਰ ॥
ਅਸੂ ਪੁਸਾਕੀ ਦਰਬ ਵਹੁ ਰਾਖੀ ਭੇਟ ਅਪਾਰ ॥14॥

॥ ਚੌਪਈ ॥

ਸੁਤ ਕੌ ਗੁਰ ਕੀ ਚਰਨੀ ਪਾਵਾ ॥ ਚਰਨ ਘਾਲ ਲੋ ਸਿਖ ਬਨਾਵਾ ॥
ਵਜੀਰਾ ਅਲਚਕ ਗੁਰੂ[2] ਅਹਕਾਰਾ[2] ॥ ਹੈ ਆਦੀ ਸਭ ਤਿਸੈ ਦਿਵਾਰਾ ॥15॥
ਹਾਥ ਜੋਰ ਤਿਨ ਅਰਜ ਗੁਜਾਰੀ ॥ ਕੈਸੇ ਲੇਵੋਂ ਮੈ ਸੁਖਕਾਰੀ ॥
ਗੁਰੂ ਭਨਾ ਤੁਮਰੇ ਉਪਕਾਰਾ ॥ ਇਨ ਸੁਤ ਪਾਵਾ ਅਤਸੈ ਪਯਾਰਾ ॥16॥
ਐਸੇ ਕਹਿ ਕਰਿ ਸ਼ਰੁਬ ਦਿਵਾਯੋ ॥ ਲੇ ਸੁ ਬਿਪ੍ਰ ਮਨ ਮੈ ਹਰਖਾਯੋ ॥
ਗੁਰ ਕੀ ਕੀਰਤ ਗਾਵਨ ਲਾਗਾ ॥ ਪ੍ਰਸਾਦਿ ਕਰਨ ਵਿਖੇ ਚਿਤ ਪਾਗਾ ॥17॥

॥ ਦੋਹਰਾ ॥

ਤਿਸ ਵਜੀਰ ਕੋ ਸਤਿਗੁਰੂ ਸਿਰੋਪਾਉ ਸਭ ਦੀਨ ॥
ਲੇ ਨਿਦੇਸ[3] ਗ੍ਰਿਹਿ ਜਾਤ ਭਾ ਮਨ ਮੈ ਹਰਖੁ ਨਵੀਨ ॥18॥

## (ਮਨਸਾ ਸਿੰਘ ਦੀ ਕਥਾ)

ਮਨਸਾ ਸਿੰਘ ਸਰਦਾਰ ਇਕੁ ਦੁਾਬੇ ਬਿਖੇ ਰਹਾਇ ॥
ਆਵਾ ਗੁਰ ਕੇ ਦਰਸ ਕੌ ਧਰ ਅੰਕੋਰ ਹੈਰਖਾਇ ॥19॥

॥ ਚੌਪਈ ॥

ਹਾਥੁ ਜੋਰ ਕਰ ਬਿਨਤੀ ਗਾਈ ॥ ਮੇਰੇ ਭਵਨ ਚਲੋ ਸੁਖਦਾਈ ॥
ਯਸ ਕਰੋਨ ਮੈ ਕੀਯੋ ਅਰੰਭੂ ॥ ਆਵੈ ਦ੍ਵਿਜ ਸਾਧੂ ਤਜ ਦੰਭੂ ॥20॥
ਸ੍ਰੀ ਕਮਲਾਨਨ ਬੈਨ ਬਖਾਨਾ ॥ ਹੁਇ ਭੂਨਸਾਰ ਚਲੈ ਸੁਖ ਮਾਨਾ ॥
ਕਰ ਅਹਾਰ ਬਿੰਜਨ ਸੁਖ ਸੋਏ ॥ ਅਰਧ ਨਿਸਾ[4] ਗੁਰ ਜਾਗ੍ਰਿਤ ਹੋਇ ॥21॥
ਭੀ ਅਕਾਸੁ ਬਾਣੀ ਸੁਖਦਾਈ ॥ ਸੁਣੀਏ ਬਾਬਾ ਬੇਦੀ ਰਾਈ ॥
ਪਰ ਗ੍ਰਿਹਿ ਭੋਜਨੁ ਤਿਯਾਗਨ ਕੀਜੈ ॥ ਦੇਗ ਚਲਾਵੋ ਸਭ ਕੋ ਦੀਜੈ ॥22॥
ਚਾਰ ਬਰਨ ਤੁਮਰੇ ਗ੍ਰਿਹਿ ਆਵੈ ॥ ਲੇ ਲੇ ਭੋਜਨ ਮਨ ਹਰਖਾਵੈ ॥
ਵਾਹਿਗੁਰੂ ਕੋ ਮੰਤ੍ਰ ਦ੍ਰਿੜਾਵੋ ॥ ਗੁਰੂ ਨਾਨਕ ਕੇ ਮਗ ਮੋ ਪਾਵੈ ॥23॥

---

1. ਅ ਪੋਥੀ ਵਾਦਤ 2. ਅ ਪੋਥੀ ਹਕਾਰਾ 3. ਅ ਪੋਥੀ ਆਦਿਸ 4. ੲ ਪੋਥੀ ਰਾਬ੍ਰਿ

ਊਨੇ ਕੋ ਸੌ ਗੂਨਾ ਕੀਜੈ ॥ ਸਿਖਨ ਕੋ ਮਨ ਬਾਂਛਤ ਦੀਜੈ ॥
ਜੋ ਤੁਮ ਰਸਨਾ ਬੈਨ ਬਖ੍ਯਾਨੋ ॥ ਪੂਰਨ ਹੋਵੈ ਘਾਟ ਨ ਮਾਨੋ ॥24॥

॥ ਦੋਹਰਾ ॥

ਅਕਾਲ ਪੁਰਖ ਕੇ ਬੈਨ ਸੁਨ ਸ੍ਰੀ ਗੁਰ ਮਨ ਹਰਖਾਇ ॥
ਸਤ ਬਚਨੁ ਕਰ ਜੋਰ ਕਰਿ ਕਹਿੰਤ ਭਏ ਹੁਲਸਾਇ ॥25॥

(ਦੇਵੀ ਦੀ ਪ੍ਰਸੰਨਤਾ ਲਈ ਯੱਗ ਕਰਨਾ)

॥ ਚੌਪਈ ॥

ਤਬ ਲਗ ਹੋਤ ਭਈ ਭੁਨਸਾਰਾ ॥ ਮਨਸਾ ਸਿੰਘ ਗੁਰ ਲੀਨ ਹਕਾਰਾ ॥
ਕਰ ਪ੍ਰਸਾਦਿ ਤੁਮ ਬਾਂਟੋ ਜਾਈ ॥ ਤੋਟਿ ਨ ਆਵੈ ਯਗ ਮੈ ਕਾਈ ॥26॥
ਮਾਨ ਨਿਦੇਸ ਸੁ ਭਵਨ ਸਿਧਾਰਾ ॥ ਸ੍ਰੀ ਗੁਰ ਠਹਿਰੇ ਅਪਨ ਅਗਾਰਾ ॥
ਏਕ ਦਿਨਾ ਗੁਰ ਕੇ ਮਨ ਆਈ ॥ ਜ੍ਵਾਲਾਮੁਖੀ ਸੁ ਪਰਸੈਂ ਜਾਈ ॥27॥
ਅਨੰਦਪੁਰੇ ਸੈ ਚਲ ਹਰਖਾਏ ॥ ਦਰਸ ਪਰਸ ਕਰ ਮਨ ਬਿਗਸਾਇ ॥
ਘ੍ਰਿਤ ਮੇਵੇ ਅਜਮੇਧ ਕਰਾਈ ॥ ਤਿਲ ਆਂਦੀ ਰਹੁ ਭੀਤਰ ਪਾਈ ॥28॥
ਅਸਟ ਭੁਜੀ ਪੂਜੀ ਹਿਤੁ ਲਾਇ ॥ ਦੇਵੀ ਕੇ ਮਨ ਹਰਖੁ ਮਹਾਏ ॥
ਜਗਤ ਕੰਤ ਮੁਹਿ ਪੂਜਨ ਕੀਨਾ ॥ ਯਾਂਤੇ ਮਹਿਮਾ ਭੀ[2] ਅਤ ਪੀਨਾ[2] ॥29॥
ਬਹੁਰੋ ਕੋਟ ਕਾਂਗੜੇ ਜਾਏ ॥ ਪਿੰਡੀ ਭੈਰੋ ਦਿਖ ਹਰਖਾਏ ॥
[3]ਬਾਣ ਗੰਗ ਤੀਰਥ ਮੈ ਲਾਨੇ[3] ॥ ਟੀਹਰੇ ਦੇਖਨ[4] ਬਹੁਰ ਸਿਧਾਨੇ[4] ॥30॥

॥ ਦੋਹਰਾ ॥

ਸਾਹਿਬ ਨਾਨਾ ਤਹਿ ਹੁਤੋ ਤਾਕੋ ਮਿਲ ਸੁਖ ਪਾਇ ॥
ਗੁਰ ਪ੍ਰਤਾਪ ਨਿਹਾਰ ਕੇ ਦੇਖ ਦੇਖ ਬਲ ਜਾਇ ॥31॥

॥ ਚੌਪਈ ॥

ਅਸਨ ਕਰਾਏ ਬਹੁ ਪ੍ਰਕਾਰੀ ॥ ਬੈਸ ਭੁੰਚਾਏ ਪ੍ਰੀਤੀ ਧਾਰੀ ॥
ਲਾਖ ਰੁਪਯਾ ਰੋਕ ਦੇਣ ਹਯਾ ॥ ਗੁਰ ਨਿਰਲੋਭੀ ਮੂਲ ਨ ਗਹਿਆ ॥32॥
ਦਾੜੇ ਕੀ ਸੰਗਤਿ ਬਹੁ ਆਈ ॥ ਦੇਵੈ ਭੇਟਾ ਮਾਥ ਨਿਵਾਈ ॥
ਜੋ ਜੋ ਮਨਸਾ ਮਨ ਮੈ ਧਾਰੇ ॥ ਹੋਵੈ ਪੂਰਨ ਲਗੈ ਨ ਬਾਰੈ ॥33॥
ਕਰਹਿ ਨਿਹਾਲ ਸੰਗਤਿ ਗੁਣ ਰਾਸੀ ॥ ਊਨੇ ਗਾਏ ਚਿਤੁ ਹੁਲਾਸੀ ॥
ਭਾਂਤ ਭਾਂਤ ਕੇ ਧਾਮ[5] ਬਨਾਏ ॥ ਬਾਗ ਲਵਾਏ ਮਨੁ ਹੁਲਸਾਏ ॥34॥
ਆਵੈ ਲੋਗ ਲਗਾਈ ਭੂਰੀ ॥ ਸਦਨ ਬਨਾਵੈ ਰਚ ਰਚ ਰੂਰੀ ॥
ਬਨਾਵੈ ਆਪਨ ਸੌਦਾ ਰਾਖੈ ॥ ਗੁਰ ਕਿਰਪਾ ਤੇ ਬਹੁ ਸੁਖ ਚਾਖੈ ॥35॥

---

1. ਅ ਪੋਥੀ ਜਾਨੋ 2. ਅ ਪੋਥੀ ਅਧਕਾਯੋ 3. ਅ ਪੋਥੀ ਪਾਠਾਂਤਰ: ਬਾਣ ਸੁ ਗੰਗਾ ਤੀਰਥੁ ਨਾਏ
4. ਅ ਪੋਥੀ ਪਾਠਾਂਤਰ: ਕੋ ਗੁਰ ਆਏ 5. ੲ ਪੋਥੀ ਭਵਨ

ਦੀਨਨ ਕੌ ਗੁਰ ਰਿਜਕੁ ਦਿਵਾਵੈ ॥ ਚੋਰ ਜਾਰ ਕੋ ਮਾਰ ਕਢਾਵੈ ॥
ਰਜਨੀਤੀ ਕੀ ਨੀਤੀ ਰਾਖੈ ॥ ਕਰ ਕੁਨੀਤਿ ਤਿਸੁ ਮਾਰਨ ਭਾਖੇ ॥36॥
ਯਾ ਬਿਧ ਪਰਜਾ ਸੁਖੀ ਬਸਾਈ ॥ ਰਈਯਤ ਲੋਗਨ ਮਨ ਹਰਖਾਈ ॥
ਦੇਗ ਹੋਤ ਹੈ ਦਿਨ ਦਿਨ ਦੂਨੀ ॥ ਜੋ ਆਵੈ ਤਿਸ ਇਛਾ ਪੂਨੀ ॥37॥

(ਸ਼ੰਕਾਲੂ ਲਈ ਸਜ਼ਾ)

॥ ਦੋਹਰਾ ॥

ਜੋ ਇਸ ਮੈ ਸੰਕਾ ਕਰੇ ਮੂੜ ਕਪੂਤ ਕੁਜਾਤ ॥
ਨਰਕ ਪਰੈ ਨਿਕਸੈ ਨਹੀ ਜੱਬ ਲੱਗ ਬਯੋਮੈ ਬਾਤ ॥38॥

॥ ਚੌਪਈ ॥

ਗੁਰ ਯਸ ਵਿਖੇ ਜਿਸੈ ਰੁਚਿ ਨਾਹੀ ॥ ਕਾਕ ਬਿਲਾਈਸ ਸਗਿ ਹੁਇ ਜਾਹੀ ॥
ਜਨਮ ਜਨਮ ਮਹਿ ਬਹੁ ਦੁਖੁ ਪਾਵੈ ॥ ਹੁਇ ਕੁਸਟੀ ਫਿਰ ਨਰਕ ਸਿਧਾਵੈ ॥39॥
ਚਾਰ ਬਰਨ ਖਟ ਦਰਸਨ ਜੋਈ ॥ ਆਵੈ ਊਨੇ ਦਰਸਨ ਸੋਈ ॥
ਕਮਲ ਨੈਨ ਜੀ ਬਹੁ ਸੁਖ ਪਾਈ ॥ ਊਨੇ ਰਹਿਨ ਲਗੇ ਹਰਖਾਈ ॥40॥

(ਧਾੜਵੀਆਂ ਦੀ ਸਾਖੀ)

ਏਕ ਸਮੇਂ ਬਹੁ ਸਿੰਘ ਮਿਲ ਧਾਏ ॥ ਧਾੜਾ ਮਾਰੈ ਇਹੁ ਮਨੁ ਲਯਾਏ ॥
ਨਦੀ ਤੀਰ ਗੋ ਮਹਿਖੀ ਹਾਂਕੀ ॥ ਪਾਛੇ ਵਾਹਰ ਆਈ ਮਾਖੀ ॥41॥
ਆਨ ਜੰਗ ਪ੍ਰਾਤਹਿ ਠੌਚੀ ॥ ਮਾਰ ਬੰਦੂਕ ਦੇਹ ਮੁੰਡ ਫੋਰੀ ॥
ਜਬ ਤੁਰਕਨ ਬਹੁ ਪਾਵਾ ਜ਼ੋਰੁ ॥ ਸਿੰਘ ਭੇ ਗੇ ਤਬ ਕਰ ਮਨ ਹੋਰ ॥42॥
ਏਕ ਸਿੰਘ ਘੇਰੇ ਮੇ ਆਵਾ ॥ ਪਾਨ ਜੋਰ ਬਿਨ ਬੈਨ ਅਲਾਵਾ ॥
ਬਾਬਾ ਸਾਹਿਬ ਸਿੰਘ ਰਖ ਲੇਵੋ ॥ ਸੇਵਕਿ ਅਪਨੇ ਓਰ ਜੋਵੋ ॥43॥

॥ ਦੋਹਰਾ ॥

ਅਰਭਕ ਸੰਗ ਤੁਰੰਗਣੀ ਭੇਟ ਕਰੋਂ ਤਵ ਦਵਾਰੁ ॥
ਹਾਥ ਦੇਇ ਮੁਹਿ ਰਾਖੀਏ ਕੀਜੈ ਨਹਿ ਅਬ ਬਾਰ ॥44

॥ ਚੌਪਈ ॥

ਐਸਿ ਸਿਖ[1] ਨੇ ਅਰਜੀ ਗਾਈ ॥ ਚਲੀ ਆਂਧੀ ਓੜ ਨ ਕਾਈ ॥
ਤਬੇ ਤੁਰਕ ਸਭ ਅੰਧੇ ਹੋਏ ॥ ਹਾਥ ਪਸ਼ਾਰਾ ਨੈਨਨ ਜੋਏ ॥45॥
ਤਬ ਸਿੰਘ ਚਾਲਾ ਤੁਰੀ ਦੁੜਾਈ ॥ ਸਦਨੰ ਪਹੁਚਾ ਮਨੁ ਹਰਖਾਈ ॥
ਧਰ ਸਰਧਾ ਚਲਿ ਊਨੇ ਆਵਾ ॥ ਮਸਤਕੁ [2]ਪਗ ਧਰ[2] ਮਨ ਹਰਖਾਵਾ ॥46॥
ਪਾਨ ਜੋਰੀ ਕਰ ਅਰਜ ਗੁਜਾਰੀ ॥ ਗੁਰ ਚਰਨਨ ਪਰ ਮੈ ਬਲਿਹਾਰੀ ॥
ਅਰਭਕ ਘੋੜੀ ਲੀਜੇ [3]ਗੁਰ ਜੀ ॥ ਮੈ ਸੇਵਕ ਹੋ ਤੁਮਰੋ ਹਰੀ ਜੀ ॥47॥

---

1. ਅ ਪੋਥੀ ਬਿਛੇ ਜਬ  2. ਅ ਪੋਥੀ ਟੇਕਾ  3. ਮੂਲ ਪੋਥੀ ਲੀਜੇ

ਕਮਲ ਨੈਨੰ ਤਬ ਪੂਛਨ ਕੀਨਾ ॥ ਕੈਸੇ ਬੱੜਵਾ ਆਦੀ ਪੀਨਾ ॥
ਸਿਖੁ ਕਹੇ ਤੁਮ ਜਾਨੋ ਸ੍ਵਾਮੀ ॥ ਘਟ ਘਟ ਕੇ ਪ੍ਰਭੁ ਅੰਤਰਜਾਮੀ ॥48॥

॥ ਦੋਹਰਾ ॥

ਤੁਰਕਨ ਤੇ ਮੁਹਿ ਹਾਥ ਦੇ ਆਪ ਬਚਾਵਾ ਨਾਥ ॥
ਭੰਨਨ ਘੜਨ ਸਮਰਥੁ ਹੈ ਸੁਭ ਕਿਛੁ ਤੁਮਰੇ ਹਾਥ ॥49॥
ਲੀਨ ਬਛੇਰਾ ਸਤਿਗੁਰੂ ਤਾਜਨਿ ਤਾਕੋ ਦੀਨ ॥
ਸਿਰੋਪਾਇ ਤਿਸੁ ਬਖਸਿਆ ਚਾਲਾ ਗ੍ਰਿਹਿ ਪ੍ਰਵੀਨ ॥50॥

## (ਸਿਖਾਂ ਦੇ ਕਾਰਜ ਸਵਾਰਨੇ)

॥ ਚੌਪਈ ॥

ਦਿਖ ਕੌਤਕਿ ਸਿਖ ਮਨੁ ਹਰਖਾਵੈ ॥ ਗੁਰ ਸੂਰਤਿ ਪਰ ਬਲਿ ਬਲਿ ਜਾਵੈ ॥
ਮਨੂ ਮਾਜਰੇ ਤੇ ਇਕੁ ਮਾਈ ॥ ਤਾਤ ਚਢਾਵਾ ਗੁਰ ਘਰ ਆਈ ॥51॥
ਔਰ ਬਿੱਤ ਤਿਨ ਸੰਗਿ ਚਢਾਵਾ ॥ ਚਲੀ ਸਦਨ ਮੈਂ ਮਨ ਹੁਲਸਾਵਾ ॥
ਏਕ ਸਿਖ ਗ੍ਰਿਹਿ ਪੈ ਬਹੁ [1]ਹੋਈ ॥ ਦਧੀ ਜਮਾਵੈ ਫੀਟੈ ਸੋਈ ॥52॥
ਕਰ ਕਰ ਯਤਨਨ ਸੋ ਬਹੁ ਹਾਰਾ ॥ ਦਹੀ ਨ ਹੋਵੈ ਮਨੈ ਬਿਚਾਰਾ ॥
ਸ੍ਰੀ ਗੁਰ ਕੀ ਤਿਨ ਸੁਖਨਾ ਕੀਨੀ ॥ ਦਹੀ ਜਮਾਵੋ ਸਿਖ ਲਯੋ ਚੀਨੀ ॥53॥

॥ ਦੋਹਰਾ ॥

ਪ੍ਰਿਥਮ ਦਿਨਸ ਕੀ ਦਹੀ ਜੋ ਦੇਵੈ[2] ਗੁਰੂ ਹਜੂਰਿ ॥
ਐਸੇ ਮਨ ਸੁਖਨਾ ਕਰੀ ਦੂਧ ਜਮਾਇ ਰਖੂਰ ॥54॥

॥ ਚੌਪਈ ॥

ਉਠਿ ਪ੍ਰਭਾਤ ਜਬ ਦੇਖਨ ਕੀਨੋ ॥ ਦਾਧੀ[3] ਜਾਮੀ ਭਾ ਹਰਖੀਨੋ ॥
ਨਾਰੀਂ ਪ੍ਰਤਿ ਤਬ ਗਿਰਾ ਅਲਾਈ ॥ ਲੇ ਭਾਂਡਾ ਚਾਲੇਂ ਗੁਰ ਧਾਈ ॥55॥
ਤ੍ਰਿਯ ਮਲਾਈ ਲਾਹਿ ਸੁ ਲੀਨ ॥ ਦਹੀ ਪਾਤ੍ਰ ਕੰਤੇ ਕਰ ਦੀਨ ॥
ਆਇ ਹਜੂਰ ਪੈ ਰਾਖੰਨ ਕੀਨਾ ॥ ਹਾਥ ਜੋਰੁ ਕਰਿ ਹੋਯੋ ਦੀਨਾ ॥56॥
ਗੁਰੂ ਭਨਾ ਤਵ ਮੂਰਖ ਨਾਰੀ ॥ ਤਿਨਹਿ ਮਲਾਈ ਲੀਨ ਉਤਰੀ ॥
ਨਿਜ ਸੁਤ ਸੁਤਾ ਜਾਨ ਅਤਿ ਪਧਾਰੇ ॥ ਤਿਨ ਹਿਤ ਧਰੀ ਲੁਕਾਯ ਖੁਟਾਰੇ ॥57॥
ਸੁਨ ਕਰ ਲਜਤ ਹੁਇ ਖਿਸਆਨਾ ॥ ਗੁਰ ਪ੍ਰਤਾਪ ਜਾਨਾ ਬਲਿਵਾਨਾ ॥
ਲੇ ਮਟਕਾ ਤਬ ਸਦਨ ਸਿਧਾਰਾ ॥ ਨਾਰਿ ਪ੍ਰਤੀ ਬਹੁ ਦੇਵਤ ਗਾਰਾ ॥58॥

॥ ਦੋਹਰਾ ॥

ਬਹੁਰਿ ਮਲਾਈ ਤ੍ਰਿਯ ਤੇ ਊਪਰਿ ਲੀਨੀ ਪਾਇ ॥
ਆਨ[4] ਚਢਾਈ ਗੁਰੂ [4]ਪੈ ਲੀਨੀ[5] ਭੂਲਿ ਬਖਸਾਇ ॥59॥

---

1. ਅ ਪੋਥੀ ਦੁਧ ਸੁ 2. ਅ ਪੋਥੀ ਲਯਾਵੈ 3. ਅ ਪੋਥੀ ਦਹੀ ਸੁ 4. ਅ ਪੋਥੀ ਚਢਾਇ ਹਜੂਰ
5. ਅ ਪੋਥੀ ਲਈ

॥ ਚੌਪਈ ॥

ਲੇਕਰ ਖੁਸੀ ਸੁ ਭਵਨ ਸਿਧਾਰਾ ॥ ਆਗੈ ਗੁਰ ਕਥ ਕਹੋ ਅਪਾਰਾ ॥
ਇਕ ਮਾਈ ਤੀਨ ਰੁਪਏ ਰਾਖੇ ॥ ਚਰਨ ਬੰਦਨਾ ਕਰ ਬਚ ਭਾਖੇ ॥60॥
ਕਮਲਨੈਨ ਜੀ ਗਿਰਾ ਅਲਾਈ ॥ ਸੁਖਨਾ ਪੰਜ ਆਂਦੇ ਤ੍ਰਿਨ ਮਾਈ ॥
ਸੁਨ ਕਰ ਮਾਈ ਨੈਨ ਨਿਵਾਏ ॥ ਖੋਲੇ ਜੁਗ ਤਬ ਸਾਥ ਮਿਲਾਏ ॥61॥
ਕਾਮ ਸੁ ਅਪਨੋ ਲੇਹਿ ਕਰਾਈ ॥ ਪਾਛੇ ਮੁਸਕਲ ਦੇਵਨ ਭਾਈ ॥
ਸੋ ਨਾਰੀ ਬੋਲੀ ਕਰ ਜੋਰੀ ॥ ਮੈ ਭੂਲੀ ਤੁਮ ਮੇਟੋ ਖੋਰੀ ॥62॥
ਸ੍ਰੀ ਗੁਰ ਬੋਲੇ ਜਾਵੋ ਸਦਨਾ ॥ ਫਿਰਿ ਨਹਿ ਐਸੇ ਕੀਜੈ ਕਦਨਾ ॥
ਅਸੁ ਮੰਗਾਵਾ ਚੜੇ ਗੁਸਾਂਈ ॥ ਪਹੁਚੇ ਆਨੰਦਪੁਰ ਮੋ ਜਾਈ ॥63॥
ਮਾਈ ਆਦਿਕ ਸੁਭ ਬਿਗਸਾਏ ॥ ਜਿਨ ਕੇ ਜਾਗੇ ਭਾਗ ਸਵਾਏ ॥
ਨੈਨੀ ਦਿਜਣੀ[1] ਪੂਰੇ ਰਹਾਈ ॥ ਏਕ ਮਹੀ ਤਿਨ ਕੇ ਘਰੁ ਆਈ ॥64॥
ਦੂਧ ਨੇ ਦੇਇ ਯਤਨ ਕਰ ਹਾਰੀ ॥ ਸੁਖਨਾ ਗੁਰ ਕੀ ਰਿਦ ਮੋ ਧਾਰੀ ॥
ਮਹਿਖੀ ਦੂਧ ਦੇਹਿ ਜੇ ਆਜੀ ॥ ਤੁਮੈ ਪਿਲਾਵੌ ਹੁਇ ਕਰ ਰਾਜੀ ॥65॥

॥ ਦੋਹਰਾ ॥

ਭੈਸ[2] ਦੂਧ ਤਬ ਹੀ ਦਯੋ ਮਨ ਮੋ ਹਰਖੀ ਹੇਰ ॥
ਸੁਗੰਧ ਸਿਤਾ ਮਿਲਾਇ ਕਰ ਗੁਰੂ ਪਿਲਾਵਾ ਫੇਰਿ ॥66॥
ਐਸੇ ਕਉਤਕ ਸਤਿਗੁਰੂ ਦਿਨ ਦਿਨੁ ਕਰੈਂ ਨਵੀਨ ॥
ਸਰਧਾ ਧਰ ਜੋ ਸੇਵਹੀ ਜਨਮ ਮਰਨ ਤਿਨ ਖੀਨ ॥67॥

## (ਸੰਤੋਖ ਸਿੰਘ ਦੀ ਸਾਖੀ)

॥ ਚੌਪਈ ॥

ਪਟਨੇ ਮਹਿ ਇਕੁ ਸਿਖੁ ਰਹਾਈ ॥ ਸੰਤੋਖ ਸਿੰਘ ਨਿਜ[3] ਨਾਮ ਕਹਾਈ ॥
ਨਿਸਾ ਮਾਂਹਿ ਸੁਖ ਸੋ ਜਬ ਸੋਵਾਂ ॥ ਸੁਪਨੇ ਮੋ ਨਿਜ ਦਾਦਾ ਜੋਵਾ ॥68॥
ਹਾਥ ਜੋਰੁ ਤਿਸ ਚਰਨੀ ਲਾਗਾ ॥ ਜਾਨ ਬਡੋ ਮਨ ਮੋ ਅਨੁਰਾਗਾ ॥
ਕਹਿ ਦਾਦਾ ਸੁਨੀਏ ਸੁਤ ਮੇਰੇ ॥ ਜਾ ਅਨੰਦਪੁਰ ਕਰੋ ਨ ਦੇਰੇ ॥69॥
ਕਲਗੀਧਰ ਲੀਨੋ ਅਵਤਾਰ ॥ ਸਾਹਿਬ ਸਿੰਘ ਤਿਨੁ ਨਾਮ ਉਚਾਰ ॥
ਬੇਦੀ ਸਾਹਿਬ ਜਗਤ ਉਜਾਗਰੁ ॥ ਸਰਨ ਪਾਲ ਸੁਭ ਗੁਨ ਕੇ ਆਗਰ ॥70॥

॥ ਹਾਕਲ ਛੰਦ ॥

ਸੁਤ ਜਾਵੋ ਦੇਹੋ ਤਿਯਾਗੀ ॥ ਕਰ ਦਰਸਨ ਹੁਇ ਵਡਭਾਗੀ ॥
ਮੈ ਤ੍ਰਿਨ ਪੁਰ ਚੋਰੁ ਢੁਰਾਵਾ ॥ ਜਬ ਗੋਬਿੰਦ ਸਿੰਘ[4] ਕਹਾਵਾ ॥71॥

---

1. ਅ ਪੋਥੀ ਬ੍ਰਾਹਮਣੀ 2. ਅ ਪੋਥੀ ਕਾੜਾ
3. ਅ ਪੋਥੀ ਸੋ 4. ਅ ਪੋਥੀ ਨਾਮੁ

ਅਸਿ ਨਿਸਚਾ ਦੀਨ ਦ੍ਰਿੜਾਈ ॥ ਲੁਪ ਹੋਵਾ ਦੇਰ ਬਿਹਾਈ ॥
ਤਬ ਬਾਲਕ ਨੈਨ ਖੁਲਾਨੇ ॥ ਪ੍ਰਭ ਮਾਤਾ ਸੁਪਨ ਬਖਾਨੇ ॥72॥
ਮੁਹਿ ਦਾਦੇ ਦੀਨ ਜਗਾਈ ॥ ਤੂ ਆਨੰਦਪੁਰ ਚਲ ਜਾਈ ॥
ਤਹ ਲੀਨੋ ਗੁਰੂ ਅਵਤਾਰੂ ॥ ਜਾ ਦਰਸੋ ਕਰੋ ਨ ਵਾਰੂ ॥73॥

॥ ਦੋਹਰਾ ॥

ਸੁਨ[1] ਕਰ ਮਾਤ ਕਹੁਤੁ ਭਈ[1] ਜਾਂਵੋ ਕਰੋ ਨ ਬਾਰ ॥
ਜਿਨ ਕੋ ਮਨ ਗੁਰ ਮੋ ਲਗਾ ਪਾਇ ਪਦਾਰਥ ਚਾਰ ॥74॥

॥ ਚੌਪਈ ॥

ਏਕ ਕੋਲ ਮਾਤਾ ਤਬ ਦੀਨਾ ॥ ਕਾਰੀਗਰ ਨੇ ਅਚਰਜ ਕੀਨਾ ॥
ਏਕ ਢਾਡ ਗੈਡੇ ਕੀ ਆਹੀ ॥ ਹੇਮ ਛਾਪ ਹੀ ਰਾਜਿ ਸੁਮਾਹੀ ॥75॥
ਜਾਮੇ ਕੋ ਬਹੁ ਗੋਟਾ ਲਾਵਾ ॥ ਇਕੀਸ ਮੁਹਰਾਂ ਮਨ ਹੁਲਸਾਵਾ ॥
ਚਾਰ ਸਿਖ ਲੇ ਸਾਥ ਸਿਧਾਵਾ ॥ ਚਲਤ ਚਲਤ ਪੁਰ ਆਨੰਦ ਆਵਾ ॥76॥
ਮਨ ਮੈ ਨਿਸਚਾ ਇਹੁ ਧਰ ਲੀਨਾ ॥ ਜਿਮ ਦਾਦੇ ਮੰਮ ਚੇਰੋ ਸੁ ਕੀਨਾ ॥
ਤੈਸੇ ਮੈ ਤੇ ਗੁਰੂ ਕਰਾਵੈ ॥ ਤਬ ਮੇਰੇ ਮਨ ਨਿਸਚਾ ਆਵੈ ॥77॥

॥ ਦੋਹਰਾ ॥

ਮਨ ਮੈ ਧਾਰੀ ਕਾਮਨਾ ਆਵਾ ਗੁਰੂ ਹਜੂਰ ॥
[1]ਮਾਥ ਨਿਵਾਵਾ[1] ਪ੍ਰੇਮ ਕਰਿ ਮਸਤਕਿ ਲਾਈ ਧੂਰਿ ॥78॥

॥ ਚੌਪਈ ॥

ਕਮਲ ਬਦਨ[2] ਸੁਭ ਗੁਰ ਗਿਰਾ ਅਲਾਈ ॥ ਸੰਤੋਖਿ ਸਿੰਘ ਉਠਿ ਸੇਵ ਕਰਾਈ ॥
ਚੋਰ ਢੁਰਾਵੋ ਦੇਰੁ ਨ ਕੀਜੈ ॥ ਜੋ ਚਿਤ ਇਛਾ ਪੂਰਨਿ ਕੀਜੈ ॥79॥
ਸੁਨ ਕਰ ਬਾਨੀ ਬਹੁ ਹਰਖਾਵਾ ॥ ਖੇਤ ਸੁਸਕ ਪਰ ਪਾਨੀ ਪਾਵਾ ॥
ਮੀਨਹਿ ਰਖ ਜਿਮ ਆਬਹਿ ਪਾਈ ॥ ਕੰਤ[3] ਮਿਲੈ ਜਸੁ ਨਾਰ ਸੁਹਾਈ ॥80॥
ਪਿਖ ਸਵਤਾ ਜਿਮ ਕੰਜ ਖਿਰਾਂਹੀ ॥ ਸਸਿ ਦਿਖ ਜਿਮ ਚਕੋਰ ਬਿਗਸਾਂਹੀ ॥
ਜੈਸੇ ਨਿਰਧਨੁ ਧਨੁ ਬਹੁ ਪਾਈ ॥ ਭੂਖਾ ਅਤਸੈ ਭੋਜਨੁ ਖਾਹੀ ॥81॥
ਤੈਸੇ ਸਿਖ ਮਨ ਭਯੋ ਅਨੰਦੂ ॥ ਜਿਮ ਨਦੀਸ ਪਿਖੁ ਪੂਰਨ ਚੰਦੂ ॥
ਪ੍ਰਿਥਮੈ ਭੇਟਾ ਆਗੈ ਰਾਖੀ ॥ ਹਾਥ ਜੋਰੁ ਬਹੁ ਬਿਨਤੀ ਭਾਖੀ ॥82॥
ਕਰ ਗਹਿ ਚੋਰ ਢੁਰਾਵਨ ਕੀਨਾ ॥ ਮਨ ਮੋ ਬਾਢੀ ਪ੍ਰੀਤਿ ਨਵੀਨਾ ॥
ਏਕ ਬਰਸ ਗੁਰ ਪਾਸ ਰਹਾਵਾ ॥ ਸੇਵਾ ਕਰ ਕਰ ਬਹੁ ਹਰਖਾਵੋਂ ॥83॥

1. ਅ ਪੋਥੀ ਪਾਠਾਂਤਰ : ਮਾਥਾ ਟੇਕਾ
2. ੲ ਪੋਥੀ ਕਮਾਲਾਨਨ
3. ੲ ਪੋਥੀ ਭਤਾਰ

॥ ਦੋਹਰਾ ॥

ਏਕ ਦਿਨਾ ਕਰ ਜੋਰੁ ਕਰਿ ਬਿਨੈ ਕਰੀ ਕਰ ਭਾਇ ॥
ਸ੍ਰੀ ਗੁਰ ਮਮ ਬੰਧਨ ਕਟੋ ਜਨਮ ਮਰਨ ਦੁਖ ਜਾਇ ॥84॥

॥ ਚੌਪਈ ॥

ਸੁਨ ਸਿਖੁ ਬਾਨੀ ਗੁਰੂ ਅਲਾਵਾ ॥ ਵਾਹਿਗੁਰੂ ਜਾਪੋ ਚਿਤੁ ਲਾਵਾ ॥
ਨਾਮ ਬਿਨਾ ਸਭ ਫੋਕਟ ਕਰਮੂ ॥ ਸਤੁ ਬਿਨਾ ਸਭ ਝੂਠਾ ਧਰਮੂ ॥85॥
ਕਰਨ ਧਾਰ ਬਿਨ ਨੌਕਾ ਜੈਸੇ ॥ ਬਿੰਨ ਦਾਮ ਸੌਦਾ ਹੁਇ ਕੈਸੇ ॥
ਪਛ ਬਿਨਾ ਪੰਛੀ ਹ੍ਵੈ ਜਾਈ ॥ ਪਗਾ ਬਿਨਾ ਨਾਹਰ ਜਿਮ ਧਾਈ ॥86॥
ਬਿਨ ਸੈਨਾ ਰਾਜਾ ਹੁਇ ਜੈਸੇ ॥ ਜਪੁ ਤਪੁ ਧਰਮ ਨਾਮੁ ਬਿਨ ਐਸੇ ॥
ਤਾਂਤੇ ਨਾਮੁ ਜਪੋ ਲਿਵ ਲਾਈ ॥ ਕਹੈ ਗ੍ਰਿੰਥ ਜੀ ਨਾਮ ਬਡਾਈ ॥87॥

॥ ਤਥਾ ਵਾਕ ਸ੍ਰੀ ਗੁਰੂ ਗ੍ਰੰਥ ਜੀ ॥੧॥

ਕੋਈ ਗਾਵੈ ਕੋ ਸੁਣੈ ਕੋਈ ਕਰੈ ਬਿਚਾਰੁ ॥
ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ ॥
ਕਿਲ ਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ ॥
ਹਲਤੁ ਪਲਤੁ ਮੁਖ ਉਜਲਾ ਨਹ ਪੋਹੈ ਤਿਸ ਮਾਇ ॥
ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ ॥
ਸੋ ਸੂਰਾ ਕੁਲਵੰਤ ਸੋਇ ਜਿਨ ਭਜਿਆ ਭਗਵੰਤੁ ॥
ਖੱਤ੍ਰੀ ਬ੍ਰਹਮਣ ਸੂਦ ਵੈਸੁ ਉਧਰੈ ਸਿਮਰਿ ਚੰਡਾਲ ॥
ਜਨ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ ॥88॥

॥ ਚੌਪਈ ॥

ਸੰਤੋਖਿ ਸਿੰਘ ਸੁਨ ਭਯੋ ਅਨੰਦੂ ॥ ਜਿਮ ਰਵਿ ਦੇਖਿ ਖਿਰੇ ਅਬਿੰਦੂ ॥
ਬਾਰ ਬਾਰ ਗੁਰ ਚਰਨੀ ਲਾਗਾ ॥ ਗੁਰ ਕ੍ਰਿਪਾ ਤੇ ਭਯੋ ਸਭਾਗਾ ॥89॥
ਲੀਨ ਖੁਸੀ ਗੁਰ ਪਾਗ ਬੰਧਾਈ ॥ ਗ੍ਰਿਹਿ ਕੋ ਚਾਲਾ ਬਡ ਸੁਖ ਪਾਈ ॥
ਗੁਰ ਕੀ ਉਸਤਤਿ ਗਾਵਨ ਲਾਗਾ ॥ ਗੁਰ ਚਰਨਨ ਮੈ ਜਿਮੁ ਮਨੁ ਪਾਗਾ ॥90॥
ਚਲ ਕਰ ਅਪਨੇ ਸਦਨ ਪਹੂਚਾ ॥ ਵਾਹਿਗੁਰੂ ਮੈ ਜਿਸ ਮਨ ਰੂਚਾ ॥
ਗੁਰ ਸਿਖਨ ਕੋ ਸੇਵਨ ਲਾਗਾ ॥ ਨਿਰਵਿਕਾਰ-ਨਮੋ ਅਨੁਰਾਗਾ ॥91॥

**(ਖੜਕ ਸਿੰਘ ਸੋਢੀ ਦੀ ਕਥਾ)**

॥ ਦੋਹਰਾ ॥

ਏਕ ਦਿਨਾ ਸ੍ਰੀ ਸਤਿਗੁਰੂ ਥਿਰੇ ਹਵੇਲੀ ਮਾਹਿ ॥
ਖੜਗ ਸਿੰਘ ਸੋਢੀ ਅਯੋ ਲਾਗੋ [ਗੁਰ ਕੇ][1] ਪਾਇ ॥92॥

1. ਅ ਪੋਥੀ ਵਿਚੋਂ

॥ ਚੌਪਈ ॥

ਹਾਥ ਜੋਰਿ ਤਿਨ ਅਰਜ ਬਖਾਨੀ ॥ ਏਕ ਗਾਥ ਸੁਨੀਏ ਗੁਨਖਾਨੀ ॥
ਏਕ ਗਢ ਹੰਢੂਰੰ ਕੇਰਾਂ ॥ ਕਟੋਚੰਨ ਪਾਯੋ ਤਿਨ ਕੋ ਘੇਰਾ ॥93॥
ਕਟੋਚੁਨ ਸਾਥ ਪੰਥ ਸਭ ਹੋਵਾ ॥ ਸੋਢੀ ਜਿਤੇ ਸਾਥ ਹੀ ਜੋਵਾ ॥
ਤਾਰਾ ਸਿੰਘ ਬਘੇਲ ਸਿੰਘ ਆਵੈ ॥ ਧਰਮ ਸਿੰਘ ਜੋਧ ਸਿੰਘ ਧਾਵੈ ॥94॥
ਮੈਣ ਸੁ ਦਾਬ ਜਿਤੇ ਸਰਦਾਰਾ ॥ ਦ੍ਰਾਬੇ ਕੇ ਸਭ ਹੋਵੈ ਲਾਰਾ ॥
ਮਾਰ ਹੰਢੂਰਨ ਦੇਹ ਭਜਾਈ ॥ ਛੋਨੀ ਮਾਂਝ ਰਹਨ ਨਹਿ ਪਾਈ ॥95॥

॥ ਦੋਹਰਾ ॥

ਕੋਇਕੁ ਦਿਨੁ ਅਟਕੇ ਕ੍ਰਿਲਾ ਬਹੁਰੋ ਲੇਵੈ ਮਾਰ ॥
ਦਲ ਆਏ ਤੇ ਜੁਧ ਕਰਿ ਹੰਢੂਰੀ ਹੋਇ ਖੁਆਰ ॥96॥
ਸ੍ਰੀ ਹਜੂਰਿ ਬਾਨੀ ਭਨੀ ਖੜਗ ਸਿੰਘ ਸੁਨ ਲੇਇ ॥
ਹਾਡੂਰੀ ਆਕੀ ਰਹੇ ਗੁਢਿ ਛੂਟੇ ਨਹਿ ਤੇਇ ॥97॥

॥ ਚੌਪਈ ॥

ਖੜਗ ਸਿੰਘ ਤਬ ਬਿਨਤੀ ਗਾਈ ॥ ਹਜੂਰ ਸਿੰਘਾ[1] ਨ ਆਪ ਸਹਾਈ ॥
ਕਮਲ ਨੈਨ ਜੀ ਬੈਨ ਬਖਾਨੇ ॥ ਤੁਮ ਸੋਢੀ ਹੋ ਬਡ ਬਲਵਾਨੈ ॥98॥
ਮਾਰ[2] ਹੰਢੂਰਨ ਦੂਰ ਗਵਾਵੋ ॥ ਅਪਨੇ ਜਯ ਕੇ ਸੰਖ ਬਜਾਵੋ ॥
ਖੜਕ ਸਿੰਘ ਤਬ ਸੀਸ ਨਿਵਾਈ ॥ ਸਭ ਸੋਢਨ ਪਹਿ ਆਵਾ ਧਾਈ ॥99॥

॥ ਦੋਹਰਾ ॥

ਸੋਢਨ ਪ੍ਰਤਿ ਸੋ ਕਹਤ ਭਾ ਸੁਨੋ ਬੀਰ ਬਲਵਾਨੁ ॥
ਸ੍ਰੀ ਗੁਰ[3] ਸਾਹਿਬੁ ਸਿੰਘ ਕੋ ਲੀਜੈ ਸਾਥ ਸੁਜਾਨ ॥100॥
ਸੋਢੀ ਸੇ ਬਡ ਗਰਭ ਜੁਤ ਬੋਲੇ ਬੈਨ ਕੁਬੈਨ ॥
ਇਨ ਕੋ ਗੁਰ ਕਿਨ ਥਾਪਿਆ ਖੜਕ ਸਿੰਘ ਬੁਧ ਐਨ ॥101॥

॥ ਚੌਪਈ ॥

ਸਵਾਰ ਅਢਾਈ ਇਨ ਕੇ ਸਾਰੇ ॥ ਇਨ ਬਿਨ ਹਮ ਨਹਿ ਮਾਰ ਨਿਕਾਰੇ ॥
ਖੜਗ ਸਿੰਘ [ਸਨ][4] ਤੂਸਨ ਧਾਰੀ ॥ ਇਹੁ ਗਰਬੇ ਦੁਖ ਪਾਵੈ ਭਾਰੀ ॥102॥
ਖੜਗ ਸਿੰਘ ਚਲੁ ਗੁਰ ਪਹਿ ਆਵਾ ॥ ਸਭ ਸੋਢਨ ਕਾ ਗਰਬ ਸੁਨਾਵਾ ॥
ਸੁਨੇ ਕਰ ਸਾਹਿਬ ਗਿਰਾ ਬਖਾਨੀ ॥ ਗਰਵ ਤਿਨੈ ਕਾ ਹੋਵੈ ਹਾਨੀ ॥103॥
ਹੰਢੂਰੀ ਹਮਰੇ ਸਿਖ ਕਹਾਵੈ ॥ ਭੇਟਾਂ ਭੇਜੈ ਸੇਵ ਕਮਾਵੈ ॥
ਸਵਾਰ ਅਢਾਈ ਹਮਲੇ ਲਾਰ ॥ ਮਦੂਤ ਕਰੈ ਤਿਨ ਕੀ ਇਕ ਬਾਰੁ ॥104॥

---

1. ਅ ਪੋਥੀ ਹੁ ਜੇ
2. ਮੂਲ ਪੋਥੀ ਮੰਨ
3. ੲ ਪੋਥੀ ਸਤਿਗੁਰ
4. ੲ ਪੋਥੀ ਵਿਚੋਂ

ਖੜਕ ਸਿੰਘ ਸੁਨ ਤੂਸਨ ਧਾਰੀ ॥ ਗੁਰੂ ਤੌਰ ਹੈ ਅਤਸੈ ਭਾਰੀ ॥
ਪਾਨ ਜੋਰ ਪਗ ਬੰਦਨ ਕੀਨੀ ॥ ਮਨ ਮੈ ਜਾਗੀ ਪ੍ਰੀਤ ਨਵੀਨੀ ॥105॥
ਖੜਕ ਸਿੰਘ ਚਲ ਦੇਰੇ ਆਵਾ ॥ ਕਰਿ ਕਰਿ ਚਿੰਤਾ ਬਹੁ ਪਛੁਤਾਵਾ ॥
ਆਗਲ ਚਰਿਤ ਸੁਨੋ ਮਨ ਲਾਈ ॥ ਗੁਰ ਕੇ ਵਾਕ ਨ ਬਿਰਥੇ ਜਾਈ ॥106॥
ਉਤੈ ਰਟੋਂਚਨੁ ਬਹੁ ਬਲ ਲਾਵਾ ॥ ਘੇਰਾ ਪਾਵਾ ਜੰਗ ਮਚਾਵਾ ॥
ਅੰਨ ਆਦਿ ਨਹਿ ਜਾਵਣ ਦੇਵੈ ॥ ਜੰਗ ਕਰਨ ਮੋ ਤਕੜੈ ਹੋਵੈ ॥107॥
ਤ੍ਰੈ ਦਸ ਦਿਨ ਬੀਤੇ ਸੁਖ ਸਾਥ ॥ ਆਕੀ ਕਿਲਾ ਹੰਡੂਰਨ ਪਾਸ ॥
ਕੀਨਾ ਮਨ ਮਹਿ ਤਿਨਹਿ ਬਿਚਾਰ ॥ ਕੀਜੈ ਬਿਨਤੀ ਗੁਰ ਦਰਬਾਰਿ ॥108॥
ਲਿਖ ਕਰ ਅਰਜੀ ਗੁਰੈ ਪਹੁਚਾਈ ॥ ਕੀਜੈ ਹਮਰੀ ਗੁਰੂ ਸਹਾਈ ॥
ਪਿਤਾ ਪਿਤਾਮੇ ਸੇਵਕ ਜਾਨੋ ॥ ਤੈਸੇ ਤੁਮਰੇ ਆਪ ਪਛਾਨੋ ॥109॥
ਅਘੜ ਧਤ ਜਿਮ ਕੀਨ ਸਹਾਈ ॥ ਛਡਾਵਾ ਗੌਰ ਜਿਮ ਸੁਖਦਾਈ ॥
ਤੈਸੇ ਹਮਰੀ ਕਰੋ ਸਹਾਇ ॥ ਦਾਸ ਕਦੀਮੀ ਤਵ ਸਰਨਾਇ ॥110॥
ਤਿਨ ਕੀ ਅਰਜੀ ਗੁਰੂ ਪਢਾਈ ॥ ਪ੍ਰਤਿਹਾਰੇ ਪ੍ਰਤਿ ਗਿਰਾ ਅਲਾਈ ॥
ਦੇਰ ਬਿਹਾਇ ਦੌਰ ਤੁਮ ਜਾਵੋ ॥ [1]ਇਹ ਹੰਡੂਣ ਸੁਸਕ ਉਡਾਵੋ ॥111॥

॥ ਦੋਹਰਾ ॥

ਚਿੰਤਾ [ਦਯੋ][2] ਤਿਯਾਗੁ ਤੁਮ ਦੂਜੇ ਦਿਨੁ ਜਸ ਪਾਇ ॥
ਸਭ ਨਰਪਤਿ ਐਸੈ ਭਜੈਂ ਜਿਮ ਤ੍ਰਿਣ ਸੁਸਕ ਉਡਾਇ ॥112॥

॥ ਹਾਕਲ ਛੰਦ ॥

ਤਬ ਦੌਰਾ ਪਾਤੀਹਾਰਾ ॥ ਗੁਰ ਕਹਾ ਸੁ ਤਿਨੇ ਉਚਾਰਾ ॥
ਹੰਡੂਰੀ ਮਨੁ ਹਰਖਾਏ ॥ ਗੁਰ ਕੀਰਤ ਕਰ ਹਰਖਾਏ ॥113॥
ਸਭ ਮੈਣ ਦ੍ਵਾਬ ਸਿਰਦਾਰਾ ॥ ਚਲੁ ਆਏ [ਤਬ][3] ਵਾਰ ਨਾ ਪਾਰਾ ॥
ਧਰ ਸਸਤ੍ਰ ਅਸ੍ਵ ਕੁਦਾਵੈ ॥ ਕਰ ਨੇਜੇ ਬਹੁ ਭਰਮਾਵੈ ॥114॥
ਚਢ ਸੋਢੀ ਚਲੇ ਅਪਾਰਾ ॥ ਧੁਨਿ ਸੁ ਤੀਰ ਬਜੈ ਅਪਾਰਾ ॥
ਸੁਭ ਸਗਨ ਮਨਾਵੈ ਭੂਰੀ ॥ ਹੈ ਜਯ ਹਮਰੀ ਜਗੁ ਰੂਰੀ ॥115॥

॥ ਦੋਹਰਾ ॥

ਸ੍ਰੀ ਗੁਰ ਸਾਹਿਬ ਸਿੰਘ ਜੀ ਥਿਰੇ ਸਦਨ ਪਰ ਜਾਇ ॥
ਜਿਨ ਜਿਨ ਦਰਸਨ ਗੁਰ ਕਰਾ ਸੀਸ ਨਯਾਇ[4] ਹਰਖਾਇ ॥116॥

## (ਗੁਰਸਾ ਸਿੰਘ ਦੀ ਕਥਾ)

॥ ਚੌਪਈ ॥

ਗੁਰਸਾ ਸਿੰਘ ਇਕ ਤਿਨ [ਮੁ][5] ਜਾਈ ॥ ਗੁਰ ਪਰ ਸਰਧਾ ਧਰੈ ਸਵਾਈ ॥

---

ਅ ਪੋਥੀ ਪਾਠਾਂਤਰ : ਹੰਡੂਰਨ ਪ੍ਰਤਿ ਐਸਿ ਸੁਨਾਵੋ ॥
. ਅ ਪੋਥੀ ਵਿਚੋਂ 3. ਅ ਪੋਥੀ ਵਿਚੋਂ 4. ੲ ਪੋਥੀ ਨਵਾਯ 5. ਅ ਪੋਥੀ ਵਿਚੋਂ

ਤਿਸੁ ਪ੍ਰਤਿ ਸ੍ਰੀ ਗੁਰ ਬੈਨ ਬਖਾਨਾ ॥ ਜੰਗ ਵਿਖੇ ਨਹਿ ਜਾਇ ਸੁਜਾਨਾ ॥117॥
ਹੰਡੂਰਨ ਕੀ ਹਮ ਕਰੈਂ ਸਹਾਇ ॥ ਸਨਮੁਖ ਹਮਰੇ ਮਤ[1] ਤੂ ਆਇ ॥
ਸਿਖ ਜਾਨ ਤੁਮ ਕੌ ਮੱਤ ਦੀਨੀ ॥ ਹਮਰੀ ਸਿਖਯਾ ਲੇਵੋ ਚੀਨੀ ॥118॥
ਗੁਰਸਾ ਸਿੰਘ ਸੁਨ ਕਹੇ ਬਹੋਰੀ ॥ ਸੁਨੀਏ ਸ੍ਰੀ ਗੁਰ ਬਿਨਤੀ ਮੋਰੀ ॥
ਪੰਥ ਵਿਖੇ ਮਮ ਨਾਮ ਉਜਾਗਰ ॥ ਕੈਸ ਹਟੋਂ ਸਤਿਗੁਰ ਗੁਣ ਸਾਗਰ ॥119॥

(ਸੋਢੀਆ ਦਾ ਅਹੰਕਾਰ ਦੂਰ ਕਰਨਾ)

॥ ਦੋਹਰਾ ॥

ਪੁਨਾ ਬੈਨ ਸ੍ਰੀ ਗੁਰ ਕਹਯੋ ਗੁਰਸਾ ਸਿੰਘ ਰਿਦ ਧਾਰ ॥
ਸੋਢਨ ਕੋ ਤੂ ਦ੍ਰਿੜ ਕਰੀ ਜਾਇ ਨ ਪਿਠ ਦਿਖਾਰ ॥120॥
ਸੋਢਨ ਬਹੁ ਹੰਗਤਾ ਕਰੀ ਹਮਰੀ ਨਿੰਦ ਉਚਾਰ ॥
ਸਭੀ ਪੰਥ ਤਿਨ ਲਾਗ[2] ਹੈ ਹਮਰ ਢਾਈ[2a] ਸਵਾਰ ॥121॥

॥ ਚੌਪਈ ॥

ਸੋਢਨ ਆਦਿ ਸਭੀ ਭਜਿ ਜਾਵੈ ॥ ਜੋ ਅਪਨੇ ਕੋ ਸੂਰ ਕਹਾਵੈ ॥
ਜੈਸ ਬਾਤ ਲਗ ਤ੍ਰਿਣ ਉਡ ਜਾਹੀ ॥ ਐਸੇ ਸਭ ਸਰਦਾਰ ਪਰਾਹੀ ॥122॥
ਤਬ ਲਗ ਭੰਗਾ ਸਿੰਘ ਇਕੁ ਆਵਾ ॥ ਹਾਥ ਜੋਰ ਤਿਨ ਸੀਸ ਨਿਵਾਵਾ ॥
ਤਿਨ ਪ੍ਰਤਿ ਸ੍ਰੀ ਗੁਰ ਗਿਰਾ ਬਖਾਨੀ ॥ ਪੰਥੇ ਪ੍ਰਤੀ ਤੂੰ ਭਨੀਯੋ[3] ਬਾਨੀ ॥123॥
ਦੇਖੈ ਦੁਰਗ ਆਜੁ ਤੁਮ ਮਾਰੈ ॥ ਤੁਮੈ ਭਜਾਵੈ ਦੇਹਿ ਧਿਕਾਰੈ ॥
ਭੰਗਾ ਹਰਿ ਤੂ ਭੀ ਜਖਮਾਵੈਂ ॥ ਤਯਾਗ ਅਸੂ ਮੰਜੀ ਚਢ ਆਵੈਂ ॥124॥

॥ ਦੋਹਰਾ ॥

ਪੰਦ੍ਰਾ ਦਿਨੁ ਪੀਛੈ ਬਿਤੇ ਦਿਵਸ ਸੋਲਵਾ ਆਜ ॥
ਤਰਫ ਹੰਡੂਰਨ ਹਮ ਖਰੇ ਪੰਥ ਪਰੇ ਗੀ ਭਾਜ ॥125॥

॥ ਚੌਪਈ ॥

ਸੁਨ ਗੁਰ ਬਾਨੀ ਮਨੁਖ ਨਸਾਯੋ ॥ ਜਾਇ ਪੰਥ ਕੌ ਸਗਲ ਸੁਨਾਯੋ ॥
ਮਾਨ ਤਯਾਗ ਨ ਚਰਨੀ ਲਾਗੇ ॥ ਪਾਵੈ ਗੇ ਦੁਖ ਅੰਤ ਅਭਾਗੇ ॥126॥
ਮਿਲ ਕਰ ਸੋਢੀ ਸਭਾ ਚਮਕਾਏ ॥ ਪੰਥ ਸਰਬ ਪ੍ਰਭ ਹੁਕਮੁ ਪਠਾਏ ॥
ਮਾਰ ਹੰਡੂਰੀ ਦੇਹ ਹਟਾਈ ॥ ਅਬ ਦੇਰੀ ਮਤ ਕੀਜੈ ਭਾਈ ॥127॥
ਤੁਮਣ ਬਾਧੇ ਪਣਵ ਬਜੋਏ ॥ ਕਰ ਮੋ ਨੇਜੇ ਖੜਗ ਉਠਾਏ ॥
ਅਸੂ ਚਲਾਕੀ ਫੇਰ ਕੁਦਾਵੈ ॥ ਮਨੁ ਹੰਕਾਰੁ ਕਰਾ ਨਹਿ ਮਾਵੈ ॥128॥
ਗੋਲੀ ਤੀਰ ਚਲੇ ਇਕੁ ਬਾਰੀ ॥ ਸਾਰ ਮਾਰ ਬਹੁ ਮਾਰ ਪੁਕਾਰੀ ॥
ਸਿੰਘਨ ਗੋਲੀ ਏਕ ਨ ਲਾਗੇ ॥ ਪਹਾੜੀ ਮਾਰੇ[4] ਇਨ ਕੇ ਦਾਗੇ ॥129॥

---

1 ਅ ਪੋਥੀ ਮਰ 2. ਅ ਪੋਥੀ ਪਾਠਾਂਤਰ: ਰਹੈ ਹਮਰੇ ਜੁੱਮ
3. ਅ ਪੋਥੀ ਜੋ 4. ੲ ਪੋਥੀ ਸਾਰੇ

॥ ਦੋਹਰਾ ॥

ਅਸੁ ਔਰੁ ਅਸ੍ਵਾਰ ਜੋ ਗਿਰੇ ਧਰਨ ਪਰਿ ਆਇ ॥
ਦੁਖਤ ਪੁਕਾਰੈ ਤੇ ਸਭੀ ਟੂਕ ਟੂਕ ਤਰਫਾਇ ॥130॥
ਮਿਲ ਕਰ ਸੋਢੀ ਅਤਿ ਬਲੀ ਦੀਨੀ ਬਡ ਲਲਕਾਰ ॥
ਕਹੇ ਪਹਾੜੀ ਥਿਰ ਰਹੋ ਤੁਮ ਕੋ ਦੇਵੈ ਮਾਰ ॥131॥
ਸੁਨ ਕਰ ਸੋਢੀ ਬੋਲ ਕੋ ਅਘੜ ਧਤ ਹੈ ਪ੍ਰੇਰ ॥
ਕਾਢ ਕ੍ਰਿਪਾਨ ਮਿਆਨ ਤੇ ਮਾਨੋ ਗਰਜਾ ਸੇਰ ॥132॥
ਖੜੇ ਰਹੋ ਸੋਢੀ ਸਬੈ ਜਾਨ ਨ ਦੇਵੋ ਤੋਹਿ ॥
ਜੈਸੁ[1] ਸਿੰਘ ਇਕ ਸੂਰਮਾ ਆਯੋ ਆਗੇ ਸੋਹਿ ॥133॥
ਅਗੜ ਧਤ ਮਨ ਕੋ ਪਕਰ ਚੰਦ੍ਰਹਾਸ ਤਿਸ ਮਾਰ ॥
ਦ੍ਵੈ ਫ਼ਾੜਾਂ ਤਿਸ ਕੀ ਕਹੀ ਗਿਰ ਗਾ ਧਰਨ ਮਝਾਰ ॥134॥
ਗੁਰਸਾ ਸਿੰਘ ਮਨ ਕੋਪ ਕਰ ਭ੍ਰਾਤ ਮਰੇ ਕੋ ਦੇਖ ॥
ਖੜਗ ਖੈਚ ਆਯੋ ਤਬੈ ਅਘੜ ਧਤ ਕੋ ਪੇਖ ॥135॥

॥ ਚੌਪਈ ॥

ਮਨ ਮੈ ਚਾਹੈ ਵਾਰ ਸੁ ਕੀਨਾ ॥ ਅਘੜ ਧਤ ਭੀ ਆਵਤ ਚੀਨਾ ॥
ਆਵਤ ਕੋ ਤਿਨ ਨੇਜਾ ਮਾਰਾ ॥ ਪਰਾ ਧਰਨ ਪਰ ਪਾਵ ਪਸਾਰਾ ॥136॥
ਗੁਰ ਸਾਹਿਬ ਸਿੰਘ ਜੋ ਬਚ ਭਾਖਾ ॥ ਤਿਨ ਨਹਿ ਮਾਨਾ ਸੋ ਫਲੁ ਚਾਖਾ ॥
ਇਲਾਮੇਰ ਜੋ ਕਬੀ ਚਲਾਈ ॥ ਗੁਰੂ ਕਹਾ ਨਹਿ ਬਿਰਥਾ ਜਾਈ ॥137॥
ਅਘਨ ਧਤ ਕੋ ਬਲੀ ਨਿਹਾਰੀ ॥ ਸੋਢੀ ਭਾਜੇ ਕਰੀ ਨ ਬਾਰੀ ॥
ਜਿਤੀ ਫੌਜ ਸਿੰਘਨ ਕੀ ਆਈ ॥ ਭਾਜ ਚਲੇ ਸਭ ਲਾਜ ਗਵਾਈ ॥138॥
ਸਿੰਘ ਦੇਖ ਜਿਮ ਕਰੀ ਪਲਾਵੈ ॥ ਬਾਤ ਲਗੇ ਤ੍ਰਿਣ ਸੁਸਕ ਉਡਾਵੈ ॥
ਜਿਮ ਹੜ ਪਾਨੀ ਨਹਿ ਬਿਰਾਈ ॥ ਤੈਸੇ ਚਾਲੇ ਪੀਠ ਦਿਖਾਈ ॥140॥

॥ ਦੋਹਰਾ ॥

ਖੜਗ ਸਿੰਘ ਬਾਨੀ ਕਹੀ ਸੋਢਨ ਕੌਨਿ ਯਰਾਇ ॥
ਬੇਦੀ ਸਾਹਿਬ ਦੇਖਿਯੋ ਦੀਨੀ ਭਾਂਜ ਪਵਾਇ ॥141॥
ਸੁਨ ਕਰ ਤੂਸਨ ਕਰ ਰਹੇ ਉਤਰ ਨ ਆਵੈ ਕੋਇ ॥
ਐਸੇ ਭਾਜੇ ਜਾਤ ਹੈ ਜਿਮ ਖਗ ਬਾਜੈ ਜੋਇ ॥142॥

॥ ਚੌਪਈ ॥

ਧਰ ਬੀੜੀ ਸਰਕਾਰ ਪਲਾਏ ॥ ਸੀਸ ਧੁਨੈ ਧੁਨਿ ਬਹੁ ਪਛੁਤਾਏ ॥

---

ਅ ਪੋਥੀ ਜੈਇਸ
ੲ ਪੋਥੀ ਦੀਨ

ਆਪੋ ਅਪਨੇ ਭਵਨ ਸਿਧਾਨੇ ॥ ਮਨ ਮੇ ਮੂਰਖ ਬਹੁ ਪਛਤਾਨੇ ॥142॥
ਪੁਰ ਅਨੰਦ ਸੋਢੀ ਚਲ ਆਏ ॥ ਜਸ ਸੌਦਾਗਰ ਖੇਪ ਲੁਟਾਏ ॥
ਭੰਗਾ ਸਿੰਘ ਗੁਰ ਬਚਨ ਨ ਮਾਨਾ ॥ ਕਰ ਹੰਕਾਰ ਗਯੋ ਯੁਧ[1] ਥਾਨਾ ॥143॥
ਸੌ ਭੀ ਆਵਾ ਟਾਂਗੁ[2] ਤੁੜਾਈ ॥ ਗੁਰ ਬਾਨੀ ਨਹਿ ਬਿਰਥੀ ਜਾਈ ॥
ਪਾਛਲ ਗਾਥ ਕਹੋ ਹਰਖਾਏ ॥ ਜਿਮ ਹੰਡੂਰਨ ਬਡ ਜਯ ਪਾਏ ॥144॥

॥ ਦੋਹਰਾ ॥

ਜਬੈ ਖਾਲਸਾ ਭਜ ਗਯੋ ਮਿਲੇ ਕਟੋਚੀ ਆਇ ॥
ਹੰਡੂਰਨ ਤਿਨ ਤੇ ਨਜਰ ਲੈ ਦੁਰਗ ਦੀਨ ਫਿਰ ਤਾਇ ॥145॥
ਜਯ ਕੌ ਡੰਕ ਬਜਾਇ ਕਰ ਗੇ ਅਪਨੇ ਸਭ ਥਾਨ ॥
ਗੁਰ ਕੋ ਯਸ ਮਿਲ ਗਾਵਹੀ ਮਨ ਮੋ ਪ੍ਰੀਤੀ ਨਾਲ ॥146॥
ਸੂਖਮ ਚਾਵਰ ਬਕਰੂ ਔਰ ਪਦਾਰਥੁ ਠਾਨ ॥
ਗੁਰ ਗ੍ਰਿਹਿ ਭੇਜੇ ਪ੍ਰੀਤਿ ਕਰ ਅੰਬ ਲਗ ਤਿਨ ਕੀ ਚਾਲ ॥147॥
ਕਰ ਸੰਖੇਪ ਬਰਨੀ ਕਥਾ ਗ੍ਰੰਥ ਬਢਨ ਭੈ ਪਾਇ ॥
ਬਰਨ ਭੰਗ ਪੁਨ ਰੁਕਤ ਰਹਿ ਲੀਜੋ ਸੰਤ ਬਨਾਇ ॥148॥

(ਚੰਦਾ ਸਿੰਘ ਦੀ ਕਥਾ)

ਚੰਦਾ ਸਿੰਘ ਗਜਨੀ ਵਿਖੈ ਬਾਲ ਬੈਸਤੇ ਲੇਇ ॥
ਵ੍ਹਾਹਿਗੁਰੂ ਰਟਤਾ ਰਹੇ ਔਰ ਨ ਚਾਹੇ ਕੇਇ ॥149॥
ਤਿਨ ਕੀ ਪ੍ਰੀਤੀ ਦੇਖਿ ਕਰਿ ਮਾਤਾ ਮਨ ਹਰਖਾਇ ॥
ਨਿਕਟ ਬਿਠਾਵਾ ਹੇਤ ਕਰ ਕਹੀ ਗਿਰਾ ਹੁਲਸਾਇ ॥150॥

॥ ਚੌਪਈ ॥

ਮਾਤਾ ਤਿਨ ਕੌ ਦਯੋ ਉਪਦੇਸੂ ॥ ਕਰ ਸਤ ਸੰਗਤਿ ਮੇਟ ਕਲੇਸੂ ॥
ਜਨਨੀ ਬਾਨੀ ਜਬ ਸੁਨ ਪਾਈ ॥ ਚੰਦਾ ਹਰਿ[3] ਮਨ ਪ੍ਰੀਤਿ ਉਪਾਈ ॥151॥
ਰਾਤਿ ਦਿਵਸ ਸੇਵੇ ਮਿਲ ਸਾਧਾ ॥ ਅਸਪਨੁ ਮਨ ਬਚ ਕ੍ਰਮ ਤਿਹ ਬਾਧਾ ॥
ਸੰਤ ਮਿਲਾਪ ਤਿਨੇ ਬਹੁ ਕੀਨਾ ॥ ਸੁਖਦ ਐਸ ਕ੍ਰਮ ਮਨ ਮੈ ਚੀਨਾ ॥152॥
ਅਤ ਅਨੁਰਾਗ ਤਾਸ ਮਨ ਜਾਗਾ ॥ ਸੇਵਾ ਸੰਤਨ ਮੋ ਮਨ ਲਾਗਾ ॥
ਜਾਨਯੋ ਸਾਰ ਗਯਾਨ ਗੁਰ ਸੇਵਾ ॥ ਸੰਤ ਪ੍ਰਸਾਦਿ ਸੂਝ ਪਦ ਲੇਵਾ ॥153॥

॥ ਦੋਹਰਾ ॥

ਚੰਦਾ ਸਿੰਘ ਰਿਦ ਅੰਬਰੇ ਉਦਯੋ ਚੰਦ ਵੈਰਾਗ ॥
ਤੰਜਤ ਭਯੋ ਝਟ ਤਮੋਂ ਊਧਨ ਬਾਧਵ ਅਨੁਰਾਗ ॥154॥

---

1. ੲ ਪੋਥੀ ਜੁਧ
2. ੲ ਪੋਥੀ ਲਾਤ
3. ੲ ਪੋਥੀ ਸਿੰਘ

॥ ਚੌਪਈ ॥

ਲਗਯੋ ਵਿਚਾਰਨ ਨਿਜ ਜਿਯ ਮਾਂਹੀ ॥ ਇਹ ਵੈਰਾਗ ਮਹੀ ਸਮ ਆਹੀ ॥
ਸੋਹਨ ਗਯਾਨ ਬੀਜ ਬਿਨ ਏਹੀ ॥ ਨਾਹ ਹੀਨ ਜਿਮ ਕਾਮਨ ਦੇਹੀ ॥155॥
ਚਰਨ ਹੀਨ ਮ੍ਰਿਗ ਨਾਯਕ ਜੈਸੇ ॥ ਕਵਿਤਾ ਬਿਨਾ ਅਲੰਕ੍ਰਿਤ ਤੈਸੇ ॥
ਜਿਮ ਨਿਸੁ ਬਿਨੁ ਮਯੰਕ ਨਹਿ ਸੋਹਾ ॥ ਜਿਮ ਨਰੇਸ ਧੁਜਨੀ ਬਿਨੁ ਕੋਹਾ ॥156॥
ਬੈਸਾ ਹੀਨ ਕੁਠਾਰੂ ਜਯੋ ਹੀ ॥ ਹੈ ਵੈਰਾਗ ਗਯਾਨ ਬਿਨ ਤਯੋ ਹੀ ॥
ਸਫਲ ਹੋਇ ਮੁਹਿ ਤੌ ਵੈਰਾਗਾ ॥ ਦ੍ਰਿੜ੍ਹੌ ਜਬੈ ਗੁਰ ਪਦ ਅਨੁਰਾਗਾ ॥157॥

॥ ਦੋਹਰਾ ॥

ਕਹੂੰ ਬਿਲੋਕੌਂ ਗੁਰ ਸੁਖਦ ਟਰੈ ਜੁ ਚਿਤ ਭ੍ਰਮ ਮੋਰ ॥
ਕਯੋ ਨਹਰੇ ਘਰ ਰਹਤ ਮਹਾ ਗੁਡੀ ਉਡੀ ਬਿਨੁ ਡੋਰੁ ॥158॥

॥ ਚੌਪਈ ॥

ਸੁਨੀ ਤਵਨ ਦਸਮੇ ਗੁਰ ਕਹੀ ॥ ਅੰਨਦਪੁਰ ਹੈ ਇਸਥਿਤ ਸਹੀ ॥
ਜੋ ਮੁਹਿ ਦਰਸਨ ਦੇਖਯੋ ਚਾਹੈ ॥ ਸੋ ਆਨੰਦਪੁਰ ਨਿਰਖ ਉਮਾਹੈ ॥159॥
ਅਸ ਬਿਚਾਰ ਚਲਯੋ ਗੁਰ ਆਸ ॥ ਚਾਤ੍ਰਿਕ ਚਪਲ ਸ੍ਵਾਂਤ ਕੀ ਪਯਾਸ ॥
ਜੈਸੇ ਚੰਚਰੀਕ ਉਕਲਾਨਾ ॥ ਵਿਪ ਨੰਕੇਤ ਕੀ ਸੁਨਯੋ ਸੁ ਕਾਨਾ ॥160॥
ਰੁਚਿਰ ਹੰਸ ਮਨੁ ਮੈ ਅਨੁਰਾਗਾ ॥ ਸਦਾ ਅਨੂਪਮ ਮਾਨ ਤੜਾਗਾ ॥
ਭਯੋ ਕੁਰੰਗ ਮਹਾਂ ਮਤਵਾਰਾ ॥ ਆਨੰਦਰਪੁਰ ਸੂਰ ਸਤਿ ਸਰੁਤਿ ਧਾਰਾ ॥161॥
ਜੈਸੇ ਨੀਰਜ ਭੌਰੰ ਚਾਹੀ ॥ ਤੈਸੇ ਚਾਹਸ ਗੁਰ ਸਰਨਾਈ ॥
ਖਿਲਯੋ ਕੁਮਦਿਨੀ ਦਲੁ ਸਾ ਨੰਦਾ ॥ ਸੁਨਾ[1] ਉਦੈ ਪੁਰ ਅਨੰਦ ਚੰਦਾ ॥162॥

॥ ਦੋਹਰਾ ॥

ਚਲਯੋ ਚਪਲ ਬਯਾਕੁਲ ਭਯੋ ਬਿਰਹ ਅਨਲ ਚਿਤ ਜਾਗ ॥
ਆਨੰਦਪੁਰ ਆਨੰਦ ਸਰ ਸੁਨਯੋ ਸਨਯੋ ਅਨਾਗ ॥163॥

॥ ਸੋਰਠਾ ॥

ਕਰੇ ਕਹਾਂ ਅਘ ਆਗਿ ਤਾਤਨਹੂੰ ਕੇ ਬਿਪਨ ਸੌਂ ॥
ਜਿਹ ਮਨ ਘਟ ਵੈਰਾਗ ਬਰਸੈ[2] ਸਰਸੈਂ ਹੋਇ ਨਿਤ ॥164॥

॥ ਪ੍ਰਮਾਨ [3]ਸ੍ਰੀ ਗੁਰ ਗ੍ਰਿੰਥੇ[3] ॥

ਰਤੇ ਸੇਈ ਜਿ ਮੁਖ ਨ ਮੋੜਨ ਜਿਨਾ ਸਿਞਾਤਾ ਸਾਈ ॥
ਝੜਿ ਝੜਿ ਪਵਦੇ ਕਚੇ ਬਿਰਹੀ ਜਿਨਾ ਕਾਰ ਨ ਆਈ ॥

---

1. ਅ ਪੋਥੀ ਸੁਨਾ
2. ਅ ਪੋਥੀ ਸ਼ਰਸ
3. ੲ ਪੋਥੀ ਪਾਠਾਂਤਰ : ਗ੍ਰਿਥ ਸਾਹਿਬ ਜੀ

ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ ॥
ਧੂੜੀ ਵਿਚ ਲੁਡੰਦੜੀ ਸੋਹਾ ਨਾਨਕ ਤੈ ਸਹੁ ਨਾਲੇ ॥165॥

॥ ਚੌਪਈ ॥

ਮਨ ਵੈਰਾਗਹ ਪ੍ਰੀਤ ਸੁਧਾਯੋ ॥ ਹਿਤ ਸੁਖ ਕੰਦ ਆਨੰਦਪੁਰ ਆਯੋ ॥
ਨਿਰਖੇਯੋ ਜਗ ਅਨੰਦ ਤਹ ਨਾਨਾ॥ ਕੇਹੂ ਹੇਤ ਨ ਸੁਖ ਅਨੁਮਾਨਾ ॥166॥
ਕਾਹੂ ਗ੍ਰਿਹਿ ਅਤਿ ਤਰੁਲਕਿਕਾਨੂ ॥ ਆਯਾਧੂ ਕਹੂੰ ਨਿਕਟਿ ਬਲਵਾਨੂ ।
ਕਾਹੂ ਧਾਮ ਮਤ ਗਜ ਰਾਜੈ ॥ ਕਾਹੂ ਸਯੰਦਨੁ ਬਾਗ ਬਿਰਾਜੈ ॥167॥

॥ ਦੋਹਰਾ ॥

ਨਿਰਖੀ ਤਿਹ ਬਿਧ ਸੰਗਰ ਅਸ ਸਗਲ ਰੀਤ ਰਹਿ ਛਾਜ ॥
ਰਜ ਗੁਨ ਬਿਸਤ[1] ਅਨਿਕ ਧਾ ਨਿਰਜੁਰ ਨਿਰਖ ਸਲਾਜ ॥168॥

॥ ਸੋਰਠਾ ॥

ਟਰੀ ਨ ਚਾਤ੍ਰਿਕ ਪਯਾਸ ਨਦੀ ਨਿਰਖ ਇਕ ਸ੍ਵਾਂਤ ਬਿਨ ॥
[2]ਲੀਨੋ ਉਰਧ[2] ਉਸਾਸ ਹ੍ਵੈ ਨਿਰਸ ਬਿਲਖਯੋ ਬਦਨ ॥169॥

॥ ਦੋਹਰਾ ॥

ਨਿਰਖੇ ਸਬ ਹੀ ਸੂਰਜ ਧਰ ਈਸ੍ਵਰਜ [ਮਤ][3] ਤੇ ਹੀਨ ॥
ਦਰਬੁ ਭਰੇ ਆਗਿਅਤ ਸਠ ਯਥਾ ਰੂਪ ਤੈ ਦੀਨ ॥170॥

॥ ਸੋਰਠਾ ॥

ਕੇਸਰ ਕੇਸਰ ਫੂਲ ਸਬ ਸਰੂ ਪਕੇ ਸੰਰਬੰਨੇ ॥
ਮਨ ਜੋ ਸੁਭਰ ਦਕੂਲ ਸਾਂਤ ਰੰਗ ਭੀਂਜਯੋ ਨਹੀ ॥171॥
ਦੂਖਤ ਹੋਇ ਬਿਲਖਾਂਨ ਪੂਰਨ ਭਈ ਨ ਆਸ ਤਿਹ ॥
ਚਲਯੋ ਦੂਖਤ ਚਿਤ ਮਾਨ ਸੇਂਬਰ ਸੂਹਾ ਭਾਤ ਸੋ ॥172॥

॥ ਚੌਪਈ ॥

ਬਿਨ [ਸੁ][4] ਅਨੰਦ ਅਨੰਦਪੁਰ ਤਯਾਗੋ ॥ ਅਤ ਪਛਤਾਤ ਬਿਚਾਰਨ ਲਾਗਯੋ ॥
ਕਿਧੋਂ ਬਿਬੇਕ ਹਮਾਰੋ ਭੂਲਾ ॥ ਕਿਧੋ ਨ ਗਿਰਧਰ ਭੇ ਅਨਕੂਲਾ ॥173॥
ਕਿਧੋਂ ਰੂਪ ਸਤਿਗੁਰਹਿ ਦੁਰਾਵਾ ॥ ਮਾਯਾ ਬਿਵਸ ਮੋਹਿ ਬਿਰਮਾਵਾਂ ॥
ਦੁਤਿ ਦਿਖਾਹਿ ਦੁਤਿ ਭਾਵ ਜਨਾਯੋ ॥ ਮੈ ਮਤ ਮੰਦ ਮਰਮ ਨਹਿ ਪਾਯੋ ॥174॥
ਦੀਨ ਹੋਇ ਬਨ੍ਹਿਓ ਰਸਿ ਧਾਰਾ ॥ ਬਿਰਹਿ ਅਨਲ[5] ਚਿਤ ਸੋ ਚਮਕਾਰਾ ॥
ਸ੍ਵੇਦ ਅੰਗ ਪੂੰਨ ਲੋਚਨ ਨੀਰਾ ॥ ਸਰਬ ਭੰਗ ਗੇ ਚੀਰ ਸਰੀਰਾ ॥175॥

---

1. ਅ ਪੋਥੀ ਬਿਸਤ੍ਰਤ
2. ੲ ਪੋਥੀ ਲੋਨੋ ਰੁਧ
3. ਅ ਪੋਥੀ ਵਿਚੋਂ
4. ਅ ਪੋਥੀ ਵਿਚੋਂ
5. ੲ ਪੋਥੀ ਅਗਨਿ

ਗਿਰਯੋ ਧਰਨੇ ਪਰ ਹ੍ਵੈ ਮੁਰਛਾਈ ॥ ਦੋਇ ਘਟ ਲਗ ਸੁਧਿ ਨਹਿ ਕਾਈ ॥
ਗੀ ਮੁਰਛਾ ਸੁਰ ਊਚ ਪੁਕਾਰਾ ॥ ਗੁਰ ਬਿਨੁ ਹੋਤ ਭਯੋ ਜਗ ਸਾਰਾ ॥176॥

॥ ਦੋਹਰਾ ॥

ਵਿਚਰਤ ਵਿਪਨ ਮਝਾਰ ਗੁਰ ਬਹੁ ਅਨੁਚਰੁ ਲਿਯ ਸੰਗ ॥
ਖਿਲਤ ਖੇਟ ਉਤਸਵ ਭਰੇ ਸੁਖਦਾਤਾ ਬਲ ਅੰਗ ॥177॥

॥ ਚੌਪਈ ॥

ਅਤ ਆਤਰ[1] ਚੰਦਾ ਸਿੰਘ ਬਾਨੀ ॥ ਗੁਰ ਨਹਿ ਮਿਲੇ ਸੋਕ ਮੈ ਸਾਨੀ ॥
ਸੁਨੀ ਸ੍ਰਵਨ ਸਾਹਿਬ ਤਿਹ ਕਹੀ ॥ ਗੁਰ ਪਦ ਬੀਜ ਬਿਨਾਸਯੋ ਸਹੀ ॥178॥
ਆਪ ਦੁਰਾਇ ਨਿਹਾਰਯੋ ਜਾਈ ॥ ਲੋਚਨ ਰਹਯੋ ਪ੍ਰੇਮ ਜਲ ਛਾਈ ॥
ਡਗ ਮਗਾਤ ਪਗ ਪਾਗ ਬਿਹੀਨਾ ॥ ਦੁਖਤੁ ਬਚਨੁ ਸੁਮਸਾ ਕਰੁ ਭੀਨਾ ॥179॥
ਤੌ ਲਗ ਸਾਹਿਬ ਅਸ੍ਵ ਰੂਢੇ ॥ ਭਏ ਪ੍ਰਗਟ ਬਨਤੇ ਗੁਨ ਗੂਢੇ ॥
ਸਾਯੁਧ ਸੁਭਗ ਮਨੋਹਰ ਗਾਤਾ ॥ ਲੋਚਨ ਸਰਸ ਸਰਦ ਜਲ ਜਾਤਾ ॥180॥
ਸਤ ਸਰੂਪ ਬਿਹਸਤ ਮੁਖ ਬਚਨਾ ॥ ਕਹਿਨ ਪਰਤ ਰੋਚਕ ਤਨ ਰਚਨਾ ॥
ਜਿਹ ਪਦ ਪਦਮ ਧੂਰਿ ਮਨ ਦੇਵਾ ॥ ਮਨ ਬਾਂਛਤ ਲਹਤ ਨ ਭੇਵਾ ॥181॥

॥ ਦੋਹਰਾ ॥

ਹ੍ਵੈ ਨਜੀਕ ਗੁਰ ਬਾਕ ਭਨ ਕਹਯੋ ਤੂ ਕਰ ਪੁਕਾਰ ॥
ਕਹਾ ਰਹਤ ਕਾ ਨਾਮ ਹੈ ਦੈ ਬਤਾਇ ਬਿਨ ਬਾਰ ॥182॥
ਗੁਰੁ ਬਾਨੀ ਕੋ ਅੰਕਨ ਕਰ ਚੰਦਾ ਹਰਿ ਚਖ ਖੋਲ ॥
ਕਥਾ ਕਹਤ ਭਾ ਆਪਨੀ ਮਧੁਰ ਗਿਰਾ ਕੋ ਬੋਲ ॥183॥

॥ ਸ੍ਵੈਯਾ ॥

ਛਤ੍ਰ ਕੁਲੰ ਹਮਰੋ ਭਵ ਹੈ ਅਰੁ ਕੀਨ ਸਦਾ ਗਜਨੀ ਪੁਰ ਬਾਸਾ ॥
ਸੰਤ ਪ੍ਰਸਾਦਿ ਵੈਰਾਗ ਭਯੋ ਮੁਹਿ ਯਾਹੀ ਤੇ ਆਯੋ ਇਹਾ ਧਰ ਆਸਾ ॥
ਦੇਖੁ ਰਹਯੋ ਸਬ ਹੀ ਪੁਰ ਆਨੰਦ ਕਾਹੂ ਨ ਮੋਹਿ ਅਨੰਦ ਪ੍ਰਕਾਸਾ ॥
ਪੂਰਨ ਆਸਨ ਪਯਾਸ ਟਰੀ ਮੁਹਿ ਯਾਤੇ ਕਹੋਂ ਗੁਰ ਬੀਜ ਬਿਨਾਸਾ ॥184॥

॥ ਚੌਪਈ ॥

ਚੰਦਾ ਹਰਿ ਕੀ ਸੁਨ ਦੁਖ ਬਾਨੀ ॥ ਕਹਤ ਭਏ ਗੁਰ ਸੁਖਮਾਂ ਖਾਨੀ ॥
ਏਕ ਬੇਰ ਤੀਰਥ ਕਰ ਆਵੋ ॥ ਮਿਲਹੈ ਸਤਿਗੁਰੁ ਆਨੰਦ ਪਾਵੋ ॥185॥
ਸਰੁਤਿ ਤੀਰਥ ਰਟਨੋ ਸੁਭ ਗਾਯੋ ॥ ਬੁਧਿ ਬਿਮਲਤਾ[2] ਹੇਤ ਅਲਾਯੋ ॥
ਕ੍ਰਮ ਕਰ ਸਭ ਤੀਰਥ ਗੰਗਾਦਾ ॥ ਯਜੀਯੋ ਸਸਿ ਹਰਿ[3] ਹਰ ਉਨਮਾਦਾ ॥186॥

---

1. ਅ ਪੋਥੀ ਆਰਤ
2. ੲ ਪੋਥੀ ਵਿਮਲਤਾ
3. ੲ ਪੋਥੀ ਚੰਦਾ ਸਿੰਘ

॥ ਦੋਹਰਾ ॥

ਐਸ ਬੈਨ ਗੁਰ ਕੇ ਸੁਨੇ ਚਾਲਾ ਤੀਰਥ ਓਰ ॥
ਸ੍ਰੀ ਗੁਰ ਜੀ ਗ੍ਰਿਹਿ ਆਤ ਭੇ ਜੋ ਬੇਦੀ ਸਿਰ ਮੌਰ ॥187॥

॥ ਚੌਪਈ ॥

ਚੰਦਾ ਹਰਿ ਭਾ ਤੀਰਥ ਬਾਸੀ ॥ ਸੁ ਮ੍ਰਿਤ ਹ੍ਰਿਦੈ ਭਕਤ ਸੁਖਰਾਸੀ ॥
ਚਲਤ ਚਲਤ ਕੁਰਖੇਤ੍ਰ ਆਯੋ ॥ ਸੂਰਜ ਗ੍ਰਾਸ ਪਰਬ ਦਿਨ ਆਯੋ ॥188॥
ਆਇ ਜੁਰੇ ਦੇਖੇ ਨਰ ਨਾਰੀ ॥ ਵਰਣਾਸ੍ਰਮੁ ਦਿਸ ਵਿਦਿਸ ਪ੍ਰਚਾਰੀ ॥
ਤਹਾਂ ਨ ਠਹਿਰਾ ਭਯੋ ਉਦਾਸੀ ॥ ਨਾਨ ਬਿਨਾ ਉਠਿ ਰਲਾ ਨਿਰਾਸੀ ॥189॥
ਤਜਾ ਬੇਗ ਕੁਰਖੇਤ੍ਰ ਐਸੇ ॥ ਜੈਸੇ ਅਲ ਅਕ ਫੂਲ ਨ ਬੈਸੇ ॥
ਚਲਤ ਪੰਥ ਜਬ ਆਗੇ ਜਾਈ ॥ ਪੰਚ ਸਵਾਰ ਮਿਲੇ ਤਬ ਆਈ ॥190॥
ਏਕ ਸਭਨ ਮੈ ਸੋਭਤ ਐਸੇ ॥ ਤਨ ਮੈ ਸੀਸ ਸਿਰੋਮਣਿ ਜੈਸੇ ॥
ਚੰਦਾ ਸਿੰਘ ਨਿਕਟਿ ਜਬ ਆਇ ॥ ਅਤ ਪ੍ਰਸੰਨ ਮਨ ਨੈਨ ਜੁੜਾਏ ॥191॥

॥ ਦੋਹਰਾ ॥

ਕਰੀ ਪਰਸਪਰ ਬੰਦਨਾ ਪ੍ਰੇਮਾਕੁਲ ਪੁਲਕਾਤ ॥
ਬਿਹਸ ਬਹੁਤ ਬੂਝਤ ਭਏ ਕ੍ਯੋਂ ਤੂ ਦੌਰਾ ਜਾਤ ॥192॥

॥ ਸੋਰਠਾ ॥

ਚੰਦਾ ਸਿੰਘ ਬਨਾਇ ਕਹਯੋ ਹੇਤ ਤੀਰਥ ਗਵਨ ॥
ਬਹੁਰਿ ਪੰਚ ਸੁਖਦਾਇ ਚੰਦਾ ਸਿੰਘ ਸਨ ਕਹਤ ਭੇ ॥193॥

॥ ਛੰਦੁ ॥

ਕਰਖੇਤ੍ਰ ਪਰਮ ਪੁਨੀਤ ਤੀਰਥ ਮੁਕਤਿ ਜੁਗਤਿ ਬਿਲਾਸ ਕੋ ॥
ਤਹ ਤੀਰ ਸਭ ਸਰੁਤਿ ਸ੍ਰੇਸਟ ਬਰਨਯੋ ਪੁਰਬ[1] ਸੂਰਜ ਗ੍ਰਾਸ ਕੋ ॥
ਤੁਮ ਕਸ ਨ ਕੀਨ ਸਨਾਨ ਤਹਿ ਅਬ ਕਹੋ ਕਾਰਨ ਕਵਨ ਹੈ ॥
ਅਸੇ ਛਤ੍ਰ ਜੋ ਨ ਸਨਾਨ ਕਿਯ ਕਿਹ ਕਾਮ ਤੀਰਥ ਗਵਨ ਹੈ ॥199॥

॥ ਦੋਹਰਾ ॥

ਚੰਦਾ ਹਰਿ ਬਚ ਕਹਿਤ ਭਾ ਸੁਨੋ ਮਨੀਖਾਵਾਨ[2]॥
ਗੁਰ ਪੂਰਾ ਹੌ ਖੋਜਤਾ[3] ਜਾਤੇ ਪਾਵੋ ਗਯਾਨ[3] ॥195॥

॥ ਸੋਰਠਾ ॥

ਪੰਚਨ ਪ੍ਰੇਰਨ ਠਾਨ ਮਜਹੁ ਸੁਭ ਕੁਰਖੇਤ੍ਰ ਜਲ ॥
ਖਰਚ ਨ ਹ੍ਵੈ ਹੈ ਦਾਮ ਮੁਕਤਿ ਦਾਮ ਪਹਿਰੋ ਰਿਦਯ ॥196॥

1. ੲ ਪੋਥੀ ਪਰਬ
2. ਅ ਪੋਥੀ ਮਨੀਖਾਂ ਵਾਂਨ
3. ੲ ਪੋਥੀ ਪਾਠਾਂਤਰ : ਜਉ ਪਾਵਹੁ ਬਿਸਰਾਮ;

॥ ਚੌਪਈ ॥

ਤਿਨ ਬਚ ਮਾਨ ਸਸੀ ਹਰਿ ਲੌਟਾ ॥ ਆਯੋ ਕੁਰ ਅਸਥਾਨ ਅਖੋਟਾ ॥
ਵੇ ਜੋ ਪੰਚ ਸਵਾਰ ਮਿਲਾਨੇ ॥ ਦੇਖਤ ਹੀ ਸੋ ਤੁਰਤ ਪਛਾਨੇ ॥197॥
ਚੰਦਾ ਸਿੰਘ ਨਿਰਖ ਚਕਿ ਤਾਨਾ ॥ ਤਾ-ਕੀਨ ਅਰੰਭ ਸਨਾਨਾ ॥
ਸਰਬ ਬਸਨ ਸੁਭ ਪ੍ਰੀਤ ਸਮੇਤਾ ॥ ਲਾਗਯੋ ਕਰਨ ਸਨਾਨ ਸਚੇਤਾ ॥198॥
ਚੁਭਕੀ ਪ੍ਰਥਮ ਜਬੈ ਤਿਹ ਠਾਂਨੀ ॥ ਮਿਲੈ ਪ੍ਰਥਮ ਸੁਦਰਸਨ ਪਾਨੀ ॥
ਵੇਦੀ ਗੁਰ ਅਵ੍ਤਾਰ ਸਰੀਰਾ ॥ ਜੋ ਅਨੰਦਪੁਰ ਮਿਲੇ ਸਧੀਰਾ ॥199॥
ਚੰਦਾ ਸਿੰਘ ਕੀ ਭੁਜਾ ਗਹਿ ਹਾਥਾ ॥ ਪਹੁਚੈ ਜਹ ਸ੍ਰੀ ਗਿਰਜਾ ਨਾਥਾ ॥
ਗਿਰ ਕੈਲਾਸ ਪ੍ਰਕਾਸ ਸੁਹਾਯੋ ॥ ਨਾਨਾ ਵਿਟਪ ਵੇਲ ਕਰ ਛਾਯੋ ॥200॥
ਪੁਨ ਮਘ ਵਾਪੁਰ ਦੀਨ ਦਿਖਾਈ ॥ ਕਿੰਨਰੇਸ ਪੁਰ ਦੀਨ ਦੁਸਾਈ ॥
ਅਜ ਸਸਿ ਲੋਕ ਰਵਿ ਮੰਡਲ ਗਏ ॥ ਨਦਿਨ ਦੀਸ ਬਨ ਦੇਖਤ ਭਏ ॥201॥

॥ ਦੋਹਰਾ ॥

ਗੰਗਾ ਆਦਿ ਤੀਰਥੁ ਜਿਤੇ ਛਿਨ ਮੈ ਦੀਨ ਦਿਖਾਇ ॥
ਪੁਨ ਪਤਾਲ ਮੋ ਲੈ ਗਏ ਦੀਨ ਖਿਨਕ ਦਰਸਾਇ ॥202॥

॥ ਚੌਪਈ ॥

ਦਾਮੋਦਰ ਲੋਹਾ ਪੁਨਿ ਲੇ ਗਏ ॥ ਪਾਨ ਛਡਾਯ ਲੋਪ ਸੋ ਭਏ ॥
ਹੋਇ ਦੁਖਤ ਜਬ ਨਿਕਸਾ ਬਾਰਾ ॥ ਦਿਖਤ ਵਹੀ ਕੁਰਛੇਤ੍ਰ ਮਝਾਰਾ ॥203॥
ਚਟਪਟੀ[1] ਮਨ ਲਾਗੀ ਭਾਰੀ ॥ ਖੋਜਤ ਜਹ ਤਹ ਊਚ ਪੁਕਾਰੀ ॥
ਠੋਰ ਠੌਰ ਬੂਝਨਿ ਕੇ ਹੇਤਾ ॥ ਭ੍ਰਮੇ ਭ੍ਰਾਤ ਬਸ ਅਤਿ ਗੁਨ ਬੇਤਾ ॥204॥
ਬਹੁ ਖੋਜੇ ਪਰ ਦਰਸਨ ਪਾਯੋ ॥ ਭਯੋ ਦੁਖਤ ਆਨੰਦਪੁਰ ਆਯੋ ॥
ਏਕ ਸਿਖ ਸੇ ਪੂਛਾ ਭਾਈ ॥ ਬੇਦੀ ਸਾਹਿਬੁ ਕਹਾਂ ਰਹਾਈ ॥205॥
ਸੋ ਸਿਖ ਥਾ ਅਤਿ ਗੁਰ ਕੋ ਪਯਾਰਾ ॥ ਲੇਕਰ ਆਂਵਾ ਗੁਰ ਦਰਬਾਰਾ ॥
ਪਲਸੀਨ[2] ਨਿਰਖ ਧੁਨੁ ਪਾਨੀ ॥ ਪ੍ਰੇਮ ਨੀਰ ਭਰ ਪਲਕ ਜੁੜਾਨੀ ॥206॥

॥ ਦੋਹਰਾ ॥

ਜਲ ਮੋ ਸੂਰਤ ਜੋ ਪਿਖੀ ਪਲਘੁ ਬਿਰਾਜੇ ਸੋਇ ॥
ਗਰ ਮੋ ਅੰਚੁਰ ਡਾਰਿ ਕੈ ਦੋਰਿ ਗਹੇ ਪਗ ਦੋਇ ॥207॥

॥ ਚੌਪਈ ॥

ਸ੍ਰੀ ਗੁਰ[3] ਜੀ ਤਬ ਪੂਛਨ ਕੀਨਾ ॥ ਕਹਾ ਰਹਤ ਹੋ ਸਿਖ ਪ੍ਰਬੀਨਾ ॥
ਚੰਦਾ ਸਿੰਘ ਕਹੇ ਕਰ ਜੋਰੇ ॥ ਗਜਨੀ ਵਾਸੀ ਸ੍ਰੀ ਗੁਰ ਮੋਰੇ ॥208।

---

1. ਅ ਪੋਥੀ ਚਾਟ ਪਟੀ
2. ਅ ਪੋਥੀ ਪਲਕਾਸੀਨ
3. ੲ ਪੋਥੀ ਸਤਿਗੁਰ

ਮਾਤ[1] ਮੋਹੇ ਦੀਨ ਉਪਦੇਸ ॥ ਮਿਲੁ ਗੁਰ ਪੂਰੇ ਮੇਟ ਕਲੇਸ ॥
ਗ੍ਰਹ ਕੌ ਛਾਡ ਨੰਦਪੁਰ ਆਵਾ ॥ ਸੋਢਨ ਕਹੁੰ ਨ ਪੇਰਚਾ ਲਾਵਾ ॥209॥
ਹੋਇ ਦੁਖਤ ਬਨ ਓਰਿ ਸਿਧਾਵਾ ॥ ਤਹਾਂ ਆਪ ਮੁਹਿ ਦਰਸੁ ਦਿਖਾਵਾ ॥
[2]ਆਪ ਪ੍ਰਠਾ ਮੋ. ਤਿਰਥਨ ਓਰਾ[2] ॥ ਆਪ੍ਰਹਿ ਦੀਨ ਨਾਂਨ ਤੇ ਭੋਰਾ ॥210॥
ਪੰਚ ਸਵਾਰ ਹੋਇ ਦਰਸਾਇ ॥ ਤੀਰਥ ਨਾਂਨ ਅਚਾਰ ਬਤਾਏ ॥
ਗੁਪਤ ਭਏ ਪੁਨਿ ਮਾਰਗ ਮਾਂਹੀ ॥ ਦੇਖਿ ਰਹਯੋ ਪਰ ਦਰਸੇ ਨਾਹੀ ॥211॥
ਫਿਰ ਕੁਰਛੇਤ੍ਰ ਤੀਰ ਮੈ ਆਯੋ ॥ ਮਜਨ ਕਰਨ ਭਲੇ ਮਨੁ ਭਾਯੋ ॥
ਜਬ ਸਰਪ੍ਰਵਿਸ[3] ਚੁਭਕਿ ਮੁਹਿ ਠਾਨੀ ॥ ਦਰਸੇ ਤੁਮ ਪ੍ਰਭ ਪੰਕਜਪਾਨੀ ॥212॥

॥ ਦੋਹਰਾ ॥

ਕਰ ਮੇ ਮੋਰਾ ਕਰਿ ਗਹਾ ਦਿਖਰਾਈ ਸਭ ਠੌਰ ॥
ਹਰੀ ਧਾਮ ਮੋ ਲਯਾਇ ਕੈ ਲੋਪ ਭਏ ਤਹ ਵੌਰ ॥213॥

॥ ਚੌਪਈ ॥

ਤੁਮਾਰੇ[4] ਬਿਛਰੇ ਦੁਖੁ ਭਯੋ ਅਪਾਰੀ ॥ ਜੈਸੇ ਜਲ ਬਿਨ ਮੀਨ ਦੁਖਾਰੀ ॥
ਦੋਇ ਘਰੀ ਜਬ ਬੀਤ ਤਹ ਗਈ ॥ ਜਲ ਤਥਾ ਹੀਰਾ ਨਿਕਸਯੋ ਤਈ ॥214॥
ਖੋਜਿ ਕੁਰਛੇਤ੍ਰ ਨ ਤੁਮ ਕੌ ਪਾਵਾਂ ॥ ਤਬ ਮੈ ਦੌਰ ਨੰਦਪੁਰਿ ਆਵਾ ॥
ਜਿਮ ਜਾਨੋ ਤਿਮ ਤਾਰੋ ਸ੍ਵਾਮੀ ॥ ਮੈ ਅਤਿ ਕਪਟੀ ਬਾਂਮੀ ਕਾਮੀ ॥215॥
ਸਭਿ ਅਵਗੁਨ ਮੈਂ ਗੁਨ ਨਹਿ ਕੋਈ ॥ ਬਿਰਦ ਜਾਨ ਕੀਜੈ ਗਤ ਮੋਹੀ ॥
ਸਭ ਭਰੋਸ ਮੈਂ ਤਯਾਗਨ ਕੀਨੇ ॥ ਤੁਮਰੀ ਸਰਨਿ ਲਈ ਹੁਇ ਦੀਨੇ ॥216॥

॥ ਦੋਹਰਾ ॥

ਚਾਰ ਪਦਾਰਥ ਸਿਧ ਨਿਧ ਤੀਰਥ ਸਭ ਗੰਗਾਦਿ ॥
ਤੁਮਰੇ ਪਦ ਪੰਕਜਿ ਬਸੰਤ ਆਸਰਮ ਬਰਣ ਮ੍ਰਿਜਾਦ ॥217॥
ਕ੍ਰਿਪਾ ਸਿੰਘ ਅਤਿ ਵਿਹਸ ਤਬ ਦੇਖਾ ਸਸਿ ਹਰਿ ਓਰ ॥
ਜਾਨ ਅਧਿਕਾਰੀ ਗਯਾਨ ਕੋ ਕਹੈ ਅਮੀ ਨੇਚੋਰ ॥218॥
ਪੂਰਨ ਸਸਿ ਵੈਰਾਗੁ ਤਹ ਲਖ ਨਿਰਭਰ ਅਨੁਰਾਗੁ ॥
ਉਮਗਾਨੇ ਕਰਣਾ ਜਲਧ ਕਾਰਣ ਜਗਤ ਕ੍ਰਿਤਾਗ ॥219॥

॥ ਸੋਰਠਾ ॥

ਸਾਧੁ ਸਾਧੁ ਸਦ ਤੋਇ ਚੰਦਾ ਸਿੰਘ ਵੈਰਾਂਗ ਧਰ ॥
ਸਮਰੰ ਕ੍ਰੋਧ ਮਦ ਮੋਹ ਲੋਭ ਤਜਾਤ ਗੁਰ ਨੇਹ ਕਿਯ ॥220॥

---

1. ੲ ਪੋਥੀ ਮਾਤਾ
2. ਅ ਪੋਥੀ ਪਾਠਾਂਤਰ : ਆਪਹਿ ਪਠਾ ਮੋਹਿ ਤਿਰ ਬੋਰਾ
3. ਅ ਪੋਥੀ ਜਰ
4. ੲ ਪੋਥੀ ਤੁਮ

॥ ਚੌਪਈ ॥

ਰਦਧਾਵਨ ਤਬ ਗੁਰੂ ਮੰਗਾਈ ॥ ਕਰਨ ਲਗੇ ਸਭ ਕੇ ਸੁਖਦਾਈ ॥
ਕਮਲਾਨਨ ਮੈ ਫੇਰਨ ਕੀਨੀ ॥ ਬਹੁਰੋ ਨੀਰ ਭਿਗੋਇ ਸੁ ਲੀਨੀ ॥221॥

॥ ਦੋਹਰਾ ॥

ਚੰਦਾ ਸਿੰਘ ਨਿਕਟੇ ਖਰਾ ਤਾ ਪਰ ਛੀਟੈ ਦੀਨ ॥
ਛੀਟ ਪਰੀ ਜਬ ਆਸ ਪਰ ਹੋਗਾ ਮਸਤ ਨਵੀਨ ॥222॥

॥ ਚੌਪਈ ॥

ਜੋ ਸੂਮ ਸਨ[1] ਪਦ-ਜੋਗੀ ਲੇਹੀ ॥ ਗੁਰ ਪ੍ਰਸਾਦਿ ਸੋ ਪਾਯੋ ਤੇਹੀ ॥
ਜੋ ਫਲ ਜੋਗ ਜਗਯ ਜਪ ਦਾਨਾ ॥ ਸਾਦਰ ਸਿੰਮ੍ਰਿਤ ਵੇਦ ਪੁਰਾਨਾ ॥223॥
ਜੋ ਫਲ-ਕਲਪ ਧਯਾਨ ਕਰ ਹੋਈ ॥ ਗੁਰ ਪ੍ਰਤਾਪ ਪਾਯੋ ਤਿਨ ਸੋਈ ॥
ਸਸਿ ਮ੍ਰਿਗੇਸ[2] ਹਿਯ ਸਸਿ ਵਿਗਯਾਨਾ ॥ ਉਦਯੋ ਅਖੀਨ ਜੁ ਹੋਇ ਨ ਹਾਨਾ ॥224॥
ਹੈ ਸਤ ਸੰਗਤਿ ਸੁਖਮਾ ਐਸੀ ॥ ਹੈ ਉਪਮਾਂਨ ਉਪਮੇਯ ਜੈਸੀ ॥
ਸਰਬ ਮਈ ਸਰਬੰਗ ਸੁਖਦਾਯਨ ॥ ਭਗਤ ਸੂਮ ਭਵਮਚ ਰਸਾਂਯਨ ॥225॥
ਕਲ ਮਲ ਹਰਨ ਸੁਕਲੰ ਚਿਤ ਕਰਨੀ ॥ ਮਨਸੋ ਬਨ ਨਿਗਮਾਗਮ ਬਰਨੀ ॥
ਸੁਰ ਤਰੁ ਅਚਲ਼ ਸਰਬੰਦਾ ਸੋਹਾ ॥ ਧਰਮ ਮੂਲ ਜਿਹਾ ਸਾਖਾ-ਛੋਹਾ ॥226॥
ਪੁਤ੍ਰ ਸੁਕ੍ਰਿਤ ਹਰਿ ਭਗਪਿ ਪ੍ਰਸੂਨਾ ॥ ਗਯਾਨ ਬਾਸ ਫਲ ਮੋਖ ਨਸੂਨਾ ॥
ਸਤ ਸੰਗਤਿ ਪਾਰਸ ਮਨੁ ਮਾਨੀ ॥ ਸਦ ਪ੍ਰਸੰਨ ਸੇਵਤ ਜਨ ਗਯਾਨੀ ॥227॥
ਸਤ ਸੰਗਤਿ ਸੇਵੈ ਬਧਮਾਨਾ ॥ ਪਗ ਪਗ ਤੀਰਥ ਰਾਜ ਸਨਾਨਾ ॥258॥
ਭਰਨ ਹਰਨ ਸਤ ਸੰਤ ਸਮਰਥਾ ॥ ਸਤ ਸੰਗਤਿ ਸੇਵਨ ਨਹਿ ਵਯਰਥਾ ॥
ਕੋਟਿ ਸਹਸ੍ਰ ਸਾਰਦਾ ਸੇਖਾ ॥ ਸਤ ਸੰਗਤ ਜਸ ਕਹਨ ਬਿਸੇਖਾ ॥229॥
ਕਰ ਸੰਤ ਸੰਗ ਸੁ ਉਧਰੇ ਬਾਂਮੀ[3] ॥ ਸਤ ਸੰਗਤਿ ਪਦ ਪਦ ਮਨ ਮਾਨੀ ॥
ਸੰਤ ਸੰਗਤਿ ਪਦ ਜਿਹ ਉਰਿਧਾਰੇ ॥ ਕੋਲ ਕਸੰਮਲ ਛਿਨ ਮਾਂਹਿ ਬਿਦਾਰੇ ॥230॥

॥ ਪ੍ਰਮਾਨ ਸ੍ਰੀ ਗੁਰੂ ਗ੍ਰਿੰਥੇ ॥

ਕੋਟਿ ਅਪਰਾਧ ਸਾਧ ਸੰਗ ਮਿਟੈ ॥ ਸੰਤ ਕ੍ਰਿਪਾ ਤੇ ਜਮ ਤੇ ਛੂਟੈ ॥
ਸਾਧ ਸੰਗਿ ਪ੍ਰਭੁ ਦੇਹੁ ਨਿਵਾਸ ॥ ਸਰਬ ਸੂਖ ਨਾਨਕ ਪਰਗਾਸ ॥231॥

॥ ਦੋਹਰਾ ॥

ਗੁਰ ਪ੍ਰਸਾਦਿ ਪਾਯੋ ਤਿਨੈ ਪਾਵਨ ਪਦ ਨਿਰਬਾਨੁ ॥
ਗਯਾਨ ਦਿਸਟ ਦੇਖਤ ਭਯੋ ਸਾਹਿਬ ਮਯਾ ਪ੍ਰਮਾਨ ॥232॥

---

1. ਅ ਪੋਥੀ ਜਨ
2. ਏ ਪੋਥੀ ਚੰਦਾ ਸਿੰਘ
3. ਏ ਪੋਥੀ ਕਾਂਮੀ

॥ ਸੋਰਠਾ ॥

ਉਮਗ ਮਹੇ ਪਦਕੰਜ ਪ੍ਰੇਮ ਮਾਨ ਅਸਤੁਤਿ ਕਰੀ ॥
ਜਯਤ ਜ਼ਯਤ ਜਸ ਮੰਜ ਸਰਬ ਰੰਮਯ ਸਾਗ਼ਰ ਸਯਨ ॥233॥

॥ ਤੋਟਕ ਛੰਦ ॥

ਮੁਹਿ ਕ੍ਰਿਤ ਕ੍ਰਿਤ ਕੀਨ ਕ੍ਰਿਤਾਗ ਪ੍ਰਭੋ ॥ ਦੁਖ ਦਾਰਿਦ ਹਾਰ ਅਪਾਰ ਵਿਭੋ ॥
ਕਿਯ ਮੰਜ ਮਨੋਰਥ ਪੁੰਜ ਹਰੇ ॥ ਕਰਣਾ ਕਰਿ ਪਾਹਿਨ ਮਾਂਮ ਹਰੇ ॥234॥
ਅਤਿ ਸਿਧ ਪ੍ਰਸਿਧ ਅਕਾਲ ਸਦਾ ॥ ਪ੍ਰਭ ਪੂਰਣ ਤੂਰਣ ਗਯਾਨ ਪਦਾ ॥
ਤ੍ਰਯ[1] ਕਾਲ ਸਦਾ ਪ੍ਰਤਿਪਾਲ ਕਰੇ ॥ ਕਰੁਣਾ ਕਰਿ ਪਾਹਿ ਨ ਮਾਮ ਰਹੇ ॥235॥
ਵਰ ਲਾਯਕ ਦਾਯਕ ਦੂਰਤ ਦਮੰ ॥ ਨਵ ਨਿਤ ਨਮਿਤ ਉਪਤਿ ਨਮੋ ॥
ਅਵਛਿੰਦ ਅਨਿੰਦ ਪ੍ਰਸੰਨ ਵਹੇ ॥ ਕਰੁਣਾਕਰਿ ਪਾਹਿਨ ਮਾਂਮ ਹਰੇ ॥236॥
ਜਗ ਕਾਂਰਣ ਵਾਰਣ ਤਾਰਣ ਹੋ[2] ॥ ਪ੍ਰਤਿਪਾਰਣ ਪਤਿਤ ਉਧਾਰਣ ਹੋ[3] ॥
ਜਨ ਭਾਰ ਅਪਾਰ ਉਤਾਰ ਦਰੇ ॥ ਕਰੁਣਾਕਰਿ ਪਾਹਿ ਨਮਾਮੰ ਹਰੇ ॥237॥

॥ ਗੀਯਾ ਮਾਲਤੀ ਛੰਦੁ ॥

ਕਰੁਣਾ ਰਵ[4] ਕਮਲਾਖਯ ਕ੍ਰਿਤ ਕ੍ਰਿਤ ਆਜ ਮੁਹਿ ਉਦਭਵ-ਭਯੋ ॥
ਜੋ ਜਗ ਜਪ ਫਲ ਹੋਤ ਸ੍ਰਮ ਸਨ ਜਹ ਜਹੀ ਸੋ ਮੈ ਲਹਯੋ ॥
ਮੁਹਿ ਲਾਗ ਲਿਯ ਅਬਤੰਸ ਭੂਤ ਤਲ ਭਕਤ ਪਾਲ ਕ੍ਰਿਪਾਲ ਜੂ ॥
ਜੈ ਜੈਤਿ ਬੇਦਿ ਸੁਬੰਸੁ ਭੂਖਣ ਭਾਂਤੁ ਅੰਤ ਬਿਸਾਲ ਜੂ ॥238॥

॥ ਦੋਹਰਾ ॥

ਤਵ ਗੁਨ ਜਸ ਬਰਨਨ ਸਕੈ ਸਹਸ ਸਾਰਦਾ ਸੇਖ ॥
ਹੌ ਮਤਿ ਮੰਦ ਨ ਜਾਨ ਕਛੁ ਮਾਯਾ ਬਿਬਸ ਬਿਸੇਖ ॥239॥

॥ ਚੌਪਈ ॥

ਹੇ ਦਯਾਲ ਮੁਹੇ ਤੋਰੁ ਪ੍ਰਸਾਦਾ ॥ ਜਾਨ ਲਯੋ ਸਭ ਆਦਿ ਅਨਾਦਾ ॥
ਯੇ ਜੁ ਜੁਗਤਿ ਭ੍ਰਮ ਸਤਯ ਪ੍ਰਕਾਸਾ ॥ ਤੁਕ ਪ੍ਰਸਾਦ ਤੇ ਸਗਰੋ ਨਾਸਾ ॥240॥
ਅਬ ਕਾ ਕਰਤਬ ਹੈ ਪ੍ਰਭ ਮੇਰੇ ॥ ਦ੍ਰਿਢੋ ਆਜ ਜੋ ਮੁਖ ਕਰ ਟੇਰੇ ॥
ਤੁਮ ਬੰਦਨ ਰਵ ਸ੍ਰਵਨੁ ਅਨੁਰਾਗਾ ॥ ਮੇਰੋ ਮਨ ਠਗ ਲਾਲਚ ਲਾਗਾ ॥241॥
ਚੰਦਾ ਸਿੰਘ ਕਹੀ ਜਬ ਐਸੇ ॥ ਕ੍ਰਿਪਾ ਸਿੰਘ ਹਸਤ ਤਬ ਯੈਸੇ ॥
ਕਹਾ ਸਸੀ ਕੇਸਰ ਤੂ ਗਯਾਨੀ ॥ ਬਰਸਤ ਸੁਧਾ ਦ੍ਵਾਰ ਕਰ ਬਾਨੀ ॥242॥
ਸਭ ਬਾਤਹੁ ਮੈ ਭਾ ਅਬ ਲਾਯਕ ॥ ਇਹੁ ਪ੍ਰਨਾਮ ਤੇਰਾ ਸੁਖਦਾਇਕ ॥
ਤੇਰੀ ਭਗਤਿ ਭਈ ਸੁਖ ਸੀਲਾ ॥ ਜੋ ਤਵ ਮਿਲੇ ਸੁ ਹੋਇ ਗਹੀਲਾ ॥243॥

---

1. ੲ ਪੋਥੀ ਤੀਨ
2. ਅ ਪੋਥੀ ਤੂੰ
3. ਅ ਪੋਥੀ ਰਣਵ

॥ ਦੋਹਰਾ ॥
ਏਕ ਪਾਗ ਸਤਗੁਰ ਦਈ ਚੰਦਾ ਸਿੰਘ ਸਿਰ ਧਾਰ ॥
ਬਾਂਧਤ ਹੀ ਪਗਰਾਸ ਭਾ ਜੋ ਬਰਤੁਤ ਸੰਸਾਰੁ ॥244॥
॥ ਚੌਪਈ ॥
ਜਿਸ ਬੀਬੀ ਮੋ ਸਸਿ ਹਰਿ ਜਾਈ ॥ ਸੋਢਨਿ ਪ੍ਰਤਿ ਅਸਿ ਗਿਰਾ ਅਲਾਈ ॥
ਤੁਮਰੇ ਨਗਰੁ ਗੁਰੂ ਅਵਤਾਰਾ ॥ ਸ੍ਰੀ ਗੁਰ ਸਾਹਿਬ ਸਿੰਘ ਉਜਿਯਾਰਾ ॥245॥
ਤੁਮ ਕਯੋਂ ਭੂਲੇ ਫਿਰ ਇਆਨਾ ॥ ਗੁਰ ਕੀ ਚਰਨੀ ਲਗ ਸੁਜਾਨਾ ॥
ਅਹ ਰਾਵਰ ਮਨੰ ਮਦ ਮਹਿ ਸਾਨੇ ॥ ਭਗਵਾਨ ਭੂਤਲ ਪ੍ਰਗਟ ਨ ਜਾਨੇ ॥246॥
ਭਏ ਮਗਨ ਲਖੁ ਬ੍ਰਿਭਵ ਸੁਬੰਸਾ ॥ ਨਹਿ ਸਕ ਜਾਨਾ ਹਰਿ ਅਵਿਤੰਸਾ ॥
ਐਸੇ ਕਹਿ ਕਰਿ ਗੁਰ ਗ੍ਰਿਹਿ ਆਵਾ ॥ ਸੋਢਨ ਚਿਤ ਅਤਸੈ ਦੁਖਛਾਵਾ ॥147॥
॥ ਦੋਹਰਾ ॥
ਏਕ ਦਿਨਾ ਸ੍ਰੀ ਸਤਿਗੁਰੂ ਨਦੀ ਕਿਨਾਰੇ ਜਾਇ ॥
ਸਭ ਸੋਢੀ ਭੀ ਆਤ ਭੇ ਨਾਂਨ ਹੇਤ ਸਮਦਾਇ ॥248॥
॥ ਚੌਪਈ ॥
ਤਬ ਚੰਦਾ ਹਰੀ ਤਿਨੇ ਸੁਨਾਈ ॥ ਕਹਿਤ ਭਯੋ ਅਸਿ ਗਿਰਾ ਬਨਾਈ ॥
ਤੀਨ ਲੋਕਿ ਮੈ ਜੋ ਵਰਤਾਵਾ ॥ ਐ[1] ਦੇਖਤ ਹੌ ਬਿਨਾ ਅਵਾਰਾ ॥249॥
ਜੋ ਚਾਹੇ ਸੋ ਮੋ ਤੇ ਲੀਜੈ ॥ ਬੇਦੀ ਗੁਰ ਕੇ ਚਰਨ ਗਹੀਜੈ ॥
ਮਤ ਮਾਨਸ ਕਰ ਇਨੁ ਕੌ ਜਾਨੋ ॥ ਜਗਤੁ ਗੁਰੂ ਸੋਢੀਸ ਪਛਾਨੋ ॥250॥
ਅਪਨਾ ਆਪ ਇਨ ਰਖਾਂ ਦੁਰਾਈ ॥ ਜਿਮ ਈਧਨ ਮੋ ਅਗਨੀ ਛਾਈ ॥
ਐਸ ਵਾਕ ਜਬ ਤਿਨ ਸੁਨ ਪਾਏ ॥ ਸੁਨ ਸੋਢਿਨ ਕੌ ਬੈਨ ਅਲਾਇ ॥251॥
ਭਯੋ ਬੇਦੀ ਗੁਰਤਾ ਅਧਿਕਾਰਾ ॥ ਜਾ ਊਨੇ ਮੋ ਕਰੇ ਗੁਜਾਰਾ ॥
ਗੁਰਤਾ ਪ੍ਰਾਤ ਸੋਢਿ ਕੁਲ ਅਹਾਂਹੀ[2] ॥ ਇਹੁ ਬੇਦੀ ਕਸ ਆਪ ਕਹਾਹੀ ॥652॥

**(ਸੋਢੀਆਂ ਨੇ ਬਾਬਾ ਸਾਹਿਬ ਸਿੰਘ ਨੂੰ ਊਨੇ ਰਹਿਣ ਲਈ ਆਖਣਾ)**

॥ ਦੋਹਰਾ ॥
ਸੋਢੀ ਮਿਲ ਇਵ[3] ਕਹਤ ਭੇ ਦੀਜੈ ਇਨਹਿ ਨਿਕਾਰ ॥
ਜਾਵੈ ਊਨੇ ਮੈ ਰਹੇ ਮਹਿ ਈਹਾਂ ਅਧਿਕਾਰ ॥253॥
॥ ਚੌਪਈ ॥
ਇਕ ਕੇ ਅਨੁਗ ਦੇਤ ਉਪਲੰਭਾ ॥ ਨਹਿ ਗਤੰ ਨਿਰਖਤਿ ਲਾਗ ਅਚੰਭਾ ॥
ਪੁਰਿ ਅਨੰਦ ਸੋਢਿਨ ਕਾ ਅਹੈ ॥ ਇ ਬੇਦੀ ਕਿਹ ਕਾਰਨ ਰਹੈ ॥254॥

---

1. ਅ ਪੋਥੀ ਮੈ
2. ਅ ਪੋਥੀ ਅਰਹੀ
3. ੲ ਪੋਥੀ ਅਸਿ

ਐਸੇ ਕਹਿਤ ਸੋਢੀ ਗ੍ਰਿਹਿ ਗਯੇ ॥ ਜਿਨੁ ਮਨੁ ਬਹੁ ਬਿਖਾਦ ਨਿਪਜ਼ਾਯੇ ॥
ਸ੍ਰੀ ਗੁਰ ਗ੍ਰਿਹਿ ਮਹਿ ਆਇ ਬਿਰਾਜੇ ॥ ਜਿਮ ਦੇਖੇ[1] ਕਲਮਲ ਸਭਿ[1] ਭਾਜੈ ॥255॥
ਚੰਦਾ ਹਰਿ ਕੌ ਕਹਾ ਬੁਲਾਈ ॥ ਰਹੁ ਤੂ ਸਨਿ ਨਹਿ ਬੈਨ ਅਲਾਈ ॥
ਗੁਰ ਨਾਨਕ ਕੋ ਘਰ ਹੈ ਨੀਵਾ ॥ ਅੰਗਦ ਆਦਿਕ ਸੁਭ ਰੰਸ ਲੀਵਾ ॥256॥

॥ ਦੋਹਰਾ ॥

ਅਮੀ ਸਰੀਖੇ ਬਾਕ ਕਹਿ ਲੀਨੇ ਪਾਸ ਬੁਲਾਇ ॥
ਕੌਰ ਮੈ ਕਰ ਗਹਿ ਖੈਚਿਓ ਕੰਠਿ ਲਗਾਇ ॥257॥

॥ ਸ੍ਵੈਯਾ ॥

ਅੰਚ ਲੀਯੋ ਗੁਨ ਬ੍ਰਿਧਿ ਜਿਤੋ ਤਹ ਭਦ੍ਰ ਨਮਿਤ ਦਯੋ ਕਛੁ ਤਾਂਹੀ ॥
ਸੋਊ ਮਗੰਨ ਭਯੋ ਅਤਿ ਹੀ ਗੁਰ ਮੂਰਤਿ ਧਰਿ ਸੁ ਆਤਮ ਸ਼ਾਂਹੀ ॥
ਭਯੋ ਸਪੁਤ੍ਰ ਖਗੁਰਾ ਦਿਤ ਰੂਪੁ ਸੁ ਕੀਨਉ ਜਾਸੁ ਮਹੀਂ ਤਲ ਵਾਹੀ ॥
ਕਿੰਕਰ ਚਕ੍ਰ ਬਿਲੋਕਬੇ ਹੇਤ ਭਰੇ ਵੱਡ ਮੋਦ ਮਹਾ ਉਮਗਾਹੀ[3] ॥258॥

॥ ਦੋਹਰਾ ॥

ਏਕ ਦਿਵਸੁ ਸ੍ਰੀ ਸਤਿਗੁਰੂ ਬਾਗ ਬਿਖੇ ਚਲ ਜਾਇ ॥
ਮੰਚ ਬਿਛਾਵਾ ਸੇਵਕਨ ਚਢ ਬੈਠੇ ਸੁਖਦਾਇ ॥259॥

॥ ਚੌਪਈ ॥

ਅਕਾਸ ਮਾਂਝ ਮੇਘ ਉਮਡਾਏ ॥ ਗੁਰਜ ਗਰਜ ਚੌਗਿਰਦੇ ਆਏ ॥
ਤਬ ਸਿਖਨ ਮਿਲ ਅਰਜੀ ਕੀਨੀ ॥ ਚਲੋ ਸਦਨ ਮਤ ਜਾਵੈ ਭੀਨੀ ॥260॥
ਸ੍ਰੀ ਕਮਲਾਨਨ ਬੈਨ ਬਖਾਨੇ ॥ ਲੋਈ ਤ੍ਰਾਨੋ ਬਿਲਮ ਬਿਹਾਨੇ ॥
ਸ੍ਰੀ ਗੁਰ ਬ੍ਰਾਨੀ ਮਾਨਨ ਕੀਨੀ ॥ ਦੇਰਿ ਨ ਕੀਤੀ ਤਾਨ ਸੁ ਦੀਨੀ ॥261॥
ਬਰਖਾ ਹੋਈ ਬਹੁਤ ਅਪਾਰਾ ॥ ਜਾਨ ਪ੍ਰਮਾਨ ਭਯੋ ਜਲ ਸਾਰਾ ॥
ਜਹ ਗੁਰ ਬੈਸੇ ਪਰੀ ਨ ਬੂੰਦਾ ॥ ਦਿਖ ਅਚਰਜ ਸਿਖ ਕੋਇ ਨ ਕੂੰਦਾ ॥262॥

॥ ਦੋਹਰਾ ॥

ਖੜਗ ਸਿੰਘ ਗੁਰਬਖਸ ਸਿੰਘ ਸੋਢੀ ਜੁਗ ਭ੍ਰਾਤ ॥
ਬਰਖਾ ਦੇਖਨ ਸੋ ਅਏ ਬਾਗ ਓਰ ਹਰਖਾਤ ॥263॥

॥ ਚੌਪਈ ॥

ਬਾਗ ਮਾਂਹਿ ਜਬ ਗੇ ਦ੍ਵੈ ਭਾਈ ॥ ਦਿਖ ਕੌਤਕ ਮਨ ਮੋ ਬਿਸਮਾਈ ॥
ਪਰੇ ਬਾਰ ਚਹੁ ਓਰਿਸੈ ਭਾਰੀ ॥ ਗੁਰ ਊਪਰਿ ਨਹਿ ਬਰਖੇ ਬਾਰੀ[2] ॥264॥

1. ਅ ਪੋਥੀ ਪਾਠਾਂਤਰ : ਪਾਪਨ ਦਲ
2. ੲ ਪੋਥੀ ਹਰਖਾਰੀ
3. ਅ ਪੋਥੀ ਨਾਰੀ

ਅਸ ਕੌਤਕ ਜਬ ਨੈਨਨ ਦੇਖਾ ।। ਆਏ ਪੁਰ ਮੋ ਹਰਖੁ ਬਿਸੇਖਾ ।।
ਸੋਢੀ ਇਸਥਿਤ ਸਭ ਇਕੁ ਠੌਰੇ ।। ਗੁਰ ਕੀ ਨਿੰਦ ਬਕੈ ਬਚ ਕੌਰੇ ।।265।।
ਖੜਗ ਸਿੰਘ ਤਿਨ ਪ੍ਰਤੀ ਸੁਨਾਵੈ ।। ਕਰੋ ਨਿੰਦੁ ਕਛੁ ਹਾਥ ਨ ਆਵੈ ।।
ਮਾਰਤੰਡ ਵਤ ਤਿਨ ਪ੍ਰਤਾਪੂ ।। ਮੇਚੈਕ ਵਤ ਕਯੋ ਲਹੁ ਸੰਤਾਪੂ ।।261।।

।। ਸੋਰਠਾ ।।

ਸੁਨ ਕਰ ਤਾਕੇ ਬੈਨ ਸੋਢੀ ਮਿਲ ਕਰ ਪੂਛਤੇ ।।
ਤਿਨ ਚਰੁ ਕਹੈ ਕੁਬੈਨ ਤੁਮ ਤਾਕੀ ਕਯੋ ਨੁਤ ਕਰੋ ।। 67।।

।। ਚੌਪਈ ।।

ਖੜਗ ਮ੍ਰਿਗੇਸ[1] ਕਹੇ ਸੁਨ ਭਾਈ ।। ਤਿਨ ਕੀ ਮਹਿਮਾ ਗੁਰੂ ਬਧਾਈ ।।
ਮੈ ਅਬ ਨੈਨੋ ਦੇਖਨ ਕੀਨੀ ।। ਜਹ ਦਰਸੇ ਮਨ ਪ੍ਰੀਤਿ ਨਵੀਨੀ ।।268।।
ਅਬ ਜੋ ਬਰਖਾ ਭਈ ਅਪਾਰਾ ।। ਬਾਗ ਮਾਂਝ ਮੈ ਗਯੋ ਸਕਾਰਾ ।।
ਗਰਜ ਗਰਜ ਬਹੁ ਬਰਖਾ ਹੋਈ ।। ਤਿਨ ਪਰ ਬੂੰਦ ਪਰਤ ਨਹਿ ਕੋਈ ।।269।।
ਖਿਜ਼ਮਤਦਾਰ ਨਹੀਂ ਕੋ ਭੀਜਾ ।। ਤਿਸ ਬਿਨ ਐਸ ਕਰੇ ਕੋ ਬੀਜਾ ।।
ਤਿਨ ਸਨ ਬੈਰ ਕਰੋ ਮਤ ਭਾਈ ।। ਜੇ ਕਰਹੋ ਲਯੋ ਪਤਿ ਗਵਾਈ ।।270।।
ਖੜਗ ਸਿੰਘ ਪ੍ਰਤਿ ਸੋਢੀ ਬੋਲੇ ।। ਕਰਤ ਨ ਸੇਵਾ ਹੋਵੇ ਹੋਲੇ ।।
ਹਮੇ ਸੋਢੀ ਸੁਲਤਾਨ ਉਚੇਰੇ ।। ਤਿਨੈ ਨਿਕਾਰੈ ਸਾਂਝ ਸਵੇਰੇ ।।271।।

।। ਦੋਹਰਾ ।।

ਖੜਗ ਸਿੰਘ[2] ਸੁਨ ਬੈਨ ਤਿਨ ਕਹਤ ਭਯੋ ਛਿਨ ਪਾਹਿ ।।
ਹਮ ਤਿਨ ਦਾਸਨਿਦਾਸ ਹੈ ਤੁਮ ਗਰਬੋ ਮਨ ਮਾਹਿ ।।272।।

।। ਚੌਪਈ ।।

ਐਸੇ ਕਹਿ ਨਿਜ ਨਿਜ ਗ੍ਰਹਿ ਗਏ ।। ਸ੍ਰੀ ਗੁਰ ਬਾਗ ਸੇ ਆਵਤ ਭਏ ।।
ਆਇ ਬਿਪਨੀ ਮੋ ਮੰਚ ਡਸਾਵਾ ।। ਬੈਠਿ ਗਏ ਦੇਖੁ ਬਨੁ ਕੋ ਦਾਵਾ ।।273।।
ਅਨੰਦ ਪੁਰ ਮੋ ਸੰਗਤਿ ਆਈ ।। ਦਰਸਨ ਕਾਰਨ ਚਿਤੁ ਹੁਲਸਾਈ ।।
ਬੀਚ ਬਜਾਰ ਸ੍ਰੀ ਗੁਰ ਰਾਜੇ ।। ਚੈਂਦਾ ਹਰਿ ਆਦਿਕ ਸਿਖੁ ਛਾਜੇ ।।274।।
ਸੰਗਤਿ ਆਈ ਜਬ ਚਲ ਪਾਸਾ ।। ਸ੍ਰੀ ਗੁਰ ਦਰਸੇ ਭਯਾ ਹੁਲਾਸਾ ।।
ਧਰ ਅਕੋਰ ਗੁਰ ਚਰਣੀ ਲਾਗੇ ।। ਜਿਮ ਰਵਿ ਪੇਖੇ ਨੀਰਜ ਪਾਗੇ ।।275।।

।। ਦੋਹਰਾ ।।

ਅਸੂਚਾ ਰਖਕ ਬਸਤੂ ਬਹੁ ਪੈਸਾ ਕੌਡੀ ਆਦਿ ।।
ਇਹੁ ਭੇਟਾ ਜਬ ਤਿਨ ਧਰੀ ਸੋਢਨਿ ਭਯੋ ਬਿਖਾਦ ।।276।।

---

[1] ਦ ਪੋਥੀ ਸਿੰਘ
[2] ਦ ਪੋਥੀ ਹਰਿ

॥ ਚੌਪਈ ॥

ਤਿਨ ਕੇ ਮਨ ਚਿੰਤਾ ਬਹੁ ਹੋਈ ॥ ਮਤਿ ਲੇ ਬੇਦੀ ਗੁਰਤਾ ਖੋਈ ॥
ਖਾਨ ਪਾਨ ਸਭਗ ਤਿਨ ਭੂਲੀ ॥ ਸਤਿਗੁਰ ਕੇ ਨਹਿ ਭੈ ਅਨੁਕੂਲੀ ॥277॥
ਸੋਢੀ ਮਿਲ ਸਭ ਭੇ ਇਕਠੌਰੇ ॥ ਈਸ੍ਵਰ[1] ਮਾਯਾ ਕੀਨੇ ਬੌਰੇ ॥
ਗਹਿ ਸਸਤ੍ਰਨ ਗੁਰ ਮਹਿ ਚਲ ਆਏ ॥ ਭਏ ਅੰਧੁ ਕਛੁ ਨਹਿ ਦ੍ਰਿਸ਼ਾਇ ॥279॥
ਹੋਇ ਲਚਾਰ ਹਟੇ ਸਭ ਘਰ ਕੌ ॥ ਮਨ ਅਧੀਨ ਕਰਿ ਨਿਵੇ ਨ ਗੁਰ ਕੋ ॥
ਸੰਗਤਿ ਕੌ ਗੁਰ ਸਿਵਰ ਕਰਾਵਾ ॥ ਕਰੁ ਭੋਜਨੁ ਸਭਨਨਿ ਅਚਵਾਵਾ ॥279॥
ਏਕ ਨਿਸਾ ਰਹਿ ਤਹਾਂ ਬਿਤਾਈ ॥ ਲੇ ਨਿਦੇਸ ਸਭ ਗੇ ਨਿਜ ਥਾਈ ॥
ਦਿਨੁ ਦਿਨੁ ਗੁਰ ਸਿਖ ਦਰਸਨ ਆਵੈ ॥ ਸੋਢੀ ਦੇਖੁ ਮਹਾ ਦੁਖ ਪਾਵੈ ॥280॥

॥ ਦੋਹਰਾ ॥

ਸ੍ਰੀ ਗੰਗਾ ਕੇ ਨਾਨ ਹਿਤ ਚਲੇ ਲੋਗ ਸਮਦਾਇ ॥
ਖੜਕ ਸਿੰਘ ਸੋਢੀ ਚਲਾ ਜਿਸ ਮਨ ਪ੍ਰੀਤਿ ਮਹਾਇ[2] ॥281॥

॥ ਚੌਪਈ ॥

ਸ੍ਰੀ ਗੁਰ ਕੌ ਸੋ ਮਿਲਨੇ ਆਵਾ ॥ ਅਤਿ ਪ੍ਰੀਤੀ ਕਰ ਸੀਸ ਨਿਵਾਵਾ ॥
ਹਾਥੁ ਜੋਰ ਕਰਿ ਅਰਜੀ ਕੀਨੀ ॥ ਸੇਵਕੁ ਅਪਨੋ ਲੇਵੋ ਚੀਨੀ ॥282॥
ਔਰੁ ਸੁ ਸੋਢੀ ਚਹੈ ਬਿਖਾਦਾ ॥ ਜਿਨ ਕੈ ਮਨ ਮੈ ਉਠੀ ਉਪਾਧਾ ॥
ਗੰਗ ਨਾਨ ਕੀ ਇਛੁ ਸੁਆਮੀ ॥ ਦਿਉ ਨਿਦੇਸ ਗੁਰ ਅੰਤਰਜਾਮੀ ॥285॥
ਕਹਿਤੁ ਭਏ ਬੇਦੀ ਕੁਲ ਕੇਤਾ ॥ ਜਿਹ ਰਾਖੀ ਜਗ ਮੋ ਸਰੁਤੀ ਸੇਤਾ ॥
ਜਾਵੋ ਦੇਰ ਨ ਕੀਜੈ ਪਯਾਰੇ ॥ ਕਰ ਸਨਾਨ ਫਲ ਲੇਵੋਂ ਚਾਰੇ ॥284॥
ਨਾਹਰ ਸਿੰਘ ਸੋਢੀ ਕੀ ਦਾਰਾ ॥ ਸ੍ਰੀ ਗੁਰ ਸੁ ਜੱਸੁ ਸੁਨਾ ਬਹੁ ਬਾਰਾ ॥
ਲੇ ਅਕੋਰ ਦਰਸਨ ਕੌ ਆਈ ॥ ਕਰ ਦਰਸਨ ਬਹੁ ਬਿਨੇ ਅਲਾਈ ॥285॥
ਕਮਲ ਬਦਨ ਤੁਬ ਉਚਰੀ ਬਾਨੀ ॥ ਮਾਈ ਰਾਜੀ ਸੁਨ ਹਰਖਾਨੀ ॥
ਕਹਿਤ ਭਈ ਸੁਨੀਏ ਗੁਰ ਪੂਰੇ ॥ ਤਵ ਦਰਸਨ ਹੋਵਤ ਅਘ ਚੂਰੇ ॥286॥

॥ ਦੋਹਰਾ ॥

ਪ੍ਰਸਾਦੁ ਸੁ ਅਪਨੇ ਗ੍ਰਿਹਿ ਅਚੋ ਕੀਜੈ ਮੋਹਿ ਨਿਹਾਲ ॥
ਪਾਵਨ ਪਾਵਨ ਪਾਉ ਗ੍ਰਹ ਅਘ ਖੰਡੋ ਸੁਖ ਜਾਲ ॥287॥

॥ ਚੌਪਈ ॥

ਕਮਲਨੈਨ ਜੀ ਮਾਨ ਸੁ ਲੀਨਾ ॥ ਬਿਨਾ ਦੇਰੁ ਭੋਜਨੁ ਤਿਨ ਕੀਨਾ ॥
ਸ੍ਰੀ ਗੁਰ ਕੌ ਤਬ ਲੀਨ ਬੁਲਾਈ ॥ ਸੁਠ ਚੌਕੀ ਪਰ ਦੀਨ ਬਿਠਾਈ ॥288॥
ਥਾਲ ਪਰੋਸਾ ਆਗੈ ਰਾਖਾ ॥ ਓਦਨ ਸਰਪੀ ਸਿਤਾ ਸੁਧਾਖਾ ॥
ਸੂਪ ਬਨੀ ਅਤਿਅੰਤ ਰਸੀਲਾ ॥ ਜੀਰਾ ਮਿਰਚਾ ਧਨੀਆ ਮੀਲਾ ॥289॥

---

1. ੲ ਪੋਥੀ ਰਾਮ ਕੀ   2. ੲ ਪੋਥੀ ਅਥਾਇ   3. ੲ ਪੋਥੀ ਕਮਲਾਨਨ

ਦਧੀ ਪਕੌਰੀ ਫੁਲ ਕੇ ਆਦਾ ॥ ਅਚਨ ਕੀਨ ਸ੍ਰੀ ਗੁਰ ਅਹਿਲਾਦਾ ॥
ਸੀਤਲ ਪਾਨੀ ਚੁਲੇ ਕਰਕੇ ॥ ਭਏ ਪਰਸੰਨਾ ਆਨੰਦ ਭਰ ਕੇ ॥290॥

॥ ਦੋਹਰਾ ॥

ਸੁਰਜਨ ਸਿੰਘ ਜੈ ਸਿੰਘ [ਆਦਿ][1] ਜੋ ਮਾਈ ਕੇਰੇ ਤਾਤ ॥
ਮਸਤਕੁ ਟੇਕਾ ਜੁਗਲ ਮਿਲ ਧਰ ਅਕੋਰ ਦ੍ਵੈ ਭਾਂਤ ॥291॥

॥ ਚੌਪਈ ॥

ਮਾਈ ਤਾਤ ਕਹੈਂ ਕਰੁ ਜੋਰੀ ॥ ਹਮਰੇ ਪਰ ਮਤ ਦੀਜੈ ਖੋਰੀ ॥
ਔਰ ਸੁ ਸੋਢੀ ਚਹੇ ਬਿਗਾਰਾ ॥ ਹਮ ਤੁਮ ਰਹੈਂ ਸਦ ਅਨੁਸਾਰਾ ॥292॥
ਚੰਦਾ ਸਿੰਘ ਬੋਲਾ ਤਿਨਾ ਪਾਈ ॥ ਦੇਵ ਤਰੂ ਵਤ ਸਤਿਗੁਰ ਆਹੀ ॥
ਜਸੁ ਸੇਵੈ ਤੈਸੋ ਫਲੁ ਪਾਵੈ ॥ ਕਰੁ ਗੁਮਾਨ ਮਰ ਨਰਕ ਸਿਧਾਵੈ ॥293॥
ਐਸੇ ਕਹਿ ਕਰਿ ਗ੍ਰਹ ਮੈ ਆਏ ॥ ਜਿਨ ਦਰਸਨ ਸਭ ਕੋ ਸੁਖੁ ਪਾਏ ॥
ਏਕ ਦਿਵਸੁ ਸ੍ਰੀ ਗੁਰ ਸੁਖਦਾਈ ॥ ਮਹਿਬੂਬ ਸਿੰਘ ਕੌ ਦਯੋ ਸੁਨਾਈ ॥294॥
ਗੰਗਾ ਮੇਲਾ ਭਯੋ ਅਪਾਰੀ ॥ ਚਲ ਦਰਸੈ ਅਬ ਬਿਨਾ ਅਵਾਰੀ ॥
ਐਸੇ ਕਹਿ ਕਰ ਬਾਹਨ ਮੰਗਾਏ ॥ ਚੜ ਨਿਕਸੇ ਗੁਰ ਦੇਰ ਬਿਹਾਏ ॥295॥

॥ ਦੋਹਰਾ ॥

ਪੂਰਬੀ ਕੋ ਦਿਨੁ ਜੋ ਹੁਤੋ ਪਹੁਚੇ ਬਿਨਾ ਅਵਾਰ ॥
ਖੜਗ ਸਿੰਘ ਤਹਿ ਨਾਇ ਕਰ ਫੇਰਤ ਮਾਲਾ ਚਰ ॥296॥

॥ ਸੋਰਠਾ ॥

ਗੁਰ ਆਏ ਕੋ ਦੇਖ ਮਨ ਮੈ ਭਯੋ ਹੁਲਾਸ ਬਹੁਭੇ ॥
ਚਾਹਯੋ ਮਿਲਨ ਬਿਸੇਖ ਸ੍ਰੀ ਗੁਰ ਆਗੇ ਹੋਤ ਭਏ ॥297॥

**(ਬਾਬਾ ਸਾਹਿਬ ਸਿੰਘ ਨੇ ਗਾਂ ਬਚਾਉਣ ਲਈ ਕਸਾਈ ਨੂੰ ਕਤਲ ਕਰਨਾ)**

॥ ਚੌਪਈ ॥

ਸ੍ਰੀ ਗੁਰ ਆਗੇ ਹੋਏ ਜਬ ਹੀ ॥ ਕਸਾਈ[3] ਪਕਰੀ ਧੇਨੰ ਤਬ ਹੀ ॥
ਹਾਥ ਛੁਰਾ ਤਿਨ ਲੀਨ ਨਿਕਾਰਾ ॥ ਮਾਰਨ ਚਾਹੇ ਮਹਾਂ ਗਵਾਰਾ ॥298॥
ਹਿੰਦੂ ਬੋਲੇ[4] ਹਾਇ ਪੁਕਾਰੇ ॥ ਇਹੁ ਕਿਆ ਹੋਵੈ ਗੰਗ ਕਿਨਾਰੇ ॥
ਸ੍ਰੀ ਗੁਰ ਆਏ ਤਹਾਂ ਨਜੀਕਾ ॥ ਤਿਨ ਪ੍ਰਤਿ ਬੈਨ ਕਹਯੋ ਬਹੁ ਨੀਕਾ ॥299॥
ਬੀਸ ਕਾ ਰਖਕ ਹਮ ਤੇ ਲੀਜੈ ॥ ਧੇਨ ਤਯਾਗੋ ਦੇਰ ਨ ਕੀਜੈ ॥
ਤਿਸ ਮੂਰਖ ਨਹਿ ਮਾਨਨ ਕੀਨਾ ॥ ਕੜਾ ਉਤਾਰ ਸੁ ਸ੍ਰੀ ਗੁਰ ਲੀਨਾ ॥300॥

---

ੲ ਪੋਥੀ ਵਿਚੋਂ
ਅ ਪੋਥੀ ਭੇ
ੲ ਪੋਥੀ ਖੁਟੀਕ
ੲ ਪੋਥੀ ਹਾਇ

॥ ਦੋਹਰਾ ॥

ਪੰਜ ਸੈ ਰੁਪੀ ਕੋ ਕੜੇ ਦੇਤ ਭਏ ਸਭ ਬੀਚ ॥
ਮੂਰਖ[1] ਮਾਨਤ ਨਹਿ ਭਯੋ ਆਈ ਜਾਕੀ ਮੀਚ ॥301॥

॥ ਚੌਪਈ ॥

ਦੂਤੀ ਕੜਾ ਉਤਾਰਨ ਕੀਨਾ ॥ ਸੋ ਨਹਿ ਲੇਵੇ ਹਠ ਮੇ ਭੀਨਾ ॥
ਸ੍ਰੀ ਗੁਰ ਜੀ ਤਬ ਖੜਗ ਨਿਕਾਰਾ ॥ ਧੜ ਤੇ ਸੀਸ ਜੁਦਾ ਕਰ ਡਾਰਾ ॥302॥
ਤਬ ਲੋਗਨ ਨੇ ਯਸ ਬਹੁ ਕੀਨਾ ॥ ਧੰਨ ਧੰਨ ਸਤਿਗੁਰੂ ਪ੍ਰਬੀਨਾ ॥
ਅਮਰ ਮਾਝ ਅਮਰਨ ਫੂਲ ਬਰਖੇ ॥ ਜਯ ਜਯ ਵਾਕ ਕਹੈ ਬਲ ਪਰਖੇ ॥303॥

॥ ਭੁਯੰਗ ਪ੍ਰਯਾਤ ਛੰਦ ॥

ਨਮੋ ਸਚਿਦਾਨੰਦ ਗੋਬਿੰਦ ਜੋਗੀ ॥ ਤ੍ਰਿਲੋਕੀ ਪਤੀ ਆਪ ਭੋਗੀ ਅਭੋਗੀ ॥
ਨਿਰਾਕਾਰ ਕੋ ਰੂਪ ਸਾਕਾਰ ਹੋਯੋ ॥ ਜਪੈ ਸਤਯ ਨਾਮੰ ਧਰਮ ਬੀਜ ਬੋਯੋ ॥304॥
ਚਹੂੰ ਚਮਕੈ ਦੇਸ ਦੇਸੰ ਬਿਥਾਰੀ ॥ ਗੁਰੂ ਆਪ ਹ੍ਵੈ ਸਿਖ ਕੀਨੇ ਅਪਾਰੀ ॥
ਦਯੋ ਗਯਾਨ ਕੋ ਦਾਨ ਦਾਸੰ ਬਿਸਾਲਾ ॥ ਕਲੀ ਮੈ ਦੁਖ ਦੇਖ ਜੀਵੰ ਕ੍ਰਿਪਾਲਾ ॥
॥305॥
ਮਹਾਂ ਮੰਦ ਕੋ ਬ੍ਰਿੰਦ ਕੀਨੋ ਉਧਾਰੰ ॥ ਸਮਾਨੰ ਨਆਨੰ ਮਹਾਨੋ ਪੁਕਾਰੰ ॥
ਅਹੋ ਰੂਪ ਸਾਖੀ ਬਸੋ ਦੇਹਿ ਸਾਰੇ ॥ ਅਕਰਤਾ ਅਭੁਗਤਾ ਸੰਯੁਕਤਾ ਬਿਚਾਰੇ ॥306॥
ਸਦਾ ਦੀਨ ਬੰਧੁ ਸਰੰਨਯੰ ਮਹਾਨੇ ॥ ਜਪੈ ਨਾਮ ਜੋ ਆਪ ਕੋ ਪ੍ਰੇਮ ਠਾਨੇ ॥
ਤਿਸੈ ਹਾਥ ਦੈ ਆਪ ਲੇਵੈ ਬਚਾਈ ॥ ਨਿਜੰ ਦਾਸ ਕੇ ਆਪ ਹੋਵੈ ਸਹਾਈ ॥307॥
ਧਰਯੋ ਬੰਸ ਬੇਦੀਨ ਮੈ ਰੂਪ ਜੋਈ ॥ ਭਜੈ ਧਯਾਨ ਠਾਨੇ ਪਰੈ ਸਰਨ ਕੋਈ ॥
ਨ੍ਰਿਸੰਸੈ ਗਤੀ ਪਰਮ ਪਾਵੈ ਅਨੰਦੰ ॥ ਨਮੋ ਪਾਦ ਕੰਜ ਬਿਲੰਦੈ ਮੁਕੰਦੰ ॥308॥
ਮਹਾ ਮਾਨ ਮੋਹਾਦਿ ਤੇ ਮਤੰਗੰ ॥ ਰਿਦੇ ਕਾਨਨੰ ਦਾਸ ਕੇ ਸਿੰਘ ਅੰਗੰ ॥
ਰਹੋ ਸਿਖਯ ਕੇ ਅੰਗ ਸੰਗੰ ਸਦਾ ਈ ॥ ਨਹੀ ਰੋਗ ਬਾਂਕੋ ਕਰੈ ਕੋਇ ਜਾਈ ॥309॥
ਗਿਨੈ ਕੋ ਗੁਨੰ ਪਾਰ ਪਾਵੈ ਨਾ ਕੋਈ ॥ ਮਹਾਨੰ ਮਹੀਯਾਨ ਰੂਪੰ ਜਿਹ ਹੋਈ ॥
ਨਿਜੰ ਸੇਵ ਹੇਤੰ ਭਨੈ ਜੋਨ ਕੋਨੰ ॥ ਦਯਾ ਧਾਰ ਦੇਵੈ ਮਹਾ ਮੋਦ ਤੋਨੰ ॥310॥
ਮਹਾ ਦੁਖਯ ਸਿੰਧ ਪ੍ਰਭੂ ਹੋ ਅਗਸਤੰ ॥ ਸਮਸ਼ਤੰ ਨਿਵਾਸੋ ਬਿਲਾਸੋ ਸਮਸਤੰ ॥
ਦਈ ਮੋਖ ਕੋਟਾਨਿ ਜੇ ਮੋਹ ਗ੍ਰਸਤੇ ॥ ਸਦਾ ਜੈ ਸਦਾ ਜੈ ਸਦਾ ਜੈ ਨਮਸਤੇ ॥311॥

॥ ਦੋਹਰਾ ॥

ਦੇਵ ਸੁ ਉਸਤਤਿ ਕਰ ਚਲੇ ਪਹੁਚੇ ਨਿਜ ਨਿਜ ਧਾਮ ॥
ਅਸ੍ਵ ਤਯਾਗਨ ਗੁਰ ਕਰਾ ਬਰੇ ਗੰਗ ਸੁਖ ਧਾਮ ॥312॥

---

1. ਪੋਥੀ ਮਹਾਮੂਦ

(ਗੰਗਾ ਨੇ ਸਰੀਰ ਧਾਰ ਕੇ ਉਪਮਾ ਕਰਨੀ)

॥ ਚੌਪਈ ॥

ਗੰਗਾ ਲੀਨੋ ਤਬ ਬਪੁਧਾਰੀ ॥ ਸ੍ਰੀ ਗੁਰ ਕੇ ਜੁਗ ਚਰਨ ਜੁਹਾਰੀ ॥
ਕਹਤ ਭਈ ਸੁਨੀਏ ਸੁਖਦਾਨੀ ॥ ਤਵ ਚਰਨਨ ਪ੍ਰਣਾਮ ਮਨੁ ਬਾਨੀ ॥313॥
ਕਰੀ ਮਯਾ ਖਲ ਲੀਨੋ ਮਾਰੀ ॥ ਮੋ ਪਰ ਕਰੀ ਕ੍ਰਿਪਾ ਤੁਮ ਭਾਰੀ ॥
ਜੀ ਪਾਪੀ ਬਹੁ ਪਾਪੁ ਕਮਾਵੈ ॥ ਮੇਰੇ ਮਧ ਮੈ ਆਨ ਗਵਾਵੈ ॥314॥
ਪਾਦ ਕਮਲ ਪਾਇ ਕੀਨ ਨਿਹਾਲ ॥ ਤੁਮ ਦਾਤੇ ਹੋ ਸਦਾ ਕ੍ਰਿਪਾਲੁ ॥
ਬੇਦੀ ਸਾਹਿਬੁ ਧਰਿ ਅਵਤਾਰੇ ॥ ਸਿਖ ਤਾਰੇ ਤੁਮ ਬਿਨਾ ਅਵਾਰੇ ॥315॥
ਕਲਧਾਰੀ ਬਚ ਪੂਰਨ ਕੀਨੋ ॥ ਜੀਤ ਮ੍ਰਿਗੇਸ ਸੁ ਸਵਨ ਪ੍ਰਗਟੀਨੋ ॥
ਅਬ ਸਿੰਘਨ ਕੀ ਕਰੋ ਸਹਾਇ ॥ ਸਰਨ ਪਾਲ ਸੰਤਨ ਸੁਖਦਾਇ ॥316॥

॥ ਦੋਹਰਾ ॥

ਦੇਵ ਸੁਰੀ ਇਮ ਨੁਤ ਕਰੀ ਲੋਪ ਭਈ ਜਲੁ ਮਾਹਿ ॥
ਕਮਲ ਨੈਨ ਤਬ ਨਾਨ ਕਰ ਆਏ ਬਾਹਰੁ ਠਾਇ ॥317॥

**(ਆਨੰਦਪੁਰ ਸਾਹਿਬ ਦੇ ਨਾਰਦ ਨੇ ਸਾਧੂ ਦੇ ਭੇਸ ਵਿਚ ਦਰਸ਼ਨ ਕਰਨੇ)**

॥ ਚੌਪਈ ॥

ਭੂਖਨ ਬਸਨ[1] ਕਰਤ ਭੇ ਦਾਨਾ ॥ ਹੈ ਅਰੂਢ ਹੈ ਕਿਯੋ ਪਯਾਨਾ ॥
ਕੰਤਾਰ ਮਾਂਝ ਬੈਰਾਹਿ ਨਿਪਾਤਾ ॥ ਅਗਨਿ ਮਾਹਿ ਭੁਰਜਨ ਕਰ ਖਾਤਾ ॥318॥
ਆਨੰਦਪੁਰ ਮੋ ਆਵਤ ਭਏ ॥ ਜਿਨ ਮਿਲਿਆ ਮਨਿ ਆਨੰਦ ਭਏ ॥
ਬੀਚ ਬਜਾਰੁ ਪ੍ਰਯੰਕ ਡਸਾਵਾ ॥ ਆਸ ਤਰਨ ਸੁਭ ਊਪਰਿ ਆਵਾ ॥319॥
ਕਮਲਨੈਨ ਤਬ ਬੈਠਿ ਸੁ ਗਏ ॥ ਏਕ ਸਾਧ ਤਬ ਆਵਨ ਕਏ ॥
ਸ੍ਰੀ ਬੇਦੀ[2] ਬਹੁ ਆਦਰੁ ਦੀਨ ॥ ਪਰਸਤ ਪਦ ਗੁਰ ਬੰਦਨ ਕੀਨ ॥320॥
ਪਕਰ ਹਾਥ ਹਿਤ ਸਾਥ ਬੈਠਾਹਾ ॥ ਕਰੀ ਦਇਆ ਮੁਹਿ ਦਰਸ਼ ਦਿਖਾਵਾ ॥
ਸਾਧ ਕਹੇ ਸੁਨੀਏ ਗੁਰ ਪੂਰੇ ॥ ਤੁਮਰੇ ਬੈਨ ਨ ਹੋਵਤ ਊਰੇ ॥321॥

॥ ਦੋਹਰਾ ॥

ਜੋ ਕਰਨਾ ਸੁ ਕੀਜੀਏ ਕਰਤ ਨ ਲਾਵੋ ਦੇਰ ॥
ਤੁਮ ਸਮਰਥ ਅਕਥ ਹੋ ਸਰਨ ਪਾਲ ਸਭ ਕੇਰ ॥322॥

॥ ਚੌਪਈ ॥

ਸਾਧ ਬਚਨੁ ਕਹਿ ਲੋਪ ਸੁ ਹੋਵਾ ॥ ਸਭ ਨੇ ਅਚਰਜ ਨੈਨੋ ਜੋਵਾ ॥
ਚੰਦਾ ਹਰਿ ਨੇ ਅਰਜ ਬਖਾਨੀ ॥ ਸਾਧ ਕੌਨ ਥਾ ਹਮ ਨਹਿ ਜਾਨੀ ॥323॥
ਨਾਰਦ ਰਿਖ ਸੁਭ ਯਾਂਕੋ ਜਾਨੋ ॥ ਆਵਾ ਮਿਲਨੇ ਹਿਤੁ ਕਰ ਮਾਨੋ ॥
ਤਬ ਲਗ ਸੋਢੀ ਮਿਲੁ ਕਰਿ ਆਏ ॥ ਗੁਰ ਪ੍ਰਤਿ ਬਾਨੀ ਕਟਕ ਅਲਾਏ ॥324॥

---

1. ਅ ਪੋਥੀ ਬਸਤ੍ਰ 2. ੲ ਪੋਥੀ ਸਤਿਗੁਰ

ਤੁਮ ਬੇਦੀ ਕਿਉਂ ਗੁਰੂ ਹੋਇ ਬੈਸੇ ॥ ਜਗਤ ਗਰਾਈ[1] ਸੋਢਿਨ ਹੈ ਸੇ ॥
ਤੁਮ ਊਨੇ ਮੇਂ ਜਾਇ ਰਹਾਵੋ ॥ ਇਹਾਂ ਰਹਿਨ ਮੇਂ ਬਹੁ ਦੁਖ ਪਾਵੋ ॥325॥
ਸ੍ਰੀ ਗੁਰ ਜੀ ਕਰਿ ਤਿਰਛੇ ਨੈਨਾ ॥ ਕਹਤਿ ਭਏ ਤਿਨ ਪ੍ਰਤਿ ਕਟ ਬੈਨਾ ॥
ਸੋਢੀ ਤੁਮ ਮਤ ਕਰੋ ਬਿਗਾਰਾ ॥ ਮੰਦ ਕਰਮ ਕਰਿ ਹੁਇ ਖੁਆਰਾ ॥326॥

॥ ਦੋਹਰਾ ॥

ਗੁਰਤਾ ਗੁਣ ਕਰ ਹੋਤ ਹੈ ਬਿਨ ਗੁਣ ਗੁਰਤਾ ਨਾਹਿ ॥
ਪਾਰਸਿ ਚੰਦਨਿ ਦੀਪ ਗੁਰ ਤੁਮ ਕਿਨਹੀ ਕੇ ਮਾਹਿ ॥327॥

॥ ਪ੍ਰਮਾਨ ਸ੍ਰੀ ਗੁਰ ਗ੍ਰਿੰਥੇ ॥

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰ ਤਿਸ ਕਾ ਨਾਉ ॥
ਤਿਸ ਕੇ ਸੰਗਿ ਸਿਖ ਉਧਰੈ ਨਾਨਕ ਹਰਿ ਗੁਨ ਗਾਉ ॥328॥

॥ ਚੌਪਈ ॥

ਗੁਰ ਕੇ ਬੈਨ ਸੁਨੇ ਜਬ ਐਸੇਂ ॥ ਆਵਾ ਸਰਮ ਜਾਯ ਘਰ ਬੈਸੇ ॥
ਕਮਲ ਬਦਨੁ ਤਬ ਆਏ ਸਦਨਾ ॥ ਜਿਨ ਦੇਖੇ ਅਘ ਹੋਵੈ ਕਦਨਾ ॥329॥
ਖੜਗ ਸਿੰਘ ਗੰਗਾਂ ਥੀ ਆਵਾ ॥ ਸੋਢਿਨ ਪ੍ਰਤਿ ਤਿਨ ਬੈਨ ਸੁਨਾਵਾ ॥
ਗੰਗਾ ਪੁਰ ਗੁਰ ਕੌਤਕੁ ਕੀਨੋ ॥ ਧੇਨ ਰਖੀ ਤੁਰਕੈ ਹਤ ਦੀਨੋ ॥330॥
ਸੋਢੀ ਬੋਲੈ ਕੂਰ ਅਲਾਵੈ ॥ ਤਿਨ ਕੀ ਉਸਤਤਿ ਹਮੈ ਸੁਨਾਵੈ ॥
ਇਹ ਨਹਿ ਗਏ ਇਹਾ ਹੀ ਬਹੇ ॥ ਨਿਤਾ ਪ੍ਰਤੀ ਹਮ ਦੇਖਪ ਰਹੇ ॥331॥
ਜੇ ਤੂੰ ਤਿਨ ਕੌ ਗੁਰੂ ਬਨਾਵਾ ॥ ਕਰ ਮੇ ਗਡਵਾ ਲੇਉ ਉਠਾਵਾ ॥
ਸੋਢਿ ਬੰਸ ਕੌ ਲਾਜ ਲਗਾਵੋ ॥ ਜਾਵੋ ਤਿਨ ਕਾ ਸਿਖ ਕਹਾਵੋ ॥332॥

॥ ਦੋਹਰਾ ॥

ਖੜਕ ਸਿੰਘ ਸੁਨ ਕਹਤ ਭਾ ਮੈ ਤਿਨ ਦਾਸਨਿ ਦਾਸ ॥
ਤਿਨ ਚਰਨਨ ਬਲਿਹਾਰ ਹੌ ਦੇਵਤ ਗਯਾਨ ਪ੍ਰਕਾਸ ॥333॥

॥ ਚੌਪਈ ॥

ਖੜਕ ਹਰੀ ਚਲ ਗੁਰ ਪਹਿ ਆਵਾ ॥ ਗੁਰ ਚਰਨਨ ਪਰ ਸੀਸ ਨਿਵਾਵਾ ॥
ਮੈ ਸੇਵਕੁ ਹੋ ਅੰਤਰਜਾਮੀ ॥ ਦੇਸੰਤਰ ਤਾਰੋ ਮੋਹ ਸੁਆਮੀ ॥334॥
ਗਡਵੇ ਆਦਿ ਕਰੀ ਗੁਰ ਸੇਵਾ ॥ ਫਰਕ ਨ ਰਾਖਾ ਤਨ ਮਨ ਦੇਵਾ ॥
ਲੁਧਿਆਣ ਪਾਸ ਪਿੰਡੁ ਇਕ ਆਹੀ ॥ ਸਾਨੇਵਾਲੰ ਨਾਮ ਕਹਾਈ ॥335।
ਤਿਹ ਸਿਰਕਾਰ ਸੁਧਾ ਹਰਿ ਜਾਨੋ ॥ ਜਨਮ ਮਰਨ ਚਾਹੇ ਹੁਇ ਹਾਨੋ ।
ਧਰ[2] ਰਿਦ ਪ੍ਰੀਤੀ ਦਰਸਨੁ ਆਵਾ ॥ ਰਾਖ ਅਕੋਰੰ ਬਿਨੇ ਅਲਾਵਾ ॥336॥

---

1. ਅ ਪੋਥੀ ਗੁਰਾਈ
2. ਅ ਪੋਥੀ ਧਰਮ

ਅਸ੍ਵ ਆਦਿ ਬਹੁ ਭੇਟਾ ਦੀਨੀ ॥ ਸੁਨ ਸੋਢੀ ਰਿਦ ਭਏ ਮਲੀਨੀ ॥
ਮਿਲ ਕਰ ਸਭ ਨੇ ਮਤਾ ਸੁ ਕੀਨਾ ॥ ਇਸੇ ਨਿਕਾਸੋ ਦੇਰੁ ਬਿਹੀਨਾ ॥337॥
ਦਿਨੁ ਦਿਨੁ ਏ ਤੋ ਬਧਦੋ ਜਾਈ ॥ ਜਿਮ ਦੁਤੀਯਾ ਕੋ ਚੰਦ ਬ੍ਰਿਧਾਈ ॥
ਆਨੰਦਪੁਰ ਮਤਿ ਲੇਵੈ ਖੋਇ ॥ ਕੈਸੇ ਗੁਜਰ ਹਮਾਰੀ ਹੋਇ ॥338॥

॥ ਦੋਹਰਾ ॥

ਐਸੇ ਚਿੰਤਾ ਬਹੁ ਕਰੀ ਗੁਰੂ ਨਿਕਾਰਨ ਕਾਜ ॥
ਦਸ ਕੁ ਸਿੰਘ ਭੇਜਨ ਕਰੇ ਦੰਦੁ ਉਠਾਵਨ ਸਾਜ ॥339॥

॥ ਚੌਪਈ ॥

ਆਏ ਚਲ ਜਹ ਗੁਰੂ ਬਿਰਾਜੇ ॥ ਕਟਕ ਬੈਨ ਕਹਿ ਊਚੇ ਗਾਜੇ ॥
ਸ੍ਰੀ ਗੁਰ ਜੀ ਤਬ ਬੈਨ ਉਚਾਰੇ ॥ ਕਿਉ ਬੋਲਤਿ ਹੋ ਮਹਾ ਗਵਾਰੇ ॥340॥
ਤੁਮ ਤੋ ਹਮਰੇ ਸਿਖੁ ਕਹਾਵੋ ॥ ਤਿਨੁ ਕੇ ਕਹੇ ਕਿਉ ਧਰਮੁ ਗਵਾਵੋ ॥
ਸੁਨ ਗੁਰ ਬਾਨੀ ਮੂਰਖੁ ਬੋਲੇ ॥ ਜਿਨ ਕੋ ਸ੍ਰੀ ਗੁਰ ਕਰਨਾ ਹੋਲੇ ॥341॥

**(ਬਾਬਾ ਸਾਹਿਬ ਸਿੰਘ ਨੂੰ ਆਨੰਦਪੁਰ ਤਿਆਗਣ ਲਈ ਸੋਢੀਆਂ ਨੇ ਜ਼ੋਰ ਦੇਣਾ)**

ਹਮ ਤੋ ਸੇਵਕ ਤੁਮਰੇ ਨਾਹੀ ॥ ਸੋਢਿਨ ਕੇ ਹਮ ਸਿਖ ਸਦਾਹੀ ॥
ਆਨੰਦਪੁਰ ਤੁਮ ਦੇਹ ਤਿਆਗਾ ॥ ਨਾਤਰ ਹੋਵੈ ਬਹੁਤ ਬਿਖਾਦਾ ॥342॥
ਬਾਨੀ ਇਮ ਜਬ ਤਿਨ ਨੇ ਗਾਈ ॥ ਕਮਲ ਨੈਨ ਮਨ ਰਿਸ ਅਤ ਆਈ ॥
ਕਟਕ ਗਿਰਾ ਸ੍ਰੀ ਗੁਰੂ ਬਖਾਨੀ ॥ ਜੋ ਤਿਨ ਕੋ ਹੈ ਅਤਿ ਦੁਖ ਦਾਨੀ ॥343॥

॥ ਦੋਹਰਾ ॥

ਤੁਮ ਖਾਰਜ ਹੋ ਸਿਖੀ ਤੇ ਜਾਵੋ ਕਰੋ ਬਿਖਾਦ ॥
ਐਸੀ ਤੁਮ ਸਨ ਹੋਇਗੀ ਰਾਖੋਗੇ ਸਦ ਯਾਦ ॥344॥

॥ ਚੌਪਈ ॥

ਸੁਨ ਮੂਰਖ ਬੋਲੇ ਕਟੁ ਬਾਨੀ ॥ ਸਿਖੀ ਖੋਵੋ ਜੇ ਬਲ ਪਾਨੀ ॥
ਸ੍ਰੀ ਗੁਰ ਭਾਖਾ ਅਬੁ ਤੁਮ ਜਾਵੋ ॥ ਸਿਖ ਅਸਿਖ ਤੁਮ ਪਰਖੇ ਜਾਵੋ ॥345॥
ਕਰ ਜਬ ਝਗਰਾ ਗਏ ਸੁ ਮੂਢਾ ॥ ਭਾਨ ਅਸਤ ਨਿਸ ਆਈ ਗੂਢਾ ॥
ਖਾਨ ਪਾਨ ਕਰ ਸੋਵਤ ਭਏ ॥ ਭੋਰ ਹੋਤ ਤਬ ਉਠਨ ਕਏ ॥346॥
ਤ੍ਰਿਮ ਸਸੀ [ਜਿਮ][1] ਸਕਚ ਹੁਇ ਗੇ ਦੂਰੀ ॥ ਮਾਨੋ ਆਗੇ ਉਗੇ ਨ ਰੂਰੀ ॥
ਵਾਰ ਕਮੀ ਜੂਰਾ ਹਰਿ ਕਾਟਾ ॥ ਭੇ ਲਚਾਰ ਭ੍ਰਾ ਔਰੇ ਠਾਟਾ ॥347॥
ਸਭ ਸੋਢਿਨ ਨੇ ਇਹ ਸੁਨਿ ਪਾਈ ॥ ਸਿਖਨ ਕੇਸ ਗਏ ਉਤਰਾਈ ॥
ਨਗਰ ਮਾਂਝ[2] ਬਹੁ ਸੋਰੁ ਸੁ ਹੋਵਾ ॥ ਇਹ ਅਚਰਜ ਹਮ ਨੇ ਅਬ ਜੋਵਾ ॥348॥

---

1. ਅ ਪੋਥੀ ਵਿਚੋਂ
2. ੲ ਪੋਥੀ ਮਾਹਿ.

॥ ਦੋਹਰਾ ॥

ਏਕ ਕਹੈ ਗੁਰ ਸਾਥ ਇਨ ਕੀਨ ਕੁਬੈਨ ਬਖਾਨ ॥
ਤਾਂਕੋ ਫਲ ਇਨ ਪਾਇਓ ਗੁਰ ਨਿੰਦਾ ਮੁਖ ਠਾਨ ॥349॥

॥ ਚੌਪਈ ॥

ਸੋਢੀ ਮਿਲ ਕਰ ਭੇ ਇਕ ਠੌਰੇ ॥ ਈਸਰ ਮਾਯਾ ਕੀਨੇ ਬੌਰੇ ॥
ਸਸਤ੍ਰਨ ਗਹਿ ਗਹਿ ਹੋਏ ਠਾਂਢੇ ॥ ਚਹੇ ਜੰਗ ਚਿਤ ਮੇ ਹਠ ਬਾਂਢੇ ॥350॥
ਸਭ ਸੈਨਾ ਤਬ ਲੀਨ ਬਟੋਰੀ ॥ ਭਏ ਇੱਕ੍ਰਤ ਉਠਾ ਬਹੁ ਸੋਰੀ ॥
ਸ੍ਰੀ ਗੁਰ ਪ੍ਰਤਿ ਕਿਨ੍ਹ ਆਇ ਜਨਾਈ ॥ ਸੋਢੀ ਚਾਹੇ ਰਾਰ ਮਚਾਈ ॥351॥
ਸੁਨ ਮਹਿਬੂਬ ਸਿੰਘ ਤ੍ਰਬ ਕੰਪਾ ॥ ਫੜ ਹਥਿਆਰ ਪਾਵ ਤਹ ਰੋਪਾ ॥
ਜ੍ਵਾਲਾ ਬਮਣੀ ਕੀਨਸ ਤਿਯਾਰ ॥ ਸੋਢਿਨ ਪ੍ਰਤਿ ਬਹੁ ਦੇਵਤ ਗਾਰ ॥352॥
ਅਵ੍ਰ ਸਿੰਘ ਜੋ ਗੁਰ ਕੇ ਪਾਸੀ ॥ ਜੁਧ ਚਾਹੁ ਉਪਜੀ ਜਿੰਨ ਰਾਸੀ ॥
ਭ੍ਏ ਤਿਯਾਰ ਜੰਗ ਕੌ ਕਰਨੇ ॥ ਧਰੇ ਧਰ ਆਯੁਧ ਚਾਹੇ ਲਰਨੇ ॥353॥

॥ ਦੋਹਰਾ ॥

ਦੋਨੋ ਤਰਫ ਤਿਯਾਰ ਭੇ ਜੰਗ ਕਰਨ ਕੀ ਚਾਹਿ ।
ਸੋਢੀ ਸੈਨਾ ਕੋ ਲੀਏ ਨੇਰ ਕੀਉ ਤਿਨ ਆਹਿ ॥354॥
ਸੁਧਾ ਸਿੰਘ ਸਿਰਦਾਰ ਨੇ ਜੋਰੂ ਹਾਥ ਗੁਰ ਪਾਸ ॥
ਸੋਢੀ ਬੰਦੀ ਆਪ ਜੋ ਹੈ ਜਿਵ ਮਰਜੀ ਸੁਖ ਰਾਸ ॥355॥

॥ ਚੌਪਈ ॥

ਇਹੋ ਦਾਨ ਦੀਜੈ ਸੁਝ ਸ੍ਵਾਮੀ ॥ ਰਾਰ ਮਿਟਾਵੋ ਅੰਤਰਜਾਮੀ ॥
ਸੁਧਾ ਸਿੰਘ ਪ੍ਰਤਿ ਸ੍ਰੀ ਗੁਰ ਬੋਲੇ ॥ ਸੋਢੀ ਆਪੇ ਹੋਵੈ ਹੌਲੇ ॥356॥
ਸੋਢਿਨ ਕੇ ਮਨੁ ਭਈ ਬਿਚਾਰਾ ॥ ਜੰਗ ਕੀਏ ਮਤ ਆਵੈ ਹਾਰਾ ॥
ਪੰਚ ਸਾਤ ਮਿਲ ਗੁਰ ਪਹਿ ਜਾਵੋ ॥ ਏਹੁ ਮਤਾ ਤਿਨ ਜਾਇ ਸੁਨਾਵੋ ॥357॥
ਸੋਢੀ ਮਿਲ ਕਰ ਗੁਰ ਪਹਿ ਆਏ ॥ ਆਵਤਿ ਹੀ ਤਿਨ ਬੈਨ ਅਲਾਏ ॥
ਪੁਰਿ ਅਨੰਦ ਕੌ ਤਯਾਗਨ ਕੀਜੈ ॥ ਜਾਹਿ ਤਿਯਾਗੁ ਸਰਬੁ ਸੁਖ ਲੀਜੈ ॥358॥

॥ ਦੋਹਰਾ ॥

ਸੋਢਿਨ ਬਾਨੀ ਅਕੰਨ ਕਰ ਬੋਲੇ ਬੈਨ ਮਹਾਇ[2] ॥
ਜੰਮਾਤ ਤੁਮਾਰੀ ਹੋਇ ਜਬ ਆਵੈ ਡੰਕ ਬਜਾਇ ॥359॥

॥ ਚੌਪਈ ॥

ਸੋਇ[3] ਵਾਕ ਅਬ ਪੂਰਨ ਹੋਏ ॥ ਜੋ ਕਮਲਾਨਨ ਤੇ ਬਚ ਗੋਏ ॥
ਕਰਤਾਰ ਸਿੰਘ ਸੋਢੀ ਕੀ ਤਨਯਾ ॥ ਸੂਰਜ ਸਿੰਘਕੀ ਮਹਿਲਾ ਗੁਨਯਾ ॥360॥

---

1. ਅ ਏ ਪੋਥੀ ਓਰ   2. ਅ ਬਠਾਇ   3. ਅ ਪੋਥੀ ਸੋ ਇਹ

ਦੀਨ ਹੁਕਮ ਗੁਰ ਤਯਾਰੀ ਕੇਰੋ ॥ ਭੇ ਤਿਯਾਰੁ ਸਭ ਦੇਰੁ ਨਿਬੇਰੋ ॥
ਖੜਕਿ ਸਿੰਘ ਗੁਰਬਖਸ ਸਿੰਘ ਆਏ ॥ ਕਰ ਬਹੁ ਬਿਨੈ ਸੀਸ ਤਿਨ ਨਾਏ ॥361॥
ਹਮ ਕੌ ਅਪਨੇ ਸੇਵਕ ਮਾਨੋ ॥ ਅਵਰਨ ਕੀ ਤੁਮ ਸਾਹਿਬ ਜਾਨੋ ॥
ਸੂਰਜ ਸਿੰਘ ਕੀ ਮਾਤਾ ਆਈ ॥ ਪਾਨ ਜੋਰੁ ਬਹੁ ਬਿਨੈ ਅਲਾਈ ॥362॥

॥ ਦੋਹਰਾ ॥

ਇਨ ਕੋ ਸ੍ਰੀ ਗੁਰ ਖੁਸੀ ਕਰ ਭਾਖਾ ਜਾਵੋ ਧਾਮ ॥
ਅਵਰੁ ਜੁ ਮੇਲੀ ਮਿਲਤ ਭੇ ਕਰੈਂ ਰੁਦਨ ਨਰੁ ਬਾਂਮ ॥363॥

॥ ਕਬਿਤ ॥

ਸ੍ਰੀ ਗੁਰ ਤਿਯਾਰ ਭਏ ਲਾਈ ਨ ਅਵਾਰ ਕਛੁ
ਕਮਰ ਸੁ ਕਸਾ ਕੀ[1] ਚੰਦ੍ਰਹਾਸ ਪਾਯੋ ਹੈ ॥
ਕਟ ਮੋ ਨਿਖੰਗ ਬਾਂਧ ਸਾਯਕ ਸੇ ਪੂਰ ਰਹਯੋ
ਅਰਿਨ ਕੇ ਸੀਸ ਫੋਰ ਜਾਮੇ ਬਲ ਛਾਯੋ ਹੈ॥
ਬਾਹ ਕੋ ਮੰਗਾਯੋ ਜਬ ਸ੍ਰੀ ਗੁਰੂ ਮਨਾਏ ਤਬ
ਹੋਇ ਹੈ ਅਰੂੜ ਸੂਬ ਬਿਲਮ ਬਿਹਾਯੋ ਹੈ ॥
ਸੇਵਕ ਤਿਯਾਰੁ ਸਬ ਲਾਈ ਨਹਿ ਅਵਾਰੁ ਕਛੁ
ਸੌੜਨ ਕੌ ਬੀਨ ਬੀਨ ਭਾਰਨ ਬੰਧਾਯੋ ਹੈ ॥364॥

॥ ਸ੍ਵੈਯਾ ॥

ਗੁਰੂ ਤੇਗ ਬਹਾਦਰ ਕੇ ਦਰਬਾਰਹਿ ਜਾਇ ਥਿਰੇ ਝੁਕਿ ਬੰਦਨ ਕੀਨੀ ॥
ਭਟ ਦਈ ਅਰਦਾਸ ਕਰੀ ਤਿਨ ਦੇ ਕਿ ਪ੍ਰਦਛਨ ਭੈ ਹੈ ਅਧੀਨੀ ॥
ਦੀਨਨ ਕੋ ਬਹੁ ਦਾਨੁ ਦਯੋ ਸੁਭ ਨੁਤ ਬਖਾਨਤ ਹੈ ਰਸ ਭੀਨੀ ॥
ਸੁਧਾ[2] ਸਿੰਘ ਆਦਿ ਭਏ ਸਭੇ ਲਾਰੈ ਜੋ ਗੁਰ ਸਿਖੀ ਮਾਂਹਿ ਪ੍ਰਬੀਨੀ ॥365॥

(ਅਨੰਦਪੁਰ ਦਾ ਤਿਆਗ)

॥ ਚੌਪਈ ॥

ਅਨੰਤੀ[3] ਆਦਿ ਸਰਬ ਚਲ ਗਏ ॥ ਬਦਲਹਿੜੀ ਪਰਵੇਸਤ ਭਏ ॥
ਜਾਇ ਸਿਵੰਰਪੁਰੀ ਗੁਰੂ ਲਗਾਵਾ ॥ ਜਿਨ ਦਰਸੇ ਮਨ ਆਨੰਦ ਪਾਵਾ ॥366॥
ਸੁਧਾ ਮ੍ਰਿਗੇਸ ਬਿਨੈ ਬਖਾਨੀ ॥ ਅਰਜੀ ਸੁਨੀਏ ਸੁਖਮਾਂ ਦਾਨੀ ॥
ਜਨਮ ਮਰਨ ਭ੍ਰਮ ਵਾਰਨ ਕੀਜੈ ॥ ਸਰਨੀ ਆਵਾ ਮੋਹਿ ਲਖੀਜੈ ॥367॥
ਬੇਦਿ ਮੁਕਟਿ ਮਨ ਬਾਕ ਉਚਾਰਾ ॥ ਤੂ ਸਿਖ ਮੋ ਕੌ ਅਤਸੈ ਪਯਾਰਾ ॥
ਸੰਤਨ ਸੇਵਾ ਕਰੋ ਬਨਾਈ ॥ ਤਿਨ ਕੌ ਸੇਵਨ ਹੈ ਸੁਖਦਾਈ ॥368॥

---

1. ਅ ਪੋਥੀ ਕੀਨ
2. ੲ ਪੋਥੀ ਅੰਮ੍ਰਿਤ
3. ੲ ਪੋਥੀ ਨੰਤੀ

ਗਯਾਨ ਵਿਗਯਾਨ ਦੇਤ ਹੈ ਨਾਮ ॥ ਭਗਤੁ ਸਿਖਾਵਤ ਆਠੋਂ ਜਾਪ ॥
ਲੋਕ ਪ੍ਰਲੋਕ ਮੈ ਕਰੈ ਸਹਾਇ ॥ ਦੇਵਤ ਹੈ ਸਤਨਾਮੁ ਜਪਾਇ ॥369॥

(ਸਾਧ ਦੀ ਮਹਿਮਾ ਦਸਣੀ)

॥ ਦੋਹਰਾ ॥

ਸੰਤਨ ਸੇਵਾ ਗ੍ਰੰਥ ਜੀ ਕੀਨ ਉਚਾਰ ਬਹੁ ਬਾਰ ॥
ਜੋ ਜੋ ਸੰਤਨ ਸੇਵਤੇ ਭਉਜਲੁ ਉਤਰੇ ਪਾਰਿ ॥370॥
ਸੁਧਾ ਸਿੰਘ ਕਰੁ ਜੋਰਿ ਕੇ ਕੀਨ ਬਹੁਰਿ ਅਰਦਾਸਿ ॥
ਸੰਤਨ ਲਛਨ ਕਹੋ ਪ੍ਰਭ ਜਹਿ ਜਾਨੇ ਅਘ ਨਾਸ ॥371॥

॥ ਸੋਰਠਾ ॥

ਸ੍ਰੀ ਕਮਲਾਨਨ ਬੈਨ ਸੁਧਾ ਨਿਚੋਰ ਸੁ ਕਹਿਤ ਭੇ ॥
ਗੁਰ ਅਰਜਨ ਕੇ ਬੈਨ ਆਸਾ ਰਾਗ ਮਝਾਰ ਕਹਿ ॥372॥

॥ ਤਥਾ ਸਬਦ ॥

ਆਠ ਪਹਰ ਨਿਕਟਿ ਕਰਿ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥
ਏਕ ਨਾਮ ਸੰਤਨ ਆਧਾਰ ॥ ਹੋਇ ਰਹੇ ਸਭ ਕੀ ਪਗ ਛਾਰ ॥2॥
ਸੰਤ ਰਹਤ ਸੁਨਹੁ ਮੇਰੇ ਭਾਈ ॥ ਉਆ ਕੀ ਮਹਿਮਾ ਕਥਨੁ ਨ ਜਾਈ॥ਰਹਾਉ॥
ਵਰਤਨ ਜਾਕੈ ਕੇਵਲੁ ਨਾਮ ॥ ਆਨੰਦ ਰੂਪ ਕੀਰਤਨ ਬਿਸ੍ਰਾਮ ॥
ਮਿਤ੍ਰ ਸਤ੍ਰ ਅਘ ਕਾਟਨ ਹਾਰਾ ॥ ਦੋਖ ਦੂਰ[1] ਕਰਨ ਜੀਅ ਕੇ ਦਤਾਰਾ ॥
ਸੂਰਬੀਰ ਬਚਨੁ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥3॥
ਤਾਂ ਕਾ ਸੰਗੁ ਬਾਂਛਹਿ ਸੁਰ ਦੇਵ[2] ॥ ਅਮੋਘੁ ਦਰਸਨ ਸਫਲ ਜਾਕੀ ਸੇਵਾ ॥
ਕਰ ਜੋੜਿ ਨਾਨਕ ਕਰੇ ਅਰਦਾਸ ॥ ਮੋਹਿ ਸੰਤ ਟਹਿਲ ਦੀਜੈ ਗੁਣ ਤਾਸ ॥4॥

॥ ਚੌਪਈ ॥

ਐਸੇ ਲਛਨ ਜਿਨ ਮੋ ਪਾਵੋ ॥ ਹਰੀ[3] ਜਾਨ ਤਿਸ ਸੇਵ ਕਮਾਵੋ ॥
ਸੰਤ ਸਦਾ ਸਭੁ ਕੋ ਹਿਤੁ ਬਾਂਛੈ ॥ ਗਯਾਨ ਉਪਦੇਸਿ ਅਗਯਾਨ ਬਿਨਾਸੇ ॥373॥
ਤਾਤ ਮਾਤ ਸੁਤ ਜੁਵਤੀ ਪਾਈ ॥ ਹੈ ਗੈ ਰਾਜ ਮਿਲੈ ਸੁਖਦਾਈ ॥
ਲੋਕ ਪ੍ਰਲੋਕ ਸਰਬ ਸੁਖ ਪਾਵੈ ॥ ਸਾਧ ਸੰਗਿ ਬਿਨੁ ਨਰਕਿ ਸਿਧਾਵੈ ॥374॥
ਕਾਮ ਕ੍ਰੋਹ ਜਿਨਿ ਨਿੰਦਾ ਤਯਾਗੀ ॥ ਪਾਂਪ ਪੁੰਨ ਬਿਨੁ ਸੰਤ ਨ ਰਾਗੀ ॥
ਨਾਮ ਬਿਨਾ ਜਿਨ ਅਵਰੁ ਨ ਕਾਮਾ ॥ ਪਰ ਉਪਕਾਰ ਕਰੈ ਵਸੁ ਜਾਮਾ ॥375॥

॥ ਦੋਹਰਾ ॥

ਸੰਤਨ ਸੇਵਾ ਸੁਖ ਘਨੋ ਦੁਖ ਨਹਿ ਉਪਜੈ ਮੂਲ ॥
ਕੋਟਿ ਸੁ ਪਾਪੀ ਤਰ ਗਏ ਸੰਸ੍ਰਤ ਮੇਟਤ ਸੂਲ ॥375॥

---

1. ਮੂਲ ਪੋਥੀ ਦੂਰਨ   2. ਅ, ੲ ਪੋਥੀ ਸੁਰ ਦੇਵ   3. ੲ ਪੋਥੀ ਪ੍ਰਭੂ

॥ ਚੌਪਈ ॥

ਸੂਜਾ ਸਿੰਘ ਗੁਰ ਬਾਨੀ ਸੁਨ ਕੇ ॥ ਭਯਾ ਮਗਨੁ ਬਹੁ ਆਨੰਦ ਗੁਨ ਕੇ ॥
ਸ੍ਰੀ ਗੁਰ ਕੀ ਤਬ ਆਗਿਆ ਲੀਨੀ ॥ ਗੁਰ ਕ੍ਰਿਪਾਤ ਤੇ ਹਰਿ ਰਸੁ ਭੀਨੀ ॥377॥
ਕਰ ਪਰਣਾਮੰ ਭਵਨ ਸਿਧਾਇਆ ॥ ਮਨੁ ਬਾਂਛਤ ਗੁਰ ਤੇ ਵਰੁ ਪਾਇਆ ॥
ਆਪਿ ਗੁਰੂ ਜੀ ਭਏ ਤਿਯਾਰ ॥ ਕੁਲ ਗਿਰਾਵ ਆਏ ਸੁਖ ਧਾਰ ॥378॥
ਆਦਿ ਸਿਵਰੁ ਘਰਿ ਮਹਿ ਲਾਗਏ ॥ ਗ੍ਰਾਮ ਲੋਕ ਸਭ ਮਿਲਨੇ ਆਏ॥

**(ਬੇਈਮਾਨ ਨੂੰ ਸਜ਼ਾ ਦੇਣੀ)**

ਇਕੁ ਚੰਗਿਆਰੁ ਗੁਰੂ ਬੋਲਾਵਾ ॥ ਤਿਲਾ ਗਾਤ੍ਰਾ ਤਿਸੇ ਦਿਵਾਵਾ ॥379॥
ਜਾਇ ਬਨਾਇ ਦੇਰੁ ਨਹਿ ਕੀਜੈ ॥ ਤਿਲਾ ਚੁਰਾਇ ਨਯਾ ਮੋ ਲੀਜੈ ॥
ਕਹੇ ਚੰਮਿਆਰੁ ਸੁਨੋ ਗੁਰ ਪੂਰੇ ॥ ਤੁਮਰੀ ਮਹਿਮਾ ਜਗ ਭਰਪੂਰੇ ॥380॥

॥ ਦੋਹਰਾ ॥

ਸਤਯੇਨ ਕੀਨੀ ਮੈ ਕਬੇ ਅਬੈ ਚੁਰਾਵੋਂ ਕੈਸ ॥
ਜੇ ਚੋਰੀ ਹੁਇ ਮੁਝੈ ਤੇ ਦੇਵੋ ਢੰਡ ਵਿਸੇਸ ॥381॥

॥ ਚੌਪਈ ॥

ਐਸੇ ਕਹਿ ਅਪੁਨੇ ਘਰੁ ਆਵਾ ॥ ਗਾਤ੍ਰਾ ਲੀਨਸ ਤੁਰਤ ਬਨਾਵਾ ॥
ਗੁਰ ਕੇ ਆਗੇ ਆਨੁ ਸੁ ਰਾਖਾ ॥ ਦੇਖ ਬਨਾਵੰ ਸ੍ਰੀ ਗੁਰ ਭਾਖਾ ॥382॥
ਆਛ ਬਨਾਵਾ ਤਿਲਾ ਨ ਸਾਰਾ ॥ ਲੀਨ ਚੁਰਾਵ ਮਹਾ ਗਵਾਰਾ ॥
ਮੈ ਨ ਚੁਰਾਵਾ ਸ੍ਰੀ ਗੁਰ ਪੂਰੇ ॥ ਕਹੋ ਸਾਚ ਨਹਿ ਭਾਖੋਂ ਕੂਰੇ ॥383॥
ਕਮਲਨੈਨ ਤਬ ਬੈਨ ਬਖਾਨਾ ॥ ਜੇ ਤੁਹਿ ਤਿਲਾ ਚੋਰਾਵਨ ਠਾਨਾ ॥
ਏਕ ਮੂਛ ਚਿਟੀ ਤਵ ਹੋਵੈ ॥ ਔਰ ਸਮਸ ਕਾਲੀ ਸਭ ਜੋਵੈ ॥384॥
ਮੂਛ ਸੁ ਦਾੜੀ ਕਾਲੀ ਦੀਸੈ ॥ ਸੇਤ ਰੋਮ ਨਹਿ ਕੋਈ ਹੀ ਸੈ ॥
ਸਭ ਕੇ ਮਨ ਮਧਿ ਅਟਪਟਿ[1] ਲਾਗੀ ॥ ਇਸ ਦੇਖਨਿ ਕੀ ਪ੍ਰੀਤੀ ਜਾਗੀ ॥385॥

॥ ਦੋਹਰਾ ॥

ਲਈ ਮਜੂਰੀ ਗੁਰੂ ਤੇ ਚਲਾ ਸਦਨ ਹਰਖਾਰ ॥
ਅਸਨ ਪਾਇ ਨਿਸ ਸੋਇਓ ਜਾਗਾ ਹੁਇ ਭੁਨਸਾਰ ॥386॥

॥ ਚੌਪਈ ॥

ਏਕ ਮੂਛਿ ਹੁਇ ਸੇਤ ਇਸ ਗਈ ॥ ਤੀਯਾ ਦੇਖਿ ਮਨ ਬਿਸਮੈ ਭਈ ॥
ਤਿਸ[2] ਨੇ ਕੰਤ ਜਗਾਵਨ[2] ਕੀਨੀ । ਮੂਛਿ ਏਕ ਤਵ ਚੀਟੀ ਚੀਨੀ ॥387॥
ਸੁਨਤ ਗਵਾਰ ਮਹਾਂ ਦੁਖੁ ਪਾਵਾ ॥ ਬਨੋਏ ਮਾਨੋ ਬਿਤ ਗਵਾਵਾ ॥
ਆਵਾ ਗੁਰ ਪਹਿ ਬਿਨੇ ਬਖਾਨੀ ॥ ਮੈ ਭੂਲਾ ਤੁਮ ਸਭ ਗੁਨ ਖਾਨੀ ॥388॥

---

1. ਅ ਪੋਥੀ ਸੁ
2. ਅ ਪੋਥੀ ਪਾਠਾਂਤਰ : ਤੇ ਬਾਦ ਜਨਾਵਨ

ਮੰਦ ਮੰਦ ਹਸਿ ਸ੍ਰੀ ਗੁਰ ਭਨਯੋ ॥ ਤਿਲਾ ਚੁਰਾਵਾ ਹਠ ਮਨ ਠਨਯੋ ॥
ਏਕ ਮੂਛਿ ਤਵ ਸਿਤ ਹੀ ਰਹੇ ॥ ਔਰ ਸਮ੍ਰਸ ਕਾਲੀ ਸਦ ਗਹੇ ॥389॥
ਦਿਖ ਕੌਤਕੁ ਸਭ ਅਚਰਜੁ ਮਾਨਾ ॥ ਗੁਰ ਕੇ ਵਾਕ ਧਨੰਜੈ ਬਾਨਾ ॥
ਸਭ ਕੇ ਮਨ ਭੈ ਉਪਜਾ ਭਾਰੀ ॥ ਰਹਿ ਅਨੁਸਾਰੀ ਮਨ ਹਿਤ ਧਾਰੀ ॥390॥

## (ਅੰਮ੍ਰਿਤਸਰ ਦੀ ਸੰਗਤ ਦੀ ਕਥਾ)

॥ ਦੋਹਰਾ

ਫਾਗਨ ਮਾਸ ਸੁਹਾਵਨੋ ਹੋਲੇ ਕੋ ਦਿਨੁ ਆਇ ॥
ਆਨੰਦਪੁਰ ਹੋਲਾ ਭਯੋ ਸੰਗਤਿ ਗੁਹ ਗੁੰਹ[1] ਜਾਇ ॥391॥

॥ ਚੌਪਈ ॥

ਅੰਮ੍ਰਿਤ ਸਰ ਕੀ ਚਉਕੀ ਆਈ ॥ ਕੁਲ ਗਿਤਾਵ[2] ਕੇ ਪਾਸ ਲੰਘਾਈ ॥
ਸਾਮ ਸਿੰਘ ਗ੍ਰਿਥੀ ਹੈ ਨਾਲ ॥ ਮਨਸਾ ਸਿੰਘ ਰਾਗੀ ਮਿਲ ਚਾਲ ॥392॥
ਦੋਦਾ ਸੈ ਗੁਰ ਸਿਖਨ ਪੰਗੰਤਿ ॥ ਮਿਲ ਕਰ ਚਾਲੇ ਹਰਿ ਰੰਗਿ ਰੰਗਤਿ ॥
ਸ੍ਰੀ ਗੁਰ ਸਾਹਿਬੁ ਖੇਤ ਕਨਾਰੇ ॥ ਥਿਰੇ ਹੁਤੇ ਚਿਤੁ ਹਰਖੰ ਧਾਰੇ ॥393॥
ਕਿਤਨਕਿ ਨੇ ਮਿਲਿ ਬੰਦਨ ਕੀਨੀ ॥ ਚੱਲੇ ਅਗਰ ਕੌ ਦੇਰ ਬਹੀਨੀ ॥
ਸ੍ਰੀ ਗੁਰ ਸਭ ਕੇ ਅਗ੍ਰੇਜ ਹੋਏ ॥ ਆਗਾ ਰੋਕਾ ਬੈਨੰ ਗੋਏ ॥394॥
ਚਲ ਤੁਮ[1] ਉਤਰੋ ਰਾਤ ਰਹੀਜੈ ॥ ਅਸਨ ਕਰਾਵੈ ਮਗ ਸ੍ਰਮ ਛੀਜੈ ॥
ਸਾਮਸੁ ਕੇ ਸਰਿ ਨਾਹਿਨ ਮਾਨੀ ॥ ਹਮ ਨੇ ਜਾਨਾ ਇਹੁ ਦ੍ਰਿੜ ਠਾਨੀ ॥395॥

॥ ਦੋਹਰਾ ॥

ਭਾਈ ਮਨਸਾ ਸਿੰਘ[4] ਕਹੇ ਰਹੈ ਆਜ ਇਸ ਠੌਰ ॥
ਬੇਦੀ ਸਾਹਿਬੁ ਕਹਿਤ ਹੈ ਚਲੈ ਹੋਤ ਹੀ ਭੋਰ ॥396॥

॥ ਚੌਰਈ ॥

ਚਲੇ ਅਕਾਲੀ ਕਿਨੇ ਨ ਮਾਨੀ ॥ ਸ੍ਰੀ ਗੁਰੂ ਸਾਹਿਬੁ ਤੂਸਨ ਠਾਨੀ ॥
ਜਬ ਤਿਨ ਜਾਵਨ ਅਗ੍ਰਜ ਕੀਨੋ ॥ ਆਈ ਆਂਧੀ ਜਾਇ ਚੀਨੋ ॥397॥
ਚਾਰਿ ਘਟੀ ਅਸ ਆਂਧੀ ਚਾਲੀ ॥ ਓਰੇ ਬਰਖਾ ਭਈ ਬਿਸਾਲੀ ॥
ਆਗੇ ਸੁ ਆਇ ਚਲੇ ਅਪਾਰੀ ॥ ਸਭ ਕੋ ਸ੍ਰਮ ਬਹੁ ਹੋਵਾ ਭਾਰੀ ॥398॥
ਭਏ ਲਚਾਰ ਨ ਕੋ ਬਸ ਚਾਲੇ ॥ ਲਜਤ ਹੋਇ ਬਹੁਰੁ ਹਟ ਆਲੇ ॥
ਬਰਖਾ ਆਂਧੀ ਹੁਇ ਗਈ ਦੂਰੀ ॥ ਗੁਰ ਪ੍ਰਤਾਪੁ ਜਾਨਾ ਮਨੁ ਭੂਰੀ ॥399॥
ਹੁਇ ਦੀਨ ਗੁਰ ਚਰਨੀ ਲਾਗੇ ॥ ਕਹਾ ਨ ਮਾਨਾ ਦੁਖ ਮੋ ਪਾਗੇ ॥
ਸ੍ਰੀ ਗੁਰ ਸਾਹਿਬ ਸਿਵ੍ਰ ਕੌਰਵਾਵਾ ॥ ਮਾਤ ਅਨੰਤੀ ਪ੍ਰਤ ਇਵ ਗਾਵਾ ॥400॥

---

1. ੲ ਪੋਥੀ ਚਲਿ ਚਲਿ
2. ੲ ਪੋਥੀ ਗਾਓ
3. ਅ ਪੋਥੀ ਸੁ 4. ੲ ਪੋਥੀ ਹਰਿ

॥ ਦੋਹਰਾ ॥

ਭੋਜਨੁ ਕਰੋ ਤਿਯਾਰੁ ਅਬ ਸਭ ਕੋ ਦੇਹੁ ਛਕਾਇ ॥
ਮਾਤਾ ਕਹਿ ਕਰ ਜੋਰੁ ਚੂਨ ਸੁ ਕਿੰਚਤ ਆਇ ॥401॥

॥ ਚੌਪਈ ॥

ਸ੍ਰੀ ਗੁਰ ਬੋਲੇ ਚਿੰਤ ਨ ਕੀਜੈ ॥ ਕਰੋ ਤਯਾਰੀ ਨਾਮੁ ਜਪੀਜੈ ॥
ਸੂਪ ਆਦਿ ਸਭ ਕੀਨਸ਼ ਤ੍ਯਾਰੀ ॥ ਕੀਨ ਤ੍ਰਿਹਾਵਲ ਮੇਵਾ ਡਾਰੀ ॥402॥
ਆਸਨ ਪਾਸ ਜਾ ਆਪ ਬਿਰਾਨੇ ॥ ਚਾਦਰ ਊਪਰਿ ਪਾਵਨ ਠਾਨੇ ॥
ਭਾਈ ਮਨਸਾ ਸਿੰਘ ਬੁਲਾਵਾ ॥ ਕਰੋ ਕੀਰਤਨੁ ਦੇਰ ਬਿਹਾਵਾ ॥403॥
ਲੰਗਰ ਮਹਿ ਪ੍ਰਸਾਦਿ ਜਿਨ ਦੇਖਾ ॥ ਸਭ ਸੰਗਤਿ ਪ੍ਰਤ ਕਹਾ ਬਿਸੇਖਾ ॥
ਤਹਾਂ ਪ੍ਰਸਾਦ ਅਲਪ ਸਾ ਦੀਜੈ ॥ ਮਾਨਸ ਤ੍ਰਿਪਤੇ[1] ਅਠ ਦਸ ਬੀਸੇ[1] ॥404॥
ਸੁਨ ਕਰ ਸਭ ਨੇ ਅਚਰਜ ਪਾਵਾ ॥ ਦੇਖਨ ਚਾਹੇ ਗੁਰ ਪਤਿਆਵਾ ॥
ਕਮਲ ਨੈਨ ਤਬ ਆਗਯਾ ਦੀਨੀ ॥ ਦਿਉ ਬਰਤਾਇ ਕਰ ਦੇਰਿ ਬਿਹੀਨੀ॥405॥

॥ ਦੋਹਰਾ ॥

ਬੈਠੀ[2] ਪੰਗਤ ਪਾਤ ਕਰ ਭੋਜਨੁ ਦਯੋ ਬਰਤਾਇ ॥
ਬਾਰ ਬਾਰ ਬਹੁ ਪੂਛਹੀ ਤ੍ਰਿਪਤ ਸਬੈ ਹਰਖਾਇ ॥406॥

॥ ਚੌਪਈ ॥

ਤੈਸੇ ਹੀ ਸਬ ਬਸਤ ਦ੍ਰਿਸਟਾਵੈ ॥ ਤੋਟਿ ਨ ਆਵੈ ਬਧਤੀ ਜਾਵੈ ॥
ਦਿਖ ਦਿਖ[3] ਮਨ ਮੈ ਅਚਰਜ ਮਾਨੈ ॥ ਗੁਰ ਪੂਰੇ ਕੇ ਚਲਤ ਮਹਾਨੇ ॥407॥
ਭਾਈ ਮਣਸਾ ਸਿੰਘ ਸਰਧਾਈ ॥ ਔਰਨ ਕੇ ਮਨਿ ਰਹੇ ਬਿਜਾਈ ॥
ਹਾਥ ਜੋਰਿ ਕਰਿ ਅਰਜੀ ਕੀਨੀ ॥ ਅਪਨੇ ਸੇਵਕੁ ਲੇਵੋ ਚੀਨੀ ॥408॥
ਸੁਨ ਅਰਜੀ ਸਤਗੁਰ ਹਰਖਾਏ ॥ ਕੰਘਾ ਦੀਨੋ ਰਿਤ ਹੁਲਸਾਏ ॥
ਲੇ ਭਾਈ ਸੋ ਸਿਰ ਮੋ ਰਾਖਾ ॥ ਪਾਇ ਅਨੰਦ ਜੁ ਸੰਤਨ ਚਾਖਾ ॥409॥

॥ ਸ੍ਵੈਯਾ ॥

ਅਰਦਾਸ਼ ਕਰੀ ਚਿਤ ਹੁਲਸਾਇ ਹਿਤੈ ਧਰ ਸ੍ਰੀ ਗੁਰ ਜੀ ਤੁਮ ਹੋ ਸੁਖਦਾਈ ॥
ਦਾਸਨ ਕੀ ਪ੍ਰਤਿਪਾਲ ਕਰੋ ਤੁਮ ਦੁਸ਼ਟਨ ਕੀ ਜਰ ਮੂਲ ਉਠਾਈ ॥
ਸਤਨਾਮ ਰਿਦੇ ਸਦ ਜਾਪਤ ਹੋ ਗੁਰ ਸ਼ਿਖਨ ਕੌ ਹਰਿ ਨਾਮ ਦ੍ਰਿੜਾਈ ॥
ਜਨਮੁ ਮਰਨੁ ਦੁਖੁ ਦੂਰ ਕਰੋ ਅਬ ਮੈ ਸਰਣਾਗਤਿ ਆਗਿਓ ਧਾਈ ॥410॥

॥ ਕਬਿਤ ॥

ਜਗਤ ਉਧਾਰਨ ਕੌ ਲੀਨੋ ਅਵਤਾਰ ਤੁਝ,
ਬੇਦਿਲ ਕੇ ਮਧੁ ਆਇ ਕੁਲ ਕੌ ਬਧਾਯੋ ਹੈ ॥

---

1. ਅ ਪੋਥੀ ਪਾਠਾਂਤਰ : ਦਸ ਕੇ ਬੀਸੈ
2. ਅ ਪੋਥੀ ਬਿਠਾਈ
3. ੲ ਪੋਥੀ ਪਿਖ ਪਿਖ

ਜਹਾਂ ਜਹਾਂ ਸਿਖਨ ਕੌ ਭੀਰ ਭੀਰ ਪਰੀ ਆਨ ਜਗਤ
ਤਹਾਂ ਤਹਾਂ ਰਛਾ ਕਰੀ ਬਿਰਧ ਅਧਿਕਾਯੋ ਹੈ ॥
ਦ੍ਰੋਪਤੀ ਉਧਾਰੀ ਤੁਧ ਸੰਕਟ ਨਿਵਾਰੀ
ਗਜ ਧਰੁਵ ਕੌ ਅਚਲ ਪਦ ਤੂ ਹੀ ਦੇਨ ਧਾਯੋ ਹੈ ॥
ਦੁਖਤ ਸਰਨ ਆਇ ਗਏ ਹੈ ਚਰਨ ਧਾਇ
ਤਾਰਨ ਤਰਨ ਨਿਜ ਹਾਥੁ ਦੇ ਬਚਾਯੋ ਹੈ ॥411॥

॥ ਚੌਪਈ ॥

ਐਸੀ ਉਸਤਤਿ[1] ਭਾਈ ਕੀਨੀ ॥ ਸ੍ਰੀ ਗੁਰਬਾਨੀ ਭਈ ਨਵੀਨੀ ॥
ਭਾਈ ਮਣਸਾ ਸਿੰਘ ਬੁਧੀਸਾਰ ॥ ਗੁਰਸਿਖੀ ਮੈ ਹੈ ਅਤਿਸੇ ਬਾਰ ॥412॥
ਅਬ ਅਪੁਨੇ ਗ੍ਰਹ ਮਾਂਹਿ ਸਿਧਾਵੋ ॥ ਊਨੇ ਸਾਹਿਬੁ ਆਇ[2] ਰਹਾਵੋ ॥
ਸਤ ਬਚਨੁ ਕਹਿ ਡੇਰੇ ਆਵਾ ॥ ਸੇਵਾ ਨਿਸ ਸੁਖ ਰਵ ਉਦ ਆਵਾ ॥413॥
ਸੋਇ ਉਠੇ ਸਭ ਕੀਨ ਤਿਯਾਰੀ ॥ ਗੁਰ ਕੌ ਸਭ ਨੇ ਬੰਦਨ ਧਾਰੀ ॥
ਚਲਤ ਭਏ ਤਬ ਦੇਰ ਬਿਹਾਈ ॥ ਬਾਰ ਬਾਰ ਗੁਰ ਕੇ ਗੁਨ ਗਾਈ ॥414॥

**(ਮਿਹਰ ਸਿੰਘ ਦੀ ਕਥਾ)**

॥ ਦੋਹਰਾ ॥

ਕੁਜਰਵਾਲੰ ਮੋ ਸਿਖ ਰਹੇ ਮੇਹਰ ਸਿੰਘ ਜਿਸੁ ਨਾਮੁ ॥
ਗੁਰ ਕੀ ਕੀਰਤਿ ਸੁਨਤ ਹੀ ਉਪਜੀ ਪ੍ਰੀਤ ਅਕਾਮ ॥415॥
ਚਲਨ ਤਿਯਾਰ ਤਬ ਹੋਤ ਭਾ ਤਾਤ[3] ਕਹੇ ਸਮਝਾਇ ॥
ਸੁਤ ਅਬ ਛੇਤੀ ਨਹਿ ਕਰੋ ਚਲੈ ਸਮਾ ਜਬ ਆਇ ॥416॥

॥ ਚੌਪਈ ॥

ਹੀਰਾ ਹਰਿ ਨੇ ਬਹੁ ਸਮਝਾਵਾ ॥ ਮਿਹਰ ਸਿੰਘ ਚੋਰੀ ਉਠਿ ਧਾਵਾ ॥
ਬਰਖਾ ਰੁਤ ਬਰਖੈ ਬਹੁ ਬਾਰੀ ॥ ਮੇਘ ਸੁ ਆਵੈ ਭਰਿ ਭਰਿ ਬਾਰੀ ॥417॥
ਚਲਤੁ ਭਯੋ ਮਨਿ ਨਾਂਹਿ ਡੁਲਾਵਾ ॥ ਗੁਰੂ ਭਰੋਸਾ ਮਨ ਦ੍ਰਿੜ ਆਵਾ ॥
ਨਾਰਾ ਜਲ ਕੋ ਅਗਰ ਸੁ ਆਯੋ ॥ ਦੇਰ ਨ ਕੀਨਸ ਜਲ ਮਗਨਾਯੋ ॥418॥

॥ ਦੋਹਰਾ ॥

ਜਲ ਤਾਰੂ ਮੈ ਅਬ ਗਯੋ ਖਾਯੋ ਗੋਤਾ ਏਕ ॥
ਸਾਰਿ ਸੰਗਿਰੂ ਪੁਕਾਰਤਾ ਆਏ ਜਲਧ ਬਿਬੇਕ ॥419॥

॥ ਸ੍ਵੈਯਾ ॥

ਆਨ ਭੁਜਾ ਗੁਰ ਨੇ ਗਹਿ ਲੀਨ ਸੁ ਜੈਸ ਗਜਿੰਦ੍ਰੈ ਡੂਦੜ ਰਾਖਾ ॥

1. ੲ ਪੋਥੀ ਕੀਰਤੀ
2. ੲ ਪੋਥੀ ਜਾਇ
3. ੲ ਪੋਥੀ ਪਿਤਾ

ਜਲ ਤੇ ਤਤਕਾਲ ਸੁ ਪਾਰ ਕੀਯੋ ਤਬ ਲੋਪ ਭਏ ਨਕਿ ਦੀਸਤ ਆਂਖਾ ॥
ਗੌਰ ਸੁ ਮੂਰਤਿ ਧਯਾਂਨ ਧਰੇ ਮਧੁ ਦੇਖਨ ਕੀ ਜਬ ਬਧੀ ਅਭਿਲਾਖਾ ॥
ਹੋਇ ਮਗੀਨ ਗਯੋ ਰਿਦ ਅੰਤਰਿ ਜਯੋ ਮਦਰਾ ਕਿਨ ਲੀਨ ਸੁ ਚਾਖਾ ॥425॥

॥ ਕਬਿਤ ॥

ਜੈਸੇ ਚਕੀ ਚੰਦ ਕੌ ਕੋ ਕੀਜਯੋ/ਦਿਨਾਦਰ ਜਯੋ
ਭੌਰ ਚਾਹੇ ਕੰਜ ਕੌ ਕੋਇਲਾ ਘਨ ਚਾਹਿ ਵਹੀ ॥
ਜਤੇ ਚਾਹੇ ਜਤ ਕੌ ਜਯੋਂ ਸਤੀ ਚਾਹੇ ਸਤ ਕੌ
ਤਪੀ ਚਾਹੇ ਤਪ ਕੌ ਜਯੋ ਸਫਰੀ ਕਿਹਿ ਤਾਵਹੀ ॥
ਰਾਟ ਚਾਹੇ ਰਾਜ ਕੌ ਨਾਰ ਜਯੋ ਸੁਹਾਗ ਕੌ
ਆਪਗਾ ਜਲੇਸ ਕੌ ਜ਼ਯੋ ਏਣ ਨਾਦ ਸੁ ਭਾਵਹੀ ॥
ਮਿਹਰ ਮ੍ਰਿਗੇਸ ਮਨ ਉਠੀ ਪ੍ਰੀਤ ਐਸੇ ਮਾਨੋ
ਜੈਸੇ ਖਗ ਪਤਿ ਦੌਰ ਹਰ ਪੈ ਸੁ ਜਾਵ ਹੀ ॥421॥

॥ ਦੋਹਰਾ ॥

ਕੁਲ ਗਿਰਾਇ[1] ਮਧੁ ਜਾਤ ਭਾ ਖੜਾ ਭਯੋ ਜੁਗ ਜੋਰੁ ॥
ਸ੍ਰੀ ਬੇਦੀਸ[2] ਬੁਲਾਇਆ ਮਿਹਰ ਸਿੰਘ ਸੁਖ ਤੋਰ ॥422॥

॥ ਸ੍ਵੈਯਾ ॥

ਗੁਰਬਾਨੀ ਅਮੋਲ ਸੁਨੀ ਕਰਨਾ ਤਬ ਦੌਰ ਗਹੇ ਗੁਰ ਕੇ ਚਰਨਾ ॥
ਔਰ ਭਰੋਸ ਤਿਆਗੁ ਦੀਏ ਮਨ ਲੀਨ ਰਿਦੇ ਗੁਰ ਕੋ ਪਰਨਾ ॥
ਨੈਨਨ ਤੇ ਚਲ/ਧਾਰ ਚਲੀ ਤਬ ਪ੍ਰੇਮ ਪ੍ਰਵਾਹੁ ਭਯੋ ਧਰਨਾ ॥
ਜਲ ਡੂਬ ਗਯੋ ਗੁਰ ਕਾਢ ਲਯੋ ਮੁਹਿ ਸ੍ਰੀ ਗੁਰ ਕੁਲ ਵਖੇ ਤਰਨਾ ॥423॥

॥ ਚੌਪਈ ॥

ਦੂਨ ਮਾਂਹਿ ਮਮ ਭੂਲ ਸੋ ਗਿਯੋ ॥ ਭੂਖ ਸੁ ਪਿਆਸੁ ਬਿਆਕਲ ਕਿਯੋ ॥
ਹੋਇ ਦੁਖਤ ਤਵ ਨਾਮ ਪੁਕਾਰਾ ॥ ਦੀਨ ਜਾਨ ਪ੍ਰਭ ਬਿਰਦ ਸਮਾਰਾ ॥424॥
ਐਸੇ ਕੀਜਹਿ ਅੰਤੁ ਸਹਾਇ ॥ ਬਹੁਰ ਨ ਜਨਮੋ ਜਗ ਮੇ ਆਇ ॥
ਸ੍ਰੀ ਕਮਲਾਨਨ[3] ਬੈਨ ਬਖਾਨਾ ॥ ਵਾਹਗੁਰੂ ਸਿਮਰੋ ਸੁਖ ਦਾਨਾ ॥425॥
ਸੰਤਨ ਸੇਵੋ ਅਰੁ ਵੰਡ ਖਾਵੋ ॥ ਮਧੁਰ ਬੋਲ ਨ ਕਟਕ ਅਲਾਵੋ ॥
ਗੁਰਬਾਨੀ ਪਠੀਏ ਹਿਤ ਲਾਈ ॥ ਰਿਦ ਮੈ ਸਾਂਤ ਵਸੈ ਤਬ ਆਈ ॥426॥

॥ ਟੋਡੀ ਮਹਲਾ 5 ॥

ਨੀਕੇ ਗੁਣ ਗਾਉ ਮਿਟ ਹੀ ਰੋਗੁ ॥
ਮੁਖ ਊਜਲ ਮਨ ਨਿਰਮਲੁ ਹੋਈ ਐ ਤੇਰਾ ਰਹੈ ਈਹਾ ਊਹਾ ਲੋਗੁ ॥ਰਹਾਉ॥

1. ਏ ਪੋਥੀ ਗ੍ਰਾਮ
2. ਏ ਪੋਥੀ ਸ੍ਰੀ ਸਤਿਗੁਰ
3. ਏ ਪੋਥੀ ਕਰੁਣਾਨਿਧਿ

ਚਰਨ ਪਖਾਰ ਕਰਉ ਗੁਰ ਸੇਵਾ ਮਨਹਿ ਚਰਾਵਉ ਭੋਗੁ ॥
ਛੋਡਿ ਆਪਤ ਬਾਦ ਅਹੰਕਾਰਾ ਮਾਨ ਸੋਈ ਜੋ ਹੋਗੁ ॥1॥
ਸੰਤ ਟਹਲ ਸੋਈ ਹੈ ਲਾਗਾ ਜਿਸੁ ਮਸਤਕਿ ਲਿਖਿਆ ਲਿਖੋਗੁ ॥
ਕਹੁ ਨਾਨਕ ਏਕ ਬਿਨ ਦੂਜਾ ਅਵਰੁ ਨ ਕਰਣੈ ਜੋਗੁ ॥2॥1॥

(ਅੰਮ੍ਰਿਤਸਰ ਜਾਣ ਦੀ ਕਥਾ)

॥ ਦੋਹਰਾ ॥

ਮਿਹਰ ਸਿੰਘ ਕੌ ਸਤਿਗੁਰੂ ਕੀਨੋ ਐਸ ਨਿਹਾਲ ॥
ਅੰਮ੍ਰਿਤਸਰ ਗੁਰ ਜਾਨ ਕੀ ਬਰਨੋ ਕਥਾ ਰਸਾਲ ॥428॥

॥ ਚੌਪਈ ॥

ਏਕ ਦਿਵਸ ਗੁਰ ਕੀਨ ਤਯਾਰੀ ॥ ਭੇ ਸਵਾਰ ਗੁਰ ਬਿਲਮ ਬਿਸਾਰੀ ॥
ਤਯਾਗ ਦੁਆਬੇ ਮਾਝੇ ਆਏ ॥ ਅੰਮ੍ਰਿਤਸਰੁ ਕੇ ਮਾਸ ਪੁਜਾਏ ॥429॥
ਗੁਬਿਨ ਕੂ ਕਨਾਰੇ ਉਤਰੇ ॥ ਪਲਘ ਵਿਛੋਨ ਵਿਛਾਏ ਸੁਥਰੇ ॥
ਭਾਈ ਮਣਸਾ ਸਿੰਘ ਸੁਨ ਪਾਯੋ ॥ ਆਇ ਸਿਵਰ ਸ੍ਰੀ ਗੁਰੂ ਅਲਾਯੋ ॥435॥
ਲੇ ਅਕੋਰ ਕਰ ਮਿਲਨੇ ਗਏ ॥ ਬਹੁਤ ਭਾਵ ਕਰ ਚਰਨਨ ਨਏ ॥
ਸ੍ਰੀ ਕਮਲਾਨਨ ਆਦਰ ਦੀਨਾ ॥ ਭਾਈ ਸਬਦੁ ਪੜਾ ਰਸ ਭੀਨਾ ॥431॥
ਸੋ ਦਰ ਪੜਿ ਰਹਿਰਾਸ ਉਚਾਰੀ ॥ ਕਰ ਅਰਦਾਸ ਭਏ ਹਰਖਾਰੀ ॥
ਹਾਥ ਜੋਰ ਸਭ ਸੀਸ ਨਿਵਾਵੈਂ ॥ ਪਿਖ ਗੁਰ ਮੂਰਤਿ ਬਲਿ ਬਲਿ ਜਾਵੈ ॥432॥

॥ ਦੋਹਰਾ ॥

ਸੂਪਕਾਰ[1] ਪ੍ਰਸਾਦਿ ਕਰ ਲਯਾਂਵਾ ਗੁਰੂ ਹਜੂਰ ॥
ਅਚਵਨ ਕੀਨਾ ਸਤਿਗੁਰੂ ਜਿਨ ਦਰਸੇ ਅਘ ਚੂਰ ॥433॥

॥ ਚੌਪਈ ॥

ਸੀਤ ਗੁਰੂ ਕਾ ਸਭ ਨੇ ਲੀਨਾ ॥ ਬਹੁ ਪ੍ਰੀਤੀ ਕਰ ਅਚਵਨ ਕੀਨਾ ॥
ਲੇ ਆਗਿਯਾ ਸਭ ਘਰ ਮੇਂ ਗਏ ॥ ਸ੍ਰੀ ਗੁਰ ਤਹਾਂ ਬਿਰਾਜਤ ਭਏ ॥434॥
ਰੈਨ ਬਤੀਤੀ ਕਹੀ ਗੁਰ ਪੂਰੇ ॥ ਜਿਨ ਕੇ ਵਾਕ ਨ ਹੋਵਤ ਊਰੇ ॥

(ਸੱਪ ਦੀ ਕਥਾ)

ਬਰਮੀ ਤੇ ਇਕ ਨਿਕਸਾ ਭੋਗੀ ॥ ਲੰਬ ਡੀਲ[2] ਹੈ ਅਤਸੇ ਰੋਗੀ ॥435॥
ਕੀਟ ਬਹੁਤ ਜਹ ਕਟ ਕਟ ਖਾਂਹੀ ॥ ਭਯੋ ਦੁਖਤ ਨਹਿ ਜੋਰ ਚਲਾਹੀ ॥
ਕਮਲ ਬਦਨ ਜੀ ਦੇਖਨ ਕੀਨਾ ॥ ਗੰਡਾ ਸਿੰਘ ਪ੍ਰਤੀ ਕਹਿ ਦੀਨਾ ॥436॥
ਸ੍ਰੀ ਦਰਬਾਰੁ ਕਾ ਹੈ ਪੂਜਾਰੀ ॥ ਪੂਜਾ ਖਾਈ ਅਪਰ ਅਪਾਰੀ ॥
ਭਜਨੁ ਨ ਕੀਨਾ ਮਹਾਂ ਗਵਾਰੈ ॥ ਕਿਮ ਸੁਖ ਪਾਵੈ ਹਰਿ ਕੇ ਦੁਆਰੇ ॥437॥

1. ੲ ਪੋਥੀ ਲਾਂਗਰੀ 2. ਅ ਪੋਥੀ ਡਰੀ

॥ ਦੋਹਰਾ ॥

ਗੰਡਾ ਸਿੰਘ ਜੁ ਲਾਂਗਰੀ ਤਿਨ ਕੀਨੋ ਬੀਚਾਰੁ ॥
ਗੁਰ ਆਗੇ ਅਰਜੀ ਕਰੋ ਇਸ ਕ੍ਰਾ ਹੋਇ ਉਧਾਰ ॥438॥

॥ ਚੌਪਈ ॥

ਗੁਰ ਜੀ ਇਸ ਪਰ ਕੀਜੈ ਕਰਨਾ ॥ ਆਇ ਲੀਨ ਇਸ ਤੁਮਰਾ ਪਰਨਾ ॥
ਕਮਲਾਨਨ ਤੇ ਬੈਨ ਬਖਾਨੇ ॥ ਕੀਨੇ ਅਘ ਇਸ ਕੋਟ ਮਹਾਨੇ ॥439॥
ਗੰਡਾ ਸਿੰਘ ਕਹੇ ਕਰਿ ਜੋਰੀ ਅਬ ਇਸ ਕੀ ਗੁਰ ਮੇਟੋ ਖੋਰੀ ॥
ਪਤਿਤ ਉਧਾਰਨ ਤੁਮਰੋ ਬਾਨਾਂ ॥ ਐਸੇ ਗਾਵਤ ਬੇਦ ਪੁਰਾਨਾ ॥440॥
ਅਰਜੀ ਸਿਖ ਨੇ ਐਸੇ ਕੀਨੀ ॥ ਪਰ ਉਪਕਾਰ ਬਿਖੇ ਬੁਧ ਭੀਨੀ ॥
ਸ੍ਰੀ ਗੁਰ ਜੀ ਤਬ ਨੀਰ ਮੰਗਾਵਾ ॥ ਵਾਹਿਗੁਰੂ ਕਹਿ ਛੀਟ ਦਿਵਾਵਾ ॥441॥
ਦੇਹ ਪਲਟ ਤਿਸ ਨੇ ਤਬ ਲੀਨੀ ॥ ਨਿਰਜੁਰ ਹੋਵਾ ਦੋਰੁ ਬਿਹੀਨੀ ॥
ਹਾਥ ਜੋਰ ਜਸ ਗੁਰ ਕੋ ਕੀਨੋ ॥ ਜਾਤੇ ਪਾਯੋ ਪਦ ਨਵੀਨੋ ॥442॥

॥ ਦੋਹਰਾ ॥

ਜਗਤ ਉਧਾਰਨ ਕਾਰਨੇ ਲੀਨੋ ਨਰੁ[1] ਅਵਤਾਰੁ ॥
ਮੁਹਿ ਪਾਪੀ ਕੋ ਤਾਰਿਓ ਕੀਨੋ ਭਵ ਤੇ ਪਾਰ ॥443॥
ਪਾਨ ਜੋਰ ਸਿਰ ਨ੍ਯਾਇ ਕਰ ਉਸਤਤਿ ਹਰਖਾਇ ॥
ਪਾਦ ਪਦਮ ਸ੍ਰੀ ਗੁਰੂ ਕੇ ਦੀਨੋ ਨੈਨ ਲਗਾਇ ॥444॥

॥ ਚੌਪਈ ॥

ਤੂ ਹੀ ਮੀਨ ਕਛਪ ਤਨ ਧਾਰਾ ॥ ਤੂ ਹੀ ਕੋਲ ਨਰ ਹਰਿ ਅਵਤਾਰਾ ॥
ਤੂੰ ਬਾਵਨ ਦਿਜੂ ਰਾਜ ਭਯੋ ਹੈ ॥ ਹੁਇ ਰਾਘਵ ਨਿਸ ਚਰਨ ਛਯੋ ਹੈ ॥445॥
ਹੁਇ ਲਦ ਚੰਦ ਕੰਸ ਪੈ ਕ੍ਰੋਧਾ ॥ ਧਰ ਅਵਤਾਰ ਧ੍ਰੂਵ ਪਰਬੋਧਾ ॥
ਤੂੰ[2] ਨਾਨਕ ਗੋਬਿੰਦ ਮ੍ਰਿਗੇਸਾ ॥ ਜਿਹ ਗੁਨ ਗ੍ਰਾਮਿ ਗਾਇ ਨਿਤ ਸੇਸਾ ॥446॥
ਮੈ ਪਾਪੀ ਉਧਾਰਨ ਹੇਤਾ ॥ ਫਿਰ ਅਵਤਾਰਿਯੋ ਬੇਦ ਸੰਕੇਤਾ ॥
ਧਰਮੁ ਧੁਰਮ ਕੋ ਪੰਥ ਚਲਾਯੋ ॥ ਸਤਿਗੁਰ ਸਾਹਿਬ ਸਿੰਘ ਕਹਾਯੋ ॥447॥
ਕਰ ਅਸ ਉਸਤਤਿ ਲੋਪ ਸੁ ਹੋਵਾ ॥ ਜਨਮ ਮਰਨ ਦੁਖ ਅਪਨੋ ਖੋਵਾ ॥
ਨਾਨ ਕਰਾ ਸ੍ਰੀ ਗੁਰ ਸੁਖਦਾਈ ॥ ਪਹਿਰ ਪੁਸਾਕੀ ਜਿਗਾ ਸਜਾਈ ॥448॥
ਚਢੇ ਪਵੰਗ ਗੁਰ ਪੁਰ ਮੋ ਗਏ ॥ ਅੰਮ੍ਰਿਤਸਰ ਇਸਨਾਨੰ (ਸੁ)[3] ਠੰਏ ॥
ਸਾਧ ਸੰਗਤਿ ਮਿਲ ਕੀਨੋ ਮੇਲਾ ॥ ਦੇਖ ਦਰਸੁ ਗੁਰ ਭਏ ਸੁਹੇਲਾ ॥449॥

---

1. ੲ ਪੋਥੀ ਹਰਿ
2. ੲ ਪੋਥੀ ਗੁਰੂ
3. ਅ, ੲ ਪੋਥੀ ਵਿਚੋਂ

॥ ਦੋਹਰਾ ॥
ਲੈ ਪ੍ਰਸਾਦਿ ਸ੍ਰੀ ਸਤਿਗੁਰੂ ਸ੍ਰੀ ਦਰਬਾਰ ਮਧੁ ਜਾਇ ॥
ਕਰ ਅਰਦਾਸ ਜੁ ਬਾਂਟਿਓ ਲੀਨ ਸਭੋਨ ਨੇ ਖਾਇ ॥450॥
ਮੁਸਦੀ ਗ੍ਰੰਥੀ ਰਾਗੀਅਨ ਦੀਨਾ ਬਿਤ ਗੁਰ ਦੇਵ ॥
ਚਤ੍ਰ ਲੀਨ ਪ੍ਰਦਛਨਾ ਸ੍ਰੀ ਗੁਰ ਦੇਵਨ ਦੇਵ ॥451॥
ਬੁੰਗੇ ਆਦਿ ਅਕਾਲ ਬੀ ਦਯੋ ਪ੍ਰਸਾਦਿ ਸਭ ਥਾਂਨ ॥
ਹੈ ਊਪਰਿ ਤਬ ਚਢ ਚਲੇ ਉਤਰੇ ਡੇਰੇ ਆਨ ॥452॥

(ਤੁਰਕਾਂ ਦਾ ਜ਼ੁਲਮ ਤੇ ਸਿਖਾਂ ਦੀ ਸ਼ਹੀਦੀ)

॥ ਚੌਪਈ ॥
ਭਾਈ ਮਣਸੇ ਹਰਿ ਤੇ ਆਦਿ ॥ ਭੇ ਪ੍ਰਸੰਨ ਸਤਿਗੁਰ ਪ੍ਰਸਾਦਿ ॥
ਹਾਥ ਜੋਰੁ ਕਰੁ ਅਰਜੁ ਗੁਜਾਰੀ ॥ ਬਿਨੇ ਸੁਨੋ ਸਤਿਗੁਰ ਉਪਕਾਰੀ ॥453॥
ਤੁਰਕ ਸਿਖ ਕੌ ਦੇ ਦੁਖ ਭਾਰਾ ॥ ਕੇਸ ਉਤਾਰੈ ਕਰ ਬਹੁ ਮਾਰਾ॥
ਬੀਚ ਲਹੌਰ ਪਾਪ ਕਮਾਵੈ ॥ ਹਿੰਦਨ ਕੌ ਬਹੁ ਕਸਟ ਦਿਖਾਵੈ ।454॥
ਅਸ ਬਿਨਤੀ ਜਬ ਤਿਨ ਤੇ ਕੀਨ ॥ ਤਿਨ ਕੌ ਸ੍ਰੀ ਗੁਰ ਧੀਰਜ[2] ਦੀਨ ॥
ਬੇਦੀ ਸਾਹਿਬੁਜਾਦਾ ਨਾਲ ॥ ਤਿਸ ਪ੍ਰਤਿ ਬੋਲੇ ਦੀਨ ਦਿਆਲ ॥455॥
ਬਾਬਾ ਜੀ ਕੀਜੈ ਉਪਕਾਰਾ ॥ ਸਿਖ ਪਾਵਤ ਹੈ ਦੁਖ ਅਪਾਰਾ ॥
ਹਾਥ ਜੋਰਿ ਤਿਨ ਅਰਜ ਬਖਾਨੀ ॥ ਕਰੋ ਨਿਦੇਸ ਸਰਬ ਗੁਨ ਖਾਨੀ ॥456॥

॥ ਦੋਹਰਾ ॥
ਦਿਲੀ ਪੌਰ ਲਹੌਰ ਕੇ ਅੰਤਰੁ ਦੋਵੋ ਮੀਸ ॥
ਸੀਸ ਤੁਮਾਰੋ ਗਿਰੇ ਜਬ ਤੁਰਕਨ ਕੁਲ ਹੁਇ ਖੀਸ ॥457॥

॥ ਸ੍ਵੈਯਾ ॥
ਸ੍ਰੀ ਕਮਲਾਨਨ ਬੈਨ ਭਨੇ ਜਬ ਦੇਰ ਬਿਹੂਨ ਕੀਯੋ ਗਵਨਾ ॥
ਬੀਚ ਲਾਹੌਰ ਪ੍ਰਵੇਸ ਕੀਯੋ ਜਬ ਲਾਗ ਰਹੀ ਲਿਵ ਗੁਰ ਕੇ ਚਰਨਾ ॥
ਵਾਹਗੁਰੂ ਮੁਖ ਭਾਖਤ ਹੈ ਬਹੁ ਤਯਾਗ ਜਗਤ ਜਥਾ [ਹੈ][3] ਸੁਪਨਾ ॥
ਔਰੁ ਨ ਚਾਹਿ ਰਹੀ ਮਨ ਮੈ ਉਪਕਾਰਾ ਕਰੋ ਸੁ ਲਗੀ ਲਗਨਾ ॥458॥

॥ ਚੌਪਈ ॥
ਚੰਦ੍ਰਹਾਥ ਤਬ ਖੈਂਚਨ ਕੀਨੀ ॥ ਏਕ ਮੁਗਲ ਕੇ ਸਿਰ ਮੋ ਦੀਨੀ ॥
ਧੜਸੇ ਮੂੰਡ[4] ਜੁਦਾ ਕਰੁ ਦੀਨਾ ॥ ਔਰੁ ਤੁਰਕੁ ਪਰ ਦੌਰ ਪ੍ਰਬੀਨਾ ॥459॥

---

1. ਅ ਪੋਥੀ ਸਿਖਨ
2. ੲ ਪੋਥੀ ਧੀਰ ਸੁ
3. ੲ ਪੋਥੀ ਵਿਚੋਂ
4. ਮੂਲ ਪੋਥੀ ਮੂੜ

ਹਾ ਹਾ ਕਾਰ ਭਯੋ ਅਤਿ[1] ਭਾਰੀ ॥ ਦਉਰੇ ਤੁਰਕ ਸਸਤ੍ਰ ਬਹੁ ਧਾਰੀ ॥
ਚਾਰ[2] ਤਰਫ ਤਿਨ ਘੇਰਾ ਆਈ ॥ ਚਾਹੇ ਮਾਰੇਨ ਨੇਰ ਨ ਜਾਈ ॥460॥
ਏਣ ਮਾਂਝ ਜਿਮ ਕੇਸਰ ਗਰਜਾ ॥ ਤਿਸ ਤੁਰਕਨ ਕੋ ਦੇਵੇ ਤਰਜਾ ॥
ਅਕਾਲ ਸਤਿ ਅਕਾਲ ਪੁਕਾਰਾ ॥ ਜੋ ਆਵਤ ਤਿਸ ਦੇਵਤ ਮਾਰਾ ॥461॥
ਬੈਣ ਤੇਯ ਤਿਮ ਫਣੀ ਬਿਦਾਰੇ ॥ ਗਰਜ ਗਰਜ ਤਿਮ ਤੁਰਕਨ ਮਾਰੇ ॥
ਬ੍ਰਜ ਪਾਨ ਜਿਮ ਸਿਖਰੀ ਢਾਹੇ ॥ ਤਿਮ ਤੁਰਕਨ ਕੇ ਸੀਸ ਗਿਰਾਏ ॥462॥

॥ ਦੋਹਰਾ ॥

ਸਾਤ ਤੁਰਕ ਤਹਿ ਮਾਰ ਕੇ ਦੀਨੇ ਅਪਨੇ ਪ੍ਰਾਨ ॥
ਦੇਵਨ ਦੀਨੀ ਦੁੰਦਭੀ ਚੜ ਚਾਲਾ ਬੇਮਾਨ ॥463॥
ਹਰਿ ਪੁਰ ਤੇ ਤਬ ਜਾਤ ਭਾ ਸ੍ਰੀ ਗੁਰ ਕੇ ਪ੍ਰਸਾਦਿ ॥
ਸ੍ਰੀ ਨਾਨਕ ਮੈ ਲੀਨ ਭਾ ਮਿਟ ਗਏ ਸਰਬ ਬਿਖਾਦ ॥464॥

॥ ਚੌਪਈ ॥

ਸੇਵਾ ਸਿੰਘ ਕਹੇ ਕਰ ਜੋਰੀ ॥ ਤੇਜਾ ਸਿੰਘ ਬਿਨੇ ਸੁਨ ਮੇਰੀ ॥
ਕੈਸੇ ਕੁਨਪੁ ਤਯਾਗਨ ਕੀਨਾ ॥ ਨਰ ਬ੍ਰਖੁਰਾ ਖੈ ਹੋਵੈ ਦੀਨਾ ॥465॥
ਤੇਜਾ ਸਿੰਘ ਕਹੇ ਸੁਨ ਭਾਈ ॥ ਜਿਨ ਕੇ ਮਨ ਉਪਕਾਰ ਰਹਾਈ ॥
ਤਨ ਧਨ ਕੀ ਸੋ ਕਰੈ ਨ ਆਸਾ ॥ ਪਰ ਉਪਕਾਰ ਬਿਖੇ ਮਨ ਬਾਸਾ ॥466॥
ਦਧੀਚ ਸਿਵ ਨ ਦੀਨ ਸਰੀਰ ॥ ਲਾਭੂ ਭਰਤ ਮਨ ਗਨੀ ਨ ਪੀਰ ॥
ਮੋਰ ਧੁਜ ਸਿਰ ਆਰ ਧਰਾਯੋ ॥ ਮਤੀ ਦਾਸ ਜੁਗ ਫਾਰ ਕਰਾਯੋ ॥467॥
ਧੰਨ ਧੰਨ ਤੇ ਧਨ ਜਨੁ ਆਏ ॥ ਪਰ ਉਪਕਾਰ ਵਿਖੇ ਮਨੁ ਲਾਏ ॥
ਭਾਈ ਗੁਰਦਾਸ ਯਸਿ ਤਿਨ ਕੋ ਗਾਯੋ ॥ ਪੌੜੀ[3] ਮਾਂਝ ਪ੍ਰਗਟ ਦੇਖਾਯੋ ॥468॥

॥ ਤਥਾ ਪਉੜੀ ॥

ਸਿਰੁ ਉਚਾ ਨੀਵੇਂ ਚਰਨ ਸਿਰ ਪੈਰੀ ਪੌਦੇ ॥
ਮੁਖ ਅਖੀ ਨਕਿ ਕੰਨ ਹਥੁ ਦੇਹ ਭਾਰ ਉਚਾਦੇ ॥
ਸਰਬ ਚਿਹਨ ਛਡਿ ਪੂਜੀਅਨੁ ਕੌਨ ਕਰਮ ਕਮਾਂਦੇ ॥
ਵਤਨ ਪਰ ਉਪਕਾਰ ਨੂੰ ਕਰ ਪਾਰ ਵਸਾਂਦੇ ॥
ਮੇਰੀ ਖਲੋ ਮੌਜਰੇ ਗੁਰ ਸਿਖ ਹਢਾਂਦੇ ॥
ਮਸਤਕਿ ਲਗੇ ਸਾਧ ਰੇਨ ਵਡਭਾਗ ਜਿਨਾਂ ਦੇ ॥469॥

॥ ਦੋਹਰਾ ॥

ਭਾਈ ਸੇਵਾ ਸਿੰਘ ਸੁਨ ਪਰ ਉਪਕਾਰ ਜਿਨ ਕੀਨ ॥
ਨਰ ਦੇਵਨ ਕਰ ਪੂਜ ਹੈ ਅੰਤ ਹਰੀ ਮੋ ਲੀਨ ॥470॥

---

1. ਅ ਪੋਥੀ ਤਬ 2. ੲ ਪੋਥੀ ਚਾਰੋ 3. ੲ ਪੋਥੀ ਪਉੜੀ

॥ ਚੌਪਈ ॥

ਅੰਮ੍ਰਿਤਸਰੁ ਮੋ ਗੁਰੂ ਬਿਰਾਜੇ ॥ ਮਿਲ ਮਿਲ ਸਿਖ ਜੁਰ ਹੋਵੈ ਰਾਜੇ ॥
ਕ੍ਰਿਰਤਕ ਹੋਵਤ ਹੈ ਗੁਰ ਪਾਸੂ ॥ ਪ੍ਰਸ਼ਾਦ ਬਰਤਾਵੈ ਕਰੈ ਹੁਲਾਸੂ ॥471॥
ਧਰ ਮਨਸਾ ਜੋ ਘਰ ਤੇ ਆਵੈ ॥ ਗੁਰ ਤੇ ਪਾਵੈ ਦੇਰੁ ਨ ਲਾਵੈ ॥
ਤੀਨ ਦਿਵਸ ਸ੍ਰੀ ਗੁਰੂ ਬਿਰਾਜੇ ॥ ਕੇਵਲ ਸਿਖਨ ਕਰਨੇ ਕਾਜੇ ॥472॥

(ਇਕ ਮੁਸਲਮਾਨ ਲੋਹਾਰ ਦੀ ਕਥਾ)

ਮੁਸਲਮਾਨ ਲੁਹਾਰ ਇਕ ਆਵਾ ॥ ਹਾਥ ਜੋਰ ਕਰਿ ਸੀਸ ਨਿਵਾਵਾ ॥
ਦੋਯ ਘਟੀ ਲਗ ਇਸਥਿਤ ਹੋਵਾ ॥ ਸ੍ਰੀ ਗੁਰ ਪੂਛਾ ਕੈਸ ਖਲੋਵਾ ॥473॥
ਕਹਿਤ ਭਯਾ ਸ੍ਰੀ ਗੁਰ ਜੀ ਸੁਨੀਏ ॥ ਏਕ ਬਿਨੈ ਹਮਰੀ ਰਿਦ ਗੁਨੀਏ ॥
ਨਰਕ ਅਗਨ ਤੇ ਮੋਹਿ ਬਚਾਵੋ ॥ ਕਰੋ ਮਿਹਰ ਮੁਹਿ ਸਬਰ ਦਿਵਾਵੋ ॥474॥

॥ ਦੋਹਰਾ ॥

ਸ੍ਰੀ ਕਮਲਾਨਨ [1]ਤੇ ਹਸੇ ਬੇਦੀ ਕੁਲ ਕੇ ਚੰਦ ॥
ਸੈਤਾਨ ਸਾਹ ਕਾਮ ਕਹੁ ਭਨੀ ਗਿਰਾ ਸੁਖ ਕੰਦ ॥475॥

॥ ਚੌਪਈ ॥

ਜਾਤ ਮੰਦ ਤਵ ਸਰਨੀ ਆਵਾ ॥ ਜਨਮ ਮਰਨ ਕੇ ਮੇਟੋ ਹਾਵਾ ॥
ਕਰੀ ਅਜਾਮਲ ਮੰਦ ਉਬਾਰੇ ॥ ਸੁਵਰੀ ਕੁਬਰੀ ਗੀਧ ਉਧਾਰੇ ॥476॥
ਬਾਲਮੀਕ ਤੁਮ ਸੁਪਚ ਤਾਰਾ ॥ ਤਿਨ ਤੇ ਨਹਿ ਮੈ ਮੰਦ ਗਵਾਰਾ ॥
ਐਸ ਬਿਨੈ ਜਬ ਤਿਸ ਨੇ ਕੀਨਾ ॥ ਮੰਦ ਮੰਦ ਗੁਰ ਹਸੇ ਪ੍ਰਬੀਨਾ ॥477॥
ਸ੍ਰੀ ਗੁਰ ਕਹਾ ਸੰਤੋਖਿ[2] ਰਖੀਜੈ ॥ ਵਾਹਿਗੁਰੂ ਬਿਨ ਨਾਮ ਨ ਲੀਜੈ ॥
ਕਾਮੁ ਕ੍ਰੋਧ ਕੋ ਸੰਗ ਤਿਆਗੋ ॥ ਖੋਟਨ ਸੰਗਤ ਤੇ ਨਿਤ ਭਾਗੋ ॥478॥
ਰਾਜ ਅੰਸ ਕੋ ਤਯਾਗਨ ਕੀਜੈ ॥ ਹੰਕਾਰ ਜਾਤ ਕੋ ਦੂਰ ਧਰੀਜੈ ॥
ਅੰਮ੍ਰਿਤਸਰ ਕੋ ਤਯਾਗ ਨ ਜਾਵੋ ॥ ਬਪੁ ਤਿਆਗਨ ਇਹਾ ਕਰਾਵੋ ॥479॥

॥ ਸੋਰਠਾ ॥

ਐਸੇ ਸੁਨ ਉਪਦੇਸ਼ [ਸੁਭ[3]] ਭਯਾ ਮਗਨ ਅਤਿ ਪ੍ਰੇਮ ਮੇ ॥
ਆਸਾ ਰਹੀ ਨ ਲੇਸ ਸਤਿਗੁਰ ਕੇ ਪ੍ਰਸਾਦਿ ਤੇ ॥480॥

॥ ਚੌਪਈ ॥

ਕਰ ਪ੍ਰਣਾਮ ਨਗਰ ਮਹਿ ਆਵਾ ॥ ਰਾਮ ਗੜ੍ਹ ਸੁਭ ਜਾਇ ਬਿਰਾਵਾ ॥
ਭਾ ਅਲਮਸਤ ਦੇਹ ਸੁਧ ਨਾਹੀ ॥ ਸਤਗੁਰ ਸਾਹਿਬ ਸਿੰਘ ਮੁਖ ਪਾਹੀ ॥481॥
ਏਕ ਮ੍ਰਿਗਾਨ ਧਰਾ ਤਨ ਊਪਾਰਿ ॥ ਹਹੋ ਪਰ[4] ਸਦਾਹੀ ਸੋ ਭੂ ਪਰਿ ॥
ਤਖਤੀ ਪਰ ਗੁਰ ਨਾਮ ਲਿਖਾਯੋ ॥ ਪਢਤ ਰਹੇ ਨ ਔਰੁ ਮਨੁ ਭਾਯੋ ॥482॥

1. ੲ ਪੋਥੀ ਕਰੁਣਾਨਿਧਿ 2. ੲ ਪੋਥੀ ਧੀਰ 3. ਅ ਪੋਥੀ ਵਿਚੋਂ
4 ਅ ਪੋਥੀ ਪਰਾ

ਜੇ ਕੋ ਭੋਜਨੁ ਆਨ ਦੇਤ ਹੈ ॥ ਲੇਤੋ ਖਾਹਿ ਨਹਿ ਮਾਂਗ ਚਹਿਤ ਹੈ ॥
ਸਿਰਦਾਰ ਦਿਵਾਨ ਸਿੰਘ ਚਲ ਆਵਾ ॥ ਸੈਤਾਨ ਸਾਹ ਕੋ ਸੀਸੁ ਨਿਵਾਵਾ ॥483॥
ਸੋ ਰੂਪੀ ਦੋਸਾਲੇ ਸਾਥ ਰਾਖਾ ॥ [ਤਿਸ ਕੋ][1] ਅਗਰ ਬਿਨੇ ਬ੍ਰਹੁ ਭਾਖਾ ॥
ਪਾਕ ਸਦਨ ਸੁਠ ਦਿਯੋ ਬਨਾਏ ॥ ਤਾ ਸੋ[2] ਰਹੋ ਸਦਾ ਸੁਖ ਪਾਏ ॥484॥

॥ ਦੋਹਰਾ ॥

ਸੈਤਾਨ ਸਾਹ ਕਹਿ ਬੈਨ ਸੁਨ ਸਿਰਦਾਰ ਚਿਤ ਲਾਇ ॥
ਬਾਬੇ ਸਾਹਿਬ ਸਿੰਘ ਜੀ ਲੋੜ ਨ ਰਾਖੀ ਕਾਇ ॥485॥

॥ ਚੌਪਈ ॥

ਅਰਬ ਖਰਬ ਦੇ ਕਰਾ ਦਿਵਾਂਨਾ ॥ ਨਾਮ ਪਦਾਰਥੁ ਮਨੈ ਬਸਾਨਾ ॥
ਦੁਸਾਲੇ ਦਮਰੇ ਲਯੋ ਉਚਾਈ ॥ ਵਾਹਿਗੁਰੂ ਬਿਨ ਲੋੜ ਨ ਕਾਈ ॥486॥
ਗੁਰ ਕਿਰਪਾ ਤੇ ਸੁਭ ਧਦ ਪਾਵ੍ਹਾ ॥ ਜਾਂਤੇ ਕਬੀ ਨ ਚਿਤੁ ਡੁਲਾਵ੍ਹਾ ॥
ਦਿਵਾਨ ਸਿੰਘ ਯਤਨ ਕਰ ਹਾਰਾ ॥ ਤਿਸੁ ਕੀ ਅੰਸ ਨ ਅੰਗੀਕਾਰਾ ॥487॥
ਸ੍ਰੀ ਗੁਰ[3] ਜੀ ਤਬ ਕੂਚ ਕਰਾਏ ॥ ਸਿਖਨ ਕਉ ਸਿਰਪਾਉ ਦਿਵਾਏ ॥
ਊਨੇ ਸਾਹਿਬ ਗੇ ਬਿਨੁ ਦੇਰੀ ॥ ਊਣੇ ਭਰਤ ਨ ਲਾਵੈ ਬੇਰੀ ॥488॥
ਸ੍ਰੀ ਊਨੇ ਨਰ ਭਏ ਅੰਨਦੂ ॥ ਜਿਮ ਦੇਖੇ ਦੁਤੀਆ ਕਾ ਚੰਦੂ ॥
ਸ੍ਰੀ ਗੁਰ ਸਭ ਕੋ ਆਦਰ ਦੀਨੋ ॥ ਕਰੀ ਮਿਹਰ ਬਹੁ ਅਪਨੇ ਚੀਨੋ ॥489॥
ਏਕ ਦਿਵਸ ਸਤਿਗੁਰ ਮਨ ਆਈ ॥ ਪਾਉਟੇ ਸਾਹਿਬੁ ਦੇਖੈ ਜਾਈ ॥
ਕੋਟਿ ਮਿਲੇਰ[4] ਮਾਰਨ ਕੀਜੈ ॥ ਮਾਤ ਸੁਖ ਦੇਖੀ ਬਦਲਾ ਲੀਜੈ ॥490॥
ਸੇਵਾ ਸਿੰਘ ਕਹੈ ਕਰ ਜੋਰੀ ॥ ਤੇਜਾ ਹਰਿ ਸੁਨ ਬਿਨਤੀ ਮੋਰੀ ॥
ਤੁਮ ਅਤਿ ਕੀਨਾ ਪਰਉਪਕਾਰੂ ॥ ਕਥਾ ਸੁਨਾਈ ਅੰਮ੍ਰਿਤ ਸਾਰੂ ॥491॥
ਫਤੇ ਮਲੇਰ ਗੁਰ ਉਦਮ ਠਾਨਾ ॥ ਕੌਨ ਹੇਤ ਮੁਹਿ ਕਹੋ ਸੁਜਾਨਾ ॥
ਤ੍ਰਿਕਾਲ ਗਯਾਨ ਹੈ ਤੁਮ ਕੋ ਭਾਰੀ ॥ ਕਹੋ ਕਥਾ ਗੁਰ ਕੀ ਸੁਖ ਕਾਰੀ ॥492॥

॥ ਸੋਰਠਾ ॥

ਭਈ ਤੇਰਾ ਸਿੰਘ ਸੁਨ ਕਰ ਮਨ ਮੈ ਹਰਖੁ ਭਰ[5] ॥
ਸੁਨੋ ਸੁ ਸੇਵਾ ਸਿੰਘ ਗੁਰ ਕੀ ਕਥਾ ਰਸਾਲ ਅਤਿ ॥493॥

॥ ਦੋਹਰਾ ॥

ਧਨੁ ਤੂੰ ਧਨੁ ਤਵ ਮਾਤ ਪਿਤੁ ਕੁਲ ਜਹ ਜਿਨਮਾਇ ॥
ਧਨ ਸੁ ਦੇਸ ਨਗਰੀ ਸੁ ਧਨ ਜਿਨ ਗੁਰ ਕਥਾ ਰੁਚਾਇ ॥494॥

1. ੲ ਪੋਥੀ ਵਿਚੋਂ
2. ਅ ਪੋਥੀ ਸੋ
3. ੲ ਪੋਥੀ ਸਤਿਗੁਰੂ
4. ੲ ਪੋਥੀ ਮਲੇਰਕੋਟਲਾ
5. ਅ ਪੋਥੀ ਭਾ

## (ਬਾਬਾ ਸਾਹਿਬ ਸਿੰਘ ਨੇ ਪਉਟੇ ਆਦਿ ਦੀ ਯਾਤਰਾ ਕਰਨੀ)

॥ ਚੌਪਈ ॥

ਊਨੇ ਤੇ ਗੁਰ ਕੂਚ ਕਰਾਈ ॥ ਪਾਂਟੇ ਸਾਹਿਰ ਗਏ ਸੁਖਦਾਈ ॥
ਪੁਨਾ ਬੂੜੀਏ[1] ਜਾਵਤ ਭਏ ॥ ਮਾਰਗ ਗਾਵ ਮੋ ਸਿਵਰ ਲਗਏ ॥495॥
ਕਿਨੇ ਆਇ ਨਹਿ ਸੇਵਾ ਕੀਨੀ ॥ ਮਿਲਿ ਸਿੰਘਨ ਨੇ ਅਰਜੀ ਕੀਨੀ ॥
ਦੇਗ ਨ ਹੋਈ ਸ੍ਰੀ ਗੁਰ ਪੂਰੇ ॥ ਹੈ ਆਦੀ ਸਭ ਰਹਿ ਹੈ ਊਰੇ ॥496॥
ਸੁਨ ਗੁਰ ਜੀ ਸੁਭ ਬਾਨੀ ਗਾਈ ॥ [2]ਬਾਜਰ ਸੀਟੇ[2] ਤੋਰੋ ਜਾਈ ॥
ਅਸਨੂ ਪਾਵੋ ਤੁਮ ਭੀ ਖਾਵੋ ॥ ਗੁਹੁਰ ਨ ਲਾਵੋ ਤੋਰ ਸੁ ਲਯਾਵੋ ॥497॥
ਸਿਖ ਜਾਇ ਜਬ ਤੋਰਨ ਲਾਗੇ ॥ ਰਾਖੇ ਪਿੰਡ ਓਰ ਤਬ ਭਾਗੇ ॥
ਲੋਗਨ ਕੋ ਤਿਨ ਜਾਇ ਸੁਨਾਵਾ ॥ ਬਾਜਰ ਤੁਮਰਾ ਗੁਰੂ ਤੁਰਾਵਾ ॥498॥

॥ ਦੋਹਰਾ ॥

ਖਾਂਡ ਸੁ ਸੁਰਪੀ ਚੂਨ ਬਹੁ ਦਧੁ ਸੂਪ ਪੈ ਆਦਿ ॥
ਬਕਰੂ ਦਾਨਾ ਘਾਸ ਲੇ ਆਏ ਸਹਿ ਮਿਰਜਾਦਿ ॥499॥

॥ ਚੌਪਈ ॥

ਹਾਥ ਜੋਰਿ ਕਰਿ ਅਰਜਿ ਗੁਜਾਰੀ ॥ ਭੇਟਾ ਲੀਜੈ ਗੁਰ ਅਵਤਾਰੀ ॥
ਖੇਤ ਹਮਾਰੇ ਲੇਉ ਬਚਾਈ ॥ ਸਿਖ ਆਪ ਕੇ ਕਰੋ ਸਹਾਈ ॥500॥
ਚੌਪਦਾਰ ਪ੍ਰਤਿ ਗੁਰੂ ਬਖਾਨਾ ॥ ਸਿੰਘ ਹਟਾਵੋ ਕਰਨੈ ਹਾਨਾ ॥
ਜਾਇ ਹਕਾਰੇ ਸੁਨ ਸਭ ਆਏ ॥ ਆਦਿ ਸਰਬ ਨੇ ਸੀਸ ਨਿਵਾਏ ॥501॥
ਦੇਗ ਤਿਯਾਰ ਗੁਰੂ ਕੀ ਹੋਈ ॥ ਅਚ ਭੋਜਨ ਸਭ ਸੈਨਾ ਸੋਈ ॥
ਪ੍ਰਾਤਰ[3] ਬਨੂੜ ਗੁਰੂ ਚਲ ਗਏ ॥ ਕਰਿ ਡੇਰਾ ਤਹ ਉਤਰਤ ਭਏ ॥502॥
ਤਹਿ ਸਿਰਦਾਰ ਤਬੈ ਸੁਨ ਪਾਯੋ ॥ ਲੇ ਅਕੋਰ ਸੋ ਮਿਲਨੇ ਆਯੋ ॥
ਬਹੁਤ ਹੇਤ ਕਰ ਸੇਵਾ ਕੀਨੀ ॥ ਤਨੁ ਮਨੁ ਧਨੁ ਕਰ ਭਯੋ ਅਧੀਨੀ ॥503॥
ਤਹਿ ਤੇ ਸ੍ਰੀ ਗੁਰ ਕੂਚ ਕਰਾਈ ॥ ਗੇ ਜਗਾਧਰ ਮੋ ਸੁਖਦਾਈ ॥
ਬਾਝ ਨਗਰ ਕੇ ਸਿਵਰ ਲਗਾਵਾ ॥ ਗੁਰ ਸਿਖ ਮਿਲ ਕਰ ਬਹੁ ਸੁਖ ਪਾਵਾ ॥504॥

॥ ਦੋਹਰਾ ॥

ਰਾਇ ਸਿੰਘ ਸਿਰਦਾਰ ਨੇ ਸੇਵਾ ਕਰੀ ਬਨਾਇ ॥
ਚੂੰਨਿ ਆਦਿ ਸਾਂਮਾ ਸਗਲ ਛਿਨ ਮੈ ਦੀਨ ਪੁਜਾਇ ॥505॥

॥ ਚੌਪਈ ॥

ਦੇਇ ਖੁਸੀ ਤਬ ਕੂਚ ਕਰਾਈ ॥ ਮਧ ਅੰਬਾਲੇ ਉਤਰੇ ਜਾਈ ॥
ਤਹਿ ਸਿਰਦਾਰਨਿ ਨੇ ਸੁਨ ਪਾਵਾ ॥ ਆਈ ਮਿਲਨੇ [4]ਗੁਹਰ ਖਥਿਾਹਾ[4] ॥506॥

---

1. ੲ ਪੋਥੀ ਕੋ
2. ਅ ਬਾਜਰੇ ਸੀਟੇ
3. ਮੂਲ ਪਾਤ
4. ਅ ਪੋਥੀ ਗਹੁਰ ਬਿਹਾਵਾ

ਬਸਨ ਸੁ ਦਮਤੇ ਏਕ ਕਿਕਾਨਾ ॥ ਗੁਰ ਆਗੇ ਇਹ ਅਰਪਨ ਠਾਨਾ ॥
ਰਸਤੰ ਦਾਨਾ ਆਦਿ ਲਿਆਈ ॥ ਹਾਥੁ ਜੋਰੁ ਬਹੁ ਬਿਨੈ ਅਲਾਈ ॥507॥
ਕੋਇਕੁ ਦਿਨੁ ਗੁਰ ਦੈਰਾ[1] ਰਾਖੋ ॥ ਜਨਮ ਮਰਨ ਮੇਰਾ ਗੁਰੁਨਾਖੋ ॥
ਕੂਚ ਕਰਨ ਕੀ ਕਰ ਅਭਿਲਾਖਾ ॥ ਮਤ ਤੇਜ਼ੁ ਜਾਵੋ ਮਮ ਬਚ ਭਾਖਾ[2] ॥508॥
ਮਾਈ ਪ੍ਰਤੀ ਗਿਰਾ ਗੁਰ ਗਾਈ ॥ ਵਾਹਿਗੁਰੂ ਸਿਮਰੋ ਸੁਖਦਾਈ ॥
ਸੰਤਨ ਸੇਵਾ ਮੈ ਮਨੁ ਦੀਜੈ ॥ ਮਾਨੁਖ ਦੇਹੀ ਸੁਫਲੁ ਕਰੀਜੈ ॥509॥

॥ ਦੋਹਰਾ ॥

ਮੈਣ ਦਾਬ ਸੰਗਤ ਸੁਭਗ ਆਵੈਂ ਪ੍ਰੇਮ ਬਢਾਇ ॥
ਭੇਟਾ ਅਰਪੈ ਭਾਵ ਕਰ ਮਨ ਬਾਛਤ ਫਲੁ ਪਾਇ ॥510॥

॥ ਚੌਪਈ ॥

ਇਕ ਸਿਖ ਨੇ ਅਰਜੀ ਕੀਨ ॥ ਸੁਤ ਨਹ ਹੋਤ ਯਤਨ ਬਹੁ ਕੀਨ ॥
ਅਬ ਰਾਵਰ ਕੀ ਸਰਨੀ ਆਵਾ ॥ ਸੁਤ ਸੁਖ ਦੇਵੋ ਮੇਟੋ ਹੋਵਾ ॥511॥
ਕਮਲ ਨੈਨ ਤਬ ਬੈਨ ਬਖਾਨੇ ॥ ਅੰਬੀਰ ਹਰਿ ਕਿਉ ਚਿੰਤਾ ਠਾਨੇ ॥
ਏਕ ਬਰਸੁ ਸੋ ਸੁਤ ਤਵ ਹੋਵੇ ॥ ਦੁਖੁ ਤੁਮਰੇ ਓਹੁ ਸਗਰੇ ਖੋਵੇ ॥512॥
ਏਕ ਅਸ੍ਵ ਤਿਨ ਲਯਾਵਨ ਕੀਨਾ ॥ ਸ੍ਰੀ ਗੁਰ ਬੋਲੇ ਸੁਨੋ ਪ੍ਰਵੀਨਾ ॥
ਤੁਮਰੇ ਗ੍ਰਿਹਿ ਜਬ ਹੋਵੈ ਤਾਤ ॥ ਤਬ ਹਮ ਘੋਰਾ ਲੇਹ ਬਿਖਯਾਤ ॥513॥
ਸੁਤ ਹ੍ਵੈ ਊਨੇ ਜੁਗਮ ਲਿਆਵੋ ॥ ਹੈ ਹਮ ਲੇਵੈ ਤੁਮ ਸੁਖ ਪਾਵੋ ॥
ਆਮਾਲੇ[3] ਤੇ ਗੁਰ ਕੂਚ ਕਰਾਇ ॥ ਲਸਕਰੰ ਖਾਫਿਸ ਰਾਏ ਜਾਇ ॥514॥

## (ਤੁਰਕਾਂ ਨਾਲ ਯੁੱਧ)

॥ ਦੋਹਰਾ ॥

ਸਿਵਰ ਲਗਾਵਾ ਸਤਿਗੁਰੂ ਸਿੰਘਨ ਉਦਮ ਕੀਨ ॥
ਲਕਰੀ ਘਾਸ ਲੇ ਆਵਤੇ ਬਹੁ ਪੈਲੀ ਕੱਟੀ ਲੀਨ ॥515॥

॥ ਚੌਪਈ ॥

ਜਿਨ ਜਿਨ ਕਾ ਤਿਨ ਖੇਤ ਨਿਪਾਤ੍ਾ ॥ ਤੁਰਕ ਜਾਤ ਸਭ ਭੇ ਦੁਖ ਆਤਾ ॥
ਸਰਾਇ ਮਾਂਹਿ ਸਭ ਤੁਰਕ ਕਹਾਵੈ[4] ॥ ਸਿਖਨ ਕੋ ਨਹਿ ਸਦਨ ਦਿਖਾਵੈ ॥516॥
ਏਕ ਸਿਖ ਤਬ ਬਾਹਰ ਗਯੋ ॥ ਖੇਤ ਗਾਜਰਾਂ ਦੇਖਤ ਭਯੋ ॥
ਦੋਇ ਚਾਰ ਤਿਨ ਖੋਦਨ ਕੀਨੀ ॥ ਏਕ ਤੁਰਕ ਬੰਦੂਕੈ ਲੀਨੀ ॥517॥
ਸਿਮਤ ਬਾਂਧ ਤਿਨ ਗੋਰੀ ਮਾਰੀ ॥ ਮਸਤਕ ਫੂਟਾ ਪ੍ਰਾਨ ਨਿਕਾਰੀ ॥
ਔਰੁ ਸਿੰਘ ਨੇ ਦੇਖਨ ਕੀਨੀ ॥ ਹਜੂਰ ਆਇ ਤਿਨ ਅਰਜੀ ਕੀਨੀ ॥518॥

---

1 ਮੂਲ ਪੋਥੀ ਦਰਾ 2. ਅ ਪੋਥੀ ਪਾਠਾਂਤਰ :
ਪ੍ਰੇਮ ਦੇਖ ਦਸ ਦਿਨੁ ਤੀ ਰਾਖਾ ॥ ਕੂਚ ਕਰਨ ਕੀ ਕਰ ਅਭਲਾਖਾ ॥
3. ਅ ੲ ਪੋਥੀ ਅੰਮਾਲੇ 4. ੲ ਪੋਥੀ ਰਹਾਵੈ

ਪ੍ਰੇਮੀ ਸਿੰਘ ਨੂੰ ਤੁਰਕਾ ਮਾਰ੍ਾ ॥ ਹੇਤ ਗਾਜਰਾਂ ਭਇਓ[1] ਬਿਗਾਰਾ ॥
ਸਾਹਿਬੁ ਬੋਲੇ ਲਿਯੋ ਉਠਾਈ ॥ ਬੀਚ ਪਚੀਸ ਸਿੰਘ ਤੁਮ ਧਾਈ ॥519॥

॥ ਦੋਹਰਾ ॥

ਸਸਤ੍ਰ ਧਾਰੀ ਸਿੰਘ[2] ਸੂਵ ਉਠਾਵਨ[2] ਜਾਇ ॥
ਤੁਰਕਨ ਸਸਤ੍ਰਨ ਕਰ ਗੈਰੇ ਆਇ ਪ੍ਰਣਵ ਬਚਾਇ ॥520॥
ਤੁਰਕ ਉਠਾਵਨ ਦੇਤ ਨਹਿ ਇਨੇ ਪਾਯੋ ਬਹੁ ਜੋਰੁ ॥
ਕਰਖ ਵਾਕ ਜੋ ਕਹਤ ਹੀ ਪਰਾਂ ਜੰਗ ਤਹ ਠੌਰ ॥521॥

॥ ਰਣਝੁਣ ਛੰਦੁ ॥

ਚਲਹਿ ਤੁਫੰਗਾ ॥ ਗੁਲਕ ਨਿਸੰਗਾ ॥
ਲਗਿ ਲਗਿ ਅੰਗਾ ॥ ਕਰ ਕਰ ਭੰਗਾ ॥522॥
ਮੁਰਛਤ ਹੋਏ ॥ ਧਰ ਪਰ ਸੋਏ ॥
ਮਨਹੁ ਨਿਹਾਲੀ ॥ ਬ੍ਰਣ ਸੁ ਲਾਲੀ ॥523॥
ਗਿਰ ਬਹੁ ਲੋਹੂ ॥ ਬਹੁ ਬਲੁ ਹੋਹੂ ॥
ਮੁਖ ਮੁਰਝਾਨੇ ॥ ਹੋਤਿ ਹੁਇ ਪਰਾਨੇ ॥524॥
ਰੁਪਿ ਰਿਪ ਆਗੇ ॥ ਨਹਿ ਡਰ ਭਾਗੇ ॥
ਚਰਨ ਜੰਮਾਏ ॥ ਨਹਿਨ ਹਲਾਏ ॥525॥
ਤਕਿ ਤੱਕਿ ਗੋਰੀ ॥ ਅਰਿ ਦਿਸ ਛੋਰੀ ॥
ਉਹ ਸਿਰ ਫੋਰੀ ॥ ਕਰ ਪਗੁ ਤੋਰੀ ॥526॥
ਥਲ ਥਲ ਰੋਕੇ ॥ ਦਲ ਖਲ ਢੋਕੇ ॥
ਖਲ ਭਲ ਹੋਵਾ ॥ ਅਤਿ ਭਯ ਜੋਵਾਂ ॥527॥
ਰਣਿ ਮਹਿ ਮਾਰੇ ॥ ਸੁਭ ਟਕਰਾਰੇ ॥
[3]ਬਿਰ ਬਰਿ ਆਏ ॥ ਨਟਰਤ ਹਟਾਏ[3] ॥528॥
ਝਟ ਪਏ ਜੁਟੇ ॥ ਕੱਟਿ ਕੱਟਿ ਕੁਟੇਂ ॥
ਲਟ ਪਟ ਹੁਟੇ ॥ ਮੁਖ ਲਖ ਟੁਟੇ ॥529॥
ਸਟ ਸਟ ਧਾਏ ॥ ਰਕਤਿ ਭਿਗਾਏ ॥
ਖੜਗਨੇ ਚਾਏ ॥ ਤਨ ਰਿਪ ਲਾਏਂ ॥530॥

॥ ਸੰਬਾਸੇ ਛੰਦੁ ॥

ਗਹਿਤ ਕਮਾਨੈ[4] ॥ ਧਜ ਖਰ ਬ੍ਾਨਹਿ ॥
ਕਰ ਬਲ ਤਾਨਹਿ ॥ ਤਕਤ ਨਿਸਾਨਹਿ ॥531॥

---

1. ਅ ਪੋਥੀ ਭਓ 2. ਅ ਪੋਥੀ ਪਾਠਾਂਤਰ : ਸੁਵਸ਼ੁ ਉਠਾਵਾ 3. ਅ ਪੋਥੀ ਪਾਠਾਂਤਰ : ਬਫ ਬਰਿਆਰੇ ॥ ਟਰਡ ਨ ਟਾਰੇ ॥
4. ਅ ਪੋਥੀ ਕਮਾਨਹਿ

ਰਿਪਗਨ ਹਾਨਹਿ ॥ ਲਗਤਿ ਕਿਕਾਨਹਿ ॥
ਤਜ ਤ੍ਰਮ ਪ੍ਰਾਨਹਿ ॥ ਤਜ ਤਨ ਬਾਨਹਿ ॥532॥
ਹੁਇ ਹਥ ਵਥਹਿ ॥ ਖਿਲਤ ਪਲਥਹਿ ॥
ਗਹਿ ਗਹਿ ਮਥਹਿ ॥ ਬਹੁ ਬਲ ਸੁਥਹਿ ॥533॥
ਮਿਲ ਲਲਕਾਰਤ ॥ ਸਿਪਰ ਸੰਘਾਰਤ ॥
ਖੜਗ ਪ੍ਰਹਾਰਤ ॥ ਕਟ ਕਟ ਡਾਰਤ ॥534॥
ਤੁਪਕ ਤੜਾਕਹਿ ॥ ਹਤਹਿ ਸੁ ਤਾਕਹਿ ॥
ਮਿਲ ਭਟ ਪ੍ਰੇਰਤ ॥ ਕਿਤ ਕਿਤ ਟੇਰਤ ॥535॥
ਹਯ ਬਰ ਫੇਰਤਿ ॥ ਰਿਪੁ ਹਤਿ ਗੇਰਤਿ ॥
ਸੁਭਟ ਨਿਬੇਰਤਿ ॥ ਰਿਸ ਦ੍ਰਿਗ ਹੇਰਤਿ ॥536॥

॥ ਦੋਹਰਾ ॥

ਅਧਿਕ ਬਿਰੁਧੇ ਕ੍ਰੋਧ ਕਰ ਜੁਧ ਮਧਿ ਬਹੁ ਰੁਧ ॥
ਜਨੁ ਦੂਜੇ ਭਾਰਤ ਭਯੋ ਲਰਤ ਬੀਰ ਬੁਧ ਸੁਧ ॥537॥

॥ ਸ੍ਰਿਖੰਡੀ ਛੰਦ ॥

ਭਿੜੈ ਭੇਜ ਭੜ ਭਾਰੇ ਭਕ੍ਰਕੈ ਭੀਖਣਾ ॥
ਭਕ ਭਕ ਘਾਵ ਭਕਾਰੇ ਸ੍ਰੋਣਤ ਨਿਕਸ ਕੈ ॥
ਰਹਿਗੇ ਨੈਨ ਉਘਾਰੇ ਮਾਨੋ ਦੇਖਦੇ ॥
ਲੋਹੂ[1] ਬਹੈ ਪਰਨਾਲੇ ਛਿਤ ਰੰਗੀਨ ਕ੍ਰਿ ॥538॥
ਸਿਰ ਤਰਵਾਏ ਡਿਗੇ ਜਯੋ ਨਟ ਬਾਜੀਆ ॥
ਬਹੁ ਲੋਹੂ ਪਟ ਭਿਗੇ ਖੇਲਤ ਫਾਗ ਜਯੋ ॥
ਧਾਇ ਕੰਧ ਸੋ ਲਗੇ ਧਾਵਨ ਤੇ ਡਰੇ ॥
ਕਿਤਕ ਮਾਰ ਪਿਖ ਭੇਗੇ ਭੀਰੂ ਭੈ ਕਰੈ ॥539॥

॥ ਦੋਹਰਾ ॥

ਐਸੇ ਜੁਧ[2] ਜਬ ਹੋਤ ਭਾ ਦੋ ਦਸ ਸਿੰਘ ਮ੍ਰਿਤ ਪਾਇ ॥
ਤੁਰਕ ਪਚਾਸਕ ਮ੍ਰਿਤ ਭਏ ਭਾਜੇ ਮਨ ਦੁਖ ਆਇ ॥540॥

॥ ਚੌਪਈ ॥

ਆਂਧੀ ਨਿਸਾ ਭਈ ਅਤਿਭਾਰੀ ॥ ਤੁਰਕਨ ਦੇਖ ਰੋਵੈ ਤਿਨ ਨਾਰੀ ॥
ਘਰ ਘਰ ਮੈ ਬਹੁ ਪੀਟਨ ਹੋਏ ॥ ਪੂਤ ਪਤੀ ਜਿਨ ਮ੍ਰਿਤਕ ਹੋਏ ॥541॥
ਮੂਏ ਸਿੰਘਨ ਸਿੰਘ ਉਠਾਈ ॥ ਆਨ ਧਰੇ ਗੁਰ ਕੇ ਅਗਵਾਈ ॥
ਏਕ ਏਕ ਕੋ ਸ੍ਰੀ ਗੁਰ ਦੇਖਾ ॥ ਨਾਮ ਸੁ ਲੇ ਲੇ ਕੀਨ ਪਰੇਖਾ ॥542॥

---
1. ੲ ਪੋਥੀ ਰਤ
2. ੲ ਪੋਥੀ ਸਮਰ

ਧੰਨੁ ਧੰਨੁ ਧਨੁ ਤੁਮ ਵਡਭਾਗੇ ॥ ਜੰਗ ਮਾਂਹਿ ਜਿਨ ਪ੍ਰਾਨ ਤਿਆਗੇ ॥
ਗੁਰ ਨਾਨਕ ਕੇ ਪੁਰ ਮੋ ਜਾਵੋ ॥ ਜਾਇ ਤਹਾਂ ਫਿਰ ਜੋਨਿ ਨ ਆਵੋ ॥543॥

॥ ਦੋਹਰਾ ॥

ਕਰਮ ਸਿੰਘ ਇਕ ਨਿਰਮਲਾ ਗੁਰ ਦਰਸਨੁ ਕੌ ਆਇ ॥
ਹਾਥ ਜੋਰ ਅਸ ਕਹਤ ਭ੍ਯਾ ਤੁਰਕਨ ਕ੍ਤਲ ਕਰਾਇ ॥544॥

॥ ਚੌਪਈ ॥

ਕਮਲ ਬਦਨ ਸੁਨਿ ਬੈਨ ਬਖਾਨੇ ॥ ਹੋੜ ਸਕਾਰ ਕਰੈ ਕਤਲਾਨੇ ॥
ਏ ਸੁਨ ਕਿਨ ਕੇ ਤੁਰਕਨ ਭਾਖਾ ॥ ਤੁਮ ਮਾਰਨ ਗੁਰ ਕੀਨ ਅਭਲਾਖਾ ॥545॥
ਜੇਕਰ ਨਿਸ ਮੇ ਤੁਮ ਨਸ ਜਾਵੋਂ ॥ ਤੌ ਬਾਚੋਂ ਨਹਿ ਪ੍ਰਾਨ ਗਵਾਵੋਂ ॥
ਜੁਵਤੀ ਬਾਰ[1] ਸਰਬ ਨਸਾਨੇ ॥ ਮਲੇਰ ਮਧ ਸਭ ਜਾਇ ਦੁਰਾਨੇ ॥546॥
ਤੋਲੇ ਖਾਇ ਪ੍ਰਤੀ ਤਿਨ ਗਾਯੋ ॥ ਬਾਬੇ ਮਾਰ੍ਯਾ ਹਮ ਦੁਖ ਪਾਯੋ ॥
ਆਏ ਭਾਜੇ ਤੁਮ ਸਰਣਾਈ ॥ ਤੁਮ ਰਾਖੋ ਹਮ ਕੌ ਪਿਠ ਪਾਈ ॥547॥

॥ ਦੋਹਰਾ ॥

ਤੋਲੇ ਖਾਂ ਨੇ ਅਸ ਕਹਾ ਚਿੰਤੁ ਨ ਕੀਜੈਂ ਕੋਇ ॥
ਤੁਮਰੀ ਰਖਿਆ ਮੈ ਕਰੋ ਕਹੌ ਸੁਖੀ ਤੁਮ ਸੋਇ ॥548॥

॥ ਚੌਪਈ ॥

ਸ੍ਰੀ ਗੁਰ ਕੀ ਅਬ ਗਾਥ ਸੁਨਾਉ ॥ ਜਾਹਿ ਕਹੇ ਤੇ ਸੁਭ ਗਤਿ ਪਾਉ ॥
ਨਿਸਾ ਬਤੀਤੀ ਦਿਨੁ ਜਬ ਹੋਵਾ ॥ ਸ੍ਰੀ ਗੁਰ ਜੀ ਤਬ ਬਚਨ ਬਿਗੋਵਾ ॥549॥
ਕਰ ਹਲਾ ਅਬ ਤੁਰਕਨ ਮਾਰੋ ॥ ਸਦ੍ਨ ਸੁ ਤਿਨ ਕੇ ਦੇਵੋ ਜਾਰੋ ॥
ਏਕ ਸਿਖ ਨੇ ਅਰਜੀ ਕੀਨੀ ॥ ਸੋ ਨਸ ਗੇ ਉਜਾਰ ਘਰ ਕੀਨੀ ॥550॥
ਗੁਰੂ ਭਨਾ ਅਬ ਕਹਾਂ ਪਰਾਵੈਂ ॥ ਬਹੁਤਨ ਕੋ[2] ਸੋ ਸਾਥ ਮਰਾਵੈਂ ॥
[ਜੋ][3] ਸਿਖ ਮਰੇ ਜਾਰਿਨ[4] ਸਭ ਕੀਨੇ ॥ ਤਿਨ ਕੇ ਫੂਲ ਗੰਗ ਪ੍ਰਠ ਦੀਨੇ ॥551॥
ਬਹੁਰੋ ਕੂਚ ਕੀਨ ਗੁਰ ਪੂਰੇ ॥ ਮਿਲ ਮਿਲ ਸਿਖ ਸੁਖ ਪਾਵੈ ਰੂਰੇ ॥
ਬਘੇਲ ਸਿੰਘ ਸਿਰਦਾਰ ਸੁ ਆਵਾ ॥ ਭੇਟਾ ਅਰਪੀ ਸੀਸ ਨਿਵਾਵਾ ॥552॥
ਸੰਗਤਿ ਸਿੰਘ ਆਦਿ ਬ੍ਰੀ ਆਏ ॥ ਦੇਈ ਅਕੋਰ ਸੀਸ ਨਿਵਾਏ ॥
ਸੰਗਤਿ ਆਵਤਿ ਚਲ ਕਰ ਜੇਤੀ ॥ ਭੇਟਾ ਅਰਪਿਤ[5] ਹਿਤ ਕਰ ਤੇਤੀ ॥552॥

---

1. ਅ ਪੋਥੀ ਬਾਰਾਂ
2. ੲ ਪੋਥੀ ਕੋ
3. ਅ ਪੋਥੀ ਵਿਚੋਂ
4. ਅ ਪੋਥੀ ਦਾਹਿ
5. ਅ, ੲ ਪੋਥੀ ਅਰਪੀ

(ਬਾਬਾ ਸਾਹਿਬ ਸਿੰਘ ਦੀ ਮਲੇਰਕੋਟਲੇ ਤੇ ਚੜ੍ਹਾਈ)

ਮਲੇਰ ਯੁਧ ਗੁਰੂ ਕੋ ਅੰਬ ਬਰਨੋ ॥ ਜਿਹ ਬਰਨੇ ਮਨ ਲੇ ਗੁਰ ਪਰਨੋ ॥
ਮੈਣ ਦਾਬ ਗੇ ਸਤਿਗੁਰ ਪੂਰੇ ॥ ਸੰਗਤ ਮਿਲ ਕਰਿ ਆਈ ਭੂਰੇ ॥554॥
ਜਗੀਰਦਾਰ ਸਭ ਰਾਜੇ ਅਏ ॥ ਭੇਟਾ ਗੁਰ ਕੋ ਅਰਪਤ ਭਏ ॥
ਸ੍ਰੀ ਗੁਰ ਜੀ ਬਹੁ ਆਦਰ ਦੀਨਾ ॥ ਅਸਨ ਅਚਾਵਾ ਸੁਭਗ ਨਵੀਨਾ ॥555॥
ਏਕ ਜਾਮ ਜਬ ਦਿਵਸ ਰਹਾਵਾ ॥ ਸ਼ੁਭ ਦੇਵਾਨ ਗੁਰੂ ਜੀ ਲਾਵਾ ॥
ਰਾਗੀ ਆਏ ਕਿਰਤਨ ਕੀਨਾ ॥ ਜਾਹਿ ਸੁਨੇ ਅਘ ਹੋਵਤ ਖੀਨਾ ॥556॥

॥ ਦੋਹਰਾ ॥

ਰਜਤ ਜਟਤ ਪਲਕਾ ਸੁਭਗ ਆਸ ਤਰਨ ਸੁਠ ਪਾਇ ॥
ਗੁਰ ਸੋਭਤ ਤਿਹ ਉਪਰੇ ਜੋ ਸਿਖਨ ਸੁਖ ਦਾਇ ॥557॥

॥ ਚੌਪਈ ॥

ਨਾਭੇ ਆਦਿਕ ਰਾਜੇ ਸਭ ਅਏ ॥ ਸੀਸ ਨਿਵਾਵਤ ਬੈਠਤ ਭਏ ॥
ਗੁਰ ਪਰ ਸਰਧਾ ਜਿਨ ਭਈ ਭਾਰੀ ॥ ਨੁਤੰ ਕਰਤੇ ਗੁਰ ਕੀ ਬਹੁ ਭਾਰੀ ॥558॥
ਸ੍ਰੀ ਕਮਲਾਨਨ ਬੈਨ ਬਖਾਨੇ ॥ ਅੰਮ੍ਰਿਤੁ ਰਸ ਮੈ ਹੈ ਜੋ ਸਾਨੇ ॥
ਅਹੋ ਰਾਜਬੰਸੀ ਸਿਰਤਾਜਾ ॥ ਬਲ ਪ੍ਰਤਾਪ ਤੁਮਰੋ ਅਤਿ ਭ੍ਰਾਜਾ ॥559॥
ਨੀਤ ਨਿਪੁੰਨ ਪੁਨ ਪੂਰਨ ਨੇਮ੍ਹਾ ॥ ਅਹਿ ਨਿਸਿ ਕਰਤ ਮੋਹਿ-ਪਗ ਪ੍ਰੇਮਾ ॥
ਤੁਮ ਦੇਖਤ ਜੋ ਹੋਇ ਅਨੀਤੀ ॥ ਅਹੈ ਅਜੋਗ ਸਹਾਰਨ ਨੀਤੀ ॥ 560॥
ਸਾਵਧਾਨ ਹੁਇ ਪਨ ਨਿਰਬਾਹੂ ॥ ਗੁਰ ਸਿਖੀ ਕੋ ਲੇਵੋ ਲਾਹੂ ॥
ਜਿਸ ਕਾ ਦੀਆ ਭੋਗੋ ਰਾਜੂ ॥ ਸੋਢ ਬੰਸ ਕੇ ਜੋ ਸਿਰਤਾਜੂ ॥561॥
ਤੇਗ ਬਹਾਦਰ ਤਨਯ ਜਬ ਭਏ ॥ ਤਿਨ ਕਰ ਜੁਧ ਤੁਰਕ ਬਹੁ ਛਏ ॥
ਯਾਂਤੇ ਤੁਰਕਨ ਅਨੀ ਰਿਸਾਨੀ ॥ ਘੇਰਿ ਸੁ ਲੀਨ ਸੋਢਿਪਤਿ ਰਾਨੀ ॥562॥
ਯਾਨੂ ਬੀਚ ਬਾਨ ਤਿਨ ਮਾਰਾ ॥ ਗੁਰਦਾਰਾ ਤਬ ਕਿਯੋ ਸਵਾਰਾ ॥
ਖੋਦ ਭੂਮਿ ਤਹਿ ਮਾਂਹਿ ਦਬਾਈ ॥ ਕਰੀ ਅਨੀਤ ਸੁਨ ਤੁਮ ਭਾਈ ॥563॥

॥ ਦੋਹਰਾ ॥

[1]ਸਾਹਿਬ ਦੇਵੀ[1] ਕੋ ਜੁ ਬਪੁ ਪਰਾ ਗੋਰ ਕੇ ਮਾਂਹਿ ॥
ਯਾਨੂ ਮਧੁ ਸਾਯਕ ਗਡੇ ਕਾਢ ਕਰੋ ਅਬ ਦਾਹਿ ॥564॥

॥ ਚੌਪਈ ॥

ਮ੍ਹਾਲੇਰਨ[2] ਕੀ ਅਸ[2] ਕੀਨ ਅਨੀਤੀ ॥ ਹਨਹੁ ਤਾਸ ਨਾਸੈ ਬਿਪਰੀਤੀ ॥
ਮਾਤਾ[3] ਬਦਲਾ ਲੌ ਬਿਨੁ ਦੇਰੀ ॥ ਅੰਤੁ ਕਾਲੁ ਕਾਟੈ ਗੁਰ ਬੇਰੀ ॥565॥

---

ਅ ਪੋਥੀ ਸਾਹਿਬਦਾਲੀ
ਅ ਪੋਥੀ ਨੇ
ਅ ਪੋਥੀ ਦਾਸੀ

[1]ਮਾਤ ਬੈਰ ਜੋ ਤਾਤ ਨ ਲੇਹੀ[1] ॥ ਤਾਤਨ ਤਾਂਨ ਦੰਡ ਜਗ ਦੇਹੀ ॥
ਤਾਂਤ[2] ਮਾਤਹਾ[2] ਹਨੇ ਬਿਨਾਹੀ ॥ ਪਿਤੂ ਭਿ ਤਿਸੁ ਕੋ ਅੰਨ ਨ ਖਾਹੀ ॥566॥
ਪੁਤ੍ਰ[3] ਧਰਮ ਕੀ ਅੰਤ ਕਠਨਾਈ ॥ ਸਰੁਤਿ ਸ੍ਰਿਮਿਤਿ ਗੁਰ ਜੰਨ ਮਿਲ ਗਾਈ ॥
ਉਠ ਬਿਹਾਂਨ ਸੁਤ ਪਿਤੂ ਜੁ ਹਾਰੈ ॥ ਪਗ ਪਖਾਰ ਜਲ ਮਸਤਕ ਧਾਰੈ ॥567॥
ਕਲਗੀਧਰ ਬਹੁ ਯਤਨੁ ਸੁ ਕੀਨੇ ॥ ਰਾਜ ਆਦਿ ਸੁਖ ਤੁਮ ਕੋ ਦੀਨੇ ॥
ਰਾਜੇ ਛਤ੍ਰੀ ਚੀਨ ਤਯਾਗੀ ॥ ਜਾਟਨ ਪਰ ਗੁਰ ਭੇ ਅਨੁਰਾਗੀ ॥568॥
ਪਟਬੀਜਨੇ ਤੇ ਰਵਿ ਕਰਿ ਦੀਨੇ ॥ ਕਟਕ ਨੀਮ ਤੇ ਚੰਦਨ ਕੀਨੇ ॥
ਅਰੁਕੁ ਮੰਦੁ ਕੋ ਆਂਬ ਲਗਾਏ ॥ ਮਜਾਰਨ ਤੇ ਮ੍ਰਿਗੇਸ ਬਨਾਏ ॥569॥
ਮਨੂਰ ਤੇ ਜਿਹ ਹਾਟਕ ਕੀਨਸ ॥ ਹਲ ਛਡਾਇ ਰਾਜ ਤੁਮ ਦੀਨਸ ॥
ਚਗਤਨ ਕੇਰ ਘਰਿ ਜਿਨ ਘਾਲਾ ॥ ਦੇਖਣ ਦੇਸ ਆਪ ਚੱਲ ਮਾਲਾ ॥570॥

॥ ਦੋਹਰਾ ॥

ਆਛੈ ਪਦੁ ਪਾਯੋ ਤੁਮੇ ਜੋ ਅਤਿ ਸੁਮਸ ਹੋਇ ॥
ਸੋ ਬਿਚਾਰੁ[4] ਪ੍ਰਭੁ ਕਾਜੁ ਇਹੁ ਕਰਹੁ ਸਭਲੁ ਹ੍ਵੈ ਸੋਇ ॥571॥

॥ ਚੌਪਈ ॥

ਸੁਨ ਰਾਜਨ ਨੇ ਬਿਨੇ ਬਖਾਨੀ ॥ ਜਿਵ ਪ੍ਰੇਰੋ ਮੈਨੇ ਸੁਖਦਾਨੀ ॥
ਹੋਤ ਪ੍ਰਾਤ ਹਮ ਜੰਗ ਮਚਾਵੈ ॥ ਮਾਰ ਮਲੇਰਹਿ ਤੁਮੈ ਦਿਖਾਵੈ ॥572॥
ਐਸੇ ਕਹਿ ਸਭ ਡੇਰਨ ਗ਼ਏ ॥ ਖਾਨ ਪਾਨ ਕਰ ਸੋਵਤ ਭਏ ॥
ਮਲੇਰ ਮਾਹ ਕਿਨੇ ਸੁਧੁ ਦੀਨੀ ॥ ਲਯ ਰਾਜੇ ਗੁਰ ਚੜਤੀ ਕੀਨੀ ॥573॥

॥ ਦੋਹਰਾ ॥

ਤੁਰਕਨ ਮਨ ਚਿੰਤਾ ਭਈ ਕੀਜੇ ਏਕ ਉਪਾਇ ॥
ਰਾਜਨ ਪ੍ਰਤਿ ਰਿਸਵਤ ਦਿਜੈ ਲਿਜੈ ਕਰ ਅਪਨਾਇ ॥574॥

॥ ਚੌਪਈ ॥

ਕਾਗਜ ਲਿਖਤ ਭਏ ਬਿਨ ਦੇਰੀ ॥ ਸਭ ਰਾਜਨ ਪ੍ਰਤਿ ਬਿਨਤੀ ਟੇਰੀ ॥
ਹਮਰੋ ਘਰ ਸੋ ਤੁਮਰੋ ਭਾਈ ॥ ਕਿਮ ਤੁਮ ਚਾਹੋ ਰਾਰ ਬਧਾਈ ॥575॥
ਲਾਖ ਕਾ ਰਖਕੁ ਹਮ ਤੇ ਲੀਜੇ ॥ ਗ੍ਰਹ ਗ੍ਰਹ ਜਾਵੋ ਦੇਰ ਨ ਕੀਜੇ ॥
ਹਮ ਤੁਮ ਤੁਮ ਹਮ ਸਦ ਹੀ ਭਾਈ ॥ ਤੁਮਰੀ ਹਮਰੀ ਬਨ ਬਹੁ ਆਈ ॥576॥
ਗੁਰ ਪਕਰਾਵਨ ਹਮ ਕੌ ਕੀਜੈ ॥ ਤੁਮ ਘਰ ਜਾਵੂ ਦੇਰ ਨ ਕੀਜੈ ॥
ਅਰਧ ਨਿਸਾ ਪਰਵਾਨਾ ਆਵਾ ॥ ਰਾਜਨ ਪਠਾ ਸੁ ਮਨ ਲੋਭਾਵਾ ॥577॥

---

1. ਅ ਪੋਥੀ ਪਾਠਾਂਤਰ : ਗੁਰ ਦਾਸੀ ਸਿਖ ਬੈਰ ਨ ਲੇਹੀ ॥
2. ਅ ਪੋਥੀ ਪਾਠਾਂਤਰ : ਗੁਰ ਅਪਰਾਧੀ
3. ੲ ਸਿਖ
4. ਅ ੲ ਪੋਥੀ ਬਿਦਾਰ

॥ ਦੋਹਰਾ ॥
ਰਾਜਨ ਮਿਲ ਮਸਲਤ ਕਰੀ ਲਖੁ ਰੁਖੀ ਅਬ ਦੇਹੁ ॥
ਦੁਤੀ ਸਾਂਝ ਹਮਰੀ ਰਹੇ ਗੁਰ ਤੇ ਲੇਵਨ ਕੇਹ ॥578॥
॥ ਚੌਪਈ ॥
ਐਸ ਸਲਾਹ ਮਿਲਾਵਨ ਕੀਨੀ ॥ ਆਪਸ ਮੈ ਸੁਗੰਦਿ ਕਰ ਲੀਨੀ ॥
ਹੋਤ ਸੰਕਾਰੇ ਗੁਰੂ ਪਹਿ ਆਏ ॥ ਪ੍ਰਿਥਕ ਪ੍ਰਿਥਕ ਹੁਇ ਸੀਸ ਨਿਵਾਏ ॥579॥
ਬੈਠਿ ਗਏ ਜਬ ਗੁਰ ਕੇ ਨੇਰੇ ॥ ਮੰਜ ਬੈਨ ਸ੍ਰੀ ਗੁਰ ਜੀ ਟੇਰੇ ॥
ਭੋ ਰਾਜਨ ਅਬ ਦੇਰ ਨ ਕੀਜੈ ॥ ਕਰੋ ਜੰਗ ਸਰਬ ਸੁਖ ਲੀਜੈ ॥580॥
ਸੁਨ ਗੁਰਬਾਨੀ ਕਹਤੇ ਗੁਮਾਨੀ ॥ ਇਹ ਹਮ ਤੇ ਨਹਿ ਜਾਵਤ ਮਾਨੀ ॥
ਤੁਰਕ ਜਗਤ ਮੇ ਬਹੁ ਦ੍ਰਿਸਟਾਵੈ ॥ ਹਮ ਹੈ ਅਲਪ ਕਿਵ ਯੁਧ ਮਚਾਵੈ ॥581॥
ਕਮਲਾਨੰਨ ਤਬ ਬੈਨ ਬਖਾਨੇ ॥ ਤੁਮ ਚਿੰਤਾ ਮਨ ਮੈ ਮਤ ਠਾਨੈ ॥
ਸ੍ਰੀ ਕਲਗੀਧਰ ਕਰ ਸਹਾਇ ॥ ਯਵੰਨ ਸੈਫਾ ਸਗਲੀ ਗਲ ਜਾਇ ॥582॥
॥ ਦੋਹਰਾ ॥
ਬੋਲੈ ਅਧਮ ਮਹਾ ਭਲੀ ਹਮਰਿ ਦ੍ਰਿੜਾਵਤ ਬੁਧਿ ॥
ਕੌਤਕ ਹਿਤ ਬਲ ਯਤਨ ਸੋ ਪ੍ਰੇਰ ਕਰਾਵਤ ਯੁਧ ॥583॥
॥ ਚੌਪਈ ॥
ਤੁਮ ਜੋ ਕਹਾ ਗੁਰ ਕਰੇ ਸਹਾਇ ॥ ਗੁਰ ਕਰਤਬ ਸੁਨੋ ਹਿਤੁ ਲਾਇ ॥
ਆਨੰਦਪੁਰ ਮੇ ਜੰਗ ਮਚਾਵਾ ॥ ਬੀਸ ਲਾਖ ਯਮਕ ਜਬ ਆਵਾ ॥
ਸੋਢੀ ਰਾਜ ਮਹਿਤ ਬਲਵਾਨਾ ॥ ਤਜਕ ਵੰਡ ਇਨ ਤੇ ਡਰ ਪਾਨਾ ॥
ਮਾਛੀਬਾਰੇ ਘੇਰਾ ਦੇਖਾ ॥ ਡਰਤ ਧਰਤ ਭੇ ਕਾਜੀ ਭੇਖਾ ॥585॥
ਚਾਰ ਸੁ ਅਨ ਅਰੁ ਦਾਦੀ ਸਾਥਾ ॥ ਤੁਰਕਨ ਮਾਰੇ ਜਗ ਮੈ ਗਾਥਾ ॥
ਬਹੁਰ ਗਹੀ ਤਾਕੀ ਪਟਰਾਨੀ[2] ॥ ਕੋ ਜਾਨੈ ਕਿ ਠੌਰ ਸਿਧਾਨੀ[3] ॥586॥
॥ ਦੋਹਰਾ ॥
ਗੁਰੂ [ਨ][4] ਬਦਲਾ ਲੈ ਸਕਾ ਰਹਾ ਨ ਯਾਕੋ ਦੇਸ ॥
ਹਮ ਕਿ ਗਿਨਤੀ ਮੈ ਅਹੋ ਦੇਵਤ ਤੁਮ ਉਪਦੇਸ ॥587॥
॥ ਚੌਪਈ ॥
ਜੁਲਤ ਦੀਪ ਲਗ ਪਰਤ ਪੰਤੰਗਾ ॥ ਹੁਨਤ ਨ ਤਾਹਿ ਮਰਦਹਿ ਅੰਗਾ ॥
ਪਵਨ ਪ੍ਰਚੰਡ ਉਮੜੇ ਚੁਲਈ ॥ ਬਹੁ ਬਲ ਬਹੈ ਪਹਾਰ ਨ ਦਲਈ ॥588॥
ਤੁਮਰੇ ਮਨ ਅਸ ਬਾਢੀ ਪ੍ਰੀਤੀ ॥ ਦੁਦਲ ਭਿਰਾਇ ਲਖੋ ਬਿਪਰੀਤੀ ॥
ਰਹਯੋ ਨ ਤੁਮ ਕੋ ਔਰੁ ਤਮਾਸਾ ॥ ਯਵਨ ਲਰਾਇ ਕਰੋ ਹਮ ਨਾਸਾ ॥589॥
ਭਈ ਗਈ ਪਾਛੈ ਸੁ ਲਰਾਈ ॥ ਕਿਯੋ ਤੁਰਕਨ ਸੋ ਰਾਰ ਉਠਾਈ ॥
ਤੁਮ ਕੋ ਮਸਲਤ ਦੇਵੈ ਭਾਰੀ ॥ ਜਾਵੋ ਉਨੇ ਮੇਟੋ ਰਾਰੀ ॥590॥

---

1. ਅ ਪੋਥੀ ਤਨ 2. ਅ ਪੋਥੀ ਵਰ ਦਾਸੀ 3. ਅ ਪੋਥੀ ਸਿਧਾਸੀ 4. ਅ ਪੋਥੀ ਵਿਚੋਂ

॥ ਦੋਹਰਾ ॥

ਸੁਨ ਕਰ ਤਿਨ ਕੇ ਬੈਨ ਕੋ ਗੁਰ ਜੀ ਕੀਨ ਬਿਚਾਰ ॥
ਰਿਸ਼ਵਤ ਲੀਨੀ ਇਨ ਘਨੀ ਯਾਂਤੇ ਭਏ ਗਵਾਰ ॥591॥

॥ ਚੌਪਈ ॥

ਕਾਤੰਰ ਕੂਰ ਸੂਰ ਨਹਿ ਹੋਈ ॥ ਕੋਟਿ ਉਪਾਵ ਕਰੈ ਕਿਨ ਕੋਈ ॥
ਏਹੁ ਬਿਚਾਰੁ ਤਿਨਹਿ ਪ੍ਰਤਿ ਬੋਲੇ ॥ ਕਿਉਂ ਰਾਜਨ ਤੁਮ ਹੋਵੇ ਹੋਲੇ । 592॥
ਤੁਮ ਹਮਰੇ ਸਭ ਸਿਖ ਕਹਾਵੋ ॥ ਸਿੰਘ ਨਾਮ ਅਪਨੋ ਕਹਲਾਵੋ ॥
ਹਮ ਤੇ ਸੋਢਨ ਸਿਖ ਕਹਾਵੈ ॥ ਬੇਦਿਨ ਕੇ ਹਮ ਕਦ ਕਹਿਲਾਵੈ ॥593॥
ਜੇ ਤੁਮ ਸੋਢਨ ਸਿਖ ਕਹਾਵੋ ॥ ਮਾਤਾ ਹਾਵਨ ਕਯੋ ਨਹਿ ਘਾਵੋ ॥
ਲਾਖ ਕਾ ਰਖ ਰਿਸਵ੍ਰਤ ਲੀਨੀ ॥ ਹਮੇ ਭੁਮਾਵੋ ਬਲ ਕਹਿ ਦੀਨੀ ॥594॥
ਬੇਦਿਨ[1] ਸਿੰਖ ਨਹਿ ਲਿਖ[2] ਬਿਦਾਵਾ ॥ ਜਾਵੋ ਘਰ ਹਮ ਨਾਹਿ ਬੁਲਾਵਾ ॥
[3]ਧੀ ਭੰਗਨੀ ਦਾ ਪੈਸਾ ਲੇਵੈ ॥ ਮਾਤਾ ਭਾਵਾ ਕੋਇ ਨ ਜੇਵੈ ॥595॥

॥ ਦੋਹਰਾ ॥

ਕਹਯੋ ਨ ਹਮਰੋ ਮਾਨਿਓ ਪਰੇ ਲੋਭ ਕੀ ਫਾਸ ॥
ਧੀਆਂ ਨੁਖਾਂ[4] ਤੁਮਾਰੀਆਂ ਜਾਹਿ ਚੰਡਾਲਾ ਪਾਸ ॥596॥

॥ ਚੌਪਈ ॥

ਸੁਨ ਗੁਰ ਬਾਨੀ ਅਤਵ ਗਸੈਲੀ ॥ ਨ੍ਰਿਪਤ ਪਾਂਤ ਭੀ ਮਹਤ ਦੁਖੈਲੀ ॥
ਲੇ ਕਾਗਦ ਸਭਿ ਨੇ ਲਿਖ ਲੀਨੋ ॥ ਹਮ ਨ ਸਿਖ ਤੁਮ ਗੁਰੂ ਨ ਚੀਨੋ ॥597॥
ਐਸੇ ਲਿਖ ਕਰ ਸੁਹੀ ਸੁ ਪਾਈ ॥ ਕਾਗਦ ਫੇਰਾ ਸਭ ਕੇ ਮਾਹੀ ॥
ਹਰੀ ਸਿੰਘ ਸਿਰਦਾਰ ਸੁ ਬੋਲਾ ॥ ਹਮ ਕਾਗਦ[5] ਪਗ ਧੂਰੈ[5] ਕੋਲਾ ॥598॥

॥ ਦੋਹਰਾ ॥

ਦਰਬਾਰਾ ਸਿੰਘ ਨਿਹੰਗ ਜੋ ਹਰੀ ਸਿੰਘ ਸਿਰਦਾਰ ॥
ਦੋਨੋ ਤਿਨ ਧ੍ਰਿਕਾਰ ਤੇ ਜਾਵੇ ਮਹਾ ਗਵਾਰ ॥599॥
ਦਰਬਾਰਾ ਸਿੰਘ ਨਿਹੰਗ ਜੋ ਗੰਰਜਾ ਸੇਰ ਅਨਿੰਦ ॥
ਗੁਰ ਤੇ ਬੇਮੁਖ ਹੋਇ ਕੇ ਪਾਵੇ ਦੂਖ ਬਲਿੰਦ ॥600॥

॥ ਚੌਪਈ ॥

ਸ੍ਰੀ ਬੇਦੀਸ ਤਿਯਾਗਨ ਕੀਨਾ ॥ ਚੂੜਨ[6] ਕੇ ਤੁਮ ਰਹੋ ਅਧੀਨਾ ॥
ਲੇ ਰਿਸਵਤ ਤੁਮ ਕੀਨ ਕੁਚਾਲੀ[7] ॥ ਅੰਤੁ ਕਾਲ ਪਰਹੋ ਜਮ ਜਾਲੀ ॥601॥

---

1. ਅ ਪੋਥੀ ਜੇਕਰ 2. ਅ ਪੋਥੀ ਲਿਖੋ 3. ਅ ਪੋਥੀ ਵਿਚ ਇਹ ਵਾਧੂ ਪੰਗਤੀਆਂ ਹਨ : ਸਤਿਗੁਰ ਨਾਨਕ ਕਰੈ ਸਹਾਇ ॥ ਹਮ ਲੇਵੈਗੇ ਉਸ ਕਉ ਘਾਇ ॥
4. ਅ ਪੋਥੀ ਨੌਹਾਂ 5. ਅ ਪੋਥੀ ਪਰ ਲਾਵੈ 6. ਅ ਪੋਥੀ ਸੂਨਨ 7. ਅ ਪੋਥੀ ਕੁਢਾਲੀ

ਬੇਦੀ ਸਾਹਿਬੁ ਮਾਨੁਖ ਜਾਨਾ ॥ ਪਾਵੋਗੇ ਦੁਖ ਦੋਨ ਜਹਾਨਾ ॥
ਏਕ ਬਾਨ ਜਬ ਕਰੈ ਪ੍ਰਹਾਰਾ ॥ ਫੋਰ ਦੇਹ ਬ੍ਰਹਮੰਡ ਸਾਰਾ ॥602॥
ਤੁਮਰੇ ਮਨ ਮੈ ਬਹੁ ਹੰਕਾਰੂ ॥ ਹਮ ਰਾਜੇ ਹੈ ਦਰਬ ਅਪਾਰੂ ॥
ਸੁਤ ਬਿਤਯ ਨਹਿ ਕਛੁ[1] ਲੈ ਜਾਵੋ ॥ ਮੁਹਿ ਕਾਲੇ ਹੁਇ ਨਰਕ ਸਿਧਾਵੋ ॥603॥
ਸਤਿਗੁਰ ਰਾਮਦਾਸ ਬਚ ਭਾਖਾ ॥ ਏਕ ਸਲੋਕੁ ਤਿਨੋ ਕਹਿ ਰਾਖਾ ॥

॥ ਤਥਾ ਸਲੋਕੁ ॥

ਪੂਰੇ[2] ਗੁਰ ਕਾ ਹੁਕਮੁ ਨ ਮੰਨੇ ਓਹੁ ਮਨਮੁਖੁ ਅਗਿਆਨੁ ਮੁਠਾ
ਬਿਖੁ ਮਾਇਆ ॥
ਓਸੁ [ਅੰਦਰ][2] ਕੂੜੁ ਕੂੜੋ ਕਰ ਬੁਝੈ ਅਣਹੋਂਦੇ ਝਗੜੇ ਦਯਿ
ਓਸ ਦੈ ਗਲਿ ਪਾਇਆ ॥
ਓਹ ਗਲਿ ਫਰੋਸੀ ਕਰੇ ਬਹੁਤੇਰੀ ਉਸ ਦਾ ਬੋਲਿਆ
ਕਿਸੈ ਨ ਭਾਇਆ ॥
ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋਹਾਗਣਿ ਓਸੁ ਨਾਲ ਮੁਹਿ ਜੋੜੇ
ਓਸੁ ਭੀ ਲਛਣੁ ਲਾਇਆ ॥
ਗੁਰਮੁਖਿ ਹੋਇ ਸੁ ਅਲਿਪਤੋ ਵਰਤੈ ਓਸ ਦਾ ਪਾਸ ਛਡਿ
ਗੁਰ ਪਾਸਿ ਬਹਿ ਜਾਇਆ ॥
ਜੋ ਗੁਰ ਗੋਪੇ ਆਪਣਾ ਸੁ ਭਲਾ ਨਹੀ ਪੰਚਹੁ
ਓਸੁ ਲਾਹਾ ਮੂਲੁ ਸਭ ਗਵਾਇਆਂ ॥
ਗੁਰ ਸਿਖਾਂ ਵਡਿਆਈ ਭਾਵੈ ਗੁਰ ਪੂਰੇ ਕੀ
ਮਨਮੁਖਾ ਓਹੁ ਵੇਲਾ ਹਥੁ ਨ ਆਇਆ ॥[3]

॥ ਚੌਪਈ ॥

ਅਸ ਸਲੋਕ ਜਬ ਦੀਨ ਸੁਨਾਈ ॥ ਭੇ[4] ਲਜਤ ਕਛੁ ਬਸ ਨ ਬਸਾਈ ॥604॥
ਅਤਵ ਗਰਬ ਮੈ ਤਿਨ ਮਤਿ ਰੂਝੀ ॥ ਇਹ ਬਤਿਯ ਨਹਿ ਨੈਕ ਸੁ ਸੂਝੀ ॥
ਸਭਿ ਉਠਿ ਚਲੇ ਨਿਸਾਨ ਉਲਟਾਈ ॥ ਸਰਿ ਸਰਿਤੁਜ ਜਿਮ ਕੂਮ ਨਾਸਾ ਭਾਈ॥605

॥ ਦੋਹਰਾ ॥

[5]ਗੁਰੂ ਬਿਮੁਖ[5] ਸੁਖ ਤੇ ਰਹਿਤ ਬੋਲਤਿ ਬਾਕ ਕੁਬਾਕ ॥
ਲੋਚਨਿ ਕਛੂ ਨ ਸੂਝਈ ਖਰੋ ਬਿਖਮ ਮਦ ਛਾਕ ॥606॥

॥ ਚੌਪਈ ॥

ਦਰਬਾਰਾ ਹਰਿ ਹਰੀ ਹਰਿ ਜੋਇ ॥ ਗੁਰ ਸਮੀਪ[6] ਮਿਲ ਆਇ[6] ਦੋਇ ॥
ਪਾਦ ਪਦਮ ਪਰੁ ਬੰਦਨੁ ਠਾਨੀ ॥ ਤਿਨ ਕੋ ਦੇਖ ਹਸੇ ਗੁਨ ਖਾਨੀ ॥607॥

1. ਅ ਪੋਥੀ ਪਾਠਾਂਤਰ: ਬਿਤ ਬਪੁ ਨਹਿ ਕਛੁ 2. ਅ ਪੋਥੀ ਵਿਚੋਂ 3. ੲ ਪੋਥੀ ਇਹ ਇਸ ਮਗਰੋਂ ਪੰਗਤੀ ਹੈ: ਪਹਿਲਾ ਆਰਾਮ ਨਿਗਮ ਨਾਨਕ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ ॥
4. ੲ ਪੋਥੀ ਭਏ 5. ਅ ਪੋਥੀ ਗੁਰਸਿਖੀ 6. ਅ ਪੋਥੀ ਆਏ ਚਲ

ਸ੍ਰੀ ਕਮਲਾਨਨ ਬੈਨ ਬਖਾਨੇ ॥ ਤੁਮ ਭੀ ਬੈਸੋ ਜਾਇ ਘਰਾਨੇ ॥
ਸੁਨ ਗੁਰ ਬਚਨੁ ਤਬੈ ਬੋਲੇ ਗਾਢੇ ॥ ਮਾਰ ਨਿਕਾਰੋ ਜਾਇ ਨ ਕਾਢੇ ॥608॥
ਸੁਤ ਬਿਤ ਬਪੁ ਹਮ ਦੀਨ੍ਹਾ ਵਾਰੇ ॥ ਹੈ ਸੇਵਕੁ ਕਾਦੀਮ ਤੁਮਾਰੇ ॥
ਜੋ ਹੋਇ ਆਇਸ ਹਮੈਂ ਸੁਆਮੀ ॥ ਜੰਗ ਮਚੇਵੈ ਅੰਤਰਯਾਮੀ ॥609॥
ਸੁਨੇ ਗੁਰ ਤਿਨ ਕੇ ਬੈਨ ਰਸੀਲੇ ॥ ਬੀਰ ਰਸੰ ਪੁਨ ਹੈ ਚਟਕੀਲੇ ॥
ਆਨਨ ਸਸਿ ਤੇ ਉਚਰੀ ਬਾਨੀ ॥ ਜੁਗਲ ਧਨੰਜਹਿ ਸਰਧਾ ਠਾਨੀ ॥610॥
ਗੁਰ ਸਿਖੀ ਤੁਮ ਦੋਨੋ ਰਾਖੀ ॥ ਜਗ ਮੈਂ ਚੱਲੇ ਤੁਮਾਰੀ ਸਾਖੀ ॥
ਬੈਠਿ ਜਾਹੁ ਤੁਮੈਂ ਗੁਰੂ ਪਿਆਰੇ ॥ ਗੁਰ ਨਾਨਕ ਤੁਮ ਕਾਜ ਸਵਾਰੇ ॥611॥

॥ ਸੋਰਠਾ ॥

ਰਹੇ ਕਛੁ ਪ੍ਰਭੁ ਸਾਥ ਜਿਨ ਕੀ ਆਛੈ ਪ੍ਰੀਤਿ ਹੀ ॥
ਜੋਰੇ ਸਾਦਰ ਹਾਥ ਪਰ ਕਰ ਸਸਤ੍ਰ ਕਸਿ ਧਰੇ ॥612॥

॥ ਚੌਪਈ ॥

ਵ੍ਹਾਹ ਵ੍ਰਿਮਲ ਮੈ ਮੁਜਨ ਕੀਨਾ ॥ ਰੂਪ ਰਾਸ ਉਮਗ੍ਹਾਨ ਨਵੀਨਾ ॥
ਅਨੁਚਰੁ ਲਿਯਾਏ ਨਾਨਾ ਬਾਨੇ ॥ ਪ੍ਰਭੁ ਰਚਿ ਪਹਿਰੇ ਕੇਸਰ ਸਾਨੇ ॥613॥
ਕੰਘਾ ਕਰਿ ਕਰਿ ਜੂੜ ਬਨਾਇ ॥ ਊਪਰਿ ਬਾਂਧਤ ਪਾਗ ਸੁਹਾਇ ॥
ਜਿਗਾ ਸੁ ਕਲਗੀ ਬਾਂਧੀ ਬਾਂਕੀ ॥ ਬਿਧਿ ਗਿਰਾਂ ਨੁਤ ਬਰਨਿ ਨ ਸਾਕੀ ॥614॥
ਸਮਸ ਸੁਧਾਰ ਕਰਤ ਮੂਛ ਬੰਕੀ ॥ ਜੋ ਸਿਖਨ ਕੋ ਕਰੇ ਅੜੰਕੀ ॥
ਚੰਦ੍ਰਹਾਸ ਗੁਰ ਗਰ ਮੋ ਪਾਈ ॥ ਚਾਮੀ ਕਰਕੀ ਮੁਸਟ ਸੁਹਾਈ ॥615॥
ਕਸੀ ਮ੍ਰਿਦਲ ਕਟ ਸੁੰਦਰ ਪੇਟੀ ॥ ਤ੍ਰਿਲੇ ਤਾਰ ਕਰ ਚਾਰ ਲਪੇਟੀ ॥
ਚਰਮ ਚਾਰ ਫੂਲ ਦ੍ਰਿਬ ਧਾਰੀ ॥ ਜੋ ਸਤ੍ਰੁਨ ਕੌ ਰੋਕਨ ਵਾਰੀ ॥616॥
ਪਿਸਟੈ ਊਪਰਿ ਬਾਂਧਨ ਕੀਨੀ ॥ ਜਿਸ ਕੀ ਦੀਪਤੀ ਸੋਭ ਨਵੀਨੀ ॥
ਬਾਨਨ ਸਾਥ ਤਰਕਸ ਪੂਰਾ ॥ ਕਟ ਉਪਰਿ ਸੋ ਬਾਧਤ ਰੂਰਾ ॥617॥

॥ ਸੋਰਠਾ ॥

ਸ੍ਰੀ ਬੇਦੀ ਕੁਲ ਰਾਜੇ ਰਿਸੇਖਿ ਸੋਹੈ ਨੈਨ ਕਰ ॥
ਉਠੇ ਸਿੰਘ ਇਮ ਗਾਜ ਸਿੰਘ ਚਲੇ ਜਿਮ ਏਣ ਪਰ ॥618॥[1]

॥ ਦੋਹਰਾ ॥

ਬਜੀ ਭੇਰ ਸੰਗ੍ਰਾਮ ਕੀ ਸਜੀ ਸੈਨ ਬਹੁ ਰੰਗ ॥
ਲਜੀ ਵਿਰੁਥਨ-ਤੁਰਕੁ ਕੀ ਜਿਮ ਕਰ ਕੇਸਰਿ ਜੰਗ ॥619॥

---

1. ਅ ਪੋਥੀ ਵਿਚ ਇਹ ਸੋਰਠਾ ਵਾਧੂ ਹੈ :
ਲਾਲੀ ਮੁਖ ਮੰਡਾਰਨ ਤਪਤ ਤਾਂਬ ਇਵ ਦ੍ਰਿਗ ਤਰਲ ॥
ਨਾਲ ਰੂਪ ਭਗਵਾਨੁ ਹਾਥ ਮਾਹਿ ਕੌ ਛੰਡ ਗਹਿ ॥619॥

॥ ਚੌਪਈ ॥

ਹਰੀ ਸਿੰਘ ਸਿਰਦਾਰ ਬੁਲਾਯੋ ॥ ਕਮਲਾਨਨ ਤੇ ਬੈਨ ਅਲਾਯੋ ॥
ਦਾਹਿਨੇ ਸੈਨਾ ਅਪਨੀ ਪ੍ਰੇਰੋ ॥ ਕਰੋ ਜੰਗ ਨਹਿ [1]ਆਲਸ ਹੇਰੋ[1] ॥620॥
ਦਰਬਾਰਾ ਹਰਿ ਗੁਰੂ ਬੁਲਾਵਾ ॥ ਤਿਸੁ ਪ੍ਰਤਿ ਸ੍ਰੀ ਗੁਰ ਐਸ ਅਲਾਵ੍ਹਾ ॥
ਬਾਂਮ ਤਰਫ ਤੁਮ ਅਨੀ ਸੁ ਪ੍ਰੇਰੋ ॥ ਹੁਇ ਸਵਧਾਨੁ ਕਰੋ ਭਟ ਭੇਰੋ ॥621॥

॥ ਦੋਹਰਾ ॥

ਸਿੰਘ ਨਿਹੰਗੁ ਸੁਨਿ ਹਰਖ ਧਰਿ ਬਿਨੈ ਭਨੀ ਸਿਰ ਨਯਾਇ ॥
ਉਪਮਾਂ ਕੀਨੀ ਪ੍ਰੀਤ ਕਰ ਜੁਗਮ ਕਬਿਤ ਬਨਾਇ ॥622॥

॥ ਕਬਿਤ ॥

ਮਛ ਕਛ ਕੋਲ ਔਰ ਵਾਮਨ ਨਰੇਣ ਪਤਿ
ਬਹੁਰੋ ਪਰਸ ਰਾਮ ਰਾਮ ਸ੍ਯਾਮ ਭਾਇਯੇ ॥
ਬੋਧ ਰੂਪ ਨਾਨਕ ਸੁ ਅੰਗਦ ਅਮਰਦਾਸ
ਰਾਮਦਾਸ ਅਰਜਨ ਸੁ ਪੂਰਨ ਗਨਾਇਯੇ ॥
ਹਰੀ ਸੁ ਗੋਬਿੰਦ ਹਰਿ ਰਾਇ ਹਰਿ ਕਿਸਨੁ ਕਹਿ[2]
ਤੇਗ ਸੁ ਭਟ ਗੁਰ ਸੋ ਘਟ ਘਟ ਧਯਾਇਯੇ ॥
ਗੋਬਿੰਦ ਮ੍ਰਿਗਿੰਦ੍ਰ ਹੂਏ ਸਾਹਿਬੁ ਮ੍ਰਿਗੇਸ ਭਏ
ਏਤੀ ਦਿਸ ਪਾਵਨ ਕਰੀ[3] ਸੋ ਤੁਮ[3] ਗਾਇਯੇ ॥623॥
ਕਾਰਨ ਕਰਨ ਅਸਰਨ[4] ਸਰਨ ਕੀ[4] ਤੁਪ
ਅਭ੍ਰਨ ਭ੍ਰਨ ਸਦਾ ਬਾਨ ਤੁਮ ਬਯਾਇਯੇ ॥
ਜਿਨ ਪੈ ਕ੍ਰਿਪਾਛ ਦੇਖਤ ਹੋ ਸਾਖੀ ਭੂਤ
ਜਿਨਹੂ ਕੀ ਸਾਖ ਬੇਦ[5] ਆਦਿ ਮੈ[6] ਲਖਾਇਯੇ ॥
ਜਹਾਂ ਤਮ ਗੋਤ ਤਹਾਂ ਕਲਾ ਕਲ ਜੋਤ ਹੋਤ
ਐਸ ਨਿਰਧਾਰ ਮਨੁ ਆਪਨਿ ਜੁੜਾਇਯੇ ॥
ਕਲਾਧਾਰੀ ਕਲਾ ਕੋਊ ਸਿਮ੍ਰਿਤ ਆਜਹੂੰ ਲੌ
ਕਲਾਧਾਰੀ ਕਲਾਧਾਰੀ ਜਗਤੁ ਗਨਾਇਯੇ[6] ॥624॥

॥ ਦੋਹਰਾ ॥

ਕੀਨੀ ਉਸਤਤਿ ਹੇਤ ਕਰਿ ਚਰਨਨ ਸੀਸ ਨਿਵਾਇ ॥
ਹੈ ਅਰੂਢ ਹੋਤ ਭੇ ਲੈ ਸੂਰੇ ਸਮੰਦਾਇ ॥625॥

---

1. ਅ. ੲ ਪਾਠਾਂਤਰ : ਰਲਾਇ ਅਵੇਰੋ 2. ਅ ਪੋਥੀ ਹਰਿ 3. ਅ ਪੋਥੀ ਸੋਭਾ ਜਸ 4. ੲ ਪੋਥੀ ਕੀ ਸਰਨ 5. ਅ ਪੋਥੀ ਆਰਾਮ 6. ਅ ਪੋਥੀ ਗਾਈਯੇ

॥ ਚੌਪਈ ॥

ਸ੍ਰੀ ਗੁਰੂ ਜੀ ਤਬ ਭਏ ਅਸਵ੍ਰਾਰ ॥ ਔਰ ਸਿੰਘ ਸਭ ਹੋਏਂ ਲਾਰ ॥
ਸ੍ਰੀ ਗੁਰੂ ਜੀ ਤਬ ਬਜਾ ਦਮਾਮਾ ॥ ਫਹਿਤੰਰ ਝੰਡਾ ਊਚ ਸੁਹਾਮਾ ॥626॥
ਤੁਰਕਨ ਨੇ ਦਰਬਾਜੇ ਮੂੰਦੇ ॥ ਸੈਨ ਤਿਯਾਰ ਕਰੀ ਉਚ ਕੂਢੇ ॥
ਤੋਪ ਤਯਾਰ ਕਰਹੀ ਬਹੁਤੇਰੀ । ਭਏ ਜੰਗ ਕੋ ਤਿਆਰ ਅਦੇਰੀ ॥627॥
ਸਿੰਘ ਦਰਬਾਰਾ ਪ੍ਰਤਿ ਗੁਰ ਬੋਲੇ ॥ ਆਜੁ ਤੁਰਕ ਬਹੁ ਹੋਵੈਂ ਹੌਲੇ ॥
ਸੈਨਾ ਆਪਨ ਰਖੋ ਟਿਕਾਈ ॥ ਏਕ ਸਾਧ ਮਿਲ ਲੇਵੈ ਭਾਈ ॥628॥

॥ ਦੋਹਰਾ ॥

ਭੇਟਾ ਲੇਵਨ ਕਾਰਨੇ[1] ਕਮਲਨੈਨ ਸੁਖਦਾਇ ॥
ਸੰਤ ਦ੍ਵਾਰ ਪੁਰ ਨਿਕਟਿ ਇਕ ਤਹਾਂ ਗਏ ਹਰਖਾਇ ॥629॥

॥ ਚੌਪਈ ॥

ਦੇਖਿ ਆਗਮਨ ਬੇਦੀ ਬੀਰਾ ॥ ਆਯੋ ਦੌਰ ਨਿਕਟਿ ਮਨਿ ਧੀਰਾ ॥
ਤਨੁ ਪਲੁਕਤ ਭਰ ਲੋਚਨਿ ਵ੍ਰਾਹੀ ॥ ਸੂ ਰਵਿ ਭੰਗ ਸੁਖ ਮਨ ਮਹਿ ਭਾਰੀ ॥630॥
ਪਾਦ ਕੰਜ[2] ਪਰ ਮਸਤਕ ਰਾਖਾ ॥ ਭਯੋ ਅਨੰਦ ਸੁਧਾ ਜਨ ਚਾਖਾ ॥
ਵਾਰ ਵਾਰ ਹੋਵਤ ਬਲਿਹਾਰੀ ॥ ਮੇਰੋ ਗੁਰ ਜੀ ਕੀਨ ਉਧਾਰੀ ॥631॥
ਤਿਹ ਸਨ ਤੂਰਣ ਪ੍ਰਭਹਿ ਬਖਾਨੀ ॥ ਭੇਤ ਹਮਾਰਿ ਲਯਾਵ ਮੁਨਿ ਗਯਾਨੀ.॥
ਐਸ ਬੈਨ ਜਬ ਗੁਰੂ ਬਖਾਨੇ ॥ ਸੁਨ ਕਰ ਸਾਧੂ ਉਸਤਤਿ ਠਾਨੇ ॥632॥
ਪ੍ਰਣਤ ਪਾਲ ਪੂਰਨ ਭਗਵੰਤਾ ॥ ਬਯਾਪਕੁ ਅਚੁਤ ਅਜਰ ਅਨੰਤਾ ॥
ਪਰਮਾਤਮ ਮਨਿ ਬੁਧਿ ਗੋ ਤੀਤਾ ॥ ਅਪ੍ਰਮੇਯ ਅਵਛਿੰਨ ਸੁ ਨੀਤਾ ॥633॥
ਰਾਵ ਨਾਰ ਸੀਸਾ ਸੁਖਦਾਇਕ ॥ ਅਚਲ ਅਗਾਧਿ ਚਰਾ ਨਾਇਕ ॥
ਸੰਭੂ ਸਾਤਾ ਕਾਰ ਅਨੂਪਾ ॥ ਵਿਨੋ ਪਾਸ ਪਾਵਨ ਸੁਖ ਰੂਪਾ ॥134॥
ਬੇਦੀ[3] ਬੰਸ ਪੰਕਜ ਬਨ ਭਾਨੂ ॥ ਕਲ੍ਪ ਬਿਪਨ ਘਨ ਦਹਿਨ ਕ੍ਰਿਸਾਨੂ ॥
ਦੇਹ ਚੰਗ ਗੁਨ ਸਤਿਗੁਰ ਸ੍ਵਾਮੀ ॥ ਸਮਦਰਸੀ ਪ੍ਰਭ ਅੰਤਰੁਜਾਮੀ ॥635॥
ਪਰਮ ਭਗਤ ਫਲੁ ਅਬ ਮੈ ਪਾਵਾ ॥ ਸੁੰਦਰਿ ਮੁਹਿ ਹਰਿ ਦਰਸਿ ਦਿਖਾਵਾ ॥
ਭਵ ਆਦੀ ਜੇ ਦ੍ਰਿੜ ਬ੍ਰਿਜ ਜੋਗੀ ॥ ਮਿਲਤ ਅਹਿ ਨਿਸਿ ਪਾਦ ਅਰੋਗੀ ॥636॥
ਤੁਮ ਸਰੂਪ ਸੋ ਲਖਹਿ ਨ ਨੈਕਾ ॥ ਜਿਨ ਕੇ ਹ੍ਰਿਦੇ ਅਪਾਰ ਬਿਬੇਕਾ ॥
ਸੋ ਸਾਛਾਤ ਦੇਖ ਕੈ ਪੂਜਾ ॥ ਮੋ ਸਮ ਆਜ ਧੰਨਯ ਕੋ ਦੂਜਾ ॥637॥
ਲਖਹਿ ਨ ਮੁਨਿ ਧਯਾਨੇ ਧਰਿ ਗਾਢੇ ॥ ਸੋ ਮਮ ਦ੍ਵਾਰ ਆਜ ਤੁਮ ਠਾਂਢੇ ॥
ਕ੍ਰੋਧੀ ਮਾਂਨ ਅਧਮ ਅਘ ਲੀਨਾ ॥ ਕੌਨ ਜੋਗ ਜਗ ਤਪ ਮੈ ਕੀਨਾ ॥638॥

1. ੲ ਪੋਥੀ ਕੇ ਲਿਯੇ
2. ੲ ਪੋਥੀ ਪੰਕਜ
3. ਅ ਪੋਥੀ ਬੇਦ

ਜਨਮ ਪਾਇ ਨਹਿ ਕਿਯ ਸਤ ਸੰਗਾ ॥ ਸੇਵਤ ਸਦ ਮਦ ਮੋਹ ਅਨੰਗਾ ॥
ਔਰ ਕਦਾਚਿ ਸੁ ਕਰ ਮਨੁ ਭਾਯੋ ॥ ਜਾਂਤੇ ਮੁਹਿ ਪ੍ਰਭ ਦਰਸੁ ਦਿਖਾਯੋ ॥639॥
ਬਿਨਾ ਕਿਯੇ ਕੀਨੋ ਉਪਕਾਰੂ ॥ ਜਯਤ ਬੇਦ ਕੁਲ ਤਿਲਕੁ ਅਪਾਰੂ ॥
ਮੇਰੋ ਪਦ ਸਭ ਤੇ ਅਧਕਾਵਾ ॥ ਬਿਨੁ ਸ੍ਰਮ ਸਹੇ ਅਮਰ ਪਦ ਪਾਵਾ ॥640॥
ਮਾਂਗੋ ਇਹੁ ਵਰੁ ਆਜ ਗੁਸਾਈ ॥ ਮਮ ਹਿਯ ਕਮਲ ਬਸਹੁ ਅਲ ਨਯਾਈ ॥
ਤੁਮ ਸਰ[1] ਮਗਨ ਰਹੌ ਦਿਨੁ ਰਾਤੀ ॥ ਤੁਮ ਮੂਰਤਿ ਇਹਿ ਲਯੋ ਵਿਭਾਂਤੀ ॥641॥
ਮਮ ਗੁਣ ਪ੍ਰਾਣ ਪਯਾਨ ਸਮੇਹੀ ॥ ਮੋ ਸੋ ਕਹਯੋ ਸੁ ਬਚਨ ਸਨੇਹੀ ॥
ਹੇਯਾ ਸ੍ਰੀ ਬੇਦਿ ਬੰਸ ਅਣਿ ਐਹਹਿ ॥ ਮਲਿਨ ਮਲੇਰ ਵਿਪਨ ਘਨ ਕਹਿ ਹਹਿ ॥642॥
ਤੁਮਰੇ ਦੁਾਰ ਆਇ ਹ੍ਵੈ ਠਾਢੇ ॥ ਕਹਿ ਹਹਿ ਬਚਨ ਅਨੁਗ੍ਰਹਿ ਬਾਢੇ ॥
ਕਹਿ ਹੈਂ ਲਯਾਵੌ ਭੇਟ ਜੁ ਮੋਹੀ ॥ ਤੁਮ ਦ੍ਰਿਗ ਦੇਖਤ ਯੁਧ ਕਰੋਹੀ ॥643॥

॥ ਦੋਹਰਾ ॥

ਸ੍ਰੀ ਫਲ ਏਕ ਸੁਕਾ ਰਖਨ ਗੁਰ ਮੋਕੋ ਇਹ ਦੀਨ ॥
ਗੁਰ ਕੌ ਅਰਪਨ ਤੂ ਕਹੀ ਐਸ ਬਚਨ ਮੁਹਿ ਕੀਨ ॥644॥
ਮਲੇਰ ਸੁ ਮਾਰੀ ਜਾਇ ਤਬ ਸਤਿਗੁਰ ਲੇਵੈ ਆਹਿ ॥
ਸੁਨ ਬਚ ਲੀਨੇ ਸ੍ਰੀ ਗੁਰੂ ਤਿਸ ਪਰ ਮਯਾ ਕਰਾਹਿ ॥644॥

॥ ਸੋਰਠਾ ॥

ਭੇ ਪ੍ਰਤਛ[2] ਸੋ ਆਜ ਜੋ ਮਮ ਗੁਰ ਕਹਿਤ ਨੁਤ ਜਯੋ ॥
ਸਤਿਗੁਰ ਬੇਦੀ ਰਾਜ ਦੀਜੈ ਬਰੁ ਮੁਹਿ ਹਿਯ ਬਸਹੁ ॥646॥

॥ ਦੋਹਰਾ ॥

ਸੁਨ ਸਾਧੂ ਹੇ ਬੈਨ ਸੁਭ ਕਮਲਨੈਨ ਕਹਿ ਬੈਨ ॥
ਵਾਹਿਗੁਰੂ ਸਤਨਾਮ ਜਪਿ ਜੋ ਹੈ ਨਾਨਕ ਐਨ ॥647॥

॥ ਸੋਰਠਾ ॥

ਮੈਨ ਤਜਯੋ ਮਦ ਮੈਨ ਉਪਲ ਹ੍ਰਿਦੈ ਯਾਂਤੇ ਹੁਤੋ ॥
ਭਈ ਆਜ ਗਤ ਮੈਨ ਗੁਰ ਕੁਲ ਪੰਕਜ ਭਾਂਨ ਭਖਿ ॥648॥

॥ ਚੌਪਈ ॥

ਕਰ ਨਿਹਾਲ ਗੁਰ ਡੇਰੇ ਆਏ ॥ ਸੈਨਾ ਆਗੇ ਥਿਰ ਸਮਦਾਏ ॥
ਜੁਧ ਕਰਨ ਕੌ ਭਏ ਉਤਾਲੇ ॥ ਜਿਨ ਕੇ ਜਾਗੇ ਭਾਗ ਬਿਸਾਲੇ ॥649॥
ਹਰੀ ਸਿੰਘ ਕੋ ਗੁਰੂ ਬੁਲਾਵਾ ॥ ਦੇਯ ਮਾਨ ਚਿਤ ਰੋਖ ਬਧਾਵਾ ॥
ਸਿੰਘ ਦਰਬਾਰ[3] ਤਬ ਚਲੁ ਆਇ ॥ ਹਾਥ ਜੋਰੁ ਕਰਿ ਸੀਸ ਨਿਵਾਇ ॥690॥

1. ਅ ਪੋਥੀ ਪਦ 2. ੲ ਪੋਥੀ ਪ੍ਰਤਖ 3. ਅ ਪੋਥੀ ਦਰਬਾਰ

॥ ਦੋਹਰਾ ॥

ਆਯਧ ਦੀਨੇ ਸੱਤਿਗੁਰੂ ਜਿਨ ਪੈ ਦੀਸਤ ਨਾਹਿ ॥
ਕੀਟੀ ਤੇ ਕੇਸਰਿ ਕਰੈ ਜਿਨ ਦੇਖੇ ਅਰੁ[1] ਜਾਹਿ ॥651॥

॥ ਭੁਯੰਗ ਛੰਦ ॥

ਬਡੇ ਬਾਢਿ ਚੌਰੇ ਸੁ ਤੇਰੇ ਮਿਯਾਨੀ ॥ ਦੁਧਾਰੇ ਪੁਲਾਂਦੀ ਅਨੇਕੈ ਮਹਾਨੀ ॥
ਸਰੋਹੀ ਹਲਬੀ ਜਨਬ ਦਈ ਹੈਂ ॥ ਕੱਰਾ ਚੌਲ ਖੰਡੇ ਜੁ ਤੋਕੌਂ ਲਈ ਹੈ ॥652॥
ਸਬੈ ਲੋਹ ਕੀਸ ਨੇਜੈ ਬਿਸਾਲੇ ॥ ਬਿਛੂਏ ਬਡੇ ਬਾਂਕ ਜੰਬੂਰੇ ਕੁਰਾਲੇ ॥
ਛੁਰੇ ਖੋਖਨੀ ਫਲਾਬੀ ਬਿਲੂੰਦੇ ॥ ਘਨੇ ਸੇਲ ਭਾਲੇ ਪ੍ਰਕਾਸੇ ਅਮਾਦੇ[2] ॥653॥
ਮਲੰਹੀਨ ਸੈਫੰ ਬਨੇ ਅੰਗ ਚੰਗੇ ॥ ਤਮਾਚੇ ਕਲਾਕਾਰ ਸਤਰੂਨ ਤਭੰਗੇ ॥
ਤੁਰੰਗੇ ਜੰਜੈ ਲਾਜ ਮੂਰੇ ਧਮਾਕੇ ॥ ਦਏ ਚਕ੍ਰ ਬਕ੍ਰੰ ਚਮੰਕੈ ਚੁਲਾਕੇ ॥254॥
ਬਡੇ ਮੋਲ ਕੇ ਦੂਰ ਤੇ ਆਏ ਢਾਲੇ ॥ ਕਠੋਰੇ ਕੁਦੰਡੰ ਵਡੇ ਉਜ ਵਾਲੇ ॥
ਭਰੇ ਬਾਨ ਭਾਥਾ ਅਨੇਕੇ ਪ੍ਰਕਾਰੇ ॥ ਧਰੇ ਸਾਣੰ ਪੈਨੇ ਲਗੇ ਬ੍ਰਿਦਪਾਰੇ ॥655॥
ਇਨੋ ਆਦਿ ਤੇ ਆਯੁਧੰ ਪੁਜੰ ਦੀਨੇ ॥ ਖੁਸੀ ਖਾਲਸੇ ਪੈ ਪ੍ਰਭੂ ਭੂਰਿ ਕੀਨੇ ॥
ਦਈ ਬ੍ਰਿੰਦ ਬਾਰੂਦ ਗੋਰੀ ਘਨੇਰੀ ॥ ਤੁਰਕਾਨ ਮਾਰੋ ਕਹਯੋ ਤਹਿ ਬੇਰੀ ॥656॥
ਭਏ ਸਾਵਧਾਨੰ ਤਬੈ ਸਿੰਘ ਬੀਰਾ ॥ ਰਸੰ ਬੀਰ ਰਾਤੇ ਚਲੇ ਧਾਰ ਧੀਰਾ ॥
ਬਧੇ ਟੋਲ ਪੈ ਟੋਲ ਸੂਰਾਨ ਐਸੇ ॥ ਬਹੇ ਬਾਯੂ ਤੇ ਮੇਘ ਹ੍ਵੈ ਪੁੰਜ ਜੈਸੇ ॥657॥

॥ ਰਸਾਵਲ ਛੰਦ ॥

ਚਲੇ ਸਿੰਘ ਬੀਰੰ ॥ ਧਰੇ ਚਾਂਪ ਤੀਰੰ ॥
ਕਰਾ ਚੌਲ ਢਾਲੰ ॥ ਕਿੰਨੂ ਲੈ ਸੰਭਾਲੇ ॥658॥
ਸੁਨੇ ਜਾ ਉਬਾਰੇ ॥ ਛੁਰੇ ਪੈ ਕਟਾਰੇ ॥
ਸਰੋਹੀ ਨਿਕਾਸੇ ॥ ਉਬਾਰੇ ਪ੍ਰਕਾਸੇ ॥659॥
ਮਹਾ ਸਾਵਧਾਨਾ ॥ ਸਮੰ ਏਕ ਜਵਾਨਾਂ ॥
ਬਲੀ ਬੀਰ ਬੰਕੇ ॥ ਮੁਛੈ ਲੇ ਨਿਸੰਕੇ ॥660॥
ਚਲਾਕੇ ਜੁਝਾਰੇ ॥ ਇਕੈ ਮੇਲਿ ਵਾਰੇ ॥
ਕਰੇ ਖਾਨ ਪਾਨਾ ॥ ਇਕੇ ਥਾਨ ਵਾਨਾ ॥661॥

॥ ਦੋਹਰਾ ॥

ਇਸ ਪ੍ਰਕਾਰ ਸਿੰਘਨ ਜਬੇ ਕੀਨੋ ਠੇਕੁ[3] ਢੁਕਾਇ ॥
ਤੁਰਕ ਤਬੇ ਨਿਕਸੇ ਵਹਿਰ ਮਾਰੂ ਪ੍ਰਣਵ ਬਜਾਇ ॥662॥

॥ ਚੌਪਈ ॥

ਆਏ ਤੁਰਕ ਜੋਰ ਦੇ ਭਾਰੀ ॥ ਛੋਡੀ ਤੁਰੰਗਨ ਕੀਨ ਅਵਾਰੀ ॥
ਬੋਲ ਊਚ ਬਹੁ ਸਬਦ ਸੁਨਾਵੈ ॥ ਮਾਰ ਮਾਰ ਮਾਰ ਹੀ ਗਾਵੈ ॥663॥

---

1. ਮੂਲ ਪੋਥੀ ਅਰ   2. ਅ ਪੋਥੀ ਅਮੰਦੇ   3. ਅ ਪੋਥੀ ਨੇਰ

ਗਗਨੇ ਗਹੇ ਕਮਾਨ ਤੁਫੰਗ ॥ ਸਮੁਖ ਭਏ ਦ੍ਵੈ ਦਲ ਹਿਤ ਜੰਗ ॥
ਕਿਤੀ ਬਾਇ ਮਚਿ ਰਹੀ ਲਰਾਈ ॥ ਜੂਝਿਲਾ ਬਮਣੀ ਛੁਟ ਸੰਮਦ੍ਰਾਈ ॥664॥
ਇਤੈ ਸਿੰਘ ਹੇਲਾ ਕਰ ਪਰੇ । ਧਾਇ ਅਚਾਨਕ ਤਿਸ ਦਿਸ ਲਰੇ ॥
ਮਨਹੁ ਚੇਤ ਬਹਿਬਾਯੁ ਬਡੇਰਾ ॥ ਸਿੰਘਨ ਕੋ ਦਲ ਜਲਧਰ ਪ੍ਰੇਰਾ ॥665॥
ਬਰਖਾ ਗੁਲ ਕਨ ਕਰ ਕਾਕੇਰੀ ॥ ਭੁਜਲ ਨਰ[1] ਬ੍ਰਿਖ ਪਾਕ ਘਨੇਰੀ ॥
ਏਕ ਬਾਰ ਪਰਕਰੀ ਬਿਨਾਸਨਿ ॥ ਕੜਕੇ ਤੁਪਕੈਨ ਬਾਨ ਸਰਾਸਨਿ ॥667॥
ਛੁਟੇ ਮੁੰਡ ਤੁੰਡ ਬਿਕੁਰਾਰੇ ॥ ਸ੍ਰੋਣਤ ਛੂਟੇ ਮਨਹੁ ਪਰਨਾਰੇ ॥
ਮਾਲੇਰਨ ਕੋ ਦਲ ਸਮੁਹਾਯੋ ॥ ਦੁੰਦਭ ਢੋਲਨਿ ਬਿੰਦ ਬਜਾਯੋ ॥667॥

॥ ਨਰਾਜ ਛੰਦੁ ॥

ਦੁਬਾਰ ਸਿੰਘ[2] ਜੀ ਤਬਹਿ ਤੀਰ ਕੋ ਪ੍ਰਹਾਰ ਤੇ ॥
ਤੁਫੰਗ ਏਕ ਸੰਗ ਸਿੰਘ ਸੂਰਮੇ ਸੰਘਾਰਤੇ ॥
ਮਰੀ ਤੁਰਕਾਨ ਬਾਹਿਨੀ ਬਿਸਾਲੀ[3] ਮਹਾਇਕੈ ॥
ਸੁ ਏਕ ਬਾਰ ਗੋਰੀਆ ਅਨੇਕ ਹੀ ਚਲਾਇ ਕੈ ॥668॥
ਚਲੀਸ ਬੇਗ ਸੂਕਤੀ ਲੇਗੀ ਤੁਰੰਗ ਆਇਕੈ ॥
ਗਿਰਯੋ ਸੁ ਜੰਗ ਖੇਤ ਮੈ ਸੁ ਦੋਇ ਘਾਇ ਖਾਇ ਕੈ ॥
ਦਰਬਾਰ ਸਿੰਘ ਛੋਰ [ਹੈ][4] ਅੰਗ ਆਪਨੋ ਬਚਾਇ ਕੈ ॥
ਖਰੋ ਚਰੰਨ ਭਾਰ ਫੇਰ ਬਾਨ ਕੋ ਚਲਾਇ ਕੈ ॥669॥
ਪਹੂਚ ਕੈ ਸੁਦਾਸ ਆਇ ਬਾਜੁ ਔਰ ਦੀਨਿਓ ॥
ਕਰੀ ਸਿਤਾਬ ਦੌਰ ਕੈ ਰਕਾਬ ਪਾਇ ਲੀਨਿਓ ॥
ਅਰੋਹ[5] ਤਾਤ ਕਾਲ ਹੀ ਚਲਾਕ ਕੌ ਚਲਾਇ ਕੈ ॥
ਪ੍ਰਹਾਰਿ ਬਾਨ ਫੇਰ ਤਾਕਿ ਤਾਕਿ ਸਤ੍ਰੁ ਘਾਇ ਕੈ ॥670॥
ਸੰਮੂਹ ਸਿੰਘ ਅਗ੍ਰ ਹ੍ਵੈ ਤੁਰੰਗ ਸੰਗ ਭ੍ਰੰਗ ਕੈ ॥
ਰਖੇ ਰਿਕਾਇ ਥਾਇ ਹੀ ਦ੍ਵਧੇ ਸੁਸਤ੍ਰ ਜੰਗ ਕੈ ॥
ਨਿਸਾਨ ਇਕ ਸਿੰਘ ਲੈ ਦਿਯੋ ਸੁ ਚੀਰ ਛੋਰਿ ਕੈ ॥
ਕਦਾਇਕੈ ਤੁਰੰਗ ਕੋ ਚਹੰਡ ਹੇਲ ਦੌਰਿ ਕੈ ॥671॥
ਪੁਕਾਰ ਮਾਰ ਮਾਰ ਕੋ ਪਰੇ ਏਕ ਬਾਰ ਹੀ ॥
ਬਜਾਇ ਜੰਗ ਜੀਤ ਕੋ ਨਿਦਾਨ ਕੈ ਉਦਾਰ ਹੀ ॥
ਕਰੰਤ ਰੇਲ ਪੇਲਿ ਕੋ ਪ੍ਰਵੇਸਿ ਹੋਏ ਸੂਰਮੇ ॥
ਤੁਫੰਗ ਤੀਰ ਮਾਰ ਕੈ ਮਿਲਾਇ ਬੀਰ ਧੂਰਿ ਮੇ ॥672॥
ਕ੍ਰਿਪਾਨ ਖੈਚਿ ਮਯਾਨ ਤੇ ਕੜਾ ਕੜੀ ਮਚਾਇ ਕੈ ॥
ਬਿਹੰਡ ਰੁੰਡ ਮੁੰਡ ਤੁੰਡ ਪੰਡ ਤੇ ਪਲਾਇਕੈ ॥

1. ਅ ਪੋਥੀ ਪਾਠਾਂਤਰ : ਭੂਰ ਜਨ ਨਾਰ 2. ਅ ਪੋਥੀ ਜੀਤ ਚਾਹਿ 3. ਅ ਪੋਥੀ ਬਿਸਾਲਸ
4. ੲ ਪੋਥੀ ਵਿਚੋਂ 5. ਅ ਪੋਥੀ ਅਰੋਹ

ਪੰਚੰਡ ਹੀ ਘੁਮੰਡ ਪਾਇ ਦੰਡ ਊਚ ਧਾਇਕੈ ॥
ਕਟੰਤ ਕੰਠ ਕੰਧ ਬਾਹ ਦੰਡ ਕੋ ਰਿਸਾਇ ਕੈ ॥
ਬਿਲੋਕ ਬੀਰ ਖਾਲਸਾ ਕ੍ਰਿਪਾਨ ਕੋ ਘਮੰਡ ਕੈ ॥
ਪਰੇ ਸੁ ਏਕ ਬਾਰ ਹੀ ਅਨੇਕ ਹੂ ਬਿਹੰਡ ਕੈ ॥
ਪ੍ਰਚੰਡ ਓਜ ਕੀਨਿ ਤੁੰਡ ਮੋਰਿ ਕੈ ਰਿਪੂਨ ਕੋ ॥
ਪਲਾਇ ਕੰਡ ਦੇਖਿ ਬੀਰ ਧੀਰਜੋ ਕਿਸੂਨ ਕੋ ॥674॥
ਮਚਿਯੋ ਸੁ ਜੁਧ ਕਰੁਧ ਕੈ ਕ੍ਰਿਪਾਨ ਸੰਗ ਘਾਇ ਹੀ ॥
ਮਰੇ ਪਰੇ ਅਨੇਕ ਹੀ ਲਹੂ ਪ੍ਰਵਾਹ ਜਾਇ ਹੀ ॥
ਸੁ ਭੂਤ ਪ੍ਰੇਤ ਜੋਗਨੀ ਸ੍ਰਿਗਾਲ ਮਾਸ ਖਾਵਤੇ ॥
ਪੁਕਾਰ ਕਾਕ ਕੇਕ ਹੀ ਕਰਾਲ ਹੀ ਸੁਨਾਵਤੇ ॥675॥
ਤੁਰੰਗ ਅੰਗ ਭੰਗ ਤੇ ਕਿਤੇਕ ਛੂਛ ਡੋਲਤੇ ॥
ਕਟੇ ਸਰੀਰ ਹਾਥ ਪਾਇ ਕੋਇ ਦੀਨ ਬੋਲਤੇ ॥
ਬਿਹਾਲ ਹ੍ਵੈ ਬਿਸਾਲ ਹੀ ਕਰਾਲ ਬੀਦ ਖੇਡ ਕੇ ॥
ਕਰਾਂਹਤੇ ਪੁਕਾਰਤੇ ਮਰੰਤ ਮਜਬੂ ਹੇਤ ਕੇ ॥676॥

॥ ਦੋਹਰਾ ॥

ਤੁਰਕ ਨ ਠਹਿਰੇ ਖੇਤ ਮਹਿ ਭਾਜੇ ਹੋਇ ਸਲਾਜ ॥
ਸਿੰਘ ਗਰਜ ਭੇ ਖੇਤ ਮੈ ਜੈਸੇ ਮ੍ਰਿਗਨ[1] ਰਾਜ ॥677॥
ਤੁਰਕਨ ਮਾਲਕ ਦੇਖ ਕੇ ਬਹੁ ਧਿਕਾਰ ਤਿਨ ਕੀਨ ॥
ਭਾਜੇ ਬਾਚਨ ਹੁਇ ਨਹੀ ਲਰੋ ਰਾਖ ਬੇਦੀਨ ॥678॥
ਤੁਰਕ ਪਤੀ ਕੇ ਬੈਨ ਸੁਨ ਮਰੇ ਤੁਰਕ ਦੇ ਹੂਇ ॥
ਔਰੁ ਸੈਨ ਭੀ ਆਤ ਭੀ ਚਾਹੇ ਯੁਧ ਸੁ ਮੂਇ ॥

॥ ਰਸਾਵਲ ਛੰਦ ॥

ਹਟੇ ਕੋ ਨਾ ਪਾਛੇ ॥ ਲਰੈ ਅਗ੍ਰ ਬਾਛੈ ॥ ਸਮੂਹੰ ਜੁਝਾਰੀ ॥ ਤੁਰੰਗੈ ਪ੍ਰਹਾਰੀ ॥680॥
ਤਬੈ ਸਿੰਘ ਗਾਜੈ ॥ ਕਹਾਂ ਜਾਇ ਪਾਜੈ ॥
ਅਬੈ ਹੋਰੁ ਠਾਂਢੇ ॥ ਲਗੇ ਖਰ ਬਾਂਢੇ ॥681॥
ਕਿਧੋ ਤ੍ਰਾਸ ਪਧਾਰੋ ॥ ਪਲੀਤੇ ਧਾਰੋ ॥
ਨਾ ਆਵੋ ਲਰਾਈ ॥ ਚਲੇ ਜਾਹੁ ਧਾਈ ॥682॥

॥ ਚਾਚਰੀ ਛੰਦ ॥

ਕਹੰਤੇ ॥ ਸੁਨੰਤੇ ॥ ਲਰਾਈ ॥ ਮਚਾਈ ॥683॥
ਪ੍ਰਚਾਰੇ ॥ ਪ੍ਰਹਾਰੇ ॥ ਕ੍ਰਿਪਾਨੈ ॥ ਮਹਾਨੇ ॥684॥
ਨਿਕਾਸੀ ॥ ਪ੍ਰਕਾਸੀ ॥ ਉਬਾਰੰ ॥ ਪ੍ਰਹਾਰੰ ॥685॥
ਨਿਸੰਗੀ ॥ ਭੁਜੰਗੀ ॥ ਰਿਸਾਵੈ ॥ ਚਲਾਵੈ ॥686॥

1. ਅ ਤੇ ੲ ਪੋਥੀ ਮ੍ਰਿਗ ਗਨ ;

ਸੁਰੰਗੀ ॥ ਸੁਚੰਗੀ ॥ ਚਮਕੈ ॥ ਖਿਮਕੈ ॥687॥
ਲਮਕੈ ॥ ਦਬਕੈ ॥ ਅਤੰਕੇ ॥ ਅਮੰਕੇ ॥688॥
ਜੁਸੇਲੇ ॥ ਸੁ ਠੇਲੇ ॥ ਪ੍ਰਮੇਲੇ ॥ ਧਕੇਲੇ ॥689॥
ਜੁਟੇ ਹੈਂ ॥ ਕਟੇ ਹੈਂ ॥ ਲਟੇ ਨ ॥ ਹਟੇਨ ॥690॥

॥ ਸਿਰਖੰਡੀ ਛੰਦੁ ॥

ਜੁਟ ਗਏ ਤਰਵਾਰੀ ਰੌਰ ਪੁਕਾਰਤੇ ॥
ਲੋਥ ਲੋਥ ਪਰ ਡਾਰੀ ਉਪਕੋਤਰੇ[ਅ] ॥
ਭਜੈ ਪਸਾਰੁ ਉਬਾਰੀ ਮਾਰਤ ਜੋਰ ਤੇ ॥
ਹਟੀ ਤੁਪਕ ਤਿਸ ਬਾਰੀ ਨਹੀਂ ਹਵਾਲੇ ਦੇ ॥691॥
ਬਰਛੀ ਸਾਂਗ ਪਰੋਏ ਫੇਰਿ ਨਿਕਾਸੀਆਂ ॥
ਹਥ ਹਥਾਵਥ ਹੋਏ ਜਮ ਧਰ ਮਾਰਦੇ ॥
ਉਚੇ ਨਾਦਤ ਰੋਏ ਧਰੇ ਹੂਗਾਰ ਤੇ ॥
ਬਡੀ ਨੀਂਦ ਇਕ ਸੋਏ ਬਹੁਰ ਨ ਜਾਗਦੇ ॥692॥
ਮਚੀ ਮਾਰ ਬਿਕਰਾਲੀ ਤੜਫਤ ਛਿਤ ਪਰੇ ॥
ਸੁਧਿ ਨਹਿ ਕਿਨਹੁ ਸੰਭਾਲੀ ਮੂਰਖਿ ਕਟਿ ਗਿਰੇ ॥
ਨਹਿ ਕਰਿਵਾਰ ਨਿਕਾਲੀ ਚਲੇ ਪਲਾਇਕੇ ॥
ਘਾਲੀ ਧੂਮ ਬਿਸਾਲੀ ਮਾਰੋ ਮਚਾਵਤੇ ॥693॥

॥ ਦੋਹਰਾ ॥

ਮਾਰ ਕਰੀ ਜਬ ਖਾਲਸੇ ਰਹਿਦੇ ਗਏ ਪਲਾਇ ॥
ਦੌਰੁ ਪੁਰੀ ਕੇ ਅੰਤਰੇ ਪਰ ਵਸ ਭੇ ਦੁਖ ਪਾਇ ॥694॥

॥ ਚੌਪਈ ॥

ਭਯੋ ਰਿਪਨ ਕੇ ਸੋਕ ਬਿਸਾਲਾ ॥ ਘਰੁ ਘਰੁ ਰੋਵੈ ਪੀਟੈ ਬਾਲਾ ॥
ਪੁਤ ਪਤੀ ਜਿਨ ਕੇ ਮਰਿ ਗਏ ॥ ਹੋਇ ਦੁਖੀ ਬਹੁ ਊਚ ਅਲਏ ॥695॥
ਖੋਇਸ ਰੋਰਹਿ ਪੀਟੈ ਛਾਤੀ ॥ ਗਿਰਹਿ ਧਰਨੁ ਪਰੁ ਹੁਇ ਬਿਕਲਾਤੀ ॥
ਪਠਾਂਨਨ ਪ੍ਰਤਿ ਬਹੁ ਦੇਵੈ ਗਾਰੀ ॥ ਅਸ ਪੌਰਖੁ ਗੁਰ ਸਾਥ ਬਿਗਾਰੀ ॥696॥

॥ ਦੋਹਰਾ ॥

ਜੁਵਤਿਨ ਕੇ ਅਸ ਬੈਨ ਸੁਨਿ ਭਏ ਲਜਤ ਮਨ ਮਾਂਹਿ ॥
ਤੋਪਾਂ ਮਾਰਨ ਅਬੰ ਕਰੈ ਦੇਰਿ ਕਰੋ[ੲ] ਅਬ ਨਾਹਿ ॥697॥

ਅ ਪੋਥੀ ਪਾਠਾਂਤਰ : ਉਪਰ ਕੋਤਰੇ
ਅ ਪੋਥੀ ਹਲਾਵ
ੲ ਕਰੋ

॥ ਚੌਪਈ ॥

ਅਸ ਮਸਲਤਿ ਮਿਲ ਸਭ ਨੈ ਕੀਨੀ ॥ ਚਹੇ ਮਲੇਰ ਯਾਂਕੀ ਕੀਨੀ ॥
ਗੋਲਾ ਦਾਰੂ ਪਾਵਨ ਕੀਨਾ ॥ ਚਾਹੇ ਮਾਰਨ ਦੇਰ ਬਿਹੀਨਾ ॥698॥
ਹਰੀ ਸਿੰਘ ਇਹੁ ਘਾਤੁ ਸੁ ਚੀਨੀ ॥ ਸਤਗੁਰ ਆਗੇ ਅਰਜੀ ਕੀਨੀ ॥
ਤੋਪਾ ਮਾਰਨ ਚਾਹੇ ਮੂਢੇ ॥ ਤੁਰਕ ਨੀਚ ਹੰਕਾਰ ਅਰੂਢੇ ॥699॥
ਸ੍ਰੀ ਗੁਰੂ ਬੋਲੇ ਚਿੰਤੋ ਨਾਹੀ ॥ ਪਾਣੀ ਪਾਵੋ ਤੋਪਨ ਮਾਂਹੀ ॥
ਏਕ ਜਾਮ ਮੋ ਫਤੇ ਸੁ ਹੋਵੈ ॥ ਗੁਰ ਨਾਨਕ ਤੁਰਕਨ ਮਤ ਖੋਵੈ ॥700॥

॥ ਦੋਹਰਾ ॥

ਐਸੇ ਬਾਤਨ ਕਰਨ ਹੀ ਤੁਰਕਨ ਮਾਹੀ ਤੋਪ ॥
ਏਕ ਸਿੰਘ ਮ੍ਰਿਤ ਹੋਤ ਭਾ ਕੀਨੋ ਸ੍ਰੀ ਗੁਰ ਕ੍ਰੋਪ ॥701॥
ਸਰਾਸਨ ਮਾਂਹਿ ਸਤਿਗੁਰੂ ਸਾਇਕ ਜੋਰਨ ਕੀਨ ॥
ਗੋਲਨਦਾਜ ਕੇ ਸੀਸ ਕੋ ਬਿਨਾ ਦੇਰ ਕਟਿ ਦੀਨ ॥702॥

॥ ਚੌਪਈ ॥

ਹਾ ਹਾ ਕਾਰ ਦੁਰਗ[1] ਮਹਿ ਹੋਵਾ ॥ ਇਹ ਅਚਰਜ ਹਮ ਨੈਨੋ ਜੋਵਾ ॥
ਕੋਸ ਫਰਕ ਤੇ ਬਾਨ ਚਲਾਯੋ ॥ ਗੋਲਨਦਾਜ ਕੋ ਮਾਰ ਗਿਰਾਯੋ ॥703॥
ਬਾਰੰ ਬਾਰ ਯਤਨ ਕਰ ਹਾਰੇ ॥ ਤੋਪ ਨ ਚਾਲੇ ਭਏ ਲਚਾਰੇ ॥
ਬਾਹਰਿ ਸ੍ਰੀ ਗੁਰ ਆਗਿਯਾ ਦੀਨ ॥ ਕਰੋ ਹਲਾ ਅਬ ਦੇਰ ਬਿਹੀਨ ॥704॥

॥ ਦੋਹਰਾ ॥

ਸਰਬ ਸਿੰਘ ਸੋ ਹਰੀ ਹਰਿ[2] ਦਰਬਾਰਾ ਹਰਿ ਆਦ ॥
ਸੁਨ ਨਿਦੇਸ ਸਤਿਗੁਰੂ ਕੀ ਸਭਨਾ ਚਿਤ ਅਹਿਲਾਦ ॥705॥

॥ ਤ੍ਰਿਭੰਗੀ ਛੰਦ ॥

ਰਿਸ ਪੂਰ ਉਮੰਡੇ ਬੀਰ ਪ੍ਰਚੰਡੇ ਨਿਰਖੰ ਅਦੰਡੇ ਭੁਜ ਦੰਡੰ ॥
ਝੰਕਾਰੰ ਗਇੰਦੰ ਪੇਲਤ ਬਿੰਦੰ ਰੁਦੰ ਫਟਿੰਦੰ ਰਿਸ ਮੰਡੰ ॥
ਝਕਰਾਤ ਬਿਰਾਜੀ ਭੂ ਪਰ ਬਾਜੀ ਅੰਤਰਗਤਿ ਸਾਜੀ ਕ੍ਰੋਧ ਗਈ ॥
ਰਿਸ ਲੇਤੰ ਉਡਾਰੀ ਨਾਲ ਚਿਗਾਰੀ ਨਿਕਸਤ ਭਾਰ ਤੇਜ ਤਈ ॥706॥

॥ ਸੰਕਰ ਛੰਦ ॥

ਨਿਯ ਰਾਇ ਬੇਦੀ ਰਾਜ ਸੇਨਾ ਕਿਯੋ ਕੋਪ ਬਿਸੇਖ ॥
ਘਨ ਭਾਂਤ ਵਯੋਮ ਮਲੇਰ ਕੇ ਚਹੂੰ ਪਾਸ ਭਯੋ ਪਰ ਬੇਖ ॥
ਅਸਦਾਮਨੀ ਦਮਕੰਤ ਤੀ ਛਨ ਰੂਤ ਠੌਰਹਿ ਠੌਰ ॥
ਮਨਿ ਉਪਲ ਘਨ ਘਹਿਰਾਤ ਗਾਜਤ ਕੀਨ ਮੂਰਤਿ ਔਰ ॥707॥

---

1. ਏ ਪੋਥੀ ਕੋਟ
2. ਏ ਪੋਥੀ ਸਿੰਘ

॥ ਚੌਪਈ ॥

ਜਬ ਸ੍ਰੀ ਗੁਰ ਜੀ ਘੇਰਾ ਪਾਵਾ ॥ ਤੁਰਕੰ ਓਟੇ ਕੋ ਲਾਗੋ ਹਾਵਾ ॥
ਲੇ ਸੈਨਾ ਤਬ ਬਾਹਰ ਨਿਕਸਾ ॥ ਮੂਰਖ ਮਾਨੀ ਅਤਿਸੈ ਬਿਕਸਾ ॥708॥
ਸ੍ਰੀ ਸਾਹਿਬ ਪ੍ਰਤਿ ਬੈਨ ਬਖਾਨਾ ॥ ਰਹੁ ਠਾਂਢਾ ਨਹਿ ਜਾਇ ਪਲਾਨਾ ॥
ਹਰ ਗੋਬਿੰਦ ਤਰਕੁ ਬਹੁ ਮਾਰੇ ॥ ਕਲਗੀਧਰ ਨੇ ਬਹੁਤ ਪਛਾਰੇ ॥709॥
ਤਿਨ ਕੋ ਬਦਲਾ ਲੇਵੈ ਤੁਮਤੇ[2] ॥ ਰਹੁ ਠਾਂਢਾ ਨਹਿ ਜਾਵੋ ਹਮਤੇ ॥
ਸ੍ਰੀ ਕਮਲਾਨਨ ਬੈਨ ਬਖਾਨੇ ॥ ਕਹਿ ਜਾਨਾ ਅਬ ਰਹੁ ਸਾਵਧਾਨੇ ॥710॥

॥ ਦੋਹਰਾ ॥

ਸਿੰਘਨ ਪ੍ਰਤਿ ਸ੍ਰੀ ਗੁਰੂ ਕਹਯੋ ਤੁਰਕ ਨ ਜਾਵਨ ਪਾਇ ॥
ਕਰੋ ਜੰਗ ਇਨ ਸੋ ਅਬੈ ਮਾਰੋ ਕਰ ਬਿਕਲਾਇ ॥711॥

॥ ਤੋਟਕ ਛੰਦ ॥

ਉਤ ਯਵੰਨ ਕੇ ਰਤੁ ਰੰਗ ਦਲੰ ॥ ਅਗਵਾਰ ਬਧੇ ਕਰ ਦੀਹ ਦਲੰ ॥
ਮੁਖ ਮਾਰਹਿ ਮਾਰ ਪੁਕਾਰਤ ਹੈ ॥ ਗੁਲਕਾਨ ਖਿਤੰਗ ਪ੍ਰਹਾਰਤ ਹੈ ॥712॥
ਬਡ ਹੇਲ ਕਰਯੋ ਕੁਛ ਸਿੰਘ ਹਟੇ ॥ ਕਰ ਵਾਰ ਨਿਕਾਰਤ ਕਾਟ ਸਟੇ ॥
ਭਟ ਭੇੜ ਸੁ ਲਟ ਪਟ ਜੁਟ ਗਏ ॥ ਤੁਪਕਾਨ ਤੜਾ ਭੜ ਨਾਦ ਭਏ ॥713॥
ਗੁਰ ਸਾਹਿਬ ਸਿੰਘ ਮਨ ਕੋਪ ਭਯੋ ॥ ਧਨੁ ਐਚਤ ਤੀਰਨ ਛੋਰ ਦਯੋ ॥
ਚਲਿ ਸੂਕਿ ਪਰੇ ਰਿਪ ਬ੍ਰਿਦਨ ਮੈ ॥ ਬਡ ਬੀਰ ਤੁਰੰਗਨ ਕੰਦਨ ਮੈ ॥714॥
ਜਿਹ ਲਾਗਤ ਪਾਰ ਪਰੈ ਤਨ ਤੇ ॥ ਜਲ ਜਾਚਤ ਹੈਂ ਨ ਉਠੇ ਰਨ ਤੇ ॥
ਬਹੁ ਅੰਧਰੁ ਧੁੰਧ ਮਚਾਇ ਦਈ ॥ ਨਭਿ ਧੂਲ ਉਡੀ ਇਕ ਸਾਰ ਭਈ ॥715॥
ਪਿਖ ਮਾਸ ਗ੍ਰਿਧ ਮੰਡਰਾਵਤ ਹੈ ॥ ਗਨਿ ਕਾਕਰ ਕੰਕ ਭ੍ਰਮਾਵਤ[3] ਹੈ ॥
ਬਹੁ ਕੂਕਰ ਜੰਬਕ ਡੋਲਤ ਹੈ ॥ ਭੁਖ ਆਮਿਖ ਦੀਰਘੁ ਬੋਲਤ ਹੈ ॥716॥
ਸਿਰ ਕੇ ਬਹੁ ਬਾਰ ਖਿਲਾਵਤ ਹੈ ॥ ਗਨੁ ਜੋਗਨੀ ਚੀਕ ਪੁਕਾਰਤ ਹੈ ॥
ਹਰਖਾਵਤਿ ਪ੍ਰੇਮ ਸੁ ਨਾਚਿਤ ਹੈ ॥ ਮਿਲ ਭੂਤਹਿ ਸੋਣਤ ਰਾਚਤ ਹੈ ॥717॥
ਰਣ ਖੇਤ ਭਯੰਕਰ ਭੂਰ ਭਯੋ ॥ ਬਹੁ ਦੇਰ ਲਗੀ ਨਹਿ ਲੋਥ ਛਯੋ ॥
ਜਬ ਸਿੰਘ ਪਲਾਇਨ ਹੋਇ ਚਲੇ ॥ ਤਬ ਸਿੰਘ ਹਰੀ ਅਵਿਲੋਕਿ ਭਲੇ ॥718॥
ਜਿਤ ਤੁਰਕਨ ਕੇ ਬਡ ਟੋਲ ਖਰੇ ॥ ਤਿਤ ਸੰਮੁਖ ਦੇ ਕਰ ਜੋਰ ਤੁਰੇ ॥
ਅਸਵਾਰ ਜਿਤੇ ਸੋ ਸੰਗ ਲੀਏ ॥ ਗੁਰ ਸਾਹਿਬੁ ਸਿੰਘ ਕੋ ਬੀਚ ਕੀਏ ॥719॥
ਗੁਲਕਾਨਨ ਬਾਨਨ ਮਾਰ ਕਰੀ ॥ ਇਕ ਬਾਰੰ ਬਡੀ ਝਬ ਧੂਮ ਮਚੀ ॥
ਜਿਮ ਧਾਨ ਭਜੇ ਬਿਚ ਭਾੜ ਘਨੇ ॥ ਤਿਨ ਨਾਦ ਉਨੇ ਤੁਪਕਾਨ ਹਨੇ ॥720॥

---

ਅ ਪੋਥੀ ਮੂਰਖ
[2] ਮੂਲ ਪੋਥੀ ਤੁਮਨ
[3] ਮੂਲ ਪੋਥੀ ਭ੍ਰਮਾਵਤ

॥ ਦੋਹਰਾ ॥

ਸਰਬ ਸਿੰਘ ਝੁੰਝਾਰ ਜੇ ਤਬ ਗੁਰ ਪ੍ਰੇਰਨ ਕੀਨ ॥
ਆਪ ਥਿਰੇ ਪਿਠ ਪੂਰਬੇ ਜਿਨ ਦਰਸੇ ਅਘ ਛੀਨ ॥721॥

॥ ਨਰਾਜ ਛੰਦ ॥

ਗੁਰੂ ਸਾਹਿਬ ਸਿੰਘ ਜੀ ਉਤੰਗ ਜੋ ਸਥੰ ਡਲੰ ॥
ਥਿਰੇ ਤਹਾਂ ਬਿਲੋਕਤੇ ਜੁਟੇ ਬਿਲੰਦ ਦ੍ਵੈ ਦਲੰ ॥
ਤੁਰੰਗ ਤੇ ਖਤੰਗ ਤੇ ਕ੍ਰਿਪਾਨ ਫੇਰ ਮਾਰ ਹੀ ॥
ਮਚਯੋ ਘਮੰਡ ਦੀਰਘੰ ਧੁਕਾਰ ਹੈ ਦੁਖਾਰ ਹੀ ॥722॥
ਚਲੇ ਪ੍ਰਹਾਰ ਮਾਰਬੇ ਸਬੇਗ ਸੂੰਕ ਗੋਰੀਆ ॥
ਤੜਾਕ ਤੇ ਸੜਾਕ ਦੈ ਪੜਾਇ ਭੂਮ ਗੇਰਤੀ ॥
ਬਰੂਦ ਫੇਰ ਡਾਲ ਤੇ ਸੁ ਦੂਰਿ ਦੂਰਿ ਪ੍ਰੇਰਤੀ ॥723॥
ਪ੍ਰਚੰਡ ਭਾ ਘਮੰਡ ਸੂਰ ਖੰਡ ਖੰਡ ਕਾਟਤੇ ॥
ਕੁਟੰਡ ਬਾਰੁ ਦੰਡ ਤੇ ਸਜੋਰ ਘੋਰ ਡਾਟਤੇ ॥
ਬਿਹੰਡ ਰੁੰਡ ਮੁੰਡ ਹ੍ਵੈ ਕਿਤੇਕ ਤੁੰਡ ਪੰਡ ਤੇ ॥
ਦਿਖਾਇ ਕੰਡ ਭਾਂਜ ਤੇ ਸੁ ਆਯੁਧਾ ਨਿਛੰਡ ਤੇ ॥724॥
ਬਿਸਾਲ ਸੇਲ ਠੇਲਤੇ ਕਰਾਲ ਰੇਲ ਪੇਲਤੇ ॥
ਮਨੋ ਸੁ ਫਾਗ ਖੇਲਤੇ ਦੁਹੇਲ ਹੇਲ ਝੇਲਤੇ ॥
ਧਰਾਇ ਏਕ ਗੇਲਤੇ ਸਿਤਾਬ ਪਾਇ ਮੇਲ ਤੇ ॥
ਮਨੋ ਚਲਾਇ ਜੇਲਤੇ ਬਿਹਾਲ ਏਵ ਭੇਲਤੇ ॥725॥
ਭਏ ਘਨੇ ਤੁਰਕੜੇ ਮਚਾਇ ਧਾਮ ਧੂਮ ਕੋ ॥
ਹੁਤੋ ਸੁ ਥੋਰ ਖਾਲਸਾ ਨ ਛੋਰ ਜੰਗ ਭੂਮਿ ਕੋ ॥
ਰਿਸਾਇ ਗੁਰ ਸਾਹਿਬ ਸਿੰਘ ਚਾਂਪ ਆਪ ਲੀਨੀਓ ॥
ਸਜੋਰ ਔਰ ਤੀਰ ਕੋ ਖਿਚੰਤ ਛੋਰਿ ਦੀਨਿਓ ॥726॥

॥ ਦੋਹਰਾ ॥

ਜਬੈ ਨਿਰਾਚ ਗੁਰ ਕੇ ਚਲੇ ਗਿਰੇ ਤੁਰਕ ਬਿਕਲਾਇ ॥
ਪਾਇ ਪਸਾਰੁ ਐਸੇ ਚਲੇ ਜਿਮ ਹਰਿ ਏਕ ਤਕਾਏ[2] ॥

॥ ਸ੍ਵੈਯਾ ॥

ਲੋਗ ਪੈ ਲੋਥ ਪਰੀ ਹਯ ਪੋਥਤਿ ਸ੍ਰੋਣਤ ਕੇ ਗਨ ਚਾਲੇ ਪਨਾਰੇ ॥
ਘਾਣ ਭਕਾ ਭਕ ਭੰਟੀ ਏਕਿ ਕਰੈ ਹਾਇ ਸੁ ਹਾਇ ਪੁਕਾਰੰਤ ਸਾਰੇ ॥

---

1. ਅ ਪੋਥੀ ਸਬੰਧ
2. ਅ ਪੋਥੀ ਗਿਰਾਇ

ਘਾਇਲ ਘੂਮਤ ਝੂਮਤ ਹੈ ਬਹੁ ਮਾਰ ਕਰੀ[1] ਇਕੁ ਹ੍ਵੈ ਮਤਵਾਰੇ ॥
ਮਾਰੂ ਜੁਝਾਉ ਕੋ ਬਾਜਤ ਬਾਜਨਿ ਏਕ ਲਰੈ ਥਿਰੁ[2] ਸੂਰ ਜੁਝਾਰੇ ॥728॥
ਬੀਰ ਲਰੇ ਦਿਸ ਦੋਇਨ ਕੇ ਬਹੁ ਵ੍ਾਰ ਪ੍ਰਹਾਰ ਤਹਾਰ ਗਏ ॥
ਦੂਰ ਥਿਰੇ ਤੁਪਕਾਨ ਚਲਾਵਤ ਪੈਦਲ ਆਡਿਕੋ ਲੇਤ ਭਏ ॥
ਫੇਰਿ ਤੁਰੰਗਨ ਛੋਰਿ ਤੁਫੰਗਨ ਸਿੰਘਨ [ਕੇ][3] ਪਿਖ ਹਾਥ ਲਏ ॥
ਠੇਰਿ ਕਰੈ ਨ ਡਰੈ ਮਨ ਮਧ ਹਨੇ ਭਟ ਸੈਨ ਲਿਟੇ ਸੁ ਪਏ ॥729॥

॥ ਕਬਿਤ ॥

ਇਤੇ ਸਿੰਘ ਸੂਰਮੇ ਗਰੂਰ ਮੈ ਲਿਚੂਰ ਭੂਰ
ਦੂਰ ਦੂਰ ਕੀਨੇ ਅਰਿ ਧੂਰ ਮੇ ਮਿਲਾਇ ਕੇ ॥
ਸ੍ਰੋਣਤ ਮੇ ਚੀਰ ਪੂਰ ਕੇਤਕ ਹਜੂਰ ਗਏ
ਮਾਰੇ ਕਰ ਚੂਰ ਚੂਰ ਭਾਖਤ ਸੁਨਾਇ ਕੈ ॥
ਬੋਲੇ ਪ੍ਰਭ ਪੂਰਨ ਸਹੂਰ ਸੰਗ ਜੰਗ ਕਰੋ
ਤੂਰਨ ਅਗਾਰੀ ਪਗ ਕੀਜੈ ਨ ਬਧਾਇਕੇ ॥
ਰਾਖੋ ਨਿਜ ਖੇਤ ਅਸਕੇਤ ਹੈ ਸਹਾਇ ਤੁਮ
ਜਬੈ ਸੁਨ ਪਾਇ ਗਏ ਲਗੇ ਚਿਤੁ ਚਾਇਕੈ ॥730॥

॥ ਪ੍ਰਮਾਣਕਾ ਛੰਦ ॥

ਸਮੂਹ ਸਿੰਘ ਮੋਰਚੇ ॥ ਬਿਲੋਕਿ ਜੰਗ ਮੋਰਚੇ ॥
ਥਿਰ ਤਿਨੈ ਮਝਾਰੀਯਾ ॥ ਤੁਫੰਗ ਕੋ ਸੰਭਾਰਿਯਾ ॥731॥
ਕਮਾਨ ਬਾਨ ਸਾਧ ਕੈ ॥ ਗੁਰੂ ਗੁਰੂ ਅਰਾਧ ਕੈ ॥
ਸਉਰ ਸਿੰਘ ਜੈਤਨੇ ॥ ਇਕਤ੍ਰ ਹੋਏ ਤੇਤਨੇ ॥732॥

॥ ਰੁਣਝੁਣ ਛੰਦੁ ॥

ਬਨੁ ਸਵਧਾਨਾ ॥ ਹਤਹਿ ਨਿਸਾਨਾ ॥ ਕਰਿਤ ਕਰਾਈ ॥ ਬਹੁ ਬਿਧ ਗਾਈ ॥733॥
ਫਿਰ ਫਿਰ ਫੇਰਾ ॥ ਕਰ ਕਰ ਘੇਰਾ ॥ ਸਭਹਨਿ ਪ੍ਰੇਰਾ ॥ ਹਤ ਇਕ ਬੇਰਾ 734॥
ਭਟ ਬਹੁ ਗਾਜੇ ॥ ਪੁਨ ਪੁਨ ਬਾਜੇ ॥ ਧੁਨ ਗਨ ਊਚੇ ॥ ਅਧਿਕ ਪਹੂਚੇ ॥735॥

॥ ਦੋਹਰਾ ॥

ਹਰੀ ਸਿੰਘ ਕਰ ਜੋਰਿ ਕੇ ਅਰਜੀ ਕੀਨ ਹਜੂਰਿ ॥
ਅਬ ਗੁਰ ਜੀ ਇਨ ਮਾਰੀਏ ਜੰਗੁ ਹੂਆ ਅਤ ਭੂਤ ॥736॥

॥ ਚੌਪਈ ॥

ਸੁਨ ਗੁਰ ਜੀ ਪਵਰੀ ਮੋ ਪ੍ਰੇਰਾ ॥ ਤੁਰਕਨ ਕੇ ਤਬ ਕੀਨੋ ਹੇਰਾ ॥
ਤੁਰਕ ਰਾਜ ਨੇ ਸੈਨ ਤਿਆਗੀ ॥ ਆਯੋ ਗੁਰ ਪਹਿ ਰਿਸ ਬਹੁ ਜਾਗੀ ॥737॥

---

1. ਅ ਪੋਥੀ ਪਰੀ
2. ਅ ੲ ਪੋਥੀ ਥਿਰ
3. ੲ ਪੋਥੀ ਵਿਚੋਂ

ਦਾਤੋ[1] ਸਾਥ ਚੋਸਟ ਕਟਤ ਹੈ ॥ ਰਕਤ ਨੈਨ ਕਰ ਗੁਰਹਿ ਦਿਖਤ ਹੈ ॥
ਪਾਵਤ ਕ੍ਰੋਧੀ ਸ੍ਰੀ ਗੁਰ ਦੇਖਾ ॥ ਸ੍ਰੀ ਗੁਰ ਕੀਨੋ ਕ੍ਰੋਧਿ ਬਿਸੇਖਾ ॥738॥

॥ ਦੋਹਰਾ ॥

ਮਨ ਮੋ ਇਛਾ ਗੁਰ ਕਰੀ ਦੈ ਹੈ ਇਸੇ ਗਿਰਾਇ ॥
ਆਵਾ ਹੈ ਸੁ ਕੁਦਾਇ ਕਰ ਜਾਵੈ ਪ੍ਰਾਨ ਗਵਾਇ ॥739॥

॥ ਰਸਾਵਲ ਛੰਦ ॥[3]

ਚਲਾਵੈ ਤੁਰੰਗੈ ॥ ਭਟੰ ਅੰਗ ਭੰਗੈ ॥ ਹਯੰ ਤੇ ਉਥਲੈ ॥ ਨੀਰ ਅੰਗ ਹਲੈ ॥740॥
ਘਨੇ ਘਾਵ ਘਲੇ ॥ ਪਿਛਾਰੀ ਨ ਚਲੇ ॥ ਬਕੇ ਮਾਰ ਮਾਰੰ ॥ ਬਡੇ ਹੋਲ ਡਾਰਾ ॥741॥
ਥਿਰੇ ਸਿੰਘ ਝਲੇ ॥ ਨਹੀ ਪੈਰ ਹਲੇ ॥ ਤੁਰੰਗੈ ਚਲਾਵੈ ॥ ਤੁਰੰਗੈ ਫੰਦਾਵੈ ॥742॥
ਜਿਸੀ ਕੋ ਤਕਾਵੈ ॥ ਤਿਸੀ ਕੋ ਗਿਰਾਵੈ ॥ ਦਪੰ ਬੀਜ ਗੇਰੇ ॥ ਥਿਰੈ ਔਰ ਹੇਰੇ ॥743॥
ਮਰੇ ਹੇਰ ਬੀਰੰ ॥ ਕਿਤੇ ਹੋਰ ਭੀਰੰ ॥ ਘਨੇ ਗੇਰ ਔਹੇ ॥ ਕਿਤੇ ਪੇਟ ਫੇਰੇ ॥744॥
ਕਿਤੇ ਅੰਗ ਤੋਰੇ ॥ ਕਿਤੇ ਫੂਛ ਦੋਰੇ ॥ ਸਬੈ ਅਗ੍ਰ ਆਯੋ ॥ ਸੁ ਊਚੇ ਸੁਨਾਯੋ ॥745॥

॥ ਦੋਹਰਾ ॥

ਦੀਨ ਗਜਬ ਕੋ ਜੁਧੁ ਇਹ ਹਮ [2]ਜੂਝਨ ਕੋ[2] ਆਇ ॥
ਗੁਰੂ ਤੁਮਾਰੋ ਬਡ ਬਲੀ ਹਮ ਕੌ ਦੇਇ ਦਿਖਾਇ ॥746॥

॥ ਰਸਾਵਲ ਛੰਦ ॥

ਲਰੋ ਤਾਹਿ ਸੰਗਾ ॥ ਪਿਖੋ ਮੋਹੇ ਜੰਗਾ ॥ ਅਬੈ ਆਪ ਆਵੈ ॥ ਸੁ ਹਾਥੰ ਦਿਖਾਵੈ ॥747॥
ਦਿਖੇ ਮੋਰ ਹਾਥਾ ॥ ਲਰੈ ਬਾਨ ਸਾਥਾ ॥ ਅਹੈ ਚਾਹਿ ਮੋਰੀ ॥ ਲਰੋ ਨਾਹਿ ਹੋਰੀ ॥748॥[3]
ਪਿਖੋ ਤੀਰ ਬਿਦਿਯਾ ॥ ਕਰੈਂ ਬੀਰ ਭਿਦਿਯਾ ॥ ਜਬੈ ਬਾਨ ਗਾਯੋ ॥ ਸਬੈ ਮੈ ਸਹਾਯੋ ॥749॥
ਗੁਰੂ ਬਾਕ[4] ਭਾਖਾ ॥ ਸੁਨੋ ਖਾਨ ਮਾਖਾ ॥ ਮਹਾ ਸਤ੍ਰ ਮੇਰਾ ॥ ਬਿਚੈ ਜੰਗ ਹੇਰਾ ॥750॥
ਦਿਖੇ ਹਾਥ ਤੇਰੇ ॥ ਸਹੋ ਬਾਨ ਮੇਰੇ ॥ ਕਰੋ ਵਾਰ ਆਈ ॥ ਨਰਹਿ ਸੰਸ ਗਾਈ ॥751॥
ਸੁਨੋ ਤੋਲ ਖਾਨਾ ॥ ਦਿਲੇਰੀ ਮਹਾਨਾ ॥ ਰਿਦੇ ਬੀਚ ਜਾਨਾ ॥ ਨਹੀ ਤ੍ਰਾਸ ਮਾਨਾ ॥752॥
ਅਰੈ ਮੋ ਅਗਾਰੀ ॥ ਸਹੇ ਤੀਰ ਭਾਰੀ ॥ ਕਿਜੈ ਹੈ ਪਲਾਈ ॥ ਜਬੈ ਬਾਨ ਖਾਈ ॥753॥
ਕਹਯੋ ਉਚ ਬਾਕੰ ॥ ਕਿਜੈ ਵਾਰ ਪ੍ਰਾਕੰ ॥ ਹਿੰਦੂ ਕੇਰ ਪੀਰੰ ॥ ਅਹੋ ਬੀਰ ਧੀਰੰ ॥754॥
ਲਗੈ ਵਾਰ ਮੇਰਾ ॥ ਹਯੰ ਦੇਹ ਗੇਰਾ ॥ ਬਚੈ ਗੇਹਨ ਪ੍ਰਾਨੰ ॥ ਬਧੋ[5] ਏਕ ਬਾਨਾ ॥755॥

॥ ਦੋਹਰਾ ॥

ਮਮ ਖਤੰਗ ਬਡ ਜਾਲਮੀ ਕਰ ਮਰਦਨ ਸੇਤਾਬ ॥
ਬਿਨਾ ਜਤਨ ਜਿਮ ਮਰਦਬੇ ਬਿਗਸੇ ਫੂਲ ਗੁਲਾਬ ॥756॥

---

1. ੲ ਪੋਥੀ ਦਾਂਤਨ 2. ਮੂਲ ਜੂਝ ਕਉ 3. ਅ ਪੋਥੀ ਵਿਚ ਇਸ ਤੋ ਗਰੋਂ ਇਹ ਪੰਗਤੀਆਂ ਵਾਧੂ ਹਨ : ਅਲੰਕਾਰ ਚਾਰੂ ॥ ਦਿਪੈ ਰੂਪ ਭਾਰੂ ॥ ਸੁ ਘੋਰਾ ਕੁਦਾਯੋ ॥ ਸਬੈ ਮੈ ਸਹਾਯੋ ॥੭੪੯॥
4. ਅ. ੲ ਬਾਨਾ 5. ਅ ਪੋਥੀ ਬਿਧੋ

॥ ਪਾਂਧੜੀ ਛੰਦ ॥

ਸੁਨ ਗੁਰੂ ਤਬਹਿ ਉਤਰ ਬ੍ਰਖਾਨ ॥ ਅਬਲ ਬਿਗਾਰੇ ਸੁ ਆਪ ਆਨਾ ॥
ਸਬਲ ਸਵਾਰ ਕਰ ਦਮ ਬਨੰਤ ॥ ਇਹ ਰੀਤ ਜੰਗ ਕੀ ਭਟ ਲਖੰਤ ॥757॥
ਸੁਨ ਕ੍ਰਰ ਪਠਾਨ ਚਮ੍ਰਕਿਯੋ ਬਿਲੰਦ ॥ ਦਲ ਦੋਊ ਦਿਖਤ ਹੁਇ [1]ਇਕ ਰੰਗ[1] ॥
ਸਭ ਸਿਖ ਲਖੈ ਹਤ ਪ੍ਰਾਨ ਖਾਨ ॥ ਗੁਰ ਸੰਗੁ ਜੁਟਯੋ ਨਹਿ ਦੇਹਿ ਜਾਨ ॥758॥
ਸਭ ਤੁਰਕ ਭਨਹਿ ਇਹ ਬਲ ਮਹਾਨ ॥ ਭਟ ਲਖਹਿ ਸੁ ਬਿਦਿਯਾਵਾਨ ਖਾਨ ॥
ਜਬ ਤਜਹਿ ਤੀਰ ਬਚਹਿ ਨਾਹਿ ॥ ਅਬ ਫਤੇ ਹੋਹਿ ਹਮ ਜੰਗ ਮਾਹਿ ॥759॥
ਬਖਤ੍ਰ ਦੋਊਨ ਕੇ ਅੰਗ ਸੰਗ ॥ ਦੋਨਹੁ ਪ੍ਰਹਾਰ ਜਾਨਹਿ ਖਤੰਗ ॥
ਬਾਂਛਤ ਬਿਸਾਲ ਦੋਨਹੁ ਸੁ ਜੰਗ ॥ ਦ੍ਵੈ ਬੀਰ ਬਰਾਦਰ ਸਤਰੂ ਭੰਗ ॥760॥
ਹਯ ਬਲੀ ਚੁਫੇਰੇ ਖਾਨ ॥ ਗੁਰ ਦ੍ਰਿਸਤ ਕਾਇ ਚਹਿ ਮਾਰ ਬਾਨੇ ॥
ਐਚਯੋ ਕੁਵੰਡ ਕਰ ਲਛ ਭਾਲ ॥ ਹ੍ਵੈ ਸਮੁਖ ਤ੍ਯਾਗ ਦੀਨਸ਼ ਕਰਾਲ ॥761॥
ਬਡੇ ਬੇਗ ਸੰਗ ਸੂਕਯੋ ਛੁਟੰਤ ॥ ਜਨ ਸਰਪ ਕੁਲ[2] ਤਖਯ ਕਲ ਸੰਤ ॥
ਗੁਰ ਤੇਜ ਹਾਥ ਬਹਿਕਾਯ ਦੀਨ ॥ ਬਡ ਹੁਤੋ ਸਬਦਿਯ ਕਸ ਰਬ ਚੀਨ ॥762॥
ਸਰ ਤਊ ਲਗਯੋ ਨਹਿ ਬੀਰ ਭਾਲ ॥ ਛੁਹਿ ਕਾਨ ਸਾਥ ਪੁਨਿ ਅਗਰ ਚਾਲ ॥
ਪਿਖ ਗੁਰੂ ਕਹਤ ਕਿਹ ਨਿਕਟ ਸੀਖ ॥ ਬਡ ਤੀਰ ਮਦਾਜਨ ਅਪਰ ਦੀਖ ॥76[illegible]॥
ਚੁਕ ਗਯੋ ਰਹਹਿ ਪਛਤਾਵੈ ਕ੍ਰੂਰ ॥ ਸਭ ਗਯੋ ਨਿਹਫਲੁ ਜੇਤਕ ਗਰੂਰ ॥
ਅਬ ਫੇਰਿ ਵਾਰ ਦੂਸਰ ਕਰੇਹੁ ॥ ਨਹਿ ਰਹੇ ਮਾਖ ਤਾਂ ਹੋਰ ਲੇਹੁ ॥764॥
ਸੁਨ ਕੈ ਪਠਾਨ ਹੁਇ ਲਾਜ ਲੀਨ ॥ ਨਹਿ ਕਹਤ ਬਾਕ ਮੁਖ ਮੋਨ ਲੀਨ ॥
ਉਰ ਮੈ ਬਿਸੂਰ ਕਰਕੈ ਬਿਚਾਰੇ ॥ ਕਯਾ ਭਯੋ ਮੋਹਿ ਗਾ ਨਿਹਫਲ ਵਾਰ ॥765॥
ਹਯ ਕੋ ਧਵਾਯ ਗੁਰ ਭਾਖਯੋ ਫੇਰਿ ॥ ਕਰ ਵਾਰ ਖਾਲ ਪੁਨਿ ਦੁਤਿਯ ਬੇਰ॥
ਪ੍ਰਭ ਵਾਰ ਵਾਰ ਤਿਹ ਕੋ ਸੁਨਾਇ ॥ ਮਨ ਰਖਹੁ ਨਾਂਹਿ ਕਰ ਲੇਹੁ ਦਾਇ ॥766॥
ਤਬ ਤੋਲਖਾਨ ਚਾਪਿ ਕਹਿਤੰ ਬੈਨ ॥ ਸਨਮੁਖ ਨ ਹੋਇ ਸੁਖ ਲਜਾ[3] [4]ਨੈਨ ॥
ਮੈ ਨਿਕਟਿ ਹੋਇ ਇਮ ਬਾਨ ਤ੍ਯਾਗੁ ॥ ਤੁਮ ਜਿਯਤ ਦਿਖਤ ਨਹਿ ਕਿਤਹੁ ਲਾਗਿ ॥767॥
ਬਹੁ ਕਰਾ[4] ਭਯਾਮ੍ਰਿ ਤ੍ਰਿਸ੍ਰ ਕੋ ਧ੍ਰਿਕਾਰ ॥ ਇਸ ਵਖਤ ਚੁਕਿਯੋ ਦੁਇ[5] ਦਲ ਮਝਾਰ ॥
ਹੁਇ ਬੀਰ[6] ਬਹਾਦਰ ਏਕ ਵਾਰ ॥ ਪਰ[6] ਕਹਤ ਅਬਹਿ ਤੁਮ ਬਾਰ ਬਾਰ ॥768॥

---

1. ਅ ਪੋਥੀ ਕਰ ਇਕੰਦ
2. ਅ ਪੋਥੀ ਕੁਲੀ
3. ਅ ਪੋਥੀ ਲਾਜ
4. ਅ ਪੋਥੀ ਮੂਢ ਨਿਜ
5. ੲ ਪੋਥੀ ਦ੍ਵੈ
6. ੲ ਪੋਥੀ ਭਟ
7. ੲ ਪੋਥੀ ਕਯੋ

ਤੁਮਰੋ ਬਚਨੰ ਕੋ ਵਾਰ ਦੂਜਾ ॥ ਕਰਬੋ ਬਨਯੋ ਹਹੁ ਦੀਨ ਪੂਜਾ ॥
ਨਹਿ ਕਹੌ ਨਾਹਿ ਇਹੁ ਲਖਹੁ ਆਇ ॥ ਸਵਧਾਨ ਆਪ ਹੂ ਮਾਹਿ ਬਨਾਇ ॥769॥
ਕਹਿ ਕਰ ਕੁਦੰਡ ਲੀਨਸ ਕਠੌਰ ॥ ਭਾਬਾ ਮਝਾਰ ਸਰ ਕਾਢਿ ਘੋਰ ॥
ਬਾਗਰ ਧਸਾਇ ਵਿਚ ਪਨਚ ਫਾਰਾ ॥ ਕਰ ਸਿਸਤਿ ਅੰਚ ਕਰ ਸ੍ਰੋਣ ਲਾਰਾ ॥770॥
ਬਖਤਰ ਸੁਰੀਰ ਆਛਾਦੰ ਹੇਰ ॥ ਨਹਿ ਨਗਨ ਅੰਗ ਜਿਤਹ ਨਹਿ ਫੇਰ ॥
ਬਹੁਰੋ ਬਿਸਾਲ ਸੁਭ ਪਾਲ ਜਾਨ ॥ ਤਕ ਕੈ ਮਹਾਨ ਬਲ ਜੁਤ ਪਠਾਂਨ ॥771॥
ਸਮਸਟ ਖੈਂਚ ਛੋਰ ਤੀਖਨ ਖਤੰਗ ॥ ਜਿਸੁ ਬੇਖ ਬਹੁਤ ਭੀਖਨ ਸੁਢੰਗ ॥
ਖਟ ਰਾਦ ਰਾਜਖ ਰਸਾਣ ਲਾਰਾ ॥ ਸੂਤ੍ਰ ਯੋ ਸੁ ਜਾਤ ਜਬ ਖਾਨ ਤਯਾਰਾ ॥772॥
ਪਟ ਦੁਬਾਂਲ ਗੁਰ ਸਿਰ ਲਪੇਟ ॥ ਤਹ ਛੋਰ ਸਾਥ ਕਰ ਤੀਰ ਭੇਟ ॥
ਊਪਰ ਉਠਾਇਗਾ ਅਗੂ ਦੂਰਿ ॥ ਬਿਸਮਾਦਿ ਰਹੇ ਦਲ ਦੁਹਨ ਮੂਰ॥773॥
ਡੂਬਯੋ ਪਠਾਨ ਬਹੁ ਲਾਜ ਮਾਂਹਿ ॥ ਤੁਰਕਨ ਬਿਖੇ ਬਡ ਨਾਮ ਜਾਹਿ ॥
ਢਿਗ ਅਗੂ ਲਛ ਬਨਿ ਸਤ੍ਰੂ ਬੀਰ ॥ ਮੁਝ ਕੋ ਪ੍ਰਚਾਰ ਬਿਰ ਤਾਸੁ ਧੀਰ ॥774॥

॥ ਭੁਜੰਗ ਛੰਦ ॥

ਰਹਯੋ ਖਾਨ ਠਾਢੋ ਬਡੀ ਲਾਜ ਪਾਏ ॥ ਪਿਖੇ ਬੀਰ ਸਾਰੇ ਜਥਾ ਜੰਗ ਦਾਏ ॥
ਕੋਊ ਬੀਰ ਬੰਕੇ ਅਰੀਲੇ ਬਿਸਾਲੇ ॥ ਦੋਊ ਸੈਨ ਸ੍ਵਾਮੀ ਕੋ ਦੁਡੰ ਸਮਾਲੇ ॥775॥
ਦੋਊ ਤੇਜ ਘੋਰੇ[1] ਵਡੇ ਓਜ ਵਾਰੇ ॥ ਦੋਊ ਤੀਰ ਬਿਦਯਾ ਗਰੂਰੀ ਕਰਾਰੇ ॥
ਕੋਊ ਜੰਗ ਜੈਸਾ ਕਰੈ ਜੀਤ ਆਸਾ ॥ ਦੋਊ ਜੰਗ ਕੋ ਪੁੰਜ ਦੇਖੈ ਤਮਾਸਾ ॥776॥
ਗੁਰੂ ਜੀ ਤਬੈ ਫ਼ੇਰ ਘੋਰਾ ਫਦਾਯੋ ॥ ਖਰੋ ਖਾਨ ਕੇ ਸਾਥ ਊਚੇ ਅਲਾਯੋ ॥
ਹਤੇ ਤੀਰ ਤੋਹੀ ਦਿਜੈ ਵਾਰ ਮੇਰਾ ॥ ਕਰਯੋ ਓਜ ਭੈ ਭੋ ਪਿਖਯੋ ਸਰਬ ਤੇਰਾ॥777॥
ਸੁਨੇ ਖਾਂਨ ਬੋਲਯੋ ਲਿਜੈ ਵਾਰ ਦੋਈ ॥ ਜਥਾ ਮੈ ਕਰੇ ਆਪ ਕੇ [2]ਸਾਥ ਸੋਈ ॥
ਗੁਰੂ ਫੇਰ ਬੋਲੇ ਨਹੀ ਦਇ ਲੈ ਹੈ ॥ ਅਹੈ ਏਕ ਨੇਕੀ ਕਹੈ ਬੀਰ ਜੋ ਹੈ ॥778॥

॥ ਦੋਹਰਾ ॥

ਸ੍ਰੀ ਕਮਲਾਨਨ ਤੇ ਹਸੇ ਸੁਨੋ ਤੁਰਕ[3] ਬਿਨੁ ਜੋਰੁ ॥
ਮਰਨ ਤੇਰਾ ਹਮ ਕਰੈ ਇਕ ਖਤੰਗ ਕੇ ਛੋਹ ॥779॥[4]

---

1. ੲ ਪੋਥੀ ਅਸੁ
2. ੲ ਪੋਥੀ ਸਾਹਿਬ
3. ੲ ਪੋਥੀ ਨੀਚ
4. ੲ ਪੋਥੀ ਵਿਚ ਇਸ ਮਗਰੋਂ ਇਹ ਦੋਹਰਾ ਵਾਧੂ ਹੈ :

॥ ਦੋਹਰਾ ॥

ਕਾਲ ਤੇਰਾ ਹੈ ਆਯੋ ਕੋਇ ਨ ਸਕੇ ਬਚਾਇ ॥
ਪਾਪੀ ਜਾਲਮ ਮਾਰਨਾ ਹਮ ਕੋ ਬਹੁ ਭਾਇ ॥780॥

॥ ਸਾਬਾਸ ਛੰਦ ॥

ਇਮ ਕਹਿ ਕਹਿ ਫੇਰਿਯ ॥ ਗੁਰ ਹਯ ਪ੍ਰੇਰਿਯ ॥
ਬਨ ਸਵਧਾਨਹਿ ॥ ਗਹੇ ਇਕ ਬਾਨਹਿ ॥780[1]॥
ਸਭੁ ਤਨੁ ਛਾਦਿਯੋ ॥ ਕਿ ਤਿਨ ਦਿਖਾਦਿਯ ॥
ਜਿਤੁ ਸੁਰ ਮਾਰਹਿ ॥ ਤਨੁ ਨ ਨਿਹਾਰਹਿ ॥781॥
ਬਖਰਤ ਸੰਗਿਯ ॥ ਲਪਟਹਿ ਅੰਗਯ ॥
ਫਿਰ ਫਿਰ ਹੇਰਤਿ ॥ ਹਯ ਬਰ ਪ੍ਰੇਰਿਤ ॥782॥
ਧਨ ਜੋਰਿਯ ॥ ਕਰਿ ਕਰਿ ਜੋਰਿਯ ॥
ਲਛ ਜਹਿ ਦੋਰਿਯ ॥ ਇਮ ਨਹਿ ਛੋਰਿਯ ॥783॥
ਫਿਰ ਬਹੁ ਦੇਖਤਿ ॥ ਨਗਰ ਪਰੇਖਿਤ ॥
ਪਿਖ ਜਬ ਨੀਕਹਿ ॥ ਸ੍ਰੋਣਨ ਜੀ ਕਹਿ ॥784॥
ਸਰਪ ਸਮਾਨਹਿ ॥ ਛੂਟਤ ਪਯਾਨਹਿ ॥
ਢਿਗ ਥਲ ਕਾਨਯ ॥ ਲਗਤ ਸੁ ਬਾਂਨਯ ॥785॥

॥ ਭੁਯੰਗ ਪ੍ਰਯਾਤ ਛੰਦੁ ॥

ਲਗਯੋ ਬਾਨ ਕਾਨੰ ਨਜੀਕੰ ਬਿਸਾਲਾ ॥ ਗਿਰਾ ਭੂਮ ਪੈ ਖਾਨ ਕੀਨੇ ਉਤਾਲਾ ॥
ਗਯੋ ਭਾਜ ਘੋਰਾ ਜਬੈ ਛੂਛ ਹੋਵਾ ॥ ਪਰਯੋ ਬੀਰ ਭਾਰੋ ਚਮੂ ਦੋਨ ਜੋਵਾ ॥786॥
ਜਬੈ ਮਾਰ ਲੀਨੋ ਭਏ ਸਤ੍ਰ ਦੀਨੰ ॥ ਫਤੇ ਖਾਲਸੈ ਦੇਖ ਆਨੰਦ ਕੀਨੰ ॥
ਬਜੇ ਦੀਹ ਬਾਜੈ ਸੁ ਧੌਸੇ ਪੁਕਾਰੇ ॥ ਆਪੋ ਆਪ ਮੈ ਬੀਰ ਬੰਕੇ ਬਕਾਰੇ ॥787॥

॥ ਦੋਹਰਾ ॥

ਤੋਲਾ ਖਾਂ ਜਬ ਮਾਰਿਆ ਦੀਨੋ ਸਰਨ ਗਿਰਾਇ ॥
ਦੇਵਨ ਦੀਨੀ ਦੁੰਦਭੀ ਜੈ ਜਯ ਮੁਖੋਂ ਅਲਾਇ ॥788॥[2]

॥ ਚੌਪਈ ॥

ਤੋਲੇ ਖਾਂ ਕੋ ਛੋਟਾ ਭਾਈ ॥ ਅਯੋ ਦੌਰ ਨਹਿ ਦੇਰ ਲਗਾਈ ॥
ਕਟਕ ਵਾਕ ਮੁਖ ਤੇ ਬਹੁ ਬੋਲਾ ॥ ਬਡ ਹੰਕਾਰ ਰਿਦੇ ਝਕ ਝੋਲਾ ॥789॥
ਰਹੁ ਠਾਢਾ ਮਤ ਜਾਂਹੁ ਪਲਾਈ ॥ ਮਾਰੋ ਤੁਮ ਕੋ ਸਹਿਤ੍ਰ ਸਹਾਈ ॥
ਏਕ ਏਕ ਕੋ ਬਦਲਾ ਲੇਵੌਂ ॥ ਮਾਰ ਤੁਮੇ ਸੁਖ ਸਯੋ ਅਬ ਸੋਵੌਂ ॥780॥

---

1. ਅ ਪੋਥੀ ਵਿਚ ਇਸ ਮਗਰੋਂ ਇਹ ਛੰਦ ਵਾਧੂ ਹੈ :
ਚਹੁ ਦਿਸ ਖਾਨਹਿ ॥ ਫਿਰ ਯਹਿ ਕਾਨਹਿ ॥
ਬਖਤਰ ਬੰਧਯ ॥ ਗੁਰ ਸਰ ਸੰਧਯ ॥781॥
2. ਏ ਪੋਥੀ ਵਿਚ ਇਸ ਮਗਰੋਂ ਇਹ ਦੋਹਰਾ ਵਾਧੂ ਹੈ :
ਭਾਈ ਤੋਲੇ ਖਾਨ ਕੋ ਖਾਕਰ ਰਿਸ ਅਧਿਕਾਇ ॥
ਤੇਗਾ ਲੇਕਰ ਹਾਥ ਮਹਿ ਗੁਰ ਪਰ ਚਢਯੋ ਧਾਇ ॥782॥

ਤੱਲੇ ਖਾਨ ਕੁ ਤੁਮ ਨੇ ਮਾਰਾ ॥ ਸੋ ਬਦਲਾ ਮੈ ਲੇਵਨ ਹਾਰਾ ॥
ਇਕ ਵਾਰ ਹਮਰੋ ਸਹਿ ਲੀਜੈ ॥ ਬਹੁਰਿ ਜੰਗ ਕੋ ਨਾਵੋ ਸੁ ਲੀਜੈ ॥791॥
ਊਚੇ ਟੇਰ ਕਹਯੋ ਗੁਰ ਪੂਰੇ ॥ ਕਰ ਲੈ ਵਾਰ ਮਤ ਰਹੋ ਬਿਸੂਰੇ ॥
ਖੜਗ ਉਬਾਰ ਗੁਰੂ ਕੌ ਮਾਰਾ ॥ ਨੇਜੇ ਪਰ ਗੁਰ ਲੀਨ ਸਹਾਰਾ ॥792॥
ਚੰਦ੍ਰਹਾਸ ਤਬ ਸ੍ਰੀ ਗੁਰੂ ਝਾਰਾ ॥ ਧੜ ਤੇ ਸੀਸ ਜੁਦਾ ਕਰ ਡਾਰਾ ॥
ਸਭ ਸਿੰਘਨ ਮਿਲ ਫਤੇ ਬੁਲਾਈ ॥ ਦੇਵਨ ਨੇ ਪਹੁਪ ਝਰ ਲਾਈ ॥793॥

॥ ਦੋਹਰਾ ॥

ਜਯ ਜਯ ਜਯ ਦੇਵਨ ਕਰੀ ਦੁੰਦਭ ਦੀਨ ਬਜਾਇ ॥
ਸਰਬ ਸਿੰਘ ਜਯ ਬੋਲਤੇ ਮਨ ਮਹਿ ਬਹੁ ਹਰਖਾਇ ॥794॥

॥ ਚੌਪਈ ॥

ਦਰਬਾਰਾ ਹਰਿ ਅਨੀਸੁ ਪ੍ਰੇਰੀ ॥ ਤੁਰਕ ਨ ਜਾਂਵੈ ਲੇਵੋ ਘੇਰੀ ॥
ਕ੍ਰਿਪਾਨ ਖੈਚਿ ਸਿੰਘ ਸਭ ਦੌਰੇ ॥ ਤੁਰਕਨ ਕੌ ਤਬ ਲੀਨੋ ਘੇਰੇ ॥795॥
ਲਾਗੀ ਬਾਢ ਹੋਨ ਬਹੁ ਭਾਰੀ ॥ ਜਿਮ ਮ੍ਰਿਗੇਸ ਮ੍ਰਿਗ ਲੇਵਤ ਮਾਰੀ ॥
ਬਾਜ ਜਿਵੇਂ ਤੀਤਰ ਕੌ ਡਾਏ ॥ ਖਗ੍ਰ ਪਤਿ ਐਸੇ ਅਹਿ ਸਿਰ ਕਾਟੇ ॥796॥

॥ ਦੋਹਰਾ ॥

ਇਸ ਬਿਧਿ ਭਯੋ ਪ੍ਰਚੰਡ ਰਣ ਮਿਲੀ ਬਾਹਨੀ ਦੋਇ ॥
ਸ੍ਰੋਣਤ ਬਿਖਰਯੋ ਧਰਨ ਬਹੁ ਲੋਥ ਲੋਥ ਪਰ ਹੋਇ ॥797॥

॥ ਸੈਯਾ ॥

ਲੋਥ ਪੈ ਲੋਥ ਪਰੀ ਹਯ ਪੋਥਤਿ ਸ੍ਰੋਣਤ ਕੇ ਗੁਰ ਚਾਲੇ ਪਨਾਲੇ[1] ॥
ਘਾਵ ਭਕਾ ਭਨ ਬੋਲਤ ਹੈ ਭਟ ਏਕ ਕਰਾਹਤ ਹਾਇ ਪੁਕਾਰੇਂ ॥
ਘਾਇਲ ਘੂਮਤ ਝੂਮਤ ਹੈ ਬਹੁ ਮਾਰ ਪਰੀਂ ਇਕ ਹ੍ਵੈ ਮਤਵਾਰੇਂ ॥
ਮਾਰੂ ਜੁਝਾਉ ਕੋ ਬਾਜਤ ਬਾਜਨ ਏਕ ਲਰੇ ਥਿਰ ਸੂਰ ਜੁਝਾਰੇ[2] ॥798॥

॥ ਕਬਿਤ ॥

ਸਬੰਦ[3] ਬਿਲੰਦ ਉਠਿਯੋ ਕੋਊ ਕਹੈ ਹਾਇ ਨੰਦ
ਹਾਇ ਕੰਤ ਹਾਇ ਤਾਤ ਹਾਇ ਮੀਤ ਬੋਲਤੇ ॥
ਹਾਇ ਪਯਾਰੇ ਹਾਰੇ ਹਮ ਮਾਰੇ ਗਾਏ ਸਬੈ
ਅਬ ਧੁੰਨ ਕੋ ਬਿਨਾਸ ਭਯੋ ਕਹੈ ਮਨ ਹੌਲ ਤੇ ॥
ਐਸ ਬਿਰਲਾਪਤਿ ਹੈ ਮਹਿਤ ਸੰਤਾਪਤਿ ਹੈ
ਪਰੇ ਬੀਚ ਆਪਤਿ ਹੈ ਫਿਰੇਂ ਬਡੋ ਡੋਲਤੇ ॥

1. ਅ, ੲ ਪਨਾਰੇ 2. ਅ ਪੋਥੀ ਵਿਚ ਪੰਗਤੀਆਂ ਵਾਧੂ ਹਨ :
ਦੇਖਿ ਮਧੁ ਦਮਨ ਦੀਹ ਦਲ ਕਾਰਣ ਸੰਗ੍ਰਾਮ ॥ 3. ੲ ਪੋਥੀ ਨਾਦ
ਭਜੇ ਵਿਪ੍ਰ ਦ੍ਰੋਹੀ ਯਵਨ ਲਿਯੇ ਸਾਥ ਕੁਲ ਗ੍ਰਾਮ ॥

ਭੀਖਨਾ ਤੁਮੱਲ ਨਾਦ ਉਠਿਯੋ ਅਹਿਲਾਦ ਬਿਨ
ਪੰਕਤਿ ਖ੍ਰੁਸਾਦਿ ਤੇ ਬਸਤੇ ਕੋਊ ਏਲਤੇ ॥800॥

॥ ਦੋਹਰਾ ॥

ਪਲਕੰਨ ਪੰਲਕਾ ਤਰਿ ਜਿਨਹਿ ਭੂਤਲ ਦੀਨਨ ਪਾਂਉ ॥
ਸੋ ਪਗ ਕੰਟਕ ਸਹਿ ਚੱਲੀ ਇਹੁ ਮਧੁ ਦਮਨ ਪ੍ਰਭਾਉ ॥801॥

॥ ਚੌਪਈ ॥

ਤੁਰਕਨ ਯੁਵਤੀ ਦੁਖਿ ਉਠੀ ਧਾਈ ॥ ਬਾਤ[2] ਲਗੇ ਜਸਿ ਪਾਤ ਉਡਾਈ ॥
ਕੇਸਰਿ ਬੋਲ ਜਬੈ ਸੂਲ ਪਾਵੈ ॥ ਕਰਨਿ ਦੁਖਿਤ ਕੰਤਾ ਰਤ ਜਾਵੈ ॥802॥
ਚਲਤਿ ਚਰਨ ਸਨ-ਅਟਕਤ ਬੇਨੀ ॥ ਭਾ ਬਹੁ ਤ੍ਰਾਸ ਤਿਨ ਲਖਤਿ ਸੁ ਨੈਨੀ ॥
ਗੁਰ ਪ੍ਰਤਿਨੀ ਕੀ ਕੀਨ ਅਵ੍ਗਿਯਾ ॥ ਯਾਂਤੇ ਦੁਖ ਤਿਨ ਕੋ ਬਹੁ ਲਗਯਾ ॥803॥
ਕਰਤ ਕੁ ਕਰਮ ਨ ਹੋਤ ਕਲਯਾਨਾ ॥ ਕਹਤ ਸਨਾਤਨ ਬੇਦ ਪੁਰਾਨਾ ॥
ਅਘ ਪ੍ਰਣਾਮ ਪੁਨ ਰਹੇ ਕੋਈ ॥ ਫਲ ਬੰਬੂਰ ਨਹਿ ਅੰਮ੍ਰਿਤ ਹੋਈ ॥804॥
ਭਲ ਕਰ ਭਲੋ ਨਿਚਾਈ ਨੀਚੂ ॥ ਅੰਮ੍ਰਿਤ ਔਰ ਕਰਮ ਬਿਖ ਮੀਚੂ ॥
ਪਾਪੀ ਸੁਖ ਚਹਿ ਯਸ ਚਰਿ ਕਾਮੀ ॥ ਚਾਹੇ ਮਾਨ ਲੋਭ ਮਮ ਗਾਮੀ ॥805॥
ਕ੍ਰਿਪਨ ਸੁ ਜਸ ਚਹਿ ਮੁਕਤਿ ਅਗਯਾਨੀ ॥ ਭੋਗੀ ਤੇਪ ਚਹਿ ਗੁਨ ਅਭਿਮਾਨੀ ॥
ਗੁਰ ਬਿਰੋਧ ਕਰ ਸੁਖਹਿ ਉਮਾਹੈ ॥ ਹਰਿ ਜਗਾਇ ਮ੍ਰਿਗ ਜਿਮ ਭਜ ਚਾਹੈ ॥805॥

॥ ਦੋਹਰਾ ॥

ਜਬ ਭਗੋਲ ਸਭ ਭਜ ਗਏ ਸਿੰਘਨ[3] ਲੂਟਨ ਕੀਨ ॥
ਹੈ ਗੈ ਚਾਂਮੀ ਕਰ ਰਜਤ ਅਵਰ ਬਸਤ ਸਭ ਲੀਨ ॥807॥

॥ ਚੌਪਈ ॥

ਦੁਰਗ ਸਮਾਜ ਸਮੇਤ ਸਕੇਲਾ ॥ ਤੋਪ ਤਮਾਂਚੇ ਅਸ ਮਾਰ ਸੇਲਾ ॥
ਔਰੁ ਜੁ ਪੁਰ ਸਭ ਲੂਟਨ ਕੀਨਾ ॥ ਸੋ ਸਮਾਜ ਸਿੰਘਨ ਲੀਨਾ ॥808॥
ਹਿੰਦ ਜਾਤ ਮਿਲ ਦੀਨ ਦੁਹਾਈ ॥ ਤਿਨ ਕੇ ਗ੍ਰਿਹ ਗੁਰ ਲੀਨ ਬਚਾਈ ॥
ਜੋ ਕਿਛੁ ਲੂਟਾ ਫੇਰਿ ਦਿਵਾਵਾ ॥ ਸ੍ਰੀ ਗੁਰ ਕੋ ਜਗਤ ਜਸ ਛਾਵਾ ॥809॥
ਏਕ ਸਿਖ ਨੇ ਅਰਜ ਗੁਜਾਰੀ ॥ ਤੁਰਕਨ ਦੁਖ ਪਾਯੋ ਹੈ ਭਾਰੀ ॥
ਅਕ੍ਰਨ ਹਸੇ ਬੇਦੀ ਕੁਲ ਈਸਾ ॥ ਗੁਸੇ ਕੁਕਰਮ ਨਿਫਲ ਪੁਰ ਖੀਸਾ ॥810॥
ਪਾਪ ਤਿਮਰ ਅਦ ਯਪਿ ਬਹੁ ਹੋਈ ॥ ਸੁਕ੍ਰਿਤ ਭਾਨ ਲਖਿ ਭਾਜਤ ਸੋਈ ॥
ਸਭ ਜਗ ਕਰਮ ਕਾਲ ਅਨੁਕੂਲਾ ॥ ਯਾਂਤੇ ਕੁਸਲ ਨ ਹੋ ਤਵ ਮੂਲਾ ॥811॥

1. ਏ ਪੋਥੀ ਭੀਸਮ
2. ਏ ਪੋਥੀ ਵਾਯੂ
3. ਏ ਪੋਥੀ ਖਾਲਸੇ

ਬਰਬਸ ਹੋਤ ਬਿਰੰਚ ਜੁ ਠਾਂਨੀ ॥ ਯਹ ਬ੍ਰਿਚਾਰ ਸ੍ਰਮ ਰਹੇ ਗਯਾਨੀ ॥
ਮਾਤ ਸੁ ਸੀਤਾ ਬ੍ਰਨ ਮੋ ਗਈ ॥ ਦਰੁਪਤਿ ਸੁਦਾ ਬਹੁ ਰੋਵਤਿ ਭਈ ॥812॥

॥ ਦੋਹਰਾ ॥

ਕਰਮ ਬਿਨਾਸ ਕਦਾਂਚਿ ਨਹਿ ਬੀਤਹਿ ਕਲਪ ਹਜਾਰ ॥813॥
ਅਵਸਮੇਵ ਭੁਗਤ ਵਯ ਹੈਂ ਕਰਮ ਸੁਭਾ ਸੁਭ ਸਾਰ ॥813॥

॥ ਚੌਪਈ ॥

ਕਰਮ ਜੰਨ ਦੁਖ ਪਾਵੈ ਰਾਸੀ ॥ ਆ ਕਰ [ਚਾਰ][1] ਲਾਖ ਚੌਰਾਸੀ ॥
ਪੂਰਬਿ ਕਰਮ ਕੀਯੇ ਅਨੁਸਾਰੀ ॥ ਚਾਤਰ ਮੂਢ ਰੰਕ ਧਨ ਸਾਰੀ ॥814॥
ਇਕ ਜੁਵਤੀ ਕੋ ਇਨ ਦੁਖ ਦੀਆ ॥ ਇੰਨੇ ਹੰਜਾਰਨ ਕੋ ਦੁਖ ਥੀਆ ॥
ਨਯਾਇ ਬਿਰੰਚ ਨਾਮ ਬਿਧ ਪਾਯੋ ॥ ਕਰਮ ਬਿਧੀ ਲਖ ਜਗਤੁ ਰਚਾਯੋ ॥815॥
ਆਇ ਤਹਾਂ ਬੇਦਿ ਕੁਲ ਰਾਈ ॥ ਜਹ ਜਗਦੰਭਾ ਧਰਨਿ ਗੰਡਾਈ ॥
ਤਯਾਗਿ ਹਯਾਂ ਸਨ ਗਦ ਗਦ ਬਾਨੀ ॥ ਪਦ ਚਰ ਭੇ ਤਹ ਸਾਰੰਗ ਪਾਨੀ ॥816॥
ਚਹੂੰ ਓਰਿ ਛਾਯੋ ਦਲ ਬ੍ਰਿੰਦਾ ॥ ਜਿਮ ਘਨ ਘਰਿ ਸਰਦ ਰੁਤ ਚੰਦਾ ॥
ਜਹਾਂ ਗਡੀ ਭੂ ਜਗ ਮਹਿਤਾਰੀ ॥ ਠਾਂਢੇ ਭੇ ਤਹਿ ਜਾਈ ਮੁਰਾਰੀ ॥815॥

॥ ਦੋਹਰਾ ॥

ਦਿਯ[2] ਅਨੁਸਾਸੁਨਿ ਸੇਨੁ ਪਹਿ ਖੋਦਹੁ ਹਯਾ ਤੇ ਭੂਮਿ ॥
ਅਸ ਸੁਨ ਸ੍ਰੀ ਮੁਖ ਬਚਨੁ ਕੌ ਉਠੇ ਸੁ ਭਚ ਸਿਖ ਹੂੰਮਿ ॥818॥

॥ ਚੌਪਈ ॥

ਭੂਤਲ ਸੁ ਭਟਨਿ ਉਮਗਿ ਖੁਦਾਵਾ ॥ ਕਛੁਕ ਖੋਦ ਪਿੰਜਰ ਨ੍ਰਿਸ਼ਕਾਵਾ ॥
ਸੰਪਟ ਦਾਰ ਸਜੇਟ ਤਸਲਾਕਾ ॥ ਬਨਾਵ ਦ੍ਰਿੜ ਕਛੁ ਭੇਦ ਨ ਤਾਕਾ ॥819॥
ਲਿਯ ਉਠਾਇ ਤਿਨ ਪਿੰਜਰੁ ਸੋਊ ॥ ਪ੍ਰਭੂ ਜਯਤ ਬਿਨੁ ਕਹੈ ਨ ਕੋਊ ॥
ਜੰਤ੍ਰ ਭੰਜ ਤਹਿ ਮੁਖੰ ਉਚਾਰੀ ॥[3] ਸਯਤ ਕੀਨ ਤਿਹ ਜਗ ਮਹਿਤਾਰੀ[3] ॥820॥
ਜ਼ਾਨੂੰ ਮਾਝੰ ਸਾਇਕ ਲਾਖਾਂ ॥ ਜੋ ਕਮਲਾਨਨ ਆਗੇ ਭਾਂਖਾ ॥
ਸਭ ਕੇ ਮਨ ਨਿਸਚਾ ਅਤਿ ਆਯੋ ॥ ਜੈ ਜੈਕਾਰ ਸਭ ਮਿਲ ਗਾਯੋ ॥821॥
ਅਸ ਬਿਲੋਕਿ ਅਵਰਨ ਸੰਮਦਾਈ ॥ ਕਹਯੋ ਸਬਨ ਜਯ ਬੇਦੀ ਰਾਈ ॥
ਤ੍ਰਿਕਾਲੋ ਗਯਨ ਦਾਸਨ ਸੁਖ ਰੂਪਾ ॥ ਨਿਰਗੁਣ ਸਗੁਨ[4] ਅਚਰਜ ਅਨੂਪਾ ॥822॥
ਗੁਹਯ ਗੁਹਯ ਅਤਿ ਗੁਹਯ ਪ੍ਰਮਾਨਹਿ ॥ ਬੇਦਿੰਰਾਜ ਤੁਮ ਬਿਨ ਕੋ ਜਾਨਹਿ ॥
ਸ੍ਰੀ ਨਾਨਕ ਤੂੰ ਹੀ ਜਗ ਹੋਵਾ ॥ ਰਾਇ ਬੁਲਾਰੇ ਸਕੋਟ ਖੋਵਾ ॥823॥
ਅੰਗਦਿ ਅਮਰ ਦਾਸ ਬਪੁ ਧਾਰਾ ॥ ਰਾਮ ਦਾਸ ਅਰਜਨ ਸੁਖ ਸਾਰਾ ॥
ਹਰਿ ਗੋਬਿੰਦ ਹਰਿ ਰਾਇ ਸੁ ਹੋਵਾ ॥ ਹਰਿ ਕ੍ਰਿਸਨ ਤੇਗ ਬਹਾਦਰ ਜੋਵਾ ॥824॥

---

1. ਅ ਪੋਥੀ ਵਿਰੋ 2. ਅ ਪੋਥੀ ਪਾਠਾਂਤਰ : ਅਨੁਸਾਸਨ ਸੇਨਿ ਪ੍ਰਤਿ 3. ਅ ਪੋਥੀ ਪਾਥਾਂਤਰ : ਸਯਨ ਕੀਨ ਦਾਸੀ ਸੁਖਕਾਰੀ 4. ੲ ਪੋਥੀ ਸਰਗੁਨ

॥ ਦੋਹਰਾ ॥
ਸ੍ਰੀ[1] ਗੁਰ ਗੁਬਿੰਦ ਸਿੰਘ ਹੋਇ ਕੇ ਤੁਰਕਨ ਕੀਨੋ ਨਾਸ ॥
ਸੋਈ ਸਾਹਿਬੁ ਸਿੰਘ ਭੇ ਬੇਦਿਨ ਕੁਲ ਮੋ ਬਾਸ ।825॥
ਤੁਮਰੀ ਪਲਕ ਕਟਾਛੁ ਹੂ ਉਤਪਤ ਪਾਲ ਸੰਹਾਰੁ ॥
ਕੰਠ ਪੇਚ ਸੋ ਯਮਨ ਹੇ ਤੁਮ ਸਨ ਮਾਂਡਹਿ ਰਾਰ ॥826॥
॥ ਸੋਰਠਾ ॥
ਆਪਨ ਮਾਯਾ ਪ੍ਰੇਰ ਅਨਿਕ ਚਰਿਤ੍ਰ ਬਿਚਰਹਿ ਪ੍ਰਭੂ ॥
ਬਹੁਰ ਆਪ ਗੁਨ ਫੇਰਿ ਹੋਹਿ ਨਿਰੰਜਨ ਰਸ ਮਗਨ ॥827॥
॥ ਚੌਪਈ ॥
ਪ੍ਰੂਤ ਪਾਲਸ ਚਰਾ ਚਰ ਸਾਈ ॥ ਤੁਮਰੀ ਗਤਿ ਤੁਮ ਸੇ ਬਨਿ ਆਈ ॥
ਤੂ ਚਿਰ ਘਨ ਅਚੁਤਯ ਅਬਿਕਾਰਾ ॥ ਲੀਨ ਮਾਨ ਸੰਗੁਨ[2] ਅਵਤਾਰਾ ॥828॥
ਐਸੇ ਉਸਤਤਿ ਸਭ ਨੇ ਕੀਨੀ ॥ ਜਿਨ ਕੀਨੀ ਤਿਨ ਮੁਕਤੀ ਲੀਨੀ ॥
ਬੈਠੇ ਗੁਰ ਜੀ ਸਹਿਤ ਸਮਾਜਾ ॥ ਕਹਯੋ ਬਨਾਵਹੁ ਦਾਹ ਸਮਾਜਾ ॥829॥
ਸੁਨ ਆਯਸ ਅਨਚਰ ਉਠ ਧਾਏ ॥ ਸਜਿ ਵਿਮਾਨ ਸੁੰਦਰ ਲੈ ਆਏ ॥
ਸ੍ਰੀਘਰ ਸਲਿਲ ਕੁੰਭ ਭਰ ਆਨਾ ॥ ਜੁਵਤਨ ਨੇ ਕਰਵਾਇ ਸਨਾਨਾ ॥830॥
ਯਾਨੂ ਬਾਨ ਸੁ ਐਂਚ ਮਿਕਾਰਾ ॥ ਸੇਠ ਆਦਿ ਸਭ ਲੋਕ ਨਿਹਾਰਾ ॥
ਦਾਹ ਕਿਯੋ ਤਿਹ ਵਿਧ ਸੁ ਬਨਾਈ ॥ ਜਿਹ ਪ੍ਰਕਾਰ ਜਰੁਤਿ ਆਯੁਸ ਪਾਈ ॥831॥
॥ ਸੋਰਠਾ ॥
ਬੰਰਖਹਿ ਸੁਰ ਘਨ ਫੂਲ ਫੂਲ ਹ੍ਰਿਦਾਯ ਨ ਸਮਾਵਈ ॥
ਉਮਗਯੋ ਮੋਦ ਅਤੂਲ ਜਯਤ ਜਯਤ ਜੈ ਨਭ[3] ਮਹੀ ॥832॥
॥ ਚੌਪਈ ॥
ਇਹ ਪ੍ਰਕਾਰ ਜਗ ਜੱਸ ਧਰੁਵ ਛਾਯੋ ॥ ਪ੍ਰਭ ਸਰਵਗਯ ਸਭਨ ਮਨ ਭਾਯੋ ॥
ਮਰਯੋ ਤੁਰਕ ਦਲ ਭ੍ਰਸਟਾਚਾਰਾ ॥ ਸਾਧਨ ਕੌ ਸੁਖ ਬਢਯੋ ਅਪਾਰਾ ॥833॥
ਬੰਰਖ ਪ੍ਰਸੂਨ ਦੇਵ ਕੁਲ ਹਰਖੇ ॥ ਗੁਰ ਕਰਤਵ ਲੀਨ ਜਿਨ ਪਰਖੇ ॥
ਨਿਰਤਹਿ ਅਪਸਰ ਜ਼ਛ ਸਪ੍ਰੀਤਾ ॥ ਕਿਨਰ ਗੰਧਰਬ ਕਹਿ ਕਲਿ ਰੀਤਾ ॥834॥
ਲੀਏ ਬੇਣ ਨਾਰਦ ਮੁਨਿ ਗਯਾਨੀ ॥ ਜਸ ਜਗਦੀਸ ਗਾਇ ਮਨ ਮਾਨੀ ॥
ਬ੍ਰਹਮਾ ਬਰਨੇ ਬ੍ਰਹਮ ਪ੍ਰਸੰਸਾ ॥ ਜਯੜ ਬੇਦਿ ਕਲਿ ਮਾਨਸ ਹੰਸਾ 835॥
ਸ੍ਰੀ ਗੁਰ ਜੀ ਤਬ ਆਗਯਾ ਦੀਨੀ ॥ ਸਿੰਘ ਗਰੇ ਸਭ ਲੇਵੋ ਬੀਨੀ ॥
ਸਿੰਘ ਦਰਬਾਰਾ ਬੀਨ ਲਿਆਵਤ ॥ ਕਮਲ ਬਦਨ ਕੇ ਅਗ੍ਰ ਟਿਕਾਵਤ ॥836॥

---

1 ਪੋਥੀ ਗੁਰੂ
2 ਪੋਥੀ ਸਰਗੁਣ
3 ਪੋਥੀ ਗਗਨ

॥ ਦੋਹਰਾ ॥
ਕ੍ਰਿਪਾ ਦ੍ਰਿਸਟਿ ਸ੍ਰੀ ਗੁਰ ਕਰੀ ਸਭ ਕੋ ਮੁਕਤੀ ਦੀਨ ॥
ਈਧਨ ਅਧਕ ਸੁਕੇਲ ਕੇ ਦਾਹ ਸਰਬ ਕੋ ਕੀਨ ॥837॥
॥ ਚੌਪਈ ॥
ਗੁਰੂ ਕ੍ਰਿਪਾ ਤੇ ਸੁਭ ਗਤਿ ਪਾਈ ॥ ਜਨਮ ਮਰਨ ਤੇ ਭਏ ਬਿਦਾਈ ॥[1]
ਜਿਨ ਕੇ ਦੇਹਿ ਜਖਮ ਬਹੁ ਲਾਗੇ ॥ ਤਿਨ ਪਰ ਸਾਹਿਬੁ ਬਹੁ ਅਨੁਰਾਗੇ ॥838॥
ਕ੍ਰਿਪਾ ਦ੍ਰਿਸਟਿ ਜਬ ਤਿਨ ਪਰ ਦੇਖੀ ॥ ਜਖਮ ਮਿਲੇ ਨਹਿ ਦੇਰੀ ਲੇਖੀ ॥
ਮਾਤਾ ਕੇ ਤਬ ਫੂਲ ਚੁਨਾਏ ॥ ਸਿੰਘਨ ਕੇ ਭੀ ਲੀਨ ਬਿਨਾਏ ॥839॥
ਸ੍ਰੀ ਗੰਗਾ ਪਰ ਭੇਜਿ ਸੁ ਦੀਨੇ ॥ ਸਾਥ ਪਦਾਰਥ ਬਹੁਤੇ ਕੀਨੇ ॥
ਸਾਹਿਬ ਦੇਵੀ ਐਸ ਨਿਕਾਸੀ ॥ ਸ੍ਰੀ ਗੁਰ ਸਿਖਯਨ ਕਾਟੀ ਫਾਸੀ ॥840॥
ਮਾਲਵ ਕੀ ਤਬ ਸੰਗਤ ਆਈ ॥ ਦੈ ਭੇਟਾ ਚਰਨਨ ਲਿਪਟਾਈ ॥
ਹਾਥ ਜੋਰਿ ਕਰਿ ਉਸਤਤਿ ਠਾਨੀ ॥[2] ਮਾਰੇ ਖਲ ਤੁਮ[2] ਮਾਨ ਗੁਮਾਨੀ ॥841॥
ਤੋਲਾ ਖਾਨ ਸੁ ਬਡ ਬਲਵਾਨਾ ॥ ਗੁਰ ਜੀ ਮਾਰਾ ਅਚਰਜ ਠਾਨਾ ॥
ਤੀਰ ਮਾਰ ਕਰ ਤਵ ਇਨ ਫਾਰਤ ॥ ਰੂਪੀ ਅੰਕ ਕਰਨ ਮਲ ਡਾਰਤ ॥842॥
॥ ਦੋਹਰਾ ॥
ਤੋਲੇ ਖਾਨ ਪਠਾਨ ਕੋ ਸੁਤ ਗਰ ਅੰਚਰ[3] ਪਾਇ ॥
ਮਾਈ ਭਗਨੀ ਸਾਥ ਲੇ ਆਵਾ ਗੁਰ ਸਰਨਾਇ ॥843॥
॥ ਚੌਪਈ ॥
ਮੈ ਸਰਣਾਗਤਿ ਬੇਦਿ ਕੁਲ ਈਸ ॥ ਜਗਤੁ ਗੁਰੂ ਤੁਮ ਈਸਨੁ ਈਸ[4] ॥
ਪਾਲਨ ਹਮਰੀ ਸ੍ਰੀ ਗੁਰ ਕੀਜੈ ॥ ਮੈ ਨਿਥਾਵਾ ਥਾਨ ਮਹਿ ਦੀਜੈ ॥844॥
ਮੰਦ ਮੰਦ ਤਬ ਸ੍ਰੀ ਗੁਰ ਬੋਲੇ ॥ ਜਿਨੇ ਤੁਰਕ ਬਹੁ ਕੀਨ ਹੋਲੇ ॥
ਤੁਮਰੋ ਬਾਪ ਬਡੋ ਬਲਵਾਨਾ ॥ ਅਪਨੇ ਤੁਲ ਨਹਿ ਕਾਹੂ ਜਾਨਾ ॥845॥
ਢਾਲੇ ਚੀਰ ਸੁ ਦੂਰ ਵਗਾਵੈ ॥ ਮਹਿਖ ਵਖਾਣ ਨ ਗਹਿ ਠਹਿਰਾਵੈ ॥
ਮਾਰੇ ਬਾਨ ਸੁ ਪਾਦਪ ਛੇਦੇ ॥ ਪੂਛ ਗਹਿਤ ਇਭ ਦੇਵਤ ਖੇਦੇ ॥846॥
ਜੰਗ ਮਾਂਝਿ ਨਾਹਿਨ ਬਲ ਦੇਖਾ ॥ ਬਹੁਤ ਵੰਗਾਰਾ ਕੀਨ ਪਰੇਖਾ ॥
ਸੁਨ ਬਾਲਕ ਨੇ ਦ੍ਵੈ ਕਰ ਜੋਰੇ ॥ ਕਹਿਤ ਭਯੋ ਬਹੁ ਬਾਰ ਨਿਹੋਰੇ ॥847॥
॥ ਦੋਹਰਾ ॥
ਗੁਰ ਜੀ ਆਪ ਖੁਦਾਇ ਹੈ ਕਯਾ ਨਰ ਬਪੁਰਾ ਹੋਇ ॥
ਦੇਵ ਨ ਸਨਮੁਖ ਹੁਇ ਸਕੈ ਹਮ ਗਿਨਤੀ ਮੈ ਕੋਇ ॥848॥

1 ਅ ਪੋਥੀ ਪਾਠਾਂਤਰ : ਸਤਿਗੁਰ ਦਾਸੀ 2. ਅ ਪੋਥੀ ਪਾਠਾਂਤਰ : ਮਾਰ ਤੁਰਮ ਵਢ
3 ਏ ਪੋਥੀ ਪਲੂ
4. ਏ ਪੋਥੀ ਪਾਠਾਂਤਰ : ਸਰਲ ਸ੍ਰਿਸਟਿ ਕੇ ਗੁਰ ਤੁਮ ਈਸ ॥

॥ ਚੌਪਈ ॥

ਤੁਮਰੇ ਬਿਨ ਹਮਰੋ ਕੋ ਨਾਹੀ ॥ ਅਰਜੀ ਹਮਰੀ ਸੁਨੋ ਗੁਸਾਂਈ ॥
ਸੁਨ ਕਰਿ ਗੁਰ ਜੀ ਭਏ ਦਿਆਲਾ ॥ ਹਰੀ ਸਿੰਘ ਬੋਲਤੇ[1] ਤਤਕਾਲਾ ॥849॥
ਤਿਨ ਪ੍ਰਤਿ ਗੁਰ ਜੀ ਆਗਯਾ ਦੀਨੀ ॥ ਹਮਰੀ ਸੇਵਾ ਹਿਤ ਕਰਿ ਕੀਨੀ ॥
ਸ੍ਰੀ ਗੁਰ ਨਾਨਕ ਕਰੇ ਸਹਾਇ ॥ ਬਹੁਰ ਨ ਜਨਮੇ ਜਗ ਮਹਿ ਆਇ ॥850॥
ਮਲੇਰ ਮਾਂਹਿ ਇਹੁ ਭਾਰਾ ਥਾਪ ॥ ਯਦਪਿ ਕੀਨੇ ਬਹੁ ਇਨ ਪਾਪ ॥
ਰੁਦਨ ਕਰਤ ਬਹੁ ਸਰਨੀ ਆਵਾ ॥ ਇਸ ਕੇ ਰਿਦ ਕੋ ਮੇਟ ਹਾਵਾ ॥851॥

॥ ਦੋਹਰਾ ॥

ਹਰੀ ਸਿੰਘ ਜੀ ਸਾਥ ਲੇ ਦੁਰਗ ਮਾਂਹਿ ਤਹਿ ਥਾਪ ॥
ਗੁਰ ਸਮੀਪ ਆਂਵਤ ਭਯੋ ਵਾਹਗੁਰੂ ਮੁਖ ਜਾਪ ॥ 852॥
ਉਸਤਤਿ ਗੁਰ ਕੀ ਕਰਤ ਹੈ ਸ੍ਰੀ ਹਜੂਰਿ ਨਿਰਲੋਭ ॥
ਸਰਨ ਪਾਲ ਸਦ ਸਤਿਗੁਰੂ ਸਿਖਨ ਮਿਟਾਵਤ ਛੋਭ ॥853॥

॥ ਚੌਪਈ ॥

ਚਾਰ ਜੁਗਨ ਮੈ ਐਸ ਕਰਾਵੋ ॥ ਪਿਤਾ ਮਾਰ ਸੁਤ ਰਾਜ ਦਿਵਾਵੋ ॥
ਜੈ ਜੈ ਜਯਤ ਸੁ ਬਹੁਤ ਸੁਨਾਵੈ ॥ ਮਨ ਬਾਂਛਤ ਗੁਰ ਤੇ ਬਰ ਪਾਵੈ ॥854॥
ਕਮਲ ਨੈਨ ਸਰਬੰ ਸੁਖ ਰਾਸੀ ॥ ਜੋ ਸਿਖਨ ਕੀ ਕਾਟੈ ਫਾਸੀ ॥
ਮਿਲ ਮਿਲ ਸੰਗਤਿ ਦਰਸਨ ਆਵੈ ॥ ਮਨ ਬਾਂਛਤ ਗੁਰ ਤੇ ਬਰੁ ਪਾਵੈ ॥855॥
ਸਬ ਰਾਜਨ ਨੇ ਇਹੁ ਸੁਨ ਪਾਈ ॥ ਮਾਰੀ ਮਲੇਰ ਗੁਰ ਸੁਖਦਾਈ ॥
ਬਹੁ[2] ਲਜਤ ਸੋ ਮਨ ਮੋ ਹੋਏ ॥ ਬਿਤ੍ਰਨ ਪਾਵ ਧਰਮ ਹਮ ਖੋਏ ॥856॥
ਚਿੰਤਾ ਰੋਗ ਭਯੋ ਤਿਨ ਭਾਰੀ ॥ ਵੈਦਨ ਤੇ ਨਹਿ ਜਾਤ ਨਿਵਾਰੀ ॥
ਸਤਗੁਰ[3] ਵੈਦ ਸੁ ਦੀਨ ਤਿਯਾਗੀ ॥ ਕੈਸੇ ਸੁਖ ਪਾਵੈ ਮੰਦਭਾਗੀ ॥857॥

॥ ਦੋਹਰਾ ॥

ਮਨ ਮੈ ਚਿੰਤਾ ਬਹੁ ਕਰੈਂ ਚਲੇ ਨ ਕਛੂ ਉਪਾਇ ॥
ਚੋਰ ਰਾਂਡ ਜਿਮ ਰੋਤ ਹੈ ਬਾਰ ਬਾਰ ਪਛੁਤਾਇ ॥858॥
ਦਰਬਾਰਾ ਹਰਿ ਖਿਨੈ ਕਰ ਚਰਨਨ ਮਸਤਕ ਧਾਰ ॥
ਗੁਰ ਜੀ ਕਰੋ ਉਧਾਰ ਮੁਹਿ ਦੇਹੁ ਗਯਾਨ ਸੁਖ ਸਾਰ ॥859॥

॥ ਚੌਪਈ ॥

ਕਮਲ ਬਦਨ ਸੁਨ ਕਰ ਤਿਹ ਬਾਨੀ ॥ ਧੰਨ ਧੰਨ ਕਹਯੋ ਗੁਨ ਖਾਨੀ ॥
ਤੁਮਰੇ ਮਨ[4] ਸੁਭ ਇਛਾ ਹੋਈ ॥ ਉਤਮ ਬੈਨ ਸੁਨੋ ਅਬ ਸੋਈ ॥860॥

---

1. ਅ ੲ ਪੋਥੀ ਬੋਲਾਇ
2. ੲ ਪੋਥੀ ਬਹੁਤ
3. ੲ ਪੋਥੀ ਕਾਮਲ
4. ਮੂਲ ਪੋਥੀ ਮਮ

ਸੇਵੋ ਨਾਨਕ ਚਰਨ ਸਰੋਜਾ ॥ ਤਜੋ ਰਿਦੇ ਤੇ ਮਾਨ ਮਨੋਜਾ ॥
ਨਿਸ ਦਿਨ ਸਿਮਰਹੁ ਨਾਮ ਮਹਾਨਾ ॥ ਸਬ ਸੁਖ ਧਾਮ ਕਰਤ ਕਲਯਾਨਾ ॥861॥
ਤਜੋ ਭੋਗਹਿ ਤਨ ਕਰ ਉਪਾਈ ॥ ਇਹੁ ਸਭ ਜੋਨ ਬਿਖੈ ਕਰ ਆਈ ॥
ਸੂਕਰ ਸ੍ਵਾਨ ਆਦਿ ਪਸੁ ਜੇਊ ॥ ਕਰਮਾਧੀਨ ਪਾਇ ਸਬ ਤੇਊ ॥862॥
ਇੰਦ੍ਰੀ ਸੁਖ ਪਾਈਯਤ ਸਬ ਠੌਰ ॥ ਬਿਨ ਪ੍ਰਯਾਸ ਖਾਗ ਆਦਿ ਜੇ ਔਰ ॥
ਬਿਨ ਸੰਕਾ ਤੇ ਬਾਸੁਰ ਰਾਤੀ ॥ ਕਾਮ ਚੇਸਟਾ ਕਰਤ ਸੁ ਹਾਤੀ ॥863॥
ਇਹ ਤਨ ਭਜਨ ਹੇਤ ਹੈ ਦੀਨੋ ॥ ਬਾਦ ਨ ਖੋਵਹੁ ਸੁਨਹੁ ਪ੍ਰਬੀਨੋ ॥
ਜਯੋ ਬਿਨ ਮਾਂਗੇ ਤੇ ਦੁਖ ਆਵੈ ॥ ਤਯੋ ਹੀ ਜਤਨ ਬਿਨਾ ਸੁਖ ਪਾਵੈ ॥864॥
ਤਾਂਤੇ ਭੋਗਨ ਹੇਤ ਉਪਾਊ ॥ ਕਰਿਯੋ ਨਹੀ ਕਦੇ ਚਿਤ ਕਾਊ ॥
ਜਬ ਲੌ ਮ੍ਰਿਤ ਨ ਹੋਇ ਸਰੀਰਾ ॥ ਤਬ ਲੌ ਸਿਮਰਹੁ ਗੁਣੀ ਗਹੀਰਾ ॥865॥
ਸੁਨਹੁ ਆਰਬਲ ਬਿਤਹਿ ਜਿਮ ਹੋਤੇ ॥ ਅਰਧ ਜਾਤ ਨਿੰਦ੍ਰਾ ਬਸ ਸੋਤੇ ॥
ਬਾਲਕ ਮੁਘਧ ਬੁਧਿ ਮਹਿ ਕੇਤੀ ॥ ਸੁਧਿ ਬਿਹੀਨ ਬੀਤਹਿ ਸਭ ਤੇਤੀ ॥866॥
ਭਯੋ ਤਰਨ ਤਰਨੀ ਤਬ ਜੀਤਾ ॥ ਦਰਬ ਕਮਾਵਨ ਚਿੰਤਾ ਚੀਤਾ ॥
ਜਰਾ ਗ੍ਰਸਤ [1]ਬਹੁਰੋ ਭਾ ਪ੍ਰਾਨੀ ॥ ਇੰਦ੍ਰੀ ਸਿਥਲ ਮੁਗਤਿ ਬਿਕਲਾਨੀ ॥867॥
ਗ੍ਰਿਹਾ ਸਾਕਤ ਮੋਹਿ ਬਿਸਾਲਾ ॥ ਪੋਖਣ ਕੁਟੰਬੁ ਬਿਤਾਯੋ ਕਾਲਾ ॥
[2]ਰਜਸ ਲੇਹ[2] ਪਰਵਾਰ ਬੰਧਾਨਾ ॥ ਛੁਟਯੋ[3] ਕਠਨ ਬਿਨਾ ਗੁਰ ਗਯਾਨਾ ॥868॥
[4]ਪ੍ਰਭ ਕਰਣਾ[4] ਤੇ ਹੋਇ ਵਿਗਾਸਾ ॥ ਮੋਹਿ ਕੁਟੰਬੁ ਕੌ ਕਰਹਿ ਤਿਯਾਗਾ ॥
ਜਗਤ ਅਸਾਰ ਜਾਨ ਕਰ ਸਬ ਹੀ ॥ ਗੁਰ ਉਪਦੇਸਿ ਗਹੈ ਦ੍ਰਿੜ ਤਬ ਹੀ ॥869॥
ਆਤਮ ਪੂਰਨ ਜਹ ਕਹ ਦੇਖੀ ॥ ਨਿਜ ਸਰੂਪ ਕੌ ਲਖਹਿ ਵਿਸੇਖੀ ॥
ਮਨ ਕੀ ਬ੍ਰਿਤ ਟਿਕੈ ਸੁਖ ਰਾਸਾ ॥ ਨਿਸਚਲ ਹੋਵੇ ਦ੍ਰਿੜ ਅਭਿਆਸਾ ॥870॥

॥ ਦੋਹਰਾ ॥

ਵਿਰਤ ਆਦਿ ਸਾਧਨ ਜਿਤੇ ਸਤਿਗੁਰ ਮੁਹਿ ਸਮਝਾਇ ॥
ਪਾਵੇ ਸੁਧ ਸਰੂਪ ਕਯੋ ਜਮਨ ਮਰਨ ਦੁਖ ਜਾਇ ॥871॥

### (ਸਿਖਾਂ ਨੂੰ ਉਪਦੇਸ਼)

॥ ਚੌਪਈ ॥

ਮੰਦ ਮੰਦ ਹਸ ਸ੍ਰੀ ਗੁਰੂ ਬੋਲੇ ॥ ਪ੍ਰਾਕ ਵੈਰਾਗ ਸੁਨੋ ਸੁ ਅਤੋਲੇ ॥
ਸੁਤ ਬਿਤ ਨਾਰ ਦੇਹ ਹੀ ਤਿਯਾਗੋ ॥ ਨਾਕ ਅਵਨਿ ਸੁਖ ਕਬੇ ਨ ਪਾਗੋ ॥872॥
ਇੰਦ੍ਰਿਆਨਿ ਕੇ ਸੁਖ ਦੇਵੋ ਤਯਾਗੀ ॥ ਪਾਵੋ ਬ੍ਰਹਮ ਮਨੁ ਇਛਾ ਜਾਗੀ ॥
ਜੋਇ ਪਦਾਰਥ ਦ੍ਰਿਸਟੀ ਆਵੈ ॥ ਹੋਵੈ ਨਾਸ ਨ ਥਿਰੈ ਰਹਾਵੈ ॥ ॥873॥

---

1 ਅ ਪੋਥੀ ਗ੍ਰਹਸਤ
2. ਅ ਪਾਠਾਂਤਰ : ਰਜ ਸਨੇਹ
3. ਅ ੲ ਪੋਥੀ ਸੁਟਨੋ
4. ੲ ਪੋਥੀ ਪਾਠਾਂਤਰ: ਪ੍ਰਭੂ ਮਯਾ

॥ ਪ੍ਰਮਾਨ ਸ੍ਰੀ ਗੁਰ ਗ੍ਰੰਥੇ ॥
ਨ ਸੂਰ ਸਸਿ ਮੰਡਲੋ ॥ ਨ ਸਪਤ ਦੀਪ ਨਹਿ ਜਲੋ ॥
ਅੰਨ ਪਉਣ ਥਿਰ ਨ ਕੁਈ ॥ ਏਕ ਤੁਹੀ ਏਕ ਤੁਹੀ ॥874॥
॥ ਦੋਹਰਾ ॥
ਸਪਤ ਲੋਕ ਮੁਨ ਸਪਤ ਤਲ ਚੌਦਹਿ ਭਵਨ ਬਿਚਾਰ ॥
ਜਨਨ ਮਰਨ ਇਨ ਮੋ ਸਦਾ ਰਿਦ ਤੇ ਦੇਇ ਬਿਸਾਰ ॥875॥
ਯਹਿ ਬੈਰਾਗ ਨਿਰੂਪਿਯੋ ਸੁਨਿ ਬਿਬੇਕ ਹਿਤ ਲਾਇ ॥
ਖਟ ਸੰਪਤਿ ਆਗੇ ਕਹੋ ਜਾਂਤੇ ਚਿਤ ਥਿਰ ਪਾਇ ॥876॥
॥ ਅਥ ਬਬੇਕ ਕਥਨੰ ॥ ਚੌਪਈ ॥
ਬਿੰਬ ਪ੍ਰਤਬਿੰਬੈ ਭੇਦ ਨ ਜਾਨ ॥ ਘਟ ਮਾਟੀ ਦੋਨੋ ਇਮ[1] ਮਾਨ ॥
ਕੰਚਨ ਭੂਖਨ ਏਕੋ ਹੋਈ ॥ ਜਲ ਤਰੰਗ ਮੈ ਭੇਦ ਨ ਕੋਈ ॥877॥
ਅਯ ਮਯ ਅਸਿ ਜਿਮ ਏਕੋ ਹੋਈ ॥ ਖਾਂਡ ਖਿਲੌਨਾ ਭਿੰਨ ਨ ਸੋਈ ॥
ਸਥਾਵਰ ਜੰਗਮ ਜੋ ਜਗ ਭਾਸੇ ॥ ਸਭ ਮੈ ਚੇਤਨ ਏਕ ਪ੍ਰਕਾਸੇ ॥878॥
ਅਸ ਬਬੇਕ ਕਹਾ ਸਮਝਾਈ ॥ ਖਟ ਸੰਪਤ ਅਬ ਸੁਨ ਮਨ ਲਾਈ ॥
ਤੀਨ ਈਛਨਾ ਮਨ ਕੋ ਲਾਗੀ ॥ ਰਿਦੇ ਸਾਂਤ ਕੋ ਮਾਨੋ ਆਗੀ ॥879॥
ਸੁਤ ਬਿਤਯ ਸਾ ਨਾਕ ਮੈ ਪਾਊ ॥ ਹੁਇ ਸਮਰਥ ਬਡ ਰਾਜ ਕਮਾਊ ॥
ਦੁਖ ਜਾਨ ਇਨ ਤਯਾਗਨ ਕੀਜੈ ॥ ਸਮਸੁ ਭਯਾ ਕੋ ਨਾਮ ਕਹੀਜੈ ॥880॥
ਇੰਦ੍ਰੇ ਭੋਗ ਸਰਬਥਾ ਤਯਾਗੇ ॥ ਬਾਹਰ ਭੀਤਰ ਦਮ ਮੋ ਪਾਗੇ ॥
ਵਿਸੇ ਵਿਸਈਨ [2]ਸੰਗ ਨਹਿ ਕਰੈ ॥ ਉਪਸ ਮਯਾ ਕੋ ਨਾਮ ਉਚਰੇ ॥881॥
ਸੋਕ ਮੋਹ ਹਿਤ ਦ੍ਰੋਹ ਨ ਹੋਈ ॥ ਭੂਖ ਤ੍ਰਿਖਾ ਨਹਿ ਬਯਾਪੇ ਦੋਈ ॥
ਹਰਖੁ ਸੋਕ[3] ਨਿੰਦ ਚਿੰਦਾ ਨਾਹੀ ॥ ਤਤਿਖਯਾ ਯਾਕੋ ਨਾਮ ਸੁ ਆਹੀ ॥882॥
॥ ਦੋਹਰਾ ॥
[4]ਸ੍ਰੀ ਨਾਨਕ ਗੁਰ ਗ੍ਰੰਥ[4] ਪਰ ਸਰਧਾ ਰਖੋ ਬਨਾਇ ॥
ਸਰਧਾ ਯਾਕੋ ਨਾਮ ਹੈ ਕਬੀ ਨ ਚਿਤ ਡਲਾਇ ॥883॥
॥ ਚੌਪਈ ॥
ਸਮਾਧਾਨ ਇਹ ਆਤਮ ਨਿਤ ਹੈ । ਬਿਨਾ ਸੁ ਆਤਮ ਸਭੈ ਅਨਿਤ ਹੈ ॥
ਜਿਉ ਪੁਤਲੀ ਥੰਮ ਮਾਂਹਿ ਰਹਾਇ ॥ ਸਭ ਮੈ ਆਤਮ ਤਿਮ ਸੁਖਦਾਇ ॥834॥
॥ ਅਥ ਮਮੁਖ ਕਥਨੰ ॥
ਜਗ ਬੰਧਨ ਇਹੁ ਰੁਜ ਹੈ ਭਾਰੀ ॥ ਚਰਨ ਗਯਾਨ ਕਰਾ ਦੂਰ ਨਿਵਾਰੀ ॥
ਧਰਮ ਅਰਥ ਅਰੁ ਕਾਂਮ ਤਿਗਾਗੇ ॥ ਹੋਵੈ ਮੁਕਤਿ ਮਨ ਇਛਾ ਜਾਗੇ । 885॥

---

1 ਅ ਪੋਥੀ ਇਕ 2. ੲ ਪੋਥੀ ਸਾਥ
3. ੲ ਪੋਥੀ ਸੋਗ 4. ੲ ਪੋਥੀ ਪਾਠਾਂਤਰ: ਗੁਰੂ ਨਾਨਕ ਦੇ ਗ੍ਰੰਥ

॥ ਦੋਹਰਾ ॥

ਵਿਤਤ ਬਬੇਕ ਖਟ ਸੰਪਤਾ ਮੋਛ ਦੀਯੋ ਸਮੁਝਾਇ ॥
ਸ੍ਰਵਣ ਮਨਨ ਨਿਧਯਾਸਨੰ ਅਬ ਸੁਨੀਏ ਚਿਤ ਲਾਇ ॥੪੮੬॥

॥ ਅਥ ਸ੍ਰਵਣ ਕਥਨੰ ॥ ਚੌਪਈ ॥

ਖਟ ਬਿਧਾਂਨ ਕੋ ਸ੍ਰਵਣ ਜਾਨੋ ॥ ਜਹ ਜਾਨੇ ਭਰਮੁ ਜਾਇ ਬਿਲਾਨੋ ॥
ਉਪ ਕ੍ਰਮ ਬ੍ਰਹੁਰੋ ਉਪ ਸੰਘਾਰ ॥ ਅਭਯਾਸ ਭਾਸ ਅਪੂਰਬ ਧਾਰ ॥887॥
ਫਲ ਦੀ ਪ੍ਰਪਾਤਿ ਸੁਨੈ ਨਿਦਾਨ ॥ ਅਰਥ ਵਾਦ ਉਪਪਤ ਬਖਾਨ ॥
ਪ੍ਰਾਕ ਸੁਨ ਉਪ ਕ੍ਰਮ ਉਪ ਸੰਘਾਰ ॥ ਜੋ ਸ੍ਰਵਣੁ ਹੈ ਸਰਬ ਸੁਖ ਸਾਰ ॥888॥

॥ ਦੋਹਰਾ ॥

ਜੋ ਜਾਂਹੀ ਤੇ ਉਪਜਿ ਹੈ ਉਪਕ੍ਰਮ ਤਾ ਕੋ ਨਾਮ ॥
ਫਿਰ ਤਾਕੋ ਸੋ ਲੀਨ ਹੁਇ ਉਪ ਸੰਘਾਰ ਕਹਾਮ ॥889॥

॥ ਚੌਪਈ ॥

ਜਲ ਤਰੰਗ ਹੁਇ ਨੀਰ ਸਮਾਵੈ ॥ ਛਿਤ ਤੇ ਘਟਿ ਹੁਇ ਛਿਤੇ ਬਿਲਾਵੈ ॥
ਕਨਕ ਕ੍ਰਿਟਕੁ ਹੁਇ [1]ਨਕ ਨਕੈ ਲੀਨਾ ॥ ਜਲ ਤੇ ਹਿਮ ਨਹਿ ਦੀਸੈ ਬੀਨਾ ॥890॥
ਜਲ ਤੇ ਜੈਸੇ ਸੈਂਧਵ ਹੋਈ ॥ ਹੋਇ ਸਪਰਸ ਕਰ ਜਲ ਮੈ ਭੋਈ ॥
ਐਸੇ ਜਗ ਕੋ ਬ੍ਰਹਮ ਹੀ ਜਾਨ ॥ ਆਦਿ ਅੰਤਿ ਨਹੀ ਔਰ ਪਛਾਂਨ ॥891॥

॥ ਪ੍ਰਮਾਨ ਸ੍ਰੀ ਗੁਰੂ ਗ੍ਰੰਥ ਜੀ ॥

ਕਿਥਹੁ ਉਪਜੈ ਕਹਿ ਰਹੈ ਕਹਿ ਮਾਹਿ ਸਮਾਵੈ ॥
ਜੀ[2] ਜੰਤ ਸਭ ਖਸਮ ਕੇ ਕਉਨ ਕੀਮਤ ਪਾਵੈ ॥

॥ ਦਸਮੇ ਪਾਤਿਸਾਹੁ ਪ੍ਰਮਾਣੁ ॥[3]ਕਬਿਤ॥

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ
ਨਯਾਰੇ ਨਯਾਰੇ ਹੁਇ ਕੈ ਫੇਰਿ ਆਗ ਮੈ ਮਿਲਾਹ ਗੇ ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਗੇ ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਗੇ ॥
ਤੈਸੇ ਤਿਸ ਰੂਪੁ ਤੇ ਅਭੂਤ ਭੂਤ ਪ੍ਰਗਟ ਹੁਇ
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਗੇ ॥892॥

---

1. ਅ ਪੋਥੀ ਕਨਕੈ
2. ਅ ਪੋਥੀ ਜੀਅ
3. ੲ ਪੋਥੀ ਪਾਠਤਰਾਂ: ਪ੍ਰਮਾਣ ਦਸਮੇ ਪਾਤਸ਼ਾਹ ਕੇ ਗ੍ਰੰਥ ਕਾ

॥ ਦੋਹਰਾ ॥
ਆਦ ਸੁ ਅੰਤ ਅਦ੍ਵੈਤੰ ਹੈ ਮਧ ਦ੍ਵੈਤ ਸਾ ਭਾਸ ॥
ਉਪ ਕ੍ਰਮ ਉਪ ਸੰਘਾਰ ਸੁਨ ਭਈ ਦ੍ਵੈਤ ਬਿਨਾਸ ॥893॥
॥ ਚੌਪਈ ॥
ਦੂਨੀ ਅੰਗ ਅਭਯਾਸ ਸੁਨੀਜੈ ॥ ਜਾਂਹਿ ਜੁਨੈ ਮਨ ਥਿਰਤਾ ਲੀਜੈ ॥
ਸੂਖਮ ਥੂਲ ਬ੍ਰਹਮ ਹੀ ਦੀਸੈ ॥ ਪੰਯ ਮਾਂਝ ਜਿਉ ਸਰਪੀ ਹੋ ਸ਼ੇ ॥894॥
ਗੁਰੂ ਗ੍ਰੰਥ ਜੀ ਆਪ ਬਖਾਨਾ ॥ ਜਾਹਿ ਸੁਨੇ ਭ੍ਰਮ ਰਹੇ ਨ ਆਨਾ ॥895॥
॥ ਝੋਥਾ ਬਚਨੁ ॥
ਸਭ ਗੋਵਿੰਦੁ ਹੈ ਸਭ ਗੋਵਿੰਦ ਹੈ ਗੋਬਿੰਦ ਬਿਨਾ ਨਹਿ ਕੋਈ ॥
ਜਿਉ ਪਰਸੀ ਸੂਰਜੁ ਕਿਰਣਿ ਜੋਤਿ ॥
ਤਿਉ ਘਟ ਘਟ ਰਮਈਆ ਓਤਿ ਪੋਤਿ ॥
ਬਨ ਤਿਨ ਪਰਬਤ ਹੈ ਪਾਰ ਬ੍ਰਹਮੁ ॥
ਜੈਸੀ ਆਗਿਆ ਤੈਸਾ ਕਰਮੁ ॥
ਗੁਰ ਮਿਲ ਗਯਾਨ ਐਸ ਜਬ ਹੋਵਾ ॥ ਅਭਯਾਸ ਪ੍ਰਕਾਸ ਦੂਸਰ ਜੋਵਾ ॥896॥
ਤੀਜੋ ਅੰਗ ਅਪੂਰਬ ਜਾਨੋ ॥ ਜਹ ਜ੍ਞਾਨ ਰਿਦ ਚਿੰਤਾ ਹਾਨੋ ॥
ਬਿਨਾ ਬ੍ਰਹਮ ਕੋ ਜਗਤੁ ਬਤਾਵੈ ॥ ਇਹੈ ਅਪੂਰਬ ਨਾਮੁ ਕਹਾਵੈ ॥897॥
ਚਾਂਮੀ ਕਰ ਬਿਨੁ ਕੋ ਕਟ ਠਾਂਨੈ ॥ ਬਿਨ ਮਾਟੀ ਨਹਿ ਘਟ ਪਰਮਾਨੈ ॥
ਬਿਨਾ ਨੀਰ ਤਰੰਗ ਨ ਗਾਵੈ ॥ ਸੂਤ ਬਿਨਾ ਕੋ ਬਸਨ ਦਿਖਾਵੈ ॥898॥
॥ ਦੋਹਰਾ ॥
ਤੈਸੇ ਕੋਈ ਬ੍ਰਹਮ ਬਿਨੁ ਜਗਤੁ ਦਿਖਾਵੈ ਹੋਇ ॥
ਇਹੀ ਅਪੂਰਬ ਜਾਣੀਏ ਓਰ ਅਪੂਰਬ ਕੋਈ ॥899॥
ਸ੍ਰੀ ਗੁਰ ਨਾਨਕ ਦੇਵ ਜੀ ਨਿਰਨੈ ਕੀਨੋ ਆਪ ॥
ਤ੍ਰਿਕੁਟੀ ਮੈ ਸਭ ਬ੍ਰਹਮ ਹੈ ਸਬਦੰ ਗ੍ਰੰਥੇ ਥਾਪ ॥900॥
॥ ਤਥਾ ਸ਼ਬਦ ॥
ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥ਰਹਾਉ॥
ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥
ਆਪੇ ਜਾਲੁ ਮਣਕੜਾ ਆਪੇ ਅੰਦਰਿ ਲਾਲ ॥2॥

---

ਦ ਪੋਥੀ ਵਿਚ ਇਸ ਮਗਰੋਂ ਇਹ ਵਾਧੂ ਦੋਹਰਾ ਹੈ :
ਗੁਰਬਾਂਨੀ ਕੋ ਰਧਾ ਹਿਤ ਪਠੇ ਸਿਖ ਮਮ ਕੋਇ ॥
ਗੂਢ ਗਾਥ ਪ੍ਰਗਟ ਹੈਵ ਬ੍ਰਹਮਾਨੰਦ ਮੋ ਖੋਇ ॥901॥

ਆਪੇ ਬਹੁ ਬਿਧਿ ਰੰਗਲਾ ਸਖੀਏ ਮੇਰਾ ਲਾਲ ॥
ਨਿਤ ਰਵੇ ਸੋਹਾਗਣੀ ਦੇਖਿ ਹਮਰਾ ਹਾਲ ॥3॥
ਪ੍ਰਣਵੈ ਨਾਨਕੁ ਬੇਨਤੀ ਤੂੰ ਸਰਵਰੁ ਤੂੰ ਹੰਸੁ ॥
ਕਉਲੁ ਤੂੰ ਹੈ ਕਵੀਆ ਤੂੰ ਹੈ ਆਪੇ ਵੇਖਿ ਵਿਗਸਿ ॥4॥1॥901॥

॥ ਚੌਪਈ ॥

ਅਪੂਰਬ ਗੀਤ ਭਲੀ ਬਿਧ ਗਾਈ ॥ ਸਰਬ ਬ੍ਰਹਮ ਬਿਨੁ ਦੂਜੋ ਨਾਹੀ ॥
ਆਗੇ ਫਲੁ ਸੁਨੋ ਮਨ ਲਾਈ ॥ ਲੋਕੁ ਪ੍ਰਲੋਕਹਿ ਇਛ ਨਸਾਈ ॥902॥
ਅਰਥ ਆਦਿ ਜੋ ਚਾਰੋ ਤਯਾਗੇ ॥ ਨਿਰਸੁ ਵਿਕਾਰੁ ਕੁਟ ਸੰਤ ਪਾਗੇ ॥
ਗਯਾਨ ਅੰਗਨ ਕਰ ਸਭ ਕੋ ਜਾਰੇ ॥ ਸੇਸ ਰਹੇ ਜੋ[1] ਸਤ ਬਿਚਾਰੇ[1] ॥903॥
ਐਸੋ ਫਲ ਅਨਭਵ ਤੇ ਹੋਈ ॥ ਮਨ ਆਕੀ ਨਹਿ ਜਾਨੈ ਕੋਈ ॥
ਅਰਥ ਬਾਦ ਅਬ ਆਗੇ ਹੋਈ ॥ ਬੇਦ ਵਾਕ ਕਰੁ ਸਮਝੇ ਸੋਈ ॥904॥
ਕਰਮ ਨਿਸਕਾਮ ਚਿਤ ਸੁਧ ਕੀਜੈ ॥ ਗੁਰ ਹਰਿ ਭਗਤ ਸੁ ਬੀਜ ਬੁਣੀਜੇ ॥
ਤਨੁ ਧਨੁ ਕਰ ਸੁਧ ਸੰਤਨ ਸੇਵੇ ॥ ਗਯਾਨ ਅਭਿਯਾਸੁ ਬਿਨੁ ਨਾਮ ਨ ਲੇਵੇ ॥905॥

॥ ਦੋਹਰਾ ॥

ਅਰਥ ਬਾਦ ਪ੍ਰਮਾਨ ਕਰ ਔਰ ਸੁ ਦੇਵੈ ਤਿਯਾਗ ॥
ਉਤਪਤਿ ਕੋ ਰਿਦ ਮੋ ਧਰੇ ਏਕ ਬ੍ਰਹਮ ਮੋ ਪਾਰ ॥906॥

॥ ਚੌਪਈ ॥

ਹੈ ਗੈ ਏਣੰ ਤੇ ਬੀ ਸਾਜੀ ॥ ਆਦ ਅੰਤ ਫਾਣਤੀ ਰਾਜੀ ॥
ਜਯੋ ਮਾਟੀ ਕੇ ਬਾਸਨ ਕੀਨੇ ॥ ਆਦ ਅੰਤ ਹੀ ਮਾਟੀ ਭੀਨੇ ॥907॥
ਜਯੋ ਪੁਰਟੰ ਕੇ ਭੂਖਨ ਸਾਜੇ ॥ ਅੰਤਰ ਬਾਹਰ ਕੰਚਨ ਰਾਜੇ ॥
ਫੇਨ ਤਰੰਗ ਲਹਿਰ ਬਹੁ ਹੋਈ ॥ ਬਿਨਾ ਆਬ ਦੂਜਾ ਨਹਿ ਕੋਈ ॥908॥

॥ ਦੋਹਰਾ ॥

ਪਟ ਅਨੇਕ ਤੰਤ ਇਕ ਹੈ ਤੈਸ[2] ਬ੍ਰਹਮ ਬਿਚਾਰ ॥
ਅਖੰਡ ਬ੍ਰਹਮ ਭਰਪੂਰ ਸੋ ਆਦਿ ਅੰਤ ਸੁਖ ਸਾਰ ॥909॥

॥ ਚੌਪਈ ॥

ਸਰਬ ਅੰਗ ਏਕ ਬਪੁ ਹੋਈ ॥ ਬ੍ਰਹਮ ਬਿਨਾ ਨਹਿ ਦੂਜਾ ਕੋਈ ॥
ਗੁਰੂ ਗ੍ਰੰਥ ਮੈ ਗੁਰੂ ਬਖਾਨਾ ॥ ਗੁਰ ਸਿਖਨ ਮੋ ਭਲ ਬਿਧਿ ਜਾਨਾ ॥910॥

॥ ਤਥਾ ਸਲੋਕ ॥

ਸੋਹੰਦੜੋ ਹਭ ਠਾਇ ਕੋਇ ਨ ਦਿਸੈ ਡੂਜੜੋ ॥
ਖੁਲੜੇ ਕਪਾਟ ਨਾਨਕ ਸਤਿਗੁਰ ਭੇਟ ਤੇ ॥911॥

1. ਅ ਪੋਥੀ ਪਾਠਾਂਤਰ : ਚਾਰੋ ਤਯਾਗੇ
2. ੲ ਪੋਥੀ ਤੈਸੰ

॥ ਚੌਪਈ ॥

ਖਟ[1] ਬਿਧ ਸ੍ਰਵਣ ਪੂਰਨ ਹੋਵਾ ॥ ਮਨਨ ਰੀਤ ਅਬ ਆਗੇ ਜੋਵਾ ॥
ਮਨਨ ਕਰੇ ਨਿਸ ਦਿਨੁ ਮਨੁ ਲਾਈ ॥ ਨਿਜ ਸਰੂਪ ਚੀਨੇ ਸੁਖਦਾਈ ॥912॥
ਜਨਮ ਮਰਨ ਕੀ ਸੰਕਾ ਨਾਸੀ ॥ ਮਨ ਗੋ ਆਦੀ ਭਏ ਬਿਨਾਸੀ ॥
ਤੀਨ ਸੁ ਤਾਪ ਹੋਇਗੇ ਦੂਰੀ ॥ ਮਨਨ ਗਯਾਨ ਹੋਤ ਭਾ ਪੂਰੀ ॥913॥

॥ ਦੋਹਰਾ ॥

ਸ੍ਰੀ ਕਬੀਰ ਜੋ ਭਗਤ ਥਾ ਮਨਨ ਕੀਯੋ ਬਖਾਨ ॥
ਮਨਨ ਜਿਨ ਮਨੇ ਮੈ ਕੀਯੋ ਜਨੰਮ ਮਰਨ ਤਿਹ ਹਾਨ ॥914॥

॥ ਤਥਾ ਬਾਕਯੰ ॥ ਪ੍ਰਭਾਤੀ ॥

ਅਵਲ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥1॥
ਲੋਗਾ ਭਰਮ ਨ ਭੂਲਹੁ ਭਾਈ ॥
ਖਾਲਕ ਖਲਕ ਮਹਿ ਖਾਲਕ ਪੂਰਿ ਰਹਿਓ ਸ੍ਰਬ ਠਾਈ ॥ਰਹਾਉ॥
ਮਾਟੀ ਏਕ ਅਨੇਕ ਭਾਂਤ ਕਰੁ ਸਾਜੀ ਸਾਜਨ ਹਾਰੈ ॥
ਨ ਕਛੁ ਪੋਚ ਮਾਟੀ ਕੇ ਭਾਡੇ ਨ ਕਛੁ ਪੋਚ ਕੁੰਭਾਰੈ ॥2॥
ਸਭ ਮਹਿ ਸਾਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੋ ਏਕੋ ਜਾਨੈ ਬੰਦਾ ਕਹੀਐ ਸੋਈ ॥3॥
ਅਲਹੁ ਅਲਖੁ ਨ ਜਾਈ ਲਖਿਆ ਗੁਰ ਗੁੜ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥4॥[2]

॥ ਚੌਪਈ ॥

ਕਾਰਨ ਕਾਰਜ ਏਕੋ ਹੋਈ ॥ ਤਰੰਗ ਜਲ ਤੇ ਭਿੰਨ ਨ ਕੋਈ ॥
ਘਟਾ ਕਾ ਸਮਹਾਂਕਾਸ ਸੁ ਏਕ ॥ ਜੀਵ ਬ੍ਰਹਮ ਕੋ ਏਕ ਬਬੇਕ ॥916॥
ਅਬ ਨਿਧਯਾਸਨ ਆਗੇ ਹੋਈ ॥ ਜਾ ਸਮਾਨ ਨਹਿ ਦੂਜੋ ਕੋਈ ॥
ਸਾਤ ਪਾਤ ਕੁਲ ਹੰਤਾ ਜੈਸੇ ॥ ਅਹੰ ਬ੍ਰਹਮ ਮੋ ਨਿਸਚੇ ਤੈਸੇ ॥917॥
ਤਤ ਪਦ ਪੋਛ ਜੋ ਈਸ ਕਹਾਵੈ ॥ ਤ੍ਵੰ ਪਦ ਜੀਵ ਪ੍ਰਤਖ ਦ੍ਰਿਸਟਾਵੈ ॥
ਸਰਬਗ ਅਲਪਗ ਬੀਚੈ ਭੇਦਾ ॥ ਤ੍ਯਾਗ ਉਪਾਧ ਏਕ ਨਹਿ ਭੇਦਾ ॥918॥

॥ ਪ੍ਰਮਾਣੁ ਸ੍ਰੀ ਗੁਰੂ ਗ੍ਰੰਥ ॥

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤ ਹੈ ਸਤਿਗੁਰ ਹੋਇ ਲਖਾਵੈ ॥

---

1. ੲ ਪੋਥੀ ਛਟ 2. ਬ ਪੋਥੀ ਵਿਚ ਇਸ ਮਗਰੋਂ ਹੋਰ ਸਲੋਕ ਇਸ ਪ੍ਰਕਾਰ ਅੰਕਿਤ ਗਯਾ ਹੈ ।
ਅਨਯ ਪ੍ਰਮਾਣ ਕਬੀਰ ਜੀ ਕੋ : ਕਹੁ ਕਬੀਰ ਹਮ ਰਾਮ ਕੀ ਅੰਸ ॥
ਜਯੋ ਕਾਗਦ ਪਰ ਮਿਟੇ ਨ ਮੰਸ ॥919॥

ਤਤ ਤੂੰ ਤੂੰ ਤਤ ਜਬ ਹੋਵਾ ॥ ਗੁਰ ਕ੍ਰਿਪਾ ਤੇ ਨਿਧਆਸਨ ਜੋਵਾ ॥
ਸ੍ਰਵਣ ਮੰਨਨ ਨਿਧਯਾਸਨ ਜਾਨਾ ॥ ਸਾਖਯਾਤਕਾਰ ਕੋ ਮਨ ਉਮਗਾਨਾ ॥920॥
ਹਸਾਤਮਲ ਵਤ ਆਪ ਪ੍ਰਕਾਸਾ ॥ ਗਯਾਨ ਅਗਯਾਨ ਸਰਬ ਹੀ ਨਾਸਾ ॥
ਤੀਨ ਗੁਣਨ ਕੋ ਦੀਨ ਤਿਯਾਗੀ ॥ ਆਪ ਆਪਨੇ ਰਸ ਮੇਂ ਪਾਗੀ ॥921॥

॥ ਦੋਹਰਾ ॥

ਸਫਟਕ ਮਣੀ ਕੇ ਪਾਸ ਹੀ ਨੀਲ ਪੀਤ ਰੰਗ ਭਾਸ ॥
ਵਾਸਤਵ ਤਾ ਮੈ ਕੋ ਨਹੀ ਕੇਵਲ ਮਣੀ ਪ੍ਰਕਾਸ ॥921॥
ਗਯਾਨੀ ਸਬਦ ਆਦਿਕ ਵਿਸੇ ਭੋਗਤ ਨਾਹਿ ਲਿਪਾਇ ॥
ਸਭ ਕੋ ਕਲਪਤ ਜਾਨ ਹੈ ਰਹੇ ਗਰੀ ਕੇ ਭਾਇ ॥921॥

॥ ਚੌਪਈ ॥

ਇੰਦ੍ਰਨ ਧਰਮ ਸੁ ਇੰਦ੍ਰਨ ਸੌਪੀ ॥ ਆਪ ਨਿਆਰ[1] ਰਹੇ ਅਲੋਪੀ ॥
ਚੰਦੁ ਸੁ ਘਟਤੋ ਵਧਤੋ ਜਾਈ ॥ ਗਯਾਨ ਚੰਦ ਇਕ ਰਸ ਰਹਾਈ ॥923॥
ਸਰੀਰ ਗਯਾਨੀ ਐਸੇ ਦੀਸੈ ॥ ਬਿਨਾ ਸਨੇਹ ਦੀਪ ਜਯੋ ਹੀਸੈ ॥
ਸਤ ਚਿਤ ਆਨੰਦ ਮਨ ਮਹਿ ਧਾਰੋ ॥ ਵਾਹਿਗੁਰੂ ਸਦ ਮੁਖੋ ਉਚਾਰੋ ॥924॥
ਹਰਖੁ ਸੋਕ ਤੇ ਰਹੋ ਅਤੀਤਾ ॥ ਮਾਨ ਅਭਿਮਾਨ ਨ ਧਾਰੋ ਚੀਤਾ ॥
ਗੁਰ ਤੇਗ ਬਹਾਦਰ ਜੋ ਬਚ ਭਾਖਾ ॥ ਰਿਦ ਮਹਿ ਧਾਰੋ ਕਰਿ ਅਭਿਲਾਖਾ ॥925॥

॥ ਤਥਾ ਬਾਕਯੰ ॥

ਭੈ ਕਾਹੂ ਕੋ ਕਉ ਦੇਤ ਨਹਿ ਨਹਿ ਭੈ ਮਾਨਤਿ ਆਨ ॥
ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਂਹਿ ਬਖਾਨ ॥926॥

॥ ਦੋਹਰਾ ॥

ਜਗਤ ਜਲਧ[2] ਮੈ ਇਮ ਰਹੋ ਜੈਸੇ ਕੰਜ ਰਹਾਇ ॥
ਸੰਤਨ ਸੇਵਾ ਸਦ ਕਰੋ ਵਾਹਗੁਰੂ ਗੁਨ ਗਾਇ ॥927॥

॥ ਚੌਪਈ ॥

ਐਸੇ ਬੈਨ ਜਬ ਗੁਰੂ ਅਲਾਯੋ ॥ ਹਰਿ ਦਰਬਾਰਾ ਮਨ ਹਰਖਾਯੋ ॥
ਹਾਥ ਜੋਰ ਗੁਰ ਚਰਨੀ ਲਾਗਾ ॥ ਉਸਤਤਿ ਗੁਰ ਕੀ ਕਰੇ ਸੁਭਾਗਾ ॥928॥
ਜੈ ਜੈ ਜਯ ਗੁਰ ਸਰਬ ਨਿਵਾਸੀ ॥ ਜਨਮ ਮਰਨ ਕੀ ਕਾਟੋ ਫਾਸੀ ॥
ਸਰਨ ਪਾਲ ਗੁਰ ਸਰਬ ਸੁਖਦਾਇ ॥ ਸਿਖਨ ਕੀ ਸਦ ਕਰੋ ਸਹਾਇ ॥929॥
ਅਰਧ ਮਾਸ ਗੁਰ ਡੇਰਾ ਰਾਖਾ ॥ ਗੁਰ ਸਿਖਨ ਕੀ ਪੂਰੇ ਕਾਂਖਾ ॥
ਮਲੇਰ ਮਾਰਨ ਕੀ ਸੁਧ ਪਸਰੀ ॥ ਗੁਰ ਕੋ ਜਸ ਮਿਲ ਗਾਵੈ ਸਗਰੀ ॥930॥

---

1. ੲ ਪੋਥੀ ਅਲੇਪ
2. ੲ ਪੋਥੀ ਸਮੁੰਦ

ਤਾਰਾ ਸਿੰਘ ਬਘੇਲ ਹਰਿ ਆਏ ॥ ਮਾੜ ਮਾੜ ਦੁਾਬੇ ਕੂਰ ਸਿਧਾਏ॥
ਸਭ ਸਿਰਦਾਰਨ ਬਿਨੇ ਬਖਾਨੀ ॥ ਹਮ ਭੂਲੇ ਤਵ ਗਿਰਾ ਨ ਮਾਨੀ ॥931॥

॥ ਦੋਹਰਾ ॥

ਸ੍ਰੀ ਕਮਲਾਨਨ ਬੈਨ ਕਹਿ ਸਤਿਗੁਰ ਫੱਤੇ ਸੁ ਦੀਨ ॥
ਕਾਨਾ ਦੇਵ ਹਮ ਛਾਡ ਹੈ ਤੁਮ ਕੌ ਕਰ ਹੈ ਦੀਨ ॥932॥

॥ ਸ੍ਵੈਯਾ ॥

ਬੈਨ ਭਨੇ ਜਬ ਹੀ ਗੁਰ ਪੂਰਨ ਸੁਨ ਕੇ ਙਨ ਮਾਨਹੁ ਬਾਨ ਗਡਾਨੇ ॥
ਮਨ ਮੈ ਤਿਨ ਕ੍ਰੋਧ ਭਯੋ ਬਹੁ ਭਾਰੀ ਉਠ ਚਲੇ ਰਿਦ ਮੋ ਖੁਨਸਾਨੇ ॥
ਤਯਾਗ ਹੰਕਾਰ ਨ ਸਰਨ ਪਰੇ ਸਭ ਭਾਗ ਗਏ ਜਿਨ ਕੇ ਗਲਤਾਨੇ ॥
ਸ੍ਰੀ ਗੁਰ ਜੀ ਤਬ ਕੂਚ ਕਰਾਇਕੇ ਦੁਾਬੇ ਦੇਸ ਮੋ ਆਵਨ ਠਾਨੇ ॥933॥

(ਬਾਬਾ ਸਾਹਿਬ ਸਿੰਘ ਦਾ ਦੇਹਰੇ ਆਦਿ ਜਾਣਾ)

॥ ਚੌਪਈ ॥

ਦੁਾਬੇ ਤੇ ਚੜ ਦੇਹੁਰੇ ਆਏ ॥ ਦਿਹੁਰੇ ਸਾਹਿਬ[2] ਸੀਸ ਨਿਵਾਏ ॥
ਬੇਦੀ ਸਾਹਿਬ ਸਬ ਹਰਖਾਨੇ ॥ ਜਿਮ ਰਵਿ ਪੇਖ ਕੰਜ ਬਿਗਸਾਨੇ ॥934॥
ਤੜਾਗੀ ਦਮੜਾ ਦੇਵੜ ਭਏ ॥ ਤੀਨ ਨਿਸਾ ਰਹਿ ਮਨ ਹਰਖਾਏ ॥
ਤਹਿ ਤੇ ਸ੍ਰੀ ਗੁਰ ਭਏ ਸਵਾਰਾ ॥ ਵਜੀਰਾਵਾਦ ਮਧੁ ਪਗ ਧਾਰਾ ॥935॥
ਛਿਵੇ ਮਹਿਲ ਕੋ ਤਹਾ ਸਾਥਾਨਾ ॥ ਧੌਸਾ ਸੁਤਰੀ ਲੇਵਨ ਠਾਨਾ ॥
ਬਹੁਰ ਸੋਧਰੇ ਉਤਰੇ ਜਾਇ ॥[3] ਭੰਗੀ ਸਾਹਿਬ ਸਿੰਘ ਰਹਾਇ ॥[3]936॥
ਗੁਜਰਾਤ ਆਦਿ ਦੇਸ ਹੈ ਜੇਤੋ ॥ ਸਭ ਕੋ ਰਾਜ ਕਰੇ ਬਲ ਤੇਤੋ ॥
ਗੁਰਸਿਖੀ ਮੋ ਨਿਸਚਾ ਭਾਰੀ ॥ ਵਾਹਿਗੁਰੂ ਸਿਮਰੇ ਹਿਤ ਧਾਰੀ ॥937॥
ਸੋ ਸੁਨ ਗੁਰ ਕੋ ਮਿਲਨੇ ਆਵਾ ॥ ਕਰ ਸਰਧਾ ਮਨ ਪ੍ਰੇਮ ਬਧਾਵਾ ॥
ਜੁਗਲ ਅਸ੍ਵ ਜਿਨ ਸੁੰਦਰੁ ਚਾਲਾ ॥ ਰੁਪਏ ਬਸਤਰ ਧਰੇ ਬਿਸਾਲਾ ॥938॥
ਹੱਥ ਜੋਰੁ ਬਹੁ ਬਿਨੇ ਬਖਾਨੀ ॥ ਸਰਨ ਸਰਨ ਮੈ ਸੁਖਮਾ ਦਾਨੀ ॥
ਕਮਲ ਬਦਨ ਤਬ ਬੈਨ ਬਖਾਨਾ ॥ ਬੋਲੋ ਸਾਹਿਬ ਸਿੰਘ ਸੁਜਾਨਾ ॥939॥
ਸੁਤ ਦਾਰਾ ਸਭ ਸੁਖੀ ਰਹਾਵੋ ॥ ਬਿਨੁ ਚਿੰਤਾ ਸਦ ਸੁਖੀ ਬਸਾਵੋ ॥
ਇਹ ਕਿਆਨ ਕਯੋ ਲਯਾਵ ਸੁ ਦੀਨ ॥ ਲਯਾਵੋ ਵਹੁ ਜੋ ਸੁਖਨਾ ਕੀਨ ॥940॥

॥ ਦੋਹਰਾ ॥

ਹਾਥ[4] ਜੋਰੁ ਕਰਿ ਕਵਿਤ ਭਾ ਲੀਜੈ ਸੁਆਮੀ ਸੋਇ ॥
ਮੀਰੇ ਪੁਰ ਚਲ ਉਤਰੀਏ ਕਰੇ ਨਿਹਾਲ ਪ੍ਰਭ ਮੋਹਿ ॥941॥
ਰਣਜੀਤ ਸਿੰਘ ਸੁਨ ਆਗਮਨ ਆਵਾ ਮਿਲਨੇ ਹੇਤ ॥
ਬਸਨ ਅਸ੍ਵ ਰੂਪੀ ਘਨੇ ਧਰੀ ਭੇਟ ਕਰ ਹੇਤ ॥942॥

---

1. ਅ ਪੋਥੀ ਚਲ 2. ਅ ਪਾਠਾਂਤਰ : ਆਇ ਦਰਬਾਰ ਤਬ 3. ਅ ਪਾਠਾਂਤਰ : ਸਾਹਿਬ ਸਿੰਘ ਤਹਿ ਭੰਗੀ ਰਹਾਇ 4. ਅ ਪੋਥੀ ਪਾਨ

ਸਾਹਿਬ ਹਰਿ ਰਣਜੀਤ ਹਰਿ ਤਿਨ ਕੀ ਸੁਲਾ ਕਰਾਇ ॥
ਰਣਜੀਤ ਸਿੰਘ ਮਨ ਦ੍ਰਿੜ ਰਖਯੋ ਚਾਲਾ ਸੀਸ ਨਿਵਾਇ ॥944॥
ਸਾਹਿਬ ਸਿੰਘ ਹਿਤ ਧਾਰ ਕਰਿ ਸੇਵਾ ਕਰੀ ਬਨਾਇ ॥
ਬਹੁਰੋ ਬਿਨਤੀ ਕਰਤ ਭਾ ਚਲੀਏ ਗੁਰ ਸੁਖਦਾਇ ॥945॥

॥ ਚੌਪਈ ॥

ਸੁਨ ਬਿਨਤੀ ਗੁਰ ਕੂਚ ਕਰਾਯੋ ॥ ਮੀਰਪੁਰੇ ਜਾ ਸਿਵਰ ਲਗਾਯੋ ॥
ਦਾਰ ਸੁ ਸਰੁਧੀ ਚੂਣ ਘਨੇਰਾ ॥ ਦਾਨਾ ਘਾਸ ਸਰਬ ਵਧੇਰਾ ॥946॥
ਅਵ੍ਰ ਵਸਤੁ ਸਭ ਦੀਨ੍ਹ ਪਹੁਚਾਈ ॥ ਗਾ ਗੁਜਰਾਤ ਨਿਦੇਸੈ ਪਾਈ ॥
ਅਸੂ ਗੁਰੂ ਕਾ ਸੁਨ ਹੀ ਲੀਨਾ ॥ ਚੜ ਕਰ ਤਿਸ ਪਰ ਮ੍ਰਿਗਯਾ ਭੀਨਾ ॥947॥
ਜਬੈ ਕਿਕਾਨ ਕੁਦਾਵਨ ਕੀਨੋ ॥ ਤਬੈ ਸੁ ਗਿਰ ਗਾ ਸੁਧ ਬਿਹੀਨੋ ॥
ਪਿਸਟ ਮਾਂਝ ਸਾਟ ਬਹੁ ਲਾਗੀ ॥ ਹਾਯੇ ਪੁਕਾਰਤ ਦੁਖ ਮੈ ਪਾਗੀ ॥948॥
ਗੁਰ ਮੈ ਅੰਚਰ ਪਾਵਨ ਕੀਨਾ ॥ ਮੈ ਭੁਲਾ ਗੁਰ ਅਸੂ ਨ ਦੀਨਾ ॥
ਹਮ ਅਪਰਾਧੀ ਸਦ ਭੁਲ ਜਾਵੈ ॥ ਤੁਮ ਬਖਸੰਦ ਸਦਾ ਦ੍ਰਿਸਟਾਵੈ ॥949॥

॥ ਦੋਹਰਾ ॥

ਪਾਂਚ ਅਸੂ ਸੁਧ ਔਰੁ ਲੈ ਛਟਾਵੋਂ ਲਯਾਸੋ ਸੋਇ ॥[1]
ਤਨ ਅਰੋਗ ਮਮ ਕੀਜੀਏ ਸਰਣ ਸਰਣ ਸਿਤ[2] ਸੋਇ ॥950॥

॥ ਚੌਪਈ ॥

ਹਾਥ ਜੋਰ ਜਬ ਬਿਨੋ ਬਖਾਨੀ ॥ ਪੀੜਾ ਤਤੁ ਖਿਨੁ ਹੋਈ ਹਾਨੀ ॥
ਗੁਰ ਮਿਲਨੇ ਕੋ ਭਯੋ ਤਿਯਾਰੂ ॥ ਚਲਤੁ ਭਯੋ ਕਛੁ ਕੀਨ ਨਾ ਵਾਰੂ ॥951॥
ਜਾ ਹਜੂਰ ਪਗ ਸੀਸ ਨਿਵਾਵਾ ॥ ਤ੍ਰਾਹਿ ਤ੍ਰਾਹਿ ਸਰਨਾਗਤਿ ਆਵਾ ॥
ਮੈ ਭੂਲਾ ਤੁਮ ਬਖਸਨ ਜੋਗੂ ॥ ਦੀਨ ਡੰਡ ਫਿਰ ਕੀਨ ਅਰੋਗੂ ॥952॥

॥ ਦੋਹਰਾ ॥

ਪਚੀਸ ਹਜਾਰ ਕਾ ਰਖਕ ਵਹੁ ਅਸੂ ਪੰਜ ਹੋਰ ॥
ਦੁਸਾਲੇ ਆਦਿਕ ਪਟ ਬਹੁ ਧਰ ਆਗੇ ਕਰ ਜੋਰ ॥953॥

॥ ਚੌਪਈ ॥

ਚੰਦ ਬਦਨ ਸੁਭ ਬਾਨੀ ਗਾਈ ॥ ਹੈ ਤੇ ਗਿਰਾ ਸੁਨਾ ਹਮ ਭਾਈ ॥
ਪਾਨ ਜੋਰ ਸਾਹਿਬ ਸਿੰਘ ਬੋਲਾ ॥ ਅੰਤਰਜਾਮੀ ਤੇ ਕਿਯਾ ਓਲਾ ॥954॥
ਘਟ ਘਟ ਕੇ ਤੁਮ ਜਾਨਣਹਾਰੇ ॥ ਹਮ ਸਦ ਭੂਲੇ ਮਹਾਂ ਗਵਾਰੇ ॥
ਆਪ ਬਖਸੰਦ ਸਦਾ ਦਇਆਰੂ ॥ ਕਰੋ ਮਿਹਰ ਮੈ ਸੇਵਕ ਥਾਰਾ ॥955॥

---

1. ਅ ਪੋਥੀ ਵਿਚ ਇਸ ਤੋਂ ਪਹਿਲਾਂ ਇਕ ਦੋਹਰਾ ਵਾਧੂ ਹੈ : ਪਦਮ ਪਾਦ ਗੁਰ ਕੇ ਗਹੇ ਸੀਸ ਨਿਵਾਵਨ ਕੀਨ ॥ ਸ੍ਰੀ ਗੁਰ ਸਾਹਿਬ ਸਿੰਘ ਜੀ ਕਰ ਗਹ ਆਦਰ ਦੀਨ ॥943॥
2. ਅ ਪੋਥੀ ਜਿਸ

ਅਰਜੀ ਤਿਸ ਕੀ ਸੁਨ ਗੁਰ ਪੂਰੇ ॥ ਭਏ ਪ੍ਰਸੰਨ ਬਚਨੁ ਕਹਿੰ ਰੂਰੇ ॥
ਬੈਠਿ ਸੁ ਜਾਵੋ ਗੁਰੂ ਪ੍ਰਿਆਰੇ ॥ ਗੁਰ ਨਾਨਕ ਤਵ ਕਾਜ ਸਵਾਰੇ ॥956॥
ਏਕ ਨਿਸਾ ਗੁਰ ਪਾਸ ਰਹਾਵਾ ॥ ਲੇਯ ਖੁਸੀ ਬਹੁਰੋ ਘਰ ਆਵਾ ॥
ਸ੍ਰੀ ਗੁਰ ਜੀ ਤਬ ਕੂਚ ਕਰਾਈ ॥ ਹਿਲ ਗਾਉ ਮੈ ਗੇ ਹਰਖਾਈ ॥957॥

॥ ਦੋਹਰਾ ॥

ਸੰਤ ਸਿੰਘ ਇਕ ਸਿਖ ਹੁਤੋ ਸੇਵ ਕਹੀ ਹਰਖਾਇ ॥
ਏਕ ਨਿਸਾ ਰਹਿ ਕਰਿ ਗੁਰੂ[1] ਧਣੀਣ ਗਾਉ ਮੈ[1] ਜਾਇ ॥958॥

॥ ਚੌਪਈ ॥

ਤਹਾਂ ਬਾਵਲੀ ਸੂਕੀ ਹੋਈ ॥ ਜਲ ਬਿਨੁ ਲੋਗੁ ਬਹੁਤ ਦੁਖੁ ਜੋਈ ॥
ਨਿਜ ਗਡਵੇ ਕੋ ਜਲ ਗੁਰ ਪਾਯੋ ॥ ਨਿਰਮਲ ਜਲ ਨਿਕਸਾ ਸੁਖਦਾਯੋ ॥959॥
ਸੁਨ ਸੁਨ ਲੋਕ ਸੁ ਦੇਖਨੁ ਆਏ ॥ ਗੁਰ ਗੁਰੁ ਮਹਿਮਾ ਸੀਸ ਨਿਵਾਏ ॥
ਰਾਖੈ ਭੇਟਾ ਬਲ ਬਲ ਜਾਵੈ ॥ ਗੁਰ ਸਿਖ ਹੋਵੈ ਮਨ ਹਰਖਾਵੈ ॥960॥
ਦੇਵਲ ਗਾਉਂ ਗਏ ਗੁਰ ਪੂਰੇ ॥ ਜਿਨ ਦਰਸੇ ਅਘ ਹੋਵੈ ਚੂਰੇ ॥
ਰਤਨ ਸਿੰਘ[2] ਸਰਦਾਰ ਤਬ ਆਵਾਂ ॥ ਭੇਟਾ ਰਾਖੀ ਸੀਸ ਨਿਵਾਵਾ ॥961॥
ਏਕ ਅਸ੍ਵ ਦੀਨੋ ਅਤਿ ਚੰਚਲੰ ॥ ਕਰ ਬਹੁ ਸੇਵਾ ਹਾਮ ਮੋ ਅੰਦਲ ॥
ਸੋ ਚੜ ਗੁਰ ਕੇ ਨਾਲ ਸਿਧਾਵਾ ॥ ਕਰਲ ਗਾਉ ਗੁਰ ਸਿਵਰ ਲਗਾਵਾ ॥962॥

(ਜੋਧ ਸਿੰਘ ਦੀ ਕਥਾ)

॥ ਦੋਹਰਾ ॥

ਜੋਧ ਸਿੰਘ ਸਿਰਦਾਰ ਛੱਬ ਆਵਾ ਮਿਲਨੇ ਹੇਤ ॥
ਅਸ੍ਵ ਆਦਿ ਭੇਟਾ ਧਰੀ ਵਾਹਿਗੁਰੂ ਚਿਤ ਚੇਤ ॥963॥

॥ ਚੌਪਈ ॥

ਜੋਧ ਸਿੰਘ ਸੇਵਾ ਬਹੁ ਕੀਨੀ ॥ ਮਨ ਮੈ ਜਾਗੀ ਪ੍ਰੀਤ ਨਵੀਵੀ ॥
ਚਰਨ ਪਖਾਰ ਚਰਨੋਦਕ ਲੀਨੋ ॥ ਜਨਮ ਮਰਨ ਰੁਜ ਕੀਨੋ ਹੀਨੋ ॥964॥
ਏਕ ਜਾਮ ਜਬ ਦਿਵਸੁ ਰਹਾਵਾ ॥ ਸੁਭ ਦਿਵਾਨ ਸਤਿਗੁਰੂ ਲਗਾਵਾ ॥
ਰਾਗੀ ਕੀਰਤਨ ਕਰੌ ਬਨਾਈ ॥ ਗੁਰ ਸਿਖ ਸੁਨਤ ਭਏ ਹਿਤ ਲਾਈ ॥965॥
ਜੋਧ ਸਿੰਘ ਕੇ ਜੁਗ ਸਿੰਘ ਆਏ ॥ ਹੋਇ ਦੁਖਤ ਬਹੁ ਰੋਇ ਸੁਨਾਏ ॥
ਸੇਰੇ ਤੁਰਕ ਹਮ ਕੌ ਗਹਿ ਲੀਨਾ ॥ ਕੇਸ ਮੂੰਡ ਬਹੁਤੋ ਦੁਖ ਦੀਨਾ ॥966॥

॥ ਦੋਹਰਾ ॥

ਜੋਧ ਸਿੰਘ ਕਰ ਜੋਰ ਕੇ ਅਰਜ ਕਰੀ ਗੁਰ ਪਾਸ ॥
ਸੇਰਾ ਤੁਰਕ ਇਸ ਦੇਸ ਮੈ ਕਰੈ ਅਨੀਤ ਦੁਖ ਰਾਸ ॥967॥

---

ਅ ਪੋਥੀ ਪਾਠਾਂਤਰ : ਪਲੀਣੰ ਉਤਰੇ
ੲ ਪੋਥੀ ਹਰਿ

॥ ਚੌਪਈ ॥

ਹਿੰਦੂ ਜਾਤ ਕੋ ਬਹੁ ਦੁਖ ਦੇਵੈ ॥ ਧਾੜੇ ਮਾਰੇ ਖੋਸ ਸੁ ਲੇਵੈ ॥
ਫੜ ਸਿਘਨ ਕੇ ਕੇਸ ਉਤਾਰੇ ॥ ਤੁਰਕ ਜਾਤ ਹੈ ਮਹਾ ਗਵਾਰੇ ॥968॥
ਕਮਲ ਬਦਨ ਤਬ ਗਿਰਾ ਅਲਾਈ ॥ ਤੁਮ ਮਾਰੋ ਤਿਸ ਦੇਰ ਬਿਹਾਈ ॥
ਹਾਥ ਜੋਰ ਤਿਨ ਅਰਜੀ ਕੀਨੀ ॥ ਮੋ ਤੇ ਮਰੇ ਨ ਸੋ ਮਤ ਹੀਨੀ ॥969॥
ਆਪ ਗੁਰੂ ਤਿਸ ਮਾਰਨ ਕੀਜੈ ॥ ਹਮਤਾ ਦੋਖੀ ਦੂਰਿ ਕਰੀਜੈ ॥
ਜਸ ਮਲੇਰ ਮਾਰੀ ਗੁਰ ਪੂਰੇ ॥ ਤੈਸੇ ਇਸ ਕੀਜੈ ਚਮ ਚੂਰੇ ॥970॥
ਚੰਦ ਬਦਨ ਤਬ ਬਾਨੀ ਗਾਈ ॥ ਸੇਰ ਸ੍ਵਾਨ ਅਬੇ ਹੁਇ ਜਾਈ ॥
ਐਸੇ ਕਹਿ ਗੁਰ ਕੂਚ ਕਰਾਵਾ ॥ ਜੋਧ ਸਿੰਘ ਬੀ ਸਾਥ ਸਿਧਾਵਾ ॥971॥

॥ ਦੋਹਰਾ ॥

ਮੀਰ ਸੁ ਪੁਰੈ ਅਰਮ ਸਿੰਘ ਸੋ ਸਵਾਰ ਲੇ ਸੰਗ ॥
ਆਵਾ ਸ੍ਰੀ ਗੁਰ ਕੋ ਮਿਲਨ ਸੋ ਭੀ ਚਾਹੈ ਜੰਗ ॥972॥

॥ ਚੌਪਈ ॥

ਸੁਖੋਕੇ ਗੁਰ ਜਾਏ ਥਿਰਾਨੇ ॥ ਔਰ ਸਿਰਦਾਰ [ਸਭ][1] ਆਇ ਮਿਲਾਨੇ ॥
ਧਰਮ ਸਿੰਘ ਸਿਰਦਾਰੈ ਨਾਰੀ ॥ ਆਈ ਮਿਲਨੇ ਹਿਤ ਮਨ ਧਾਰੀ ॥973॥
ਬਹੁ ਭੇਟਾ ਤਿਨ ਗੁਰ ਕੋ ਦੀਨੀ ॥ ਮਨ ਮੇ ਜਾਗੀ ਪ੍ਰੀਤਿ ਨਵੀਨੀ ॥
ਸੋ ਸ੍ਵਾਰ ਹੈ ਜਾ ਕੇ ਨਾਲ ॥ ਆਪ ਜੰਗ ਮੇ ਬਡੀ ਬਿਸਾਲ ॥974॥

(ਸ਼ੇਰ ਖਾਂਨ ਨੂੰ ਸਬਕ ਸਿਖਾਉਣ)

ਢੇਰੇ ਸਿੰਘ ਕੋ ਗੁਰੂ ਬਲਾਯੋ ॥ ਸੇਰੇ ਖਾਂ ਕੇ ਪਾਸ ਪਠਾਯੋ ॥
ਲੈ ਨਜਰਾਨਾ ਮਿਲਨੇ ਆਇ ॥ ਨਾ ਤਰ ਜਾਵੋ ਬੇਗ ਪਰਾਇ ॥976॥

॥ ਦੋਹਰਾ ॥

ਸੁਨ ਕਰ ਮੂਰਖ ਕੋਪ [2]ਕਰੁ ਬੋਲਾ ਮਨ ਗਰਬਾਇ ॥
ਮੈ ਜਾਨੋ ਗੁਰ ਕੋਨ ਹੈ ਹਿੰਦੂ ਪੂਜ ਕਰਾਇ ॥977॥

॥ ਚੌਪਈ ॥

ਹਮ ਤੋ ਪੀਰ ਮੁਹੰਮਦ ਜਾਨੈ ॥ ਹਿੰਦਨ ਪੀਰ ਨ ਕਬਹੀ ਮਾਨੈ ॥
ਸੇਰ ਖਾਨ ਮਮ ਨਾਮ ਪਛਾਨੋ ॥ ਮੇਰੀ ਕਹਿਵਤ ਗੁਰੈ ਬਖਾਨੋ ॥978॥
ਹਾਥੀ ਘੋਰਾ ਦੇਇ ਪਲਾਵੇ ॥ ਨਾਤਰ ਮਾਰ ਬਹੁਤ ਹੀ ਖਾਵੋ ॥
ਢੇਰੇ ਸਿੰਘ ਜੀ ਫਿਰ ਸਮਝਾਵਾ ॥ ਤੁਰਕਨ ਕੁਲ ਬਨੁ ਕੋ ਗੁਰ ਦਾਵਾ ॥979॥

---

1. ੲ ਪੋਥੀ ਵਿਚੋਂ
2. ੲ ਪੋਥੀ ਰਿਸ

ਮਲੇਰ੍ਕੋਟਲਾ ਮਾਰਨ ਕੀਨਾ ॥ ਜੰਗ ਵਿਖੇ ਗੁਰ ਅਤਿ ਪਰਬੀਨਾ ॥
ਬਹਰੋ ਕਰਾਮਾਤ ਹੈ ਪੂਰੈ ॥ ਜੋ ਬਚ ਬੋਲੈ ਹੋਇ ਨ ਊਰੇ ॥980॥
ਕਹਿਆ ਮਾਨੋ ਸਰਨ ਗਹੀਜੈ ॥ ਰਾਜ ਕਮਾਵੋ ਸੁਖ ਸਵੀਜੈ ॥
ਸੁਤ ਬ੍ਰਿਤ ਪਾਵੋ ਸੁਖੀ ਰਹਾਵੋ ॥ ਲੇ ਗੁਰ ਪਰਨਾ ਬਹੁ ਹਰਖਾਵੋ ॥981॥

॥ ਦੋਹਰਾ ॥

ਢੇਰਾ ਹਰਿ ਬਹੁ ਕਹਿ ਰਹਾ ਤੁਰਕ ਨ ਮਾਨੀ ਏਕ ॥
ਉਠਿ ਕਰਿ ਗੁਰ ਪਹਿ ਜਬ ਆਯੋ ਬੈਸੇ ਜਲਧ ਬਿਬੇਕ ॥982॥

॥ ਚੌਪਈ ॥

ਪਾਨ ਜੋਰ ਤਿਨ ਅਰਜ ਬਖਾਨੀ ॥ ਸੋ ਨਹਿ ਮਾਨੇ ਮੂਢ ਗੁਮਾਨੀ ॥
ਸੁਨ ਕਰੈ ਸਭ ਕੋ ਬਚਨੁ ਬਖਾਨਾ ॥ ਜੰਗ ਕਰਨ ਕੋ ਹੂ ਸਵਧਾਨਾ ॥983॥
ਸਭ ਸਿਰਦਾਰ ਚੜੇ ਬਿਨ ਢੇਰਾ ॥ ਚਾਹੈ ਮਨ ਮੈ ਕਰ ਭਟ ਭੇਰਾ ॥
ਕਮਰਕਸਾ ਸ੍ਰੀ ਗੁਰ ਜੀ ਕੀਨਾ ॥ ਕਲਗੀ ਜਿਗਾ ਸਿਰ ਧਰੀ ਨਵੀਨਾ ॥984॥
ਚੰਦ੍ਰਹਾਸ ਗੁਰ ਗਰ ਮੈ ਪਾਈ ॥ ਚਰਮਾ ਸੁਭੰਗ ਪਿਸਟ ਮਾਹਿ ਸਜਾਈ ॥
ਸਾਇਕ ਭਰ ਤੁਨੀਰ ਕਟ ਬਾਧਾ ॥ ਸੁਭਗ ਧਨਖ ਵਰ ਬਾਂਕੇ ਕਾਂਧਾ ॥985॥

॥ ਦੋਰਹਾ ॥

ਨੇਜਾ ਕਰ ਮੈ ਗਹਿ ਲੀਆ ਜੋ ਸਤ੍ਰਨ ਹਰ ਪ੍ਰਾਨ ॥
ਅਸ੍ਵ ਮੰਗਾਵਨ ਗੁਰ ਕਰਾ ਭੈ ਸੂਰ ਗੁਨ ਖਾਨ ॥986॥

॥ ਚੌਪਈ ॥

ਤਬੇ ਦਮਾਮਾ ਗੁਰ ਕਾ ਬਾਜਾ ॥ ਜੈ ਜੈ ਜੈ ਧੁਨ ਭੀ ਬਡ[1] ਗਾਜਾ ॥
ਜੰਦਾ ਦੁਰਗੰ ਘੇਰਾ ਪਾਵਾ ॥ ਸੇਰ ਖਾਨ ਭੀ ਬਹੁ ਗਰਬਾਵਾ ॥ 87॥
ਤੁਰਕ ਗੁਮਾਨੀ ਸੈਨਾ ਪ੍ਰੇਰੀ ॥ ਲੜੇ ਸਿਪਾਹੀ ਚਾਹਿ ਘਨੇਰੀ ॥
ਦੋਨੋ ਤਰਫੋ ਤੁਪਕੁ ਚਲਾਈ ॥ ਲਗਤੁ ਜੁਆਨ ਪਰ੍ਹੇ ਧਰ ਜਾਈ ॥988॥
ਤੁਰਕਨ ਹਲਾ ਕੀਨ ਬਲਵਾਨਾ ॥ ਸਿੰਘ ਨਹਿ ਤਬ ਪੈਰ ਹਲਾਨਾ ॥
ਆਪੋ ਅਪਨੀ ਜੈ ਕੋ ਚਾਹੈਂ ॥ ਪੀਛੇ ਪਾਇ ਨ ਕੋਇ ਉਠਾਹੈਂ ॥989॥
ਖੜਗ ਚਲਾਵੈ ਯੁਧ ਮੋ ਮਤੇ ॥ ਪੈਰ ਨ ਹਾਲੈ ਨੈਨਨ ਰਤੇ ॥
ਗੁਰ ਕ੍ਰਿਪਾ ਤੇ ਸਿੰਘ ਸਰਸਾਏ ॥ ਮਾਰਤ ਤੁਰਕ ਛਿਤ ਮਾਹਿ ਗਿਰਾਇ ॥990॥

॥ ਦੋਹਰਾ ॥

ਸੈਨਾ ਅਪਨੀ ਨਿਬਲ[2] ਪ੍ਰਿਖ ਆਵਾ ਅਸ੍ਵ ਕੁਦਾਇ ॥
ਔਰੁ ਕਟਕ ਭੀ ਸਾਥ ਲੇ ਮਾਰੂ ਪਵਣੁ ਬਜਾਇ ॥991॥

---

1. ਅ ਪੋਥੀ ਗਰ
2. ਅ ਪੋਥੀ ਜੋਰ

॥ ਚੌਪਈ ॥

ਕਮਲੁ ਨੈਨ ਜੀ ਮਨ ਮੈ ਕੋਪੈ ॥ ਤੁਰਕ ਸਾਮਨੇ ਪਗ ਕੋ ਰੋਪੈ ॥
ਪਾਨ ਧਨੁਖ ਗਹਿ ਬਾਨ ਚਲਾਏ ॥ ਸਤ੍ਰੁਨ ਸੈਨਾ ਧਰਨ ਗਿਰਾਏ ॥992॥
ਸੇਰ ਖਾਂ ਮਨ ਮੈ ਅਤਿ ਕੋਪਾ ॥ ਜਿਸ ਮਾਥੇ ਕੀ ਘਾਟੀ ਓਪਾ ॥
ਕਾਢ ਖੜਗ ਤਬ ਗੁਰ ਪਹਿ ਆਵਾ ॥ ਗੁਰਹਿ ਬੁਲਾਵਾ ਰਹੋ ਥਿਰਾਵਾ ॥993॥
ਕਮਲਨੈਨ ਤਬ ਬਾਨੀ ਗਾਈ ॥ ਕਹਿ ਜਾਨਾ ਹਮ ਤੁਰਕਨ ਰਾਈ ॥
ਪਹਿਲਾ ਵਾਰ ਸੁ ਆਪ ਕਰੀਜੇ ॥ ਜਿਸ ਕੀਨੇ ਯਸ ਜਗ ਮੋ ਲੀਜੇ ॥994॥
ਸੁਨ ਸੇਰਾ ਤਬ ਆਵਾ ਧਾਈ ॥ ਚਾਹੇ ਗੁਰ ਪਰ ਵਾਰ ਕਰਾਈ ॥
ਤਬ ਨੇਜਾ ਕਰੁ ਜੋਰੁ ਚਲਾਵਾ ॥ ਗੁਰ ਜੀ ਤਾਕੋ ਕਾਟੇ ਗਿਰਾਵਾ ॥995॥
ਪੁਨ ਗੁਰ ਬੋਲੇ ਹੁਇ ਸੁਵਧਾਨਾ ॥ ਮਾਰੈ ਤੋਹਿ ਨ ਜਾਇ ਪਲਾਨਾ ॥
ਐਸੇ ਕਹਿ ਗੁਰ ਨੇਜਾਂ ਮਾਰਾ ॥ ਘੋਰੇ ਲਾਗਾ ਛਿਤ ਪਰ ਡਾਰਾ ॥996॥

॥ ਦੋਹਰਾ ॥

ਭਾਗਾ ਸੇਰਾ ਦੁਖਤ ਹੁਇ ਬਰਾ ਦੁਰਗ ਮੋ ਜਾਇ ॥
ਕੋਟ ਪੌਰ ਮੂਦਨ ਕਰੈ ਭਾ ਲਾਜਤ ਮਨ ਮਾਹਿ ॥997॥

॥ ਚੌਪਈ ॥

ਸਿੰਘਨ ਕੇ ਮਨ ਭਯੋ ਅਨੰਦੂ ॥ ਦਰਸੇ ਗੁਰ ਜਿਮ ਕੰਜ ਮਿਲੰਦੂ ॥
ਬਾਹਿਰ ਜਲ ਗੁਰ ਰੋਕਨੰ ਕੀਨਾ ॥ ਅੰਤ੍ਰ[1] ਭਏ ਜਲ ਸੂਟੋ[1] ਹੀਨਾ ॥998॥
ਪੂਤ ਸੁਤਾ ਜੁਵਤੀ ਦੁਖ ਪਾਵਾ ॥ ਸੈਨਾ ਹੈ ਗੋ ਲਾਗੋ ਹਾਵਾ ॥
ਬਿਨਾ ਆਬ ਸਬ ਭਏ ਦੁਖਾਰੇ ॥ ਜੈਸੇ ਪੰਕਜ ਹਿਮ ਕੇ ਮਾਰੇ ॥999॥
ਸੇਰੇ ਕਾਂ ਮਨ ਗਯਾ ਗਮਾਨੂ ॥ ਨਿਸ ਮੋ ਨਸ ਗਾ ਡਰੁ ਬਡ ਮਾਨੂ ॥
ਨਹਿ ਜਾਨਾ ਸਠ ਕਹੀ ਸਿਧਾਵਾ ॥ ਫਿਰ ਨਹਿ ਉਕਸਾ ਮੰਨੁ ਪਛਤਾਵਾ ॥1000॥
ਭਈ ਸਕਾਰ ਤਬੈ ਸੁਧ ਆਈ ॥ ਦੁਰਗ ਪੌਰ ਖਾਲੀ ਦਰਸਾਈ ॥
ਸੁਨਿ ਕਰਿ ਗੁਰ ਜੀ ਮਾਨਸ ਭੇਜੇ ॥ ਖਬਰ ਲਿਆਵੋ[2] ਚਾਲੇ ਲੇਜੇ[2] ॥1001॥

॥ ਦੋਹਰਾ ॥

ਦੁਰਗ[3] ਸੁ ਅੰਤਰ ਜਾਤ ਭੇ ਦੇਖਾ ਫਿਰ ਕਰ ਸਗਰ ॥
ਸਗਲੇ ਤੁਰਕ ਪਲਾਇਗੇ ਛਡ ਕਰ ਗ੍ਰਿਹ ਅਰ ਬਗਰ ॥1002॥

॥ ਚੌਪਈ ॥

ਆਏ ਸਿੰਘ ਮਿਲ ਖਬਰੁ ਸੁਨਾਈ ॥ ਖਾਲੀ ਗੜ ਨਹਿ ਕੋ ਦ੍ਰਿਸਟਾਈ ॥
ਆਪ ਸ੍ਰੀ ਗੁਰ ਤਹਿ ਚਲ ਆਏ ॥ ਗੋ ਮਹਿਖੀ ਹੈ ਬਹੁ ਦ੍ਰਿਸਟਾਏ ॥1003॥

1. ਅ ਪਾਠਾਂਤਰ : ਜਲੁ ਬਿਨ ਸੂਰੋ
2. ਅ ਪਾਠਾਂਤਰ : ਲੇ ਵੇਖੋ ਜੇ
3. ੲ ਪੋਥੀ ਕੋਟ

ਗੋ ਧੂਮਾਦਿ ਅੰਨ ਬਹੁ ਦੇਖਾ ॥ ਔਰ ਬਸਤੁ ਨਹਿ ਆਵੈ ਲੇਖਾ ॥
ਅਸ ਬੰਦੂਕ ਚਰਮ ਬਹੁ ਪਰੀ ॥ ਬਰੂਦ-ਜੰਬੂਰੇ ਗੋਲੀ ਧਰੀ ॥1004॥
ਜੰਦਾ ਕੋ ਗੁਰ ਜੰਦਾ ਲਾਯੋ ॥ ਏਕ ਦਿਵਸ ਮੈ ਤੁਰਕ ਭਜਾਯੋ ॥
ਜਿਤੇ ਸਰਦਾਰ ਪ੍ਰਭੂ ਕੇ ਨਾਲ ॥ ਦਿਖ ਅਧਿਕਾਰੁ ਦੀਯੋ ਪ੍ਰਭ ਮਾਲ ॥1005॥

॥ ਦੋਹਰਾ ॥

ਮਹਾਂ ਉਦਾਰ ਹਜੂਰ ਪ੍ਰਭੁ ਜਿਨ ਕੋ ਤਿਲ ਨ ਤਮਾਇ ॥
ਸਾਹਿਬ ਸਿੰਘ ਭੰਗੀ ਕੋ ਦੀਨੋ ਕਿਲਾ ਬੁਲਾਇ ॥1006॥

॥ ਚੌਪਈ ॥

ਸਾਹਿਬੁ ਸਿੰਘ ਕਰਿ ਜੋਰੁ ਬਖਾਨਾ ॥ ਦੁਰਗ ਬਿਖੇ ਗੁਰ ਪਾਵੋ ਠਾਂਨਾ ॥
ਚੰਦ ਬਦਨ ਸੁਨ ਬਾਨੀ ਬੋਲੇ ॥ ਸੰਗਤ ਹਮਰੀ ਕੋਟ ਅਮੋਲੇ ॥1007॥
ਦੀਪ ਮਾਲ ਮੇਲਾ ਤਹ ਆਵਾ ॥ ਸੰਗਤਿ ਆਈ ਦਰਸਨੁ ਪਾਵਾ ॥
ਅਰਪ ਅਕੋਰੰ ਸੀਸ ਨਿਵਾਵੈ ॥ ਮਨੁ ਬਾਂਛਤ ਗੁਰ ਤੇ ਬਰ ਪਾਵੈ ॥1008॥
ਸੈਰ ਤਬੈ ਵਕੀਲ ਪਠਾਵਾ ॥ ਬਿਨਾ ਦੇਰੁ ਗੁਰ ਪਹਿ ਚਲ ਆਵਾ ॥
ਹੋਇ ਖੜਾ ਤਿਨ ਅਰਜੁ ਗੁਜਾਰੀ ॥ ਗੁਰੂ ਨ ਮਾਨੀ ਦੀਨ ਨਿਕਾਰੀ ॥1009॥
ਬਹੁਰ ਹਸੋਲੇ ਘੇਰਾ ਪਾਇਆ ॥ ਸੋ ਭੀ ਗੁਰ ਜੀ ਲੀਨ ਛਡਾਇਆ ॥
ਤੁਰਕ ਬਹੁਤ ਕਤਲਾਮੁ ਸੁ ਕੀਨੇ ॥ ਸਿੰਘ ਕੋ ਸੁਖ ਬਹੁ ਗੁਰ ਦੀਨੇ ॥1010॥
ਪਿਸੌਰ ਜਾਨ ਗੁਰ ਭਏ ਤਿਯਾਰੂ ॥ ਸੁਨ ਸਿਖਨ ਰਾਇ ਪਰਾ ਖੰਭਾਰੂ ॥
ਜੀਵਨ ਸਿੰਘ ਸਰਦਾਰ ਸੁ ਆਵਾ ॥ ਰਾਵਲਪਿੰਡੀ ਰਾਜ ਕਮਾਵਾ ॥1011॥
ਅਸੂ ਆਦਿ ਭੇਟਾ ਬਹੁ ਆਦੀ ॥ ਰਿਦ ਮੋ ਸਿਖੀ ਜਿਸੇ ਸੁਖਾਂਦੀ ॥
ਹਾਥ ਜੋਰਿ ਕਰਿ ਅਰਜੁ ਗੁਜਾਰੀ ॥ ਸੁਨੀਏ ਬਿਨਤੀ ਗੁਰੂ ਹਕਾਰੀ ॥1012॥[1]

॥ ਦੋਹਰਾ ॥

ਪਿਸੌਰੁ ਜਾਨ ਕੋ ਤਯਾਰ ਭੇ ਸਾਹਿਬੁ ਦੀਨ ਦਇਆਲ ॥
ਹਮ ਕਿਸ ਕੇ ਆਸਰ ਰਹੈ ਗੁਣਨ ਖਾਨ ਜਗ ਪਾਲ ॥1013॥

॥ ਚੌਪਈ ॥

ਜਾਵਨ ਸੁਨ ਸਭ ਭਏ ਦੁਖਾਈ ॥ ਪਾਨ ਜੋਰੁ ਕਰਿ ਬਿਨੈ ਉਚਾਰੀ ॥
ਤੁਮਰੇ ਬਿਨ ਹਮ ਹੋਵੈ ਐਸੇ ॥ [2]ਬਿਨਾ ਚੰਦ[2] ਨਿਸਾ ਹੋਵੇ ਜੈਸੇ ॥1014॥
ਸਭ ਕੀ ਅਰਜੁ ਸੁਨੀ ਗੁਰ ਪੂਰੇ ॥ ਬੋਲੇ ਬਾਨੀ ਸੁਖ ਦਾ ਰੂਰੇ ॥
ਤੁਮ ਚਿੰਤਾ ਨਹਿ ਕਰੋ ਪਿਆਰੇ ॥ ਹਮ ਤੁਮਰੇ ਹੈ ਸਦਾ ਸੰਗਾਰੇ ॥1015॥

---

1. ਅ ਪੋਥੀ ਵਿਚ ਇਸ ਮਗਰੋਂ ਇਹ ਵਾਧੂ ਪੰਗਤੀਆਂ ਆਈਆਂ ਹਨ:
ਰਾਵਲ ਪਿੰਡੀ ਪਾਵਨ ਜਾਗ ॥ ਜੀਵਨ ਸਿੰਘ ਹੈ ਜਿਨ ਕੇ ਲਾਗ ॥
ਸੁਭ ਸਥਾਂਨ ਮੋ ਜਾਇ ਉਤਾਰੇ ॥ ਗੁਰ ਕੀ ਸੇਵਾ ਕਰੀ ਅਪਾਰੇ ॥
ਤੀਨ ਦਿਨਾ ਗੁਰ ਡੇਰਾ ਰਾਖਾ ॥ ਸ੍ਰੀ ਹਜੂਰ ਜੀ ਬਚੁ ਸੁਭੁ ਭਾਖਾ ॥
ਇਸ ਥਾਨ ਕੀ ਜੋ ਕਰ ਸੇਵਾ ॥ ਚਾਰ ਪਦਾਰਥ ਆਦਿ ਅਭੇਵਾ ॥
2. ਅ ਪੋਥੀ ਚੰਦ ਬਿਨਾ.

ਮਲੇਰ ਪਾਸ ਸਭਨ ਲਿਖ ਦੀਨਾ ॥ ਨਾ ਹਮ ਸਿਖ ਤੂੰ ਗੁਰੂ ਨ ਚੀਨਾ ॥
ਯਾਤੇ ਹਮ ਆਗੇ ਕੋ ਜਾਵੈ ॥ ਏਮ ਦੇਸ ਮੋ ਪਾਵ ਨ ਪਾਵੈ ॥1016॥
ਜੀਵਣੁ ਸਿੰਘ ਗਰ ਅੰਚਰੁ ਪਾਈ ॥ ਪਾਨ ਜੋਰ ਕਰਿ ਅਰਜ ਅਲਾਈ ॥
ਗੁਰੂ ਨਾਨਕ ਆਦਿ ਭੇ ਅਵਤਾਰ ॥ ਸਿਖੀ ਕੀਨੀ ਅਪਰ ਅਪਾਰ ॥1017॥
ਤਿਨੋ ਤਿਯਾਗੁ ਕਿਯੋ ਆਪ ਸਿਧਾਵੋ ॥ ਹਮ ਕੋ ਕਿਸ ਕੇ ਪਾਲੇ ਪਾਵੋ ॥
[1]ਪੰਥ ਤਰੋਵਰ ਹਰਿਆ ਕੀਜੈ ॥ ਨੀਰ ਆਪ ਦੇ ਬਛ ਜਸੁ ਲੀਜੈ[1] ॥1018॥

॥ ਦੋਹਰਾ ॥

ਸਭ ਸਿਰਦਾਰਨ ਕੀ ਬਿਨੈ ਸੁਨ ਗੁਰ ਭਏ ਦਿਆਲੁ ॥
ਬਚਨ ਕੀਆ ਸੁਖਦਾਇਨੈ ਠਹਰੈਂ ਬਚ ਤੁਮ ਨਾਲ ॥1019॥

॥ ਚੌਪਈ ॥

ਤੁਮ ਹਮ[2] ਕੋ ਹੋ ਅਤਸੈ ਪਿਆਰੇ ॥ ਸਿਖਨ ਬਾਕ ਨ ਜਾਇ ਹਟਾਰੇ ॥
ਸੁਨਿ ਗੁਰਬਾਨੀ ਸਭ ਬਿਗਸਾਏ ॥ ਬਾਰ ਬਾਰ ਮਿਲ ਉਸਤਤਿ ਗਾਏ ॥1020॥
ਸਭ ਕੀ ਭੇਟਾ ਗੁਰ ਤਬ ਲੀਨੀ ॥ ਜਿਨ ਕੇ ਜਾਗੇ ਭਾਗ ਨਵੀਨੀ ॥
ਸਿਰੋਪਾਇ ਸਭ ਕੋ ਗੁਰ ਦੀਨੇ ॥ ਲੇ ਕਰੁ ਸਭ ਸਿਰ ਬਾਂਧਨ ਕੀਨੇ ॥1021॥
ਲੇ ਖੁਸੀ ਸਭ ਭਵਨ ਸਿਧਾਏ ॥ ਸ੍ਰੀ ਗੁਰ ਜਸੁ ਕਰੈ ਮਨੁ ਲਾਏ ॥

**(ਸੁਖੋ ਵਿਖੇ ਬਾਬਾ ਸਾਹਿਬ ਸਿੰਘ ਦਾ ਆਉਣਾ)**

ਸਤਗੁਰ ਜੀ ਤਬ ਕੂਚ ਕਰਾਵਾ ॥ ਸੁਖੋ ਆਏ ਸਿਵਰ ਲਗਾਵਾ ॥1022॥
ਸੰਗਤਿ ਆਵੈ ਵਾਰ ਨ ਪਾਰਾ ॥ ਸਬਦੰ ਗਾਵੇ ਪ੍ਰੀਤੀ ਧਾਰਾ ॥
ਧਰੇ ਅਕੋਰੰ ਯਸ ਮਿਲ ਗਾਵੈ ॥ ਮਨੁ ਬਾਂਛਤੁ ਵਰ ਗੁਰ ਤੇ ਪਾਵੇ ॥1023॥

॥ ਦੋਹਰਾ ॥

ਅਜੁਬ ਸਿੰਘ[3] ਇਕ ਸਿਖ ਹੁਤੋ ਸੁਖੋ ਕੇਰ ਸਿਰਦਾਰੁ ॥
ਸੁਖਨਾ ਤਿਸ ਗੁਰ ਕੀ ਕਰੀ ਤਿਸੁ ਗ੍ਰਿਹਿ ਭਾ ਸੁਤ ਚਾਰ ॥1024॥

॥ ਚੌਪਈ ॥

ਤਿਨ ਨੇ ਅਸ੍ਵ ਆਨ ਚੜਾਵਾ ॥ ਸੁਤ ਕੋ ਆਗੇ ਮਾਥ ਟਿਕਾਵਾ ॥
ਹਾਥ ਜੋਤ ਕਰੁ ਅਰਜੁ ਗੁਜਾਰੀ ॥ ਗ੍ਰਿਹਿ ਪਾਵਨ ਕੀਜੇ ਸੁਖਕਾਰੀ ॥1025॥
ਤਿਸ ਕਾ ਪ੍ਰੇਮ ਦੇਖੁ ਕੈ ਸ੍ਵਾਮੀ ॥ ਅਸਨ ਅਚਨ ਚਲੇ ਸੁਖਦਾਨੀ ॥
ਓਦਨ ਸਰਪੀ ਸਿਤਾ ਮਿਲਾਈ ॥ ਗਰੀ ਆਦਿ ਮੇਵੇ ਸਮਦਾਈ ॥1026॥
ਬਰੇ ਪਕੌਰੇ ਦਧੀ ਮਿਲਾਇ ॥ ਮਰਚੀ ਧਨੀਆਂ ਜੀਰਾ ਪਾਇ ॥
ਗੇਹੂ ਫੂਲਕੇ ਪਹਿਤ ਬਨਾਈ ॥ ਅਵਰ ਸਲੂਨੇ ਸਾਥ ਰਿਧਾਈ ॥1027॥

---

1. ਅ ਪੋਥੀ ਪਾਠਾਂਤਰ:
ਪੰਥਿ ਤੁ ਪਾਦਪ ਕੋ ਜਲ ਦੀਜੈ ॥ ਲਾਇ ਤਰੋਵਰੁ ਹਰਿਆ ਕੀਜੈ ॥
2. ੲ ਪੋਥੀ ਮੁਝ 3. ੲ ਪੋਥੀ ਹਰਿ

ਕੜਾਹਿ ਪ੍ਰਸਾਦਿ ਬਹੁਤ ਕਰਵਾਵਾ ॥ ਸੁਭ ਚੌਕੀ ਪਰ ਗੁਰੂ ਬਠਾਵਾ ॥
ਪਾਦ ਖਦਮ ਗੁਰ ਕੇ ਤਬ ਧੋਇ ॥ ਲੈ ਚਰਨਾਮ੍ਰਿਤਿ ਸਭ ਦੁਖ ਖੋਇ ॥1028॥

॥ ਦੋਹਰਾ ॥

ਥਾਲ ਪਰੋਸਨ ਤਬ ਕਰਾ ਗੁਰ ਆਗੇ ਧਰ ਦੀਨ ॥
ਅਵਰ ਸੰਗਤਿ ਕੋ ਅਸਨ ਸੁਭ ਖਾਣਨ ਤਬ ਕੀਨ ॥1029॥

॥ ਚੌਪਈ ॥

ਪਾਖਾ ਆਦਿ ਸੇਵ ਸਭ ਕੀਨੀ ॥ ਬਾਰ ਬਾਰ ਪੂਛੇ ਰਸ ਭੀਨੀ ॥
ਛਕਿ ਪ੍ਰਸਾਦਿ ਸ੍ਰੀ ਗੁਰ ਜੀ ਹਰਖੇ ॥ ਸਿਖਨ ਕੇ ਮਨ ਲੀਨੇ ਕਰਖੇ ॥1030॥
ਸੀਦ ਪ੍ਰਸਾਦਿ ਸੁਭਨ ਨੇ ਖਾਵਾ ॥ ਜਿਨ ਖਾਵਾ ਤਿਹ ਮਨ ਬਿਗਸਾਵਾ ॥
ਤਿਨ[1] ਪਰ ਖੁਸੀ ਭਈ ਗੁਰ ਕੇਰੀ ॥[2] ਜਾਗੀ ਪ੍ਰੀਤੀ ਸੁਖਮੈ ਹੇਰੀ[2] ॥1031॥
ਛਕਿ ਪ੍ਰਸਾਦਿ ਕੂਚ ਗੁਰ ਕੀਨਾ ॥ ਅਗਰ ਗ੍ਰਾਮ[3] ਉਤਰੇ ਪ੍ਰਬੀਨਾ ॥
ਰਤਨ ਸਿੰਘ ਇਕੁ ਤਹਾ ਰਹਾਈ ॥ ਗੁਰ ਸੁਖਨਾ ਤਿਨ ਕੀਨ ਮਹਾਈ ॥1032॥

॥ ਦੋਹਰਾ ॥

ਭੰਗੀ ਸਾਹਿਬ ਸਿੰਘ ਨੇ ਗ੍ਰਾਮ ਸੁ ਲੀਨੋ ਖੋਯ ॥
ਪੰਜ ਸੈ ਸੁਖਨਾ ਤਿਨ ਕਰੀ ਗੁਰ ਅਧੀਨ ਮਨ ਹੋਇ ॥1033॥

॥ ਚੌਪਈ ॥

ਗੁਰ ਜੀ[4] ਹਮਰੀ ਕਰੇ ਸਹਾਇ ॥ ਦੇਵੇ ਭੇਟਾ ਪ੍ਰੀਤੀ ਲਾਇ ॥
ਬਹੁਤ ਧਿਆਵਾ ਬਨਿ ਬਖਾਨੀ ॥ ਸੇਵਕੁ ਜਾਨੋ ਮਨ ਕ੍ਰਮ ਬਾਨੀ ॥1034॥
ਸਾਹਿਬੁ ਸਿੰਘ ਕਾ ਮਨੁ ਗੁਰ ਫੇਰਾ ॥ ਦੀਨ ਜਗੀਰ ਫੇਰਿ ਬਿਨੁ ਦੇਰਾ ॥
ਲੇਯ ਰਤਨ ਸਿੰਘ ਮਨੁ ਬਿਗਸਾਵਾ ॥ ਗੁਰ ਕਾ ਦੇਨਾ ਮਨ ਬਿਸਰਾਵਾ ॥1035॥
ਆਵਾ ਮਿਲਨੇ ਰਖੰਤ ਪਾਨ ॥ ਗੁਰ ਮਹਿਮਾ ਨਹਿ ਜਾਣ ਅਜਾਣ ॥
ਮਾਥ ਨਿਵਾਇ ਜਬੈ ਉਨਿ ਚਾਲਾ ॥ ਗੁਰ ਜੀ ਬੋਲੇ ਗਿਰਾ ਰਸਾਲਾ ॥1036॥
ਜਟ ਪਟ ਫਟ ਪਸੁ ਢੋਰ ਗਵਾਰਾ ॥ ਬਿਨੁ ਤਾੜੇ ਨਹਿ ਹੁਇ ਅਨੁਸਾਰਾ ॥
ਸੁਨ ਗੁਰ ਬਾਨੀ ਸਿਖਨ ਪੂਛਾ ॥ ਕੈਸੇ ਬੈਨ ਕਹੇ ਗੁਰ ਸੂਛਾ ॥1037॥

(ਰਤਨ ਸਿੰਘ ਦੀ ਕਥਾ)

॥ ਦੋਹਰਾ ॥

ਸ੍ਰੀ ਕਮਲਾਨਨ ਬਚ ਕਹੇ ਸੁਖਨਾ ਕਰੈ ਬਨਾਇ ॥
ਕਾਰਜਿ ਹੋਵੈ ਸਿਧ ਜਬ ਜਾਵੈ ਪਿਠ ਦਿਖਾਇ ॥1038॥

॥ ਚੌਪਈ ॥

ਪੰਜ ਸੈ ਸੁਖਨਾ ਜਟ ਨੇ ਕੀਨੀ ॥ ਨਹਿ ਦੀਨੀ ਬੁਧਿ ਹੋਈ ਹੀਨੀ ॥
ਰਤਨ ਸਿੰਘ ਜਬ ਭਵਨ ਸਿਧਾਵਾ ॥ ਹੋਵਾ ਸੂਲ ਬਹੁਤੁ ਦੁਖ ਪਾਵਾ ॥1039॥

---
1. ਅ ਪੋਥੀ ਤਿਸ 2. ਅ ਪੋਥੀ ਪਾਠਾਂਤਰ : ਪਾਵੋਗੇ ਸੁਖ ਸਾਂਝ ਸਵੇਰੀ 3. ਅ ਪੋਥੀ ਕਾਮ
4. ੲ ਪੋਥੀ ਸਤਿਗੁਰੂ

ਹਾਇ ਹਾਇ ਕਰੁ ਹਾਇ ਪੁਕਾਰੈ ॥ ਧਰ ਪਰ ਲੋਟੈ ਸਿਰੁ ਬਹੁ ਮਾਰੈ ॥
ਜਿਉ ਜਿਉ ਵੈਦ[1] ਤਿਸ ਔਸਦ[1] ਦੇਵੈ ॥ ਤਿਉ ਤਿਉ ਪੀੜਾ ਬਖਤੀਜਾਵੈ[2] ॥1040॥
ਪ੍ਰਾਨ ਅੰਤ ਤਿਸੁ ਹੋਵਨਿ ਲਾਗਾ ॥ ਉਠਿ ਮੂਰਖੁ ਨਹਿ ਚਰਨੀ ਲਾਗਾ ॥
ਸਭ ਪਰਵਾਰ ਮਿਲ ਸੇਵਕ ਰੋਵੈ ॥ ਇਸੇ ਬਿਨਾ ਕਿਸ ਆਸਰੁ ਜੋਵੈ ॥1041॥

॥ ਦੋਹਰਾ ॥

ਗੁਰ ਬਾਨੀ ਮਾਨਵ ਸੁਨੀ ਆਵਾ ਰਤਨ ਹਰਿ ਓਰਿ ॥
ਆਗੇ ਦੁਖੀ ਪੁਕਾਰਤਾ ਰੋਵੈ ਕਰ ਕਰ ਜੋਰੁ ॥1042॥
ਤਬ ਮਾਨਵ ਨੇ ਅਸ ਭਨਾ ਸੁਖਨਾ ਗੁਰ ਕੀ ਦੇਇ ॥
ਦੁਖ ਏਤਾ ਕਯੋਂ ਪਾਵਤਾ ਸਰਨਿ ਗੁਰੂ ਕੀ ਲੇਇ ॥1043॥

॥ ਚੌਪਈ ॥

ਹੋਇ ਦੁਖਤਿ ਤਿਨ ਬਾਨੀ ਗਾਈ ॥ ਲੇ ਚਾਲੋ ਗੁਰ ਕੀ ਸਰਣਾਈ ॥
ਮੰਜਾ ਤਿਸ ਕਾ ਲੇਕਰਿ ਆਏ ॥ ਗੁਰ ਤੇ ਦੂਰਿ ਧਰਾ ਭੈ ਪਾਏ ॥1044॥
ਦੂਰ ਪਰਾ ਗੁਰ ਦੇਖਨ ਕੀਨਾ ॥ ਸਿਖਨ ਪਾਸੋਂ ਪੂਛਿਨ ਲੀਨਾ ॥
ਕੌਨ ਖਾਟ ਪਰ ਦੁਖੀ ਪੁਕਾਰੈ ॥ ਡਰ ਕਰ ਸਿਖਨ ਬੈਨ ਉਚਾਰੈ ॥1045॥
ਰਤਨ ਸਿੰਘ ਕੌ ਸੂਲ ਭਾ ਭਾਰੀ ॥ ਤਿਸੁ ਪੀੜਾ ਕਰ ਦੁਖਤਿ ਪੁਕਾਰੀ ॥
ਸ੍ਰੀ ਕਮਲਾਨਨ ਗਿਰਾ ਅਲਾਈ ॥ ਵੈਦ ਪਾਸ ਲੇ ਜਾਵੋ ਧਾਈ ॥1046॥
ਧਯਾਨ ਸਿੰਘ ਸੁਨ ਬਿਨੈ ਬਖਾਨੀ ॥ ਬਿਨੁ ਤੁਮ ਬੈਦ ਕੌਣ ਗੁਨਖਾਨੀ ॥
ਇਹੁ ਭੂਲਾ ਤੁਮ ਬਖਸਨੁ ਜੋਗੁ ॥ ਕਰੋ ਮਯਾ ਇਸ ਮੇਟੋ ਰੋਗੁ ॥1047॥

॥ ਦੋਹਰਾ ॥

ਸ੍ਰੀ[3] ਸਤਗੁਰ ਜੀ[3] ਬਚ ਕਹੇ ਸੁਨੋ ਸਿਖ ਸਮਦਾਇ ॥
ਕਰ ਸੁਖਨਾ ਨਹਿ ਦੇਯ ਜੋ ਦੁਖ ਐਸੇ ਵਹੁ ਪਾਇ ॥1048॥

॥ ਚੌਪਈ ॥

ਗੁਰ ਪੀਰ ਕੌ ਜੋਇ ਮਨਾਵੈ ॥ ਜੋ ਬਾਂਛੇ ਸੋ ਗੁਰ ਤੇ ਪਾਵੈ ॥
ਕੰਮ ਕਰਾਇ ਨਠ ਜੋ ਜਾਵੈਂ ॥ ਤਾ ਕੌ ਸਤਗੁਰ ਭੈ ਦਿਖਰਾਵੈ ॥1049॥
ਜੇ ਸਤਿਗੁਰ ਨਹਿ ਦੇਵੈ ਢੰਡੁ ॥ ਸਭ ਮਿਰਜਾਦਾ ਹੋਵੈ ਖੰਡੁ ॥
ਯਾਤੇ ਇਸ ਕੌ ਹੋਈ ਪੀਰਾ ॥ ਰਾਖੁ ਰੁਪੈਯੇ ਹੋਵੈ ਧੀਰਾ ॥1050॥
ਮਿਲ ਸਿਖਨ ਬਹੁ ਬਿਨਤੀ ਗਾਈ ॥ ਬਖਸਿ ਕਰੀਜੈ ਗੁਰ ਸੁਖਦਾਈ ॥
ਗਿਰਾ ਬਖਾਨੀ ਗੁਰ ਤਿਸੁ ਬੇਰੀ ॥ ਤਿਸੁ ਲਿਆਵੋ ਕਰੋ ਨ ਦੇਰੀ ॥1051॥

---

1. ੲ ਪੋਥੀ ਪਾਠਾਂਤਰ: ਸੁ ਔਖਦੁ
2. ਅ ਪੋਥੀ ਲੋਵੈ
3. ੲ ਪੋਥੀ ਕਰੁਣਾਨਿਧਿ

ਤਿਮੈ ਉਚਾਇ ਗੁਰੂ ਪਰਿ ਲਿਆਏ ॥ ਤ੍ਰਾਹਿ ਤ੍ਰਾਹਿ ਮੁਖ ਬੈਨੁ ਅਲਾਏ ॥
ਮੈ ਅਪਰਾਧੀ ਭੂਲਨਹਾਰਾ ॥ ਆਪ ਬਖਸੰਦ ਸਦਾ ਦਇਆਰਾ ॥1052॥

॥ ਦੋਹਰਾ ॥

ਸ੍ਰੀ ਹਜੂਰਿ ਬਾਨੀ ਭਨੀ ਪਨਹੀ ਹਮਰੀ ਝਾਰ ॥
ਗੁਰ ਨਿਦੇਸ ਸਿਰ ਧਰ ਧਰੀ ਝਾਰੀ ਕਹੀ ਨ ਬਾਰ ॥1053॥

॥ ਚੌਪਈ ॥

ਜਬੈ ਗੁਰੂ ਕਾ ਜੋਰਾ ਝਾਰਾ ॥ ਮਿਟਾ ਅਫਾਰਾ ਲਗੀ ਨ ਬਾਰਾ ॥
ਪੰਜ ਸੈ ਰੂਪੀ ਆਗੇ ਰਾਖੀ ॥ ਚਰਨਿ ਗਹੇ ਬਹੁ ਬਿਨਤੀ ਭਾਖੀ ॥1054॥
ਮੈ ਸਰਨਾਗਤਿ ਅੰਤਰਿਜਾਮੀ ॥ ਬਾਂਗੀ ਕਾਂਮੀ ਤਾਰੋ ਸੁਾਮੀ ॥
ਸਤਿਗੁਰ ਜੀ ਤਬ ਪਾਗ ਬੰਧਾਈ ॥ ਕੂਚ ਕਰਨ ਕੀ ਗਿਰਾ ਅਲਾਈ ॥1055॥
ਹੈ ਅਸਵਾਰ ਭਏ ਸੁਖਦਾਈ ॥ ਬਾਂਕੇ ਪਿੰਡ ਥਿਰੇ ਹਰਿਖਾਈ ॥
ਸੰਗਤਿ ਆਵੈ ਵਾਰ ਨ ਪਾਰਾ ॥ ਭੇਟਾ ਅਰਪੈ ਪ੍ਰੀਤੀ ਧਾਰਾ ॥1056॥

(ਇਕ ਸਿਖ ਦਾ ਹਾਲ)

ਏਕ ਸਿਖ ਤਬ ਚਲ ਕਰ ਆਵਾ ॥ ਹਾਥ ਜੋਰੁ ਤਿਨੁ ਸੀਸ ਨਿਵਾਵਾ ॥
ਆਪੇ ਮੁਸਕਾ ਤਿਸ ਤੜਿ ਗਈ ॥ ਗਿਰਾ ਸਿਰ ਭਾਰ ਸੁਧਿ ਨਹਿ ਰਹੀ ॥1057॥

॥ ਦੋਹਰਾ ॥

ਚੰਦਾ ਸਿੰਘ ਕਰਿ ਜੋਰੁ ਕਰਿ ਬਿਨੈ ਭਨੀ ਹਿਤੁ ਲਾਇ ॥
ਕੌਨ ਭੂਲ ਸਿਖ ਮੈ ਭਈ ਕਹੀਏ ਗੁਰ ਸੁਖਦਾਇ ॥ 1058॥
ਚੰਦੂ ਬਦਨੁ ਤੇ ਗੁਰ ਭਨਾ ਚੰਦਾ ਸਿੰਘ ਸੁਜਾਨ ॥
ਚੋਰੀ ਹਮਰੀ ਇਨ ਕਰੀ ਯਾਂਤੇ ਦੂਖ ਮਹਾਨ ॥ 1059॥

॥ ਚੌਪਈ ॥

ਚੰਦਾ ਦੁਰਗੁ ਜਬੈ ਹਮ ਮਾਰਾ । ਅਸੂ ਦੁਰਾਵਾਂ ਇਸੇ ਗਵਾਰਾ ॥
ਚੰਦਾ ਹਰਿ ਨੇ ਤਿਸ ਤੇ ਪੂਛਾ ॥ ਜੋਇ ਸਿਖੀ[1] ਤੇ ਅਤਿ ਛੂਛਾ ॥1060॥
ਹਾਂ ਜੀ ਮੈ ਦੋਰਾਵਨ [2]ਕੀਨ੍ਹਾ ॥ ਮੋ ਤੇ ਚੀਨੈ ਮੈ ਮਤ ਹੀਨਾ ॥
ਐਸੇ ਗਿਰਾ ਜਬ ਮੁਖ ਤੇ ਗਾਈ ॥ ਮੁਸਕਾ ਖੁਲ ਗੀ ਭਾ ਹਰਖਾਈ ॥1061॥
ਦੋਰਾ ਸਦਨੰ ਲਯਾਵਨ ਕੀਨਾ ॥ ਔਰ ਪਦਾਰਥੁ ਅਰਪ ਸੁ ਦੀਨਾ ॥
ਸ੍ਰੀ ਗੁਰ ਜੀ ਸੋ ਘੋਰਾ ਲੀਨੋ ॥ ਔਰੁ ਪਦਾਰਥ ਮੋਰਨ ਕੀਨੋ ॥1062॥
ਸਿਖ ਤਬ ਬੋਲਾ ਬਖਸੋ ਸੂਾਮੀ ॥ ਹਮ ਗਵਾਰ ਹੈ ਲੂਣ ਹਰਾਮੀ ॥
ਕਮਲ ਨੈਨ ਸੁਭ ਬਾਨੀ ਗਾਈ ॥ ਚੋਰੀ ਜਾਰੀ ਦੇਹੁ ਗਵਾਈ ॥1063॥
ਵਾਹਿਗੁਰੂ ਸਿਮਰੋ ਮਨਿ ਲਾਂਵੋ ॥ ਜਨਮ ਮਰਨ ਕੋ ਰੋਗੁ ਗਵਾਵੋ ॥
ਦੇ ਉਪਦੇਸੰ ਭਏ ਸਵਾਰਾ ॥ ਬੇਲੇ ਗਾਂਉ ਵਿਖੇ ਪਗ ਧਾਰਾ ॥1064॥

1. ਅ ਪੋਥੀ ਸੂਖ    2. ਅ ਪੋਥੀ ਲੋਕਾਵਨ

## (ਇਕ ਸੁਨਿਆਰ ਸਿੱਖ ਦੀ ਕਥਾ)

ਸੰਗਤੁ ਮਿਲ ਮਿਲ ਦਰਸਨ ਆਵੈ ॥ ਧਰ ਅਕੋਰੁ ਪਗ ਸੀਸ ਨਿਵਾਵੈ ॥
ਏਕ ਸੁਨਾਰੇ ਕਬ੍ਰਜਾ ਆਂਦਾ ॥ ਧਰਾ ਅਗਾਰੀ ਮਨ ਹਰਖਾਦਾ ॥1065॥

॥ ਦੋਹਰਾ ॥

ਚਾਮੀ ਕਰ ਜਿਸ ਪਰ ਲਗਾ ਕਬਜਾ ਐਸਾ ਦੇਖੁ ॥
ਤਬ ਪੂਛਨਿ ਸਤਿਗੁਰ ਕਹ੍ਯਾ ਕੀਜੈ ਮੋਲਿ ਬਿਸੇਖ ॥1066॥

॥ ਚੌਪਈ ॥

ਪਾਨ ਜੋਰ ਤਿਨ ਅਰਜੀ ਗਾਈ ॥ ਸੁਖਨਾ ਤੁਮਰੀ ਹੈ ਸੁਖਦਾਈ ॥
ਸਤਿਗੁਰੂ ਸਾਹਿਬੁ ਪੂਛਨ [1]ਕੀਨਾ ॥ ਕੈਸੀ ਸੁਖਨਾ ਕਹੋ ਪ੍ਰਬੀਨਾ ॥1067॥
ਪਾਨੁ ਜੋਰਿ ਤਿਨੁ ਗਿਰਾ ਬਖਾਨੀ ॥ ਬਿਨਤੀ ਸੁਨੀਏ ਸਾਰੰਗੁ ਪਾਨੀ ॥
ਪੁਰਟ ਕੜੇ ਇਕੁ ਮਾਨੁਖ ਦੀਨੇ ॥ ਸੋਇ ਬਨਾਵੋਂ ਦੇਰੁ ਬਹੀਨੇ ॥1068॥
ਲਾਇ ਮਸਾਲਾ ਜਬ ਮੈ ਧੋਇ ॥ ਪੀਤਲ ਹੋਵਾ ਨੈਨੋ ਜੋਏ ॥
ਭੈ ਮਨ ਧਾਰਾ ਬਡ ਦੁਖ ਪਾਵਾ ॥ ਹੋਇ ਦੁਖੀ ਮੈ ਗੁਰੂ ਧਿਆਵਾ ॥1069॥
ਘਰੁ ਤਨੁ ਧਨੁ ਦਿਯੋ ਹੋਇ ਨ ਪੂਰਾ ॥ [2]ਰਾਖੋ ਪੈਜ ਗੁਣੀ ਗਹੀਰਾ[2] ॥
ਥੇ ਮੁਲੰਮੇ ਕੋ ਗੁਰ-ਭਾਖਾ ॥ ਮਧ ਪੀਤਲ ਲਾ ਕੰਚਨ ਰਾਖਾ ॥1070॥
ਤੂੰ ਰਿਦ ਚਿੰਤਾ ਰੰਚ ਨ ਰਾਖ ॥ ਵਾਹਿਗੁਰੂ ਸੁਭ ਰਸਨਾ-ਭਾਖ ॥
ਹੋਵੈਂ ਕੰਚਨਿ ਲਗੇ ਨ ਦੇਰੀ ॥ ਸਰਧਾ ਤੁਮਰੀ ਅਤਸੈ ਹੇਰੀ ॥1071॥

॥ ਦੋਹਰਾ ॥

ਬਚਨ ਮਾਨ ਸਦਨੰ ਗਯੋ ਦੇਖਨ ਜਬ ਹੀ ਕੀਨ ॥
ਜਾਬੂਨਦ ਕੇ ਸੋ ਭਏ ਗੁਰ ਪ੍ਰਾਪਤ ਬਡ ਚੀਨ ॥1072॥

॥ ਚੌਪਈ ॥

ਜਿਨ ਕੇ ਸੇ ਤਿਨ ਕੌ ਤਬ ਦੀਨੇ ॥ ਦਲ ਪਰ[3] ਗੁਰ ਪਹਿ ਆਵਨ ਕੀਨੇ ॥
ਬਾਰ ਬਾਰ ਗੁਰ ਕੀ ਕ੍ਰਤ ਗਾਈ ॥ ਪੈਜਿ ਰਖੀ ਹਮਰੀ ਸੁਖਦਾਈ ॥1073॥
ਜਿਮ ਨਰਸੀ ਕੀ ਹੁੰਡੀ ਤਾਰੀ ॥ ਬਿਪ ਸੁਦਾਮੇ ਦੈ ਗ੍ਰਹ ਚਾਰੀ ॥
ਤ੍ਰਿਲੋਕ ਹੇਤ ਸੁ ਭੂਖਨ ਕੀਨੇ ॥ ਗੋਪਨ ਹੇਤ ਗੁਵਰਧਨ ਲੀਨੇ ॥1074॥

॥ ਦੋਹਰਾ ॥

ਤੈਸੇ ਮੋ ਪਰ ਕਰ ਦਯਾ ਪੀਤਲ ਕੰਚਨਿ[4] ਕੀਨ ॥
ਜੁਗ ਜੁਗ ਮੈ ਰਖਿਆ ਕਰੋ ਮਨੁਜ ਦੇਹ ਧਰ ਲੀਨ ॥1075॥

## (ਭਾਗ ਸਿੰਘ ਥਾਨੇਦਾਰ ਦੀ ਕਥਾ)

॥ ਚੌਪਈ ॥

ਸ੍ਰੀ ਗੁਰ ਜੀ ਤਬ ਕੂਚ ਕਰਾਇ ॥ ਮੀਰ ਪੁਰੇ ਉਤਰੇ ਪੁਨਿ ਆਇ ॥
ਠਾਣੇਦਾਰ ਭਾਗ ਸਿੰਘ ਆਵਾ ॥ ਰਸਤ ਆਦਿ ਬਹੁ ਘਾਸ ਲਿਆਵਾ ॥1076॥

1. ਅ ਪੋਥੀ ਪੂਪਨ. 2. ਅ ਪਾਠਤਰ : ਮੈ ਮਨ ਧਾਰਾ ਬਡ ਗੁਣੀ ਗਹੀਰਾ 3. ਅ ਪੋਥੀ ਕਰ
4. ੲ ਪੋਥੀ ਸੁਵਰਨ

ਔਰ ਲੋਕ ਸਭ ਚਲ ਕਰ ਆਏ ॥ ਰਾਖ ਅਕੋਰ ਸੀਸ ਨਿਵਾਏ ॥
ਦੇਗ ਤਿਆਰ ਹੋਇ ਬਿਨੁ ਦੇਰਾ ॥ ਸਭ ਕੋ ਲੇਵੈ ਸਾਂਝ ਸਵੇਰਾ ॥1077॥
ਭਾਗ ਸਿੰਘ ਪ੍ਰਤਿ ਗੁਰੂ ਅਲਾਂਵਾ ॥ ਮ੍ਰਿਗਯਾ ਖੇਲਯ ਚਿਤ ਹੁਲਸਾਵਾ ॥
ਭਾਗ ਸਿੰਘ ਸੁਨ ਗਿਰਾ ਬਖਾਨੀ ॥ ਇਹਾ ਨ ਹੇੜਾ ਗੁਰ ਸੁਖਦਾਨੀ ॥1078॥

॥ ਦੋਹਰਾ ॥

ਤਿਸ ਕੀ ਬਾਨੀ ਸੁਨਿ ਗੁਰੂ ਪੁਨਿ ਉਤ੍ਰ ਤਾਕੋ ਦੀਨ ॥
ਬਨ ਮੋ ਬਹੁਤੁ ਸਿਕਾਰ ਹੈ ਤੁਮ ਨਾਹਨ ਕਯੋ ਕੀਨ ॥1079॥

## (ਬਾਬਾ ਸਾਹਿਬ ਸਿੰਘ ਦਾ ਸ਼ਿਕਾਰ ਚੜ੍ਹਨਾ)

॥ ਚੌਪਈ ॥

ਐਸੇ ਕਹਿ ਕਰੁ ਅਸ੍ਵ ਮੰਗਾਵਾ ॥ ਭਏ ਸਕਾਰ ਸਕਲ ਦਲ ਧਾਵਾ ॥
ਭਾਗ ਸਿੰਘ ਲੇ ਅਪਨੀ ਸੈਨਾ ॥ ਚਾਲਾ ਸਾਥ ਕਹੇ ਮਿਠ ਬੈਨਾ ॥1080॥
ਜੁਰਰੇ ਬਾਜੰ ਔਰ ਸੁੰਆਨਾ ॥ ਮੀਰ ਸਿਕਾਰ ਚਲੇ ਹਰਖਾਨਾ ॥
ਅਟਵੀ ਮਾਂਹਿ ਫਿਰੇ ਸੁਖਦਾਏ ॥ ਤੀਤ੍ਰ[1] ਲੇ ਬਹੁਤੁ[1] ਹਰਖਾਏ ॥1081॥
ਜੋ ਬਨੁ ਜੀਵ ਹਤੇ ਗੁਰ ਪੂਰੇ ॥ ਪਾਈ ਮੁਕਤੀ ਰਹੇ ਨ ਊਰੇ ॥
ਏਕ ਸਿੰਘ ਤਹ ਖੇਲ ਅਖੇਟਾ ॥ ਮ੍ਰਿਗ ਪਤਿ ਸਾਥੀ ਹੋਈ ਭੇਟਾ ॥1082॥
ਮਾਰ ਦੁਗਾੜਾ ਲੀਨ ਗਿਰਾਈ ॥ ਪ੍ਰਾਣ ਤਿਯਾਗੇ ਨਹਿ ਉਕਸਾਈ ॥
ਸ੍ਰੀ ਕਮਲਾਨਨ ਪੂਛਨ ਕੀਨਾ ॥ ਰਾਮ ਜੰਗ ਕਿਨ ਛੋਰਾ[2] ਪੀਨਾ ॥1083॥
ਸੋਇ ਸਿੰਘ ਤਬ ਅਸ੍ਵ ਧਵਾਈ ॥ ਆਵਾ ਗੁਰ ਪਹਿ ਅਰਜ ਸੁਨਾਈ ॥
ਏਕ ਪੰਚਾਨਨ ਸਾ ਮਹਿ ਆਵਾ ॥ ਮਾਰ ਦੁਗਾੜਾ ਲੀਨ ਗਿਰਾਵਾ ॥1084॥

॥ ਦੋਹਰਾ ॥

ਸੁਨ ਕਰ ਤਾਕੇ ਬੈਨ ਕੋ ਸਤਗੁਰ ਮਨ ਹਰਖਾਇ ॥
ਭਾਗ ਸਿੰਘ ਪ੍ਰਤਿ ਕਹਾ ਲੀਜੇ ਤਿਸੇ ਉਚਾਇ ॥1085॥
[3]ਮਾਰਾ ਸੇਰ ਸਿੰਘ ਸਿੰਘ ਨੇ ਸਿਰੋਪਾਇ ਤਿਸ ਦੀਨ[3] ॥
ਬਡ ਪ੍ਰਕਾਸ ਤੁਮ ਨੇ ਕਰਾ[4] ਧੰਨੁ ਧੰਨੁ ਪ੍ਰਬੀਨ[4] ॥1086॥
ਮੀਰ ਵਾਲ ਕੋ ਸਤਿਗੁਰੂ ਆਏ ਸਿਵਰ ਮਝਾਰ ॥
ਕੇਹਰ ਧਰ ਪ੍ਰਿ ਧਰਿ ਦਿਯੋ ਜਿਸ ਕੋ ਬਡੋ ਅਕਾਰ ॥1087॥

॥ ਚੌਪਈ ॥

ਲੋਗ ਲੁਗਾਈ ਦੇਖਨ ਆਵੈ ॥ ਦੇਖ ਡੀਲ ਗੁਰ ਕੀ ਨੁਤ ਗਾਵੈ ॥
ਪਾਸ ਗ੍ਰਾਵੋ ਲੋਗੁ ਬਹੁ ਆਏ ॥ ਸੇਰ ਮਰਾ ਦ੍ਰਿਖ ਮਨ ਹਰਖਾਏ ॥1088॥

---

ਅ ਪੋਥੀ ਲਵੇ ਸੋਹਤ 2. ਅ ਪੋਥੀ ਛੋਰ ਸੁ
ਅ ਪੋਥੀ ਪਾਠਾਂਤਰ : ਤਿਸੈ ਸਿੰਘ ਕੌ ਸਤਿਗੁਰੂ ਧੰਨ ਧੰਨ ਕਹਿ ਦੀਨ ॥
ਅ ਪੋਥੀ ਪਾਠਾਂਤਰ : ਮਾਰ ਸੇਰ ਕੋ ਲੀਨ

ਧਰ ਧਰ ਭੇਟਾ ਸੀਸ ਨਿਵਾਵੈ ॥ ਹਾਥੁ ਜੋਰੁ ਕਰਿ ਬਿਨੇ ਸੁਨਾਵੈ ॥
ਸ੍ਰੀ ਗੁਰ ਜੀ ਕੀਨੋ ਉਪਕਾਰਾਂ ॥ ਹਮ ਕੌ ਦੁਖ ਦੀਨੋ ਇਨ ਭਾਰਾ ॥1089॥
ਗੋ ਮਹਿਖੀ ਔਰੰ ਪਸੁ ਜੇਤੇ ॥ ਮਾਨਵ ਮਾਰੇ ਗਨੇ ਕੁ ਤੇਤੇ ॥
ਹਮ ਪਰ ਮਯਾ ਕਰੀ ਸੁਖਦਾਈ ॥ ਪਰਜਾ ਪਾਲਨ ਕਰੋ ਸਦਾ ਈ ॥1090॥
ਜੁਗ ਜੁਗ ਵਿਖੇ ਬਿਦਰ ਚਲ ਆਵਾ । ਦੀਨਨ ਪਾਲੋ ਇਹੁ ਤੁਮ ਭਾਵਾ ॥
ਬੇਦੀ ਕੰਜ ਕੇ ਸਵਤਾ ਬੋਲੇ ॥ ਜਿਨ ਦਰਸੇ ਸੁਖ ਮਿਲੇ ਅਮੋਲੇ ॥1091॥

॥ ਦੋਹਰਾ ॥

ਏਹ ਤੋ ਹਮਰਾ ਸਿਖ ਥਾ ਮਰਨ ਸਮੇ ਪਲ ਯਾਦ ॥
ਯਾਂਤੇ ਮ੍ਰਿਗਪਤਿ ਹੋੜ ਭਾ ਅਬ ਹੋਵਾ ਬਿਨੁ ਬਿਖਾਦੁ ॥1092॥
ਜਿਨ ਜਿਨ ਬਾਨੀ ਗੁਰ ਸੁਨੀ ਮਨ ਮੇ ਭਏ ਅਨੰਦ ॥
ਗੁਰ ਸਿਖੀ ਕੋ ਧਰਤ ਭੇ ਜਨਮ ਮਰਨ ਮਿਟ ਫੰਦ ॥1093॥

॥ ਚੌਪਈ ॥

ਤੀਨ ਮਾਸ ਗੁਰ ਤਹਾਂ ਰਹਾਏ ॥ ਸੰਗਤਿ ਮਿਲ ਮਿਲ ਦਰਸਨ ਪਾਏ ॥
ਸਵਾ ਜਾਮ ਨਿਸ ਕੈ ਗੁਰ ਜਾਗੈ ॥ ਕਰ ਸਨਾਨ ਸਰੂਪ ਮੋ ਪਾਗੈ ॥1094॥
ਰਾਗੀ ਆਸਾ ਵਾਰ ਲਗਾਵੇ ॥ ਸਿਖ ਸੁਨੈ ਮਨ ਮੋ ਹਰਖਾਵੈ ॥
ਮਾਰਵਾੜ ਮਾਨੋ ਮੰਗ ਚਾਲੀ ॥ ਕਾਮ ਧੇਨ ਮਾਨੋ ਪ੍ਰਿਥ ਮਾਲੀ ॥1095॥
ਦਿਨ ਦਿਨ ਗੁਰ ਕੀ ਦੇਗ ਸਵਾਈ ॥ ਜੋ ਆਵੈ ਸੋ ਲੇਕਰ ਖਾਈ ॥
ਸੁਤ ਬਿਤ ਨੁਤ ਜੋ ਮਨ ਮੋ ਚਾਹੇ ॥ ਦੇਵੈ ਸ੍ਰੀ ਗੁਰ ਦੇਰ ਬਿਹਾਏ ॥1096॥
ਏਕ ਦਿਨਾ ਗੁਰ ਕੀਨ ਤਿਯਾਰੀ ॥ ਸੰਗਤਿ ਸੁਨਿ ਸੁਨਿ ਭਈ ਦੁਖਾਰੀ ॥
ਹਾਥ ਜੋਰਿ ਕਰਿ ਬਿਨੇ ਬਖਾਨੀ ॥ ਕੋ ਦਿਨ ਰਹੀਏ ਸੁਖਮਾਦਾਨੀ[1] ॥1097॥
ਕਿਸ ਕੋ ਦਰਸਨ ਕਰ ਹਮ ਜੀਵੈ ॥ ਤੁਮ ਦਰਸਨ ਤੇ ਸੀਤਲ ਥੀਵੈਂ ॥
ਬਿਨਤੀ ਤਿਨ ਕੀ ਸੁਨ ਕਰ ਸ੍ਵਾਮੀ ॥ ਗਿਰਾਂ ਬਖਾਨੀ ਅੰਤ੍ਰਜਾਮੀ ॥1098॥

॥ ਦੋਹਰਾ ॥

ਤੰਬੂ ਕਨਾਤ ਕੋਤਲਨ ਕਿਲੇ ਹਰੇ ਅਬ [ਸੋ][2] ਹੋਏ ॥
ਇਨ ਕਾ ਦਰਸਨ ਤੁਮ ਕਰੋ ਮਨੁ ਬਾਂਛਤ ਫਲੁ ਜੋਇ ॥1099॥

॥ ਚੌਪਈ ॥

ਪ੍ਰਤੀ ਫਰਾਸਨ ਗੁਰੂ ਅਲਾਵਾ ॥ ਕੀਲੇ ਰਹਿਨ ਦੇਨ ਇਸ ਥਾਵਾ ॥
ਐਸੇ ਕਹਿ ਕਰ ਕੂਚ[3] ਕਰਾਈ ॥ ਭੇ ਸ੍ਵਾਰ ਸਿਖਨ ਸੁਖਦਾਈ ॥1100॥

---

1. ਅ ਪੋਥੀ ਸੁਖਮਾਖਾਨੀ
2. ਅ ਪੋਥੀ ਵਿਚੋਂ
3. ੲ ਪੋਥੀ ਗਵਨ

ਹਰੇ ਸੁ ਕੀਲੇ ਹੋਵਤ ਭਏ ॥ ਜੋ ਦਰਸੇ ਤਿਨ ਕੇ ਦੁਖ ਗਏ ॥
ਅਬ ਲਗ ਤਿਨ ਕੀ ਪੂਜਾ ਹੋਵੇ ॥ ਸਫਲ ਮਨੋਰਥੁ ਸਿਖ ਦੁਖ ਖੋਵੈ ॥1101॥

(ਸੁਖਚੈਨ ਗਾਂਉ ਟਿਕਣਾ)

ਸੁਖ ਚੈਨ ਗਾਉ ਆਇ[1] ਥਿਰਾਇ ॥ ਸੁਨ ਕਰ ਸਿਖ ਸਭ ਮਿਲਨੇ ਆਇ ॥
ਰਸਤਾਂ ਲੈ ਲੈ ਸਿਖ ਬਹੁ ਆਵੈ ॥ ਅਰਪ ਅਰਪ ਮਨ ਬਹੁ ਹਰਖਾਵੈ ॥1102॥
ਦੇਗ ਗੁਰੂ ਕੀ ਭਈ ਤਿਯਾਰੇ ॥ ਜੋ ਆਵੈ ਸੋ ਲੇਯ ਅਹਾਰੇ ॥
ਕਾਰਦਾਰ ਤਬ ਮਿਲਨੇ ਆਵਾ ॥ ਧਰੀ ਅਕੋਰੰ ਸੀਸ ਨਿਵਾਵਾ ॥1103॥
ਨਦੀ ਨਿਕਟ ਦੇਖੀ ਗੁਰ ਪੂਰੇ ॥ ਤਿਸੇ ਪ੍ਰਤੀ ਸੁਨ ਕਹਿ ਬਚ ਰੂਰੇ ॥
ਸਰਨਾਰੀਆ[2] ਲਿਆਵਨ ਕਰੋ ॥ ਅਪਗਾ ਤਰੈ ਹਰਖ ਚਿਤ ਧਰੋ ॥1104॥
ਪਾਨ ਜੋਰੁ ਤਿਨ ਗਿਰਾ ਬਖਾਨੀ ॥ ਏਂ ਤੋ ਨਾਰੋ ਛੋਟੋ ਪਾਨੀ ॥
ਸ੍ਰੀ ਗੁਰ ਬੋਲੇ ਆਬ ਅਗਾਧੂ ॥ ਨਾਰਾ ਨਾਰੀ ਨਦ ਅਬਾਧੂ ॥1105॥

॥ ਦੋਹਰਾ ॥

ਗੁਰਬਾਨੀ ਕੋ ਅਕਨ ਕਰ ਮਨ ਮੋ ਅਚਰਜ ਧਾਰ ॥
ਬਹੁ ਸਰਨਾਹਾ ਤਿਸ ਦਈ ਦਿੱਖ ਗੁਰ ਮਨ ਹਰਖਾਰ ॥1106॥

॥ ਹਾਕਲ ਛੰਦੁ ॥

ਤਬ ਤਾਰਨ ਪ੍ਰਤੀ ਦਿਵਾਈ ॥ ਇਕ ਲੀਨੀ ਗੁਰ ਸੁਖਦਾਈ ॥
ਤਬ ਚਾਲੇ ਤਰਨੇ ਹੇਤਾ ॥ ਜਿਨ ਗਾਡਾ ਧਰਮੰ ਕੇਤਾ ॥1107॥
ਜਬ ਜਲ ਮੋ ਪਾਦ ਛੁਆਵਾ ॥ ਤਬ ਮਿਲਨੇ ਜਲਪਤ ਆਵਾ ॥
ਇਕ[3] ਨੀਰਜ ਭੇਟਾ[3] ਦੀਨਾ ॥ ਗੁਰ ਲੀਨੋ ਮਨ ਹਰਖੀਨਾ ॥1108॥
ਤਬ ਤਰਤ ਭਏ ਸੁਖਦਾਈ ॥ ਮੰਨ ਜਾਗੀ ਪ੍ਰੀਤ ਸਵਾਈ ॥
ਤਬ ਸੂਬਾ ਸਿੰਘ ਹੜ ਚਾਲਾ ॥ ਗੁਰ ਦੇਖਤ ਭਾਯੋ ਬਿਹਾਲਾ ॥1109॥
ਤਿਸ ਬਾਹ ਗੁਰ ਗਹਿ ਲੀਨੀ ॥ ਤਟ ਚਾੜਾ ਹਾਸੀ ਕੀਨੀ ॥
ਤਬ ਗੁਰ ਜੀ ਬਾਹਰ ਆਏ ॥ ਮਿਲ ਦੇਖੈ ਲੋਕ ਸਬਾਏ ॥1110॥
ਸੋ ਨਾਰਾ ਭਯਾ ਅਪਾਰਾ ॥ ਬਿਨ ਬੇੜੀ ਕੋਇ ਨ ਪਾਰਾ ॥
ਤਬ ਕੇਵਟ ਨੌਕਾ ਆਂਦੀ ॥ ਸੁਭ ਵਾਰ ਪਾਰ ਚੜਿ ਜਾਂਦੀ ॥1111॥
ਤਬ ਸਿਖਨ ਅਰਜੀ ਗਾਈ ॥ ਕਿਮ ਅਪਗਾ ਭਈ ਸਵਾਈ ॥
ਸ੍ਰੀ ਸਤਿਗੁਰ ਗਿਰਾ ਬਖਾਨੀ ॥ ਜਿਦ ਪੀਰ ਮਿਲਾ ਹਰਖਾਈ ॥1112॥

॥ ਦੋਹਰਾ ॥

ਗੁਰ ਨਾਨਕ ਜਬ ਬਪ ਧਰਾ ਲੋਦੀ ਖਾਜਾ ਕੀਨ ॥
ਭਈ ਗਾਥ ਸੁਲਤਾਨ ਪੁਰ ਭੇਟ ਕਮਲ ਤਿਸ ਦੀਨ ॥1113॥

---

1. ਮੂਲ ਪੋਥੀ ਆਉ 2. ਅ ਪੋਥੀ ਪਾਠਾਂਤਰ: ਤੁਮ ਸਰਨਾਹੀ
3 ਅ ੲ ਪੋਥੀ ਪਾਠਾਂਤਰ: ਕੰਜ ਭੇਟ ਤਬ

॥ ਚੌਪਈ ॥

ਬੇਦ ਦਿਨਾ[1] ਗੁਰ ਡੇਰਾ ਰਾਖਾ ॥ ਸੰਗਤਿ ਆਵੈ ਕਰਿ ਅਭਿਲਾਖਾ ॥
ਨਦੀ ਵਿਖੇ ਗੁਰ ਤਾਰੀ ਲੇਵੈ ॥ ਸਿਖਨ ਕੋ ਮਨ ਬਾਂਛਤ ਦੇਵੈ ॥1114॥
ਸ੍ਰੀ ਗੁਰ ਜੀ ਜਬ ਭਏ ਤਿਯਾਰਾ ॥ ਜਲ ਹਟਗਾ ਤਬ ਹੋਵਾ ਨਾਰਾ ॥
ਚੜ ਗੁਜਰਾਤੇ ਸ੍ਰੀ ਗੁਰ ਅਏ ॥ ਸੰਗਤ ਭੇਟਾ ਅਰਪਨ ਕਏ ॥1115॥
ਸਾਹਿਬ ਸਿੰਘ ਭੰਗੀ ਤਬ ਆਯੋ ॥ ਏਕ ਅਸ੍ਵ ਤ੍ਰਿਨ ਭੇਟ ਚਢਾਯੋ ॥
ਔਰ ਸੁ ਸੇਵਾ ਕਰੀ ਬੁਨਾਈ ॥ ਬਾਰ ਬਾਰ ਗੁਰ ਤੇ ਬਲ ਜਾਈ ॥1116॥
ਬਾਂਨੇ ਪਿੰਡ ਥੀ ਇਕ ਸਿਖ ਆਵਾ ॥ ਪਾਨ ਜੋਰ ਕਰ ਸੀਸ ਨਿਵਾਵਾ ॥
ਮੇਰਾ ਗ੍ਰਹ ਪਾਵਨ ਗੁਰ ਕਰੀਏ ॥ ਦੀਨ ਦਿਆਲ ਬ੍ਰਿਦ ਬਿਚਰੀਏ ॥1117॥
ਜੈਸੇ ਸਵ੍ਰੀ ਸਦਨ ਸਿਧਾਰੇ ॥ ਤੈਸੇ ਮੋ ਪਰ ਹੋਹ ਦਿਆਰੇ ॥
ਜਬੈ ਦੀਨ ਹੁਇ ਬਿਨਤੀ ਗਾਈ ॥ ਕਮਲ ਬਦਨ ਬਿਗਸੇ ਹਰਖਾਈ ॥1118॥

॥ ਦੋਹਰਾ ॥

ਸ੍ਰੀ ਗੁਰ[2] ਜੀ ਤਬ ਕੂਚ ਕਰ ਚਾਲੇ ਬਾਂਕੇ ਗਾਉ ॥
ਅਸਨ ਕਰ ਤਿਸ ਹੇਤ ਧਰ ਭੂੰਚਾਵਾ ਹਿਤੁ ਲਾਉ ॥1119॥
ਸੈਂਧਵਾਂ ਇਕ ਬਿਤ ਬਸਨ ਬਹੁ ਏਕ ਦੁਸਾਲਾ ਸਾਥ ॥
ਮੈ ਗੁਲਾਮ ਪਰਵਾਰ ਜੁਤ ਲੀਜੇ ਭੇਟਾ ਨਾਥ ॥1120॥
ਹੈ ਭਵ ਦੁਸਤਰ ਅਤ ਘਨਾ ਇਸ ਤੇ ਕੀਜੈ ਪਾਰ ॥
ਕਾਂਮੀ ਕੁਚਲ ਕਠੋਰ ਮੈ ਪਰਾ ਹਾਰ ਦਰਬਾਰ ॥1121॥

॥ ਚੌਪਈ ॥

ਤਿਸ ਕੀ ਬਿਨੈ ਸੁਨੀ ਗੁਰ ਪੂਰੇ ॥ ਭਏ ਹਰਖ ਭਾਖੇ ਬਚ ਰੂਰੇ ॥
ਵਾਹਿਗੁਰੂ[3] ਸਿਮਰੋ ਹਿਤ ਲਾਈ ॥ ਸੰਤਨ ਸੇਵ ਕਰੋ ਹਿਤ ਲਾਈ ॥1122॥
ਵੰਡ ਖਾਵੋ ਸੁਧ ਕਰ ਬਿਹਾਰੂ ॥ ਅੰਤ ਕਾਲ ਪਾਵੋ ਸੁਖ ਸਾਰੂ ॥
ਗੁਰ ਨਾਨਕ ਕੇ ਚਰਨ ਮਨਾਵੋ ॥ ਗੁਰੂ ਗ੍ਰੰਥ ਕੀ ਬਾਨੀ ਗਾਵੋ ॥1123॥
ਵਜੀਰਾਵਾਦ ਕੇਰ ਸਰਦਾਰ ॥ ਜੋਧ ਸਿੰਘ ਆਵਾ ਹਿਤੁ ਧਾਰ ॥
ਦੋਇ ਕਿਕਾਨ ਇਕ ਵਡ ਦੁਸਾਲਾ ॥ ਪੰਜ ਸੈ ਰੂਪੀ ਪ੍ਰੀਤ ਬਿਸਾਲਾ ॥1124॥
ਪਾਦ ਕੰਜ ਪਰ ਸੀਸ ਨਿਵਾਯੋ ॥ ਬਾਰ ਬਾਰ ਗੁਰ ਕਾ ਯਸ ਗਾਯੋ ॥
ਹਾਥ ਜੋਰ ਕਰ ਅੰਰਜੀ ਕੀਨੀ ॥ ਮੈ ਸੇਵਕ ਹੌ ਅਤਸੇ ਦੀਨੀ ॥1125॥

**(ਬਾਬਾ ਸਾਹਿਬ ਸਿੰਘ ਦਾ ਵਜ਼ੀਰਾਬਾਦ ਜਾਣਾ)**

॥ ਦੋਹਰਾ ॥

ਵਾਦ ਵਜੀਰਾ ਸੁਧ ਕਰੋ ਪਾਵਨ ਪਾਇਨ ਪਾਇ ॥
ਹਮ ਗੁਲਾਮ ਹੈ ਆਪ ਕੇ ਕਰ ਨਿਹਾਲ ਸੁਖਦਾਇ ॥1121॥

---

1. ੲ ਪੋਥੀ ਪਾਠਾਂਤਰ: ਚਾਰ ਦਿਵਸ 2. ੲ ਪੋਥੀ ਸਤਿਗੁਰੂ 3. ੲ ਪੋਥੀ ਸਤਿਨਾਮ

ਸਾਹਿਬ ਸਿੰਘ ਭੰਗੀ ਕੌ ਸਿਰੇਪਾਇੰ ਗੁਰ ਦੀਨ ॥
ਬਿਦਾ ਕਯੋ ਗ੍ਰਹ ਕੌ ਗਯੋ ਸੰਗਤ ਬੁਲਾਵਨ ਕੀਨ ॥1127॥

॥ ਚੌਪਈ ॥

ਸਿਰੇਪਾਇ ਸਭ ਕੋ ਗੁਰ ਦੀਨੇ ॥ ਆਪ ਸਵੰਾਰ ਭਏ ਹਰਖੀਨੇ ॥
ਵਜੀਰਾਵਾਰ ਆਇ ਬਿਰਾਨੇ ॥ ਜਿਨ ਦਰਸੇ ਅਘ ਕੋਟ ਪਰਾਨੇ ॥1128॥
ਸੰਗਤ ਮਿਲ ਮਿਲ ਦਰਸਨੁ ਆਵੈ ॥ ਮਨ ਬਾਂਛਤ ਗੁਰ ਤੈ ਬਰ ਪਾਵੈ ॥
ਜੋਧ ਸਿੰਘ ਬਹੁ ਸੇਵਾ ਕੀਨੀ ॥ ਮੈਦਾ ਸਰਪੀ ਸੂਪੰ ਦੀਨੀ ॥1129॥
ਮਰਚੀ ਧਨੀਆ ਔਰੁ ਮਸਾਲੇ ॥ ਦੂਧ ਦਹੀ ਮਟਕੇ ਭਰ ਨਾਲੇ ॥
ਘਾਸੰ ਲਕਰੀ ਬਹੁ ਪਚਾਵੈ[1] ॥ ਪੂਛ ਪੂਛ ਸਭ ਸੇਵ ਕਮਾਵੈ ॥1130॥
ਤ੍ਰਿਭਵਨ ਸਾਹਨ ਸਾਂਹ ਬਿਲੋਕਾ ॥ ਜੁਰੇ ਵਜੀਰਾਵਾਦੀ ਲੋਕਾ ॥
ਤਿਹ ਪੁਰ ਏਕ ਭਗਤ ਥੋ ਆਛੋ ॥ ਸਾਧੂ ਸੇਵ ਮੁਨ ਅਨਦਿਨੁ ਬਾਂਛੋ ॥1131॥
ਗ੍ਰਹਸਤਾਸ੍ਰਮ[2] ਮਹੁ ਰਹਤ ਉਦਾਸੀ ॥ ਗਤਿ ਮੁਰਬਾਬੀ ਕਮਲ ਪ੍ਰਕਾਸੀ ॥
ਜਵਾਹਰ ਸਿੰਘ ਨਾਮੁ ਬਖਾਨੇ ॥ ਵਾਹਿਗੁਰੂ ਬਿਨੁ ਅਵਰ ਨ ਜਾਨੇ ॥1132॥

॥ ਦੋਹਰਾ ॥

ਇਕ ਸੰਸਾ ਤਿਹ ਮਨ ਸਦਾ ਰਹਤ ਮਿਲਯੋ ਅਵਿਵੇਕ ॥
ਕਵਨ ਠੌਰ ਈਸੂਰ ਬਸਤ ਜਗ ਮੈ ਜੀਵ ਅਨੇਕ ॥1133॥

॥ ਚੌਪਈ ॥

ਇਹ ਬਿਧਿ ਤਿਹ ਮਨ ਅਨੁ ਦਿਨੁ ਸੰਸਾ ॥ ਭ੍ਰਮ ਬਸ ਰਹੇ ਤਾਸ ਕੋ ਅੰਸਾ ॥
ਤਿਨਹੂੰ ਸੁਨਾ ਅਏ ਗੁਰ ਪੂਰੇ ॥ ਪੁਰ ਤਾਰਨ ਜਿਨ ਬੈਨਨਿ[3] ਰੂਰੇ ॥1134॥
ਸੁ ਪ੍ਰਸੰਨ ਭਾ ਗੁਰ ਕੋ ਆਵਨੁ ॥ ਮੇਘ ਗਰਜ ਸੁਨਿ ਮੋਰ ਹਰਖਾਵਨੰ ॥
ਚਿਤ ਬਿਚਾਰ ਆਪਨ ਅੈਸ ਕਰਈ ॥ ਪ੍ਰਭੁ ਰਵਿ ਕ੍ਰਿਪਾ ਭ੍ਰਾਂਤ ਤਮ ਹਰਈ ॥1135
ਇਹ ਭ੍ਰਮ ਨਾਮ[4] ਭਯਾਨੁਕ ਭਾਰੀ ॥ ਚਿਰੁ ਕੋ ਮਨ ਹਿਯ ਕਾਨਨ ਚਾਰੀ ॥
ਅਬ ਪ੍ਰਭ ਕੇਸਰਿ ਘਾਹਿ ਛਿਦੇ ਹੈ ॥ ਗਯਾਨ ਅਭੈ ਪਦ ਮੋ ਸੰ ਦੈ ਹੈ ॥1136॥

॥ ਦੋਹਰਾ ॥

ਅਸ ਵਿਚਾਰ ਫ਼ਿਰਧ੍ਯਾਰ ਮਨ ਲੇ ਭੇਟਾਂ ਹਰਖਾਇ ॥
ਭ੍ਰਾਂਤ ਬਿਨਾਸਨ ਹੇਤੁ ਤਬ ਪ੍ਰਭ ਢਿਗ ਪਹੁਚਾ ਆਇ ॥1137॥

॥ ਚੌਪਈ ॥

ਅਗੋਂ ਸ੍ਰੀ ਕਰਣੁ ਨਿਧਿ ਸ੍ਵਾਮੀ ॥ ਮੰਚ ਬਿਰਾਜੇ ਅੰਤਰਜਾਮੀ ॥
ਭ੍ਰਿਤ ਪਰਵਾਰ ਅਮਿਤ ਹੀ ਛਾਜਤ ॥ ਭੀਤਰ ਸ੍ਰੀ ਮਹਾਰਾਜ ਬਿਰਾਜਤ ॥1138॥

---

1. ਅ ਪੋਥੀ ਪਹੁਚਾਵੈ 2. ੲ ਪੋਥੀ ਗ੍ਰਹਸਤਆਸ੍ਰਮ 3. ਅ ਪੋਥੀ ਬੈਨਾ
4. ਅ ਪੋਥੀ ਠਾਰਾ

### (ਜਵਾਹਰ ਸਿੰਘ ਦੀ ਸ਼ੰਕਾ ਨਵਿਰਤੀ)

ਇਤੈ ਜਵਾਹਰ ਨਾਹਰ[1] ਆਯੋ ॥ ਨਿਕਟ ਮਖ ਜਹ ਸਿਖ ਸਮਦਾਯੋ ॥
ਨਿਰਖ ਭੀਰ ਜਗਦੀਸੂ ਰੀਤਾ ॥ ਰਹਾ ਠਾਢਾ ਬਸ ਸੁਕਚ ਸਰੀਰਾ ॥1139॥
ਦੋਇ ਘੰਰੀ ਜਬ ਬੀਤਤ ਭਈ ॥ ਸੰਗਤ ਭੀਰ ਤਬੈ ਹਟ ਗਈ ॥
ਕਮਲਨੈਨ ਜੀ ਪੂਛਨ ਕੀਨਾ ॥ ਕਯੋ ਤੂ ਠਾਢਾ ਰਹੋ ਪ੍ਰਬੀਨਾ ॥1140॥
ਸ੍ਰੀ ਗੁਰ ਜੀ ਜਬ ਪੂਛਨ ਕੀਯੋ ॥ ਮਨ ਮੋ ਹਰਖਾ ਸੀਤਲ ਥੀਯੋ ॥
ਭੇਟਾ ਰਾਖੀ ਚਰਨ ਗਹਾਨੇ ॥ ਬਾਰੰ ਬਾਰ ਜਾਵਤ ਕੁਰਬਾਨੇ ॥1141॥

॥ ਦੋਹਰਾ ॥

ਪਾਨ ਜੋਰ ਕਰ ਕਹਤੰ ਭਾ ਸੁਨੀਏ ਬੇਦੀ ਰਾਇ ।
ਈਸੁਰੁ ਕਹਾਂ ਬਿਰਾਜਤੋ ਦੀਜੈ ਮੁਹਿ ਸਮਝਾਇ ॥1142॥
ਸੁਨ ਸਿਖ ਸੰਸੇ ਕੋ ਗੁਰੂ ਸਤਿਗੁਰ ਦੀਨ ਦਇਆਲ ॥
ਉਤ੍ਰ ਤਾਕੋ ਦੇਤ ਭੇ ਦੀਨਨ ਕਰਿ ਪ੍ਰਤਿਪਾਲ ॥1143॥

॥ ਛੰਦ ॥

ਘਟ ਘਟ ਅੰਤਰਿ ਸਰਬ ਨਿਰੰਤਰ ਏਕੋ ਪੁਰਖੁ ਸਮਾਨਾ ॥
ਮੋਹਿ ਸੂਤ ਕਰੁ ਬਾਂਧੇ ਪ੍ਰਾਨੀ ਆਪ ਆਪ ਬਿਸਰਾਨਾ ॥
ਸਤਿਗੁਰ ਸਾਧਨ ਜੌ ਲਗੁ ਪਾਵੈ ਤੌ ਲਗ ਸੁਧ ਨ ਗਯਾਨਾਂ ॥
ਜੈਸੇ ਕੁੰਭ ਉਦਕ ਭਰ ਰਾਖੇ ਸਬਹੂੰ ਮੈ ਨਭ ਭਾਨਾ ॥1144॥
ਘਟ ਬਿਨਾਸਤੇ ਨਭ ਨ ਬਿਸਾਨੇ ਅਚਲ ਰੀਤ ਠਹਿਰਾਨਾ ॥
ਤੈਸੇ ਹੀ ਯਾ ਜਗ ਕੀ ਰਚਨਾ ਜਾਨ ਪਰੇ ਅਨੁਮਾਨਾ ॥
ਸਰਬੰ ਬਯਾਪੀ ਆਤਮੁ ਨਭ ਜਿਮ ਆਦਿ ਮਧਿ ਅਵੰਸਾਨਾ ॥
ਐਸੇ ਕਹਿ ਕਰ ਉਤਰ ਅਪੂਰਬ ਦੀਯੋ ਗ੍ਰੰਥ ਪ੍ਰਮਾਨਾ ॥1145॥

॥ ਤਥਾ ਬਾਕਯੰ ॥[2]

ਦੁਇ ਦੁਇ ਲੋਚਨਿ ਪੇਖਾ ॥ ਹਉ ਹਰਿ ਬਿਨੁ ਅਵਰੁ ਨ ਦੇਖਾ ॥
ਨੈਨ ਰਹੇ ਰੰਗੁ ਲਾਈ ॥ ਅਬ ਬੇਗਲ ਕਹਨ ਨ ਜਾਈ ॥੧॥
ਹਮਰਾ ਭਰਮੁ ਗਇਆ ਭਉ ਭਾਗਾ ॥ ਜਮ ਰਾਮੁ ਨਾਮੁ ਚਿਤੁ ਲਾਗਾ ॥ਰਹਾਉ॥
ਬਾਜੀਗਰ ਸੂਂਗ ਸਕੇਲਾ ॥ ਅਪੁਨੇ ਰੰਗੁ ਰਵੈਂ ਅਕੇਲਾ ॥੨॥
ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੈ ਹਿਰਦੈ ਰਹਿਆ ਸਮਾਈ ॥੩॥
ਗੁਰ ਕਿਚਤ ਕ੍ਰਿਪਾ ਕੀਨੀ ॥ ਸਭ ਤਨੁ ਮਨੁ ਦੇਹ ਹਰਿ ਲੀਨੀ ॥
ਕਹਿ ਕਬੀਰ ਰਾਮ ਰੰਗਿ ਰਾਤਾ ॥ ਮਿਲਿਓ ਜਗ ਜੀਵਨ ਦਾਤਾ ॥੪॥

---

1. ੲ ਪੋਥੀ ਸਿੰਘ
2. ੲ ਪੋਥੀ ਪਾਠਾਤਰ : ਤਥਾ ਵਾਕਯ ਭਕਤ ਕਬੀਰ ਜੀ ਕੇ

॥ ਦੋਹਰਾ ॥

ਕਮਲਨੈਨ ਕੇ ਬੈਨ ਸੁਨ ਜਵਾਹਰ ਹਰਿ ਹਰਖਾਇ ॥
ਪਾਨ ਜੋਰ ਉਸਤਤਿ ਕਰੀ ਗਿਰਾ ਮਧਰ ਮਨੁ ਲਾਇ ॥1146॥
ਮੋ ਮਨ ਸੰਸਯ ਤਪਤ ਅਤਿ ਚਿਰ ਕੀ ਹੁਤੀ ਅਤੋਲ ॥
ਤੁਮ ਸਿਰਾਇ ਦੀਨੀ ਪ੍ਰਭੂ ਛਿਰਕ ਨੀਰ ਮ੍ਰਿਦੁ ਬੋਲੁ ॥1147॥

॥ ਸੋਰਠਾ ॥

ਸਹੀ ਸਤ ਅਵਤਾਰ ਕਲਾ ਧਾਰ ਆਗਾਰ ਤੁਮ ॥
ਕਲਾ ਪ੍ਰਪੂਰਨ ਧਾਰ ਧਰਮ ਸੇਤ ਜਗ ਮੈ ਰਖਯੋ ॥1148॥

॥ ਚੌਪਾਈ ॥

ਜਯ ਜਯ ਜੈ ਜਗਦੀਸ ਗੁਸਾਈ ॥ ਦੀਨ ਦਿਆਲ ਸਦਾ ਸੁਖਦਾਈ ॥
ਮੋ ਪਰ ਮਿਹਰ ਕਰੀ ਸੁਖਦਾਤੇ ॥ ਸੇਵਕ ਤਾਰਨ ਭੇ ਬਿਖਯਾਤੇ ॥1149॥
ਜਵਾਹਰ ਸਿੰਘ ਕਹੈ ਸੁਜਾਨਾ ॥ ਸੰਸਾਰ ਉਸਾਰਾ ਗਹਿ ਕਰ ਪਾਨਾ ॥
ਟਰੀ ਪਯਾਸ ਬਿਖਯਨ ਕੀ ਐਸੇ ॥ ਸੂਮਜੁ [1]ਕਰ ਨਿਸ ਨਾਸੇ[1] ਜੈਸੇ ॥1150॥

॥ ਕਬਿਤ ॥

ਕੋਕਲਾ ਕਰਤ ਕਾਗ ਬਕ ਤੇ ਕਰਤ ਹੰਸ
ਕੰਚਨ ਮਨੂਰ ਤੇ ਕਰੰਤ ਗਤ ਏਸੀ ॥
ਬਾਬੁਰੈ [2]ਕਲਪ ਤਰ ਬਾਝ ਗਾਇ ਕਾਮਧੇਨ ॥
ਵਰਫੈ[3] ਕਰੰਤ ਬਿਧ ਪਾਪ ਤੇ ਬੇਦੇਸੀ ਹੈ ॥
ਇਰੰਡ ਪਟੀਰ ਸਿੰਘ ਨੀਰ ਕੌ ਅਮੀ ਕੇ ਸਮ
ਕੂਕਰ ਕੌ ਕੇਸਰੀ ਬਨਾਵਤ ਸੁ ਦੇਸੀ ਹੈ ॥
ਕਹੈ ਸੋਭਾ ਰਾਮ ਦੇਵ ਕਰਤ ਮਨੁਛ ਬੇਗ
ਜੇਈ ਤੁਮ ਮੰਤ੍ਰ ਨਿਰੰਤ੍ਰ ਉਪਦੇਸੀ ਹੈ ॥1151॥
ਮਾਯਾ ਬਹੁ ਪਾਇਨ ਸਿਰਾਨੀ ਆਗਿ ਲੋਭ ਹੂ ਕੀ
ਭੋਜਨੁ ਅਨੇਕਾ ਖਾਇ ਤ੍ਰਿਸਨ ਨ ਗਈ ਹੈ ॥
ਸੁੰਦਰ ਅਜੂਬ ਨਾਰ ਭੋਗਨਿ ਬਿਸਾਰੇ ਭੋਗ
ਕਾਨਨ ਕੇ ਤਾਨ ਕੀ ਨ ਲਾਲਸਾ ਘਟਈ ਹੈ ॥
ਰੂਪ ਕੌ ਬਿਲੋਕ ਕੈ ਤ੍ਰਿਪਤਿ ਨ ਨੈਨ ਭਏ
ਬਾਸਨਾ ਕੌ ਲੇਤ ਨਹਿ ਨਾਸਕਾ ਅਘਾਈ ਹੈ ॥
ਥਾਰੋ ਰੂਪ ਦੇਖਿ ਕੈ ਸਬਰ ਕੀਯੋ ਇੰਦ੍ਰੈ ਸਬ
ਆਤਮ ਪਛਾਨ ਸੋਭਾ ਰਾਮ ਸਾਂਤ ਪਾਈ ਨੂੰ ॥1152॥

---

1. ਅ ਪੋਥੀ ਪਾਠਾਂਤਰ: ਉਦੈ-ਮਾਤ੍ਰ ਨਿਸ
2. ਅ ਪੋਥੀ ਬੂਹਰੈ
3. ਅ ਪੋਥੀ ਫੂਹਰੈ

ਪ੍ਰੇਮ ਕੀ ਉਮੰਡ ਚੰਗ ਘਟਾ ਰੰਗ ਰੰਗ ਹੂੰ ਕੀ
ਨੈਨ ਨੀਰ ਸਾਂਤਕ ਸੁਰੰਗ ਬੂੰਦ ਗਜਾਤ ਕੀ ॥
ਮੀਠੀ[1] ਮੁਸਕਾਨ ਦੰਤ ਦਾਮਿਨੀ ਦਿਪੰਤ ਚਾਰ
ਉਜਲ ਲਿਬਾਸ ਜੋਰ ਸੋਰ ਬਕ ਪਾਤਕੀ ॥
ਗਾਯਕਨ ਬੋਲ ਸੋ ਕਲੋਲ ਮੋਰਵਾ ਕੋਲੋਲ
ਗਨਤੀ ਤ੍ਰਿਨਾਟਕਾ ਗਟੀ ਹੈ ਤੀਨ ਵਾਤ ਕੀ ॥
ਸੋਭਾ ਰਾਮ ਚਾਤ੍ਰਿਕ ਤ੍ਰਿਪਤਿ ਭਯੋ ਨੀਕੀ ਨਾਥ
ਰਾਵਰੋ ਦੀਦਾਰ ਕੈ ਬਹਾਰ ਬਰਸਾਤ ਕੀ ॥1153॥

॥ ਦੋਹਰਾ ॥

ਸੁਨਿ ਕਰ ਤਿਸ ਕੇ ਬੈਨ ਕੋ ਕਮਲਨੈਨ ਹਰਖਾਇ ॥
ਪਾਗ ਬੰਧਾਈ ਸੀਸ ਪਰ ਵਾਹਿਗੁਰੂ ਮੁਖ ਗਾਇ ॥1154॥
ਜੰਪਕ ਤੇ ਮ੍ਰਿਗਰਾਜ ਭਾ ਸਤਿਗੁਰ ਕੇ ਪ੍ਰਤਾਪ ॥
ਨਾਇ ਸੀਸ ਸਦਨੰ ਗਯੋ ਮੇਟੇ ਤੀਨੋ ਤਾਪੁ ॥1155॥

॥ ਚੌਪਈ ॥

ਸੰਗਤਿ ਚਲਿ ਚਲਿ ਦਰਸਨ ਆਵੈ ॥ ਭੇਟਾ ਆਰਪਿ ਸੀਸ ਨਿਵਾਵੈ ॥
ਜੋਧ ਸਿੰਘ ਬਹੁ ਸੇਵਾ ਕੀਨੀ ॥ ਮਨ ਬਚ ਬਾਨੀ ਭਏ ਅਧੀਨੀ ॥1156॥
ਸੇਵਾ ਸਿੰਘ ਸੁਨ ਗਥ ਰੂਰੀ ॥ ਜਾਸ ਸੁਨੇ ਅਘ ਹੋਵੈ ਚੂਰੀ ॥

### (ਭਾਈ ਬਲਾ ਸਿੰਘ ਦੀ ਕਥਾ)

ਏਕ ਫਰੂਕੈ ਨਗਰ ਕਹਾਵੈ ॥ ਬਲਾ ਸਿੰਘ ਜੀ ਤਹਿ ਰਹਾਵੈ ॥1157॥
ਗੁਰਸਿਖੀ ਮੋ ਅਤਿਸੇ ਪੂਰਾ ॥ ਕਾਮ ਆਦਿ ਜਿਨ ਕੀਨੋ ਚੂਰਾ ॥
ਬੈਲਨ ਪਰ ਤਿਨ ਸੌਦਾ ਪਾਵਾ ॥ ਬਜੀਰਾਬਾਦੇ ਆਯੋ ਹਰਖਾਵਾ ॥1158॥
ਗੋਬਿੰਦ ਸਿੰਘ ਮਿਲਨੇ ਇਛਾ ਭਾਰੀ ॥ ਮਨ ਮੋ ਜਾਗੀ ਵਾਰ ਨ ਪਾਰੀ ॥
ਬਾਰ ਬਾਰ ਹਰਿ ਕੇ ਗੁਨ ਗਾਵੈ ॥ ਪਾਨ ਜੋਰ ਕਰ ਬ੍ਰਿਨੈ ਅਲਾਵੈ ॥1159॥

॥ ਦੋਹਰਾ ॥

ਗੁਰ ਪੂਰਾ ਪ੍ਰੇਰੋ ਹਰੀ ਮੋ ਕੌ ਦੇਇ ਦਿਦਾਰੁ ॥
ਤਿਨ ਉਪਦੇਸਿ ਕੁ ਅਕਨ ਕਰ ਹੋਵੋ ਭਵ ਤੇ ਪਾਰ ॥1160॥

॥ ਚੌਪਈ ॥

ਬਾਦ ਬਜੀਰਾ ਪਾਸ ਬਿਰਾਨਾ ॥ ਸੌਦਾ ਲੇ ਲੇ ਮਨ ਹਰਖਾਨਾ ॥
ਤਿਸ ਮਨੁ ਪ੍ਰੇਮ ਲਖਾ ਗੁਰ ਪੂਰੇ ॥ ਹੈ ਮਗਾਵਾ ਕਹਿ ਬਚ ਰੂਰੇ ॥1161॥
ਸੇਵਕ ਬਰ ਜੇ ਸਰਬ ਹਟਾਏ ॥ ਹੋਇ ਇਕਾਂਕੀ ਗੁਰੂ ਸਿਧਾਏ ॥
ਬਲਾ ਸਿੰਘ ਜਿਸ ਥੋਰੀ[2] ਮਾਹੀ ॥ ਜਾਤ ਭਏ ਗੁਰ ਤਿਸ ਕੇ ਪਾਂਹੀ ॥1162॥

---

1. ਮੂਲ ਪੋਥੀ ਮੀਸੀ    2. ਅ ਪੋਥੀ ਥੋੜੀ

ਚੰਦ ਬਦਨ ਤਿਸੁ ਪ੍ਰਤਿ ਬਚ ਗਾਵਾ ॥ ਕਯੋਂ ਬੈਠਾ ਤੂੰ ਮਨ ਮੁਰਝਾਵਾ ॥
ਸੁਨ ਗੁਰ ਬਚ ਤਬ ਨੈਨ ਖੁਲਾਨੇ ॥ ਜਿਸ ਕੇ ਜਾਗੇ ਭਾਗ ਮਹਾਨੇ ॥1163॥
ਸ੍ਰੀ ਗੁਰ ਪੂਰੇ ਅਸ੍ਵ ਤਿਆਗਾ ॥ ਬਲਾ ਹਰਿ ਉਠ ਚਰਨੀ ਲਾਗਾ ॥
ਭੂਰੇ ਊਪਰਿ ਬੈਸਿ ਗੁਰ ਗਏ ॥ ਤਿਸ ਪ੍ਰਤਿ ਬਾਨੀ ਸੁਭਗ ਅਲਏ ॥1164॥

॥ ਦੋਹਰਾ ॥

ਕਯਾ ਤੇਰੇ ਮਨ ਇਛ ਹੈ ਦੇਵੋਂ ਹਮੇ ਸੁਨਾਇ ॥
ਸੁਨ ਕਰ ਐਸੇ ਬੈਨ ਕੋ ਪਰਾ ਚਰਨ ਉਲਕਾਇ ॥1165॥

॥ ਚੌਪਈ ॥

ਨੈਨਨ ਧਾਰ ਚਲੀ ਜਲ ਤੀਖੀ ॥ ਗਦ ਗਦ ਬੋਨੀ ਅਮੀ ਸਰੀਖੀ ॥
ਭਵ ਤੇ ਪਾਰ ਕਰੋ ਗੁਰ ਪੂਰੇ ॥ ਅਗਯਾਨੁ ਬਿਨਾਸੇ ਸਤਿਗੁਰ ਸੂਰੇ ॥1166॥
ਤ੍ਰਾਹਿ ਤ੍ਰਾਹਿ ਮੈ ਸਰਨੀ ਆਵਾ ॥ ਜਨਮ ਮਰਨ ਕੋ ਮੇਟੋ ਹਾਵਾ ॥
ਸਿਖ ਜਾਨ ਮੁਹਿ ਕਰੋ ਉਧਾਰਾ ॥ ਦੋਸ ਨ ਗਨੀਏ ਸ੍ਰੀ ਕਰਤਾਰਾ ॥1167॥
ਸੁਨ ਹਜੂਰ ਕਹੀ ਸੁਭ ਬਾਨੀ ॥ ਜਗ ਕੋ ਜਾਨੋ ਸੁਪਨ ਸਮਾਨੀ ॥
ਦ੍ਰਿਸਟਮਾਨ ਹੈ ਜਿਤੋ ਪਸਾਰਾ ॥ ਤਿਸ ਬਿਨਸਤ ਕਛੁ ਲਗੇ ਨ ਬਾਰਾ ॥1168॥
ਜਿਨ ਰਥ ਨੇਮੀ ਸਿੰਧ[1] ਬਨਾਏ ॥ ਧੰਨੁ ਗੋ ਸੇਤੇ ਪਬ ਉਠਾਏ ॥
ਬਾਸਵ ਆਦਿਕ ਦੀਨ ਭਗਾਈ ॥ ਯੰਮਰਾਜ ਕੋ ਬੇਰੀ ਪਾਈ ॥1169॥
ਤੇ ਮਰ ਗੇ ਕੋ ਲੇਤ ਨ ਨਾਮਾ ॥ ਜਿਨ ਕੇ ਬਾਜਤ ਬਡੇ ਦਮਾਮਾ ॥
ਸ੍ਰੀ ਕਲਗੀਧਰ ਆਪੁ ਉਚਾਰਾ ॥ ਭੂਪ ਮਰੇ ਕੋ ਪਾਵੈ ਪਾਰਾ ॥1170॥

॥ ਪ੍ਰਮਾਨ ਦਸਵੈ ਮਹਲੁ ਜੀ ਕੋ ॥ ਕਬਿਤ ॥[2]

ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ
ਛਤ੍ਰ ਹੀ ਕੀ ਛਾਯਾ ਕਈ ਕੋਸ ਲੌ ਚਲਤ ਹੈ ॥
ਬਡੇ ਬਡੇ ਰਾਜਨ ਕੇ ਦਾਬਤ ਫਿਰਤ ਦੇਸ
ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤ ਹੈ ॥
ਮਾਨ ਸੇ ਮਹੀਪ ਔ ਦਿਲੀਪ ਕੈਸੇ ਛਤ੍ਰਧਾਰੀ
ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈ ॥
ਦਾਰਾ ਸੇ ਦਿਲੀਸਰ ਦੁਰਜੋਧਨ ਜੈਸੇ ਮਾਨ ਧਾਰੀ
ਭੋਗ ਭੋਗ ਭੂਮ ਅੰਤ ਭੂਮ ਮੈ ਮਿਲਤ ਹੈ ॥1171॥

॥ ਚੌਪਈ ॥

ਕਹਿ ਲਗ ਤਿਨ ਕੀ ਗਿਨਤੀ ਕੀਜੈ ॥ ਵਾਹਿਗੁਰੂ ਬਿਨੁ ਨਾਸ ਲਖੀਜੈ ॥
ਸਕਲ ਜਗਤ ਕੋ ਐਸੇ ਜਾਨੋ ॥ ਰਜ ਵਿਖੇ ਜਿਮ ਸਾਂਪ ਪਛਾਨੋ ॥1172॥

---

1. ਅ ੲ ਪੋਥੀ ਸਮੁਦ
2. ਅ ਪੋਥੀ ਪਾਠਾਂਤਰ: ਪਰਮਾਨ ਦਸਵੇ ਪਾਤਸ਼ਾਹੀ ੧੦ ॥ ਕਬਿਤ ॥ ਮਹਲਾ ੧੦ ॥

[1]ਵੈਰੰ ਪ੍ਰੀਤੀ[1] ਦੋਨੋ ਤਯਾਗੋ ॥ ਹਰਖ ਸੋਗ ਮੇ ਕਬੀ ਨ ਪਾਗੋ ॥
ਭੂਖ ਪਿਪਾਸਾ ਸਮ ਕਰ ਜਾਨੋ ॥ ਛਾਯਾ ਧੂਪ ਇਕੋ ਤੁਲ ਮਾਨੋ ॥1173॥
ਕੰਚਨ ਮਾਟੀ ਇਕੁ ਤੁਲੁ ਦੇਖੋ ॥ ਰੂਪ ਅਰੂਪੈ ਭੇਦ ਨ ਪੇਖੋ ॥
ਦੇਹ ਹੰ ਕੋ ਦੂਰ ਨਿਵਾਰੋ ॥ ਸਤ ਚਿਤ ਆਨੰਦ ਰਿਦ ਮੇ ਧਾਰੋ ॥1114॥

॥ ਦੋਹਰਾ ॥

ਮੁਖ ਆਭੰਜ ਅਸ ਬੈਨ ਕਹਿ ਬਾਨੀ ਬਹੁਰਿ ਅਲਾਇ ॥
ਪ੍ਰਸਾਦ ਤਿਆਰੇ ਜੋ ਕੁਛ ਹੈ ਹਮ ਕੋ ਦੇਹੁ ਖਵਾਇ ॥1175॥

॥ ਚੌਪਈ ॥

ਬਾਲਾ ਸਿੰਘ ਸੁਨ ਅਚਰਜ ਹੋਵਾ ॥ ਬਾਰ ਬਾਰ ਪਦ ਪੰਕਜ ਜੋਵਾ ॥
ਮੇਰੇ ਪਰ ਗੁਰ ਕੀਨੀ ਦਾਯਾ[2] ॥ ਕੀਟੀ ਤੇ ਗਜ ਰਾਜ ਬਨਾਯਾ ॥1176॥
ਮਛ ਕਛ ਨਰਹਰ ਤੂ ਹੋਵਾ ॥ ਨਰ ਨਾਰਾਇਣ ਬਾਵਨ ਜੋਵਾ ॥
ਰਾਮ ਕ੍ਰਿਸਨ ਤੁਮ ਨੇ ਬਪੁ ਧਾਰਾ ॥ ਗੁਰੂ ਨਾਨਕ ਹੁਇ ਜਗੁ ਨਿਸਤਾਰਾ ॥1177॥
ਸੋਈ ਸਾਹਿਬੁ ਸਿੰਘ ਕਹਾਵਾ ॥ ਮੋ ਕੋ ਤਾਰਾ ਬਿਨ ਬਿਲਮਾਵਾ ॥
ਐਸੇ ਕਹਿ ਸੁਭ ਮੇਵਾ ਆਨਯੋ ॥ ਗੁਰ ਕੌ ਦੀਨੋ ਮਨ ਹਰਖਾਨਯੋ ॥1178॥
ਕਿਛਕ ਮੇਵਾ ਮੁਖ ਗੁਰ ਪਾਯੋ ॥ ਮੰਦ ਮੰਦ ਬੋਲੇ ਹਰਖਾਯੋ ॥
ਤੁਮਰਾ ਮੇਵਾ ਐਸਾ ਪਯਾਰੇ ॥ ਬਿਦ੍ਰ ਸਾਕ ਜਿਮ ਖਾ ਤ੍ਰਿਪਤਾਰੇ ॥1179॥
ਐਸੇ ਕਹਿ ਗੁਰ ਸੀਤੰ ਸੁ ਦੀਨਾ ॥ ਬਲੇ ਹਰਿ ਮੁਖ ਪਾਵਨ ਕੀਨਾ ॥
ਪਾਵਤ ਹੀ ਖੁਲਿ ਗਏ ਕੇਪਾਟਾ ॥ ਭਯੋ ਸੁ ਠਾਟ ਔਰੁ ਹੀ ਠਾਟਾ ॥1180॥
[3]ਖਵੇਾਰ ਤਵਾਰ[3] ਗਿਰਾ ਧਰਿ ਊਪਰਿ ॥ ਦਤਾਤ੍ਰੇ ਵਤ ਭੲਯਾ ਸੁਖ ਸਾਗਰ ॥
ਚੜ ਕਰ ਅਸ੍ਵ ਗੁਰ ਦੇਰੇ ਆਏ ॥ ਦਿਖ ਦਿਖ ਸਿਖ ਮਨ ਮੈ[4] ਹਾਖਾਏ ॥1181॥

॥ ਦੋਹਰਾ ॥

ਭਾਈ ਬਲਾ ਸਿੰਘ ਜੀ ਭੇ ਅਲਮਸਤ ਤਿਸ ਬਾਰ ॥
ਛੋਨੀ ਪਰ ਐਸੇ ਗਿਰੇ ਜਿਮ ਸਵ ਪਰਾ ਨਿਹਾਰ ॥1182॥

॥ ਚੌਪਈ ॥

ਸਾਥ ਕਿਯਾ ਜਬ ਦੇਖਾ ਆਈ ॥ ਪਰਗਾ ਛਿਤ ਪਰ ਸੁਧ ਨਹਿ ਕਾਈ ॥
ਦਿਖ ਕਰਿ ਕੇ ਸਭ ਅਚਰਜ ਹੋਏ ॥ ਇਨ ਕਿਆ ਹੋਵਾ ਜਾਨ ਨ ਕੋਏ ॥1183॥
ਮੰਜੇ ਪਰ ਤਿਨ ਲੀਨ ਉਠਾਈ ॥ ਲੇ ਗੇ ਸਦਨੰ ਸੁਭ ਨ ਕਾਈ ॥
ਜੰਤ੍ਰ ਮੰਤ੍ਰ ਤੰਤ੍ਰ ਕਰ ਹਾਰੇ ॥ ਬੈਦ ਸੁ ਔਖਦ ਕਰੈ ਬਿਚਾਰੈ ॥1184॥

---

1. ਅ ਪੋਥੀ ਬੈਰ ਸੁ ਮਿਤ੍ਰਤਾ
2. ਅ ਪੋਥੀ ਪਯਾ
3. ਅ ਪੋਥੀ ਖਾ ਇਤਵਾਰ
4. ਅ ਏ ਪੋਥੀ ਭੇ

ਤਬ ਸਭ ਨੇ ਮਨ ਕੀਨ ਬਿਚਾਰਾ ॥ ਇਨ ਕੀ ਲਿਵ ਲਾਗੀ ਕਰਤਾਰਾ ॥
ਸਭ ਨੇ ਖਯਾਲ ਤਯਾਗਨ ਕੀਨਾ ॥ ਧਰ ਪਰੰਪਰਾ ਰਹੇਂ ਸੁਖ ਲੀਨਾ ॥1185॥
ਜੇ ਕੋ ਭੋਜਨੁ ਆਨ ਕਰਾਵੈ ॥ ਖਾਇ ਲੇਤ ਨਤੁ ਮਸਤ ਰਹਾਵੈ ॥
ਧੂਪ ਛਾਂਮ ਜਿਸ ਸਮਸਰ ਹੋਈ ॥ ਵਾਹਿਗੁਰੂ ਰਿਦ ਜਾਪੈਂ ਸੋਈ ॥1186॥

॥ ਦੋਹਰਾ ॥

ਫਰੂਕੇ ਸਾਹੀਵਾਲ ਮਧੁ ਜੰਡ ਤਰੂ ਇਕ ਆਹਿ ॥
ਤਿਸ ਕੇ ਮੂਲ [1]ਪਿਠ ਲਾਇ ਕਰ ਕੇਤੇ ਬਰਸ ਬਿਤਾਹਿ ॥1187॥[2]
ਜੋ ਜੋ ਗੁਰ ਉਪਦੇਸਿਆ ਧਾਰਨ ਕਯੋ ਹੰ ਤਯਾਗ ॥
ਬਸਤੇ ਸਾਹੀਵਾਲਾ ਮੈ ਜਾਤੇ ਜਾਗੇ ਭਾਗ ॥1188॥[3]
ਤਿਨ ਕੀ ਕ੍ਰਿਪਾ ਤੇ ਤਬੇ ਸੰਤ ਲਾਲ ਭਾ ਲਾਲ ॥
ਸ੍ਰੀ ਗੁਰ ਸਾਹਿਬ ਸਿੰਘ ਧਨ ਜਿਨ ਪਰਸੇ ਭਾ ਨਿਹਾਲ ॥1189॥

॥ ਚੌਪਈ ॥

ਆਗੇ ਸੁਨੋ ਗੁਰੂ ਕੀ ਸਾਖੀ ॥ ਮਾਨੋ ਅੰਮ੍ਰਿਤੁ ਕੀ ਭਰ ਰਾਖੀ ॥
ਬਜੀਰਾਬਾਦੇਂ ਕਰਾ ਨਿਹਾਲ ॥ ਲੰਗਰ ਚਲਤਾ ਹੈ ਜੁਗ [4]ਕਾਲ ॥1190॥
ਹਾਟਕ ਸੁਭਗ ਪ੍ਰਯੰਕ ਡਸਾਏ ॥ ਮ੍ਰਿਦ ਬਿਛੌਨ ਉਪਧਾਨ ਸੁਹਾਏ ॥
ਤਾਂਪੈ ਸ੍ਰੀ ਬੇਦੀ ਕੁਲ ਦੀਪਾ ॥ ਰਾਜਤ ਹੈ ਸੁਭ ਸਚਵ ਸਮੀਪਾ ॥1191॥
ਗਾਯਕ ਲਾਯਕ ਕੀਰਤ ਗਾਵੈ ॥ ਸਤਾਰ ਸਰੰਦੇ ਤਾਰ ਮਿਲਾਵੈ ॥
ਸੋਦਰ ਚੌਕੀ ਹੋਤ ਹਮੇਸਾ ॥ ਗੁਰ ਸਿਖ ਸੁਨ ਕਰ ਅੰਮ੍ਰਿਤ ਪੇਸਾ ॥1192॥

**(ਜੋਧ ਸਿੰਘ ਦੀ ਕਥਾ)**

ਜੋਧ ਸਿੰਘ ਪੁਰ ਪਾਲਕ ਦਾਰਾ ॥ ਭੇਟਾ ਲਯਾਇ ਪਹੁਚੀ ਦਰਬਾਰਾ ॥
ਸੰਗ ਅਵਰ ਪੁਰ ਨਾਰ ਸਯਾਨੀ ॥ ਠਾਂਢੀ ਦ੍ਵਾਰ ਨਰਪਤਿ ਪਟਰਾਨੀ ॥1193॥
ਚੋਬਦਾਰ ਤਬ ਅਰਜ ਸੁਨਾਈ ॥ ਜੋਧ ਸਿੰਘ ਦਾਰਾ ਚਲ ਆਈ ॥
ਆਇਸ ਹੋਇ ਨਾਥ ਜੋ ਤੋਰੀ ॥ ਆਵੈ ਦਰਸਨ ਪ੍ਰੀਤੀ ਕਿਸੋਰੀ ॥1194॥

॥ ਦੋਹਰਾ ॥

ਬਚਨ ਪਵਰੀਯਾ ਸੁਨਤ ਹੀ ਕ੍ਰਿਪਾ ਕਰਨ ਕਰਤਾਰਿ ॥
ਨੈਨ ਸੈਨ ਕਰ ਕਹਤ ਭੇ ਐਵਨ ਦੇ ਨ੍ਰਿਪ ਨਾਰਿ ॥1195॥
ਸੁਨਤ ਬੇਦਿ ਕੁਲ ਮੁਕਟ ਬਚ ਗਯੋ ਪਵਰਿਯਾ ਤਾਹਿ ॥
ਚਲ ਦਰਸੋ ਬਡਭਾਗਨੀ ਸੁਨ ਕਰ ਭੀ ਹਰਖਾਇ ॥1196॥

---

1 ਅ ਪੋਥੀ ਮੁਢ 2. ੲ ਪੋਥੀ ਵਿਚ ਮਗਰੋਂ ਨਿਮਨ ਦੋਹਰਾ ਵਾਧੂ ਹੈ: ਜੋ ਜੋ ਗੁਰ ਉਪਦੇਸਿਆ ਸੋ ਸੋ ਸਾਧਨ ਕੀਨ ॥ ਮਨ ਆਦੀ ਕੋ ਜੀਤ ਕਰਿ ਅਪਨਾ ਆਪ ਰਸੁ ਲੀਨ ॥1188 ॥ 3. ੲ ਪੋਥੀ ਵਿਚ ਇਸ ਮਗਰੋਂ ਇਹ ਵਾਧੂ ਦੋਹਰਾ ਹੈ: ਅਧੂਤ ਮਤ ਧਾਰਨ ਕਯੋ ਦੇਹੀ ਹੰਤਾ ਤਿਯਾਗ ॥ ਜੋ ਭੀ ਗੁਰ ਉਪਦੇਸ ਦੀਯਾ ਧਾਰਨ ਕਰਤ ਨਿਹਾਲ ॥1189॥ 4. ਅ ਪੋਥੀ ਦੁਇ

॥ ਚੌਪਈ ॥
ਹਾਥ ਥਾਰ ਕਾਪੂਰ ਉਪਾਯਨ ॥ ਦਰਸੇ ਜਾਇ ਜਗਤੁ ਗੁਰ ਭਾਯਨ ॥
ਸਭਾ ਪ੍ਰਵਾਰ ਸੋਹ ਪ੍ਰਭ ਕੈਸੇ ॥ ਅਮਰਨ ਮੈ ਅਮਰਾ ਪਤਿ ਜੈਸੇ ॥1197॥
ਦੇਖਿ ਬੇਦਿ ਪਤਿ ਮਨ ਹਰਖਾਨੀ ॥ ਪ੍ਰੇਮ ਨੇਮ ਹਾਥਾ ਬਿਕਾਨੀ ॥
ਹਾਥ ਜੋਰੁ ਸਨਮੁਖ ਭੀ ਠਾਂਢੀ ॥ ਪ੍ਰਭੁ ਪਦੁ ਦੇਖਨ ਕੀ ਰੁਚ ਬਾਢੀ ॥1198॥
ਦੇਖ ਪ੍ਰੇਮ ਪੁਰ ਪਤਿ ਪਰਰਾਨੀ ॥ ਕ੍ਰਿਪਾ ਦ੍ਰਿਸਟਿ ਪ੍ਰਭੁ ਤਬ ਠਾਂਨੀ ॥
ਭੇਟ ਲੀਨ ਸਾਦਰ ਤ੍ਰਿਹ ਕੇਰੀ ॥ ਭਈ ਹਰਖੁ ਮਨੁ ਚੂਕੀ ਫੇਰੀ ॥1199॥
ਅੰਜਲ ਪੁਟ ਨਰਪਤਿ ਪਟਰਾਨੀ ॥ ਹੁਇ ਨਿਮ੍ਰ ਗੁਰੋ ਉਸਤਤਿ ਠਾਂਨੀ ॥
ਜਯ ਜਗਦੀਸ ਚਰਾਚੇਰ ਤ੍ਰਾਤਾ ॥ ਅਦਭੁਤ ਰੂਪ ਅਭੈ ਪਦ ਦਾਤਾ ॥1200॥
॥ ਦੋਹਰਾ ॥
ਏਕ ਵਰਾਟ ਕੇ ਬਦਲ ਦੇਤ ਅਤੁਲਸੀ ਦਾਤਿ ॥
ਅਦਭੁਤ ਹੈ ਭੰਡਾਰ ਤੁਮ ਗਤਿ ਨਹਿ ਜਾਨੀ ਜਾਤਿ ॥1201॥

### (ਜੋਧ ਸਿੰਘ ਦੀ ਪਤਨੀ ਨੂੰ ਉਪਦੇਸ਼)

॥ ਚੌਪਈ ॥
ਅਸ ਕਹਿ ਜੋਧ ਸਿੰਘ ਪਟਰਾਨੀ ॥ ਪ੍ਰਭੁ ਪਦ ਪਦਮੁ ਸੰਗ ਲਪਟਾਨੀ ॥
ਹਰਖੇ ਦੇਵਨ ਦੇਵ ਦਯਾਲਾ ॥ ਮੰਦ ਮੰਦ ਕਹਿ ਗਿਰਾ ਰਸਾਲਾ ॥1202॥
ਬੈਠੋ ਮਾਈ ਪ੍ਰੀਤੀਵਾਨਾ ॥ ਵਾਹਿਗੁਰੂ ਸਿਮਰੋ ਗਤਿ ਦਾਨਾ ॥
ਰਾਨੀ ਬੋਲੀ ਮੈ ਹੋ ਪਾਇਕ ॥ ਆਰਤ ਹਰਸ ਚਰੰਚਰ ਨਾਇਕ ॥1203॥
[1]ਜਿਉ ਕਿਉ[1] ਗੁਰ ਜਗ ਮੈ ਨਰ ਤਾਰੇ ॥ ਤਿਉ ਮੁਹਿ ਤਾਰਹੁ ਤਾਰਨ ਹਾਰੇ ॥
ਨਾਰਿ ਗਾਤ ਜਗ ਨਰਕ ਸਮਾਨਾ ॥ ਤੁਮ ਸਹਾਇ ਬਿਨ ਕੰਮਤਿ ਪ੍ਰਾਨਾ ॥1204॥
॥ ਦੋਹਰਾ ॥
ਸੁਨਿ ਕਰ ਤਿਸ ਕੇ ਬੈਨ ਕੋ ਕਮਲ ਨੈਨ ਕਹਿ ਬੈਨ ॥
ਨਾਰਿ ਕੰਤਿ ਭਗਵੰਤ ਹੈ ਸੇਵ ਕੰਤ ਸੁਖ ਦੈਨ ॥1205॥
ਗੁਰ ਬੈਨ ਸੁਨ ਕਾਂਨ ਧਰ ਜਾਗੀ ਪ੍ਰੀਤ ਅਪਾਰ ॥
ਪਾਨ ਜੋਰੁ ਬਚ ਕਹਤ ਭੀ ਗੁਰਪਦ ਰਿਦ ਮੋ ਧਾਰ ॥1206॥
॥ ਚੌਪਈ ॥
ਨਾਰਿ ਧਰਮ ਪ੍ਰਭ ਮੋਹਿ ਸੁਨਾਵਹੋ ॥ ਕ੍ਰਿਪਾ ਧਾਰੋ ਨਹਿ ਬਿਲਮਾਵੋ ॥
ਸੁਨ ਕਰ ਬਾਨੀ ਗੁਰੋ ਸੁਖਦਾਈ ॥ ਦੇਨ ਉਤ੍ਰ ਕੋ ਗਿਰਾ ਅਲਾਈ ॥1207॥
ਸੁਨਹੁ ਸਿਖਾਵਨ ਪਾਵਨ ਰਾਨੀ ॥ ਨਾਰਿਨ ਪ੍ਰਤਿ ਜ਼ਿਮ ਬੇਦ ਬਖਾਨੀ ॥
ਨਿਸ ਦਿਨ ਰਹੇ ਸਮਝ ਮਨ ਮਾਂਹੀ ॥ ਸੁਪਨੇ ਆਨ ਪੁਰ ਜਗ ਨਾਹੀ ॥1208॥
ਅਰ ਕਦਾਚਿਤ ਜੋ ਪਰ ਨਰ ਦੇਖੈ ॥ ਪਿਤਾ ਪੁਤ੍ਰ ਸਮ ਭ੍ਰਾਤ ਬਿਸੇਖੈ ॥

---

1. ਅ ਪੋਥੀ ਜੋ ਜੋ

ਧਾਤਾ ਬਿਸਨ ਭਵ ਕੰਤੇ ਜਾਨੇ । ਕੰਡਾ ਬਿਨਾਂ ਨਹਿ ਔਰ ਪ੍ਰਮਾਨੇ ॥1209॥
ਪਤਿ ਉਚਿਸਟ ਖਿਖਿ ਅਮੀ ਪ੍ਰਮਾਨਾ ॥ ਪਤਿ ਬਿਰੋਧ ਅੰਮ੍ਰਿਤ ਬਿਖੁ ਜਾਨਾ ॥
ਪਤਿ ਸੰਗ[2] ਅਗਿਨੀ ਮੀਸ ਨਯਾਈ ॥ ਪਤਿ ਬਿਨੁ ਆਤਸ ਸਰਦ ਨਿਸਾਈ ॥1210॥
ਬੇਦ ਬਚਨ ਸਮ ਪਤਿ ਕੀ ਬਾਨੀ ॥ ਪਤਿ ਬਿਰੁਧ ਸਰੁਤਿ ਬਚਨੁਨ ਮਾਨੀ ॥
ਪਤਿ ਸੰਗਿ ਭਿਛਾ ਰਾਜ ਬਛਾਈ ॥ ਪਤਿ ਬਿਨੁ ਰਾਜ ਬ੍ਰਿਥਾ ਹੋ ਜਾਈ ॥1211॥

॥ ਦੋਹਰਾ ॥

ਕੋਟਿ ਇੰਦ੍ਰ ਸੁਖ ਪਤੀ ਸੰਗ ਪਤਿ ਬਿਨ ਨਰਕ ਸਮਾਨ ॥
ਜੋ ਨਾਰੀ ਪਤਿ ਸੇਵਤੀ ਜਨਮ ਮਰਨ ਤਿਸ ਹਾਂਨ ॥1212॥

॥ ਚੌਪਈ ॥

ਨਾਰਿ ਨਾਮ ਪਾਨੀ ਕੋ ਅਹੈ ॥ ਜਾਤੇ ਤ੍ਰਿਖਾ ਕੀਚ ਮਲ ਲਹੈ ॥
ਜੋ ਤਾਮੈ ਕਛੁ ਕੀਚ ਮਿਲਾਈ ॥ ਛੁਵਨ ਮਾਤ੍ਰ ਪਟ ਮਲਨ ਦਿਖਾਈ ॥1213॥
ਤੈਸੇ ਨਾਰ ਪੁਨੀਤ ਸੁ ਹੋਈ ॥ ਜੋ ਪ੍ਰਤ ਬ੍ਰਤ ਕੋ ਪੂਰੈ ਕੋਈ ॥
ਜੋ ਕੁਕਰਮ ਗਤਿ ਹੋਵੈ ਪਾਪਿਨਿ ॥ ਤ ਨਿਰਧਾਰ ਬਿਚਾਰ ਹੁਸਾ ਪਨਿ ॥1214॥

॥ ਦੋਹਰਾ ॥

ਸਾਂਪਨ ਤੇ ਨਾਰੀ ਅਧਿਕ ਜਾਨੋ ਸਭ ਮਨ ਮਾਇ ॥
ਅਹੀ ਖਾਟ ਪੈ ਨਹਿ ਚਢੈ ਨਾਹੀ ਨਾਰ ਖਾਟ ਚਢ ਖਾਇ ॥1215॥
ਪਤਿ ਬ੍ਰਿਤਿ ਮਹਿ ਚੰਡਾਲਨੀ ਤਰਤਨ ਸੂਮ ਸੰਸਾਰ ॥
ਪਤਿ ਦ੍ਰੋਹਨਿ ਦਿਜ ਵਰਤਿਯਾ ਇਤ ਉਤ ਖ੍ਵਾਰ ਅਪਾਰਿ ॥1216॥
ਨਾਰਿ ਧਰਮ ਐਸੇ ਵਿਦਤ ਤੋਸੋ ਕਹਯੋ ਸੁਨਾਇ ॥
ਮਨਨ ਕਰਹੁ ਬਡਭਾਗਿਨੀ ਅੰਤੈ[2] ਹੋਇ ਸਹਾਇ ॥1217॥

॥ ਚੌਪਈ ॥

ਸੁਨ ਕਰ ਬਚਨੁ ਪ੍ਰਭੂ ਕੇ ਕਹੰ ॥ [3]ਕਲਆਨ ਕ੍ਰਿਤ[3] ਰਾਨੀ ਸਬ ਨਾਹੇ ॥
ਪੁਲਕ ਸਰੀਰ ਨੀਰ ਭਰ ਨੈਨਾ ॥ ਅਤਿ ਗੰਭੀਰ ਬੋਲੀ ਮ੍ਰਿਦੁ ਬੈਨਾ ॥1218॥
ਪ੍ਰਸਾਦਿ ਬਨਾਇ ਅਚਾਵੋ ਸ੍ਵਾਂਮੀ ॥ ਮੇਰੇ ਮਨ ਇਹੁ ਰੁਚਿ ਉਠਾਂਨੀ ॥
ਦਾਸੀ ਜਾਨ ਕਰੋ ਪ੍ਰਭ ਮਯਾ ॥ ਗਜ ਬੂਡਤ[2] ਤੁਮ ਹੀ ਰਖ ਲਯਾ ॥1219॥
ਸੁਨ ਕਰ ਆਯਸ ਦੀਨੀ ਤਬ ਹੀ ॥ ਅਸਨ ਬਿਰਚ ਕਰ ਲਯਾਵਹੁ ਅਬ ਹੀ ॥
ਸੁਨ ਨਿਦੇਸ ਸਤਿਗੁਰ ਤੇ ਰਾਨੀ ॥ ਆਈ ਧਾਂਮ ਉਮਗ ਮਨ ਠਾਂਨੀ ॥1220॥
ਨਿਜ ਕਰ ਸੋਂ ਸਭ ਤੂਰਨ ਕੀਨਾ ॥ ਨਾਨਾ ਪਾਕ ਵਿਰਚ ਕਰ ਲੀਨਾ ॥
ਭਰ ਕਰ ਥਾਰ ਚਾਰ ਮਤ ਚਾਰਾ ॥ ਲੇ ਪਹੁਚੀ ਗੁਰ ਕੇ ਦਰਬਾਰਾ ॥1221॥
ਲੇਕਰ ਆਬ ਚਰਨ ਗੁਰ ਧੋਏ ॥ ਲੇ ਸੁ ਨੀਰ ਨਿਜ ਨੈਨ ਭਿਗੋਏ ॥
ਪੁਨਾ ਥਾਰ ਗੁਰ ਆਗੇ ਰਾਖਾ ॥ ਛਕੀਏ ਆਪ ਬਚਨ ਮ੍ਰਿਦੁ ਭਾਖਾ ॥1222॥

---

1. ਅ ਪੋਥੀ ਪਾਠਾਂਤਰ : ਆਗਿ ਪ੍ਰੂਸ ਸੀਸ 2. ਅ ਪੋਥੀ ਅੰਤਰ 3. ਅ ਪੋਥੀ ਪਾਠਾਂਤਰ: ਅਹ ਸੁਜਾਨ 4. ੲ ਪੋਥੀ ਡੂਬਤ

॥ ਦੋਹਰਾ ॥

ਕਮਲਨੈਨ ਬੁਰੱਕੀ ਜਬੈ ਮੁਖ ਮੈ ਪਾਵਨ ਕੀਨ ॥
ਰਾਨੀ ਦਿਖ ਹਰਖਤ ਭਈ ਕਹੀ ਗਿਰਾ ਹੁਇ ਦੀਨ ॥1223॥

॥ ਚੌਪਈ ॥

ਆਗੇ ਜਿਹ ਘਰ ਭੋਜਨੁ ਪਾਇ ॥ ਤਿਨ ਕੌ ਦੀਨ ਅਨੰਦ ਮਹਾਇ ॥
ਬਿਦਰ ਸੁਦਾਮਾ ਭੀਲਨ ਨਾਰੀ ॥ ਤਵ ਪ੍ਰਸਾਦ ਭੇ ਜਸ ਅਧਿਕਾਰੀ ॥1224॥
ਬਾਵਨ ਹ੍ਵੈ ਬਲ ਦ੍ਵਾਰੇ ਗਏ ॥ ਤਾ ਕੋ ਪਦ ਉਚ ਕਰਤੇ ਭਏ ॥
ਜਿਹ ਘਰਿ ਬਹੇ ਗੰਗਾ ਕੋ ਨੀਰਾ ॥ ਕਸ ਨ ਹੋਇ ਤਿਹ ਬਿਮਲ ਸਰੀਰਾ ॥1225॥
ਜਿਸ ਕੇ ਸਦਨ ਦੇਵਤਰੋ ਹੋਈ ॥ ਸਭੈ ਪਦਾਰਥੁ ਪਾਵਤ ਸੋਈ ॥
ਕਾਮਧੇਨ ਹੁਇ ਜਾ ਕੇ ਪਾਹੀ ॥ ਸੁਤ ਬਿਤ ਨੁਤ ਤਿਸ ਤੋਟਾ ਨਾਹੀ ॥1226॥

॥ ਦੋਹਰਾ ॥

ਮੋ ਪਰੁ ਗੁਰ ਜੀ ਮਯਾ ਕਰ ਭਵ ਤੇ ਕੀਜੈ ਪਾਰ ॥
ਨਾਰੀ ਅਤਿ ਮਲੀਨ ਹੌ ਮੂਰਖ ਮਹਾਂ ਗਵਾਰ ॥1227॥

॥ ਚੌਪਈ ॥

ਰਾਨੀ ਬਿਨਸੁ[1] ਦਾਰਿਦ ਦਮਨੂੰ ॥ ਸੀਤ ਦਯੋ ਗੁਰ ਦੁਖ ਕੇ ਕਦਨੂੰ ॥
ਮੁਖ ਮੋ ਪਾਵਾ ਬਹੁ ਹਿਤੁ ਸੇਤੀ ॥ ਭੁਗਤਨ ਮਾਂਝ ਭਈ ਤਤ[2] ਬੇਤੀ ॥1228॥
ਭਈ ਖੁਮਾਰ ਸੁਮਾਰ ਬਿਨਾਸੋ ॥ ਦੁਕ੍ਰਿਤ ਮਿਸ੍ਰਤ ਦਰਪ ਬਿਨਾਸੋ ॥
ਗਿਰੀ ਉਲਟਿ ਚੇਤਨ ਰਸ ਛਾਕਾ ॥ ਚੂਕਾ ਛਿਨ ਮਹਿ ਜਗਤ ਲਟਾਕਾ ॥1229॥

॥ ਦੋਹਰਾ ॥

ਲਘੁ ਨਾਰੀ ਤਰੀ[3] ਝਟਤ ਚਕਿਤ[4] ਭਏ ਸਭ ਲੋਗ ॥
ਚਿਤ ਬਿਚਾਰ ਸਭ ਕਰਤ ਭੇ ਗੁਰ ਪਦ ਤਾਰਨਜੋਗ ॥1230॥
ਦ੍ਵੈ ਕੁ ਘਰੀ ਬੀਤੀ ਜਬੈ ਚੇਤਨ ਭੀ ਨ੍ਰਿਪ ਨਾਰਿ ॥
ਉਘਰਿ ਨੈਨ ਦੇਖਤ ਭਈ ਸਨਮੁਖ ਕ੍ਰਿਪਾ ਅਗਾਰ ॥1231॥
ਲੇ ਆਇਸ ਗ੍ਰਿਹ ਕੌ ਗਈ ਚਰਨ ਕਮਲ ਰਿਦ ਧਾਰ ॥
ਕਰਨੋ ਜਿਸੁ ਕਛੁ ਨਹਿ ਰਹਾ ਭਵ ਤੇ ਹੋਈ ਪਾਰ ॥1232॥

॥ ਚੌਪਈ ॥

ਜੋਧ ਸਿੰਘ ਚਲ ਦਰਸਨ ਆਯੋ ॥ ਪਾਦ ਪਦਮੁ ਪਰ ਸੀਸ ਨਿਵਾਯੋ ॥
ਕੂਚ ਕਰਨ ਗੁਰ ਗਿਰਾ ਅਲਾਈ ॥ ਜੋਧ ਸਿੰਘ ਸੁਨ ਬਿਨਤੀ ਗਾਈ ॥1233॥
ਕੋ ਦਿਨ ਠਹਰੋ ਗੁਰ ਸੁਖ ਦਾਤੇ ॥ ਸੇਵਕ ਪਾਲਕ ਕਰੋ ਬਿਖਯਾਤੇ ॥
ਕਾਂਦਰਾਵਾਦੋ ਸੰਗਤਿ ਆਈ ॥ ਭੇਟਾ ਰਾਖੀ ਗਿਰਾ ਅਲਾਈ ॥1234॥

---

1. ਅ ਪੋਥੀ ਬਿਨੁ ਸੁਨ 2. ਅ ਪੋਥੀ ਤਬ
3. ਅ ਪੋਥੀ ਤਾਰੀ 4. ੲ ਪੋਥੀ ਬਿਸਮਤ

ਡੇਰਾ ਤਿਨ ਕਾ ਗੁਰੂ ਕਰਾਯੋ ॥ ਪ੍ਰਸਾਦਿ ਛਕਾਵਾ ਮਨ ਹਰਖਾਯੋ ॥
ਦ੍ਵੈ ਸਿਰਦਾਰ ਤਬੈ ਚਲ ਆਏ ॥ ਜੁਗਮ ਅਸ੍ਵ ਤਿਨ ਭੇਟ ਚੜਾਏ ॥1235॥
ਤਿਨ ਪਰ ਖੁਸੀ ਗੁਰੂ ਕੀ ਹੋਈ । ਮਨਿ ਬਾਂਛਤੁ ਬਰੁ ਪਾਯਾ ਸੋਈ ।
ਕਾਬਲ ਥੀਂ ਇਕੁ ਸਿਖੁ ਚਲਿ ਆਯੋ ॥ ਰੁਪੀ ਦਸੁ ਧਰ ਸੀਸੁ ਨਿਵਾਯੋ ॥1236॥

**(ਕਾਬਲ ਦੇ ਸਿਖਾਂ ਦੀ ਸਾਖੀ)**

॥ ਦੋਹਰਾ ॥

ਤਿਸ ਤੇ ਪੂਛਨਿ ਗੁਰ ਕਰੁ[1] ਸਦਨੰ ਕਹਾ ਤੁਮਾਰ ॥
ਹਾਥ ਜੋਰੁ ਬਿਨਤੀ ਕਰੀ ਕਾਬਲ ਮੋ ਸਦਨਾਰ ॥1237॥

॥ ਚੌਪਈ ॥

ਤਿਸ[2] ਦੇਸ ਕੀ ਖਬਰ ਸੁਨਾਵੋ ॥ ਹਿੰਦ ਲੋਕ ਤੁਮ੍ਹ ਕੋ ਸੁਰਤਾਵੋ ॥[5]
ਸਿਖ ਕਹੇ ਸੁਨੀਏ ਗੁਰ ਪੂਰੇ ॥ ਤੁਰਕ ਜੁਲਮ ਕਰਤ ਹੈ ਕੂਰੇ ॥1238॥
ਜਬਾਨ ਸਾਹ ਸੁ ਆਵਾ ਧਾਈ ॥ ਹਜਰੋ ਉਤਾਰਲਿ[4] ਕਟਕਾਈ ॥
ਲੌ ਪੁਰ[3] ਆਵਨ ਚਾਹੈ ਮੂਢਾ ॥ ਸੈਨਾ ਸਾਥ ਹੰਕਾਰ ਅਰੂਢਾ ॥1239॥
ਕਹੇ ਸਿਖਨ ਕੀ ਸੰਢਾ ਉਠਾਊ ॥ ਅੰਮ੍ਰਿਤਸਰ ਮੇ ਗਰਦ ਉਡਾਊ ॥
ਐਸ ਕਹੰਤ ਹੈ ਮਹਾ ਗਵਾਰਾ ॥ ਕਾਮੀ ਕਪਟੀ ਮਹਾ ਲਵਾਰਾ ॥1240॥

॥ ਦੋਹਰਾ ॥

ਸਭ ਸਿਰਦਾਰ ਤਬ ਸਤਗੁਰ ਲੀਨੇ ਪਾਸਿ ਬੁਲਾਇ ॥
ਹੁਇ ਇਕਤ੍ਰ ਪੁਮ ਜੰਗ ਕਰੋ ਦੇਵੋਂ ਤੁਰਕ ਭਜਾਇ ॥1241॥

॥ ਚੌਪਈ ॥

ਸੁਨ ਕਰਕੈ ਸਭ ਭੂਸਨ ਹੋਏ ॥ ਉਤ੍ਰ ਨ ਦੀਨ੍ਹਾ ਚਿੰਤਾ ਭੋਏ ॥
ਤਬ ਲਗ ਰੈਨ ਭਈ ਅੰਧਿਆਰੀ ॥ ਸਭ ਉਠਿ ਗਏ ਨਹਿ ਨਮੋ ਉਚਾਰੀ ॥1242॥
ਸਾਰੇ ਦੇਸ ਭਾਜ ਪਰ ਗਈ ॥ ਭਾਜੇ ਸਿਰਦਾਰ ਨ ਥਿਰਤਾ ਲਈ ॥
ਗਢ ਤਯਾਗ ਕਰ ਸੈਲਨ ਗਏ ॥ ਲੋਕ ਦੁਖਤ ਸਭ ਰੋਵਤ ਭਏ ॥1243॥

**(ਸਦਾ ਕੌਰ ਦੀ ਕਥਾ)**

ਸ੍ਰੀ ਗੁਰ ਜੀ ਤਬ ਕੂਚ ਕਰਾਏ ॥ ਗਏ ਵਟਾਲੇ ਮੋ ਸੁਖਦਾਏ ॥
ਸਦਾ ਕੌਰ ਸੁਨਾ ਗੁਰ ਆਵਨ ॥ ਆਈ ਮਿਲਨੇ ਬਹੁ ਹਰਖਾਵਨ ॥1244॥

॥ ਦੋਹਰਾ ॥

ਸ੍ਰੀ ਕਮਲਾਨਨ ਬੈਨ ਕਹਿ ਸੁਨ ਮਾਈ ਬੁਧਵਾਨ ॥
ਤੁਰਕ ਸਾਥ ਤੂ ਲੜੇਗੀ ਹਮ ਪ੍ਰਤਿ ਕਰੋ ਬਖਾਨ ॥1245॥

॥ ਚੌਪਈ ॥

ਸਦਾ ਕੌਰ ਸੁਨ ਗਿਰਾ ਅਲਾਈ ॥ ਮੋ ਤੇ ਲੜਨਾ ਨਹਿ ਸੁਰ ਆਈ ॥
ਸੈਨਾ ਹਮਰੀ ਭਜ ਕਰ ਗਈ ॥ ਸੈਲਨ ਮੇ ਜਾ ਥਿਰਤਾ ਲਈ ॥1246॥

---

1 ਅ ਪੋਥੀ ਕਾਰ ਖਕ 2. ਅ, ੲ ਪੋਥੀ ਤਿਸੇ 3. ਅ ਪੋਥੀ ਸਹਰਾਵੋ 4. ਅ ਪੋਥੀ ਉਤਰਾ ਲੇ
5 ਅ ਪੋਥੀ ਲਹੌਰ

ਸ੍ਰੀ ਗੁਰ ਜੀ ਤੁਬ ਕੂਚ ਕਰਵਾ ॥ ਦਸੌਵੇਂ[1] ਡੇਰਾ ਜਾਇ ਲਗਾਵਾ ॥

(ਬੀਰ ਸਿੰਘ ਦੀ ਕੱਥਾ)

ਬੀਰ ਸਿੰਘ ਬਾਢੀ ਸਿਰਦਾਰਾ ॥ ਆਪੇ ਮਿਲਨੇ ਹਰਖੰ ਧਾਰਾ ॥1247॥
ਧਰੀ ਅਕੋਰੰ ਸੀਨ ਨਿਵਾਈ ॥ ਔਰੈ ਖਿਜਮਤ ਕਰੀ ਬਨਾਈ ॥
ਹਾਥ ਜੋਰ ਕਰ ਪੂਛਤ ਭਯੋ ॥ ਗਿਲਜਾ ਆਵਾ ਕਹ ਥਿਰ ਥਯੋ ॥1248॥

॥ ਦੋਹਰਾ ॥

ਚੰਦ ਬਦਨ ਸੁਭ ਗਿਰਾ ਕਹਿ ਬਰਾ ਲੂਹੌਰ ਮੁ ਆਇ ॥
ਦੇਖੰ ਅਬ ਕਿਆ ਕਰੈ ਗੋ ਤੁਰਕ ਜੋਤ ਦੁਖਦਾਇ ॥1249॥
ਕ੍ਹਿ ਅਸ ਬਚ ਅਸਵਾਰ ਭੇ ਉਤਰੇ ਵੰਗੀ ਜਾਇ ॥
ਹਿਤੂ ਲੋਕਿ ਮਿਲਨੇ ਆਏ ਜਿਨ ਮਨ ਪ੍ਰੀਤ ਮਹਾਇ ॥1250॥

(ਬਾਬਾ ਸਾਹਿਬ ਸਿੰਘ ਦਾ ਰਾਮਗੜ੍ਹ ਆਉਣਾ)

ਮਾਈ ਆਦਿਕ ਸਾਥ ਜੋ ਗੜ ਕੋ ਤੋਰਨ ਕੀਨ ॥
ਪੰਥ ਸਹਾਇਤਾ ਕੇ ਲੀਏ ਭੇ ਤ੍ਰਿਯਾਰ ਹਰਖੀਨ ॥1251॥

॥ ਚੌਪਈ ॥

ਹਰੀ ਸਿੰਘ ਜੋ ਸਾਂਕਰ ਵਾਲਾ ॥ ਮਿਲਨੇ ਆਯੋ ਸੋ ਤਤਕਾਲਾ ॥
ਸੋ ਭੀ ਹੋਵਾ ਸਾਥਾ ਤਿਯਾਰਾ ॥ ਸੈਨਾ ਲੀਨੀ ਅਪੰਨੀ ਲਾਰਾ ॥1251॥
ਹਰੀ ਸਿੰਘ ਪ੍ਰਤਿ ਗੁਰੂ ਅਲਾਵਾ ॥ ਜੁਮਾਨੇ ਸਾਹਿ ਅਬ ਜਾਇ ਪਲਾਵਾ ॥
ਕਹਿ ਸਿਰਦਾਰ ਸੁਨੋ ਗੁਰ ਪੂਰੇ ॥ ਤੁਮਰੇ ਬੈਨ ਨ ਹੋਵੈ ਊਰੇ ॥1253॥
ਰਾਮ ਸੁ ਗੜ ਗੁਰ ਆਇ ਬਿਰਾਜੇ ॥ ਜਿਨ ਦਰਸੇ ਅਘ ਜਾਵੈ ਭਾਜੇ ॥
ਭਾਈ ਮਣਸੇ ਸਿੰਘ ਸੁਨ ਪਾਵਾ ॥ ਸਤਿਗੁਰੂ ਆਏ ਸਿਵੱਰ ਲਗਾਵਾ ॥1254॥
ਸਗਲ ਨਗਰ ਮੇ ਸੁਧਿ ਹੁਇ ਗਈ ॥ ਜੀਵਨ ਬੂਟੀ ਮਾਨੋ ਅਈ ॥
ਲੇ ਲੇ ਭੇਟਾ ਭਯੇ ਤਿਯਾਰਾ ॥ ਗੁਰ ਮਿਲਨੇ ਕੋ ਮਨ ਉਮਗਾਵਾ ॥1755॥

॥ ਦੋਹਰਾ ॥

ਭਾਈ ਮਣਸਾ ਸਿੰਘ ਜੀ ਸਭ ਕੋ ਲੀਨਾ ਸਾਥ ॥
ਐਸੇ ਉਮਗ ਕਰ ਸਭ ਚਲੇ ਚਹੇ ਤ੍ਰਿਖਾ ਤਰੁਰ ਪਾਸ ॥1256॥
ਭਾਈ ਦੂਲੋ ਰਾਮ ਜੀ ਅਡਣ ਸ਼ਾਹੀ ਸਾਧ ॥
ਦਰਸਨ ਕੋ ਸਭ ਜਾਤ ਭੇ ਜਿਨ ਮਹਿ[2] ਨਾਹਿ ਉਪਾਧ ॥1257॥

॥ ਚੌਪਈ ॥

ਹੁਮ ਹੁਮਾਇ ਕਰ ਸੰਗਤਿ ਆਈ ॥ ਸਬਦੰ ਗਾਵੈ ਮਨ ਹਰਖਾਈ ॥
ਏਕ ਘਟੀ ਜਬ ਗਾਵਤ ਬੀਤੀ ॥ ਬੈਠੋ ਸੰਗਤਿ ਗੁਰ ਕਹਿ ਨੀਤੀ ॥1258॥

---

1. ਅ ਪੋਥੀ ਦਸੂਹੇ 2. ਅ ਪੋਥੀ ਮੈ 3. ੲ ਪੋਥੀ ਬਾਣੀ

ਸੁਨ ਗੁਰ ਬਾਨੀ ਸਭ ਹਰਖਾਏ ॥ ਜਿਮ ਰਵਿ ਦੇਖ ਕੰਜ ਖਿਰਾਏ ॥
ਜਨਮ ਰੰਕ ਜਿਮ ਧਨ ਕੋ ਪਾਈ ॥ ਸ੍ਵਾਂਤੀ ਬੂੰਦ ਜਿਮ ਚਾਤ੍ਰਿਕ ਖਾਈ ॥1259॥
ਕਰ ਸਾਥ ਜਸ ਬ੍ਰਹਮ ਪ੍ਰਕਾਸਾ ॥ ਤੈਸੇ ਸਿਖਨ ਭਏ ਹੁਲਾਸਾ ॥
ਬਾਰ ਬਾਰ ਚਰਨਨ ਸਿਰ ਨਿਵਾਵੈ ॥ ਦੇਹ ਪ੍ਰਦਛਨ ਮਨ ਹਰਖਾਵੈ ॥1265॥
ਸਭ ਤੇ ਕੁਸਲ ਪੂਛ ਗੁਰ ਪੂਰੇ ॥ ਸੁਖ ਦਾਤੇ ਬਚਨਨ[1] ਕੇ ਸੂਰੇ ॥
ਕਹਤ ਭੇ ਸੁਨੀਏ ਸੁਖਦਾਈ ॥ ਤੁਮਰੀ ਕ੍ਰਿਪਾ ਤੇ ਸੁਖ ਪਾਈ ॥1261॥

॥ ਦੋਹਰਾ ॥

ਦਰਸਨ ਕਰ ਸੰਗਤ ਸਕਲ ਚਰਨ ਕਮਲ ਸਿਰ ਨਾਇ ॥
ਆਪੋ ਅਪਨੇ ਸਦਨ ਕੋ ਗਏ ਸੁ ਮਨ ਹਰਖਾਇ ॥1262॥

॥ ਚੌਪਈ ॥

ਮਾਝੇ ਦੁਆਬੇ ਕੇ ਸਿਰਦਾਰ ॥ ਬੀਚ ਪਹਾਰੁ ਜੋ ਲੁਕੇ ਦੁਖਾਰ ॥
ਗੁਰ ਆਵਨੁ ਸੁਨ ਸਭ ਹਰਖਾਏ ॥ ਤਯਾਗ ਸੈਲ ਸਭ ਗੁਰ ਪਹਿ ਆਏ ॥1263॥
ਰਾਮਗੜੀਏ ਸਭ ਸਿਰਦਾਰਾ ॥ ਭੰਗੀ ਨਕਈ ਔਰੁ ਹਜਾਰਾ ॥
ਸਦਾ ਕੌਰ ਰਣਜੀਤ ਹਰਿ ਆਵਾ ॥ ਔਰ ਖਾਲਸਾ ਚੜ੍ਹ ਚੜ੍ਹ ਧਾਵਾ ॥1264॥
ਮਿਲੈ ਹਜੂਰ ਭੇਟਿ ਬਹੁ ਦੇਵੈ ॥ ਮਨ ਬਾਂਛਤ ਵਰ ਗੁਰ ਤੇ ਲੇਵੈ ॥
ਏਕ ਜਾਮ ਦਿਨੁ ਲਗੇ ਦਿਵਾਨ ॥ ਸਭ ਸਿਰਦਾਰੁ ਆਵੈ ਹਰਖਾਨ ॥1265॥

॥ ਦੋਹਰਾ ॥

ਭਾਈ ਮਨਸਾ ਸਿੰਘ ਜੀ ਕਿਰਤਨੁ ਕਰੈ ਬਨਾਏ ॥
ਸੁਨ ਸੁਨ ਸਿਖ ਮਨੁ ਹਰਖਤੇ ਵਾਹਿਗੁਰੂ ਮੁਖ ਗਾਇ ॥1266॥

**(ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਨੇ)**

॥ ਚੌਪਈ ॥

ਮਨਸੇ ਸਿੰਘ ਪ੍ਰਤਿ ਗੁਰ ਗਾਵਾ ॥ ਤਿਹਾਵਲ ਲੀਜੈ ਭੋਗ ਕਰਾਵਾ ॥
ਸ੍ਰੀ ਦਰਬਾਰ ਹਮ ਦਰਸਨ ਜਾਵੈ ॥ ਸਨਾਨ ਕਰੈ ਮਨ ਮਹਿ ਹਰਖਾਵੈ ॥1267॥
ਸਤ ਬਚਨੁ ਕਰਿ ਭਾਈ ਬੋਲਾ ॥ ਭੋਗ ਪ੍ਰਸਾਦਿ ਸੁ ਕਰਾ ਅਤੋਲਾ ॥
ਗਇੰਦ ਸਵਾਰ੍ਰ ਭਏ ਗੁਰ ਪੂਰੇ ॥ ਬਾਜੇ ਬਾਜਤ ਭੇ ਅਤ ਰੂਰੇ ॥1268॥
ਮਿਲੇ ਮੁਸਦੀ ਅਗਰ ਜੁ ਆਏ ॥ ਜਿਨ ਕੋ ਧਨ ਕੀ ਇਛ ਮਹਾਏ ॥
ਨਗਰ ਲੋਕ ਦਰਸਨ ਕੋ ਦਉਰੇ ॥ ਜਿਮ ਕੌਲਨ ਪਰ ਆਵਤ ਭੌਰੇ ॥1269॥

॥ ਦੋਹਰਾ ॥

ਦੁਖ ਭੰਞਜਿ ਇਸਨਾਨ ਕਰਿ ਸ੍ਰੀ ਦਰਬਾਰ ਗੁਰ ਜਾਇ ॥
ਦਾਹਨ ਦੀਨ ਪ੍ਰਦਛਨਾ [2]ਅੰਤਰ ਗੋ[2] ਹਰਖਾਇ ॥1270॥

1. ਮੂਲ ਪੋਥੀ ਬਦਨਨ
2. ਮੂਲ ਪੋਥੀ ਅੰਤ ਹੋ

ਅਰਦਾਸ ਕਰਾਈ ਸਤਿਗੁਰ ਦੀਨੋ, ਦਰਬੁ ਅਪਾਰ ॥
ਰੇਬਾਬੀ ਰਾਗੀ ਗ੍ਰਿਥੀਨ ਦੀਨੋ ਬਿਤ ਫੁਰਖਾਰ ॥1271॥

॥ ਚੌਪਈ ॥

ਔਰਨ ਰੰਕਨ ਦਰਬ ਦਿਵ੍ਰਾਯੋ ॥ ਲੇ-ਲੇ ਲੋਗਨ ਬਹੁ ਸੁਖ ਪਾਯੋ ॥
ਬੁੰਗੇ ਅਕਾਲ ਬਹੁਰ ਗੁਰ ਆਏ ॥ ਭੇਟਾ ਦੀਨ ਪ੍ਰਸਾਦ ਬਰਤਾਏ ॥1272॥
ਔਰ ਬੁੰਗਨ ਪ੍ਰਤਿ ਦਰਬੰ ਦੀਨਾ ॥ ਭਏ ਸਵਾਰ ਗੁਰੂ ਪ੍ਰਬੀਨਾ ॥
ਡੇਰੇ ਮਾਂਝ ਗਏ ਸੁਖਦਾਈ ॥ ਦਰਸਨੁ ਕਰੁ ਕਰੁ ਸਿਖ ਹਰਖਾਈ ॥1273॥
ਏਕ ਜਾਮ ਜਬ ਦ੍ਵਿਵਸ ਰਹਾਵੈ ॥ ਭਾਈ ਮਣਸਾ ਸਿੰਘ ਚਲ ਆਵੈ ॥
ਹੋਵੈ ਕਿਰਤਨ ਬਡਾ ਅਨੰਦੂ ॥ ਮੰਚ ਬਿਰਾਜੇ ਸੁਖਮਾਂ ਕੰਦੂ ॥
ਸਭ ਸਿਰਦਾਰ ਤਬੈ ਚਲੁ ਆਵੈ ॥ ਸੀਸ ਨਿਵਾਇ ਸਭੈ ਬਹਿ ਜਾਵੈ ॥
ਏਕ ਮਾਸ ਗੁਰ ਡੇਰਾ ਰਾਖਾ ॥ ਸਿਖਨ ਕੀ ਪੂਰੇ ਅਭਿਲਾਖਾ ॥1275॥

**(ਬਾਬਾ ਸਾਹਿਬ ਸਿੰਘ ਪਾਸ ਸ਼ਾਹਜਮਾਨ ਦੇ ਵਕੀਲ ਨੇ ਆਉਣਾ)**

॥ ਦੋਹਰਾ ॥

ਜਮਾਨ ਸਾਹੁ ਲਹੌਰ ਕੋ ਲੂਟ ਕੂਟ ਹਰਖਾਇ ॥
ਅੰਮ੍ਰਿਤਸਰੁ ਸ੍ਰੀ ਗੁਰ ਸੁਨੇ ਸਭ ਸਿਰਦਾਰੁ ਸਿਰ ਨਿਯਾਇ ॥1276॥

॥ ਚੌਪਈ ॥

ਏਕ ਵਕੀਲ ਸੁ ਤਿਸੇ ਪਠਾਵਾ ॥ ਤਯਾਗ ਲਹੌਰ ਗੁਰੂ ਪਹਿ ਆਵਾ ॥
ਦਿਵਾਨ ਮਧੁ ਸ੍ਰੀ ਗੁਰੂ ਬਿਰਾਜੈ ॥ ਜਿਨ ਦੇਖੇ ਲੇਖਾਪਤਿ ਲਾਜੈ ॥1277॥
ਰਣਜੀਤ ਸਿੰਘ ਆਦਿ ਸਭ ਬੈਸੇ ॥ ਮਨ ਮੈ ਜਿਨ ਕੇ ਹਰਖ ਬਿਸੇਸੈ ॥
ਤਬ ਵਕੀਲ ਤਹਾਂ ਚਲ ਆਵਾ ॥ ਦੇਖਿ ਪ੍ਰਤਾਪ ਮਨ ਮੈ ਭੈ ਪਾਵਾ ॥1278॥
ਚੋਬਦਾਰ ਤਬ ਅਰਜੀ ਠਾਨੀ ॥ ਯਮਨ ਵਕੀਲ ਅਯੋ ਸੁਖਦਾਨੀ ॥
ਬਚਨੋ ਭਨਾ[1] ਲਯਾਵੋ ਬਿਨ ਡੇਰੀ ॥ ਲਿਯਾਵਾ ਨੇਬ ਕਰੀ ਨ ਬੇਰੀ[2] ॥1279॥

॥ ਦੋਹਰਾ ॥

ਪ੍ਰਤਾਪ ਦੇਖ ਬੇਦੀਸ ਕਾ ਝੁਕ ਸਲਾਮ ਤਿਨ ਕੀਨ ॥
ਬੈਠਿ ਜਾਹੁ ਸ੍ਰੀ ਗੁਰ ਕਹਾਂ ਬੈਠਾ ਹੁਇ ਕੋਰ ਦੀਨ ॥1280॥

॥ ਚੌਪਈ ॥

ਕਮਲ ਬਦਨ[3] ਤਬ ਪੂਛਨ ਕੀਨਾ ॥ ਕੈਸੇ ਆਵਾ ਕਹੁ ਪ੍ਰਬੀਨਾ ॥
ਕਹੇ ਵਕੀਲ ਸੁਨੋ ਸੁਖਦਾਈ ॥ ਤੁਰਕ ਰਾਫ ਭੇਜਾ ਤਵ ਪਾਈ ॥1281॥
ਹੈ ਗੈ ਸਸਤ੍ਰ ਤਯਾਗਨ ਕੀਜੈ ॥ ਅੰਮ੍ਰਿਤਸਰੁ ਮਹਿ ਨਾਹਿ ਰਹੀਜੈ ॥
ਸਿਖਨ ਕੇ ਜੇ ਗੁਰੂ ਕਹਾਵੋ ॥ ਜੰਗ ਕਰੋ ਭੁਜ ਬਲੁ ਦਿਖਰਾਵੋ ॥1282॥

---

1. ਅ ਪੋਥੀ ਕਿਆ  2. ੲ ਪੋਥੀ ਦੇਰੀ  3. ੲ ਪੋਥੀ ਕਮਲਾਨਨ

ਬਚਨ ਕਹਾ ਗੁਰ ਸੁਨ ਵਕੀਲਾ ॥ ਤੁਮ ਕੋ ਮਾਰ ਲੇਹੁ ਬਿਨੁ ਢੀਲਾ ॥
ਕਹੋ ਸਾਚ ਨਹਿ ਝੂਠ ਅਲਾਈ ॥ ਕੇਤਕ ਸੈਨਾ ਹੈ ਤੁਮ ਪਾਈ ॥1283॥
ਭਨਾ ਵਕੀਲ ਸੁਨੋ ਗੁਰ ਪੂਰੇ ॥ ਜੁਧ ਕੀਏ ਨਹਿ ਉਤਰੋ ਪੂਰੇ ॥
ਤੁਰਕਨ ਸੈਨਾ ਨਾਹਿ ਸੁਮਾਰਾ ॥ ਕੌਣ ਗਨੇ ਕਛੁ ਵਾਰ ਨ ਪਾਰਾ ॥1284॥

॥ ਦੋਹਰਾ ॥

ਸੁਨ ਕਰ ਤਿਨ ਕੇ ਬੈਨ ਕੋ ਸ੍ਰੀ ਗੁਰ ਉਤ੍ਰ ਦੀਨ ॥
ਸਿੰਘਨ ਸੈਨਾ ਹੈ ਘਨੀ ਤੁਰਕਨ ਮਾਰੇ ਬੀਨ ॥1285॥

॥ ਚੌਪਈ ॥

ਭਨਾ ਤੁਰਕ ਪੁਨ ਪੁਨ ਸੁਖਦਾਈ ॥ ਸੈਨਾ ਤੁਮਰੀ ਨਦਰਿ ਨ ਆਈ ॥
ਜਿਨੋ ਭਰੋਸੇ ਰਾਰ ਮਚਾਵੋ ॥ ਤਿਨ ਮੋ ਕੋਈ ਮੁਝ ਦਿਖਾਵੋ ॥1286॥
ਸ੍ਰੀ ਗੁਰ ਬੋਲੇ ਨੈਨਨ ਮੀਚੋ ॥ ਰਹੇ ਨ ਸੰਸਾ ਮਨ ਮਧ ਚੀਨੋ ॥
ਚਾਰ ਪ੍ਰਕਾਰ ਸੈਨਾ ਦੇਖੀ ॥ ਤੋਪ ਜੰਬੂਰੇ ਖਗ ਬਸੇਖੀ ॥
ਤੁਰਕਨ ਸੈਨਾ ਚਲੀ ਪਰਾਈ ॥ ਬਾਤ ਲਗੇ ਜਿਮ ਪਾਤ ਉਡਾਈ ॥1288॥
ਤੁਰਕਨ ਨਾਰੀ ਪੀਟਤ ਦੇਖੀ ॥ ਸਿੰਘਨ ਬਾਂਮਾ ਹਰਖ ਬਿਸੇਖੀ ॥
ਦਿਖ ਅਸ ਕੌਤਕ ਨੈਨ ਉਘਾਰੇ ॥ ਚਰਨ ਗੁਰੂ ਕੇ ਕਰੇ ਜੁਹਾਰੈ ॥1289॥

॥ ਦੋਹਰਾ ॥

ਤੂੰ ਤੋ ਆਪ ਖੁਦਾਇ ਹੈ ਪਾਰ ਨਾ ਪਾਇਆ ਜਾਇ ॥
ਹਮ ਮੂਰਖ ਮਦ[1] ਜੰਤ ਹੈਂ ਤੁਮਰੀ ਗਤ ਨ ਲਖਾਇ ॥1290॥

**(ਬਾਬਾ ਸਾਹਿਬ ਸਿੰਘ ਨੇ ਸ਼ਾਹ ਜਮਾਨ ਨੂੰ ਲਾਹੌਰ ਤਿਆਗਣ ਲਈ ਕਹਿਣਾ)**

॥ ਚੌਪਈ ॥

ਕਹਾ ਗੁਰੂ ਅਬ ਜਾਵਨ ਕੀਜੈ ॥ ਜੁਮਾਨ ਸਾਹ ਕੋ[2] ਸੁਧ ਮਮ ਦੀਜੈ ॥
ਤਯਾਗੁ ਲਹੌਰ ਪਿਛੇ ਹਟ ਜਾਵੋ ॥ ਨਾਤਰ ਮਾਰ ਮੁਹੇ ਮੁਹਿ ਖਾਵੋ ॥1291॥
ਸਿੰਘਨ ਸੈਨਾ ਆਈ ਜਾਨੋ ॥ ਮਾਰੈ ਤੁਮ ਕੋ ਦੈ ਦੁਖ ਨਾਨੋ ॥
ਜਾਵੋ ਦੇਰੀ ਕਛੂ ਨ ਕੀਜੈ ॥ ਹਮਰੀ ਕਹਿਵਤ ਸਰਬ ਕਹੀਜੈ ॥1292॥
ਤਬੈ ਵਕੀਲ ਚਲਾ ਸਿਰੁ ਨਾਈ ॥ ਜਮਾਨੁ ਸਾਹ ਪ੍ਰਤਿ[3] ਜਾਇ ਸੁਨਾਈ ॥
ਗੁਰੂ ਨ ਜਾਨੋ ਆਪੁ ਖੁਦਾਇ ॥ [4]ਜੰਗ ਕਰਨ ਕੀ ਤਯਾਗਹੁ ਚਾਹ[4] ॥1293॥
ਫੌਜ ਆਪਨੀ ਗੁਰੂ ਦਿਖਾਈ ॥ ਚਾਹੈਂ ਹਮਰੀ ਸਢਾ ਉਠਾਈ ॥
ਸਭ ਸਿਰਦਾਰੁ ਹੈਂ ਜਾ ਕੇ ਚੇਰੇ ॥ ਜਿਸ ਕਿਸਮਤ ਤੇ ਭਏ ਉਚਰੇ ॥1294॥

---

1. ਅ ਪੋਥੀ ਮਤਿ
2. ਅ ਪੋਥੀ ਪਾਠਾਂਤਰ : ਖਬਰੁ ਸੂ ਦੀਜੈ
3. ੲ ਪੋਥੀ ਕੋ
4. ੲ ਪੋਥੀ ਪਾਠਾਂਤਰ: ਜੁਧ ਕਰਨ ਕਾ ਛੋਡਹੁ ਰਾਹਿ ॥

॥ ਦੋਹਰਾ ॥
ਦੇਰ ਨ ਕੀਜੈ ਅਬੈ ਤੁਮ ਚਲੀਏ ਕਾਬੁਲ ਓਰਿ ॥
ਜਬ ਲਗ ਆਵੈ ਨ ਈਹਾਂ ਬੇਦੀ ਕੁਲ ਸਿਰ ਮੌਰ ॥1295॥

(ਸ਼ਾਹ ਜ਼ਮਾਨ ਦਾ ਲਾਹੌਰ ਤਿਆਗਣਾ)

॥ ਚੌਪਈ ॥
ਜ਼ੁਮਾਨ ਸਾਹਿ ਤਬ ਮਨੈ ਬਿਚਾਰਾ ॥ ਕਯਾ ਜਾਨੈ ਮਤ ਆਵੈ ਹਾਰਾ ॥
ਅਬ ਮੈ ਪਾਛੇ ਹੀ ਹਟ ਜਾਵੌਂ ॥ ਚਲ ਕਾਬਲ ਮੋ ਰਾਜ ਕਮਾਵੌਂ ॥1296॥
ਐਸ ਬਿਚਾਰ ਕੂਚ ਕਰ ਦੀਨਾ ॥ ਕਾਬਲ ਓਰ ਪਿਆਨਾ ਕੀਨਾ ॥
ਐਸ ਚਲਾ ਜਸ ਹੜ ਜਲ ਹੋਈ ॥ ਸਿੰਘ ਧਿਰ ਦੇਖਿ ਮ੍ਰਿਗ ਰਹਿ ਨ ਕੋਈ ॥1277॥
ਜਿਸ ਕੇ ਮਨ ਮੋ ਭਯ ਬਹੁ ਆਯਾ[1] ॥ ਕੂਚ ਹੀ ਕੂਚ ਕਰਤ ਤਬ ਧਾਵਾ ॥
ਸਾਹਿਬ ਪਾਸ ਖਬਰ ਚਲਿ ਆਈ ॥ ਜ਼ੁਮਾਨ ਸਾਹਿ ਤੇ ਗਯੋ ਪਠਾਈ ॥1278॥
ਸੁਨ ਸਿਰਦਾਰੁ ਸਭ ਚਲੁ ਆਏ ॥ ਜਿਨ ਕੋ ਹੋਤ ਭਏ ਮਨਿ ਭਾਏ ॥
ਆ[2] ਹਜ਼ੂਰ ਪਗ ਸੀਸ ਨਿਵਾਵੈ ॥ ਪਾਨ ਜੋਰ ਕਰਿ ਬਿਨੈ ਅਲਾਵੈ ॥1279॥

॥ ਦੋਹਰਾ ॥
ਪਾਨ ਜੁਰ ਸਰਕਾਰ ਤਬ ਭਨੀ ਸੁ ਨੁਤ ਬਿਗਸਾਇ ॥
ਹਮਰੀ ਰਛਿਯਾ ਇਮ ਕਰੀ ਜਿਮ ਪ੍ਰਹਿਲਾਦੁ ਬਚਾਇ ॥1300॥

॥ ਚੌਪਈ ॥
ਸਤਿਗੁਰ ਸਾਹਿਬ ਆਪਿ ਨਸਾਵਾ ॥ ਹਮਰੇ ਸੁਖਨ ਕੋ ਸੀ ਦਾਵਾ ॥
ਅਪਨੇ ਜਾਨੁ ਆਪੁ ਰਖਿ ਲੀਨੇ ॥ ਨਾਤਰ ਹਮ ਕੋ ਕਰਤਾ ਹੀਨੇ ॥1301॥
ਹਿੰਦੂ ਜਾਤ ਸਭ ਮਨ ਮੋ ਹਰਖੇ ॥ ਜਿਨ ਕੇ ਭਾਗ ਭਏ ਅਤ ਸਰਖੇ ॥
ਗ੍ਰਹ ਗ੍ਰਹ ਮੋ ਗੁਰ ਕਾ ਯਸਿ ਗਾਵੈ ॥ ਸਤਿਗੁਰ ਸਾਹਿਬ ਸਿੰਘ ਅਲਾਵੈ ॥1302॥

(ਦਰਬਾਰ ਸਾਹਿਬ ਦੀਪ ਮਾਲਾ ਕਰਨੀ)

॥ ਦੋਹਰਾ ॥
ਸਭ ਸਿਰਦਾਰਨ ਕੋ ਪ੍ਰਤੀ ਸਤਿਗੁਰ ਆਇਸ ਦੀਨ ॥
ਦੀਪ ਮਾਲ ਅਬ ਹੀ ਕਰੋ ਸ੍ਰੀ ਦਰਬਾਰ ਸੁਭ ਚੀਨ ॥1303॥

॥ ਚੌਪਈ ॥
ਹਾਥ ਜੋਰ ਤਿਨ ਸਤ ਬਖਾਨਾ ॥ ਦੇਰ ਨ ਕੀਨ ਭਏ ਸਵਧਾਨਾ ॥
ਪ੍ਰਥਮੇ ਬਾਜੇ ਮੰਗਲ ਵਾਏ ॥ ਕੜਾਇ ਪ੍ਰਸਾਦਿ ਭਏ ਅਧਿਕਾਏ ॥1304॥
ਦੀਪ ਜਗਾਏ ਬਡ ਆਨੰਦੂ ॥ ਗੁਰ ਕੋ ਯਸ ਗਾਵੈ ਦੁਤ ਚੰਦੂ ॥
ਬਡ ਅਨੰਦ ਹੋਵਾ ਤਿਹ ਰਾਤੀ ॥ ਸਭ ਕੇ ਮਨ ਸਰਸੇ ਹਰਖਾਤੀ ॥1305॥
ਸ੍ਰੀ ਦਰਬਾਰ ਗੁਰੂ ਚਲੇ ਆਏ ॥ ਧਨ ਕੀ ਬਰਖਾ ਬਹੁ ਕਰਵਾਏ ॥
ਪ੍ਰਸਾਦਿ ਕਰਾਵਾ ਗੁਰ ਅਧਿਕਾਈ ॥ ਬਾਂਟਨ ਕੀਨਾ ਸਭ ਲੇ ਖਾਈ ॥1306॥

---

1. ਅ ਪੋਥੀ ਆਵਾਂ 2. ਅ ਪੋਥੀ ਆਇ

॥ ਦੋਹਰਾ ॥

ਦਰਸ ਪਰਸ ਕਰਿ ਸਤਿਗੁਰੂ ਗਏ ਸਿਵਰ ਕੇ ਮਾਂਹਿ ॥
ਲੰਗਰ ਭਯੋ ਤਿਯਾਰ ਤਬ ਸਭ ਹੀ ਲੇ ਕਰ ਖਾਇ ॥1307॥
ਨਿਸਾ ਤਿਬਾਈ ਸੈਨ ਕਰ ਜਾਗੇ ਗੁਰ ਸੁਖਦਾਇ ॥
ਸਨਾਂਨ ਪੁਸਾਕੀ ਪਹਿਨ ਕਰ ਥਿਰੇ ਦਿਵਾਨੁ ਮਧੁ ਆਇ ॥1308॥
ਗੁਲਾਬ ਸਿੰਘ ਜੋਧ ਸਿੰਘ ਦੋਨੋ ਆਏ ਪਾਸਿ ॥
ਹਾਥ ਜੋਰ ਬੰਦਨ ਕਰੀ ਪੁਨਿ ਕੀਨੀ ਅਰਦਾਸਿ ॥1309॥

(ਦਰਬਾਰ ਸਾਹਿਬ ਵਿਖੇ ਵੈਸਾਖੀ ਮੇਲਾ)

॥ ਚੌਪਈ ॥

ਪ੍ਰਭ ਜੀ ਦਿਨੇ ਵਿਸਾਖੀਂ ਮੇਲਾ ॥ ਸ੍ਰੀ ਦਰਬਾਰ ਸੁਚ ਲੋ ਸਵੇਲਾ ॥
ਦੇਹੁ ਦਿਦਾਰ ਤਖਤ ਪਰ ਬੈਠਹੁ ॥ ਸਿੰਘਨ ਸੰਗਤਿ ਕਰ ਆਕੈਠਹੁ ॥1310॥
ਸਾਹਿਬੁ ਕਿਹਾ [1]ਨਿਹੰਗ ਰਿਸਾਵਹਿ ॥ ਦੁੱਖ ਪਾਵੈ ਕਟਿ ਬੈਨ ਅਲਾਵਹਿ ॥
ਹਮ ਤੋ ਕਿਸ ਕੋਂ ਦੁਖ ਨਹਿ ਦੇਨਾ ॥ ਸਭ ਸਯੋ [2]ਹਰਖੰ ਦੇਨਾ ਲੇਨਾ ॥1311॥
ਸਭ ਕੋਈ ਨਿਜ ਮਾਨ ਰਖਾਵੈ ॥ ਕਟਕ ਬੈਨ ਸੁਨ ਸਹਾ ਨ ਜਾਵੈ ॥
ਗੁਰ ਦੁਆਰੇ ਦਰਸਨ ਹਿਤ ਜਾਣਾ ॥ ਦੰਗਾ ਭਏ ਬਹੁਰਿ ਪਛਤਾਣਾ ॥1312॥
ਏਹ ਪੁਜਾਰੇ ਲੋਭੀ ਮਾਯਾ ॥ ਚਾਹੇ ਖਿਤ ਬਹੁ ਔਰੁ ਨ ਭਾਯਾ ॥
ਸਦਾ ਸੁ ਇਨ ਕਾ ਲੋਭੰ ਬਾਸਾ ॥ ਸੰਤ ਸਾਧ ਕੋ ਕਰਤੇ ਹਾਸਾ ॥1313॥

॥ ਦੋਹਰਾ ॥

ਗੁਲਾਬ ਸਿੰਘ[3] ਕਰ ਜੋਰੁ ਕਰਿ[3] ਕੀਨੀ ਅਰਜ ਹਜੂਰ ॥
ਕਯਾ ਮਜਾਲ ਤਿਨ ਕੀ ਕਹੈ ਬੋਲੈ ਸਾਥ ਹਜੂਰ ॥1314॥
ਗੁਲਾਬੁ ਸਿੰਘ ਤਬ ਕਹਿ ਪਠਾ ਬੋਲੈ ਮਤਿ ਨਿਹੰਗ ॥
ਬੋਲੇ ਬੋਲ ਕੁਬੋਲ ਜੋ ਲਹੈ ਪਲਕ ਮੈ ਭੰਗੁ ॥1315॥
ਰਹਨ ਨ ਪਾਵੈ ਸੁਧਾਸਰ ਬਾਹਰ ਮਿਲੇ ਨਿਕਾਸ ॥
ਜਾਇ ਕਰੈ ਗੁਰ ਸਰਵਰੀ ਲਹੈ ਸਜਾਇ ਬਿਨਾਸ ॥1316॥

॥ ਚੌਪਈ ॥

ਤਬ ਤਯਾਰੀ ਸ੍ਰੀ ਗੁਰੂ ਕਰਾਈ ॥ ਧੌਸੇ ਬਾਜੇ ਸਾਥ ਸਚਨਾਈ ॥
ਦੁਾਦਸ ਸਤ ਸਿੰਘਨ ਕੀ ਮਾਲਾ ॥ ਕਮਰਕਸਾ ਕਰ ਹੋਏ ਨਾਲਾ ॥1317॥
ਗੁਲਾਬ ਸਿੰਘ ਲੈ ਸੈਨਾ ਚਾਲ੍ਹਾ ॥ ਜੋਧ ਸਿੰਘ ਕੀ ਮਾਨੀ ਬਿਸਾਲਾ ॥
ਫੀਲ ਅੰਬਾਰੀ ਗੁਰ ਚੜ ਚਾਲੇ ॥ ਸਿੰਘ ਕ੍ਰਿਕਾਨ ਕੁਦਾਇ ਦੁਆਲੇ ॥1318॥

1. ਅ ਪੋਥੀ ਕਹਿਯੋ
2. ਅ ਪੋਥੀ ਸੋ
3. ੲ ਪੋਥੀ ਪਾਠਾਂਤਰ : ਦੋਇ ਹਾਥ ਜੋੜਿ

ਉਡਗਨ ਮੈ [1]ਜਿਮ ਨਿਸਪਤਿ ਸੋਭੈ ॥ ਬੀਚ ਅਨੀ ਗੁਰ ਮੋਟੈ ਥੋਭੈ ॥
ਸ੍ਰੀ ਦਰਬਾਰ ਪ੍ਰਥਮ ਗੁਰ ਆਏ ॥ ਦਿਖ ਦਿਖ ਗੁਰ ਸਿਖ ਭੇ ਹਰਖਾਏ ॥1319॥
ਹਰਿ ਸ੍ਰੇਣੀ ਪਰ ਮਜਨ ਠਾਂਨਾ ॥ ਪਹਰ ਪ੍ਰਸਾਕ ਭਏ ਹਰਖਾਨਾ ॥
ਹਰਿ ਮੰਦਰਿ ਕੇ ਅੰਤਰੁ ਗਏ ॥ ਥੈਲੀ ਰਾਖੀ ਸੀਸ ਨਿਵਾਏ ॥1320॥
ਪ੍ਰਸਾਦਿ ਬ੍ਰਤਾਵਾ ਬਾਹਰ ਆਏ ॥ ਅੰਕਾਲ ਬੂੰਗੇ ਕੌ ਬਹੁੜਿ ਸਿਧਾਏ ॥
ਤਖਪ ਬੈਠਿ ਕਰ ਅਧਿਕ ਸੁਹਾਵੈ ਦਿਖ ਇੰਦ੍ਰਾਦਿਕ੍ਰ ਬਲ ਬਲ ਜਾਵੈ ॥1321॥
ਹੁਮ ਹੁਮਾਇ ਕਰ ਸੰਗਤਿ ਆਈ ॥ ਕਰ ਗੁਰ ਦਰਸਨ ਮਨ ਹਰਖਾਈ ॥
ਬਡੋ ਦਿਵੇਨ ਲਗੋ ਤਿਹ ਬੇਰਾ ॥ ਕਿਰਤਨ ਹੋਵਾ ਅਧਕ ਵਧੇਰਾ ॥1322॥

॥ ਦੋਹਰਾ ॥

ਆਇ ਗਈ ਸਰਕਾਰ ਤਬ ਬੋਲਿ ਬਹਾਯੋ ਪਾਸ ॥
ਚਰੰਨ ਗਹੇ ਸਤਿਗੁਰੂ ਕੇ ਬਾਢ੍ਹਿਯੋ ਬਡੋ ਹੁਲਾਸ ॥1323॥
ਚੌਰ ਲਯੋ ਰਣਜੀਤ ਸਿੰਘ ਮੁਠਾ ਭੰਗੀ ਭੂਪ ॥
ਬਿਜਨ ਝੁਲਾਵੈ ਜੋਧ ਸਿੰਘ ਆਭਾ ਭਈ ਅਨੂਪ ॥1324॥
ਗੁਰ ਅੰਜਲ ਭਰ ਰਜਤ ਪਣ ਦੀਨੇ [2]ਤਬ ਬਰਖਾਇ[2] ॥
ਹਜ਼ੂਰ ਸਿਰਦਾਰ ਹਸਤ ਭੇ ਓਰ ਰੁਪਏ ਗੇਰ ॥
ਮਰਕਟ ਵਤ ਸਭ [3]ਲਰਤ ਭੇ[3] ਮਾਯਾ ਕੀਨੇ ਜੋਰ ॥1326॥
ਸਭ ਸਿਰਦਾਰਨ ਬਿਦਾ ਕਰ ਚੜ ਚਾਲੇ ਸੁਖਦਾਇ ॥
ਆਏ ਦੇਰੇ ਕੇ ਵਿਖੇ ਬੇਦੀ ਕੁਲ ਕੇ ਰਾਇ ॥1326॥

॥ ਚੌਪਈ ॥

ਸਭ ਸਿਰਦਾਰ ਫਿਰਿ ਗੁਰੂ ਬੁਲਾਏ ॥ ਸਭ ਕੌ ਹੁਕਮਿ ਦੀਓ ਹਰਖਾਏ ॥
ਆਪੋ ਅਪਨੇ ਦੁਰਗ ਸਮਾਲੋ ॥ ਰਈਯਤ ਕੋ ਹਿਤ ਸੇਤੀ ਪਾਲੋ ॥1328॥
ਸਿੰਘ ਗੁਲਾਬ ਗੁਰੂ ਜੀ ਪ੍ਰੇਰਾ ॥ ਲਹੌਰ ਮਾਹਿ ਤੁਮ ਕਰੋ ਬਸੇਰਾ ॥

**(ਇਕ ਸਰਬੰਗੀ ਦੀ ਕਥਾ)**

ਇਕ ਸਰਬੰਗੀ ਨਗਰ ਰਹਾਈ ॥ ਇੰਦ੍ਰੇ ਦਮਨ ਕਰੇ ਹਰਖਾਈ ॥1329॥
ਚੇਲੇ ਪ੍ਰਤਿ ਤਿਨ ਬੈਨ ਅਲਾਵਾਂ ॥ ਸਾਹਿਬੁ ਸਿੰਘ ਸੁ ਬੇਦੀ ਆਵਾ ॥
ਪਾਸ ਗੁਰੂ ਕੇਂ ਤੁਮ ਚਲ ਜਾਵੋ ॥ ਪ੍ਰਥਮੇ ਸਤਗੁਰ ਕੀ ਨੁਤ ਗਾਵੋ ॥1330॥

॥ ਦੋਹਰਾ ॥

ਹਾਥ ਜੋਤ ਬਿਨਤੀ ਭਨੋ ਸਰਬੰਗੀ ਮੁਝੇ ਪਠਾਇ ॥
ਏਕ ਅਸੂ ਦੀਨਾਰ ਸੌ ਦੀਜੈ ਗੁਰੂ ਦਿਵਾਇ ॥1331॥

---

1. ਅ ਪੋਥੀ ਮਹਿ
2. ਅ ਪੋਥੀ ਪਾਠਾਂਤਰ: ਤਬੈ ਬਗਾਇ
3. ੲ ਪੋਥੀ ਝਗੜਤੇ

॥ ਚੌਪਈ ॥

ਸੁਨ ਚੇਲਾ ਚਲੁ ਗੁਰ ਪਹਿ ਗਯੋ ॥ ਦੂਰ ਜਾਇ ਤਬ ਇਸਥਿਤ ਭਯੋ ॥
ਊਚੀ ਸੁਰ ਕਰ ਉਸਤਤਿ ਕੀਨੀ ॥ ਮਨੰ ਮੈ ਜਿਸ ਕੇ ਪ੍ਰੀਤ ਨਵੀਨੀ ॥1332॥
ਚੰਦ ਬਦਨ ਸੁਨ ਆਗਿਆ ਦੀਨ ॥ ਇਸੈ ਬੁਲਾਵੋ ਦੇਰ ਬਿਹੀਨ ॥
ਸੁਨ ਗੁਰ ਬਾਨੀ ਆਪੇ ਆਯੋ ॥ ਪਾਨ ਜੋਰ ਕਰ ਸੀਸ ਨਿਵਾਯੋ ॥1333॥
ਗੁਰ ਜੀ ਮੁਝ ਸਰਬੰਗੀ ਭੇਜਾ ॥ ਹੈ ਦੀਨਾਰ ਲਿਆਵਨ ਕੇਜਾ ॥
ਚੰਦਾ ਹਰਿ ਕੋ ਸ੍ਰੀ ਗੁਰ ਪੂਰਾ ॥ ਸੋ [1]ਦੀਨਾਰ ਅਸੂ[1] ਚੰਗੇਰਾ ॥1334॥

॥ ਦੋਹਰਾ ॥

ਸਾਧ ਹੇਤ ਭੋਜਨ ਕਰੋ ਸੁਨ ਭਾਈ ਹਰਖਾਨ ॥
ਹੈ ਮੁਹਰਾ ਤਬ ਦੇਤ ਭੇ ਲੇ ਸਾਧੂ ਬਿਗਸਾਨ ॥1335॥

॥ ਚੌਪਈ ॥

ਪਾਸ ਸਰਬੰਗੀ ਸੁ ਲੇ ਆਵਾ ॥ ਦਿਖ ਸਰਬੰਗੀ ਮਨ ਹਰਖਾਵਾ ॥
ਚੇਲੇ ਪ੍ਰਤਿ ਤਿਨ ਕਹਾ ਸੁਨਾਈ ॥ ਬੇਦੀ ਸਾਹਿਬ ਦੇਖਾ ਜਾਈ ॥1336॥
ਲਖ ਕਖ ਜਿਨ ਕੋ ਤੁਲ ਹੋਵਾ ॥ ਸਤ ਚਿਤ ਆਨੰਦ ਸੇਜਾ ਸੋਵਾ ॥
ਬੇਦੀ ਕੁਲ ਸਰਜਿਸ ਕੇ ਭਾਨੂ ॥ ਜਿਨ ਪੇਖਤ ਉਪਜਤ ਮਨ ਗ੍ਯਾਨੂੰ ॥1337॥
ਇਨ ਕੋ ਪਾਰ ਨ ਕੋਈ ਪਾਵੈ ॥ ਜੋ ਬਚ ਭਾਖੇ ਸੁ ਹੁਇ ਜਾਵੈ ॥
ਦਿਨ ਦਿਨੁ ਇਨ[2] ਕੋ ਬਧੇ ਪ੍ਰਤਾਪੂ ॥ [3]ਜੋਇ ਨ[3] ਸੇਵੇ ਤਿਸ ਅਘ ਖਾਪੂ ॥1338॥
ਬਹੁ ਸਿਖਨ ਕਾ ਕਰੇ ਉਧਾਰੂ ॥ ਜੋ ਇਨ ਮਾਨੇ ਭਵ ਤੇ ਪਾਰੂ ॥
ਊਨਾ ਥਾਨ ਸੋ ਗੁਨਾ ਹੋਇ ॥ ਝੰਡੇ ਝੂਲੇ ਸਭ ਦੁਖੁ ਖੋਈ ॥1339॥

॥ ਦੋਹਰਾ ॥

ਇਨ ਕੀ ਗਤੀ ਅਗਾਧ ਹੈ ਸੇਸ ਨ ਪਾਵੈ ਪਾਰ ॥
ਗਿਰਾ ਗਨੇਸ ਨ ਕਹਿ ਸਕੈ ਬਯਾਸਿ ਆਦਿਕ ਵਿਚਾਰਿ ॥1340॥

॥ ਚੌਪਈ ॥

ਮੋ ਕੋ ਤਾਕਾ ਸੇਵਕ ਜਾਨੋ ॥ ਪਨਹਿ ਉਠਾਵਨਹਾਰਾ ਮਾਨੋ ॥
ਬੇਦੀ ਸਾਹਿਬ ਬਡ ਗੰਭੀਰੂ[4] ॥ ਕਰੈ ਮਯਾ ਮੇਟੋ ਭਵ ਪੀਰੂ[5] ॥1341॥
ਪੰਝੀ ਮੁਹਰਾ ਔਰੇ ਪਾਵੋ ॥ ਹੈ ਆਦੀ ਕੋ ਦੇ ਕਰ ਆਵੋ ॥
ਚੇਲਾ ਕਹੇ ਸੁਨੋ ਗੁਰ ਪੂਰੇ ॥ ਨਿਜ ਚਲ ਦਰਸੇ ਗੁਰ ਹਜੂਰੇ ॥1342॥
ਰਹੇ ਸਰਬੰਗੀ ਸੁਨੋ ਪਿਆਰੇ ॥ ਮੁਹਿ ਪਹਿ ਤੇਜ ਨ ਜਾਇ ਸਹਾਰੇ ॥
ਗੁਰੂ ਪ੍ਰਤਾਪੰ ਸਵੰਤਾ ਨਯਾਈ ॥ ਪਟਬੀਜਨ ਵਤ ਮੈ ਜਗ ਆਈ ॥1343॥

---

1. ਅ ਪੋਥੀ ਦੀਨਾਰਾਂ ਹੈ 2. ਮੂਲ, ਏ ਪੋਥੀ ਇਕ 3. ਅ ਪੋਥੀ ਜੋ ਇਸ 4. ਅ ਪੋਥੀ ਗੰਭੀਰ 5. ਅ ਪੋਥੀ ਪੀਰ

॥ ਦੋਹਰਾ ॥

ਜਾਵੋ ਦੇਰੀ ਨਹਿ ਕਰੋ ਕਰ ਅਰਪਨ ਮੁੜ ਆਇ ॥
ਅਸ੍ਵ ਦੀਨਾਰੇ ਲੈ ਚਲਾ ਖੜਾ ਗੁਰੂ ਢਿਗ ਜਾਇ ॥1344॥

॥ ਚੌਪਈ ॥

ਆਵਾਂ ਦੇਖ ਹਸੇ ਗੁਰ ਪੂਰੇ । ਕਹੈ ਬੈਨ ਜੋ ਅਤਸੇ ਰੂਰੇ ॥
ਕੈਸੇ ਤੂੰ ਫਿਰ ਮੋੜ ਲਿਯਾਵਾ । ਹਮੇ ਸੁਨਾਵੋ ਬੇਰੁ ਬਿਹਾਵਾ ॥1345॥
ਕਹੈ ਫਕੀਰ ਸੁਨੋ ਸੁਖਦਾਈ ॥ ਸਰਬੰਗੀ ਬਹੁ ਬਿਨਤੀ ਗਾਈ ॥
ਪੰਞੀ ਮੁਹਰਾ ਭੇਜੀ ਔਰਾ ॥ ਲੀਜੇ ਗੁਰ ਜੀ ਕਰੋ ਨ ਦੇਰਾ ॥1346॥
ਚੰਦ ਬਦਨ ਸੁਭ ਗਿਰਾ ਅਲਾਈ ॥ ਲੇਵੋ ਚੰਦਾ ਸਿੰਘ ਹਰਖਾਈ ॥
ਅਸ੍ਵ ਮੁਹਰਾ ਦੋਨੋ ਲੀਨ ॥ ਸਾਧੂ ਜਾਤ ਭਯੋ ਰਸ ਭੀਨ ॥1347॥

॥ ਦੋਹਰਾ ॥

ਚੰਦਾ ਸਿੰਘ ਕਰ ਜੋਰ ਕਰ ਗੁਰ ਆਗੇ ਬਿਨੁ ਗਾਇ ॥
ਪ੍ਰਿਥਮੇ ਲੀਨੀ ਮਾਂਗ ਕਰ ਆਂਲੀ ਔਰ ਰਲਾਇ ॥1348॥
ਭਾਈ ਚੰਦਾ ਹਰਿ ਸੁਨੋ ਸਾਧੂ ਬੇਪਰਵਾਹਿ ॥
ਮੌਜ ਵਿਖੇ ਸਦ ਵਰਤਤੇ ਜੋ ਚਾਹਿ ਹੁਇ ਜਾਇ[1] ॥1349॥

॥ ਚੌਪਈ ॥

ਸ੍ਰੀ ਗਰ[2] ਜੀ ਤਬ ਭਏ ਤਿਯਾਰਾ ॥ ਜਿਨ ਦਰਸੇ ਹੁਇ ਹਰਖੁ ਅਪਾਰਾ ॥
ਨਰ ਨਾਰੀ ਸਭ ਮਿਲਨੇ ਆਏ ॥ ਚਰਨ ਧੂਰਿ ਲੇ ਮਸਤਕਿ ਲਾਏ ॥1350॥
ਸਿਰੋਪਾਇ ਤਬੈ ਗੁਰ ਦੀਨੇ ॥ ਜਿਨ ਲੀਨੇ ਤਿਨ ਭਾਗ ਨਵੀਨੇ ॥
ਦਰਸਨ ਕਰ ਕਰ ਸਦਨੰ[3] ਗਏ ॥ ਮੁਸਦੀ ਅਕਾਲੀ ਆਵਤ ਭਏ ॥1351॥
ਤਿਨ ਕੋ ਗੁਰ ਜੀ ਦਰਬੁ ਦਿਵਾਵਾ ॥ ਲੇਕਰ ਯਸ ਗੁਪ ਕੋ ਬਹੁ ਗਾਵਾ ॥
ਭਾਈ ਮਨਸਾ ਸਿੰਘ ਜੀ ਆਏ ॥ ਗੁਰ ਸਿਖੀ ਜਿਨ ਰਿਦ ਰਹੀ ਛਾਏ ॥1352॥
ਹਾਥ ਜੋਰ ਕਰੁ ਅਰਜੀ ਕੀਨੀ ॥ ਮੈ ਹੋ ਸੇਵਕ ਅਤਸੇ ਦੀਨੀ ॥
ਸੁਨ ਕਰ ਗੁਰ ਜੀ ਗਿਰਾ ਅਲਾਈ ॥ ਤੂੰ ਮੇਰਾ ਮੈ ਤੇਰਾ ਭਾਈ ॥1353॥

॥ ਦੋਹਰਾ ॥

ਪਾਗ[4] ਦੁਸਾਲਾ ਭਾਈ ਕੋ ਸਿਰੋਪਾਇ ਗੁਰ ਦੀਨ ॥
ਲੇਕਰ ਭਾਈ ਸਿਰ ਧਰਾ ਗੁਰ ਚਰਨਨ ਰਸ ਲੀਨ ॥1354॥

॥ ਚੌਪਈ ॥

ਭਾਈ ਦੂਲੋ ਰਾਮ ਬੁਲਾਵਾ ॥ ਸਭ ਸਿਰਪਾਵ ਸ੍ਰੀ ਗੁਰੂ ਦਿਵਾਵਾ ॥

---

1. ਅ ਪੋਥੀ ਤਾਹਿ 2. ੲ ਪੋਥੀ ਸਤਿਗੁਰੂ 3. ੲ ਪੋਥੀ ਗ੍ਰਿਹ ਮੋ
4. ੲ ਪੋਥੀ ਦਸਤਾਰ

ਭਗਤਿ ਗਯਾਨੁ ਵਿਵੇਕ ਦ੍ਰਿੜਾਯੋ ॥ ਜਨਮ ਮਰਨ ਕਾ ਰੋਗੁ ਮਿਟਾਯੋ ॥1354॥
ਚਤੁਰਥੁ ਧਿਆਇ ਸਾ ਪੂਰਨ ਹੋਯਾ ॥ ਗੁਰ ਕ੍ਰਿਪਾ ਤੇ ਸਭ ਦੁਖ ਖੋਵਾ ॥
ਪੜੇ ਸੁਨੇ ਜੋ ਭਗਤਿ ਪਾਵੈ ॥ ਜਨਮ ਮਰਨ ਮੋ ਬਹੁਰਿ ਨ ਆਵੈ ॥1355॥
ਕੇਵਲ ਇਸ ਮੋ ਗੁਰ ਪਰਤਾਪੂ ॥ ਜਾਹਿ ਸੁਨੇ ਮਿਟ ਤੀਨੋ ਤਾਪੂ ॥
ਗੁਰ ਸਿਖਨ ਕੇ ਯੋਗੁ ਬਨਾਈ ॥ ਸਾਖੀ ਸੁੰਦਰ ਗੁਰ ਸੁਖਦਾਈ ॥1356॥

॥ ਦੋਹਰਾ ॥

ਸੰਤ ਸਿਰੋਮਣਿ ਸਤਿਗੁਰੂ ਗੁਰਦਿਤਚੰਦ ਜਹ ਨਾਮ ॥
ਸੋਭਾ ਸੇਵਕ ਤਿਨੇ ਕਾ ਕੀਨੋ ਧਯਾਇ ਅਭਿਰਾਮ ॥1357॥

ਇਤ ਸ੍ਰੀ ਗੁਰ ਬਿਲਾਸ ਸਤਿਗੁਰ ਸਾਹਿਬੁ ਸਿੰਘ ਜੀ ਕੋ ਜੋਮਨ ਸਾਹਿ ਭਜਾਵਨ ਨਾਮ ਚਤੁਰਥੋ ਧਿਆਇ ਸਮਾਪਤ ਸਤੁ ਸੁਭ ਮਸਤੁ ॥4॥1॥

## ਅਧਿਆਇ ਪੰਜਵਾਂ

ੴ ਸਤਿਗੁਰ ਪ੍ਰਸਾਦਿ

[1]॥ ਅਥ ਪੰਚਮੋ ਧਿਆਇ ਚਲਿਆ ॥[1]

(ਮੰਗਲਾਚਰਣ)

॥ ਦੋਹਰਾ ॥

ਸ੍ਰੀ ਬੀਨ੍ਹਾ ਸੁਭ ਬਜੜ੍ਹ ਭੀ ਸੁਖਦਾਈ ਤ੍ਰੈਲੋਕ ॥
ਸਾਰਦ ਪਾਰਦ ਕੁੰਦ ਸੀ ਕਵਿਨ ਮਿਟਾਵੈ ਸੋਕੁ ॥1॥
ਦਸੋ ਪਾਤਿਸਾਹੀ ਗੁਰੂ ਧਰਯੋ ਸੁਭਗ[2] ਅਵਤਾਰ ॥
ਪ੍ਰਥਕ ਪ੍ਰਥਕ ਮੁਹਿ ਬੰਦਨਾ ਸੀਸ ਚਰਨ ਪਗ ਧਾਰ ॥2॥
ਅੰਮ੍ਰਿਤੁ ਸਰੁ[3] ਗੁਰ ਗ੍ਰੰਥ ਕੋ ਸੰਤਨ ਕਰ ਪ੍ਰਣਾਮ ॥
ਕਥਯੋ ਧਯਾਇ ਅਬ ਪੰਚਮੋ ਜਿਸ ਮੇ ਕਥਾ ਅਭਿਰਾਮ[4] ॥3॥
ਸ੍ਰੀ ਗੁਰ ਸਾਹਿਬ ਸਿੰਘ ਕੀ ਕੀਰਤ ਕਰੋ ਬਨਾਇ ॥
ਜਾਸ ਸੁਨੇ ਮਨ ਸਾਂਤ ਹੋਇ ਜਨਮ ਮਰਨ ਦੁਖ ਜਾਇ ॥4॥
ਸਤਗੁਰ ਸਾਹਿਬ ਸਿੰਘ ਜੀ ਭਏ ਅਦਿਤ ਸਰੂਪੁ ॥
ਅਗਿਯਾਂਨ ਤਿਮਰ ਸਿਖਨ ਹਤਾ ਜਿਨ ਸਰਧਾ ਸੇ ਭੂਪ ॥5॥
ਵਿਰਤਿ ਵਿਕੇਕੁ ਵਿਗਯਾਨੁ ਮੈ ਸਦਾ ਰਹਿਤ ਲੈ ਲੀਨ ॥
ਐਸੇ ਗੁਰ ਗੁਰਦਿਤ ਚੰਦ ਸੋਭੇ ਬੰਦਨ ਕੀਨ ॥6॥

॥ ਚੌਪਈ ॥

ਭਾਈ ਸੇਵਾ ਸਿੰਘ ਹਰਖਾਏ ॥ ਪਾਨ ਜੋਰ ਕਰ ਬਿਨੇ ਅਲਾਏ ॥
ਆਗਲ ਗਾਥ ਕਹੋ ਹਰਖਾਵੋ ॥ ਦਯਾ ਕਰੋ ਜਗ ਮੈ ਜਸ ਪਾਵੋ ॥7॥
ਭਾਈ ਤੇਜਾ ਹਰਿ ਸੁਨ ਹਰਖਾ ॥ ਕਹੀ ਗਿਰਾ ਜਨ ਅੰਮ੍ਰਿਤ ਬਰਖਾ ॥
ਸੁਨ ਭਾਈ ਅਬ ਤੁਮੇ ਸੁਨਾਵੋ ॥ ਜਾਸ ਕਥਨ ਤੇ ਸੁਭ ਪਦ ਪਾਵੋ ॥8॥

॥ ਦੋਹਰਾ ॥

ਅੰਮ੍ਰਿਤਸਰੁ ਤੇ ਕੂਚ ਕਰ ਮਾਰਗਿ ਜਾਤ ਦਿਆਲ ॥
ਪੈਂਚਾ ਟੀਲੇ ਆ ਮਿਲੀ ਮਾਈ ਭਾਗ ਬਿਸਾਲੁ ॥9॥

### (ਇਕ ਮਾਈ ਦੀ ਕਥਾ)

॥ ਚੌਪਈ ॥

ਏਕ ਸਿੰਘ ਨੇ ਦਯੋ ਸੁਨਏ ॥ ਸਾਹਿਬ ਤੌ ਆਗੇ ਚਲਿ ਗਏ ॥
ਅਬ ਤੂ ਕਹਾ ਮਿਲੇਗੀ ਦੌਰ ॥ ਤਿਸਟ ਹੋਇ ਮਾਈ ਇਸ ਠੌਰ ॥10॥

---

1. ਅ ਪੋਥੀ ਪਾਠਾਂਤਰ : ਅਬ ਆਗੈ ਪੰਚਮੋ ਧਿਆਇ ਵਰਨੰਨ ॥ 2. ਅ, ੲ ਪੋਥੀ ਜਗਤੁ
3. ੲ ਪੋਥੀ ਸੁਧਾਰਸ 4. ਮੂਲ ਪੋਥੀ ਭਿਰਾਮ

ਮਾਈ ਕਹਯੋ ਗੁਰੂ ਜੋ ਹੋਗ ।। ਦਰਸ਼ਨ ਦੇਵੇ ਗੋ ਮੁਹਿ ਜੋਗ ।।
ਜੋ ਗੁਰ ਕੇ ਹੈ ਸਿਖ ਪਿਆਰੇ ।। ਮੇਰੋ ਪੈ ਪੀ ਅਗਰ ਸਿਧਾਰੇ ।।11।।
ਚਬੇ ਪਾਸ ਗੁਰੂ ਬਿਰੁ ਭਏ ।। ਤਿਸ ਮਾਈ ਇਛ ਪੂਰਨ ਕਏ ।।
ਕਹਯੋ ਪ੍ਰਭੂ ਮਾਈ ਪੈ ਲਯਾਉ ।। ਭਯੋ ਦੁਪਹਰੁ ਬੇਰ ਨ ਲਾਉ ।।12।।
ਮਾਈ ਕਹਯੋ ਜਾਉ ਬਲਿਹਾਰੀ ।। ਪੈ ਪੀ ਚਢਯੋ ਕਿੰਦਰੀਤਾਰੀ ।।
ਹੋਯੋ ਹੁਕਮੁ ਲਯਾਵੋ ਚਾਟੀ ।। ਮਿਸਰੀ ਪਾਇ ਭਰੀ ਤਿਨ ਬਾਟੀ ।।13।।
ਜਬ ਬਾਟੀ ਗੁਰ ਆਗੇ ਕੀਨੀ ।। ਮਹਿ ਕੈ ਦੂਧ ਮਿਲਾਈ ਚੀਨੀ ।।
ਦਿਖ ਪਭ ਜੀ ਤਬ ਗਿਰਾਂ ਅਲਾਈ । ਅਬ ਹੀ ਪੁਸਟ ਕਰਨ ਮਮ[1] ਆਈ ।।14।।
ਪੰਚ ਘੁਟ ਅਚ ਸਤਿਗੁਰ ਲੀਨੇ ।। ਦੂਧ ਪੂਤ ਮਾਈ ਕੋ ਦੀਨੇ ।
ਔਰੁ ਦੂਧੁ ਸਿਖਨ ਕੋ ਦੀਨਾ ।। ਜਿਨ ਪੀਆ ਤਿਨ ਮਨ ਹਰਖੀਨਾ ।।15।।

।। ਦੋਹਰਾ ।।

ਗੁਰ ਦਰਸਨ ਪ੍ਰਤਾਪ ਤੇ ਭਈ ਸੁਮਤਿ ਤਿਸੁ ਆਇ ।।
ਪਾਨ ਜੋਰ ਉਸਤਤਿ ਕਰੀ ਛੰਦ ਤ੍ਰਿਭੰਗ ਬਨਾਇ ।।16।।

।। ਤ੍ਰਿਭੰਗੀ ਛੰਦ ।।

ਦਿਖ ਪ੍ਰਭੂ ਨੈਨਾ ਸਦ ਸੁਖ ਸੈਨਾ[2] ਹਰਖੀ ਮਾਈ ਲੋਕ ਸਬੈ ।।
ਤਨ ਭੀ ਪੁਲ ਕਾਵਲਿ ਰਸ ਰੁਚਿ ਬਾਵਲ ਪ੍ਰੇਮ ਉਤਾਵਲ ਕੀਨ ਤਬੈ ।।
ਅਤ ਉਸਤਵ ਸਾਨੇ ਪ੍ਰੇਮ ਬਿਕਾਨੇ ਨੈਨ ਚੁਮਾਨੇ ਬਾਰ ਭਰੇ ।।
ਗੁਨ ਪ੍ਰਭ ਵਰ ਗਾਵੈ ਬਿਬਿਧ ਸੁਹਾਵੈ ਅੰਗ ਨ ਮਾਵੇ ਅੰਗੁਨ ਖਰੈ ।।17।।

।। ਸੋਰਠਾ ।।

ਪੂਰਨ ਦੀਨਨ ਬੰਧੁ ਭਰਨ ਹਰਨ ਸਾਮਰਥ ਸਦ ।।
ਤਿਹ ਨਭ ਜਸ ਮਨ ਅੰਧ ਕੋ ਕ੍ਰਿਪਾਲ ਸਾਹਿਬ ਸਰਸ ।।
ਸਤਿਗੁਰ ਪੂਰਨ ਕਾਮ ਭਵ ਬਾਧਾ ਮੋਚਨ ਉਚਿਤ ।।
ਸਾਦਰ ਤਿਨ ਨਮਾਮਿ ਬੇਦੀ ਕੁਲ ਕੇ ਮੁਕਟਿ ਮਣਿ ।।19।।

।। ਚੌਪਈ ।।

ਐਸੀ ਨੁਤੇ ਕਰੀ ਜਬ ਮਾਈ ।। ਕਹਯੋ ਹਜੂਰ ਮਾਂਗੋ ਜੋ ਭਾਈ ।।
ਮਧੁਰ ਗਿਰਾ ਮਾਈ ਬਚ ਗਾਯੋ ।। ਕਰ ਦਰਸਨ ਮੈ ਸਭ ਕਿਛ ਪਾਯੋ ।।20।।
ਸੁਨ ਕਰ ਸਾਹਿਬੁ ਭਏ ਪ੍ਰਸੰਨ । ਕਹਤ ਭਏ ਮਾਈ ਤੂੰ ਧੰਨੁ ।।
ਵਾਹਿਗੁਰੂ ਸਿਮਰੋ ਮਨ ਲਾਵੋ ।। ਅੰਤਿ ਕਾਲ ਪਰਮ ਗਤਿ ਪਾਵੋ ।।21।।
ਭੁਗਤਿ ਮੁਕਤਿ ਸਤਿਗੁਰ ਤੇ ਲੀਨੀ ।। ਗਈ ਸਦਨ ਮਨ ਹਰਖ ਭੀਨੀ ।।
ਗੁਰ ਚਰਨਨਿ ਜਿਨ ਜਿਨ ਰੁਚਿ ਲਾਈ ।। ਭੁਗਤਿ ਮੁਕਤਿ ਤਿਨ ਨਰ ਕਰ ਆਈ ।।22।।

(ਬਾਬਾ ਸਾਹਿਬ ਸਿੰਘ ਦੀ ਮਾਝੇ ਦੀ ਫੇਰੀ)

ਭਏ ਸਵਾਰ ਗੁਰ ਦੇਹੁ ਬਿਹਾਇ ।। ਤਾਰਨੁ ਤਰਨ ਫਿਰੇ ਤਬ ਜਾਇ ।।
ਪ੍ਰਥਮੇ ਨਾਨਕ ਰਾਦੇ ਦਾਨ ।। ਸ੍ਰੀ ਦਰਬਾਰੇ ਗੇ ਸਭ ਥਾਨ ।।23।।

1. ਜ ਪੋਥੀ ਬਪੁ 2 ਅ, ੲ ਪੋਥੀ ਦੈਨਾ

ਕੜਾਹ ਪ੍ਰਸਾਦਿ ਭੇਟਾ ਬਹੁ ਦੀਨੀ ॥ ਕਰ[1] ਮੰਢ ਦਰਸ[1] ਪ੍ਰਦਛਨਾ ਲੀਨੀ ॥
ਏਕ ਨਿਸਾ[2] ਰਹਿ ਗੁਏ ਖਡੂਰ ॥ ਕਰ ਦਿਦਾਰੁ ਚਾਲੇ ਸੁਧ ਪੂਰ ॥24॥
ਗੋਬਿੰਦਵਾਲ-ਮੁ ਜਾਇ ਥਿਰਾਨੇ ॥ ਸਿਖ ਸੰਤ ਮਿਲ ਮਨ ਹਰਖਾਨੇ ॥
ਸਾਹਿਬੁ ਅਮਰਦਾਸ ਕੇ ਪੋਤੇ ॥ ਆਏ ਮਿਲਨੇ ਧਰਮੰ ਪੋਤੇ ॥24॥

॥ ਦੋਹਰਾ ॥

ਪਾਨ ਜੋਰ ਸਭ ਨੇ ਭਨਾ ਚੂਨ ਆਦਿ[3] ਸਭ ਲੈਉ ॥
ਆਜ ਨਿਸਾ ਈਹਾਂ ਬਸੋ ਹਮ ਪਰ ਮਯਾ ਕਰੇਉ ॥26॥
ਤਿਨ ਕਾ ਪ੍ਰੇਮ ਨਿਹਾਰ ਗੁਰ ਬਸੇ ਤ੍ਰਿਜਾਮਾਂ ਏਕ ॥
ਸਭ ਸੇਵਾ ਤਿਨ ਨੇ ਕਰੀ ਕਰਕੇ ਪ੍ਰੇਮ ਬਿਸੇਕ ॥27॥

॥ ਚੌਪਈ ॥

ਨਿਸਾ ਗਤਿ ਭੋਰ ਹੋਇ ਆਈ ॥ ਬਾਪੀ ਸ੍ਰੀ ਗੁਰ ਗੇ ਹਰਖਾਈ ॥
ਕਰ ਇਸਨਾਨ ਭੇਟ ਬਹੁ ਦੀਨੀ ॥ ਆਇ ਚੁਬਾਰੈ ਪੂਜਾ ਕੀਨੀ ॥28॥
ਤਿਹ ਥੀ ਚਲ ਕਰ ਨਦਿ ਪਹਿ ਆਏ ॥ ਨੌਕਾ ਕੇਵਟ ਤੁਰਤ ਲਿਆਏ ॥
ਚੜ ਕਰ ਪ੍ਰਾਰ ਭਏ ਬਿਨੁ ਦੇਰੀ ॥ ਜੋ ਕਰ ਦਰਸ ਕਟੈ ਭਵ ਬੇਰੀ ॥29॥

(ਬਾਬਾ ਸਾਹਿਬੁ ਸਿੰਘ ਦਾ ਸੁਲਤਾਨਪੁਰ ਆਉਣਾ)

॥ ਦੋਹਰਾ ॥

ਬਾਪੀ ਸਾਹਿਬ ਤੇ ਤੁਰੇ ਗੁਰੂ ਗਰੀਬ ਨਿਵਾਜ ॥
ਸੰਤ ਘਾਟ ਸੁਲਤਾਨਪੁਰ ਆਇ ਥਿਰੇ[4] ਮਹਾਰਾਜ ॥30॥
ਨਗਰ ਲੋਕ ਮਿਲ ਸੰਤ ਸਿਖ ਆਏ ਦਰਸਨ ਹੇਤ ॥
ਧਰੈ ਉਪਾਇਨ ਪ੍ਰੇਮ ਕਰ ਵਾਹਿਗੁਰੂ ਮੁਖ ਚੇਤ ॥31॥
ਲਾਗਰੀਆ ਤਬ ਆਇ ਕੇ ਦੀਧਟ ਅਰਜੀ ਕੀਨ॥
ਪੂਛੋ ਜਾਇ ਮਹੰਤ ਤੇ ਗੁਰੂ ਗਿਰਾ ਕਹਿ ਦੀਨ ॥32॥

॥ ਚੌਪਈ ॥

ਮਹੰਤ ਪਾਸ ਸੁ ਲਾਗਰੀ ਗਏ ॥ ਹਾਥ ਜੋਰ ਬਚ ਉਚਰ ਸੁਨਾਏ ॥
ਲੰਗਰ ਮੋ ਲਕਰੀ ਕੀ ਲੋਰ ॥ ਤੁਮਰੇ ਬਿਨੁ ਦੇਵੇ ਕੋ ਹੋਰ ॥33॥
ਸਾਧ ਕਹਯੋ ਇਹ ਤੂਤ ਜੋ ਖਰਾ ॥ ਹੈ ਸੂਕਾ ਕਿਛੁ ਨਾਹੀ ਹਰਾ ॥
ਸਾਥ ਕੁਹਾੜੇ ਲੇਹੁ ਕਾਟਿ ॥ ਕੋਇ ਨ ਬਰਜੇ ਤੁਮ ਕੋ ਡਾਂਟਿ ॥34॥
ਲਏ ਕੁਠਾਰ[5] ਜਬ ਚਲਤੇ ਭਏ ॥ ਦੇਖ ਹਜੂਰ ਅਤਸੇ ਬਿਗਸਾਏ ॥
ਕਹਯੋ ਪ੍ਰਭੂ ਇਸ ਕੋ ਮਤ ਹੋਰੋ ॥ ਹਰਾ ਸਮਝ ਕਰ ਰਛਯਾ ਕਰੋ ॥35॥
ਸਾਧ ਭਨਾ ਇਹੁ ਚਿਰ ਕੋ ਸੂਕਾ ॥ ਆਗ ਲਗੀ ਤਿਸ ਦੇਯੋ ਝੁਲਕਾ ॥
ਲੰਗਰ ਹਿਤ ਇਸ ਲਓ ਗਿਰਾਈ ॥ ਮੈ ਬਾਨੀ ਨਹਿ ਅਨੰਥਾ ਗਾਈ ॥36॥

1. ਅ ਪੋਥੀ ਦਰਸਨ 2. ੲ ਪੋਥੀ ਰਾਤ 3. ੲ ਪੋਥੀ ਚੂਨਾਦਿਕ 4 ੲ ਪੋਥੀ ਪਹੁਚੇ
5. ੲ ਪੋਥੀ ਲਕਰੀ

॥ ਦੋਹਰਾ ॥

ਸਾਧ ਕੁਹਾੜਾ ਮਾਰਿਆ ਧਸਾ ਤੂਤ ਕੇ ਬੀਚ ॥

ਕਹਯੋ ਗੁਰੂ ਦਰ ਸਾਧ ਜੀ ਰੋਸ ਨ ਮਨ ਮੈ ਸੀਚ ॥37॥

॥ ਚੌਪਈ ॥

ਅਸ[1] ਬਾਨੀ ਜਬ ਗੁਰੂ ਉਚਾਰੀ ॥ ਦਲ ਨਿਕਸੇ ਹਰਖੇ ਨਰ ਨਾਰੀ ॥
ਸਤਗੁਰ ਜਸ ਮਿਲ ਗਾਵਨ ਲਾਗੇ ॥ ਪਾਦ ਪਦਮ ਮੈ ਭੇ ਅਨੁਰਾਗੇ ॥38॥
ਕਹਯੋ ਮਹੰਤ ਸੁਨ ਸੁਖਦਾਇ ॥ ਇਸੁ ਸੂਕੇ ਕਿਤਿ ਬਰਸ ਬਿਤਾਇ ॥
ਆਪ ਮਯਾ ਕਰਿ ਹਰਾ ਸੁ ਕੀਨਾ ॥ ਤੁਮਰੀ ਗਤ ਕੋ ਕਹੈ ਪ੍ਰਬੀਨਾ ॥39॥
ਸੁਨ ਸੁਨ ਲੋਕ ਸੁ ਦੌਰਤ ਆਏ ॥ ਬ੍ਰਿਖ[2] ਹਰਿਆਵਲ ਮਨ ਹਰਖਾਏ ॥
ਬਾਰ ਬਾਰ ਗੁਰ ਕੀ ਨੁਤ ਗਾਵੈ ॥ ਦੇਖੇ ਮੂਰਤਿ ਬਲਿ ਬਲਿ ਜਾਵੈ ॥40॥
ਗੁਰੂ ਕਹਯੋ ਇਹੁ ਤੂਤ ਹਮਾਰਾ ॥ ਜੋ ਇਸ ਸੇਵੇ ਸੋ ਭਵ ਪਾਰਾ ॥
ਈਧੰਨ ਸਿਖ ਲੰਗਰ ਹਿਤ ਲਯਾਏ ॥ ਮਨ ਬਾਂਛਤ ਵਰੁ ਸਭ ਨੇ ਪਾਏ ॥41॥

॥ ਦੋਹਰਾ ॥

ਅਬ ਲਗ ਹੈ ਸੁਲਤਾਨ ਪੁਰ ਹਰਾ ਖਰਾ ਸੋ ਤੂਤ ॥
ਜੋ ਸੁਖਨਾ ਤਿਸ ਕੀ ਕਰੈ ਪਾਵੈ ਬਿਤ ਅਰੁ ਪੂਤ ॥42॥

॥ ਚੌਪਈ ॥

ਏਕ ਨਿਸਾ ਗੁਰ ਤਹਾ ਬਿਰਾਜੇ ॥ ਭੋਰੁ ਚਲਨ ਕੇ ਸਾਜਨ ਸਾਜੇ ॥
ਗੁਰੂ ਦੁਆਰੇ ਪੂਜਨ ਕੀਨੇ ॥ ਲੈ ਪੂਜਾਰੀ ਬਿਤ ਹਰਖੀਨੇ ॥43॥
ਚੀਨੇ ਹੈ ਪਰ ਭਏ ਸਵਾਰ ॥ ਔਰੁ ਸੁ ਫੌਜ[3] ਚਲੀ ਸਭ ਲਾਰ ॥
ਜਿਨ ਮਨ ਪ੍ਰੀਤੀ ਅਤਸੇ ਜਾਗੀ ॥ ਤੇ ਆਕੋਰੁ ਮਿਲੇ ਵਡਭਾਗੀ ॥44॥
ਅਪਗਾ ਪਾਰ ਭਏ ਸੁਖਦਾਈ ॥ ਬਜੇ ਨਿਸ਼ਾਨ ਕੇਤ ਫਰਹਾਈ ॥
ਵਾੜੇਵਾਲੀ ਸਿਵਰ ਲਗਾਵਾ ॥ ਲੁਦਿਆਣੇ ਕੇ ਨੇਰ ਸੁਹਾਵਾ ॥45॥
ਸੰਗਤਿ ਆਵੈ ਚਲ ਕਰ ਦਰਸਨ ॥ ਧਰੈ ਉਪਾਇਨਿ ਮਨ ਜਿਨ ਸਰਸਨ ॥
ਦੇਗ ਗੁਰੂ ਕੀ ਹੋਵੈ ਭਾਰੀ ॥ ਤੋਟਿ ਨ ਆਵੈ ਵਾਰ ਨ ਪਾਰੀ ॥46॥

**(ਬਾਬਾ ਸਾਹਿਬ ਸਿੰਘ ਨੇ ਲੁਧਿਆਣੇ ਆਉਣਾ)**

॥ ਦੋਹਰਾ ॥

ਰਾਇ ਕਲੇ ਲੁਦਿਆਣੁ ਮਧੁ ਸੁਣਾ ਗੁਰੂ ਇਤ ਆਇ ॥
ਮਨ ਤਿਸ ਕੇ ਬਡ ਭੈ ਪਰਾ ਮਤੁ ਪਰਜਾ ਮਿਲ ਜਾਇ ॥47॥
ਜੁਗ ਵਕੀਲ ਤਿਸੁ ਨੇ ਪਠੇ ਆਏ ਗੁਰੂ ਹਜੂਰ ॥
ਪ੍ਰਥਮੈ ਤਿਨ ਕੁਨਸਾ ਕਰੀ ਬੋਲੈ ਬਾਨੀ ਰੂਰ ॥48॥

---

1. ਏ ਪੋਥੀ ਇਮ, 2. ਏ ਪੋਥੀ ਪਿਖ, 3. ਏ ਪੋਥੀ ਸੈਨਾ

॥ ਚੌਪਈ ॥

ਰਾਇ ਕਲੇ ਕੇ ਭੇਜੇ ਆਏ ॥ ਗ੍ਰਾਮ ਪਾਂਚ ਤੁਮ ਭੇਟ ਪਠਾਏ ॥
ਗੁਰੂ ਕਹਯੋ ਮੁਹਿ ਲੋਰੁ ਨ ਕਾਈ ॥ ਫੇਰਿ ਵਕੀਲ ਗਏ ਤਿਸੰ ਘਾਈ ॥49॥
ਗੁਰੂ ਨ ਲੇਵੈ ਤੌਰ ਉਚੇਰਾ ॥ ਚਾਹੇ ਕੀਨੋ ਤੁਮ ਕੋ ਜੇਰਾ ॥
ਰਾਇ ਕਲੇ ਸੁਨ ਮਨ ਭੈ ਪਾਵਾ ॥ ਨਿਜ ਮਾਨਵ ਪ੍ਰਤਿ ਬੈਨ ਅਲਾਵਾ ॥50॥

॥ ਦੋਹਰਾ ॥

ਤਾਰਾ ਸਿੰਘ ਜੁ ਬੁਧ ਸਿੰਘ ਇਹੁ ਜੁਗ ਬਡ ਸਿਰਦਾਰੁ ॥
ਇਨ ਪਹਿ ਜਾਵੋ ਦੇਰ ਬਿਨੁ ਮੇਰੀ ਕਰੋ ਜੁਹਾਰ ॥51॥

॥ ਚੌਪਈ ॥

ਲਵੈ ਗੁਰ ਤੇ ਸੋਇ ਮਨਾਈ ॥ ਜਾਵੋ ਦੇਰ ਨ ਕੀਜੈ ਭਾਈ ॥
ਚਲ ਕਰ ਆਏ ਦੋਨੋ ਪਾਸੂ ॥ ਰਾਇ ਸੁ ਕਹਵਤ ਕਰੀ ਪ੍ਰਕਾਸੂ ॥52॥
ਜੋਬਾਬ ਦੀਨ ਨਹਿ ਹਮ ਤੇ ਹੋਈ ॥ ਆ ਵਕੀਲਨ ਰਾਇ ਪ੍ਰਤਿ ਗੋਈ ॥
ਗੁਰ ਭੈ ਬਡ ਮਹਿ ਅਰਜੀ ਕਰੈ ॥ ਪਤ ਨਿਜ ਅਪਨੀ ਤੇ ਸਭ ਡਰੈ ॥53॥
ਫੇਰਿ ਵਕੀਲ ਰਾਇ ਪਠਾਏ ॥ ਆ ਹਜੂਰ ਤਿਨ ਸੀਸ ਨਿਵਾਏ ॥
ਪਾਨ ਜੋਰੁ ਕਰੀ ਤਿਨ ਅਰਜੀ ॥ ਰਾਇ ਕਲੈ ਨੇ ਬਿਨਤੀ ਸਰਜੀ ॥54॥
ਪੰਝੀ[1] ਪਿੰਡ ਲੈਵੋ ਹਮ ਪਾਹੀ ॥ ਜੁਧ ਇਛਾ ਸੋ ਦੇਹੁ ਹਟਾਈ ॥
ਕਹਯੋ ਗੁਰੂ ਸਭ ਦੁਰਗ ਛਡਾਵੈਂ ॥ ਠਾਣੇ ਅਪਣੇ ਤਿਨ ਮੋ ਪਾਵੈਂ ॥55॥

॥ ਦੋਹਰਾ ॥

ਗੁਰ ਕੀ ਬਾਨੀ ਜਬ ਸੁਨੀ ਗੇ ਵਕੀਲ ਸਰ ਨਿਯਾਇ ॥
ਗੁਰੂ ਨ ਮਾਨੇ ਹਮ ਕਹਯੋ ਰਾਇ ਸੁ ਮਨੁ ਪਛਤਾਇ ॥56॥

(ਸਰਦਾਰਾਂ ਦੀ ਬੇਈਮਾਨੀ)

॥ ਚੌਪਈ ॥

ਪੁਨ ਤੁਰਕਨ ਮਿਲ ਕਰੀ ਸਲਾਹਿ ॥ ਸਿਰਦਾਰ ਨਰਿ ਸੁ ਕ੍ਰਿਤ ਦੇਵੈ ਜਾਇ ॥
ਤਾਰਾ ਸਿੰਘ ਬੁਧ ਹਰਿ[2] ਪਹਿ ਗਏ ॥ ਰਿਸਵਤਿ ਤਿਨ ਕੌ ਬਹੁਤੀ ਦਏ ॥57॥
ਕਰਿ ਅਪਨੇ ਵਕੀਲ ਸਿਧਾਏ ॥ ਲੋਭ ਲੁਹਿਰ ਨੇ ਲੀਨੇ ਘਾਏ ॥
ਯਦਪਿ ਮਾਯਾ ਨਾਲ ਨ ਜਾਈ ॥ ਤੋ ਵੀ ਸੰਚੈ ਜੀਵ ਬਨਾਈ ॥58॥
ਲੋਭੀ ਕਾ ਹੈ ਗੁਰ ਨਹਿ ਪੀਰ ॥ ਯਮ ਦੂਤਨ ਤੇ ਪਾਵੈ ਪੀਰ ॥
ਸਤਿਗੁਰ ਸਾਹਿਬੁ ਦੀਓ ਤਿਯਾਗੀ ॥ ਮਾਯਾ ਪ੍ਰੀਤ ਕਰੀ ਮੰਦਭਾਗੀ ॥59॥

॥ ਦੋਹਰਾ ॥

[3]ਸਤਿਗੁਰ ਸਾਹਿਬੁ[3] ਕੋ ਕਿਨੇ ਖਬਰ ਜਨਾਵਨ ਕੀਨ ॥
ਲੇ ਰਿਸਵਤਿ ਸਭ ਮਿਲ ਗਏ ਭਏ ਧਰਮ ਤੇ ਹੀਨ ॥60॥

---

1. ਅ ਪੋਥੀ ਪੰਬੀ 2. ਅ ਪੋਥੀ ਸਿੰਘ 3. ੲ ਪੋਥੀ ਸ੍ਰੀ ਗੁਰੂ ਸਾਹਿਬ ਸਿੰਘ

॥ ਚੌਪਈ ॥

ਸਭ ਸਰਦਾਰ ਜਬੈ ਫਟ ਗਏ ॥ ਗੁਰ ਸਿਖੀ ਤੇ ਖਾਰਜ ਭਏ ॥
ਸ੍ਰੀ ਹਜੂਰ[1] ਜੀ ਕੂਚ ਕਰਾਇ । ਠਕਰਵਾਲ ਥਿਰੇ ਤਬ ਜਾਇ ॥61॥
ਤੇ ਭੀ ਸਾਥ ਸਭੀ ਚਲਿ ਗਏ ॥ ਭਿੰਨ ਭਿੰਨ ਹੁਇ ਉਤਰਤ ਭਏ ॥
ਤਿਨ ਕਾ ਖੋਟ ਗੁਰੂ ਸਭ ਜਾਨਾ ॥ ਕਛੁਨ ਤਿਨ ਪ੍ਰਤਿ ਬੈਨ ਬਖਾਨਾ ॥62॥
ਸੁਨ ਕਰ ਸੰਗਤਿ ਦਰਸਨ ਆਈ ॥ ਧਰੈ ਉਪਾਇਨ ਸੀਸ ਨਿਵਾਈ ॥
ਦਿਨੁ ਦਿਨੁ ਲੰਗਰ ਗੁਰ ਕਾ ਭਾਰੀ ॥ ਸਿਖ ਸੰਤ ਲੇ ਛਕੈ ਅਪਾਰੀ ॥63॥

॥ ਦੋਹਰਾ ॥

[2]ਸਭ ਸਿਰਦਾਰ ਇਕਤ੍ਰ ਹੋਇ[2] ਅਰਜ ਕਰੀ ਗੁਰ ਪਾਸ ॥
ਚਾਹਿ ਪਠਾਵ ਵਕੀਲ ਕੌ ਪਿੰਡ ਪੰਝੀ ਅਰਦਾਸ ॥64॥

॥ ਚੌਪਈ ॥

ਊਚ ਗਿਰਾ ਹਜੂਰ ਤਬ ਬੋਲੈ ॥ ਤੁਰਕ ਗਰੇ ਜਿਮ ਆਤਪ ਓਲੇ ॥
ਦੇਖ ਤੌਰ ਗੁਰ ਸਭ ਦਬ ਗਏ ॥ ਫਿਰ ਉਤਰ ਨਹਿ ਕਿਨਹੂ ਦਏ ॥65॥
ਕਹਯੋ ਗੁਰੂ ਦੁਰਗ[3] ਸਭ ਲੇਵੈ ॥ ਜੋ ਤਿਸ ਮਿਲੇ ਤਿਸੇ ਦੁਖ ਦੇਵੈ ॥
ਸੁਨ ਸਿਰਦਾਰ ਸਭੀ ਚੜ੍ਹੀ ਗਏ ॥ ਰਿਸਵਤ ਨੇ ਬੇਮੁਖ ਕਰ ਦਏ ॥66॥

(ਗੈਂਡੇ ਦੀ ਕਥਾ)

ਏਕ ਦਿਵਸ ਗੈਂਡਾ ਚਲ ਆਵਾ ॥ ਧਰੀ ਉਪਾਇਨ ਸੀਸ ਨਿਵਾਵਾ ॥
ਪਾਨ ਜੋਰ ਬਹੁਤੁ ਉਸਤਤਿ ਕੀਨੀ ॥ ਤੁਮਰੀ ਗਤਿ ਗੁਰ ਜਾਇ ਨ ਚੀਨੀ ॥67॥
ਕਹਯੋ ਗੁਰੂ ਤੂ ਕੈਸੇ ਆਵਾ ॥ ਸੁਨ ਕਰ ਬਚ ਤਿਹ ਬੈਨ ਸੁਨਾਵਾ ॥
ਗੁਰ ਜੀ ਸੇਵਕੁ ਅਪਨਾ ਜਾਨੋ ॥ ਕ੍ਰਿਪਾ ਤੁਮਰੀ ਬੰਦਮ ਮਹਾਨੋ ॥68॥

॥ ਦੋਹਰਾ ॥

ਪਰਜਾ ਹੋਈ ਦੁਖੰਤ ਅਤਿ ਬੂੰਦ ਪਰਤ ਨਹਿ ਨੀਰ ॥
ਦੀਜੈ ਮੇਘ ਬਸਾਇ ਕੈ ਮੇਟੋ ਪ੍ਰਰਜਾ ਪੀਰ ॥69॥
ਸਤਗੁਰ ਸਾਹਿਬੁ ਕਹਯੋ ਤਬ ਸੁਨ ਗੈਂਡਾ ਮਨ ਲਾਇ ॥
ਖੋਟ ਤਿਯਾਗੇ ਤੂੰ ਜਬੈ ਪਰੇ ਮੇਘ ਬਲ ਜਾਇ ॥70॥

॥ ਚੌਪਈ ॥

ਸੁਨ ਕਰ ਗੈਂਡੇ ਗਿਰਾ ਉਚਾਰੀ ॥ ਮੈ ਸਿਖ ਤੁਮਰਾ ਗੁਰੂ ਮੁਰਾਰੀ ॥
ਕਹਯੋ ਗੁਰੂ ਮੇਘ ਤੌ ਆਵੈ ॥ ਮਨ ਤੋਰੇ ਤੌ ਫ੍ਰਿਤ ਕਰ ਜਾਵੈ ॥71॥
ਕਮਲ ਨੈਨ ਹਸਿ ਗਿਰਾ ਉਚਾਰੀ ॥ ਆਵੋ ਮੇਘ[4] ਲਓ ਨਹਿ ਬਾਰੀ ॥
ਐਸੇ ਗਿਰਾ ਜਬ ਗੁਰੂ ਬਖਾਨੀ ॥ ਆਏ ਬਦਰਾ ਬਰਖੇ ਪਾਨੀ ॥72॥

---

1. ੲ ਪੋਥੀ ਸਤਿਗੁਰ 2. ੲ ਪੋਥੀ ਪਾਠਾਂਤਰ : ਸਭ ਸਰਦਾਰਨ ਆਇ ਕਰ
3. ੲ ਪੋਥੀ ਕੋਟ 4. ਅ ਪੋਥੀ ਮੇਘੋ

ਜਹ ਤਹ ਨੀਰ ਸੁ ਨਦਰੀ ਆਵੈ ॥ ਦੇਖੈ ਗੌਡਾ ਮਨ ਹਰਖਾਵੈ ॥
ਆਇਸ ਲੇ ਕਰ ਭਵਨ ਸਿਧਾਯੋ ॥ ਪਰਜਾ ਲੋਕ ਬਡੋ ਸੁਖ ਪਾਯੋ ॥73॥

(ਪੈਂਚਾਂ ਦਾ ਸ਼ਰਣ ਵਿਚ ਆਉਣਾ)

ਗ੍ਰਾਮਨ ਪੈਚ ਸਰਬ ਮਿਲ ਆਏ ॥ ਹਮ ਸਦ ਮਾਨੈ ਆਪ ਰਜਾਏ ॥
ਖੇਤੀ ਪਾਕੀ ਕਣ ਕਰ ਲੀਜੈ ॥ ਆਪ੍ ਬਿਨੈ ਨਹਿ ਮਾਨੋ ਬੀਜੈ ॥74॥
ਸਿੰਘ ਬਿਹਾਰਾ ਸਤਿਗੁਰੋ ਪ੍ਰੇਰਾ ॥ ਕਰੋ ਕਣੋ ਕਛੁ ਲਾਇ ਨ ਦੇਰਾ ॥
ਸੁਨ ਕਰ ਆਇਸ[1] ਕੋਰੀ ਨ ਬੇਰੂ ॥ ਆਨ ਲਗਾਏ ਅੰਨ ਕੇ ਢੇਰੂ ॥75॥
ਦੇਖੋ ਦੇਖੀ ਰੈਯਤ ਹੋਏ ॥ ਗੁਰ ਕੀ ਆਨ ਮਾਨ ਸੁਖ ਜੋਏ ॥
ਰਾਇ ਕਲਾ ਸੁਨ ਭਯੋ ਦੁਖਾਰੋ ॥ ਰੈਯਤਿ ਲੀਨੀ ਗੁਰੂ ਬਿਗਾਰੀ ॥76॥

॥ ਦੋਹਰਾ ॥

ਚੋਰ ਰਾਂਡ ਜਯੋ ਬਹੁ ਦੁਖੀ ਚੱਲੇ ਨ ਕੋਇ ਉਪਾਇ ॥
ਅਨਿਕੁ ਉਪਾਇ ਬਿਚਾਰਤਾ ਨਹ ਕੋਈ ਬਨ ਆਇ ॥77॥
ਇਹੁ ਗਾਥਾ ਆਗੇ ਭਨੋ[2] ਗੁਰ ਕੀ ਕਰੋ ਬਖਾਨ ॥
ਜੋ ਸੁਨਤੇ ਹਿਤ ਧਾਰ ਕਰ ਜਨਮ ਮਰਨ ਤਿਹ ਹਾਨ ॥78॥

(ਸੁਧਾ ਸਿੰਘ ਦੀ ਮੌਤ)

॥ ਚੌਪਈ ॥

ਇਕ ਮਾਨਵ ਤਵ ਆਵਾ ਧਾਈ ॥ ਪਾਨ ਜੋਰ ਤਿਨ ਅਰਜੀ ਗਾਈ ॥
ਸਾਨੇਵਾਹਲ ਜਿਸੇ ਰੇਜਧਾਨੀ ॥ ਸੁਧਾ ਸਿੰਘ ਬਡੋ ਬਲਵੋਨੀ ॥79॥
ਹਸਿਤੀ ਤਿਨ ਕੋ ਮਾਰਨ ਕੀਨਾ ॥ ਗੋਰ ਤਰੇ ਤਿਸ ਚੀਰ ਸੁ ਦੀਨਾ ॥
ਕਹੈ[3] ਹਜੂਰੋ ਹਮ ਪ੍ਰਾਕ ਬਤਾਈ ॥ ਇਹ ਹਾਸਤੀ ਤੁਮ ਕੋ ਦੁਖਦਾਈ ॥80॥
ਸੋਈ ਬਾਤ ਹੋਤ ਭੀ ਪੂਰੀ ॥ ਸਤਗੁਰ ਕਹਵਤ ਨਾਰੀ ਊਠੀ ॥
ਤੋ ਭੀ ਹਮਰਾ ਸਿਖ ਸੁ ਆਹੀ ॥ ਹੋਵੈ ਮੁਕਤ ਜਨਮੁ ਤਿਸੁ ਨਾਹੀ ॥81॥

(ਜੋਧ ਮਸੂਰੀਂ ਜਾਣਾ)

॥ ਦੋਹਰਾ ॥

ਤਿਸੀ ਗ੍ਰਾਮ[4] ਥੀ ਕੂਚ ਕਰ ਜੋਧ ਮਸੂਰੀ ਜਾਇ ॥
ਸਿਵਰ ਲਗਾਵਾ ਸਤਿਗੁਰੂ ਸੰਗਤਿ ਆਈ ਧਾਇ ॥82॥

॥ ਚੌਪਈ ॥

ਭੇਟਾਂ ਲੈ ਲੈ ਸੰਗਤਿ ਆਵੈ ॥ ਮਨ ਬਾਂਛਤ ਗੁਰ ਤੇ ਬਰੁ ਪਾਵੈ ॥
ਜਿਮੀਦਾਰ ਫੁਜਦਾਰੈ ਆਵਾ ॥ ਪਿੰਡਨ ਪੈਂਚਨ ਸੰਗਿ ਲਯਾਵਾ ॥83॥
ਕਰ ਗੁਰ ਦਰਸਨ ਭੇ ਹਰਖਾਏ ॥ ਧਰੀ ਉਪਾਇਨ ਬੈਨ ਅਲਾਏ ॥
ਕਰੋ ਮਯਾ ਗੁਰ ਮੇਘ ਬਸਾਵੋ ॥ ਗੋ ਆਦੀ ਸਭ ਕੋ ਹਰਖਾਵੋ ॥84॥

---

1. ੲ ਪੋਥੀ ਹੁਕਮ 2. ੲ ਪੋਥੀ ਕਹੋ 3. ਅ ਪੋਥੀ ਕਹਯੋ 4. ੲ ਪੋਥੀ ਗਾਂਵ

ਕਹਯੋ ਹਜੂਰ ਮੇਘ ਬਡ ਹੋਵੈ ॥ ਜੜ੍ਹ ਚੇਤਨ ਕੇ ਸੰਕਟ ਖੋਵੈ ॥
ਸਭ ਕੇ ਮਨ ਮੇਂ ਧੀਰਜੁ ਆਵਾ ॥ ਅਨਿਕ ਭਾਂਤ ਗੁਰ ਕੋ ਜਸ ਗਾਵਾ ॥85॥

॥ ਦੋਹਰਾ ॥

ਦੂਤੀ ਦਿਵਸ ਭੁਨਸਾਰ ਕੇ ਬਰਖਾ ਹੂਈ ਭੂਰ ॥
ਸਭ ਕੇ ਮਨ ਸਰਧਾ ਬਧੀ ਤਿਨ ਕੇ ਸੰਕਟ ਚੂਰ ॥86॥

॥ ਚੌਪਈ ॥

ਰੈਯਤਿ ਗੁਰ ਕੀ ਹੋਏ ਸਾਰੇ । ਮਾਮਲ ਦੇਵੈ ਪ੍ਰੀਤੀ ਧੇਰੇ ॥
ਰਾਇ ਕਲੇ ਕੀ ਆਨ ਤਿਯਾਗੀ ॥ ਸਤਿਗੁਰ ਘਰ ਜਿਨ ਸਰਧਾ ਜਾਗੀ ॥87॥

(ਲੋਕਾ ਵਿਚ ਸੁਲਾਹ ਕਰਵਾਉਣੀ)

ਜੋਧਿ ਮਸੂਰੀ ਆਪ ਮੁ ਲਰੇ ॥ ਜੁਗ ਪਿੰਡ ਕੋ ਹੋਏ ਧਰੇ ॥
ਛਿਤ ਬੰਨੇ ਪਰ ਹੋਵਤ ਝਗੜਾ ॥ ਫੜ ਹਥੀਆਰੁ ਉਠਾਯੋ ਰਗੜਾ ॥88॥
ਏਕ ਚਮਾਰ ਮਰਾ ਲਗ ਸੇਲਾ ॥ ਤਿਸ ਕੇ ਮਾਲਕ ਭਏ ਦੁਹੇਲਾ ॥
ਦੋਨੋ ਓਰ ਢੋਲ ਬਜ ਜਾਈ ॥ ਭਿੜ ਮਾਰੈਂ ਤਿਨ ਕੇ ਮਨ ਆਈ ॥89॥

॥ ਦੋਹਰਾ ॥

ਏਕ ਨਰੂ ਦੌੜਤ ਗਯੋ ਦੀਨੀ ਖਬਰ ਹਜੂਰ ॥
ਜੁਗ ਧੜੇ ਤਿਯਾਰੀ ਕਰੀ ਲਰ ਮਰ ਹੋਵੈ ਧੂਰਿ ॥90॥

॥ ਚੌਪਈ ॥

ਹੈ ਪਰ ਚੜ ਸਤਿਗੁਰ ਜੀ ਆਏ ॥ ਦੋਨੋ ਕੋ ਤਬ ਦੀਨ ਹਟਾਏ ॥
ਚਮਾਰ ਮਰਾ ਥਾ ਜਿਨ ਕੀ ਓਰਿ ॥ ਗੁਰ ਆਗੇ ਤਿਨ ਪਾਯੋ ਸੋਰ ॥91॥
ਹਮਰਾ ਮਾਨਵ ਇਨ ਨੇ ਮਾਰਾ ॥ ਲੇਵੈ ਬਦਲਾ ਕਰੈ ਨ ਬਾਰਾ ॥
ਗੁਰ ਭਨਾ ਤੁਮ ਚਿੰਤ ਤਿਆਗੋ ॥ ਹਮਰੇ ਬਚਨਨ ਮੇਂ ਅਨੁਰਾਗੋ ॥92॥

॥ ਦੋਹਰਾ ॥

ਪ੍ਰੋਹਤ ਤੁਮਰਾ ਰਤਨ ਚੰਦ ਤਿਸੁ ਗ੍ਰਿਹਿ ਹੋਵੈ ਪੂਤ ॥
ਕਾਂਣੀ ਹੋਵੈ ਆਖ ਜਿਸ ਨਿਸਚਾ ਧਰੋ[1] ਸਪੂਤ ॥93॥

॥ ਚੌਪਈ ॥

ਬੂਟਾ ਸਿੰਘ ਨਾਮ ਤਿਸੁ ਹੋਈ ॥ ਸਰੀਰੁ ਡੀਲੋਂ ਅਤਿਸੇ ਜੋਈ ॥
ਲੰਗਰ ਹਮਰਾ ਸੋ ਬਰਤਾਵੈ ॥ ਕਰਕੇ ਸੇਵਾ ਮੁਕਤੀ ਪਾਵੈ ॥94॥
ਸਮਾ ਪਾਇ ਬਿਪ੍ਰ ਤਨੁ ਪਾਵਾ ॥ ਨੈਨ ਸੁ[2] ਕਾਣਾ ਸਭਨ ਦ੍ਰਿਸਟਾਵਾ ॥
ਗੁਰ ਕੇ ਬੈਨ ਨ ਹੋਏ ਊਰੈ ॥ ਜਿਮ ਕ੍ਰਿਸ਼ਨਾਦਿਕ ਸਰਬੋ[3] ਧੂਰੈ ॥95॥
ਗੁਰ ਘਰ ਲੰਗਰ ਕਰ ਚਿਰਕਾਲਾ ॥ ਅੰਤ ਕਾਲ ਕਾਟਾ ਜਮ ਜਾਲਾ ॥
ਔਰ ਪ੍ਰਸੰਗ ਸੁਨੋ ਮਨੁ ਲਾਈ ॥ ਜਾਸ ਸੁਨੇ ਮਨੁ ਨਿਸਚਾ ਪਾਈ ॥96॥

---

1. ਮੂਲ ਪੋਥੀ ਧਾਰੇ 2. ਅ ਪੋਥੀ ਵਿਚੋਂ 3. ਅ ਪੋਥੀ ਥਾਨ ਸੁ

## (ਕਿਰਪੇ ਜਟ ਦੀ ਕਥਾ)

[1]ਪਿੰਡਕ ਖਡੂਰ[1] ਇਕ ਜਾਟੂ ਰਹਾਵੈ ॥ ਕ੍ਰਿਪਾ ਅਪਨਾ ਨਾਮ ਸਦਾਵੈਂ ॥
ਰਾਇ ਕਲੋ ਕਾ ਪਖ ਮਨ ਧਾਰਾ ॥ ਗੁਰੂ ਸਾਥ ਚਾਹੇ ਨਿਤ ਰਾਰਾ ॥97॥
ਨਿੰਦਯਾ ਗੁਰ ਕੀ ਸਦਾ ਉਚਾਰੇ ॥ ਸੁਦ ਬਿਰੱਧ ਹੀ ਮਨ ਮੋ ਧਾਰੇ ॥
ਜਿਮ ਸਿਯਾਰ ਚਹਿ ਸੇਰ ਦਬਾਵਾ ॥ ਰਿੰਗਣ ਜੋਤ ਚਹੈ ਰਵਿ ਘਾਵਾ ॥98॥
ਜਿਮ ਚੀਟੀ ਚੋਹਿ ਸਿੰਧੁ ਸੁਕਾਈ ॥ ਚਹੇ ਨਿਪੁੰਸਕ ਸੁਤ ਉਪਜਾਈ ॥
ਫਣੀ ਚਹੇ ਬਿਨੁਤਾ ਸੁਤ ਘਾਵੈ ॥ ਚਹੈ ਰੰਕ ਮੈ ਰਾਜ ਕਮਾਵੈ ॥99॥

॥ ਦੋਹਰਾ ॥

ਤੈਸੇ ਮੂਰਖ ਮੁਨ ਬਿਖੈ ਹੰਕ੍ਰਿਤ ਕਰੇ ਗਵਾਰੁ ॥
ਤੋਪ ਚਲਾਵੈ ਸਾਮਨੇ ਚਾਹੇ ਦੇਵੇਂ ਮਾਰ ॥100॥

॥ ਚੌਪਈ ॥

ਧਾਨ ਜੋਰ ਸਿਖਨ ਬਿਨ ਗਾਈ ॥ ਇਹੁ ਮੂਰਖ ਨਿਤ ਕਰੈ ਖੁਟਾਈ ॥
ਗੁਰੂ ਭਨਾ ਤੁਮ ਸੁਨੋ ਸਭਾਗੂ ॥ ਇਸੇ ਤੋਪ ਸੇ ਉਡੇ ਅਭਾਗੂ ॥101॥
ਤੁਰਕਨ ਕਾ ਇਸ ਨੇ ਮੜ ਲੀਨਾ ॥ ਯਾਂਤੇ ਯਮਪੁਰ ਹੋਵੈ ਦੀਨਾ ॥
ਜਿਮ ਮਰ ਗਯੋ ਸੁ ਮੂਢ ਅਭਾਗੀ ॥ ਸੋ ਪ੍ਰਸੰਗ ਸੁਨੋ ਬਡਭਾਗੀ ॥102॥

॥ ਦੋਹਰਾ ॥

ਏਕ ਸਿੰਘ ਸਿਰਦਾਰ ਥਾ ਆਵਾ ਦਰਸਨ ਹੇਤ ॥
ਧਰਿ ਅਕੋਰਿ ਬਹੁ ਬਿਨੈ ਭਨ ਤ੍ਰਿਨ ਸੁਨਿ ਲੀਨੋ ਭੇਤ ॥103॥

॥ ਚੌਪਈ ॥

ਏਕ ਸਿੰਘ ਨੇ ਤਿਸੇ ਬੁਲਾਵਾ ॥ ਪੀ ਮਦਰਾ ਕੁਬੈਨ ਅਲਾਵਾ ॥
ਹਟ ਮਾਨਵ ਨੇ ਖਬਰੁ ਜਨਾਈ ॥ ਸੋ ਨਹਿ ਆਵੈ ਬਨੈ ਬਿਜਾਈ ॥104॥
ਏਕ ਸਿੰਘ ਸੁਨ ਬੈਨ ਬਖਾਨਾ ॥ ਪਕਰ ਲਿਆਵੋ ਦੇਹੁ ਨ ਜਾਨਾ ॥
ਸੁਨ ਕਰਿ ਮਾਨਵ ਦੌਰਤ ਭਏ ॥ ਸਸਤ੍ਰ ਸੁ ਆਗੇ ਤਿਸ ਨੇ ਲਏ ॥105॥
ਕਾਢ ਅਸੀ ਜਬ ਮਾਰਨ ਧਾਯਾ ॥ ਇਨਨੇ ਬਲ ਕਰ ਲੀਨ ਗਿਰਾਯਾ ॥
ਗਹੇ ਪਟੇ ਤ੍ਰਿਸ ਮਾਰੁ ਬਹੁ ਕੀਨ ॥ ਕੌਨ ਛਡਾਵੈ ਹੋਯੋ ਦੀਨ ॥106॥
ਏਕ ਸਿੰਘ ਨੇ ਬਾਨੀ[2] ਗਾਈ ॥ ਤੋਪ ਅਗੇ ਇਸ ਦੇਉ ਉਡਾਈ ॥
ਤੋਪ ਤਿਸੇ ਤੇ ਦੀਓ ਉਡਾਇ ॥ ਪਰਾ ਨਰਕ ਮੋ ਲਾਜ ਗਵਾਇ ॥107॥
ਸ੍ਰੀ ਗੁਰ ਪੂਰੇ ਬੈਨ ਜੋ ਕਹੈ ॥ ਹੋਏ ਪੂਰੇ ਊਨ ਨਹਿ ਰਹੇ ॥
ਨਿਰਵੈਰ ਸਾਥ ਵੈਰ ਕਮਾਵੈ ॥ ਲੋਕ ਪ੍ਰਲੋਕ ਜੁਗਮ ਗਵਾਵੈ ॥108॥

---

1. ਅ ਪੋਥੀ ਪਾਠਾਂਤਰ: ਖਡੂਰੁ ਮਾਹਿ
2. ਅ ਪੋਥੀ ਗਿਰਾ ਸੁ
3. ਏ ਪੋਥੀ ਸਤਿਗੁਰ

॥ ਦੋਹਰਾ ॥

ਰਾਮ ਦਾਸ ਸੋਢੀ ਗੁਰੂ ਆਗੇ ਕਰਾ ਬਖਾਨ ॥
ਜੋ ਨਿੰਦਾ ਗੁਰ ਕੀ ਕਰੈ ਭੋਗ ਨਰਕ ਕੀ ਖਾਨ ॥109॥

॥ ਤਥਾ ਸਲੋਕੁ ਸ੍ਰੀ ਗੁਰੂ ਗ੍ਰੰਥ ਜੀ ॥

ਜੋ ਨਿੰਦਾ ਕਰੈ ਸਤਿਗੁਰ ਪੂਰੇ ਕੀ ਸੋ ਅਉਖਾ ਜਗ ਮਹਿ ਹੋਇਆ ॥
ਨਰਕਿ ਘੋਰਿ ਦੁਖੁ ਖੂਹ ਹੈ ਓਥੇ ਪਕੜਿ ਓਹ ਢੋਇਆ ॥
ਕੂਕ ਪੁਕਾਰੁ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ ॥
ਓਨ ਹਲਤਿ ਪਲਤਿ ਸਭ ਗਵਾਇਆ ਲਾਹਾ ਮੂਲ ਸਭ ਖੋਇਆ ॥
ਓਹ ਤੇਲੀ ਸੰਦਾ ਬਲਦੁ ਕਰ ਨਿਤ ਭਲਕੇ ਉਠਿ ਪ੍ਰਭੁ ਜੋਇਆ ॥
ਹਰਿ ਵੇਖੈ ਸੁਣੇ ਨਿਤੁ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ ॥
ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ ॥
ਜਿਸੁ ਕਿਰਪਾ ਕਰੈ ਪ੍ਰਭੁ ਆਪਣੀ ਤਿਸੁ ਸਤਿਗੁਰ ਕੇ ਚਰਨ ਧੋਇਆ ॥
ਗੁਰੁ ਸਤਿਗੁਰ ਪਿਛੈ ਤਰ ਗਇਆ ਜਿਉ ਲੋਹਾ ਕਾਠ ਸੰਗੋਇਆ ॥
ਜਨ ਨਾਨਕ ਨਾਮੁ ਧਿਆਇ ਤੂੰ ਜਪਿ ਹਰਿ ਹਰਿ ਨਾਮੁ ਸੁਖ ਹੋਇਆ ॥110॥

॥ ਚੌਪਈ ॥

ਟੇਕ ਸਿੰਘ ਕਹਯੋ ਕਰਿ ਜੋਰੀ ॥ ਦੁਸਟ[1] ਮਰਾ ਕਰ ਅਪਨੀ ਖੋਰੀ ॥
ਸਿਰੋਪਾਇ ਸਤਿਗੁਰੂ ਦਿਵਾਏ ॥ ਟੇਕ ਸਿੰਘ ਚਾਲੇ ਹਰਖਾਏ ॥111॥
ਰੈਯਤ ਲੋਕ ਮਿਲੇ ਗੁਰ ਆਇ ॥ ਮਾਮਲ ਦੇਵੈ ਮਨ ਹਰਖਾਇ ॥
ਮੁਹਰ ਸਿੰਘ ਸਿਰਦਾਰੁ ਇਕੁ ਆਵਾ ॥ ਸੁਤ ਨਾਰੀ ਕੋ ਸਾਥ ਲਯਾਵਾ ॥112॥
ਹੁਕਮ ਜੀਨ ਜੁਤਿ ਤੁਰੰਗ[2] ਚਢਾਇ ॥ ਏਕ ਗਊ ਸੁਭ ਦੇ ਹਰਖਾਇ ॥
ਸੌ ਰੁਪੈਯਾ ਏਕੁ ਪੁਸਾਕ ॥ ਧਰੀ ਉਪਾਇਨ ਕਹਿ ਮਿਠ ਵਾਕ ॥113॥
ਇਹੁ ਬਾਰਿਕੁ ਸਤਿਗੁਰ ਤੁਮ ਦੀਆ ॥ ਸੁਖਨਾ ਸੁਖ ਬਡੋ ਸੁਖ ਲੀਆ ॥
ਜਬ ਮਾਲੇਰ ਮਾਰ ਤੁਮ ਲੀਨੀ ॥ ਮੈ ਸੁਖਨਾ ਤਬ ਤੁਮਰੀ ਕੀਨੀ ॥114॥

॥ ਦੋਹਰਾ ॥

ਜੋ ਜੋ ਸੁਖਨਾ ਮੈ ਕਹੀ ਸੋ ਆਂਦੀ ਗੁਰ ਪਾਸ ॥
ਲੀਜੈ ਸਤਿਗੁਰ[3] ਮਯਾ ਕਰ ਜਾਨੋ ਦਾਸਨਿ ਦਾਸ ॥115॥

॥ ਚੌਪਈ ॥

ਤਿਸ ਕੀ ਭੇਟਾ ਸਤਿਗੁਰ ਲੀਨੀ ॥ ਭਾ ਨਿਹਾਲੁ[4] ਗੁਰ ਸਿਖੀ ਚੀਨੀ ॥
ਤੀਨ ਨਿਸਾ ਗੁਰ ਪਾਸ ਰਹਾਵਾ ॥ ਲੇ ਸਿਰ ਪਾਇ ਫਿਰ ਸਦਨ ਸਿਧਾਵਾ ॥116॥

---

1. ੲ ਪੋਥੀ ਨੀਚੰ  2. ੲ ਪੋਥੀ ਅਸੁ  3. ੲ ਪੋਥੀ ਸਾਹਿਬ
4. ੲ ਪੋਥੀ ਪ੍ਰਸੰਨ

## (ਬਾਬਾ ਸਾਹਿਬ ਸਿੰਘ ਦਾ ਲਖੇ ਪਧਾਰਨਾ)

ਤਿਹ ਥੀ ਚੜ ਲਖੇ ਗ੍ਰੌਰ ਗਏ ॥ ਸਿਵਰ ਲਗਾਵਤ ਤਿਹ ਥਾ ਭਏ ॥
ਤਿਸੀ ਦੁਰਗ ਮੈ ਰਾਖਾ ਥਾਣਾ ॥ ਜੋ ਨਹਿ ਮਾਨੈ ਗੁਰ ਕਾ ਭਾਣਾ ॥117॥
ਕਹੀ ਕਰਨ ਹਿਤ ਸਿੰਘ ਚਲ ਗਏ ॥ ਫੜ ਹਥਿਆਰੁ ਤੁਰਕ ਸਮ ਹਏ ॥
ਤਬ ਹਜੂਰ ਕੇ ਸਿੰਘਨ ਛਾੜੇ ॥ ਮਾਰ ਭਜਾਇ ਦੁਰਗ ਮੈ ਵਾੜੇ ॥118॥
ਲੈ ਗੋ ਧੁਮੈ ਅਸੂਨ ਧਾਈ ॥ ਪੁਟਾਈ ਤਿਨ ਕੀ ਗੁਰਹਿ ਸੁਨਾਈ ॥
ਭਯੋ ਹੁਕਮੁ ਗਢ ਲਯੋ ਛਡਾਇ ॥ ਮਾਰ ਨਿਕਾਸੋ ਦੇਰਿ ਬਿਹਾਇ ॥119॥
ਸ੍ਰੀ ਹਜੂਰ ਹੁਕਮ ਜਬ ਦੀਨਾ ॥ ਤਬੈ ਦੁਰਗ ਕੌ ਘੇਰਨ ਕੀਨਾ ॥
ਐਸੀ ਸੂਰੇ ਜੰਗ ਕੀਨੀ ਮਘਾ ॥ ਜਮਨਨ ਬਲ ਸ੍ਰੀ ਗੁਰ ਥੈ ਕਿਯਾ ॥120॥
ਏਕ ਨਿਸਾ ਆਕੀ ਵਹੁ ਭਏ ॥ ਮਾਨ ਹਾਰ ਮਿਲਨੇ ਮਨ ਦਏ ॥
ਇਕ ਮਾਨਵ ਤਿਨ ਦੀਨ ਪਠਾਈ ॥ ਹਮਰੀ ਬਿਰਤਿ ਨ ਦੇਹੁ ਗਵਾਹੀ ॥121॥
ਲੇਕਰ[1] ਸਸਤ੍ਰਨ ਜਾਨੇ ਦੇਹੁ ॥ ਤੌ ਤੁਮ ਹਮ ਤੇ ਦੁਰਗੈ ਲੇਹੁ ॥
ਮਾਨ ਅਰਜਿ ਅਰੁ ਦੀਨੇ ਜਾਨ ॥[2] ਅਤਸੇ ਪਾਪੀ ਮਹਾਂ ਅਜਾਨ[2] ॥122॥

॥ ਦੋਹਰਾ ॥

ਨਿਕਸ [ਸੁ][3] ਗਏ ਮਾਲੇਛ ਜਬ ਸਤਿਗੁਰ ਠਾਣਾ ਪਾਇ ॥
ਗੋ ਮਹਿਖੀ ਔਰ ਅਸੁ ਅਸੂਨੀ ਲੀਨੇ ਗੁਰ ਸੁਖਦਾਇ ॥123॥

॥ ਚੌਪਈ ॥

ਜਜੈਲ ਬੰਦੂਕ ਔਰੁ ਜੰਬੂਰੇ ॥ ਦਾਰੂ ਗੋਲੀ ਔਰ ਜਖੂਰੇ ॥
ਕੋਇਕ ਸਿੰਘ ਜਗ ਮੋ ਮੋਏ ॥ ਗੁਰ ਕਿਰਪਾ ਤੇ ਮੁਕਤੀ ਹੋਏ ॥124॥
ਗਿਰਦ ਨਿਵਾਈ ਹੈ ਪਿੰਡ ਜੇਤੇ ॥ ਆਇ ਮਿਲੇ ਗੁਰ ਕੋ ਸਭ ਤੇਤੇ ॥
ਏਕ ਸਿਖ ਨੇ ਅਰਜਿ ਬਖਾਨੀ ॥ ਬਿਨਤੀ ਸੁਨੀਏ ਸਾਰੰਗਪਾਨੀ ॥125॥
ਗ੍ਰਾਮ ਧੁਨੇਹਰ ਤੁਰਕ ਬਸਾਇ ॥ ਮੁਹਿ ਭ੍ਰਾਤਾ ਤਿਨ ਮਾਰ ਗਵਾਇ ॥
ਕਹਯੋ ਹਜੂਰ ਲੂਟੋ ਤਿਹ ਗ੍ਰਾਮ ॥ ਦੁਖ ਪਾਵੈ ਤਿਨ ਕੇ ਸੁਤ ਬਾਮ ॥126॥
ਉਨ ਕੋ ਖਬਰ ਜਸੂਸਹਿ ਦਈ ॥ ਤਿਨ ਤਕਰਾਈ ਤਬ[4] ਕਰ ਲਈ ॥
ਜਬੈ ਸਿੰਘ ਗਏ ਬੰਬਜਾਇ ॥ ਆਏ ਤੁਰਕੁ ਅਗੂ ਤੇ ਧਾਇ ॥127॥
ਬੰਕੇ ਬੀਰ ਜਬੈ ਗਰਜਾਨੇ ॥ ਤੁਰਕਨ ਕੇ ਚਿਤ ਅਤਹਿ ਡਰਾਨੈ ॥
ਪੀਸ ਦਾਂਤ ਲਰਤੇ ਸੋ ਭਏ ॥ ਚਾਹੈ ਜੈਨ ਪੀਛੇ ਪਗ ਦਏ ॥128॥

॥ ਤੋਟਕ ਛੰਦ ॥

ਬਰਬੰਡ ਪ੍ਰਚੰਡ ਉਦੰਡ ਮਹਾਂ ॥ ਪ੍ਰਵਿਸੇ ਬਡ ਘੋਰ ਘੁਮੰਡ ਜਹਾਂ ॥
ਪ੍ਰਭੁ ਬਾਹਨਿ ਅਗ੍ਰੀ ਸੁਤੰਤ੍ਰ ਚਲੀ ॥ ਇਨ ਦੇਖਤ ਹੀ ਇਕ ਬਾਰ ਹਲੀ ॥129॥

---

1 ਅ ਪੋਥੀ ਸਨੇ ਸੁ 2. ਅ ਪੋਥੀ ਪਾਠਾਂਤਰ : ਹਜੂਰ ਦੁਰਗ ਲਯੋ ਸੁਖਦਾਨ ॥ 3. ਅ ਪੋਥੀ ਵਿਚੋਂ 4. ਅ ਪੋਥੀ ਹੂੰ

ਅਵਿਲੋਕਿ ਅਸੇਸ ਤੁਰਕੇਸ ਚਮੂ ॥ ਅਤ ਕੋਪ ਭਰੀ ਗੁਰ ਸੈਨ ਹਮੂ ॥
ਇਨ ਸੰਪਤਿ ਲੂਟ ਸਮੱਸਤ ਗਹੋ ॥ ਰਿਪ ਗਾਤ ਬਨਹਿ ਅਸ ਆਗੁ ਦਹੋ ॥130॥
ਭਭਕਾਤ ਰ੍ਰਿਦੈ ਕਰ ਕੋਪ ਘਨੋ ॥ ਬਨੁ ਘੋਰ ਮ੍ਰਿਗੇਸੁ ਰੁਜਥ ਮਨੋ ॥
ਅਸੁ ਲੋਟਹਿ ਮਾਨਸੁ ਜੰਗ ਫਟੇ ॥ ਜਿਤ ਏਗੁ ਮ੍ਰਿਗ੍ਰਿਦਨੋ ਕੇਰ ਕਟੇ ॥131॥
ਰਣ ਡੋਲਤ ਭੂਤ ਕਲੋਲ ਕਰੈ ॥ ਗੁਨ ਗੀਧਨ ਭ੍ਰਾਵਤ ਮਾਸੁ ਚਰੈ ॥
ਬਹੁ ਕੂਕਰ ਕਾਕਾ ਪ੍ਰਸੰਨ ਭਏ ॥ ਭੁਰ ਸੋਣਿਤ ਜੋਗਿਨ ਖਪ੍ਰ ਲਏ ॥132॥
ਇਕ ਸਾਰਹਿ ਰਾਰਹਿ ਮਾਰਿ ਮਚੀ ॥ ਅਤਿ ਘੋਰ ਪਿਸਾਚਨਿ ਆਇ ਨਚੀ॥
ਕਰਿ ਸੀਸ ਬਜਾਵਤਿ ਤਾਤ ਖਰੀ ॥ ਅਸਵਾ ਰਵਿ ਮਾਨ ਗੁਮਾਨ ਭਰੀ ॥133॥
ਅਤਿ ਸ੍ਰੋਣ ਸਨੇ ਪਟ ਬੀਰਨ ਕੇ ॥ ਛਬਿ ਪਾਵਤ ਚੀਰ ਸਰੀਰਨ ਕੇ ॥
ਅਤ ਚਾਵ ਭਰੇ ਰਸ ਬੀਚ ਗਜੈ ॥ ਭਟ ਅੰਤ ਪ੍ਰਜੰਤ ਕ੍ਰੋਧ ਤਜੈ ॥134॥
ਸਰ ਚੋਟ ਸੁ ਸੀਨੋ ਪਾਰ ਪਰੀ ॥ ਤਊ ਬੀਰਨਿ ਪੀਰੁਤ ਸੀ ਨ ਕਰੀ ॥
ਤਜਿ ਪ੍ਰਾਨ ਗਏ ਸੁਰ ਦ੍ਵਾਰ ਭਟੰ ॥ ਜਯ ਜਯਤ ਪ੍ਰਭੂ ਦਸ ਨਾਦ ਰਟੰ ॥135॥

॥ ਦੋਹਰਾ ॥

ਚਾਰ ਘਟੀ ਘਮਸਾਨ ਭਾ ਮਾਰੇ ਤੁਰਕ ਜੰਗ ਮਾਂਹਿ ॥
ਜੋ ਬਾਚੇ ਸੋ ਭਜ ਚਲੇ ਜੰਗ ਮੋ ਠਹਿਰੇ ਨਾਹਿ ॥136॥

॥ ਚੌਪਈ ॥

ਲੂਟ ਕੂਟ ਲੀਨਾ ਸਭ ਗਾਊ ॥ ਬਿਜੈ ਭਈ ਸਿੰਘਨ ਕੇ ਨਾਊ ॥
ਗੋ ਮਹਿਖੀ ਹੈ ਆਦਿ ਜੁ ਹੋਰੇ ॥ ਸਸਤ੍ਰ ਬਸਤ੍ਰ ਕੀਨੇ ਇਕ ਠੌਰੇ ॥137॥
ਸਿੰਘਨ ਪ੍ਰਭਿ ਸ੍ਰੀ ਗੁਰੂ ਦਿਵਾਏਂ ॥ ਲੂਟ ਕੂਟ ਜੋ ਜੁਧ ਮੋ ਲਯਾਏ ॥
ਬੀਸ ਸਿੰਘ ਜਖਮੀ ਤਿਹ ਭਏ ॥ ਤਿਨ ਕੋ ਬਿਤ ਗੁਰੂ ਬਹੁੰਪ ਦਵਾਏ ॥138॥
ਚਾਰ ਸਿੰਘ ਜੁਧ ਮੋ ਮਰ ਗਏ ॥ ਗੁਰ ਕਿਰਪਾ ਤੇ ਮੁਕਤਿ [ਸੁ][1] ਭਏ ॥
ਰੈਯਤਿ ਲੋਕਿ ਆਇ ਸਭ ਮਿਲੇ ॥ ਪ੍ਰਾਹਿ ਪ੍ਰਾਹਿ ਪੋਕਾਰਤ ਖੱਲੇ ॥

॥ ਚੌਪਈ ॥

ਆਨ ਗੁਰੂ ਕੀ ਸਿਰ ਪਰੀ ਬਨੁ ਰੈਯਤਿ ਸਬ ਲੋਗੁ ॥
ਮਾਹਲ ਪਿੰਡ [2]ਸਤਿਗੁਰੂ ਗਏ ਸੰਗਤਿ ਮੇਟਨ ਸੋਗ ॥140॥

॥ ਚੌਪਈ ॥

ਸੰਗਤਿ ਚਲ ਦਰਸਨੁ ਕੋ ਆਈ ॥ ਧਰੀ ਉਪਾਇਨ ਬੰਦਨੁ ਗਾਈ ॥
ਦਸ ਦਿਨ ਸ੍ਰੀ ਗੁਰ ਦੇਰਾ ਰਾਖਾ ॥ ਸਿਖਨ[3] ਕੀ ਪੂਰੀ ਅਭਿਲਾਖਾ ॥141॥

---

1. ਅ ਪੋਥੀ ਵਿਚੋਂ
2. ਅ ਪੋਥੀ ਪੁਰ
3. ੲ ਪ੍ਰੋਥੀ ਸਾਧੂਨ

ਰਾਇਪੁਰੇ ਕੀ ਸੰਗਤਿ ਆਈ ॥ ਅੰਨ ਬਸਨ ਬਿਤ ਭੇਟ ਚੜ੍ਹਾਈ ॥
ਪਾਨ ਜੋਰੁ ਕਰਿ ਬਿਨੈ ਬਖਾਨੀ ॥ ਰਾਪੁਰਿ ਚਲੀਏ ਸੁਖਮਾ ਖਾਨੀ ॥142॥
ਸੁਨ ਤਿਨ ਬਿਨਤੀ ਗੁਰੂ ਸਿਧਾਏ ॥ ਸਿਖ ਸੰਤਿ[1] ਮਿਲ ਲੇਵਨ ਆਏ ॥
ਪੈ ਧੀ ਅੰਨ ਬਸਨੁ ਲੇ ਆਵੈ ॥ ਦਰਸਨ ਕਰ ਕਰ ਮਨ ਹਰਖਾਵੈ ॥143॥
ਜੁਗਮ ਸਮੇ ਸੁਭ ਕਿਰਤਨ ਹੋਇ ॥ ਸੁਨੈ ਸਿਖ ਮਨ ਚਿੰਤਾ ਖੋਇ ॥
ਸੁਭ ਮਾਰਗ ਮੈ ਸਿਖ ਸੁਭ ਪਾਏ ॥ ਸਤਨਾਮੁ[2] ਸਿਮਰੈ ਮਨੁ ਲਾਇ ॥144॥

(ਸਿਖ ਸਰਦਾਰਾਂ ਦੀ ਸੋਚ)

ਗ੍ਰਾਮ ਧਾਂਧਰੇ ਸਭ ਸਿਰਦਾਰੁ ॥ ਭਏ ਇਕਤ੍ਰ ਲੈ ਸੈਨ ਅਪਾਰ ॥
ਮੁਲਖ ਰਾਇ ਕਾ ਲੀਨੋ ਰੋਕ ॥ ਕਲਿ ਹਮ ਕੋ ਇਹ ਦੇਵੈ ਸੋਕ ॥145॥

॥ ਦੋਹਰਾ ॥

ਚਾਹੇ ਬੇਦੀ ਮਨ ਬਿਖੇ ਇਨ ਕੋ ਦੇਉ ਨਿਕਾਸ ॥
ਤਾਂਤੇ ਇਸੇ ਨਿਕਾਰੀਏ ਖੋਸੈ ਹਮਰੇ ਬਾਸ ॥146॥

॥ ਚੌਪਈ ॥

ਇਕੁ ਸਿਖ ਚਲ ਗੁਰ[3] ਪਹਿ ਆਵਾ ॥ ਪਾਨ ਜੋਰ ਕਰ ਸੀਸ ਨਿਵਾਵਾ ॥
ਸਿਰਦਾਰ ਕਰੇ ਮਾਯਾ ਨੇ ਬੋਰੇ ॥ ਤੁਮ ਸੋ ਕੀਨਾ ਚਾਹੇ ਸੋਰੇ ॥147॥
ਸੈਨਾ ਤਿਨ ਨੇ ਬਹੁਤੁ ਸਕੇਲੀ ॥ ਕਰ ਲੀਨੇ ਇਕਠੇ ਸਭ ਮੇਲੀ ॥
ਗੁਰੂ ਭਨਾ ਨਹਿ ਚਿੰਤਾ ਕੀਜੈ ॥ ਜੋ ਹੋਵੈ ਗੋ ਦੇਖੁ ਸੁ ਲੀਜੈ ॥148॥
ਪੰਚ ਨਗਰ ਕੇ ਮਿਲ ਕਰ ਆਏ ॥ ਹੋਇ ਨਿਮ੍ਰ ਤਿਨ ਬੈਨ ਅਲਾਏ ॥
ਨਗਰ ਨਜੀਕ ਕਰੋ ਪ੍ਰਭੁ ਡੇਰਾ ॥ ਨਿਸ ਕੋ ਆਨ ਕਰਹਿ ਮਤ ਫੇਰਾ ॥149॥
ਕਹਯੋ ਹਜੂਰ ਤੁਮ ਚਿੰਤ ਤ੍ਯਾਗੋ ॥ ਸਤਨਾਮ ਸਿਮਰੋ ਅਨੁਰਾਗੋ ॥
ਏਕ ਸਿੰਘ ਤਬ ਆਵਾ ਧਾਈ ॥ ਪਾਨ ਜੋਰ ਤਿਨ ਬਿਨਤੀ ਗਾਈ ॥150॥
ਪ੍ਰਭ ਜੀ ਆਵਾ ਦਲ ਮੈ ਦੇਖਾ ॥ ਕੌਨ ਚਤਰ ਜੋ ਕਰ ਹੈ ਲੇਖਾ ॥
ਹਰੀ ਸਿੰਘ ਸਿਰ ਚੌਰ ਢੁਰਾਈ ॥ ਤਿਸ ਪ੍ਰਤਿ ਸਤਿਗੁਰ ਦਯੋ ਸੁਨਾਈ ॥151॥
ਜਾਵੋ ਬਾਹਰੁ ਦੇਖੋ ਜਾਇ ॥ ਕਿਸ ਕੀ ਸੈਨਾ ਆਈ ਧਾਇ ॥
ਮਾਨ ਹੁਕਮ ਜਬ ਬਾਹਰ ਆਵਾ ॥ ਸੈਨਾ ਆਗੇ ਅੰਤੁ ਨ ਪਾਵਾ ॥152॥

(ਜ਼ਮਰਾਜੋ ਨੇ ਗੁਪਤ ਸੈਨਾ ਭੇਜਣੀ)

ਘੋਰੁ ਸ ਰੂਪੁ ਅਪੂਰਬ ਭਾਰੀ ॥ ਤਪਤ ਪਾਬ੍ਰ ਇਮ ਆਂਖ ਉਜਾਰੀ ॥
ਦਾਂਤ ਭਯਾਂਨ ਕੇਸ ਮੁਖ ਭੂਰੇ ॥ ਅਧਰ ਚਬਾਤ ਕੋਪ ਕਰ ਪੂਰੇ ॥153॥
ਅਤ ਬਿਸਾਲ ਬਹੁਤੇ ਭਯਾਦਾਯਕ ॥ ਸੂਪ ਸਮਾਨ ਨਸੰਨ [4]ਰਨ ਘਾਯਕ[4] ॥
ਮੁਦਗਰ ਮੂਸਲਿ ਪਾਸਿ ਅਸਿ ਹਾਥਾ ॥ ਚੰਮਰ ਡੋਰ ਕਰ ਬਾਂਧੇ ਭਾਥਾ ॥154॥

---

1. ੲ ਪੋਥੀ ਸਾਧੂ 2. ੲ ਪੋਥੀ ਵਾਹਗੁਰੂ 3. ੲ ਪੋਥੀ ਗੁਰੂ
4. ਪੋਥੀ ਰਘਾਯਕ

ਕੋਫਨ ਗਦਾ ਧਰੈ ਗਰਬੀਲੇ ॥ ਦੇਵ ਦਨੁਜ ਤੇ ਸਮਰ ਹਠੀਲੇ ॥
ਛੁਰੀ ਬੁਰੀ ਲੋਹੂ ਸੈ ਭਰੀ ॥ ਲਾਇ ਸਾਨ ਤੇ ਕਰ ਮੈਂ ਬਰੀ ॥155॥

॥ ਛੰਦ ॥

ਭਭਕਤ ਮਹਿਖ ਅਰੂਢ ਗੂਢ ਵਿਮੂਢ ਸ੍ਰਿਸਟ ਸੰਘਾਰ ਕੇ ॥
ਜਮੁਹਾਤ ਰਾਤਉ ਨੀਦ ਮਾਨੋ ਰਾਤ ਨੈਨ ਖੁਮਾਰ ਕੋ ॥
ਰਕਤਾਲ ਮਨੁਜ ਕਪਾਲ ਲੀਨੇ ਰੁਧਿਰ ਪੁਨ ਪੁਨ ਪਾਨ ਹੀ ॥
ਨਿਰਦਯਾਲ ਬਯਾਲ ਚ੍ਹਾਲੂ ਕੁਦਾਲ ਸੀਸ ਧੁਨ ਗਾਨਹੀ ॥156॥

॥ ਦੋਹਰਾ ॥

ਰਾਵ ਪੁਰੀ ਕੇ ਨਿਕਟ ਹੀ ਬਿਕਟ ਮਹਿਖ ਅਸਵਾਰ ॥
ਚਕਿਤ ਭਯੋ ਚਿੱਤ ਹਰੀ ਹਰਿ ਜਮਦਲ ਅਗਨਿ ਨਿਹਾਰ ॥157॥

॥ ਚੌਪਈ ॥

ਕੰਪਤਿ ਗਾਤ ਗੁਰੂ ਪਹਿ ਭਾਗਾ ॥ ਕਛੁ ਨਾ ਸੰਭਾਰ ਮਨੋ ਜਮ ਦਾਗਾ ॥
ਦਿਖ ਕਰ[1] ਦੌਰ ਪ੍ਰਭੂ ਢਿਗ ਆਯੋ ॥ ਆਵਤ ਗਿਰਯੋ ਬੇਗ ਗੁਰ ਛਾਯੋ ॥158॥
ਕਮਲ ਨੈਨ ਤਿਸੁ ਪੂਛਨ ਕੀਨਾ ॥ ਕਯੋਂ ਮੁਰਝਾਯੋ ਕਹੁ ਪਰਬੀਨਾ ॥
ਹਰੀ ਸਿੰਘ ਤਬ ਧੀਰਜ ਧਾਰੀ ॥ ਕਹੀ ਗਿਰਾ ਜੋ ਗੁਰ ਕੌ ਪਯਾਰੀ ॥159॥
ਨਾਥ ਆਜੁ ਮੈ ਅਚਰਜ ਦੇਖਾ ॥ ਤਬ ਤੇ ਮਹਿ ਤਨ ਕੰਪ ਵਸੇਖਾ[2] ॥
ਜੰਮ ਰਾਜ ਕੀ ਸੈਨਾ ਆਈ ॥ ਕੌਨ ਗਿਨੇ ਕਛੁ ਵਾਰ ਨ ਪਾਈ ॥160॥

॥ ਦੋਹਰਾ ॥

ਸੁਨ ਤਹਿ ਬਚ ਧੀਰਜ ਸਹਿਤ ਕੌਤਕ ਨਮਿਤਿ ਕ੍ਰਿਪਾਲ ॥
ਬੋਲ ਨਿਕਟ ਵਿਦ੍ਹ ਪੰਚ ਸਭ ਪਠੇ ਤਹਾ ਤਤਕਾਲ ॥161॥

॥ ਚੌਪਈ ॥

[3]ਦੀਨੀ ਆਯਸ[3] ਪੰਚਹਿ ਸੁਾਮੀ ॥ ਦਿਖਹੁ ਸਾਚ ਹੈ ਯਮ ਅਨੁਗਾਮੀ ॥
ਕਵਨੁ ਹੇਤ ਹਯਾ ਸਭ ਆਏ ॥ ਕਯਾ ਹਿਤ ਇਛਾ ਪੂਛੋ ਜਾਏ ॥162॥
ਸਭ ਬ੍ਰਿਤਾਂਤ ਮੁਹਿ ਆਇ ਸੁਨਾਵਹੁ ॥ ਸਾਚ ਝੂਠ ਇਨ ਕੋ ਪ੍ਰਗਟਾਵਹੁ ॥
ਅਸ ਨਿਦੇਸ ਜਬ ਦੀਨ ਮੁਰਾਰੀ ॥ ਸਤਯ ਭਾਖਗੇ ਮਾਨ ਖਚਾਰੀ ॥163॥
ਰਾਵ ਪੁਰੀ ਦਛਨ ਦਿਸ ਓਰਾ ॥ ਨਿਰਖਾ ਜਮ ਰਾਟ ਦਲ ਘੋਰਾ ॥
ਦੇਖਤ ਪੰਚ ਤ੍ਰਸੇ ਮਨ ਮਾਹੀ ॥ ਅਸ ਕਪੂਰ ਹਮ ਦਰਸੇ ਨਾਹੀ ॥164॥
ਇਨ ਕੋ ਰੂਪ ਨਿਰਖ ਭਯਦਾਨਾ ॥ ਨਯਾਇ ਜਗਤ ਕੇ ਛੂਟਤ ਪ੍ਰਾਨਾ ॥
ਤਤਖਿਨ ਹਟੇ ਗੁਰੂ ਪਹਿ ਆਏ ॥ ਹੋਏ ਦੀਨ ਅਬ[4] ਬੈਨ ਸੁਨਾਏ ॥165॥

॥ ਦੋਹਰਾ ॥

ਜਮ ਰਾਜਾ ਕੀ ਸੈਨ ਦਿਖ ਬਾਚੇ ਆਪ ਭਰੋਸ ॥
ਮਹਾ ਭਯਾਨਕ ਰੂਪ ਜਿਨ ਲਾਲ ਨੈਨ ਬਹੁ ਰੋਸ ॥166॥

---

1. ਅ ਪੋਥੀ ਦੇਖ ਸੁ 2. ਅ, ੲ ਪੋਥੀ ਵਿਸੇਖਾ 3. ਅ ਪੋਥੀ ਪਾਠਾਂਤਰ : ਦੀ ਆਯਸੁ ਅਸ
4. ਅ ਪੋਥੀ ਅਸਿ

॥ ਚੌਪਈ ॥

ਇਹ ਕਥੋ ਆਏ ਕਹੰਘੇ ਸੁਆਮੀ ॥ ਸਰਬੰ ਗਯਾਤਾ ਅੰਤਰਜਾਮੀ ॥
ਕਮਲਨੈਨ ਭੰਨਯੋ ਸੁਨਿ ਲੇਵੋ ॥ ਜਮ ਰਾਜ ਇਹ ਸੈਨਾ ਜੋਵੋ ॥167॥
ਜੋ ਹਮਰੇ ਸਨ ਕਰੈ ਬਿਰੋਧੂ ॥ ਤਿੰਨ ਕੌ ਮਾਰੋ[1] ਕਰ ਬਿਨ ਕ੍ਰੋਧੂ[1] ॥
ਸੁਨ ਪੈਂਚਨ ਤਬ ਗਿਰਾ ਅਲਾਈ ॥ ਹਮ ਸਿਖ ਹੈ ਤੁਮਰੀ ਸਰਨਾਈ ॥168॥
ਇਨ ਤੇ ਹਮ ਕੋ ਰਾਖਨ ਕੀਜੈ ॥ ਅੰਤ ਕਾਲ ਨਹ ਹਮੇ ਦਿਖੀਜੈ ॥
ਸੁਨ ਤਿਨ ਬਿਨਤੀ ਗੁਰੂ ਉਚਾਰੀ ॥ ਵਾਹਿਗੁਰੂ ਸਿਮਰੋ ਹਿਤ ਧਾਰੀ ॥169॥
ਜੋ ਗੁਰ ਨਾਨਕ ਸਿਖ ਕਹਾਵੈ ॥ ਜਮੁ ਸੈਨਾ ਤਿਸ ਨਿਕਟ ਨ ਆਵੈ ॥
ਜੋ ਗੁਰ ਤੇ ਬੇਮੁਖ ਹੁਇ ਜਾਈ ॥ ਜਮ ਦੂਤ ਮਾਰੈ ਤਿਨੁ ਧਾਈ ॥170॥
ਸੁਨ ਕਰੁ ਪੈਚਨ ਸੀਸ ਨਿਵਾਵਾ ॥ ਕਰ ਜੁਗ ਛਪੈ ਗੁਰੂ ਜਸ ਗਾਵਾ ॥
ਗਰ ਮੈ ਅੰਚਰ ਲੀਨੇ ਪਾਈ ॥ ਨੈਨਨ ਨੀਰ ਚਲਾ ਬਹੁ ਜਾਈ ॥171॥

॥ ਛਪੈ ॥

ਸਰਬ ਰਾਮ ਅਭਰਾਮ ਕਾਮ ਪੂਰਨ ਗਿਰਧਾਰੀ ॥
ਦੁਖ ਭੰਜਨ ਰੰਜ ਕੰਜ ਲੋਚਨਿ ਸੁਖਕਾਰੀ[2] ॥
ਨਿਗਮ ਅਗੰਮ ਜਸ ਪੂਰ ਭੂਰ ਆਦਿਤ ਅਤ ਪਾਵਨ ॥
ਰਾਵਣਾਰ ਰਮਣੀਯ ਭਗਤ ਕੁਲ ਸੋਕ ਨਸਾਵਨ ॥
ਬਨਮਾਲੀ ਕਾਲੀ ਨਥਨ ਪੰਚਾਲੀ ਲਜਾ ਰਖਨ ॥
ਜਯ ਬੇਦਿ ਰਾਜ ਮਹਾਂਰਾਜ ਪ੍ਰਭੁ ਪਰਮਾਤਮ ਅਸਰ[3] ਸਰਨ ॥172॥
ਵਯਾਪਕ ਅਵਯੈ ਆਦਿ ਨਿਤ ਨਾਰਾਯਣ ਸੁਾਮੀ ॥
ਭਗਤ ਪਾਲ ਭਯ ਹਰਣ ਭਰਣ ਭਜਿ ਤਰਤ ਕੁਕਾਮੀ ॥
ਜਿਹ ਮਿਤਿ ਗਤਿ ਤੇ ਦੂਰ ਭੂਰ[4] ਸਰ ਧਾਨ[4] ਸੁ ਲਹਿਯਤ ॥
ਜਿਹ ਬਿਸਰਤ ਬਿਸੁ ਜਗਤ ਪਰਮ ਬਾਧਾ ਤੱਕ ਸਹਿਯਤ ॥
ਉਦਤ ਜਾਸ ਜਸੁ ਚੰਦ੍ਰ ਅਤਿ ਅਹੋ ਰੈਨ ਚੌਦਾਂ ਭਵਨ ॥
ਵਿਪਤ ਦਮੋ ਨਰ ਹਰ ਨਮੋ ਨਮੋ ਨਾਥ ਪਛ ਭਗਤਨ ॥173॥

॥ ਦੋਹਰਾ ॥

ਅਸ ਉਸਤਤਿ ਜਬ ਤਿਨ ਕਰੀ ਕਮਲ ਨੈਨ ਬਿਗਸਾਇ ॥
ਦੰਦ ਬਦਨੁ ਤੇ ਬਚ ਭਨਾ ਬੈਸੋ ਮਨ ਹਰਖਾਇ ॥174॥

॥ ਚੌਪਈ ॥

ਸੁਨ ਗੁਰ ਬਾਨੀ ਬੈਸਤ ਭਏ ॥ ਜਨਮ ਮਰਨ ਜਿਨ ਸੰਸੇ ਗਏ ॥
ਏਕ ਸਿੰਘ ਕੋ ਸਤਿਗੁਰ ਪ੍ਰੇਰਾ ॥ ਜਮ ਦੂਤਨ ਕੌ ਕਹੁ ਬਿਨੁੰ ਦੇਰਾ ॥175॥

---

1. ਅ ਪੋਥੀ ਪਾਠਾਂਤਰ : ਨਿਹਚੇ ਸੋਧੂ 2. ਅ ਪੋਥੀ ਸੁਭਚਾਰੀ
3. ਅ ਪੋਥੀ ਸਰਨ 4. ਅ ਪੋਥੀ ਸ਼ਾਧਨ ਸੋ

॥ ਚੌਪਈ ॥

ਇਹ ਕਥੋ ਆਏ ਕਹੇਯੋ ਸੁਆਮੀ ॥ ਸਰਬੰ ਗਯਾਤਾ ਅੰਤਰਜਾਮੀ ॥
ਕਮਲਨੈਨ ਭੰਨਯੋ ਸੁਨਿ ਲੇਵੋ ॥ ਜਮ ਰਾਜ ਇਹ ਸੈਨਾ ਜੋਵੋ ॥167॥
ਜੋ ਹਮਰੇ ਸ਼ਨ ਕਰੈ ਬਿਰੋਧੂ ॥ ਤਿਨ ਕੋ ਮਾਰੋ[1] ਕਰ ਬਿਨ ਬੋਧੂ[1] ॥
ਸੁਨ ਪੈਂਚਨ ਤਬ ਗਿਰਾ ਅਲਾਈ ॥ ਹਮ ਸਿਖ ਹੈ ਤੁਮਰੀ ਸਰਨਾਈ ॥168॥
ਇਨ ਤੇ ਹਮ ਕੋ ਰਾਖਨ ਕੀਜੈ ॥ ਅੰਤ ਕਾਲ ਨਹ ਹਮੇ ਦਿਖੀਜੈ ॥
ਸੁਨ ਤਿਨ ਬਿਨਤੀ ਗੁਰੂ ਉਚਾਰੀ ॥ ਵਾਹਿਗੁਰੂ ਸਿਮਰੋ ਹਿਤ ਧਾਰੀ ॥169॥
ਜੋ ਗੁਰ ਨਾਨਕ ਸਿਖ ਕਹਾਵੈ ॥ ਜਮ ਸੈਨਾ ਤਿਸ ਨਿਕਟ ਨ ਆਵੈ ॥
ਜੋ ਗੁਰ ਤੇ ਬੇਮੁਖ ਹੁਇ ਜਾਈ ॥ ਜਮ ਦੂਤ ਮਾਰੈ ਤਿਨ ਧਾਈ ॥170॥
ਸੁਨ ਕਰ ਪੈਂਚਨ ਸੀਸ ਨਿਵਾਵਾ ॥ ਕਰ ਜੁਗ ਛਪੈ ਗੁਰ ਜਸ ਗਾਵਾ ॥
ਗਰ ਮੈ ਅੰਚਰ ਲੀਨੇ ਪਾਈ ॥ ਨੈਨਨ ਨੀਰ ਚਲਾ ਬਹੁ ਜਾਈ ॥171॥

॥ ਛਪੈ ॥

ਸਰਬ ਰਾਮ ਅਭਿਰਾਮ ਕਾਮ ਪੂਰਨ ਗਿਰਧਾਰੀ ॥
ਦੁਖ ਭੰਜਨ ਰੰਜ ਕੰਜ ਲੋਚਨਿ ਸੁਖਕਾਰੀ[2] ॥
ਨਿਗਮ ਅਗਮ ਜਸ ਪੂਰ ਭੂਰ ਆਦਿਤ ਅਤ ਪਾਵਨ ॥
ਰਾਵਣਾਰ ਰਮਣੀਯ ਭਗਤ ਕੁਲ ਸੋਕ ਨਸਾਵਨ ॥
ਬਨਮਾਲੀ ਕਾਲੀ ਨਥਨ ਪਾਂਚਾਲੀ ਲਜਾ ਰਖਨ ॥
ਜਯ ਬੇਦਿ ਰਾਜ ਮਹਾਂਰਾਜ ਪ੍ਰਭੁ ਪਰਮਾਤਮ ਅਸਰ[3] ਸਰਨ ॥172॥
ਵਯਾਪਕ ਅਵਯੈ ਆਦਿ ਨਿਤ ਨਾਰਾਯਣ ਸੁਾਮੀ ॥
ਭਗਤ ਪਾਲ ਭਯ ਹਰਣ ਭਰਣ ਭਜਿ ਤਰਤ ਕੁਕਾਮੀ ॥
ਜਿਹ ਮਿਤਿ ਗਤਿ ਤੇ ਦੂਰ ਭੂਰ[4] ਸਰ ਧਾਨ[4] ਸੋ ਲਹਿਯਤ ॥
ਜਿਹ ਬਿਸਰਤ ਬਿਸੁ ਜਗਤ ਪਰਮ ਬਾਧਾ ਤਕ ਸਹਿਯਤ ॥
ਉਦਤੋ ਜਾਸ ਜਸੁ ਚੰਦ੍ਰ ਅਤਿ ਅਹੋ ਰੈਨ ਚੌਦਾਂ ਭਵਨ ॥
ਵਿਪਤ੍ਰ ਦਮੈ ਨਰ ਹਰ ਨਮੋ ਨਮੈ ਨਾਥ ਪਛ ਭਗਤਨ ॥173॥

॥ ਦੋਹਰਾ ॥

ਅਸ ਉਸਤਤਿ ਜਬ ਤਿਨ ਕਰੀ ਕਮਲ ਨੈਨ ਬਿਗਸਾਇ ॥
ਦੰਦ ਬਦਨ ਤੇ ਬਚ ਭਨਾ ਬੈਸੋ ਮਨ ਹਰਖਾਇ ॥174॥

॥ ਚੌਪਈ ॥

ਸੁਨ ਗੁਰ ਬਾਨੀ ਬੈਸਤ ਭਏ ॥ ਜਨਮ ਮਰਨ ਜਿਨ ਸੰਸੇ ਗਏ ॥
ਏਕ ਸਿੰਘ ਕੋ ਸਤਿਗੁਰ ਪ੍ਰੇਰਾ ॥ ਜਮ ਦੂਤਨ ਕੋ ਕਹੁ ਬਿਨ ਦੇਰਾ ॥175॥

---

1. ਅ ਪੋਥੀ ਪਾਠਾਂਤਰ : ਨਿਹਚੇ ਸੋਧੂ 2. ਅ ਪੋਥੀ ਸੁਭਚਾਰੀ
3. ਅ ਪੋਥੀ ਸਰੰਨ 4. ਅ ਪੋਥੀ ਸਾਧਨ ਸੋ

ਕ੍ਰਿਤਾਂਤ ਧਾਮ ਜਾਵੋ ਬਿਨ ਦੇਰੀ ॥ ਜਬੈ ਬੁਲਾਵੈ ਆਵੋ ਫੇਰੀ ॥
ਜਾਇ ਸਿੰਘ ਨੇ ਜਬੈ ਸੁਨਾਵਾ ॥ ਹੋਇ ਲਪੰ [1]ਦੇਰ ਬਿਹਾਵਾ ॥176॥

॥ ਦੋਹਰਾ ॥

ਜੇ ਧਾਯਰੇ [2]ਸਿਰਦਾਰ [ਜੇ][2] ਗੁਰ ਮਨ ਚਹੈ ਬਿਰੋਧ ॥
ਧੁਨਕ ਸੁਨੀ ਗੁਰ ਕੀ ਉਠਿ ਚਾਲੇ ਬਿਨੁ ਬੋਧ ॥177॥

॥ ਚੌਪਈ ॥

ਬਾਤ ਲਗੇ ਜਿਮ ਪਾਤ ਉਡਾਂਹੀ ॥ ਐਸੇ ਹੀ ਸਭ ਗਏ ਪਰਾਹੀ ॥
ਦਿਨੁ ਦਿਨੁ ਗੁਰ ਬਧੈ ਪ੍ਰਤਾਪੂ ॥ ਨਿੰਦਕੁ ਦੁਸਟੁ ਹੋਹਿ ਸਭ ਖਾਪੂ ॥178॥
ਰੈਯਤ ਲੋਗੁ ਸਭ ਚਰਨੀ ਲਾਗੇ ॥ ਗੁਰ ਸੇਵਾ ਮੋ ਭੇ ਅਨੁਰਾਗੇ ॥
ਸਤਗੁਰ ਹੀ ਕੋ ਰਾਜਾ ਮਾਨੇ ॥ ਔਰੁ ਨ ਕਿਸ ਕੀ ਆਨ ਪ੍ਰਮਾਨੈ ॥179॥
ਗੁਰ ਕੀ ਸੈਨਾ ਸਾਥ ਲੈ ਜਾਵੈ ॥ ਅਗਲੇ ਠਾਣੇ ਵਿਦਾ ਕਰਾਵੈ ॥
ਤੁਰਕਨਿ ਕਾਢ ਗੁਰੂ ਕੇ ਪਾਏ ॥ ਇਸੀ ਤਰ੍ਹਾਂ ਸਭ ਕਿਲੇ ਮਿਲਾਏ ॥180॥
ਚੌਦਾਂ ਦੁਰਗ ਗੁਰੂ ਕੇ ਭਏ ॥ ਦੇਖ ਪ੍ਰਤਾਪ ਸਿਖ ਬਿਗਸਏ ॥
ਗੁਰੂ ਮਸੂਰਾਂ ਡੇਰਾ ਲਾਯੋ ॥ ਚੌਗਿਰਦ ਧੂਰਕੋਟ ਬਨਾਯੋ ॥181॥

॥ ਦੋਹਰਾ ॥

ਦੂਧ ਦਹੀ ਸਿਖ ਲਯਾਵਹੀ ਮਨ ਬਾਂਛਤ ਫਲੁ ਪਾਇ ॥
ਭਾਂਤ ਭਾਂਤ ਨਿਤ ਸੇਵ ਕਰਿ ਬਾਰ ਬਾਰ ਬਲੁ ਜਾਇ ॥ 182॥

॥ ਚੌਪਈ ॥

ਪ੍ਰੀਤ ਪ੍ਰਤੀਤ ਰਿਦ ਤਿਨ ਭਈ ॥ ਅਨਿਕ ਭਾਂਤਿ ਭਗਤੀ ਕਰ ਲਈ ॥
ਕਿਕਾਂਨ ਭੈਂਸ ਗਊ ਬ੍ਰਿਤ ਲਯਾਵੈ ॥ ਸਰਪੀ ਮੈਦਾ ਆਨ ਚਢਾਵੈ ॥183॥
ਪੂਤ ਦੂਧ ਜੋ ਗੁਰ ਤੇ ਚਾਹੇ ॥ ਦੇਰ ਵਿਹੀਨੰ ਤਤੁ ਖਿਨੁ ਪਾਹੈ ॥
ਸੁਧ[4] ਭਾਵ ਕਰ ਮੋਛ ਬਹੁ ਭਏ ॥ ਵਾਹਿਗੁਰੂ ਸਿਮਰਨ ਤਿਨ ਕਏ ॥184॥
ਤੇਰਾ ਸਹਸ ਗ੍ਰਾਮ ਭੈ ਤਾਬੈ ॥ ਨਿਜ ਅਧੀਨ ਕਰੇ ਗੁਰ ਬਾਬੇ ॥
ਧਰਮ ਮਈ ਗੁਰ ਰਾਜ ਚਲਾਵਾ ॥ ਬਦ ਕਰਮਿਨ ਕੋ ਮਾਰ ਹਟਾਵਾ ॥185॥
ਸਤ ਸੰਗ [ਹੋਵੈ ਨਿਤ ਭਾਰੀ][5] ॥ ਕਰੈ ਭਜਨ ਨਹਿ ਭਾਵੈ ਰਾਰੀ ॥
ਨਿਸਦਿਨੁ ਲੰਗਰ ਹੋਵੈ ਭਾਰੀ ॥ ਗੁਰ ਕੀ ਮਹਿਮਾ [6]ਅਪਰੁ ਅਪਾਰੀ ॥
ਤਟ ਲੁਦਹਾਣੇ ਦੁਰੰਗ ਪਾਯੋ ॥ ਮਖਣੁ ਸਿੰਘ ਸਿਰਦਾਰੁ ਬਨਾਯੋ ॥187॥
ਸਪਤ ਬਰਸ ਗੁਰ ਰਾਜ ਕਮਾਵਾ ॥ ਧਰਮ ਤਰੋਵਰ ਛਿਤ ਮੋ ਲਾਵਾ ॥
ਜਿਨ ਜਿਨ ਗੁਰ ਪਰ ਸਰਧਾ ਧਾਰੀ ॥ ਧਰਮ ਆਦਿ ਪਾਏ ਫਲੁ ਚਾਰੀ ॥188॥

1. ਅ ਪੋਥੀ ਲੋਪ ਸੁ 2. ਅ ਪੋਥੀ ਪਾਠਾਂਤਰ : ਬਹੁਰੇ ਸਭ 3. ਅ ਪੋਥੀ ਵਿਚੋਂ 4. ਅ ਪੋਥੀ ਜੁੱਧ
5. ਅ ਪੋਥੀ ਵਿਚੋਂ 6. ੲ ਪੋਥੀ ਉਪਮਾ

**(ਦੁਆਬੇ ਦੇ ਸਰਦਾਰਾਂ ਨੇ ਬਾਬਾ ਸਾਹਿਬ ਸਿੰਘ ਵਿਰੁਧ ਸਜ਼ਿਸ਼ ਕਰਨੀ)**

॥ ਦੋਹਰਾ ॥

ਮੈਣ ਦਾਬ ਕੇ ਭੂਪ ਸਬ ਦ੍ਵਾਬੇ ਕੇ ਸਿਰਦਾਰ ॥
ਦਰਬ ਭੂਮ ਕੇ ਲੋਭ ਲਗਿ ਸਿਦਕ ਦੀਨ ਤਿਨ ਹਾਰ ॥189॥

॥ ਚੌਪਈ ॥

ਸਬਹੂ ਮਿਲ ਕਰ ਮਤਾ ਪਕਾਯੋ ॥ ਹਮਰਾ ਹੁਕਮ ਹਜੂਰ ਹਟਾਯੋ ॥
ਮੁਲਕ ਰਾਇ ਕਾ ਹਮਰਾ ਬੀੜੂ ॥ ਖੇਲ ਸਿਕਾਰ ਹਰਤ ਬੁੜ ਪੀੜੂ ॥190॥
ਲੂਟ ਕੂਟ ਕਰਤੇ ਗੁਜਰਾਨ ॥ ਘੋੜੇ ਦਰਬ ਲੇਤੁ ਨਜਰਾਨ ॥
ਬਾਬ ਸਾਹਿਬੁ ਮਾਲਕੁ ਭਯੋ ॥ ਹਮਰਾ ਲਾਭ ਦੂਰ ਕਰ ਦਯੋ ॥191॥
ਅਬ ਐਸੀ ਜੋ ਜੁਗਤੁ ਬਨਾਵੈ ॥ ਨਹਿ ਜੁਧ ਬਨੈ ਗੁਰੂ ਉਠਾਵੈਂ ॥
ਹਮਰੇ ਸਿਰ ਨਹਿ ਆਵੈ ਦੋਸੂ ॥ ਦੇ ਸਰਾਪ ਮਤ ਕਰੈ ਬਿਹੋਸੂ ॥191॥

॥ ਦੋਹਰਾ ॥

ਇਹ ਸਲਾਹਿ ਸਬ ਨੇ ਕਰੀ ਕਾਗਜ ਲਿਖਾ ਬਨਾਇ ॥
ਮੋਹਰਾ ਬੇਮੁਖ ਲਾਤ ਭੇ ਨਿਜ ਕਰਿ ਬਿਖ ਕੋ ਖਾਇ ॥193॥

॥ ਚੌਪਈ ॥

ਜਹਾਜ ਫਿਰੰਗੀ ਕੌ ਲੈ ਆਵੈਂ ॥ ਲਾਖ ਰੁਪਯਾ ਤਿਸੈ ਦਿਵਾਵੈਂ ॥
ਸੈਨ ਜੋਰ ਕਰ ਗੁਰੂ ਨਿਕਾਸੈ ॥ ਹਮਰੀ ਬਾਤ ਬਨੇ ਗੀ ਰਾਸੈ ॥194॥
ਹਮਰੇ ਸਿਰ ਨਹਿ ਆਵੈ ਦੋਸੂ ॥ ਗੁਰੂ ਕਰੈ ਨਹਿ ਹਮ ਪੈ ਰੋਸੂ ॥
ਗੁਰ ਕੌ ਮਾਨਵ ਤਿਨ ਕਰ ਜਾਨਾ ॥ ਅੰਤਰਜਾਮੀ ਨਹੀ ਪਛਾਨਾ ॥195॥
ਚਾਹੈ ਅਪਨੀ ਜੜਾ ਉਖਾਰੀ ॥ ਗੁਰ ਸਨ ਬੈਰੁ ਰਚਿਓ ਜਿਨ ਭਾਰੀ ॥
ਗੁਰ ਸਨ ਬੈਰ ਨੀਚ ਸੰਗ ਮੇਲਾ ॥ ਦੇਖੋ ਜਗ ਕਾ ਉਲਟਾ ਖੇਲਾ ॥196॥

॥ ਦੋਹਰਾ ॥

ਕਾਗਜ ਦੇ ਮਾਨਵ ਪਠਾ ਕਲੇ [1]ਰਾਇ ਕੇ ਪਾਸਿ ॥
ਜਬ ਕਾਰਜ ਤਿਨ ਨੇ ਸੁਨਾ ਮਨ ਮੈ ਬਢਾ ਹੁਲਾਸ ॥197॥

॥ ਚੌਪਈ ॥

ਅਪਨੀ ਲਿਖਤ ਸਾਥ ਤਿਨ ਪਾਈ ॥ ਮੋਹਰ ਦੀਨੀ ਸੰਗ ਲਗਾਈ ॥
ਗੈਡੇ ਕੋ ਤਿਨ ਕਹਯੋ ਬੁਝਾਇ ॥ ਤੂ ਮੋਰੇ ਘਰ ਬਡੋ ਕਹਾਇ ॥198॥
ਦਿਲੀ ਪਾਸ ਹਾਸੀ ਹੰਸਾਰ ॥ ਜਹਾਜ ਫਰੰਗੀ ਤਹਾ [2]ਜੁਝਾਰ ॥
ਲਯਾਵੋ ਤਿਸ ਕੋ ਦੇਰ ਬਿਹਾਈ ॥ ਗੁਰੂ ਨਿਕਾਸੈ ਬਿਲਮ ਨ ਰਾਈ ॥199॥

---

1. ਅ ਪੋਥੀ ਲੇਕਰ 2. ਅ ਪੋਥੀ ਰਹਾ

ਨੋਟ : ਜਾਰਜ ਟਾਮਸਨ ਅੰਗਰੇਜ਼ ਸੈਨਾਪਤੀ ਤੇ ਲੜਾਕਾ ਯੋਧਾ ਸੀ ਜਿਸ ਨੇ ਹਿਸਾਰ ਦੇ ਆਸ ਪਾਸ ਕਾਫੀ ਸਾਰੇ ਇਲਾਕਿਆਂ ਤੇ ਕਬਜ਼ਾ ਕਰ ਲਿਆ ਸੀ। ਇਹ ਉਸ ਵਲ ਇਸਾਰਾ ਹੈ ਕਵੀ ਨੇ ਜਾਂ ਉਤਾਰਾ ਕਰਨ ਵਾਲੇ ਨੇ ਜਾਰਜ ਨੂੰ ਗਲਤੀ ਨਾਲ ਜਹਾਜ ਲਿਖਿਆ ਹੈ।

ਸੁਨ ਕਰ ਗੈਂਡਾ ਗਾ ਬਿਨੁ ਦੇਰੀ ॥ ਕਾਗਜ਼ ਦੇਹ[1] ਕਰ ਬਿਨਤੀ ਟੇਰੀ ॥
ਖੁਦਾਇਵੰਦ ਇਕ ਬੇਦੀ ਆਯੋ ॥ ਮਿਲਖ ਹਮਾਰਾ ਤਿਨੇ ਦਬਾਯੋ ॥200॥
ਤਿਨੈ ਨਿਕਾਸਨ ਕੀਜੈ ਆਪੂ ॥ ਹਮ ਕੌ ਦੀਨਾ ਬਡ ਤਿਨ ਤ੍ਰਾਪੂ ॥
ਸਭ ਸਿਰਦਾਰਨ ਮ੍ਰੋਹਰ ਲਾਈ ॥ ਕਾਗਦ ਦੀਨ ਹਜੂਰ ਪੁਚਾਈ ॥201॥
ਸੁਨ ਜਹਾਜ ਮਨ ਮੋ ਹਰਖਾਵਾ ॥ ਕਾਗਜ ਲੀਨੋ ਤੁਰਤ ਪਠਾਵਾ ॥
ਲਾਖ ਰਜਤ ਪਣ ਲੀਜੈ ਹਮ ਤੇ ॥ ਗੁਰੂ ਨਿਕਾਸੋ ਬਿਨਾ ਬਿਲਮ ਤੇ ॥202॥

॥ ਦੋਹਰ ॥

ਜਹਾਜ਼ ਫਿਰੰਗੀ ਸੈਨ ਲੈ ਧਾਵਾ ਕਰੀਨ ਦੇਰ ॥
ਗੁਰ ਗਾਥ ਇਸ ਮੈ ਸੁਨੋ ਲੁਦਿਆਣਾ ਗੁਰ ਘੇਰ ॥203॥

॥ ਚੌਪਈ ॥

ਲੁਦਿਆਣੇ ਗੁਰ ਘੇਰਾ ਪਾਵਾ ॥ ਰਾਇ ਸਾਥ ਗੁਰ ਜੰਗ ਮਚਾਵਾ ॥
ਜੋ ਸਿਰਦਾਰਨ ਖੋਟ ਕਮਾਯੋ ॥ ਅੰਤਰਜਾਮੀ ਸਭ ਲਖ ਪਾਯੋ ॥204॥
ਏਕ ਦਿਨਾ ਸਤਗੁਰ ਬਿਗਸਾਏ ॥ ਦਿਵਾਨ ਮਧ ਅਸ ਬੈਨ ਅਲਾਏ ॥
ਸਭ ਸਿਰਦਾਰਨ ਖੋਟੇ ਕੀਨਾ ॥ ਪਾਵੈਂਗੇ ਦੁਖ ਅਤਸੈ ਪੀਨਾ ॥205॥
ਕਰ ਮੋ ਖੂੰਡੀ ਗੁਰ ਜੀ ਧਾਰੀ ॥ ਛਿਤ ਪਰ ਠੋਕੈਂ ਬਾਰੰ ਬਾਰੀ ॥
ਚੰਦ ਬਦਨ ਤੇ ਗਿਰਾ ਅਲਾਈ ॥ ਆਉ ਫਿਰੰਗੀ ਦੇਰ ਬਿਹਾਈ ॥206॥
ਬਹੁਤ ਬਾਰ ਐਸੇ ਗੁਰ ਕਹਯੋ ॥ ਸੁਨ ਸਿੰਘਨ ਬਹੁ ਅਚਰਜ ਲਹਯੋ ॥
ਪਾਨ ਜੋਰੁ ਤਿਨ ਅਰਜੀ ਗਾਈ ॥ ਬਿਨਤੀ ਸੁਨੀਏ ਗੁਰ ਸੁਖਦਾਈ ॥207॥
ਕੈਸੇ ਬੈਨ ਕਹੈ ਗੁਰ ਪੂਰੇ ॥ ਸਰਬ ਪੰਥ ਕੌ ਕੀਨਾ ਚੂਰੇ ॥
ਗੁਰੂ ਕਹਯੋ ਤੁਮ ਸੁਨੋ ਪਿਆਰੇ ॥ ਦਈ ਠਟੀ ਕੌ ਕੋਇ ਨ ਟਾਰੇ ॥208॥
ਸਿਖਨ ਕੀਨੀ ਬਡੀ ਖੁਟਾਈ ॥ ਨੀਚ ਪਾਸ ਬਿਨ ਲਿਖਤ ਪਠਾਈ ॥
ਗੁਰ ਕੇ ਘਰਿ ਤੌ ਨਹਿ ਪਰਵਾਹਿ ॥ ਇਨ ਕੌ ਦੇਵੈ ਬਡੀ ਸਜਾਇ ॥209॥
ਗੁਰ ਪੂਰੇ ਮੈ ਨਾਹੀ ਦੋਸਾ ॥ ਜਿਨ ਮਨ ਫੇਰਾ ਮਰੈ ਬਿਹੋਸਾ ॥
ਪਿਖ ਗੁਰ ਤੌਰ ਨ ਕੋਈ ਬੋਲਾ ॥ ਸਭ ਨੇ ਲੀਨੋ ਗੁਰ ਕਾ ਉਲਾ ॥210॥

॥ ਦੋਹਰਾ ॥

ਚਾਲੀ ਕੋਸੋ ਮਜਲ ਕਰ ਆਵਾ ਤਬੈ ਜਹਾਜ ॥
ਆਵਨ ਤਿਨ ਕਾ ਸੁਨ ਗੁਰੂ ਬਿਗਸੇ ਬੇਦੀ ਰਾਜ ॥211॥

॥ ਚੌਪਈ ॥

ਦੁਰਗਨ[3] ਤੇ ਗੁਰ ਸੈਨ ਮੰਗਾਈ ॥ ਕਰੀ ਸਕੇਲ ਨ ਦੇਰ ਬਿਹਾਈ ॥
ਆਲਮਗੀਰ ਗ੍ਰਾਮ ਗੁਰ ਗਏ ॥ ਸਰਬ ਅਸਬਾਬ ਇਕਤ੍ਰ ਕਰ ਲਏ ॥212॥

---

1. ਅ ਪੋਥੀ ਦੇ 2. ਏ ਪੋਥੀ ਮਾਹਿ 3. ਏ ਪੋਥੀ ਕਿਲਿਯਨ

ਮੱਟੀ ਆਦਿ ਔਰ ਪਹੁਚਾਏ ॥ ਛਡੀ ਸਵਾਰੀ ਗੁਰੂ ਰਹਾਏ ॥
ਤਬੇ ਕੋਪ ਕਰ ਬੇਚੰਨ ਅਲਾਨਾ ॥ ਦੁਸਟ ਨਰਨ ਪਰ ਸਰਾਪ ਵਖਾਨਾ ॥213॥
ਕਾਕੜ ਚੜ[1] ਗਏ ਬੂਟੇ ਪੂਟੇ ॥ ਖੰਡਨ[2] ਕੇ ਤੌ ਮੁਢ ਗੇ ਫੂਟੇ ॥
ਤਾਰਾ ਸਿੰਘ ਅਸੌਤੁ ਹੁਇ ਜਾਈ ॥ ਲਛਮੀ ਕੁਲਛਮੀ ਜਗ ਸਦਾਈ ॥214॥
ਔਰੁ ਜਿਨੋ ਨੇ ਖੋਟ ਕਮਾਵਾਂ ॥ ਹਲਤ ਪਲਤ ਤਿਨ ਲੀਨ ਨਸਾਵਾ ॥
ਰਾਜਾ ਭਾਗ ਸਿੰਘ ਚਲ ਆਯੋ ॥ ਪਾਨ ਜੋਰ ਕਰ ਸੀਸ ਨਿਵਾਯੋ ॥215॥

॥ ਦੋਹਰਾ ॥

ਸਾਹਿਬ ਸਿੰਘ ਰਾਜਾ ਆਯੋ ਮਿਸਲਦਾਰ ਬਹੁ ਆਇ ॥
ਕਰਮ ਸਿੰਘ ਨਿਰਮਲ ਆਯੋ ਜਿਸ ਮਨ ਕਪਟ ਰਹਾਇ ॥216॥

॥ ਚੌਪਈ ॥

ਪਾਨ ਜੋਰ ਤਿਨ ਅਰਜੀ ਗਾਈ ॥ ਗੈਂਡੇ ਕੀਨੀ ਬਡੀ ਖੁਟਾਈ ॥
ਪੁਰ ਆਪ ਇਨ ਦਿਨ ਛਡਾਯੋ ॥ ਦੌੜ ਫਿਰੰਗੀ ਮੁਢ ਲਿਆਯੋ ॥217॥
ਸੁਨ ਤਿਨ ਬਾਨੀ ਗੁਰ ਗਰਜਾਨੇ ॥ ਮੌ ਸੋ ਚਾਹਤ[3] ਕਰਤ ਬਹਾਨੇ ॥
ਜਿਨ ਜਿਨ ਮੁਹਰਾ ਲਾਇ ਪਠਾਈ ॥ ਅੰਤ ਕਾਲ ਮਰ ਨਰਕ ਸਿਧਾਈ ॥218॥
ਸੁਨ ਤਿਨ ਬਾਨੀ ਥਰ ਥਰ ਕਾਂਪੇ ॥ ਬਾਤੁ ਬੇਲ ਜਿਮ ਕਦਲੀ ਚਾਪੇ ॥
ਹਾਥ ਜੋਰ ਫਿਰ ਅਰਜੀ ਗਾਈ ॥ ਇਸ ਨਿਕਾਰੋ ਗੁਰ ਸੁਖਦਾਈ ॥219॥

॥ ਦੋਹਰਾ ॥

ਕਹਯੋ ਗੁਰੂ ਲਿਯਾਏ ਤੁਸੀ ਦੇਵੇ ਇਸੇ ਨਿਕਾਸ ॥
ਸੈਨਾ ਤੋਪਾ ਪਾਸ ਤੁਮ ਭਰੇ ਖਜਾਨੇ ਰਾਸ ॥220॥
ਅਤੀਸਾਰੁ ਇਹੁ ਰੋਗੁ ਹੈ ਆਪੈ ਲਾਵਨ ਕੀਨ ॥
ਰਾਜ ਖਸੋਟੇਗਾ ਜਬੈ ਤਬ ਤੁਮ ਹੋਵੋ[5] ਦੀਨ ॥221॥
[4]ਕਨਯਾ ਨੌਹਾਂ ਤੁਮਰੀਆਂ ਭੋਗੇਗਾ ਬਲ ਪਾਇ[4] ॥
ਹੁਵੁ ਨਿਰਾਸ ਜਬ ਗਰਬ ਤੇ ਤਬ ਹਮ ਕਰੈ ਸਹਾਇ ॥222॥

॥ ਚੌਪਈ ॥

ਅਸ ਬਾਨੀ ਜਬ ਗੁਰ ਜੀ ਗਾਈ ॥ ਸੁਨ ਰਜਵਾੜਾ ਮਨੁ ਪਛੁਤਾਈ ॥
ਬਾਰ ਬਾਰ ਤਿਨ ਬਿਨੈ ਬਖਾਨੀ ॥ ਇਸੇ ਨਿਕਾਸੋ ਸੁਖਮਾ ਖਾਨੀ ॥223॥
ਜਬ ਤਿਨ ਬਿਨਤੀ ਬਹੁਤੀ ਗਾਈ ॥ ਸਤਗੁਰ ਹਿਰਦੈ ਦਯਾ ਸੁ ਆਈ ॥
ਸ੍ਰੀ ਗੁਰ ਤਿਹ ਥੀ ਕੂਚ ਕਰਾਏ ॥ ਨਾਰੰਗਵਾਲ ਟਿਬੇ ਪਹਿ ਆਏ ॥224॥

---

1 ਅ ਪੋਥੀ ਝੜ
2. ੲ ਪੋਥੀ ਖੁੰਡਨ
3. ਅ ਪੋਥੀ ਚਾਹੋ
4. ਅ ਪੋਥੀ ਪਾਠਾਂਤਰ : ਏ ਤੁਕ ਕੌ ਦੁਖ ਦੇਵਹ ਬਾਰ ਬਾਰ ਪਛਤਾਇ ॥
5. ਅ ਪੋਥੀ ਹੋਵੇ

ਸਭ ਸਿਰਦਾਰੰ ਪਾਸ ਥਿਰਾਨੇ ॥ ਮਨ ਮੋ ਗਨੋਤੀ ਅਤਸੈ ਠਾਨੇ ॥
ਪਾਛਲ ਗਾਥ ਸੁਨੋ ਮਨ ਲਾਈ ॥ ਜਿਮ ਹੋਈ ਤਿਮ ਦੇਹੁ ਸੁਨਾਈ ॥225॥
ਜਬ ਜਹਾਜ ਲੁਦਿਆਣੇ ਆਵਾ ॥ ਰਾਇ ਕਲਾ ਮਨ ਮੋ ਹਰਖਾਵਾ ॥
ਲਾਖ ਏਕ ਨਜਰਾਨਾ ਦੀਨੋ ॥ ਹਾਥ ਜੋਰੁ ਕਰਿ ਭਯੋ ਅਧੀਨੋ ॥226॥
ਏਕ ਅਟਾਰੀ ਸਿੰਘਨ ਪਾਸੂ ॥ ਤਿਸੇ ਛਡਾਵੋ ਕਰ ਬਲ ਰਾਸੂ ॥
ਸੁਨਤ ਜਹਾਜ ਅਟਾਰੀ ਘੇਰੀ ॥ ਕਰੋ ਫਹੈ[1] ਕਛੁ ਲਗੇ ਨ ਦੇਰੀ ॥227॥
ਅਲਪ ਸੈਨ ਸੀ ਸਤਗੁਰ ਕੇਰ ॥ ਖਸੱਟ ਜਾਮ ਕੀਨੋ ਭਟ ਭੇਰ ॥
ਦੇਖ ਜਹਾਜ ਬਲ ਸਿੰਘਨ ਕੇਰਾ ॥ ਗੈਡੇ ਪ੍ਰਤੀ ਬੈਨ ਤਿਸ ਟੇਰਾ ॥228॥
ਤੂ ਤੋ ਕਹਤੋ ਬਲ ਤਿਨ ਨਾਹੀ ॥ ਇਹ ਅਜੀਤ ਨਹਿ ਜੀਤੇ ਜਾਹੀ ॥
ਆਪ ਗੁਰੂ ਜੋ ਜੰਗ ਮਚਾਵੈ ॥ ਕੌਨ ਸੂਰ ਜੋ ਜੈ ਕੋ ਪਾਵੈ ॥229॥
ਬੇਦੀ ਸਾਹਿਬ ਕਿਸ ਥਲ ਆਹਿ ॥ ਲੇਕਰ[1] ਅਨੀ ਮੈ ਜਾਵੋ ਧਾਹਿ ॥
ਗੈਂਡਾ ਕਹੈ ਚਲੋ ਮੈ ਨਾਲ ॥ ਜਹਾ ਥਿਰਾ ਬੇਦੀ ਦਲ ਪਾਲ ॥230॥

॥ ਦੋਹਰਾ ॥

ਬਿਨਾ ਸੁ ਦੇਰ ਜਹਾਜ ਤਬ ਲੈ ਗੈਂਡੇ ਕੋ ਸਾਥ ॥
ਮਾਰਗ ਚਲਤਾ ਬੇਰ ਬਿਨੁ ਪੂਛਤ ਗੁਰ ਕੀ ਗਾਥਿ ॥231॥

॥ ਚੌਪਈ ॥

ਗੁਰ ਸਮੀਪ ਆਇ ਸਿਵਰ ਲਗਾਵਾ ॥ ਚਾਹੇ ਗੁਰ ਸਨ ਜੰਗ ਮਚਾਵਾ ॥
ਸਪਤ ਦਿਵਸ ਜਬ ਗਏ ਬਤੀਤੀ ॥ ਸੁਨੁ[3] ਜਹਾਜ ਹੋਵਾ ਭੈ ਭੀਤੀ ॥232॥
ਜਮ ਕੀ ਸੈਨਾ ਦੀਨ ਦਿਖਾਈ ॥ ਮੁਦਗਰ ਪਰ ਸਾਲੈ ਬਹੁ ਧਾਈ ॥
ਨਾਨਾ ਬਾਹਨ ਨਾਨਾ ਭੇਖਾ ॥ ਜਿਨ ਕੇ ਬਲ ਕਾ ਨਹੀ ਪਰੇਥਾ ॥232॥

॥ ਦੋਹਰਾ ॥

ਐਸੀ ਸੈਨ ਨਿਹਾਰ ਕੇ ਮਨ ਜਹਾਜ ਭਯ ਪਾਇ ॥
ਗੈਡਾ ਲੀਨ ਹਕਾਰ[4] ਤਬ ਦੀਨਾ ਤਿਸੇ ਜਨਾਇ ॥234॥

॥ ਚੌਪਈ ॥

ਗੁਰ ਸੈਨਾ ਦਿਖ ਅਚਰਜ ਆਵਾ ॥ ਜਿਹ ਦੇਖੇਂ ਮਨ ਭੈ ਬਡ ਪਾਵਾ ॥
ਸੁਨ ਗੈਡਾ ਕਹਿ ਲੂਣ ਹਰਾਮੀ ॥ ਗੁਰੂ ਸਾਥ ਹੈ ਜਿਸ ਕੀ ਖਾਮੀ ॥235॥
ਖੁਦਾਇਵੰਦ ਮੈ ਦਿਯੋ ਸੁਨਾਈ ॥ ਜੰਤ੍ਰ ਮੰਤ੍ਰ ਗੁਰ ਕਰ ਦਿਖਲਾਈ ॥
ਨਿਸ ਕੌ ਤੁਮ ਕੌ ਸੁਪਨਾ ਆਵਾ ॥ ਯਾਂਤੇ ਮਨ ਤੁਮਰੇ ਭੈ ਪਾਵਾ ॥236॥

1. ਅ ਪੋਥੀ ਫਤੈ
2. ਅ ਪੋਥੀ ਸੁ
3. ਅ ਪੋਥੀ ਨਿਸ
4. ੲ ਪੋਥੀ ਬੁਲਾਇ

ਕਰ ਹਲਾ ਗੁਰ ਕੋ ਗਹਿ ਲੀਜੈ ॥ ਬੰਦ ਸਾਲ ਸੈ ਪਾਵਨ ਕੀਜੈ ॥
ਐਸੀ ਬਾਤੈ ਤਿਨ ਮੈ ਹੋਈ ॥ ਗੁਰ ਕੀ ਗਾਥ ਸੁਨ ਸੁਭ ਜੋਈ ॥237॥
ਜਾਮ ਦਿਵਸ ਜਬ ਆਨ ਰਹਾਵਾ ॥ ਲਗਾ ਦਿਵਾਨ ਕਿਛੁ ਵਾਰ ਨ ਪਾਵਾ ॥
ਮੰਚ ਬਿਰਾਜੇ ਸਤਿਗੁਰ ਪੂਰੇ ॥ ਜਿਹ ਦਰਸੇ ਅਘ ਹੋਵੇ ਚੂਰੇ ॥238॥
ਊਚ ਗਰਜ ਗੁਰ ਬੈਨ ਬਖਾਨਾ ॥ ਸਭ ਸਿਰਦਾਰ ਸੁਨੋ ਸਵਧਾਨਾ ॥
ਨਿਸ ਕੋ ਹਮ ਕਉ ਸੁਪਨਾ ਆਵਾ ॥ ਗੈੜਾ ਫੜ ਹਮ ਭੋਰੇ ਪਾਵਾ ॥239॥

॥ ਦੋਹਰਾ ॥

ਰੋੜਿ ਲੀਏ ਹਮ ਸਾਥ ਮੈ ਬਾਰ ਬਾਰ ਤਿਸੋ ਮਾਰ ॥
ਐਸਾ ਸੁਪਨਾ ਹਮ ਪਿਖਾ ਹੈ ਸਾਚਾ ਨਿਰਧਾਰ ॥240॥
ਸੁਨ ਗੁਰਬਾਨੀ ਸਭਨ ਨੇ ਸਤ-ਸੰਤ ਕਹਿ ਦੀਨ ॥
ਕ੍ਰਮ ਸਿੰਘ ਜੋ ਨਿਰਮਲਾ ਤਿਨ੍ਹ ਮੁਸਕਾਵਨ ਕੀਨ ॥241॥

॥ ਚੌਪਈ ॥

ਮਾਨਵ ਕਨ[1] ਤਿਨਾ ਗਿਰਾ ਉਚਾਰੀ ॥ ਗੁਰ ਮਨ ਬਲ ਸਭ ਗਯੋ ਸੋ ਹਾਰੀ ॥
ਮਿਲਖੁ ਖੁਆਵਾ ਅਜਮਤ ਲਾਵੈ ॥ ਜੋ ਮੁਖ ਆਵੈ ਕਹੀ ਸੁ ਜਾਵੈ ॥242॥
ਖੜਕ ਸਿੰਘ[2] ਇਕ ਗੁਰਾਂ ਕਾ ਦਾਸ ॥ ਸੁਨਤ ਹੁਤੋ ਵਹੁ ਤਿਸਕੇ ਪਾਸ ॥
ਰਹਿਰਾਸ ਭੋਗ ਸੇ ਸਭ ਉਠਿ ਗਏ ॥ ਪ੍ਰਸਾਦ ਅਚਾ ਗੁਰ ਪਲਘੁ ਥਿਰਏ ॥243॥
ਖੜਕ ਸਿੰਘ ਕਹਯੋ ਕਰੁ ਜੋਰੀ ॥ ਗੁਰ ਕੀ ਸੁਨੀਏ ਬਿਨਤੀ[3] ਮੋਰੀ ॥
ਕਹਯੋ ਹਜੂਰ ਸੁ ਦੇਹੁ ਸੁਨਾਈ । ਜੋ ਬਿਨਤੀ ਤੇਰੇ ਮਨ ਆਈ ॥244॥
ਗੁਰ ਜੀ ਆਪ ਬਚਨ ਜਬ ਗਾਵਾ ॥ ਗੈੜਾ ਫੜ ਹਮ ਭੋਰੇ ਪਾਵਾ ॥
ਕਰਮ ਸਿੰਘ ਸੁਨ ਤਰਕੁ ਉਠਾਈ ॥ ਸੋਈ ਸੁਨੀਏ ਗੁਰ ਸੁਖਦਾਈ ॥245॥

॥ ਦੋਹਰਾ ॥

ਮਿਲਖੁ ਖੁਆਵਾ ਗੁਰੂ ਨੇ ਮਨ ਮੈ ਬਹੁ ਪਛਤਾਇ ॥
ਕਰਾਮਾਤ ਅਬ ਲਾਵਈ ਹੋਤ ਨ ਏਕ ਉਪਾਇ ॥246॥
ਸੁਨ ਕਰ ਐਸੋ ਬੈਨ ਕਉ ਸਤਿਗੁਰ ਬਚਨੁ ਅਲਾਇ ॥
ਸਾਹਿਬ ਸਿੰਘ ਮਮ ਨਾਮ ਤਬ [ਜਬ][4] ਗੈੜਾ ਭੋਰੇ ਪਾਇ ॥247॥

## (ਗੈਂਡੇ ਦੇ ਸਾਥੀ)

॥ ਚੌਪਈ ॥

ਐਸੀ ਬਾਨੀ ਗੁਰ ਜੀ ਭਾਖੀ ॥ ਗੈਂਡੇ ਕੀ ਅਬ ਸੁਨੀਏ ਸਾਖੀ ॥
ਚਾਰ ਘਟੀ ਜਬ ਨਿਸਾ ਬਤੀਤੀ ॥ ਲੀਨ ਬਾਰਨੀ ਗੈਂਡੇ ਪੀਤੀ ॥248॥

---

1. ਅ ਪੋਥੀ ਪੈ 2. ੲ ਪੋਥੀ ਹਰਿ 3. ੲ ਪੋਥੀ ਅਰਜੀ
4. ੲ ਪੋਥੀ ਵਿਚੋਂ

ਮਨ ਮਧ ਨੇ ਮਨ ਮੋ ਬਲ ਪਾਵਾ ॥ ਬਨਤਾ ਭੋਗਨ ਕੋ ਲਲਚਾਵਾ ॥
ਇਕ ਘੋੜੀ ਹੈ ਤਿਸ ਕੇ ਪਾਸੂ ॥ ਅਤਿ ਚੰਚਲ ਖਰਚਾ ਧੁਨ ਰਾਸੂ ॥249॥
ਤਿਸ ਪਰ ਚੜ ਕਰ ਸਦਨੰ[1] ਚਾਲ ॥ ਬਹੁਤ ਸਵ੍ਾਰ ਪਿਆਦੇ ਨਾਲ ॥
ਏਕ ਜਾਟ ਦੂਤਿ ਮਦੰਰਾ ਪੀਆ ॥ ਊਚਾ ਬੋਲਤ ਮ੍ਨ ਗਰਬੀਆ ॥250॥

॥ ਦੋਹਰਾ ॥

ਗੁਰ ਘਾਹੀ ਰਵੀਦਾਸੀਏ ਗੁਰ ਦੇਰੇ ਤੇ ਦੂਰਿ ॥
ਸਿਵਰ ਲਗਾਵਾ ਤਿਨੋ ਨੇ ਹਾਸਤ ਖੇਲਤ ਭੂਰ ॥251॥
ਲਲਤਾ ਪਿੰਡ ਗੈਡਾ ਚਲਾ ਆਵਾ ਤਿਨ ਕੇ ਤੀਰ ॥
ਲਲਕਾਰਾ ਤਿਨ ਨੇ ਕਰਾ ਕਹ ਚਾਲੇ ਕਰ ਭੀਰ ॥252॥

॥ ਚੌਪਈ ॥

ਕਹਿ ਗੈਂਡਾ ਹੈਂ ਅਪਨੇ ਭਾਈ ॥ ਘਾਸੀ ਭਨੇ ਨ ਜਾਵਨ ਪਾਈ ॥
ਸਵਾਰ ਪਿਆਦੇ ਪਾਛ ਪਰਾਨੇ ॥ ਚੰਦ੍ਰਹਾਂਸ ਗੈਡੇ ਕਢ ਪਾਨੇ ॥253॥
[2]ਗੁਰੂ ਕੇ ਘਾਈਨ ਵਡ ਬਲੋ ਪਾਵਾ[2] ॥ ਪਕਰ ਟਾਂਗ ਤੇ ਤਰੇ ਗਿਰਾਵਾਂ ॥
ਪਗਿਆ[3] ਤਿਸ ਕੀ ਲੀਨ ਉਤਾਰੀ ॥ ਮੁਸਕਾਂ ਦੀਨੀ ਕਰੀ ਨ ਬਾਰੀ ॥254॥
ਜੂਤਨਿ ਸਾਥ ਭਲੀ ਬਿਧ ਕੂਟਾ ॥ ਤਿਸ ਕਾ ਬੂਟਾ ਸਤਿਗੁਰੂ ਪੂਟਾ ॥
ਤਬੈ ਗੈਡਾ ਬੋਲਾ ਤਿਨ ਨਾਲ ॥ ਦਸ ਹਜਾਰ ਲੇਵੋ ਧਨੁ ਮਾਲ ॥255॥

॥ ਦੋਹਰਾ ॥

ਮੋਕੋ ਛਾਡਨ ਕੀਜੀਏ ਜੋ ਚਾਹੇ ਸੋ ਲੇਇ ॥
ਆਗੇ ਤਿਨ ਨੇ ਇਮ ਭਨਾ ਮਹਾ ਮੂੜਿ ਸੁਨਿ ਲੇਈ ॥256॥

॥ ਚੌਪਈ ॥

ਸਤ੍ਗੁਰ ਤੇ ਹਮ ਸਦ ਹੀ ਲੇਨਾ ॥ ਤੁਮ ਮੂਰਖ ਕੋ ਜਾਨ ਨ ਦੇਨਾ ॥
ਬਿਨੁ ਦੇਰੀ ਗੁਰੂ ਪਹਿ ਲਿਆਏ ॥ ਲਯਾਵਨ ਸੁਨ ਸਤਿਗੁਰ ਹਰਖਾਏ ॥257॥
ਤਿਨ ਕੋ ਗੁਰ ਜੀ ਕੜੇ ਦਿਵਾਏ ॥ ਚੀਰ ਰੇਸਮੀ ਦੀਨ ਉਢਾਏ ॥
ਤਿਸ ਸਮੇ ਭੋਰਾ ਬਨਵਾਵਾ ॥ ਗੈਡਾ ਦੀਨਾ ਤਿਸ ਮੋ ਪਾਵਾ ॥258॥
ਬਡ ਤਕੜਾਈ ਨਿਸ ਮੈ ਕੀਨੀ ॥ ਗੁਰ ਕੀ ਗਤਿ ਨਹਿ ਜਾਵੈ ਚੀਨੀ ॥
ਭੋਰ ਹੋਤ ਦਿਵਾਨ ਲਗਾਵਾ ॥ ਸਭ ਸਿਰਦਾਰਨਿ ਬੋਲ ਪਠਾਵਾ ॥259॥
ਪੰਚ ਰੋੜ ਸਤਗੁਰੂ ਮੰਗਾਏ ॥ ਕਰ ਮੋ ਲੀਨੇ ਮਨੋ ਬਿਗਸਾਏ ॥
ਜਬ ਸਿਰਦਾਰੁਨ ਹੋਈ ਭੀਰਾ ॥ ਭਲੀ ਸੁ ਬਾਨੀ ਗੁਨੀ ਗਹੀਰਾ ॥260॥
ਕਾਢੇ ਗੈਡਾ ਦੇਰ ਬਿਹਾਰੀ ॥ ਨਿੰਦਕੁ ਕੇ ਮੁਖ ਲਾਗੇ ਛਾਈ ॥
ਗੁਰੂ ਗਿਰਾ ਸੁਨ ਅਚਰਜ ਹੋਏ ॥ ਗੁਰੂ ਬੈਨ ਅਬ ਕੈਸੇ ਗੋਏ ॥261॥

---

1 ਅ ਪੋਥੀ ਸੁ

2. ਅ ਪੋਥੀ ਪਾਠਾਂਤਰ: ਘਾਈਨ ਮੁ ਗੁਰ ਜੀ ਬਲੁ ਪਾਵਾ । 3. ਅ ਪੋਥੀ ਪਾਗ ਸੁ

॥ ਦੋਹਰਾ ॥

ਸਿੰਘ ਤਿਸੈ ਨੇਕਾਰ ਕਰਿ ਲਯਾਏ ਬੀਚ ਦਿਵਾਨ ॥
ਡੀਲ ਦੇਹ ਜਿਸ ਹੈ ਘਨੀ ਟੂਟ ਗਯੋ ਜਿਸ ਮਾਨ ॥262॥
ਹਾਥ ਰੋੜ[1] ਕਰ ਸਤਿਗੁਰੂ ਗਹਯੋ, ਮਾਰਨ ਤਿਸ ਕੋ ਕੀਨ ॥
ਬੈਨ ਬਖਾਨੇ ਰਿਸ ਸਹਿਤ ਅਕ੍ਰਿਤਘਨ ਤਿਸ ਦੀਨ ॥263॥

॥ ਸ੍ਵੈਯਾ ਛੰਦੁ ॥

ਐਸੇ ਸਤਿਗੁਰ ਕਰਯੋ ਧਿਕਾਰ ਨਿਕਰਮ ਕਰਨਿ ਕੋ ਧਿਕ ਧਿਕ ਤੋਹਿ ॥
ਪੁਨ ਤੇਰੇ ਬਾਹਨਿ ਕੋ ਧਿਕ ਧਿਕ ਕਰਨ ਪੈਜਿ ਕੋ ਧਿਕ ਧਿਕ ਹੋਇ ॥
ਮੁਖ ਕੋ ਧਿਕ ਧਿਕ ਮੂਛਨ ਧਿਕ ਧਿਕ ਹਿੰਦੂ ਧਰਮ ਤਜਯੋ ਹੈ ਤੋਹਿ ॥
ਪਰਹਿ ਨਰਕਿ ਮਹਿ ਤਾਰਹਿ ਨਹਿ ਕੋ ਗਨ ਕਲ ਮਲ ਕਰਤਾ ਉਰ ਕ੍ਰੋਹਿ ॥264॥

॥ ਚੌਪਈ ॥

ਹਿੰਦੂ[2] ਧਰਮੁ ਤੈ ਦੀਨ ਗਵਾਈ ॥ ਭਾਯ ਮਲੇਛ ਮਰੈ ਦੁਖ ਪਾਈ ॥
ਸੋ ਦਿਨੁ ਦੀਨਾ ਮੂੜ੍ਹ ਭੁਲਾਇ ॥ ਤੁਰਕੁ ਬੰਦ੍ਹ ਤੇ ਤੁਮੈ ਛਡਾਇ ॥265॥
ਹੋਯੋ ਲਜਤ ਨੈਨ[3] ਨਿਵਾਏ ॥ ਬਾਰ ਬਾਰ ਮਨ ਮੈ ਪਛੁਤਾਏ ॥
ਕਰਮ ਸਿੰਘ ਚਲ ਨਿਰਮਲੁ ਆਵਾ ॥ ਦਿਖ ਗੈਡੇ ਕੋ ਮਨੁ ਬਿਸਮਾਵਾ ॥266॥

॥ ਦੋਹਰਾ ॥

ਕਰਮ ਸਿੰਘ ਪ੍ਰਤਿ ਸਤਗੁਰੂ ਬੈਨੁ ਕਹਯੋ ਬਿਗਸਾਇ ॥
ਹਮਰੇ ਬੈਨਨ ਤੂ ਹਸਾ ਦਿਖ ਗੈਡਾ ਚਲਲਾਇ ॥267॥

॥ ਚੌਪਈ ॥

ਸੁਨ ਗੁਰ ਬਾਨੀ ਲਜਤ ਹੋਯੋ ॥ ਨੈਨ ਨਿਵਾਏ ਨਹਿ ਉਚ ਜੋਯੋ ॥
ਨਿਰਮਲ ਤੇ ਤੂੰ ਗੰਧੁਲ ਹੋਵਾ ॥ ਮਨ ਤੇਰਾ ਹਮ ਖੋਟਾ ਜੋਵਾ ॥268॥
ਜੋ ਸਿਖ ਗੰਧੁਲਾ ਤੁਮੈ ਬੁਲਾਵੈ ॥ ਚਾਰ ਪਦਾਰਥੁ ਤਤੁ ਛਿਨੁ ਪਾਵੈ ॥
ਗੰਧੁਲਾ ਗੰਧੁਲਾ ਬਾਨੀ ਹੋਈ ॥ ਹਲਤਿ ਪਲਤਿ ਲੀਨੇ ਜੁਗ ਖੋਈ ॥269॥
ਸਰਬ ਪੰਥ ਮਨ ਅਚਰਜ ਹੋਵਾ ॥ ਗੁਰ ਤੇ ਬੈਨਨਿ ਨਿਸਚਾ ਜੋਵਾ ॥
ਸੁਨਾ ਜਹਾਜ ਗੈਡਾ ਗੁਰ ਪਕਰਾ ॥ ਤਿਸ ਕੇ ਮਨੁ ਮੈ ਭੈ ਵਡ ਪਸਰਾ ॥270॥

॥ ਦੋਹਰਾ ॥

ਏਕ ਜਾਮ ਤ੍ਰਿਜਾਮ ਕੇ ਚਾਲਾ ਕੂਚ ਕਰਾਇ ॥
ਕਮਲ ਨੈਨ ਤਬ ਦੇਰ ਬਿਨੁ ਚਾਲੇ ਤਿਸੁ ਪਿਛੁਵਾਇ ॥271॥

---

1. ਮੂਲ ਪੋਥੀ ਜੋੜ
2. ੲ ਪੋਥੀ ਅਪਨੋ
3. ੲ ਪੋਥੀ ਸੀਸ

॥ ਚੌਪਈ ॥

ਘਘਰੰ ਥੀ ਜਹਾਜ਼ ਲੰਘੁ ਗਯਾ ॥ ਪਾਰ ਜਾਇ ਤਿਸੁ ਡੇਰਾ ਕਯਾ ॥
ਤੋਪਾ ਮਾਰਨ ਖਲ[1] ਤਬ ਲਾਗਾ ॥ ਗੁਰ ਸੈਨਾ ਨੇ ਰੋਕਯੋ ਆਗਾ ॥282॥
ਬਾਂਗਰ ਮੇ ਇਕ ਗ੍ਰਾਮ ਨਜੀਕ ॥ ਮੂਣਕ ਆਖੈ ਨਾਮਤਿਸੀਕ ॥
ਸਭ ਹੀ ਪੰਥ ਸੁ ਪਾਸ ਬਿਰਾਨਾ ॥ ਬਿਨੁ ਪਾਨੀ ਅਤਸੈ ਉਲਕਾਨਾ ॥273॥
ਸਤਿਗੁਰ ਸਾਹਿਬੁ ਭਏ ਸਵਾਰ ॥ ਘਘਰੁ ਹੋਏ ਤਤੁ ਖਿਨੁ ਪਾਰ ॥
ਪਾਨ ਜੋਰ ਕੀਨੀ ਅਰਦਾਸ ॥ ਅਗ੍ਰ ਨ ਜਾਈਏ ਸੁਭ ਗੁਣ ਰਾਸ ॥274॥

॥ ਦੋਹਰਾ ॥

ਯਦੰਤਿ ਸਿੰਘ ਬਹੁ ਕਹਿ ਰਹੇ ਬਾਰ ਬਾਰ ਘਿਘਆਇ ॥
ਰੰਚਕ ਭਰ ਜਿਨ ਭਯੰ ਨਹੀ ਗੁਰ ਭੁਜ ਬਲ ਅਧਿਕਾਇ ॥275॥

॥ ਚੌਪਈ ॥

ਸਾਹਿਬੁ ਆਗੇ ਹੀ ਚਲ ਗਏ ॥ ਤਿਨ ਕੇ ਕਹੇ ਨ ਅਟਕਤ ਭਏ ॥
ਨਿਜ ਰਸਨਾ ਤੇ ਗਿਰਾ ਸੁਨਾਈ ॥ ਹਮ ਕੌ ਦੇਖ ਪਰੇ ਭਜ ਜਾਹੀ ॥276॥
ਜੇ ਓਹੁ ਚਾਹੇ ਜੰਗ ਮਚਾਵਾ ॥ ਕਰੈ ਯੁਧ ਖਲ ਲੇਵੈ ਘਾਵਾ ॥
ਹਮ ਕੌ ਨੀਰ ਕੂਪ ਹੀ ਦੇਵੈ ॥ ਆਤਪਰਵਿ ਕੀ ਬਦਰਾ ਖੇਵੈ ॥277॥
ਯੋਧੇ ਕੋ ਮਨ ਭੈ ਨਹਿ ਆਈ ॥ ਸਨਮੁਖ ਸਮਰ[2] ਹੁਲਾਸ ਬਢਾਈ ॥
ਐਸੇ ਕਹਿ ਹੈ ਪ੍ਰੇਰਨ ਕੀਨਾ ॥ ਅਰ ਕੌ ਭੈ ਨਹਿ ਰੰਚਕ ਚੀਨਾ ॥278॥
ਢਾਕ ਏਕ ਮੈ ਇਸਥਿਤ ਭਏ ॥ ਸਿਖ ਚਾਰ ਜਲ ਭਾਲਨ ਗਏ ॥
ਖੋਜਤ ਕੂਪ ਛਪਯੋ ਤਿਨ ਪਾਵਾ ॥ ਢੀਮ ਮਾਰ ਕਰ ਨੀਰ ਬੁਲਾਵਾ ॥279॥

॥ ਦੋਹਰਾ ॥

ਦੌਰ ਹਜੂਰ ਤਿਨ ਸੁਧ ਦਈ ਕੂਪ ਭਲਾ ਜਲ ਵਾਲ ॥
ਪਵੰਗਮ ਗੁਰੁ ਕੁਦਾਇਕੇ ਆਏ ਤਿਹੁ ਤਤਕਾਲੁ ॥280॥

॥ ਚੌਪਈ ॥

ਡੋਲ ਡੋਰ ਕਰ ਨੀਰ ਨਿਕਾਰਾ ॥ ਸੀਤ ਸ੍ਵਾਦ ਬਿਮਲ ਸੁਖਕਾਰਾ ॥
ਭਰ ਛੰਨਾ ਇਕੁ ਗੁਰੂ ਛਕਾਵਾ ॥ ਅਰਧ ਛਕਾ ਗੁਰ ਬੈਨ ਅਲਾਵਾ ॥281॥
ਇਹੋ ਸੀਤ ਮਧੁ[3] ਦੇਵੋ ਡਾਰ ॥ ਹੋਇ ਅਗਾਧ ਨਹਿ ਆਵੈ ਪਾਰ ॥
ਮਾਨ ਹੁਕਮ ਜਬੁ ਜਲੁ ਮਧੁ ਪਾਵਾ ॥ ਜਲ ਅਗਾਧ ਭਾ ਅੰਤ ਨ ਆਵਾ ॥282॥
ਲਗੇ ਨਿਕਾਸਨ ਜਲ ਭਾ ਭੂਰੀ ॥ ਨਰ ਹੈ ਤ੍ਰਿਪਤ ਪਯਾਸਾ ਚੂਰੀ ॥
ਬਯੋਮ ਮਧੁ ਬਦਰਾ ਬਹੁ ਆਏ ॥ ਸਵਤਾ ਤੇਜ ਤਿਨ ਦੀਯੋ ਹਟਾਏ ॥283॥

---

1. ਮੂਲ ਪੋਥੀ ਖਲਕੁ
2. ੲ ਪੋਥੀ ਯੁਧ
3. ਅ ਪੋਥੀ ਵਿਚ

ਜੰਗਲ ਮੈ ਮੰਗਲੁ ਗੁਰ ਕੀਨਾ ॥ ਗੁਰ ਕੀਰਤ ਸਭ ਕਰੈ ਪ੍ਰਬੀਨਾ ॥
ਜਹਾਜ ਭੈ ਮਨ ਅਤਸੈ ਪਾਵਾ ॥ ਅਜਮਤ ਮੈ ਗੁਰ ਵਡ ਲਖੁ ਪਾਵਾ ॥284॥
ਨਿਸਾ ਭਈ ਤਬ ਭਾਜ ਸਿਧਾਵਾ ॥ ਮੁਲਖੁ ਆਪਨੇ ਜਾਏ ਥਿਰਾਵਾ ॥
ਫਤੇ ਭਈ ਗੁਰ ਕੀ ਅਤਿ ਭਾਰੀ ॥ ਜੈ ਦਮਾਮੇ ਵਜੇ ਅਪਾਰੀ ॥285॥
ਤੋਪਿ ਬੰਦੂਕ ਸਲਕ ਕਰਾਈ ॥ ਨਰ ਨਾਰੀ ਮਿਲ ਕੀਰਤਿ ਗਾਈ ॥
ਲਾਲ ਸਿੰਘ ਤਬ ਕਹਯੋ ਕਰ ਜੋਰ ॥ ਕੈਥਲ ਚਲੀਏ ਸਤਗੁਰ ਮੋਰ ॥286॥

(ਬਾਬਾ ਸਾਹਿਬ ਸਿੰਘ ਜੀ ਦੀ ਕੈਥਲ ਫੇਰੀ)

॥ ਦੋਹਰਾ ॥

ਤਿਸ ਕੀ ਅਰਜੀ ਮਾਨ ਕੇ ਉਤਰੇ ਕੈਥਲੁ ਜਾਇ ॥
ਸਰਬ ਪੰਥ ਸਾਥੈਂ ਥਿਰਾ ਭਗਡੂ ਸੁਤ ਹਰਖਾਇ ॥287॥
ਸਰਬੈ ਸੇਵਾ ਲਾਲ ਸਿੰਘ ਕੀਨੀ ਮਨੁ ਤਨੁ ਲਾਇ ॥
ਕੋਇਕ ਦਿਨੁ ਗੁਰ ਤਿਹ ਥਿਰੇ ਭਏ ਤਯਾਰੁ ਸੁਖਦਾਇ ॥288॥

॥ ਚੌਪਈ ॥

ਭਾਈ ਅਕੋਰ ਧਰੀ ਤਬ ਆਨ ॥ ਲੀਨੀ ਸ੍ਰੀ ਗੁਰ ਸੁਖਮਾ ਖਾਨ ॥
ਭੈ ਸਵਾਰ ਗੁਰ ਦੇਰ ਬਿਹਾਈ ॥ ²ਤਟਿ ਪਟਿਆਲੇ ਥਿਰਤਾ ਪਾਈ² ॥289॥
ਰਾਜੇ ਨੇ ਬਹੁ ਸੇਵਾ ਕੀਨੀ ॥ ਮੰਗਤ ਦਰਸਨ ਕਰ ਕਰ ਭੀਨੀ ॥
ਸਭ ਸਿਰਦਾਰਨ ਬਿਨੈ ਬਖਾਨੀ ॥ ਸੁਨੀਏਂ ਅਰਜੀ ਗੁਰ ਸੁਖਦਾਨੀ ॥290॥

॥ ਦੋਹਰਾ ॥

ਲੁਦਿਆਣੇ ਕੇ ਮੁਲਖੁ ਪਰੁ ਠਾਂਣੇ ਦੇਹੁ ਬਹਾਇ ॥
ਪੂਰਾ ਮਾਮਲਾ ਜਿਮ ਲਯੋ ਤਿਮ ਲੀਜੈ ਸੁਖਦਾਇ ॥291॥
ਵਡ ਉਪਾਧ ਗੈਡਾ ਹੁਤੋ ਸੋ ਤੁਮ ਕੀਨੀ ਕੈਦ ॥
ਭਾਂਜ ਖਾਇ ਜਹਾਜ ਗਯੋ ਮਾਰੁ ਨਾਸਨ ਤੁਮ ਵੈਦ ॥292॥

॥ ਚੌਪਈ ॥

ਸਤਿਗੁਰ ਸਾਹਿਬੁ ਬੈਨ ਬਖਾਨੇ ॥ ਸਭ ਆਦਿ ਜਿਮ ਮੋ ਪ੍ਰਗਟਾਨੇ ॥
ਮਿਲਖ ਚਾਹਿ ਹਮ ਕੋ ਨਹਿ ਕੋਈ ॥ ਰਾਜ ਨ ਹਮ ਕਿਸ ਲੇਵੇ ਖੋਈ ॥292॥
ਬਡ ਜਗੀਰ ਗੁਰ ਨਾਨਕ ਦੀਨੀ ॥ ਸੰਗਤਿ ਗੁਰੂ ਅਟੋਤੀ ਕੀਨੀ ॥
ਧਰਮ ਅਰਥ ਕੀ ਕਮੀਂ ਨ ਕਾਈ ॥ ਕਾਂਮ ਸੁ ਮੋਖ ਥਿਰੇ ਦਰਿ ਆਈ ॥294॥
ਜਗਤੁ ਪਦਾਰਥ ਐਸੇ ਜਾਨ ॥ ਗਗਨ ³ਸੁਮਨ ਵਡ ਤਾਕੋ ਮਾਨ ॥
ਦ੍ਰਿਸਟਮਾਨ ਸਰਬ ਚਲ ਜਾਈ ॥ ਮ੍ਰਿਗ ਤ੍ਰਿਸਨਾ ਕਾ ਜਲ ਜਿਮ ਆਈ ॥295॥

---

1 ਅ ਪੋਥੀ ਸੁ
2. ਅ ਪੋਥੀ ਪਾਠਾਂਤਰ : ਪਟਿਆਲੇ ਪਾਸ ਥਿਰੇ ਤਬ ਜਾਈ ॥
3. 'ਅ, ੲ ਪੋਥੀ ਅਕਾਸ

ਬਡੇ ਬਡੇ ਰਾਜਾ ਜਗ ਹੋਏ ॥ ਸੁਮਨਨ ਸਿਹਜਾ ਤੇ ਸਦ ਸੋਏ ॥
ਜਿਨ ਕੀ ਆਨ ਨ ਮੇਟੈ ਕੋਈ ॥ ਜੋ ਮੁਖ ਆਖੈਂ ਤੈਸੇ ਹੋਈ ॥296॥
ਅੰਤ ਕਾਲ ਮਰ ਨਰਕ ਸਿਧਾਏ ॥ ਜਨਮ ਜਨਮ ਮੋ ਬਹੁ ਦੁਖ ਪਾਏ ॥
ਬਿਨਾ ਸਾਂਤ ਨਹ ਸਾਂਤੀ ਆਵੈ ॥ ਸਪਤ ਦੀਪ ਜੋ ਰਾਜ ਕਮਾਵੈ ॥297॥
ਵਾਹਿਗੁਰੂ ਸਭ ਤੇ ਅਧਿਕਾਈ ॥ ਜਨਮ ਮਰਨ ਜੋ ਦੇਹ ਹਟਾਈ ॥
ਨਰ ਨਾਰੀ ਹੁਇ ਨੀਚੁ ਅਰੁ ਊਚ ॥ ਜ਼ਾਸ ਜਪੇ ਸਭ ਹੋਵੈ ਸੂਚ ॥298॥
ਤੁਮ ਭੀ ਨਾਮ ਜੰਪੇ ਮਨ ਲਾਇ ॥ ਸੰਤਨ ਸੇਵਾ ਕਰੋ ਬਨਾਇ ॥
ਸੁਨ ਗੁਰ ਬਚਨ ਫਿਰ ਰਾਜਿ ਅਲਾਈ ॥ ਬਿਨਤੀ ਸੁਨੀਏ ਗੁਰ ਸੁਖਦਾਈ ॥300॥

॥ ਦੋਹਰਾ ॥

ਚੰਦ ਬਦਨ ਤੇ ਬਚ ਭਨਾ [ਬਿਨਤੀ][1] ਤ੍ਰਿਨਕੀ ਦੇਖ ॥
ਏਕ ਕਾਂਮ ਹਮ ਕੌ ਬਨਾ ਜਾਨਾ ਹਮੈ ਬਿਸੇਖ ॥301॥

॥ ਚੌਪਈ ॥

ਹਾਥ ਜੋਰੁ ਤਿਨ ਪੂਛਨ ਕੀਨਾ ॥ ਕੌਨ ਕਾਮ ਹੈ ਐਸੋ ਪੀਨਾ ॥
ਜਾਂਤੇ ਸ੍ਰੀ ਗੁਰੂ ਨਿਵਾਜੋ ॥ ਸੋ ਬਿਰਤੰਤ ਹਮੈ ਸਮਝਾਵੋ ॥302॥
ਅਖਜ ਨੈਨ ਕਹਯੋ ਬਚ ਮੀਠਾ ॥ ਜੋ ਅਤਸੇ ਲਾਗੇ ਸਭ ਈਠਾ ॥
ਵਜੀਰਾਵਾਦ ਨਗਰ ਇਕ ਆਂਹੀ ॥ ਓਠੀ ਗ੍ਰਾਮ ਸੁ ਹੈ ਤਿਸ ਪਾਹੀ ॥303॥
ਤਿਹ ਰਣਜੀਤ ਸਿੰਘ ਬਿਲਲਾਹੀ ॥ ਹਮਰੋ ਬਿਨ ਤਿਸ ਓਟ ਨ ਕਾਈ ॥
ਬਹੁ ਸਿਰਦਾਰਨ ਲੀਨੋ ਘੇਰਾ ॥ ਚਾਹੇ ਮਾਰਾ ਕਰਕੇ ਜੇਰਾ ॥304॥
ਬਾਰ ਬਾਰ ਸੋ ਹਮੈ ਚਿਤਾਰੇ ॥ ਨੈਨਨ ਤੇ ਜਲ ਕੌ ਵਹੁ ਢਾਰੇ ॥
ਐਸੇ ਕਹਿ ਗੁਰ ਕੀਨ ਤਯਾਰੀ ॥ ਸਿਖਨ ਕੀ ਜਿਨ ਪੈਜ ਸਵਾਰੀ ॥305॥

**(ਬਾਬਾ ਸਾਹਿਬ ਸਿੰਘ ਦਾ ਵਜ਼ੀਰਾਵਾਦ ਜਾਣਾ)**

॥ ਦੋਹਰਾ ॥

ਸਭ ਨੇ ਦੀਨ ਅਕੋਰ[2] ਤਬ ਮਨ ਮੈ ਪ੍ਰੇਮ ਬਢਾਇ ॥
ਲੇ ਖੁਸੀਆ ਘਰਿ ਕੋ ਗਏਂ ਸਤਿਗੁਰ[3] ਜਸੁ ਬਹੁ[3] ਗਾਇ ॥306॥

॥ ਚੌਪਈ ॥

ਸਤਿਗੁਰ ਸਾਹਿਬੁ ਕੂਚ ਕਰਾਈ ॥ ਮਜਲੋ ਮੰਜਲ ਚਲੇ ਸੁਖਦਾਈ ॥
ਤ੍ਰਿਕੁਏ ਸਿੰਘ ਨੇ ਬਿਨੇ ਬਖਾਨੀ ॥ ਸੁਨੀਏ ਅਰਜੀ ਗੁਰ ਸੁਖਦਾਨੀ ॥307॥
ਜਹਾਜ ਕੈਦ ਕੀਨ ਮਮ ਭ੍ਰਾਤਾ ॥ ਤਿਸੇ ਛਡਾਵਹੁ ਗੁਰ ਸੁਖ ਦਾਤਾ ॥

---

1. ਅ ਪੋਥੀ ਵਿਚੋਂ
2. ਮੂਲ ਪੋਥੀ ਅਕੋਤ
3. ਅ ਪੋਥੀ ਕੋ ਜੱਸੁ

## (ਧੰਨੂੰ ਦੀ ਬੰਦ ਖਲਾਸੀ ਕਰਵਾਉਣੀ)

ਧੰਨੂ ਨਾਮੁ ਤਿਸੇ ਕੋ ਆਹੀ ॥ ਕੀਜੈ ਸਿਖੰ ਕੀ ਆਪ ਸਹਾਈ ॥308॥
ਆਪ ਬਿਨ ਨਹਿ ਤਿਸ ਕੋ ਕੋਈ ॥ ਸੰਕਟ ਕਟ ਦੁਖ ਦੀਜੈ ਖੋਈ ॥
ਖਾਤੂ ਜਮਾ ਤਿਸ ਕੀ ਗੁਰ ਕਰੀ ॥ ਤਿਸੇ ਛਡਾਵਨ ਮਨਸਾ ਧਰੀ ॥309॥
ਭ੍ਰਾਤਾ ਆਯਾ ਲੇ ਤੂ ਜਾਨ ॥ ਮਿਲੇ ਸਵੇਰੇ ਨਿਸਚਾ ਠਾਨ ॥
ਅਰਧ ਨਿਸਾ ਦਰਸਨ ਤਿਸ ਦੀਆ ॥ ਉਠਿ[2] ਉਤਾਲ ਬਚ[2] ਗੁਰ ਕੀਆ ॥310॥

॥ ਦੋਹਰਾ ॥

ਹਾਥ ਜੋੜ ਸੋ ਕਹਿਤ ਭਾ ਸੁਨੀਏ ਦੀਨ ਦਿਆਲ ॥
ਪਾਵਨ ਮੋ ਸੰਗਲ ਪੜਾ ਕੈਸੇ ਉਠੋ ਉਤਾਲ ॥311॥

॥ ਚੌਪਈ ॥

ਜੁਗ ਤੁਮ ਸਿਖ ਹੋਰ ਹੈ ਨਾਲ ॥ ਪਹਿਲਾ ਬਾਹਰ ਖੜਾ ਬਿਸਾਲੁ ॥
ਗੁਰੂ ਭਨਾ ਤੁਮ ਚਿੰਤੁ ਨ ਕੀਜੈ ॥ ਵਹਿਗੁਰੂ[3] ਕਹਿਨੈ ਮਨ ਦੀਜੈ[3] ॥312॥
ਵਾਹਿਗੁਰੂ ਜਬ ਤਿਨੈ ਉਚਾਰਾ ॥ ਸੰਗਲ ਗਿਰਤ ਨ ਲਾਗੀ ਬਾਰਾ ॥
ਤੀਨੋ ਉਠ ਗੁਰ ਚਰਨੀ ਲਾਗੇ ॥ ਗੁਰ ਕ੍ਰਿਪਾ ਤੇ ਭਏ ਸੁਭਾਗੇ ॥313॥
ਪਹਿਰੂ ਪਕਰ ਸਾਥ ਹੀ ਲੇਵੋ ॥ ਜੋ ਬੋਲੇ ਤਿਸ ਸਿਰੁ ਕਟ ਦੇਵੋ ॥
ਤਿਨ ਕੋ ਫਿਰਿ ਕਰਿ ਸਾਥ ਲੇ ਗਏ ॥ ਬੋਲਿ ਨਹਿ ਸਕੇ ਮੂਕ ਵਤ ਭਏ ॥314॥
ਖੋਹੇ ਸਸਤ੍ਰ ਤਯਾਗ ਸਠ ਦੀਨੇ ॥ ਗੁਰ ਪ੍ਰਤਾਪ ਲਖ ਅਚਰਜ ਭੀਨੇ ॥
ਬਾਰ ਬਾਰ ਗੁਰ ਕੀ ਨੁਤ ਗਾਵੈ ॥ ਦੇਖੈ ਮੂਰਤਿ ਬਲ ਬਲ ਜਾਵੈ ॥315॥
ਹਮਰੀ ਗੁਰ ਜੀ ਕਰੀ ਸਹਾਇ ॥ ਨੀਚਨ ਬੰਦ ਪਰੇ ਹਮ ਜਾਇ ॥
ਸਿਖ ਜਾਨ ਗੁਰ ਲੀਏ ਛਡਾਇ ॥ ਨਾਤਰ ਹਮ ਮਰਤੇ ਦੁਖ ਪਾਇ ॥316॥
ਜੁਗਲ ਤਬੈ ਘਰ ਰਸਤੇ ਪਾਏ ॥ ਤ੍ਰਿਤੀਏ ਕੋ ਗੁਰ ਸਾਥ ਲਿਆਏ ॥
ਆ[4] ਪਰਯੰਕ ਪਰ ਗੁਰੂ ਬਿਰਾਜੇ ॥ ਧੰਨੂ ਨੇਰੇ ਬੈਠਾ ਛਾਜੇ ॥317॥
ਭੋਰ ਹੋਤ ਸਭ ਨੇ ਲਖੁ ਲੀਨਾ ॥ ਮਨ ਮੈ ਅਚਰਜੁ ਤਿਨ ਵਡ ਚੀਨਾ ॥
ਤ੍ਰਿਤੀਆ ਸਿੰਘ ਮਨ ਮੋ ਹਰਖਾਵਾ ॥ ਦੇਖ ਅਨੁਜ ਕੋ ਗਰ ਲਪਟਾਵਾ ॥318॥

॥ ਦੋਹਰਾ ॥

ਕਹਯੋ ਧੰਨੂ ਭਾਈ ਸੁਨੋ ਸਤਿਗੁਰ [5]ਮਯਾ ਅਪਾਰ ॥
ਬੰਧਨ ਹਮਰੇ ਕਾਟ ਕੇ ਨਯਾਏ ਆਪ ਨਿਕਾਰ ॥319॥
ਐਸੇ ਸਾਹਿਬੁ ਕੇ ਚਰਨ ਜਿਨੋ ਤਿਆਗਨ ਕੀਨ ॥
ਕੁੰਭੀ ਪਾਤਿ ਨਰਕੈ ਪਰੈ ਅੰਤੁ ਮਰੇ ਹੁਇ ਦੀਨ ॥320॥

---

1. ਅ ਪੋਥੀ ਸਹਾਹੀ 2. ਅ ਪੋਥੀ ਪਾਠਾਂਤਰ : ਖੜੋਹੁ ਬਚਨ 3. ਅ ਪੋਥੀ ਪਾਠਾਂਤਰ : ਕਹਿ ਨੈਨ ਲਖੀਜੈ 4. ੲ ਪੋਥੀ ਆਪ 5. ੲ ਪੋਥੀ ਸ੍ਰੀ ਗੁਰ

॥ ਚੌਪਈ ॥

ਮਾਲਵ ਤਯਾਗ ਗੁਰ ਦੁਆਬੇ ਅਏ ॥ ਸੰਗਤ ਚਲ ਚਲ ਦਰਸਨ ਕਏ ॥
ਧਰੈ ਉਪਾਇਨ ਮਾਥ ਨਿਵਾਵੈ ॥ ਜੋ ਚਾਹੈ ਸਤਗੁਰ ਤੇ ਪਾਵੈ ॥321॥

(ਕਰਤਾਰ ਪੁਰ ਠਹਿਰਨਾ)

ਪੁਰ ਕਰਤਾਰੇ ਪਾਸ ਲੰਘਾਨੇ ॥ ਸੋਢੀ ਸਾਹਿਬ ਨਰੂ ਪਠਾਨੇ ॥
ਪਾਨ ਜੋਰ ਤਿਨ ਅਰਜੀ ਗਾਈ ॥ ਪੁਰ ਕਰਤਾਰ ਥਿਰੋ ਸੁਖਦਾਈ ॥322॥
ਸੋਢੀ ਸਾਹਿਬ ਹਮ ਕੋ ਭੇਜਾ ॥ ਗੁਰੂ ਉਤਾਰੋ ਕਰ ਜਿਸ ਨੇਜਾ ॥
ਵੇਈ ਤਟ ਪਰ ਗੁਰੂ ਥਿਰਾਨੇ ॥ ਸਿਵਰ ਲਗਾਵਾ ਥਲ ਭਲ ਜਾਨੇ ॥323॥

॥ ਦੋਹਰਾ ॥

ਗੁਰੂ ਗੁਲਾਬ ਸਿੰਘ ਜੀ [ਤਹਿ][1] ਆਵਾ ਮਿਲਨੇ ਹੇਤ ॥
ਰਸਤ ਭੇਟ ਆਗੇ ਧਰੀ ਧੀਰ ਮਲ ਕੁਲ ਕੇਤ ॥324॥

॥ ਚੌਪਈ ॥

ਪਾਨ ਜੋਰੁ ਕਰਿ ਸੀਸ ਨਿਵਾਯਾ ॥ ਮਧੁਰ ਮੰਜ ਮੁਖ ਬੈਨ ਅਲਾਯਾ ॥
ਮਹਾਰਾਜ ਮਯਾ ਕਰੁ ਆਏ ॥ ਘਰੁ ਬੈਠੇ ਕੋ ਦਰਸੁ ਦਿਖਾਏ ॥325॥
ਕਮਲ ਨੈਨ[2] ਜੀ ਗਿਰਾ ਬਖਾਨੀ ॥ ਅੰਮ੍ਰਿਤੁ ਸਾਨੀ ਹੈ ਸੁਖਦਾਨੀ ॥
ਆਪ ਪ੍ਰਸੰਨ ਹੋ ਸਹਿ ਪ੍ਰਵਾਰੂ ॥ ਤੁਮਰੀ ਕ੍ਰਿਪਾ ਗੁਰ ਕਰਤਾਰੂ ॥326॥
ਜੁਗਮ ਘਰੀ ਜਬ ਬੈਨ ਬਿਤਾਈ ॥ ਤਬੈ ਮਸੰਦਿਨਿ ਗਿਰਾ ਅਲਾਈ ॥
ਸਤਿਗੁਰ ਸਾਹਿਬ ਅਰਜੀ ਸੁਨੀਏ ॥ ਗੁਰ ਗਾਦੀ ਅਬ ਖਾਲੀ ਗੁਨੀਏਂ ॥326॥

॥ ਦੋਹਰਾ ॥

ਬ੍ਰਿਧ ਦੇਹ ਇਨ ਕੀ ਭਈ ਗ੍ਰਿਹਿ ਮਹਿ ਸੁਤ ਨਹਿ ਕੋਇ ॥
ਆਪ ਮਯਾ [3]ਕਰ ਬਖਸੀਏ ਗਾਦੀ ਮਾਲਕ ਹੋਇ[4] ॥328॥
ਮੀਠਾ ਫਲ ਤਿਸ ਕਾਲ ਮੈ ਧਰਾ ਸਿਖ ਨੇ ਆਇ ॥
ਹਾਥ ਕਮਲ ਸੇ ਪਕਰ ਕਰੁ ਦੀਨਾਂ ਗੁਰ ਬਿਗਸਾਇ ॥329॥

॥ ਚੌਪਈ ॥

ਗੁਲਾਬ ਸਿੰਘ ਜੀ ਲੈ ਬਿਗਸਾਵਾ ॥ ਪਾਦ ਪਦਮ ਪਰ ਸੀਸ ਨਿਵਾਵਾ ॥
ਸਾਹਿਬ ਕਹਯੋ ਮਨੋ ਚਿੰਤ ਤਯਾਗੋ ॥ ਬਰਸ ਪਿਛੇ ਸੁਤ ਹੁਇ ਬਡਭਾਗੋ ॥330॥
ਸੁਨਿ ਸੋਢੀ ਮਨ ਮੇ ਹਰਖਾਵਾ ॥ ਸ੍ਰੀ ਗੁਰ ਬੈਨਨ ਪਰ [ਮਨ][5] ਨਿਸਚਾਵਾ ॥
ਲੇ ਨਦੇਸਿ ਵਰ ਨਿਜ ਘਰਿ ਗਯੋ ॥ ਏਕ ਬਰਸੁ ਪਾਛੇ ਸੁਤ ਭਯੋ ॥333॥
ਗੁਰ ਸੁਤ ਸਾਧੂ ਸਿੰਘ ਜਿਸੁ ਨਾਮੁ ॥ ਵਡੋ ਗੁਣਗ ਅਤਸੇ ਅਭਰਾਮ ॥
ਏਕ ਨਿਸਾ ਗੁਰ ਤਹਾ ਰਹਾਏ ॥ ਹੋਤ ਭੋਰ ਹੀ ਅਗ੍ਰ ਸਿਧਾਰੇ ॥332॥

---

1. ੲ ਪੋਥੀ ਵਿਚੋਂ 2. ੲ ਪੋਥੀ ਕਮਲਾਨ 3. ੲ ਪੋਥੀ ਦਯਾ 4. ਅ ਪੋਥੀ ਜੋਇ
5. ਅ ਪੋਥੀ ਵਿਚੋ

॥ ਦੋਹਰਾ ॥

ਰਣਜੀਤ ਸਿੰਘ ਕੀ ਖੈਂਚਿ ਕਰ ਚਲੇ ਬਡੇ ਉਤਾਲ ॥
ਕੁਜਰਵਾਲ ਕੇ ਪਾਸ ਹੈ ਗ੍ਰਾਮ ਅਰੂਪ ਬਿਸਲ ॥333॥

॥ ਚੌਪਈ ॥

ਗਜਾ ਸਿੰਘ ਸੁਨ ਕਰ ਹਰਖਾਵਾ ॥ ਪਾਦ ਪਦਮ ਪਰੁ ਸੀਸ ਨਿਵਾਵਾ ॥
ਕਰੀ ਮਯਾ ਗੁਰ ਕਰਾ ਨਿਹਾਲ ॥ ਸੇਵਕਿ ਜਾਨ ਕਰੀ ਪ੍ਰਤਿਪਾਲ ॥334॥
ਸੁਬੰਸ ਆਪਨਾ ਅਰਪਨ ਕੀਨਾ ॥ ਮਨੁ ਤਨੁ ਬਾਨੀ ਪ੍ਰੇਮੇ ਭੀਨਾ ॥
ਦੇਖ ਪ੍ਰੇਮ ਗੁਰ ਗਿਰਾ ਅਲਾਈ ॥ ਗੁਰ ਨਾਨਕ ਘਰ ਕਮੀ ਨ ਕਾਈ ॥335॥
ਏਹ ਪਦਾਰਥ ਹਮਰੇ ਜਾਨੋ ॥ ਰਾਖੋ ਸਦਨ ਮੈ ਕਰ ਗੁਜਰਾਨੋ ॥
ਵਾਹਿਗੁਰੂ ਸਿਮਰੋ ਮਨੁ ਲਾਈ ॥ ਸੇਵਾ ਹਮਰੀ ਕਰ ਹਰਖਾਈ ॥336॥
ਸੁਨ ਗੁਰ ਬਾਨੀ ਮਨ ਹਰਖਾਵਾ ॥ ਮਾਨੋ ਰਾਜ ਪ੍ਰਿਥੀ ਕੋ ਪਾਵਾ ॥
ਲੰਗਰੁ ਗੁਰ ਕਾ ਭਯੋ ਤਿਯਾਰੂ ॥ ਗੁਰੂ ਆਦਿ ਅਚਵਾ ਧਰ ਪਯਾਰੂ ॥337॥
ਸੁਨ ਸੁਨ ਸੰਗਤਿ ਆਈ ਧਾਇ ॥ ਧਰੀ ਅਕੋਰੰ ਬਲ ਬਲ ਜਾਇ ॥
ਦਰਸਨ ਕਰੁ ਕਰੁ ਭਏ ਨਿਹਾਲੁ ॥ ਚਾਰਿ ਪਦਾਰਥੁ ਪਾਏ ਨਾਲ ॥338॥

## (ਰਣਜੀਤ ਸਿੰਘ ਨਾਲ ਮਿਲਾਪ)

॥ ਦੋਹਰਾ ॥

ਅਈ ਸਰਕਾਰ ਮਿਲਨ ਕੌ ਲਖ ਪਤਿ ਹੈ ਜਿਸੁ ਸੰਗੁ ॥
ਏਕ ਅਸ੍ਵ ਬਹੁ ਚੀਰ ਬਿਤ ਔਰੁ ਪਦਾਰਥੁ ਰੰਗੁ ॥339॥

॥ ਚੌਪਈ ॥

ਧਰਿ ਅਕੋਰਿ ਪਰ ਸੀਸ ਨਿਵਾਵਾ ॥ ਜੋੜਾ ਝਾੜਾ ਅਗਰੁ ਧਰਾਵਾ ॥
ਦੇਖ ਨਿਮ੍ਰਤਾ ਗੁਰ ਬਿਗਸਾਏ ॥ ਮਧੁਰ ਗਿਰਾ ਮੰਜ ਬੈਨ ਅਲਾਏ ॥340॥
ਹੈ ਪਰਸੰਨ ਸਹਿਤੁ ਪਰਵਾਰ ॥ ਤੁਮਰੀ ਕਿਰਪਾ ਗੁਰ ਕਰਤਾਰ ॥
ਆਪ ਦਯਾ ਕਰ ਲੀਨ ਬਚਾਈ ॥ ਮਿਲਿ ਸਿਰਦਾਰਨ ਲੀਨਾ ਘਾਈ ॥341॥
ਉਠੀ ਗ੍ਰਾਮ ਬਿਖੇ ਮੁਹਿ ਘੇਰਾ ॥ ਦਲ ਸਿੰਘ ਜੋਧ ਸਿੰਘ ਦਲ ਪ੍ਰੇਰਾ ॥
ਤਬ ਮੈ ਸਰਨ ਆਪ ਕੀ ਲੀਨ ॥ ਭੇ ਸਹਾਇ ਨਿਜ ਗੁਰੂ ਪ੍ਰਬੀਨ ॥342॥
ਐਸੀ ਕੀਨੀ ਆਪ ਸਹਾਇ ॥ ਬਾਰਨ ਲੀਨੋ ਜੈਸ ਛਡਾਇ ॥
ਸਹਿਤੁ ਸੈਨ ਸਭ ਹੀਂ ਪਚਿਹਾਰੇ ॥ ਏਕ ਮਾਸ ਲੜ ਕਰ ਗੇ ਹਾਰੇ ॥343॥

॥ ਦੋਹਰਾ ॥

ਸੁਨ ਸਰਕਾਰੈ ਬੈਨ ਕੌ ਸਤਿਗੁਰ ਉਤਰ ਦੀਨ ॥
ਮੰਦਾ ਦ੍ਰਿਸਟ ਤਵ ਧਿਰ ਪਿਖੈ ਤਤ ਖਿਨੁ ਹੋਵੈ ਖੀਨ ॥344॥

---

1. ਅ ਪੋਥੀ ਕੁਜਰ ਵਾਲ 2. ਅ ਪੋਥੀ ਸਿਰਦਾਰ 3. ਅ, ਏ ਪੋਥੀ ਪਗ

॥ ਚੌਪਈ ॥

ਔਰ ਸੁ ਬੈਨ ਕਹੇ ਗੁਰ ਪੂਰੇ ॥ ਜਿਨ ਸੁਨਿਆ ਮਿਟ ਜਾਹਿ ਵਿਸੂਰੇ ॥
ਖੜਕ ਸਿੰਘ ਕੋ ਗੁਰੂ ਬੁਲਾਵਾ ॥ ਪਾਨ ਜੋੜ ਕਰੁ ਤਤੁ ਖਿਨ ਆਵਾ ॥345॥
ਅਸੁ ਸਰਦਾਰ ਲਯਾਵਕ ਕੀਨ ॥ ਚੜ ਕਰ ਫੇਰੋ ਦੇਰ ਵਿਹੀਨ ॥
ਸਤਿ ਬਚਨੁ ਕਹਿ ਭਯੋ ਸਵਾਰ ॥ ਫੇਰਿ ਲਿਯਾਵਾ ਕਰੀ ਨ ਬਾਰ ॥346॥
ਹਾਥ ਜੋੜ ਕਰ ਅਰਜੀ ਠਾਨੀ ॥ ਅਸ ਚਲਾਕੀ ਚਲੈ ਮਹਾਨੀ ॥
ਗੁਰੂ ਕਹਯੋ ਤੂ ਹੀ ਹੈ ਰਾਖ ॥ ਸਤ ਬਚਨੁ ਖੜਕ ਸਿੰਘ ਭਾਖ ॥347॥

॥ ਦੋਹਰਾ ॥

ਲੇ ਨਿਦੇਸ ਸਤਿਗੁਰੂ ਕੀ ਚਰਨਨ ਸੀਸ ਨਿਵਾਇ ॥
ਕੁਜਰਵਾਲ ਸਰਕਾਰ ਗੀ ਮਨੁ ਲਾਗਾ ਗੁਰ ਪਾਇ ॥348॥

## (ਇਕ ਮੁਸਲਮਾਨ ਦੀ ਕਥਾ)

॥ ਚੌਪਈ ॥

ਏਕ ਯਮਨ ਦਰਸਨ ਕੋ ਆਵਾ ॥ ਸਰਕਾਰ ਗ੍ਰਹ ਜਮਦਰਾ ਕਹਾਵਾ ॥
ਸਾਹਿਬੁ ਬੰਦਗੀ ਸੁ ਮਨ ਲਾਗਾ ॥ ਜਪੈ ਖੁਦਾਇ ਮਨੈ ਅਨੁਰਾਗਾ ॥349॥
ਆਯੋ ਕਰਤਾ ਰਿਦੇ ਵੀਚਾਰੁ ॥ ਯਹਿ ਨਿਸਚੇ ਕੀਨਾ ਨਿਰਧਾਰੁ ॥
ਮੈ ਨਿਜ ਕਰ ਦਮਰਾ ਭਰ ਲੈ ਹੋ ॥ ਸੋ ਗੁਰ ਕੇ ਹਾਜਰੁ ਕਰ ਦੈ ਹੋ ॥350॥
ਜੋ ਅਪੁਨੇ ਕਰਿ ਮੋ ਗਹਿ ਲੀਨਾ ॥ ਤੋ ਜਾਹਰ ਨਾਨਕ ਗੁਰ ਦੀਨਾ ॥
ਜੋ ਅਪੁਨੇ ਕਰ ਨਾਹਿ ਉਠਾਵੈ ॥ ਕਰਿ ਸਲਾਮ ਹਮ ਮੁੜ ਕਰ ਆਵੈ ॥351॥
ਮਨ ਮੈ ਐਸੀ ਕੀਨੀ ਗਿਨਤੀ ॥ ਆਇ ਹਜੂਰ ਤਿਨ ਕੀਨੀ ਬਿਨਤੀ ॥
ਸੁਨ ਸਾਹਿਬੁ ਇਮੁ ਬਚਨੁ ਸੁਨਾਯਾ ॥ ਸੋਈ ਭਨੋ ਤੁਮ ਕੁਲ [2]ਜੋ ਭਾਯਾ ॥352॥

॥ ਦੋਹਰਾ ॥

ਸੁਣ ਪਠਾਣ ਮਨ ਹਰਖ ਕਰ ਭਲੀ ਸਲਾਮ ਬਚ ਸੀਰ ॥
ਭੂਲਾ ਮੈ ਸਮਝਾ ਅਬੈ ਤੁਮ ਸਾਹਿਬ ਮਮ ਪੀਰ ॥353॥

॥ ਚੌਪਈ ॥

ਕਰ ਮੈ ਦਮਰਾ ਆਗੇ ਕੀਨਾ ॥ ਅਜਮਤ ਚਾਹੇ ਮਨ ਪਰਬੀਨਾ ॥
ਲੇ ਕਰ ਗੁਰੂ ਖਜਾਨੇ ਡਾਰਾ ॥ ਪੁਨਿ ਸੁਖ ਤੇ ਇਹੁ ਬਚਨ ਉਚਾਰਾ ॥354॥
ਇਹੀ ਸੁ ਚਾਹਿ ਹੁਤੀ ਮਨ ਤੇਰੇ ॥ ਔਰੁ ਜੋ ਚਾਹੋ ਕਹੋ ਬਿਨ ਦੇਰੇ ॥
ਸੁਨ ਗੁਰ ਬਾਨੀ ਚਰਨ ਗਾਹਨੇ ॥ ਔਰੁ ਜੁ ਚਾਹਿ ਰਹੀ ਸੁਖਦਾਨੇ ॥355॥
ਪੀਰਨ ਪੀਰ ਸਰਬ ਤੇ ਊਚਾ ॥ ਤੇਰੀ ਸਮਸਰ ਕੋ ਨ ਪਹੂਚਾ ॥
ਸਾਸਿ ਸਾਸਿ ਹਮ ਭੂਲਨਹਾਰੇ ॥ ਤੂ ਬਖਸੰਦ ਸਦਾ ਦਾਤਾਰੇ ॥356॥

---

ਅ ਪੋਥੀ ਗਈ    2. ਅ ਪੋਥੀ ਕੋ    3. ਅ ਪੋਥੀ ਭਨੀ    4. ੲ ਪੋਥੀ ਮੋਹਿ
ੲ ਪੋਥੀ ਪਾਠਾਂਤਰ : ਸ੍ਵਾਸ ਸ੍ਵਾਸ

ਪਾਕ ਖ਼ੁਦਾਇ ਆਪੁ ਤਨੁ ਧਾਰਾ ।। ਕੀਜੈ ਮੋ ਕੌ ਭਵ ਤੇ ਪਾਰਾ ।।
ਖਿਜਮਤ ਤੁਮਰੀ ਸਦਾ ਕਮਾਵੋਂ ।। ਜਾਮਾ ਤੁਰਕਨ ਕੈਸੇ ਕਰਾਵੋਂ ।।357।।

।। ਦੋਹਰਾ ।।

ਸੁਨਿ ਬਿਨਤੀ ਸਾਹਿਬ ਕਹਯੋ ਸੁਨ ਪਠਾਨ ਮਨ ਲਾਇ ।।
ਦਿਲ ਹੈ[1] ਸਾਬਤ ਜਿਨੋ ਕਾ ਸੋ ਨਰ ਸੇਵ ਕਮਾਇ ।।358।।

।। ਚੌਪਈ ।।

ਬੰਦਗੀ ਸਾਹਿਬੁ ਕੀ ਨਿਤ ਕੀਜੈ ।। ਵੰਡ ਖਾਵਨ ਮੁ ਸਦ ਮਨ ਦੀਜੈ ।।
ਬੁਰਾ ਨ ਕਿਸੇ ਕਾ ਰਾਖੋ ਚੀਤ ।। ਜੇ ਕੋ ਦੇਵੇ ਅਤਸੇ ਭੀਤ ।।359।।
ਸੁਨ ਸਾਹਿਬੁ ਕੇ ਬੈਨ ਰਸੀਲੇ ।। ਮਨੁ ਪਠਾਣ ਕਾ [2]ਲੀਨਾ ਕੀਲੇ ।।
ਬਹੁਤ ਭਲਾ ਕਹਿ ਸੀਸ ਨਿਵਾਇ ।। ਜਾਤ ਭਯੋ ਮਨ ਮੈ ਹਰਖਾਇ ।।360।।

(ਕਾਬਲ ਦੇ ਸਿੱਖ ਦੀ ਕਥਾ)

ਕਾਬਲ ਥੀ ਇਕ ਸਿਖ ਚਲ ਆਵਾ ।। ਸਵਾ ਪੰਜ ਸੈ ਭੇਟ ਚੜ੍ਹਾਵਾ ।।
ਗਰ ਮੈ ਅੰਚਰ ਜੋਰੇ ਪਾਨੀ ।। ਗਦ ਗਦ ਕੰਠਾ ਆਇ ਨ ਬਾਨੀ ।।361।।
ਨੈਨ ਨੀਰ ਚਲਾ ਅਤਿ ਜਾਈ ।। ਰੋਮ ਖੜੇ ਜਿਸ ਪ੍ਰੇਮ ਅਧਿਕਾਈ ।।
ਕਹਯੋ ਹਜੂਰਿ ਬੈਠਿ ਸਿਖ ਜਾਇ ।। ਗੁਰ ਸਿਖੀ ਮੈ ਤੂ ਅਧਿਕਾਇ ।।362।।
ਕਿਸ ਨਗਰ ਮਹਿ ਤੁਮਰਾ ਬਾਸਾ ।। ਕੈਸੀ ਭੇਟਾ ਕਹੁ ਸੁਖ ਰਾਸਾ ।।
ਪਾਨ ਜੋਰੁ ਸਿਖ ਬਾਨੀ ਗਾਈ ।। ਸਹਾਇ ਹਮਾਰੀ ਕਰੀ ਬਨਾਈ ।।363।।

।। ਦੋਹਰਾ ।।

ਕਾਬਲ ਮੋ ਪਾਤਿਸਾਹਿ ਜੋ ਮੋਦੀ ਮੈ ਤ੍ਰਿਸ ਆਹਿ ।।
ਦੇਤੇਂ ਲੇਤੇ ਚਿਰ ਰਹਯੋ ਭਈ ਚੂਕ ਮੁਹਿ ਤਾਹਿ ।।364।।

।। ਚੌਪਈ ।।

ਏਕ ਪਠਾਨ ਨਿਖ ਦਯਾ ਆਵਾ ।। ਸੇਰੰ ਸਰਪੀ ਲਿਖਯਾ ਲਿਆਵਾਂ ।।
ਤੀਨ ਪਾਇ ਤੋਲ ਮੈ ਦੀਨਾ ।। ਲੋਭਿ ਲਹਿਰ ਮੁਹਿ ਕੀਨੋ ਹੀਨਾ ।।365।।
ਸਦਨ ਜਾਇ ਤਿਨ ਜੋਖਨ ਕੀਨੋ ।। ਤੀਨ ਪਾਇ ਦਿਖ ਰਿਸ ਮੈ ਭੀਨੋ ।।
ਪਾਤਿਸਾਹਿ ਪ੍ਰਤਿ ਜਾਇ ਸੁਨਾਵਾ ।। ਮੋਦੀ ਨੇ ਅਸ ਬਯੋਤ ਕਮਾਵਾ ।।366।।
ਪਾਸੋਂ[3] ਔਰਨ ਨੇ ਕ਼ਹਿ ਦੀਨਾ ।। ਵਟਾ ਮੋਦੀ ਘਟ ਹਮ ਛੀਨਾ ।।
[4]ਪਾਤਿਸਾਹੁ ਸੁਨ ਕ੍ਰੋਧ ਬ੍ਰਧਾਵਾ[4] ।। ਸੇਰ ਬੀਚ ਜਿਨ ਪਾਉ ਚੁਰਾਵਾ ।।367।।
ਮਣ ਕੇ ਤੀਨ ਦਸੇਰੇ ਦੇਤਾ ।। ਮਣਹਿ ਹਿਸਾਬ੍ ਹਮ ਤੇ ਗਿਨ ਲੇਤਾ; ।।
ਲਯਾਵੋਂ ਪਕਰ ਨ ਦੇਰੀ ਕੀਜੈ ।। ਹਿਸਾਬ੍ ਖਾਫ਼ਲ ਗਿਨੁ ਕੈ ਲੀਜੈ ।।363।।

---

1. ਮੂਲ ਪੋਥੀ ਮੈ 2. ਅ ਪੋਥੀ ਜਿਨ 3. ਏ ਪੋਥੀ ਸੋ 4. ਏ ਪੋਥੀ
ਪਾਠਾਂਤਰ : ਬਾਦਸਾਹਿ ਸੁਨ ਰਿਸ ਮਹਿ ਆਵਾ ।।

ਸਹਿਤ ਕੁਟੰਬ ਲਯੋ ਤੁਰਕ ਬਨਾਈ ॥ ਮੂਰਖ ਕੇ ਕੀਨੀ ਬਦ ਰਾਹੀ ॥
ਮਾਨਵ ਨੇ ਮੁਹਿ ਆਨ ਬੁਲਾਵਾ ॥ ਮੈ ਪੂਛਾ ਤੂ ਕੈਸੇ ਆਵਾ ॥369॥

॥ ਦੋਹਰਾ ॥

ਘੀਉ ਦਯੋ ਘਟ ਤੋਲ ਕੇ ਚਲ ਪੂਰਾ ਕਰ ਦੇਹਿ ॥
ਵਡਾ ਗ਼ਜਬ ਤੁਮ ਨੇ ਕਰਾ ਯਾਂਤੇ ਤੁਰਕ ਕਰੇਹਿ ॥370॥

॥ ਚੌਪਈ ॥

ਐਸੇ ਬੈਨ ਤਿਨ ਜਬ ਮੈ ਸੁਨਾ ॥ ਮਨ ਭੀ ਚਿੰਤਾ ਸੀਸ ਬਹੁ ਧੁਨਾ ॥
ਤਬ ਮੈ ਸਰਨ ਆਪ ਕੀ ਲੀਨੀ ॥ ਸਵਾ ਪੰਜ ਸੈ ਸੁਖਨਾ ਕੀਨੀ ॥371॥
ਦ੍ਰੁਪਤ ਸੁਤਾ ਜਿਮ ਧੀਰ ਬਧਾਏ ॥ ਸੈਨ ਹੇਤ ਨਾਪਤਿ ਹੋ ਧਾਏ ॥
ਕਬੀਰ ਹੇਤ ਘਰੁ ਅੰਨਿ ਲਿਆਏ ॥ ਨਰਸਿੰਘ ਹ੍ਵੈ ਹਰਿਨਾਖਸ ਘਾਏ[1] ॥372॥
ਨਾਮ ਦੇਵ ਕੀ ਛਾਨ ਛਵਾਈ ॥[2] ਨਰਸੀ ਕੀ ਹੁੰਡੀ ਜੈਸ[2] ਤਰਾਈ ॥
ਤਿਮ ਮੇਰੀ ਅਬ ਕਰੋ ਸਹਾਇ ॥ ਨਾਤਮ ਜਨਮੰ ਭ੍ਰਿਸਟ ਹੁਇ ਜਾਇ ॥373॥
ਬੀਚ ਕਚਹਿਰੀ ਮੁਹਿ ਲੈ ਗਏ ॥ ਬਹੁਤ ਤੁਰਕੁ ਤਿਹ ਮਿਲੜੇ ਭਏ ॥
ਪਾਤਿਸਾਹਿ ਕਰ ਤਿਰਛੇ ਨੈਨਾ ॥ ਬੋਲਾ ਮੋਕੋ ਭੈ ਬਡ[3] ਦੈਨਾ ॥374॥

॥ ਦੋਹਰਾ ॥

ਘਾਟ ਵਟਾ ਤੁਮਰਾ ਅਹੇ ਸਦਾ ਜੋਖ ਘਟ ਦੇਤ ॥
ਲੇਤਾ ਹਮਤੇ ਪੂਰ ਕਰ ਅਬ ਹਮ ਪਾਯਾ ਭੇਤ ॥373॥
ਤਿਸ ਕਾ ਭੈ ਮੈ ਡਾਰ ਕੇ ਤੁਮਰੇ ਚਰਨ ਮਨਾਇ ॥
ਨਿਰਭੈ ਮੈ ਮਨ ਹੋਇ ਕੈ ਕਹਯੋ ਬੈਨ ਬਿਗਸਾਇ ॥376॥

॥ ਚੌਪਈ ॥

ਪਾਤਿਸਾਹ ਨਹਿ ਖਫਾ ਹੁਵੀਜੈ ॥ ਤੋਲਿ ਸੁ ਆਪਨ ਪੂਰ ਕਰੀਜੈ ॥
ਘੀਉ ਤਰਜੂ[4] ਲੀਨ ਮੰਗਾਈ ॥ ਸੇਰੁ ਮੰਗਾਵਾ ਔਰੁ ਬਨਾਈ ॥377॥
ਜਬ ਜੋਖਾ ਤਬ ਪੂਰਾ ਹੋਵਾ ॥ ਸਰਬ ਕਚਹਿਰੀ ਨੈਨਹੁ ਜੋਵਾ ॥
ਆਗੇ ਪਾਛੇ ਕਰਿ ਕਰਿ ਤੋਲਾ ॥ ਚੁਗੋਲਨ ਕੇ ਮੁਖ ਲਾਗਾ ਕੋਲਾ ॥378॥
ਸਭ ਨੇ ਤਿਸ ਕੋ ਕਰਾ ਧਿਕਾਰੂ ॥ ਜੁਤਨ ਕੀ ਕੀਨੀ ਬਹੁ ਮਾਰੂ ॥
ਖਿਲਤਿ ਪਾਤਸਾਹੁ ਮੁਹਿ ਦੀਨੀ ॥ ਮੁਖ ਤੇ ਬਾਨੀ ਅਸ ਕਹਿ ਦੀਨੀ ॥379॥
ਫਿਰ ਤਬਾਰ ਜੁ ਇਸ ਕੀ ਕਰੈ ॥ ਪੇਟ ਚਾਖ[5] ਅਪਨੋ ਮਨ ਧਰੈ ॥
ਇਸ ਪ੍ਰਕਾਰ ਮੁਹਿ ਕਰੀ ਸਹਾਇ ॥ ਯਾਂਤੇ ਆਵਾ ਮੈ ਸਰਨਾਇ ॥380॥

---

1. ਮੂਲ ਪੋਥੀ ਧਾਏ 2. ਅ ਪੋਥੀ ਪਾਠਾਂਤਰ : ਜੈਸੇ ਨਰਸੀ ਹੁੰਡੀ 3. ਅ ਪੋਥੀ ਬਹੁ
4. ੲ ਪੋਥੀ ਤਰਾਜੂ 5. ਪੋਥੀ ਚਾਂਖ

॥ ਦੋਹਰਾ ॥

ਭਾਈ ਚੰਦਾ ਹਹਿ ਹੁਤੋ ਸਤਿਗੁਰ ਸੇਵ ਮਝਾਰੁ ॥
ਪੂਰਾ ਘਿਉ ਕਿਸ ਬਿਧ ਭਯੋ ਕਹੋ ਸਿਖ ਬਿਸਤਾਰ ॥381॥

॥ ਚੌਪਈ ॥

ਪਾਨ ਜੋਰੁ ਕਰ ਸਿਖ ਬਖਾਨਾ ॥ ਅਕਨ ਕਰੋ ਭਾਈ ਸਵਧਾਨਾ ॥
ਲੈ ਤਰਾਜੂ ਤੋਲਣਿ ਲਾਗੇ ॥ ਸਾਹਿਬ ਮੇਰੇ ਸਿਰੁ ਪਰ ਰਾਜੇ ॥382॥
ਜਿਸ ਛਾਬੇ ਪਰ ਘੀਉ ਚਰਾਵੈ ॥ [1]ਅੰਗਰੀ ਕਰ[1] ਗੁਰ ਤਰੇ ਦਬਾਵੈ ॥
ਇਹੁ ਭੇਦੁ ਨਹਿ ਕਾਹੂ ਜਾਨਾ ॥ [ਮੈਂ][2] ਦੇਖਾ ਮਨੁ ਅਚਰਜੁ ਠਾਨਾ ॥383॥
ਸੋ ਮੂਰਤਿ ਅਬ[3] ਨੈਨ ਨਿਹਾਰੀ ॥ ਕਾਬਲ ਮੋ ਜਿਨ ਪੈਜ ਸਵਾਰੀ ॥
ਸਰਬ ਸਿਖ ਸੁਨ ਮਨ ਹਰਖਾਏ ॥ ਬਾਰ ਬਾਰ ਗੁਰ ਕੇ ਗੁਨ ਗਾਏ ॥384॥

॥ ਦੋਹਰਾ ॥

ਸਰਬ ਸਿਖਨ ਕੇ ਸੁਨਤ ਹੀ ਕਮਲ ਨੈਨ ਬਚ ਗਾਇ ॥
ਪ੍ਰਥਮੇ ਕਾਜ ਸ਼ਵਾਰਿ ਹੈ ਪਾਛੈ ਬਿਤੰ ਚਢਾਇ ॥385॥

॥ ਚੌਪਈ ॥

ਮਿਹਨਤ ਕਰ ਹਮ ਪੈਸਾ ਲੇਤੇ[4] ॥ ਸਿਖ ਕੇ ਸੰਕਟ ਹਪ ਸਭ ਖੋਤੇ[5] ॥
ਸੇਵਾ ਭਜਨੁ ਕਰੈ ਜੋ ਖਾਈ ॥ ਅੰਤੁ ਕਾਲੁ ਵਹੁ ਮੁਕਤੀ ਪਾਈ ॥386॥
ਨ ਸੇਵਾ ਨ ਭਜਨ ਕਮਾਵੈ ॥ ਗੁਰ ਧਨ ਖਾਇ ਅਧੋਗਤਿ ਜਾਵੈ ॥
ਅਸਿ ਉਪਦੇਸਿ ਕਰ ਗੁਰ ਪੂਰੇ ॥ ਜੋ ਮਾਨੇ ਤਿਸੁ ਮਿਟੇ ਵਿਸੂਰੇ ॥387॥
ਤੀਨ ਨਿਸਾ ਸਿਖ ਰਹਾ ਗੁਰ ਪਾਸਿ ॥ ਬਹੁਰੋ ਚਲਨੇ ਭਯੋ ਉਦਾਸ ॥
ਸਿਰੇਪਾਇ ਸਤਗੁਰ ਤਿਸ ਦੀਆ ॥ ਸੀਸ ਚਢਾਵਨ ਸਿਖ ਨੇ ਕੀਆ ॥388॥
ਲੇ ਨਦੇਸ ਨਿਜ ਭਵਨੁ ਸਿਧਾਰਾ ॥ ਗੁਰਮਤਿ ਪਾਈ ਗੁਰੂ ਦੁਆਰਾ ॥
ਔਰੈ ਗਾਥ ਕਹੋ ਮਨੁ ਲਾਈ ॥ ਜਿਮ ਗੁਰ ਜੀ ਬਰਖਾ ਬਰਖਾਈ ॥389॥

## (ਕਾਨ੍ਹ ਸਿੰਘ ਦੀ ਕਥਾ)

॥ ਦੋਹਰਾ ॥

ਕਾਨ ਸਿੰਘ ਬਾਵਾ ਹੁਤੋ ਸ੍ਰੀ ਗੁਰ ਕਾ ਭਤੀਜ ॥
ਕਰਨ ਸੁਚੇਤਾ ਜਾਤ ਭਾ ਸਾਥ ਸਿੰਘ ਬਹੁ ਕੀਜ ॥390॥
ਜੇਠ ਮਾਸੁ ਕੇ ਦਿਨ ਹੁਤੇ ਢਾਬ ਨੀਰ ਗਾ ਸੂਕ ॥
ਸਫਰੀ ਗਨ ਤਹਿ ਤਰਫਤਾਤ ਰਵਿ ਕ੍ਰਿਨਾਗ ਝੂਕ ॥391॥

॥ ਚੌਪਈ ॥

ਸੰਗਤਿ ਸਿੰਘ ਹੁਤੋ ਸਿਰਦਾਰ ॥ ਜਾਤੋ ਥਾ ਬਾਬੇ ਕੇ ਨਾਰ ॥
ਮਛਲੀ ਦੇਖ ਮਯਾ ਤਿਸ ਆਈ ॥ ਬਾਬੇ ਪ੍ਰੀਤਿ ਤਿਨ ਗਿਰਾ ਅਲਾਈ ॥392॥

---

1. ਅ ਪੋਥੀ ਪਾਠਾਂਤਰ : ਅੰਗਰੁ ਸਾਥ 2. ਅ ਪੋਥੀ ਵਿਚੋਂ 3. ਅ ਪੋਥੀ ਆ 4. ਅ ਪੋਥੀ ਲੇਵੈ
5. ਅ ਪੋਥੀ ਖੋਵੈ

ਗਯਾਨ ਸਹਿਤੁ ਕਛੁ ਹਾਸੰ ਬਿਲ੍ਹਾਸ ॥ ਬਾਬਾ ਜੀ ਸੁਨਹੋ ਅਰਦਾਸੁ ॥
ਰਾਜਾ ਜੁਨਕ ਗਯੋ ਦਰਗਾਹਿ ॥ ਜਾਤ ਭਯੋ ਜਮ ਪੁਰਿ ਕੇ ਰਾਹਿ ॥393॥
ਨਰਕੀ ਜੀਵ ਕਰਤਲ[1] ਕਰਲਾਪੂ ॥ ਜਰਤੁ ਸਦਾ ਨਰਕਨ ਕੇ ਤਾਪੂ ॥
ਭਗਤਿ ਸਮੀਪਤਿ ਸੀਤਲ ਭਏ ॥ ਬਿਲਲਾਵਨ ਤੇ ਚੁਪ ਕੁਰ ਗਏ ॥399॥
ਛਿਨਵੇ ਕਰੋੜੀ ਜਨਕ ਉਧਾਰੇ ॥ ਹਰਿ ਪੁਰਿ ਸੁਖ ਦੀਨੋ ਤਿਨ ਭਾਰੇ ॥
ਤੁਮੰ ਭੀ ਪੋਖਰ ਪਾਸ ਜੁ ਆਏ ॥ ਤਰਫਤ ਜੰਤਨ ਸਾਂਤ ਕਰਾਏ ॥395॥

॥ ਦੋਹਰਾ ॥

ਗੁਰ ਕੇ ਪੋਤੇ ਆਪ ਹੋ ਦੇਵੋ ਮੇਘ ਵਰਾਇ ॥
ਇਨ ਜੀਵਨ ਕੋ ਸਾਂਤ ਹੁਇ ਅਵਰੁ ਜਗਤ ਸੁਖ ਪਾਇ ॥396॥

॥ ਚੌਪਈ ॥

ਸੁਨ ਕਰੁ ਬਾਬੇ ਉਤਰੁ ਦੀਨਾ ॥ ਤੂੰ ਗੁਰਸਿਖੀ ਮੈ ਅਤਿ ਪੀਨਾ ॥
ਹਈ ਬਲ ਤੋ ਦੇ ਬਰਖਾਏ ॥ ਕਹਿ ਅਸ ਬਚ ਬਾਬਾ ਬਿਗਸਾਇ ॥397॥
ਸੰਗਤਿ ਸਿੰਘ ਸੁ ਐਸੁ ਉਚਾਰਾ ॥ ਸਵਿਤੇ ਪਾਸ ਕਹਾ ਹੈ ਤਾਰਾ ॥
ਹੁਇ ਸੁਚੇਤਿ ਹਜੂਰ ਚਲ ਆਏ ॥ ਬੋਲਿ ਨ ਸਕੇ ਰਿਦੇ [ਮਧ][2] ਸੁਕਚਾਏ ॥398॥
ਸਾਰਤ ਆਪਸ ਮੈ ਬਹੁ ਕੀਨੀ ॥ ਕਰੈ ਨ ਅਰਜ ਗੁਰੂ ਡਰ ਕੀਨੀ ॥
ਏਕ ਨਿਹੰਗ ਗਰਜੰ ਕਰ ਬੋਲਾ ॥ ਕਰਦੇ ਸਾਰਤ ਗੁਰ ਤੇ ਓਲਾ ॥399॥
ਕਹਯੋ ਹਜੂਰ ਕਯਾ ਹੈ ਝਗਰਾ ॥ ਹਮੈ ਸੁਨਾਵੋ ਮੋਟੈ ਰਗਰਾ ॥
ਕਹਯੋ ਨਿਹੰਗ ਸੁਨੋ ਮਹਾਰਾਜਾ ॥ ਕਾਰਨ ਕਰਨ ਗਰੀਬੁ ਨਿਵਾਜਾ ॥400॥

॥ ਦੋਹਰਾ ॥

ਹੋਨ ਸੁਚੇਤਾ ਬਾਬਾ ਗਯੋ ਸੰਗਤਿ ਸਿੰਘ ਲੇ ਸਾਥ ॥
ਢਾਬ ਆਬ ਸੁਕ ਕਰ ਗਯੋ ਮੀਨ ਮਰੀ ਬਿਨੁ [3]ਪਾਥ ॥401॥

॥ ਚੌਪਈ ॥

ਸੰਗਤਿ ਸਿੰਘ ਨੇ ਗਿਰਾ ਅਲਾਈ ॥ ਬਾਬੇ ਕਾਨ ਸਿੰਘ ਪ੍ਰਤਿ ਗਾਈ ॥
ਰਾਜੇ ਜਨਕੇ [4]ਗਾਥ ਸੁਨਾਇ ॥ [ਦੇਵੋ ਵਰਖਾ ਤੁਮ ਵਰਖਾਇ][5] ॥402॥
ਸੁਨ ਹਜੂਰੰ ਇਮ ਬਚਨ ਸੁਨਾਏ ॥ ਕਾਨ ਸਿੰਘ ਗੁਰ ਅੰਸ ਕਹਾਏ ॥
ਛਾਗ ਹੇਤ ਪਿਤ ਪਿੰਡੁ ਜਰਾਵਾ ॥ ਏ ਭੀ ਦੇਵੈ ਮੇਘੁ ਬਰਖਾਵਾ ॥403 ॥

॥ ਦੋਹਰਾ ॥

ਸੁਨ ਕਰ ਬਚਨ ਹਜੂਰ ਕੇ ਮਨ ਮੋ ਲਾਜ ਬਸਾਇ ॥
ਮੋਨ ਠਾਨ ਚੁਪ ਹ੍ਵੈ ਰਹਯੋ ਹਾਥ ਜੋਰੁ ਸਿਰਨਾਇ ॥404॥

---

1. ਅ ਪੋਥੀ ਕਰਤ 2. ਅ ਪੋਥੀ ਵਿਚੋਂ 3. ਮੂਲ ਪੋਥੀ ਚ ਬਿਨ 4. ਅ ਪੋਥੀ ਜਨਕ ਕੀ
5. ਅ ਪੋਥੀ ਵਿਚੋਂ

ਹੋਆ ਹੁਕਮ ਹਜੂਰਿ ਕਾ ਲਾਵੋ ਤੰਬੂ ਬਨਾਇ ॥
ਸਿੰਘ ਬਨਾਵਨ ਪਾਇਲਾ ਮੇਘ ਪਰੇ ਅਬ ਆਇ ॥405॥

॥ ਚੌਪਈ ॥

ਬਾਬੇ ਮੀਨਾ ਦੇ ਜਿਵਾਈ ॥ ਬਾਬਾ ਹਮਰੀ ਸੇਵ ਕਮਾਈ ॥
ਅਮਲੁ ਅਕਾਸੁ ਹੁਤੋ ਬਿਨੁ ਬਾਦਰ ॥ ਕਾਰਨ ਕਰਨ ਸਬਲ[1] ਗੁਰ ਕਾਦਰ ॥406॥
ਛਿਨ ਮੈ ਉਮਡ ਜਲਜ ਘਟ ਆਈ ॥ ਵਰਖਾ ਭੀ ਸਫਰੀ ਸਿਤਲਾਈ ॥
ਪੋਖਰ ਢਾਬਾਂ ਤਾਲ ਭਰ ਗਏ ॥ ਏਕ ਘਟੀ ਜਿਹ ਤਿਹ ਜਲ ਭਏ ॥407॥
ਮਿਟਾ ਦੁਕਾਲ ਸਮਾ ਸਰਸਾਨਾ ॥ ਜੜ ਚੇਤਨ ਸਭ ਭੇ ਹਰਖਾਨਾ ॥
ਨਰ ਨਾਰੀ ਗੁਰ ਕਾ ਜਸੁ ਗਾਵੈ ॥ ਦਰਸੈ ਮੂਰਤ ਬਲ ਬਲ ਜਾਵੈ ॥408॥

॥ ਦੋਹਰਾ ॥

ਤਜ ਮਨ ਕਪਟ ਜੰਜਾਲੁ ਸਭ ਗੁਰ ਕੇ ਚਰਨ ਮਨਾਇ ॥
ਜਪੁ ਤਪੁ ਬ੍ਰਿਤ ਨਹਿ ਹੋਵਈ ਵਾਹਿਗੁਰੂ ਮੁਖ ਗਾਇ ॥409॥

**(ਪ੍ਰੇਮ ਸਿੰਘ ਦੀ ਕਥਾ)**

ਪ੍ਰੇਮ ਸਿੰਘ ਇਕ ਸਿਖ ਹੁਤੋ ਆਵਾ ਦਰਸਨੁ ਕਾਜ ॥
ਦ੍ਵੈ[2] ਮੁਹਰਾਂ ਭੇਟਾ ਧਰੀ ਬੇਦੀ ਕੁਲ ਸਿਰਤਾਜ ॥410॥

॥ ਚੌਪਈ ॥

ਜਬ ਹਜੂਰ ਜੁਗ ਮੁਹਰਾਂ ਰਾਖੀ ॥ ਦਿਖ ਸਾਹਿਬ ਤਬੁ ਬ੍ਰਾਨੀ ਭਾਖੀ ॥
ਕੈਸਿ ਅਸਰਫੀ ਆਨ ਚਢਾਈਂ ॥ ਕਰੋ ਸਾਚ ਨਹਿ ਮਿਥਿਆ ਰਾਈ ॥411॥
ਗੁਰ ਜੀ ਤੁਮਰੀ ਸੁਖਨਾ ਕੀਨੀ ॥ ਯਾਂਤੇ ਭੇਟ ਚਢ੍ਹਾਇ ਸੁ ਦੀਨੀ ॥
ਗੁਰੂ ਕਹਯੋ ਨਹਿ ਮਿਥਿਆ ਬੋਲ ॥ ਧਾੜੇ ਮੁਹਰਾ ਤੇਰੇ ਕੋਲ ॥412॥
ਪਹੁਚ ਉਜਾਰ ਨਿਰਬਲ[3] ਡਰਾਯਾ ॥ ਦਰੁਬ ਖੋਸਿ ਨਿਜ ਪਾਸ ਛਪਾਯਾ ॥
ਸੁਨ ਗੁਰਬਾਨੀ ਲਜਤ੍ਰ ਹੋਵਾ ॥ ਨੈਨ ਨਿਵਾਯ ਨ ਊਚੇ ਜੋਵਾ ॥413॥
ਕਮਰ ਫੁਲਾਹਿ ਜਬੈ ਪ੍ਰਭ ਦੇਖੀ ॥ ਏਕ ਸੌ ਪੰਦ੍ਰਾ ਗਨੀ ਪਰੇਖੀ ॥
ਕਹਤ ਭਯੋ ਗੁਰ ਸਭ ਹੀ ਲੀਜੈ ॥ ਭੂਲਿ ਛਿਮਾਪਨ ਮੇਰੀ ਕੀਜੈ ॥414॥
ਸੁਨ ਕਰ ਸਾਹਿਬ ਉਤਰੁ ਦੀਆ ॥ ਰਖੁ ਤੂ ਹੀ ਜਿਸ ਅੰਸ ਅਘ ਕੀਆ ॥
ਇਹੁ ਫਲੁ ਪਾਵੈਗਾ ਪਰਲੋਕੂ ॥ ਉਠਾਵੋ ਮੁਹਰਾ ਜਾਵੋ ਓਕੂ ॥415॥

॥ ਦੋਹਰਾ ॥

ਗੁਰਬਾਨੀ ਕੌ ਅਕਨ ਕਰੁ ਮਨ ਮੈ ਵੱਡ ਭੈ ਧਾਰੁ ॥
ਤ੍ਰਾਹਿ ਤ੍ਰਾਹਿ ਰਖਯਾ ਕਰੋ ਕੀਜੈ ਭਵ ਤੇ ਪਾਰ ॥416॥

---

1. ਅ ਪੋਥੀ ਸਬਲ 2. ਅ ਪੋਥੀ ਜੁਗ 3. ਅ ਪੋਥੀ ਨਰ ਏਕ 4. ਇ ਪੋਥੀ ਵਿਚ ਇਸ ਤੋਂ ਅਗੇ ਦੋਹਰਾ ਵਾਧੂ ਹੈ : ਸਤਗੁਰ ਤੁਮ ਸਮਰਥ ਹੋ ਮਾਰਨ ਰਾਖਨ ਹਾਰ ॥
ਕ੍ਰਿਪਾ ਕਰਿ ਕੈ ਬਖਸੋ ਮੋਹਿ ਹਮ ਮੂਰਖ ਗਾਵਾਰ ॥

॥ ਚੌਪਈ ॥

ਭੂਲ ਛਿਮਾਵਨ ਗੁਰ ਜੀ ਕੀਜੈ ॥ ਸੂਧੇ ਮਾਰਗ ਪਾਵ ਸੁ ਦੀਜੈ ॥
ਕਮਲ ਨੈਨ ਸੁਨ ਗਿਰ ਅਲਾਈ ॥ ਸੰਤੋਇ[1] ਤਯਾਗੋ ਬਡ ਦੁਖਦਾਈ ॥417॥
ਏਕੁ ਔਰੁ ਸਿਖਯਾ ਤੁਹਿ ਦੈ ਹੈਂ ॥ ਜਾਤੇ ਸਰਬ ਸੁਖ ਤੂ ਪੈ ਹੈਂ ॥
[2]ਪਰ ਤਨ ਪਰ ਧਨ[2] ਮਿਥਿਆ ਜਾਨੋ ॥ ਵਾਹਿਗੁਰੂ ਸਿਮਰੰਨ ਸਤ ਮਾਨੋ ॥418॥
ਸੰਤਨ ਸੇਵਾ ਕਰੋ ਬਨ੍ਹਾਇ ॥ ਜਿਨ ਬਚਨਨ ਤੇ ਪਰਮ ਪਦਿ ਪਾਇ ॥
ਸਤ ਸੰਤੋਖ ਸਦਾ ਮਨ ਧਾਰੋ ॥ ਪਰ ਕਾ ਬੁਰਾ ਨ ਰਿਦੇ ਚਿਤਾਰੋ ॥419॥
ਮਨੁ ਅਪੁਨੇ ਕੌ ਨੀਵਾ ਰਾਖੋ ॥ ਮਧੁਰ ਗਿਰਾ ਮੁਖ ਤੇ ਸਦ ਭਾਖੋ ॥
ਅਕਾਲ ਪੁਰਖ ਕੋ ਜਾਨੋ ਈਠਾ ॥ ਜਗਤ ਓਰ ਤੇ ਦੇਵੋ ਪੀਠਾ ॥420॥

॥ ਦੋਹਰਾ ॥

ਅਸਨ ਬਸਨ ਭੂਖਨ ਦਰਬ ਲੀਜੈ ਤਰਲ ਕ੍ਰਿਕਾਨ ॥
ਪ੍ਰੇਮ ਸਿੰਘ ਮੁਹਿ ਪਾਸ ਰਹੁ ਜਨਮ ਮਰਨ ਹੁਇ[4] ਹਾਨ ॥421॥

॥ ਚੌਪਈ ॥

ਸਤ ਬਚਨੁ ਕਹਿ ਪਾਸ ਰਹਾਵਾ ॥ ਦਸ ਸਿੰਘਨ ਕਾ ਜਥਾ ਬਨਾਵਾ ॥
ਹਾਥ ਜੋਰੁ ਤਿਸ ਬਿਨੇ ਬਖਾਨੀ ॥ ਮੁਹਰਾ ਕਿਸ ਦੇਵੋ ਸੁਖਦਾਨੀ ॥422॥
ਕਹਯੋ ਗੁਰੂ ਹਮ ਤੋ ਨਹਿ ਲੇਤੇ ॥ ਨ ਅਤ੍ਰ ਔਰ ਕਿਸੀ ਕਉ ਦੇਤੇ ॥
ਤੋਸੇਖਾਨੇ ਰਖੋ ਬਨਾਇ ॥ ਮਾਲਕ ਲੇਵੈ ਮੁਹਰਾ ਆਇ ॥423॥
ਸਾਹਿਬ ਕੀ ਆਇਸ ਉਰ ਧਰੀ ॥ ਮੁਹਰਾਂ ਗਿਨੁ ਕਰ ਤੋਸੇ ਧਰੀ ॥
ਬਹੁਤ ਕਾਲ ਗੁਰ ਸਾਥ ਬਿਤਾਯਾ ॥ ਮੁਹਰਾ ਵਾਲਾ ਨਾਂਉ ਸਦਾਯਾ ॥424॥

(ਬਾਬਾ ਸਾਹਿਬ ਸਿੰਘ ਨੇ ਰਾਮਨਗਰ ਜਾਣਾ)

ਰਾਮ ਨਗਰ ਮੈ ਜਬ ਗੁਰ ਗਏ ॥ ਸਾਧ ਸੰਗਤ ਚਲ ਦਰਸਨ ਕਏ ॥
ਸਰਬ ਨਗਰ ਮਨ ਭਇਆ ਅਨੰਦੂ ॥ ਜਿਮ ਚਕੋਰ ਪਿਖ ਪੂਰਨ ਚੰਦੂ ॥425॥

॥ ਦੋਹਰਾ ॥

ਸੁਨਯੋ ਵਜੀਰਾਵਾਦ ਮੈ ਜੋਧ ਸਿੰਘ ਸਿਰਦਾਰੁ ॥
ਦਰਸਨ ਕਰਨ ਹਜੂਰ ਕਾ ਆਯੋ ਹਿਤ ਚਿਤ[5] ਧਾਰ ॥426॥

॥ ਚੌਪਈ ॥

ਵਡ ਦਿਵਾਨ ਸਭ ਪੈਂਚ ਬਿਰਾਨੇ ॥ ਸਤਿਗੁਰ ਸਾਹਿਬੁ ਬਚਨ ਬਖਾਨੇ ॥
ਮੁਹਰਾ ਕਿਸ ਕੀ ਚੋਰਿ ਖਸੋਟੀ ॥ ਤ੍ਰਿਨ ਲੀਨੀ ਮਨ ਗੁਰ ਕੀ ਓਟੀ ॥427॥
ਸੁਖਨਾ ਹਮਰੀ ਦੇਇ ਚੁਕਾਇ ॥ ਮੁਹਰਾ ਅਪਨੀ ਲੇਹ ਗਨਾਇ ॥
ਰਾਮ ਸਰਾਫ ਕਹਯੋ ਕਰੁ ਜੋਰੁ ॥ ਮਿਲਖੀ ਦਾਸ ਸਿਖ ਗੁਰ ਤੋਰ ॥428॥

---

1 ਅ ਪੋਥੀ ਸਤ ਏ 2. ਅ ਪੋਥੀ ਪ ਠਾਤਰ : ਪਰ ਤਨ ਧਨੁ ਇਹ 4. ਅ ਪੋਥੀ-ਭਵ
5. ਦ ਪੋਥੀ ਸਰਧਾ

ਸਹਰ ਸੋਧਰੇ ਪਰੇ ਉਜਾਰ ।। ਮਿਲਾ ਸਿੰਘ ਤਾਕੋ ਬਟਪਾਰ ।।
ਕਹਯੋ ਗੁਰੂ ਉਸ ਕੋ ਸਦਵਾਵੋ ।। ਗਯੋ ਦਰਬੁ ਦੈ ਸੋਕ ਮਿਟਾਵੋ ।।429।।
ਪਠ ਮਾਨਵ ਸੋ ਬੇਗਿ ਮਿਲਾਵਾ ।। ਸਹਿਤ ਪ੍ਰਵਾਰ ਤਤੁਕਾਲੈ ਆਵਾ ।।
ਦੁਸ ਦੁਮਰੇ ਰਖ਼ ਸੀਸ ਨਿਵਾਯੋ ।। ਕਰ ਗੁਰੁਦਰਸ ਬਡੋ ਸੁਖ ਪਾਯੋ ।।430।।
ਰਾਮੁ ਸਰਾਫ਼ ਸਾਹਦੀ ਭਰੀ ।। ਇਸ ਦੀ ਗੁਰ ਜੀ ਮੁਹਰਾ ਹਰੀ ।
ਕਹਯੋ ਹਜ਼ੂਰਿ ਕਿਤੀ ਹੈ ਮੁਹਰਾਂ ।। ਉਨ ਉਚਰਯੋ ਜੀ ਇਕ ਸੌ ਪੰਦਰਾਂ ।।431।।
ਹਸ ਕਰ ਗੁਰ ਜੀ ਗਿਰਾ ਅਲਾਈ ।।[1] ਦੇਹੀ ਤੇਰੀ[1] ਪੁਸ਼ਟ ਦਿਖ਼ਾਈ ।।
ਲੇਨਾ ਥਾ ਤਿਸ ਤਰੇ ਦਬਾਇ ।। ਮੁਹਰਾ ਸੁਜਸੁ ਜੁਗਮ ਜਗ ਪਾਇ ।।432।।

।। ਦੋਹਰਾ ।।

ਗੁਰ ਕੀ ਬਾਨੀ ਅੰਕਨ ਕਰਿ ਸਭ ਦਿਵਾਨ ਹਸਿ ਪਾਇ ।।
ਸੀਸ ਨ੍ਹਾਇ ਮਿਲਖੀ ਕਹਯੋ ਮੈ ਤਾਂ ਪ੍ਰਾਨ ਬਚਾਇ ।।433।।

।। ਚੌਪਈ ।।

ਪ੍ਰੇਮ ਸਿੰਘ ਕੌ ਗੁਰੂ ਬੁਲਾਵਾ ।। ਇਸ ਕੀ ਮੁਹਰਾ ਤੂ ਲੈ ਧਾਵਾ ।।
ਕਹਤ ਭਯੋ ਸਮਸੇਰ ਦਿਖਾਈ ।। ਮੁਹਰਾ ਸੁਟ ਇਹਿ ਚਲਾ ਪਰਾਈ ।।434।।
ਪੰਚ ਸੁ ਸੰਗਤ ਔਰ ਸਿਰਦਾਰੁ ।। ਸਭੁ ਦੇਖਤ ਤਿਸ ਦੀਨ ਦੀਨਾਰ ।।
ਇਕ ਸੌ ਪੰਦਰਾਂ ਗਿਨ ਕਰ ਦੀਨੀ ।। ਮਿਲਖੀ ਮਨ ਭਾ ਹਰਖ ਨਵੀਨੀ ।।435।।
ਪੰਜੀ ਮੁਹਰ ਹਜੂਰ ਚਢਈ ।। ਸਤਿਗੁਰ ਸਾਹਿਬ ਏਕੁ ਨ ਲਈ ।।
ਮੈ ਚਾਹਤਾ ਤੌ ਸਭ ਹੀ ਰਾਖਤ ।। ਤੁਮ ਕੌ ਦੇਣੀ ਕਦੇ ਨ ਭਾਖਤ ।।436।।
ਸੁਖਨਾ ਦਮੜੇ ਦਸ ਚਢਾਏ ।। ਅੰਮ੍ਰਿਤ ਕਰ ਹਮ[2] ਲੰਗਰ ਪਾਏ ।।
ਕਾਰਜ ਪੂਰਾ ਸਿਖ ਕਰ ਦੇਵੈ ।। ਪਾਛੇ ਤਿਸ ਤੇ ਭੇਟਾ ਲੇਵੈ ।।437।।

।। ਦੋਹਰਾ ।।

ਐਸੇ ਬਚਨੁ ਗੁਰ ਕੇ ਸੁਨੇ ਧੰਨੁ ਧੰਨੁ ਕਹਿ ਬੈਨ ।।
ਬਾਰ ਬਾਰ ਬੰਦਨ ਕਰੀ ਭਾ ਜਿਨ ਕੇ ਮਨ ਚੈਨ ।।438।।
ਨਗਰ ਬੀਚ ਤੇ ਅਵਰੁ ਨਰੁ ਆਵਾ ਗੁਰੂ ਹਜੂਰ ।।
ਪੰਜੀ ਰੁਪੀਏ ਭੇਟ ਧਰੁ ਲਾਈ ਮਸਤਕੁ ਧੂਰਿ ।।439।।

।। ਚੌਪਈ ।।

ਚੰਦ ਬਦਨੁ ਗੁਰ ਗਿਰਾ ਅਲਾਈ ।। ਕੈਸੇ ਦਮਰੇ ਧਰੇ ਬਨਾਈ ।।
ਪਾਨ ਜੋਰ ਕਰਿ ਸਿਖ ਬਖਾਨਾ ।। ਅਰਜੀ ਸੁਨੀਏ ਸੁਭ ਗੁਨ ਖਾਨਾ ।।440।।

---

1. ਅ ਪੋਥੀ ਪਾਠ-ਤਰ : ਸਰੀਰ ਤਾਂ ਤੇਰਾ
2. ਅ ਪੋਥੀ

ਨਿਸ ਕੋ ਚੋਰਨ ਸੰਨ ਲਗਾਈ ॥ ਸੋਇ ਰਹੇ ਹਮ ਸੁਧ ਨਹਿ ਕਾਈ ॥
ਬਸਤ੍ਰ[1] ਭੂਖਨ ਰੋਕ ਰੁਪੈਯੇ ॥ ਗਿਣ ਕਰਿ ਲੇਖਾ ਕਹਾਂ ਸੁਨੈਯੇ ॥441॥
ਪਾਛੇ ਹਮ ਕੋ ਆਈ ਜਾਗ ॥ ਜਾਨ ਅਪਨੇ ਹਮ ਮੰਦ ਭਾਗ ॥
ਹਾਥ ਜੋਰ ਮੈ ਤੁਮੈ ਅਰਾਧਾ ॥ ਸਤਿਗੁਰ[2] ਮੇਰੀ ਮੇਟੋ[2] ਬਾਧਾ ॥442॥
ਪੰਝੀ ਰੁਪੇਯੇ ਸੁਖਨਾ ਕੀਨ ॥ ਕਰੋ ਸਹਾਇਤਾ ਗੁਰੂ ਪਰਬੀਨ ॥
ਦੋਇ ਘਟੀ ਜਬ ਰੈਨ ਰਹਾਈ[3] ॥ ਅਏ ਚੋਰ ਫਿਰ ਪੋਟ ਉਠਾਈ ॥443॥
ਹਮਰੇ ਮਨ ਬਡ ਅਚਰਜ ਧਾਵਾ ॥ ਬਿਨ ਪਕਰੇ ਤੁਮ ਆਪੇ ਆਵਾਂ ॥
ਸੁਨ ਕਰ ਚੋਰਨ ਐਸ ਬਖਾਨਾ ॥ ਨਾ ਆਵਤ ਤੋ ਜਾਵਤ ਪ੍ਰਾਨਾ ॥444॥

॥ ਦੋਹਰਾ ॥

ਸਾਵਾ ਨੇਜਾ ਪਾਨ ਜਿਸੁ [ਹੈ][4] ਦਾੜਾ ਜਿਸੇ ਸੁਫੇਤੁ ॥
ਚੀਨਾ ਘੋੜਾ ਜਿਸ ਤਲੈ ਧਰੁ ਧਰੁ ਮਾਰੇ ਬੈਤ ॥445॥

॥ ਚੌਪਈ ॥

ਤਿਸ ਨੇ ਹਮ ਕੋ ਅਤਸੈ ਤਾੜਾ ॥ ਮਿਲ ਗਾ ਹਮ ਕੋ ਬੀਚ ਉਜਾੜਾ ॥
ਹਾੜੇ ਹਾੜੇ ਹੈ ਹਮ ਤੇਰੇ ॥ ਜਬ ਹੁਇ ਦੀਨ ਬਚਨ ਅਸ ਟੇਰੇ ॥446॥
ਤਬ ਤਿਸ ਨੇ ਅਸ ਗਿਰਾ ਅਲਾਈ ॥ ਜਿਸ ਕੀ ਵਥੁ ਤਿਸ ਦੇਵੋ ਜਾਈ ॥
ਸੋ ਹਮ ਕੌ ਧਰਿ ਆਗੇ ਲਯਾਂਵਾਂ ॥ ਸਦਨ ਤੁਮਾਰੇ ਦੀਨ ਪੁਚਾਵਾ ॥447॥
ਅਪੁਨੀ ਵਥ ਸੁਮਾਰਿ ਸੁ ਲੇਵੋ ॥ ਖਾਨ ਹਿਤ ਹਮ ਕੌ ਕੁਛ ਦੇਵੋ ॥
ਹਮਰੀ ਭੂਲ ਛਿਮਾ ਕਰਿ ਲੀਜੈ ॥ ਜਾਵੈ ਹਮ ਅਬ ਦੇਰੁ ਨ ਕੀਜੈ ॥448॥
ਅਸਨ ਦੈ[5] ਹਮ ਤਿਸ ਕੌ ਤੋਰਾ ॥ ਰਾਵਰ ਜਸ ਗਾਵੈ ਨਿਸ ਭੋਰਾ ॥
ਦਮੜੇ ਪੰਝੀ ਸੁਖਨਾ ਆਂਦੇ ॥ ਰਾਵਰ ਮਹਿਮਾਂ ਸੁਨ ਬਿਗਸਾਂਦੇ ॥449॥

॥ ਦੋਹਰਾ ॥

ਸੁਨ ਸੁਨ ਮਹਿਮਾਂ[6] ਗੁਰੂ ਕੀ ਭਏ ਸਿਖ ਬਹੁ ਆਇ ॥
ਮਨ ਮੈ ਮਨਸਾ ਜੋ ਧਰੈ ਦੇਵੈ ਗੁਰੂ ਪੁਜਾਇ ॥450॥

॥ ਚੌਪਈ ॥

ਘੋੜਿ ਚੜਾ ਸਿਖ ਆਯੋ ਪਾਸੂ ॥ ਧਰ ਦਮੜਾ ਕੀਨੀ ਅਰਦਾਸੂ ॥
ਗੁਰੂ ਜੀ ਮੋਕੇ ਸੇਵਕੁ ਜਾਨੋ ॥ ਬਿਨੁ ਤੁਮਰੇ ਨਹਿ ਮਾਨੋ ਆਨੋ ॥451॥
ਸੁਨ ਕਰਿ ਸਾਹਿਬੁ ਬੈਨ ਬਖਾਨਾ ॥ ਧੰਨਯ ਸਿਖ ਤੂੰ ਪ੍ਰੀਤੀਵਾਨਾ ॥
ਸੁਖਨਾ ਗਯਾਰਾ ਦੀਨਾ ਏਕ ॥ ਗੁਰ ਸਿਖੀ ਕੀ ਰਾਖੀ ਟੇਕ ॥452॥

1. ਅ ਪੋਥੀ ਚੀਰ ਸੁ
2. ਅ ਪੋਥੀ ਪਾਠਾਂਤਰ : ਡਾਕੂ ਲਯਾਵੋ
3. ਅ ਪੋਥੀ ਬਿਹਾਈ
4. ੲ ਪੋਥੀ ਵਿਚੋਂ
5. ਅ ਪੋਥੀ ਦੀਨ
6. ਅ ਪੋਥੀ ਕੀਰਤਿ,

ਕਹਤ ਸੁਗਮ ਬਚ ਕਠਨਿ ਨਿਬਾਹਨ ॥ ਐਸੇ ਗੁਰ ਜੀ ਦੀਨ ਉਰਾਹਨ ॥
ਪੂਰਾ ਕਾਜ ਹਮ ਦੇਤ ਸਵਾਰ ॥ ਚੇਵਨ ਸਮੇ ਹੋਤ ਲਾਚਾਰ ॥453॥

॥ ਦੋਹਰਾ ॥

ਸਹਰ ਵਜੀਰਾਵਾਦ ਮੈ ਸੁਖਯਾ ਮਿਲੇ ਗਿਰਾਉ ॥
ਰੋਕਰੁ ਪੈਸੇ ਏਕ ਦਸ ਜਾਇ ਹਜੂਰ ਚਢਾਉ ॥455॥
ਸਿਖ ਕਹਯੋ ਜੀ ਸਾਚ ਹੈ ਆਪ ਕਰਾਯੋ ਯਾਦ ॥
ਗਯਾਰਾ ਲੀਜੈ ਨਕਦ ਅਬ[1] ਪੰਜ ਅਬ[1] ਪ੍ਰਸਾਦ ॥455॥
ਹਾਥ ਜੋਰੁ ਬਖਸਾਇਓ ਦੀਨੀ ਗੁਰ ਚਸਤਾਰ ॥
ਜਸ ਗਾਵਤੁ ਨਿਜ ਭਵਨ ਗਾ ਹੋਵਾ ਭੰਵ ਤੇ ਪਾਰ ॥456॥

॥ ਚੌਪਈ ॥

ਸੰਗਤਿ ਚਲਿ ਚਲਿ ਦਰਸਨੁ ਆਵੈ ॥ ਓਟਾ ਧਰੁ ਧਰੁ ਮਨੁ ਹਰਖਾਵੈ ॥
ਸਦਾ ਕੌਰ ਕੇ ਮਾਨੁਵ ਆਏ । ਧਰਿ ਅਰਜੀ ਤਿਨ ਸੀਸ ਨਿਵਾਏ ॥457॥
ਅਰਜੀ ਖੋਲਿ ਬ੍ਰਚਾਈ ਗੁਰ ਜੀ ॥ ਜਿਸ ਮੈ ਬਿਨਤੀ ਅਤਸੈ ਸੁਰਜੀ ॥
ਸਤਿਗੁਰ ਮੋ ਕੋ ਦਾਸੀ ਜਾਨੋ ॥ ਅਰਜੀ ਏਕੁ ਜਰੂਰ ਪ੍ਰਮਾਨੋ ॥458॥
ਊਧੋਵਾਲੀ ਲੀਜੈ ਸੁਾਮੀ ॥ ਸਭ ਘਾਟ ਵਾਸੀ ਅੰਤਰੁਜਾਮੀ ॥
ਕੋਟਿ ਬ੍ਰਹਮੰਡੁ ਆਪ ਦਾਤਾਰ ॥ [2]ਤੁਮਰਾ ਪਾਯਾ ਜਾਇ ਨ ਪਾਰ[2] ॥459॥

॥ ਦੋਹਰਾ ॥

ਕਰਮਾ ਬਾਈ ਕੀ ਖੀਚਰੀ ਜਿਮ ਖਾਈ ਹਿਤੁ ਲਾਇ ॥
ਤੈਸੈ ਮੋ ਪਰ ਮਯਾ ਕਰੁ ਲਯੋ ਜਗੀਰ ਹਰਖਾਇ ॥460॥
ਕਰਨਾ ਕਰ ਗੁਰ ਜੀ ਲਈ ਤਿਸ ਕੀ ਪ੍ਰੀਤੁ ਨਿਹਾਰ ॥
ਕੂਚ ਕਰਾ ਤਿਹ ਜਾਤ ਭੇ ਊਧੋ ਵਾਲੀ ਬਾਰ ॥461॥

॥ ਚੌਪਈ ॥

ਬੀਚ ਦੁਰਗ ਗੁਰੂ ਠਾਣਾ ਪਾਵਾ ॥ ਦੇਰਾ ਦੀਨੋ ਪਾਸ ਲਗਾਵਾ ॥
ਸੁਨ ਸੁਨ ਸੰਗਤ ਆਈ ਧਾਈ ॥ ਜਿਮ ਤ੍ਰਿਖਾਤੁਰ ਨੀਰ ਤਕਾਈ ॥462॥
ਫੇਰਿ ਪੁਰਾਤਮ ਬਾਰ ਸਮਾਰੀ ॥ ਸੋਭਾ ਜਾਵੈ ਸਦ[3] ਬਲਿਹਾਰੀ ॥
ਕੌਤਕਿ ਗੁਰ ਕੇ ਕੌਨ[4] ਬਖਾਨੇ ॥ ਸੇਸ ਸਾਰਦਾ ਅੰਤ ਨ ਜਾਨੇ ॥463॥
ਕੌਇਕੁ ਦਿਨ ਗੁਰ ਤਹਾਂ ਬਿਰਾਜੇ ॥ ਆਵੈ ਸੰਗਤਿ ਦਰਸਨ ਕਾਜੇ ॥
ਬਾਰ ਦੇਸ ਸਭ ਭਯੋ ਅਤਿ ਪਾਵਨ ॥ ਗੁਰ ਕਿਰਪਾ ਤੇ ਭਯੋ ਸੁਹਾਵਨ ॥464॥

---

1. ਅ ਪੋਥੀ ਪਾਠਾਂਤਰ: ਪੰਜਨ ਕਾ
2. ੲ ਪੋਥੀ ਪਾਠਾਂਤਰ: ਕੋਇ ਨ ਪਾਇ ਸਕੇ ਤੁਮ ਪਾਰ
3. ੲ ਪੋਥੀ ਗੁਪ ਕੇ
4. ੲ ਪੋਥੀ ਕਵਨ

## (ਸਿਰਦਾਰਾਂ ਦੀ ਕਮੀਨਗੀ)

ਸੁਭ ਸਰਦਾਰਨ ਮਤਾ ਪਕਾਯਾ ॥ ਭਟੀਅਨ ਕੌ ਤਿਨ ਖਤ[1] ਪਠਾਯਾ ॥
ਬਾਰ ਦੇਸੁ ਸਭ ਤੁਮ ਮਿਲ ਜਾਵੋ ॥ ਧਾੜ ਇਕਤ੍ਰ ਹੁਇ ਨਿਸ ਮਧੁ[2] ਆਵੋ ॥465॥
ਗੁਰ ਕੌ ਪਕੜ੍ਹੋ ਦੇਰਾ ਲੂਟੋ ॥ ਜੋ ਕੋ ਭਿੜ੍ਹੈ ਤਿਸੇ ਮਹਿ ਕੂਟੋ ॥
ਲੂਟ ਕੂਟ ਗੁਰ ਕੋ ਜੋ ਮਾਰੋ ॥ ਬਾਰ ਦੇਸ ਖਾਵੋ ਤੁਮ ਸਾਰੋ ॥466॥

॥ ਦੋਹਰਾ ॥

ਸਿਰੋਪਾਇ ਹਮ ਤੇ ਲਵੋ ਦੇਵੈ ਦਰਬ ਅਪਾਰੁ ॥
ਹਮਰੀ ਤੁਮਰੀ ਮਿਤ੍ਰਤਾ ਨਿਸਚੈ ਕੀਜੈ ਕਾਰ ॥467॥

॥ ਚੌਪਈ ॥

ਮਹਾ ਸਿੰਘ ਸੁਤ ਪਰ ਇਨ ਕਰਨਾ ॥ ਜਿਸ ਨੇ ਲੀਨੋ ਇਨ ਪਗ ਪਰਨਾ ॥
ਅਬ ਲੌ ਅਲਪ ਸੈਨ ਹੈ ਇਨ ਕੀ ॥ ਨਿਸ ਦਿਨ ਚਿੰਤਾ ਹਮ ਕੌ ਜਿਨ ਕੀ ॥468॥
ਜੋ ਸਰਕਾਰ ਚਲ ਇਨ ਪਹਿ ਆਈ ॥ ਤੁਮ ਕੌ ਲੂਟੇ ਦੇਰ ਬਿਹਾਈ ॥
ਸਰਬ ਉਪਾਧ ਮੂਲ ਗੁਰ ਜਾਨੋ ॥ ਇਨ ਕਾ ਦੇਰ ਨ ਕੀਜੈ ਹਾਨੋ ॥466॥
ਗੁਰ ਸੰਨ ਬੈਰ ਤੁਰਕ ਸਨ ਖੈਰ ॥ ਚਾਹੈ ਮੂਰਖੁ ਅਪਨੀ ਖੈਰੁ ॥
ਦੇਵ ਤਰੂ ਵਤ ਸਤਗੁਰ ਆਹੀ ॥ ਜੋ ਚਿਤਵੈ ਹੈ ਸੋ ਫਲੁ ਪਾਈ ॥470॥

॥ ਦੋਹਰਾ ॥

ਜਿਨ ਭੂਪਨ ਕੀ ਈਰਖਾਂ ਮਹਾਂ ਸਿੰਘ ਸੁਤ ਨਾਲ ॥
ਤਿਨ ਨੇ ਪ੍ਰੇਰੇ ਜਣ ਸਕਲ ਕੀਨੋ ਵਡੋ ਕੁਢਾਲ ॥471॥

॥ ਚੌਪਈ ॥

ਆਯਤ ਜਮਨਿ ਭਏ ਇਕ ਠੌਰੇ ॥ ਈਸਰ ਮਾਯਾ ਕੀਨੋ ਬੌਰੇ ॥
ਗੁਰ ਕੀ ਗਾਥ ਸੁਨੋ ਮਨਿ ਲਾਈ ॥ ਅੰਤਰਿਜ਼ਾਮੀ ਸੁਭ ਲਖ ਪਾਈ ॥472॥
ਦਿਵਾਨ ਮਧੁ ਸਤਿਗੁਰ ਬਖਾਨਾ ॥ ਸੁਨੋ ਖਾਲਸਾ ਹੁਇ ਸਵਧਾਨਾ ॥
ਨਿਸ ਕੌ ਮੇਘ ਵਡੋ ਵਰਖਾਈ ॥ ਬਿਜਲੀ ਚਮਕੈ ਵਾਰ ਨ ਪਾਈ ॥473॥
ਜਾਨੂੰ ਜਾਨੂੰ ਜਲ ਹੁਇ ਜਾਵੈ ॥ ਸਭ ਪਰਜਾ ਦੁਖ ਅਤਸੇ ਪਾਵੈ ॥
ਸੁਨ ਕਰ ਸੰਗਤ ਸਿੰਘ ਬਖਾਨਾ ॥ ਕੈਸਾ ਬਚਨ ਭਨਾ ਸੁਖਦਾਨਾ ॥474॥
ਐਸੀ ਵਰਖਾ ਦੇਹੁ ਹਟਾਈ ॥ ਜਾਤੇ ਪਰਜਾ ਅਤਿ ਦੁਖੁ ਪਾਈ ॥
ਕਹਯੋ ਹਜੂਰ ਸੰਗਤਿ ਸਿੰਘ ਸੁਨੋ ॥ ਬੇਈਮਾਨ ਸਿਰਦਾਰੋ ਗੁਨੋ ॥475॥

॥ ਦੋਹਰਾ ॥

ਤਿਨ ਮਿਲ ਪ੍ਰੇਰੇ ਤੁਰਕ ਬਹੁ ਹੁਇ ਬਰਖਾ ਵਡ ਆਇ ॥
ਰੁਧਿਰ ਗਿਰੇ ਬਹੁ ਆਬ ਪਿਖ ਅਸਿ ਬਿਜਲੀ ਚਮਾਇ[3] ॥476॥

---

1. ਅ ਪੋਥੀ ਲਿਖ 2. ਅ ਪੋਥੀ ਕੌ
3 ਅ ਪੋਥੀ ਚਮਕਾਇ

ਸਾਵਧਾਨ ਸਰਬ ਤੁਮ ਹੋਵੋ ॥ ਤੁਰਕ ਸੈਨ ਬਹੁ ਆਈ ਜੋਵੋ ॥
ਤਿਨ ਆਵਨ ਤੇ ਅਗਰ ਬਖਾਨਾ ॥ ਸੁਰਬ ਬਿਆਪੀ ਤੇ ਨਹਿ ਛਾਨਾ ॥477॥
ਅਰਧ ਨਿਸਾ ਮਧੁ ਪਰੇ ਰਿਪੁ ਆਏ ॥ ਖਗ ਨੇਜ਼ੇ ਕਰ ਢੋਲ ਬਜਾਇ ॥
ਡੇਰੇ ਤੇ ਨਜ਼ੀਕ ਜਬ ਢੂਕੇ ॥ ਮਾਰ ਮਾਰ ਮੁਖ ਤੇ ਸਭ ਕੂਕੇ ॥478॥
ਗੁਰ ਕਾ ਦਲ ਥਾ ਆਗੇ ਤਿਯਾਰੁ ॥ ਜਿਨ ਕੋ ਭਾਵੈ ਸਦ ਹੀ ਰਾਰੂ ॥
ਗੋਲਮਦਾਜ ਗੁਰੂ ਕਾ ਭਾਰੀ ॥ ਤੋਪ ਤਯਾਰ ਤੁਰਤ ਤਹਿ ਮਾਰੀ ॥479॥
ਛਰਰੇ ਸਿਉ ਅਰਿ ਅਮਿਤ ਉਡਾਏ ॥ ਤੀਰ ਤੁਪਕ ਹਨ ਜੰਗ ਮਚਾਏ ॥
ਧੌਸੇ ਗੁਰ ਕੇ ਬਜੇ ਅਪਾਰੀ ॥ ਯੰਮਨ ਡਰੇ ਮਨ ਮੋ ਅਤਿ ਭਾਰੀ ॥480॥

॥ ਦੋਹਰਾ ॥

ਹਰਿਦਿਆਲੁ ਦਿਜ ਲਾਗਰੀ ਅਗਨੀ ਦਈ ਖਿੰਡਾਇ ॥
ਜੋ ਭਟ ਹੁਤੇ ਹਜੂਰ ਕੇ ਤੋੜੇ ਲਏ ਜਗਾਇ ॥481॥

॥ ਚੌਪਈ ॥

ਰਾਬਾ ਦੀਨੋ ਜਬੈ ਚਲਾਈ ॥ ਦੜ ਦੜ ਤੁਰਕ ਗਿਰੇ ਧਰਿ ਆਈ ॥
ਯਦਪਿ ਗਿਰੇ ਤੋ ਭੀ ਕਰ ਹੱਲਾ ॥ ਧਾਇ ਪਰੇ ਮੁਖ ਕਹਿ ਕਹਿ ਅਲਾ ॥482॥
ਹਥਾ ਬਥ ਹੋਏ ਜੁਗ ਓਰੀ ॥ ਅਸਿ ਚਿਲਾਵੈ ਕਰਿ ਬਡ ਸੋਰੀ ॥
ਸਿੰਘ ਗਰਜ ਹੈ ਸਿੰਘ ਮਨਿੰਦਾ ॥ ਜਿਨ ਪਰ ਕਰਲਾ ਹੈ ਸੁਖ ਕੰਦਾ ॥483॥
ਤੁਰਕਨ ਸੈਨਾ ਕਟਿ ਕਟਿ ਗੇਰੈਂ ॥ ਗਰਜੇ ਤਰਜੈ ਕਰੈਂ ਨ ਦੇਰੇ ॥
ਏਕ ਘਟੀ ਲਗ ਭਾ ਘਮਸਾਨਾਂ ॥ ਤੁਰਕ ਮਰੈ ਕਿਸੁ ਲੇਖਾ ਜਾਨਾ ॥484॥
ਜੁਗਮ ਤੁਰਕ ਥੇ ਬਡ ਸਿਰਦਾਰਾ ॥ ਜਿਨ ਕੇ ਮਨ ਥਾ ਬਡ ਹੰਕਾਰਾ ॥
ਗੁਰੂ ਭਤੀਜ[1] ਕਾਨ ਸਿੰਘ ਆਹੀ ॥ ਫੜਿ ਕਰਿ ਨੇਜਾ ਭਯੋ ਅਗਾਹੀ ॥485॥
ਜੰਗ ਸਿਰਦਾਰਨ ਆ ਲਲਕਾਰਾ ॥ ਗੁਰੂ ਭਤੀਜਾ ਲੈਵੋ ਮਾਰਾ ॥
ਐਸੇ ਤੁਰਕਨ ਕਰਾ ਬਖਾਨਾ ॥ ਬਾਰਾ ਗਰੇਜਾ ਹੁਇ ਸਵਧਾਨਾ ॥486॥

॥ ਦੋਹਰਾ ॥

ਨੀਚ ਤੁਰਕ ਤੂ ਖੜਾ ਰਹੁ ਜਾਨ ਨ ਦੇਵੋ ਤੋਹਿ ॥
ਜਮਨ ਅਓ ਤਬ ਸਾਮਨੇ ਬਾਬੇ ਬਾਢਾ ਕੋਹਿ ॥487॥
ਛਾਤੀ ਮੋ ਨੇਜਾ ਹਨਾ ਦੀਨੋ ਭੂਮ[2] ਗਿਰਾਇ ॥
ਝੇਲਿ ਨਿਕਾਸਾ ਜੋਰ ਕਰ ਦੂਸਰ ਪਰ ਗਯੋ ਧਾਇ ॥488॥

॥ ਚੌਪਈ ॥

ਅਸੀ ਢਾਲ ਸੋ ਗਹਿ ਕਰਿ ਆਵਾ ॥ ਚਾਹੇ ਵਾਰ ਸੁ ਮਨ ਗਰਬਾਵਾ ॥
ਅਗੇ ਬਾਬੇ ਨੇਜਾ ਵਾਹਯੋ ॥ ਮਾਰ ਵਖੀ ਮਹਿ ਧਰਨਿ ਗਰਾਯੋ ॥489॥

1. ਅ ਪੋਥੀ ਭਤੀਜਾ
2. ੲ ਪੋਥੀ ਧਰਨ

ਜਬ ਸਰਦਾਰ ਜੁਗਮ ਮਰਿ ਗਏ ॥ ਤੁਰਕ ਹੈਰ ਕਰ ਭਾਜਤ ਭਏ ॥
ਬਾਤ ਪਾਤ ਜਿਮ ਜਾਤ ਉਡਾਈ ॥ ਸਿੰਘ ਗਰਜ ਸੁਨ ਕਰੀ ਪਲਾਈ ॥490॥
ਤੈਸੇ ਤੁਰਕ ਚਲੇ ਭੈ ਖਾਇ ॥ ਲੀਨੀ ਅਪਨੀ ਪੈਜਿ ਗਵਾਇ ॥
ਬਹੁਤ ਮਰੇ ਬਹੁ ਜਖਮੀ ਭਏ ॥ ਨਾਰੀ ਤਿਨ ਕੀ ਅਤਿ ਬਿਲਲਏ ॥491॥
ਹਾਰ ਮਾਨ ਤਿਨ ਬਿਨਤੀ ਕੀਨੀ ॥ ਅੰਰਜਾਂ ਕਰਿ ਕਰਿ ਲੋਥਾਂ ਲੀਨੀ ॥
ਅਬ ਮੁਰੀਦ ਹਮ ਤੁਮਰੇ ਹੋਏ ॥ ਫਿਰਿ ਨਹਿ ਕਰ ਹੈ ਜੁਧ ਕੇ ਢੋਏ ॥492॥
ਭੂਲ ਹਮਾਰੀ ਮਾਫ ਕਰੀਜੈ ॥ ਜੋ ਹੋਈ ਸੁ ਜਾਵਨ ਦੀਜੈ ॥
ਜਾਹਰ ਪੀਰ ਹਜੂਰਿ ਪਛਾਨਾ ॥ ਨਾਨਕ ਰੂਪ ਸਹੀ ਹਮ ਜਾਨਾ ॥493॥
ਐਸੇ ਕਹਿ ਕਰ ਜਾਵਤ ਭਏ ॥ ਜੋ ਮਰ ਗਏ ਸੁ ਦਾਬਨ[1] ਕਏ ॥
ਕਾਨ ਸਿੰਘ ਕੌ ਗੁਰੂ ਹਕਾਰਾ ॥ ਭਲਾ ਭਲਾ ਕਹਿ ਬੈਨ ਉਚਾਰਾ ॥494॥
ਮਹਿਬੂਸ ਸਿੰਘ ਕੀ ਰਾਖੀ ਆਨਾ ॥ ਜੰਗ ਬੀਚ ਹੋਵਾ ਬਲਵਾਨਾ ॥
ਗੁਰ ਸੈਨਾ ਮੈ ਕੋਇ ਨ ਮੋਵਾ ॥ ਸਭ ਕੇ ਮਨ ਮੈ ਅਚਰਜ ਹੋਵਾ ॥495॥

॥ ਦੋਹਰਾ ॥

ਗੁਰ ਪ੍ਰਤਾਪ ਸਭ ਜਗਤ ਮੈ ਪ੍ਰਗਟ ਭਯੋ ਸੁਖਦਾਇ ॥
ਜੇਠ ਸੂਰ ਖਲ ਦਲਨਿ ਕੌ ਸਰਦ ਸਸੀ ਕੇ ਭਾਇ ॥496॥

॥ ਚੌਪਈ ॥

ਜਣੁ ਲੋਕਨ ਮਨ ਮੈ ਭੈ ਧਾਰਾ ॥ ਘੀ ਮਟੁਕੇ ਭਰ ਆਨੇ ਦ੍ਵਾਰਾ ॥
ਗੁਰ ਕਾ ਨਾਮੁ ਜੁ ਮੁਖੋਂ ਉਚਾਰੇ ॥ ਤਿਸੁ ਕੌ ਦੇਵੈ ਰਾਹਿ ਦਿਖਾਰੈ ॥497॥
ਗੁਰ ਕੀ ਧਾਂਕ ਭਈ ਅਤਿ ਭਾਰੀ ॥ ਘਰ ਘਰ ਜਸੁ ਗਾਵੈ ਨਰ ਨਰੀ ॥

## (ਚੂੰਹਣਕਾਣੇ ਜਾਣਾ)

ਤਹ ਥੀ ਸ੍ਰੀ ਗੁਰ ਕੂਚ ਕਰਾਇ ॥ ਚੂਹਣਕਾਣੇ[2] ਗੇ ਬਿਗਸਾਇ[2] ॥438॥
ਗੁਰ ਕਾ ਆਵਨ ਸੰਗਤ ਸੁਨ ਕੇ ॥ ਆਈ ਦਰਸਨ ਸਤਿਗੁਰ ਗੁਨ ਕੇ ॥
ਧਰੈ ਉਪਾਇਨ ਬਲਿ ਬਲਿ ਜਾਵੈ ॥ ਮਨੁ ਬਾਂਛਤ ਵਰ ਗੁਰ ਤੇ ਪਾਵੈ ॥499॥

॥ ਦੋਹਰਾ ॥

ਗੁਰਦ੍ਵਾਰਾ ਤਿਸ ਠੌਰਿ ਹੈ ਪਾਠ ਹੁਤੋ ਗੁਰ ਗ੍ਰੰਥ ॥
ਗੁਰ ਸਿਖ ਨਿਤ ਦਰਸਨ ਕਰਤ ਬਰਣਾਸ੍ਰਮ ਸਭ ਪੰਥ ॥505॥
ਦਰਸਨ ਕਰਨਿ ਗੁਰ ਗ੍ਰੰਥ ਕਾ ਸਿੰਘ ਗਯੋ ਤਹ ਏਕ ॥
ਨਾਹਰ ਸਿੰਘ ਜੁ ਨਾਗਰਾ ਪੂਰਨ ਬੁਧਿ ਬਿਬੇਕ ॥501॥

## (ਦੰਭੀ ਸਾਧੂ ਦੀ ਕਥਾ)

॥ ਚੌਪਈ ॥

ਗੁਰੂ ਗ੍ਰੰਥ ਕੌ ਮਾਥ ਨਿਵਾਵਾ ॥ ਪਾਠ ਕਰਾ ਮਨ ਮੋ ਹਰਖਾਵਾ ॥
ਸਾਧ ਉਦਾਸੀ ਬੈਠਾ ਪਾਸੂ ॥ ਮਾਨੋ ਦੰਭ ਨੇ ਕਰਾ ਨਿਵਾਸੂ ॥502॥

---

1 ਮੂਲ ਦਾਨਬ 2. ੲ ਪੋਥੀ ਪਾਠਾਂਤਰ: ਪਹੂਚੇ ਹਰਖਾਇ

ਸਰੀਰ ਬਿਭੂਤ ਸੀਸ ਜਟਾਇ ॥ ਬੋਲਨਿ ਕਾ ਜਿਸ ਊਚ ਸੁਭਾਇ ॥
ਸਾਧ ਸੁਨਤ ਸਿੰਘਨ ਬ਼ਖਾਨਾ ॥ ਧੰਨ ਗੁਰ ਸਾਹਿਬੁ ਸਿੰਘ ਸੋਜਾਨਾ ॥503॥
ਫਿਰ ਗੁਰ ਨਾਨਕ ਲਯੋ ਵਤਾਰ ॥ ਕਰੇ ਸਿਖ ਭਵ ਸਿੰਧ ਤੇ ਪਾਰ ॥
ਸਾਧ ਸੁਨਤ ਮਨ ਇਰਖਾ ਆਈ ॥ ਮਹਯੋ ਕੁਬੈਨੰ ਭ੍ਰਿਕੁਟੀ ਚਢਾਈ ॥
ਮੈ ਗੁਰ ਨਾਨਕ ਲੀਨ ਵਤਾਰਾ ॥ ਭੇਖ ਉਦਾਸੀ ਯਾਂਤੇ ਧਾਰਾ ॥
ਸਿੰਘ ਸੁਨਾ ਮਨ ਮੈ ਰਿਸ ਆਈ ॥ ਬੋਲਨਿ ਫੁਕਰੇ ਰਹੁ ਅਰੁ ਗਾਈ ॥505॥
ਪ੍ਰਾਰਬ੍ਰਹਮ ਗੁਰ ਨਾਨਕ ਦੇਵ ॥ ਤੂ ਤੁਛ ਜੰਤ ਕਯਾ ਜਾਨੈ ਭੇਵ ॥
ਸਾਧ ਕਹਯੋ ਮੈ ਨਾਨਕ ਸਹੀ ॥ ਜੋ ਮੁਖ ਭਨੋ ਸੁ ਹੋਵੈ ਵਹੀ ॥506॥
ਉਠਿ ਕਰ ਸਿੰਘ ਗੁਰੂ ਪਹਿ ਆਵਾ ॥ ਤਿਸ ਬੋਲ ਕੋ ਆਨ ਸੁਨਾਵਾ ॥
ਹੁਕਮ ਕਰਾ ਤਿਸੁ ਲਯਾਵੋ ਪਾਸੂ ॥ ਸੁਨ ਕਰ ਸਿੰਘ ਗਏ ਚਲ ਰਾਸੂ ॥ 507॥

॥ ਦੋਹਰਾ ॥

ਕਹਯੋ ਸਿੰਘ ਅਬ ਸੰਤ ਜੀ ਚਾਲੋ ਗੁਰੂ ਹਜੂਰ ॥
ਨਿਰਨੋ ਹੋਵੈ ਗੋ ਤਹਾਂ ਜੇ ਤੂੰ ਨਾਨਕ ਪੂਰ ॥508॥

॥ ਚੌਪਈ ॥

ਆਵਾ ਸਾਧੂ ਚਲ ਗੁਰ ਪਾਹੀ ॥ ਜਿੰਨ ਮਨ ਹੰ ਸਕ੍ਰਿਤ ਹੈ ਅਧਿਕਾਈ ॥
ਦਿਖੁ ਕਰ ਸਾਹਿਬੁ ਬਚਨ ਸੁਨਾਏ ॥ ਗੁਰ ਤੈ ਦਿਨੁ ਜਲ ਬੀਚ ਬਿਤਾਏ ॥509॥
ਜੇਕਰ ਤੂੰ ਗੁਰ ਨਾਨਕ ਅਹੋ ॥ ਤੌ ਜਲ ਬੀਚ ਘੰਗੀ ਇਕ ਰਹੋ ॥
ਸਿੰਘਨ ਨੇ ਤਿਸ ਭੁਜਾਂ ਗਹਾਂਨੀ ॥ ਕਹੁ ਜੀਉ [1]ਤਰਬਰ ਬਿਚ ਪਾਨੀ ॥510॥
ਹੁਠ ਨ ਟਰੈ ਨ ਜੀਉ ਕਹਾਵੈਂ ॥ ਨੇ ਜਲ ਭੀਤਰ ਟੁਬਕੀ ਲਾਵੈ ॥
ਪਕਰ ਜਟਾਂ ਤੈਂ ਜਲ ਮੈ ਗਏ ॥ ਗਹਿ ਗਰਦਨ ਤੇ ਗੋਡੇ ਦਏ ॥ 511॥

॥ ਦੋਹਰਾ ॥

ਜਬ ਗੋਤੇ ਜਲ ਮੈ ਦਏ ਉਠੀਂ ਬੁੜ ਬੁੜੀ ਨਾਦ ॥
ਹਾਇ ਹਾਇ ਮੁਖ ਤੇ ਕਹੈ ਮੈ ਜੀਉ ਗੁਰ ਪਾਕ ॥512॥
ਸਿੰਘ ਕਹਿਨ ਸੁਨਿ ਸਾਧ ਜੀ ਤੂ ਗੁਰ ਨਾਨਕ ਆਹਿ ॥
ਅਬ ਕਿਉ ਪਾਵਤ ਬਾਸਤੋ[2] ਹੈ ਤਾਂ ਸਕਤਿ ਦਿਖਾਇ ॥513॥

॥ ਚੌਪਈ ॥

ਸਾਚ ਕਹਯੋ[3] ਮੈ ਨਾਨਕ ਨਾਹੀ ॥ ਕਰਾ ਪਖੰਡ ਜਗਤ ਕੇ ਮਾਹੀ ॥
ਜੀਉ ਕਹਾਏ ਗੁਰੂ ਪਹਿ ਲਿਯਾਏ ॥ ਬੀਡੀ ਆਈ ਨੈਨ ਨਿਵਾਏ ॥514॥

1. ਅ ਪੋਥੀ ਜੀ ਉਨ
2. ਦ ਪੋਥੀ ਕਰਾਮਾਤ
3. ੲ ਪੋਥੀ ਕਹੂੰ

ਕਮਲ ਨੈਨ ਤਿਸ ਪੂਛਨਿ ਕੀਨਾ ॥ ਜੀਉ 'ਕੇ ਈਸ ਤੂੰ ਕਹੁ ਪ੍ਰਬੀਨਾ ॥
ਪਾਨ ਚੋਰ ਕਰ ਸਾਧੂ ਬੋਲਾ ॥ ਅਬ ਮੈ ਲੀਨੋ ਤੁਮਰਾ ਓਲਾ ॥515॥
ਕੀਨ ਪਖੰਖ ਜਗਤ ਠਗਿ ਖਾਯੋ ॥ ਉਦਰ ਭਰਨ ਕੀ ਬਯੋਤ[1] ਬਨਾਯੋ ॥
ਮੈ ਭੁਲਾ ਅਬ ਬਖ਼ਸ ਕਰੀਜੈ ॥ ਸੇਵਕਿ ਜਾਨੋ ਮਯਾ ਧਰੀਜੈ ॥516॥
ਕਾਮੀ ਕੁਚਲੰ ਮੈ ਮੰਦਪਾਨੀ ॥ ਮੁਖ ਤੇ ਬਕੋ ਸਦਾ ਕਟੁ ਬਾਨੀ ॥
ਤੂੰ ਸਚੁ ਸਾਹਿਬ ਦੇਵਨ ਦੇਵਾ ॥ ਮੈਂ ਤੁਛ ਜੰਤ ਨ ਜਾਨੋ ਭੇਵਾ ॥517॥
ਨਮੋ ਨਮੋ ਗੁਰ ਬਾਰੰ ਬਾਰੀ ॥ ਗਨਕਾ ਸਵਰੀ ਕਹੀ ਉਧਾਰੀ ॥
ਕਰ ਬੂਰ ਬ੍ਰਿਨਾਸ ਨਿਰਜਰ ਪਾਲੇ ॥ ਦਾਸਨਿ ਕੀ ਕਰਤੇ ਰਖੁਵਾਰੇ ॥518॥

॥ ਦੋਹਰਾ ॥

ਬਾਵਨ ਚੰਦਨ ਬਪੁ ਧਰਾ ਨਿਮ, ਆਕ ਪਲਾਸ ॥
ਚੰਦਨ ਬਦਨ ਤੇ ਬਚ ਭਨੋ ਕੀਜੈ ਰਿਤ ਮਮ ਬਾਸ ॥519॥
ਦੇਖ ਸਾਧ ਕੀ ਦੀਨਤਾ ਸਤਿਗੁਰ[2] ਭਏ ਦਇਆਲ ॥
ਮੰਦ ਮੰਦ ਮੁਸਕਾਤ ਭੇ ਬਾਨੀ ਕਹੀ ਰੁਸਾਲ ॥520॥

॥ ਚੌਪਈ ॥

ਸੁਨੋ ਸਾਧ ਅਬ ਦੇਹਿ ਬਤਾਈ ॥ ਸੂਧੋ ਮਾਰਗ ਚਲੋ ਸਦਾਈ ॥
ਸਤੁ ਸੰਤੋਖੁ ਵਿਖੇ ਮਨੁ ਦੇਵੋ ॥ ਫਿਰੋ ਪਾਖੰਡ ਨ ਮਨੁ ਤੇ ਲੇਵੋ ॥521॥
ਦੁਖ ਸੁਖ ਦੋਨੋ ਸਮ ਕਰ ਜਾਨੋ ॥ ਉਸਤਤਿ ਨਿੰਦਾ ਧਰੋ ਨ ਕਾਨੋ ॥
ਪਰ ਕਾ ਬੁਰਾ ਨ ਰਾਖੋ ਚੀਤ ॥ ਬੁਰੇ ਭਲੇ ਸਯੋ ਰਾਖੋ ਹੀਤ ॥522॥
ਮਾਨ ਤਯਾਗ ਨਿਰਮਾਨ ਹੁਵੀਜੈ ॥ ਪਰ ਉਪਕਾਰ ਵਿਖੇ ਮਨ ਦੀਜੈ ॥
ਕੰਚਨ ਮਾਟੀ ਤੁਲ ਕਰ ਜਾਨੋ ॥ ਜੀਵ ਈਸ ਕੋ ਸਮ ਪਹਿਚਾਨੋ ॥523॥
ਬਿਨੁ ਸਤਸੰਗ ਨ ਸਮਾ ਬਿਤਾਵੋ ॥ ਗੁਰ ਬਾਨੀ ਮੇ ਸਦ ਮਨੁ ਲਾਵੋ ॥
ਵਾਹਿਗੁਰੂ ਸਿਮਰੋ ਨਿਸ ਭੋਰ ॥ ਕਾਮ ਕ੍ਰੋਧ ਮਾਰੋ ਸੁਨ ਚੋਰ ॥524॥
ਜੋ ਇਹ ਬੈਨ ਕਹੇ ਹਮ ਗਾਈ ॥ ਸਦਾ ਸਮਾਰੋ ਰਿਦ ਹਰਖਾਈ ॥
ਸੁਨ ਕਰ ਸਾਧ ਪਰਮ ਸੁਖ ਪਾਵਾ ॥ ਪਗੁ ਦਾਸੀ ਪਰ ਸੀਸ ਨਿਵਾਵਾ ॥525॥
ਜਬੈ ਧੂਰ ਲੈ ਮਾਥੇ ਲਾਈ ॥ ਹਸਤਾਮਲ ਗਯਾਨ ਭਯੋ ਛਿਨੁ ਤਾਈ ॥
ਹੋਵਾ ਮਸਤਿ ਕੁਨਪ ਸੁਧ ਨਾਸੀ ॥ ਸਤ ਚਿਤ ਆਨੰਦ ਹੋਵਾ ਰਾਸੀ ॥526॥

॥ ਦੋਹਰਾ ॥

ਸਤਿਗੁਰ ਸਾਹਿਬੁ ਕਰ ਮਯਾ ਕਰ ਪਖੰਡਿ ਤਿਸ ਦੂਰਿ ॥
ਸੋਭਾ ਸਤਿਗੁਰ ਚਰਨ ਭਜਿ ਜਾਂਤੇ ਮਿਟੇ ਵਿਸੂਰਿ ॥527॥

---

1. ੲ ਪੋਥੀ ਬਿਧੀ
2 ੲ ਪੋਥੀ ਗੁਰੂ ਜੀ

॥ ਚੌਪਈ ॥

ਇਕ ਘਾਈ ਤਬ ਆਯੋ ਦੌਰਾ ॥ ਗੁਰੂ ਨਿਕਟਿ ਤਿਨ ਪਾਯੋ ਸੋਰਾ ॥
ਸ੍ਰੀ ਕਮਲਾਨੰਨ ਪੂਛਨ ਕੀਨਾ ॥ ਕਯਾ ਤੁਮ ਹੋਵਾ ਕਹੁ ਪਰਬੀਨਾ ॥528॥
ਗੁਰ ਜੀ ਮੋ ਕੋ ਰਹਕਨਿ ਮਾਰਾ ॥ ਘਾਸ ਖਸੋਟਾ ਕਰੀ ਖਿਕਾਰਾ ॥
ਸਹਿਜ ਸੁਭਾਇ ਗੁਰੂ ਮੁਖ ਬੋਲੇ ॥ ਉਜੜੈ ਪੁਜੜੈ[1] ਹੋਵੈ ਹੋਲੇ ॥529॥
ਸਤਿਗੁਰ ਬੈਨ ਧਨੰਜੈ ਬਾਨਾ ॥ ਜਾਇ ਨ ਬਿਰਥੇ ਸਤ ਪ੍ਰਮਾਨਾ ॥
ਸਮਾ ਪਾਇ ਉਜੜਿ ਸਭ[2] ਗਏ ॥ ਏਕ ਤਰਫ ਪਿੰਡ ਖਾਲੀ ਹਏ ॥530॥

(ਨਨਕਾਣਾ ਸਾਹਿਬ ਦੇ ਦਰਸ਼ਨ ਕਰਨੇ)

ਭੇ ਤਯਾਰ ਗੁਰ ਕਰ ਪ੍ਰਸਥਾਨਾ ॥ ਨਨਕਾਣੇ ਥਿਰ ਭੇ ਸੁਖਦਾਨਾ ॥
ਕੜਾਹ ਪ੍ਰਸਾਦਿ ਗੁਰ ਕਰਵਾਵਾ ॥ ਗੁਰਦ੍ਵਾਰਨਿ ਚਲੁ ਮਾਥ ਨਿਵਾਵਾ ॥531॥

॥ ਦੋਹਰਾ ॥

ਸਰਬ ਥਾਂਨ ਪੂਜਾ ਕਰੀ ਦੀਨੋ ਦਰਬ ਅਪਾਰ ॥
ਗੁਰ ਮ੍ਰਿਜਾਦ ਪ੍ਰਸੋਤਮਾ ਸਿਖਾਵੈ ਸਿਖਯਨਿ ਕਾਰ ॥532॥

॥ ਚੌਪਈ ॥

ਪੁਨਿ ਡੇਰੇ ਮਹਿ ਸਤਿਗੁਰ ਆਏ ॥ ਥੇਹ ਉਰਧ ਪਰ ਤੰਬੂ ਲਾਏ ॥
ਸਾਧ ਉਦਾਸੀ ਸਿਖ ਪੁਜਾਰੇ ॥ ਆਏ ਮਿਲ ਕਰ ਪ੍ਰੀਤੀ ਧਾਰੇ ॥533॥
ਹਾਥ ਜੋਰ ਤਿਨ ਅਰਜੀ ਗਾਈ ॥ ਰਸਤੰ[3] ਲੀਜੈ ਗੁਰ ਸੁਖਦਾਈ ॥
ਕਹਯੋ ਹਜੂਰ ਹਮ ਤੁਮ ਕੁ ਦੇਨਾ ॥ ਤੁਮ ਤੇ ਹਮ ਨੇ ਕਬੀਂ ਨ ਲੇਨਾ ॥534॥
ਗੁਰੂ ਥਾਨ[4] ਕੇ ਤੁਮ ਪੁਜਾਰੀ ॥ ਦੇਵੈ ਤੁਮ ਕੌ ਕਰੈ ਨ ਬਾਰੀ ॥
ਸਰਬ ਖਾਲਸੇ ਬਿਨਤੀ ਕੀਨੀ ॥ ਥਿਰ ਊਪਰਿ ਹੈ ਕਬਰਾਂ ਪੀਨੀ ॥535॥
ਸੁਨ ਹਜੂਰ[5] ਤਬ ਬੈਨ ਬਖਾਨਾ ॥ ਗੋਰਨ ਗੇਰ ਕਰਹੁ ਮੈਦਾਨਾ ॥
ਪਾਵਸ ਰੁਤੰ ਆਈ ਹੈ ਭਾਰੀ ॥ ਵਰਖਾ ਹੋਵੇ ਅਪਰ ਅਪਾਰੀ ॥536॥
ਸੁਨ ਆਇਸ ਸਿੰਘਨ ਬਿਨੁ ਦੇਰੀ ॥ ਕਰਾ ਮਦਾਨ ਨ ਲਾਗੀ ਬੇਰੀ ॥
ਤੰਬੂ ਤਾਨ ਕਨਾਤਾ ਲਾਈ ॥ ਪਲਘ ਸੁ ਦੀਨੋ ਤਰੇ ਬਿਛਾਈ ॥537॥

॥ ਦੋਹਰਾ ॥

ਸ੍ਰੀ ਬੇਦੀ ਸੁਭ ਮੰਚ ਪਰ ਥਿਰੇ ਸਿਖਨ ਸੁਖਦਾਇ ॥
ਹੁਕਮ ਕਰੌ ਸਸਿ ਬਦਨ ਤੇ ਕਰੋ ਸਲਕ ਹਰਖਾਇ ॥538॥

॥ ਚੌਪਈ ॥

ਤੋਪ ਬੰਦੂਕਨ ਸਲਕ ਕਰਾਈ ॥ ਬਾਰੰ ਦੇਸ ਮੈ ਧੂਮ ਉਠਾਈ ॥
ਜਣ ਲੋਕਨ ਮਨ ਮੈ ਭੈ ਪਾਵਾ ॥ ਆਏ ਮਿਲਨੇ ਹੁਇ ਇਕਠਾਵਾ ॥539॥

---

1. ਅ ਪੋਥੀ ਪੁਰ ਜੜ 2. ਅ ਪੋਥੀ ਸੋ 3. ਅ ਪੋਥੀ ਰਸਤ ਸੁ
4. ੲ ਪੋਥੀ ਗੁਰਸਥਾਨ 5. ੲ ਪੋਥੀ ਸਤਿਗੁਰ

ਇਕ ਇਕ ਦਮਰਾ ਭੇਟ ਚਢਾਈ[1] ॥ ਦਰਸੇ ਮੂਰਤਿ ਨਹਿ ਆਘਾਈ ॥
ਜਬ ਗੋਰਾ ਤਿਨ ਗਿਰੀ ਨਿਹਾਰੀ ॥ ਗੁਰੂ ਪਾਸ ਤਿਨ ਬਿਨੈ ਉਚਾਰੀ ॥540॥
ਹਮਰੇ ਪੀਰਨ ਕੋ ਯਹਿ ਥਾਨੂ ॥ ਆਪ ਗਿਰਾਵਾ ਕਰਾ ਮਦਾਨੂ ॥
ਸੁਨ ਕਰ ਸ੍ਰੀ ਗੁਰ ਉਤਰ ਦੀਨਾ ॥ ਸੰਸਾ ਤੁਮਰਾ ਹੋਵੈ ਖੀਨਾ ॥541॥
ਤ੍ਰੇਤੇ ਜੁਗ ਕਾ ਹਮਰਾ ਥਾਨੂ ॥ ਰਘੁ ਬੰਸੀ ਕੁਲ ਬੰਸ ਪ੍ਰਮਾਨੂ ॥
ਪ੍ਰਤਮਾ ਹਮਰੀ ਥੇਹ ਮਝਾਰੀ ॥ ਖੋਦ ਦਿਖਾਵੈ ਕਰੈ ਨ ਬਾਰੀ ॥542॥

॥ ਦੋਹਰਾ ॥

ਸਿੰਘ ਸਰਬ ਬੋਲਾਇ ਕੈ ਆਇਸ ਸ੍ਰੀ ਗੁਰ ਦੀਨ ॥
ਇਹ ਥਲ ਤੁਮ ਢਾਹਨ ਕਰੋ ਸਤ ਬਚਨੁ ਤਿਨ ਕੀਨ ॥543॥

॥ ਚੌਪਈ ॥

ਲਾਗੇ ਖੋਜਨ[2] ਦੇਰ ਬਿਹਾਈ ॥ ਬਡ ਬਡੇ ਭਾਰੀ ਈਟਾ ਆਈ ॥
ਖੋਦਤ ਖੋਦਤ ਪ੍ਰਤਮਾ[3] ਦੇਖੀ ॥ ਸਭ ਕੇ ਮਨ ਭਾ ਹਰਖੁ ਬਿਸੇਖੀ ॥544॥
ਸ੍ਰੀ ਰਘੁਬੀਰ ਹੈ ਸੀਤਾ ਨਾਲ ॥ ਪਵਨ ਪੂਤ ਹੈ ਖੜਾ ਬਿਸਾਲ ॥
ਭਰਤ ਸੁ ਲਛਮਨ ਸਤ੍ਰੁਹਨ ਆਹਿ ॥ ਕਾਮ ਕਾਰੀਗਰ ਧਰੀ ਬਨਾਇ ॥545॥
ਸਤਗੁਰ ਆਗੇ ਸਰਬ ਟਿਕਾਈ ॥ ਜਲ ਸਾਥ ਸਭ ਦੀਨ ਧੁਵਾਈ ॥
ਜੋ ਦੇਖੇ ਸੋ ਮੋਹਿਤ ਹੋਵੈ ॥ ਗੁਰ ਕੌਤਕ ਦਿਖ ਦਿਖ ਬਿਗਸੋਵੈ ॥546॥
ਤੁਰਕ ਲੋਕ ਕਹੈ ਕਰ ਜੋਰੀ ॥ ਤੁਮਰੀ ਮਹਿਮਾ ਕਹਿ ਨ ਸਕੋਰੀ ॥
ਰਾਮ ਚੰਦ ਤੁਮ ਲੇ ਤਨੁ ਧਾਰਾ ॥ ਗੁਰ ਨਾਨਕ ਹੁਇ ਜਗ ਨਿਸਤਾਰਾ ॥547॥

॥ ਦੋਹਰਾ ॥

ਸੋਈ ਬਾਬਾ ਅਬ ਭਯੋ ਮੂੜਨ[4] ਕਰਤ ਉਧਾਰ ॥
ਹਮਰੀ ਜਾਤ ਗਵਾਰ ਹੈ ਕੀਜੈ ਭਵ ਤੇ ਪਾਰ ॥548॥

॥ ਚੌਪਈ ॥

ਕਹਿ ਕਹਿ ਐਸੇ ਜਾਵਤ ਭਏ ॥ ਡੋਲੇ ਸੰਗਰੀ ਲਯਾਵਨ ਕਏ ॥
ਸਤਿਗੁਰ ਸਾਹਿਬੁ ਭਏ ਪ੍ਰਸੰਨ ॥ ਮਾਨੋ ਮੁਕਤਾ ਹੀਰ ਰਤੰਨ ॥549॥
ਗੁਰੂ ਸੁਭਾਇ ਪੇਖਿ ਬਿਗਸਾਵੈ ॥ ਜਾਇ ਸਦਨ ਮਹਿ ਉਸਤਤਿ ਗਾਵੈ ॥
ਗੁਰ ਕਾ ਲੰਗਰ ਹੋਵੈ ਭਾਰੀ ॥ ਪੀਸਿ ਲਿਆਵੈ ਤਿਨ ਕੀ ਨਾਰੀ ॥550॥
ਜੰਗਲ ਮੈ ਮੰਗਲ ਗੁਰ ਕੀਨਾ ॥ ਉਨਨ ਕੋ ਕਰ ਦੀਨੋ ਪੂਨਾ ॥
ਕਿਰਤਨ ਹੋਵੈ ਸੰਝ ਅਰੁ ਭੋਰੂ ॥ ਸੁਨ ਸੁਨ ਸਿਖ ਮੇਟੈ ਰਿਦ ਸੋਰੂ ॥551॥

---

1. ਮੂਲ ਪੋਥੀ ਚਟਾਈ
2. ਅ ਪੋਥੀ ਬੋਦਨ
3. ਮੂਲ ਪੋਥੀ ਪ੍ਰਥਮਾ
4. ੲ ਪੋਥੀ ਲੋਗਨ

ਦਿਨ ਦਿਨ ਬਰਖਾ ਹੋਵੈ ਭਾਰੀ ॥ ਢਾਂਬਾ ਪੂਰਿ ਗਈ ਇਕ ਬਾਰੀ ॥
ਸਿਖਾਂ ਅਰਜ ਕਰੀ ਹਿਤੁ ਲਾਈ ॥ ਕੂਪ ਨ ਨੇਰੇ ਕੋਇ ਦਿਸਟਾਈ ॥552॥

(ਭਾਈ ਬਾਲੇ ਦਾ ਖੂਹ ਲੱਭਣਾ)

॥ ਦੋਹਰਾ ॥

ਗੁਰ ਭਨਾ ਭੁਨਸਾਰ ਕੋ ਲੇਵੋ ਕੂਪ ਨਿਕਾਰ ॥
ਭਾਈ ਬਾਲੇ ਪਿਤਾ ਕਾ ਹੈ ਕੂਪ ਨਿਕਟਾਰ ॥553॥
ਹੈ ਕੂਪ ਤਿਹ ਕਾਲ ਕੋ ਜੀਰਣ ਭਯੋ ਬਿਸੇਸ ॥
ਮ੍ਰਿਤਕਾ ਪੂਰਨ ਕਰ ਭਯੋ ਹਮ ਕੋ ਬਿਦਤ ਅਸੇਸ ॥554॥

॥ ਚੌਪਈ ॥

ਸੋ ਬਨਾਇ ਅਬ ਰਚਹੁ ਨਵੀਨਾ ॥ ਨਵ ਸਮ ਫਲ ਨ ਵਜਰ ਜਰ ਕੀਨਾ ॥
ਪੰਚ ਬਾਸਨ ਤਾਂ ਮੈ ਨਿਕਸਾਵੈ ॥ ਦ੍ਵੈ ਮੂਰਤਿ ਧਾਹਨ ਦ੍ਰਿਸਟਾਵੈ ॥555॥
ਹਰਿ ਦੇਯਾਲ ਪੰਡਿਤ ਨੇ ਡਾਰੀ ॥ ਗੁਰ ਨਾਨਕ ਪ੍ਰੋਹਤ ਸੁਖਕਾਰੀ ॥
ਐਸੇ ਕਹਿ ਸੁਖ ਨਿਸਾ ਬਿਤਾਈ ॥ ਹੋਤ ਭੋਰ ਆਗਯਾ ਫੁਰਮਾਈ ॥556॥

॥ ਸੋਰਠਾ ॥

ਕਰਹੁ ਕ੍ਰਿਪਾ ਕਰਿ ਨਾਥ ਬਾਲ ਰੂਪ ਪਰਯੋ ਕਹਾਂ ॥
ਅਦਭੁਤ ਤੁਮਰੀ ਗਾਥ ਥਾਨ ਬਤਾਵੋ ਦੇਰ ਬਿਨ ॥557॥

॥ ਚੌਪਈ ॥

ਸੁਨ[1] ਕਰ ਬਚ[1] ਸ੍ਰੀ ਗੁਰ ਸੁਖਦਾਈ ॥ ਹੈ ਚੜ ਚਾਲੇ ਦੇਰ ਬਿਹਾਈ ॥
ਚਲ ਕਰ ਸਤਿਗੁਰ ਆਏ ਤਹ ਵਾ ॥ ਬਾਲੇ ਕੂਪ ਦਲ ਦਲ ਜਹਵਾ ॥558॥
ਸ੍ਰੀ ਗੁਰ[2] ਸਾਹਿਬ ਆਗ੍ਯਿ ਦੀਨੀ ॥ ਖੋਦੋ ਇਸ ਥਲ ਲੇਹੁ ਚੀਨੀ ॥
ਮਾਨ ਬਚਨ ਤਬ ਖੋਦਨ ਲਾਗੇ ॥ ਹਮਲੇ ਕਰ ਕਰ ਸਿਖ ਬਡਭਾਗੇ ॥559॥
ਪੰਚ ਹਾਥ ਜਬ ਖੋਦਤ ਗਏ ॥ ਕੂਪ ਨਿਸਾਨੀ ਦੇਖਤ ਭਏ ॥
ਸਭ ਕੇ ਮਨ ਮੈ ਭਯਾ ਅਨੰਦੂ ॥ ਜਿਮ ਦੇਖੇ ਦੁਤੀਏ ਕਾ ਚੰਦੂ ॥560॥
ਖੋਦੈ ਮ੍ਰਿਤਕਾ ਦੇਹਿ ਨਿਕਾਰੀ ॥ ਗੁਰ ਕਾ ਜਸ ਗਾਵੈ ਹਿਤ ਧਾਰੀ ॥
ਕੂਪ ਤਲੇ ਖੋਦਤ ਜਬ ਅਏ ॥ ਪਾਤਰ ਪੰਜ ਤਬਹਿ ਨਿਕਸਏ ॥561॥
ਨਿਕਸੀ ਮੂਰਤਿ ਜੁਗਮ ਅਨੂਪਾ ॥ ਲਖਮਨ ਰਘੁਪਤਿ ਭੂਪਨ ਭੂਪਾ ॥
ਏਹੁ ਜੁਗਮੁ ਗੁਰ ਅਗਰ ਲਿਆਏ ॥ ਦੌੜ ਦੌੜ ਦੇਖੇ ਸਮੁਦਾਏ ॥562॥
ਸ੍ਰੀ ਕਮਲਾਨਨ[3] ਬੈਨੁ ਬਖਾਨਾ ॥ ਭਾਈ ਬਾਲੇ ਕੂਪ ਮਹਾਨਾ ॥
ਨਿਕਾਸੈ ਨੀਰ ਦੇਰ ਨ ਕੀਜੈ ॥ ਹਮ ਕੋ ਪ੍ਰਥਮ ਪਿਲਾਵਨ ਕੀਜੈ ॥563॥

---

1. ਅ ਪੋਥੀ ਪਾਠਾਂਤਰ: ਬਚ ਤਿਨ
2. ੲ ਪੋਥੀ ਸਤਿਗੁਰੂ
3. ੲ ਪੋਥੀ ਕਰੁਣਾ ਨਿਧਿ

ਭਰ ਗੜਵਾ ਗੁਰ ਅਗ੍ਰ ਆਂਦਾ ॥ ਸੀਤ ਮਧੁਰ ਰਿਦ ਮਾਂਹਿ ਸੁਖਾਂਦਾ ॥
ਭਰਾ ਕੌਲ ਸ੍ਰੀ ਗੁਰ ਕੌ ਦੀਆ ॥ ਹਾਥ ਕਮਲੁ ਲੇ ਸ੍ਰੀ ਗੁਰ ਪੀਆ ॥514॥

॥ ਦੋਹਰਾ ॥

ਕਮਲਾਨਨ ਜੀ ਬਚ ਭਨਾ ਜੋ ਇਸ ਕਰੈ ਸਨਾਨ ॥
ਅਠਸਠ ਤੀਰਥੁ ਫਲੁ ਲਹੈ ਜਨਮ ਮਰਨ ਤਿਹ ਹਾਂਨ ॥565॥
ਜਬ ਲਗ ਛੋਨੀ ਬਯੋਮ ਹੈ ਤਬ ਲਗ ਕੂਪੁ ਰਹਾਇ ॥
ਗੁਰ ਸਿਖਨ ਕੇ ਜੋਗ ਹੈ ਸਨਾਂਨ ਕਰੈ ਹਰਖਾਇ ॥566॥

॥ ਚੌਪਈ ॥

ਭਾਈ ਬਾਲਾ ਗੁਰੂ ਪਿਆਰਾ ॥ ਗੁਰ ਨਾਨਕ ਕੇ ਭਾ ਅਨੁਸਾਰਾ ॥
ਕਬੀ ਨ ਜਿਸ ਆਇਸ ਗੁਰ ਮੋੜੀ ॥ ਮਨ ਮੈ ਜਿਸ ਕੇ ਪ੍ਰੀਤ ਨ ਥੋੜੀ ॥567॥
ਇਕੋਤ੍ਰ ਸੌ ਕੁਲ ਕਰੀ ਉਧਾਰੂ ॥ ਗੁਰ ਨਾਨਕ ਕੀ ਮਯਾ ਅਪਾਰੂ ॥
ਅਤਿ ਪੁਨੀਤ ਨਨ੍ਹਕਾਯਨਿ ਧਰਨੀ ॥ ਸੁਰਾ ਸਰਾਦ੍ਰਿ ਸਭ ਭਾਵਨ ਕਰਨੀ ॥568॥
ਕਾਲੂ ਗ੍ਰਿਹ ਪ੍ਰਗਟੇ ਜੁ ਅਚਾਨਕ ॥ ਅਪਮੇਯ ਬਿਚਰੇ ਸ੍ਰੀ ਨਾਨਕ ॥
ਜਗ ਜਹਾਜ ਅਘ ਲਹਰ ਡੁਲਾਯੋ ॥ ਦ੍ਰੁਤ ਪਤਛ ਹ੍ਵੈ ਥਾਂ ਭਾਂ ਭੁਰ ਹਾਯੋ ॥569॥
ਛਾਜਤ ਭੂਮ ਅਧਰਮ ਜਸਾਵਾਂ[1] ॥ ਬਰਸ ਧਰਮ ਘਨ ਬੇਗ ਬਿਨਾਸਾ ॥
ਖਲ ਕੁਲ ਆਖਿਲ ਪ੍ਰਬਲ ਦਲ ਪਾਰਦ ॥ ਉਡਯੋ ਦੇਖਿ ਜਿਹ ਅਗਨਿ ਬਿਸਾਰਦ ॥
570॥

॥ ਸੋਰਠਾ ॥

ਅਸ ਗੁਨ ਹ੍ਰਿਦ੍ਯ[2] ਬਿਚਾਰ ਪੂਜਨੀਕ ਇਹ ਭੂਮਿ ਤਲ ॥
ਬਾਢੇ ਸੁਜਸੁ[3] ਅਪਾਰ ਲੋਕੁ ਅਮਰ ਪਰਲੋਕ ਮਹੁ ॥571॥

॥ ਦੋਹਰਾ ॥

ਜਬ ਐਸੇ ਬੇਦੀਸ ਪ੍ਰਭੁ[4] ਬੋਲੇ ਬਚਨ ਰਸਾਲ ॥
ਪੁਲਕ ਗਾਤ ਸਿਖ ਕਹਤ ਭੇ ਜੈ ਸਰਨਾਗਤਿ ਪਾਲ ॥572॥

॥ ਸੋਰਠਾ ॥

ਰਾਵਰ ਲੀਲਾ ਜੋਇ ਤੁਮ ਜਾਨਹੁ ਜਗਦੀਸ ਪ੍ਰਭ ॥
ਅਪਰੁ ਨ ਜਾਨਤ ਕੋਇ ਨਿਸਚਿਤ ਹੈ ਐਸੇ ਹਮੈ ॥573॥

॥ ਚੌਪਈ ॥

ਪ੍ਰਕ੍ਰਿਤ ਪਰੇ ਕ੍ਰਿਪਾਲ ਗੁਸਾਂਈ ॥ ਕਹਤ ਬਚਨ ਪ੍ਰਾਕ੍ਰਿਤ ਕੀ ਨਯਾਈ॥
ਲਵਨ ਮੇਖ ਤੁਮ ਕਲਪ ਬਿਤਾਯਕ ॥ ਆਰਤ-ਹਰ੍ਤ ਚਰਾਚਰ ਨਾਯਕ ॥524॥

---

1. ਅ ਪੋਥੀ ਜਵਾਸਾ 2. ੲ ਪੋਥੀ ਰਿਦੇ 3. ੲ ਪੋਥੀ ਕੀਰਤੀ 4. ੲ ਪੋਥੀ ਸਤਿਗੁਰੂ

ਨਹਿ ਤੁਮ ਆਦਿ ਮਧਯ ਅਵਸਾਨਾ ॥ ਅਮਿਤ ਪ੍ਰਭਾਵ ਬੇਦ ਨਹਿ ਜਾਨਾ ॥
ਤੁਮ ਨਾਨਕ ਅੰਗਦ ਸੁਖ ਮੂਲਾ ॥ ਅਮਰਦਾਸ ਰਾਮਦਾਸ ਅਤੂਲਾ ॥575॥
ਅਰਜਨ ਤੂ ਸੁਨ ਅਰਜਨ ਬ੍ਰਿੰਦਾ ॥ ਭਯੋ ਬਹੋਰਿ ਨਿਜ ਹਰਿ ਗੋਬਿੰਦਾ ॥
ਹਰੀ ਰਾਇ ਹਰਿ ਕ੍ਰਿਸਨ ਕ੍ਰਿਪਾਲਾ ॥ ਤੇਗੁ ਬਹਾਦਰੁ ਪ੍ਰਬਲ ਬਿਸਾਲਾ ॥576॥

॥ ਦੋਹਰਾ ॥

ਗੋਬਿੰਦ ਸਿੰਘ ਬਹੁਰ ਤੁਮ ਸਾਹਿਬੁ ਸਿੰਘ ਅਭੇਦ ॥
ਵਾਸਤਵ ਇਕ ਸ੍ਰੂਪ [1]ਹੋ ਮੂਰਖ ਜਾਨਤ[1] ਭੇਦ ॥577॥

॥ ਸੋਰਠਾ ॥

ਹਮ ਭ੍ਰਮਾਵ ਜਿਨ ਨਾਥ ਮਾਯਾ ਜੰਤ੍ਰ ਚਢਾਇ ਕੈ ॥
ਕਾਲ ਕਰਮ ਤੁਮ ਹਾਥ ਦੂਸਰ ਕੌਨ ਸਰਾਹਿਯੋ ॥578॥

॥ ਚੌਪਈ ॥

ਤੁਮਰੀ ਮਹਿਮਾ ਅਪਰ ਅਪਾਰਾ ॥ ਸੇਸ ਗਿਰਾ ਨਹਿ ਪਾਵੈ ਪਾਰਾ ॥
ਭਵ ਸਾਗਰ ਤੇ ਕੀਜੈ ਪਾਰਾ ॥ ਜਨਮ ਮਰਨ ਕਾਟੋ ਬਿਨ ਬਾਰਾ ॥579॥
ਸ੍ਰਬ ਕਰਮ ਪਾਦਪ ਕੋ ਮੂਲਾ ॥ ਤੁਮ ਸੂਛਮ ਤੁਹੀ ਅਸਥੂਲਾ ॥
ਜਿਮ ਬਿਹੰਗ ਨਭ ਉਰ ਉਡਾਹੀ ॥ ਤਿਮ ਬੇਦੇਸ ਪਾਰ ਹਮ ਢਾਹੀ ॥ 580॥

॥ ਦੋਹਰਾ ॥

ਇਹੁ ਵਰ ਮਾਗਹਿ ਸਤਿਗੁਰੂ ਤੁਮ ਸਰੂਪ ਸੁਖ ਰਾਸ ॥
ਸਦਾ ਹਮਾਰੇ ਹਿਯ [2]ਬਸਹੁ ਕੇਹੂ ਭੇਦ ਨ ਭਾਸ ॥581॥
ਸੁਨ ਕਰ ਤਿਨ ਕੇ ਬੈਨ ਕਉ ਸਤਿਗੁਰ ਮਯਾ ਬਹੁ ਕੀਨ ॥
ਤੁਮ ਮੇਰੇ ਸਭ ਸਾਥ ਇਮ ਸਸਿ ਜਿਮ ਕਿਰਣਾ ਲੀਨ ॥582॥

॥ ਚੌਪਈ ॥

ਚੜਿ ਕਰਿ ਸਾਹਿਬ ਡੇਰੇ ਆਏ ॥ ਨਿਤ ਬਿਉਹਾਰ ਕਰਾ ਸੁਖ ਪਾਏ ॥
ਦਿਨੁ ਦਿਨੁ ਲੰਗਰੁ ਹੋਵੈ ਦੂਨਾ ॥ ਦੁਤੀਏ ਤੇ ਚੰਦਾ ਜਿਮੁ ਪੂਨਾ ॥ 583॥
ਬਯੋਮ ਮਧ[3] ਬਾਦਰ ਬਹੋ ਆਏ ॥ ਗਰਜ ਗਜਰ ਅਤਿਸੇ ਉਮਡਾਏ ॥
ਬਦਰਾ ਮਧੁ ਸੁਰਗਾ ਛਾਪੀ ॥ ਔਰ ਰੰਗੁ ਜਿਮ ਨੀਲੰ ਢਾਪੀ ॥584॥

॥ ਦੋਹਰਾ ॥

ਜਲ ਕੇ ਭਾਰ ਸਮੇਤ ਹੈ ਬਹੁਤ ਕਰਯੋ ਪਾਨ ॥
ਪੁਨਹ ਬਾਰਧਰ ਧਾਰ ਬਡ ਦੇਹ ਡਾਰ ਸੁਮ ਜਾਨ ॥585॥

---

1. ਅ-ਪੋਥੀ ਪਾਠਾਂ ਰ: ਤੂੰ ਏ ਸਭ ਨਾਨਾ
2. ਬ.ਪੋਥੀ ਰਿਦਯ
3. ੲ ਪੋਥੀ ਮਾਹਿ

॥ ਕਬਿਤ ॥

ਮੇਘਨਿ ਹੈ ਨਾਨਾ ਅੰਗ ਭਾਸਤੇ ਹੈ ਨਾਨਾ ਰੰਗ
ਪੰਕਤ ਛਟਾ ਤੇ,ਸੋ ਅਲੀ ਕ੍ਰਿਤੰ ਸੁਹਾਵਤੇ ॥
ਸਬਦ ਉਦਾਰ ਹੈ ਗੰਭੀਰ ਇਕ ਬਾਰ ਹੈ ਸੁ
ਜੈਸੇ ਉਤਕੰਠਤਿ ਮਤੰਗ ਜੁਧ ਜਾਵਤੇ ॥
ਘਨ ਹੂੰ ਕੀ ਘੋਰਿ ਸੁਨਿ ਪਾਛਲੋ ਹੈ ਜੌਊ ਘਨ
ਮਾਨੋ ਹਟ ਗਗਨਯੋ ਹੈ ਅੰਨ ਕੋ ਡਰਾਵਤੇ ॥
ਪ੍ਰਿਤ ਨਾਦ ਸੁਨਿ ਕੈ ਗਯੰਦ ਮਤਯ ਗੁਨ ਕੈ ਜਿਯੋ
ਭਿੜਨੇ ਤੇ ਭਾਜ ਜਾਇ ਐਸੇ ਹੈ ਪਲਾਵਤੇ ॥586॥
ਗਾਇਨ ਹੈ ਭੇਦ ਨਾਦ ਐਸੀ ਜੋ ਸੰਗੀਤ ਰੀਤ
ਪਾਵਸ ਅਖਾਰੇ ਬਿਚ ਵਿਰਤਯੋ ਮਹਤ ਹੈ ॥
ਕਹੂੰ ਮੋਰ ਨਾਚਤ ਹੈ ਕਹੂੰ ਗਾਇ ਰਾਚਤ ਹੈ
ਅਨੰਦ ਮੋ ਮਾਚਿਤ ਹੈ ਕਾਂਤਾ ਕੇ ਸਹਤ ਹੈ ॥
ਤਰੁ ਕੇ ਸਿਖਰ ਕਹੂੰ ਬੈਠੇ ਹੈ ਪਰਸਪਰ
ਦੀਹ ਪੂਛ ਧੀਰ ਸੋ ਬਿਭੂਖਨ ਲਹਿਤ ਹੈ ॥
ਐਸੇ ਜੇ ਮਯੂਰ ਗੀਤ ਗਾਵਤਿ ਹੈ ਰੂਰ ਮਿਲ
ਕਾਂਨਨ ਮੈ ਪੂਰਨ ਹੈ ਭੂਰਏ ਚਹਿਤ ਹੈ ॥587॥
ਬਾਦਰ[1] ਕੇ ਨਾਦ ਤੇ ਬਿਦਾਰ ਨੀਂਦ ਦਾਦਰ ਜੇ
ਮ੍ਰਿਤਕਾ ਮੈ ਦਬੇ ਹੁਤੇ ਗਾਜੇ ਸਾਵਧਾਨ ਹੈਂ ॥
ਨਾਨ ਹੈ ਅਕਾਰ ਨਾਦ ਨਾਨ ਹੈ ਉਚਾਰ ਇਨ
ਨਾਨਾ ਰੰਗੁ ਨਾਨਾ ਰੂਪ ਹੇਰਿ ਹਰਖਾਨ ਹੈਂ ॥
ਨੀਰ ਨਈ ਧਾਰੈ ਤੇ ਸਰੀਰ ਵਿਚ ਤਾਰੇ ਬਹੁ
ਬੋਲਤ ਪੁਕਾਰੈ ਕਰੈ ਪੂਰਨ ਏਕਾਨ ਹੈਂ ॥
ਰੰਗ ਜੋ ਮਤੰਤ ਫਿਰੈ ਬਰਹੀ ਬਿਹੰਗ ਬਰੇ
ਮਤਯ ਹ੍ਵੈ ਉਤੰਗਿ ਗਿਰੈ ਬੋਲਤੁ ਮਹਾਨ ਹੈਂ ॥588॥
ਨੀਲ ਘਨ ਦੌਰ ਨੀਲੀ ਬਾਦਰੀ ਸੋ ਮਿਲੇ ਧਾਇ
ਪੂਰਨ ਨਵੀਨ ਨੀਰ ਮਹਾ ਉਮਹਤ ਹੈਂ ॥
ਆਸਕ ਤਿ ਭਾਸਤੇ ਹੈ ਦੋਨੋ ਹੀ ਪਰਸਪਰ
ਇਨ ਕੇ ਸਰੂਪ ਐਸੇ ਲਗੇ ਜਯੋ ਕਹਤ ਹੈਂ ॥

---

1 ਅ ਪੋਥੀ ਬਾਨਰ

[1]ਦਾਵਾਗਨ ਦਾਹੇ ਸੰਗ ਦਾਵਾਗਨਿ ਦਾਹਯੋ ਸੈਲ
ਆਪਸ ਮੈ ਮਿਲੈ ਜੈਸੇ ਮੇਚਕਿ ਮਹਤੁ ਹੈਂ ॥[1]
ਭੌਰ ਹ੍ਵੈ ਪ੍ਰਸੰਨ ਏਕ ਦੰਬ ਫੂਲ ਖਿਲੇ ਪੁਰ
ਕੇਸਰ ਸਮੇਤਿ ਰਸ ਪੀਵਬੋ ਚਹਿਤ ਹੈਂ ॥589॥
ਮਹਾਂ ਬਾਰਿ ਭਰੇ ਕਰ[1] ਬਾਰਿਦ ਲੰਬਾਇਮਾਨ
ਬਾਰ ਬਾਰ ਗੇਰੈ ਬਾਰਿ ਬਾਰੀ ਨਿਜ ਪਾਇ ਕੈ ॥
ਸਲਤਾ ਬਿਸਾਲ ਸਰਬਾਂ ਪਿਕਾ ਜੋ ਤਾਲ ਬਾਰ
ਔਰ ਸਬ ਥਲ ਗੇਰੈ ਜਲ ਹੁਲਸਾਇ ਕੈ ॥
ਨਦੀ ਭਈ ਖੂਰਨ ਪ੍ਰਵਾਹ ਕੈ ਸੰਪੂਰਨ ਬਹਿਤ
ਬੇਗ ਤੂਰਿਨਿ ਬਰਖਾ ਤੇ ਬਿਰਧਾਇ ਕੈ ॥
ਪੌਨ ਚਲੈ ਜੋਰੁ ਜੋਰੁ ਕੂਲਨਿ ਕੋ ਫੋਰ ਫੋਰ
ਤੁਰਿਨ ਕੋ ਤੋਰ ਤੋਰ ਧਾਈ ਉਮਡਾਇ ਕੈ ॥590॥
ਪੰਛੇ ਜੇ ਛਿਪੇ ਹੈ ਅਰ ਬ੍ਰਿਦ ਮੂਦ ਗਏਂ ਮੁਖ
ਬਿਕਸਤ ਮਾਲਤੀ ਕੁਮੋਦਨੀ ਕੇ ਬ੍ਰਿਦ ਹੈਂ ॥
ਐਸੇ ਚਿਨ ਹੇਰਨ ਤੇ ਛਪਯੋ ਭਾਜ ਜਾਨੀਯਤ
ਮਿਟ ਗਈ ਜਾਤ੍ਰਾ ਜੋਈ ਕਰਤੇ ਨਰਿੰਦ ਹੈਂ ॥
ਬਾਹੁਨੀ ਬਹੀ ਹੈ ਬਹੁ ਬਾਹੁਨੀ ਸਥਿਤ ਭਈ
ਪੰਥਨ ਕੇ ਲਖਾਇ ਪਰੈ ਨੀਮ ਭਾ ਬਿਲੰਦ ਹੈ ॥
ਬੈਰ ਅਰੁ ਮਗ ਦੋਊ ਜਲ ਨੇ ਕਰੈ ਹੈ ਸਾਤ
ਬਾਰਾ ਬੇਦ ਪਠੇ ਏਹੁ ਸਮੇ ਧੇਨਵੰਦ ਹੈ ॥591॥

॥ ਚੌਪਈ ॥

ਮਿਲ ਦਾਦਰ ਬਹੁ ਸਬਦੁ ਪੁਕਾਰਾ ॥ ਮਨਹੁ ਪਢਤ ਬਾਲਕ ਚਟਸਾਂਰਾ ॥
ਜਰ ਤੇ ਜਰ ਗਯੋ ਜੂਹਜ ਵਾਸਾ ॥ ਜਿਮ ਹਰਿ ਭਜਨੁ ਹੋਤ ਅਘ ਨਾਸਾ ॥592॥
ਮਿਲ ਸਰਤਾ ਸੋ ਅਤ ਲਘੁ ਨਾਲਾ ॥ ਸਿੰਧ ਸਰੂਪ ਭਯੋ ਤਿਹ ਕਾਲਾ ॥
ਬ੍ਰਹਮ ਗਿਆਨ ਭੇਜੈ ਸਮ ਮੋਖੁ ॥ ਬ੍ਰਹਮ ਰੂਪ ਹੋਵਤ ਬਿਨ ਦੋਖੁ ॥593॥
ਤਜ ਮ੍ਰਜਾਦ ਉਛਲੇ ਲਘੁ ਤਾਲਾ ॥ ਜਿਉ ਸ੍ਰੀ ਮਦ ਤੇ ਨੀਚ ਕੁਚਾਲਾ ॥
ਉਡਤਿ ਧੂਰੀ ਸਕਲ ਬਿਲਾਨੀ ॥ ਜਿਮ ਸਤਿਗੁਰ ਮਿਲ ਕੁਮਤਿ ਨਸਾਨੀ ॥594॥
[2]ਮਗ ਗਾਂਮ[2] ਨੇ ਪੰਥ ਤਿਆਗਾ ॥ ਪ੍ਰੀਤੀਵਾਨ ਜਿਮ ਵਿਸਿਨ ਰਾਗਾ ॥
ਭਏ ਪਾਤ ਬਿਨ ਅਰਕ ਸਮਦਾਇ ॥ ਪਾਇ ਸੁ ਰਾਜ ਬਟ ਪਾਰ ਨਸਾਇ ॥595॥

---

1 ਅ ਪੋਥੀ ਪਾਠਾਂਤਰ : ਦਾਵਾਗਨਿ ਕਾਹਯੋ ਸੈਲ ਆਪਸ ਮੈ ਮਿਲੈ
ਜੈਸੇ ਮੇਚਕਿ ਮਹਤ ਹੈ ॥

2. ਅ ਪਾਠਾਂਤਰ : ਪੈ ਡੋਈ

ਭੂ ਪਰ ਜਹ ਤਹ ਕ੍ਰਿਖੀ ਦ੍ਰਿਸਟਾਇ ॥ ਸੰਤਨ ਮਨ ਸਭ ਗੁਣ ਜਿਮ ਆਇ ॥
ਖਦਯੋਤ ਨਿਸ ਮੈ ਬਹੁ ਚਮਕਾਈ ॥ ਜਿਉ ਕਪਟੀ ਬਹੁ ਦੰਭ ਦਿਖਾਈ ॥596॥
ਪੋਖਰੁ ਫੂਟੈ ਚਲ ਬਹੁ ਬਾਰੀ ॥ ਜਿਮ ਕੁੰਪੰਥ ਚਲ ਕੁਟਲਾ ਨਾਰੀ ॥
ਜੈਸ ਕ੍ਰਿਸਾਨ ਖੇਤ ਨੀਰਾਵਹਿ ॥ ਤੈਸੇ ਗੁਰੂ ਸਿਖੁ ਸੰਤੁ ਮਨਾਵਹਿ ॥597॥

॥ ਦੋਹਰਾ ॥

ਬਰਖਾ ਹੋਈ ਅਤਿ ਘਨੀ ਊਖਰ ਤ੍ਰਿਣ ਨਹ ਜਾਮ ॥
ਜਿਮ ਗੁਰ ਸਿਖਨਿ ਕੇ ਨਿਕਟਿ ਕਬੀ ਨ ਜਾਵਤ ਜਾਮ ॥598॥
ਅਨਿਕ ਜੰਤ ਉਤਪਤਿ ਭਏ ਗਨੇ ਨ ਆਵੈ ਵਾਰ ॥
ਜਿਮ ਗੁਰ ਨਾਨਕ ਕੀ ਸਿਖੀ ਭਈ ਸੁ ਜਗਤੁ ਮਝਾਰ ॥599॥
ਕਬੀ ਬੇਗਿ ਮਾਰਤ ਚਲੇ ਮੇਘਨੰ ਦੇਤ ਉਡਾਇ ॥
ਜਿਮ ਗੁਰ ਸਿਖੀ ਕੋ ਧਰੇ ਕਾਮ ਆਦਿ ਜਰ[1] ਜਾਇ ॥600॥

॥ ਚੌਪਈ ॥

ਐਸੇ ਬਰਖਾ ਰੁਤ ਭੀ ਰੂਰੀ ॥ ਜਿਮ ਸੰਤਾ ਮਨ ਸਦਾ ਸਬੂਰੀ ॥
ਗੁਰੂ ਮਯਾ ਤੇ ਸਿਖ ਭੇ ਸਰਿਸੇ[1] ॥ ਬਾਰਿ ਦੇਸ ਮਧਿ ਜਲੁ ਬਹੁ ਬਰਿਸੇ ॥601॥
ਗੋ ਮਹਿਖੀ ਦੈ ਦੂਧ ਘਨੇਰਾ ॥ ਭਯਾ ਸੁਕਾਲ ਅੰਨੁ ਬਹੁਤੇਰਾ ॥
ਗੁਰ ਹਜੂਰ ਸਿਖੁ ਅੰਨ ਲਯਾਵੈ ॥ ਘੀ ਮਟਕੇ ਜਣ ਲੋਕੁ ਅਰਪਾਵੈ ॥602॥
ਪੀਲੋ ਸੂਕੀ ਇਕ ਨ ਆਨੀ ॥ ਗੁਰ ਆਗੇ ਤਿਨੁ ਅੰਰਪਨੁ ਠਾਨੀ ॥
ਏਕ ਮੁਸਟਿ ਗੁਰ ਜੀ ਭਰ ਲੀਨੀ ॥ ਬਾਂਗੇ ਤੇ ਦਾਹੇਨ ਕਰ ਦੀਨੀ ॥603॥
ਦਾਹਨ ਤੇ ਬਾਂਮੇਂ ਕਰੁ ਪਾਈ ॥ ਉਲਟ ਪੁਲਟ ਕਈ ਬਾਰ ਕਰਾਈ ॥
ਦਿਖ ਸਿਖਨ ਮਨੁ ਅਚਰਜ ਧਾਰਾ ॥ ਕਯਾ ਕੌਤਕ ਗੁਰ ਕਰੈ ਮੁਰਾਰਾ ॥604॥

(ਇਕ ਪੋਠੋਹਾਰੀ ਸਿਖ ਦੀ ਕਥਾ)

॥ ਦੋਹਰਾ ॥

ਚੰਦਾ ਸਿੰਘ ਕਰ ਜੋਰ ਕੇ ਬਿਨੇ ਭਨੀ ਗੁਰ ਪਾਸ ॥
ਇਹ ਕਥਾ ਕੌਤਕ ਕਰਿ ਰਹੇ ਸੋਨਾਵੋ ਸੁਖ ਰਾਸ ॥605॥

॥ ਚੌਪਈ ॥

ਕਮਲਨੈਨ ਜੀ ਗਿਰਾ ਅਲਾਈ ॥ ਪਾਖ ਦਿਨਾਂ ਕੌ ਦੇਹਿ ਦਿਖਾਈ ॥
ਕਹਿ ਐਸੇ ਗੁਰ ਤੂਸਨ ਧਾਰੀ ॥ ਜਿਹ ਸਿਖਨ ਕੀ ਪੈਜ ਸਵਾਰੀ ॥606॥
ਦਿਵਸ ਪਾਖ ਜਬ ਬੀਤਤ ਭਏ ॥ ਸਹਿ ਕੁਟੰਬੁ ਸ਼ਿਖ ਦਰਸਨ ਅਏ ॥
ਤਰਲ ਤੁਰੰਗ ਤਿਨ ਭੇਟ ਚਢਾਵਾ ॥ ਬਸਨ ਦਰਬੁ ਧਰਿ ਸੀਸ ਨਿਵਾਵਾ ॥607॥
ਹਾਥ ਬੰਦ ਅਰਜੀ ਤਿਨ ਕੀਨੀ ॥ ਪ੍ਰੇਮ ਨੀਰ ਜਿਨ ਆਂਖਨ ਭੀਨੀ ॥
ਹਮਰੀ ਪਤ ਰਾਖੀ ਗੁਰ ਦੇਵ ॥ ਨਜ਼ਰ ਹਮਾਰੀ ਬਨੀ ਕੁਢੇਬ[2] ॥608॥

---

1. ਅ ਪੋਥੀ ਨਸੁ 2. ਅ ਪੋਥੀ ਕੁਢੇਵ

॥ ਦੋਹਰਾ ॥

ਕਮਲਨੈਨ ਮੁਖ ਕਮਲ ਤੇ ਗਿਰਾ ਭਨੀ ਬਿਗਸਾਇ ॥
ਕੌਨ ਦੇਸ਼ ਤੁਮ ਭਵਨ ਹੈ ਦੀਜੈ ਹਮੈ ਸੁਨਾਇ ॥609॥
ਸਤਿਗੁਰ ਬਾਨੀ ਅਮੀ ਸ੍ਰਮ ਸੁਨ ਸਿਖ ਉਤਰ ਦੀਨ ॥
ਯਦਪਿ ਜਾਨਤ ਆਪ ਹੋ ਤੌ ਭੀ ਕਹਯੋ ਪਰਬੀਨ ॥610॥

॥ ਚੌਪਈ ॥

ਜੋ ਹੋਈ ਸੋ ਦੇਉ ਬਤਾਈ ॥ ਸੁਨੀਏ ਸਤਿਗੁਰ ਬੇਦੀ ਰਾਈ ॥
ਪੋਠੋਵਾਰ ਸਦਨ ਹੈ ਮੇਰਾ ॥ ਮੋਦੀ ਖਾਨਾ ਤੁਰਕਨ ਕੇਰਾ ॥611॥
ਦਾਣੇ ਤੋਲੇ ਘਟ ਮੈ ਦੀਨੇ ॥ ਤਿਸ ਨੇ ਪਕੜਾ ਜਬਰੀ ਕੀਨੇ ॥
ਚਰਨ ਆਪ ਕੇ ਬਹੁਤ ਅਰਾਧੇ ॥ ਰਾਖੋ ਪਤਿ ਮਮ ਗੁਰੂ ਅਗਾਧੇ ॥612॥
ਏਕ ਅਸ੍ਰ ਮੈ ਸੁਖਨਾ ਕੀਨੀ ॥ ਸਰਨ ਆਪ ਕੀ ਦ੍ਰਿੜ ਕਰ ਲੀਨੀ ॥
ਜਬੈ ਕਚਹਿਰੀ ਮਾਂਹਿ ਖਿਰਾਵਾ ॥ ਮਨ ਕਰ ਮੈ ਤੁਮਰਾ ਜਸ ਗਾਵਾ ॥613॥

॥ ਦੋਹਰਾ ॥

ਲੀਨ ਤਰਾਜੂ ਪਾਨ ਮਹਿ ਦਾਨੇ ਜੋਖਨ ਕੀਨ ॥
ਨੈਨੋ ਅਚਰਜ ਮੈ ਪਿਖਾ ਕਰੀ ਮਯਾ ਪ੍ਰਿਖ ਚੀਨ ॥614॥
ਸੇਰੰ[1] ਦਾਨੇ ਘਟਿ ਹੁਤੇ ਪੀਲ੍ਰ[2] ਗੁਰ ਜੀ ਪ੍ਰਾਇ ॥
ਭੇਦੁ ਨ ਇਹ ਕਨਹੂ ਲਖਾ ਮੈ ਜਾਨਾ ਸੁਖਦਾਇ ॥615॥

॥ ਚੌਪਈ ॥

ਕਈ ਬਾਰ ਤੋਲਨ ਤਿਨ ਕੀਨੇ ॥ ਨੂਨ ਨ ਹੋਏ ਪੂਰੇ ਚੀਨੇ ॥
ਚੁਗਲਖੋਰ ਕੋ ਕਰੀ ਧਿਕੋਰਾ ॥ ਹੋਈ ਤਾਕੋ ਮਾਰ ਅਪਾਰਾ ॥616॥
ਇਸ ਰੀਤੀ ਮੋਰੀ ਪਤਿ ਰਾਖੀ ॥ ਜੋ ਹੋਈ ਮੈ ਸੋਈ ਭਾਖੀ ॥
[3]ਲੀਨਾ ਗੁਰ ਜੀ ਆਪ ਬਚਾਇ[3] ॥ ਜਿਮ ਪੰਡਿ ਪੁਤ੍ਰਨ ਕਰੀ ਸਹਾਇ ॥617॥
ਯਾਂਤੇ ਮੈ ਚਲ ਦਰਸਨੁ ਆਵਾ ॥ ਧਰਮ ਨਾਸ ਤੇ ਲੀਨ ਬਚਾਵਾ ॥
ਜਿਨ ਕੀ ਕੋਇ ਨਹਿ ਕਰੈ ਸਹਾਇ ॥ ਤਿਨ ਕੇ ਰਖਨ ਤੁਮ ਸੁਖਦਾਇ ॥618॥
ਤੁਮਰੇ ਪਦ ਵਰ ਜਿਨੋ ਤਿਆਗੇ ॥ ਸੁਧਾ ਛਾਡ ਬਿਖੁ ਪੀਏ ਅਭਾਗੇ ॥
ਜਨਮ ਜਨਮ ਮਾਂਹਿ ਅਤਿ ਬਿਲਲਾਈ ॥ ਭੋਗੇ ਨਰਕੰ ਰੋਵੈ ਧਾਈ ॥619॥
ਦੇਵ ਤਰੂ[4] ਜਿਸੁ ਆਵੈ ਹਾਥੂ ॥ ਖੋਜਿ ਅਰਕ ਸਠ ਕਲੈ ਕੁਪਾਥੂ ॥
ਜੈਸ ਮਣੀ ਮਰਕਟ ਕਰੁ ਆਈ ॥ ਇਸ ਮੂਰਖ ਨੇ ਫੇਰ ਗਵਾਈ ॥620॥

---

1. ਅ ਪੋਥੀ ਸੇਰ ਸੁ
2. ਅ ਪੋਥੀ ਪੀਲੂ
3. ੲ ਪੋਥੀ ਪਾਠਾਂਤਰ : ਸਤਿਗੁਰੂ ਲੀਨਾ ਮੁਹਿ ਬਚਾਇ
4. ੲ ਪੋਥੀ ਕਲਪਤਰੂ

॥ ਦੋਹਰਾ ॥

ਤੁਮ ਤੇ ਬੇਮੁਖ ਹੋਇ ਕੇ ਮਾਨਵ ਤੁਮ ਕੋ ਜਾਨੇ ॥
ਪਰੈ ਨਰਕਿ ਸਤ ਕੋਟਿ ਲਗ ਜਿਨੈ ਨ ਗੁਰ ਕਰ ਮਾਨ ॥621॥

॥ ਚੌਪਈ ॥

ਮੋ ਪਰ ਸਤਗੁਰ ਮਯਾ ਕਰੀਜੈ ॥ [1]ਸਿਖੀ ਦਾਨੁ ਕ੍ਰਿਪਾ ਕਰਿ ਦੀਜੈ ॥[1]
ਸਿਖ ਕੀ ਅਰਜੀ ਸੁਨ ਕਰੁ ਸ੍ਵਾਮੀ ॥ ਕੰਜ ਬਦਨ ਤੇ ਗਿਰਾ ਬਖਾਨੀ ॥622॥
ਇਹੁ ਲਖਣ ਸਿਖ ਮਨੁ ਮੇ ਧਾਰੋ ॥ ਵਾਹਿਗੁਰੂ ਸਦ ਰਸਨ ਉਚਾਰੋ ॥
ਗੁਰੂ ਗ੍ਰੰਥ ਕਾ ਦਰਸਨ ਕੀਜੈ ॥ ਪਠਨ ਸੁਨਨ ਅੰਮ੍ਰਿਤ ਰਸ ਪੀਜੈ ॥623॥
ਮਿਠਾ ਬੋਲਿ ਨਹਿ ਕਟਕ ਅਲਾਵੋ ॥ ਮਿਤ੍ਰ ਭਾਉ ਸਭ ਮੈ ਪ੍ਰਗਟਾਵੋ ॥
ਗੁਰ ਕੋ ਸੇਵੈ ਮਨੁ ਚਿਤ ਲਾਇ ॥ ਆਪ ਤਰੋ ਕੁਲ ਸਕਲ ਤਰਾਇ ॥624॥
ਪਾਛਲ ਰਾਤੀ ਕਰੋ ਸਿਨਾਨੋ ॥ ਪਠ ਗੁਰਬਾਨੀ ਸਰਧਾ ਠਾਨੋ ॥
ਸਾਧ ਸੰਗਤ ਮੈ ਚਲਿ ਚਰ ਜਾਵੋ ॥ ਮਨ ਮੇਲੀ ਕਰ ਗੁਰ ਯਸ[2] ਗਾਵੋ ॥625॥
ਗੁਰੂ ਪੁਰਬ ਕਰਿ ਸਿਖ ਮੁਖ ਪਾਵੋ ॥ ਤਯਾਗ ਸਰੀਰ ਗੁਰੂ ਪਹਿ ਜਾਵੋ ॥
ਮਨ ਮੈ ਗਰਬ ਨ ਕਬਹੂੰ ਕੀਜੈ ॥ ਸਦਾ ਗਰੀਬੀ ਰਿਦੈ ਧਰੀਜੈ ॥626॥
ਮਰਨਾ ਯਾਦ ਰਖੋ ਮਨ ਮਾਹੀ ॥ ਬਦ ਕਰਮ ਕੋ ਦੇਹੁ ਭੁਲਾਈ ॥
ਸੁਨ ਗੁਰ ਬਾਨੀ ਸਭ ਹਰਖਾਏ ॥ ਬਾਰ ਬਾਰ ਗੁਰ ਚਰਨ ਮਨਾਏ ॥627॥

॥ ਦੋਹਰਾ ॥

ਤੀਨ ਨਿਸਾ ਗੁਰ ਪਾਸ ਰਹਿ ਬਹੁਰੋ ਲੈ ਸਿਰਪਾਇ ॥
ਜਾਤ ਭਯੋ ਨਿਜ ਭਵਨ ਕੋ ਵਾਹਿਗੁਰੂ ਮੁਖ ਗਾਇ ॥628॥

## (ਇਕ ਸਿਖ ਦੀ ਗਾਥਾ)

॥ ਚੌਪਈ ॥

ਏਕ ਦਿਨੁ ਸਸਿ ਹਰਿ[3] ਹਰਖਾਈ ॥ ਚਾਂਪਤ ਪਗ ਮਨ ਪ੍ਰੀਤ ਲਗਾਈ ॥
ਗੁਰ ਚਰਨਨ ਮੈ ਛਾਲੇ ਦੇਖੇ ॥ ਮਨ ਮੈ ਅਚਰਜ ਭਯਾ ਬਿਸੇਖੇ ॥629॥
ਅਤਸੇ ਸਘਨ ਮੰਜ ਰਜ ਲਾਗੀ ॥ ਜੈਸੇ ਪੰਕਜ ਪਾਤਪ ਰਾਗੀ ॥
ਚੰਦਾ ਸਿੰਘ ਦੇਖ ਬਿਸਮਾਵਾ ॥ ਚਕਿਤ ਭਯੋ ਅਦਭੁਦ ਦ੍ਰਿਸ਼ਟਾਵਾ ॥630॥
ਛੋਨੀ ਪਗ ਗੁਰ ਪਾਉ ਨ ਦੀਨਾ ॥ ਫਲ ਕ੍ਯਾ ਕੈਸੇ ਪਰੋ ਨਵੀਨਾ ॥
ਪੂਛਨ ਹਿਤ ਮਨ ਭਾ ਸਰਸਾਨਾ ॥ ਪਾਨਾ ਜੋਰੁ ਕਰੁ ਬਿਨੈ ਬਖਾਨਾ ॥631॥
ਹੇ ਜਗਦੀਸ ਚਰਾਚਰ ਤ੍ਰਾਤਾ ॥ ਅਨਭਵ੍ ਵਯਕਤ ਅਭਯ ਪਦ ਦਾਤਾ ॥
ਗੁਰ ਕੁਲ ਮਹੁ ਤੇਰੋ ਅਵਤਾਰਾ ॥ ਹਮ ਪਾਪਨ ਹਿਤ ਸੁਰਸਰਿ ਧਾਰਾ ॥632॥
ਦਾਸ ਪ੍ਰਸਨ ਬੇਦੀ ਕੁਲ ਮੰਡਨ ॥ ਮੋਰਿ ਭ੍ਰਾਂਤ ਕੀਜੇ ਸਭ ਖੰਡਨ ॥
ਤਜ ਤਨ ਤੁਮ ਪ੍ਰਭ ਕਬੈ ਪ੍ਰਯੰਕਾ ॥ ਹੈ ਗੈ ਬਿਨ ਨ ਫਿਰਤ ਅਕਲੰਕਾ ॥633॥

---

1. ੲ ਪੋਥੀ ਪਾਠਾਂਤਰ : ਗੁਰਖਿਖੀ ਦਾਨ ਮੁਹਿ ਦੀਜੈ 2. ੲ ਪੋਥੀ ਨੁਤ 3. ੲ ਪੋਥੀ ਚੰਦ ਸਿੰਘ

ਅਤਿ ਕੋਮਲ ਮਖਤੂਲ ਬਿਛੌਨੇ ॥ ਵਡ ਉਪਧਾਂਨ ਧਰੇ ਹੈ ਲੋਨੇ ॥
ਭੂ ਪਰਿ ਪਾਉ ਪਰਤ ਨਹਿ ਦੇਖੇ ॥ ਇਹ ਛਾਲਕ ਕਿਹ ਹੇਤ ਬਿਸੇਖੇ ॥634॥
ਕਾਰਨ ਕਵਨ ਕ੍ਰਿਪਾ ਕਰ ਕਹਿਯੇ ॥ ਦਾਸ ਭ੍ਰਾਂਤ ਬਨ ਸਗਰੋ ਦਹਿਯੇ ॥
ਸਾਹਿਬੁ ਕਹਯੋ ਤੁਝੇ ਕਿਯਾ ਲੈਣਾ । ਕਰਨਾ ਖੱਜ ਖਯਾਲ ਕਯੋਂ ਪੈਣਾ ॥635॥
ਪੁਨਿ ਸਸਿ ਹਰਿ ਬਿਨੈ ਬਖਾਨੀ ॥ ਸੰਸਾ ਗੁਰ ਜੀ ਕੀਜੈ ਹਾਨੀ ॥
ਭਮਾ ਹਜੂਰਿ ਸੁਨ ਸਿਖ ਪਿਆਰੇ ॥ ਦਖ਼ਣ ਦੇਸ ਇਕ ਨਗਰ ਮਝਾਰੇ ॥636॥

॥ ਦੋਹਰਾ ॥

ਏਕ ਸ਼ਿਖ ਲੈ ਸਿਖਣੀ ਚਾਲ੍ਹਾ ਦਰਸਨ ਹੇਤ ॥
ਮਨ ਮੈ ਧਰ ਪ੍ਰੀਤੀ ਘਟੀ ਗੁਰ ਸਿਖੀ ਮੈ ਕੇਤ ॥637॥

॥ ਚੌਪਈ ॥

ਚਲਤੁ ਚਲਤੁ ਸਿਖਯ ਮਗ[1] ਬਹੁ ਆਵਾ ॥ ਮਜਲੋ ਮਜਲ ਨ ਕਿਤ ਠਹਰਾਵਾ ॥
ਇਕ ਪੁਮਾਨ ਨੇ ਪੂਛਨ ਕੀਨੇ ॥ ਕਹਿ ਜਾਂਨਾ ਹੈ ਤੁਮ ਪਰਬੀਨੇ ॥638॥
ਸੁਨੋ ਗਾਥ ਹਮਰੀ ਤੂ ਭਾਈ ॥ ਬੇਦੀ ਸਾਹਿਬ ਦਰਸਨ ਜਾਈ ॥
ਸ੍ਰੀ ਨਾਨਕ ਫਿਰ ਲਾਯੋ ਵਤਾਰਾ[2] ॥ ਨਿਵਸੰਤ ਊਨਾ ਨਗਰ ਮੰਝਾਰਾ ॥639॥
ਸੁਨ ਮਾਨਵ ਨੇ ਬੈਨ ਬਾਖਾਨਾ ॥ ਆਗੇ ਅਟਵੀ ਅਹੈ ਭਯਾਨਾ ॥
ਬਿਨਾ ਸਾਥ ਨਹਿ ਆਗੇ ਜਾਵੋਂ ॥ ਕਹਿਵਤ ਮੇਰੀ ਰਿਦੇ ਲਿਆਵੋ ॥640॥
ਪਾਦਪ ਤਰੇ ਬੈਠ ਤਬ ਗਏ ॥ ਸਾਥ ਉਡੀਕਨ ਤਿਨ ਨੇ ਕਏ ॥
ਸਸਤ੍ਰਪਾਨ ਚਲ ਚਾਰ ਨਰ ਆਏ ॥ ਇਨ ਕੌ ਦੇਖ ਤਿਨ ਬੈਨ ਅਲਏ ॥641॥
ਕਯੋ ਬੈਠੇ ਤੁਮ ਬੀਚ ਉਜਾਰਾ ॥ ਚਲਤ ਚਲਤ ਕਯਾ ਗੇ ਤੁਮ ਹਾਰਾ ॥
ਕਹਯੋ ਸਿਖ ਹਮ ਸਾਥ ਉਡੀਕੈ ॥ ਗਹਿਬਰ ਬਨ ਆਵਨਾ ਕੀਜੈ ॥642॥
ਪੁਨਿ ਚੋਰਨ ਨੇ ਪੂਛਨਿ ਕੀਨਾ ॥ ਜਾਨਾ ਕਹਿ ਤੁਮ ਕਹੋ ਪ੍ਰਬੀਨਾ ॥
ਸਿਖਮ ਕਹਯੋ ਚਾਲੇ ਗੁਰ ਦਰਸਨ ॥ ਗੁਰ ਸਾਹਿਬ ਸਿੰਘ ਪੰਦੇ ਤਿਸ ਪਰਸਨ ॥643॥
ਤਸਕਰ ਬੋਲੇ ਹਮ ਤਹ ਚਾਲੇ ॥ ਆਵੋ ਹਮੜੇ ਸਾਥ ਸੁਖਾਲੇ ॥
ਗੁਰ ਦਰਸਨ ਕੀ ਹਮ ਕੌ ਲੋਰ ॥ ਯਾਂਤੇ ਚਾਲੇ ਘਰ ਕੌ ਛੋਰ ॥644॥

॥ ਦੋਹਰਾ ॥

ਸਿਖ ਕਹਯੋ ਤੁਮ ਸਸਤ੍ਰ ਧਰੁ ਮੇਰੋ ਮਨ ਡੋਲਾਇ ॥
ਤਸਕਰ ਬੋਲੇ ਭੈ ਤਜੋ ਹਮ ਸਿਖ ਗੁਰ ਕੇ ਆਇ ॥645॥

॥ ਚੌਪਈ ॥

ਜੇ ਹਮ ਤੁਮ ਸਨ ਕਰੈ ਖੁਟਾਈ ॥ ਸੌ ਸੁਗੰਦ ਹਮ ਬੇਦੀ ਰਾਈ ॥
ਜਬ ਸੁਗੰਦ ਤਿਨ ਗੁਰ ਕੀ ਕੀਨੀ ॥ ਚਲੋ[3] ਕੰਤ ਕਹਿ ਨਾਰ ਪ੍ਰਬੀਨੀ ॥646॥

---

1. ਅ ਪੋਥੀ ਚਲ 2. ਅ ਪੋਥੀ ਅਵਤਾਰੁ 3. ਅ ਪੋਥੀ ਚਲੋਇ

ਫੁੰਚਕ ਸੰਗ ਚਲੇ ਨਰ ਨਾਰੀ ॥ ਚੋਰਨ ਗਤਿ ਤਿਨ ਨਾਹਿ ਬਿਚਾਰੀ ॥
ਚਲਤ ਚਲਤ ਨਿਰਜਨ ਬਨ ਆਵਾ ॥ ਨਿਰਜਲ ਬਯਾਲ ਸਿੰਘ [1]ਭੁਯ ਦਾਵਾ ॥647॥
ਇਹ ਬਿਧ ਨਿਰਖ ਮਹਾਂ ਬਲੁ ਘੋਰਾ ॥ ਹਰਖਤ ਭਏ ਹ੍ਰਿਦੈ ਸਭ ਚੋਰਾ ॥
ਸੈਨ ਪਰਸਪਰ ਕਰ ਦ੍ਰਿਗ ਜੋਰੇ ॥ ਗੁਢ ਬਚਨੁ ਬੋਲੇ ਅਤਿ ਥੋਰੇ ॥648॥

॥ ਦੋਹਰਾ ॥

ਚੋਰਨ ਛਲ ਜਾਨਯੋ ਨਹੀ ਅਤ ਸੂਧੇ ਨਰ ਨਾਰਿ ॥
ਪਕਰ ਨਾਰਿ ਭੂਖਨ ਖ੍ਰਸੇ[2] ਕਟੀ ਸਿਖ ਕੀ ਨਾਰਿ ॥649॥
ਗਿਰ ਤੇ ਗਿਰ ਮਰਬੋ ਭਲੋ ਮਰਨ ਭਲੋ ਤਨ ਛੇਕ ॥
ਕਾਲ ਕੂਟ ਭਖਣ ਭਲੋ ਖਲ ਕੋ ਸੰਗ ਨੇਕ ॥650॥

॥ ਚੌਪਈ ॥

ਨਿਰਖ ਨਾਹਿ ਕੋ ਘਾਯਲ ਪਰਾ ॥ ਹਾਇ ਹਾਇ ਮੁਖ ਨਾਰੀ ਕਰਾ ॥
ਊਚ ਅਵਾਜ ਨਾਰਿ ਸੋ ਰੋਈ ॥ ਹਾਇ ਗੁਰੂ ਮੈਂ ਪਤਿ ਬਿਨ ਹੋਈ ॥651॥
ਤੁਮ ਭਰੋਸ ਕਰੁ ਚਾਲੇ ਨਾਲ ॥ ਇਨ ਕੌ ਕੀਨੋ ਕਰਮ ਕੁਢਾਲ ॥
ਪਿਤੁ ਅਰੁ ਮਾਤ ਸਸੁਰ ਸੁਤ ਸਾਸੂ ॥ ਰਹੇ ਧਾਮ ਪਾਛੇ ਸਹੁ ਲਾਸੂ ॥652॥
ਪਤਿ ਮ੍ਰਿਤ ਬਨੁ[3] ਤੁਮ ਦਰਸਨੁ ਦੇਖਾ ॥ ਮੇਰੇ ਭਾਲ ਇਹੀ ਤੁਮ ਲੇਖਾ ॥
ਕੰਤ ਜਿਵਾਇ ਧਰਮ ਮਮ ਰਾਖੋ ॥ ਦੇਵੋ ਦਰਸਨ ਬਚ ਸੁਭ ਭਾਖੋ ॥653॥
ਅਸਿ ਕਹਿ ਦੌਰਿ ਵਿਟਪ ਪਰਚਰੀ[4] ॥ ਨੈਨਨ ਨੀਰ ਪੁਕਾਰਤ ਖਰੀ ॥
ਤਬ ਚੋਰਨ ਕਟ ਬੈਨ ਉਚਾਰੇ ॥ ਉਤਰ ਤਰੇ ਲੈ ਚਲੇ ਸੰਗਾਰੇ ॥654॥
ਤਰੂ ਚਰੇ[5] ਕਿਸੁ ਦੇਖਨ ਲਾਗੀ ॥ ਹਮਰੇ ਯੋਗ ਤੂ ਭਈ ਅਭਾਗੀ ॥
ਨਾਰਿ ਠਗਨ[6] ਪ੍ਰਤਿ ਵਾਕ ਵਖਾਨਾ ॥ ਜਾਮਨ ਦੇਖੋ ਜਿਨ ਤੁਮ ਆਨਾ ॥655॥

॥ ਦੋਹਰਾ ॥

ਹਸ ਕਰ ਮੂਰਖੁ ਕਹਿਤ ਭੇ ਸੁਨ ਨਾਰੀ ਬੁਧ ਹੀਨ ॥
ਊਨੈ ਮੈ ਗੁਰ ਹੈ ਬ੍ਰਿਛਾ ਊਚੇ ਚੜ ਕਯਾ ਚੀਨ ॥656॥
ਸੁਨ ਕਰੁ ਨਾਰੀ ਦੁਖ੍ਰੜ ਭੀ ਜਿਮ ਕੁਰਰੀ ਬਿਲਲਾਇ ॥
ਗੁਰੂ ਗੁਰੂ[7] ਪੁਕਾਰਤੀ ਕੀਜੈ ਮੋਰੁ ਸਹਾਇ ॥657॥

॥ ਚੌਪਈ ॥

ਬਿਰਦੁ ਹੇਤ ਹਮ ਤਹਾ ਸਿਧਾਏ ॥ ਚਾਰੇ ਤਸਕਰ ਮਾਰਗੁ ਪਾਏ ॥
ਪਤਿ ਜਿਯਾਇ ਦੀਯੋ ਤਿਹ ਨਾਰੀ ॥ ਜਿਸ ਨੇ ਲੀਨੀ ਸਰਨ ਹਮਾਰੀ ॥658॥

---

1. ਅ ਪੋਥੀ ਤੁਲੁ
2. ਏ ਪੋਥੀ ਖੋਸੇ
3. ਅ ਪੋਥੀ ਬਚਨੁ
4. ਮੂਲ ਪੋਥੀ ਪਰਚੀ
5. ਪੋਥੀ ਚਰੇ
6. ਅ ਪੋਥੀ ਫਚਨ
7. ਅ ਪੋਥੀ ਸਾਹਿਬ ਸਿੰਘ

ਅਟਵੀ ਤੇ ਤਿਨ ਕੀਨੋ ਬਾਹਰਿ ॥ ਭਏ ਲੋਪ ਹਮ ਤਿਨ ਤੇ ਜਾਹਰਿ ॥
ਪੈਰ ਪਿਆਦੇ ਦੌਰਤ ਗਏ ॥ ਯਾਂਤੇ ਛਲਕੇ ਪਾਵੋ ਪਏ ॥659॥
ਪਾਖ ਦਿਨਾ ਪਾਛੇ ਵਹੁ[1] ਆਵੈ ॥ ਜੋ ਹੋਈ ਸਭ[2] ਤੁਮੈ ਸੁਨਾਵੈ ॥
ਸਰਬ ਪ੍ਰਸੰਗ ਦੀਆ ਸੁਨਾਈ ॥ ਸੁਨ ਚੰਦਾ ਸਿੰਘ ਬਡ ਸੁਖ ਪਾਈ ॥660॥

॥ ਦੋਹਰਾ ॥

ਚੰਦਾ ਸਿੰਘ ਕਰ ਜੋਰ ਕੇ ਬਾਰ ਬਾਰ ਨੁਤ ਗਾਇ ॥
ਪਾਦ ਪਦਮ ਅਲਿ ਹੋਤ ਭਾ ਗੁਰ ਪਰ ਬਲ ਬਲ ਜਾਇ ॥661॥

॥ ਚੌਪਈ ॥

ਅਰਧ ਮਾਸ ਜਬ ਭਯੋ ਬਤੀਤੀ ॥ ਦੰਪਤਿ ਆਏ ਧਰ ਕਰ ਪ੍ਰੀਤੀ ॥
ਦੂਰੋ ਦੇਖਤ ਬੰਦਨੁ ਕੀਨੀ ॥ ਪ੍ਰੇਮ ਬਿਖੇ ਜੁਗੁ ਹੋਏ ਲੀਨੀ ॥662॥
ਜਥਾ ਸਕਤਿ ਤਿਨ ਭੇਟਾ ਰਾਖੀ ॥ ਜਯ ਜਯ ਬਾਨੀ ਮੁਖ ਤੇ ਭਾਖੀ ॥
ਤਿਨ ਕੋ ਪ੍ਰੇਮ ਦੇਖ ਗੁਰ ਹਰਖੇ ॥ ਮ੍ਰਿਦ ਮੁਸਕਾਇ ਮਹਾਂ ਰਸ ਬਰਖੇ ॥663॥
ਨਾਰੀ ਦ੍ਰਿਗ ਵਹਿ ਨਾਥ ਨਿਹਾਰੇ ॥ ਜਿਹ ਬਨ ਮਹਿ ਤਸਕਰ ਸੰਘਾਰੇ ॥
ਪਤਿ ਜਿਯਾਇ ਦੀਨੋ ਜਿਨ ਮੋਹੀ ॥ ਜਾਨੀ ਨਿਸਚੈ ਮੂਰਤਿ ਸੋਹੀ ॥664॥

॥ ਦੋਹਰਾ ॥

ਦੰਪਤਿ ਦੋਨੋ ਖਰੇ ਹੁਇ ਕਰਿ ਉਸਤਤਿ ਮਨੁ ਲਾਇ ॥
ਜੈ ਜੈ ਜੈ ਬੇਦੀਸ ਗੁਰ ਸਭ ਘਟ ਰਹੇ ਸਮਾਇ ॥665॥

॥ ਛੰਦ ॥

ਅਨੰਦ ਕੰਦ ਰੂਪੁ ਹੋ ॥ ਬਿਲੰਦ ਭੂਪ ਭੂਪ ਹੋ ॥
ਨ ਆਦਿ ਅੰਤੁ ਤੋਹਿ ਕੋ ॥ ਸਮਾਨ ਆਨ ਹੋਹਿ ਕੋ ॥666॥
ਮੁਕੰਦ ਸੇਵਾਕਾਨਿ ਕੋ ॥ ਪ੍ਰਕਾਸ ਚੰਦ ਭਾਨ ਕੋ ॥
ਸੁ ਦਾਨ ਦੇ ਜਹਾਨ ਕੋ ॥ ਕਰੇ ਜੁ ਖਾਨ ਪਾਨ ਕੋ ॥667॥
ਚਰਿਤ੍ਰ ਤੌ ਬਚਿਤ੍ਰ ਹੈ ॥ ਭਨੇ ਸੁਨੇ ਪਵਿਤ੍ਰ ਹੈ ॥
ਅਦੇਵ ਦੇਵ ਨਾਥ ਹੈ ॥ ਸਭੇ ਨਿਵਾਏ ਮਾਥ ਹੈ ॥658॥
ਅਜਾਇ ਹੈ ਅਮਾਇ ਹੋ ॥ ਸਦੀਵ ਸੁਧ ਭਾਇ ਹੋ ॥
ਪਰੰਪਰਾ ਪਰੇਸ ਹੋ ॥ ਧਰੰਧਰਾ ਅਦੇਸ ਹੋ ॥669॥
ਰਹੇ ਬਿਸਾਲ ਗੋਪ ਹ੍ਵੈ ॥ ਜਿ ਖੋਜਿਏ ਨ ਓਪ ਹ੍ਵੈ ॥
ਅਜਾਨ ਲੋ ਹ੍ਵੈ ਰਹੇ ॥ ਪ੍ਰਤੀਤ ਧਾਰਿ ਨ ਲਹੇ ॥670॥
ਗੁਰੂ ਮਹਾਨ ਚੀਨਿਓ ॥ ਨਿਹਾਲ ਦਾਸ ਕੀਨਿਓ ॥
ਨਿਵਾਰ ਮੋਹਿ ਤਾਪ ਕੋ ॥ ਜਪਾਇ ਨਾਮ ਜਾਪ ਕੋ ॥671॥

---

1. ਅ ਪੋਥੀ ਸੋ
2. ੲ ਪੋਥੀ ਮੈ

ਸਦਾ ਅਧੀਨ ਪ੍ਰੇਮ ਕੇ ॥ ਨ੍ਰਿਬਾਹ ਕੀਨ ਨੇਮ ਕੇ ॥
ਸੁਭਾਇ ਜੇਮ ਹੋਮ ਕੇ ॥ ਸੁ ਦਾਨ ਦੇਤ ਛੇਮ ਕੇ ॥672॥
ਸੁਛੰਦ ਧੰਧ ਨਿੰਦਨਾ ॥ ਅਮੰਦ ਹੋਮ ਨਿੰਦਨਾ ॥
ਗੁਬਿੰਦ ਸਤ੍ਰ ਕੰਦਨਾ ॥ ਸੁ ਬੰਦਨਾ ਤੁ ਬੰਦਨਾ ॥673॥

॥ ਦੋਹਰਾ ॥

ਅਸਟਕ ਕੀਨੋ ਪ੍ਰੇਮ ਕਰ ਪਰੇ[1] ਚਰਨ ਪਰ ਧਾਇ ॥
ਹਾਥ ਕਮਲ ਤਿਨ ਪਿਸਟ ਪਰ ਫੇਰਾ ਗੁਰ ਹਰਖਾਇ ॥674॥

॥ ਚੌਪਈ ॥

ਤਾਰਕ ਮੰਤ੍ਰ ਜਪੋ ਤੁਮ ਪਿਆਰੇ ॥ ਵਾਹਿਗੁਰੂ ਜੋ ਸਭ ਕੋ ਤਾਰੇ ॥
ਜਨਮ ਮਰਨ ਤੁਮਰੋ ਮਿਟ ਜਾਈ ॥ ਚਿੰਤਾ ਤੁਮ ਕੋ ਹੋਇ ਨ ਰਾਈ ॥675॥
ਮਾਨ ਬਚਨੁ ਵਰ ਜਾਪਨ ਲਾਗੇ ॥ ਗੁਰੂ ਕ੍ਰਿਪਾ ਤੇ ਭਏ ਸਭਾਗੇ ॥
ਚੰਦਾ ਸਿੰਘ ਆਦਿ ਹਰਖਾਏ ॥ ਕੀਰਤਿ ਗੁਰ ਕੀ ਬਹੁ ਬਿਧ ਗਾਇ ॥676॥

॥ ਦੋਹਰਾ ॥

ਦੰਪਤਿ ਕੋਇਕ ਦਿਨ ਰਹੇ ਲੇ ਨਿਦੇਸ ਸਿਰਪਾਇ ॥
ਜਾਤ ਭਏ ਨਿਜ ਭਵਨ ਕੋ ਵਾਹਿਗੁਰੂ ਮੁਖ ਗਾਇ ॥677॥

॥ ਚੌਪਈ ॥

ਏਕ ਜਾਮ ਜਬ ਦਿਵਸ ਰਹਾਈ ॥ ਕਿਰਤਨੁ ਹੋਵੈ ਅਤਿ ਸੁਖਦਾਈ ॥
ਸਿਖ ਸੰਤ ਸੁਨ ਮਨੁ ਬਿਗਸਾਵੈ ॥ ਜਨਮ ਮਰਨ ਕੋ ਰੋਗੁ ਮਿਟਾਵੈ ॥678॥

(ਚੋਰਾਂ ਨੂੰ ਸਿਖੇ ਰਾਹ ਆਉਣਾ)

ਊਠਵਾਨ ਆਵਾ ਤਵ ਧਾਈ ॥ ਪਾਨ[2] ਬੰਦ ਜੁਗ ਅਰਜੀ ਗਾਈ ॥
ਚਾਰ ਤੁਖਾਰ ਤਸਕਰ ਨ੍ਹਿਹਰੇ ॥ ਖੋਜਿ ਰਹਾ ਮੁਹਿ ਨਦਰਿ ਨ ਪਰੇ ॥679॥
ਹੁਕਮ ਕਰਾ ਗੁਰ ਸਿੰਘਨਿ ਪ੍ਰੇਰਾ ॥ ਲੇਹੁ ਮਸਾਲਾ ਭਯੋ ਅੰਧੇਰਾ ॥
ਸੁਨ ਗੁਰ ਆਇਸ ਸਿੰਘ ਤਬ ਧਾਏ ॥ ਜੂਲਤ ਮਸਾਲਾਂ ਅੰਟਵੀ ਥਾਏ ॥680॥
ਖੋਜਤ ਖੋਜਤ ਜਾਇ ਨਿਹਾਰੇ ॥ ਚੋਰਿ ਅੰਧ ਭੇ ਹਰਿ[3] ਜੀ ਮਾਰੇ ॥
ਕਰਿ ਹਲ ਬੈਠੇ ਹੈ ਤਿਨ ਪਾਸਾ ॥ ਪਕਰਿ ਲਿਆਏ ਬਢਾ ਹੁਲਸਾ ॥681॥

॥ ਦੋਹਰਾ ॥

ਸੁਤਰ ਚੋਰ ਜੁਗ ਖੜੇ ਕਰੁ ਅਰਜੀ ਕਰੀ ਹਜੂਰ ॥
ਚੋਰਨ ਕੋ ਕਯਾ ਹੁਕਮੁ ਹੈ ਏਹੁ ਤੁਰਕ ਬਡ ਸੂਰ ॥682॥

॥ ਚੌਪਈ ॥

ਕਮਲਨੈਨ ਜੀ ਗਿਰਾ ਅਲਾਈ ॥ ਦੇਵੈ ਫਾਸੀ ਦੇਰੁ ਬਿਹਾਈ ॥
ਚੋਰਨ ਭਨਾ ਸੁਨੋ ਗੁਰ ਸੁਆਮੀ ॥ ਹਮ ਤੋ ਅੰਧ ਭਏ ਕਰ ਖਾਮੀ ॥683॥

---

1. ਅ ਪੋਥੀ ਰਹੇ 2. ਊ ਪੋਥੀ ਹਾਥ 3. ੲ ਪੋਥੀ ਗੁਰੂ

ਅਬ ਕੀ ਬਾਰ ਬਖਸਿ ਕਰ ਦੇਵੋਂ ॥ ਫੇਰਿ ਕਰੈ ਤੋ ਪ੍ਰਾਣੰ ਲੇਵੋਂ ॥
[1]ਮਯਾ ਕਰੀ ਗੁਰ ਦੀਨ ਛਡਾਇ ॥ ਪ੍ਰਸਾਦਿ ਦਿਵਾਵਾ ਖਾਵੋਂ ਜਾਇ ॥684॥
ਗੁਰ ਕ੍ਰਿਪਾ ਤੇ ਭਏ ਸੁਜਾਖੇ ॥ ਉਸਤਤਿ ਗੁਰ ਕੀ ਬਹੁ ਬਿਧਿ ਭਾਖੇ ॥
ਭਏ ਮੁਰੀਦ ਸਭੇ ਜਣ ਆਏ ॥ ਘੀਉ ਘਾਸ ਸਮਧਾ ਬਹੁ ਲਯਾਏ ॥685॥

### (ਰਾਇ ਬੁਲਾਰ ਦੇ ਪੋਤੇ ਨੇ ਮਿਲਣ ਆਉਣਾ)

ਰਾਇ ਬੁਲਾਰੈ ਪੋਤਾ ਆਵਾ ॥ ਏਕ ਊਠਿ ਭੇਟਾ ਸੁਭ ਲਿਯਾਵਾ ॥
ਦੂਰ ਖੜਾ ਹੁਇ ਕੁਨਸਾ ਕੀਨੀ ॥ ਪ੍ਰੇਮ ਬਿਖੇ ਜਿਸੁ ਬਾਨੀ ਭੀਨੀ ॥686॥
ਗੁਰੂ ਬੁਲਾਵਾ ਆਉ ਅਗਾਰੀ ॥ ਰਾਇ ਬੁਲਾਰ ਹਮਰੈ ਹਿਤਕਾਰੀ ॥
ਸੁਨ ਗੁਰ ਬਾਨੀ ਧਾਇ ਸੁ ਆਵਾ ॥ ਗੁਰ ਪਨਹੀ ਪਰ ਸੀਸ ਨਿਵਾਵਾ ॥687॥
ਸਾਹਿਬ ਆਦਰ ਤਿਸੀ ਕਾ ਕੀਨਾ ॥ ਪਗਰੀ ਲਾਚਾ ਤਿਸ ਕੌ ਦੀਨਾ ॥
ਗੁਰ ਕੀ ਮਹਿਮਾ ਜਾਨਿ ਸੁਭ ਭਾਰੀ ॥ ਨੈਨਨ ਮੇ ਆਯੋ ਤਿਸੁ ਬਾਰੀ ॥688॥

### (ਨਾਰਦ ਨੇ ਦਰਸ਼ਨ ਕਰਨ ਆਉਣਾ)

॥ ਦੋਹਰਾ ॥

ਲੀਨ ਖੁਸੀ ਘਰੁ ਕੌ ਗਯਾ ਗੁਰ ਸੁਭਾਇ ਸੁਭ ਦੇਖ ॥
ਇਕ ਦਿਨਾ ਨਿਸ ਜਾਮ ਕੇ ਨਾਰਦ ਮੁਨਿ ਸਿਤ ਭੇਖ ॥689॥

॥ ਚੌਪਈ ॥

ਸ੍ਰੀ ਗੁਰ ਜੀ ਬਡ ਆਦਰੁ ਕੀਨਾ ॥ ਕੰਠਿ ਲਗਾਵਾ ਪ੍ਰੇਮੈ ਭੀਨਾ ॥
ਕਰ ਮੋ ਕਰ ਗਹਿ ਪਾਸ ਬਹਾਵਾ ॥ ਕਰੀ ਮਯਾ ਰਿਖ ਦਰਸੁ ਦਿਖਾਵਾ ॥690॥
ਸੰਤਨ ਦਰਸੰਨ ਅਤਿ ਸੁਖਦਾਈ ॥ ਗਨਿਕਾ ਆਦਿ ਤਰੇ ਸੁਖ ਪਾਈ ॥
ਹਮ ਗਿਰਹੀ ਤੁਮ ਸੰਤ ਦਯਾਲਾ ॥ ਦਰਸ ਦਿਖਾਵਾ ਕਰਾ ਨਿਹਾਲਾ ॥691॥
ਸੁਨ ਨਾਰਦ ਬੋਲਯੋ ਹਰਖਾਈ ॥ ਸੁਨੀਏ ਸਤਿਗੁਰ ਬੇਦੀ ਰਾਈ ॥
ਜਗਤ ਉਧਾਰਨ ਤੈ ਬਪੁ ਧਾਰਾ ॥ ਸੇਸ ਗਿਰਾ ਨਹਿ ਪਾਵੈ ਪਾਰਾ ॥692॥
ਨਮੋ ਨਮੋ ਬੇਦੀ ਕੁਲ ਰਾਈ ॥ ਨਮੋ ਨਮੋ ਸਿਖਨ ਸੁਖਦਾਈ ॥
ਨਮੋ ਨਮੋ ਚਰਾ ਚਰ ਸ੍ਵਾਮੀ ॥ ਨਮੋ ਨਮੋ ਭਗਤਨ ਅਨੁਰਾਗੀ ॥693॥
ਨਮੋ ਨਮੋ ਉਤਪਤ ਲੈ ਕਾਰੀ ॥ ਨਮੋ ਨਮੋ ਅਘ ਖੰਡ ਮੁਰਾਰੀ ॥
ਨਮੋ ਨਮੋ ਸੁਭ ਗੁਨ ਕੇ ਧਾਰਤ ॥ ਨਮੋ ਨਮੋ ਗਜ ਤਾਰਤ ਆਰਤ ॥694॥
ਨਮੋ ਨਮੋ ਸੁਭ ਪੰਥ ਬਨਾਵਾ ॥ ਨਮੋ ਨਮੋ ਸੁਭ ਮਾਰਗ ਪਾਵਾ ॥
ਨਮੋ ਨਮੋ ਗੁਰ ਗ੍ਰੰਥ ਬਨਾਯੋ ॥ ਨਮੋ ਨਮੋ ਭਵ ਸੇਤ ਰਚਾਯੋ ॥695॥
ਨਮੋ ਨਮੋ ਤੁਰਕਨ ਕੇ ਘਾਯਕ ॥ ਨਮੋ ਨਮੋ ਹਿੰਦ ਧਰਮ ਰਖਾਯਕ ॥
ਨਮੋ ਨਮੋ ਭਗਤੀ ਕੇ ਦਾਤਾ ॥ ਨਮੋ ਨਮੋ ਵਿਗਯਾਨ ਗਯਾਤਾ ॥696॥

---

1. ੲ ਪੋਥੀ ਪਾਠਾਂਤਰ : ਗੁਰ ਕਰਿ ਕਿਰਪਾ

॥ ਦੋਹਰਾ ॥

ਦਾਸਨਿ ਦਾਸ ਮੁਹਿ ਜਾਨੀਏ ਗੁਨਾਂਗਾਰ ਸੁਖਦਾਇ ॥
[1]ਦੇਹ ਭਰਤਿ[1] ਅਨੁਪਾਇਨੀ ਜੋ ਸਭ ਤੇ ਅਧਿਕਾਇ ॥697॥
ਬੀਨ ਬਜਾਈ ਬੀਨ ਸੁਰ ਕ੍ਰਿਤਨ ਕਰਾ ਬਨਾਇ ॥
ਸੁਨ[2] ਗੁਰ ਜੂ[2] ਪਰਸੰਨ ਭੇ ਬਹੁਤ ਕੰਠ ਲਗਾਇ ॥698॥

॥ ਚੌਪਈ ॥

ਦੇਵ ਰਿਖੀ ਮਨ ਮੇਂ ਹਰਖਾਵਾ ॥ ਲਾਗ ਚਰਨ ਅਜਧਾਮ ਸਿਧਾਵਾ ॥
ਏਹੁ ਭੇਦੁ ਨਹਿ ਕਿਨਹੂੰ ਜਾਨਾ ॥ ਸਸਿ ਹਰਿ[3] ਜੀ ਸਭ ਦੇਖਨ ਠਾਂਨਾ ॥699॥
ਚੰਦਾ ਸਿੰਘ ਕਹਯੋ ਕਰ ਜੋਰੀ ॥ ਗੁਰ ਜੀ ਸੁਨੀਏ ਬਿਨਤੀ ਮੋਰੀ ॥
ਨਾਰਦ ਰਿਖੁ ਆਵਾ ਤੁਮ ਪਾਸੂ ॥ ਕੀਨੇ ਅਤਿਸੇ ਬਚਨ ਬਿਲਾਸੂ ॥700॥
ਗੁਰੂ ਭਨਾ ਸੁਖ ਤੂਸਨਿ ਠਾਂਨ ॥ ਕਾਹੇ ਕੌ ਉਚ ਕਰੈ ਬਖਾਨ ॥
ਸੁਨ ਗੁਰ ਬਾਨੀ ਤੂਸਨ ਠਾਂਨੀ ॥ ਜੁਗਮ ਘਰੀ ਪਿਛ ਬਿਨੈ ਬਖਾਨੀ ॥701॥
ਸੇਵਕ ਜਾਨ ਮਯਾ ਗੁਰ ਕੀਜੈ ॥ ਏਕ ਪ੍ਰਸਨ ਕਾ ਉਤਰ ਦੀਜੈ ॥
ਗੁਰ ਨਾਨਕ ਜਿਮ ਭਾ ਅਵਤਾਰੂ ॥ ਮੁਝ ਸਮਝਾਵੋ ਕਰਨਾਧਾਰੂ ॥702॥
ਜੋ ਜੋ ਕੌਤਿਕ ਕਰੇ ਗੁਸਾਂਈ ॥ ਕਰੋ ਮਯਾ ਮੁਝ ਦਯੋ ਸਮਝਾਈ ॥
ਗੁਰੂ ਸੁਨਾਵੋ ਕਛੋ ਨ ਦਾਰਾ ॥ ਮਨ ਤਨ ਬਾਨੀ ਸੇਵਕ ਥਾਰਾ ॥703॥

(ਗੁਰ ਨਾਨਕ ਦੇਵ ਜੀ ਦੀ ਸੰਖੇਪ ਜੀਵਨ ਕਥਾ)

॥ ਦੋਹਰਾ ॥

ਸੇਵਕ ਬਾਨੀ ਸ੍ਰਵਨ ਕਰ ਹਰਖੇ ਦੀਨ ਦਯਾਲ ॥
ਗੁਰ ਗਾਥਾ ਹੈ ਅਤਿ ਘਨੀ ਸੁਨਿ ਸਮਾਸ ਹਿਤ ਨਾਲ ॥704॥

॥ ਚੌਪਈ ॥

ਕਲਜੁਗ ਜਬ ਪਾਯੋ ਅਤਿ ਜੋਰਾ ॥ ਯਮਨ[4] ਰਾਜ ਹੋਵਾ ਅਤਿ ਘੋਰਾ ॥
ਗੁਰ ਦਿਜ ਸਾਧੂ ਅਤੇ ਦੁਖਾਹੀ ॥ ਸੁਭ ਅਚਾਰ ਕਿਤ ਦੀਸਤ ਨਾਹੀ ॥705॥
ਛੋਨੀ ਅਤਸੋ ਰੋਇ ਪੁਕਾਰੀ ॥ ਰਖਯਾ ਕੀਜੈ ਮੁਹਿ ਗਿਰਧਾਰੀ ॥
ਗੋਇ ਰੂਪ ਧਰ ਹੋਇ ਦੀਨੀ ॥ ਅਸਿਕੇਤ ਦਯਾ ਅਤਿ ਕੀਨੀ ॥706॥
ਭੀਨ ਭਵਾਨੀ ਚਿੰਤ੍ਰਾ ਤਯਾਗੋ ॥ ਧਰ ਅਵਤਾਰ ਤੋਰ ਦੁਖ ਦਾਗੋ ॥
ਰਾਇ ਭੋਇ ਤਿਲਵੰਡੀ ਨਗਰੀ ॥ ਬਾਰ ਦੇਸ ਮੇ ਹੈ ਉਜਗਰੀ ॥707॥
ਕਾਲੂ ਬੇਦੀ ਸੁਨ ਗੁਰ ਪੂਰਾ ॥ ਤਿਸ ਕੇ ਮੈ ਦੁਖ ਕਰਨੇ ਚੂਰਾ ॥
ਤਿਸ ਗ੍ਰਿਹਿ ਪੂਤ ਹੁਵੇ ਮੈ ਆਈ ॥ ਸਤਗੁਰ ਨਾਨਕ ਨਾਮ ਕਹਾਈ ॥708॥

---

1 ਮੂਲ ਪੋਥੀ ਦੇਹ ਭਰਮ 2. ਅ ਪੋਥੀ ਹਜ਼ੂਰ
3. ੲ ਪੋਥੀ ਚੰਦਾ ਸਿੰਘ
4. ੲ ਪੋਥੀ ਮੁਗਲ

॥ ਦੋਹਰਾ ॥

ਆਦ ਪੁਰਖੁ ਕੇ ਬੈਨ ਸੁਨੇ ਭੂ ਅਤਸੇ ਸੁਖ ਪਾਇ ॥
ਧੇਨੂ ਬਪੁ ਤਬ ਤਿਯਾਗੁ ਕਰਿ ਭਈ ਇਲਾ ਹਰਖਾਇ ॥709॥
ਹੋਵਾ ਕਾਲ ਬਤੀਤ ਕਛੁ ਭੂਮ ਅਰਾਧਤ ਨੀਤ ॥
ਸੋ ਪ੍ਰਸੰਗ ਨਿਰਨੇ ਕਰੋ ਭਾਵਾ ਤਰਿ ਜਹਿ ਰੀਤ ॥710॥

॥ ਚੌਪਈ ॥

ਅਸਿਕੇਤ ਕਾਲੂ ਗ੍ਰਿਹਿ ਆਏ ॥ ਭਏ [ਸੁ][1] ਤਾਤ ਨਾਨਕ ਕਹਿਲਾਏ ॥[2]
ਕਾਲੂ ਰਾਇ ਭਯੋ ਬਡਭਾਗੀ ॥ ਮਾਤਾ ਤ੍ਰਿਪਤਾ ਮਨ ਅਨੁਰਾਗੀ ॥711॥
ਤਿਲਵੰਡੀ ਬੀਥਨ ਖੇਲ ਮਚਾਇ ॥ ਬਾਲ ਉਧਾਰੈ ਗਿਨੇ ਨਹਿ ਜਾਇ ॥
ਪੂਰਾ ਸੁ ਪ੍ਰੋਧਾ ਕਰਾ ਨਿਹਾਲ ॥ ਕਾਜੀ ਬੇਦ ਤਾਰੇ ਤਤਕਾਲ ॥712॥
ਰਾਇ ਬੁਲਾਰ ਕਰਾ ਭਵ ਪਾਰੀ ॥ ਗੋ ਮਹਿਖੀ ਫਿਰ ਬਨ ਮੋ ਚਾਰੀ ॥
ਸੇਸ ਨਾਗ ਫਣ ਛਾਯਾ ਕੀਨੀ ॥ ਖੇਤੂ ਚਾਰ ਹਰੀ ਕਰ ਦੀਨੀ ॥713॥
ਬਹੁਰੋ ਕੀਨਾ ਕ੍ਰਿਖੀ ਉਪਾਇ ॥ ਸੋ ਭੀ ਦੀਨੀ ਪਸੂਨ ਚਰਾਇ ॥
ਬੀਸ ਰਜੰਤ ਪਣੇ ਲੈ ਸਿਧਾਏ ॥ ਸੰਤਨ ਸੇਵਾ ਮੈਂ ਸਭ ਲਾਏ ॥714॥
ਕਾਲੂ ਕਲਾ ਕਰੀ ਅਤਿ ਭਾਰੀ ॥ ਸੁਲਤਾਨ ਪੁਰੇ ਚਲਿ ਗੈ ਗਿਰਧਾਰੀ ॥
ਮਿਲ ਭਗਨੀ ਮਨ ਮੈ ਹਰਖਾਈ ॥ ਲੋਦੀ ਮੋਦੀ ਭੇ ਸੁਖਦਾਈ ॥715॥
ਮੂਲੇ ਤਨਜਾ ਲੀਨ ਬਿਆਹੀ ॥ ਜੁਗ ਸੁਤ ਉਪਜੇ ਬਡ ਸੁਖਦਾਈ ॥
ਤੀਨ ਨਿਸਾ ਵੀ ਮਾਹਿ ਠਰਾਨੇ ॥ ਗੇ ਬੈਕੁੰਠੇ ਪੁਨ ਪ੍ਰਗਟਾਨੇ ॥716॥
ਨਿਖਦਯਾ ਦੀਨੀ ਸਰਬ ਲੁਟਾਈ ॥ ਗਲ ਮੋ ਖਫਨੀ ਲੀਨੀ ਪਾਈ ॥
ਗੋਰ ਮਸਾਣ ਕਰਾ ਉਧਾਰਾ ॥ ਕਾਜੀ ਦਿਜ ਕੀਨੇ ਭਵ ਪਾਰਾ ॥717॥
ਲੋਦੀ ਨਰ ਜਿੰਦ ਪੀਰ ਬਨਾਵਾ ॥ ਪੂਨਾ ਭਗੀਰਥ ਪਾਰ ਲੰਘਾਵਾ ॥
ਫਿਰ ਮਰਦਾਨੇ ਲੇਕਰ ਨਾਲ ॥ ਲਾਲੋ ਸਦਨ ਗਏ ਗੁਰ ਦਯਾਲ ॥718॥
ਭਾਗੋ ਭੋਜਨ ਰੁਧੁ ਪ੍ਰਗਟਾਵਾ ॥ ਲਾਲੋ ਰੋਟੀ ਦੂਧ ਦਿਖਾਵਾ ॥
ਫਿਰ ਨਨਕਾਣੈ ਮੈ ਚਲ ਗਏ ॥ ਮਾਤ ਪਿਤਾ ਗੁਰ ਮਿਲਤੇ ਭਏ ॥719॥
ਰਾਇ ਬੁਲਾਰੈ ਦੀਨੋ ਗਯਾਨ ॥ ਤਾਰੀ ਦਾਸੀ ਗੁਰ ਭਗਵਾਨ ॥
ਲੀਨ ਮਰਦਾਨਾ ਬਾਲਾ ਸਾਥ ॥ ਏਮਨਬਾਦੰ ਚਾਲੇ ਪਾਥ ॥720॥

॥ ਦੋਹਰਾ ॥

ਭਾਈ ਲਾਲੋ ਕੋ ਮਿਲੇ ਅਗਰ ਗਵਨ ਗੁਰ ਕੀਨ ॥
ਅਕ ਫਲ ਮਰਦਾਨੇ ਖਾਏ ਛੁਧਾ ਭਈ ਤਿਸੁ ਖੀਨ ॥721॥

---

1. ਅ ਪੋਥੀ ਵਿਚੋਂ
2. ਅ ਪੋਥੀ ਕਹਾਏ

ਮਧ ਬੰਗਾਲੇ ਗੁਰ ਗਏ ਬਸੜੀ[1] ਕੁਟਲਾ ਨਾਰਿ ॥
ਮਰਦਾਨਾ ਮੇਢਾ ਭਯੋ ਤਿਨ ਕੋ ਗੁਰੂ ਉਧਾਰ ॥722॥

॥ ਚੌਪਈ ॥

ਆਗੇ ਗੁਰ ਜੀ ਕਰਾ ਪਯਾਨਾ ॥ ਸਾਗਰ ਲੰਘ ਗੇ ਬਿਨ ਜਲ ਜਾਨਾ ॥723॥
ਸ਼ਿਵਨਾਭ ਕਾ ਕਰਾ ਉਧਾਰ ॥ ਪ੍ਰਾਣ ਸੰਗਲੀ ਸੌਂਪ ਦ੍ਰਿਆਰ ॥723॥
ਤ੍ਰਿਯ ਰਾਜ ਮੈ ਜਾਇ ਪ੍ਰਵੇਸੇ ॥ ਤਿਨੋ ਉਧਾਰ ਚਲੇ ਜਗਤੇਸੇ ॥
ਭਕਤ ਜੋਗ ਵਰ[2] ਭਰਥੇਰ ਲੀਨਾ ॥ ਕੌਡੇ ਉਧਾਰ ਗੁਰ ਕਰ ਦੀਨਾ ॥724॥
ਸਾਲਸ ਰਾਇ ਮੰਜੀ ਗੁਰ ਦੀਨ ॥ ਸਿੰਧ ਮੋ ਮਛ ਉਧਾਰਨ ਕੀਨ ॥
ਝੰਡੇ ਕੋ ਗੁਰ ਮੰਚ ਬਸਾਵਾ ॥ ਇੰਦ੍ਰ ਸੈਨ ਸੁਭ ਗਿਯਾਨ ਦ੍ਰਿੜਾਵਾ ॥725॥

॥ ਦੋਹਰਾ ॥

ਸਤਦਸ[3] ਰਾਜੇ ਦੇਸ ਮੋ ਸੁਧਰ ਸੈਨ ਪਗ ਪਾਇ ॥
ਦੇਵ ਲੂਤ ਆਗੇ ਮਿਲਾ ਤਿਸ ਕੋ ਸੁਭ ਮਗ ਲਾਇ ॥726॥

॥ ਚੌਪਈ ॥

ਆਗੇ ਅਰਨ[4] ਭਯਾਨਕ ਆਵਾ ॥ ਮਰਦਾਨੇ ਕੋ ਦੈਤ ਚਬਾਵਾ ॥
ਨਿਸਚਰ ਕਾ ਗੁਰ ਕਰਾ ਉਧਾਰੂ ॥ ਕਮਲ ਨੈਨ ਕੋ ਕੀਨਾ ਪਾਰੂ ॥727॥
ਫਿਰ ਮਰਦਾਨੇ ਅਰਜ ਬਖਾਨੀ ॥ ਮਕਾ ਦਿਖਾਵੋ ਸੁਖਮਾ ਖਾਨੀ ॥
ਗਏ ਮਕੇ ਤਬ ਦੀਨ ਫਿਰਾਈ ॥ ਧਰੀ ਕੌਸ ਵਿਚ ਪੂਜ ਕਰਾਈ ॥728॥
ਦੁਤੀ ਕੌਮ ਮਦੀਨੇ ਰਾਖੀ ॥ ਆਏ ਸੁਲਤਾਨਪੁਰ ਜਗ ਸਾਖੀ ॥
ਭਗਨੀ ਮਿਲੀ ਸੁ ਬਡ ਹਿਤ ਧਾਰ ॥ ਗਏ ਮੇਰ ਪਰ ਗੁਰ ਕਰਤਾਰ ॥729॥

॥ ਦੋਹਰਾ ॥

ਗੋਰਖ ਆਦਿਕ ਸਿਧ ਲੇ ਗਰਬ ਸੁ ਤਿਲ ਕਾ ਚੰਡ ॥
ਦਤਾਤ੍ਰੇ ਧਰੂਵ ਕੋ ਮਿਲੇ ਫੇਰ ਗਏ ਸਚ ਖੰਡ ॥735॥
ਅਸੀਕੇਤ ਸਿਉ ਮੇਲਿ ਕਰੁ ਧਰੂਵ ਮੰਡਲੇ ਮਧੁ ਆਇ ॥
ਜੁਗ ਸੇਵਕੁ ਸੁਭ ਸਾਥ ਲੇ ਜੰਮੂ ਦੇਸ ਸਿਧਾਇ ॥731॥

॥ ਚੌਪਈ ॥

ਰਿਖੀ ਮਿਲੇ ਸੁਭ ਮਾਰਗੁ ਪਾਏ ॥ ਕੁਟ ਸੇਰ ਗੁਰ ਮੁਕਤਿ ਕਰਾਏ ॥
ਹਿਰਨ ਖੰਡ ਕਾ ਕਰਾ ਉਧਾਰੂ ॥ ਦੁਤੀ ਖੰਡ ਜੀਵਨੁ ਨਿਸਤਾਰੂ ॥732॥

॥ ਦੋਹਰਾ ॥

ਕੇਤ ਮਾਲ ਜੋ ਖੰਡ ਥੋ ਦੇਵੀ ਲੋਕ ਮਨਾਇ ॥
ਸਤਨਾਮ ਗੁਰ ਮਯਾ ਕਰੁ ਦੀਨੋ ਤਿਨੇ ਜਪਾਇ ॥733॥

---

1. ਅ ਪੋਥੀ ਰਹਿਤੀ  2. ਅ ਪੋਥੀ ਸੁ ਜੋਗੰ  3. ਅ ਪੋਥੀ ਸਤਾਰਾ
4. ਅ ਪੋਥੀ ਬਨੰ

॥ ਚੌਪਈ ॥

ਚਤੁਰਥ ਖੰਡ ਪੁਨਾ ਗੁਰ ਗਏ ॥ ਵਰ ਸਤਨਾਮ ਜਪਾਵਤ ਭਏ ॥
ਪੰਚਮ ਖੰਡ ਕੇ ਗੁਰਮਤਿ ਪਾਏ ॥ ਖਸਟਮ ਖੰਡ ਮੋ ਨਾਮ ਜਪਾਏ ॥734॥
ਸਪਤਮ ਮੈ ਸਿਖੀ ਪ੍ਰਗਟਾਈ ॥ ਅਸਟਮ ਸੰਤਨ ਸੇਵ ਬਤਾਈ ॥
ਨੌਮੇ ਭਾਰਥ ਖੰਡ ਗਿਨਾਏ ॥ ਜੰਬੂ ਮੋ ਚਲ ਕਰ ਗੁਰ ਆਏ ॥735॥
ਰਾਜੇ ਕੌ ਗੁਰ ਧਰਮ ਦ੍ਰਿੜਾਵਾ ॥ ਫਿਰ ਬਨ ਚਾਰਨਿ ਕੌ ਦੁਖੁ ਘਾਵਾ ॥
ਲਹੌਰ ਮਾਂਝ ਆਏ ਸੁਖਦਾਈ ॥ ਦੁਨੀ ਚੰਦ ਮਿਲ ਮੁਕਤੀ ਪਾਈ ॥736॥

॥ ਦੋਹਰਾ ॥

ਸੁਲਤਾਨ ਪੁਰਿ ਭਗਨੀ ਮਿਲੀ ਲੇ ਪੁਨ ਨਨਕਾਣੇ ॥
ਤਾਤ ਮਾਤ ਜੁਗ ਮੁਕਤਿ ਕਰ ਕੁਰਖੇਤ੍ਰ ਮਧਿ ਸਿਧਾਇ ॥737॥
ਪੰਡਿਤ ਨਾਨੂ ਆਦਿ ਬਹੁ ਕਰਿ ਚਰਚਾ ਗੇ ਹਾਰ ॥
ਪਾਇਸ ਅਸਨ ਅਚਾਇ ਕਰ ਗੇ ਗੰਗਾ ਸੁਖਕਾਰ ॥738॥
ਸਰਬ ਲੋਕਿ ਚਰਨੀ ਲਗੇ ਫਿਰ ਮਥੁਰਾ ਗੁਰ ਜਾਇ ॥
ਅਜੁਧਿਯਾ ਕਾਂਸੀ ਦਰਸ ਕੇ ਜਗਨ ਨਾਥ ਦਰਸਾਇ ॥739॥
ਬਾਪੀ ਲਾਵਨ ਤਿਹ ਕਢੀ ਚਾਲੇ ਕਰਨ ਨਿਹਾਰ ॥
ਕਲਜੁਗ ਆਗੇ ਮਿਲਤ ਭਾ ਚਰਨ ਪਰਾ ਤਤਕਾਲ ॥740॥

॥ ਚੌਪਈ ॥

ਦੇਸ ਮੁਨਾਫਕ ਕਰਾ ਨਿਹਾਲੁ ॥ ਸਿੰਧ ਪਾਰ ਹੋਏ ਤਤਕਾਲ ॥
ਏਕ ਸਰੋਵਰ ਗੁਰੂ ਕਹਾਈ ॥ ਹਾਰੂ ਟਾਪੂ ਹੈ ਵਡ ਆਈ ॥741॥
ਸਿਖ ਕਰਾ ਤਿਸ ਕੌ ਗੁਰੂ ਪੂਰੇ ॥ ਫੇਰਿ ਭਟੰਤ ਗਏ ਦੁਖ ਚੂਰੇ ॥
ਸ੍ਰੀ ਸਤਗੁਰ ਜਾ ਉਤਰੇ ਬਾਹਰਿ ॥ ਮੰਤ੍ਰੀ ਕਹੀ ਸਰਬ ਗਥ ਜਾਹਰਿ ॥742॥

॥ ਦੋਹਰਾ ॥

ਤਹਾਂ ਭੂਪ ਅਤਿ ਨੀਚ ਥਾ ਪਰ ਜੁਵਤੀ ਭੋਗੰਤ ॥
ਤਯਾਗ ਦੀਨ ਮੰਦ ਕਰਮ ਤਿਸ ਗੁਰ ਕਿਰਪਾ ਭਾ ਸੰਤ ॥743॥

॥ ਚੌਪਈ ॥

ਕਸਮੀਰ ਦੇਸ ਸੁਭ ਮਾਰਗ ਪਾਇ ॥ ਵਲੀ ਕੰਧਾਰੀ ਚਰਨੀ ਲਾਇ ॥
ਪੰਜਾ ਗੁਰ ਕਾ ਤਿਸ ਥਲ ਆਈ ॥ ਮਧਿ ਕਾਬਲ ਮਸੀਤ ਫਿਰਾਹੀ ॥744॥[1]

---

1. ੲ ਪੋਥੀ ਵਿਚ ਇਸ ਮਗਰੋਂ ਦੋ ਛੰਦ ਵਾਧੂ ਹਨ :
ਰੁਕਨ ਦੀਨ ਕਾ ਮਾਨ ਮਿਟਾਵਾ ॥ ਹਉਮੈ ਪੀੜਾ ਮੇਟਾ ਹਾਵਾ ॥
ਖਲਕ ਮਾਹਿ ਖਾਲਕ ਦਿਖਾਯੋ ॥ ਕਾਜੀ ਕੌ ਸੁਭ ਮਾਰਗ ਪਾਯੋ ॥745॥
ਰੁਕਨ ਦੀਨ ਪਗ ਪਰਸਨ ਕੀਨ ॥ ਬਿਨਤੀ ਕੀਨੀ ਹੋਇ ਅਧੀਨ ॥
ਹਮਰੇ ਗੁਨਾਹ ਬਖਸੋ ਸ੍ਵਾਮੀ ॥ ਹਮ ਪਾਪੀ ਹੈ ਮੋਟੇ ਖਾਮੀ ॥746॥

॥ ਦੋਹਰਾ ॥
ਆਗੇ ਚਾਲੇ ਸਤਿਗੁਰੂ ਹੋਲਾਂ ਲੈ ਮਿਲ ਬਾਲ ॥
ਸਰਵਰ ਤਿਸ ਕੌ ਝਟ ਕਰਾਂ ਸਤਿਗੁਰ ਦੀਨ ਦਯਾਲ ॥745॥
॥ ਚੌਪਈ ॥
ਏਕ ਬਪਾਰੀ ਰਸਤੇ ਤਾਰਾ ॥ ਚੋਰਨ ਪਿੰਡ ਕਾ ਕਰਾ ਉਧਾਰਾ ॥
ਕਾਰੂ ਕੌ ਚਲੁ ਕਰਾ ਨਿਹਾਲ ॥ ਜਿਸ ਕੰਦੂ ਜਨੇ ਸੰਚਾ ਮਾਲ ॥746॥
ਧੁਰ ਦਰਗਾਹੂ ਚੋਲਾ ਆਵਾ ॥ ਲੇਕਰਿ ਸਤਿਗੁਰ ਗਰੇ ਮੋ ਪਾਵਾ ॥
ਹਬਸ ਵਲਾਇਤ ਹਬਸੀ ਤਾਰੇ ॥ ਫਿਰ ਲੰਕਾ ਮੇਂ ਗੁਰੂ ਪਧਾਰੇ ॥747॥
॥ ਦੋਹਰਾ ॥
ਰਾਮ ਰੂਪ ਅਪਨਾ ਕਰਾਂ ਲਛਮਨ ਬਾਲਾ ਕੀਨ ॥
ਮਰਦਾਨਾ ਸੀਤਾ ਭਯੋ ਹਨੂਮਾਨ ਹਰਖੀਨ ॥748॥
ਸਪਤਮ ਦੀਪ ਨਿਹਾਲ ਕਰੁ ਪੁੰਨ ਤਿਲੰਗ ਜੀ ਆਇ ॥
ਆਏ ਪੁਨਿ ਗੋਰਖ ਮਤੇ ਜੋਗੀ ਬਡ ਗਰਬਾਇ ॥749॥
॥ ਚੌਪਈ ॥
ਨਾਨਕ ਮਤਾ ਸੁ ਗੁਰੂ ਬਨਾਵਾ ॥ ਦਿਲੀ ਮੈ ਗਜ ਦੀਨ ਜਿਵਾਵਾ ॥
ਮਰਦਾਨੇ ਕੀ ਪੂਜ ਕਰਾਈ ॥ ਲਹੌਰ ਸਰਾਪ ਦਿਯੋ ਗੁਰ ਆਈ ॥750॥
ਸਤ ਘਰੇ ਇਕ ਸਾਹ ਉਧਾਰਾ ॥ ਇਕ ਕੋਈ ਕਾ ਕੋਢ ਨਿਵਾਰਾ ॥
ਆਗੇ ਸੰਤ ਮਿਲੇ ਬਹੁ ਆਏ ॥ ਕਰਿ ਚਰਨਾ[1] ਮਨ ਮੈ ਹਰਖਾਏ ॥751॥
ਇਮਨਾਬਾਦ ਗਏ ਗੁਰ ਪੂਰੇ ॥ ਰੋੜ ਬਿਛਾਇ ਕਰਾਂ ਤਪ ਰੂਰੇ ॥
ਇਮਨੋਵਾਦ ਸਰਾਪ ਅਲਾਵਾ ॥ ਮਾਰ ਕੂਟ ਬਾਬਰਿ ਬਿਚਲਾਵਾ ॥752॥
॥ ਦੋਹਰਾ ॥
ਸਪੂਤ[2] ਮੁਠੀ ਭੰਗ ਕੀ ਦਈ ਬਾਬਰ ਭਾ ਪਾਤਿਸਾਹਿ ॥
ਪਖੋ ਰੰਧਾਵੇ ਗੁਰ ਗਏ ਸਾਸ ਸੁਸਰ ਮੁਕਤਾਹਿ ॥753॥
ਮਹਿਲਾ ਸੁਤ ਜੁਗ ਸਾਥ ਲੇ ਰਾਵੀ ਤੀਰਥ ਜਾਇ ॥
ਕਰੋੜੀ ਮਲ ਗੁਰ ਸਿਖ ਭਾ ਦੀਨੇ ਸਦਨ ਬਨਾਇ ॥754॥
ਸ੍ਰੀ ਕਰਤਾਰਪੁਰਿ ਨਾਮ ਧਰਿ ਦੀਨੀ ਦੇਗ ਲਗਾਇ ॥
ਜੋ ਆਵੇ ਸੋ ਭੁੰਚਈ ਬਿਰਥਾ ਕੋਇ ਨ ਜਾਇ ॥755॥
॥ ਚੌਪਈ ॥
ਬੈਸਨਵ ਕਾ ਗੁਰ ਕਰਾ ਉਧਾਰ ॥ ਜੁਗਮ ਪੂਤ ਮਹਿਲਾਂ ਤਹ ਬਸਾਰ ॥
ਸਾਂਯਾਲਕੋਟ ਮੋ ਮੂਲਾ ਤਾਰਾ ॥ ਸਹੁ ਸੁਹਾਗਨਿ ਕਰ ਨਿਸਤਾਰਾ ॥756॥
ਜਲਾਲ ਪੀਰ ਕੋ ਗੁਰਮੁਖ[3] ਕੀਨ ॥ ਸਿਖ ਬ੍ਰਹਮ ਗਯਾਨ ਵਰ ਦੀਨ ॥
ਬਗਦਾਦ ਪੀਰ ਗੁਰ ਕੀਨਾ ਜੇਰ ॥ ਅਕਾਸ ਪਤਾਲ ਲਖੁ ਤਿਸ ਸੁਤ ਹੇਰ ॥557॥

1. ਅ ਪੋਥੀ ਚਰਚਾ 2. ਅ ਪੋਥੀ ਸਾਤ 3. ੲ ਪੋਥੀ ਗੁਰਸਿਖ

॥ ਦੋਹਰਾ ॥

ਖੁਰਮੇ ਨਗਰ ਬੀਚ ਮੋ ਮਰਦਾਨਾ ਬਪੁ ਤਯਾਗ ॥
ਚਕ੍ਰ ਪਾਨ ਪਾਯੋ ਤਿਨੈ ਜਿਸ ਕੇ ਜਾਗੇ ਭਾਗ ॥758॥
ਸਜਣ ਠਗ ਬੰਚਕ ਬਡੋ ਤਿਸ ਕੌ ਗੁਰ ਗਤ ਦੀਨ ॥
ਮਰਦਾਨੇ ਸੁਤ ਕੋ ਗੁਰੂ ਖੁਰਮੇ ਥਾਪਨ ਕੀਨ ॥759॥

॥ ਚੌਪਈ ॥

ਗੇ ਕੰਧਾਰ ਗੁਰੂ ਸੁਖਦਾਈ ॥ ਯਾਰ ਵਲੀ ਮਿਲ ਸੁਭ ਗਤਿ ਪਾਈ ॥
ਸੇਖ ਸਰਫ ਕੋ ਦੀਨਾ ਗਯਾਨ ॥ ਮਾਂਨ ਚੰਦੋ ਦਯੋ ਡੰਡ ਪਾਨੰ ॥760॥
ਮੁਲਤਾਨ ਪੀਰ ਸਭ ਚਰਨੀ ਲਾਇ ॥ ਬਾਲ ਗੁੰਦਾਈ ਮਿਲ ਹਰਖਾਇ ॥
ਸ੍ਰੀ ਕਰਤਾਰਪੁਰੇ ਪੁਨਿ ਆਏ ॥ ਮਹਿਲਾ ਤਾਤ ਸਿਖ ਹਰਖਾਏ ॥761॥
ਭੇਖ ਉਦਾਸੀ ਗੁਰੂ ਉਤਾਰਾ ॥ ਗ੍ਰਿਸਤੀ ਬਾਣਾ ਤਨ ਪਰ ਧਾਰਾ ॥
ਅਚਲ ਮਾਂਝ ਗੇ ਸਤਿਗੁਰ ਪੂਰੇ ॥ ਕਰ ਚਰਚਾ ਸਿਧ ਭਏ ਅਧੂਰੇ ॥762॥

॥ ਦੋਹਰਾ ॥

ਗੋਰਖ ਆਦਿਕ ਤਯਾਗ ਹੰ ਚਰਨੀ ਲਾਗੇ ਆਇ ॥
ਸ੍ਰੀ ਗੁਰ ਪੁਨ ਸੰਦਨੰ ਗਏ ਜੋ ਸਿਖਨ ਸੁਖਦਾਇ ॥763॥

॥ ਚੌਪਈ ॥

ਫੇਰ ਨ ਬਾਹਿਰ ਕਦੀ ਸਿਧਾਏ ॥ ਕਿਰਤਨ ਲੰਗਰ ਹੋਤਿ ਸਵਾਏ ॥
ਭਾਈ ਬੁਢਾ ਆਇ ਮਿਲਾਨਾ ॥ ਜਿਸ ਕੇ ਜਾਗੇ ਭਾਗ ਮਹਾਨਾ ॥764॥
ਕੋਟਾਨ ਕੋਟ ਗੁਰ ਕਰੇ ਉਧਾਰ ॥ ਸੇਸ ਗਿਰਾ ਨਹਿ ਪਾਵੈ ਪਾਰ ॥
ਸ੍ਰੀ ਅੰਗਦ ਜੀ ਸੇਵ ਕਮਾਈ ॥ ਗੁਰੂ ਮਯਾ ਤੇ ਗੁਰਤਾ ਪਾਈ ॥765॥
ਪੁਨਿ ਖਡੂਰ ਤਿਸ ਭੋਜਨੁ ਕੀਨਾ ॥ ਸਚੁ ਖੰਡ ਆਪਿ ਪਿਯਾਨਾ ਕੀਨਾ ॥
ਦੇਹੀ ਸਾਥ ਗਏ ਗੁਰ ਪੂਰੇ ॥ ਜਸ ਕਥਾ ਸੁਨਿ ਮਿਟੇ ਵਿਸੂਰੇ ॥766॥

॥ ਦੋਹਰਾ ॥

ਚੰਦਾ ਸਿੰਘ ਤਵ ਪ੍ਰਸਨ ਪਰ ਕਹੀ ਕਥਾ ਸਾਮਾਸ ॥
ਗਿਰਾ ਗੈਨੇਸ ਬਿਸੌ ਹਰਿ ਹਰੀ ਕਹਿ ਨ ਸਕੈ ਗੁਨਾ ਰਾਸ ॥767॥
ਰੋਮ ਰੋਮ ਸਤਿਗੁਰੂ ਕੇ ਕੋਟਿ ਬ੍ਰਹਮੰਡ ਸਮਾਇ ॥
ਕੌਨ ਗਿਨੈ ਗੁਨ ਤਾਸ ਕੇ ਸਭੋ ਮੋ ਰਹੇ ਸਮਾਇ ॥768॥

॥ ਚੌਪਈ ॥

[1]ਕ੍ਰਿਯਾ ਅੰਤ ਸਭ[1] ਸੁਤਨ ਸਵਾਰੀ ॥ ਜੋ ਕਰਨੇ ਮੋ ਥੇ ਅਧਿਕਾਰੀ ॥
ਸ੍ਰੀ ਚੰਦ ਸਾਹਿਬ[2] ਬਡ ਅਵਧੂਤਾ ॥ ਗੁਰ ਨਾਨਕ ਕਹੈ[3] ਵਡ ਪੂਤਾ ॥769॥

---

1. ਅ ਪੋਥੀ ਪਾਠਾਂਤਰ : ਪਾਛਲੁ ਕ੍ਰਿਆ
2. ੲ ਪੋਥੀ ਜੀਓ
3. ੲ ਪੋਥੀ ਕੇ ਹੈ

ਸਿੰਸ ਪਤਰ ਦਲ ਸਦਾ ਬਿਰਾਨੇ ॥ ਵਾਹਿਗੁਰੂ ਬਿਨ ਅਵਰੁ ਨ ਜਾਨੇ ॥
ਗ੍ਰਿਹਸਤ ਨ ਕੀਨਾ ਰਹੇ ਉਦਾਸ ॥ ਕੀਨ ਸਦਾ ਨਿਰੰਜਨ ਦਾਸ ॥770॥
ਜੋ ਮੁਖ ਭਾਖੈ ਹੋਵੈ ਪੂਰਾ ॥ ਹੋਵਤ ਨਾਹੀ ਕਬੀ ਅਧੂਰਾ ॥
ਅਕਬਰਿ ਨੇ ਲਹੌਰ ਬੁਲਾਇ ॥ ਸਿਵਕਾ ਹਾਥੀ ਅਸ੍ਵ ਪਠਾਏ ॥771॥

॥ ਚੌਪਈ ॥

ਦਮਲੀਆ ਇਕ ਦਾਸ ਥਾ ਤਿਸ ਪਿਠ ਚੜੇ ਦਯਾਲ ॥
ਵਾਹਨ ਪਰ ਨ ਸਵਾਰ ਭੇ ਮਨ ਵੈਰਾਗ[1] ਬਿਸਾਲ ॥772॥

॥ ਚੌਪਈ ॥

ਜਬੈ ਕਚਹਿਰੀ ਬੀਚ ਸਿਧਾਏ ॥ ਏਕ ਗੋਦੜਾ ਦੂਰਿ ਧਰਾਏ ॥
ਪਾਤਿਸਾਹਿ ਆਗੇ ਕਰਿ ਜੋਰੇ ॥ ਬਿਨੇ ਬਖਾਨੀ ਹਮ ਹੈ ਤੋਰੇ ॥773॥
ਤੁਮਰੇ ਪਿਤਾ ਮਯਾ ਬਹੁ ਕੀਨੀ ॥ ਪਾਤਿਸਾਹੀ ਹਮਰੇ ਘਰਿ ਦੀਨੀ ॥
ਆਪ ਮਯਾ ਕਰ ਦੀਨ ਦੀਦਾਰ ॥ ਕੀਨੋ ਭਵ ਸਾਗਰੁ ਤੇ ਪਾਰਿ ॥774॥
ਪੰਜ ਸੈ ਮੁਹਰਾ [ਜਬ][2] ਆਗੇ ਰਾਖੀ ॥ ਲੀਜੈ ਭੇਟਾ ਬਿਨੈ ਬਹੁ ਭਾਖੀ ॥
ਸ੍ਰੀ ਚੰਦ ਸਾਹਿਬ ਬੈਨ ਬਖਾਨਾ ॥ ਹਮ ਨਹੀ ਲਾਵੈ ਇਨ ਕੌ ਪਾਨਾ ॥775॥

॥ ਦੋਹਰਾ ॥

ਚਾਰ ਪਦਾਰਥੁ ਨਵ ਨਿਧਾ ਗੁਰ ਕਰਨਾ ਤੇ ਪਾਸ ॥
ਸਾਲੂ ਬਿਨ ਨਹਿ ਓਢਾਈ ਹਮ ਪਰ ਭੇਖ ਉਦਾਸ ॥776॥
ਜਿਤੇ ਕਚਹਿਰੀ ਲੋਕ ਥੇ ਸਭ ਨੇ ਉਸਤਤਿ ਕੀਨ ॥
ਗੁਰ ਨਾਨਕ ਤੁਲ ਜਾਨ ਕੇ ਪਗ ਪਕਰੇ ਹੁਇ ਦੀਨ ॥777॥

॥ ਚੌਪਈ ॥

ਪਾਤਿਸਾਹਿ ਨੇ ਦ੍ਰਿਸਟ ਪਸਾਰੀ ॥ ਹਲੈ ਗੋਦੜਾ ਬਾਰੰਬਾਰੀ ॥
ਪਾਤਿਸਾਹਿ ਤਬ ਪੂਛਨ ਕੀਨਾ ॥ ਹੇਠਿ ਗੋਦੜੇ ਕਯਾ ਧਰ ਦੀਨਾ ॥778॥
ਸ੍ਰੀ ਚੰਦ ਕਹਯੋ ਸੁਨਿ ਬਾਦਿਸਾਹਿ ॥[3] ਦੀਨ ਤਈਆ ਤਰੇ ਦਬਾਹਿ ॥[3]
ਪੰਜਾਬ ਦੇਸ੍ਰ ਪਰ ਆਯਾ ਦੌਰ ॥ ਇਸ ਨੇ ਪਾਵਨ ਥਾ ਬਡ ਸੋਰ ॥779॥
ਜਾਂਤੇ ਹਮ ਨੇ ਇਸ ਕੌ ਧਾਰਾ ॥ ਲੋਗਨ ਤੇ ਇਸ ਦੀਨ ਹਟਾਰਾ ॥
ਬਾਦਿਸਾਹਿ ਮਨੁ ਭ੍ਰਮ ਭਾ ਭਾਰੀ ॥ ਮਾਨ ਹੇਤ ਇਨ ਗਿਰਾ ਉਚਾਰੀ ॥780॥

॥ ਦੋਹਰਾ ॥

ਅੰਤਰੁਜਾਮੀ ਸਤਿਗੁਰ ਮਨ ਕਪਟੀ ਤਿਸੁ ਦੇਖੁ ॥
ਤਾਪੰ[4] ਓਰ ਨਿਹਾਰਿਆ ਧਾਵਾ ਭਯਾਨਕ ਭੇਖ[5] ॥781॥

---

1. ਅ ਪੋਥੀ ਵਿਰਤ 2. ਅ ਪੋਥੀ ਵਿਚੋਂ 3. ਅ ਪੋਥੀ ਪਾਠਾਂਤਰ : ਤੇਈ ਤਾਪ ਤਰੇ ਧਰਾਹਿ ।
4. ਅ ਪੋਥੀ ਤਾਪ ਸੁ 5. ਅ ਪੋਥੀ ਬੇਖ

॥ ਚੌਪਈ ॥

ਪਾਤਿਸਾਹਿ ਕੇ ਤਨ ਮੇਂ ਬਯਾਪਾ ॥ ਹੋਇ [1]ਕੰਮ ਤਨ ਦੁਖ[1] ਤਿਸ ਤਾਪਾ ॥
ਹਾਇ ਹਾਇ ਕਰ ਹਾਇ ਪੁਕਾਰੀ ॥ ਤੁਖੜੋ ਗਿਰਿਆ ਖ਼ਾਇ ਭਵਾਰੀ ॥782॥
ਤ੍ਰਾਹਿ ਤ੍ਰਾਹਿ ਰਾਖੋ ਗੁਰ ਦੇਵਾ ॥ ਮੈ ਭੁਲਾ ਤੁਮ ਬਖਸ ਕਰੇਵਾ ॥
ਸਬ ਸੂਬਨ ਨੇ ਬਿਨੇ ਬਖਾਨੀ ॥ ਇਸੇ ਹਟਾਵੋ ਗੁਰ ਸੁਖਦਾਨੀ ॥783॥
ਦੀਨਾ ਗੁਰ ਜੀ ਤਬੈ ਹਟਾਈ ॥ ਪਾਤਿਸਾਹਿ ਹੋਸ ਤਬ ਪਾਈ ॥
ਉਠਿ ਕਰ ਤਤ ਖਿਨੁ ਚਰਨ ਗਹਾਨੇ ॥ ਮੈ ਭੂਲਾ ਬਖਸੋ ਗੁਨ ਖ਼ਾਨੇ ॥784॥

॥ ਦੋਹਰਾ ॥

ਸ੍ਰੀ ਚੰਦ ਸਾਹਿਬ ਬ੍ਰਚ ਕਹਯੋ ਏ ਤਾ ਬਡੀ ਬਲਾਇ ॥
ਇਸ ਕੋਂ ਰੋਕਨ ਹਮ ਕਰਾ ਜੀਉ ਨ ਕੋਇ [2]ਦੁਖੁ ਪਾਇ ॥785॥

॥ ਚੌਪਈ ॥

ਪਾਤਿਸਾਹਿ ਸੁਨਿ ਉਸਤਤਿ ਗਾਈ ॥ ਤੁਮਰੀ ਉਪਮਾ ਤੁਮ ਬ੍ਰਨਿਆਈ ॥
ਸ੍ਰੀ ਚੰਦੂ ਸਾਹਿਬ ਭਏ ਤਿਆਰਾ ॥ ਕਿਛੁ ਨ ਕੀਨਾ ਅੰਗੀਕਾਰਾ ॥786॥
ਗੁਦੜੀਏ ਪਰ ਭਏ ਸ਼ਵਾਰਾ ॥ ਸ੍ਰੀ ਕਰਤਾਰ ਪੁਰੇ ਪਗ ਧਾਰਾ ॥
ਐਸੇ ਹੋਏ ਪਰ ਉਪਕਾਰੀ ॥ ਪਰ ਦੁਖ ਲੀਨੋ ਆਪਿ ਸਹਾਰੀ ॥787॥
ਮਨ ਆਦਿ ਇੰਦਰੇ ਕਰ ਜੇਰ ॥ ਏਣ ਦਬਤ ਜਿਮ ਗਰਜੇ ਸੇਰ ॥
ਨਾਮ ਮਾਝ ਸਦ ਹੈ ਲੈ ਲੀਨਾ ॥ ਉਦਾਸ ਪੰਥ ਜਿਨ ਕਰਾ ਨਵੀਨਾ ॥788॥

॥ ਦੋਹਰਾ ॥

ਸਾਹਿਬ ਲਖਮੀ ਦਾਸ਼ ਜੀ ਖੇਲੇ ਸਦਾ ਸਿਕਾਰ ॥
ਹੈ ਗੈ ਜਿਨ ਕੇ ਪਾਸ ਹੈ ਰਜ ਗੁਣ ਮਨ ਵਡ ਧਾਰ ॥789॥

॥ ਚੌਪਈ ॥

ਰਾਜ ਜੋਗ ਜਿਨ ਕੇ ਗ੍ਰਿਹਿ ਆਵਾ ॥ ਰਾਜ ਰੰਕ ਮਿਲ ਭੇਟ ਚੜਾਵਾ ॥
ਲਖਮੀ ਦਾਸ ਸ਼ਦਨ ਸੁਤ ਹੋਯੋ ॥ ਧਪਮ ਚੰਦ ਧਰਮੰ ਮਗ ਜੋਯੋ ॥790॥
ਲਖਮੀ ਦਾਸ ਬਨ ਗਏ ਸਿਕਾਰ ॥ ਸਹੇ ਸੰਘਾਰ ਬਧੇ ਹੈ ਨ੍ਹਾਰ ॥
ਆਏ ਗ੍ਰਹਿ ਕੌ ਖੇਲ ਸਿਕਾਰਾ ॥ ਹਾਸ ਬਿਲਾਸ ਕਰਤ ਹੈ ਭਾਰਾ ॥791॥

॥ ਦੋਹਰਾ ॥

ਸ੍ਰੀ ਚੰਦ ਸਾਹਿਬ ਦੇਖਿ ਕੈ ਕੀਨਾ ਬੈਨ ਬਖਾਨ ॥
ਜੀਵ ਸੰਘਾਰਨੇ ਕਯੋ ਕ੍ਰੂਰੇ ਤੁਮ ਗੁਰ ਪੂਤ ਮਹਾਂਨ ॥792॥
ਸਾਹਿਬ ਲਖਮੀ ਦਾਸ ਜੀ ਉਤਰ ਦੀਯੋ ਨ ਕੋਇ ॥
ਮਹਿਲਾ ਸੁਤ ਕੌ ਸਾਥ ਲੈ ਹੈ ਭਰ[3] ਭਏ ਅਰੋਹਿ ॥793॥

---

1. ਅ ਪੋਥੀ ਪਾਠਾਂਤਰ : ਕੰਮਣੀ ਤਿਨ 2. ਅ ਪੋਥੀ ਸੁਖਦਾਇ 3. ਅ ਪੋਥੀ ਪਰ

ਹੈ ਅੰਬਰ ਪ੍ਰੇਰਿਓ ਸ੍ਰੀ ਚੰਦ ਅਚਰਜ ਧਾਰ ॥
ਧਰਮ ਚੰਦ ਗਹਿ ਭੁਜਾ ਤੇ ਲੀਨੋ ਤ੍ਰਲੇ ਉਭਾਰਿ ॥794॥

॥ ਸੋਰਠਾ ॥

ਮਹਿਲਾ ਬਾਜ਼ ਸਮੇਤ ਜਾਤ ਭਏ ਬੈਕੁੰਠ ਮਹਿ ॥
ਕਿਨੇ ਨ ਜਾਨ੍ਹਾ ਭੇਤ ਐਸ ਭੁਏ ਸਮਰਥੁ ਵਰ ॥795॥

॥ ਦੋਹਰਾ ॥

ਬੇਦੀ ਜਿਤਨੇ ਹੈ ਜਗਤ ਧਰਮ ਚੰਦ ਪਰਵਾਰ
ਸਤਗੁਰ ਨਾਨਕ ਕੀ ਮਯਾ ਕਰਤੇ ਸੁਖ ਅਪਾਰ ॥796॥

॥ ਚੌਪਈ ॥

ਸੁਨ ਚੰਦਾ ਹਰ ਮਨ ਹ੍ਰਰਖਾਵਾ ॥ ਬਾਰ ਬਾਰ ਪਗ ਸੀਸ ਨਿਵਾਵਾ ॥
ਗੁਰ ਜੀ ਮੋ ਕੌ ਕਰਾ ਨਿਹਾਲ ॥ ਗਾਥ ਸੁਨਾਈ ਕਰੀ ਨ ਟਾਲ ॥797॥
ਮੋ ਪਰ ਕੀਨੋ ਬਡ ਉਪਕਾਰਾ ॥ ਜਗਤ ਸਿੰਧ ਤੇ ਲੀਨ ਉਧਾਰਾ ॥
ਉਠਿ ਕਰਿ ਸੇਵਨ ਲਗੋ ਬਹੋਰੀ ॥ ਜਿਸ ਕੇ ਮਨ ਮੈ ਪ੍ਰੀਤਿ ਨ ਥੋਰੀ ॥798॥
ਸਰਦ ਰੁਤ ਆਈ ਸੁਖਦਾਈ ॥ ਨੀਰ ਢਲਕ ਗੇ ਨੀਵੀ ਥਾਂਈ ॥
ਸੰਗਤ ਆਵਨ ਲਗੀ ਅਪਾਰੀ ॥ ਹੈ ਗੈ ਮਹਿਖੀ ਭੇਟਾ ਧਾਰੀ । 799॥

(ਸੇਵਾ ਸਿੰਘ ਦੀ ਕਥਾ)

[1]ਸਿਰਦਾਰ ਨਕਈ[1] ਸੰਗਤ ਨਾਲ ॥ ਸਾਧ ਉਦਾਸੀ ਅਏ ਉਤਾਲ ॥
ਭਾਈ ਸੇਵਾ ਸਿੰਘ ਸੁਜਾਨ ॥ ਆਵਾ ਦਰਸਨ ਮਨ ਹਿਤ[2] ਠਾਨ ॥800॥
ਰਾਗੀ ਜਿਸ ਕੇ ਆਏ ਨਾਲ ॥ ਸਬਦ ਪਢਨ ਮੈ ਬਡੇ ਬਿਸਾਲ ॥
ਕਿਰਤਨ ਕਰਤੇ ਆਏ ਹਜੂਰ ॥ ਮਨ ਮੋ ਪ੍ਰੇਮ ਰਹਾ ਭਰਪੂਰ ॥801॥

॥ ਦੋਹਰਾ ॥

ਆਗਯਾ ਦੀਨੀ ਸਤਿਗੁਰੂ ਦੀਜੈ ਸਿਵਰ ਲਗਾਇ ॥
ਪ੍ਰਸਾਦ ਛਕੋ ਸਭ ਲੰਗਰੋ ਸੁਨ ਕਰ ਸਭ ਹਰਿਖਾਇ ॥802॥
ਅਸਨ ਛਕਤ ਭੇ ਲੰਗਰੋ ਦਿਨ ਤਲ ਜ਼ਾਮ ਰਹਾਇ ॥
ਧਰੀ ਉਪਾਇਨ ਸਬਨ ਨੇ[3] ਹਿਤ ਕਰ[3] ਸੀਸ ਨਿਵਾਇ ॥803॥

॥ ਚੋਪਈ ॥

ਏਕ ਏਕ ਕੌ ਗੁਰੂ ਬੁਲਾਵੈ ॥ ਜੈਸੇ ਬੁਲਾਵੈ ਤਿਸ਼ੈ ਹਰਖਾਵੈ ॥
ਦੇਖ ਸੁਭਾਇ ਸਭੈ ਬਿਗਸਏ ॥ ਬਿਨ ਦਾਮ਼ ਵ੍ਰਹੁ ਚਰੈ ਭਏ ॥804॥
ਨੀਰਜ ਹੋਵੈ ਸਭ ਕੇ ਨੈਨਾ ॥ ਗੁਰ ਸਵਤਾ[4] ਪਿਖ ਉਪਜਾ ਚੈਨਾ ॥
ਜਿਉ ਜਿਉ ਸਤਿਗੁਰ ਬੈਨ ਬਖਾਨੈ ॥ ਸੁਨ ਸੁਨ ਮਨ ਮੈ ਆਨੰਦ ਠਾਨੈ ॥805॥

---

1. ਅ ਪੋਥੀ ਪਾਠਾਂਤਰ : ਨਕਈ ਸਿਰਦਾਰ 2. ਅ ੲ ਪੋਥੀ ਮਹਿ
3. ਅ ਪੋਥੀ ਫਿਰ ਫਿਰ 4. ਅ ਪੋਥੀ ਸੁਭਾਵ

ਮਣਸਾ ਸਿੰਘ ਰਾਮ ਸਿੰਘ ਭ੍ਰਾਤ ॥ ਸਹਾਈ ਸਿੰਘ ਤੀਜੋ ਬਿਖਯਾਤ ॥
ਔਰੁ ਪ੍ਰਵਾਰ ਜਿਨੋ ਕੇ ਨਾਲ ॥ ਹੈ ਆਦੀ ਧਰ ਭੇਟ ਬਿਸਾਲ ॥806॥
ਤੀਨੋ ਨੇ ਸੁਭ ਬਾਨੀ ਗਾਈ ॥ ਹਮ ਹੈ ਸਤਿਗੁਰ ਤਵ ਸਰਨਾਈ ॥
ਔਰੁ ਬਿਨੇ ਬਹੁ ਤਿਨੇ ਬਖਾਨੀ ॥ ਮਯਾ ਰਖੀਜੈ ਸੁਭੁ ਗੁਨ ਖਾਨੀ ॥807॥
ਨਰਪਤਿ ਸਾਧ ਸੁਖਪਾਲ ਲਿਯਾਵਾ ॥ ਚੋ ਬਲਦਾਂ ਸੁਭ ਗਡਾ ਸੁਹਾਵਾ ॥
ਚਾਰ ਸੁ ਬੈਲ ਔਰ ਸੁਭ ਰੰਗਾ ॥ ਔਰੁ ਸੁ ਡੇਰਾ ਧਰੁ ਬਹੁ ਰੰਗਾ ॥808॥
ਸਰਬ ਪ੍ਰਤੀ ਗੁਰ ਕਹਿ ਸੁਭ ਬੈਨਾ ॥ ਅਸਨ ਸਭਨ ਨੇ ਲੰਗਰੋ ਲੈਨਾ ॥
[1]ਕਹਯੋ ਸਿਰਦਾਰ [1]ਸੁਨੋ ਸੁਆਮੀ ॥ ਸਭ ਕਿਛੁ ਦੀਆ ਰਖੀ ਨ ਖਾਮੀ ॥809॥

॥ ਦੋਹਰਾ ॥

ਸੁਨ ਕਰਿ ਤਿਨ ਕੈ ਬੈਨ ਕੋ ਸਤਿਗੁਰ ਉਤਰਿ ਦੀਨ ॥
ਅਬ ਤੁਮ ਹਮਰੇ ਗ੍ਰਿਹ ਅਏ ਲੇਵੋ [2]ਹਰਖੰ ਭੀਨ[2] ॥810॥

॥ ਚੌਪਈ ॥

ਸਤ ਬਚਨ ਤਬ ਸਧੰ ਨੇ ਗਾਵਾਂ ॥ ਸੇਵਾ ਸਿੰਘ ਤਬ ਮਾਥ ਨਿਵਾਵਾ ॥
ਭਾਈ ਪ੍ਰਤਿ ਗੁਰ ਬਾਨੀ ਗਾਈ ॥ ਮੀਠੀ ਸੁਠ ਅਤਸੇ ਸੁਖਦਾਈ ॥811॥
ਭਾਈ ਸੇਵਾ ਸਿੰਘ ਸੁਜਾਨਾ ॥ ਗੁਰ ਸਿਖੀ ਮੈ ਤੂ ਸਵਧਾਨਾ ॥
ਤੂ ਮੋਕੋ ਹੈ ਅਤਸੇ ਪਯਾਰਾ ॥ ਬਹੁ ਸਿਖਨ ਤੂ ਕਰੈ ਉਧਾਰਾ ॥812॥
ਸੰਗਤਿ ਮੁਹਿਰੀ ਤੁਮੈ ਬਨਾਵ੍ਹਾ ॥ ਤੂ ਗੁਰ ਸਿਖ ਮੋ ਕੋ ਅਤਿ ਭਾਵ੍ਹਾ ॥
ਸੁਨ ਕਰ ਭਾਈ ਮਨ ਹਰਖਾਯੋ ॥ ਉਠਿ ਕਰ ਗੁਰ ਕੇ ਪਗ ਲਪਟਾਯੋ ॥813॥

## (ਸਾਹਿਬ ਸਿੰਘ ਬੇਅਦਬੀ ਕਰਨੀ)

॥ ਦੋਹਰਾ ॥

ਸਿੰਘ ਸਹਾਈ ਨਾਰ ਸੁਭ ਲਛਮੀ ਜਿਸ ਕਾ ਨਾਮ ॥
ਤਨਜਾ ਤਿਸ ਕੀ ਬਹੁ ਗੁਣੀ ਜਗ ਕੀ ਮੇਟੈ ਆਮ ॥814॥

॥ ਚੌਪਈ ॥

ਮਾਤਾ [3]ਨੰਤੀ ਕਨਯਾ ਦੇਖੀ ॥ ਮਨ ਮੋ ਹਰਖੰ ਭਯੋ ਬਿਸੇਖੀ ॥
ਮਾਈ ਲਛਮੀ ਪੂਛਨ ਕੀਨੀ ॥ ਇਹ ਕਿਸ ਕੰਨਯਾ ਕਹੁ ਪਰਬੀਨੀ ॥815॥
ਮਾਈ ਲਛਮੀ ਦੀਓ ਸੁਨਾਈ ॥ ਮੇਰੀ ਤੁਨਜਾ ਹੈ ਸੁਖਦਾਈ ॥
ਮਾਈ ਨੰਤੀ[4] ਸੁਨ ਕਰ ਬੋਲੀ ॥ ਭਾਗ ਤੁਮਾਰੈ ਅਹੇ ਅਡੋਲੀ ॥816॥
ਕੰਨਯਾ ਤੁਮਰੀ ਸੁਭ ਗੁਣ ਖਾਨੀ ॥ ਗੁਰ ਗ੍ਰਿਹ ਚਹੀ ਤਹੈ ਪਟਰਾਨੀ ॥
ਸੁਨ ਕਰ ਲਛਮੀ ਤੂਸਨ ਹੋਈ ॥ ਉਤ੍ਰ ਨ ਦੀਨਾ ਮਨ ਮੈ ਗੋਈ ॥817॥

---

1. ਅ ਪੋਥੀ ਪਾਠਾਂਤਰ : ਸਿਰਦਾਰਨ ਕਹਯੋ 2 ਅ ਪੋਥੀ ਪਾਠਾਂਤਰ : ਹਰਖ ਮਨ ਕੀਨ
3. ੲ ਪੋਥੀ ਮਾਈ 4 ੲ ਪੋਥੀ ਅਨੰਤੀ

ਕੰਤ ਪ੍ਰਤੀ ਤਬ ਨਾਰਿ ਸੁਨਾਵਾ ॥ ਮਾਈ ਨੰਤੀ ਐਸ ਅਲਾਵਾ ॥
ਕੰਨਯਾ ਗੁਰ ਕੀ ਦਾਸੀ ਕੀਜੈ ॥ ਜਗ ਮੈ ਜਸ ਸੁਠ ਬਡ ਤੁਮ ਲੀਜੈ ॥818॥

॥ ਦੋਹਰਾ ॥

ਸਿੰਘ ਸਹਾਈ ਕ੍ਰੋਧ ਭਾ ਜੁਵਤੀ ਪ੍ਰਤ ਬਚ ਗਾਇ ॥
ਫਰਕਨ ਘਰ ਤਨਿਯਾ ਦਿਵੈ ਐਸੀ ਨਹਿ ਬਨਿ ਆਇ ॥819॥

॥ ਚੌਪਈ ॥

ਜਿਸ ਨੇ ਬਾਤ ਐਸ ਸੁਨ ਪਾਈ ॥ ਮਾਈ ਪੈ ਤਿਸ ਦੀਨ ਸੁਨਾਈ ॥
ਹਜੂਰ ਪਾਸ ਮਾਈ ਕਹਿ ਦੀਨ ॥ ਸਹਾਈ ਸਿੰਘ ਨੇ ਰਿਸ ਮਨ ਕੀਨ ॥820॥
ਕਹਯੋ ਹਜੂਰ ਹੈ ਕਾਰਨ ਕੌਨ ॥ ਮਾਈ ਭਨਾ ਸੁਨੋ ਗੁਨ ਭੌਨ ॥
ਰਾਵਰ ਹੇਤ ਸਗਾਈ ਕਹੀ ॥ ਸੁਨ ਕਰ ਬਾਤ ਨ ਤਿਨ ਨੇ ਸਹੀ ॥821॥
ਕਹਯੋ ਹਜੂਰ ਨ ਚਿੰਤਾ ਕੀਜੈ ॥ ਡੋਲਾ ਘਰ ਮੋ ਅਯੋ ਲਖੀਜੈ ॥
ਸੁਨ ਕਰ ਮਾਈ ਨਿਸਚੇ ਕੀਨਾ ॥ ਗੁਰ ਕੇ ਵਾਕ ਨ ਹੋਵੈ ਖੀਨਾ ॥822॥

॥ ਦੋਹਰਾ ॥

ਕੋਇਕ ਦਿਨ ਸੰਗਤਿ ਰਹੀ ਬਹੁਰੋ ਲਈ ਨਿਦੇਸ ॥
ਸਿਰੋਪਾਇ ਸਤਿਗੁਰੂ ਦੇ ਸਭ ਕੋ ਹਰਖ ਬਿਸੇਖ ॥823॥
ਜਾਤ ਭਏ ਨਿਜ[1] ਸਦਨ ਸ੍ਰੀ ਗੁਰ ਕਾ ਜਸ ਗਾਇ ॥
ਜੈਸੇ ਡੋਲਾ ਆਇਗੋ ਆਗੇ ਕਹੋ ਬਨਾਇ ॥824॥

॥ ਚੌਪਈ ॥

ਅਬ ਗੁਰ ਗਾਥ ਸੁਨੋ ਮਨ ਲਾਈ ॥ ਜਿਮ ਹੋਈ ਤਿਮ ਦੇਉ ਬਤ੍ਰਾਈ ॥
ਸਾਰੇ ਡੇਰੇ ਮੈ ਤਪੁ ਹੋਵਾ ॥ ਬਿਨ ਹਜੂਰ ਸਭ ਨੇ ਦੁਖ ਜੋਵਾ ॥825॥
ਹਾਥ ਜੋਰ ਤਿਨ ਬੈਨ ਬਖਾਨਾ ॥ ਤਪ ਕੋ ਕੀਜੈ ਗੁਰ ਜੀ ਹਾਨਾ ॥
ਜਲ ਫੁਲਕਾ ਨਹਿ ਕੋ ਕਿਸ ਦੇਵੈ ॥ ਸੁਧ ਨ ਕਿਸ ਕੀ ਕੋਈ ਲੇਵੈ ॥821॥
ਹਸ ਕਰ ਸਾਹਿਬ ਗਿਰਾ ਅਲਾਈ ॥ ਤਪ ਕੋ ਪਨਹੀ ਦਯੋ ਲਗਾਈ ॥
ਸੁਨ ਕਰ ਸਿਖਨ ਬੈਨ ਅਲਾਵਾ ॥ ਕੈਸੇ ਮਾਰੈ ਦਿਯੋ ਬੁਝਾਵਾ ॥827॥

॥ ਦੋਹਰਾ ॥

ਕਹਯੋ ਗੁਰੂ ਆਪਸ ਵਿਖੇ ਆਵੇ ਕਰ ਕਰ ਜੋਰ ॥
ਜਿਉਂ ਜਿਉ ਮਾਰੋ ਜੋਰ ਕਰ ਤਕੇ ਨ ਤੁਮ ਹੀ ਓਰ ॥828॥
ਆਇਸ ਮਾਨ [2]ਸਭਨ ਨੇ ਲੀਨੀ ਹਾਥ ਉਠਾਇ ॥
ਫਾਹ ਫਾਹ ਤਬ ਲਗਤ ਭੀ ਤਪ ਭਾਗਾ ਪਛੁਤਾਇ ॥829॥

---

1. ਅ ਪੋਥੀ ਨਿਜ ਨਿਜ
2. ੲ ਪੋਥੀ ਮਾਨੀ

ਗਦ ਗਦ ਸਾਹਿਬ ਸਹਤ ਭੇ ਕੌਤਕ ਕਰਾ ਅਪਾਰ ॥
ਹੁਕਮ ਦੀਓ ਸ੍ਰੀ ਸਤਿਗੁਰੂ ਨ੍ਹਾਨ ਕਰੈ ਬਿਨੁ ਬਾਰ ॥830॥

॥ ਚੌਪਈ ॥

ਕਰਿ ਇਸਨਾਨੁ ਸਭੇ ਚਲ ਆਏ ॥ ਦਿਵਾਨ ਮਧੁ ਸ੍ਰੀ ਗੁਰੂ ਸੁਹਾਇ ॥
ਦੇਵਨ ਮਧ ਜਿਮ ਹਰੀ ਬਿਰਾਜੈ ॥ ਤੈਸੇ ਬੇਦੀ ਸਾਹਿਬ ਰਾਜੇ ॥831॥
ਕਹਯ [1]ਗੁਰੂ ਤੁਮ ਹੋਇ [1]ਪ੍ਰਸੰਨ ॥ ਸਭਨ ਕਹਯੋ ਸਤਗੁਰ ਜੀ ਧੰਨ ॥
ਔਸਧ ਬਿਨ ਤਪ ਦੀਨ ਹਟਾਈ ॥ ਮਾਰ ਸੁ ਜੂਤੇ [2]ਨਵੀ ਦਿਖਾਈ[2] ॥832॥
ਜਗੀਰ ਚੰਦ ਬਾਬਾ ਥਾ ਸਾਥ ॥ ਸੰਗਿ ਭਤੀਜੇ ਕਹਿਤਾ ਗਾਥ ॥
ਆਇ ਹਜੂਰਿ ਪੈ ਬਿਨਤੀ ਗਾਈ ॥ ਤਾਪ ਹਟਾਵੋ ਗੁਰ ਸੁਖਦਾਈ ॥833॥
ਗੁਰੂ ਭਨਾ ਇਨ ਪਨਹੀ ਮਾਰੋ ॥ ਤਪ ਹਟ ਜਾਵੇ ਲਗੇ ਨ ਬਾਰੋ ॥
ਚਾਚਾ ਭਤੀਜਾ ਜੁਗ ਮਿਲੇ ਭਿਰੇ ॥ ਤਪ ਨਾਸਾ ਤਤ ਛਿਨ ਸੁਖ ਧਰੇ ॥835॥
ਰੀਤ[3] ਨਵੀਨੀ ਕੀ[3] ਗੁਰ ਪੂਰੇ ॥ ਜੋ ਸੁਨਹੈ ਤਿਸੁ ਮਿਟੇ ਵਿਸੂਰੇ ॥
ਕੂਚ ਕਰਨ ਕੀ ਕਹੀ ਨਿਦੇਸ ॥ ਸੁਨ ਕਰ ਹਰਖੇ ਸਭੈ ਬਸੇਸ ॥835॥
ਸੁਨ ਕਰ ਸਾਧ ਪੁਜਾਰੀ ਆਏ ॥ ਸਭਿ ਕੋ ਸਤਿਗੁਰ ਬਿਤ ਦਿਵਾਏ ॥
ਜਨਮ ਥਾਨੁ ਗੁਰ ਨਾਨਕ ਕੇਰਾ ॥ ਮਸਤਕ ਟੇਕਾ ਕਰੀ ਨ ਬੇਰਾ ॥836॥
ਖੇਲਨ ਥਾਨੰ ਸੀਸ ਨਿਵਾਈ ॥ ਮਾਲ ਸੁ ਸਾਹਿਬ ਗੇ ਹਰਖਾਈ ॥
ਸੀਸੁ ਨਿਵਾਏ ਚਲੇ ਕੁਲ ਕੇਤੂ ॥ ਊਧੋ ਵਾਲੀ ਆਵਨ ਹੇਤੂ ॥837॥
ਸਨੈ ਸਨੈ ਆਏ ਸੁਖਦਾਈ ॥ ਊਧੋ ਵਾਲੀ ਸਲਕ ਕਰਾਈ ॥
ਪਿੰਡ ਲੰਗ ਸਭ ਮਿਲਨੇ ਆਏ ॥ ਧਰੀ ਉਪਾਇਨ ਸੀਸ ਨਿਵਾਏ ॥838॥
ਜਾਨ ਜਗੀਰ ਗੁਰ ਤਿਹ ਥਿਰਾਨੇ ॥ ਜਿਨ ਮਿਲਿਆ ਮਨ ਸਾਂਤ ਬਸਾਨੇ ॥
ਇਸ ਮੈ ਸਾਖੀ ਔਰੁ ਸੁਨੀਜੈ ॥ ਗੁਰ ਜਸ ਅਮੀ ਸੁ ਤਤ ਛਿਨ ਪੀਜੈ ॥839॥

**(ਸਦਾ ਕੌਰ ਦਾ ਦਰਸ਼ਨਾਂ ਲਈ ਆਉਣਾ)**

॥ ਦੋਹਰਾ ॥

ਸਦਾ ਕੌਰ ਮਿਲਨੇ ਅਈ ਮਨ ਮੈ ਪ੍ਰੀਤਿ ਬਢਾਇ ॥
ਜੁਗ ਸਿਰਦਾਰ ਸਰਕਾਰ ਸੁਭ ਦੀਨੇ ਸਾਥ ਪਠਾਇ ॥840॥

॥ ਚੌਪਈ ॥

ਆਨ ਹਜੂਰ ਮਿਲੇ ਧਰ ਭੇਟਾ ॥ ਸੀਸ ਨਿਵਾਵਤ ਮਹਾਂ ਹਰਿ ਬੇਟਾ ॥
ਸਾਹਿਬ ਕੁਸਲ ਤਿਨੋ ਤੇ ਪੂਛੀ ॥ ਮਧੁਰ ਗਿਰਾ ਕਹਿ ਅਤਿਮੇ ਸੂਛੀ ॥841॥
ਸਦਾ ਕੌਰ ਸੁਨ ਬਿਨੇ ਅਲਾਈ ॥ ਮਯਾ ਆਪ ਕੀ ਗੁਰ ਸੁਖਦਾਈ ॥
ਜਿਨ ਪਰ ਤੁਮਰੀ ਕਰਣਾ ਸੁਆਮੀ ॥ ਤਿਨ ਕੀ ਕਬੀ ਨ ਹੋਵੈ ਖਾਮੀ ॥847॥

---

1. ਪੋਥੀ ਪਾਠਾਂਤਰ : ਹਜੂਰ ਅਰ ਤੁਮ ਹੋ
2. ਅ ਪੋਥੀ ਪਾਠਾਂਤਰ : ਦੀਨ ਭਨਾਈ
3. ਅ ਪੋਥੀ ਪਾਠਾਂਤਰ : ਨਵੀ ਕੀਨੀ।

ਬਾਰ ਬਾਰ ਤੁਮ ਕੋ ਪਰਮਾਣੂ ॥ ਜੋ ਪਗ ਸੇਵੈ ਪਾਵੈ ਨਾਮੂ ॥
ਮਹਾਰਾਜ ਹਮ ਨੇ ਸੁਨ ਪਾਵਾ ॥ ਤੁਰਕਨ ਧਾੜ ਪੜੀ ਬਡ ਆਵਾ ॥843॥
ਮਾਰ ਖਾਇ ਸਭੈ ਨਸ ਗਏ ॥ ਆਪ ਸਹਾਇਕ ਸਿੰਘਨ ਭਏ ॥
ਇਹ ਸਿਰਦਾਰਨ ਕਰੀ ਕੁਠਾਰੀ[1] ॥ ਤੁਰਕਨ ਪ੍ਰੇਰਾ ਕੀਨੀ ਰਾਰੀ ॥844॥
ਰਣਜੀਤ ਸਿੰਘ ਕੁ ਚਾਹੈ ਮਾਰਾ ॥ ਆਪ ਕਰੋ ਤਿਸ ਕੋ ਪ੍ਰਤਿਪਾਰਾ ॥
ਆਪ ਮਯਾ ਕਰੁ ਚਾਲੋ ਸ੍ਵਾਮੀ ॥ ਸਰਬ ਬਿਆਪੀ ਅੰਤਰਜਾਮੀ ॥845॥

॥ ਛੰਦੁ ॥

ਬਾਲੀ ਮਤਵਾਰੇ ਨਗਰ ਨਿਕਾਰੇ ਛੀਨ ਨਾਰਿ ਸੁਗ੍ਰੀਵ ॥
ਪ੍ਰਭ ਪਦ ਸਿਰ ਨਾਵਾ ਬਡ ਸੁਖ ਪਾਵਾ ਭਯੋ ਤੇਜ ਬਲ ਸੀਵੁ ॥
ਭੈ [2]ਸੈਲ ਬਿਚਾਰੀ ਪ੍ਰਤਿ ਤ੍ਰਿਸਕਾਰੀ ਗੌਤਮ ਪਤਿਨੀ ਚਾਰ ॥
ਪਰਸਤ ਪਗ ਪਾਵਨ ਸੋਕ ਨਸਾਵਨ ਪਹੁਚੀ ਅਮਰ ਅਗਾਰ ॥846॥
ਦਾਨਵ ਡਰ ਪਾਵਾ ਨਗਰ ਖਿਨਾਵਾ ਮਘਵਾ ਰਾਜ ਪਰਾਜ ॥
ਪੂਜਤ ਤਵ ਸਕਤੀ ਰਿਪੁਹਾ ਸਕਤੀ ਪਾਵਤ ਭਾ ਨਿਜ ਰਾਜ ॥
ਅਤਿ ਦੀਨ ਸੁਦਾਮਾ ਰਿਦ ਪਾਮਾ ਲੋਚਨ ਪ੍ਰਾਪਨ ਦਾਮ ॥
ਤਵ ਸਰਣਾਗਤਿ [3]ਨਿਗ੍ਰਤ ਨਿਗਤ[3] ਅਤਿ ਪਏ ਕੰਚਨ ਧਾਮ ॥847॥

॥ ਦੋਹਰਾ ॥

ਸਦਾ ਕੌਰ ਜਬ ਅਸਾ ਭਨਾ ਸ੍ਰੀ ਗੁਰ ਭਏ ਦਿਆਲ ॥
ਮਾਈ ਮਨ ਧੀਰਜ ਧਰੋ ਰਣਜੀਤ ਹਰਿ [4]ਤਿਨ ਕਾਲ ॥848॥
ਐਸੇ ਕਹਿ ਕਰ ਸਤਿਗੁਰੂ ਧੀਰਜ ਦੀਨਾ ਤਾਹਿ ॥
ਕੂਚ ਕਰਾ ਗੁਰ ਦੇਰ ਬਿਨੁ ਆਇ ਬਿਲਮ ਬਿਹਾਇ ॥849॥

(ਰਾਮ ਨਗਰ ਆਦਿ ਜਾਣਾ)

ਰਾਮ ਨਗਰ ਕੁਜਰਵਾਲ ਮੁ ਦਾਦਨ ਚਕ ਵਿਚ ਗ੍ਰਾਮ ॥
ਆਵਤ ਦੀਨ ਦਇਆਲੁ ਭਏ ਸੁਖਦਾਈ ਜਿਨ ਨਾਮ ॥850॥

॥ ਚੌਪਈ ॥

ਸਿਵਰ ਲਗਾਵਨ ਸਤਿਗੁਰ ਕੀਨਾ ॥ ਸੰਗਤਿ ਆਈ ਭਾਇ ਨਵੀਨਾ ॥
ਧਰੈ ਉਪਾਇਨ ਭਾਉ ਬਧਾਵੈ ॥ ਗੁਰੁ ਕੋ ਦਰਸੈ ਬਲ ਬਲ ਜਾਵੈ ॥851॥

(ਰਣਜੀਤ ਸਿੰਘ ਦੀ ਕਥਾ)

ਤਵ ਰਣਜੀਤ ਸਿੰਘ ਚਲ ਆਵਾ ॥ ਜੁਗ ਚਰਨਨ ਪਰ ਸੀਸ ਨਿਵਾਵਾ ॥
ਸਹਿਤ ਸਿਰ ਪਰ ਕਰ ਤਿਸੁ ਫੇਰਾ ॥ ਜਾਨ ਆਪਨ ਤਿਸ ਕੋ ਚੇਰਾ ॥852॥

॥ ਦੋਹਰਾ ॥

ਬਾਘ ਸਿੰਘ ਅਰੁ ਜੋਧ ਸਿੰਘ ਦਲ ਸਿੰਘ ਥੀ ਆਦਿ ॥
ਔਰੁ ਸਿਰਦਾਰੁ ਸਗਲੇ ਅਏ ਜਿਨ ਸਰਕਾਰੇ ਬਾਦ ॥853॥

---

1. ਅ ਪੋਥੀ ਕੁਦਾਰੀ 2. ਅ ਪੋਥੀ ਭੀ 3. ਅ ਪੋਥੀ ਨਿਗਤਿ 4. ੲ ਪੋਥੀ ਸਿੰਘ

॥ ਚੌਪਈ ॥

ਆਪੌ ਅਪਨੀ ਭੇਟ ਚਢਾਈ ॥ ਬੈਠਿ ਗਏ ਸਭ ਸੀਸ ਨਿਵਾਈ ॥
ਭਰੀ ਭਈ ਤਬ ਅਤਸੈ ਭਾਰੀ ॥ ਸਰਬ ਸੁਨਤ ਗੁਰ ਗਿਰਾ ਉਚਾਰੀ ॥854॥
ਤੁਮ ਸਿਰਦਾਰਹੁ ਸਗਲ ਸਿਆਨੇ ॥ ਮਹਾਂ ਸਿੰਘ ਸੁਤ ਭੇਦ ਨ ਜਾਨੇ ॥
ਵੈਰ ਨ ਕਰੋ ਇਸ ਸੰਗਿ ਕਦਾਈ ॥ ਤੁਮ ਸਿਯਾਂਨੇ ਹੋ ਸਭਨੀ ਦਾਈ ॥855॥
ਸੁਨ ਕਰ ਬੋਲੇ ਸਭ ਰਿਸ ਖਾਇ ॥ ਬਿਨੈ ਸੁਨੀਜੈ ਗੁਰ ਸੁਖਦਾਇ ॥
ਇਸ ਕੌ ਛੋਟਾ ਮਤ ਕਰੁ ਜਾਨੌ ॥ ਤਨੁ ਮਨੁ ਖੋਟਾ ਨਿਸਚੇ ਮਾਨੌ ॥856॥
ਹਮ ਕੌ ਚਾਹੈ ਦੂਰ ਉਠਾਵਾ ॥ ਅਪਨਾ ਚਾਹੇ ਰਾਜ ਬਧਾਵਾ ॥
ਅਨੇਕ ਤਰਾਂ ਕੇ ਕਰੇ ਬਨਾਇ ॥ ਕੋ ਜਾਨੇ ਇਸ ਦੇਇ ਸਿਖਾਇ ॥857॥

॥ ਦੋਹਰਾ ॥

ਰਣਜੀਤ ਸਿੰਘ ਖੜਗ ਤਬ ਸਭ ਆਗੇ ਧਰ ਦੀਨ ॥
ਆਪ ਬਡੇ ਮੈ ਬਾਲ ਹੋਂ ਕਰੋ ਮਯਾ ਸਿਸ ਦੀਨ ॥858॥

॥ ਚੌਪਈ ॥

ਗੁਰੂ ਭਨਾ ਤੁਮ ਸਭ ਸੁਨ ਲੀਜੈ ॥ ਇਸ ਪਯ ਰੋਸ ਨ ਰੰਚਕ ਕੀਜੈ ॥
ਤੁਮ ਅਨੁਕੂਲ ਭਯੋ ਯਹਿ ਬਾਰਾ ॥ ਉਤਾਰ ਖੜਗ ਤੁਮ ਆਗੇ ਧਾਰਾ ॥859॥
ਤੁਮਰੀ ਆਇਸ ਸਦਾ ਕਮਾਵੈ ॥ ਕਬੀ ਨ ਤੁਮ ਸਨ ਬੈਨ ਰਖਾਵੈ ॥
ਚੰਦ੍ਰਹਾਸ ਇਸ ਕੇ ਗਰ ਪਾਵੋ ॥ ਕਹਿਆ ਮਾਨੋ ਨਹਿ ਬਿਲਮਾਵੋ ॥860॥
[1]ਸਭ ਹੂੰ ਮਨ ਮੈ ਐਸ ਬਿਚਾਰਾ ॥ ਇਹੁ ਕੁਮਾਰ ਅਹਾਰੁ ਹਮਾਰਾ ॥[1]
ਕੇਹੂ ਬਿਧ ਬਿਨ ਕੀਨ ਸੰਜੋਗ ॥ ਇਸ ਪਿਤ ਮੋਯੋ ਗਯੋ ਹਮ ਰੋਗ ॥861॥
ਜੋ ਹਮ ਅਸਿ ਇਸ ਗਰ ਮੋ ਪਾਈ ॥ ਏ ਹੋਵੈ ਹਮ ਕੋ ਦੁਖਦਾਈ ॥
ਰਿਪ ਸਨ ਕਰਤ ਮਿਤ੍ਰਤਾ ਐਸੇ ॥ ਕੇਹਰ ਅਹਿ ਨਿਸ ਪ੍ਰੀਤੀ ਜੈਸੇ ॥862॥

॥ ਦੋਹਰਾ ॥

ਅਸ ਵਿਚਾਰ ਸਭ ਨ੍ਰਿਪਿਤ ਜੋ ਮੁਖ ਤੂਸਨ ਗਹਿ ਲੀਨ ॥
ਤੀਨ ਬਾਰ ਪ੍ਰਭ ਬੂਝਿਓ ਉਤ੍ਰ ਨ ਕਾਹੂ ਦੀਨ ॥863॥

॥ ਚੌਪਈ ॥

ਫੇਰਿ ਕਹਿਓ ਬੇਦੀ ਕੁਲ ਦੀਪਾ ॥ ਉਠਾਵੋ ਭੇਟਾ ਮੋਹਿ ਸਮੀਪਾ ॥
ਕੇਹਰ ਇਹ ਨ ਸਮਾਵੈ ਪਿੰਜਰ ॥ ਕਰੈ ਨਾਸ ਰਾਵਰ ਕੁਲ ਕੁਜਰ ॥864॥
ਕਰ ਹੈ ਤੁਮ ਸਿਰ ਇਹ ਕਰਵਾਰੀ ॥ ਤੁਮ ਸੰਤਾਨ ਇਸ ਚੜੇ ਪਿਛਾਰੀ ॥
ਇਹੁ ਪ੍ਰਤਾਪੁ ਜਬ ਭਾਨ ਉਦੈ ਹੈ ॥ ਤੁਮਰੋ ਭਾਗ ਸਸੀ ਛਪਿ ਜੈ ਹੈ ॥865॥

---

**1.** ੲ ਪੋਥੀ ਪਾਠਾਂਤਰ :
ਸਭ ਸਿਰਦਾਰਨ ਮਨਹਿ ਵਿਚਾਰਹਿ ॥
ਇਸ ਕੁਮਾਰ ਕਉ ਹਮ ਅਬਿ ਮਾਰਹਿ ॥

ਇਹ ਜੋ ਤੁਮ ਮਨ ਗਰਬਿ ਬਸਾਯੋ ॥ ਆਪਨੋ ਘੋਲ ਹਲਾਹਲ ਖਾਯੋ ॥
ਹਮਰੇ ਬਚ ਤੁਮ ਨਾਹੀ ਮਾਨੈ ॥ ਪਾਵੋਗੇ ਦੁਖ ਬੀਚ ਜਹਾਨੇ ॥866॥
ਐਸੇ ਕਹਿ ਖਗ ਗੁਰ ਗਹਿ ਲੀਨੀ ॥[1] ਗਰੇ ਸਰਕਾਰ[1] ਪਾਵਨ ਕੀਨੀ ॥
ਸਰਕਾਰ ਪਖੀ [ਸਭ][2] ਦਿਖ ਹਰਖਾਏ ॥ ਸ੍ਰੀ ਗੁਰ ਕੀ ਨੁਤ ਕਰੇ ਬਨਾਏ ॥867॥

॥ ਦੋਹਰਾ ॥

ਸਤਿਗੁਰ ਸਾਹਿਬ ਬਚਨ ਭਨਾ ਸਭ ਭੂਖਨ ਹਮ ਫੋਰ ॥
ਏਕੋ ਹਸ ਘੜਾਇਆ ਮੇਟਾ ਜਗ ਮੋ ਸੋਰ ॥868॥

॥ ਚੌਪਈ ॥

ਜਗ ਮੈ ਹੋਵੈ ਤਵ ਪਰਤਾਪੂ ॥ ਤੁਰਕ ਰਾਜ ਸਭ ਲੇਵੈ ਢਾਪੂ ॥
ਮਹਾਂ ਸਿੰਘ ਸੁਨ ਸੁਤ ਹਰਖਾਵਾ ॥ ਬਾਰ ਬਾਰ ਪਗ ਸੀਸ਼ ਨਿਵਾਵਾ ॥869॥
ਔਰੁ ਸਿਰਦਾਰ ਸਦਨ ਸਿਧਾਏ ॥ ਪਰੰਸ ਰੰਮ ਜਿਮ ਬਹੁ ਪਛੁਤਾਏ ॥
ਰਣਜੀਤ ਸਿੰਘ ਤਦ ਦ੍ਵੈ ਕਰ ਜੋਰੁ ॥ ਚਪੜਾਲ ਧਰੀ ਆਗੇ ਅਕੋਰ ॥870॥
ਲਿਖੁ ਕਰ ਕਾਗਦੁ ਆਗੇ ਰਾਖਾ ॥ ਪੂਰੋ ਗੁਰ ਜੀ ਮੁਝ ਅਭਲਾਖਾ ॥
ਮੈ ਕੇ ਦਾਸਨਿ ਦਾਸ ਪਛਾਨੋ ॥ ਕਰੋ ਹੁਕਮ ਮੈ ਮਾਨਨਿ ਠਾਨੋ ॥871॥

॥ ਦੋਹਰਾ ॥

ਚਪੜਾਲ ਲਈ ਸਤਿਗੁਰੂ ਜੀ ਮਾਈ ਕਰੀ ਤਿਯਾਰ ॥
ਸਿੰਘ ਬਿਹਾਰਾ ਸੈਨ ਲੈ ਚਾਲਾ ਹਰਖੰ ਧਾਰ ॥872॥

॥ ਚੌਪਈ ॥

ਚਪੜਾਲ ਮਧ ਗੁਰ ਜਾਇ ਬਿਰਾਨੇ ॥ ਦੇਖਿ ਜਗੀਰ ਸਭੀ ਬਿਗਸਾਨੇ ॥
ਸ੍ਰੀ ਹਜੂਰ ਜੀ ਕੁਜਰਾਵਾਲ ॥ ਆਇ ਬਿਰਾਜੇ[3] ਦੀਨ ਦਇਆਲਾ[3] ॥873॥
ਸਰਕਾਰ ਸ੍ਰੀ ਗੁਰ ਨਿਤ ਪ੍ਰਤਿ ਸੇਵੈ ॥ ਚਰਨ ਧੋਇ ਚਰਨਾਮਿਤ ਲੇਵੈ ॥
ਸੰਗਤ ਚਲ ਚਲ ਦਰਸਨ ਆਈ ॥ ਜੋ ਚਾਹੈ ਸੋ ਲੇਵੈ ਪਾਈ ॥874॥
ਸਰਕਾਰ ਏਕੁ ਦਿਨੁ ਬਿਨਤੀ ਗਾਈ ॥ ਤੁਰਕ ਕਸੂਰੀ ਦੂੰਦ ਉਠਾਈ ॥
ਆਪ ਮਯਾ ਕਰ ਚਲੀਏ ਨਾਲ ॥ ਕੀਜੈ ਜੇਰ ਨਹਿ ਕੀਜੈ ਟਾਲ ॥875॥
ਸਾਹਿਬ ਕੀਨੀ ਤਤੁ ਖਿਨੁ ਤਯਾਰੀ ॥ ਚੜਤ ਕਰੀ ਨਹਿ ਲਾਈ ਬਾਰੀ ॥
ਸਰਕਾਰ ਸਾਥ ਤਬ ਕਰਾ ਪਯਾਨਾ ॥ ਜਾਂਕੇ ਜਾਗੇ ਭਾਗ ਮਹਾਨਾ ॥876॥
ਕਰਮ ਕਰਮ ਚਾਲੇ ਸੁਖ ਦਾਤੇ ॥ ਸਾਹਦਰੇ ਗੁਰ ਥਿਰ ਬਿਗਸਾਤੇ ॥
ਲਹੌਰੋ ਸੰਗਤਿ ਬਹੁਤੀ ਆਈ ॥ ਕਰੁ ਗੁਰ ਦਰਸਨ ਭੇਟ ਚੜਾਈ ॥877॥

---

1. ਅ ਪੋਥੀ ਪਾਠਾਂਤਰ : ਸਰਕਾਰ ਗਰੇ ਮੁਹ
2. ਅ ਪੋਥੀ ਵਿਚੋਂ
3. ੲ ਪੋਥੀ ਪਾਠਾਂਤਰ : ਗੁਰ ਕਿਰਪਾਲ ;

(ਭਾਈ ਵਸਤੀਰਾਮ ਦੀ ਕਥਾ)

॥ ਦੋਹਰਾ ॥

ਭਾਈ ਵਸਤੀ ਰਾਮ ਜੋ ਬਡ ਪ੍ਰਤਾਪ ਹੈ ਜਾਸ ॥
ਆਵਾ ਦਰਸਨ ਕਰਨ ਕੋ ਮਨ ਮੋ ਅਧਿਕ ਹੁਲਾਸ ॥878॥
ਹਸ ਹਜੂਰ ਸੁਭ ਬਚਨ ਕਹਯੋ ਤੂ ਅਵਤਾਰ ਕਹਾਯ ॥
ਕੈਸੇ ਆਵਨ ਤੁਮ ਕਰ੍ਯਾ ਬਡ ਪ੍ਰਤਾਪ ਹੈ ਜਾਯ ॥87 ॥

॥ ਚੌਪਈ ॥

ਹਾਥ ਜੋਰੁ ਕਹਯੋ ਸਿਰ ਨਾਈ ॥ ਮਧੁਰਾ ਗਿਰਾ ਅਤਸੇ ਮਨ ਭਾਈ ॥
ਮੈ ਅਤਾਰ ਆਪ[1] ਅਵਤਾਰੀ ॥ ਜਿਨ ਸਿਖਨ ਕੀ ਪੈਜ ਸਵਾਰੀ ॥880॥
ਤੂ ਦਾਤਾ ਹਮ ਮਾਗਨਹਾਰੇ ॥ ਆਪਿ ਪਿਤਾ ਹਮ ਬਾਰਿਕ ਥਾਰੇ ॥
ਸਰਬ ਭਰੋਸ ਤਿਆਗਨਿ ਕੀਨੇ ॥ ਸਰਨੀ ਆਏ ਸਤਿਗੁਰ ਚੀਨੇ ॥881॥
ਸੁਨ ਤਿਸੁ ਬਾਨੀ ਗੁਰ ਬਿਗਸਾਏ ॥ ਮਧੁਰ ਬਚਨੁ ਸਤਿਗੁਰੂ ਅਲਾਏ ॥
ਵਸਤੀ ਰਾਮ ਜੀ ਵਡੇ ਸੁਜਾਨ ॥ ਕਾਮ ਕਰੋਧ ਤਿਆਗਾ ਮਾਨ ॥882॥

॥ ਦੋਹਰਾ ॥

ਭਾਈ ਵਸਤੀ ਰਾਮ ਜੀ ਬਿਨੇ ਕਰੀ ਕਰੁ ਜੋਰੁ ॥
ਉਪਦੇਸਿ ਸੁ ਦੀਜੈ ਸਤਿਗੁਰੂ ਮੇਟੋ ਮਨ ਕਾ ਸੋਰ ॥883॥

॥ ਚੌਪਈ ॥

ਤੁਮਰੇ ਸਰ ਸੁਨ ਅਪਰ ਉਦਾਰਾ ॥ ਜੋ ਜਾਚਹ ਸੋ ਦੇਹਿ ਦਾਤਾਰਾ ॥
ਹਮੈ ਅਰਦਾਸ ਮੰਜ ਬਖਾਨੀ ॥ ਪੂਰਨ ਕੀਜੈ ਸ੍ਰੀ ਗੁਰ ਖਾਨੀ ॥884॥
ਸੁਨ ਕਰ ਸ੍ਰੀ ਗੁਰ ਗਿਰਾ ਅਲਾਈ ॥ ਲੋਚਨ ਮੋਰਨ ਕਰਨਾ ਛਾਈ ॥
ਸਿਮਰੋ ਵਾਹਿਗੁਰੂ ਲਿਵ ਲਾਵੋ ॥ ਦੇਵੈ ਮੁਕਤੀ ਜਨਮੁ ਮਿਟਾਵੋ ॥885॥
ਕਹਿ ਭਾਈ ਮੁਹਿ ਅਰਥ ਸਮੁਝਾਵੋ ॥ ਕਰੋ ਮਯਾ ਨਹਿ ਦੇਰ ਲਗਾਵੋ ॥
ਤਬ ਸ੍ਰੀ ਸਤਿਗੁਰ ਅਰਥ ਬਖਾਨਾ ॥ ਜਿਸੁ ਧਾਰੇ ਤੇ ਨਰ ਮਤ ਵਾਨਾ ॥886॥

॥ ਦੋਹਰਾ ॥

ਵਾਸਦੇਵ ਤੇ ਵਾ ਵਰਨ ਹਾਹਾ ਹਰਿ ਤੇ ਲੀਨ ॥
ਗੁਗਾ ਗੋਬਿੰਦ ਤੇ ਲਿਯੋ ਰਾਰਾ ਰਾਮ ਪ੍ਰਬੀਨ ॥887॥

॥ ਚੌਪਈ ॥

ਏਕ ਨਾਮ ਤੇ ਚਤਰਬੁ ਜਾਪੂ ॥ ਯਾਂਤੇ ਹੈ ਇਸ ਅਧਿਕੁ ਪ੍ਰਤਾਪੂ ॥
ਦੂਸਰ ਅਰਥ ਔਰੁ ਸੁਨਿ ਲੀਜੈ ॥ ਜਾਪ ਕਰੈ ਸਭ ਸੰਕਟ ਛੀਜੈ ॥888॥
ਵਾਹ ਨਾਮ ਅਚਰਜ ਪਹਿਚਾਨੋ ॥ ਜਿਹ ਕੀ ਸਤਯਾ ਜਗ ਪ੍ਰਗਟਾਨੋ ॥
ਜਿਹ ਸਤਯ ਕਰ ਲਖਿ ਯਤ ਭਵ[2] ਹੈ ॥ ਸੋ ਨਹਿ ਲਖੀ ਜਾਇ ਅਨੁਭਵ ਹੈ ॥889॥

---

1. ਦ ਪੋਥੀ ਪਾਠਾਂਤਰ : ਹਉ ਅਪ 2. ਮੂਲ ਪੋਥੀ ਭਾਵ

॥ ਦੋਹਰਾ ॥

ਯਾਂਤੇ ਸੋ ਅਚਰਜ ਭਯੋ ਗੁਰੂ ਅਰਥ ਸੁਨ ਕਾਨ ॥
ਅੰਧਕਾਰ ਗੋ ਨਾਮ ਹੈ ਰੋ ਪ੍ਰਕਾਸ ਪਹਿਚਾਨ ॥890॥

॥ ਚੌਪਈ ॥

ਅੰਧਕਾਰ ਵਝ ਦੇਹ ਅਸਿਤ ॥ ਤਿਹ ਪ੍ਰਕਾਸ ਦੀਨ ਸੋ ਚਿਤ ॥
ਤਾਕੋ ਵਾਹਿਗੁਰੂ ਇਵ ਨਾਮ ॥ ਜਪੁ ਹੈ ਚਤੁਰ ਪਦਾਰਥ ਧਾਮ ॥890॥
ਸੁਨ ਕਰ ਭਾਈ ਮਨ ਹਰਖਾਵਾ ॥ ਸ੍ਰੀ ਗੁਰ ਚਰਨਨਿ ਸੀਸ ਨਿਵਾਵਾ ॥
ਆਪ ਬਿਨਾ ਕੋ ਐਸ ਸੁਨਾਵੈ ॥ ਬਿਨਾ ਸੂਰ ਕੋ ਤਿਮਰ ਹਟਾਵੈ ॥892॥
ਬਿਨੁ ਪ੍ਰਸਾਦਿ ਨਹਿ [1]ਭੂਖਨ ਲਾਈ[1] ॥ ਬਿਨੁ ਔਸਦ ਨਹਿ ਰੋਗ ਨਸਾਈ ॥
ਸਸਤ੍ਰ ਬਿਨਾ ਨਹਿ ਜੰਗ ਮਚਾਵੈ ॥ ਦਾਮ ਬਿਨਾ ਨਹਿ ਸੌਦਾ ਆਵੈ ॥893॥

॥ ਦੋਹਰਾ ॥

ਤੈਸੇ ਗੁਰ ਉਪਦੇਸ ਬਿਨੁ ਕਰੇ ਯਤਨ ਜੇ ਕੋਟ ॥
ਜਪੁ ਤਪੁ ਬ੍ਰਤ ਸਾਧਨ ਕਰੈ ਗਯਾਨ ਨ ਪਾਇਨ ਫੋਟ ॥
ਸਤਿਗੁਰ ਨੁਤ ਕੇ ਬੈਨ ਕਹਿ ਬਹੁਰੋ ਲੇਇ ਨਿਦੇਸ ॥
ਪਾਗ ਬੰਧਾਈ ਸਤਿਗੁਰ ਗਓ ਸਦਨ ਹਰਿ ਖੇਸ ॥895॥

**(ਰਣਜੀਤ ਸਿੰਘ ਨੇ ਕਸੂਰ ਦੀ ਜੰਗ ਲੜਨੀ)**

॥ ਚੌਪਈ ॥

ਸ੍ਰੀ ਕਮਲਾਨਨ ਕੂਚ ਕਰਾਈ ॥ ਅਪਰਾ ਪਾਰ ਭਏ ਹਰਖਾਈ ॥
ਤੁਰਕ ਕਸੂਰੀ ਆਗੇ ਆਵਾ ॥ ਸੈਨ ਸਕੇਲੀ ਬਡ ਗਰਬਾਵਾ ॥896॥
ਰਣਜੀਤ ਸਿੰਘ ਕੋ ਗੁਰ ਜੀ ਪ੍ਰੇਰਾ ॥ ਲਰੋ ਸੁ ਆਗੈਂ ਕਰੋ ਨ ਦੇਰਾ ॥
ਮਾਨ ਬਚਨ ਤਬ ਜੰਗ ਮਚਾਵਾ ॥ ਗੋਲੀ ਗੋਲਾ ਬਹੁਤ ਚਲਾਵਾ ॥897॥
ਤੁਰਕ ਅਗਰੁ ਤੇ ਹੋਏ-ਗਾਢੇ ॥ ਮਾਰੇ ਛਰਰੇ ਤੋਪਨਿ ਬਾਢੇ ॥
ਸਹਿਤ ਸਰਕਾਰ [2]ਸੈਨ ਪਲੋਈ ॥ ਆਵੈ ਤੁਰਕ ਬਡੋ ਬਲ ਪਾਈ ॥898॥

॥ ਦੋਹਰਾ ॥

ਸਰਕਾਰ ਮੁਸਾਹਿਬੁ ਤਬ ਪਠੇ ਗੁਰ ਜੀ ਕਰੋ ਸਹਾਇ ॥
ਤੁਰਕ ਭਏ ਅਤਿਸੇ ਸਬਲ ਆਏ ਬਲ ਅਤਿ ਪਾਇ ॥899॥

॥ ਚੌਪਈ ॥

ਅਪੁਨੀ ਸੈਨਾ ਗੁਰੂ ਪਠਾਈ ॥ ਧਾਈ ਅਤਿਸੇ ਬਹੁ ਬਲ ਪਾਈ ॥
ਤੁਰਕਨ ਕੋ ਤਿਨ ਰੋਕਨ ਕੀਨਾ ॥ ਕਰੀ ਬਾਦ ਬਲ ਅਤਿਸੇ ਪੀਨਾ ॥900॥
ਮਾਰੇ ਤੁਰਕੁ ਗਰਦ ਸੋ ਮੇਲੇ ॥ ਭਾਗ ਚਲੇ ਜੋ ਰਹੇ ਦੁਹੇਲੇ ॥
ਤੁਰਕ ਰਾਟ ਨੇ ਮਾਨਵ ਭੇਜੇ ॥ ਜੋ ਚਾਹੇ ਸੋ ਗੁਰ ਜੀ ਲੇਜੇ[3] ॥901॥

---

1. ਅ ਪੋਥੀ ਪਾਠਾਂਤਰ : ਭੂਖ ਪਲਾਈ 2. ਅ ਪੋਥੀ ਸਕਾਰ 3. ਮੂਲ ਪੋਥੀ ਲੀਰੇ

ਖੁਦਾਇ ਸਥਾਨ ਲੜਿਓ ਜਾਂਈ ॥ ਮੈ ਮੁਰੀਦ ਭਾ ਤਵ ਸਰਨਾਈ ॥
ਕਹਯੋ ਹਜੂਰ ਸੁਨੀਏ ਖਾਨਾ ॥ ਕਰੋ ਸਰਕਾਰ ਆਨ ਪਰਮਾਨਾ ॥902॥

॥ ਦੋਹਰਾ ॥

ਸਤ ਬਚਨੁ ਤਿਸ ਨੇ ਕਹਯੋ ਮਾਨੀ ਗੁਰੂ ਰਜਾਇ ॥
ਫਿਰੀ ਦੁਹਾਈ ਖਾਲਸੇ ਰਯਤ ਭਏ ਹਰਖਾਇ ॥903॥
ਹੁਜਰਾ ਏਕ ਮਕਾਨ ਥਾ ਸਈਯਦ ਤਹਾਂ ਰਹਾਇ ॥
ਆਇ ਮਿਲੇ ਹਜੂਰ ਸੰਗ ਹਮ ਤੁਮਰੇ ਸੁਖਦਾਇ ॥904॥
ਤਾਸ ਦੁਰਗ ਮੋ ਸਤਿਗੁਰੂ ਠਾਣਾ ਅਪਣਾ ਪਾਇ ॥
ਸਾਥ ਲਿਏ ਸਰਕਾਰ ਕੋ ਫਿਰੇ ਸੁ ਦੁੰਦਵ ਵਾਇ ॥905॥
ਲੈ ਨਿਦੇਸ ਸਰਕਾਰ ਤਬ ਗਈ ਸੁ ਕੁਜਰਾਂਵਾਲ ॥
ਅੰਮ੍ਰਿਤਸਰੁ ਸਤਿਗੁਰ ਅਏ ਸੰਗਤਿ ਮਿਲੀ ਬਿਸਾਲ ॥906॥[1]

(ਬਾਬਾ ਸਾਹਿਬ ਸਿੰਘ ਦਾ ਅੰਮ੍ਰਿਤਸਰ ਆਉਂਣਾ)

॥ ਚੌਪਈ ॥

ਰਈਯਤਿ ਲੋਕਿ ਆਇ ਮਿਲਾਨੇ ॥ ਰਾਖੈ ਨਜਰਾਨਾ ਮੁ ਬਖਾਨੈ ॥
ਸੰਗਤਿ ਬਹੁਤੀ ਚਲ ਰਲ ਆਵੈ ॥ ਧਰ ਧਰ ਭੇਟਾ ਸੀਸ ਨਿਵਾਵੈ ॥907॥
ਦੇਗ ਅਤੋਟ ਗੁਰੂ ਕੀ ਹੋਈ ॥ ਜੋ ਆਵੈ ਅਨੁ ਭੁਗਵੈ ਸੋਈ ॥
ਦਿਨ ਦਿਨ ਗੁਰ ਕਾ ਬ੍ਰਿਧ ਪ੍ਰਤਾਪੂ ॥ ਨਿੰਦਕੁ ਦੁਸਟਿ ਮੰਦ ਹੋਏ ਖਾਪੂ ॥908॥
ਰਾਗੀ ਕਿਰਤਨ ਕਰੈ ਅਪਾਰਾ ॥ ਗੁਰ ਸਿਖਨ ਹੋਵੈ ਭਵ ਪਾਰਾ ॥
ਏਕ ਦਿਨਾ ਗੁਰ ਕੇ ਮਨ ਆਈ ॥ ਪਿਤਾ ਹੇਤ ਜਗ ਕਰੇ ਬਨਾਈ ॥909॥
ਅੰਨ ਬਸਨੁ ਬਹੁ ਕਰੇ ਤਿਯਾਰੂ ॥ ਸਕਟੇ ਭਰ ਕਿਛੁ ਵਾਰ ਨ ਪਾਰੂ ॥
ਡੇਹਰੇ ਸਾਹਿਬ ਚਲ ਕਰਿ ਆਏ ॥ ਬਾਬੇ ਬੇਦੀ ਮਿਲ ਬਿਗਸਾਏ ॥910॥
ਗ੍ਰਿਹ ਅਪੁਨੇ ਮਹਿ ਥਿਰੇ ਸੁਆਮੀ ॥ ਫਰਾਸ ਬੁਲਾਏ ਅੰਤਰਿਯਾਂਮੀ ॥
ਬਿਛਾਵੋ ਸੁਤਰੰਜੀ ਬਿਨੁ ਦੇਰ ॥ ਉਪਰ ਕਲੀਚੈ ਦੇਵੋ ਗੇਰ ॥911॥
ਸੇਤੰ ਚਾਦਰੁ ਦੇਹੁ ਬਿਛਾਈ ॥ ਬਿਲਮੁ ਨ ਕੀਜੈ ਅਧੂਆ ਰਾਈ ॥
ਪਲਘ ਸੁ ਰਾਖੋ ਦੂਰਨ ਹਟਾਈ ॥ ਸੁਜਨੀ ਦੇਵੋ ਤਲੇ ਬਿਛਾਈ ॥912॥
ਬਡੇ ਬਡੇ ਬੇਦੀ ਸਭ ਆਵੈ ॥ ਇਕੁ ਤੁਲ ਭਾਈ ਸਭੈ ਕਹਾਵੈ ॥
ਫਰਾਸ ਬਿਛੌਨਾ ਜਬ ਕਰ ਲੀਨਾ ॥ ਪ੍ਰਥਮੈ ਬੈਠੇ ਗੁਰ ਪ੍ਰਬੀਨਾ ॥913॥
ਬਡੇ ਭਿਰਾਉ ਸਭੇ ਚਲਿ ਆਏ ॥ ਕਰੁ ਕਰੁ ਆਦਰੁ ਗੁਰੂ ਬੁਲਾਏ ॥
ਬਡ ਦਿਵਾਨ ਚਹੁ ਓਰਨ ਲਾਗਾ ॥ ਸੰਗਤ ਦਰਸੇ ਜਿਨ ਬਡ ਭਾਗਾ ॥914॥
ਹਾਥ ਜੋਰ ਬੋਲੇ ਸਭ ਬਾਨੀ ॥ ਕਯੋ ਪਲਘ ਤਯਾਗਾ ਗੁਨ ਖਾਨੀ ॥
ਕ੍ਰਿਪਾ ਕਰੋ ਪ੍ਰਯੰਕ ਪਰ ਬਹੋ ॥ ਨਿਜ ਅਧਿਕਾਰ ਸਹਿਤ ਸੁਖ ਲਹੋ ॥915॥

---

1. ਅ ਪੋਥੀ ਵਿਚ ਇਸ ਮਗਰੋਂ ਇਹ ਦੋਹਰਾ ਵਾਧੂ ਅੰਕਿਤ ਕੀਤਾ ਮਿਲਦਾ ਹੈ :
ਏਕ ਨਿਸਾ ਰਹਿ ਕਰ ਗੁਰੂ ਬਹੁਰੋ ਗਏ ਚਪੜਾਲੁ ॥ ਮੰਗਲੁ ਕੀਨੇ ਅਤਿ ਘਨੇ ਤੋਪਾ ਚਲੀ ਬਿਸਾਲੁ ॥੯੦੫॥

ਫਿਰ ਗੁਰ ਨਾਨਕ ਜੀ ਬਪੁ ਧਾਰਾ ॥ ਊਚਾ ਬੈਠਨ ਤੁਮ ਅਧਿਕਾਰਾ ॥
ਸਵਤਾ ਸਮ ਤੁਮਰੋ ਪਰਤਾਪੂ ॥ ਬੇਦੀ ਨੀਰਜ ਮੇਟੋ ਤਾਪੂ ॥917॥
ਕਹਯੋ ਹਜੂਰ ਬਡੇ ਗੁਰ[1] ਭਾਈ ॥ ਯਾਂਤੇ ਤੇ ਬੈਠਨ ਤੁਲ ਬਨ ਆਈ ॥
ਬਹੁਰਿ ਕਹਯੋ ਸਭ ਨੈ ਕਰ ਜੋਰੁ । ਤੂੰ ਗੁਰ ਨਾਨਕ ਸਭ ਸਿਰਮੌਰ ॥917॥

॥ ਦੋਹਰਾ ॥

ਭਾਨ ਸਮਾਂ ਤਵ ਤੇਜ ਹੈ ਸਾਗਰ ਵਤ ਗੰਭੀਰ ॥
ਚੰਦ ਸਮਾ ਸੀਤਲ ਸਦਾ ਛੋਨੀ ਸਮ ਹੋ ਬੀਰ ॥918॥

॥ ਚੌਪਈ ॥

ਸਭ ਗੁਰ ਬੰਸ ਮੌਲ ਪ੍ਰਭ ਆਪ ॥ ਚਾਰ ਕੁੰਟ ਜਾਪੈ ਤਵ ਜਾਪ ॥
ਤੁਮ ਸਿਉ ਕਿਸੀ[2] ਸਪਰਧਾ ਨਾਹੀ ॥ ਤੁਮਰੀ ਓਟ ਸਭਨ ਮਨ ਮਾਹੀ ॥919॥
ਮੰਚ ਬਿਛਾਵਾ ਤਤੁ ਖਿਨੁ ਲਯਾਇ ॥ ਕਰ ਮੈ ਕਰ ਗਹਿ ਦੀਨ ਬਹਾਇ ॥
ਚਹੁੰ ਓਰ ਬੈਸੇ ਮਨ ਹਰਖੇ ॥ ਬੈਨ ਭਨੇ ਸੁਭ ਸਸਿ ਤੇ ਸਰਸੇ ॥920॥
ਦੇਵਨ ਮਧਿ ਜਿਮ ਹਰੀ ਬਿਰਾਜੈ ॥ ਤਿਮ ਭਈਅਨ[3] ਮੈ ਸਤਿਗੁਰ ਛਾਜੈ ॥
ਕਰ ਸਤਕਾਰ ਗੁਰ ਗਿਰਾ ਅਲਾਈ ॥ ਧਰਮ ਸਾਂਤ ਹਮ ਕਰਣੀ ਭਾਈ ॥921॥
ਜੋ ਜੋ ਬਿਧੀ ਆਪ ਸਮਝਾਵੋ ॥ ਕਰੇ ਨ ਦੇਰੀ ਹਈ ਲਖਾਵੋ ॥
ਤੁਮ ਸਮਰਥ ਰਿਦੈ ਜਿਮ ਭਾਵੈਂ ॥ ਪ੍ਰਭ ਕੋ ਸੁਮਤਿ ਕਵਨ ਸਮਝਾਵੈ ॥922॥
ਕਹਯੋ ਹਜੂਰ ਰਜਾਇ ਤੁਮਾਰੀ ॥ ਜਿਮ ਜਿਮ ਕਹਿ ਬਰਤੈ ਅਨੁਸਾਰੀ ॥
ਪ੍ਰਧਾਨ ਸਿੰਘ ਪ੍ਰਤਿ ਗੁਰੂ ਅਲਾਵਾ ॥ ਸਭ ਸਾਂਮਾਂ ਤੂੰ ਕਰ ਇਕ ਥਾਵਾ ॥923॥

॥ ਦੋਹਰਾ ॥

ਜੋ ਜੋ ਮੁਖੀ ਪੁਰਾਤਮੀ ਬਾਬੇ ਬਿਰਧ ਪ੍ਰਬੀਨ ॥
ਤਿਨ ਕੀ ਆਇਸ ਸਮਝ ਕਰ ਲਯਾਵੋ ਵਸਤੂ ਬੀਨ ॥924॥

॥ ਚੌਪਈ ॥

ਸੁਨ ਦਿਵਾਨ ਮਨ ਮੈ ਹਰਖਾਵਾ ॥ ਬਿਨਾ ਬਿਲਮ ਸਭ ਵਥ ਲੈ ਆਵਾ ॥
ਦਰਜੀ ਲੀਨੇ[4] ਅਨਿਕ ਬਹਾਈ ॥ ਬਸਨ ਬਨਾਏ ਬਹੁ ਹਿਤ ਲਾਈ ॥925॥
ਸੂਪਕਾਰ ਚਾਤੁਰ ਹਲਵਾਈ ॥ ਕਰੈ ਮਿਠਾਈ ਦੇਰ ਬਿਹਾਈ ॥
ਨੁਗਦੀਆਂ ਅਦਿਕ ਕਰੀ ਤਯਾਗੀ ॥ ਕੋਠੇ ਭਰ ਦੀਨੇ ਇਕ ਬਾਰੀ ॥926॥
ਗਰਜਣ ਮਲ ਬਡੋ ਇਕ ਬਾਵਾ ॥ ਰੂਪ ਚੰਦ ਦੂਸਰ ਮਨੁ ਭਾਵਾ ॥
ਮੇਦ ਸਿੰਘ ਬਾਬਾ ਪਪਿਵੰਤ ॥ ਚੰਦ ਮਿਲਾਪ ਮਹਾਂ ਸੁਭ ਸੰਤ ॥927॥

---

1. ਅ ਪੋਥੀ ਤੁਮ
2. ਮੂਲ ਪੋਥੀ ਕਾਸੀ
3. ੲ ਪੋਥੀ ਭਾਈਨ
4. ਅ ਪੋਥੀ ਸੀਟਨ

ਬਹੁਰ ਜਗੀਰ ਚੰਦ ਜੋ ਬਾਵਾ ॥ ਚਤੁਰ ਪੇਖੁ ਮੁਖਤਯਾਰ ਬਨਾਵਾ ॥
ਇਨ ਪ੍ਰਤੀ ਗੁਰ ਬੈਨ ਬਖਾਨਾ ॥ ਕੀਜੈ ਟਹਿਲ ਹੂਜੇ ਸਵਧਾਨਾ ॥928॥
ਸਤ ਬਚਨ ਸਭ ਨੇ ਮਿਲ ਗਾਵਾ ॥ ਯਗ ਟਹਿਲ ਮੈ ਮਨ ਤਿਨ ਲਾਵਾ ॥
ਬਰੇ ਪਕੌਰੀ ਕਰੇ ਤਿਯਾਰੇ ॥ ਮਰਚੀ ਜੀਰਾ ਧਨੀਆ ਡਾਰੇ ॥929॥
ਜੁਗਮ ਰੀਤ ਕੇ ਚਾਵਲ ਕੀਨੇ ॥ ਬਹੁ ਪ੍ਰਸਾਦਿ ਨਹਿ ਜਾਵਤਿ ਚੀਨੇ ॥
ਜਬ ਪ੍ਰਸਾਦ ਸਭ ਭਯੋ ਤਿਯਾਰਾ ॥ ਪ੍ਰੋਹਤ ਲੀਨੋ ਗੁਰੂ ਹਕਾਰਾ ॥930॥

॥ ਦੋਹਰਾ ॥

ਜੋਇ ਸੁ ਰੀਤ ਪ੍ਰੋਧਾ ਕਹੀ ਕੀਨੀ ਗੁਰ ਬਿਨ ਦੇਰ ॥
ਜੋਇ ਬਸਤੁ ਪਾਯਾ ਕਹੈ ਗੁਰ ਧਰ ਦੇਵੈ ਸੇਰ ॥931॥
ਇਕ ਹੈ ਕੜੇ ਪੁਸਾਕ ਬਿਤ ਪ੍ਰੋਧਾ ਕੋ ਗੁਰ ਦੀਨ ॥
ਅਸੀਰਬਾਦ ਸੋ ਦੇਤ ਭਾ ਮਨ ਮੈ ਹਰਖ ਨਵੀਨ ॥932॥

॥ ਚੌਪਈ ॥

ਸ੍ਰੀ ਦਰਬਾਰ ਆਪ ਚਲ ਗਏ ॥ ਹੈ ਗੈ ਬਿਤੰ ਚੀਰ ਬਹੁ ਦਏ ॥
ਸਾਧ ਖੜਾ ਕੀਨੀ ਅਰਦਾਸ ॥ ਗੁਰ ਗ੍ਰਿਹਿ ਕਾਰਜਿ ਆਵੈ ਰਾਸ ॥933॥
ਸਿਰੋਪਾਇ ਦਰਬਾਰ ਥੀ ਦਯੋ ॥ ਜਿਗਾ ਸੁ ਕਲਗੀ ਚੌਰ ਢੁਰਯੋ ॥
ਧੌਸਾ ਝੰਡਾ ਇਹੁ ਜੁਗ ਦੀਨੇ ॥ ਔਰੁ ਬਸਤੁ ਕੋ ਗਿਨਤੀ ਕੀਨੇ ॥934॥
ਜੈ ਜੈ ਧੁਨ ਸਰਬ ਨੇ ਕੀਨੀ ॥ ਦੁੰਦਭ ਬਾਜੇ ਮੰਗਲ ਦੀਨੀ ॥
ਨਾਕ ਮਧੁ[1] ਬਹੁ ਨਾਰੀ[1] ਗਾਵੈ ॥ ਨਿਰਜਰ ਬਾਜੇ ਅਧਕੁ ਬਜਾਵੈ ॥935॥
ਬਹੁਰੋ ਟਾਲੀ ਸਾਹਿਬੁ ਗਏ ॥ ਚੀਰ ਸੁ ਭੂਖਨੁ ਦੇਵਤ ਭਏ ॥
ਲੇ ਸਿਰਪਾਉ ਅਏ ਅਗਾਰਾ ॥ ਬੈਠੀ ਪੰਗਤਿ ਬਹੁ ਹਿਤੁ ਧਾਰਾ ॥936॥
ਜਾਤੀ [2]ਭਾਈ ਸਭ ਬੈਠਾਏ ॥ ਦੁਤੀ ਓਰ ਭੂਸਰ ਬਹਿਲਾਏ ॥
ਪ੍ਰਥਮ ਪਨਵਾੜੇ ਸਭ ਕੋ ਦੀਨੇ ॥ ਪ੍ਰਸਾਦ ਬਾਂਟਾ ਦੇਰਿ ਬਿਹੀਨੇ ॥937॥

॥ ਦੋਹਰਾ ॥

ਆਪ ਫਿਰਤ ਵਿਚ ਪੰਗਤਨ ਪੂਛੇ ਬਾਰੰ ਬਾਰ ॥
ਨਾਨਾ ਭਾਂਤ ਪ੍ਰਸਾਦਿ ਜੋ ਦੇਵੈ ਬਹੁ ਹਿਤ ਧਾਰ ॥938॥

॥ ਚੌਪਈ ॥

ਕਰਿ ਕਰਿ ਭੋਜਨੁ ਭਵਨੁ ਸਿਧਾਏ ॥ ਬਾਰ ਬਾਰ ਗੁਰ ਕੇ ਗੁਨ ਗਾਏ ॥
ਬੁਡ ਇਨ ਕੋ ਗੁਰ ਦੀਨੇ ਚੀਰ ॥ ਕਹਿ ਕਰਿ ਬਾਨੀ ਅਤਿਸੋ[3] ਮੀਰ ॥939॥

---

1. ਅ ਪੋਥੀ ਪਾਠਾਂਤਰ : ਦੇਵ ਬਧੂ ਸੁ
2. ਅ ਪੋਥੀ ਜਾਤ ਸੁ
3. ਅ ਪੋਥੀ ਸੇ

ਜੁਗ ਜੁਗ ਦਮੜੇ ਸਭ ਕੌ ਦੀਨੇ ॥ ਸਭ ਮਨ ਭਾ ਅਤਿ ਹਰਖ ਨਵੀਨੇ ॥
ਸਭ ਬੇਦੀ ਅਤਿ ਸੇ ਬਿਗਸਾਏ ॥ ਬਾਰ ਬਾਰ ਗੁਰ ਕੇ ਗੁਨ ਗਾਏ ॥940॥

॥ ਦੋਹਰਾ ॥

ਦਮੜਾ ਦਮੜਾ ਦਿਜਨ ਕੌ ਬੂੰਦ ਜੁਗ ਜੁਗ ਸੇਰ ॥
ਔਰ ਬਰਨ ਕੌ ਪਾਵਲੀ ਦੇਤੇ ਕਰੀ ਨ ਦੇਰ ॥941॥

॥ ਚੌਪਈ ॥

ਸਾਧ ਸੰਤ ਸੰਗਤ ਜੋ ਆਈ ॥ ਭੋਜਨੁ ਦੀਆ ਸਭੈ ਹਿਤੁ ਲਾਈ ॥
ਨੀਚ ਊਚ ਸਗਲੇ ਤ੍ਰਿਪਤਾਏ ॥ ਨਾਰਿ ਪੁਰਖੁ ਗੁਰ ਕੌ ਜਸ ਗਾਏ ॥942॥
ਧਰਮ ਸਾਂਦ ਐਸੀ ਗੁਰ ਕੀਨੀ ॥ ਅਸਨ ਬਸਨ ਕੀ ਕਮੀ ਨ ਚੀਨੀ ॥
ਦੇਵ ਲੋਕ ਸਭ ਪਿਤ੍ਰ ਹਰਖਾਏ ॥ ਫੂਲਤ ਭਏ ਫੂਲ ਬਰਸਾਏ ॥943॥
ਬਹੁਰੋ ਗੁਰ ਜੀ ਭਏ ਤਿਯਾਰੁ ॥ ਗਏ ਚਪੜਾਲ ਕਰੀ ਨ ਬਾਰ ॥
ਸਿੰਘ ਪਰਧਾਨ ਬਿਨਤੀ ਗਾਈ ॥ ਲੇਖਾ ਲੀਜੈ ਗੁਰ ਸੁਖਦਾਈ ॥944॥

॥ ਦੋਹਰਾ ॥

ਕਯਾ ਲੇਖਾ ਹੈ ਧਨ ਕਾ ਉਚਰਯੋ ਸ੍ਰੀ ਗੁਰ ਦੇਵ ॥
ਗੁਰ ਕੇ ਘਰੁ ਕਿਛ ਕਮੀ ਨਹਿ ਐਸੇ ਸਮਝੋ ਭੇਵ ॥945॥
ਧਰਮ ਸਾਂਤ ਪ੍ਰਸੰਗ ਸੁਭ ਜੋ ਸੁਨ ਹੈ ਹਿਤ ਲਾਇ ॥
ਸੁਤ ਬਿਤ ਨੁਤ ਜੰਗ ਮੋ ਲਹੈ ਹਰਿ ਪੁਰ ਮੈ ਸੁਖ ਪਾਇ ॥946॥

(ਸਿੱਖ ਨੂੰ ਪੁਤਰ ਦੀ ਦਾਤ ਬਖਸਣੀ)

॥ ਚੌਪਈ ॥

ਪਿੰਡੀ ਭੁਟੀਆ ਥੀ[1] ਸਿਖ ਆਵਾ ॥ ਆਨ ਹਜੂਰ ਦਸੰਧ[2] ਚੜ੍ਹਾਵਾ ॥
ਸਤਿਗੁਰ ਆਦਰ ਤਿਸ ਕਾ ਕੀਨਾ ॥ ਵਹੁ[3] ਮਨ ਹਰਖਾ ਗੁਰ ਰੰਗ ਭੀਨਾ ॥947॥
ਪਾਨ ਜੋਰੁ ਅਰਜ਼ੀ ਤਿਨ ਕੀਨ ॥ ਸੁਤ ਨਹਿ ਹੋਵਾ ਇਹੁ ਦੁਖੁ ਪੀਨ ॥
ਹੁਕਮ ਭਇਆ ਇਛ ਪੂਰੈ ਥਾਰੀ ॥ ਸੁਤ ਕਰਨਾ ਨਿਜ ਕੇਸਾਧਾਰੀ ॥948॥
ਹੁਕਮ ਮਾਨ ਤਿਨ ਸੀਸ ਨਿਵਾਵਾ ॥ ਲੈ ਸਿਰਪਾਉ ਨਿਜ ਭਵਨ ਸਿਧਾਵਾ ॥
ਜੁਵਤੀ ਪ੍ਰੀਤ ਤਿਨ ਦੀਨ ਸੁਨਾਈ ॥ ਸੁਤ ਹਮਰੇ ਗ੍ਰਿਹਿ ਹੋਵੈ ਆਏ ॥949॥

॥ ਦੋਹਰਾ ॥

ਜੁਗਮ ਮਾਸ ਜਬ ਬੀਤ [4]ਭਏ ॥ ਪੜੀ ਪ੍ਰਤੀ ਤਬ ਮਾਰਿ ਅਲਏ ॥
ਕੁਲ ਰੀਤੀ ਸੁਤ ਝੰਡ ਲਹਾਵੈ ॥ ਕਹਯੋ ਸਿਖ ਨਹਿ ਏਹ ਕਰਾਵੈ ॥951॥

---

1. ਅ ਪੋਥੀ ਇਕ
2. ਅ ਪੋਥੀ ਪਾਠਾਂਤਰ : ਪਹਿ ਦਸਵੰਦ
3. ਅ, ੲ ਪੋਥੀ ਸੋ
4. ਅ ਪੋਥੀ ਬੀਤਤ

ਗੁਰ ਜੀ ਮੋ ਪ੍ਰਤਿ ਐਸ ਅਲਾਵਾ ॥ ਸੁ ਤੁਮ ਸੁਨੀਏ ਨਹੀ ਛਪਾਵਾ ॥
ਤੌ ਸਿਖ ਮਨ ਇਛਾ ਬਰ ਪਾਵੈ ॥ ਸੁਤ ਜਮਾਂਦਰੂ ਕੇਸ ਰਖਾਂਵੈ ॥952॥
ਪ੍ਰੋਹਤ ਬੋਲਾ ਸੰਸਾ ਨਾਹੀ ॥ ਮੈ ਜਾਮਨਿ ਜੇ ਕਛੁ ਹੁਇ ਜਾਈ ॥
ਜਬ ਮਿਲ ਕਰੁ ਤਿਨ ਕਰੀ ਸਲਾਇ ॥ ਬਾਲ [1]ਰੋਗ ਲਾਗਾ ਤਨੁ ਧਾਇ ॥953॥

॥ ਦੋਹਰਾ ॥

ਦਯਾਲਾ ਸਿਖ ਕਾ ਨਾਮ ਥਾ ਸਭ ਕੌ ਦ੍ਯੋ ਸੁਨਾਇ ॥
ਜੋਰਾਵਰ ਕੀ ਮੁਹਰ ਸ਼ਿਰ ਦੇਵੋ ਮਤ ਹਟਾਇ ॥954॥

॥ ਚੌਪਈ ॥

ਹਜੂਰ ਦਰਸ ਕੋ ਭਏ ਤਿਯਾਰਾ ॥ ਸੁਤ ਸੋ ਨਾਰੀ ਔਰ ਪ੍ਰਵਾਰਾ ॥
ਜਬ ਸਲਕੋਟ ਪਾਸ ਚਲ ਆਇ ॥ ਤਸਕਰ ਆਏ ਬਹੁਤੇ ਧਾਏ ॥955॥
ਤਬ ਤਿਨ ਰਿਦੇ ਹਜੂਰ ਧਿਆਯੋ ॥ ਸੋ ਦਮੜਾ ਮੈ ਭੇਟ ਲਯਾਯੋ ॥
ਆਏ ਤਸਕਰ ਲੇਵੈ ਖੋਸੀ ॥ ਮਾਰੈ [2]ਮੋ ਕੌ ਕਰ ਬਿਨੁ ਹੋਸੀ ॥956॥
ਸ੍ਰੀ ਬਾਬਾ ਸਾਹਿਬ ਸਿੰਘ ਅਬ ਆਵੋ ॥ ਇਨੇ ਹਟਾਵੋ ਮੋਹਿ ਬਚਾਵੋ ॥
ਜਬੈ ਸਿਖਿ ਕੀਨੀ ਅਰਦਾਸ ॥ ਆਏ ਸਤਗੁਰ ਸੁਖਮਾਂ ਰਾਸ ॥957॥
ਹੈ ਅਰੂੜ ਹਥ ਨੇਜਾ ਲੀਨਾ ॥ ਦੇਖਾ ਚੋਰਨ[3] ਮਨ ਭੈ ਕੀਨਾ ॥
ਇਹੁ ਕੋ ਸਿੰਘ ਬਹਾਦਰ ਆਵਾ ॥ ਮਾਰੇ ਨੇਜਾ ਲੇਵੈ ਘਾਵਾ ॥958॥
ਚੋਰ ਭੰਗੇ ਨ ਤਹਾ ਠਹਰਾਨੇ ॥ ਬਾਤ ਲਗੇ ਜਿਮ ਪਾਤ ਪਰਾਨੇ ॥
ਹੈ ਅਰੂਢ ਗੁਰ ਦਰਸਿ ਦਿਖਾਯਾ ॥ ਦੌਰ ਦਯਾਲਾ ਪਗ ਲਪਟਾਯਾ ॥959॥

। ਦੋਹਰਾ ॥

ਐਸੇ ਕਹਿ ਕੇ ਸਤਗੁਰੂ ਹੋਏ ਲੋਪ ਬਿਨੁ ਦੇਰ ॥
ਦਯਾਲੇ ਮਨ ਅਚਰਜ ਭਯੋ ਗੁਰ ਕੌਤਕ ਕੋ ਹੇਰ ॥965॥

। ਚੌਪਈ ॥

ਦਯਾਲੇ ਇਕ ਨਿਸ ਬੀਚ ਬੀਤਾਈ ॥ ਭੋਰ ਜਾਮ ਦਿਨ ਪਹੁਚਯੋ ਆਈ ॥
ਭਰੀ ਭੇਟ ਸੁਤ ਪਗ ਪਰ ਪਾਵਾ ॥ ਬਨ ਮੈ ਲੀਨੋ ਆਪ ਬਚਾਵਾ ॥961॥
ਤੁਮਰੀ ਮਹਿਮਾ ਅਪਰ ਅਪਾਰਾ ॥ ਸੇਸ ਗਿਰਾ ਨਹਿ ਪਾਵੈ ਪਾਰਾ ॥
ਮੈ ਜੰਤ ਕਯਾ ਬਰਨ[4] ਸਨਾਵੋ ॥ ਕਹੋ ਕੋਟਿ ਮੁਖ ਅੰਤੁ ਨ ਪਾਵੋ ॥960॥
ਏਕ ਬਿਨੇ ਸੁਨੀਏ ਸੁਖਦਾਈ ॥ ਸੁਤ ਕਾ ਭਦਣੁ ਕਹਿ ਸੁਤ ਮਾਈ ॥
ਜਿਉ ਆਇਸ ਹੁਇ ਰਾਵਰ ਕੇਰੀ ॥ ਤਿਮ ਹਮ ਕਰੈ ਨ ਲਾਗੈ ਦੇਰੀ ॥962॥
ਬੋਲੇ ਪ੍ਰਭੂ ਕਹਯੋ ਇਕੁ ਵਾਰੀ ॥ ਸਨ ਮੁਖ ਸੁਖ ਬੇ ਮੁਖ ਦੁਖ ਭਾਰੀ ॥
ਇਹ ਬਾਲ ਗੁਰ ਕਾ ਸਿਖ ਅਹੈ ॥ ਅਦਬ ਕਰੋਗੇ ਤੌ ਇਹੁ ਰਹੈ ॥924॥

---

1. ਅ ਪੋਥੀ ਬਾਲਕ 2. ਮੂਲ ਪੋਥੀ ਮਰੈ 3. ਅ ਪੋਥੀ ਚੋਰਾ
4. ਅ ਪੋਥੀ ਬਚਨੁ

ਸਤ ਬਚਨ ਸੁਨ ਸਭ ਨੇ ਕੀਨਾ ॥ ਮਨ ਮੈ ਹੋਵਾ ਹਰਖ ਨਵੀਨਾ ॥
ਕੇਤਿਕ ਦਿਨ ਗੁਰ ਪਾਸ ਰਹਾਇ ॥ ਪਾਹੁਲ[1] ਸੁਤ ਕੋ ਲੀਨ ਛਕਾਇ ॥965॥

॥ ਦੋਹਰਾ ॥

ਲੇ ਨਿਦੇਸ ਸਿਰਪਾਇ ਸੁਭ ਚਾਲੇ ਭਵਨ ਮਝਾਰ ॥
ਬਾਰ ਬਾਰ ਗੁਨ ਗਾਵੰਤੇ ਪਹੁਤੇ ਬੀਚ ਅਗਾਰ ॥966॥

(ਬਾਬਾ ਸਾਹਿਬ ਸਿੰਘ ਦੇ ਤੀਸਰੇ ਵਿਆਹ ਦਾ ਹਾਲ)

ਤ੍ਰਿਤੀਆ ਬਿਆਹਿ ਹਜੂਰ ਕਾ ਬਰਨੋ ਪ੍ਰੀਤੀ ਨਾਲ ॥
ਜਾਸ ਕਹੇ ਮਨ ਸਾਂਤ ਹੁਇ ਸਿਰ ਥੀ ਟਲ ਹੈ ਕਾਲ ॥967॥
ਸ੍ਰੀ ਨਨਕਾਣੇ ਜਬੈ ਗੁਰ ਗੇ ਦਰਸਨ ਕੇ ਹੇਤ ॥
ਸਹਾਈ ਸਿੰਘ ਸਿਰਦਾਰ ਥਾ ਆਵਾ ਮਿਲਨੇ ਹੇਤ ॥968॥
ਤਿਸ ਕੀ ਤਨਯਾ ਸੁਭ ਹੁਤੀ ਮਾਈ ਤਿਨ ਪ੍ਰਤਿ ਗਾਇ ॥
ਤਨਯਾ ਦੇਵੋ ਗੁਰੂ ਕੋ ਸੋ ਸੁਨ ਮਨੈ ਰਿਸਾਇ ॥969॥

॥ ਚੌਪਈ ॥

ਏਹ ਗਾਥਾ ਪਾਛੇ ਕਹਿ ਆਏ ॥ ਅਬੈ ਸੁਨੋ ਜਿਮ ਆਪੇ ਲਯਾਏ ॥
ਸਿੰਘ ਸਹਾਈ ਕਾਲ ਬਸਿ ਭਯੋ ॥ ਮਿਲਖ ਸਰਕਾਰ ਨੇ ਖੁਇ ਲਯੋ ॥970॥
ਮਾਈ ਲਛਮੀ ਕਰ ਬਿਚਾਰਾ ॥ ਬਿਨ ਗੁਰ ਲੇਵੈ ਕੋ ਹਮ ਸਾਰਾ ॥
ਮਾਨਵ ਦੇਵੋ ਤਹਾਂ ਪਠਾਈ ॥ ਕਰੈ ਸ਼ਗਾਈ ਬਿਲਮ ਬਿਹਾਈ ॥971॥

॥ ਦੋਹਰਾ ॥

ਸਿਤਾਬ ਸਿੰਘ ਗੁਰਦਿਤ ਸਿੰਘ ਆਏ ਤੂਰਨਿ ਧਾਇ ॥
ਪਹੁਚ ਹਜੂਰ ਬਿਨਤੀ ਕਰੀ ਲੇਹੁ ਸਾਕ ਸੁਖਦਾਇ ॥972॥

॥ ਚੌਪਈ ॥

[2]ਕਹਯੋ ਹਜੂਰ ਨ ਹਮ ਕੋ ਲੋਰ[2] ॥ ਜਾਵੋ ਸਦਨੰ ਉਠਿ ਕਰਿ ਭੋਰ ॥
ਫੇਰਿਨ ਕੇ ਮੋ ਚਲ ਕਰ ਗਏ ॥ ਲਛਮੀ ਪ੍ਰਤੀ ਸੁਨਾਵਤ ਭਏ ॥973॥
ਫਿਰ ਮਾਈ ਨੇ ਤਿਨ ਕੌ ਭੇਜਾ ॥ ਕਹਿ ਬਹੁ ਨਹਿ ਸਤਿਗੁਰ ਲੇਜਾ ॥
ਫਿਰ ਕਰ ਸੁਧ ਤਿਨ ਜਾਇ ਸੁਨਾਈ ॥ ਗੁਰੂ ਨਹਿ ਲੇਵੈ ਰਹਿ ਬਲ ਲਾਈ ॥974॥
ਮਾਈ ਲੇ ਕਰ ਕੰਨਿਆ ਸੰਗਾ ॥ ਚਪੜਾਲ ਗਈ ਰਿਦ ਮਾਹਿ ਉਮੰਗਾ ॥
ਧਰਿ ਕੋਰੁ ਬਹੁ ਬਿਨਤੀ ਗਾਈ ॥ ਆਈ ਮੈ ਸਤਿਗੁਰ ਸਰਨਾਈ ॥975॥

॥ ਦੋਹਰਾ ॥

ਸਿਵਰ ਕਰਾਵਾ ਸਤਿਗੁਰੂ ਦੀਨੀ ਰਸਤ ਲਗਾਇ ॥
ਬਹੁਤ ਬਾਰ ਮਾਈ ਕਹਯੋ ਲੇਵੋ ਬਯਾਹਿ ਕਰਵਾਇ ॥976॥

---

1. ਏ ਪੋਥੀ ਅੰਮ੍ਰਿਤ
2. ਏ ਪੋਥੀ ਪਾਠਾਂਤਰ : ਸਤਿਗੁਰ ਬੋਲੇ ਨਹਿ ਹਮ ਲੋਰ

॥ ਚੌਪਈ ॥

ਮਾਨ ਬਿਨੇ ਸ੍ਰੀ ਸਤਿਗੁਰ ਪੂਰੇ ॥ ਜਿਸ਼ੁ ਦਰਸੇ ਅਘ ਹੋਵੈ ਚੂਰੇ ॥
[1]ਲੋਕ ਬੇਦ[1] ਰੀਤੀ ਸਭ ਕੀਨੀ ॥ ਬਯਾਹਿ ਭਯੋ ਸੁਭ ਰੀਤੀ ਚੀਨੀ ॥977॥
ਜੋ ਥੀ ਰੀਤੀ ਸਰਬ ਕਰਵਾਈ ॥ ਦਯੋ ਦਾਨ ਕਛੁ ਵਾਰ ਨ ਪਾਈ ॥
ਤ੍ਰਿਤੀ ਬਯਾਹਿ ਗੁਰੂ ਕਾ ਗਾਵਾ ॥ ਜੰਨਮੁ ਮਰਨ ਦੁਖ ਬਨ ਕੋ ਦਾਵਾ ॥978॥
ਔਰ ਪ੍ਰਸੰਗ ਸੁਨੋ ਮਨ ਲਾਈ ॥ ਜੋ ਜੋ ਕੀਨੇ ਗੁਰ ਸੁਖਦਾਈ ॥
ਕਾਂਦਾਵਾਦੋ[2] ਜੁਗ ਸਿੰਘ ਆਏ ॥ ਪ੍ਰੇਮ ਸਿੰਘ ਰਾਜ ਸਿੰਘ ਸਦਾਏ ॥979॥

## (ਪ੍ਰੇਮ ਸਿੰਘ ਤੇ ਰਾਮ ਸਿੰਘ ਦੀ ਕਥਾ)

॥ ਦੋਹਰਾ ॥

ਘਨੋ ਸਮੋ ਗੁਜਰਯੋ ਤਿਨੇ ਗੁਰ ਚਰਨਨ ਕੇ ਪਾਸਿ ॥
ਬੰਗੇਸਰ ਬਾਖਾਨ ਤੇ ਜਬ ਆਵਨ ਪ੍ਰਭ ਪਾਸ ॥680॥

॥ ਚੌਪਈ ॥

ਏਕ ਦਿਨਾ ਤਿਨ ਬਿਨਤੀ ਗਾਈ ॥ ਅਰਜਿ ਸੁਨੀਜੈ ਗੁਰ ਸੁਖਦਾਈ ॥
ਪੂਤ ਹਮਾਰੇ ਆਯੋ ਬਿੰਵਾਹਿ ॥ ਖਰਚ ਦਿਵਾਵੋ ਗੁਰ ਸੁਖਦਾਇ ॥981॥
ਦ੍ਵਾਦਸ ਦਮਰੇ ਪ੍ਰਭੂ ਦਿਵਾਏ ॥ ਸੋ ਲੈ ਕਰ ਮਨ ਮੈ ਪਛਤਾਏ ॥
ਬਾਰ ਬਾਰ ਤਿਨ ਕਰਾ ਬਿਚਾਰੂ ॥ ਇਨ ਤੇ ਸਰੇ ਨੇ ਕੋਈ ਕਾਰੂ ॥982॥
ਪਾਨ ਬੰਦ ਤਿਨ ਅਰਜੀ ਗਾਈ ॥ ਹਮਰੀ ਗੁਰ ਜੀ ਕਰੋ ਸਹਾਈ ॥
ਖਜਾਨੇ ਤੁਮਰੇ ਕੋਇ ਨ ਤੋਟਾ ॥ ਹਮ ਕੌ ਭੀ ਹੈ ਸਤਿਗੁਰ ਓਟਾ ॥983॥
ਜੁਗ ਲੋਕਨ ਤੁਮ ਕਰੋ ਸਹਾਇ ॥ ਕਾਰਜੋ ਹਮਰਾ ਦੇਹੁ ਨਿਬਾਹਿ ॥
ਪ੍ਰਭੂ ਉਚਰਯੋ ਕਹੁ ਤਮਰੇ ਬਯਾਹਾ ॥ ਕਿਤ ਲਾਗਤ ਹੋਵਤ ਨਿਰਬਾਹਾ ॥984॥

॥ ਦੋਹਰਾ ॥

ਸੁਨ ਕਰ ਸਤਗੁਰ ਬੈਨ ਕੌ ਜੁਗ ਭ੍ਰਾਤਨ ਕਰ ਜੋਰੁ ॥
ਕਹਤ ਭਏ ਗੁਰ ਜੀ ਸੁਨੋ ਤਿਨ ਸੈ ਕੀ ਹੈ ਲੋਰ ॥985॥
ਹੋਯਾ ਹੁਕਮੁ ਹਜੂਰ ਕਾ ਧੀਰ ਧਰੋ ਅਰ ਜਾਹੁ ॥
ਜੋ ਚਾਹੋ ਸੋਈ ਲਹੋ ਸਤਿਗੁਰ ਕਰੈ ਨਿਬਾਹੁ ॥986॥

॥ ਚੌਪਈ ॥

ਮਾਨ ਬਚਨ ਬੰਦਨ ਕਰ ਚਾਲੇ ॥ ਗੁਰ ਸਿਖੀ ਮੈ ਹੈ ਬਿਸਾਲੇ ।
ਗਏ ਨਿਕਟ ਜਬ ਅਪਨੇ ਪੁਰ ਕੇਂ ॥ ਕੁਮਾਦ ਸੁ ਪੈਲੀ ਦੇਖੀ ਸਰਕੇ ॥987॥
ਈਖ ਦੇਖ ਰਸੁ ਬਾਛਾ ਨਰੀ ॥ ਭ੍ਰਾਤ ਭ੍ਰਾਤ ਕੌ ਆਇਸ ਕਰੀ ॥
ਪਾਂਚ ਸਾਤ ਗੀਨੇ ਲੈ ਲੀਜੈ ॥ ਤਿਨ ਕੇ ਚੂਸਤ ਪੰਥ ਕਟੀਜੈ ॥988॥

---

1. ਅ ਪੋਥੀ ਪਾਠਾਂਤਰ : ਲੋਕਕਿ ਬੇਦਕ
2. ਅ ਪੋਥੀ ਕਾਦਰਾਵਾਦੋ

ਬੀਚ ਕਮਾਦ ਬਰਯੋ ਜਬ ਜਾਈ ॥ ਜੁਗਲ ਪੋਟ ਬਸਨਨ ਕੀ ਪਾਈ ॥
ਦਿਖ ਕਰ ਮਨ ਮੈ ਇਮ ਹਰਖਾਵਾ ॥ ਰਵੀ ਦੇਖ ਜਿਮ ਕੰਜ ਬਿਗਾਵਾ ॥989॥
ਦੂਹੀ[1] ਭ੍ਰਾਤ ਬੁਲਾਵਨ ਕੀਨਾਂ ॥ ਆਵੋ ਦੇਖੋ ਤੁਮ ਪਰਵੀਨਾ ॥
ਸਤਗੁਰ ਕਾਜ ਸੁ ਪੂਰਨ ਚੀਨੋ ॥ ਤਿਨ ਸੈ ਦਮੜਾ ਮਧੁ ਧਰੁ ਦੀਨੋ ॥990॥
ਬਾਰ ਬਾਰ ਗੁਰ ਜਸ ਕੋ ਗਾਏ ॥ ਬਿਤ ਬਸਨ ਲੈ ਘਰ ਕੋ ਆਏ ॥
ਹਮ ਪਰ ਕੀਨੋ ਗੁਰ ਉਪਕਾਰਾ ॥ ਚਿੰਤ ਸਿੰਧ ਤੇ ਕਾਂਧੇ ਚਾੜ੍ਹਾ ॥991॥
ਸੁਤ ਕਾ ਦੀਨੋ ਬਯਾਹਿ ਕਰਾਈ ॥ ਗੁਰ ਕੀ ਮਹਿਮਾ ਕਥੇ ਬਨਾਈ ॥
ਹਮਰੀ ਕੀਨੀ ਐਸ ਸਹਾਏ ॥ ਨਰਸੀ ਡੰਡੀ ਜੈਸ ਤਰਾਏ ॥992॥

**(ਇਕ ਮਾਈ ਨੂੰ ਪੁੱਤਰ ਦੀ ਦਾਤ ਬਖਸ਼ਣੀ)**

॥ ਦੋਹਰਾ ॥

ਮਸਰੂ ਚਕ ਲੇ ਗੁਲਬਦਨ ਦਰਿ ਆਈ ਸਿਤ ਥਾਂਨ ॥
ਸਾਲੂ ਲੈਣਾ ਤਾਫਤੇ ਪੇਖ ਪ੍ਰਸੰਨ ਜਹਾਨ ॥993॥

॥ ਚੌਪਈ ॥

ਸੰਗਤਿ ਕੋ ਤਿਨ ਦੀਨ ਸੁਨਾਈ ॥ ਕਰੀ ਮਯਾ ਗੁਰ ਸਬ ਕਿਛੁ ਪਾਈ ॥
ਲੇ ਸੰਗਤਿ ਦਰਸਨ ਗੁਰ ਆਏ ॥ [2]ਜਿਮ ਧਨੁ ਪਾਵਾ ਦੀਨ ਸੁਨਾਏ[2] ॥994॥
ਸੁਨ ਕਰ ਸਾਹਿਬੁ ਤੂਸਨ ਧਾਰੀ ॥ ਉਤ੍ਰ ਦੀਨਾ ਕਹਿ ਬਹੁ ਹਾਰੀ ॥
ਬਹੁ ਦਿਨੁ ਅਰਜੀ ਤਿਨ ਨੇ ਕੀਨੀ ॥ ਪੋਤੇ ਤਿਹ ਹੋਵੈ ਅਤਿ ਦੀਨੀ ॥995॥[3]
ਏਕ ਸਵਾਨ ਗੁਰ ਪਾਸ ਰਹਾਵੈ ॥ ਪ੍ਰਯੰਕ ਤਰੇ ਨ ਕਿਹੀ ਸਿਧਾਵੈ ॥
ਸਾਧੂ ਨਾਮ ਸੁਹੈ ਸਗ ਕੇਰਾ ॥ ਸ੍ਰੀ ਕਮਲਾਨਨ ਤਿਸ ਕੋ ਪ੍ਰੇਰਾ ॥996॥
ਮਾਈ ਪੋਤਾ ਹੋਵੇ ਜਾਈ ॥ ਸੁਨ ਕਰ ਸਗ ਨੇ ਦੇਹਿ ਤਜਾਈ ॥
ਮਾਈ ਕੋ ਗੁਰ ਦੀਆ ਸੁਨਾਇ ॥ ਸਾਧੂ ਸਿੰਘ ਤੁਮਰੇ ਘਰੁ ਆਇ ॥997॥
ਸਦਾ ਹਮਾਰਾ ਦਰਸੁ ਕਰਾਵੈ ॥ ਤੋ ਇਹ ਬਾਰਿਕ ਜੀਵਨੁ ਪਾਵੈ ॥
ਮਾਈ ਭਨਾ ਜਿਵ ਆਪੁ ਨਿਦੇਸਾ ॥ ਯਾ ਮੈ ਫੇਰਿ ਨ ਹੋਵੈ ਲੇਸਾ ॥998॥
ਹਮਰੋ ਬਡੋ ਸਿਕਾਰੀ ਸ੍ਵਾਨਾ ॥ ਦ੍ਵੈ ਪਗ ਸੂਰ ਨ ਦੇਤੋ ਜਾਨਾ ॥
ਸੇਰ ਸਾਥ ਭੀ ਭਿਰਤੋ ਜਾਈ ॥ ਸੀਤ ਬਿਨਾ ਨਹਿ ਭੋਜਨ ਖਾਈ ॥999॥
ਏਕ ਬਾਰੁ ਸੁ ਪਾਛੇ ਸੁਤ ਹੋਵਾ ॥ ਚੜ੍ਹਤ ਸਿੰਘ ਗ੍ਰਿਹ ਮੰਗਲ ਜੋਵਾ ॥
ਦਰਬ ਬਾਂਟ ਗ੍ਰਹ ਸਾਦੀ ਕਰੀ । ਖੁਸਕ ਬੇਲ ਗੁਰ ਕੀਨੀ ਹਰੀ ॥1000॥
ਸਾਧੂ ਸਿੰਘ ਨਾਮ ਗੁਰ ਜੀ ਧਰਿਆ ॥ ਸੰਗਯਾ ਮਿਲਤ ਨਾਉ ਤਿਸ ਪਰਿਆ ॥
ਮਾਈ ਦਰਸਨੁ ਕੋ ਨਿਤ ਲਯਾਵੈ ॥ ਗੁਰੂ ਬੈਨ ਨਹਿ ਕਬੀ ਹਟਾਵੈ ॥1001॥

---

1. ਅ ਪੋਥੀ ਦੂਤੀ 2. ਅ ਪੋਥੀ ਪਾਠਾਂਤਰ : ਕਰੀ ਬਨੈ ਧਨ ਹਮ ਬਹੁ ਪਾਏ । 3. ਅ ਪੋਥੀ ਵਿੱਚ ਇਸ ਮਗਰੋਂ ਇਹ ਵਾਧੂ ਪੰਗਤੀਆਂ ਅੰਕਿਤ ਹਨ : ਗੁਰੂ ਭਨਾ ਗੁਰ ਨਾਹੀ ਊਰਾ ॥ ਜੋ ਸੇਵੈ ਸੋ ਪਾਵੈ ਪੂਰਾ ॥ ਮਾਈ ਨੰਤੀ ਬਿਨੇ ਅਲਾਈ ॥ ਚੜ੍ਹਤ ਸਿੰਘ ਸੁਤ ਦਯੋ ਹਰਖ਼ਾਈ ॥995॥

ਡੇਢ ਬਰਸ ਬਾਲਕ ਤਬੈ ਹੋਈ ॥ ਤੋਤਲ ਬੈਨ ਕਹੈ ਮ੍ਰਿਦੁ ਸੋਈ ॥
ਦੰਪਤਿ ਦੇਖਿ ਦੇਖਿ ਹਰਖਾਵੈ ॥ ਬਾਰ ਬਾਰ ਸਿਸ ਕੋ ਗਲ ਲਾਵੈ ॥1002॥

॥ ਦੋਹਰਾ ॥

ਅੰਮ੍ਰਿਤਸਰੁ ਪੁਜਾਰੀਆ ਗੁਰਮੁਖਿ ਸਿੰਘ ਜਿਹ ਨਾਮ ॥
ਬਾਲਕ ਨਾਨਾ ਸੋ ਹੁਤੋ ਆਵਾ ਮਿਲਨੇ ਕਾਮ ॥1003॥

॥ ਚੌਪਈ ॥

ਪ੍ਰਥਮ ਹਜੂਰ ਮਿਲਾ ਸੋ ਜਾਈ ॥ ਧਰੀ ਉਪਾਇਨ ਬੰਦਨੁ ਗਾਈ ॥
ਮਿਲ ਹਜੂਰ ਗਾ ਮਾਈ ਪਾਸੂ ॥ ਪੇਖ ਦੇਹੁ[1] ਤ੍ਰੈ ਬਢਾ ਹਲਾਸੂ ॥1004॥
ਕੋਇਕ ਦਿਨੁ ਰਹਿ ਗਿਰਾ[2] ਅਲਾਈ ॥ ਬਾਰਕੰ ਕੋ ਹਮ ਗ੍ਰਹ ਲੈ ਜਾਈ ॥
ਮਾਈ ਕਹਯੋ ਹਜੂਰ ਸੁਨਾਵੋ ॥ ਜੋ ਕਹਿ ਦੇਵੈ ਲੇਕਰ ਜਾਵੋ ॥1005॥

॥ ਦੋਹਰਾ ॥

ਗੁਰਮੁਖਿ ਸਿੰਘ ਹਜੂਰ ਪਹਿ ਬਿਨੈ ਕਰੀ ਕਰੁ ਜੋਰ ॥
ਬਾਰਿਕੁ ਲੇਵਨ ਮੈ ਅਯੋ ਚਹੈ ਨਿਦੇਸ ਗੁਰ ਤੋਰ ॥1006॥

॥ ਚੌਪਈ ॥

ਪ੍ਰਭੁ ਕਹਯੋ ਹਮ ਕਬੇ[3] ਨ ਕਹੀਏ ॥ ਮਾਈ ਪੂਛੋ ਲੇ ਕਰ ਜਈਏ ॥
ਤੀਨ ਵਾਰ ਗੁਰ ਆਇਸ ਫੇਰੀ ॥ ਭਨਾ ਹਜੂਰ ਜੁ ਮਰਜੀ ਤੇਰੀ ॥1007॥
ਕਹਯੋ ਨ ਗੁਰ ਕਾ ਰਿਦ ਮੋ ਧਾਰਾ ॥ ਸੁਤ ਪੁਤ੍ਰੀ ਲੈ ਭਵਨ ਸਿਧਾਰਾ ॥
ਘਰ ਜਾਵਤ ਬਾਰਕ ਮਰ ਗਯੋ ॥ ਸਭ ਪ੍ਰਵਾਰ ਮਿਲ ਪੀਟਤ ਭਯੋ ॥1008॥
ਗੁਰ ਕੇ ਬਾਕ ਨ ਬਿਰਥੇ ਜਾਈ ॥ ਜਿਨ ਨਹਿ ਮਾਨੇ ਮੋ ਪਛੁਤਾਈ ॥
ਮਾਈ ਨੰਤੀ ਗੁਰੈ ਸੁਨਾਵਾ ॥ ਗੁਰੂ ਭਨਾ ਹਮ ਪ੍ਰਥਮ ਸਿਖਾਵਾ ॥1009॥

॥ ਦੋਹਰਾ ॥

ਅਬ ਕਯੋ ਰੋਵੈ ਸਾਂਤ ਕਰ ਦੲੀ ਕਰੈ ਸੋ ਹੋਇ ॥
ਤਿਸ ਮੇਟਨ ਕਿਸ ਬਲ ਨਹੀ ਬਿਧ ਹਰ ਹਰਿ ਜੋ ਹੋਇ ॥1010॥

**(ਹਰੀ ਸਿੰਘ ਨੂੰ ਉਪਦੇਸ਼)**

॥ ਚੌਪਈ ॥

ਸਾਹੀ ਵਾਲੋਂ ਸੰਗਤਿ ਆਈ ॥ ਸਬਦ ਪਠਤ ਹੈ ਪ੍ਰੀਤ ਲਾਈ ॥
ਹਰੀ ਹਰਿ ਗੁਰਦਯਾਲ ਹਰਿ ਜੁਗ ਭ੍ਰਾਤਾ ॥ ਗੁਰ ਸਿਖੀ ਮੈ ਜੋ ਹੈ ਬਿਖ੍ਯਾਤਾ ॥1011
ਅਡਣ ਸਾਹੀ ਸਾਧ ਕਹਾਵੈ ॥ ਸਤ ਸੰਤੋਖਿ ਬਿਖੇ ਮਨੁ ਲਾਵੈ ॥
ਵੰਡ ਖਾਵਨ ਮੋ ਜਿਨ ਮਨਿ ਲਾਗਾ ॥ ਕਥਾ ਕੀਰਤ ਕਰੈ ਅਨੁਰਾਗਾ ॥1012॥
ਧੀਰਜ ਧਾਰੀ ਬਡੇ ਬਿਚਾਰੀ ॥ ਪਰਸ੍ਵਾਰਥੀ ਸਦਾ ਉਪਕਾਰੀ ॥
ਗੁਰ ਕੇ ਚਰਨ ਜਿਨੋ ਮਨ ਲਾਗਾ ॥ ਜਗੁ ਤੇ ਕੀਨੋ ਬਡੇ ਵਿਰਾਗਾ ॥1013॥[4]

---

1 ਅ ਪੋਥੀ ਦੇਹ 2 ਅ ਪੋਥੀ ਕਰਿ 3. ਮੂਲ ਪੋਥੀ ਕਰੇ 4. ੲ ਪੋਥੀ ਵਿਚ ਇਸ ਮਗਰੋਂ ਇਹ ਵਾਧੂ ਚੌਪਈ ਅੰਕਿਤ ਕੀਤੀ ਮਿਲਦੀ ਹੈ : ਗੁਰ ਚਰਨਨ ਮੋ ਪ੍ਰੀਤੀ ਲਾਗੀ ॥ ਨਾਮ ਜਪੈ ਸੋ ਹੈ ਬ੍ਰਡਭਾਗੀ ॥ ਸਤਿਗੁਰ ਕਰੁਣਾਂ ਤਿਸ ਪਰ ਧਾਰੀ ॥ ਤਿਸ ਕੇ ਜਾਗੇ ਭਾਗ ਮਥਾਰੀ ॥1974॥

॥ ਦੋਹਰਾ ॥

ਹਰੀ ਸਿੰਘ ਪ੍ਰਤਿ ਗੁਰ ਕਹਯੋ ਗੋਗੜ ਭਲੀ ਵਧਾਇ ॥
ਲੇਖਾ ਲੈਣਾ ਹੈ ਹਮੈ ਪੂਜਾ ਬਹੁਤੀ ਖਾਇ ॥1014॥[1]

॥ ਚੌਪਈ ॥

ਕਹਿ ਐਸੇ ਸ੍ਰੀ ਗੁਰ ਮੁਸਕਾਏ ॥ ਹਰੀ ਸਿੰਘ ਜੀ ਚਰਨ ਗਹਾਏ ॥
ਭਾਈ ਕਹਯੋ ਟਿਹ ਵਡ ਗੁਨ ਹੋਵਾ ॥ ਲੇਖਾ ਲੇਵਣ ਆਪ ਖਲੋਵਾ॥1015॥
ਜਮ ਰਾਜ ਜੋ ਲੇਖਾ ਲੇਤਾ ॥ ਅਨਿਕ ਭਾਂਤਿ ਕੇ ਦੁਖ ਬਹੁ ਦੇਤਾ ॥
ਲੇਵੋ ਗੁਰ ਜੀ ਅਬੈ ਨ ਬੇਰੂ ॥ ਹਮ ਨਹਿ ਆਵੈਂ ਜਮ ਕੇ ਘੇਰੂ ॥1016॥
ਇਹੁ ਸੁਨਿ ਪ੍ਰਭੁ ਪ੍ਰਸੰਨ ਮਨ ਭਏ ॥ ਪਿਠ ਪਰ ਕਰ ਗੁਰ ਫੇਰਨ ਕਏ ॥
ਚੰਦ ਬਦਨ ਤੇ ਗਿਰਾ ਅਲਾਈ ॥ ਜਮੁ ਬਪੁਰਾ ਤੁਮ ਤੇ ਡਰ ਜਾਈ ॥1017॥
ਜਿਨ ਕੀ ਪ੍ਰੀਤੀ ਮੇਰੇ ਸਾਥ ॥ ਤੇ ਨ ਪਰੈ ਫਿਰ ਜਮ ਕੇ ਪਾਥ ॥
ਜੋ ਜੋ ਸੰਤਨ ਸੰਗ ਮੈ ਆਵੈ ॥ ਜਮੁ ਬਪੁੜਾ ਤਿਨ ਤੇ ਭੈ ਖਾਵੈ ॥1018॥

॥ ਦੋਹਰਾ ॥

ਇਸ ਪ੍ਰਕਾਰ ਕੇ ਬੈਨ ਕਹਿ ਬੇਦੀ ਕੁਲ ਕੇ ਕੇਤ ॥
ਸਿਵਰ ਕਰਵਾਵਾ ਸਤਿਗੁਰੂ ਕਹੈ ਬੈਨ ਬਡ ਹੇਤ ॥1019॥

॥ ਚੌਪਈ ॥

ਕੋਇਕ ਦਿਨੁ ਗੁਰ ਪਾਸ ਰਹਾਨੇ ॥ ਲੈ ਖੁਸੀ ਫਿਰ ਭਵਨ ਸਿਧਾਨੇ ॥

## (ਇਕ ਕਲੰਦਰ ਦੀ ਸਾਖੀ)

ਦਿਵਾਨ ਮਧੁ ਸਤਗੁਰੂ ਬਿਰਾਜੇ ॥ ਜਿਨ ਕੋ ਦੇਖ ਦੇਵ ਪਤਿ ਲਾਜੇ ॥1020॥
ਏਕ ਕਲੰਦ੍ਰ ਚਲ ਕਰੁ ਆਵਾ ॥ ਜੁਗਮ ਬਲੀ ਮੁਖ ਹਾਥ ਗਹਾਵਾ ॥
ਸਾਖਾ ਮ੍ਰਿਗ ਜਬ ਲਾਗ ਨਚਾਵਨ ॥ ਲਾਗੇ ਤਾ ਕੋ ਸਿਖ ਹਟਾਵਨ ॥1021॥
ਹਜੂਰ ਕਹਯੋ ਕਪਿ ਪਾਸ ਲਯਾਵੋ ॥ ਕਲੰਦ੍ਰ ਤੇ ਇਨ ਮੋਲ ਕਰਾਵੋ ॥
ਸਿਖ ਭਨਾ ਮੁਲ ਕਰੋ ਉਚਾਰਾ ॥ ਦੇਵੈ ਤੁਮ ਕੋ ਗੁਰੂ ਦਾਤਾਰਾ ॥1022॥
ਦਸ ਦਮੜੇ ਤਿਨ ਮਲੋ ਬਖਾਨਾ ॥ ਸਤਿਗੁਰ ਤਿਸ ਕੌ ਦੇਵਨ ਠਾਨਾ ॥
ਦਿਖ ਕਰ ਸਿਖੁ ਮਨ ਅਚਰਜੁ ਪਾਵੈ ॥ ਤੌਰ ਦੇਖ ਨਹਿ ਪੂਛ ਸਕਾਵੈ ॥1023॥

॥ ਦੋਹਰਾ ॥

ਭਾਈ ਚੰਦਾ ਸਿੰਘ ਨੇ ਪੂਛਾ ਜੁਗ ਕਰ ਜੋਰ ॥
ਬਾਂਦਰ ਇਹ ਕਿਸ ਕਾਂਮ ਹੈ ਕਹੀਏ ਸਭ ਸਿਰ ਮੋਰ ॥1024॥

॥ ਚੌਪਈ ॥

ਕਹਯੋ ਹਜੂਰ ਤੁਮ ਸੁਨੋ ਪਿਆਰੇ ॥ ਏਹੁ ਜਗਮ ਹੈ ਦਾਸ ਹਮਾਰੇ ॥
ਜਬ ਸੈਲਨ ਮੈ ਸੈਲੰ ਕੀਨੇ ॥ ਫਿਰੈ ਅਕੇਲੇ ਮਾਨ ਵਹੀਨੇ ॥1025॥

---

1 ੲ ਪੋਥੀ ਵਿਚ ਇਸ ਮਗਰੋਂ ਇਕ ਵਾਧੂ ਦੋਹਰਾ ਅੰਕਿਤ ਕੀਤਾ ਮਿਲਦਾ ਹੈ : ਜਮ ਸੰਤਨ ਕਾ ਦਾਸ ਹੈ ਚਰਨਨ ਸੀਸ ਨਿਵਾਇ ॥ ਗੁਰਬਾਣੀ ਤੇ ਅਤਿ ਡਰੇ ਸਭੀ ਪਠੋ ਚਿਤ ਲਾਇ ॥1015॥

ਸੀਤ ਰੁਤ ਜਾਡਾ ਬਡ ਹੋਵਾ ॥ ਬਾਤ ਓਰੈ ਪਰ[1] ਬਹੁ ਤੋਵਾ ॥
ਏਕ ਪਹਾੜੀ ਛਾਪਰ ਵਾਸੀ ॥ ਹਮ ਚਲ ਆਏ ਤਿਨ ਕੇ ਪਾਸੀ ॥1026॥
ਸੇਵਾ ਕੀਨੀ ਇਨੋ ਬਨਾਈ ॥ ਗੋਰ ਚੁਕਾਠਾ ਅਗਨਿ ਸਿਕਾਈ ॥
ਸੋ ਬਦਲਾ ਹਮ ਇਨ ਕਾ ਦੇਨਾ ॥ ਕਲੰਦ੍ਰ ਇਨਤੇ ਹੈ ਸੀ ਲੇਨਾ ॥1027॥
ਕਰਮ ਅੰਧੀਨ ਵਿਹ ਮਰਕਟ ਹੋਏ ॥ ਬਨ ਮੋ ਬਿਚਰੇ ਬਹੁ ਦੁਖ ਜੋਏ ॥
ਅਬ ਹਮ ਇਨ ਕੋ ਮੁਕਤੀ ਦੇਵੈ ॥ ਜਨਮ ਮਰਨ ਇਨ ਕੇ ਹਮ ਖੇਵੈ ॥1028॥
ਸੀਤ ਆਪਨੋ ਗੁਰੂ ਦਿਵਾਵਾ ॥ ਖਾਵਤ ਹੀ ਤਿਨ ਬਪੂ ਤਜਾਵਾ ॥
ਗਏ ਬੈਕੁੰਠਿ ਗੁਰੂ ਮਯਾ ਤੇ ॥ ਗੁਰ ਕੀ ਸੇਵਾ ਲਾਭ ਭਯਾ ਤੇ ॥1029॥
ਹੈ ਗੁਰ ਸੇਵਾ ਸਭ ਤੇ ਊਚੀ ॥ ਜਿਨ ਜਿਨ ਕੀਨੀ ਹੋਏ ਊਚੀ ॥
ਸੁਨ ਚੰਦਾ ਸਿੰਘ ਉਸਤੰਤਿ ਕੀਨੀ ॥ ਗੁਰ ਗਾਥਾ ਮੈ ਜਿਸ ਮਤ ਭੀਨੀ ॥1030॥

॥ ਦੋਹਰਾ ॥

ਗੁਰ ਕੀ ਸੇਵਾ ਸਫਲੁ ਹੈ ਜੋ [2]ਕਰ ਹੈ [2]ਹਿਤ ਲਾਇ ॥
ਚਾਰ ਪਦਾਰਥ ਪਾਨ ਤਿਸੁ ਅੰਤਿ ਗੁਰੂ ਪਾਹਿ ਜਾਇ ॥1031॥

## (ਦੋ ਇਸਤਰੀਆਂ ਦੀ ਕਥਾ)

॥ ਚੌਪਈ ॥

ਏਕੁ ਦਿਵਸਿ ਸਤਿਗੁਰੂ ਹਜੂਰ ॥ ਜੁਗ ਨਾਰੀ ਸੁਭ ਕੰਨਯਾ ਭੂਰ ॥
ਧਰੀ ਅਕੋਰ ਰੁਦਨ ਤਿਨ ਕੀਨਾ ॥ ਸ੍ਰੀ ਕਮਲਾਨਨ ਪੂਛਨ ਕੀਨਾ ॥1032॥
ਕਯੋ ਤੁਮ ਮਾਈ ਰੁਦਨ ਕਰਾਵੋ ॥ ਜੋ ਹੋਈ ਸੋ ਹਮੈ ਸੁਨਾਵੋ ॥
ਸੁਨ ਜੁਵਤੀ ਨੇ ਗਿਰਾ ਅਲਾਈ ॥ ਅਕਨ ਕਰੋ ਸ੍ਰੀ ਗੁਰ ਸੁਖ ਦਾਈ ॥1033॥

॥ ਦੋਹਰਾ ॥

ਮੰਗਲ ਸਿੰਘ ਬਿੜਾਲ ਸਿੰਘ ਇਹੁ ਜੁਗ ਥੇ[3] ਦਲ ਪਾਲ ॥
ਸਰ੍ਕਾਰ ਪਕੜੇ ਰੋਸ ਕੈਰਿ ਕੈਦੀ ਵਾਰੋਵਾਲ ॥1034॥

॥ ਚੌਪਈ ॥

ਅਉਖੀ ਘੜੀ ਬੜੀ ਤਿਨ ਆਈ ॥ ਹੇ ਪੂਰਨ ਗੁਰੁ ਹੋਇ ਸਹਾਈ ॥
ਆਪ ਬਿਨਾ ਨਹਿ ਕੋਇ ਟਿਕਾਨਾ ॥ ਹਮਤੇ ਰਹਿ ਗਯੋ ਖਾਨਾ ਪਾਨਾ ॥1035॥
ਬਾਰਨ ਕੀ ਜਿਮ ਕਰੀ ਸਹਾਇ ॥ ਛੇਦਾ ਤੰਦੂਆ ਇਭ ਬਚਾਇ ॥
ਸਧਨੇ ਹਿਤ ਜਿਮ ਭੀਤ ਢਹਾਈ ॥ ਨਾਮੇ ਕੀ ਜਸ ਛਾਨ ਛਵਾਈ ॥1036॥
ਸੈਨ ਹੇਤ ਨਾਪਤਿ ਹੁਇ ਧਾਏ ॥ ਧੰਨੇ ਕੇ ਜਿਮ ਬੈਲ ਚਰਾਏ ॥
ਸਾਹਿ ਬਹਾਦਰੁ ਸਾਹਿਬੁ ਨਾਵਾ ॥ ਤਾਰਾ ਆਜਮ ਲੀਨੋ ਘਾਵਾ ॥1037॥

---

1. ਅ ਪੋਥੀ ਪਰਤ 2. ਅ ਪੋਥੀ ਸੇਵੇ 3. ਅ ਪੋਥੀ ਬਡ

ਰੁਸਤਮ ਰਾਇ ਜੁਗ ਭ੍ਰਾਤਿ ਨਿਕਾਰੇ ॥ ਦੁਰਗ ਬੀਚ ਤੇ ਕਰੀ ਨ ਬਾਰੇ ॥
ਤਿਮ ਇਨ ਕੀ ਅਬ ਕਰੋ ਸਹਾਇ ॥ ਲੀਨੀ ਹਮ ਤੁਮਰੀ ਸਰਨਾਇ ॥1038॥

॥ ਦੋਹਰਾ ॥

ਔਰ ਭਰੋਸਾ ਨਹਿ ਰਹਿਯੋ ਪਰੇ ਸਰਨਿ ਤਵ ਦ੍ਵਾਰ ॥
ਗਰੀਬ ਨਿਵਾਜ ਤਬ ਬਿਰਦ ਹੈ ਰਾਖੋ ਪੈਜ ਹਮਾਰ ॥1039॥

॥ ਚੌਪਈ ॥

ਸ੍ਰੀ ਕਮਲਾਨਨ ਗਿਰਾ ਅਲਾਈ ॥ ਮਾਈ ਚਿੰਤਾ ਕਰੋ ਨ ਰਾਈ[2] ॥
ਮਾਈ ਨੰਤੀ ਪਾਸ ਸਿਧਾਰੋ ॥ ਛਕ ਪ੍ਰਸਾਦਿ ਸੁਖ ਨਿਸਾ ਬਿਤਾਵੋ ॥1040॥
ਸੁਨ ਗੁਰ ਬਚ ਤਿਨ ਧੀਰਜੁ ਪਾਵਾ ॥ ਮਾਈ ਗ੍ਰਿਹਿ ਤਿਨ ਸਿਵਰ ਲਗਾਵਾ ॥
ਭਈ ਨਿਸਾ ਸਭ ਸੋਵਨ ਭਏ ॥ ਹੈ ਪਰ ਚਢ ਗੁਰ ਗਢ ਮੋ ਗਏ ॥1047॥
ਸਸਿ ਸਮਾਨ ਪ੍ਰਕਾਸ ਗੁਢ ਹੋਵਾ ॥ ਚੌਕੀਦਾਰਨ ਨੈਨੋ ਜੋਵਾ ॥
ਸੰਮਸ ਸੇਤ ਪੀਤ ਜਿਸ ਬਾਸ ॥ ਮੁਰਛਿਤ ਪਹਰੇ ਹੋਏ ਰਾਸ ॥1042॥
ਜੁਗ ਭਯਨਿ ਗੁਰ ਦਰੰਸ ਦਿਖਾਵਾ ॥ ਦੇਖਤ ਹੀ ਵਡ ਅਚਰਜ ਪਾਵਾ ॥
ਹਾਥ ਜੋਰੁ ਤਿਨ ਬਿਨੈ ਬਖਾਨੀ ॥ ਅਯੋ ਮਯਾ ਕਰ ਸਾਰੰਗ ਪਾਨੀ ॥1043॥
ਪਿੰਜਰ ਕੁਲਫ ਆਪੇ ਖੁਲਿ ਗਏ ॥ ਪਗ ਤੇ ਸੰਗਲ ਟੂਟਤ ਭਏ ॥
ਜੁਗ ਭਾਈਨ ਨੇ ਚਰਨ ਗਹਾਨੇ ॥ ਬਾਰ ਬਾਰ ਬਹੁ ਬੰਦਨ ਠਾਨੇ ॥1044॥

॥ ਦੋਹਰਾ ॥

ਹੈ ਕੰਜ ਕੇ ਪਕੜਾਇ ਕਰ ਲਯਾਇ ਬਿਚ ਚਖੜਾਲ ॥
ਨਾਰਿ ਪੁਰਖੁ ਮਿਲ ਕਰ ਸਭੈ ਗਾਵੈ ਸੁ ਜਸ ਬਿਸਾਲੁ ॥1045॥
ਤਾਂ ਦਿਨ ਤੇ ਸੇਵਕ ਭਏ ਨਬ ਪਿੰਡ ਸਿਰਦਾਰ ॥
ਯਹ ਗਾਥਾ ਗੁਪਤੀ ਨਹੀ ਜਾਨਤ ਸਭ ਸੰਸਾਰ ॥1046॥
ਸਿਰੇਪਾਇ ਸਤਿਗੁਰ ਦਏ ਦੀਨੇ ਸਦਨ ਪਠਾਇ ॥
ਗੁਰ ਕਾ ਮਨ ਮੈ ਭੈ ਧਰਾ ਸਰਕਾਰ ਨ ਫਿਰੁ ਗਹਾਇ ॥1047॥
ਏਹੁ ਗਾਥਾ ਸੁਖਦਾਇਨੀ ਜੋਇ ਸੁਨੇ ਹਿਤ ਲਾਇ ॥
ਜੁਗ ਲੋਕਨ ਬੰਦਨ ਮਿਟੈ ਅੰਤੁ ਅਮਰ ਪਦੁ ਪਾਇ ॥1048॥

॥ ਚੌਪਈ ॥

ਏਕ ਦਿਨਾ ਗੁਰ ਗਏ ਸਿਕਾਰਾ ॥ ਪਰਬਤ ਮਾਹੀ ਬੂੜੀ ਬਹਾਰਾ ॥
ਸ੍ਵਾਨ ਸਿਚਾਨ ਬਾਜ ਬਹੁ ਨਾਲ ॥ ਸੂਕਰ ਬਨ ਮੈ ਹਤੇ ਵਿਸਾਲ ॥1049॥

---

1. ੲ ਪੋਥੀ ਵਿਚ ਇਸ ਮਗਰੋਂ ਨਿਮਨ ਵਾਧੂ ਦੋਹਰਾ ਅੰਕਿਤ ਕੀਤਾ ਗਿਆ ਮਿਲਦਾ ਹੈ :
ਸਿਖ ਕਾ ਰਾਖਾ ਗੁਰੂ ਹੈ ਰਾਖੋ ਕਿਰਪਾ ਧਾਰ ॥
ਔਰ ਆਸਰਾ ਨਾਹਿ ਮਮ ਹੈ ਸਤਿਗੁਰ ਕਰੁਣਾ ਧਾਰ ॥ 1040॥
2. ਅ ਕਾਈ

## (ਜੰਮੂ ਦੇ ਰਾਜੇ ਦੀ ਕਥਾ)

ਪਾਸ ਜੰਮੂ ਗੁਰ ਖੇਲਤ ਭਏ ॥ ਰਾਟ ਸੁਨਾ ਗੁਰ ਇਤ ਚਲ ਅਏ ॥
ਆਵਾ ਲੇਨ ਜੰਮੂ ਲੇ ਗਿਆ ॥ ਸੇਵਾ ਅਤਿ ਸੋ ਕਰਤਾ ਭਇਆ ॥1050॥
ਏਕ ਨਿਸਾ ਗੁਰ ਤਹਾ ਰਹਾਨੇ ॥ ਰਾਜੇ ਸੇਵਾ ਦਿਖ ਹਰਖਾਨੇ ॥
ਚਢਿ ਚਪੜਾਲੰ ਆਇ ਬਿਰਾਨੇ ॥ ਸੋਭਾ ਜਾਵਤ ਸਦ ਕੁਰਬਾਨੇ ॥1051॥

॥ ਸ੍ਵੈਯਾ ॥

ਹੇਤ ਸਿਕਾਰ ਅਨੇਕ ਹੀ ਬਾਰ ਹ੍ਵੈ ਅਸ੍ਵਾਰ ਪ੍ਰਭੂ ਬਨੁ ਜਾਵੈਂ ॥
ਸੈਨ ਜੁਆਨ ਸਚਾਨ ਸੁਆਨ ਲੈ ਝਾਰਤਿ ਝਾਰ ਬਟੇਰ ਉਡਾਵੈਂ ॥
ਘੇਰ ਬਰਾਹਿਨੁ ਮਾਰ ਉਤਾਵਲ ਚਾਵਲ ਮੇਲ ਰਸਾਵਲ ਖਾਵੈਂ ॥
ਜੋ ਦਰਸੈ ਪਰਸੈ ਪ੍ਰਭ ਕੇ ਪਗ ਪੇਖ ਸਰੂਪੁ ਸਭੈ ਬਲ ਜਾਵੈਂ ॥1052॥

॥ ਚੌਪਈ ॥

ਜਬ ਜਬ ਗੁਰੂ ਸਿਕਾਰ ਸਿਧਾਵੈਂ ॥ ਨ੍ਰਿਪਤ ਦੇਸ ਖੇਚਲ ਕਰਿ ਆਵੈਂ ॥
ਰਾਜੇ ਸੁਤ ਮਨੁ ਕ੍ਰੋਧ ਬਧਾਵਾ ॥ ਸਮਰ ਕਰਨ ਕੋ ਬਹੁ ਹੁਲਹਾਵਾ ॥1053॥
ਜਾਇ ਸਿੰਘ ਰਾਜਾ ਸੁਤ ਸਮਝਾਵੈ ॥ ਗੁਰ ਸਨ ਬੈਰ ਨ ਹਮ ਬਨਿ ਆਵੈ ॥
ਏਕ ਦਿਨਾ ਸਿੰਘੰ ਗਏ ਸੀਕਾਰ ॥ ਕੋ ਹੀ ਨ ਸਾਥ ਭਈ ਤਿਨ ਰਾਰ ॥1054॥
ਮਾਰ ਭਗਾਏ ਦੇਰੇ ਆਏ ॥ ਸ੍ਰੀ ਗੁਰ ਤਿਨ ਕੋ ਦੀਨ ਹਟਾਇ ॥
ਸਮਾ ਪਾਇ ਰਾਜਾ ਹੁਲਸਾਯੋ ॥ ਸਾਹਿਬ ਕੇ ਮਿਲਬੇ ਹਿਤ ਆਯੋ ॥1055॥
ਮੇਵਨ ਡਾਲੀ ਧਰੀ ਅਗਾਰੀ ॥ ਪਾਂਨ ਜੋਰ ਕਰਿ ਬੰਦਨੁ ਧਾਰੀ ॥
ਤਬ ਹਜੂਰ ਆਦਰ ਤਿਸ ਕੀਨਾ ॥ ਖਾਨ ਪਾਨ ਸੁਭਗ ਗੁਰ ਦੀਨਾ ॥1056॥

॥ ਦੋਹਰਾ ॥

ਤਿਨ ਮਨ ਮੈ ਐਸੇ ਲਖਾ ਡਰ ਕਰ ਆਦਰ ਦੀਨ ॥
ਹੁਤੇ ਜੋ ਗ੍ਰਾਮ ਚੁਹਾਰਮੀ ਸ੍ਵਾਲ ਤਿਨੋ ਹਿਤ ਕੀਨ ॥1057॥

॥ ਚੌਪਈ ॥

ਕਹਿਵਤ ਤਿਸ ਕੀ ਗੁਰੂ ਨ ਮਾਨੀ ॥ ਮੂਰਖ ਮਨ ਮੈ ਰਿਸ ਅਤਿ ਠਾਨੀ ॥
ਚਢ ਕਰ ਗਾ ਨਿਜ ਅਪਨ ਅਗਾਰਾ ॥ ਚਾਹੇ ਮੂਢਾ ਗੁਰ ਸਨ [1]ਰਾਰਾ ॥1058॥
ਲੋਭ ਛੋਭ ਭਰਿ ਕਲਹਿ ਉਠਾਈ ॥ ਗ੍ਰਾਮ ਹਿਰਸਿ ਪਰਿ ਭਈ ਲਰਾਈ ॥
ਤਵੀ ਨਦੀ ਤਟਿ ਪਯੋ ਅਖਾਰਾ ॥ ਗੁਰ ਕੀ ਸੈਨਾ ਬਲ ਅਤਿ ਧਾਰਾ ॥1059॥
ਮਾਰੇ ਅਯੁਧ ਦੀਨ ਭਜਾਈ ॥ ਗਿਮ ਕੇਹਰ ਦਿਖ ਏਣ ਪਰਾਈ ॥
ਮਾਨਵ ਬਹੁਤੇ ਗਏ ਮਰਾਏ ॥ ਯੁਧ ਕਰਨ ਦਾ ਮਿਟ ਗਯੋ ਚਾਏ ॥1060॥

---

1. ਅ ਪੋਥੀ ਸੋ

ਮੁਖਲ ਸਗਲ ਲਾਗਯੋ ਚਪਤਾੜ ॥ ਨਿਰ ਉਪਾਧਿ ਹਸਿ ਬਸੇ ਕ੍ਰਿਪਾਲ ॥
ਫੇਰਿ ਵਜੀਰ ਉਪਧਿ ਉਠਾਈ ॥ ਜੈਇ ਸਿੰਘ ਰਾਜਾ ਲੀਨ ਬ੍ਰਿਮਾਈ ॥1061॥

॥ ਦੋਹਰਾ ॥

ਕਾਗਜ ਲਿਖ ਮਾਨਵ ਪਾਠ ਆਵਾ ਗੁਰੂ ਹਜੂਰਿ ॥
ਬਚਾਵਾ ਕਾਗਜ ਸਤਿਗੁਰੂ ਕਰਾ ਗਰਬ ਜਿਸ ਭੂਰ ॥1062॥
ਹਾਲਕ[1] ਗ੍ਰਾਮ ਜੁ ਸਪਤੁ ਹੈ ਮਿਲਤੇ ਹਮਾਰੇ ਦੇਸ ॥
ਦੇ ਹਮ ਕੌ ਦੈ ਦੀਜਿਯੇ ਯਹੀ ਬਾਤ ਹੈ ਬੇਸ ॥1063॥

॥ ਚੌਪਈ ॥

ਸੁਨ ਕਰਿ ਸਾਹਿਬ ਦੀਯੋ ਲਖਾਇ ॥ ਸਾਪਤ ਪਿੰਡ ਖੜਗ ਤਲੁ ਆਇ ॥
ਸੇਰ ਬਦਨ ਤੇ ਚਾਹੋ ਮਾਸ ॥ ਜੇ ਚਾਹੋ ਤਾਂ ਹੋਇ ਬਿਨਾਸ ॥1064॥
ਆਦ੍ਰਿਸ ਗਹਿ ਕਰ ਰਣ ਮੇਂ ਆਵੋ ॥ ਬਲ ਦਿਖਲਾਇ ਬਡੋ ਜਸੁ ਪਾਵੋ ॥
ਛਤ੍ਰੀ ਹਾਂ ਹਮ ਭਾੜੈ ਰਾਰੀ ॥ ਤੁਮ ਮਤ ਜਾਵੋ ਪਿਸਟ ਦਿਖਾਰੀ ॥1065॥
ਜਿਤਨਾ ਜੋਰੁ ਧਰੋ ਸਭ ਲਾਵੋ ॥ ਆਵੋ ਹਮ ਸਨ ਜੰਗ ਮਚਾਵੋ ॥
ਐਸਾ ਲਿਖ ਪਰਵਾਨਾ ਭੇਜਾ ॥ ਖੋਲ ਪਢਾ ਫਟ ਗਯੋ ਕਲੇਜਾ ॥1066॥
ਮੀਏ ਮਿਲੇ ਕਚਹਿਰੀ ਲਾਈ ॥ ਨਿਜ ਨਿਜ ਮਤੇ ਸਲਾਹਿ ਸੁਨਾਈ ॥
ਸਭਾ ਨਕ ਤਲ ਕਰੀ ਟਰਿ ਆਏ ॥ ਚੂਕਿ ਗਏ ਤਬ ਤਬ ਪਛੁਤਾਏ ॥1067॥
ਕੀਰ ਕਾਛਨੀ ਪਾਟੀ ਵਾਲੇ ॥ ਕਹਾ ਕਮਾਨਾ ਤੁਪਕਿ ਅਸਿ ਢਾਲੇ ॥
ਤਵੀ ਤਰਫ ਜੋ ਬਿਚਰਨਿ ਚਹੈ ॥ ਸਿੰਘੜੂ ਸਯਾਰ ਹਾਥ ਪਿਖ ਜੈ ਹੈ ॥1068॥
ਐਸੇ ਬਕਿ ਬਕਿ ਪ੍ਰਜਾ ਉਕਲਾਵਹਿ ॥ [2]ਸਠ ਫਲ [2]ਫੂਲ ਤੋਰੁ ਲੈ ਜਾਵਹਿ ॥
ਸਿੰਘਨ ਅਰਜਿ ਕਰੀ ਗੁਰ ਆਗੇ ॥ ਦੁਸਟ ਪਹਾਰੀ ਬਕਬੇ ਲਾਗੇ ॥1069॥
ਨਿੰਦਾ ਕਰਿ ਕਰਿ ਬਡ ਗਰਬਾਵੈ ॥ ਜੋ ਮੁਖ ਆਵੈ ਪੈ[3] ਸੋਨਾਵੈ ॥
[4]ਪ੍ਰਭ ਵਕੀਲ ਸੁਖਚੈਨ ਬੁਲਾਯਾ[4] ॥ ਰੋਸੁ ਲਿਖਾ ਕਾਗਜ ਬਨਵਾਯਾ ॥1070॥
ਬਾਈ ਰਾਜੇ ਤੁਮ ਮਿਲ ਧਾਏ ॥ ਪੁਰ ਅਨੰਦ ਮੋ ਜੰਗ ਮਚਾਏ ॥
ਕੇਸਰੀ ਆਦਿ ਮਰੀ ਬਹੁ ਸੈਨਾ ॥ ਸੈਲ ਦੇਸ ਮੋ ਮਿਟਗਾ ਚੈਨਾ ॥1071॥
ਘਰੁ ਘਰੁ ਪੀਟੀ ਨਾਰਿ ਤੁਮਾਰੀ ॥ ਤੁਮਰੇ ਬਲ ਨੋ ਦੇਵੈ ਗਾਰੀ ॥
ਕਹੀ ਕੇਸਰੀ ਜੰਗੁ ਨ ਹੋਈ ॥ ਹੁਇ ਸਮਾ ਦੁਖ ਪਾਵੈ ਸੋਈ ॥1072॥
ਲੂਟ ਲਵਾਗਾ ਤੁਮਰਾ ਦੇਰਾ ॥ ਦੁਖ ਪਾਵੋਗੇ ਸੰਝਿ ਸੁਵੇਰਾ ॥
ਤਵੀ ਪਾਸ ਤੁਮ ਆਇ ਬਿਰਾਨੇ ॥ ਚਾਵੋ ਅਪਨੇ ਸੀਸੁਨਿ ਹਾਨੇ ॥1073॥

---

1. ਅ ਪੋਥੀ ਹਾਕਲ
2. ਅ ਪੋਥੀ ਫਲ ਸੋ
3. ਅ ਪੋਥੀ ਪੈਇ
4. ੲ ਪੋਥੀ ਪਾਠਾਤਰ : ਸੁਖਚੈਨ ਵਕੀਰ ਕੌ ਗੁਰੂ ਬੁਲਾਯਾ ॥

॥ ਦੋਹਰਾ ॥

ਲੇ ਨਿਦੇਸ ਸੁਖਚੈਨ ਝਬ ਚਾਲਾ ਤਿਸ ਕੀ ਓਰਿ ॥
ਗੁਰ ਕਹਿਵਤ ਤਿਨ ਨੇ ਸੁਨੀ ਪਾਯੋ ਅਤਿ ਸੇ ਸੋਰ ॥1074॥

॥ ਚੌਪਈ ॥

ਹਮ ਗੁਰੂ ਕੀ ਦੇਹਿ ਉਠਾਈ ॥ ਲੂਟ ਕੂਟ ਲੇਵੈ ਬਲ ਪਾਈ ॥
ਵਕੀਲ ਕਹਯੋ ਤਿਨ ਨਾਹਿਨ ਮਾਨਾ ॥ ਗੁਰ ਪਹਿ ਤਿਸ ਨੇ ਆਇ ਵਖਾਨਾ ॥1075
ਪਾਛੇ ਕੋ ਹੀਆ ਤੇ ਇਹ ਖਰੀ ॥ ਦੌਰ ਘਰਾਟੀ ਖੇਚਲ ਕਰੀ ॥
ਰਸਤਿ ਲੂਟਿ ਲੇ ਦੇਰੇ ਗਏ ॥ ਸੁਨ ਕਰ ਰਿਸ [1]ਗੁਰ ਜੀ ਅਤ[2] ਕਏ ॥1076॥
ਸੈਨਾ ਪ੍ਰਤਿ ਗੁਰ ਕਰੀ ਨਿਦੇਸ ॥ ਧਾਈ ਐਸ ਮ੍ਰਿਗ ਪਰ ਮ੍ਰਿਗੇਸ ॥
ਨਦੀ[3] ਕਿਨਾਰੇ ਖਰੇ ਪਹਾਰੀ ॥ ਆਗੇ ਸਿੰਘ ਜਿਨ ਭਾਵੈ ਰਾਰੀ ॥1077॥

॥ ਦੋਹਰਾ ॥

ਸਫਾ ਜੰਗ ਮੈਦਾਨ ਮੈ ਭੁਯਾ ਭਯਾਨਕ ਜੰਗ ॥
ਪ੍ਰਥਮ ਬੰਦੂਕਨਿ ਜੁਧ ਕਰਾ ਜਿਨ ਮਨ ਰਹੀ ਨ ਸੰਗ ॥1078॥

॥ ਚੌਪਈ ॥

ਤੁਯਾਗ ਮਿਯਾਨੋ [4]ਤਰਵਾਰ ਨਿਕਾਰੀ ॥ ਸਿੰਘ ਗਰਜੇ ਜਿਮ ਕੇਹਰ ਭਾਰੀ ॥
ਜੁਗ ਓਰਨਿ ਤੇ ਭਾ ਘਸਸਾਨਾ ॥ ਅਸੂ ਗਿਰਾਵੈ ਸਾਥ ਜੁਆਨਾ ॥1079॥
ਸਿੰਘਨ ਕੀ ਅਸਿ ਦੋ ਕਰ ਦੇਵੈ ॥ ਕੋਹੀਲਿ ਅਸਿ ਪਹਿ ਚੀਰਾ ਲੇਵੈ ॥
ਜੋ ਮਹਾਰੀ ਸੁ ਭੱਟ ਕਹਾਵਿਤ ॥ ਭਾਗ ਚਲੇ ਨਹਿ ਠਹਿਰਨ ਪਾਵਤ ॥1080॥
ਐਸੀ ਕਲਾ ਗੁਰੂ ਕੀ ਹੋਈ ॥ ਗਏ ਹਿਰਾਸ ਭਿੜੇ ਨਹਿ ਕੋਈ ॥
ਹਾਰ ਭਈ ਤਜਿ ਜੁਧ ਪਠਾਏ ॥ ਬਾਤ ਬੇਗ ਜਿਮ ਪਾਤ ਉਡਾਏ ॥1081॥

॥ ਦੋਹਰਾ ॥

ਮੁੰਡ ਤੁੰਡ ਕੁਤਰੇ ਕਰੇ ਰੁੰਡ ਪਰੇ ਬਿਨੁ ਅੰਗ ॥
ਭੁਜ ਜੰਘਾ ਨਯਾਰੇ ਝਰੇ ਐਸ੍ਰਾ ਕੀਨਾ ਜੰਗ ॥1082॥

॥ ਚੌਪਈ ॥

ਜੋ ਭਾਗੇ ਤਿਨ ਪ੍ਰਾਨ ਬਚਾਏ ॥ ਜੋ ਠਹਿਰੇ ਤਿਨ ਮੂੰਡ ਕਟਾਏ ॥
ਬਾਜੀ ਸਸੱਤ੍ਰ ਤਿਨ ਕੋ[5] ਲੁਟ ਲਏ ॥ ਜੈ ਕੇ ਕੇਤ ਬਜਾਵਤ ਭਏ ॥1083॥
ਚਾਰ ਸਿੰਘ ਸਨਮੁਖ ਹ੍ਵੈ ਮਰੇ ॥ ਭਏ ਸਹੀਦ ਨ ਫਿਰ ਭੁਵ ਪਰੇ ॥
ਬੀਸਕ ਸਿੰਘ ਪਚੀਸਕ ਘੋੜੇ ॥ ਜਖਮੀ ਭਏ ਬਚੇ ਗੁਰ ਲੋੜੇ ॥1084॥
ਦ੍ਵੈ ਢਾਈ ਸਤ ਮਰੇ ਪਹਾਰੀ ॥ ਘਰੁ ਘਰੁ ਪੀਟੈ ਤਿਨ ਕੀ ਨਾਰੀ ॥
ਧਿਕ ਧਿਕ ਤਿਨ ਕੇ ਬਲ ਕੋ ਜਾਨੈ ॥ ਗੁਰ ਸੈਨਾ ਕੀ ਉਸਤਤਿ ਠਾਨੈ ॥1085॥

---

1. ਅ ਪੋਥੀ ਤਬ 2. ਅ ਪੋਥੀ ਬਚ 3. ਅ ਪੋਥੀ ਤਵੀ 4. ਅ ਪੋਥੀ ਮਯਾਨ 5. ਅ ਪੋਥੀ ਤੇ

ਸਲਕੰ ਦੀਨੀ ਗੁਰੂ ਕਰਾਈ ॥ ਭਈ ਫਤੇ ਸਭ ਮੋ ਪ੍ਰਗਟਾਈ ॥
ਰੈਨ ਪਰੀ ਸਿੰਘ ਡੇਰਨ ਆਏ ॥ ਗੁਰ ਆਗੇ ਤਿਨ ਸੀਸ ਨਿਵਾਏ ॥1086॥

॥ ਦੋਹਰਾ ॥

ਤਿਨ ਪਰ ਭਏ ਪ੍ਰਸੰਨ ਗੁਰ ਏਕ ਏਕ ਕੋ ਟੇਰ ॥
ਇਨਾਮ ਦਿਵਾਏ ਸਭਨ ਕੋ ਗਰਜੇ ਸਿੰਘ ਜਿਮ ਸੇਰ ॥1087॥
ਹੁਕਮ ਦੀਆਂ ਸ੍ਰੀ ਸਤਗੁਰੂ ਲੂਟੋ ਇਨ ਕਾ ਦੇਸ ॥
ਭੋਰ ਹੋਤ ਸਿੰਘ ਚੜ੍ਹ ਗਏ ਲੂਟ ਕੂਟ ਹਰਖੇਸ[1] ॥1088॥

॥ ਚੌਪਈ ॥

ਰੈਯਤ ਲੋਕ ਗੁਰੂ ਪਹਿ ਆਏ ॥ ਨਜਰਾ ਧਰ ਕਰ ਸੀਸ ਨਿਵਾਏ ॥
ਹਮ ਮਾਨੇਗੇ ਤੁਮਰੀ ਆਨ੍ਹਾ ॥ ਕਯੋਂ ਕਰਤੇ ਸਿੰਘ ਹਮਰੀ ਹਾਨਾ ॥1089॥
ਦੀਨਨ ਕੇ ਤੁਮ ਰਖਕ ਸ੍ਵਾਮੀ ॥ ਹਮ ਮੈ ਦੋਸ ਨ ਅੰਤਰਜਾਮੀ ॥
ਲੂਟ ਕਰ ਸਿੰਘਨ ਆਗ ਲਗਾਈ ॥ ਸਦਨ ਜਰੇ ਹਮ ਬਡ ਦੁਖ ਪਈ ॥1090॥
ਹੋਇ ਦੀਨ ਕਰਿ ਬਿਨੇ ਬਖਾਨੀ ॥ ਹਮ ਕੋ ਰਾਖੋ ਸੁਖਮਾ ਖਾਮੀ ॥
ਦੀਨ ਦੇਖਿ ਗੁਰ ਗਿਰਾ ਅਲਾਈ ॥ ਜੋ ਪਰਜਾ ਕੋ ਹੈ ਸੁਖਦਾਈ ॥1091॥

॥ ਦੋਹਰਾ ॥

ਦਯੋ ਦਿਲਾਸਾ ਸਭਨ ਕੋ ਬਸੋ ਰਸੋ ਨਿਜ ਗ੍ਰਾਮ ॥
ਕਹਯੋ ਪ੍ਰਭੂ ਭੈ ਨਹਿ ਕਰੋ ਦੁਖ ਹਰ ਲਹੋ ਅਰਾਮ ॥1092॥
ਰਾਜੇ ਕੀ ਰਯਤ ਰਹੋ ਦੇਉ ਮਾਮਲਾ ਵਾਹਿ ॥
ਅਪਨ ਗ੍ਰਾਮ ਹਮ ਰਾਖਨੇ ਔਰਨ ਕੀ ਨਹਿ ਚਾਹੇ ॥1093॥

॥ ਚੌਪਈ ॥

ਰਈਯਤ ਲੋਕ ਮਨ ਕੋ ਹਰਖਾਏ ॥ ਕਰ ਉਸਤਤਿ ਨਿਜ ਭਵਨ ਸਿਖਾਏ ॥
ਤਿਸ ਦਿਨ ਥੀ ਸਭ ਰਾਜੇ ਲੋਗਾ ॥ ਦਬਕ ਗਏ ਨਹਿ ਬੋਲਨ ਜੋਗਾ ॥1094॥
ਗੁਰ ਕੀ ਧਾਂਕ ਭਈ ਜਗ ਭਾਰੀ ॥ ਸਤਗੁਰ ਜਸ ਗਾਵੈ ਨਰੁ ਨਾਰੀ ॥
ਸੰਗਤ ਚਲ ਚਲ[2] ਦਰਸਨ ਆਵੈ ॥ ਮਨੁ ਬਾਂਛਤ ਗੁਰ ਤੇ ਬਰ ਪਾਵੈ ॥1095॥
ਧਰਮੰ ਰਾਜ ਕਰਾ ਗੁਰ ਪੂਰੇ ॥ ਤਸਕਰ ਕਾਮੀ ਮਰੇ ਵਿਸੂਰੇ ॥
ਏਕ ਦਿਨਾ ਗੁਰੋ ਕਰੀ ਤਿਯਾਰੀ ॥ ਊਨੇ ਜਾਵਨ ਕੀ ਇਛ ਧਾਰੀ ॥1096॥

॥ ਦੋਹਰਾ ॥

ਬਿਹਾਰਾ ਸਿੰਘ ਠਹਿਰਾਇਆ ਆਪੁ ਚੜੇ ਸੁਖਦਾਇ ॥
ਦੁਆਬੇ ਦੇਸ ਬਿਚ ਦੀ ਗਏ ਸਿਖਨ ਕਰੀ ਸਹਾਇ ॥1097॥

---

1. ਅ ਪੋਥੀ ਕਰ ਪੇਸ
2. ੲ ਪੋਥੀ ਗੁਰ

੧੬

## (ਜੋਧ ਸਿੰਘ ਰਾਮਗੜੀਏ ਦੀ ਕਥਾ)

॥ ਚੌਪਈ ॥

ਦੁਾਬੇ ਦੇਸ ਗਏ ਗੁਰ ਪੂਰੇ ॥ ਕਰੈ ਦਰਸ ਸ਼ਿਖ ਮੇਟ ਵਿਸੂਰੇ ॥
ਜੋਧ ਸਿੰਘ ਬਾਢੀ ਸਿਰਦਾਰ ॥ ਮੰਗਲ ਸਿੰਘ ਹੈ ਜਿਸ ਕੇ ਨਾਲ[1] ॥1098॥
ਮੂਠਾ ਜੜਤ ਬਿਜਨਾ ਚੈ ਲਯਾਇ ॥ ਚੀਰ ਬਿਛੌ ਧਰ ਸੀਸ ਨਿਵਾਏ ॥
ਆਪ ਗੁਰੂ ਜੀ ਪੈਜ਼ਿ ਰਖਾਈ ॥ ਹਾਥ ਕਮਲ ਦੇ ਲੀਨ ਬਚਾਈ ॥1099॥
ਚੰਦਾ ਸਿੰਘ ਨੇ ਪੂਛਨ ਕੀਨਾ ॥ ਕਿਮ ਸਹਾਇ ਭੇ ਗੁਰੂ ਪ੍ਰਬੀਨਾ ॥
ਕਹੈ ਜੋਧ ਸਿੰਘ ਦੇਉ ਸੁਨਾਈ ॥ ਕਰੀ ਸਹਾਇ ਗੁਰੂ ਸੁਖਦਾਈ ॥1100॥

॥ ਦੋਹਰਾ ॥

ਆਲੂਵਾਲ ਸਿਰਦਾਰੁ ਜੋ ਦੂਤੀ ਬਘੇਰ ਹਰਿ ਜਾਨ ॥
ਤਾਰਾ ਹਰਿ ਗੈਤਾ[2] ਤ੍ਰਿਤੀ ਸਦਾ ਕੌਰ ਰਿਸ ਠਾਨ ॥1101॥

॥ ਚੌਪਈ ॥

ਨ੍ਰਿਪ ਰਣਜੀਤ ਸਿੰਘ ਸਰਕਾਰਾ ॥ ਭਏ ਇਕਤ੍ਰ ਸਭੈ ਬਲ ਧਾਰਾ ॥
ਮਯਾਣੀ ਦੁਰਗ ਬਿਖੇ ਮੁਹਿ ਘੇਰਾ ॥ ਮਮ ਮਾਰਨ ਕੀ ਨਹੀ ਨ ਬੇਰਾ ॥1102॥
ਅਬ ਹਮ ਇਨ ਕੀ ਮਯਾਂਣੀ ਮਾਰੈ ॥ ਕਾਢ ਇਹਾਂ ਤੇ ਦੇਸ ਨਿਕਾਰੇ ॥
ਫੂਕ ਸਾਰ ਸਭ ਮਿਲਖ ਉਜਾਰੋ ॥ ਸਭ ਸਿਰਦਾਰਨਿ ਬੀਚ ਪਤਾਰੋ ॥1103॥
ਤੋਪ ਮਾਰ ਸਭ ਫੀਲ ਉਡਾਈ ॥ ਧੂਰਿ ਕੋਟ ਕੋ ਦੀਨੋ ਢਾਈ ॥
ਪਰਖਾ ਤਬ ਜਬ ਆਏ ਧਾਏ ॥ ਮੇਰੀ ਸੈਨ ਅਤਸੈ[3] ਭੈ ਖਾਏ ॥1104॥

॥ ਦੋਹਰਾ ॥

ਹੋਇ ਦੁਖਤ ਮੈ ਪੂਛਿਆ ਮੰਗਲ ਸਿੰਘ ਬੁਲਾਇ ॥
ਅਬੈ ਕੋਟ ਬਚਤਾ ਨਹੀ ਕਰੀਏ ਕੌਨ ਉਪਾਇ ॥1105॥
ਮੰਗਲ ਸਿੰਘ ਮੁਝ ਪ੍ਰਤਿ ਕਹਯੋ ਚਿੰਤਾ ਦੇਹੁ ਤਿਯਾਗ ॥
ਸਤਿਗੁਰ ਸਾਹਿਬ ਸਿੰਘ ਕੇ ਪਾਦ ਪਦਮ ਮੋ ਪਾਗ ॥1106॥

॥ ਚੌਪਈ ॥

ਬਾਬਾ[4] ਸਾਹਿਬ ਸਿੰਘ ਅਵਤਾਰ ॥ ਕੁਰ ਸੁਖਨਾ ਹੋਵੈ ਦੁਖ ਪਾਰ ॥
ਮੈ ਕਹਯੋ ਅਬਿ ਕਹਿ ਥਾ ਆਹੀ ॥ ਕੁੰਜ ਸਿੰਘ ਕਹਯੋ ਮਾਲਵ ਮਾਹੀ ॥1107॥
ਤਬ ਮੈ ਬਰ ਨਗਰ ਪਾਵਨ ਕੀਨ ॥ ਕਰੀ ਅਰਦਾਸੁ ਹੁਇ ਅਤਿਸੇ ਦੀਨ ॥
ਗੁਰ ਜੀ ਮੋ ਕਰੋ ਸਹਾਇ ॥ ਜਿਮ ਪ੍ਰਹਿਲਾਦ ਰਖਾ ਗਲ ਲਾਇ ॥1108॥
ਆਦਿ ਜੁਗਾਦਿ ਤੁਮ ਸਦਾ ਸਹਾਈ ॥ ਅਪਦਾ ਹਰੋ ਗੁਰੂ ਸੁਖਦਾਈ ॥
ਦਾਸਨਿਦਾਸ ਦਾਸ ਨਿਜ ਜਾਨੌ ॥ ਦੁਖ ਤੇ ਪਾਰ ਕਰੋ ਗਹਿ ਪਾਨੋ ॥1109॥

---

1. ਅ ਪੋਥੀ ਨਾਰੂ 2. ਅ ਪੋਥੀ ਗੈਥਾ 3. ਅ ਪੋਥੀ ਵਡ 4. ੲ ਪੋਥੀ ਸਤਿਗੁਰ

॥ ਦੋਹਰਾ ॥

ਹੈ ਬਿਜਨਾ ਸੂਰਜ ਮੁਖੀ ਮੂਠਾ ਰਤਨ ਜੜਾਇ ॥
ਦਿਯੋ ਉਪਾਇਨ ਦਰਬ ਬਹੁ ਸਤ੍ਰੂ ਦੇਹੁ ਹਟਾਇ ॥1110॥
ਜਬ ਇਤਨੀ ਬਿਨਤੀ ਕਰੀ ਮੈਂ ਅਤਸੇ ਹੁਇ ਦੀਨ ॥
ਨਿਸ ਕੌ ਕਰੀ ਸਹਾਇਤਾ ਬਯਾਸਾ ਨਦੀ ਚਢੀਨ ॥1111॥

॥ ਚੌਪਈ ॥

ਅਪਗਾ ਪ੍ਰੇਰੀ [1]ਸਤਗੁਰ ਪੂਰੇ ॥ ਆਵਾ ਹੜ ਸਤਰੂ ਭੇ ਚੂਰੇ ॥
ਤੰਬੂ ਕਨਾਤ ਸਸਤ੍ਰ ਬਹਿ ਚਾਲੇ ॥ ਗਾ ਅਸਬਾਬ ਕੂਲ ਕਰੈ ਸਮਾਲੇ ॥1112॥
ਨਿਸ ਅੰਧਾਰੀ ਜਲ ਬਡ ਆਵਾ ॥ ਹੜ ਚਾਲੇ ਬਹੁ ਸੋਰ ਪਾਵਾ ॥
ਜੋ ਭਾਜੇ ਤਿਨ ਪ੍ਰਾਨ ਬਚਾਏ ॥ ਸਸਤ੍ਰ ਬਸਤ੍ਰ ਸਭ ਨੀਰ ਬਹਾਏ ॥1113॥
ਹੁਇ ਲਜਤ ਸਭ ਭਵੰਨ ਸਿਧਾਨੇ ॥ ਫਿਰ ਆਵਨ ਨ ਉਦਮ ਠਾਨੇ ॥
ਮੇਰੀ ਗੁਰ ਜੀ ਕਰਿ ਸਹਾਇ ॥ ਦੀਨੋ ਸਤ੍ਰਨ ਕੌ ਬਿਚਲਾਇ ॥1114॥

॥ ਦੋਹਰਾ ॥

ਬਯਾਸਾ ਪ੍ਰੇਰੀ ਸਤਿਗੁਰੂ ਦੀਨੋ ਦਲੰ ਭਜਾਇ ॥
ਗੁਰ ਆਦਿਸ ਸਿਰ ਪਰ ਧਰੀ ਸੇਵਕੁ ਲੀਨ ਬਚਾਇ ॥1115॥

॥ ਚੌਪਈ ॥

ਸਸਿ ਹਰਿ ਆਦਿ ਸਭੈ ਹਰਖਾਏ ॥ ਬਾਰ ਬਾਰ ਗੁਰ ਕੇ ਗੁਨਿ ਗਾਏ ॥
ਇਹ ਪ੍ਰਸੰਗ ਜੋ ਸੁਨੈ ਸੁਨਾਵੈ ॥ ਬਿਪਤਾਂ ਆਦਿ ਸਭੈ ਦੁਖ ਘਾਵੈ ॥1116॥
ਪੰਜ ਨਿਸਾ ਗੁਰ ਡੇਰਾ ਰਾਖਾ ॥ ਜੋਧ ਸਿੰਘ ਕੀ ਦਿਖ ਅਭਿਲਾਖਾ ॥
ਸਿਰੇਪਾਇ ਸਤਿਗੁਰੂ ਦਿਵਾਵਾ ॥ ਲੇਕਰ ਤਿਸ ਨੇ ਸੀਸ ਚੜ੍ਹਾਵਾ ॥1117॥
ਕੂਚ ਕਰਾ ਤਹਿ ਥੀ ਗੁਰ ਪੂਰੇ ॥ ਸਨੇ ਸਨੇ ਮਗ ਗਮਨੇ ਰੂਰੇ ॥

## (ਸਾਹਿਬ ਸਿੰਘ ਦਾ ਊਨੇ ਆਉਣਾ)

ਊਨੇ ਸਾਹਿਬੁ ਜਾਇ ਥਿਰਾਨੇ ॥ ਲੋਕਿ ਮਿਲੇ ਮਨੁ ਮੁ ਹਰਖਾਨੇ ॥1118॥
ਮਹਿਲਾ ਸੋ ਨਣ ਸੀਸ ਨਿਵਾਯਾ ॥ ਗੁਰੂ ਮਯਾ ਤੇ ਬਡ ਸੁਖ ਪਾਯਾ ॥
ਗਿਰਦ ਨਿਵਾਈ ਲੋਕਿ ਸੁਨਿ ਧਾਏ ॥ ਧਰੀ ਉਪਾਇਨ ਮਿਲ ਹਰਖਾਏ ॥1119॥
[2]ਸਭਿਨ ਮਿਲਿ[2] ਸ੍ਰੀ ਸਤਿਗੁਰੂ ਪੂਰੇ ॥ ਸੈਲਨਿ ਸੈਲ ਕਰੈ ਦੁਖ ਚੂਰੇ ॥
ਬਨ ਮੈ ਸੂਕਰ ਖਗ ਨਿਤ ਮਾਰੈ ॥ ਜੋ ਮਾਰੈ ਭਵ ਤੇ ਨਿਸਤਾਰੈ ॥1120॥
ਗੁਰ ਕੌਤਕ ਨਹਿ ਬਰਨੇ ਜਾਂਹੀ ॥ ਜਿਮ ਬਿਯੋਮ ਕਾ ਅੰਤੁ ਸੁ ਨਾਹੀ ॥
ਚੰਦਾ ਸਿੰਘ[3] ਰਹੇ ਗੁਰ ਪਾਸ ॥ ਖਾਦ ਪਦਮ ਸੇਵੈ ਸੁਖ ਰਾਸ ॥1121॥

---

1. ਮੂਲ ਪੋਥੀ ਪੇਰੀ
2. ਅ ਪੋਥੀ ਪਾਠਾਂਤਰ : ਕਹਨ ਲਗੇ
3. ੲ ਪੋਥੀ ਸਸਿ ਹਰਿ

ਚਰਨ ਪਟੋਲਤ ਪ੍ਰੀਤੀ ਲਾਈ ॥ ਹਾਥ ਜੋਰੁ ਕਰਿ ਗਿਰਾ ਅਲਾਈ ॥
ਏਕ ਮਨੋਰਥੁ ਪੂਰੋ ਸ੍ਵਾਮੀ ॥ ਘਟ ਘਟ ਕੇ ਹੁਇ ਅੰਤਰਿਜਾਮੀ ॥1122॥

॥ ਦੋਹਰਾ ॥

ਤੀਰਥੁ ਜੋ ਹੈ ਜਗਤ ਮੈ ਮੁਖ ਤੀਰਥੁ ਕੋ ਆਹਿ ॥
ਸੇਵਕ ਬਾਨੀ ਅਕਨ ਕਰ ਕਹੀ ਗਿਰਾ ਸਿਤ ਲਾਹਿ ॥1123॥

### (ਅੰਮ੍ਰਿਤਸਰ ਦੀ ਮਹਿਮਾਂ)

॥ ਚੌਪਈ ॥

ਭਾਈ ਚੰਦਾ ਸਿੰਘ ਸੁਜਾਨਾ ॥ ਦੇਉ ਬਤਾਇ ਸੁਨੋ ਦੇ ਕਾਨਾ ॥
ਅੰਮ੍ਰਿਤਸਰ ਸਭ ਤੇ ਅਧਿਕਾਈ ॥ ਪਸੂ ਪੰਛੀ ਮਾਨੁਖ ਗਤਿ ਪਾਈ ॥1124॥
ਕੈਸਾ ਪਾਪੀ ਹੋਵਾ ਭਾਰੀ ॥ ਨਾਨ ਪਾਨ ਗਤਿ ਪਾਈ ਸੁਖਾਰੀ ॥
ਸ੍ਰੀ ਦਰਬਾਰ ਬਿਚ ਰਚਾ ਜਹਾਜਾ ॥ ਭਵ ਤੇ ਪਾਰ ਕਰਨ ਜਿਸ ਕਾਜਾ ॥1125॥
ਚੰਦਾ ਸਿੰਘ ਕਹੈ ਕਰ ਜੋਰੀ ॥ ਮੁਹਿ ਦਰਸਾਵੋਂ ਸੁਖਮਾ ਠੋਰੀ ॥
ਗੁਰੂ ਭਨਾ [1]ਤੂ ਮੋ ਕੌ[1] ਪਯਾਰਾ ॥ ਤੁਮਰਾ ਕਹਾ ਨ ਕਬੀ ਹਟਾਰਾ ॥1126॥
ਚਲ ਤੁਮ ਕੌ ਅਬ ਹੀ ਦਰਸਾਵੈ ॥ ਤੇਰੇ ਮਨ ਕੀ ਇਛੁ ਪੁਜਾਵੈ ॥
ਕਰ ਕੇ [2]ਕਰ ਤਿਸ ਲੀਨ ਗਹਾਏ ॥ ਹਰਿ ਕੀ ਪੌੜੀ ਜਾਇ ਬਿਰਾਏ ॥1127॥
ਏਕ ਜਾਮ ਨਿਸ ਤਬੈ ਰਹਾਈ ॥ ਸ੍ਰੀ ਗੁਰ ਨਾਨਕ ਲਗੇ ਸੁਖਦਾਈ ॥
ਕੋਟ ਸੂਰ ਸਮ ਭਯਾ ਪ੍ਰਕਾਸੂ ॥ ਜਹ ਦੇਖਾ ਭਾ ਅਚਰਜ ਤਾਸੂ ॥1128॥
ਤਬ ਲਗ ਦੇਵ ਸਰਬ ਚਲ ਆਏ ॥ ਨਾਨ ਕਰਨ ਕੌ ਰਿਦ ਹੁਲਸਾਏ ॥
ਹਜੂਰ ਦਰਸ ਕਰ ਮਨ ਮੈ ਹਰਖੇ ॥ ਆਨੰਦ ਨੀਰ ਨੈਨ ਤੇ ਬਰਖੇ ॥1129॥
ਪਾਦ ਪਦਮ ਪਰ ਸੀਸ ਨਿਵਾਵੈਂ ॥ ਬਾਰ ਬਾਰ ਗੁਰ ਕੇ[3] ਗਾਵੈ ॥
ਜੈ ਜੈ ਜਯ ਦੇਵਨ ਏ ਦੇਵਾ ॥ ਤਰੈ ਮਨੁਜ ਜੋ ਕਰ ਹੈ ਸੇਵਾ ॥1130॥
ਜਿਨ ਜਿਨ ਤੁਮਰੇ ਚਰਨ ਗਹਾਨੇ ॥ ਜਨਮ ਮਰਨ ਤਿਨ ਕੀਨੋ ਹਾਨੇ ॥
ਹਮ ਹੈਂ ਦਾਸਨ ਦਾਸ ਸੁਆਮੀ ॥ ਸਰਬ ਬਿਯਾਪੀ ਅੰਤਰਿਜਾਮੀ ॥1131॥
ਕਰ ਨੁਤ ਦੇਵ ਤਬੈ ਸਿਧਾਨੇ ॥ ਦੇਵ ਲੋਕ ਮਧਿ ਜਾਇ ਬਿਰਾਨੇ ॥
[4]ਪ੍ਰਦਛਨ ਚਾਰ[4] ਹਰਿਮੰਦਰੁ ਦੀਨ ॥ ਚੰਦਾ ਸਿੰਘ ਮਨ ਹਰਖ ਨਵੀਨ ॥1132॥

॥ ਦੋਹਰਾ ॥

ਪਾਨੁ ਜੋਰ ਬੰਦਨੁ ਕਰੀ ਦਰਸਨ ਕਰ ਬਿਗਸਾਇ ॥
ਕਾਲ[5] ਬੁੰਗੇ ਪੁਨ ਕੇਤੁ ਕੁ ਨਮੋ ਕਰੀ ਹਰਖਾਇ ॥1133॥
ਸਹੀਦ ਬੁੰਗੇ ਪੁਨ ਧੁਨ ਜਾਤ ਭੇ ਦੇਹੁਰੇ ਸਾਹਿਬ ਜਾਇ ॥
ਗੁਰੂ ਬਾਗ ਰਸਤੇ ਅਏ ਬੇਦੀ ਕੁਲ ਕੇ ਰਾਇ ॥1134॥

---

1. ਅ ਪੋਥੀ ਪਾਠਾਂਤਰ : ਤੁਮ ਕੌ ਹੈ 2. ਮੂਲ ਪੋਥੀ ਕੋ 3. ਅ ਪੋਥੀ ਗੁਨ 4. ਅ ਪੋਥੀ ਪਾਠਾਤਰ : ਚਾਰੁ ਦਖਣ 5. ਅ ਪੋਥੀ ਅਕਾਲ

(ਊਨੇ ਆਉਣਾ)

॥ ਚੌਪਈ ॥

ਪੁਨਿ ਊਨੇ ਮੋ ਜਾਇ ਖਿਰਾਨੈਂ ॥ ਸਸਿ ਹਰਿ ਗੁਰ ਕੌ ਬੰਦਨ ਠਾਂਨੇ ॥
ਰਾਵਰ ਮਯਾ ਕਰੀ ਬਹੁਤੇਰੀ ॥ ਦੀਦ ਰਸਾਇਨ ਕੀਨੀ ਦੇਰੀ ॥1135॥
ਏਕ ਦਾਨ ਮਾਂਗੋ ਸੁਖਦਾਈ ॥ ਦੇਹੁ ਮਯਾ ਕਰਿ ਦੇਰ ਬਿਹਾਈ ॥
ਪਾਦ ਪਦਮ ਤੁਮਰੇ ਸੁਖਦਾਤਾ ॥ ਮੇਰਾ ਮਨ ਮਧੁਕਰ ਇਨ ਰਾਤਾ ॥1136॥
ਤਯਾਗ ਚਰਨ ਨਹਿ ਅਨਤ ਪਧਾਰੈ ॥ ਦੇਵੌ ਦਾਨੁ ਮਯਾ ਕਰ ਥਾਰੈ ॥
ਭੇਨਾ ਹਜੂਰ ਨੇ ਚਿੰਤਾ ਕੀਜੈ ॥ ਜੋ ਵਰੁ ਮਾਂਗੋ ਤੈਸਾ ਲੀਜੈ ॥1137॥

(ਵਿਕਾਰਾਂ ਆਦਿ ਦੇ ਤਿਆਗ ਬਾਰੇ ਉਪਦੇਸ਼)

॥ ਦੋਹਰਾ ॥

ਚੰਦਾ ਸਿੰਘ ਹਰਖਤ ਭਯੋ ਬਿਨੇ ਭਨੀ ਕਰੁ ਜੋਰੁ ॥
ਏਕ ਪ੍ਰਸਨ ਕਾ ਉਤ੍ਰ ਸੁਭ ਦੀਜੈ ਸਤਗੁਰ ਮੋਰ ॥1138॥

॥ ਚੌਪਈ ॥

ਕਾਮ ਆਦਿ ਇਹ ਬਡ਼ੇ ਬਿਕਾਰੇ ॥ ਦੇਵ ਦਨੁਜ ਇਨ ਆਗੇ ਹਾਰੇ ॥
ਚਾਰ ਵ੍ਰਰਨ ਖਟ ਦਰਸ਼ਨ ਜੋਈ ॥ ਇਨ ਆਗੇ ਨਹਿ ਠਹਿਰੇ ਕੋਈ ॥1139॥
ਜੋਗੀ ਜਤੀ ਤਪੀ ਬ੍ਰਹਮਚਾਰੀ ॥ ਪੰਡਤ ਗਯਾਤਾ ਵਿਦਯਾਧਾਰੀ ॥
ਜੋ ਰਣ ਮੇ ਕਬ ਪੀਠ ਨ ਲੇਤੇ ॥ ਦਾਨ ਦੇਨ ਮੋ ਸਿਰ ਲਗ ਦੇਤੇ ॥1140॥

॥ ਦੋਹਰਾ ॥

ਔਰੁ ਕਰਨ ਬਲਵਾਨ ਹੈਂ ਇਨ ਆਗੇ ਗਿਰ ਜਾਇ ॥
ਕੈਸੇ ਜੀਤੇ ਜਾਇ ਇਹੁ ਦੀਜੈ ਮੁਝੈ ਬਤਾਇ ॥1141॥

॥ ਚੌਪਈ ॥

ਸਸਿ ਹਰਿ ਜੀ ਇਮ ਗਿਰਾਂ ਅਲਾਈ ॥ ਪਾਨ ਜੋਰ ਠਾਢੋ ਸਿਰ ਨਯਾਈ ॥
ਸਤਗੁਰ ਸਾਹਿਬ ਬ੍ਹੈਨਿ ਉਚਾਰਾ ॥ ਤੁਮਰੀ ਕਹਿਵਤ ਹੈ ਨਿਰਧਾਰਾ ॥1142॥
ਇਹ ਅਤਸੇ ਹੈ ਬਡ[1] ਬੁਲਵਾਨਾ ॥ [2]ਗ੍ਰਹਿ ਰਾਖਾ ਸਭ ਕੋ[2] ਨਿਜ ਪਾਨਾ ॥
ਤਥਾਪ ਕਹੌ ਜਿਮ ਜੀਤੇ ਜਾਇ ॥ ਸੁਨੀਏ ਭਾਈ ਮਨ ਕੋ ਲਾਇ ॥1143॥
ਕਾਮ ਜਿਤਨ ਕੋ ਜੋ ਅਭਲਾਖੈ ॥ ਵਸਤੁ ਵਿਚਾਰੁ ਅਮੀਰ ਸੁ ਚਾਖੈ ॥
ਮਨੋਜ ਅਯੁਧ ਨਾਰਿ ਸੁਹਾਈ ॥ ਬਿਨਾ ਰੂਪ ਤੇ ਰੂਪ ਦਿਖਾਈ ॥1144॥
ਬੁਧਵਾਨ ਮਨ ਕਰੈ ਬਿਚਾਰ ॥ ਅਬਲਾ ਤਨ ਮੈ ਕਯਾ ਹੈ ਸਾਰ ॥
ਅਸਤ ਮਾਸ ਬਿਧ ਪੁਤਲੀ ਕੀਨੀ ॥ ਸ੍ਰੋਣਤ ਕੀ ਵਿਚੁ ਲਾਲੀ ਦੀਨੀ ॥1145॥
ਮਿਝ ਚਰਬੀ ਤਨ ਮਾਂਹਿ ਰਹਾਵੈਂ ॥ ਪਰੀਖ ਮੂਤ ਕਰ ਪੁਸਟ ਦਿਸਟਾਵੈ ॥
ਮੁਖ ਤੇ ਲਾਰਾ ਸਦਾ ਚਲਾਈ ॥ ਨੈਨਨ ਗੀਡ ਚਲੀ ਬਹੁ[3] ਜਾਈ ॥1146॥

1. ਅ ਪੋਥੀ ਅਤ 2. ਅ ਪੋਥੀ ਪਾਠਾਂਤਰ : ਸਭ ਕੋ ਗਹਿ ਰਾਖਾ 3. ਅ ਪੋਥੀ ਸੋ

ਨਾਕ ਤੇ[1] ਸੀਤ ਨਹਿ ਕਬ ਠਹਿਰਾਇ ॥ ਕਲ ਮਲ ਧਾਮ ਦੁਰਗੰਧ ਰਹਾਇ ॥
ਚੀਰਨਿ ਭੂਖਨਿ ਕਰਿ ਦਿਬ ਭਾਸੇ ॥ ਆਦਿ ਅੰਤਿ ਹੈ ਦੁਖ ਕੀ ਰਾਸੇ ॥1147॥

॥ ਦੋਹਰਾ ॥

ਵਸਤੁ ਵਿਚਾਰੁ ਜਿਨ ਪਾਸੁ ਹੈ ਮਨ ਮਥ ਲੇਵੈ ਜੀਤ ॥
ਔਰੁ ਉਪਾਇਨੁ ਕੋ ਅਹੈ ਸਦ ਹੀ ਧਾਰੋ ਜੀਤ ॥1148॥

॥ ਚੌਪਈ ॥

ਆਵੈ ਕ੍ਰੋਧੁ ਜਬੈ ਬਲ ਪਾਈ ॥ ਚਢੈ ਸੁ ਤ੍ਰਿਕੁਟੀ ਫੀਕ ਅਲਾਈ ॥
ਲਾਲ ਨੈਨ ਰਦਪਟੈ ਕਟਾ ਹੀ ॥ ਥਰ ਥਰ ਕੰਪੈ ਨ ਬਚ ਸੁਨਾਹੀ ॥1149॥
ਖਿਮਾ ਅਸੀ ਕਰ ਤਾਕੋ ਕਾਟੈ ॥ ਗਹਿਰ ਗੰਭੀਰ ਨ ਮੁਖ ਤੇ ਡਾਟੈ ॥
ਮਧੁਰ ਬੈਨ ਸੁਠਿ ਕਹਿ ਹਿਤ ਲਾਈ ॥ ਕ੍ਰੋਧ ਸੁ ਆਪੇ ਜਾਇ ਬਿਲਾਈ ॥1150॥

॥ ਦੋਹਰਾ ॥

ਖਿਮਾ ਧਾਰਿ [2]ਕ੍ਰੋਧੈ ਜਿਤੇ ਸੰਤਨ ਯਹੀ ਸੁਭਾਇ ॥
ਖੇਦ ਨ ਦੇਹ ਜਬਾਨ ਕੋ ਯਾਂਤੇ ਸੁਖੀ ਰਹਾਇ ॥1151॥
ਲੋਭ[3] ਸੂਰ ਹੈ[3] ਅਤ ਬਲੀ ਦੇਵ ਦਨੁਜ ਬਸ ਕੀਨ ॥
ਸੰਤੋਖ ਪਵ ਜਿਨ ਕਰ ਧਰਾ ਲੋਭ ਕਰੈ ਤਿਨ ਖੀਨ ॥1152॥

॥ ਚੌਪਈ ॥

ਲੋਭ ਲਚਰ[4] ਜਬ ਮਨ ਮੋ ਆਵੈ ॥ ਪਾਇ ਪਦਾਰਥ ਨਹਿ ਤ੍ਰਿਪਤਾਵੈ ॥
ਬੀਸ ਗ੍ਰਾਮ ਕੋ ਰਾਜਾ ਹੋਈ ॥ ਸੋ ਗ੍ਰਾਮ ਕੋ ਚਾਹੇ ਸੋਈ ॥1153॥
[5]ਸੋ ਵਰ[5] ਪਿੰਡ ਜਬੈ ਹਥ ਆਵੈ ॥ ਖੰਡ ਰਾਜ ਕੀ ਇਛੁ ਕਰਾਵੈ ॥
ਖੰਡ ਆਇ ਦੀਪ ਕੋ ਚਾਹੀ ॥ ਦੀਪ ਪਾਇ ਸਤ ਦੀਪ ਮੰਗਾਹੀ ॥1154॥
ਸਪਤ ਦੀਪ ਜਬ ਰਾਜ ਕਮਾਵੈ ॥ ਸੁਰਗ ਰਾਜ ਕੀ ਇਛ ਉਠ ਆਵੈ ॥
ਦਿਨ ਦਿਨ ਲੋਭ ਬਧੈ ਅਧਿਕਾਈ ॥ ਬਿਨੁ ਸੰਤੋਖਿ ਨ ਕੋ ਤ੍ਰਿਪਤਾਈ ॥1155॥
ਸੰਤੋਖੁ ਬੰਜ੍ਰ ਜਿਨ ਕਰ ਮੋ ਧਾਰਾ ॥ ਲੋਭ ਅਦ੍ਰ ਕੋ ਤਿਨ ਹੀ ਫਾਰਾ ॥
ਸੰਤੋਖਿਵਾਨ ਹੈ ਸਭ ਤੇ ਊਚਾ ॥ ਮੇਰ ਆਦਿ ਤਿਨ ਨਹਿ ਰੂਚਾ ॥1156॥
ਗਯਾਨ ਭਗਤ ਤਿਸ ਮਨ ਮੈ ਆਵੈ ॥ ਧੀਰ ਧਰਮ ਤਿਸੁ ਮਾਹਿ ਰਹਾਵੈ ॥
ਵਿਰਤ ਵਿਵੇਕੀ ਸੁਈ ਵਿਗਯਾਨੀ ॥ ਦੇਵ ਅਦੇਵੈ ਪੂਜਾ ਠਾਨੀ ॥1157॥

॥ ਦੋਹਰਾ ॥

ਵਿਦਯਾਵਾਨ ਸਾਧੂ ਵਹੀ ਸੋਈ ਸੂਰ ਕਹਾਏ ॥
ਜਿਨ ਸੰਤੋਖਿ ਮਨ ਮਧੁ ਧਰਾ ਦੀਨੋ ਲੋਭ ਹਟਾਇ ॥1158॥

---

1. ਅ ਪੋਥੀ ਵਿਚੋਂ 2. ਅ ਪੋਥੀ ਸੁਕਰ 3. ਅ ਪੋਥੀ ਸੁ ਜੋਧਾ 4. ਅ ਪੋਥੀ ਲਹਰ
5. ਅ ਪੋਥੀ ਸਉ ਸਉ;

ਮੋਹਿ ਵਿਵੇਕੈ ਕਰ ਹਨੈ ਮੋਹਿ ਵਡੋ ਬਲਵਾਨ ॥
ਮੋਹ ਜਗਤੁ ਸਭ ਵਸਿ ਕਰਾ ਨਹਿ ਵਿਵੇਕ ਜਿਨ ਭਾਨ ॥1159॥

॥ ਚੌਪਈ ॥

ਮੋਹਿ ਬਲੀ ਸਭ ਕੋ ਵਸ ਕੀਨਾ ॥ ਸੁਤ ਦਾਰਾ ਹਿਤ ਹੋਵੈ ਦੀਨਾ ॥
ਪੁਮਾਨਿਨ ਕੇ ਕੁਬੈਨ ਸਹਾਰੇ ॥ ਸਿਰ ਪਰ ਬੋਝ ਉਠਾਵੈ ਭਾਰੇ ॥
ਰਣ ਮੈ ਅਪਨੇ ਅੰਗ ਤੁੜਾਵੈ ॥ ਦਰ ਦਰ ਮਾਂਗੇ ਅਤਿ ਦੁਖ ਪਾਵੈ ॥
ਸੁਤ ਦਾਰਾ ਪਹਿ ਆਨ ਲੁਟਾਈ ॥ ਕਹੈ ਕੁਬੈਨ ਨ ਏਕ ਗਨਾਈ ॥1161॥

॥ ਦੋਹਰਾ ॥

ਯਦਪ ਕਰੈ ਨਿਰਾਦਰੀ ਮੂਰਖ ਏਕ ਨ ਮਾਨ ॥
ਮੋਹਿ ਬਲੀ ਬਲਵਾਨ ਹੈ ਮੋਹੇ ਪੁਰਖ ਮਹਾਨ ॥1162॥

॥ ਚੌਪਈ ॥

ਬਬੇਕ ਗੁਰਜ ਜਿਨ ਕਰ ਮੁ ਧਾਰੀ ॥ ਮੋਹਿ ਅਸਰ ਤਿਨ ਲੀਨੋ ਮਾਰੀ ॥
ਸਤ ਵਿਚਾਰ ਮੋਹਿ ਨਰ ਤਯਾਗਾ ॥ ਜਿਨ ਵਿਵੇਕ ਸੋਈ ਵਡਭਾਗਾ ॥1163॥
ਪੁਨ ਹੰਕਾਰ ਬਡੋ ਬਲਵਾਨਾ ॥ ਦੋਰਜੋਧਨ ਆਦਿ ਕਰੇ ਜਿਨ ਹਾਨਾ ॥
ਨਿਰਮਾਨ ਇਸ ਕੋ ਦੇਤ ਹਟਾਈ ॥ ਜੋ ਨਿਰਮਾਨ ਤਿਸੇ ਵਡਿਆਈ ॥1164॥

॥ ਦੋਹਰਾ ॥

ਨਿਰਹੰਕਾਰੰ ਸੈਹਥੀ ਜਿਨ ਸੰਤਨ ਕੇ ਪਾਸ ॥
ਹੰਕਾਰ ਹਰਿ ਤਿਨ ਨੇ ਹਨਾ ਭਯੋ ਗਯਾਨ ਸੁਖਰਾਸ ॥1165॥[1]

॥ ਚੌਪਈ ॥

ਚੰਦਾ ਹਰਿ ਸੁਨ ਮਨ ਹਰਖਾਵਾ ॥ ਪਾਦ ਪਦਮ ਪਰ ਸੀਸ ਨਿਵਾਵਾ ॥
ਕਰੀ ਮਯਾ ਗੁਰ ਦੀਨ ਸੁਨਾਈ ॥ ਸੇਵਕੁ ਤਾਰੇ ਬਿਲਮ ਨ ਰਾਈ ॥1166॥

**(ਟਿੱਕਾ ਬਿਸ਼ਨ ਸਿੰਘ ਦੀ ਕਥਾ)**

ਸਾਹਿਬ ਸਪੂਤ ਬਡੋ ਸੁਜਾਨਾ ॥ ਬਾਬਾ ਬਿਸਨ ਸਿੰਘ ਗੁਨ ਖਾਨਾ ॥
ਕੁਲ ਗਿਰਾ ਥੀ ਸੁਨ ਕਰ ਆਵਾ ॥ ਪਦ ਪੰਕਜ ਪਰ ਸੀਸ ਨਿਵਾਵਾ ॥1167॥
ਤੀਨ ਦਿਵਸ ਠਹਿਰਾ ਗੁਰ ਪਾਸੂ ॥ ਲੇ ਨਿਦੇਸ ਚਲ ਗਯੋ ਅਵਾਸੂ ॥
ਸੇਵਾ ਸਿੰਘ ਸੁਨ ਗਿਰਾ ਅਲਾਈ ॥ ਕਾਰਨ ਕੌਨ ਨ ਪਾਸ ਰਹਾਈ ॥1168॥

॥ ਦੋਹਰਾ ॥

ਭਾਈ ਤੇਜਾ ਸਿੰਘ ਕਹਾ[2] ਸੁਨ ਭਾਈ ਬੋਧੀਸੁ ॥
ਸਤਿਗੁਰ ਸਾਹਿਬ ਸਿੰਘ ਜੀ ਹੈਂ ਈਸਨ ਕੇ ਈਸ ॥1169॥

---

1. ੲ ਪੋਥੀ ਵਿਚ ਇਸ ਮਗਰੋਂ ਇਕ ਵਾਧੂ ਦੋਹਰਾ ਹੈ :
ਸਤਯ ਕੋ ਕਮਾਨ ਕਰਿ ਜਤਿ ਕੋ ਤੀਰ ਬਨਾਇ ॥
ਨਾਮ ਪ੍ਰਭੂ ਕੋ ਰਿਦੈ ਧਰ ਹਉਮੈ ਧਰਨ ਗਿਰਾਇ ॥1166॥
2. ਅ ਪੋਥੀ ਭਨਾ

॥ ਚੌਪਈ ॥

ਜਹ ਕਾਰਨ ਗੁਰ ਖਫਾ ਰਹਾਈ ॥ ਦੇਵੋ ਤੁਮ ਕੌ ਸੋਇ ਸੁਨਾਈ ॥
ਗੁਰ ਅਨੁਜ ਮਹਿਬੂਬ ਹਰਿ ਜਾਨ ॥ ਦੇਵ ਲੋਕ ਤਿਨ ਕਰਾ ਪਿਯਾਨ ॥1170॥
ਤਿਨ ਕੋ ਪੂਤ ਛੋਟ ਰਹਿ ਗਯਾ ॥ ਤਿਸ ਪਰ ਸਤਿਗੁਰ ਕੀਨੀ ਮਯਾ ॥
ਅਸਨ ਬਸਨ ਤਿਸ ਕੌ ਬਹੁ ਦੇਵੈ ॥ ਸਾਰਸਮਾਲਾਂ ਨਿਤ ਪ੍ਰਤਿ ਲੇਵੈ ॥1171॥
ਭੈਸ ਏਕ ਪੈ ਬਹੁਤੋ ਦੇਈ ॥ ਸਾਹਿਬਜਾਦਨ ਸੌਪੀ ਤੇਈ ॥
ਬਾਬਾ ਬਿਸਨ ਸਿੰਘ ਬਲਵਾਨਾ ॥ ਕਾਨ ਸਿੰਘ ਬਯ ਛੋਟ ਇਆਨਾ ॥1172॥

॥ ਦੋਹਰਾ ॥

ਬਿਸਨ ਸਿੰਘ ਸਾਰੀ ਚੁਘੇ ਤਿਸ ਕੌ ਲੇਨ ਨ ਦੇਹਿ ॥
ਏਕ ਦਿਨਾ ਸ੍ਰੀ ਸਤਿਗੁਰੂ ਦੇਖਨ ਕੀਨਾ ਤੇਹਿ ॥1173॥

॥ ਚੌਪਈ ॥

ਉਹ ਮਾਂਗੇ ਓਹ ਲੇਨ ਨ ਦੇਈ ॥ ਆਵੈ ਨੇੜੈ ਦੇਹ ਹਟੇਦੀ ॥
ਏਕ ਚਪੇਟ ਮਾਰੀ ਬਲੁ ਲਾਇ ॥ ਤੇਰੇ ਪਿਤ ਕੀ ਮਹ ਕਯਾ ਆਇ ॥1174॥
ਕੌਨ ਸਿੰਘ ਜੀ ਅਤਿਸੇ ਰੋਵਾ ॥ ਲਗੀ ਚਪੇਟ ਦੁਖ ਬਹੁ ਹੋਵਾ ॥
ਸਾਹਿਬ ਲੀਨਾ ਨਿਕਟ ਬੁਲਾਈ ॥ ਸਿਰ ਪਰ ਕਰ ਫੇਰਾ ਸੁਖਦਾਈ ॥1175॥[1]
ਬਿਸਨ ਸਿੰਘ[3] ਪਰ ਖਫ਼ਾ ਸੁ ਹੋਏ ॥ ਕੰਟਕ ਬੈਨ ਤਿਸ ਕੌ ਬਹੁ ਗੋਏ ॥
ਕੁਲ ਗਿਰਾਂਇ ਮੋ ਜਾਇ ਰਹਾਵੋ ॥ ਹਮਰੇ ਪਾਸ ਨ ਆਵੋ ਜਾਵੋ ॥1176॥[2]
ਸੁਨ ਗੁਰ ਬਾਨੀ ਨਹਿ ਠਹਿਰਾਨਾ ॥ ਕੁਲ ਗਿਰਾਂ ਸੋ ਜਾਇ ਬਸਾਨਾ ॥
[3]ਤਿਸ ਦਿਨ ਥੀ ਗੁਰ ਰੁਖ ਨਹਿ ਰਾਖੈ ॥ ਆਵੈ ਮਿਲਨੇ ਨਹਿ ਬਚ ਭਾਖੈ[3] ॥1177॥
ਕਾਂਨ ਸਿੰਘ ਕੋ ਮਹਿਖੀ ਦੀਨੀ ॥ ਸੁਤ ਤੇ ਤਿਸ ਕੌ ਅਧਕੇ ਚੀਨੀ ॥
ਐਸੇ ਸ੍ਰੀ ਗੁਰ ਦੀਨ ਦਿਆਲਾ ॥ ਕਾਨ ਸਿੰਘ ਕੀਨੋ ਪ੍ਰਤਿਪਾਲਾ ॥1178॥
ਤਿਨ ਭੀ ਆਗਿਆ ਕਬੀ ਨਾ ਮੋਰੀ ॥ ਰਹਿ ਅਧੀਨ ਸਦਾ ਕਰੁ ਜੋਰੀ ॥
ਊਨੇ ਮਹਿ ਗੁਰ ਕਰਾ ਨਿਵਾਸੂ ॥ ਸਿਖਨ ਕੌ ਦੇਵੈ ਸੁਖ ਰਾਸੂ ॥1179॥
[4]ਧਯਾਇ ਪੰਚਮ[4] ਪੂਰਨ ਹੋਵਾ ॥ ਗੁਰੂ ਕਿਰਪਾ ਤੇ ਸੁਖ ਮੈ ਜੋਵਾ ॥
ਗੁਰ ਸਿਖਨ ਕੇ ਜੋਗੁ ਬਨਾਵਾ ॥ ਮੰਦ ਕਰਮ ਬਨ ਕੋ ਹੈ ਦਾਵਾਂ ॥1180॥

॥ ਦੋਹਰਾ ॥

ਕਲਯੁਗ ਕਿਰਿਆ ਅਤਿ ਮਲਨ ਜਪੁ ਤਪੁ ਬ੍ਰਤ ਨਹਿ ਹੋਇ ॥
ਵਾਹਿਗੁਰੂ ਸਿਮਰਨ ਕਰੋ ਗੁਰ ਜਸੁ ਸੁਨਿ ਮਲ ਖੋਇ ॥1181॥

---

1 ਅ ਪੋਥੀ ਵਿਚ ਇਸ ਮਗਰੋਂ ਨਿਮਨ ਪੰਗਤੀਆਂ ਵਾਧੂ ਹੈ :
ਨਿਜ ਸੁਤ ਪ੍ਰਤਿ ਗੁਰ ਗਿਰਾ ਅਲਾਈ ॥ ਕੁਲ ਗ੍ਰਿਰਾ ਮਧ ਠਹਿਰੋ ਜਾਈ ॥
ਹੁਜਰੇ ਮੋ ਤੁਮ ਠਾਣਾ ਪਾਵੋ ॥ ਪੋਠੋਵਾਰ ਨਿਜ ਸਿਖ ਬਨਾਵੋ ॥176॥

2. ਅ ਪੋਥੀ ਹਰਿ 3. ਅ ਪੋਥੀ ਪਾਠਾਂਤਰ : ਤਿਸ ਦਿਨ ਥੀ ਕਬੀ ਕਬ ਆਵੈ ॥ ਦੂਸ ਪ੍ਰਸ ਕਰ ਸਦਨ ਸਿਧਾਵੈ ॥ 4. ਅ ਪੋਥੀ ਪਾਠਾਂਤਰ : ਪੰਚਮੁ ਧਿਆਇ ਸੁ

ਵਿਰਤ ਵਿਵੇਕ ਵਿਗਿਯਾਨ ਜੋ ਗੁਰ ਕਿਰਪਾ ਤੇ ਹੋਇ ॥
ਸੋਭਾ ਗੁਰ ਕੀ ਸਰਨ ਗਹੁ ਬਿਘਨੁ ਨ ਲਾਗੈ ਕੋਇ ॥1182॥
ਗੁਰੂ ਸੁ ਜਸੁ ਥਾ ਵਨ ਚੰਦਨ ਕਵਿਤਾ ਕਟਿਕ ਕਰੀਰ ॥
ਗੁਰੂ ਮਯਾ ਗੰਧ ਮਿਲ ਰਹੀ ਯਾਂਤੇ ਭਈ ਪਟੀਰ ॥1183॥
ਕਾਬਯ ਕੋਸ ਨਾਹਨ ਪਠਾ ਨਹਿ ਦੇਖਨ ਕੀ ਚਾਹਿ ॥
ਕੇਵਲ ਗੁਰੂ ਨਾਨਕ ਮਯਾ ਪੂਰਨ ਕੀਨ ਧਯਾਹਿ ॥1184॥
ਖਿਮਾ ਦਯਾ ਉਦਾਰਤਾ ਧੀਰਜ ਧਾਮ ਗੰਭੀਰ ॥
ਐਸੇ ਗੁਰੁ ਗੁਰਦਿਤ ਚੰਦ ਸੋਭਾ ਤਿਨ ਕਾ ਕੀਰ ॥1185॥
ਗਯਾਰਾ ਮੈ ਬਯਾਸੀ [1]ਸਭਗ ਪੰਜਮ ਧਯਾਇ ਕੇ ਛੰਦ ॥
ਜੋ ਪਠਹੈ ਤਿਹ ਧਾਰ ਕਰ ਮਿਟਤ ਤਾਂਹਿ ਜਮ ਫੰਧ ॥1186 ॥

ਇਹ ਸ੍ਰੀ ਗੁਰ ਬਿਲਾਸੇ ਗ੍ਰੰਥੇ ਸ੍ਰੀ ਗੁਰ ਬਾਬੇ ਸਾਹਿਬ ਸਿੰਘ ਜੀ ਊਨੇ ਬਿਸ੍ਰਾਮ ਕਰਨਾ ਪ੍ਰੰਚਮੋ ਧਿਆਇ ॥5॥1॥ ਸਮਾਪਤਨ ਸ਼ੁਭ ਸੁਵ ਮਸਤੁ ॥

1. ਛੰਦਾ ਦੀ ਗਿਣਤੀ ਗਲਤ ਲਿਖਣ ਕਾਰਨ ਕਵੀ ਨੇ 1182 ਛੰਦਾਂ ਦਾ ਜਿਕਰ ਕੀਤਾ ਹੈ ਜਦੋਂ ਕਿ 1186 ਛੰਦ ਬਣਦੇ ਹਨ।

## ਅਧਿਆਇ ਛੇਵਾ

॥ ੧ੳ ਸਤਿਗੁਰ ਪ੍ਰਸਾਦਿ ॥[1]

### (ਮੰਗਲਾਚਰਣ)

॥ ਦੋਹਰਾ ॥

ਕਮਲ ਬਦਨ ਸੁਖ ਕੇ ਸਦਨ ਗੁਰ ਨਾਨਕ ਸੁਖ ਧਾਮ ॥
ਦ੍ਵਾਦਸ ਮਹਿਲ ਪ੍ਰਯੰਤ ਲੌ ਸੇ ਭੇ ਕੀਨ ਪ੍ਰਣਾਮ ॥1॥
ਸਰਬ ਕਰੋ ਮਮ ਪਰ ਦਯਾਂ ਸੇਵਕ ਅਪਨੋ ਜਾਂਨ ॥
ਖਸਟਮ ਧਯਾਇ ਬਰਨਨ ਕਰੋ ਜਨਮ ਮਰਨ ਹੁਇ ਹਾਂਨ ॥2॥
ਭਾਈ ਗੁਰਦਿਤੇ ਰਾਮ ਕੇ ਚਰਨ ਕਮਲ ਸਿਰ ਨਯਾਇ ॥
ਕਰੋ ਮਯਾ ਸਿਸ ਜਾਂਨ ਕੈ ਰਚੌਂ ਖਸਟਮੋ ਧਿਯਾਇ ॥3॥

### (ਗੁਲਾਬ ਸਿੰਘ ਦੀ ਕਥਾ)

॥ ਚੌਪਈ ॥

ਤੇਜਾ ਸਿੰਘ ਕਹੈ ਬਿਗਸਾਈ ॥ ਸੇਵਾ ਸਿੰਘ ਸੁਨਤ ਮਨੁ ਲਾਈ ॥
ਮੇਘੋਵਾਲ ਇਕੁ ਪਿੰਡ ਮਝਾਰ ॥ ਸਿੰਘ ਗੁਲਾਬੁ ਕਰੈ ਕ੍ਰਿਖ ਕਾਰ ॥4॥
ਮਹਿਖੀ ਥੀ ਤਿਸੁ ਸਦਨ ਮਝਾਰਾ ॥ ਦੁਧੁ ਨ ਦੇਵੈ ਚਿੰਤ ਅਪਾਰਾ ॥
ਗੁਰ ਕੀ ਸੁਖਨਾ ਤਿਸ ਨੇ ਕੀਨੀ ॥ ਜੁਗਮ ਰਜ ਤਪਣ ਮਨ ਧਰ ਲੀਨੀ ॥5॥
ਤਿਸ ਦਿਨ ਮਹਿਖੀ ਪੈ ਬਹੁ ਦੀਨਾ ॥ ਸਭ ਕੇ ਮਨ ਭਾ ਹਰਖੁ ਨਵੀਨਾ ॥
ਪੁਰ ਅਨੰਦ ਹੋਲੇ ਕੌ ਗਏ ॥ ਕਰ ਕੜਾਹੁ ਬਰਤਾਇ ਛਕਏ ॥6॥
ਮਨੁ ਤਨੁ ਗੁਰ ਕੇ ਪਾਸ ਪਹੁਚਾਈ ॥ ਆਪੇ ਮਾਨੀ ਆਪੇ ਖਾਈ ॥
ਪੁਰਿ ਅਨੰਦ ਥੀ ਘਰ ਜਬ ਆਏ ॥ ਪੂਤ ਗਿਰਾ ਧਰ ਮੂਰਛ ਖਾਏ ॥7॥

॥ ਦੋਹਰਾ ॥

ਸਭ ਪ੍ਰਵਾਰ ਮਧੁ ਦੁਖ ਭਯੋ ਮਤ ਬਾਲਕੁ ਮਰਿ ਜਾਇ ॥
ਨਾਠੀ ਕਹਯੋ ਪੁਕਾਰ ਕੇ ਗੁਰ ਸੁਖਨਾ ਤੁਮ ਖਾਇ ॥8॥

॥ ਚੌਪਈ ॥

ਗੁਰ ਸੁਖਨਾ ਅਬ ਦੇਵਨ ਕੀਜੈ ॥ ਊਨੇ ਜਾਵੋ ਨਹਿ ਬਿਲਮੀਜੈ ॥
ਤਤੁ ਖਿਨੁ ਧਾਵਾ ਊਨੇ ਆਵਾ ॥ ਤ੍ਰਾਹਿ ਤ੍ਰਾਹਿ ਮੁਖ ਬੈਨ ਅਲਾਵਾ ॥9॥

---

1. ਅ ਪੋਥੀ ਵਿਚ ਮੂਲ ਮੰਤਰ ਮਗਰੋਂ ਲਿਖਿਆ ਹੈ : ਅਥ ਖਸਟਮੋ ਧਿਆਇ ਵਰਨਨੰ ॥

ਪੰਜ ਰਜਤ ਪਣ ਆਗੇ ਰਾਖੇ ॥ ਬਖਸੋ ਗੁਰ ਜੀ ਦੁਖ ਬਹੁ ਚਾਖੇ ॥
ਗੁਰੂ ਭਨਾ ਹਮ ਲੇਵਤ ਨਾਹੀ ॥ ਕਰ ਕੜਾਹਿ ਗ੍ਰਿਹ ਖਾਵੋ ਜਾਹੀਂ ॥10॥
ਭੀਰ ਬਨੇ ਤਾ ਗੁਰੂ ਅਰਾਧੋ ॥ ਗਰ ਮੋ ਅੰਚਰ ਮੋਨ ਸਾਧੋ ॥
ਬਾਰ ਬਾਰ ਧਰ ਸੀਸ ਨਿਵਾਵੋ ॥ ਹੋਵੈ ਪੂਰੀ ਥਿਰ ਨਸੁ ਰਹਾਵੋ ॥11॥
ਗੁਲਾਬੁ ਸਿੰਘ ਕਹਯੋ ਕਰ ਜੋਰੀ ॥ ਹਮ ਹੈ ਜਾਂਟ ਮਤੀ ਹੈ ਥੋਰੀ ॥
ਅੰਬਕੀ[1] ਬਾਰ ਛਿਮਾ ਗੁਰ ਕੀਜੈ ॥ ਆਪ ਬਖਸੰਦ ਬਖਸੁ ਮੁਹਿ ਦੀਜੈ ॥12॥
ਕਹਯੋ ਹਜੂਰ ਹਮਰੇ ਜੁਗ ਆਹਿ ॥ ਤੁਮ ਕਿਉ ਪੰਜ ਰਾਖੇ ਹੈ ਧਾਹਿ ॥
ਤੀਨ ਉਠਾਵੋ ਦੇਰ ਖਿਹਾਈ ॥ ਜੁਗ ਸੁਖਨਾ ਕੇ ਧਰ ਤੁਮ ਜਾਈ ॥13॥
ਗੁਰੂ ਸਦਨ ਮਹਿ ਕਮੀ ਨ ਕਾਇ ॥ ਲੇਵੋ ਤੀਨੋ ਬੇਗੀ ਉਠਾਇ ॥
ਸੁਤ ਕੀ ਚਿੰਤਾ ਮਨ ਨਹਿ ਧਾਰ ॥ ਪਾਛੇ ਰਾਜੀ ਕਰਾ ਕਰਤਾਰ ॥14॥

॥ ਦੋਹਰਾ ॥

ਦਮੜੇ ਤੀਨੋ ਸਿਖ ਨੇ ਦੀਨੇ[1] ਸੀਸ ਨਿਵਾਇ ॥
ਜਾਤ ਭਯੋ ਨਿਜ ਭਵਨ ਕੋ ਸੁਤ ਆਗੇ ਸੁਖ ਪਾਇ ॥15॥

## (ਇਕ ਸਿਖ ਦੀ ਕਥਾ)

॥ ਚੌਪਈ ॥

ਏਕ ਸਿਖ ਔਰੁ ਚਲਿ ਆਵਾ ॥ ਦਮੜਾ ਏਕ ਖਜਾਨੇ ਪਾਵਾ ॥
ਮਾਥ ਨਿਵਾਯ ਬੈਠਿ ਸੋ ਗਯਾ ॥ ਸਤਿਗੁਰ ਸਾਹਿਬ ਬਚਨ ਅਲਯਾ ॥16॥
ਸੁਖਨਾਂ ਕਰੈ ਨ ਦੇਵੈ ਪੂਰੀ ॥ ਯਾ ਤੇ ਇਨ ਕੀ ਮਤਿ ਹੈ ਊਰੀ ॥
ਚੋਪਦਾਰ ਪ੍ਰਤਿ ਬਚਨ ਅਲਾਵਾ ॥ ਪੋਤੈ ਦਮੜਾ ਮੈਲਾ ਪਾਵਾ ॥17॥
ਡੂਬਤ ਬੜਵਾ ਲੀਨ ਬਚਾਂਈ ॥ ਬੇਦੀ [2]ਜਲ ਮਧ[2] ਗੋਤੇ ਖਾਈ ॥
ਗੁਰ ਜੀ ਲੇਵੋ ਇਸੇ ਨਿਕਾਰ ॥ ਦੁਖ ਸਾਗਰ ਤੇ ਕੀਜੈ ਪਾਰ ॥18॥
ਜੁਗ ਦਮੜੇ ਮੈ ਭੇਟਾ ਦੇਵਾ ॥ ਊਨੇ ਆਵਾ ਦਰਸਨ ਲੇਵਾਂ ॥
ਆਵਾ ਇਕ ਅਬ ਦੀਨ ਚਢਾਈ ॥ ਸੋ ਭਾ ਖੋਟਾ ਪੋਤੈ ਪਾਈ ॥19॥

॥ ਦੋਹਰਾ ॥

ਸਯਾਮ ਰੁਪੈਯਾ ਓਰਿ ਪਰਾ ਦੇਵੇ ਇਸੇ ਉਚਾਇ ॥
ਲੇ ਜ਼ਾਵੈ ਘਰੁ ਆਪੁਨੇ ਜੁਗ ਕਹਿ ਏਕ ਚਢਾਇ ॥20॥

॥ ਚੌਪਈ ॥

ਹੋਇ ਲਜਤ ਕਰੁ ਸੀਸ ਨਿਵਾਵਾ ॥ ਬਾਰ ਬਾਰ ਮਨ ਮੈ ਪਛੁਤਾਵਾ ॥
ਪਾਨ ਜੋਰ ਕਰੁ ਗਿਰਾ ਅਲਾਈ ॥ ਬਖਸਿ ਕਰੀਜੈ ਗੁਰ ਸੁਖਦਾਈ ॥21॥

---

1. ਅ ਪੋਥੀ ਅਬਰੀਕ
2. ਅ ਪੋਥੀ ਮਾਝ ਸੁ

ਲੋਭੀ ਜੰਤ ਹਮ ਮਹਾ ਗਵਾਰ ।। ਖਾਜ ਅਖਾਜ ਨਹਿ ਕਰੈ ਬਿਚਾਰ ।।
ਖੋਲਿ ਗੰਠ ਆਗੇ ਜੁਗ ਰਾਖੇ ।। ਹੋਇ ਨਿਮਰ ਬਹੁ ਬਿਨਤੀ ਭਾਖੇ ।।22।।

।। ਦੋਹਰਾ ।।

ਕੋਇ ਕੁ ਦਿਨੁ ਗੁਰ ਪਾਸ ਰਹਿ ਬਹੁੜੋ ਲੇਇ ਨਿਦੇਸ ।।
ਜਾਤ ਭਯੋ ਨਿਜ ਸਦਨ ਕੌ ਉਸਤਤਿ ਕਰੈ ਬਿਸੇਸ ।।23।।[1]

## (ਮੰਗਲ ਸਿੰਘ ਦੀ ਰਖਿਆ ਕਰਨੀ)

।। ਚੌਪਈ ।।

ਮੰਗਲ ਸਿੰਘ ਹੁਤੋ ਘਰੁ ਨਾਹੀ ।। ਆਲੂਵਾਲੇ ਸੈਨ ਪਠਾਂਹੀ ।।
ਏਕ ਤੋਪ ਥੀ ਤਿਨ ਕੇ ਸੰਗਾ ।। ਦਸੰ ਸੇਰ ਗੋਲਾ ਵਿਚ ਚੰਗਾ ।।24।।
ਸਿਸਤ ਬਾਂਧ ਜਬ ਦੀਨ ਚਲਾਈ ।। ਬੁਰਜ ਹਲਾਵਾ ਬਡ ਗਰਜਾਈ ।।
ਕੁਜ ਮ੍ਰਿਗਿੰਦ ਮਾਈ ਦੁਖਿਆਰੀ ।। ਸਹਬ ਸਾਹਿਬ ਸਿੰਘ[2] ਪੁਕਾਰੀ ।।25।
ਜਿਮ ਬਨ ਮ੍ਰਿਗੀ ਰੁਖੀ ਗੁਰ ਖੂਰੈ ।। ਦਰੁਪਤ ਸੁਤਾ ਨਹਿ ਕਰੀ ਅੰਧੂਰੈ ।।
ਤੈਸੇ ਮੇਰੀ ਕਰੋ ਸਹਾਇ ।। ਮੈ ਲੀਨੀ ਤੁਮਰੀ ਸਰਨਾਇ ।।26।।
ਨਿਜ ਚਾਦਰੁ ਕੀ ਧੁਜਾ ਬਨਾਈ ।। ਪਾਨ ਜੋਰੁ ਕਰਿ ਬਿਨਤੀ ਗਾਈ ।।
ਜੇ ਤੂ ਸਾਚਾ ਜੁਗ ਦਰਗਾਹਿ ।। ਤੋਪ ਰਿਪੂ ਕੀ ਫਾੜ ਉਡਾਹਿ ।।27।।
ਦਾਸੀ ਜਾਨ ਮਯਾਂ ਮੁਹਿ ਕੀਜੈ ।। ਬਿਰਦ ਆਪਨੇ ਪੈਜਿ ਰਖੀਜੈ ।।
ਜਬ ਮਾਈ ਇਸ ਅਰਜੀ ਕੀਨੀ ।। ਸ੍ਰੀ ਹਜੂਰ ਤੈਸੰ ਕਰ ਦੀਨੀ ।।28।।
ਜੁਗ ਤੋਪਾ ਪਹਿਲੇ ਚਲ ਗਈ ।। ਤੀਜ ਬਾਰੰ ਟੁਕੜੇ ਜੁਗ ਭਈ ।।
ਸਤਰੂ ਸੈਨਾ ਮਨੁ ਪਛਤਾਇ ।। ਇਹ ਕਥਾ ਹੋਵਾ ਲੇਖਾਂ ਨ ਜਾਇ ।।29।।

।। ਦੋਹਰਾ ।।

ਅਪਨੋ ਬਿਰਦ ਬਿਚਾਰ ਕੈ ਸਤਿਗੁਰ ਕਰੀ ਸਹਾਇ ।।
ਸਰਨਿ ਪਰੇ ਕੀ ਲਾਜ ਰਖਿ ਦਾਸੀ ਲੀਨ ਬਚਾਇ ।।30।।

।। ਚੌਪਈ ।।

ਸਤਰੂ ਸੈਨਾ ਸਭ ਉਠਿ ਗਈ ।। ਮੁੜ ਕਰਿ ਫਿਰ ਨਹਿ ਕਬੀ ਸਿਧਾਈ ।।
ਸੋ ਮਾਈ ਗੁਰ ਦਰਸੰ ਸਿਧਰੀ ।। ਧਰਿ ਅਕੋਰਿ ਪਗ ਬੰਦਨੁ ਕਰੀ ।।31।।
ਸਤਿਗੁਰ ਹਮਰੀ ਕਰੀ ਸਹਾਇ ।। ਹਾਥ ਕਮਲ ਦੇ ਲੀਨ ਬਚਾਇ ।।
ਕਰੁ ਬਹੁ ਬਿਨੈ ਸਦਨ ਚਲ ਗਈ ।। ਗੁਰ ਕੀਰਤਿ ਨਿਤ ਗਾਵਤੁ ਭਈ ।।32।।

---

1. ਅ ਪੋਥੀ ਵਿਚ ਇਸ ਮਗਰੋਂ ਇਹ ਵਾਧੂ ਦੋਹਰਾ ਅੰਕ੍ਰਿਤ ਹੈ :
ਸਾਖੀ ਮੰਗਲ ਸਿੰਘ ਕੀ ਸੋ ਪਾਛੇ ਕਹਿ ਦੀਨ ।।
ਤਿਸ ਜਨਨੀ ਕੀ ਸੁਭ ਕਥਾ ਸੁਨੀਏ ਬੁਧ ਪ੍ਰਬੀਨ ।। ੫
2. ਅ ਪੋਥੀ ਪੁਕਾਰ

ਸਤਿਗੁਰ ਸਾਹਿਬੁ ਭਏ ਤਿਯਾਰੂ ॥ ਸਿਖਨ ਕਾ ਚਾਹੇ ਉਧਾਰਿ ॥
[1]ਪੂਰਾ ਮਜਲ ਸਿਰ ਸਤਿਗੁਰ[1] ਥਿਰੇ ॥ ਲੋਕਿ ਸਰਧਾਲੂ ਚਰਨੀ ਪਰੇ ॥33॥

### (ਇਕ ਬ੍ਰਾਹਮਣ ਦੀ ਕਥਾ)

ਏਕ ਅਨੋਖਾ ਦਿਜ ਰੰਹਾਵੈ ॥ ਸੋ ਸਿਖ ਸਤਗੁਰ ਜਸੁ ਬਹੁ ਗਾਵੈ ॥
ਸੋ ਭੀ ਆਵਾ ਦਰਸਨ ਕਾਰਨ ॥ ਧਰੀ ਉਪਾਇਨ ਬਿਨੈ ਉਚਾਰਨ ॥34॥

॥ ਦੋਹਰਾ ॥

ਪੂਛਨ ਕੀਨਾ ਸਤਗੁਰੂ ਏਹ ਪੁਰਸ[2] ਕੋ-ਆਹਿ ॥
ਲੋਗ ਕਹੈ ਇਹ ਅਵਨ ਸੁਰੰ ਬਾਰ ਬਾਰ ਗੁਨ ਗਾਇ ॥35॥

॥ ਚੌਪਈ ॥

ਕਮਲ ਨੈਨ ਤਬ ਗਿਰਾ ਅਲਾਈ ॥ ਭੂਸੁਰ ਹੁਇ ਕੈਸੇ ਗੁਨ ਗਾਈ ॥
ਸਿਖ ਕਹਯੋ ਮੈ ਦੇਉ ਸੁਨਾਇ ॥ ਜੈਸੇ ਕੀਨੀ ਮੋਰਿ ਸਹਾਇ ॥36॥
ਗੁੜ ਸਕਰ ਮੈ ਕਰਾਂ ਬਿਹਾਰੂ ॥ ਕੋਠੇ ਮਾਝ ਧਰਾ ਅਪਾਰੂ ॥
ਤਾਂਹਿ ਮਕੌੜੇ ਲਗੇ ਕਰੋੜਿ ॥ ਬੇ ਸੁਮਾਰ ਕਿਛੁ ਅੰਤੁ ਨ ਓੜਿ ॥37॥
ਨੇੜੇ ਤਿਨ ਕੇ ਕੋਇ ਨ ਜਾਈ ॥ ਜੋ ਜਾਵੈ ਤਿਸੁ ਕਟ ਕਟ ਖਾਂਈ ॥
ਤਬ ਮੈ ਸਰਨ ਆਪ ਕੀ ਲੀਨੀ ॥ ਔਰੁ ਨ ਦੂਸਰ ਜਗ ਮੋ ਚੀਨੀ ॥38॥

॥ ਦੋਹਰਾ ॥

ਜਬ ਦੇਖਾ ਘਰੁ ਆਇ ਕੇ ਰਹਾ ਨ ਕਾਢਾ ਏਕ ॥
ਤਿਸ ਦਿਨੁ ਥੀ ਮੈ ਮਨ ਵਿਖੇ ਧਾਰੀ ਤੁਮਰੀ ਟੇਕ ॥39॥

॥ ਚੌਪਈ ॥

ਨਿਸ ਭੋਰ ਤੁਮਰਾ ਜਸੁ ਗਾਵਾ ॥ ਔਰੁ ਨ ਕਿਸ ਕੀ ਸਰਨੀ ਜਾਵਾ ॥
ਆਪ ਮਯਾ ਪਾਵਾ ਸੁਖ ਭਾਰੀ ॥ ਕਰੀ ਦਯਾ ਗੁਰ ਸੁਖਮਾ ਕਾਰੀ ॥40॥

### (ਸਾਹਿਬ ਸਿੰਘ ਦਾ ਨਾਨਕਸਰ ਜਾਣਾ)

॥ ਦੋਹਰਾ ॥

ਏਕ ਨਿਸਾ ਰਹਿ ਕਰ ਗੁਰੂ ਕਰਾ ਕੂਚ ਸੁਖਦਾਇ ॥
ਨਾਨਕ ਸਰੰ ਗੁਰਦ੍ਵਾਰ ਵਰ ਦ੍ਵਾਬੇ ਉਤਰੇ ਜਾਇ ॥42॥

॥ ਚੌਪਈ ॥

ਸੁਨਿ ਕਰ ਸੰਗਤਿ ਬਹੁਤੀ ਆਈ ॥ ਧਰਿ ਕਰਿ ਭੇਟਾ ਸੀਸ ਨਿਵਾਈ ॥
ਸਿਖਨ ਕੇ ਮਨ ਭਯਾ ਅਨੰਦੂ ॥ ਜਿਮ ਚਕੋਰ ਪਿਖੁ ਪੂਰਨ ਚੰਦੂ ॥43॥

---

1. ਅ ਪੋਥੀ ਪਾਠਾਂਤਰ : ਪ੍ਰਥਮ ਮਜਲੁ ਜੋ ਜੋ ਗੁਰ
2. ੲ ਪੋਥੀ ਮਾਨਵ

## (ਮਾਈ ਦੀ ਕਥਾ)

ਚਰਨ ਸਿੰਘ ਨੇ ਬਿਨੇ ਅਲਾਈ ॥ ਮਾਈ ਕੇ ਨਿਸ ਪ੍ਰਾਣ ਬਿਲਾਈ ॥
ਸਰਬ ਪ੍ਰਵਾਰ ਵਿਖੇ ਮੁਖ [1]ਆਹਿ ॥ ਦੇਵੈ ਸਭ ਕੌ ਸੁਭ ਮਗ ਪਾਹਿ ॥44॥
ਆਪ ਮਯਾ ਕਰੁ ਦੇਹੁ ਜਿਵਾਈ ॥ ਚਾਰ ਬਰਸ ਲਗਿ ਪ੍ਰਾਨ ਰਹਾਈ ॥
ਸੁਨ ਕਰਿ ਸਾਹਿਬੁ ਕਰੀਂ ਨਿਦੇਸ ॥ ਮਰੈ ਨ ਮਾਈ ਚਿੰਤੋ ਲੇਸ ॥45॥

॥ ਦੋਹਰਾ ॥

ਸਾਹਿਬੁ ਬਾਨੀ ਅਕਨ ਕਰਿ ਚਰਨ ਸਿੰਘ ਗ੍ਰਿਹਿ ਜਾਇ ॥
ਮਾਈ ਆਗੇ ਜਿਵਤ ਭੀ ਚਿੰਤਾ ਗਈ ਬਿਲਾਇ ॥46॥

॥ ਚੌਪਈ ॥

ਸਭ ਬਾਢੀ ਮਿਲ ਦਰਸਨਿ ਆਏ ॥ ਮਾਈ ਪ੍ਰਤਿ ਗੁਰ ਬੈਨ ਅਲਾਏ ॥
ਜੀਵਨ ਚਾਰਿ ਬਰਸੁ ਸੁਤ ਮਾਂਗਾ ॥ ਸੇਵਾ ਤੁਮਰੀ ਮੋ ਹੈਂ ਲਾਗਾ ॥42॥
ਚਾਰ ਬਰਸੁ ਲਗ ਜੀਵਨ ਤੇਰਾ ॥ ਫਿਰ ਹਰਿ ਪੁਰ ਮੈ ਕਰੈ ਬਸੇਰਾ ॥
ਪਾਨ ਜੋਰੁ ਮਾਈ ਤਬ ਬੋਲੀ ॥ ਆਪ ਪਾਦ ਕੀ ਮੈ ਹੌ ਗੋਲੀ ॥48॥
[2]ਨਾਇ ਸੀਸ[2] ਫਿਰ ਭਵਨ ਸਿਧਾਰੀ ॥ ਬਾਰ ਬਾਰ ਜਾਵੈ ਬਲਿਹਾਰੀ ॥

## (ਸਿਖ ਦੀ ਮਦਦ ਕਰਨੀ)

ਪੈਲੀ ਥੀ ਇਕੁ ਕਣਕ ਨਜੀਕੇ ॥ ਨਿਸਰ ਰਹੀ ਅਤਿਸੇ ਰਣਮੀਕੇ ॥49॥
ਅਨੁਗ ਹਜੂਰੀ ਨਿਸ ਕੌ ਪਏ ॥ ਪੈਲੀ ਕਣਕ ਕਾਟਤੇ ਭਏ ॥
ਆਪੋ ਆਪ ਨੇ ਅਸੂਨ ਪਾਈ ॥ ਤਿਨ ਕੀ ਘਾਲੀ ਬ੍ਰਿਥ ਗਵਾਈ ॥50॥
ਭਏ ਭੋਰ ਹਜੂਰ ਪੁਕਾਰਾ ॥ ਗੁਰ ਜੀ ਮੋ ਕੌ ਦੀਨ ਉਜਾਰਾ ॥
ਸਭ ਪਰਵਾਰ ਮਰੇ ਦੁਖ ਪਾਈ ॥ ਅੰਨ -ਬਿਨਾ ਨਹਿ ਜੀਵਯਾ ਜਾਈ ॥51॥
ਤੂੰ ਦਾਤਾ ਹੈਂ ਦੇਵਨ ਹਾਰਾ ॥ ਮੈ ਨਿਰਧਨ ਕੀ ਕਰ ਪ੍ਰਤਿਪਾਰਾ ॥
ਸੁਣ ਹਜੂਰ ਦਇਆ ਮਨਿ ਆਈ ॥ ਮੰਜਿ ਮਧੁਰ ਬਾਣੀ ਸੁਭ ਗਾਈ ॥52॥

॥ ਦੋਹਰਾ ॥

ਮਨ ਕੀ ਚਿੰਤੇ ਤ੍ਰਿਆਗਿ ਦੇ ਸਤਗੁਰ ਕਰੈ ਸਹਾਇ ॥
ਜੋ ਬਾਚੀ ਤਿਸੁ ਪਾਲੀਏ ਦੂਣ ਅੰਨ ਤੁਮ ਪਾਇ ॥53॥
ਸਤਿਗੁਰ ਬਾਣੀ ਅਕਨ ਕਰ ਮਨ ਮੈ ਨਿਸਚਾ ਕੀਨ ॥
ਜੋ ਬਾਚੀ ਤਿਸੁ ਪਾਲਤਾ ਹੋਈ ਅਤਿਸੇ ਪੀਨ ॥54॥

---

1. ਅ ਪੋਥੀ ਮੁਹਿ
2. ਅ ਪੋਥੀ ਸੀਸ ਨਾਇ

॥ ਚੌਪਈ ॥

ਜਬ ਪਾਗੀ ਤਿਨ ਕਾਟਨ ਕੀਨੀ ॥ ਗਾਹਿ ਉਡਾਈ ਦੂਣੀ ਚੀਨੀ ॥
ਗੁਰੂ ਬਚਨ ਪਰ ਨਿਸਚਾ ਆਵਾ ॥ ਗੁਰ ਸਿਖੀ ਮਨੁ [1]ਧਰ ਬਿਗਸਾਵਾ ॥55॥
ਦੁਾਬੇ ਮੇਂ ਗੁਰ ਦਰਸੁ ਦਿਖਾਵੈ ॥ ਸਿਖ ਮਨ ਵਾਂਛਤ [ਫਲ][2] ਗੁਰ ਤੇ ਪਾਵੈ ॥

## (ਆਹਲੂਵਾਲੀਏ ਸਰਦਾਰ ਦੀ ਕਥਾ)

[3]ਆਲੂ ਵਾਲਾ [3]ਜੋ ਸਿਰਦਾਰਾ ॥ ਜਿਮੀਦਾਰ ਤਿਨ ਕੇ ਦਮ ਝਾਰਾ ॥56॥
ਦੇਵੀ ਦੇਵਾ ਪੀਰ ਮਨਾਏ ॥ ਕਿਨੇ ਨ ਕੀਨੀ ਆਨ ਸੁਹਾਏ ॥
ਦੀਨੋ ਤਿਸ ਨੂੰ ਕਿਨ ਸਮਝਾਈ ॥ ਸਾਹਿਬੁ ਸਿੰਘ ਗੁਰ ਸਿਮਰ ਛਡਾਈ ॥57॥
ਮਨ ਮੈ ਨਿਸਚਾ ਤਿਸ ਕੇ ਆਵਾ ॥ ਗੁਰੂ ਨਾਮ ਲੇਵਨ ਮਾਨੁ ਭਾਵਾ ॥
ਦਮਰੇ ਪਾਚੰ ਸੁਖਨਾ ਕੀਨੀ ॥ ਮਨ ਮੈ ਜਾਗੀ ਪ੍ਰੀਤ ਨਵੀਨੀ ॥58॥
ਪੂਤ ਆਪਨੋ ਸਿਖ ਬਨਾਵਾ ॥ ਜਗ ਮੈ ਜਸ ਸਤਿਗੁਰੂ ਕਾ ਗਾਵਾ ॥
ਜਬ ਮੁਹਿ ਬੰਦ ਖਲਾਸੀ ਹੋਵੈ ॥ ਦੇਰ ਬਿਨਾ ਚਲੁ ਤ੍ਰਿਕੰਗੁ ਜੋਵੈ ॥59॥
ਅਸ ਨਿਸਚਾ ਜਬ ਤਿਸ ਮਨਿ ਧਾਰਾ ॥ ਨਿਸ ਮੇਂ ਗੁਰ ਜੀ ਦਰਸੁ ਦਿਖਾਰਾ ॥
ਉਠ ਸਿਖਾ ਅਬ ਦੇਰੁ ਨਹਿ ਕੀਜੈ ॥ ਵਾਹਿਗੁਰੂ ਸਿਮਰੋ ਸੁਖੁ ਲੀਜੈ ॥60॥

॥ ਦੋਹਰਾ ॥

ਪਾਨ ਜੋਰੁ ਤਿਸ ਨੇ ਕਹਯੋ ਪਰੇ ਪਰਾਂਨ ਜੰਜੀਰ ॥
ਮੋ ਤੇ ਟੂਟਤ ਹੈ ਨਹੀ ਕੈਸੇ ਉਠੋ ਗੰਭੀਰ ॥61॥

॥ ਚੌਪਈ ॥

ਹਜੂਰ ਕਹਯੋ ਨਹਿ ਚਿੰਤਾ ਕੀਜੈ ॥ ਵਾਹਿਗੁਰੂ ਕਹਿ ਤੋੜਿ ਸੁ ਦੀਜੈ ॥
ਸੁਨ ਕਰ ਬੈਨਾ ਟੂਟ ਸੋ ਗਏ ॥ ਪਾਦ ਪਦਮ ਗੁਰ ਕੇ ਸਿਰ ਨਏ ॥62॥
ਆਗੇ ਤਿਸ ਕੌ ਕਰ ਗੁਰ ਲੀਨਾ ॥ ਜੁਗਲ ਪੌਰ ਲਾਂਘੇ ਪ੍ਰਬੀਨਾ ॥
ਬਾਹਰਿ ਲਿਯਾਇ ਕਹਯੋ ਗੁਰੂ ਪੂਰੇ ॥ ਜਾਵੋ ਸਦਨ ਭਏ ਦੁਖ ਚੂਰੇ ॥63॥
ਸੁਨ ਗੁਰਬਾਨੀ ਭਵਨ ਸਿਧਾਵਾ ॥ ਸੁਤ ਦਾਰਾ ਭੇਟਾ ਲੇ ਆਵਾ ॥
ਪੰਜ ਰੁਪੈਯੇ ਭੇਟਾ ਧਰੀ ॥ ਦ੍ਵੈ ਕਰੁ ਜੋਰ ਬਿਨੈ ਬਹੁ ਕਰੀ ॥64॥
ਪੁਨ ਪਾਹੁਲ ਨਿਜ ਸੁਤਹ ਦਿਵਾਈ ॥ ਗੁਰ ਸਿਖੀ ਕੀ ਰੀਤ ਸਿਖਾਈ ॥
ਗੁਰ ਕੀ ਮਹਿਮਾ ਹਿਤੁ ਕਰ ਕੀਨੀ ॥ ਪਨਹੀ ਉਠਾਇ ਸ਼ਿਰ ਧਰਿ ਲੀਨੀ ॥65॥
ਐਸੇ ਗੁਰ ਜੀ ਬਹੁਤ ਛਡਾਏ ॥ ਦੇ ਕਰੁ ਪਾਹੁਲ ਸਿਖ ਬਨਾਏ ॥
ਦੇਵਤਰੁ ਵਤ ਸਤਿਗੁਰ ਆਹਿ ॥ ਜੋ ਬਾਂਛੇ ਸਿਖ ਦੇਵੋ ਤਾਹਿ ॥66॥
ਦੁਾਬੇ ਦੇਸ਼ ਸਤਿਗੁਰ ਤਾਰਾ ॥ ਸਨੇ ਸਨੇ ਆਗੇ ਪਗੰ ਧਾਰਾ ॥
ਆਵੈ ਸੰਗਤਿ ਗਿਨੀ ਨ ਜਾਈ ॥ ਲੰਗਰ ਲੈ ਲੈ ਭੋਜਨ ਖਾਈ ॥67॥

---

1. ਅ ਪੋਥੀ ਸਿਰ
2. ਅ ਪੋਥੀ ਵਿਚੋਂ
3. ਅ ਪੋਥੀ ਆਲੂਵਾਲੀਆ

ਅਪਮਾ ਪਾਰ ਮਾਂਝੇ ਆਏ ॥ ਸਿਖ ਸੰਤ ਮਿਲ ਮਿਲ ਹਰਖਾਏ ॥
ਉਤਰੇ ਘੁੰਗਰਾਣੇ ਸੁਖਦਾਈ ॥ ਦੂਨਾ ਸਿੰਘ ਮਿਲਾ ਹਿਤ ਲਾਈ ॥68॥
ਹੈ ਇਕ ਉਮਦਾ ਭੇਟਾ ਦੀਨ ॥ ਚੀਰ ਦਰਬ ਧਰੁ ਦਰਸਨ ਕੀਨ ॥
ਪ੍ਰੀਤ ਵਧੀ ਮਨ ਅਤਸੇ ਭਾਰੀ ॥ ਬਾਰ ਬਾਰ ਜਾਵਤ ਬਲਿਹਾਰੀ ॥69॥
ਨਕੇ ਕੋ ਗੁਰ ਕਹਾ ਪਯਾਨਾ ॥ ਲੇਕਰ ਖੁਸੀ ਵਹੁ ਭਵਨ ਸਿਧਾਨਾ ॥
ਇਸ ਕੀ ਗਾਥਾ ਆਗੇ ਬਰਨੋ ॥ ਗੁਰੋ ਕੀ ਗਾਥ ਸੁਨੋ ਸੁਖ ਕਰਨੋ ॥70॥

॥ ਦੋਹਰਾ ॥

ਮਗ ਲੋਗਨ ਨਿਹਾਲ ਕਰ ਨੱਕੇ ਗੇ ਸੁਖਦਾਇ ॥
ਸੰਗਤਿ ਆਈ ਉਲਟ ਕੇ ਭੇਟਾ ਧਰੈ ਬਨਾਇ ॥71॥

॥ ਚੌਪਈ ॥

ਗੋ ਮਹਿਖੀ ਹੈ ਊਠ ਚਢਾਵੈ ॥ ਭੂਖਨ ਬੁਸਨ ਬਿਤ ਅਨੁਪਾਵੈ ॥
ਰਸਤਾਂ ਲਯਾਵੈ ਭਾਰ ਉਚਾਈ ॥ ਲੰਗਰੁ ਹੋਵੈ ਵਾਰੁ ਨ ਪਾਈ ॥72॥
ਕਿਰਤਨ ਜੁਗਮ ਸਮੇ ਸੁਭ ਹੋਵੈ ॥ ਜੋ ਸਿਖੰਨ ਕੇ ਸੰਕਟ ਖੋਵੈ ॥

(ਸੇਵਾ ਸਿੰਘ ਦੀ ਕਥਾ)

ਭਾਈ ਸੇਵਾ ਸਿੰਘ ਚਲ ਆਵਾ ॥ ਧਰੀ ਉਪਾਇਨ ਸੀਸ ਨਿਵਾਵਾ ॥73॥
ਕਮਲ ਨੈਨ ਆਦਰ ਤਿਸੁ ਕੀਨਾ ॥ ਸੁਨ ਗੁਰਬਾਨੀ ਹਰਖੁ ਨਵੀਨਾ ॥
ਨਕਾ ਦੇਸ ਗੁਰ ਕਰਾ ਨਿਹਾਲ ॥ ਸਿਖਨ ਕਾ ਕਾਟਾ ਜਮ ਜਾਲ ॥74॥
ਸਾਧ ਉਦਾਸੀ ਮਿਲ ਕਰ ਆਏ ॥ ਦੇ ਕਰ ਭੇਟਾ ਮਨ ਹਰਖਾਏ ॥
ਏਕ ਏਕ ਕੋ ਗੁਰੂ ਬੁਲਾਵੈ ॥ ਦੇਖ ਸੁਭਾਵੈਂ ਬਲਿ ਬਲਿ ਜਾਵੈ ॥75॥
ਸਿਰੇਪਾਟਿ ਸਭ ਕੋ ਗੁਰ ਦੀਨੇ ॥ ਗੁਰ ਸਿਖੀ ਮਹਿ ਕੀਨੈ ਪੀਨੇ ॥
ਬਹੁਰੋ ਸ੍ਰੀ ਗੁਰ ਕੂਚ-ਕਰਾਇ ॥ ਹੁਜਰੇ ਆਏ ਗੁਰ ਸੁਖਦਾਇ ॥76॥

॥ ਦੋਹਰਾ ॥

[2]ਠਾਣੇਦਾਰ ਗੁਰ ਕਾ ਹੁਤਾ ਸੰਗਤਿ ਸਿੰਘ[2] ਜਿਸੁ ਨਾਮੁ ॥
ਆਗੇ ਆਵਾ ਲੇਨ ਕੋ ਕਰ ਦਰਸਨ ਅਭਿਰਾਮ ॥77॥

॥ ਚੌਪਈ ॥

ਗੁਰੂ ਬੁਲਾਵਾ ਸੁਨ ਹਰਖਾਵਾ ॥ ਬਾਰ ਬਾਰ ਪਗ ਸੀਸ ਨਿਵਾਵਾ ॥
ਡੇਰਾ ਦੀਨਾ ਗੁਰੂ ਲਗਾਈ ॥ ਰਈਯਤਿ ਸੰਗਤਿ ਆਈ ਧਾਰੀ ॥78॥
ਸੰਗਤਿ ਭੇਟਾ ਆਨਿ ਚੜ੍ਹਾਵੈ ॥ ਰਈਯਤ ਨਜਰਾਂ ਦੇ ਹਰਖਾਵੈ ॥
ਤੀਨ ਨਿਸਾ ਗੁਰ ਡੇਰਾ ਰਾਖਾ ॥ ਨਾਨਕਾਣੇ ਜਾਵਨ (ਕੀ)[3] ਅਭਿਲਾਖਾ ॥79॥

---

1. ਅ ਪੋਥੀ ਸੁਭਾਇ ਸੁ
2. ਅ ਪੋਥੀ ਪਾਠਾਂਤਰ: ਵਡੋ ਪੂਤ ਗੁਰੂ ਕੋ ਹੁਤੋ ਬਿਸਨੁ ਸਿੰਘ
3. ਅ ਪੋਥੀ ਵਿਚੋਂ

ਕੂਚ ਕਰਾ ਗੁਰ ਗੇ ਨਨਕਾਣੇ ॥ ਸਿਵਰ ਲਗਾਵਾ ਸੁਖਮਾਖਾਣੇ ॥
ਸਾਧ ਪੁਜਾਰੀ ਮਿਲਨੇ ਆਏਂ ॥ ਪੀਲੂ ਸੂਕੀ ਅਗਰ ਧਰਾਏ ॥80॥
ਗੁਰੂ ਸਥਾਨ ਪੁਜਾਰੀ ਚੀਨ ॥ ਕਮਲ ਨੈਨ ਆਦੌਰ ਬਹੁ ਕੀਨ ॥
ਗੁਰਦ੍ਵਾਰਨ ਚਲ ਸਤਗੁਰ ਗਏ ॥ ਪ੍ਰਸਾਦੰ ਭੇਟਾ ਅਰਪਤ ਭਏ ॥81॥
ਕੋਰ ਦਿਦਾਰ ਦੇਰੇ ਫਿਰਿ ਆਏ ॥ ਛਕ ਪ੍ਰਸਾਦਿ ਸਭੈ ਬਿਗਸਾਂਏ ॥
ਜਨੰ ਲੋਗੰ ਸਭ ਮਿਲਨੇ ਆਵੈ ॥ [1]ਡੇਲੇ ਸੰਗਰਿ ਬਹੁ ਅਰਪਾਵੈ ॥82॥
ਤੀਨ ਨਿਸਾ ਗੁਰ ਤਹਾਂ ਰਹਾਏ ॥ ਗੁਰਦ੍ਵਾਰਨ ਫਿਰ ਸੀਸ ਨਿਵਾਏ ॥
ਮਗ ਲੋਗਨ ਕੋ ਕਰਤ ਨਿਹਾਲੂ ॥ ਗੇ ਚਪੜਾਲੰ ਦੀਨਨ ਪਾਲੂ ॥83॥

॥ ਦੋਹਰਾ ॥

ਬਿਹਾਰਾ ਸਿੰਘ ਥੀ ਆਦਿ ਲੇ ਔਰੁ ਸਿੰਘ ਸਮਦਾਇ ॥
ਦਰਸਨ ਕਰਤ ਨਿਹਾਲ ਭੇ ਧਰ ਪਰ ਸੀਸ ਨਿਵਾਇ ॥84॥

## (ਬਾਬਾ ਬੇਦੀ ਦਾ ਚਪੜਾਲ ਰਹਿਣਾ)

॥ ਚੌਪਈ ॥

ਚਪੜਾਲ ਰਹਨਿ ਲਗੇ ਗੁਰ ਪੂਰੇ ॥ ਜਿਨ ਦਰਸੇ ਮਿਟ ਜਾਂਹਿ ਵਿਸੂਰੇ ॥
ਦੂਨਾ ਸਿੰਘ ਚਲ ਦਰਸਨ ਆਵਾ ॥ ਕਰ ਦਰਸਨ ਪਦ ਕੰਜ ਲਪਟਾਵਾ ॥85॥
ਏਕ ਅਸ੍ਵ ਦਸ ਗਊਆ ਆਂਦੀ ॥ ਤਿਨ ਬੰਦੂਕਾਂ ਸੁਭਗ ਸੁਖਾਦੀ ॥
ਚਾਂਦੀ ਗਡਵਾ ਥਾਲ ਲਿਆਯੋ ॥ ਚੌਕੀ ਸੁੰਦਰ ਧਰ ਬਿਗਸਾਯੋ ॥86॥
ਭੇਟ ਧਰੀ ਕਰੁ ਜੋਰੁ ਸੁਨਾਵਾ ॥ ਧੰਨ ਭਾਗੁ ਗੁਰ ਦਰਸਨ ਪਾਵਾ ॥
ਕੁਛਕ ਸਮਾ ਗੁਰ ਪਾਸ ਰਹਾਯੋ ॥ ਦੇ ਸਿਰੁਪਾਇ ਪੁਨਿ ਭਵਨ ਪਠਾਯੋ ॥87॥
ਤਨ ਕਰ ਅਪਨੇ ਭਵਨ ਸਿਧਾਵਾ ॥ ਮਨੁ ਗੁਰ ਚਰਨਨ ਮੋ ਠਹਰਾਵਾ ॥
ਏਕ ਦਿਨਾ ਬੈਠੇ ਗੁਰ ਪੂਰੇ ॥ ਸੰਗਤਿ ਆਈ ਮਿਲਨ ਹਜੂਰੇ ॥88॥
ਜਥਾ ਸਕਤ ਤਿਨ ਭੇਟ ਚਢਾਈ ॥ ਤੀਨ ਨਿਸਾ ਰਹਿ ਭਵਨ ਸਿਧਾਈ ॥
ਰਾਮ ਸਿੰਘ ਇਕ ਰਹੈ ਹਜੂਰ ॥ ਅਤ ਮ੍ਰਿਦੂ ਬੋਲਾ ਗੁਣ ਭਰਪੂਰ ॥89॥
ਤਿਸ ਪ੍ਰਤਿ ਸ੍ਰੀ ਗੁਰ ਗਿਰਾ ਅਲਾਂਈ ॥ ਭੈਰੇ ਹੈ ਦੁਖ ਭੈਵਣ ਭਾਈ ॥
ਜਾਵੋ ਤੂਰਨ ਤਿਸ ਕੋ ਲਯਾਵੋ ॥ ਹੁਕਮੁ ਸੁਨਾਵੋ ਬਚ ਮ੍ਰਿਦੁ ਗਾਵੋ ॥90॥

॥ ਦੋਹਰਾ ॥

ਗੁਰ ਨਿਦੇਸੁ ਸਿਰ ਪਰ ਧਰੀ ਕ੍ਰਮ ਕ੍ਰਮ ਪਹੁਚਾ ਜਾਇ ॥
ਹੁਕਮੁ ਸੁਨਾਵਾ ਦੇਤ ਭਾ ਖੋਲ ਧੰਠਾ ਬਿਗਸਾਂਇ ॥91॥

## (ਭਾਈ ਦੁੱਖਭੰਜਨ ਨੂੰ ਬੁਲਾਉਣਾ)

॥ ਚੌਪਈ ॥

ਸਿਖ ਕਾ ਆਦਰੁ ਅਤਸੇ ਕੀਨਾ ॥ ਪ੍ਰਸਾਦ ਛਕਾਵਾ ਦੇਰਾ ਦੀਨਾ ॥
ਸਭ ਸਾਧਨ ਕੋ ਲੀਨ ਬੁਲਾਈ ॥ ਹੁਕਮ ਸੁਨਾਵਾ ਦੀਨ ਸੁਨਾਈ ॥ 2॥

---

1. ਪੋਥੀ ਪਾਠਾਤਰ: ਡੇਲੇ ਸੰਗਰੁ ਸੋ ਅਰੁਪਾਵੈ ॥

ਜਾਵਨ ਚਹੀਏ ਗੁਰੂ ਹਜੂਰ ॥ ਜਿਨ ਕੀ ਗਿਰਾ ਨ ਹੋਵਤ ਊਰ ॥
ਭੋਰ ਹੋਤ ਹੀ ਕੀਨੀ ਤਯਾਰੀ ॥ ਸਾਧ ਸੰਗ ਬਹੁ ਸਾਥ ਸਿਧਾਰੀ ॥93॥
ਮਜਲੋ ਮੇਜਲ ਚਲਤ ਭੇ ਭਾਈ ॥ ਦਰਸਨ ਚਾਹਿ ਭਈ ਅਧਿਕਾਰੀ ॥
ਜੈਸ ਮਲਿੰਦ ਕੰਜ ਕੋ ਦੌਰੈ ॥ ਜਿਮ ਚਕਵੀ ਮਨ ਸਵਤਾ ਲੋਰੈ ॥94॥
ਨੀਰ ਓਰਿ ਜਿਮ ਪਯਾਸਾ ਜਾਈ ॥ ਨਿਰਧਨ ਲਾਭ ਦੇਖ ਜਿਮ ਧਾਈ ॥
ਜੈਸੇ ਚਾਤ੍ਰਿਕ ਸ੍ਵਾਂਤੀ[1] ਚਾਹੇ ॥ ਨੀਰ ਬਿਨਾ ਨਹਿ ਮੀਨ ਰਹਾ ਹੇ ॥95॥

॥ ਦੋਹਰਾ ॥

ਤੈਸੇ ਸਤਿਗੁਰ ਦਰਸ ਕੀ ਭਾਈ ਮਨੈ ਉਮਾਹਿ ॥
ਪਹੁਚ ਤੀਰ ਚਪੜਾਲ ਕੇ ਸਾਧਨ ਪ੍ਰਤਿ ਬਚ ਗਾਹਿ ॥96॥

॥ ਚੌਪਈ ॥

ਹਜੂਰ ਤੋਰ ਹਮੈ ਸੁਨਿ ਪਾਵਾ ॥ ਚੋਰਨ ਜਾਰਨ ਦੇਤ ਮਰਾਵਾ ॥
ਜਿਸ ਕੇ ਮਨ ਮੋ ਆਨ ਗਿਲਾਨੂ ॥ ਸੋ ਹਟ ਜਾਵੇ ਕਹਯੋ ਬਖਾਨੂ ॥97॥
ਗੁਰੂ ਸਮਰਥੁ ਕਰੈ ਸੋ ਹੋਈ ॥ ਸੂਰ ਸਸੀ ਸੁਰ ਮਾਨਤ ਸੋਈ ॥
ਹਮ ਤੋ ਸਿੰਘ ਗੁਬਿੰਦ ਪਹਿਚਾਨਾ ॥ ਤਿਨ ਕਰਨੀ ਪਰ ਨਹੀ ਗਿਲਾਨਾ ॥98॥
ਤੀਨ ਸਾਧ ਪਾਛੇ ਮੁਰ ਗਏ ॥ ਔਰੁ ਸੁ ਸਗਰੇ ਸਾਥ ਸਿਧਏ ॥
ਸਾਜ ਵਜਾਏ ਸਬਦੰ ਗਾਵਾ ॥ ਪਲੰਘ ਥਿਰੇ ਗੁਰ ਦਰਸੁ ਦਿਖਾਵਾ ॥99॥
ਗੁਰ ਜੀ ਲੀਨੇ ਪਾਸ ਬੁਲਾਏ ॥ ਕਰ ਮੋ ਕਰ ਗਹਿ ਪਾਸ ਬਹਾਏ ॥
ਭਾਈ ਚਰਨ ਗਹੇ ਉਕਲਾਂਈ ॥ ਨੈਨਨ ਨੀਰ ਚਲਾ ਅਧਿਕਾਈ ॥100॥
ਚਰਣ ਰੇਣ ਲੇ ਮਾਥੇ ਲਾਈ ॥ ਭਾ ਆਨੰਦ ਜਿਮ ਨਵ ਨਿਧਿ ਪਾਈ ॥
ਸ੍ਰੀ ਹਜੂਰ ਤਬ ਗਿਰਾ ਬਖਾਨੀ ॥ ਮਧੁਰੀ ਮੀਠੀ ਅਮੀ ਸਮਾਨੀ ॥101॥

॥ ਦੋਹਰਾ ॥

ਭਾਈ ਜੀ ਰਾਜੀ ਅਏ ਬੈਠੋ ਕਰੋ ਦਿਦਾਰ ॥
ਧੰਨ ਜਨਮ ਤੁਮਰਾ ਅਹੈ ਜਿਨ ਮਨ ਪ੍ਰੀਤ ਅਪਾਰ ॥102॥

॥ ਚੌਪਈ ॥

ਭਾਈ ਭੇਟ ਆਗੇ ਰਾਖੀ ॥ ਸਤਿਗੁਰ ਲੀਨੀ ਬਚ ਸੁਭ ਭਾਖੀ ॥
ਤੰਬੂ ਦੀਨਾ ਤੀਰ ਲਗਾਈ[2] ॥ ਸਿਵਰ ਲਗਾਵੋ ਬਾਨੀ ਪ੍ਰਾਹੀ ॥103॥
ਪ੍ਰਸਾਦਿ ਕਰਾਵਾ ਦੇਰ ਬਿਹਾਇ ॥ ਸੇਵਕਨਿ ਦੀਨੋ ਤੁਰਤ ਛਕਾਇ ॥
ਬਾਰ ਬਾਰ ਸਤਿਗੁਰੂ ਬੁਲਾਵੈ ॥ ਭਾਈ ਨੀਵੀ ਦ੍ਰਿਸਟਿ ਰਖਾਵੈ ॥104॥
ਦਿਨੁ ਦਿਨੁ ਪ੍ਰਤਿ ਗੁਰ ਮਯਾ ਸੁ ਧਾਰੈ ॥ ਬਚਨ ਬਿਲਾਸੁ ਕਰੈ ਹਰਖਾਰੈ ॥
ਏਕੁ ਦਿਨਾਂ ਭਾਈ ਕਰ ਜੋਰੈ ॥ ਬਿਨੈ ਭਨੀ ਮਨ ਪ੍ਰੀਤਿ ਨ ਥੋਰੈ ॥105॥

1. ਅ ਪੋਥੀ ਸੋਵਾਂਤੀ
2. ਅ ਪੋਥੀ ਲਗਾਹੀ

ਖੁਸੀ ਕਰੀਜੈ ਗੁਰ ਸੁਖਦਾਈ ॥ ਕਹਯੋ ਹਜੂਰ ਰਹੋ ਤੁਮ ਭਾਈ ॥
ਕੋਇ ਕੁ ਦਿਨੁ ਰਹਿ ਕੀਨੀ ਅਰਜੀ ॥ ਗੁਰੂ ਭਨਾ ਜੋ ਤੁਮਰੀ ਮਰਜੀ ॥106॥
ਲੇ ਖੁਸੀ ਸਭ ਸਾਧ ਸਿਧਾਏ ॥ ਪਾਛੇ ਸਤਿਗੁਰ ਬਚ ਸੁਭ ਗਾਏਂ ॥
ਦੁਖ ਭੰਜਨ ਥਾ ਮੋਕੋ ਪਯਾਰਾ ॥ ਤੋਰ ਦਿਆ ਕਸ ਕੀਨੀ ਕਾਰਾ ॥ 107॥

## (ਬਹਾਦਰ ਸਿੰਘ ਦੀ ਕਥਾ)

॥ ਦੋਹਰਾ ॥

ਬਹਾਦਰ ਸਿੰਘ ਨਜੀਕ ਥਾ ਤਿਸੰ ਕੋ ਗੁਰੂ ਅਲਾਇ ॥
ਸਿਵਕਾ ਗਜ ਲੈ ਜਾਉ ਤੁਮ ਲਯਾਵੋ ਤਿਨੈ ਚਢਾਇ ॥108॥
ਬਹਾਦਰ ਸਿੰਘ ਸੁਨ ਗੁਰ ਗਿਰਾ ਸਤ ਬਚਨੁ ਕਹਿ ਚਾਲ ॥
ਗਯੰਦ ਪਾਲਕੀ ਲੇ ਗਯੋ ਸਸਿ ਹਰਿ ਕਹਿ ਗੁਰ ਨਾਲ ॥109॥

॥ ਚੌਪਈ ॥

ਇਨ ਪਰ ਮਯਾ ਗੁਰੂ ਬਹੁ ਕੀਨੀ ॥ ਸਿਵ ਕਾਗਜ ਭੇਜੇ ਸੁਭ ਬੀਨੀ ॥
ਇਨ ਕਾ ਪੰਥ ਕਹਾਂ ਤੇ ਹੋਵਾ ॥ ਮੁਝੈ ਸੁਨਾਵੋ ਸੈਂਸਾ ਖੋਵਾ ॥110॥
ਕਮਲਨੈਨ ਸੁਨ ਗਿਰਾ ਅਲਾਈ ॥ ਸੁਨੋ ਸਸੀ ਹਰਿ ਦੇਉ ਸੁਨਾਈ ॥
ਦਸਮਾ ਜਾਮਾ ਜਬ ਹਮ ਧਾਰਾ ॥ ਪੁਰ ਅਨੰਦ ਭਾ ਜੰਗ-ਅਖਾਰਾ ॥111॥

## (ਸੇਵਾ ਪੰਥ ਦੀ ਕਥਾ)

ਤਬ ਕਨਈਏ ਸੇਵਾ ਕਮਾਈ ॥ ਪਾਨੀ ਢੋਵਾ ਮਾਨ ਗਵਾਈ ॥
ਤਬ ਹਮਰੀ ਹੋਈ ਬਖਸੀਸ ॥ ਭਯੋ ਗਯਾਨ ਅਗਯਾਨੈ ਖੀਸ ॥112॥
ਹਿੰਦੂ ਤੁਰਕ ਏਕ ਕਰ ਜਾਨੈ ॥ ਦੂਜਾ ਭਾਉ ਨ ਮਨ ਮੈ ਆਨੈ ॥
ਧੂਪੁ ਛਾਇਆ ਤਿਨ ਤੁਲ ਭਈ ॥ ਭੁਖ ਪਯਾਸਾ ਮਿਟ ਤਿਨ ਗਈ ॥113॥
ਲੇ ਨਿਦੇਸ ਨਿਜ ਭਵਨ[1] ਸਿਧਾਏ ॥ ਮਗ ਮੇ ਸੇਵਾ ਰਾਮ ਮਿਲਾਏ ॥
ਸੇਵੇ ਕੋ ਮਨ ਸਰਧਾ ਅਈ ॥ ਰਾਮ ਕਨਈਏ ਗੁਰੂ ਬਨਾਈ ॥114॥

॥ ਦੋਹਰਾ ॥

ਜੁਗ ਮਿਲ ਵਿਚਰਨ ਥਰਨ ਲਗੇ ਧਰ ਸੰਤੋਖਿ ਰਿਦ ਮਾਂਹਿ ॥
ਅਸਟ ਦਿਨਾ ਬੀਤਤ ਭਏ ਕਹੀ ਨ ਭੋਜਨੁ ਖਾਂਹਿ ॥115॥

॥ ਚੌਪਈ ॥

ਏਕ ਕੂਪ ਪਰ ਆਨ ਖਲੋਏ ॥ ਏਕ ਮਹਾਂਜਨ ਇਨ ਕੋ ਜੋਏ ॥
ਹਾਥ ਜੋਰ ਤਿਨ ਗਿਰਾ ਅਲਾਈ ॥ ਭੋਜਨੁ ਹਮਰੇ ਘਰੁ ਚਲ ਖਾਹੀ ॥116॥
ਮਾਨ ਬਚਨੁ ਤਿਸੁ ਗਏ ਨਿਕੇਤੈ ॥ ਤਾਸ ਗ੍ਰਿਹੀ ਕੀਨਾ ਵਡ ਹੈ ਤੈਂ ॥
ਨਾਰਿ ਪ੍ਰਤੀ ਤਿਸ ਗਿਰਾ ਅਲਾਈ ॥ ਖੀਰ ਬਨਾਵੋ ਦੇਰੁ ਬਿਹਾਈ ॥117॥

---

1. ੲ ਪੋਥੀ ਸਦਨ

ਸਤ ਬਚਨ ਕਹਿ ਕਰਨੇ ਲਾਗੀ ॥ ਘੀ ਮੇਵੇ ਵਿਚ ਪਾ ਅਨੁਰਾਗੀ ॥
ਬੂਰਾ ਲੇਵਨ ਭੀਤਰੁ ਗਈ ॥ ਭੂਲ ਕਰ ਨਿਮੱਕ ਨਿਕਾਸਤ੍ਰਿ ਭਈ ॥118॥
ਖੀਰ ਪਰੋਸ ਜੁਗ ਥਲੀ ਮਾਂਹਿ ॥ ਤਤੇ ਖਿਨ ਸੈਧਵ ਊਪਰਿ ਪਾਹਿ ॥
ਸਤਨਾਮ[1] ਕਹਿ ਖਾਵਨ ਲਾਗੇ ॥ ਲੂਣੰ ਚਾਖ ਮਨ ਮੋ ਅਨੁਰਾਗੇ ॥119॥
ਪ੍ਰਾਲਬਤੰ ਤਿਨ ਅਪਨੀ ਜਾਨੀ ॥ ਖਾਇ ਗਏ ਨਹਿ ਸੰਕਾ ਠਾਨੀ ॥
ਜੋ ਤਿਨ ਪਾਈ ਲੀਨੀ ਖਾਈ ॥ ਮਤ ਇਨ ਸੈਂਸਾ ਹੋਵਾ ਰਾਈ ॥120॥
ਉਠਿ ਕਰਿ ਚਾਲੇ ਦੇਰੁ ਨ ਕੀਨੀ ॥ ਸਮ੍ਹ ਮਾਝ ਜਿਨ ਕੀ ਮਤ ਭੀਨੀ ॥
ਦੰਪਤਿ ਯਦਪਿ ਬਿਨੇ ਬਖਾਨੀ ॥ ਆਜ ਨਿਸਾਰ ਹੀਏ ਸੁਖਦਾਨੀ ॥121॥
ਮਤਿ ਜਾਨੇ ਹਮ ਲੂਣ ਖਵਾਵਾ ॥ ਯਾਂਤੇ ਰਹਣਾ ਨਾਹੀ ਭਾਵਾ ॥
ਜਬ ਨਰ ਨਾਰੀ ਖਾਵਣੁ ਲਾਗੇ ॥ ਲੂੰਣ ਚਾਖ ਬਹੁ ਚਿੰਤਾ ਪਾਗੇ ॥122॥

॥ ਦੋਹਰਾ ॥

ਦੌਰ ਮਿਲੇ ਗਹਿ ਚਰਨ ਤਬ ਬਖਸੋ ਸੰਤ ਸੁਜਾਨ ॥
ਲੂਣ ਖਵਾਵਣੁ ਹਮ ਕਰਾ ਇਹੁ ਅਵਗਣ ਹਮ ਠਾਨ ॥123॥

॥ ਚੌਪਈ ॥

ਭਾਈ ਕਨਈਏ ਕਰਾ ਉਚਾਰ ॥ ਖੀਰ ਸਿਤਾ ਹਮ ਕਰੀ ਅਹਾਰ ॥
ਜਾਵੋ ਸਦਨੰ ਚਿਤ ਨ ਕੀਜੈ ॥ ਵਾਹਿਗੁਰੂ ਸਿਮਰਨ ਮਨਿ ਦੀਜੈ ॥124॥
ਸੁਨ ਭਾਈ ਐਸੇ ਜੁਗ ਹੋਏ ॥ ਖਾਂਡ ਲੂਣ ਜਿਨ ਇਕ ਸਮ ਜੋਏ ॥
ਸੇਵੇ ਰਾਮ ਸੇਵ ਬਹੁ ਕੀਨੀ ॥ ਧਰਮਸਾਲ ਬਹੁਤੀ ਰਚ ਦੀਨੀ ॥125॥
ਨੂਰ ਪੁਰੈ ਇਕ ਥਲ ਮੈ ਆਹੀ ॥ ਨੀਰ ਖਿਨਾ ਲੋਕੀ ਦੁਖ ਪ੍ਰਾਹੀ ॥
ਸੇਵੇ ਕੇ ਮਨ ਦਯਾ ਸੁ ਆਈ ॥ ਕੂਪ ਲਗਾਵੈ ਜੀ ਸੁਖ ਪਾਈ ॥126॥

॥ ਦੋਹਰਾ ॥

ਸਮਧਾ ਕਾਟਨ ਬਨ ਗਏ ਨਗਰੁ ਲੋਕਿ ਲੇ ਨਾਲ ॥
ਤੁਰਕਨ ਰਾਖੇ ਆਇਕੈ ਕਹੈ ਕੁਬੈਨ ਬਿਸਾਲ[2] ॥127॥
ਔਰ ਲੋਗ ਸਭ ਦੌਰ ਗੇ ਸੇਵਾ ਗਹਿ ਤਿਨ ਲੀਨ ॥
ਪਕਰ ਸਮਸਿ ਮਾਰਤ ਭੁਏ ਡਰ ਭਗਵੰਤ ਨ ਕੀਨ ॥128॥
ਪਕਰ ਲਿਆਏ ਪੁਰ ਵਿਖੇ ਤੁਰਕ ਰਾਟ ਸੁਨ ਪਾਇ ॥
ਸੇਵਾ ਦੀਓ ਛਡਾਇ ਤਿਨ ਨੌਕਰ ਦਏ ਹਟਾਇ ॥129॥

॥ ਚੌਪਈ ॥

ਸੇਵੇ ਕਹਯੋ ਖਾਨ ਇਮ ਕੀਜੈ ॥ ਇਨੇ ਹਟਾਵਨ ਨਾਹਿ ਕਰੀਜੈ ॥
ਖਾਨ ਕਹਯੋ ਇਨ ਤੁਮ ਕੋ ਮਾਰਾ ॥ ਇਹ ਮਾਨਵ ਹੈ ਬਡੇ ਗਵਾਰਾ ॥130॥

---

1. ੲ ਪੋਥੀ ਵਾਹਿਗੁਰੂ ।
2. ਅ ਪੋਥੀ ਬਿਚਾਰ

ਸੇਵੇ ਕਹਯੋ ਖਾਨ ਸੁਨੀਜੈ ॥ ਇਕ ਰੋਜੀ ਨਹਿ ਦੂਰ ਕਰੀਜੈ ॥
ਨਾਹਿਨ ਹਮਰਾ ਕਛੂ ਬਿਗਾਰਾ ॥ ਮਿਠ ਬੋਲੇ ਨਹੀ ਕੀਨੀ ਮਾਰਾ ॥131॥
ਖਾਨਿ ਆਦਿ ਸਭੈ ਬਿਸਮਾਏ ॥ ਬਾਰ ਬਾਰ ਸੇਵੇ ਯਸ ਗਾਏ ॥
ਖਾਂਨ ਪਰਾਨ ਪਰ ਕੀਨ ਪ੍ਰਮਾਣੂ ॥ ਆਪ ਸੰਤ ਤੁਮ ਬਡ ਗੁਣ ਧਾਮੂ ॥132॥

॥ ਦੋਹਰਾ ॥

ਸੇਵਾ ਰਾਖੇ ਸਾਥ ਲੇ ਆਵਾ ਸਿਵਰ ਮਝਾਰ ॥
ਚੂਰੀ ਦੂਧ ਖਵਾਵਤ ਭਾ ਇਹੁ ਸੰਤਨ ਉਪਕਾਰ ॥133॥੧॥

॥ ਪ੍ਰਮਾਣ ਸ੍ਰੀ ਗੁਰੂ ਗ੍ਰੰਥੇ ॥

ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਨ ਹੰਢਾਇ ॥
ਦੇਹੀ ਰੋਗੁ ਨ ਬਿਆਪਈ ਪਲੈ ਹਭ ਕਿਛੁ ਪਾਇ ॥134॥
ਭਲਿਇਨ ਸੋ ਭਲਾ ਕਰਨਿ ਇਹੁ ਜਗ ਕੋ ਬਿਵਹਾਰੁ॥
ਬੁਰਾਇਨ ਸੋ ਭਲਾਂ ਕਰਨ ਤੇ ਵਿਰਲੇ ਸੰਸਾਰੁ ॥135॥
ਭਾਈ ਸੇਵਾ ਅਸ ਭਏ ਅਡਣ ਮਿਲਿਆ ਆਇ ॥
ਮਿਲ ਕਰ ਅਡੈ ਨਿਹਾਲ ਭਾ ਮਨ ਮੇ ਸਾਂਤ ਬਸਾਇ ॥136॥

॥ ਚੌਪਈ ॥

ਸਾਥ ਅਡਣ ਬਹੁ ਸਾਧ ਰਹਾਇ ॥ ਪਰ ਉਪਕਾਰ ਕਰੈ ਮਨ ਲਾਇ ॥
ਏਕ ਦਿਵਾਨ ਪਾਸ ਚਲ ਆਵਾ ॥ ਦਸ ਕੂਪਨ ਕਾ ਪਟਾ ਲਿਖਾਵਾ ॥137॥
ਆਗੇ ਧਰ ਕਰ ਗਿਰਾ ਅਲਾਈ ॥ ਲੇਵੇ ਸੰਤੋ ਮਨ ਬਿਗਸਾਈ ॥
ਭਾਈ ਜੀ ਸੁਨ ਗਿਰਾ ਬਖਾਨੀ ॥ ਹਮਰੀ ਮੂੰਞ ਵਡੀ ਰਜਧਾਨੀ ॥138॥

॥ ਦੋਹਰਾ ॥

ਖੂਹੇ ਲੇਵਨ ਦੁਖ ਬਡੋ ਕੂਪ ਪਰੇ ਸੋ ਲੇਇ ॥
ਹਾਥ ਪਾਂਵ ਹਰਿ ਜੀ ਦਏ ਕ੍ਰਿਤ ਕਹੀ ਗੁਰਦੇਇ ॥139॥
ਗੁਰ-ਅੰਗਦ ਮੂੰਞ ਕ੍ਰਿਤ ਕਰ ਮਧੁ ਖੰਡੂਰ ਰਹਾਇ ॥
ਕ੍ਰਿਤ ਔਨ ਗੁਰ ਖਾਤੇ ਭੇ ਰੰਕਨ ਭੀ ਤ੍ਰਿਪਤਾਇ ॥140॥
ਪ੍ਰਥਮੇ ਲੇਨ ਸੁਖਾਲ ਹੈ ਪਾਛੇ ਮਿਲੈ ਧਿਕਾਰ ॥
ਹਾਜੇ ਦਰ ਜਬ ਸਾਧ ਗਾ ਆਗੇ ਦੇਵੈ ਗਾਰ ॥141॥
ਘਰੁ ਤਿਆਗੁ ਸਾਧੂ ਭਏ ਫਿਰ ਕੀਨੋ ਬਿਸਥਾਰੁ ॥
ਨਹਿ ਗ੍ਰਿਹਿ ਨਹਿ ਸਾਧ ਹੈ ਜਮ ਤਿਸੁ ਕਰੈ ਖੁਆਰ ॥142॥
ਦੋਖੁ ਦਿਖਾਏ ਅਤਿ ਘਨੇ ਭਾਈ ਲਏ ਨ ਕੂਪੁ ॥
ਦੇਵਾਂਨ ਪਗ ਬੰਦਨ ਕਰੀ ਕੀਨੀ ਅਤਸੇ ਊਪ ॥142॥
ਐਸੇ ਅਡਣ ਰਾਮ ਭੇ ਦੁਖ ਭੰਞਣ ਤਿਨ ਦਾਸ ॥
ਭੇਰੇ ਮੋ ਧਰਮਸਾਲ ਰਚ ਸਾਧ ਰਹੈ ਬਹੁ ਪਾਸ ॥143॥

॥ ਚੌਪਈ ॥

ਕੜਾਹ ਆਦਿ ਪ੍ਰਸਾਦਿ ਕਰਾਵਾ ॥ ਬਿਉਹਾਰੀ ਨਰ ਥਿਰੇ ਬਹੁ ਆਵਾ ॥
ਰਸੋਈਏ ਪ੍ਰਤਿ ਬਚ ਸੁਭ ਗਾਏ ॥ ਪ੍ਰਸਾਦਿ ਦੇਵੋ ਇਨੋ ਛਕਾਏ ॥144॥
ਮਾਨ ਬਚਨ ਤਿਨ ਦੀਨ ਛਕਾਈ ॥ ਏਕ ਸਾਧ ਨੇ ਤਰਕ ਉਠਾਈ ॥
ਸਾਧਨ ਕੋ ਨਹਿ ਦੀਓ ਪ੍ਰਸਾਦਿ ॥ ਬਿਉਹਾਰੀ ਛਕਿ ਭਏ ਅਹਿਲਾਦ ॥145॥

॥ ਦੋਹਰਾ ॥

ਦੁਖ ਭੰਜਨ ਅਸ ਬੈਨ ਸੁਨਿ ਉਠਿ ਕਰਿ ਬਾਹਰਿ ਆਇ ॥
ਗੁਰੂ ਗ੍ਰੰਥ ਕੋ ਬੈਨ ਸੁਭ ਊਚੇ ਦਿਓ ਸੁਨਾਇ ॥146॥

॥ ਤਥਾ ਬਾਕੰ ॥

ਜੋ ਪ੍ਰਭ ਕੀਨੋ ਸੁ ਭਲ ਮਾਨੋ ਇਹ ਸੁਮਤਿ ਸਾਧੂ ਤੇ ਪਾਈ ॥
ਸਭ ਮੈ ਰਵਿ ਰਹਿਓ ਪ੍ਰਭੁ ਏਕੋ ਪੇਖ ਪੇਖ ਨਾਨਕ ਬਿਗਸਾਈ ॥146॥

**(ਭਾਈ ਦੁਖਭੰਜਨ ਦੀ ਕਥਾ)**

ਜੋ ਸਾਧੂ ਅਸ[1] ਬੈਨ ਸੁਨ ਪਾਨ ਜੋਰ ਸਿਰ ਨਯਾਇ ॥
ਦੁਖ ਭੰਜਨ ਉਪਕਾਰ ਨਿਧ ਪਰ ਕੌ ਸੁਖ ਦਿਵਾਇ[2] ॥148॥
ਸੀਤਲ ਜਲ ਕੇ ਸਹਸ ਘਟ ਭਰ ਰਾਖਤ ਦਿਨੁ ਰੈਨਿ ॥
ਤ੍ਰਿਖਾਵੰਤ ਜੋ ਪਥਕ ਨਰ ਪੀ ਪਾਨੀ ਚਿਤ ਚੈਨ ॥149॥
ਖਾਟ ਰਜਾਈ ਬਿਸਤਰੇ ਭੋਜਨ ਅੰਮ੍ਰਿਤ ਸ੍ਵਾਦ ॥
ਪਥਕ ਖਾਇ ਆਘਾਵਤੇ ਪਾਵਤ ਵਡ ਅਹਿਲ਼ਾਦੁ ॥150॥

॥ ਚੌਪਈ ॥

ਸ੍ਰੀ ਨਾਨਕ ਬਿਨੁ ਔਰੁ ਨ ਮਾਨੈ ॥ ਵਾਹਿਗੁਰੂ ਮੋ ਨਿਸਚਾ ਠਾਨੈ ॥
ਏਹੁ ਪੰਥੁ ਯਾਂਤੇ ਮੁਹਿ ਪਿਯਾਰਾ ॥ ਜੋ ਨਿਰਧਨ ਕੀ ਲ਼ੇਤੇ ਸਾਰਾ ॥151॥
ਚੰਦਾ ਸਿੰਘ ਸੁਨਿ ਭਯੋ ਪ੍ਰਸੰਨ ॥ ਕਹਤ ਭਯੋ ਸਤਿਗੁਰ ਜੀ ਧੰਨੁ ॥
ਪੂਰਾ ਗਾਥ ਅਬ ਦੇਉ ਸੁਨਾਏ ॥ ਜਿਮ ਭਾਈ ਹਟ ਗੁਰ ਪਹਿ ਆਇ ॥152॥
ਸਿੰਘ ਬਹਾਦਰ ਜਾਇ ਮਿਲਾਨਾ ॥ ਭਾਈ ਜੀ ਤਬ ਪੂਛਨ ਠਾਨਾ ॥
ਸਿਵ ਕਾ ਕਰੀ ਕਹਾਂ ਲੇ ਜਾਈ ॥ ਸਿੰਘ ਬਹਾਦਰੁ ਗਿਰਾਂ ਅਲਾਈ ॥153॥

॥ ਦੋਹਰਾ ॥

ਸ੍ਰੀ ਹਜੂਰ ਲੇਵਨ ਪਠਾ ਚਾਲੋ ਆਪ ਹਜੂਰ ॥
ਚੜੀਏ ਵਾਹਨ ਊਪਰੇ ਚਲ ਚਰਸੋ ਸੁਖ ਪੂਰ ॥154॥

---

1. ੲ ਪੋਥੀ ਇਮ
2. ਮੂਲ ਪੋਥੀ ਦਾਇ

॥ ਚੌਪਈ ॥

ਸਤਿਗੁਰ ਆਇਸ ਨਾਹਿ ਹਟਾਈ ॥ ਸਿਵਕਾ ਹਾਥੀ ਪਾਵ ਛੁਹਾਈ ॥
ਚੜੇ ਨ ਊਪਰੁ ਮਨੁ ਵੈਰਾਗਾ ॥ ਜਾਂ ਕੇ ਜਾਗੇ ਹੈਂ ਵਡਭੋਗਾ ॥155॥
ਬਹਾਦਰ ਸਿੰਘ ਇਮ ਫੇਰਿ ਲਿਆਵਾ ॥ ਗੁਰ ਚਰਨਨ ਪਰ ਸੀਸ ਨਿਵਾਵਾਂ ॥
ਸ੍ਰੀ ਹਜੂਰ ਸੁਨ ਗਿਰਾ ਅਲਾਈ ॥ ਰਹੁ ਈਹਾਂ ਨਹਿ ਜਾਵੋ ਭਾਈ ॥156॥
ਧਰਮਸਾਲ ਸੁਭ ਈਹਾਂ ਬਨਾਵੋ ॥ ਕਥਾ ਕੀਰਤਨ ਬੈਠਿ ਕਰਾਵੋ ॥
ਅਸਨ ਬਸਨ ਗੁਰ ਘਰੁ ਤੇ ਲੀਜੈ ॥ ਹਮਰੀ ਸੇਵਾ ਮੋ ਮਨ ਦੀਜੈ ॥157॥
ਫੇਰਿ ਅਰਜ ਭਾਈ ਜੀ ਕਹੀ ॥ ਰੀਤ ਬਡਨ ਤੇ ਯਾਂ ਬਿਧਿ ਰਹੀ ॥
ਕਰ ਮਿਹਨਤ ਟੁਕੜਾ ਸਦ ਖਾਣਾ ॥ ਮੁਖਤ ਕਿਸੀ ਕਾ ਗਹਿਤ ਨ ਦਾਣਾ ॥158॥

॥ ਦੋਹਰਾ ॥

ਰਿਖੀ ਮੁਨੀ ਪਾਛੇ ਭਏ ਪੀਰ ਸੇਖ ਸਮਦਾਇ ॥
ਪਰ ਗ੍ਰਹ ਤੇ ਸੋ ਭਰਤ ਭੇ ਮਿਹਨਤ ਕਰਿ ਕਰਿ ਖਾਇ ॥159॥

॥ ਚੌਪਈ ॥

ਬਡਇਨ ਨੇ ਇਹ ਰੀਤ ਚਲਾਈ ॥ ਕਰ ਮਿਹਨਤ ਵੰਡ ਖਾਵੋ ਭਾਈ ॥
ਦਸਵਾ ਭਾਗ ਗੁਰ ਕਾ ਦੇਵੈ ॥ ਅਏ ਅਭਯਾਗਤਿ ਕੌ ਨਿਤ ਸੇਵੈ ॥160॥
ਸ੍ਰੀ ਹਜੂਰ ਸੁਨ ਗਿਰਾ ਅਲਾਈ[2] ॥ ਕਹੋ ਅਨਕ[2] ਭਾਈ ਬਿਗਸਾਈ ॥
ਜਿਸ ਪ੍ਰਭ ਨੇ ਕਰੁ ਪਗ ਇਹ ਦੀਨੇ ॥ ਅੰਨ ਬਸਨ ਰਸ ਉਨ ਕੀ ਕੀਨੇ ॥161॥

॥ ਦੋਹਰਾ ॥

ਹਮ ਮਿਹਨਤ ਕਰ ਖਾਵਤੇ ਏਹੁ ਮਿਥਯਾ ਹੰਕਾਰ ॥
ਗੁਰੂ ਗ੍ਰੰਥ ਪ੍ਰਮਾਨ ਸੁਨ ਸੈਂਸਾ ਦੇਊ ਨਿਵਾਰ ॥162॥

॥ ਤਥਾ ਪਉੜੀ ॥

ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜਮਾਇ ਪੀਸਾਵੈ ॥
ਆਪਿ ਪਕਾਵੈ ਆਪ ਭਾਂਡੇ ਦੇਇ ਪਰੋਸੈ ਆਪੇ ਹੀ ਬਹਿ ਖਾਵੈ ॥
ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ ॥
ਆਪੇ ਸੰਗਤਿ ਸਦ ਬਹਾਲੈ ਆਪੇ ਵਿਦਾ ਕਰਾਵੈ ॥
ਜਿਸ ਨੂੰ ਕ੍ਰਿਪਾਲ ਹੋਵੈ ਹਰਿ ਆਪੇ ਤਿਸ ਨੋ ਹੁਕਮੁ ਮਨਾਵੈ ॥162॥

॥ ਦੋਹਰਾ ॥

ਦੇਤ ਲੇਤ ਪ੍ਰਭੁ ਆਪ ਹੀ ਆਪੇ ਭੋਗਤ ਭੋਗ ॥
ਜੋ ਗੁਰਮੁਖਿ ਸਮਝੇ ਹੁਕਮੁ ਹਰਿ ਭੁਜ ਭਏ ਅਰੋਗ ॥163॥

---

1. ਅ ਪੋਥੀ ਧੰਨੁ
2. ਅ ਪੋਥੀ ਪਾਠਾਂਤਰ ; ਕਰੋ ਅਕਨ

॥ ਚੌਪਈ ॥

ਸਭ ਤੇ ਟਹਲ ਹਮਾਰੀ ਭਾਰੀ ॥ ਕੀਜੈ ਹਿਤ ਕਰ ਕਰੋ ਨ ਬਾਰੀ ॥
ਜੋ ਚਾਹੇ ਕੋਠੀ ਤੇ ਲਯਾਵੇ ॥ ਆਪ ਛਕੋ ਅੰਨ ਅਵਰੁ ਛਕਾਵੇ ॥166॥
ਭਾਈ ਜੀ ਪੁਨਿ ਅਰਜ਼ੀ ਅਲਾਈ ॥ ਜੀਵਨ ਤੇ ਕਦ ਹੋਤ ਕਮਾਈ ॥
ਆਪ ਬੈਨ ਮਾਨੈ ਸੁਖ ਦਾਤੇ ॥ ਜਨਮ ਮਰਨ ਦੁਖ ਹੋਵੈ ਹਾਤੇ ॥167॥
ਹਮ ਬਾਰਕ ਹੈ ਥਾਰੇ ਸ੍ਵਾਮੀ ॥ ਤੂ ਸਭ ਪਾਲਕ ਅੰਤਰੁਜਾਮੀ ॥
ਜੜ੍ਹ ਚੇਤਨ ਕੌ ਦੇਵਨਹਾਰੇ ॥ ਹਮ ਸੁ ਜੰਤ ਹੈ ਕੌਨ ਬਿਚਾਰੇ ॥168॥

॥ ਦੋਹਰਾ ॥

ਕੋਠੀ ਵਾਲੇ ਕੋ ਗੁਰੂ ਤਬੇ ਬੁਲਾਵਨ ਕੀਨ ॥
ਜੇਤ ਰਸਤ ਭਾਈ ਚੁਹੇ ਦੇਵੋ ਦੇਰ ਬਿਹੀਨ ॥169॥
ਸੁਨ ਕਰ ਹੁਕਮ ਹਜੂਰ ਕਾ ਪ੍ਰਣਤ ਕਰੀ ਕਰ ਜੋਰੁ ॥
ਜੋ ਜੇ ਲੇਵੈ ਦੇਉ ਸੋ ਦੇਰ ਕਰੋ ਨਹਿ ਭੋਰ ॥170॥

॥ ਚੌਪਈ ॥

ਸ੍ਰੀ ਹਜੂਰ ਜੀ ਮਯਾ ਬਡ ਕਰੈ । ਮਧੁਰੀ ਮੰਜ ਗਿਰਾ ਬਹੁ ਹਰੈ ॥
ਧਰਮਸਾਲ ਕੀ ਰਚਨਾ ਕੀਨਾ ॥ ਭੀਤ ਬਨਾਇ ਚੌਗਿਰਦਾ ਚੀਨਾ ॥171॥
ਹੈ ਕਵੀ ਗੁਰੂ ਗੁਰਦਿਤਾ ਰਾਮ ॥ ਸ੍ਰੀ ਗੁਰਦਰਸਟ ਰਹੇ ਅਭਰਾਮ ॥
ਧਰਿ ਅਕੋਰੁ ਪਗ ਸੀਸ ਨਿਵਾਵਾ ॥ ਗੁਰੂ ਮਯਾ ਤੇ ਬਡ ਸੁਖੇ ਪਾਵਾ ॥172॥

॥ ਦੋਹਰਾ ॥

ਸ੍ਰੀ ਕਮਲਾਨਨ ਬਚ ਭਨਾ ਭਾਈ ਜੀ ਤੁਮ ਧੰਨ ॥
ਵਾਹਿਗੁਰੂ ਸਿਮਰਨ ਕਰੋ ਜਨਮੁ ਮਰੇਨ ਦੁਖ ਹੰਨ ॥173॥

॥ ਚੌਪਈ ॥

ਧਰਮ ਸਾਲ ਰਚੰਨ ਮੋ ਲਾਗੇ ॥ ਈਟਾਂ ਘਾਣੀ ਕਰੀ ਸਭਾਗੇ ॥
ਭਾਈ ਦੁਖ ਭੰਝਣ ਦਿਖ ਹਰਖਾਇ ॥ ਭਾਈ ਗੁਰਦਿਤੈ ਕੰਠਿ ਲਗਾਇ ॥174॥

॥ ਦੋਹਰਾ ॥

ਵਰ ਬਾਨੀ ਸੁਨ ਭਨਤ ਕੇ ਜਸੁ ਪਾਵੋ ਜੁਗ ਲੋਕ ॥
ਜੋ ਤੁਮਰੀ ਸੰਗਤਿ ਕਰੇ ਹਰਿ ਪੁਰ ਪਾਵੈ ਓਕ ॥175॥

॥ ਚੌਪਈ ॥

ਯਾ ਮੋ ਗਾਥਾ ਹੈ ਅਤਿ ਰੂਰੀ ॥ ਜਾਸ ਸੁਨੇ ਅਘਿ ਹੋਵਤਿ ਚੂਰੀ ॥
ਔੜ ਭਈ ਬਹੁ ਮੇਘੁ ਨ ਬਰਖੈ ॥ ਖੇਤੀ ਸੁੱਕੀ ਸਭ ਮਨ ਕਰਖੈ ॥175॥
ਸਭ ਸਿਖਨ ਮਿਲ ਬਿਨਤੀ ਗਾਈ ॥ ਮੇਘ ਬਸਾਵੋ ਗੁਰ ਸੁਖਦਾਈ ॥
ਕਰਿ ਅਰਦਾਸ ਸਰਬ ਥਕਿ ਰਹੇ ॥ ਸ੍ਰੀ ਗੁਰ ਜੀ ਕਿਛੁ ਬਚਨੁ ਨ ਕਹੇ ॥176॥
ਪੁਨ ਭਾਈ ਕੌ ਸਭਨੇ ਕਹਾ ॥ ਇਹੁ ਕਾਰਜੁ ਤੁਮਰੇ ਤਕਿ ਰਹਾ ॥

ਪਰਮੑਾਰਥ ਕੀਜੈ ਤੁਮ ਭਾਈ ॥ ਤੁਮਰੋ ਕਹਯੋ ਨ ਗੁਰੂ ਹਟਾਈ ॥177॥
ਸੁਨ ਭਾਈ ਜੀ ਗਏ ਹਜੂਰ ॥ ਬਚਨ ਬਿਲਾਸ ਕਰੇ ਭਰਪੂਰ ॥
ਬਹੁਰੋ ਬ੍ਰਰਖਾ ਬਿਨੈ ਸੁਨਾਈ ॥ ਗਦ ਗਦ ਬਾਨੀ ਗੁਰੂ ਅਲਾਈ ॥178॥

॥ ਦੋਹਰਾ ॥

ਕਹਾ ਖੇਤ ਤਵ ਸੁਕਤ ਹੈ ਬਰਖਾ ਚਹੋ ਅਪਾਰ ॥
ਸੁਨ ਭਾਈ ਸੁਠ ਬਚਨ ਕਹਯੋ ਤੁਮ ਦਾਤੇ ਦਾਤਾਰ ॥179॥

॥ ਚੌਪਈ ॥

ਪੂਜਾ ਤੁਮਾਰੀ ਖੇਤ ਤੁਮਾਰੇ ॥ ਕਾਲ ਸੁਕਾਲ ਜੁਗਮ ਕਰ ਧਾਰੇ ॥
ਪੁਨਾ ਹਜੂਰ ਕਹਯੋ ਸੁਨ ਭਾਈ ॥ ਬਰਖਾ ਤੁਮਰੇ ਹਿਤ ਅਟਕਾਈ ॥180॥
ਧਰਮਸਾਲ ਲੇਪਨ ਕਰਵਾਵੋ ॥ ਈਧਨ ਅੰਤਰੁ ਸੰਚ ਧਰਾਵੋ ॥
ਜਬ ਗਿਰਮਾਲਾ ਲੇਹੁ ਕਰਾਈ ॥ ਤਬ ਬਰਖਾ ਬਹੁ ਆਵੈ ਭਾਈ ॥181॥
ਸਤ ਬਚਨੁ ਭਾਈ ਸੁਨ ਕੀਨਾ ॥ ਚਾਰ ਦਿਵਸ ਮੈ ਲੇਪਨ ਦੀਨਾ ॥
ਆਇ ਹਜੂਰ ਅਰਜਿ ਅਲਾਈ ॥ ਕਰਾ ਗਿਰਮਾਲਾ ਗੁਰ ਸੁਖਦਾਈ ॥182॥

॥ ਦੋਹਰਾ ॥

ਕਹਯੋ ਗੁਰੂ ਅਟਕਾਯੋ ਹਮਹੂੰ ਲੇਪਨ ਕਰਬੇ ਹੇਤ ॥
ਦੇਖਹੁ ਅਬ ਆਯੋ ਜਲਦ ਸਭ ਹੀ ਹੋਹੁ ਸੁਚੇਤ ॥183॥

॥ ਚੌਪਈ ॥

ਜੁਗਮ ਘਰੀ ਜਬ ਬੀਤਤ ਭਈ ॥ ਬਦਰੀ ਤਨਕ ਬਯੋਮ ਦਿਸ ਅਈ ॥
ਪਸਰੀ ਛਿਨ ਮੋ ਗਰਜਯੋ ਬਾਦਰ ॥ ਸੁਨਿ ਧੁਨਿ ਮੁਦਤ ਮਯੂਰ ਝਖ ਦਾਦਰ ॥184॥
ਬਰਖਾ ਹੋਈ ਜਲ ਥਲ ਪੂਰੇ ॥ ਲੋਗਨ ਕੇ ਮਿਟਿ ਗਏ ਬਿਸੂਰੇ ॥
ਤੀਨ ਦਿਵਸੁ ਲਗੁ ਬਰਖਾ ਹੋਈ ॥ ਜੜ ਚੇਤਨ ਕੇ ਸੰਕਟ ਖੋਈ ॥185॥
ਨੰਤੀ ਪੂਛਨ ਗੁਰ ਤੇ ਕੀਨਾ ॥ ਇਨ ਕੀ ਜਾਤ ਕਵਨ[1] ਪ੍ਰਬੀਨਾ ॥
ਜਿਨ ਕਾ ਬੈਨ ਨ ਮੋਰੋ ਸ੍ਵਾਮੀ ॥ ਮੁਝੇ ਸੁਨਾਵੋ ਅੰਤਰਜਾਮੀ ॥186॥

॥ ਦੋਹਰਾ ॥

ਸ੍ਰੀ ਹਜੂਰ ਸੁਨ ਕਹਤ ਭੇ ਗਦ ਗਦ ਬਚ ਹਰਖਾਤ ॥
ਕਯਾ ਸਾਕ ਦੇਨਾ ਇਨੇ ਪੂਛੈ ਇਨ ਕੀ ਜਾਤ ॥187॥
ਹਰਿ ਹਰਿ ਜਨ ਮੈ ਭੇਦ ਨਹਿ ਹਰਿ ਜਨ ਹੈ ਹਰਿ ਜਾਤ ॥
ਮੇਰੀ ਇਨ ਕੀ ਜਾਤ ਇਕ ਇਮ ਜਾਨੋ ਬਿਖਯਾਤ ॥188॥

॥ ਚੌਪਈ ॥

ਸੁਨ ਕਰ ਨੰਤੀ ਅਤ ਸਰਮਾਈ ॥ ਫੇਰਿ ਨ ਕਬਹੀ ਤਰਕ ਉਠਾਈ ॥
ਸਮ ਦਮ ਸਾਧ ਸਰਲ ਚਿਤ ਕੀਨਾ ॥ ਜਗ ਜੀਵਨ ਲਾਹਾ ਤਿਨੁ ਲੀਨਾ ॥188॥

---

1. ਅ ਪੋਥੀ ਕੌ ਹੈ

ਵਿਸੇ ਵਿਰਾਗੁ ਵਿਵੇਕੁ ਵਿਚਾਰਾ ॥ ਜਪੁ ਤਪੁ ਭਜਨੁ ਭਗਤੁ ਚਿਤੁ ਧਾਰਾ ॥
ਜਤੁ ਸਤੁ ਸੀਲੁ ਮਧੁਰ ਮੁਖ ਬਚਨਾ ॥ ਪੁਨਿ ਸੰਤੋਖਿ ਧਰਮੁ ਧ੍ਰਿਤੁ ਰਚਨਾ ॥189।
ਏ ਲਛਨ ਜਿਨ ਕੇ ਤਨੁ ਪਾਏ ॥ ਸੋਈ ਸੰਤ ਮੇਰੇਂ ਮਨੁ ਭਾਏ ॥
ਜਾਤਿ ਪਾਤ ਤੇ ਭਏ ਨਿਯਾਰੇ ॥ ਵਾਹਿਗੁਰੂ ਸਦੰ ਮੁਖੋਂ ਉਚਾਰੇ ॥190॥
ਬੈਨ ਕਹੈ ਬੇਦੀ ਕੁਲ ਕੇਤੁ ॥ ਰਾਖੇ ਸਾਧ ਕਰਾਵਤ ਹੇਤੂ ॥
ਕਥਾ ਕਿਰਤਨ ਹੋਇ ਨਿਸ ਭੋਰਾ ॥ ਕਾਮਿ ਆਦਿ ਮੇਟਾ ਜਿਨ ਸੋਰਾ ॥191॥

### (ਈਸੋ ਨੇ ਮਾਈ ਅਨੰਤੀ ਦਾ ਵਿਰੋਧ ਕਰਨਾ)

॥ ਦੋਹਰਾ ॥

ਸ੍ਰੀ ਹਜੂਰ ਗੁਰ ਮਯਾ ਤੇ ਨੰਤੀ ਭਈ ਅਨੰਤ ॥
ਮਾਤਾ ਸਾਥ ਬਿਰੰਧ ਕਰ ਈਸੋ ਹੋਈ ਜੰਤ ॥192॥

॥ ਚੌਪਈ ॥

ਗੁਰ ਸਰਵੰਸ ਹੈ ਤਿਸ ਕੇ ਪਾਸ ॥ ਆਇਸ ਤਿਸ ਕੀ ਨਹੀ ਮਿਟਾਸ ॥
ਪੁਤ੍ਰ ਪੌਤ੍ਰ ਪਰਵਾਰ ਬਡ ਫੈਲਾ ॥ ਸਭਨ ਸਾਥ ਬਡ ਕਰੈ ਧਕੈਲਾ ॥193॥
ਮਾਤਾ ਸਾਥ ਵੈਰ ਅਤਿ ਕਰੈ ॥ ਊਪਰੁ ਤੇ ਹਿਤ ਅਤਸੈ ਧਰੈ ॥
ਦਰ ਪਰ ਚੌਕੀ ਜਬਰ[1] ਰਖਾਈ ॥ ਦਾਸੀ ਦਾਸ ਨ ਜਾਵਨ ਪਾਈ ॥194॥
ਸਾਕ ਸੈਨ ਕਉ ਮਿਲਣ ਨ ਦੇਈ ॥ ਮਾਤਾ ਸਾਥ ਅਤਿ ਵੈਰ ਧਰੇਈ ॥
ਆਈ ਵਸਤੁ ਨੰ ਧੁਰ ਪਹੁਚਾਵੈ ॥ ਭੂਖਨ ਬਸਨੁ ਨ ਅਸਨੁ ਦਿਖਾਵੈ ॥195॥
ਅੰਨ ਨੀਰ ਨਹਿ ਪਹੁਚਨ ਦੇਈ ॥ ਐਸਾ ਬੈਰ ਧਰਾ ਰਿਦ ਤੇਈ ॥
ਛੁਧਾ ਤ੍ਰਿਖਾ ਵਸ ਦੁਖੀ ਰਹਾਵੈ ॥ ਪਾਸ ਨਹੀ ਕਿਸੁ ਆਖ ਸੁਨਾਵੈ ॥196॥
ਕੈਦ ਸਮਾਨ ਮਾਤ ਦੁਖ ਪਾਈ ॥ ਰਾਵਨ ਗ੍ਰਿਹ ਜਨੁ ਸੀਤਾ ਆਈ ॥
ਅਸ ਸੰਕਟ ਮਹਿਲਾ ਕੋ ਦਯੋ ॥ ਨਿਡਰ ਅਨੰਤੀ ਡਰੁ ਨਹਿ ਕਯੋ ॥197॥
ਖਬਰ ਹਜੂਰਨ ਕੌ ਪਹੁਕਾਵੈ ॥ ਨੰਤੀ ਰੋਜੀ ਬੰਦ ਕਰਾਵੈਂ ॥
ਭੂਖ ਪਿਯਾਸਾ ਮਾਤ ਸਹਾਰੈ ॥ ਪਾਦ ਪਦਮ ਗੁਰ ਕੇ ਰਿਦ ਧਾਰੈ ॥198॥

॥ ਦੋਹਰਾ ॥

ਜਿਮ ਸੀਤਾ ਲੰਕਾ ਵਿਖੇ ਰਾਮ ਚੰਦ ਰਿਦ ਧਾਰ ॥
ਤੈਸੇ ਮਹਿਲਾ ਮਹਲੁ ਮਹਿ ਸਾਹਿਬੁ ਸਿੰਘ ਦਿਤਾਰੁ ॥199॥
ਹਰਿ ਦਿਯਾਲ ਮਹਲੁ ਮਹਿ ਸਾਹਿਬੁ ਸਿੰਘ ਚਿਤਾਰ ॥
ਤਿਸ ਨ ਧੁਨਕ ਇਹ ਸੁਨ ਲਈ ਮਾਤਾ ਭਈ ਬਿਹਾਲ ॥200॥

॥ ਸੋਰਠਾ ॥

ਫੁਲਕੇ ਗੁਪਤੁ ਪਕਾਇ ਹਰਿ ਦਿਆਲ ਦਿਜ ਦਯਾ ਕਰਿ ॥
ਚੀਰ ਸੁ ਬੀਚ ਲੁਕਾਇ ਜਾਇ ਖਵਾਇ ਨਕੈਣ ਕੌ ॥201॥

1. ਮੂਲ ਪੋਥੀ ਜਬ, 2. ੲ ਪੋਥੀ ਸੂਪਕਾਰ

॥ ਚੌਪਈ ॥

ਅਸਨ ਖਾਇ ਪਾਨੀ ਜਬ ਪੀਆ ॥ ਮਾਤਾ ਹਿਰਦਾ ਸੀਤਲੁ ਥੀਆ ॥
ਹੁਇ ਪ੍ਰਸੰਨ ਮੁਖ ਗਿਰਾ ਅਲਾਈ ॥ ਸੁਨੋ ਦਿਜੰ ਤੂ ਬਡ ਸੁਖਦਾਈ ॥202॥
ਮੇਰੀ ਅੰਸੁ ਹੋਗ ਜੋ ਕੋਈ ॥ ਤੇਰੀ ਪਾਲ ਕਰੇਗਾ ਸੋਈ ॥
ਤੁਮ ਮੋ ਪਰ ਉਪਕਾਰ ਕਮਾਵੈ ॥ ਛੁਦਾਵੰਤ ਕੋ ਅੰਨੁ ਭੁੰਚਾਵੈ ॥203॥
ਧੰਨੁ ਬ੍ਰਿਪ੍ਰ ਤੂ ਪਰ ਉਪਕਾਰੀ ॥ ਮੇਰੀ ਸੇਵਾ ਕਰੀ ਅਪਾਰੀ ॥
ਨੰਤੀ ਨੇ ਇਹ ਸੁਧ ਸੁਨ ਧਾਈ ॥ ਹਰਿ ਦਿਆਲੁ ਲੇ ਭੋਜਨੁ ਜਾਈ ॥204॥
ਦੀਨੇ ਚੌਕੀਦਾਰ ਸਿਖਾਏ ॥ ਦਿਜੁ ਅੰਤਰਿ ਨਹਿ ਜਾਨੋ ਪਾਏ ॥
ਆਯੋ ਦਿਜੁ ਜਬ ਜਾਵਨ ਚਾਹੁ ॥ ਚੌਕੀਦਾਰਨ ਦੀਨ ਹਟਾਹੋ ॥205॥

॥ ਦੋਹਰਾ ॥

ਭਾਈ ਬਲੂ ਸਾਧ ਕੌ ਦੀਨੋ ਦਿਜੁ ਸਮੁਝਾਇ ॥
ਮੋ ਕੋ ਜਾਵੰਨ ਦੇਤ ਨਹਿ ਤੂੰ ਭੋਜਨੁ ਪਹੁਚਾਇ ॥206॥
ਭਾਈ ਬਲੂ ਰਾਮ ਜੀ ਕੋਇ ਕੁ ਯੁਗਤਿ ਬਨਾਇ ॥
ਅਸਨ ਪਹੁਚਾਵ ਮਾਤ ਕੌ ਐਸੇ ਸਮਾ ਬਿਤਾਇ ॥207॥

॥ ਚੌਪਈ ॥

ਇਕੁ ਮਾਈ ਕਰਮੋ ਤਿਹ ਆਈ ॥ ਮਾਤਾ ਦੁਖ ਦਿਖ ਗੁਰੈ ਸੁਨਾਈ ॥
ਮਹਿਲਾ ਸੁਧਿ ਲੀਜੈ ਸੁਖਦਾਨੀ ॥ ਅੰਨ ਖਾਇ ਨਹਿ ਪਿਵੇ ਨ ਪਾਨੀ ॥208॥
ਨੰਤੀ ਤਾ ਕੋ ਬਡ ਦੁਖ ਦੀਨਾ ॥ ਅੰਨ ਆਬ ਸਭ ਬੰਦੁ ਕਰੀਨਾ ॥
ਸੁਨ ਹਜੁਰ ਮੁਸਕਾਵਤ ਭਏ ॥ ਉਤ੍ਰ ਨ ਮਾਈ ਕੌ ਕਛੁ ਦਏ ॥209॥
ਜਬ ਪ੍ਰਸਾਦਿ[1] ਗੁਰੂ ਪੈਹ[1] ਆਵਾ ॥ ਹਰਿ ਦਿਆਲ ਪ੍ਰਤਿ ਬੈਨ ਅਲਾਵਾ ॥
ਅੰਤਰੁ ਥਾਲ ਸਦਾ ਪਹੁਚਾਈ ॥ ਨਕੈਣ ਸੇਵਾ ਕਰੋ ਬਨਾਈ ॥210॥
ਹਰਿ ਦਿਆਲੁ ਸੁਨਿ ਮਨਿ ਹਰਖਾਵਾ ॥ ਸਤ ਬਚਨੁ ਕਹਿ ਥਾਲ ਪਹੁਚਾਵਾ ॥
ਜੁਗਮ ਸਮੇ ਤਬਦੇ ਪਹੁਚਾਈ ॥ ਮਾਤਾ ਮਨ ਮਹਿ ਬਹੁ ਹਰਖਾਈ ॥211॥

॥ ਦੋਹਰਾ ॥

ਏਕ ਸਮੇ ਸ੍ਰੀ ਸਤ ਗੁਰੂ ਮਹਲੀ ਗੇ ਸੁਖ ਕਾਰ ॥
ਮਹਿਲਾ ਉਠਿ ਚਰਨੀ ਲਗੀ ਬਾਰ ਬਾਰ ਬਲਿਹਾਰ ॥212॥

॥ ਚੌਪਈ ॥

ਕਹਯੋ ਹਜੂਰ ਨ ਚਿੰਤਾ ਕੀਜੈ ॥ ਸੁਤ ਬਿਤ ਆਦਿ ਸਰਬ ਸੁਖ ਲੀਜੈ ॥
ਨੰਤੀ ਕੌ ਮੈ ਮਾਤ ਉਚਾਰਾ ॥ ਯਾਂ ਤੇ ਦੀਨੋ ਸੁਖ ਅਤਿ ਭਾਰਾ ॥213॥
ਆਪੇ ਇਸ ਨੇ ਕਰਾ ਬਿਗਾੜਾ ॥ ਸੰਤਤ ਇਸ ਪਾਵੈ ਦੁਖ ਭਾਰਾ ॥
ਤੁਮ ਕੌ ਹੋਵੈ ਸਦਾ ਅਨੰਦੂ ॥ ਜੋਗ ਸੁਤ ਤੁਮਰੇ ਹੁਇ ਸੁਖ ਕੰਦੂ ॥214॥

1. ਅ ਪੋਥੀ ਕਾ ਐਸਰ

ਵੰਡ ਖਾਵਨ ਕੀ ਬਾਨ ਧਰੀਜੈ ॥ ਵਾਹਿਗੁਰੂ ਸਦ ਜਪਿ ਜਪੀਜੈ ॥
ਬਚਨੁ ਬਿਲਾਸ ਕਰੈ ਸੁਖਦਾਈ ॥ ਬ੍ਾਹਰਿ ਆਏ ਸੰਤ ਸਹਾਈ ॥215॥

### (ਮਹਾਰਾਜਾ ਰਣਜੀਤ ਸਿੰਘ ਦਾ ਦਰਸ਼ਨਾਂ ਨੂੰ ਆਉਣਾ)

ਸਿੰਘ ਰਣਜੀਤ ਮਿਲਨੇ ਆਵਾ ॥ ਧਰ ਅਕੋਰ ਪਗ ਸੀਸ ਨਿਵਾਵਾ ॥
ਪਾਨ ਜੋਰੁ ਕਰੁ ਗਿਰਾਂ ਅਲਾਈ ॥ ਮੈ ਹਾਂ ਸੇਵਕ ਗੁਰ ਸੁਖਦਾਈ ॥216॥

॥ ਦੋਹਰਾ ॥

ਸਤਿਗੁਰ ਕੀਨੀ ਮਯਾ ਬਹੁ ਸੁਖ ਪੂਛੀ ਬਿਗਸਾਇ ॥
ਕਹਯੋ ਸਰਕਾਰ ਦਯਾ ਤੁਮ ਕੀਨੀ ਆਪ ਸਹਾਇ ॥217॥

॥ ਚੌਪਈ ॥

ਏਕ ਅਰਜੁ ਸੁਨੀਏ ਸੁਖਦਾਈ ॥ ਤੁਰਕਨ ਘੇਰੇ ਸਿੰਘ ਸਮੁਦਾਈ ॥
ਪੁਰ ਜਲਾਲ ਹੈ ਏਕ ਮਕਾਨਾਂ ॥ ਕਰੋ ਸਹਾਯ ਗੁਰ ਭਗਵਾਨਾ ॥218॥
ਕਹਯੋ ਹਜ਼ੂਰ ਨ ਚਿੰਤਾ ਕੀਜੈ ॥ ਵੀਰ ਵਾਰ ਕੌ ਫਤੇ ਲਖੀਜੈ ॥
ਆਂਵੇ ਸੁਧ ਦੇਰ ਨਹਿ ਕਾਈ ॥ ਰਹੋ ਪਾਸ ਨਹਿ ਚਿੰਤੌ ਰਾਈ ॥219॥
ਫਿਰ ਸਰਕਾਰ ਭਨਾ ਕਰੁ ਜੋਰੁ ॥ ਆਪ ਚਲੌ ਬੇਦੀ ਕੁਲ ਮੌਰੁ ॥
ਕਹਯੋ ਹਜ਼ੂਰ ਨ ਕਾਹਲ ਕੀਜੇ ॥ ਜੈ ਕੀ ਖਬਰੰ ਅਈ ਲਖੀਜੈ ॥220॥
ਬਾਰ ਬਾਰ, ਸਰਕਾਰ ਉਚਾਰਾ ॥ ਆਪ ਚਲੋ ਗੁਰੰ ਕਰੋ ਨ ਟਾਰਾ ॥
ਸ੍ਰੀ ਹਜ਼ੂਰ ਤਬ ਅਸ੍ਵ ਮੰਗਾਵਾ ॥ ਭਏ ਸਵਾਰੇ ਤਬ ਦੇਰੁ ਬਿਹਾਵਾ ॥221॥

॥ ਦੋਹਰਾ ॥

ਅਪਨੀ ਸੈਨਾ ਸਾਥ ਲੈ ਜੋ ਤੁਰਕਨ ਕੋ ਕਾਲ ॥
ਸਿੰਘ ਰਣਜੀਤ ਸੰਗ ਲੇ ਚਾਲੇ ਦੀਨ ਦਿਯਾਲ ॥222॥

॥ ਚੌਪਈ ॥

ਚਤੁਰ ਕੋਸ ਜਬ ਅਗ ਸਿਧਾਏ ॥ ਭ੍ਰਿਤ ਪਰਵਾਨੇ ਲੇਕਰ ਆਏ ॥
ਖੋਲਿ ਪਠਾਏ ਜਬ ਸਰਕਾਰ ॥ ਸਿੰਘਨ ਜੈ ਤੁਰਕਨ ਕੀ ਹਾਰ ॥223॥
ਆਇ ਹਜ਼ੂਰ ਸੁ ਬਿਨੈ ਉਚਾਰੀ ॥ ਵੀਰਵਾਰ ਜੈ ਹੋਈ ਭਾਰੀ ॥
ਆਪ ਮਯਾ ਕਰੁ ਸਿੰਘ ਬਚਾਇ ॥ ਹਲਤੁ ਪਲਤੁ ਜੁਗ ਕਰੋ ਸਹਾਇ ॥224॥
ਪੂਰਾ ਜੁ ਭਾਖਾ ਸੋਈ ਹੋਵ੍ਾ ॥ ਇਹ ਪ੍ਰਤਖ ਹਮ ਨੈਨੋ ਜੋਵਾ ॥
ਬੈਨ ਆਪ ਕੇ ਇਮ ਸਤ ਆਹਿ ॥ ਜਸ ਨਿਰਾਚੁ ਰਘੁਬੀਰ ਸੁਹਾਹਿ ॥225॥

॥ ਦੋਹਰਾ ॥

ਸ੍ਰੀ ਹਜ਼ੂਰ ਤਬ ਬਚ ਕਹਯੋ ਭਵ ਕਾਰਜ ਭਾ ਪੂਰ ॥
ਜਾਵੈ ਹਮ ਚਪੜਾਲ ਕੌ ਤੁਮ ਗ੍ਰਿਹ ਜਾਵੋ ਰੂਰ ॥226॥

## (ਦੀਵਾਨ ਸਿੰਘ ਦੀ ਕਥਾ)

॥ ਚੌਪਈ ॥

ਪਾਦ ਪਦਮ ਪਰ ਸੀਸ ਨਿਵਾਵਾ ॥ ਲੇ ਨਿਦੇਸ ਨਿਜ ਭਵਨ ਸਿਧਾਵਾ ॥
ਫਿਰਿ ਚਪੜਾਲ ਆਏ ਗੁਰ ਪੂਰੇ ॥ ਜਿਨ ਦਰਸੈ ਮਿਟ ਜਾਹਿ ਵਿਸੂਰੇ ॥227॥
ਦਿਵਾਨ ਹਰਿ ਨਿਧਾਨ ਹਰਿ ਭਾਈ ॥ ਇਹ ਜੁਗ ਆਏ ਗੁਰ ਸਰਨਾਈ ॥
ਔਰੈ ਸੰਗਤਿ ਆਈ ਸੰਗ ॥ ਸਬਦਿ ਗਾਤਿ ਭੇ ਪ੍ਰੀਤੀ ਰੰਗ ॥228॥
ਧਰੀ ਉਪਾਇਨ ਸਭ ਨੇ ਰੂਰੀ ॥ ਬਾਰ ਬਾਰ ਬੰਦਨੀ ਕਰੁ ਭੂਰੀ ॥
ਦਿਵਾਨ ਸਿੰਘ ਘੋੜੀ ਲੈ ਆਯਾ ॥ ਜੁਗ ਕਰ ਜੋਰੇ ਸੀਸ ਨਿਵਾਯਾ ॥229॥
ਗੁਰੂ ਕਹਯੋ ਤੁਰੰਗਨਿ ਲਿਜਾਵੋ ॥ ਜੋ ਹੈ ਸੁਖਨਾ ਸੋਇ ਚਢਾਵੋ ॥
ਸਿੱਖ ਕਹਯੋ ਤਾਜੀ ਥਾ ਹੀਨ[1] ॥ ਤਾ ਬਦਲੇ ਤਰੰਗਨਿ ਚੀਨ[2] ॥230॥

॥ ਦੋਹਰਾ ॥

ਬਚਨ ਕਹਯੋ ਹਜੂਰ ਜੀ ਗੁਰ ਤੈ ਲੋਭੀ ਨਾਹਿ ॥
ਜੋ ਸੁਖਨਾ ਸੋਈ ਦਿਜੈ ਸੁਨਿ ਕਰਿ ਸਿਖ ਹਰਖਾਇ ॥231॥

॥ ਚੌਪਈ ॥

[3]ਬਹੁਰੋ ਬਾਜੀ ਹੀ ਲੈਯਾਯਾ[3] ॥ ਸੋ ਹਜੂਰ ਕੇ ਹਿਰਦੇ ਭਾਯਾ ॥
ਸਭ ਕੇ ਮਨਿ ਸਰਧਾ ਬਡਿਆਈ ॥ ਲਈ ਖੁਸੀ ਗੁਰ ਪਾਗ ਬੰਧਾਈ ॥232॥
ਲੇ ਨਿਦੇਸ ਸਭ ਭਵਨ ਸਿਧਾਏ ॥ ਬਾਰ ਬਾਰ ਗੁਰ ਕੇ ਗੁਨ ਗਾਏ ॥
ਏਕ ਸਿਖ ਆਯੋ ਗੁਰ ਦਰਸਨ ॥ ਲਿਵ ਲਾਗੀ ਗੁਰ ਚਰਨਨ ਪਰਸਨ ॥232॥
ਇਕ ਦਮਰਾ ਧਰਿ ਸੀਸ ਨਿਵਾਵਾ ॥ ਕਹਯੋ ਗੁਰੂ ਤੁਮ ਲੇਹੁ ਉਠਾਵਾ ॥
ਚੋਬਦਾਰ ਚੁਕ ਤਿਹ ਕਰ ਦੀਨਾ ॥ ਹ੍ਵੈ ਲਜਤ ਤਿਨਹੂ ਲੇ ਲੀਨਾ ॥233॥
ਅਰਜਿ ਕਰੀ ਗੁਰ ਅਹੈ ਤੁਮਾਰਾ ॥ ਗੁਰੂ ਭਨਾ ਦ੍ਰਿਕੁ ਨਹੀ ਹਮਾਰਾ ॥
ਪੰਜ਼ੀ ਦਮਰੇ ਤਾਸ ਚਢਾਏ ॥ ਬਿਨੇ ਭੰਨੀ ਬਖਸੋ ਸੁਖਦਾਏ ॥234॥

॥ ਦੋਹਰਾ ॥

ਕਹਿ ਹਜੂਰ ਜੀ ਸਿਖ ਸੁਨੋ ਗੁਰ ਘਰੁ ਨਹਿ ਪਰਵਾਹਿ ॥
ਨਿਸਚਾ ਤੇਰਾ ਡੋਲਤੋ ਅੰਤੁ ਅੰਧੋਗਤਿ ਪਾਹਿ ॥235॥

॥ ਚੌਪਈ ॥

ਯਾਂਤੇ ਹਮਨੇ ਦੀਨ ਜਨਾਈ ॥ ਅਬ ਭਾਵੈ ਸਭ ਹੀ ਲੈ ਜਾਈ ॥
ਪਾਨ ਜੋਰੁ ਕਰਿ ਸਿੱਖ ਬਖਾਨਾ ॥ ਅੰਤੰਰਿਜਾਂਮੀ ਤੇ ਨਹਿ ਛਾਨਾ ॥237॥
ਹਮ ਹੈ ਲੋਭੀ ਕਪਟੀ ਕਾਂਮੀ ॥ ਨਿਸਚੈ ਹੰਮਰੇ ਮੈ ਹੈ ਖਾਂਮੀ ॥
ਖਤਾਂ ਬਖਸੋ ਗੁਰ ਸੁਖਦਾਈ ॥ ਮੈ ਮੂਰਖ ਨੇ ਕਰੀ ਬਜਾਈ ॥238॥

---

1. ਅ ਪੋਥੀ ਮਾੜਾ
2. ਅ ਪੋਥੀ ਚਾੜਾ
3. ਅ ਪੋਥੀ ਪਾਠਾਂਪਰ: ਬਹੁਰ ਵਹੀ ਤਾਜੀ ਹੀ ਲਯਾਯਾ ॥

ਚੰਦ ਬਦਨ ਸੁਨ ਗਿਰਾਂ ਬਖਾਨੀ ॥ ਵਾਹਿਗੁਰੂ ਸਿਮਰੋ ਸੁਖਦਾਨੀ ॥
ਰਿਦ ਤੇਂ ਸੰਕਾ ਦੇਹੁ ਹਟਾਇ ॥ ਸਿਖ ਸਾਧ ਕੀ ਸੇਵ ਕਮਾਇ ॥239॥

॥ ਦੋਹਰਾ ॥

ਸਿਰੋਪਾਇ ਸਤਿਗੁਰ ਦਯੋ ਲੀਨੋ ਸੀਸ਼ ਚਢਾਇ ॥
ਲੇ ਆਇਸ ਸਦਨੰ ਗਯੋ ਮਨ ਬਾਛਤੁ ਫਲੁ ਪਾਇ ॥240॥

(ਮਹਾਰਾਣੀ ਨਨੈਣ ਦਾ ਦਰਸ਼ਨਾ ਨੂੰ ਆਉਣਾ)

ਪਟਰਾਨੀ ਸਰਕਾਰ ਕੀ ਹੈ ਨਕੈਣ ਜਿਸੁ ਨਾਮੁ ॥
ਚਲਿ ਆਈ ਗੁਰ ਦਰਸ ਕੋ ਧਰੀ ਭੇਟ ਅਭਿਰਾਮ ॥241॥

॥ ਚੌਪਈ ॥

ਨਥੁ ਉਤਾਰ ਗੁਰ ਆਗੇ ਰਾਖੀ ॥ ਹੋਇ ਦੀਨ ਬਹੁ ਬਿਨਤੀ ਭਾਖੀ ॥
ਗੁਰ ਜੀ ਮੋਹਿ ਸੁਹਾਗ ਰਖੀਜੈ ॥ ਨੌਕਾ ਡੂਬਤ ਪਾਰ ਕਰੀਜੈ ॥243॥
[1]ਜੈਸੇ ਖਗੁ[1] ਤਿਸੁ ਗਰ ਮੋ ਪਾਵਾ ॥ ਤਿਮ ਮਰਤੇ ਕੋ ਲੇਹੁ ਬਚਾਵਾ ॥
ਆਪ ਬਿਨਾ ਨਹਿ ਕੋਇ ਹਮਾਰਾ ॥ ਦੁਖ ਸਿੰਧ ਤੇ ਕੀਜੈ ਪਾਰਾ ॥243॥
ਸ੍ਰੀ ਕਮਲਾਨਨ ਗਿਰਾ ਅਲਾਈ ॥ ਨਥੁ ਉਠਾਇ ਤੁਮ ਲੇਵੋ ਪਾਈ ॥
ਰਿਦ ਕੀ ਚਿੰਤਾ ਦੇਉ ਨਿਵਾਰੀ ॥ ਤੁਮਰੋ ਕੰਤ ਸੁਖ ਪਾਵੈ ਭਾਰੀ ॥244॥
ਦਿਨ ਦਿਨ ਰਾਜੁ ਬਧਤੋ ਜਾਈ ॥ ਅਪਗਾ ਰਸਤਾਂ ਦੇਵੈ ਤਾਂਹੀ ॥
ਬਡੀ ਧਾਂਕ ਤਿਸ ਕੀ ਜਗ ਹੋਵੈ ॥ ਪੁਤ੍ਰ ਸੁਪੌਤ੍ਰਨ ਕੇ ਸੁਖ ਜੋਵੈ ॥245॥
ਸੁਣ ਨਕਾਇਣ ਮਨ ਮਧੁ ਹਰਖਾਈ ॥ ਗੁਰ ਵਰ ਦੀਨੋ ਅੰਕਿ ਨ ਮਾਈ ॥
ਪਾਨ ਜੋਰੁ ਕਰੁ ਬੰਦਨੁ ਕੀਨੀ ॥ ਮਾਤਾਂ ਪਾਸ਼ ਗਈ ਰਸ ਭੀਨੀ ॥246॥
ਬਡ ਹਿਤ ਧਾਰ ਮਿਲੀ ਹਰਖਾਈ ॥ ਧਰੀ ਉਪਾਇਨ ਬੰਦਨੁ ਗਾਈ ॥
ਏਕੁ ਨਿਸਾਂ ਰਹਿ ਭਵਨ ਸਿਧਾਰੀ ॥ ਰੋਗੁ ਸਰਕਾਰ ਗਯੋ ਤਿਸੁ ਬਾਰੀ ॥247॥
[2]ਮਧੁ ਚਪੜਾਲੁ [2]ਸਦਾ ਰਹਾਵੈ ॥ ਸਿਖ ਸੰਤ ਚਲੁ ਦਰਸਨੁ ਆਵੈ ॥
ਲੰਗਰ ਕਿਰਤਨ ਹੁਇ ਜੁਗ ਕਾਲ ॥ ਅੰਨ ਸਬਦੁ ਕਾ ਕਰਾ ਸੁਕਾਲ ॥248॥

॥ ਦੋਹਹਾ ॥

ਏਕ ਦਿਨਸ ਪ੍ਰਸਾਦਿ ਸੁਭ ਕਰਵਾਯੋ ਗੁਰ ਦੇਵ ॥
ਦੇਵ ਦਨੁਜ ਜਾਂ ਕੋ ਨਿਵੈ ਕਰੈ ਭਲੀ ਬਿਧ ਸੇਵਾ ॥249॥

(ਭਾਈ ਦੁਖ ਭੰਜਨ ਦੀ ਸਾਖੀ)

॥ ਚੌਪਈ ॥

ਦੁਖ ਭੰਞਣ ਭਾਈ ਲੀਨ ਬੁਲਾਇ ॥ ਸਾਧ ਸਮੂਹਨਿ ਪਾਂਤ ਬਹਾਇ ॥
ਕੁਰਸ਼ੀ ਪੈ ਨਿਜ ਬੈਠਿ ਗੁਰ ਗਏ ॥ ਕਾਨ ਸਿੰਘ ਆਦਿ ਬਾਟਤ ਭਏ ॥250॥

---

1. ਅ ਪੋਥੀ ਪਾਠਾਂਤਰ : ਜੈਸਿ ਖੜਗ
2. ਅ ਪੋਥੀ ਪਾਠਾਂਤਰ : ਚਪੜਾਲੁ ਵਿਖੇ ਗੁਰ

ਧਾਫ਼ਲ ਗੀਤ ਗੁਰੂ ਪ੍ਰਗਟਾਈ ॥ ਤ੍ਰੈਤੇ ਦ੍ਵਾਰਪੁਰ ਹਰੀ ਕਰਾਈ ॥
ਗਿਰਾ ਗੰਭੀਰ ਕਹੈਂ ਸੁਖਦਾਏ[1] ॥ ਬਾਰ ਬਾਰ ਪੂਛੈ ਬਿਗਸਾਏ[2] ॥251॥
ਪ੍ਰਸਾਦਿ ਛਕਾਇ ਚੁਲੇ ਕਰਵਾਇ ॥ ਲੈ ਰਜਤ ਪਣ ਗੁਰ ਮੰਗਵਾਇ ॥
ਥਾਲੀ ਮੇਂ ਗੁਰ ਦੀਨੇ ਪਾਈ ॥ ਭਾਈ ਆਗੇ ਦੀਨੇ ਟਿਕਾਈ ॥252॥

॥ ਦੋਹਰਾ ॥

ਦੁਖ ਭੰਜਨ ਭਾਈ ਕਹਯੋ ਸੁਨੋ ਗਰੀਬੁ ਨਿਵਾਜਿ ॥
ਹਮ ਤੋ ਆਪੁ ਗੁਲਾਮ ਹੈ ਕਿਯਾਂ ਕੀਨੋ ਸੁਖ ਸਾਜ ॥253॥
ਸ੍ਰੀ ਹਜੂਰਿ ਸਸਿ ਬਦਨੁ ਤੇ ਕਹੀ ਗਿਰਾ ਗੰਭੀਰ ॥
ਸੀਤ ਰੁਤਿ ਆਈ ਬਡੀ ਬਸਨ ਬਸਾਵੋ ਧੀਰ ॥254॥

॥ ਚੌਪਈ ॥

ਉਠਿ ਕਰਿ ਭਾਈ ਚਰਨ ਗਹਾਨੇ ॥ ਭਗਤੁ ਬਸਨੁ ਦੀਜੈ ਗੁਨ ਖਾਨੇ ॥
ਅੰਤਿ ਕਾਲ ਗੁਰ ਕਰੋ ਸਹਾਇ ॥ ਜਨਮੁ ਮਰਨ ਕੀ ਪੀੜਾ ਜਾਇ ॥255॥
ਦਿਖੁ ਸੰਤੋਖੁ ਗੁਰੂ ਹਰਖਾਏ ॥ ਧੰਨੁ ਧੰਨੁ ਭਾਈ ਬਚ ਗਾਏ ॥
ਫਿਰ ਸ੍ਰੀ ਗੁਰ ਜੀ ਗਿਰਾ ਅਲਾਈ ॥ ਲੋਰੁ ਪਯੈ ਨਹਿ ਮੋੜੇ ਭਾਈ ॥256॥
ਭਾਈ ਮੁਸਟੀ ਇਕ ਭਰ ਲੀਨ ॥ ਤੀਨ ਰੁਪੈਯੈ ਕਰ ਗੁਰ ਚੀਨ ॥
ਸਾਹਿਬੁ ਕਰ ਮੇਂ ਕਰ ਗਹਿ ਲੀਨ ॥ ਕੰਠਿ ਲਗਾਵਾ ਸੇਵਕੁ ਚੀਨ ॥257॥
ਕਰੀ ਮਯਾ ਗੁਰ ਦੀਨ ਦਯਾਲਾ ॥ ਦਾਸਨ ਪਾਲਨ ਬਿਰਦ ਬਿਸਾਲਾ ॥
ਨੰਤੀ ਪ੍ਰਤਿ ਗੁਰ ਗਿਰਾ ਅਲਾਈ ॥ ਸਧ ਸੰਤੋਖ ਦੇਖੋ ਮਾਈ ॥258॥

॥ ਦੋਹਰਾ ॥

ਮਾਈ ਆਦਿਕੁ ਨੁਤ ਕਰੈ ਭਾਈ ਸੀਸ ਨਿਵਾਇ ॥
ਆਇ ਧਰਮਸਾਲ ਵਿਖੇ ਰਿਦ ਮੇ ਸਾਂਤ ਬਸਾਇ ॥259॥

॥ ਚੌਪਈ ॥

ਦੁਖ ਭੰਜਨੁ ਭਾਈ ਸੁਠ ਗਿਯਾਨੀ ॥ ਕਾਮ ਆਦਿ ਜਿਨ ਕੀਨੇ ਹਾਨੀ ॥
ਸੁਭ ਮਾਰਗੁ ਮੇਂ ਸਾਧੂ ਪਾਏ ॥ ਪਰ ਉਪਕਾਰੁ ਵਿਖੁ ਮਨੁ ਲਾਏ ॥260॥
ਭਾਈ ਦੇਹਿ ਰੰਜ ਭਾ ਭਾਰੀ ॥ ਪੀਰਾ ਹੋਈ ਅਪਰ ਅਪਾਰੀ ॥
ਅਸਟ ਰੋਗ ਲਾਗੇ ਤਨੁ ਆਈ ॥ ਆਠ ਪਿਆਰੇ ਕਹੈ ਸਦਾਈ ॥261॥
ਤਾਪ ਸਿਰਤ ਕਫ ਪਿਤ ਜੰਭਾਈ ॥ ਖਾਂਸੀ ਗਰਮੀ ਦ੍ਰਿਗ ਕੰਜ੍ਰਾਈ ॥
ਕਰਮ ਅਧੀਨ ਸਰੀਰੁ ਪਛਾਨੇ ॥ ਆਪਨਿ ਆਪ ਨਿਆਰਾ ਜਾਨੇ ॥262॥

1. ਅ ਪੋਥੀ ਪਾਠਾਂਤਰ : ਸੁਖਦਾਤੇ
2. ਅ ਪੋਥੀ ਬਿਰਾਜਤੇ

॥ ਦੋਹਰਾ ॥

ਰਾਜ ਰੰਕ ਬਰਾਬਰੀ ਸਾਧ ਚੋਰੁ ਸਮ ਭਾਇ ॥
ਪਰਾਲਭਤਿ ਨਿਜ ਦੇਹ ਹੀ ਸੁਖ ਦੁਖ ਭੋਗਤ ਆਇ ॥263॥

॥ ਚੌਪਈ ॥

ਯਾਤੇ ਮਨ ਮੈ ਧੀਰਜ ਠਾਨੇ ॥ ਹਾਇ ਸਬਦਿ ਨਹਿ ਮੁਖੋ ਬਖਾਨੇ ॥
ਆਹਿ ਹਜੂਰ ਪਗ ਬੰਦਨ ਕੀਨੀ ॥ ਕਹਿ ਗਿਰਾ ਅਮੀ ਰਸ ਭੀਨੀ ॥264॥
ਸਾਹਿਬ ਜੀ ਜੇ ਤੌ ਕੌ ਭਾਵੈ ॥ ਇਸ ਤਨ ਕਾ ਬ੍ਰਿਬਾਹੁ ਹ੍ਵੈ ਜਾਵੈ ॥
ਸ੍ਰੀ ਹਜੂਰ ਕਹਯੋ ਸੁਨ ਭਾਈ ॥ ਪਾਖ ਦਿਨਾ ਲਗ ਤਵ ਤਨੁ ਆਈ ॥262॥
ਪਰਾਲਭਧ ਕਿੰਚਤ ਹੈ ਤੇਰੀ ॥ ਬਿਨੁ ਭੋਗੇ ਨਹਿ ਜਾਇ ਨਬੇਰੀ ॥
ਭਾਈ ਕਹਯੋ ਸੁਨੋ ਸੁਖਦਾਈ ॥ ਅੰਤੁ ਕਾਲ ਹੋ ਆਪੁ ਸਹਾਈ ॥266॥
ਬਡੇ ਬਡੇ ਜੋ ਈਸ ਕਹਾਵੈ ॥ ਅੰਤ ਕਾਲ ਤੇ ਸਭ ਡਰੁ ਪਾਵੈ ॥
ਮਾਰੂ ਰਾਗ ਮਧੁ [ਜੋ][1] ਗੁਰੂ ਬਖਾਨਾ ॥ ਗੁਰੂ ਗ੍ਰੰਥ ਕੋ ਹੈ ਪਰਮਾਨਾ ॥267॥

॥ ਮਾਰੂ ਮਹਲਾ ॥੧॥

ਡਰਪੈ ਧਰਤਿ ਅਕਾਸੁ ਨਖਤ੍ਰ ਸਿਰੁ ਊਪਰਿ ਅਮਰੁ ਕਰਾਰਾ ॥
ਪਉਣ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ ॥1॥
ਏਕਾ ਨਿਰਭਉ ਬਾਤ ਸੁਨੀ ॥
ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ ॥੧॥ਰਹਾਉ॥
ਦੇਹੁ ਧਾਰੁ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰੁ ਮੁਇਆ ॥
ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ ॥2॥
ਰਾਜਸੁ ਸਾਤਕੁ ਤਾਮਸ ਡਰਪਹਿ ਕੇਤੇ ਰੂਪ ਉਪਾਇਆ ॥
ਛਲੁ ਬਪੁਰੀ ਇਹੁ ਕਉਲਾ ਡਰਪਹਿ ਅਤਿ ਡਰਪੈ ਧਰਮੁ ਰਾਇਆ ॥3॥
ਸਗਲ ਸਮਗੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥
ਕਹੁ ਨਾਨਕ ਭਗਤਨੁ ਕਾ ਸੰਗੀ ਭਗਤਿ ਸੋਹਹਿ ਦਰਬਾਰਾ ॥4॥268॥

॥ ਚੌਪਈ ॥

ਜਬ ਭਾਈ ਮੁਖ ਐਸ ਬਖਾਨਾ ॥ ਸ੍ਰੀ ਕਮਲਾਨਨ[2] ਭੇ ਹਰਖਾਨਾ ॥
ਸੁਨ ਭਾਈ ਤੁਮ ਦੇਉ ਸੁਨਾਈ ॥ ਜਨਮੁ ਮਰਨ ਤਬ ਗਯੋ ਬਿਲਾਈ ॥269॥
ਮਨ ਆਦੀ ਸਭ ਦੇਵੋ ਰੋਕ ॥ ਆਤਮ ਧਯਾਨੁ ਕਰੋ ਨਹਿ ਸੋਕ ॥
ਆਤਮ ਸੁ ਅੰਸ ਜੋਤ ਪ੍ਰਕਾਸਾ ॥ ਰਾਗ ਦ੍ਵੈਖ ਕੇ ਬਿਨੁ ਅਬਿਨਾਸਾ ॥270॥
ਹਰਖੁ ਸੋਕਿ ਜਿਸੁ ਮਾਹਿ ਨ ਲੇਸਾਂ ॥ ਜਨਮੁ ਮਰਨੁ ਜਿਸੁ ਨਹੀ ਕਲੇਸਾ ॥
ਘਨਾ ਨੰਦ ਪੂਰਨ ਇਕ ਸਾਰਾ ॥ ਇਮ ਪ੍ਰਕਾਰੁ ਆਤਮੁ ਨਿਰਧਾਰਾ ॥271॥

---

1. ੲ ਪੋਥੀ ਕਰੁਣਾ
2. ਅ ਪੋਥੀ ਵਿਚੋ ਨਿਨਿ

ਜਾਗ੍ਰਤ ਸ੍ਵਪਨ ਸੁਖੋਪਤਿ ਤੀਨੋਂ ॥ ਇਨ ਕੋ ਨੀਕੇ ਸਾਖੀ ਚੀਨੋ ॥
ਸਦਾ ਅਲੇਪਾ ਸਭ ਤੇ ਨਯਾਰੇ ॥ ਐਸੋ ਅਪਨੋ ਰੂਪ ਨਿਹਾਰੇ ॥272॥
ਇਹ ਨਿਸਚਾ ਨਿਜ ਮਨ ਮੈ ਧਾਰੋ ॥ ਵਾਹਿਗੁਰੂ ਸਦ ਮੁਖੋ ਉਚਾਰੋ ॥
ਬਾਪੁ ਤਿਯਾਗੁ ਗੁਰ ਨਾਨਕ ਪਾਵੋ ॥ ਜਗਤੁ ਜਾਲ ਮੋ ਬਹੁਰਿ ਨ ਆਵੋ ॥273॥

॥ ਦੋਹਰਾ ॥

ਪਾਨ ਜੋਰ ਭਾਈ ਭਨਾ ਗੁਰ ਨਾਨਕ ਤੁਮ ਆਹਿ ॥
ਦ੍ਵੈਦਸ ਬਪ ਪ੍ਰਗਟਾਯੋ ਸਿਖਨ ਹੇਤ ਸੁਹਾਹਿ ॥274॥

॥ ਸ੍ਵੈਯਾ ॥

ਰੂਪ ਨ ਰੇਖ ਨ ਰੰਗੁ ਨ ਰਾਗ ਨ ਸੰਗ ਅਕਾਲ ਸਦਾਏ ॥
ਪੂਰਨ ਸ੍ਰੀ ਪਰਮੇਸੁਰ ਜੋ ਪੁਰਸੋਤਮ ਪਾਰ ਨਹੀ ਕੋਊ ਪਾਏ ॥
ਪਾਤ ਨ ਜਾਤ ਨ ਮਾਤ ਨ ਤਾਤ ਨ ਭਾਤ ਨੇ ਬੇਦ ਅਨੰਤ ਅਲਾਏ ॥
ਸੋ ਕਰਤਾਰੁ ਧਰਾ ਅਵਤਾਰ ਧਰੈ ਪਰ ਸਾਹਿਬੁ ਸਿੰਘ ਕਹਾਏ ॥275॥

॥ ਦੋਹਰਾ ॥

ਕਰਕੇ ਬਚਨੁ ਬਿਲਾਸੁ ਕੋ ਗੁਰ ਕੇ ਪਾਦ ਮਨਾਇ ॥
ਧਰਮਸਾਲ ਮੋ ਜਾਤਿ ਭੇ ਤਨ ਤੇ ਰੋਗੁ ਬਿਲਾਇ ॥276॥

## (ਮਹਾਰਾਜਾ ਰਣਜੀਤ ਸਿੰਘ ਦੀ ਬੇਨਤੀ)

॥ ਚੌਪਈ ॥

ਔਰੁ ਪ੍ਰਸੰਗ ਸੁਨੋ ਮਨੁ ਲਾਈ ॥ [1]ਲਿਖੀ ਸਰਕਾਰ ਅਰਜਿ [1]ਬਨਾਈ ॥
ਲੈ ਕਰ ਮਾਨਵ ਆਵਾ ਧਾਇ ॥ ਸਤਿਗੁਰ ਆਗੇ ਦੀਨ ਟਿਕਾਇ ॥278॥
ਖੋਲੀ ਅਰਜੀ ਲੀਨ ਪਠਾਈ ॥ ਬਿਨੈ ਸਰਕਾਰ ਅਤ ਸੇ ਗਾਈ ॥
ਲਾਖ ਮੰਦੁ ਜਿਮ ਪੰਡ ਸੁਤ ਰਾਖ ॥ ਪ੍ਰਹਿਲਾਦ ਹਿਤ ਫਾਰ ਹਰਨਾਖ ॥278॥
ਦਰੁਪਤ ਸੁਤਾ ਕੇ ਚੀਰ ਬਧਾਏ ॥ ਜਨਮ ਸੁਤ ਹਿਤ ਨਿਸਚਰ ਘਾਵੇ ॥
ਬਾਰ ਨ ਤਾਰਨ ਬੋਰਨ ਲਾਈ ॥ ਲੀਨ ਪਰੀਛਤ ਆਪ ਬਚਾਈ ॥279॥
ਨਗ ਉਠਾਇਓ ਗੋਪ ਬਚਾਏ ॥ ਕੰਸ ਆਦਿ ਮਾਰੇ ਬਲ ਲਾਏ ॥
ਤਾਰਾ ਆਜਮ ਮਾਰ ਗਵਾਵਾ ॥ [2]ਸਾਹਿ ਬਹਾਦੁ[2] ਛਤ੍ਰ ਫਿਰਾਵਾ ॥280॥

॥ ਦੋਹਰਾ ॥

ਤੈਸੇ ਆਵੋ ਗੁਰੂ ਜੀ ਕੀਜੈ ਆਪ ਸਹਾਇ ॥
ਮੋਨ ਮਰਟਾ ਜੁਗ ਆਏ ਸਰਬ ਪੰਥ ਭੈ ਖਾਇ ॥281॥

1. ਅ ਪੋਥੀ ਪਾਠਾਂਤਰ : ਸਰਕਾਰ ਅਰਜਿ ਲਿਖੀ
2. ਅ ਪੋਥੀ ਪਾਠਾਂਤਰ : ਬਹਾਦੁ ਸਾਹਿ ਸਿਰ

[1]ਭੋ ਭੀਤ[1] ਮਰਟਾ ਕੂਚ ਕਰ ਬਾਸਰੂ ਮਜਲ ਕਰਾਇ ॥
ਤਿਸ ਕੋ ਅਤਿ [2]ਅੰਗਰੇਜ ਰਿਸ ਚੋਢ ਕਰ ਮਗਰ ਪਰਾਇ ॥282॥

॥ ਚੌਪਈ ॥

ਚਾਰ ਲਾਖ ਮਰਟੇ ਕੀ ਸੈਨਾਂ ॥ ਕੰਧ ਪਲਾਵਨ ਪਗ ਠਹਰੈ ਨਾ ॥
ਤੀਰ ਲਾਖ ਅੰਗਰੇਜ ਬਿਰੂਥਕ੍ਰਿ ॥ ਸਕਟ ਨਾਲ ਘੁੜ ਨਾਲ ਨਿਅਗਨ ॥283॥
ਸਮਝ ਨ ਪਰੇ ਕਵਨ ਬਿਧ ਆਵਤ ॥ ਮੁਜਲੋ ਮਜਲ ਪੰਜਾਬੈ ਧਾਵਤ ।
ਮਰਜੀ ਮਿਲੀ ਕਿਧੋ ਜੁਗ ਨਿਯਾਰੀ ॥ ਸਪਤ ਲਾਖ ਸਤਰੂ ਬਲ ਕਾਰੀ ॥284॥
ਆਪ ਮਯਾ ਕਰ ਛੇਤੀ ਆਵੋ ॥ ਬੇੜਾ ਬੂਡਤ ਆਪ ਬਚਾਵੋ ॥
ਚੰਦ੍ਰਹਾਸ ਜੈਸੇ ਗਰ ਘਾਟੀ ॥ ਤੈਸੇ ਸਤਰੂ ਦੇਹੁ ਧਲਾਈ ॥285॥
ਅਰਜੀ ਐਸ ਸੁਨੀ ਗੁਰ ਪੂਰੇ ॥ ਭੇ ਤਯਾਰ ਜੰਗ ਮੋ ਪੂਰੇ ॥
ਸੈਨਾ ਅਪਨੀ ਕਰ ਬਹੁ ਤਿਯਾਰੇ ॥ ਚੜਤੀ ਕੀਨੀ ਕਰੀ ਨ ਬਾਰ ॥286॥

॥ ਦੋਹਰਾ ॥

ਗੈ ਅੰਬਾਰੀ ਚੜ ਚਲੇ ਬੇਦੀ ਕੁਲ ਕੇ ਈਸ ॥
ਧੌਸਾ ਬਾਜਤ ਅਸ ਭਯੋ ਦਲ ਸਤਰੂ ਹੋਇ ਖੀਸ ॥387॥

॥ ਚੌਪਈ ॥

ਭਾਈ ਦੁਖ ਭੰਵਨ ਮਿਲਨੇ ਹਿਤ ॥ ਜਥਾ ਸੁ ਸਕਤੀ ਲਿਆਏ ਬਿਤ ॥
ਸਤਿਗੁਰ ਆਗੇ ਚਲੇ ਸੁ ਗਏ ॥ ਪੌਰ ਪ੍ਰਾਸ ਭਾਈ [3]ਦ੍ਰਿਟ ਭਏ ॥288॥
ਚਰਨ ਸਿੰਘ ਬਾਜੀ ਕੋ ਪ੍ਰੇਰਾ ॥ ਬਿਨੇ ਬਖਾਨੀ ਹੁਇ ਗੁਰ ਨੇਰਾ ॥
ਪੌਰ ਤਲਕ ਭਾਈ ਚਲ ਆਵਾ ॥ ਨੈਨਨ ਨੀਰ ਚਲਾ ਤਿਸ ਜਾਵਾ ॥289॥
ਸੁਨ ਕਰ ਸਾਹਿਬ ਗਯੰਦ ਹਟਾਯੋ ॥ ਆਏ ਸੀਘਰੁ ਬਿਮਲ ਬਿਹਾਯੋ ॥
ਤਯਾਗ ਕਰੀ ਕੋ ਛਿਤ ਥਿਰਾਨੇ ॥ ਭਾਈ ਦੋਨੋ ਚਰਨ ਗਹਾਨੇ ॥290॥

॥ ਦੋਹਰਾ ॥

ਭਾਈ ਦਾੜ੍ਹੇ ਊਪਰੈ ਸਤਗੁਰੂ ਜੁਗ ਕਰਿ ਫੇਰਿ ॥
ਮੰਜ ਗਿਰਾ ਸਤਿਗੁਰ ਭਨੀ ਅੰਮ੍ਰਿਤ ਮੈ ਸਭ ਹੇਰ ॥291॥
ਮਾਤ ਪਿਤਾ ਤਵ ਧੰਨ ਹੈ ਜਿਨ ਗ੍ਰਿਹ ਐਸ ਸਪੂਤ ॥
ਤਯਾਗ ਬਿਸੈ ਸੰਸਾਰੂ ਕੈ ਰਾਖਯੋ ਗੁਰ ਘਰ ਸੂਤ ॥292॥

॥ ਚੌਪਈ ॥

ਧਰਮਸਾਲ ਜੋ ਜਾਇ ਬਿਰਾਜੇ ॥ ਵਾਹਿਗਰੂ ਸਿਮਰੋ ਅਨੁਰਾਗੋ ॥
ਸਰਬ ਬਿਆਪੀ ਮੋ ਕੋ ਜਾਨੋ ॥ ਤਨੁ ਬਿਛਰਤੁ ਨਹਿ ਸੰਕਾ ਮਾਨੋ ॥293॥

---

1. ਅ ਪੋਥੀ ਮੋਹਰ
2. ਅ ਪੋਥੀ ਦਲੁ
3. ਮੂਲ ਪੋਥੀ ਭਈ

ਜਿਮ ਫੂਲਨ ਸੰਗ ਬਾਸੰ ਰਹਾਈ ॥ ਤੈਸੇ ਮੈ ਤੁਮਰੇ ਸੰਗਿ ਭਾਈ ॥
ਐਸੇ ਕਹਿ ਗੁਰ ਭਏ ਅਸਵਾਰ ॥ ਜਿਨ ਦਰਸੇ ਨਹਿ ਅਵੈ ਹਾਰ 294॥
ਨਦੀ ਉਲੰਘੁ ਦੇਹੁਰੇ ਆਏ ॥ ਗੁਰ ਸਥਾਨ ਚਲ ਦਰਸਨ ਪਾਏ ॥
ਏਕ ਨਿਸਾ ਰਹਿ ਚਲੇ ਅਗਾਰੀ ॥ ਸ਼ਿਘਨ ਸੈਨਾ ਮਿਲੀ ਅਪਾਰੀ ॥295॥

॥ ਦੋਹਰਾ ॥

ਪ੍ਰਥਮੇ ਮਿਲਯੋ ਰਨਜੀਤ ਹਰਿ ਕੀਨੋ ਨਜਰ ਕਿਕਾਨ ॥
ਚਰਨਨ ਪਰ ਬੰਦਨ ਕਰੀ ਤਯਾਗਾ ਮਨੋ ਗੁਮਾਨ ॥296॥
ਆਪ ਸਹਾਈ ਪੰਥ ਕੇ ਮੈਂ ਚਰਨਨ ਕਾ ਦਾਸ ॥
ਹਾਥ ਕਮਲ ਕੇ ਰਾਖੀਏ ਦੁਸਟਨ ਕਰੋ ਬਿਨਾਸ ॥297॥

॥ ਚੌਪਈ ॥

ਰਣਜੀਤ ਸਿੰਘ ਕੋ ਧੀਰਜੁ ਦੀਨ ॥ ਤੁਮਰੇ ਅਰਿ ਮੈ ਕਰਨੇ ਹੀਨ ॥
ਰਦਨ ਮਾਂਝ ਜਿਮ ਜੀਭ ਰਹਾਈ ॥ ਰਦ ਟੂਟੈ ਨ ਜੀਭ ਬਿਨਸਾਈ ॥298॥
ਪੁਰ ਤੇ ਬਾਰ ਸਿਵਰ ਲਗਾਵਾ ॥ ਭਾਈ ਮਣਸੇ ਸਿੰਘ ਸੁਨ ਪਾਵਾ ॥
ਲੇ ਸੰਗਤਿ ਚਲ ਦਰਸਨੁ ਆਯੋ ॥ ਧਰੀ ਉਪਾਇਨ ਸੀਸ ਨਿਵਾਯੋ ॥299॥
ਭਾਈ ਗੁਰਦਿਤਾ ਲੇ ਕਰ ਸਾਧ ॥ ਆਸ ਉਪਾਧ ਨਹੀ ਜਿਨ ਬਿਆਧ ॥
[1]ਹੈ ਜਿਨ [1]ਸਾਥੈ ਸੰਗਤਿ ਭਾਰੀ ॥ ਸਬਦਿ ਪਢਤ ਹੈ ਬਾਰੋ ਬਾਰੀ ॥300॥
ਬੈਠੋ ਸੰਗਤਿ ਗੁਰੂ ਅਲਾਇ ॥ ਧਰਿ ਅ ਕੋਰਿ ਕਰਿ ਸਭ ਹਰਖਾਇ ॥
ਏਕ ਏਕ ਕੋ ਗੁਰੂ ਬੁਲਾਵੈ ॥ ਜਿਸੈ ਬੁਲਾਵੈ ਤਿਸੁ ਹਰਖਾਵੈ ॥301॥
ਭੇਟਾ ਕੇ ਲਗ ਗਏ ਅੰਬਾਰਾ ॥ ਕੌਨ ਗਿਨੇ ਕਛੁ ਵਾਰ ਨਾ ਪਾਰਾ ॥
ਸੰਗਤਿ ਭੀਰ ਭਈ ਤਬ ਭਾਰੀ ॥ ਰਵੀ ਦੇਖਿ ਜਿਮ ਕੰਜ ਸੁਖਾਰੀ ॥302॥

॥ ਦੋਹਰਾ ॥

ਭਾਈ ਮਣਸੇ ਸਿੰਘ ਪ੍ਰਤਿ ਸਤਗੁਰ ਆਇਸ ਦੀਨ ॥
ਕਿਰਤਨ ਕੀਜੈ ਪ੍ਰੇਮ ਕਰੁ ਸਤ ਬਚਨੁ ਤਿਨ ਕੀਨ ॥303॥

॥ ਚੌਪਈ ॥

ਸਰੰਦਾ ਜੋੜੀ ਅਵਰੁ ਸਤਾਰ ॥ ਤਾਰ ਮਿਲਾਈ ਕਰ ਇਕ ਸਾਰ ॥
ਸਬਦ ਪਢਤ ਭਏ ਪ੍ਰੇਮ ਲਗਾਈ ॥ ਜਾਸ ਸੁਨੇ ਮਨੁ ਆਨੰਦੁ ਪਾਈ ॥304॥
ਸੁਨ ਸੁਨ ਸਿਖ ਮਨ ਮੋ ਹਰਖਾਵੈ ॥ ਜਨਮ ਮਰਨ ਕੀ ਫਾਸ ਮਿਟਾਵੈ ॥
ਬਹੁਰਿ ਸੁਨਨ ਕੀ ਇਛਾ ਧਾਰੈ ॥ ਤਨੁ ਮਨੁ ਧਨੁ ਗੁਰ ਪਗ ਪਰ ਵਾਰੈ ॥305॥
ਸਰਬ ਪੁਜਾਰੀ ਚਲ ਕਰ ਆਏ ॥ ਨਗਰ ਲੋਕਿ ਕਛੁ ਵਾਰੁ ਨ ਪਾਏ ॥
ਸਿੰਘ ਸਿਰਦਾਰ ਅੰਤੁ ਨ ਆਵੈ ॥ ਹੈ ਮੈ ਰੂਪੀ ਭੇਟ ਚੜ੍ਹਾਵੈ ॥307॥

1. ਅ ਪੋਥੀ ਜਿਨ ਕੈ

ਜਸਵੰਤ ਰਾਣ[1] ਮਰਹਟਾ ਆਯੋ ॥ ਗਰ ਮੇ ਅੰਚਰੁ ਜਿਸ ਨੇ ਪਾਯੋ ॥
ਪਾਦ ਪਦਮ ਪਰ ਸੀਸ ਝੁਕਾਵਾ ॥ ਮੈ ਹਾਂ ਸੇਵਕੁ ਬੈਨ ਅਲਾਵਾ ॥308॥

॥ ਸ੍ਵੈਯਾ ॥

ਭੇਟ ਧਰੀ ਮੁਹਰਾਂ ਪਸ ਅੰਬਰ ਮੋ ਤਿਨ ਮਾਲ ਉਘਾਰ ਦਿਖਾਰੀ ॥
ਜੀਨ ਜਰਾਇ ਜਰੇ ਬਰ ਬਾਜਨਿ ਦੀਰਘੁ ਫਲ ਨ ਉਚ ਅੰਬਾਰੀ ॥
ਦਛਨ ਦੇਸ ਕੇ ਔਰ ਅਮੰਲ ਅਜਾਇਬ ਚੀਜ਼ ਮਨੋਹਰ ਭਾਰੀ ॥
ਕੰਕਨ ਕੁੰਡਲੇ ਅੰਗਦ ਹਾਰ ਜਿਗਾ ਕਲਗੀ ਜੁਗਨੀ ਜਰਕਾਰੀ ॥308॥

॥ ਦੋਹਰਾ ॥

ਪੰਝੀ ਸਹਸ ਭੇਟਾ ਧਰੀ ਮੈ ਹਾ ਗੁਰ ਸ੍ਰਨਾਇ ॥
ਧੀਰਜੁ ਦੀਨਾ ਸਤਿਗੁਰੂ ਮੰਜ ਗਿਰਾ ਮੁਖ ਗਾਇ ॥309॥
ਕਿਉ ਭਾਗਾ ਹੈ ਦੁਸਟ ਤੇ ਛਤ੍ਰੀ ਹੈ ਬਲਧਾਰ ॥
ਸਮਰ ਸੂਰ ਹ੍ਵੈ ਜੰਗ ਕਰ ਸੇਰ ਹੋਇ ਮ੍ਰਿਗਮਾਰ ॥310॥

॥ ਚੌਪਈ ॥

ਭੇਟ ਆਪਨੀ ਲੇਹ ਉਠਾਈ ॥ ਹਨ ਨਹ ਲੇਵੈ ਆਧੀ ਰਾਈ ॥
ਸਤ੍ਰੂ ਤੇ ਤੂ ਭਜ ਕਰੁ ਆਵਾ ॥ ਡਰ ਕਰ ਹਮਰੀ ਸਰਨ ਤਕਾਵਾ ॥311॥
ਮਨ ਤੇ ਚਿੰਤਾ ਦੇਹੁ ਉਠਾਇ ॥ ਮੋ ਨਨ ਤੁਮਰਾ ਕਛੁ ਬਿਚਲਾਏ ॥
ਜਬ ਸਦਨੋ ਸ੍ਰਧਾ ਕਰ ਐ ਹੈ ॥ ਭਾਉ ਭਗਤਿ ਕਰਿ ਭੇਟ ਚੜੈ ਹੈ ॥312॥
ਤਬ ਲੈਵੈਂਗੇ ਭੇਟਾ ਤੇਰੀ ॥ ਅਬੈ ਉਠਾਵੋ ਕਰੋ ਨ ਬੇਰੀ ॥
ਜਸਵੰਤ ਰਾਇ ਮਨ ਸਰਧਾ ਅਹੀ ॥ ਲੋਭ [2]ਨ ਜੀ ਗੁਰ ਪੂਰਾ ਸ਼ਹੀ ॥313॥
ਮਨ ਤਨ ਕਰ ਗੁਰ ਸੇਵਕ ਹੋਵਾ ॥ ਹਿਰਦੈ ਚਿੰਤਾ ਦੀਨੀ ਖੋਵਾ ॥
ਜੁਗ ਲੋਕਨ ਗੁਰ ਕਰੋ ਸਹਾਇ ॥ ਭੇਟਾ ਲੀਜੈ ਨਿਜ ਸੁਖਦਾਇ ॥314॥

॥ ਦੋਹਰਾ ॥

ਬਹੁਤ ਬੇਨਤੀ ਕਰ ਕਹਯੋ ਭੇਟਨ ਲੀਨ ਹਜੂਰ ॥
ਸ੍ਰੀ ਕਮਲਾਨਨ ਬਚ ਭਨਾ ਗੁਰ ਨਾਨਕ ਘਰ ਪੂਰ ॥315॥
ਗੁਮਟਾਲਾ ਹਮਰੇ ਮਗਰ ਡੇਰਾ ਕਰ ਉਤ ਜਾਇ ॥
ਹਮ ਤੇਰੇ ਮੁਹਰੇ ਰਹੇ ਤੁਮ ਪਰ ਜੋਰ ਨ ਪਾਇ ॥316॥

॥ ਚੌਪਈ ॥

ਮਾਨ ਬਚਨੁ ਜਾ ਸਿਵਰ ਲਗਾਵਾ ॥ ਗੁਰੂ ਮਯਾ ਪਿਖ ਰਿਦ ਹੁਲਸਾਵਾ ॥
ਸਰਕਾਰ ਕੋ ਸਤਗੁਰ ਹਕਾਰਾ ॥ ਖਾਸ ਬੈਠਾਇ ਬੈਨ ਉਚਾਰਾ ॥317॥

---

1. ਅ ਪੋਥੀ ਰਾਈ
2. ੲ ਪੋਥੀ ਤਮਾ

ਮਰਹਟੇ ਕੀ ਹਮ ਕਰੈ ਸਹਾਇ ॥ ਤੂ ਆਗੇ ਹੁਇ ਜੰਗ ਮਚਾਇ ॥
ਸਤੇ ਸਤ ਸ੍ਰਕਾਰ ਉਚਾਰਾ ॥ ਸਹਿਤ ਸੈਨ ਮੈ ਸੇਵਕ ਥਾਰਾ ॥318॥
ਕਿਸ ਥਲ ਹੋਵੈ ਜੰਗ ਸੁਆਮੀ ॥ ਹੋਹੁ ਬਤਾਇ ਗੁਰ ਅੰਤਰਜਾਮੀ ॥
ਧਰਮ ਸਾਰ ਗੁਰ ਗਿਰਾ ਅਲਾਈ ॥ ਜੋ ਸੁਭ ਕੋ ਹੈ ਅਤਿ ਸੁਖਦਾਈ ॥319॥

॥ ਦੋਹਰਾ ॥

ਗੁਰਦ੍ਵਾਰਾ ਕੁਰਛੇਤ੍ਰ ਸਮ ਯਹੀ ਲਰਨ ਕਾ ਖੇਤ ॥
ਜੀਤੇ ਜਗੁ ਜਸੁ ਪਾਈਏ ਮਰੇ ਮੁਕਤ ਫਲ ਦੇਤ ॥320॥

॥ ਸ੍ਵੈਯਾ ॥

ਦੇਸ ਪੰਜਾਬ ਅਮੀ ਸਮ ਆਬ ਕੇ ਫੂਲ ਗੁਲਾਬੁ ਬਸੰਤ ਸੁਹਾਯੋ ॥
ਪੂਰਨ ਸੰਤ ਸੋਢੀਸ ਗੁਰੂ ਜਿਨ ਤਾਲ ਤਵਾਇ ਗਿਰੰਥ ਪੁਜਾਯੋ ॥
ਪੰਥ ਬਨਾਇ ਮਲੇਛੁ ਖਪਾਇ ਸੁ ਨਾਮ ਜਪਾਇਕੈ ਰਾਜ ਦਿਵਾਯੋ ॥
ਤੇਜ ਬਢਾਇ ਕੈ ਭੋਗੁ ਭੁਗਾਇ [ਢਾਇ ਕੈ ਸੰਗ ਯੁਧ ਕਰਨ][1] ਕੈ ਸਿਖਾਯੋ ॥321॥

॥ ਚੌਪਈ ॥

ਅੰਮ੍ਰਿਤਸਰ ਸਭ ਤੇ ਅਧਿਕਾਈ ॥ ਗੰਗਾ ਆਦਿਕ ਤਹ ਚਲ ਆਈ[2] ॥
ਧਰ ਸਰਧਾ ਜੋ ਮਜਨੁ ਕਰ ਹੈ ॥ ਜਨਮ ਮਰਨ ਦੁਖ ਤਤੁ ਖਿਨੁ ਹਰ ਹੈ ॥322॥
ਦਿਨੁ ਦਿਨੁ ਮਹਿਮਾ ਹੋਇ ਸਵਾਈ ॥ ਕੀਟ ਆਦਿ ਮੁਕਤੀ ਸਭ[3] ਪਾਈ ॥
ਗੁਰ ਸਿਖਨ ਕੇ ਮਜਨੁ ਜੋਗੁ ॥ ਦੇਵੈ ਮੁਕਤੀ ਮੇਟੈ ਰੋਗੁ ॥323॥
ਐਸਾ ਛੇਤ੍ਰ ਅਹੈ ਸੁਖ ਦਾਤਾ ॥ ਪਾਪ ਸਮੂਹਨ ਕਰਤਾ ਹਾਤਾ ॥
ਸੁਨ ਸਰਕਾਰ ਜੁਗਮ ਕਰ ਜੋਰੇ ॥ ਸਤ ਸਤ ਹੈ ਸਤਗੁਰ ਮੋਰੇ ॥324॥
ਲੇ ਆਇਸ ਨਿਜ ਡੇਰੇ ਗਇਆ ॥ ਛਾਯਾਵਾਨ ਤਰੇ ਥਿਤੁ ਭਇਆ ॥
ਤਬ ਅੰਗਰੇਜ ਵਕੀਲ ਪਠਾਯੋ ॥ ਪ੍ਰਤਿ ਸਰਕਾਰੁ ਤਿਸ ਭਾਖ ਸੁਨਾਯੋ ॥325॥

**(ਅੰਗਰੇਜਾ ਨੇ ਮਰਹੱਟੇ ਜਸਵੰਤ ਰਾਓ ਦੀ ਵਾਪਸੀ ਲਈ ਵਕੀਲ-ਭੇਜਣਾ)**

॥ ਦੋਹਰਾ ॥

ਸਾਹਿਬ ਲੋਕਿ ਤੁਮ ਪ੍ਰਤਿ ਕਹਯੋ ਮਾਨੋ ਹਮਰੀ ਆਨ ॥
ਮਰਹਟ ਦੇਹੁ ਫਰਾਇ ਮੁਝ ਮੈ ਨਹਿ ਦੇਨਾ ਜਾਨਾ ॥326॥

॥ ਚੌਪਈ ॥

ਹਮਰਾ ਚੋਰ ਮਟਹਟਾ ਆਵਾ ॥ ਤੁਮ ਲੀਨਾ ਹੈ ਪਾਛੈ ਪਾਵਾ ॥
ਜੇ ਦੇਵੋ ਤਿਸ ਕੋ ਪਕਰਾਈ ॥ ਤੁਮਰੀ ਹਮਰੀ ਭਈ ਮਿਤਾਈ ॥327॥

---

1 ਅ ਪੋਥੀ ਵਿਚੋਂ

2. ਅ ਪੋਥੀ ਪਾਠਾਂਤਰ: ਗਿਰਾ ਆਦਿ ਨੁਤ ਕਰੈ ਬਨਾਈ. 3. ਅ ਪੋਥੀ ਲੇ

ਜੇ ਨਹਿ ਮਾਨੇ ਕਹਯੋ ਹਮਾਰਾ ॥ ਤੁਮ ਕੌ ਗਹਿ ਲੇਵੈ ਬਿਨ ਬਾਰਾ ॥
ਸਾਹਿਬੁ ਲੋਕਿ ਕਾ ਸਦਨੁ ਅਪਾਰ ॥ ਇਸੇ ਪਕਰਾਵੋ ਕਰੋ ਨ ਬਾਰ ॥328॥

॥ ਦੋਹਰਾ ॥

ਸੁਨ ਸਰਕਾਰ ਉਚਾਰਿਆ ਉਤਰੁ ਸੁਨਹੁ ਬਾਸੀਠ ॥
ਮਾਲਕ ਆਪਿ ਹਜੂਰ ਹੈ ਭਾਜ ਪਰੀ ਜਿਨ ਪੀਠ ॥329॥
ਸਾਹਿਬ ਤੈ ਕਾਰਨ ਕਰਨ ਹਮ ਉਨ ਕੇ ਅਨੁਸਾਰ ॥
ਲਿਖ ਭੇਜਾ ਉਤਰੁ ਇਹੀ ਜਾ ਕਰ ਉਸੇ ਉਚਾਰ ॥330॥

॥ ਚੌਪਈ ॥

ਜਾਂ ਵਕੀਲ ਨੇ ਖਬਰ ਸੁਨਾਈ ॥ ਸੁਨ ਅੰਗਰੇਜ ਗਿਨਤੀ ਆਈ ॥
ਤਿਨ ਡੇਰਾ ਕਪੂਰਥਲ ਪਾਵਾ ॥ ਗੁਰੂ ਖਾਸ ਲਿਖ ਬਹੁਰ ਪਠਾਵਾ ॥331॥
ਤੁਮਰਾ ਸਦਨੰ ਦੇਹੁਰਾ ਅਹੈ ॥ ਜੁਦਾ ਹੋਇ ਸਾਹਿਬ ਉਤ ਰਹੈ ॥
ਚਾਰਿ ਲਾਖੁ ਦਮਰਾ ਗੁਰ ਲੇਹੁ ॥ ਮਹਰਟਾ ਮੁਝ ਪਕਰਾਇ ਸੁ ਦੇਹੁ ॥332॥
ਜੇ ਤੁਮ ਮੇਰੋ ਕਹਯੋ ਨ ਮਾਨੋ ॥ ਸੀਖ ਮਹਰਟਾ ਜੁਗ ਮੈ ਹਾਨੋ ॥
ਮੈ ਪੰਚਾਨਨ ਅਤਿ ਬਲਕਾਰੀ ॥ ਏਹੁ ਏਣ ਹੈ ਮੋਰਿ ਅਗਾਰੀ ॥333॥
ਬਡੇ ਬਡੇ ਭੁਪਤਿ ਮੈ ਖੋਏ ॥ ਮੈ ਬਾਜੁ ਏਹੁ ਤੀਤਰ ਜੋਏ ॥
ਆਪ ਫਕੀਰ ਕਨਾਰੇ ਹੂਜੈ ॥ ਹਿੰਦੂ ਤੁਰਕ ਸਰਬ ਤੁਮ ਪੂਜੈ ॥334॥

॥ ਦੋਹਰਾ ॥

ਰਾਰ ਉਠਾਵਨ ਸੁਭ ਨਹੀ ਮਾਨੋ ਬੈਨ ਹਮਾਰ ॥
ਚਾਰ ਲਾਖ ਰਿਸਵਤ ਲਿਵੋ ਮਾਂਡੋ ਨਾਹੀ ਰਾਰ ॥335॥

॥ ਚੌਪਈ ॥

ਐਸੇ ਲਿਖਾ ਹਜੂਰ ਪਠਾਵਾ ॥ ਲੇ ਵਕੀਲ ਕਰ ਸੀਘਰ ਆਵਾ ॥
ਨਮੋ ਠਾਂਨ ਪਰਵਾਨਾ ਦੀਨਾ ॥ ਸ੍ਰੀ ਹਜੂਰ ਪਠਾਵਨ ਕੀਨਾ ॥336॥
ਜਬੈ ਹਕੀਕਤ ਗੁਰ ਸੁਨ ਪਾਈ ॥ ਦੀਨਾ ਕਾਗਜ ਤਬੈ ਫਰਾਈ ॥
ਨਿਰਖ ਵਕੀਲ ਮੋਨ ਹ੍ਵੈ ਰਹਾਂ ॥ ਪੇਖ ਪ੍ਰਤਾਪ ਕਛੂ ਨਹਿ ਕਹਾ ॥337॥
ਪੁਨਿ [1]ਸਰਕਾਰ ਮਰਹਟਾ ਆਯੋ ॥ ਜੁਗਲ ਗੁਰੂ ਪਗ ਸੀਸ ਨਿਵਾਯੋ ॥
ਪਾਨ ਜੋਰੁ ਜੁਗ ਬੈਠਤ ਭਏ ॥ ਪਾਦ ਪਦਮ ਗੁਰੁ ਕੇ ਮਨ ਦਏ ॥338॥
ਸਰਬ ਸੁਨਤ ਗੁਰ ਬਚਨੁ ਬਖਾਨਾ ॥ ਲਿਖ ਮੁਨਸੀ ਅਬ ਦੇਰ ਨਾ ਠਾਨਾ ॥
ਚਾਰਿ ਲਾਖ ਕਿਯਾ ਚਾਰਿ ਕਰੋੜ ॥ ਹਮ ਕੌ ਨਾਹੀ ਰਿਸਵਤ ਲੋੜ ॥339॥

॥ ਦੋਹਰਾ ॥

ਮਾਯਾ ਦਾਸੀ ਗੁਰੂ ਕੀ ਸਦਾ ਕਮਾਵੈ ਕਾਰ ॥
ਪੰਥ ਹਮਾਰੋ ਅਤਿ ਬਲੀ ਹੈ ਬਲ ਮਾਂਡੋ ਰੋਰ ॥340॥

---

1. ਅ ਪੋਥੀ ਸੁਨ

॥ ਚੌਪਈ ॥

ਹਮ ਛਤ੍ਰੀ ਹੈ ਰਾਰੰ ਭਾਵੈ ॥ ਜੰਗ ਬਨੈ ਤਾ ਮਨ ਹੁਲਸਾਵੈ ॥
ਸੂਰਜ ਵੰਸੀ ਹਮ ਹੈਂ ਸੂਰੇ ॥ ਜੁਧੁ ਕੀਏ ਨਹਿ ਉਤਰੋ ਪੂਰੇ ॥341॥
ਜੇ ਤੂ ਗਰਬੇ ਸੈਨਾ ਨਾਲ ॥ ਸਿੰਘ ਬਨੈਗੇ ਤੁਮਰੋ ਕਾਲ ॥
ਯਦਪਿ ਕਰੀ ਗਨ ਬਹੁਤੋ ਹੋਈ ॥ ਮ੍ਰਿਗੁ ਪਤਿ ਦੇਵੈ ਤਿਨ ਕੋ ਖੋਈ ॥348॥
ਤਾਰੇ ਚਮਕੈ ਤਬ ਲਗ ਭੂਰ ॥ ਜਬ ਲਜ ਉਦੇ ਨ ਹੋਯੋ ਸੂਰ ॥
ਜਿਤਨਾ ਜੋਰ ਤਨ ਤਿਤਨ ਲਾਉ ॥ ਕਾਇਰ ਕੂਰ ਮੁਖ ਕਰੈ ਬਕਾਉ ॥343॥
ਸਿੰਘ ਚਾਹਤ ਹੈ ਜੰਗ ਮਚਾਵਾ ॥ ਤੁਮਰੀ ਕੁਲ ਬਨ ਕੋ ਹੈ ਦਾਵਾ ॥
ਅਬ ਲੌ ਹਮਰੇ ਬਰਜੇ ਰਹੈ ॥ ਚੰਦ੍ਰਹਾਸ ਜਿਨ ਕਰ ਮੋ ਗਹੈ ॥344॥

॥ ਦੋਹਰਾ ॥

ਹੁਕਮੁ ਪਠਾਯੋ ਲਿਖ ਗੁਰੂ ਗਯੋ ਵਕੀਲ ਤਬ ਧਾਇ ॥
ਸਾਹਿਬੁ ਲੌਕਿ ਪੜ੍ਹਾਯੋ ਸੁਨ ਕਰ ਮਨ ਬਿਸਮਾਇ ॥345॥
ਇਹ ਸਲਾਹਿ ਗੁਰ ਪੰਥ ਕੀ ਸੁਨੀ ਫਰੰਗੀ ਕਾਂਨ ॥
ਦੰਡ ਦਾਂਮ ਛਲ ਭੇਦ ਤਜਿ ਗਹੀ ਗੁਰੂ ਕੀ ਸਾਨ ॥346॥

॥ ਚੌਪਈ ॥

ਤਬ ਕਾਗਜ ਅੰਗ੍ਰੇਜ ਲਿਖਾਵਾ ॥ ਸੁਲਾ ਕਰਾਵੋ ਮੁਹਿ ਇਹ ਭਾਵਾ ॥
ਜਿਉ ਇਸ ਕੀ ਮੇਰੀ ਬਿਧ ਬਨੇ ॥ ਆਪ ਬਨਾਵੋ ਲੀਜੇ ਗੁਨੇ ॥347॥
ਚੌਥੇ ਭਾਗ ਰਾਜ ਮੁਹਿ ਦੇਵੈ ॥ ਖਾਏ ਪਹਿਨੇ ਹਰਿ ਕੋ ਸੇਵੈ ॥
ਲੁਦਿਆਣੇ ਮੈ ਜਾਇ ਠਹਿਰਾਵੋ ॥ ਮਰਹਟ ਕੋ ਨਿਜੁ ਦੇਸ ਪਹੁਚਾਵੋ ॥348॥
ਯਾਂ ਮੈ ਛਲ ਨਹਿ ਰੰਚਕ ਮਾਨੋ ॥ [1]ਸੁਗੰਧ ਖੁਦਾਇ[1] ਜੇ ਛਲ ਜਾਨੋ ॥
ਐਸੇ ਲਿਖ ਵਕੀਲ ਪਠਾਵਾ ॥ ਲੇ ਕਾਗਜ ਸੋ ਤਤੁ ਖਿਨੁ ਆਵਾ ॥349॥

॥ ਦੋਹਰਾ ॥

ਸਰਕਾਰ ਮਰਹਟੇ ਜੁਗਮ ਕੋ ਲੀਨਾਂ ਗੁਰੂ ਹਕਾਰ ॥
ਆਏ ਔਰੁ ਸਿਰਦਾਰੁ ਬਹੁ ਭਈ ਭੀਰ ਗੁਰਦੁਆਰ ॥350॥

॥ ਚੌਪਈ ॥

ਨਵੀਸਿੰਦ[2] ਕਾਗਜ ਤਬ ਵਾਚਾ ॥ ਸੁਨਿ ਕਰੁ ਸਭ ਕੇ ਮਨ ਮੋ ਰਾਚਾ ॥
ਮਰਹਟੇ ਪ੍ਰਤ ਗੁਰ ਗਿਰਾ ਅਲਾਈ ॥ ਲਿਖੀ ਬਾਤ ਤੁਮਰੇ ਮਨੁ ਭਾਈ ॥351॥
ਸੁਨ ਗੁਰ ਬਾਨੀ ਤਿਨੇ ਬਖਾਨੀ ॥ ਜੋ ਕਰ ਦੇਵੋ ਸੋ ਮੈ ਮਾਨੀ ॥
ਸਰਕਾਰ ਆਇ ਸਭ ਪੂਛਨ ਕੀਨ ॥ ਭਲਾ ਭਲਾ ਸਭ ਨੇ ਕਹਿ ਦੀਨ ॥352॥

---

1. ਅ ਪੋਥੀ ਪਾਠਾਂਤਰ : ਖੁਦਾਇ ਸ਼ਹੀਦ
2. ੲ ਪੋਥੀ ਮੁਨਸੀ ਨੇ

ਕਰ ਗੁਰਮਤਾ ਵਕੀਲ ਫਿਰਾਏ ॥ ਮਨ ਮਨਾਇ ਬਿਬ ਦੀਨ ਮਿਲਾਏ ॥
ਪੂਛਾ ਗੁਰ ਜੀ ਹੁਇ ਪਰਸੰਨ ॥ ਕਹਤੁ ਭਯੋ ਸਤਿਗੁਰ ਧਨੁ ਧੰਨੁ ॥353॥
ਕੀਨੀ ਮੋਰੀ ਐਸ ਸੁਹ੍ਹਾਇ ॥ ਸੁਕਠ ਭਭੀਖਨ ਰਾਜੋ ਦਿਵਾਸਿ ॥
ਦਾਸਨਿ ਦਾਸ ਦਾਸ ਮੁਹਿ ਜਾਨੋ ॥ ਰਾਖੀ ਪੈਜਿ ਗਹਯੋ ਮਮ ਪਾਨੋ ॥354॥

॥ ਦੋਹਰਾ ॥

ਏਕ ਬਿਨੇ ਔਰੇ ਕਹੌ ਸੁਨੀਏ ਦੀਨ ਦਿਯਾਲ ॥
ਅੰਮ੍ਰਿਤਸਰੁ ਦਰਸਾਈਏ ਨਿਯਾਵੈਂ ਗੁਰ ਦਰ ਭਾਲ ॥355॥
ਸੁਨ ਕਰ ਤਿਸ ਕੀ ਅਰਜ ਕੋ ਕਹਯੋ ਬੈਨੁ ਗੁਰ ਦਯਾਲ ॥
ਭੋਰ ਚਲੇਗੇ ਹਮ ਤਹਾਂ ਤੂ ਭੀ ਚਾਲੋ ਨਾਲ ॥356॥

॥ ਚੌਪਈ ॥

ਸਤ ਬਚਨ ਤਿਨ ਗਿਰਾ ਅਲਾਈ ॥ ਸਰਕਾਰ ਆਦਿ ਗਏ ਹਰਖਾਈ ॥
ਭਾਈ ਮਣਸਾ ਸਿੰਘ ਸੁਜਾਨਾ ॥ ਤਿਸੁ ਪ੍ਰਤਿ ਸ੍ਰੀ ਗੁਰ ਬੈਨ ਬਖਾਨਾ ॥357॥
ਤ੍ਰਿਹਾਵਲ ਲੇਵੇ ਭੋਰੁ ਕਰਾਈ ॥ [1]ਸ੍ਰੀ ਦਰਬਾਰੇ ਜਾਵੇ ਭਾਈ ॥
ਸਤ ਬਚਨ ਕਹਿ ਭਵਨ ਸਿਧਾਵਾ ॥ ਹੋਤ ਭੋਰੁ ਕੜਾਹਿ ਕਰਵਾ ॥358॥
ਸਰਕਾਰ ਮਰਹਟਾ ਲੇਕਰ ਨਾਲ ॥ ਚੜੇ ਅੰਬਾਰੀ ਦੀਨ ਦਿਆਲ ॥
ਬੀਚ ਬਜਾਰੁ ਜਬੈ ਗੁਰ ਆਏ ॥ ਮੁਸਟਾਂ ਦਮੜੇ ਬਹੁ ਬਰਖਾਏ ॥359॥
ਭਈ ਭੀਰ ਗੁਰ ਕੇ ਦਰਬਾਰ ॥ ਸੰਗਤਿ ਦਰਸੇ ਅਪੁਰ ਅਪਾਰੁ ॥
ਹਰ ਕੀ ਪਉੜੀ ਮਜਨ ਕੀਨਾ ॥ ਦੀਨਨ ਕੋ ਬਿਤ ਦੀਨੋ ਪੀਨਾ ॥360॥

॥ ਦੋਹਰਾ ॥

ਧੰਨ ਚੀਰ ਪਰਸਾਦ ਸੁਭ ਸ੍ਰੀ ਦਰਬਾਰੁ ਚਢਾਇ ॥
ਰਾਗੀ ਗ੍ਰੰਥੀ ਸਰਬ ਕੋ ਦੀਨੋ ਬਿਤੰ ਦਿਵਾਇ ॥361॥

॥ ਚੌਪਈ ॥

ਮਰਹਟੇ ਪੂਜ ਬਹੁਤ ਚਢਾਈ ॥ ਸ੍ਰੀ ਦਰਬਾਰ ਦਿਖ ਰਹਾਂ ਲੁਭਾਈ ॥
ਕੰਜ ਦੇਖ ਖਟ ਪਦ ਬਿਗਸਾਵੈਂ ॥ ਐਸੇ ਰਾਜਾ ਮਨ ਹਰਖਾਵੈ ॥362॥
ਅਕਾਲ ਬੁੰਗੇ ਚਲ ਸਤਗੁਰ ਆਏ ॥ ਅਕਾਲੀ ਭੇਟਾ ਲੈ ਬਿਗਸਾਏ ॥
ਝੰਡੇ ਬੁੰਗੇ ਆਦਿਕੁ ਸਾਰੇ ॥ ਭੇਟਾ ਦੀਨੀ ਅਪਰੁ ਅਪਾਰੇ ॥363॥
ਬਾਬੇ ਸਾਹਿਬ ਭੇਟਾ ਦੀਨੀ ॥ ਜਿਸ ਕੀ ਮਹਿਮਾ ਹੈ ਜਗ ਪੀਨੀ ॥
ਫੀਲੰ ਊਪਰਿ ਹੋਏ ਅਰੂਰ ॥ ਆਏ ਦੋਰੇ ਗੁਰ ਸੁਖ ਪੂਰ ॥364॥

॥ ਦੋਹਰਾ ॥

ਮਰਹਟੇ ਕੋ ਸਿਰਪਾਇ ਸੁਭ ਦੀਨਾ ਦੀਨ ਦਇਆਲੁ ॥
ਲੇਕਰ ਆਇਸ [2]ਜਾਤ ਭਾ ਮਿਲ ਸਰਕਾਰੈ ਨਾਲ ॥365॥

---

1. ਏ ਪੋਥੀ ਪਾਠਾਂਤਰ : ਦਰਬਾਰ ਸਾਹਿਬ ਕੋ ਜਾਵੈ ਭਾਈ ॥
2. ਏ ਪੋਥੀ ਆਗਿਆ

ਜਿਉ ਹੀ ਬਿਬ ਆਏ ਹੁਤੇ ਮੁਹਰੇ ਮਗਰ ਰਿਸਾਇ ॥
ਤਯੋ ਹੀ ਮੁਰ ਘਰ ਕੋ ਗਏ ਰਿਸ ਕੋ ਤਬਹਿ ਮਿਟਾਇ ॥366॥

॥ ਚੌਪਈ ॥

ਗੁਰ ਕੀ ਨੁਤ ਕਰੈ ਮਨੁ ਲਾਈ ॥ ਰਖੀ ਪੰਜਾਬੁ ਗੋਰੂ ਸੁਖਦਾਈ ॥
ਸਰਕਾਰ ਆਦਿ ਸਭ ਲੇ ਨਿਦੇਸ ॥ ਜਾਤ ਭਏ ਸਭ ਨਿਜ ਨਿਜ ਦੇਸ ॥367॥
ਆਯਾ ਰਾਮ ਸਾਧ ਇਕ ਆਯੋ ॥ ਸਤਿਗੁਰੁ ਆਗੇ ਸੀਸ ਨਿਵਾਯੋ ॥
ਦੁਖ ਭੰਜਨ ਕਾ ਭਾਈ ਜਾਨਾ ॥ ਸਤਿਗੁਰ ਤਿਸੁ ਪ੍ਰਤਿ ਬੈਨੇ ਬਖਾਨਾ ॥368॥
ਚਪੜਾਲ ਜਾਵਨ ਕੀ ਛੇਤੀ ਕੀਜੈ ॥ ਭਾਈ ਮਿਲਨਾ ਤੌ ਮਿਲ ਲੀਜੈ ॥

(ਭਾਈ ਦੁਖ ਭੰਜਨ ਦਾ ਚਲਾਣਾ)

ਸਤ ਬਚਨੁ ਕਹਿ ਸੋ ਚਿਲ ਗਯਾ ॥ ਭਾਈ ਦੁਖ ਭੰਜਨ ਮਿਲਤਾ ਭਯਾ ॥369॥
ਸ੍ਰੀ ਹਜੂਰ ਕੀ ਖੁਸ਼ੀ ਉਚਾਰੀ ॥ ਭਾਈ ਹੋਵਾ ਗੁਰ ਬਲਿਹਾਰੀ ॥
ਨੀਰ ਮੰਗਾਵ੍ਹਾ ਮੰਜਨੁ ਕੀਨਾ ॥ ਸ੍ਰੀ ਜਪੁ ਸਾਹਿਬੁ ਪਠ ਕਰ ਲੀਨਾ ॥370॥

॥ ਦੋਹਰਾ ॥

ਦੇਹ ਸੁ ਤਯਾਗੀ ਤਤੁ ਖਿਨੇ ਪੁਸਪ ਮਾਲ ਜਿਮ ਤੋਰ ॥
ਗੁਰ ਨਾਨਕ ਕੇ ਧਾਮ ਗੇ ਜਨਮ ਮਰਨ ਮਿਟ ਸੋਰ ॥371॥
ਪਾਛਲ ਕ੍ਰਿਯਾ ਜੋ ਹੁਤੀ ਸਾਧਨ ਕਰੀ ਬਨਾਇ ॥
ਅਬ ਗੁਰੁ ਗਾਥਾ ਕਹਤ ਹੌ ਜੋ ਸਿਖਨ ਸੁਖਦਾਇ ॥372॥

(ਭਾਈ ਭਾਗ ਸਿੰਘ ਦੀ ਕਥਾ)

॥ ਚੌਪਈ ॥

ਸ੍ਰੀ ਅੰਮ੍ਰਿਤਸਰੁ ਗੁਰੂ ਬਿਰਾਜੇ ॥ ਸਾਧ ਸੰਤ ਕੇ ਤਾਰਨ ਕਾਜੇ ॥
ਭਾਗ ਸਿੰਘ ਜੀ ਚਲੇ ਦਰਸਾਯੋ ॥ ਗੁਰ ਕੇ ਪਗ ਪਰ ਸੀਸ ਨਿਵਾਯੋ ॥373॥
ਸਤਗੁਰ ਆਦਰੁ ਅਤਸੇ ਕੀਨਾ ॥ ਭਾਈ ਕਾ ਮਨ ਪ੍ਰੇਮੈ ਭੀਨਾ ॥
ਰਹਿਨ ਲਗਾ ਸੋ ਗੁਰ ਕੇ ਪਾਸੁ ॥ ਜੋ ਗੁਰ ਸਿਖੀ ਮੇ ਹੈ ਰਾਸੂ ॥374॥

(ਦੇਵਤਿਆ ਦਾ ਬਾਬਾ ਜੀ ਦਾ ਦਰਸ਼ਨਾ ਨੂੰ ਆਉਣਾ)

ਤੀਨ ਦਿਵਸ ਆਂਧੀ ਬਹੁ ਚਾਲੀ ॥ ਤਰਵਰ ਪਾਂਤੀ ਅਤਸੇ ਹਾਲੀ ॥
ਡੇਰੇ ਮੇ ਗੁਰ ਹੁਕਮੁ ਫਿਰਾਵਾ ॥ ਹਮ ਪਹਿ ਕੋਇ ਨ ਆਵੈ ਜਾਵਾ ॥375॥

॥ ਦੋਹਰਾ ॥

[1]ਕੋਟਿ ਤ੍ਰੇਤੀਸੀ [1]ਦੇਵਤਾ ਆਏ ਮਿਲਨੇ ਹੇਤੁ ॥
ਜੈ ਜੈ ਬਬਦੁ ਬਖਾਨਤੇ ਬੇਦੀ ਕੁਲ ਕੇ ਕੇਤੁ ॥376॥

---

1. ਅ ਪੋਥੀ ਪਾਠਾਂਤਰ : ਤ੍ਰੇਤੀਸੁ ਕੋਟਿ ਜੁ

॥ ਚੌਪਈ ॥

ਦੇਖ ਸਰੂਪ ਰਿਦੇ ਹਰਖਾਏ ॥ ਲੋਚਨ ਕਮਲ ਪ੍ਰਫੁਲਤ ਸੁਹਾਏ ॥
ਦੇਵਤਰੂ [1]ਫੂਲ ਬਰਖਾ ਕੀਨੀ ॥ ਪਾਨ ਜੋਰ ਪਦਛਨ ਦੀਨੀ ॥377॥
ਬਹੁਰ ਪ੍ਰੇਮ ਯੁਤ ਉਸਤਤਿ ਠਾਨੀ ॥ ਪਰਮ ਮਨੋਹਰ ਕ੍ਰਮ ਮਨ ਬਾਨੀ ॥
ਅਬ੍ਰਹਮ ਸਾਧ ਸਦਾ ਸੁਖਦਾਈ ॥ ਗਤਿ ਦਾਯਕ ਦੁਖ ਘਾਯਕ ਆਈ ॥378॥
ਭਵ ਪ੍ਰਾਲਕ ਬਾਂਵਨ ਰੂਪ ਕਹਯੋ ॥ ਬਾਸਵ ਕਾ ਦੁਖ ਗੁਰ ਦੂਰ ਕਰਯੋ ॥
ਦਾਸ ਰਥੀ ਹੁਇ ਰਾਵਨ ਮਾਰਾ ॥ ਪੁਨਿ ਜਾਦਵ ਹੁਇ ਕੰਸ ਪਛਾਰਾ ॥379॥
ਫਿਰ ਗੁਰ ਨਾਨਕ ਭਏ ਅਵਤਾਰੀ ॥ ਹਿੰਦੂ ਤੁਰਕ ਕਿਏ ਭਵ ਪਾਰੀ ॥
ਸੋ ਅਬ ਸਾਹਿਬੁ ਸਿੰਘ ਕਹਾਵਾ ॥ ਸਿਖਨ ਸੁਖਦ ਦੁਸਟ ਬਨੁ ਦਾਵਾ ॥380॥

॥ ਦੋਹਰਾ ॥

ਅਸ ਉਤਤਿ ਜਬ ਕਰਿ ਲਈ ਚਲਨੇ ਭਏ ਤ੍ਰਿਯਾਰੁ ॥
ਕੜਾਹਿ ਪ੍ਰਸਾਦਿ ਬਾਟੀ ਇਕ ਲੀਨੀ ਕਰ ਸੁਖਕਾਰ ॥381॥
ਦੇਵਨਿ ਲਾਗੇ ਦੇਵਤਨਿ ਅਚ ਅਚ ਸਭ ਤ੍ਰਿਪਤਾਇ ॥
ਬਾਟੀ ਊਣੀ ਨਹਿ ਭਈ ਨਿਰਜਰ ਮਨ ਬਿਸਮਾਇ ॥382॥

॥ ਚੌਪਈ ॥

ਚਰਨ ਲਾਗ ਸਭ ਜਾਵਤ ਭਏ ॥ ਦੇਖ ਦਰਸੁ ਮਨ ਮੋ ਬਿਗਸਾਏ ॥
ਸਿੰਘਨ ਮਨ ਮੋ ਕਰਾ ਉਨਮਾਨ ॥ ਸੰਗਤਿ ਆਈ ਮਿਲਨ ਮਹਾਨ ॥383॥
ਭਾਗ ਸਿੰਘ ਚੰਦਾ ਹਰਿ ਜਾਨਾ ॥ ਮੇਹਰ ਸਿੰਘ ਮਨਸਾ ਹਰਿ ਭਾਨਾ ॥
ਜਿਨ ਕੌ ਸਤਿਗੁਰ ਦੀਨ ਲਖਾਈ ॥ ਗੁਰ ਕੌਤਕ ਤਿਨ ਦਰਸੇ ਭਾਈ ॥384॥
ਚੰਦਾ ਸਿੰਘ ਨੇ ਬੈਨ ਬਖਾਨਾ ॥ ਦੇਵ ਦਰਸ ਕੁਰੁਗੇ ਸੁਖ ਦਾਨਾ ॥
ਸ੍ਰੀ ਹਜ਼ੂਰ ਸੁਭ ਗਿਰਾ ਅਲਾਈ ॥ ਸੁਨ ਚੰਦਾ ਹਰਿ ਦੋਊ ਸੁਨਾਈ ॥385॥

॥ ਦੋਹਰਾ ॥

ਇਕ ਯੰਗ ਕਰਨਾ ਥਾ ਹਮੈ ਦੇਵਨ ਦੇਯ ਅਚਾਇ ॥
ਚੰਦਾ ਹਰਿ ਕਰ ਜੋਰੁ ਕਰ ਪੂਛਾ ਫਿਰ ਸੁਖਦਾਇ ॥386॥

॥ ਚੌਪਈ ॥

ਪ੍ਰਸਾਦਿ ਅਚਾਵਨ ਕੈਸੇ ਕੀਨਾ । ਲੰਗਰ ਮੋ ਨਹਿ ਭਯੋ ਪ੍ਰਬੀਨਾ ॥
ਕਮਲ ਨੈਨ ਕਹਯੋ ਸੁਨ ਭਾਈ ॥ ਤ੍ਰਿਹਾਵਲ ਬਾਟੀ ਇਕੁ ਮੰਗਾਈ ॥387॥
ਤਿਸ ਸੋ ਤ੍ਰਿਪਤਿ ਸਰਬ ਕਹੁ ਦੀਨੇ ॥ ਸਸਿ ਹਰਿ ਆਦਿ ਸਰਬ ਸੁਨ ਭੀਨੇ ॥
ਚੰਦਾ ਸਿੰਘ ਕਹੈ ਕਰ ਜੋਰੀ ॥ ਇਕੁ ਬਿਨਤੀ ਸੁਨੀਏ ਗੁਰ ਮੋਰੀ ॥388॥
ਸੇਵਕੁ ਜਾਨ ਨ ਮਨੁ ਖੁਨਸਾਵੋ ॥ ਉਤਰੁ ਦੀਜੈ ਮੁਹਿ ਹਰਖਾਵੋ ॥
ਚੰਦ ਬਦਨ ਸੁਨ ਗਿਰਾ ਅਲਾਈ ॥ ਜੋ ਪੂਛੋ ਸੋ ਦੇਉ ਸੁਨਾਈ ॥389॥

---

1. ੲ ਪੋਥੀ ਕਲਪਤਰੂ

## (ਬਾਬਾ ਸ੍ਰੀ ਚੰਦ ਦੀ ਕਥਾ)

॥ ਦੋਹਰਾ ॥

ਕੇਸ ਆਪ ਕੇ ਸੀਸ ਕੇ ਉਖਰ ਗਏ ਸਮਦਾਇ ॥
ਦਾੜ੍ਹਾਂ ਉਖਰੀ ਬਦਨ ਮੋ ਕਾਰਨ ਦੇਹੁ ਸਮਝਾਇ ॥390॥

॥ ਚੌਪਈ ॥

ਗਦ ਗਦ ਬਾਨੀ ਗੁਰੂ ਅਲਾਈ ॥ ਸੁਨ ਭਾਈ ਤੁਮ ਦੇਉ ਸੁਨਾਈ ॥
ਜਹਾਂਗੀਰ ਪਾਤ੍ਸਿਾਹ ਲਹੌਰ ॥ ਗਿਰਾ ਉਚਾਰੀ ਸਭ ਸਿਰਮੌਰ ॥391॥
ਗੁਰ ਨਾਨਕ ਪਾਛੇ ਕੋ ਆਹਿ ॥ ਤਿਸ ਦਰਸਨ ਕੀ ਮੋ ਮਨ ਚਾਹਿ ॥
ਇਕੁ ਨਿਰ ਬੋਲਾ ਹਜਰਤ ਸੁਨੀਏ ॥ ਗੁਰੂ ਸਰੂਪ ਸ੍ਰੀ ਚੰਦੁ ਗੁਨੀਏ ॥392॥
ਭੇਖੁ ਉਦਾਸੀ ਤੰਨ ਮੋ ਧਾਰਾ ॥ ਸਤਨਾਮੁ ਸਿਮਰੈ ਇਕੁ ਸਾਰਾ ॥
ਪਾਤਿਸਾਹ ਸੁਨਿ ਗਿਰਾ ਅਲਾਈ ॥ ਲਿਆਵੋ ਤਿਸ ਕੋ ਦੇਰ ਬਿਹਾਈ ॥393॥
ਸੋ ਵਜੀਰੁ ਚਲੁ ਡੇਹਰੇ ਆਯੋ ॥ ਸ੍ਰੀ ਚੰਦੁ ਮਿਲ ਕਰ ਬੈਨ ਅਲਾਯੋ ॥
ਆਪ ਮਯਾ ਕਰ ਮਯਾ ਕਰੀਜੈ ॥ ਜਹਾਂਗੀਰ ਕੋ ਦਰਸਨ ਦੀਜੈ ॥394॥

॥ ਦੋਹਰਾ ॥

ਸੁਨ ਸਾਹਿਬ ਸ੍ਰੀ ਚੰਦੁ ਜੀ ਤਾਕੋ ਉਤਰੁ ਸੁ ਦੀਨ ॥
ਹਮ ਕੋ ਜਾਂਵਨ ਲੋੜ ਨਹਿ ਵਾਹਿਗੁਰੂ ਰਸੁ ਲੀਨ ॥395॥

॥ ਚੌਪਈ ॥

ਵਜੀਰੁ ਕਹਯੋ ਚਾਲੋ ਸੁਖਦਾਨਾ ॥ ਜਯੋ ਕਯੋ ਕਰ ਮਮ ਰਾਖੋ ਮਾਨਾ ॥
ਦਯਾਵੰਤ ਦਯਾ ਮਨ ਆਈ ॥ ਕਮਲੀਏ ਕੋ ਸਾਥ ਲਵਾਈ ॥396॥
ਹੈ ਗੈ ਸਿਵਕਾ ਨਾਹਿ ਅਰੂਢੇ ॥ ਕਮਲੀਏ ਪਿਠ ਭਏ ਅਗੂਢੇ ॥
ਸਨੇ ਸਨੇ ਲਉ ਪੁਰ [1]ਚਲ ਗਏ ॥ ਸਿੰਸਪਾ ਤਰੇ ਬਿਰਾਜਤ ਭਏ ॥397॥
ਹਜਰਤ ਪ੍ਰਤੀ ਵਜੀਰ ਸੁਨਾਵਾ ॥ ਸਤਿਗੁਰ ਪੂਤ ਅਯੋ ਹਰਖਾਵਾ ॥
ਸੁਨ ਵਜੀਰ ਪ੍ਰਤਿ ਬਾਨੀ ਗਾਈ ॥ ਵਛੂ ਖਾਣੀ ਬੜਵਾ ਲੇ ਜਾਈ ॥398॥

॥ ਦੋਹਰਾ ॥

ਸੋ ਘੋੜੀ ਅਤਿ ਅੜਲ ਥੀ ਚੜਣ ਨ ਕਾਹੂ ਦੇਤ ॥
ਦੁਲਤਾ ਮਾਰ ਗਿਰਾਵਤੀ ਦਾਂਤਨ ਸੌ ਕਟ ਲੇਤ ॥399॥

॥ ਚੌਪਈ ॥

ਅਸ ਅਸਵਨਿ ਵਜੀਰ ਲਿਆਵੋ ॥ ਕਰ ਠਾਢੀ ਪੁਨਿ ਬੈਨ ਅਲਾਵਾ ॥
ਚੜ ਚਾਲੋ ਸਤਗੁਰ ਸੁਖਦਾਈ ॥ ਹਸ ਕਰ ਮਧੁਰ ਗਿਰਾ ਗੁਰ ਗਾਈ ॥400॥
ਕਰਾਮਾਤ ਦੇਖਨ ਮਨੁ ਚਾਹੀ ॥ ਲਗੰਮ ਉਤਾਰੋ ਬਿਲਮੁ ਨਾ ਲਾਹੀ ॥
ਵਜੀਰ ਕਹਯ ਸੁਨੋ ਸੁਖਦਾਈ ॥ ਬਿਨਾ ਲਗਾਮੁ ਨ ਚੜਿਓ ਜਾਈ ॥401॥

---

[1] ਅ ਪੋਥੀ ਲਹੌਰ

ਤੁਰੀ ਚਰਨ ਕੀ ਇਛ ਨ ਮੋਰੀ ॥ ਦੈ ਉਤਾਰ ਨ ਬਿਲਮ ਭੋਰੀ ॥
ਕਮਲੀਆ ਗੁਰ ਪ੍ਰੇਰਨ ਕੀਨਾ ॥ ਤਿਨ ਘੋੜੀ ਕਰ ਫੇਰਨ ਕੀਨਾ ॥402॥

॥ ਦੋਹਰਾ ॥

ਫੇਰਿਤਿ ਹੀ ਕਰ ਤਿਤ ਸਮੈ ਘੋੜੀ ਭਈ ਅਸੀਲ ॥
ਸਤਨਾਮ ਕੋ ਮੰਤ੍ਰ ਪਠ ਮਾਨੋ ਦੀਨੀ ਕੀਲ ॥403॥
ਜਿਨ ਕੇ ਦਾਸਨ ਕੇ ਵਿਖੇ ਅੰਜਮਤ ਸਦ ਭਰਪੂਰ ॥
ਵਜੀਰਾਦਿਕ ਹਰਖਤ ਭਏ ਗੁਰ ਸੁਤ ਮਹਿਮਾ ਭੂਰ ॥ 404॥

॥ ਚੌਪਈ ॥

ਬਾਦਿਸਾਹੁ ਕੀ ਸੁਨੋ ਕਹਾਨੀ ॥ ਗੁਰ ਸੁਤ ਸੁਨ ਜਿਮ ਦੁਸਟੀ ਠਾਨੀ ॥
ਬੀਚ ਕਚਹਿਰੀ ਕੂਪ ਕਹਾਏ ॥ ਨੇਜੇ ਤੀਖੇ ਬੀਚ ਧਰੇਏ ॥405॥
ਸੁਜਨੀ ਦੀਨੀ ਊਪਰਿ ਪਾਈ ॥ ਚਹੁ ਕੋਨਨ ਤੇ ਈਟ ਧਰਾਈ ॥
ਇਕ ਹਿੰਦੂ ਕੋ ਪ੍ਰੇਰਨ ਕੀਨਾ ॥ ਜਹਿਰ ਕੌਲ ਤਿਨ ਕਰਿ ਧਰ ਲੀਨਾ ॥406॥

॥ ਦੋਹਰਾ ॥

ਤਬ ਲਗ ਆਏ ਗੁਰ ਸਿੰਪੂਤ ਜਿਨ ਕੋ ਤੇਜ ਅਪਾਰ ॥
ਬਾਦਸਾਹਿ ਦਿਖ ਬਿਸਮ ਭਾ ਅਜਮਤ ਗੁਰੂ ਅੰਗਾਰ ॥407॥

॥ ਚੌਪਈ ॥

ਹਾਥ ਬੰਦ ਆਗੇ ਹੁਇ ਆਵਾ ॥ ਪਾਦ ਪਦਮ ਪਰ ਸੀਸ ਨਿਵਾਵੋ ॥
ਤਖਤ ਓਰ ਗੁਰ ਸੁਤ ਲੇ ਚਾਲਾ ॥ ਬੋਲੈ ਸ੍ਰੀ ਚੰਦ ਤਤਕਾਲਾ ॥408॥
ਹਮਰੇ ਹਿਤ ਜੋ ਥਾਨ ਬਨਾਵਾ ॥ ਤੇਹੀ ਥਾਇ ਬੈਠਨ ਹਮ ਭਾਵਾ ॥
ਕਹ ਕਰ ਐਸਿ ਕੂਪ ਪਰ ਗਏ ॥ ਬੈਠ ਗਏ ਨਹੀ ਡੋਲਤ ਭਏ ॥409॥
ਫੁਲਾਦੀ ਨੇਜੀ ਮੋਮੀ ਹੋਏ ॥ ਸਰਬ ਕਚਹਿਰੀ ਅਰਜ ਜੋਏ ॥
ਗੁਰ ਸੁਤ ਨੇ ਤਬ ਬੈਨ ਅਲਾਵਾ ॥ ਲਯਾਵੋ [1]ਮਹੁਰਾ ਜੋਇ [1]ਬਨਾਵਾ ॥410॥
ਸੋ ਹਿੰਦੂ ਨੇ ਆਗੇ ਕੀਨਾ ॥ ਸਤਿਨਾਮੁ ਕਹਿ ਪੀਵ ਸੁ ਲੀਨਾ ॥
ਹਾਥ ਲਗਾਇ ਸੀਸ ਪਰ ਫੇਰਾ ॥ ਕੇਸ ਗਿਰੇ ਨਹਿ ਲਾਗੀ ਬੇਰਾ ॥411॥
ਪਾਨੀ ਕੀਏ ਨਹਿ ਕਿਛੁ ਦੁਖੇ ਹੋਵਾ ॥ ਲਾਲੀ ਮਾਥੇ ਅਤਸੇ ਜੇਵਾ ॥
ਅਜਮਤਿ ਤੀਨ ਦੇਖ ਬਾਦਸਾਹਿ ॥ ਗਹੇ ਪਾਗ ਕਰ ਮੈ ਗੁਰ ਜਾਹਿ ॥412॥
ਬਖਸੋ ਬਖਸੋ ਮਯਾ ਨਿਧਾਨਾ ॥ ਮੈ ਭੂਲਾ ਅਤਿ ਮਾਹ [2]ਅਜਾਨਾ ॥
ਜਿਮ[3] ਗੁਰ ਨਾਨਕ ਭਏ ਸੁਆਮੀ ॥ ਤੈਸੈ ਤੁਮ ਹੋ ਅੰਤਰਜਾਮੀ ॥413॥

---

1 ਅ ਪੋਥੀ ਪਾਠਾਂਤਰ : ਹਮੇਰਾ ਜੁਈ
2 ਅ ਪੋਥੀ ਮਹਾ
3. ਅ ਪੋਥੀ ਜਸੁ

॥ ਦੋਹਰਾ ॥

ਯਾਰਾਂ ਸੈ ਮੋਹਰ ਧਰੀ ਚੀਰ ਦੁਸਾਲੇ ਨਾਲ ॥
ਹੈ ਗੈ ਪਟਾ ਜਗੀਰ ਕਾ ਲੇਵੋ ਗੁਰੂ ਦਿਆਲੁ ॥414॥

॥ ਚੌਪਈ ॥

ਸ੍ਰੀ ਚੰਦ ਸਾਹਿਬੁ ਗਿਰਾ ਅਲਾਈ ॥ ਸੁਨ ਚਹਾਤੇ ਦਯੋ ਸਮਝਾਈ ॥
ਸਾਤ੍ਰ ਮੂਠ ਬਾਬਰ ਭੰਗ ਦੀਨ ॥ ਪਾਤਿਸਾਹਿ ਹਮਰੇ ਪਿਤ ਕੀਨ ॥415॥
ਪਿਤਾ ਹਮਾਰੇ ਦਾਨ [1]ਤੁਮ ਦੀਨ[1] ॥ ਹਮ ਨਹਿ ਲੈਵੇ ਮਨ ਮੈ ਚੀਨ ॥[2]
ਚਾਰਿ ਪਦਾਰਥੁ ਨਵਨਿਧਿ ਜੋਈ ॥ ਬਾਰ ਹਮਾਰੇ ਠਾਢੇ ਸੋਈ ॥416॥
ਪਾਤਿਸਾਹ ਯਤਨੰਨ ਕਰ ਹਾਰਾ ॥ ਨਹਿ ਕੀਨੋ ਗੁਰ ਅੰਗੀਕਾਰਾ ॥
ਪਾਤਿਸਾਹਿ ਨੇ ਅਰਜਿ ਅਲਾਈ ॥ ਏਕੁ ਉਤਰੁ ਦੀਜੈ ਸੁਖਦਾਈ ॥417॥
ਦੰਦ ਕੇਸ ਕਯੋ ਦੀਨ ਉਖਾਰੇ ॥ ਇਹੁ ਸਮਝਾਵੋ ਗੁਰ ਕਰਤਾਰੇ ॥
ਸੁਨਿ ਕਰਿ ਬਾਬੇ ਉਤਰ ਦੀਨਾ ॥ ਗੁਰ ਗਾਦੀ ਜੋ ਬਹਿ ਪਰਬੀਨਾ ॥418॥
ਜੁਗਮ ਚਿਹਨ ਲਿਹੁ ਤਾਸ ਪਛਾਨਾ ॥ ਦਾੜਾ ਉਖੜੇ ਕੇਸ ਭੁਰ ਜਾਂਨਾ ॥
ਪਾਤਿਸਾਹ ਸੁਨਿ ਸੀਸ ਨਿਵਾਵਾ ॥ ਬਿਦਾ ਕਰੋ ਕਰਿ ਬਿਨੁ ਬਹੁ ਭਾਵਾ ॥419॥
ਡੇਹਰੇ ਮੋ ਫਿਰ ਆਇ ਬਿਰਾਜੇ ॥ ਜਿਨ ਦਰਸੇ ਅਘ ਜਾਵੈ ਭਾਜੇ ॥
ਜੋ ਜੋ ਸ੍ਰੀ ਚੰਦ ਗਿਰਾ ਅਲਾਈ ॥ ਸੋ ਨਹਿ ਖਾਲੀ ਹੋਵਤ ਕਾਈ ॥420॥

॥ ਦੋਹਰਾ ॥

ਦਾੜਾ ਕੇਸ ਤਿਨ ਬਚਨੁ ਤੇ ਹਮਰੇ ਉਖੜੇ ਜਾਨ ॥
ਜੋ ਹਮਰੇ ਪਾਛੇ ਬਹੋ ਤੈਸੇ ਤਿਨ ਕੇ ਮਾਨ ॥421॥

**(ਭਾਂਈ ਚੰਦਾ ਸਿੰਘ ਨੂੰ ਉਪਦੇਸ)**

॥ ਚੌਪਈ ॥

ਸੁਨ ਚੰਦਾ ਸਿੰਘ ਜੁਗੰ ਕਰ ਜੋਰ ॥ ਕੀਨੀ ਨੁਤ ਬੇਦੀ ਕੁਲ ਮੋਰ ॥
ਆਪ ਮਯਾ ਮੁਹਿ ਸੰਸਾ ਗਯੋ ॥ ਆਦ ਅੰਤ ਸੁਨਾਯ ਮਮ[3] ਦਯੋ ॥422॥
ਏਕ ਅਰਜ਼ਿ ਸੁਨੀਏ ਸੁਖਦਾਈ ॥ ਸੁਧ ਸਰੂਪ ਮੁਹਿ ਦੇਹੁ ਜਨਾਈ ॥
ਸੁਨ ਕਰ ਸ੍ਰੀ ਗੁਰ ਬਹੁ ਬਿਗਸਾਏ ॥ ਸੁਨ ਚੰਦਾ ਹਰਿ ਦੋਉ ਜਨਾਏ ॥423॥
ਜਹਿ ਜਾਨੇ ਤਵ ਸੰਸਾ ਜਾਈ ॥ ਰਹੈ ਨ ਰੰਚਕ ਭਰਿ ਦੁਖਦਾਈ ॥
ਦ੍ਰਿਸਟਿ ਮਾਨ ਜੋ ਸਰਬ ਪਸਾਰਾ ॥ ਨਾਸਵੰਤ ਤੁਮ ਲੇਹੁ ਬਿਚਾਰਾ ॥424॥

---

1. ਅ ਪੋਥੀ ਸੁ ਕੀਨੋ
2. ਅ ਪੋਥੀ ਚੀਨੋ
3. ਪੋਥੀ ਸੋ

ਹੋਤ ਵਿਪਰਜੇ ਥਿਰੁ ਨ ਰਹਾਈ ॥ ਜਿਹ ਧਰੁਵ ਕਹਤ ਅਧਰੁਵ ਹ੍ਵੈ ਜਾਈ ॥
ਸਸਿ ਸੂਰਜ ਪਰਕਾਸ ਕਰਾਊ ॥ ਕਾਲ ਪਾਇ ਤਿਨ ਹੋਤ ਅਭਾਊ ॥425॥
ਜੋ ਸੁਮੇਰ ਸਬ ਸੁਰਨ ਅਧਾਰਾ ॥ ਛੈ ਹੋਵਤ ਤਿਹ ਲਗੈ ਨ ਬਾਰਾ ॥
ਧਰਨੀ ਜਸ ਸਾਗਰ ਗੰਭੀਰਾ ॥ ਅਗ੍ਰ ਕਾਲ ਕੌ ਧਰੈ ਨ ਧੀਰਾ ॥426॥
ਪਾਵਕ ਪੌਨ ਪਰਾ ਕ੍ਰਮ ਯੁਕਤਾ ॥ ਕਾਲ ਪਾਇ ਸੇ ਹੋਇ ਅਸਕਤਾ ॥
ਮਹਾਂ-ਬਲੀ ਰਾਖਸ ਜੇ ਰਾਜਾ ॥ ਕਾਲ ਡੰਕ ਸਬ ਕੇ ਸਿਰ ਬਾਜਾ ॥427॥
ਭੇ ਅਵਤਾਰੁ ਜਿਤੇ ਰਣ ਧੀਰਾ ॥ ਕਾਲ ਪਾਇ ਕਰੁ ਤਜਤ ਸਰੀਰਾ ॥
ਰਹਨੋ ਇਸੁ ਥਿਰੁ ਕਿਸਹੂੰ ਨਾਹੀ ॥ ਪਾਇ ਸਮਾ ਸਬ ਹੀ ਬਿਨਸਾਹੀ ॥428॥
ਭਖਯਤ ਕਾਲ ਨ ਤ੍ਰਿਪਤੈ ਕੈਸੇ ॥ ਘ੍ਰਿਤੁ ਅਹੂਤੀ ਪਾਵਕੁ ਜੈਸੇ ॥
ਜੇਤਕ ਹੈ ਪਰਪੰਚ ਪਸਾਰਾ ॥ ਕਈ ਬਾਰ ਕਿਯ ਕਾਲ ਅਹਾਰਾ ॥ 429 ॥

॥ ਦੋਹਰਾ ॥

ਕਾਲ ਬਲੀ ਸਬ ਤੋ ਬਡੋ ਤਿਸ ਕਾ ਮਨੁ ਭੈ ਧੋਰ ॥
ਵਾਹਿਗੁਰੂ ਸਿਮਰਨ ਕਰੋ ਜਾਂਤੇ ਹੋਇ ਉਧਾਰ ॥430॥

॥ ਚੌਪਈ ॥

ਵਾਹਿਗੁਰੂ ਕਾ ਅਰਥ ਸੁਨੀਜੈ ॥ ਰਿਦ ਸੰਸੇ ਕੌ ਛੇਦਨ ਕੀਜੈ ॥
ਗੌਤਮ ਨਾਮੁ ਅਗਯਾਨੁ ਸਰੂਪ ॥ ਪਾਇ [1]ਬੰਧਾਨਿ ਪਠਾ ਅਧ [1]ਕੂਪੁ ॥431॥
ਦੇਹ ਅਨੇਕ ਧਰੈ ਜਗ ਮਾਹੀ ॥ ਮ੍ਰਿਤੁ ਸੰਗਟ ਬਿਸਾਲ ਨਿਤ ਪਾਹੀ ॥
ਹਰਖੁ ਸੋਕ ਸਦ ਮਨ ਮੈ ਧਾਰੇ ॥ ਜਨਮ ਜਨਮ ਦੁਖ ਸਹੇ ਕਰਾਰੇ ॥432॥
ਵਾਹਿਗੁਰੂ ਜਬ ਮੁਖੋ ਉਚਾਰਾ ॥ ਅੰਧਕਾਰ ਗੋ ਬਿਨਸੈ ਸਾਰਾ ॥
ਸੁਖ ਸਰੂਪੁ ਮਨਹਿ ਪ੍ਰਗਟਾਨਾ ॥ ਬਿਨਸ ਜਾਤ ਹੈ ਆਵਨ ਜਾਨਾ ॥433॥
ਤਾਤੇ ਕਾਲ ਮੋ ਨਾਮ ਪ੍ਰਧਾਨ ॥ ਗੁਰ ਮਿਲ ਜਾਪੈ ਪਾਈਐ ਮਾਨ ॥
ਸੁਨ ਚੰਦਾ ਹਰਿ ਹੋਵਾ ਮਗਨਾ ॥ ਮਧੁ ਸਰੂਪੁ ਜਿਸ ਲਾਗੀ ਲਗਨਾ ॥434॥
ਮੇਰ ਤੇਰ ਜਿਸੁ ਦੂਰ ਪਰਾਨੀ ॥ ਹੋਵਾ ਮਗਨ ਨ ਬੋਲਤ ਬਾਨੀ ॥
ਕੰਚਨਿ ਮਾਟੀ ਤੁਲ ਜਿਸੁ ਹੋਈ ॥ ਸਤ੍ਰ ਮਿਤ੍ਰ ਨਹਿ ਭਾਸਤ ਦੋਈ ॥435॥
ਅਮੀ ਹਲਾਹਲ ਏਕ ਸਮਾਨਾ ॥ ਨਾਰੀ ਪੁਰਖੁ ਨੀ ਜਿਸੁ ਗਯਾਨਾ ॥
ਜਹਾਂ ਮੌਜ ਥੀ ਤਹਾਂ ਸਿਧਾਵਾਂ ॥ ਗੁਰ ਸੇਵਾ ਤੇ ਉਚ ਪਦ ਪਾਵਾ ॥436॥

॥ ਦੋਹਰਾ ॥

ਭਾਗ ਸਿੰਘ ਭੀ ਪਾਸ ਥਾ ਸੁਨ ਗੁਰ ਬਚ ਮਗਨਾਇ ॥
ਪਾਦ ਪਦਮ ਪਰ ਸੀਸ ਧਰ ਗਯੋ ਕੁਰੀ ਹਰਖਾਇ ॥437॥

---

1. ਅ ਪੋਥੀ ਪਾਠਾਂਤਰ : ਬਧਾ ਨਿਨ ਭੂਰੇ

## (ਦੂਨਾ ਸਿੰਘ ਦੀ ਕਥਾ)

॥ ਚੌਪਈ ॥

ਦੂਨਾ ਸਿੰਘ ਪੁਨ ਦਰਸਨ ਆਯੋ ॥ ਸੁਤ ਸਭ ਕੋ ਭੀ ਸਾਥ ਲਿਯਾਯੋ ॥
ਭੇਟ ਚੜਾਇ ਦਰਸੁ ਗੁਰ ਕੀਨਾ ॥ ਮਨ ਮੋ ਬਾਢਾ ਹਰਖੁ ਨਵੀਨਾ ॥438॥
ਤੀਨ ਨਿਸਾ [1]ਗੁਰ ਪਾਸ ਰਹਾਵੋ ॥ ਗੁਰੂ ਮਯਾ ਤੇ ਬਡ ਸੁਖੁ ਪਾਵਾ ॥
ਗੁਰੂ ਭਨਾ ਅਬ ਜਾਵੋਂ ਸਦਨਾ ॥ ਜਿਸ ਕੀ ਲਾਗੀ ਗੁਰ ਪਦ ਲਗਨਾ ॥439॥
ਸਤ ਬਚਨੁ ਕਹਿ ਭਵੰਨੁ ਸਿਧਾਰਾ ॥ ਜਿਸ ਕਾ ਕਰਨਾ ਗੁਰੂ ਉਧਾਰਾ ॥
ਆਪਿ ਗੁਰੂ ਜੀ ਕਰੀ ਤਯਾਰੀ ॥ ਗਜ ਪਵਾਈ ਸੁਭਗ ਅੰਬਾਰੀ ॥440॥

॥ ਦੋਹਰਾ ॥

ਸਿਰੇਪਾਇ ਸੰਗਤਿ ਲਏ ਚੜੇ ਸੁ ਦੀਨ ਦਇਆਲ ॥
ਸਨੇ ਸਨੇ ਪਹੁਚਤ ਭਏ ਜਹਾਂ ਦੁਰਗ ਚਪੜਾਲ ॥441॥

॥ ਚੌਪਈ ॥

ਸਲਕ ਕਰਾਈ ਸਤਿਗੁਰੂ ਪੂਰੇ ॥ ਸਿਖਨ ਕੇ ਦੁਖੁ ਕੀਨੇ ਚੂਰੇ ॥
ਮਹਲਾ ਆਦਿ ਮਿਲੇ ਹਰਖਾਈ ॥ ਭਾ ਅਨੰਦ ਕਛੁ ਕਹਯੋ ਨ ਜਾਈ ॥442॥

## (ਬਾਬਾ ਜੀ ਨੇ ਚਪੜਾਲ ਜਾਣਾ)

ਚਪੜਾਲ ਮਧੁ ਸਤਿਗੁਰੂ ਬਿਰਾਜੇ ॥ ਧਰ ਅਵਤਾਰ ਜਿਨ ਸਿਖ ਨਿਵਾਜੇ ॥
ਬਲੂ ਆਦਿ ਸਾਧ ਮਿਲ ਆਏ ॥ ਧਰਿ ਪ੍ਰਸਾਦਿ ਤਿਨ ਸੀਸ ਨਿਵਾਏ ॥443॥
ਸ੍ਰੀ ਹਜੂਰ ਜੀ ਗਿਰਾ ਅਲਾਈ ॥ ਮੇਰੇ ਸੰਗ ਰਹੋ ਤੁਮ ਭਾਈ ॥
ਦੁਖ ਭੰਵਣੁ ਜੀ ਜਨਮੁ ਸਵਾਰਾ ॥ ਭਵ ਸਾਗਰੁ ਤੇ[2] ਉਤਰੇ ਪਾਰਾ[1] ॥444॥

## (ਮਨਸਾ ਸਿੰਘ ਦੀ ਕਥਾ)

ਸਤ ਬਚਨੁ ਤਿਨੁ ਬਾਨੀ ਗਾਈ ॥ ਰਹੇ ਪਾਸ ਗੁਰ ਕੀ ਸਰਨਾਈ ॥
ਮਨਸਾ ਸਿੰਘ ਰਾਗੀ[3] ਇਕ ਆਹਿ ॥ ਧਰਮ ਰਾਜ ਕਾ ਸਾਂਗ ਬਨਾਇ ॥445॥

॥ ਦੋਹਰਾ ॥

ਨਗਨ ਭਯੋ ਸਾਹੀ ਮਲੀ ਤੈਸੇ ਨਾਰ ਬਨਾਇ ॥
ਪਾਂਚ ਸਾਂਤ ਨਾਰੀ ਪੁਰਖੁ ਲੀਨੇ ਸਾਥ ਮਿਲਾਇ ॥446॥

॥ ਚੌਪਈ ॥

[3]ਜੁਗ ਬੋਲੇ ਹੈ[4] ਕਰ ਮੋ ਲੀਨੀ ॥ ਨੀਰ ਭਰੀ ਕਰ ਨਾਰੀ ਦੀਨੀ ॥
ਜੁਗ[4] ਵਡ ਜੂ[5] ਤੇ ਲੀਨੇ ਨਾਲ ॥ ਸਵਾ ਹਥੁ ਲਾਂਬੇ ਡੀਲ ਬਿਸਾਲ ॥447॥

---

1. ੲ ਪੋਥੀ ਦਿਵਸ
2. ਅ ਪੋਥੀ ਪਾਠਾਂਤਰ: ਕਰਾ ਕਨਾਰਾ
3. ਅ ਪੋਥੀ ਸਾਂਗੀ
4. ਅ ਪੋਥੀ ਪਾਠਾਂਤਰ: ਜੁਗਮ ਬੋਤਲਾ
5. ਅ ਪੋਥੀ ਮੰਜੂ

ਹਜ਼ੂਰ ਸਾਮਨੇ ਆਇ ਬਿਰਾਨਾ ॥ ਉਚੀ ਸੁਰ ਸੇ ਬੈਨ ਬਖਾਨਾ ॥
ਧਰਮ ਰਾਜ ਮੈ ਚਲ ਕਰ ਆਯੋ ॥ ਧਰਮ ਨਯਾਇ ਮੇਰੇ ਮਨ ਭਾਯੋ ॥448॥
ਜੁਗ ਜੂਤੇ ਹੈ ਮੇਰੇ ਹਾਥਾ ॥ ਏਕੁ ਮੁਹਿੰਮਦੁ ਕਾ ਮੁਹਿ ਸਾਥਾ ॥
ਦੂਤੀ ਆਪ ਕੋ ਕਰ ਮੋ ਲੀਨੇ ॥ ਸਤਿਗੁਰ ਬਿਮੁਖਨ ਮਾਰੋਂ ਪੀਨੇ ॥449॥

॥ ਦੋਹਰਾ ॥

ਹਿੰਦੂ ਤੁਰਕਨ ਜੁਗਨ ਤੇ ਲੇਖਾ ਲੇਉ ਬਨਾਇ ॥
ਜੋਇ ਸਰਨ ਤੁਮਰੀ ਪਰੇ ਸੋ ਬ੍ਰਾਚੈ ਸੁਖਦਾਇ ॥450॥
ਰਾਗੁ ਬਿਲਾਵਲੁ ਕੇ ਬਿਖੇ ਉਚੀ ਸੁਰ ਸੋ ਗਾਇ ॥
ਸਬਦਿ ਬਨਾਯੋ ਆਪਨਾ ਸੋਈ ਲਿਖਯੋ ਬਨਾਇ ॥451॥੧॥

॥ ਤਥਾ ਸਬਦੁ ॥

ਚਲੋ ਸਈਓ ਰਲਿ ਵੇਖਣੁ ਚਲੀਏ ਆਸਕ ਸੂਲੀ ਚੜਦੇ ॥
ਸੂਲੀ ਚੜਦੇ ਕਰਨ ਮਜਾਖਾ ਮੌਤੋਂ ਮੂਲਿ ਨ ਡਰਦੇ ॥
ਦੇਹ ਅਭਿਮਾਨੁ ਛੁਟਾ ਜਿਨ ਮਨ ਤੇ ਗੁਰ ਪਗ ਆਗੇ ਗਿਰਦੇ ॥
ਮਨਸਾ ਸਿੰਘ ਵਹੁ ਪ੍ਰੇਮੀ ਹੋਏ ਕਾਨ ਨ ਕਿਸ ਕੀ ਧਰਦੇ ॥451॥

॥ ਦੋਹਰਾ ॥

ਐਸੇ ਗਾਇਨ ਕਰਤ ਭਾ ਲੋਕੁ ਮਿਲੇ ਸਮਦਾਇ ॥
ਸ੍ਰੀ ਹਜ਼ੂਰ ਫੁਰਮਾਇਆ ਦੇਵੋ ਇਸੇ ਹਟਾਇ ॥452॥

॥ ਚੌਪਈ ॥

ਨਗਨ ਹੋਇ ਕਰ ਨਾਹਨ ਆਵੈ ॥ ਜੇ ਆਵੈ ਤਾਂ ਪਾਂਟ ਧਰਾਵੈ ॥
ਬਿਹਾਰਾ ਸਿੰਘ ਨੇ ਜਾਇ ਹਟਾਯੋ ॥ ਸੋ ਨਹਿ ਜਾਵੈ ਥਿਰਾ ਰਹਾਯੋ ॥453॥
ਬਿਹਾਰਾ ਸਿੰਘ ਨ ਲਾਤ ਚਲਾਈ ॥ ਮਨਸੇ ਸਿੰਘ ਕੇ ਸਿਰ ਮੁ ਲਾਈ ॥
ਲਾਗਤ ਹੀ ਧਰਨੀ ਗਿਰ ਪਰਾ ॥ ਪ੍ਰਾਨ ਗਏ ਨਹਿ ਪਲ ਵਿਚ ਧਰਾ ॥454॥
ਹਾ ਹਾ ਕਾਰ ਸਭਨ ਮੇ ਹੋਵਾ ॥ ਹੋਵਾ ਮ੍ਰਿਤ ਸਭ ਨੈਨੋ ਜੋਵਾ ॥
ਸ੍ਰੀ ਕਮਲਾਂਨਨ ਪੂਛਨ ਕੀਨਾ ॥ ਕਯਾ ਭਯੋ ਤੁਮ ਕਹੋ ਪ੍ਰਬੀਨਾ ॥455॥
ਏਕ ਸਿੰਘ ਨੇ ਦਯੋ ਸੁਨਾਈ ॥ ਮਨਸਾ ਸਿੰਘ ਨੇ ਦੇਹ ਤਜਾਈ ॥
ਬਿਹਾਰੇ ਸਿੰਘ ਕੌ ਸ੍ਰੀ ਗੁਰ ਤਾੜਾ ॥ ਸਿਖ ਕਾ ਦੀਨੋ ਬੂਟ ਉਖਾੜਾ ॥456॥
ਇਹ ਤੈ ਕੀਨਾ ਕਰਮੁ ਖੁਟਾਈ ॥ ਸਿਖ ਕੌ ਮਾਰਾ ਕਰੀਬਿ ਜਾਈ ॥
ਮੈ ਤੁਝ ਕਹਯੋ ਦੇਹੁ ਹਟਾਇ ॥ ਬਦਲਾ ਲੇਵੈ ਮਧੁ ਦਰਗਾਂਹਿ ॥457॥

॥ ਦੋਹਰਾ ॥

ਜੋ ਜੋ ਕਰਮ ਤੁਮ ਨੇ ਕਰੇ ਸੋ ਮੈ ਲੀਨ ਸਹਾਰ ॥
ਅਜਗਰ ਕਰਮ ਤੁਮ ਨੇ ਕਰਾ ਖਾਵੋ ਦਰਗਹਿ ਮਾਰ ॥458॥

ਮਨਸੇ ਸਿੰਘ ਜੁ ਵਪੁ ਹੁਤੋ ਦੀਨੋ ਨਦੀ ਪ੍ਰਵਾਹਿ ॥
ਇਹ ਸਾਖੀ ਗੁਰ ਸਿਖ ਕੀ ਪੜਤ ਸੁਨਤ ਦੁਖ ਜਾਹਿ ॥459॥

(ਗੈਂਡੇ ਕੀ ਕਥਾ)

॥ ਚੌਪਈ ॥

ਗੈਂਡਾ ਹੁਤਾ ਜੁ ਕੈਦ ਮਝਾਰੀ ॥ ਬੇੜੀ ਜਿਸ ਕੇ ਪਗ ਮੈ ਭਾਰੀ ॥
ਤਿਸੇ ਛਡਾਵਨ ਨਰੁ ਬਹੁ ਆਵਨ ॥ ਗੁਰੂ ਨ ਮਾਨੈ ਹਟ ਕਰ ਜਾਵਨ ॥460॥
ਏਕ ਲਾਖੁ ਦਮੜਾ ਦੈ ਰਹੇ ॥ ਲੋਭ ਅੰਸ ਨਹਿ ਗੁਰ ਕੋ ਅਹੇ ॥
ਫਤੇ ਸਿੰਘ ਸਰਦਾਰ ਪਠਾਵਾ ॥ ਆਇ ਪਗਨ ਪਰ ਸੀਸ ਨਿਵਾਵਾ ॥461॥
ਸਰਕਾਰੁ ਓਰ ਤੇ ਬਿਨਤੀ ਕੀਨ ॥ ਹੈ ਰਾਜੀ ਗੁਰ ਕਹਯੋ ਪ੍ਰਬੀਨ ॥
ਸੁਨ ਕਰ ਤਿਸ ਨੇ ਬਿਨਤੀ ਗਾਈ ॥ ਆਪੁ ਮਯਾ ਤੇ ਸਭ ਸੁਖਦਾਈ ॥462॥

॥ ਦੋਹਰਾ ॥

ਅਰਜੀ ਇਕੁ ਸਰਕਾਰ ਨੇ ਕੀਨੀ ਗੁਰ ਸੁਖਦਾਇ ॥
ਗੈਂਡਾ ਛਾਡੋ ਸਤਿਗੁਰੂ ਇਹੁ ਬਿਨਤੀ ਤਿਸੁ ਪ੍ਰਾਇ ॥463॥

॥ ਚੌਪਈ ॥

ਸੁਨ ਕਰ ਸਾਹਿਬ ਨਾਹਨ ਮਾਨੀ ॥ ਫਤੇ ਸਿੰਘ ਡਰ ਤੂਸੁਨ ਠਾਨੀ ॥
ਲੇ ਆਇਸੁ ਵਹੁ ਭਵਨੁ ਸਿਧਾਵਾ ॥ ਗੈਂਡਾ ਗੁਰ ਜੀ ਭੋਰੇ ਪਾਵਾ ॥464॥
ਕਛਕੁ ਕਾਲ ਇਮ ਭਯੋ ਬਤੀਤੀ ॥ ਗੈਂਡੇ ਛੂਟਨ ਕੀ ਸੁਨ ਰੀਤੀ ॥
ਭੋਰੇ ਤੇ ਗੁਰ ਦੀਨ ਕਢਾਈ ॥ ਪੈਰੀ ਬੇੜੀ ਸਦਾ ਰਹਾਈ ॥465॥
ਗੋਬਰ[1] ਗਾਡੇ ਭਰ ਲੈ ਆਏ ॥ ਲੰਗਰੁ ਪਾਵਨ ਨਰੂ ਲਗਾਏ ॥
ਗੈਂਡੇ ਭੀ ਕਛੁ ਲੀਨ ਉਚਾਈ ॥ ਦੇਖਿ ਗੁਰੂ ਜੀ ਮਯਾ ਸੁ ਆਈ ॥466॥
ਲੀਨਾ ਤਿਸ ਕੋ ਗੁਰੂ ਬੁਲਾਏ ॥ ਮਧੁਰ ਮੰਜ ਗੁਰ ਬੈਨ ਅਲਾਏ ॥
ਕਹੁ ਗੈਂਡੇ ਹੈ ਕਹਾਂ ਸੁ ਤੇਰੇ ॥ ਜਿਨ ਹਿਤ ਕੀਨੇ ਪਾਪਾ ਘਨੇਰੇ ॥467॥
ਜੋ ਸਹਾਇਕੁ ਲੇਹੁ ਬੁਲਾਈ ॥ ਤੂਰਨ ਲੇਵੈ ਤੁਮੈ ਛਡਾਈ ॥
ਪਾਨ[2] ਜੋਰੁ ਗੈਂਡਾ ਤਬ ਬੋਲਾ ॥ ਮੋ ਕੋ ਗੁਰ ਜੀ ਤੁਮਰਾ ਓਲਾ ॥468॥

॥ ਦੋਹਰਾ ॥

ਮਾਤ ਪਿਤਾ ਰਾਜਾ ਤੁਹੀ ਦੇਵੀ ਦੇਵਾ ਆਪੁ ॥
ਪੁਰਖੁ ਅਕਾਲਿ ਤੂ ਆਪਿ ਹੈ ਤੇਰੇ ਜਾਪੈ ਜਾਪ ॥469॥

॥ ਚੌਪਈ ॥

ਆਈ ਦਯਾ ਲੁਹਾਰੁ ਬੁਲਾਵਾ ॥ ਬੇਰੀ ਕਾਟੀ ਬਿਲਮ ਨ ਲਾਵਾ ॥
ਜੋ ਜੋ ਦੇਖੈ ਸੋ ਬਿਗਸਾਵੈ ॥ ਗੁਰ ਕੀ ਨੁਤ ਕਰੈ ਹਰਖਾਵੈ ॥470॥

---

1. ਅ ਪੋਥੀ ਪਾਥੀਆਂ
2. ਦ ਪੋਥੀ ਹਾਥ

ਸਿਰੋਪਾਇ ਸੁਭ ਗੁਰੂ ਦਿਵਾਯੋ ॥ ਪਹਿਰਾ ਗੈਂਡੇ ਮਨ ਹਰਖਾਯੋ ॥
ਇਕੁ ਬਡਵ੍ਹਾ ਸਤਗੁਰੂ ਦਿਵਾਈ ॥ ਗੈਂਡਾ ਉਸਤਤਿ ਕਰੁ ਮਨੁ ਲਾਈ ॥471॥
ਲੇਕਰ ਆਇਸ ਭਵਨ ਸਿਧਾਰਾ ॥ ਗੁਰ ਜਸੁ ਗਾਵੈ ਅਪਰੁ ਅਪਾਰਾ ॥

(ਬੁਧ ਸਿੰਘ ਦੀ ਕਥਾ)

ਬੁਧ ਸਿੰਘ ਸਿੰਘ ਪੁਰੀ ਆਯੋ ॥ ਧਰੀ ਉਪਾਇਨ ਸੀਸ ਨਿਵਾਯੋ ॥472॥
ਹੈ ਜਲੰਧਰ ਜਿਸ[1] ਰਜਧਾਨੀ ॥ ਪਾਨ ਜੋਰੁ ਕਰੁ ਬਿਨੇ ਬਖਾਨੀ ॥
ਨੂਰ ਪੁਰ ਕਾ [2]ਕਾਗਜ ਵਰ ਕਰ[3] ॥ ਸਤਿਗੁਰ ਆਗੇ ਭੇਟਾ[4] ਧਰ ਕਰ[4] ॥473॥
ਦੇਖੁ ਪ੍ਰੀਤਿ ਸਤਿਗੁਰ ਜੀ ਲੀਨਾ ॥ ਠਾਣਾ ਅਪਣਾ ਪਠ ਕਰ ਦੀਨਾ ॥
ਬੁਧ ਸਿੰਘ ਪਰ ਮਯਾ ਗੁਰ ਧਾਰੀ ॥ ਸਿਰੋਪਾਇ ਦੀਨੋ ਸੁਖਕਾਰੀ ॥474॥
ਸੋ ਜਲੰਧਰ ਕੌ ਚਲ ਕਰ ਗਯਾ ॥ ਗੁਰੂ ਮਯਾ ਤੇ ਵਡ ਸੁਖ ਭਯਾ ॥
ਦਿਨੁ ਦਿਨੁ ਗੁਰ ਕਾ ਬਧਤ ਪ੍ਰਤਾਪੂ ॥ ਨਿੰਦਕੁ ਦੁਸਟ ਹੋਵੰਤ ਥਾਪੂ ॥475॥

(ਮਹਾਰਾਜਾ ਰਣਜੀਤ ਸਿੰਘ ਦੀ ਪਟਰਾਣੀ ਨੇ ਆਉਣਾ)

॥ ਦੋਹਰਾ ॥

ਪਟਰਾਣੀ ਸਰਕਾਰ ਕੀ ਲੇਕਰ ਸੁਤ ਕੌ ਸਾਥ ॥
ਆਈ ਗੁਰੂ ਹਜੂਰ ਚਲ ਨਯਾਯੋ ਧਰ ਪਰ ਮਾਥ ॥476॥

॥ ਚੌਪਈ ॥

ਖੜਕ ਸਿੰਘ ਕੌ ਮਾਥ ਟਿਕਾਈ ॥ ਹੈ ਗੈ ਭੂਖਨ ਭੇਟ ਚਢਾਈ ॥
ਹਾਥ ਜੋਰੁ ਅਰਜੀ ਪੁਨਿ ਕੀਨੀ ॥ ਸਰਕਾਰ ਕੀ ਤਬ ਅਰਜੀ ਦੀਨੀ ॥477॥
ਗੁਰੂ ਬਚਾਵਾ ਦੇਰੁ ਬਿਹਾਈ ॥ ਅਤਸੇ ਬਿਨਤੀ ਤਿਸ ਨੇ ਗਾਈ ॥
ਮਾਤਾ ਪਾਸ ਗਈ ਪਟਰਾਨੀ ॥ ਭੇਟਾ ਦੇ ਕਰੁ ਮਨੁ ਹਰਖਾਨੀ ॥478॥
ਪ੍ਰਸਾਦਿ ਆਦਿ ਸਤਿਗੁਰੂ ਦਿਵਾਵਾ ॥ ਜੇਤੇ ਸਾਥ ਸਰਬ ਸੁਖੁ ਪਾਵਾ ॥
ਭੋਰ ਆਇ ਪੁਨਿ ਅਰਜਿ ਅਲਾਈ ॥ ਬਿਨੇ ਸੁਨੋ ਸ੍ਰੀ ਗੁਰ ਸੁਖਦਾਈ ॥479॥

॥ ਦੋਹਰਾ ॥

ਬੈਨ ਭਨੋ ਸਰਕਾਰ ਇਹੁ ਕੀਜੈ ਆਪ ਜਰੂਰੁ ॥
ਜੇਤੇ ਰਾਜੇ ਪਾਰ ਹੈ ਮਿਲਾਵੋ ਮੁਹਿ ਸੁਖ ਪੂਰ ॥480॥

॥ ਚੌਪਈ ॥

ਜਬੈ ਬਿਨੈ ਅਸ ਰਾਨੀ ਠਾਨੀ ॥ ਚੰਦ ਬਦਨ ਜੀ ਤਤੁ ਖਿਨੁ ਮਾਨੀ ॥
ਭੇ ਤਿਯਾਰੁ ਸਿਖਨ ਸੁਖਦਾਈ ॥ ਨੰਤੀ ਆਦਿਕੁ ਸਾਥ ਲਵਾਈ ॥481॥

---

1. ਅ ਪੋਥੀ ਕੀ
2. ਅ ਪੋਥੀ ਲਿਖ
3. ਅ ਪੋਥੀ ਧਾਈ
4. ਅ ਪੋਥੀ ਚਢਾਈ

ਮਾਤਾ ਸਾਹਿਬੁ ਡੋਲੇ ਰਾਜੇ ॥ ਬਾਰਨ ਪਰ ਸਤਿਗੁਰ ਜੀ ਛਾਜੇ ॥
ਸੈਨਾ ਅਪਨੀ ਲੀਨੀ ਨਾਲ ॥ ਬਜੇ ਦਮਾਮੇ ਹੈ ਗੈ ਪਾਲ ॥482॥
ਮਨੇ ਸਨੇ ਚਲ ਦੁਾਬੇ ਆਏ ॥ ਜਿਨ ਦਰਸੇ ਆਘ ਜਾਇ ਪਰਾਏ ॥
ਸਰਕਾਰ ਰਾਨੀ ਮਨੁਜ ਪਠਾਏ ॥ ਗਏ ਲਹੌਰ ਕੁ ਬਿਲਮੁ ਬਿਹਾਏ ॥483॥

॥ ਦੋਹਰਾ ॥

ਹਜੂਰ ਚੜਨਾ ਅਕਹ ਕਰ ਭਈ ਤਯਾਰੁ ਸਰਕਾਰੁ ॥
ਲੈ ਕਰੁ ਸੈਨਾ ਆਪਨੀ ਚਾਲੀ ਬਿਲਮ ਬਿਸਾਰੁ ॥484॥

॥ ਚੌਪਈ ॥

ਜੁਗਮ ਨਦੀ ਤੇ ਹੋਵਾ ਪਰੀ ॥ ਗੁਰ ਕੇ ਪਗ ਜਿਸੁ ਪ੍ਰੀਤੀ ਭਾਰੀ ॥
ਲਖਨੌਰ ਪਾਸ ਜਾਇ ਥਿਰਾਨਾ ॥ ਗੁਰ ਕੀ ਗਾਥ ਸੁਨੋ ਬਿਧ ਨਾਨਾ ॥485॥
ਗੁਨਾਚੌਰੁ ਸ੍ਰੀ ਸਤਿਗੁਰ ਪੂਰੇ ॥ ਦੇਰਾ ਪਾਵਾ ਸੁਖਮ੍ਾ ਰੂਰੇ ॥
ਸੰਗਤਿ ਚਲ ਚਲ ਦਰਸਨ ਆਈ ॥ ਧਰੁ ਧਰੁ ਭੇਟਾ ਬੰਦਨ ਗਾਈ ॥486॥
ਨੰਤੀ ਮਹਲਾ ਤਹਾਂ ਠਹਰਾਇ ॥ ਔਰੁ ਅਸਬਾਬ ਧਰਾ ਹਿਤ ਲਾਇ ॥
ਲੈ ਸੈਨਾ ਗੁਰ ਹੋਏ ਪਾਰ ॥ ਜਿਨ ਤਾਰਾ ਬਾਰੰਨ ਬਿਨਾ ਅਵਾਰ ॥487॥
ਸੰਗਤਿ ਦਰਸਨ ਦੇਤ ਸੁਆਮੀ ॥ ਦੈ ਭੇਟਾ ਸਿਖ ਮੇਟਤ ਖਾਮੀ ॥
ਸਨੇ ਸਨੇ ਚਲਗੇ ਲਖਨੌਰ ॥ ਸਰਕਾਰ ਮਨ ਭਾ ਗੁਰ ਪਗ ਭੌਰ ॥488॥

(ਰਣਜੀਤ ਸਿੰਘ ਦਾ ਦਬਦਬਾ)

ਹਾਥ ਜੋਰ ਸਰਕਾਰੁ ਬਿਨ ਗਾਈ ॥ ਸਭ ਰਾਜੇ ਮੈ ਲੀਨ ਦਬਾਈ ॥
ਜੈਸੇ ਬਾਜੰ ਝਪਟ ਲਗਾਵੈ ॥ ਪੰਛੀ ਨਾਹੀ ਉਕਸਨ ਪਾਵੈ ॥489॥

॥ ਦੋਹਰਾ ॥

ਮੈਨ ਦਾਬ ਕੇ ਦੇਸ ਕੇ ਭਏ ਭੂਪ ਭੈਵਾਨ ॥
ਨਜਰਾਨੇ ਦੈ ਦੈ[1] ਮਿਲੈ ਕੁੰਜਰੁ ਦਰਬੁ ਕਿਕਾਨ ॥490॥
ਪਟਿਆਲੇ[2] ਕੇ ਦੇਸ ਕੌ ਕਯੋ ਤੇਜ ਤਪਧੀਸ ॥
ਤੁਰਰਾ ਤੋਪ ਧਨੁ ਨਜਰੁ ਲੈ ਕਰੀ ਆਨ ਸਭ ਖੀਸ ॥491॥

॥ ਚੌਪਈ ॥

ਸ੍ਰੀ ਹਜੂਰ ਜੀ ਗਿਰਾ ਅਲਾਈ ॥ ਹੈ ਤਯਾਗ ਰਹੋ ਗੁਰ ਸਰਨਾਈ ॥
ਅਕਾਲ ਪੁਰਖੁ ਤਵ ਕਰੀ ਸਹਾਇ ॥ ਰਾਜੇ ਦੀਨੇ ਤਵ ਪਗ ਲਾਇ ॥492॥
ਮਨ ਮੈ ਰਹੁਮ ਧਰੋ ਬਚ ਮਾਨੋ ॥ ਪਰਜਾ ਪਾਲੋ ਹੁਇ ਸਵਧਾਨੋ ॥
ਪ੍ਰੀਤੀ ਕੀਜੈ ਸਭ ਕੇ ਨਾਲ ॥ ਸਨੇ ਸਨੇ ਬਧ ਜਾਇ ਬਿਸਾਲ ॥493॥

---

1. ਅ ਪੋਥੀ ਲੈ ਲੈ
2. ਅ ਪੋਥੀ ਪਟਾਲੇ

ਸਤ ਬਚਨੁ ਕ੍ਰਹਿ ਬਾਨੀ-ਗੋਈ ॥ ਚਾਹੇ ਐਸੇ ਲੇਵੇ ਖੋਈ ॥
ਲੇ ਆਇਸ ਨਿਜ ਡੇਰੇ ਗਯਾ ॥ ਅੰਬਾਲੇ ਘੇਰਾ ਪਾਵਨ ਕਿਯਾ ॥494॥

(ਸਰਦਾਰ ਬਖਸ ਸਿੰਘ ਦੀ ਵਿਧਵਾ ਨੇ ਬਾਬਾ ਬੇਦੀ ਦੀ ਸਰਣ ਆਉਣਾ)

॥ ਦੋਹਰਾ ॥

ਸਹਿਰ ਅੰਬਾਲੇ ਕਾ ਹੁਤਾ ਬਖਸ ਸਿੰਘ ਸਰਦਾਰ ॥
ਸੋ ਤਾਂ ਆਗੇ ਮਰ ਗਯਾ ਪਾਛੇ ਥਾ ਕੀ ਨਾਰ ॥495॥
ਮੁਲਖ ਉਬਾਰਨ ਕਾਰਨੇ ਧਾਰਿ ਹਿਰਦੇ ਰਿਪ ਤ੍ਰਾਸ ॥
ਸਾਮ ਗਹੀ ਗੁਰਦੇਵ ਕੀ ਆਈ ਸ੍ਰੀ ਗੁਰ ਪਾਸ ॥496॥

॥ ਚੌਪਈ ॥

ਧਰੀ ਉਪਾਇਨ ਬਹੁ ਤਿਨ ਆਈ ॥ ਧਾਨ੍ਹ ਜੋਰੁ ਕਰਿ ਅਰਜੁ ਅਲਾਈ ॥
ਅੰਬਾਲਾ ਲੇਵੋ ਗੁਰੂ ਬਚਾਇ ॥ ਰਾਵਰ ਲੀਨੀ ਮੈ ਸਰਨਾਇ ॥497॥
ਸਾਹਿਬ ਧੀਰਜੁ ਤਿਸ ਕੋ ਦੀਨਾ ॥ ਤੂੰ ਪਾਵੇਗੀ ਸੁਖ ਅਤਿ ਪੀਨਾ ॥
ਅਈ ਸਰਕਾਰ ਗੁਰ ਕੋ ਮਿਲਨੇ ॥ ਜੁਗ ਕਰ ਜੋਰ ਲਗੀ ਪਗ ਲਗਨੇ ॥498॥
ਕਰ ਸੋ ਕਰ ਗਹਿ ਸ੍ਰੀ ਗੁਰ ਲੀਨੋ ॥ ਕਹੋ ਬੈਨ ਸੁਭ ਰਸੁ ਮੈ ਭੀਨੋ ॥
ਦਯਾ ਕੌਰ ਪਰ ਦਾਯਾ ਕਮਾਉ ॥ ਇਸ ਮਾਈ ਪਰ ਜੋਰ ਨ ਪਾਉ ॥499॥
ਬਿਧਵਾ ਨਾਰੀ ਨਾਹਿ ਦੁਖਾਵੋ ॥ ਅੰਬਾਲੇ ਤੇ ਜੋ ਫੌਜ ਹਟਾਵੋ ॥
ਚਲੋ ਦਿਲੀ ਮੈ ਚਾਲੋ ਨਾਲ ॥ ਤਖੁਤੁ ਬਹਾਵੋ ਕਰੋ ਨ ਟਾਲ ॥500॥

(ਮਹਾਰਾਜਾ ਰਣਜੀਤ ਸਿੰਘ ਨੇ ਬਾਬੇ ਦਾ ਹੁਕਮ ਨਾ ਮਾਨਣਾ)

ਸੁਨ ਸਰਕਾਰ ਨ ਆਇਸ ਮਾਨੀ ॥ ਦਈ ਠਟੀ ਨਹਿ ਹੋਵੈ ਹਾਨੀ ॥
ਅੰਬਾਲਾ ਗੁਰ ਜੀ ਹਮ ਨਹਿ ਦੇਨਾ ॥ ਖੋਸਾ ਬਲ ਕਰ ਮੈਂ ਹੀ ਲੇਨਾ ॥501॥

॥ ਦੋਹਰਾ ॥

ਜਬ ਆਇਸ ਮਾਨੀ ਨਹੀ ਸ੍ਰੀ ਗੁਰ ਅਸ ਮਨ ਧਾਰ ॥
ਗਿਰਾ ਕਹੀ ਭੈ ਦਾਯਨੀ ਸਕੈ ਨਾ ਕੋਇ ਨਿਵਾਰ ॥502॥

॥ ਚੌਪਈ ॥

ਕਹਾਂ ਕਰੈ ਗੋ ਕਾਂਨੇ ਕਾਕਾ ॥ ਮਲਨ ਰਿਦੇ ਤਵ ਮਲ ਵਲ ਝਾਕਾ ॥
ਹਮਰੋ ਕਹਯੋ ਤੁਮ ਨਾਹੀ ਮਾਨਾ ॥ ਤੁਮ ਨਾਰੀ ਦੁਖ ਪਾਇ ਜਹਾਨਾ ॥503॥
ਸੋ ਕੋ ਲਯਾਵਾ ਅਸ ਕਰਤੂਤ ॥ ਅੰਤੇ ਬਿਗਰੇ ਤੁਮਰਾ ਸੂਤ ॥
ਰਾਜ ਮਦੰ ਤਵ ਹੋਵਾ ਭਾਰੀ ॥ ਅੰਤੁ ਕਾਲ ਦੁਖ [1]ਪਾਇ ਗਵਾਰੀ[1] ॥504॥
ਪਲਟਣ ਸੈਨਾ ਲਾਲ ਬਨਾਈ ॥ ਆਵ ਫਿਰੰਗੀ ਦੇਵ ਭਜਾਈ ॥
ਈਸਰ ਭਾਵੀ ਹੈ ਬਲਵਾਨ ॥ ਸਰਕਾਰ ਨ ਬੋਲੀ ਭਰੀ ਗੁਮਾਨ ॥505॥

---

1. ਅ. ਪੋਥੀ ਪਾਠਾਂਤਰ : ਖਾਵੈ ਮਾਰੀ

ਸ਼ਿਨ ਤੇ ਲੈਨੇ ਵਰ ਸੁਖਦਾਈ ॥ ਉਲਟ ਸਰਾਪ ਲਿਯੋ ਦੁਖਦਾਈ ॥
ਨੌਮੇਂ ਠਾਂਨ ਦੇਰੇ ਚਲ ਆਵਾ ॥ ਕੀਨੈ ਮਨ ਮੈ ਬਹੁ ਪਛਤਾਵਾ ॥506॥

॥ ਦੋਹਰਾ ॥

ਦੁਸਵੰਧ ਸਿੰਘ ਗੁਰ ਸਿਖ ਬਰ ਦਖਨੀ ਪੜ੍ਹੀ ਕਹਾਇ ॥
ਸੋ ਹਜ਼ੂਰ ਕੇ ਸਾਥ ਥਾ ਕਰੀ ਬ੍ਰਿਨੇ ਸਿਰ ਨਯਾਇ ॥507॥

॥ ਚੌਪਈ ॥

ਦਖਨੀ ਲੀਜੈ ਗੁਰ ਸੁਖਦਾਈ ॥ ਰਾਵਰ ਪਗ ਪਰ ਭੇਟ ਚਢਾਈ ॥
ਤਿਸੁ ਪਰ ਮਯਾ ਗੁਰੂ ਬਡ ਧਾਰੀ ॥ ਜਨਮ ਮਰਨ ਤੇ ਕੀਨੋ ਪਾਰੀ ॥508॥
ਦਇਆ ਕੌਰ ਕੌ ਸੰਗੁ ਲਿਆਏ ॥ ਡੇਰਾ ਦੀਨਾ ਕੂਚ ਕਰਾਏ ॥
ਕ੍ਰਮ ਕ੍ਰਮ ਕਰ ਮਾਰਗ ਉਲਘਾਨੇ ॥ ਨੂਰ ਦੁਰਗਮੇਂ ਆਇ ਬਿਰਾਨੇ ॥509॥
ਨੰਤੀ ਆਦਿ ਕੁ ਲੀਨ ਮੰਗ੍ਹਾਇ ॥ ਮਹਲ ਮਿਲਿ ਕਰ ਮਨ ਹਰਖਾਇ ॥
ਠਾਂਣਾ ਅਪਨਾ ਗੁਰੂ ਪਠਾਵਾਂ ॥ ਦਖਣੀ ਮੇਂ ਦੇਲ ਡੇਰਾ ਪਾਵਾਂ ॥510॥
ਜਬ ਠਾਣਾ ਗੁਰ ਦਖਣੀ ਪਾਯੋ ॥ ਦਿਵਾਨ ਕਯਾ ਨੇ ਦੂੰਦ ਉਠਾਯੋ ॥
ਠਾਂਣੇਦਾਰ ਨੇ ਅਰਜ਼ ਲਿਖਾਈ ॥ ਆਵਾ ਮਾਨਵ ਗੁਰ ਪਹਿ ਧਾਈ ॥511॥
ਖੋਲ ਪਠਾਈ ਸਤਗੁਰ ਪੂਰਨ ॥ ਜਬੈ ਸੁਨੀ ਰਿਸ ਉਪਜੀ ਤੂਰਨ ॥
ਨੰਤੀ ਆਦਿ ਤਹ ਠਹਿਰਾਏ ॥ ਅੰਮ੍ਰਿਤਸਰੁ ਦਰਸਨ ਹੁਲਸਾਏ ॥512॥

॥ ਦੋਹਰਾ ॥

ਹੈ ਗੈ ਸੈਨਾ ਸਾਥ ਲੈ ਚੜੇ ਗੁਰੂ ਬਿਨੁ ਦੇਰ ॥
ਸੁਨੇ ਸਨੇ ਪਹੁਚਤ ਭਏ ਜੋ ਗਰਜਤ ਵਤ ਸ਼ੇਰ ॥513॥
ਗੁੰਬੀ ਚੰਚਲ ਸਿੰਘ ਕੇ ਕੂਪ ਬਿਰਾਜੇ ਆਇ ॥
ਨਗਰ ਬੀਚ ਸੁਧ ਹੋਤ ਭੀ ਸੰਗਤਿ ਆਈ ਧਾਇ ॥514॥

॥ ਚੌਪਈ ॥

[1]ਅਡਣ ਸਾਹੀ ਸਾਧ ਗੁਰ ਦਿੜਾ ॥ ਸੁਬਦੁ ਪਢਤੁ ਹੈ ਪ੍ਰੀਤੀ ਜੁਤਾ ॥[1]
ਭਾਈ ਮਣਸ਼ਾ ਸਿੰਘ ਚਲ ਆਯੋ ॥ ਰਾਗੀ ਸਾਜੰ ਸੰਗਿ ਲਿਆਯੋ ॥515॥
ਭੇਟਾ ਕੇ ਅੰਬਾਰੁ ਲਗੁ ਗਏ ॥ ਕੌਨ ਗਿਨੇ ਕਛੁ ਵਾਰ ਨ ਪੱਏ ॥
ਏਕ ਏਕ ਕੌ ਗੁਰੂ ਬੁਲਾਵੈ ॥ ਜਿਸੈ ਬੁਲਾਵੈ ਤਿਸੁ ਹਰਖਾਵੈ ॥516॥
ਤਰਨ ਸਮੇ ਆਈ ਸਰਕਾਰ ॥ ਕਰਨੇ ਹੇਤ ਹਜ਼ੂਰ ਜੁਹਾਰ ॥
ਸੈਨਾ ਸਘਨ ਤੁਰੰਗੁ ਸਵਾਰੀ[2] ॥ ਝੂਲ ਮਲ ਜੀਨ ਰਾਜਨ ਅੰਬਾਰੀ ॥517॥
ਜਰੀ ਬਾਂਦਲੇ ਔਰੁ ਦੁਸਾਲੇ ॥ ਕੜੇ ਕਿਯੂਰ ਕਰਨ ਮੇਂ ਵਾਲੇ ॥
ਅਗੁ ਅਰਦਲੀ ਉਛਰਤ ਭਾਰੇ ॥ ਪਹਰੇ ਸਸਤ੍ਰ ਸੁ ਦੀਸਤ ਸਾਰੇ ॥518॥

---

1. ਅ ਪੋਥੀ ਪਾਠਾਂਤਰ : ਅਡਣਸਾਹੀ ਸਾਧੂ ਆਏ ॥ ਸਬਦ ਪਢਤੁ ਹੈ ਪ੍ਰੀਤੀ ਲਾਇ ॥
2. ਅ ਪੋਥੀ ਅਸਵਾਰੀ,

ਭੂਲੇ ਵਕੀਲ ਅਸੀਲ ਸੁਭਾਏ ॥ ਸਰਕਾਰ ਦੀਨੇ ਅਗੂ ਪਠਾਏ ॥
ਇਕ ਹਰਿ ਦਾਸ ਸਿੰਘ ਸਰਦਾਰ ॥ ਮਿਤ ਸਿੰਘ ਦੂਸਰ ਹੈ ਬੁਧ ਸਾਰ ॥519॥
ਤੀਸਰ ਫਤੇ ਸਿੰਘ ਵਰ ਭੂਪੁ ॥ ਸਯਾਮ ਸਿੰਘ ਚਤੁਰਥੋ ਅਨੂਪੁ ॥
ਸੀਸ ਨਯਾਇ ਕਰ ਜੋਰ ਖਲੋਏ ॥ ਭਏ ਮਗਨ ਗੁਰ ਦਰਸਨ ਜੋਏ ॥520॥
ਅਧਿਕ ਪ੍ਰਸੰਸਾ ਬਦਨੁ ਉਚਾਰੀ ॥ ਬਿਨੈ ਕਰੀ ਸਰ ਮਧੁਰ ਸਵਾਰੀ ॥
ਸੇਵਕੁ ਤਾਰਨ ਬ੍ਰਿਦੁ ਤੁਮਾਰਾ ॥ ਗਨਪਤਿ [1]ਗਿਰਾ [1]ਨ ਪਾਵੈ ਪਾਰਾ ॥521॥

(ਬਾਬਾ ਸਾਹਿਬ ਸਿੰਘ ਨੇ ਨਾਰਾਜ਼ ਹੋਣਾ)

॥ ਦੋਹਰਾ ॥

ਦਰਸਨ ਕਰਨ ਹਜੂਰ ਦਾ ਆਈ ਹੈ ਸਰਕਾਰ ॥
ਆਇਸੁ ਹੋਇ ਜਿ ਆਪ ਦੀ ਪਰਸੈ ਚਰਨ ਰਵਾਰ ॥522॥
ਸੁਨਤ ਸ੍ਵਾਲ ਗਰਜੇ ਪ੍ਰਭੂ ਉਕਸੈ ਪੀਠ ਪ੍ਰਯੰਕ ॥
ਕਿਉ ਆਯੋ ਕਾਨ ਕੁਟਿਲ ਜਾਂ ਕੀ ਚੰਗ ਕਲੰਕ ॥523॥

॥ ਚੌਪਈ ॥

ਗਰ ਮੇ ਚੀਰ ਸਰਕਾਰੁ ਚਲਿ ਆਈ ॥ ਬਾਰੰ ਬਾਰ ਧਰਿ ਸੀਸ ਨਿਵਾਈ ॥
ਖੜੀ ਰਹੀ ਨਹਿ ਗੁਰੂ ਬੁਲਾਵਾ ॥ ਰੰਚਕ ਭਰ ਨਹਿ ਚੀਤੁ ਡੁਲਾਵਾ ॥524॥
ਜੁਗਮ ਘੜੀ ਜਬ ਖੜੇ ਬਿਤਾਈ ॥ ਮਿਤ ਸਿੰਘ ਪੁਨਿ ਬਿਨੈ ਅਲਾਈ ॥
ਕਰੋ ਮਯਾ ਪ੍ਰਭ ਦੀਨ ਦਯਾਲਾ ॥ ਸੇਵਕੁ ਜ਼ਾਨ ਕਰੋ ਪ੍ਰਤਪਾਲਾ ॥525॥
ਸੁਨਤ ਬੈਨ ਦ੍ਰਵੈ ਗੁਰ ਪੂਰੇ ॥ ਬੈਠ ਜਾਹ ਕਹਯੋ ਬਚ ਰੂਰੇ ॥
ਦੌਰ ਦੌਰ ਜਗ ਕਰਤ ਪੰਵਾਰੇ ॥ ਲੋਗਨ ਕੇ ਘਰ ਬਸਤੁ ਉਜਾਰੇ ॥526॥

॥ ਦੋਹਰਾ ॥

ਬਾਲ ਅਵੰਸਥਾ ਕੇ ਦਿਵਸ ਬਿਸਰ ਗਏ ਅਬ ਤੋਹਿ ॥
ਪੰਢਤ ਥੋ ਪਰਯੰਕੁ ਤਰ ਸਾਮ ਤਕਾਵਤ ਮੋਹਿ ॥527॥

॥ ਚੌਪਈ ॥

ਮਾਤ੍ਰਾ ਤੁਮਰੀ ਅਸਨ ਪਕਾਵਤ ॥ ਫੁਲਕੇ ਲੀਏ ਪੀਸ ਲਿਆਵਤ ॥
ਸੁਬ ਸਰਦਾਰ ਤੁਹਿ ਮਾਰਨ ਧਾਏ ॥ ਤਬ ਹਮ ਲੀਨੋ ਤੁਮੈ ਬਚਾਏ ॥528॥
ਸੁਨੇ ਸਰਕਾਰ ਨੇ ਬਿਨੈ ਅਲਾਈ ॥ ਮੈ ਭੂਲਾ ਬਖਸੋ ਸੁਖਦਾਈ ॥
ਖਿਮਾ ਕਰੀਜੈ ਗੁਰ ਸੁਖਦਾਤੇ ॥ ਕਹਿ ਰਿਸ ਬਨੈ ਨ ਕੀਜੈ ਹਾਤੇ ॥529॥
ਪਨਹਿ ਉਠਾਈ ਝਾਰਨ ਕੀਨੀ ॥ ਚਰਨ ਰੇਨ ਮਸਤਕੁ ਧਰਿ ਲੀਨੀ ॥
ਦੇਖ ਦੀਨ ਮਯਾ ਗੁਰ ਧਾਰੀ ॥ ਪਾਲਾ ਬੂਟਾ ਦੇ ਕਰੁ ਬਾਰੀ ॥530॥
ਧਰੀ ਉਪਾਇਨ ਜੁਗਮ ਕਰੁ ਜੋਰੁ ॥ ਕਹੀ ਗਿਰਾ ਮੰਜੁ ਸੁਧਾ ਨਿਚੋਰੁ ॥
ਪੰਝੀ ਹਜਾਰ ਰੂਪੀ ਹੈ ਰਾਖੀ ॥ ਹੈਗੈ ਚੀਰ ਦੁਸਾਲੇ ਲਾਖੀ ॥531॥

---

1. ਅ ਪੋਥੀ ਗਿਨ

ਸ੍ਰੀ ਹਜੂਰਿ ਸੁਨਿ ਗਿਰਾ ਆਲਾਈ ॥ ਜੋ ਸਿਖਨ ਕੋ ਹੈ ਸੁਖਦਾਈ ॥
ਮਹਾਂ ਸਿੰਘ ਸੁਤ ਬਡੋ ਸੁਜਾਨਾ ॥ ਜੋ ਮਾਨਤ ਸ਼ੁਦ ਹਮਰੀ ਆਨਾ ॥532॥
ਦੁਾਬੇ ਮੈ ਤੁਮਰੇ ਸਿਰਦਾਰਾ ॥ ਦਖਣੀ ਸਾਦ ਕਰਪ ਵਹੁ ਰਾਰਾ ॥
ਦੋਵੇ ਦਿਨ ਕੌ ਬੇਗ ਹਟਾਇ ॥ ਸੁਨ ਸਰਕਾਰ ਸ਼ਤ ਮੁਖ ਗਾਇ ॥533॥

॥ ਦੋਹਰਾ ॥

ਲਿਖ ਕਾਗਜ ਸਰਕਾਰ ਨੇ ਚਰ ਕੇ ਹਾਥ ਗਹਾਇ ॥
ਜਾਇ ਦਿਵਾਨ ਕੂ ਦੀਜੀਏ ਲੇਵੋ ਫੌਜ ਹਟਾਇ ॥534॥

॥ ਚੌਪਈ ॥

ਹਾਥ ਜੋਰਿ ਪੁਨਿ ਗਿਰਾ ਅਲਾਈ ॥ ਔਰ ਨਿਦੇਸੁ ਕਰੋ ਸੁਖਦਾਈ ॥
ਦਾਸਨਿ ਦਾਸ ਦਾਸ ਮੁਹਿ ਜਾਨੋ ॥ ਜੋ ਮੁਖ ਭਾਖੋ ਸੋਈ ਠਾਂਠੋ ॥535॥
ਸਿਰੋਪਾਇ ਗੁਰ ਦੀਨਾ ਭਾਰੀ ॥ ਉਠਿ ਕਰਿ ਲੀਨਾ ਸਿਰ ਪਰ ਧਾਰੀ ॥
ਔਰੁ ਸਿਰਦਾਰਨ ਪਾਗ ਦਿਵਾਈ ॥ ਸਭ ਨੇ ਲੀਨੀ ਸੀਸ ਚੜ੍ਹਾਈ ॥536॥
ਲੇ ਆਇਸ ਚਾਲੀ ਸਰਕਾਰ ॥ ਉਰ ਮੈ ਜਾਗੀ ਪ੍ਰੀਤ ਅਪਾਰ ॥
ਸਿਵਰ ਮਾਝ ਸੋ ਜਾਇ ਬਿਰਾਨਾ ॥ ਗੁਰ ਕੀ ਗਾਥ ਕਹੈ ਸੁਖਦਾਨਾ ॥537॥
ਸ੍ਰੀ ਦਰਬਾਰ ਗੁਰੂ ਚਲ ਗਏ ॥ ਕੀਨੇ ਨੌਨ ਦਾਨੁ ਬਹੁ ਦਏ ॥
ਭੇਟਾ ਦੀਨੀ ਅਧਕ ਚਢਾਇ ॥ ਆਏ ਡੇਰੇ ਮੋ ਹਰਖਾਇ ॥538॥

॥ ਦੋਹਰਾ ॥

ਸੰਗਤਿ ਕੋ ਗੁਰ ਖੁਸੀ ਕਰ ਦੀਨੋ ਕੂਚ ਕਰਾਇ ॥
ਸਨੇ ਸਨੈਂ ਮਾਰਗੁ ਚਲੇ ਥਿਰੇ ਨੂਰ ਪੁਰ ਜਾਇ ॥539॥

॥ ਚੌਪਈ ॥

ਸਿਖ ਸੰਤ ਮਿਲ ਮੰਨ ਬਿਗਸਾਈ ॥ ਮਹਿਲਾ ਮਿਲਿ ਕਰ ਮਨ ਹਰਖਾਈ ॥
ਸੰਗਤਿ ਆਵੈ ਵਾਰ ਨ ਪਾਰੀ ॥ ਮਨੋਧਾ ਪੂਰੇ ਗੁਰੂ ਮੁਰਾਰੀ ॥540॥
ਏਕ ਦਿਨਾ ਸ੍ਰੀ ਸਤਿਗੁਰ ਪਾਸ ॥ ਸਾਹਿਬ ਦਾਸ ਕਹਿ ਬਿਨੈ ਹੁਲਾਸ ॥
ਕਰੁਣਾ ਨਿਧਿ ਕਰੁਣਾ ਮੁਹਿ ਕੀਜੈ ॥ ਦੋਤ੍ਰਾ ਮੁਝੈ ਖਿਲਾਵਨ ਦੀਜੈ ॥541॥
ਸੁਨਿ ਕਰ ਅਰਜੀ ਗੁਰੂ ਦਿਆਲਾ ॥ ਕਹੀ ਗਿਰਾ ਸੁਠਿ ਮੀਠ ਰਸਾਲਾ ॥
ਇਕ ਕਯਾ ਮਾਂਗੇ ਜੁਗਮ ਖਿਲਾਵੈ ॥ ਦੋਹਤੇ ਦੇਖ ਪਰਮ ਸੁਖ ਪਾਵੈ ॥542॥
ਸੁਨਿ ਮਾਈ ਮਨਿ ਭਯਾ ਅਨੰਦਾ ॥ ਗੁਰੂ ਬੈਨ ਹੈ ਸੁਖ ਕੇ ਕੰਦਾ ॥
ਦਸਕ ਮਾਸ ਬੀਤਤ ਸੁਭ ਗਏ ॥ ਬਾਲ ਜਨਮ ਕਾ ਔਸਰ ਭਏ ॥543॥

॥ ਸ੍ਵੈਯਾ ॥

ਜਾਮਨੀ ਆਧ ਬਤੀਤ ਭਈ ਜਬ ਪ੍ਰਿਖਨ ਛਤ੍ਰ ਸਮੋ ਤਬ ਹੋਊ ॥
ਔਰੁ ਭਲੇ ਗ੍ਰਹ ਰਾਜ ਕੋ ਜੋਗ ਭਯੋ ਮਨੋ ਰਾਮੁ ਬਾਲਕ ਜੋਊ ॥

1. ਅ ਪੋਥੀ ਰੁਪਯੇ

ਧਾਇਕ ਸੰਵਤ ਤੇ ਜਨਮਯੋ ਸੁਨ ਦੇਖ ਅਨੰਦ ਕਰੈ ਸਭ ਕੋਊ ॥
ਨਰ ਨਾਰ ਅਨੰਦ ਭਯੋ ਅਤ ਹੀ ਜ ਦੇਵੈਂਗੇ ਦੁੱਖ ਸਿੱਖਨ ਖੋਊ ॥544॥
ਚਾਰੁ ਪ੍ਰਕਾਸ ਅਵਾਸ ਭਯੋ ਪਿਖ ਧਾਇਨ ਬੇਬਸਿ ਹ੍ਵੈ ਬਲਿਹਾਰੂ ॥
ਗੰਰੂ ਉਦਯੋ ਮਨ ਸਿਖਨ ਕੋ ਜਨੁ ਚੰਦ ਬਿਲੰਬ ਸੰਰੂਪ ਸੁਭੈ ਸਮ ਮਾਰੂ ॥
ਮਾਰੂ ਰਿਪੂਨ ਕੋ ਸੇਵਕੁ ਤਾਰਨ ਮੋਹਨੀ ਮੂਰਤ ਬੁਧ ਉਦਾਰੂ ॥
ਦਾਰੂ ਸੁ ਦੋਸ ਹੁਤਾਸ ਨ ਭਾ ਬਲ ਪ੍ਰਾਕ੍ਰਮ ਜਾ ਬਿਥਰੇ ਦਿਸ ਚਾਰੂ ॥545॥
ਦੀਪਕ ਮੰਦ ਬਿਲੰਦ ਪ੍ਰਕਾਸ ਤੇ ਧਾਇ ਭਈ ਬਿਸਮੈ ਹਰਖਾਵਤ ॥
ਬਾਲ ਅਨੇਕ ਭੁਏ ਮਮ ਹਾਥ ਹੀ ਇਸ ਕੇ ਸਮ ਕੋ ਉਦਤਿ ਨ ਪਾਵਤਿ ॥
ਸੁੰਦਰੋ ਸੂਰਤਿ ਸੋਭਤ ਪੂਰਤ ਸ੍ਰੀ ਮੁਖ ਮੰਦ ਮਨੋ ਮੁਸਕਾਵਤਿ ॥
ਆਪ ਕੋ ਪੀਰ ਨ ਮਾਤ ਕੋ ਪੀਰ ਸੁਧੀਰ ਖੁੰਸਿੰਨਤਾ ਭੂਰ ਉਪਾਵਤਿ ॥546॥

॥ ਕਬਿਤੁ ॥

ਬੀਜੁਰੀ ਪ੍ਰਕਾਸ਼ੈ ਜਿਮ ਤੇਜ ਕੇ ਉਜਾਸੇ
ਤਿਨ ਲੋਚਕ ਕੋ ਭਾਸੈ ਤਬ ਮਾਤ ਕੋ ਸੁਨਾਯੋ ਹੈ ॥
ਜਨਮਯੋ ਸਪੂਤ ਸੁਨ ਧਾਇਨ ਤੇ ਪੂਤ ਮਨਾ
ਕਲਮੰਖ ਧੂਤ ਕੋ ਰਿਦਾ ਸੁ ਹਰਖਾਯੋ ਹੈ ॥
ਬ੍ਰਿੰਦ ਪੁਨ ਦਾਨੁ ਤੇ ਸੁ ਪ੍ਰੇਮ ਨੇ ਪ੍ਰਤਾਪ ਤੇ
ਸਦੀਵ ਨਾਮੁ ਜਾਪਤੇ ਮਾਨੋ ਪ੍ਰਭੁ ਪਾਯੋ ਹੈ ॥
ਰੰਕ ਨਿਤ ਐਨ ਤੇ ਕਲਪਤਰੁ ਲੈਨ ਤੇ ਜਯੋ
ਕੌਨ ਭਨੈ ਬੈਨ ਤੇਂ ਨਿਤ ਕਿ ਮੋਦ ਛਾਯੋ ਹੈ ॥547॥
ਚਾਹੈ ਚਿਰਕਾਲ ਕੀ ਜੁ ਕਾਮਨਾ ਬਿਸਾਲ ਕੀ
ਸੁ ਹੈ ਰਿਦ ਕੋ ਹੁਲਾਸ ਕੀ ਬਿਨਾਸੀ ਚਿੰਤ ਮਨ ਕੀ ॥
ਕਮਲ ਸਮਾਨੁ ਭੀ ਪ੍ਰਫੁਲਤ ਮਹਾਨ ਤਬ
ਬਾਨੀ ਸੁਖ ਦਾਨੀ ਸੁਨੁ ਜੈਸੇ ਮੋਰ ਘਨ ਕੀ ॥
ਜੇਵਰ ਜਰਾਵ ਭੀਨ ਧਾਇ ਕੇ ਸੁ ਹਾਥ ਦੀਨ ॥
ਆਨੰਦ ਉਦਧ ਮੀਨ ਰੀਤ ਸਖੀ ਜਨ ਕੀ ॥
ਚੀਰਨ ਕੋ ਦੇਤ ਹੈ ਦਰਬ ਕੀ ਈਂ ਲੇਤ ਹੈ
ਸੁ ਦਾਸੀ ਦੌਰ ਦੌਰ ਕਹੈਂ ਕਹੈ ਜਯੁ ਬੱਚਨੁ ਕੀ ॥548॥

॥ ਦੋਹਰਾ ॥

ਅਧਕ ਮਹਦ ਉਤਸਾਹ ਕੋ ਮਾਤਾ ਕੀਨ ਅਨੰਦ ॥
ਘਰੁ ਅੰਤਰਿ ਸਭ ਇਸ ਬ੍ਰਿਧ ਬਖਸੀ ਬਖਸਿ ਬਿਲੰਦ ॥549॥

ਸਦਨ[1] ਬਿਖੇ ਮੇਵਯੋ ਨਹੀ ਪੂਰਨ ਹ੍ਵੈ ਤਤ੍ਕਾਲ ॥
ਨਿਕਸਯੋ ਬਾਹਰੁ ਉਛਰ ਕਰ ਉਤਸਵ ਸੁਖਦ ਬਿਸਾਲ ॥550॥

(ਬਾਬਾ ਸਾਹਿਬ ਸਿੰਘ ਦੇ ਘਰ ਪੁਤਰ ਦਾ ਜਨਮ)

॥ ਚੌਪਈ ॥

ਏਕ ਦਾਸ ਦੌਰਾ ਗੁਰ ਪਾਸੂ ॥ ਆਪ ਸਦਨ ਸੁਤ ਭਾ ਸੁਖ ਰਾਸੂ ॥
ਸੁਨ ਹਜੂਰਿ ਜੀ ਮਨ ਹਰਖਾਏ ॥ ਭੂਖਨ ਬਸਨ ਤਿਸ ਨਰ ਨੇ ਪਾਏ ॥551॥
ਹੁਕਮੁ ਭਯੋ ਤਕ ਬਾਜ ਬਜਾਵੇ ॥ ਆਨੰਦ ਮੰਗਲੇ ਮਿਲ ਮਿਲ ਗਾਂਵੇ ॥
ਪੁਰਾਨੇਨ ਸ੍ਰੀ ਸਤਿਗੁਰ ਕੀਨਾ ॥ ਗੋ ਬਿਤ ਅੰਨ ਦਾਨੁ ਬਰੁ ਦੀਨਾ ॥552॥
ਭੂਸੁਰ ਰੰਕ ਲੇਇ ਹਰਖਾਈ ॥ ਬਾਰ ਬਾਰ ਨੁਤ ਕਰੈ ਬਨਾਈ ॥
ਸਕਲ ਕਰਾਈ ਸਤਗੁਰ ਪੂਰੇ ॥ ਮੰਗਲ ਹੋਵਾ ਮਿਟੇ ਵਿਸੂਰੇ ॥553॥

॥ ਸ੍ਵੈਯਾ ਛੰਦੁ ॥

ਬੰਦਨੁ ਵਾਰਿ ਹਰਿਤ ਦਲ ਫੂਲਨਿ ਅਰੰਨ ਬ੍ਰਨ ਕੀ ਰਚ ਕਰ ਸੋਇ ॥
ਸ੍ਰੀ ਗੁਰ ਘਰੁ ਦਰੁ ਪੈਰ ਬਹੁ ਬਾਦੀ ਲਘੁ ਦੁੰਦਭੀ ਮਧੁਰੀ ਧੁਨਿ ਹੋਇ ॥
ਅਬਲਾ ਲਲੰਤਿ ਕਲੰਤ ਬਰ ਬਸਤ੍ਰ ਨਿੰਜੇ ਵਰ ਜੇਬ ਅਜਾਇਬ ਜੋਇ ॥
ਦੇਤ ਬਧਾਈ ਆਪਸ ਮਹਿ ਮਿਲ ਬੋਲਹਿ ਹਰਖ ਭਰੀ ਸਭ ਕੋਇ ॥554॥

॥ ਦੋਹਰਾ ॥

ਕਹਿ ਲਗ ਵਰਨਨ ਮੈ ਕਰੋ ਭਾ ਉਤਸ੍ਵ ਅਤ ਭੂਰ ॥
ਫਨੀ ਗਿਰਾ ਗਨਪਤਿ ਕਹੈ ਤਊ ਨ ਉਤਰੈ ਪੂਰ ॥555॥

॥ ਚੌਪਈ ॥

ਦਿਨੁ ਦਿਨੁ ਅਨੰਦੁ ਹੋਤ ਘਨੇਰਾ ॥ ਕੋ ਬਰਨੇ ਸਦ ਬਧੇ ਬਧੇਰਾ ॥
ਉਡਗ ਪਤੀ ਵਤ ਮਸਤਕੁ ਰਾਜੇ ॥ ਕੰਜ ਨੈਨ ਦਿਖ ਮਦਨਾ[2] ਲਾਜੇ ॥556॥
ਡੇਹਰੇ ਸਾਹਿਬੁ ਸੁਧੁ ਪਹੁਚਾਈ ॥ ਪ੍ਰੋਧਾ ਬੇਦੀ ਆਏ ਧਾਈ ॥
ਦੇਇ ਬਧਾਈ ਭਯੋ ਅਨੰਦੂ ॥ ਗੁਰ ਗ੍ਰਿਹ ਪ੍ਰਗਟੇ ਸੁਖ ਮਾਕੰਦੂ ॥557॥
ਸਭ ਕੋ ਆਦਰੁ ਸਤਿਗੁਰ ਕੀਨਾ ॥ ਸਬ ਕੇ ਮਨ ਭਾ ਹਰਖੁ ਨਵੀਨਾ ॥
ਪ੍ਰੋਹਤ ਕੋ ਗੁਰ ਪ੍ਰੇਰਨ ਕੀਨਾ ॥ ਰੀਤ ਕਰਾਵੋ ਦਿਜੁ ਬਰੁ ਦੀਨਾ ॥558॥
ਕੁਲ ਰੀਤੀ ਸਭ ਤਿਸ ਕਰਵਾਈ ॥ ਲਾਗ ਸੁ ਅਪਨੋ ਲੀਨੋ ਪਾਈ ॥
ਪੀਤ ਝਗੁਲੀਆ ਗਲ ਮੋ ਪਾਵਾ ॥ ਸਾਹਬਜਾਦਾ ਬਾਝ ਮੰਗਾਵਾ ॥559॥
ਦਿਖ ਸੁਪੂਤ ਸਤਗੁਰ ਬਿਗਸਾਏ ॥ ਮੰਗਲ ਬਾਜੇ ਅਧਕ ਬਜਾਏ ॥
ਗੁਰੂ ਗ੍ਰੰਥ ਕੀ ਆਦਿਸ ਲੀਨ ॥ ਤੇਗ ਸਿੰਘ ਸੁਭ ਨਾਮ ਧਰੁ ਦੀਨ ॥560॥

---

1. ਏ ਪੋਥੀ ਭਵਨ
2. ਅ ਪੋਥੀ ਮਦਨ ਸੁ

॥ ਦੋਹਰਾ ॥

ਮਾਤਾ ਆਦਿਕ ਨਾਰਿ ਜੋ ਸੁਨ ਕਰ ਸਭ ਬਿਗਸਾਇ ॥
ਦਾਸੀ ਦਾਸ ਪ੍ਰਸੰਨ ਭੋ ਦੀਨੇ ਚੀਰ ਉਢਾਇ ॥561॥
ਭਾਦਰੋ ਚੌਦਹਿ ਸੁਭਗ ਦਿਨ ਕੀਨਾ ਉਤਸਵ ਭੂਰ ॥
ਜਠੇਰੇ ਪੂਜਨ ਤਬ ਕਰੇ ਭਈ ਭੀਰ ਦਰ ਪੂਰ ॥562॥

॥ ਚੌਪਈ ॥

ਆਮਖ ਆਦਿ ਪ੍ਰਸਾਦਿ ਕਰਾਵਾ ॥ ਸਭ ਨੇ ਭੁੰਚਾ ਅਤਿ ਸੁਖ ਪਾਵਾ ॥
ਕਿਸੀ ਬਸ੍ਤੁ ਕੀ ਤੋਟਿ ਨ ਆਈ ॥ ਚਾਰ ਪਦਾਰਥ ਸਦਨ ਰਹਾਈ ॥563॥
ਸਾਹਬਜਾਦੇ ਖੇਲ ਖਿਲਾਵੈ ॥ ਸ੍ਰੀ ਹਜੂਰ ਪੈ ਨਿਤ ਲੈ ਆਵੈ ॥
ਪਾਦ ਪਦਮ ਪਰ ਸੀਸ ਨਿਵਾਈ ॥ ਦਾਸ ਖਿਲਾਵੈ ਰਿਦ ਬਿਗਸਾਈ ॥564॥
ਏਕ ਸਮਤ ਸੁਭ ਬੀਤਯੋ ਐਸੇ ॥ ਸੁਖ ਅਨੰਦ ਭਯੋ ਹੈ ਜੈਸੇ ॥
ਹੁਜਰੇ ਥੀ ਸਈਯਦ ਬਹੁ ਆਏ ॥ ਜਗੀਰਦਾਰ ਸੇ ਪਾਸ ਰਹਾਏ ॥565॥
ਸਿੰਮਲ ਮਾਜਰ ਥਾ ਇਕ ਗ੍ਰਾਮੂ ॥ ਰਹਿਨ ਹੇਤ ਗੁਰ ਦਿਯੋ ਬਿਸ੍ਰਾਮੂ ॥
ਤਿਨ ਦੁਸਟਨ ਨੇ ਖੋਟ ਕਮਾਵਾ ॥ ਗੁਰ ਸੁਤ ਮਾਰਨ ਬਯੋਤ ਬਨਾਵਾ ॥566॥

॥ ਦੋਹਰਾ ॥

ਗੁੰਡਾ ਕੀਨੋ ਤਯਾਰ ਤਿਨ ਛਾਕ ਖੜਾ ਕਰ ਪਾਸ ॥
ਅਰਧ ਨਿਸਾ ਬੀਤਤ ਭਈ ਗੁਰੂ ਬੁਲਾਏ ਦਾਸ ॥567॥

॥ ਚੌਪਈ ॥

ਸਇਦਨਿ ਕੇ ਡੇਰੇ ਤੁਮ ਜਾਵੋ ॥ ਜਾਦੂ ਕਰ ਤੇ ਪਕਰ ਲਿਆਵੋ ॥
ਫਰ ਕਰ ਵਾਰਨ ਸਿੰਘ ਸਿਧਾਏ ॥ ਧਰ ਕਰ ਪੌਰੀ ਛਾਤ ਚੜਾਏ ॥568॥
ਆਗੈ ਗੁੰਡਾ ਕਰਾ ਤਿਯਾਰੂ ॥ ਬਕਰੂ ਮਾਰਨ ਚਹੈ ਗਵਾਰੂ ॥
ਪਕਰ ਸਿੰਘ ਗੁਰ ਪਾਸ ਲਿਯਾਏ ॥ ਬੀੜੀ ਆਣੀ ਨੈਨ ਨਿਵਾਏ ॥569॥
ਖੋਲਿ ਗੁੰਡਾ [1]ਤਬ ਜਲੁ ਮਧੁ ਪਾਵਾ[1] ॥ ਤਿੰਨੇ ਤੜਾਵਾ ਬਡ ਲਾਵਾ[2] ॥
ਫਾਸੀ ਦੀਨੇ ਮਹਾਂ ਗਵਾਰੂ ॥ ਬੁਰੇ ਕਰਨਿ ਫਲ ਭਯੋ ਅਪਾਰੂ ॥570॥

॥ ਦੋਹਰਾ ॥

ਦੇਵ ਤਰੂ ਹੈ ਸਤਿਗੁਰੂ ਸਤ੍ਰਨ ਮਿਤ੍ਰ ਕਿਸ ਕੇਰ ॥
ਜੋ ਚਿਤ੍ਵੈ ਸੋ ਪਾਵਰੀ ਬੇਦ ਕਹਤ ਹੈ ਟੇਰ ॥571॥

॥ ਚੌਪਈ ॥

ਸਾਹਿਬਜਾਦਾ ਬਧਤੋ ਜਾਈ ॥ ਤਾਤ ਮਾਤ ਪਿਖ ਕਰ ਬਿਗਸਾਈ ॥
ਪਾਛਲ ਗਾਥ ਸੁਨੋ ਮਨੁ ਲਾਏ ॥ ਗੁਰਬਾਨੀ ਨਹਿ ਬਿਰਥੀ ਜਾਏ ॥572॥

---

1. ਅ ਪੋਥੀ ਪਾਂਠਾਤਰ: ਦਿਯੋ ਨਦੀ ਬਹਾਈ
2. ਅ ਪੋਥੀ ਲਾਈ

## (ਅੰਗਰੇਜਾ ਦਾ ਮੈਣ ਦੁਆਬ ਤੇ ਕਬਜ਼ਾ)

ਲੇ ਅੰਗਰੇਜ ਸੈਨ ਬਹੁ ਨਾਲ ॥ ਮੈਣ ਦਾਬ ਦਾਬੀ ਤਤਕਾਲ ॥
ਅੰਬਾਲੈ ਮਧੁ ਸਰਕਾਰੀ ਠਾਨਾ ॥ ਗੁਰੂ ਕਹਯੋ ਨਹਿ ਜਿਸੁ ਨੇ ਮਾਨਾ ॥573॥
ਆਏ ਅੰਗਰੇਜ ਦਿਖ ਸੁ ਭਾਗੇ ॥ ਲਾਲ ਕੁੜਤੀ ਰਹੀ ਅਭਾਗੇ ॥
ਗੁਰੂ ਗਿਰਾ ਬਿਰਥੀ ਨਹੀ ਜਾਈ ॥ ਜਿਮ ਰਘੁਨਾਇਕ ਬਾਨ ਸੁਹਾਈ ॥574॥
ਲਿਖ ਕਾਗਜ ਅੰਗਰੇਜ ਪਠਾਵਾ ॥ ਦਯਾ ਕੌਰ ਕੋ ਲੀਨ ਬੁਲਾਵਾ ॥
ਮਾਈ ਅਰਜਿ ਹਜੂਰ ਸੁਨਾਈ ॥ ਕਾਗਜ ਆਵਾ ਗੁਰ ਸੁਖਦਾਈ ॥575॥

॥ ਦੋਹਰਾ ॥

ਸ੍ਰੀ ਹਜੂਰ ਬਾਨੀ ਭਨੀ ਸੁਨ ਮਾਈ ਬੁਧਵਾਨ ॥
ਤੁਮੈ ਹਿਤ ਅੰਗਰੇਜ਼ ਕੋ ਲਯੋਏ ਨਿਸਚੈ ਜਾਨ ॥576॥

॥ ਚੌਪਈ ॥

ਜਾ ਅੰਬਾਲੇ ਰਾਜ ਕਰੀਜੈ ॥ ਸਤਨਾਮ ਸਿਮਰੋ ਸੁਖ ਲੀਜੈ ॥
ਸਿਰੇਪਾਇ ਸਤਿਗੁਰ ਸੁ ਦੀਨਾ ॥ ਲੇਕਰ ਮਾਈ ਪਯਾਨਾ ਕੀਨਾ ॥577॥
ਮਧ ਅੰਬਾਲੇ ਜਾਇ ਬਿਰਾਨੀ ॥ ਸਤਿਗੁਰ ਪਗ ਪਰ ਪ੍ਰੀਤਿ ਮਹਾਨੀ ॥
ਸਾਲੰ ਝੰਡਾ ਭੇਜਨ ਕੀਨਾ ॥ ਔਰ[1] ਬਿਤੰ ਬਹੁ ਪਠ ਕਰ ਦੀਨਾ ॥578॥
ਗੁਰੂ ਮਯਾ ਤੇ ਬਡ ਸੁਖ ਪਾਵਾ ॥ ਊਨੇ ਮਧੁ[2] ਗੁਰ ਝੰਡਾ ਲਾਵਾ ॥
ਅਗਰ ਪ੍ਰਸੰਗ ਔਰੁ ਸੁਨਿ ਲੀਜੈ ॥ ਜਾਸੁ ਸੁਨੇ ਮਨ ਨਿਸਚਾ ਲੀਜੈ ॥579॥

## (ਇਕ ਖਤਰੀ ਦੀ ਕਥਾ)

ਗੰਜ ਸਮਾਲ ਪੁਰੀ ਇਕ ਰੂਰੀ ॥ ਦਖਣ ਸੋ ਹੈ ਅਤਸੇ ਭੂਰੀ ॥
ਇਕ ਸੁਭ ਛਤ੍ਰੀ[3] ਤਹਾਂ ਨਿਵਾਸੀ ॥ ਸਰਬ ਭਾਂਤ ਰਸੁ ਬਿਖਯ ਬਿਲਾਸੀ ॥585॥
ਕਬਹੁ ਕਿਬਹੁ ਚਿਤ ਪ੍ਰੇਮ ਉਮੰਗਾ ॥ ਕਰੈ ਜਾਇ ਸਦ ਹੀ ਸਤ ਸੰਗਾ ॥
ਸ੍ਰਵਨ ਕਰੈ ਸਮਝੈ ਮਨ ਮਾਹੀ ॥ ਮਲਨ ਹਿਯੋ ਕਛੁ ਠਹਿਰੈ ਨਾਹੀ ॥581॥
ਏਕ ਦਿਵਸ ਤਾਂ ਕੇ ਮਨ ਆਈ ॥ ਬਿਨੁ ਵੈਰਾਗ ਨ ਮਨ ਠਹਿਰਾਈ ॥
ਅਸ ਬਿਚਾਰੁ ਘਰਿ ਬੇਗੁ ਤਜਾਵਾ ॥ ਪੁਰ ਕਰ ਤੀਰਥੁ ਤੀਰ ਸਿਧਾਵਾ ॥582॥
ਤਹਾਂ ਜਾਇ ਦੇਖੀ ਸਰ ਸੋਭਾ ॥ ਬੈਠੇ ਮੁਨੀ ਮੁਕਤ ਕੇ ਲੋਭਾ ॥
ਪੁਸਕਰ ਜਲ ਮਹਿ ਕਯੋ ਸਨਾਨਾ ॥ ਸੁਮਿਰਤ ਭੇਯੋ ਜਿਯੇ ਭਗਵਾਨਾ ॥583॥
ਕਰਤ ਜਾਪ ਐਸੀ ਮਨ ਆਈ ॥ ਕੈਸੈ ਮਿਲੈ ਮੋਹਿ ਹਰਿ ਆਈ ॥
ਬਿਨੁ ਉਦਮੁ ਕਿਛੁ ਸਿਧ ਨ ਹੋਈ ॥ ਪਰਮਾਰਥੁ ਬਿਵਹਾਰਨ [4]ਦੋਈ ॥584॥

---

1. ਅ ਪੋਥੀ ਤੁਮਰੇ
2. ੲ ਪੋਥੀ ਮੋ
3. ੲ ਪੋਥੀ ਖਤਰੀ
4. ਅ ਪੋਥੀ ਬਿਵਹਾਰ ਸੁ

ਨਾਮ ਦੇਵ ਜੋ ਉਦਮੁ ਠਾਨਾ ॥ ਪਾਹਨ ਮੂਰਤ ਨੇ ਪਯ ਪਾਨਾ ॥
ਮੈ ਭੀ ਐਸਾ ਉਦਮੁ ਕਰੋ ॥ ਹਰੀ ਦੇਖਨ ਕਾ ਉਦਮੁ ਧਰੋ ॥585॥

॥ ਦੋਹਰਾ ॥

ਜਬ ਭੋਜਨੁ ਪ੍ਰਭੁ ਲੇਯ ਹੈਂ ਤਬ ਮੈ ਅਚੋ ਅਘਾਇ ॥
ਆਪਨ ਦੇਵੈ ਆਦਿ ਕੈ ਬੈਠੋ ਧ੍ਯਾਨੰ ਲਗਾਇ ॥586॥

॥ ਚੌਪਈ ॥

ਏਕੁ ਗੁਹਾਂ ਗਿਰ ਨਿਰਜਨ ਦੇਖੀ ॥ ਤਿੰਸ ਮੈ ਬੈਸਾ ਪ੍ਰੀਤ ਬਿਸੇਖੀ ॥
ਦਿਨੁ ਦਿਨੁ ਕਛੂ ਨ ਭੋਜਨੁ ਖਾਨਾ ॥ ਅਸ ਸੰਤੋਖੁ ਤਾਸ ਮਨ ਠਾਨਾ ॥587॥
ਸੁਮਰੈ ਨਿਸ ਦਿਨੁ ਕ੍ਰਿਪਾ ਅਗਾਰਾ ॥ ਲੇਵੈ ਹਰ ਜੀ ਮੋਰੀ ਸਾਰਾ ॥
ਤੀਨ ਦਿਵਸ ਇਹੁ ਭਾਂਤਿ ਬਿਤਾਏ ॥ ਸ੍ਰੀ ਗਜਪਤਿ[1] ਮਨ ਮਹਿ ਧਿਆਏ ॥588॥
ਚਤੁਰਥ ਦਿਵਸੁ ਪ੍ਰਾਤ ਜਬ ਭਯੋ ॥ ਲਛਮੀ ਕੰਤ ਦਰਸ ਦਿਖਯੋ ॥
ਮ੍ਰਿਦ ਮੁਸਤਾਂਕ ਅਧਕਿ ਛਬਿ ਦੇਹੀ ॥ ਮਧੁਰ ਬਚਨੁ ਕਹਿ ਸੋਲਿ ਸੁਹੇਲੀ ॥589॥
ਮਧੁਰ ਮਿਧੁਰ ਸੁਰ ਹਾਸਤ ਨੀਕੇ ॥ ਮਨੋ ਦਿਖਾਵਤ ਕਠਾ ਛੀਮ ਮੀ ਕੇ ॥
ਹਾਥ ਹੇਮ ਥਾਰੀ ਮਹਿ ਸੋਰੀ ॥ ਵਿਚ ਵਿਚ ਰਾਜਤ ਰਜਤ ਕਟੋਰੀ ॥590॥
ਕਰ ਬਿਚ ਧਰਯੋ ਕਮੰਡਲ ਪਾਨੀ ॥ ਗਿਰਧਰ ਆਏ ਗਿਰ ਸੁਖਦਾਨੀ ॥
ਥਾਲੀ ਦੀਨੀ ਅਗਰੁ ਟਿਕਾਇ ॥ ਹੋਏ ਲੋਪ ਜਗਤੁ ਕੇ ਰਾਇ ॥591॥

॥ ਦੋਹਰਾ ॥

ਜੁਗਮ ਘਰੀ ਬੀਤਤ ਗਈ ਖੁਲੇ ਨੈਨ ਜਬ ਤਾਸ ॥
ਥਾਲੀ ਦੇਖੀ ਅਗਰ ਮੋ ਮਨ ਮੋ ਭਯੋ ਹੁਲਾਸ ॥592॥

॥ ਸੋਰਠਾ ॥

ਮਨ ਮੈ ਕਰਾ ਬਿਚਾਰੁ ਜਿਨ ਭੋਜਨੁ ਮੋ ਕੋ ਦਯੋ ॥
ਸੋ ਮੁਹਿ ਦਏ ਦਿਦਾਰ ਤਬ ਪ੍ਰਸਾਂਦਿ ਮੈ ਪਾਇ ਹੋ ॥593॥

॥ ਚੌਪਈ ॥

ਐਸਾ ਨਿਸਚਾ ਮਨ ਮੋ ਧਾਰਾ ॥ ਬੈਠਿ ਰਹਾਂ ਨਹਿ ਰੰਚ ਡੁਲਾਰਾ ॥
ਅੰਬਰੁ ਮਾਂਝ ਧੁਨਿ ਵਡ ਹੋਈ ॥ ਖਾਵੌ ਭੋਜਨੁ [2]ਆਇਸ ਮੋਹੀ[2] ॥594॥
ਸੁਨਿ ਕਰਿ ਤਿਸ ਨੇ ਉਤਰੁ ਦੀਨਾ ॥ ਦਰਸਨੁ ਦੀਜੈ ਹਰਿ ਪਰਬੀਨਾ ॥
ਚਤੁਰ ਭੁਜ ਰੂਪੁ ਮੁਝੇ ਦਿਖਾਵੋ ॥ ਮਨ ਮੇਰੇ ਕੀ ਇਛ ਪੁਜਾਵੋ ॥595॥
ਨਭ ਤੇ ਬਾਨੀ ਤਬ ਸੁਭ ਹੋਈ ॥ ਉਨੇ ਜਾਵੋ ਦੇਖੋ ਸੋਈ ॥
ਅਬ ਖਾਵੋ ਭੋਜਨੁ ਦੇਰੁ ਬਿਹਾਇ ॥ ਮਨ ਤੇ ਦੇਵੋ ਚਿੰਤੁ ਹਟਾਇ ॥596॥

---

1. ਅ ਪੋਥੀ ਜਗ ਥਤਿ
2. ਅ ਪੋਥੀ ਪਾਠਾਂਤਰ : ਸੁਖ ਗੋ ਸੋਈ

ਸੁਨ ਕਰ ਤਿਸੁ ਮਨ ਭਯੋ ਅਨੰਦੂ ॥ ਸੁਨ ਕਰ ਬਾਨੀ ਸੁਖ ਮਾਕੰਦੂ ॥
ਮਾਨੇ ਬਚਨ ਤਬ ਭੋਜਨੁ ਖਾਵਾ ॥ ਕਰਮ ਕਰਮ ਚਲ ਦਰਸਨੁ ਆਵਾ ॥597॥

॥ ਦੋਹਰਾ ॥

ਪੁਰ ਅਨੰਦ ਜਬ ਆਤਭਾ ਦੀਨੋ ਕਹੀ ਸੁਨਾਇ ॥
ਨੂਰ ਪੁਰੈ ਸਤੰਗੁਰ ਥਿਰੇ ਬੇਦੀ ਕੁਲ ਕੇ ਰਾਇ ॥598॥
ਪਾਰ ਨਦੀ ਦੇਖਤ ਭਯੋ ਪਲਘੁ ਥਿਰੇ ਸੁਖਦਾਨ ॥
ਅਤਿ ਸੁੰਦਰੁ ਬੈਠੀ ਸੁਭਾਗੀ ਰਾਵਨ ਸੁਖਠਾਨ ॥599॥

॥ ਕਬਿੱਤ ॥

ਸੂਰਜ ਕੋਟਿ ਪ੍ਰਭਾ ਹੈ ਮਹਾ ਤਨ ਸੋਭਨ ਹੈ
ਸੀਸ ਦੁਤਿ ਬ੍ਰਲਸਟੇ ਹੈ ਬਾਹੂਨ ਅਜਾਨ ਕੀ ॥
ਕੰਭ ਗ੍ਰੀਵ ਲੋਚਨਿ ਤਿਰੀਛੇ ਤੀਛੇ ਬਾਂਨ ਮਾਨੋ
ਤੀਖਨ ਹੈ ਨਾਸਕਾ ਮਹਾਨ ਸੁਖਦਾਨ ਕੀ ॥
ਅਧਰ ਪ੍ਰਵਾਲ ਲਾਲ ਸੁੰਦਰੁ ਬਿਸਾਲ ਭਾਲ
ਕੁੰਡਲ ਕਪੋਲ ਪਰ ਡੋਲੇ ਚੰਚਲਾਨ ਕੀ ॥
ਕੁੰਤਲ ਸੁਨੀਲੋ ਢੀਲੇ ਛੂਟੇ ਹੈਂ ਛਬੀਲੇ ਪਟ
ਪੀਲੇ ਫਰਹੀਲੇ ਸੁਖਦਾਨੀ ਬੇਗਵਾਨ ਕੀ ॥
ਪਦ ਅਰੁ ਬ੍ਰਿੰਦ ਛਬਿ ਬ੍ਰਿੰਦੋ ਹੈ ਬਿਲੰਦ ਮ੍ਰਿਦ
ਆਨੰਦ ਕੇ ਕੰਦ ਹੈ ਮੁਕੰਦ ਨਿਜ ਦਾਸ ਕੇ ॥
ਆਗਰੀ ਸੁ ਮਿਲ ਨਖਜਾਲ ਹੈ ਬਿਮਲ ਕਲ
ਨੂਪੁਰ ਜਰਾਉ ਜੇ ਜਵਾਹਰ ਪ੍ਰਕਾਸ ਕੇ ॥
ਕੇਹਰ ਸੀ ਕਟ ਸੋਂ ਲਪੇਟੀ ਛੁਦ੍ਰ ਘੰਟਕਾ
ਸੁ ਤ੍ਰਿਵਲੀ ਉਦਰ ਉਰੋ ਆਯੁਤ ਬਿਲਾਸ ਕੇ ॥
ਚੰਦ੍ਰਮਾ ਉਜਾਸ ਕੇ ਸਮਾਨ ਰਹੇ ਭਾਸ ਕੇ
ਬਦਨ ਸੁਖਰਾਸ ਕੇ ਸੁਹਾਯੋ ਤ੍ਰਾਸ ਨਾਸ ਕੇ ॥601॥
ਦਿਜ ਪਦ ਚਿਨ੍ਹ ਬਨਮਾਲੁ ਹੈ ਬਿਸਾਲ ਗਰ
ਚੇਤੁਰ ਭੁਜਾਨ ਗਹਿਯੋ ਗਦਾ ਅਰੁਬਿੰਦੁ ਹੈ ॥
ਸੰਖ ਚਕ੍ਰ ਬਕ੍ਰਾ ਧਰੇ ਚੰਦਨ ਚਰ ਚਕਰੋ
ਅੰਗਦ ਸਮੇਤ ਭੁਜ ਦੰਡ ਸੋ ਬਿਲਿੰਦ ਹੈ ॥
ਕੰਧ ਹੈ ਉਤੰਗ ਅੰਗ ਅੰਗ ਬਿਖੈ ਸੰਧਿ ਜੋਦੀ
ਮਾਸਲ ਕਠੋਰੁ ਸਬ ਬਜ੍ਰ ਕੇ ਮਨਿੰਦ ਹੈ ॥
ਚੰਦ ਸਮ ਹਸਤ ਹੈ ਸੋ ਭੇ ਰਿਦੇ ਬਸਤੁ
ਉਪਾਵਤਿ ਅਨੰਦ ਹੈ ਮੁਕੰਦ ਸੀ ਗੁਬਿੰਦ ਹੈ ॥602॥

॥ ਦੋਹਰਾ ॥

ਅਪਰ ਸੁੰਦਰਤਾ ਪ੍ਰਭੂ ਕੀ ਬਰਨ [1]ਸਕੈ ਅਸ ਕੌਨ ॥
ਕੋਟਿ ਕਾਮ ਸਸਿ ਸੂਰ ਕੀ ਸਮਤਾ ਨਾਹਿਨ ਤੌਨ ॥603॥

॥ ਚੌਪਈ ॥

ਚਤੁਰ ਭੁਜ ਰੂਪ ਅਸ੍ਵਰ ਦੇਖਾ ॥ ਤਨ ਮਨ ਕੀ ਸੁਧ ਰਹੀ ਨ ਸੇਖਾ ॥
ਦੇਸ ਸਰੂਪ ਮਸਤੁ ਹੁਇ ਰਹਯੋ ॥ ਕੋ ਬਚ ਮੁਖ ਤੇ ਜਾਤ ਨ ਕਹਯੋ ॥604॥
ਮੰਦੂਤ ਕਰੈ ਬਿਲੋਚਨ ਜਬੈ ॥ ਅੰਤਰ ਪਿਖਯੋ ਰੂਪ ਵਹੁ ਤਬੈ ॥
ਕਿਤਕ ਬਾਰ ਨਹਿ ਨੈਨ ਉਘਾਰੇ ॥ ਉਰ ਮੈ ਮੂਰਤਿ ਬਿਰਯੋ ਨਿਹਾਰੈ ॥605॥
ਬਹੁਰ ਬਿਲੋਚਨਿ ਖੋਲਨ ਠਾਂਨੇ ॥ ਮਨ ਮੈ ਜਾਗੀ ਪ੍ਰੀਤ ਮਹਾਨੇ ॥
ਨਰ ਸਰੂਪ ਸਤੁਗੁਰ ਤਬ ਕੀਨਾ ॥ ਮਨੁ ਬਾਂਛਤਿ ਤਿਸ ਕੌ ਸੁਖ ਦੀਨਾ ॥606॥
ਰੁਚਰ ਪ੍ਰਸੰਸਾ ਕਰਬੇ ਲਾਗਯੋ ॥ ਗੁਰ ਕਿਰਪਾਲੁ ਕੇ ਪਗ ਅਨੁਰਾਗਯੋ ॥
ਧੰਨੁ ਧੰਨੁ ਸਤਗੁਰੁ ਗਤਿ ਦਾਨੀ ॥ ਕਲ ਮਹਿ ਕਰਤ ਉਧਾਰਨ ਪ੍ਰਾਨੀ ॥607॥

॥ ਭੁਜੰਗੁ ਛੰਦੁ ॥

ਨਮੋ ਦੀਨ ਦਯਾਲੰਨ ਆਦੰਤ ਅੰਤੰ ॥ ਅਗਾਧੰ ਅਬਾਧੰ ਰਚੈ ਸਰਬ ਜੰਤੰ ॥
ਤੁਹੀ ਲੋਕ ਚੋਦਾ ਰਚੇ ਧਾਰ ਲੀਲਾ ॥ ਪ੍ਰਵੇਸਯੋ ਸਬੈ ਮੈ ਅਲੇਪੰ ਸੁਮੀਲਾ ॥608॥
ਮਹਾਂ ਬੀਜ ਬੀਜੰ ਬਿਥ੍ਰੇ ਬਿਥਾਰਾ ॥ ਤੁਹੀ ਏਕੁ ਮੂਲੰ ਜਗੰ ਸਾਖ ਸਾਰਾ ॥
ਉਪਾਵੈ ਤੁਹੀ ਫੇਰਿ ਪਾਲੈ ਸੰਘਾਰੈ ॥ ਸੰਕੋਚੈ ਸਬੈ ਦ੍ਰਿਸ਼ਯ ਮਾਨੰ ਪਸਾਰੈ ॥609॥
ਲਖੈ ਨਾਹਿ ਕੋਈ ਅਕਾਰੰ ਕਿਤੋ ਹੈ ॥ ਤੁਹੀ ਆਪ ਜਾਨੈ ਗਤੀ ਮੈ ਜਿਤੋ ਹੈ ॥
ਰਚੇ ਪੰਚ ਭੂਤੰ ਰਿਖੀ ਸੰਜਿ ਸਾਰੀ ॥ ਕਰੀ ਖਾਨ ਚਾਰੀ ਅਨੇਕੈ ਪ੍ਰਕਾਰੀ ॥610॥
ਕਿਰਪਾ ਧਾਰ ਜਾਂ ਕੋ ਕਰੋ ਨਾਮ ਦਾਨੰ ॥ ਰਟੈ ਨੀਤ ਸੋਈ ਪਰੈ ਤੋਹਿ ਸਾਮੰ ॥
ਤਜੈ ਦੇਹ ਹੰਤਾ ਲਖੈ ਸੋ ਨਿਰਲਾ ॥ ਲਗੈ ਮੀਠ ਭਾਣਾ ਰਹੰਤੋ ਸੁਖਾਲਾ ॥611॥
ਲਖੈ ਅੰਤ ਤੋਹੀ ਸਰੇ ਕਾਜ ਸਾਰੈ ॥ ਅਨੇਕਾਨ ਮੈ ਏਕ ਤੋਹੀ ਨਿਹਾਰੈ ॥
ਤੁਹੀ ਦੀਨ ਬੰਧੂ ਦਯਾ ਸਿੰਧੁ ਸ੍ਵਾਮੀ ॥ ਉਧਾਰੈ ਲਖੈ ਦਾਸ ਪ੍ਰੇਮੀ ਅਕਾਮੀ ॥612॥
ਮਹਾਰਾਜ ਰਾਜਾ ਪ੍ਰਤਾਪੰ ਬਿਰਾਜੈ ॥ ਤੁਹੀ ਸਰਬ ਕੇ ਸੀਸ ਪਰ ਏਕੁ ਛਾਜੈ ॥
ਘਨਾ ਨੰਦ ਗਯਾਨੰ ਮਨਿੰਦੈ ਨ ਕੋਈ ॥ ਕਲੀ ਦੇਹ ਧਾਰਯੋ ਕਲਾ ਸਰਬ ਗੋਈ ॥613॥
ਗੁਰੂ ਰੂਪ ਹੋ ਦ੍ਵਾਦਿਸਾ ਥਾਨ ਸੋਹੇ ॥ ਅਸੰਖੈ ਉਧਾਰੈ ਬਨੈ ਦਾਸ ਜੋਹੈ[2] ॥
ਨਈ ਰੀਤ ਸਿੱਖੀ ਬਿਥਾਰੀ ਉਦਾਰੀ ॥ ਲਈ ਧਾਰ ਜੀ ਭਏ ਦੁਖ ਪਾਰੀ ॥614॥
ਸਦਾ ਜੈ ਸਦਾ ਜੈ ਸਦਾ ਜੈ ਗੁਸਾਂਈ ॥ ਮਯਾ ਕੀਨ ਮੋ ਪੈ ਸੁ ਲੀਨੋ ਬਚਾਈ ॥
ਗੁਬਿੰਦੇ ਮੁਕੰਦੇ ਅਨੰਦੇ ਅਰੂਪੇ ॥ ਨਮਸੰਤੰ ਨਮਸੰਤੰ ਨਮਸੰਤੰ ਸਰੂਪੇ ॥615॥

1. ੲ ਪੋਥੀ ਕਹਿ
2. ਅ ਪੋਥੀ ਸੋਹੈ;

॥ ਦੋਹਰਾ ॥

ਇਸ ਪ੍ਰਕਾਰੁ ਉਸਤੱਤਿ ਕਰੀ ਨੈਨਨ ਤੇ ਜਲ ਜਾਇ ॥
ਪਾਦ ਪਦਮ ਸਤਿਗੁਰੂ ਕੇ ਕਰ ਮੈਂ ਰਹਿ [1]ਆਂਕਲਾਇ ॥616॥

॥ ਚੌਪਈ ॥

ਮਯਾ ਦ੍ਰਿਸਟਿ ਸਤਿਗੁਰੂ ਬਿਲੋਕੀ ॥ ਅਵਿਦਿਯਾ ਤਿਸ ਕੀ ਲੀਨੀ ਰੋਕੀ ॥
ਭਾ [3]ਅਮਲੇਸਤ[2] ਦੇਹਿ ਸੁਧ ਭੂਲੀ ॥ ਸ੍ਰੀ ਗੁਰ ਦੇਖੇ ਅਤਿ ਕਨਕੂਲੀ ॥617॥
ਹਰਖੁ ਸੋਗ ਤੇ ਭਯੋ ਨਿਯਾਰਾ ॥ ਸਤਿ ਸਰੂਪ ਭਾ ਜਿਸੈ ਅਧਾਰਾ ॥
ਵਾਹਿਗੁਰੂ ਸੁਖਿ ਜਾਪਨਿ ਲਾਗਾ ॥ ਗੁਰੂ ਮਯਾ ਤੇ ਭਾ ਬਡਭਾਗਾ ॥618॥
ਲੇ ਆਇਸ ਨਿਜ ਭਵਨ ਸਿਧਾਯੋ ॥ ਜਨਮ ਮਰਨ ਮੈਂ ਪੁਨਹਿ ਨ ਆਯੋ ॥
ਚਤੁਰ ਭੁਜ ਰੂਪ ਜਬੈ ਗੁਰ ਧਾਰਾ ॥ ਤਿਸ ਥੀ ਬਿਨ ਨਹਿ ਕਿਸੀ ਨਿਹਾਰਾ ॥619॥
ਏਕ ਦਿਨਾ ਬੇਦੀ ਕੁਲ ਕੇਤੂ ॥ ਆਏ ਊਨੇ ਦਰਸਨ ਹੇਤੂ ॥
ਸਰਬ ਪ੍ਰਵਾਰ ਸਾਥ ਲੈ ਆਏ ॥ ਮਹਿਲਾ ਪੂਤ ਆਦਿ ਹਰਖਾਏ ॥620॥

॥ ਦੋਹਰਾ ॥

ਕੜਾਹ ਕਰਾਵਾ ਸਤਿਗੁਰੂ ਲੇਕਰ ਭੇਟਾ ਨਾਲ ॥
ਕਲਧਾਰੀ ਸੁਭ ਥਾਨ ਗੋ [3]ਨਿਮਰੰ ਕਰ ਧਰ ਭਾਲ ॥621॥

(ਸੰਗਤਾਂ ਦਾ ਬਾਬਾ ਜੀ ਦੇ ਦਰਸ਼ਨਾਂ ਨੂੰ ਆਉਣਾ)

॥ ਚੌਪਈ ॥

ਤੇਗੁ ਸਿੰਘ ਕੋ ਮਾਥ ਟਿਕਾਵਾ ॥ ਪ੍ਰਸਾਦਿ ਬਰਤਾਵਾ ਬਿਤ ਦਿਵਾਵਾ ॥
ਗਿਰਦ ਨਿਵਾਈ ਲੋਗੁ ਬਹੁ ਆਏ ॥ ਧਰੀ ਉਪਾਇਨ ਸੀਸ ਨਿਵਾਏ ॥622॥
ਰਾਣ[4] ਉਮੇਦ ਸਿੰਘ ਜਸ ਵਾਲੀ ॥ ਦਰਸਨ ਕਾਜ ਅਯੋ ਤਿਹ ਨਾਲੀ ॥
ਸੰਸਾਰ ਚੰਦ ਕਾ ਭ੍ਰਾਤਾ ਆਯੋ ॥ ਵਜੀਰ ਸੁ ਮੋਦਾ ਸਾਥ ਲਿਆਯੋ ॥623॥
ਰਾਜਾ ਰਾਮ ਸਰਨ ਧਰ ਭਾਊ ॥ ਅਯੋ ਹਡੂਰੀ ਮਨ ਮੈ ਚਾਊ ॥
ਕਹਿਲੂ ਰਏਸ ਚਲ ਕਰ ਆਵਾ ॥ ਰਾਜਾ ਮਹਾਂ ਚੰਦ ਗੁਰ ਭਾਵਾ ॥624॥
ਰਾਣ ਕੁਟਲਹਿੜੀ ਤਤੁ ਛਿਨੁ ਆਯੋ ॥ ਰਾਜਾ ਅੰਮ੍ਰਿਤੁ ਪਾਲ ਸੁਹਾਯੋ ॥
ਔਰ ਪਿੰਡਨਿ ਕੇ ਮੀਏ ਰਾਨੇ ॥ ਆਏ ਦਰਸਨ ਕੋ ਹਿਤ ਠਾਨੇ ॥625॥

॥ ਦੋਹਰਾ ॥

ਹਰੀ ਸਿੰਘ ਸਿਰਦਾਰੁ ਜੋ ਡਲ੍ਹੇਵਾਲ ਕਹਾਇ ॥
ਆਵਾ ਗੁਰ ਕੇ ਦਰਸ ਕੋ ਮਨ ਮੈ ਧਰੁ ਵਡ ਭਾਇ ॥626॥

---

1. ਅ ਪੋਥੀ ਗਹਿ;
2. ਪੋਥੀ ਅਲਮਸਤ;
3. ਅ ਪੋਥੀ ਥਾਨੁ
4. ਅ ਪੋਥੀ ਰਾਜਾ ।

ਸਿੰਘ ਪੁਰੀਆ ਸਿਰਦਾਰ ਬੁਧਿ ਸਿੰਘ ਜਿਸੁ ਨਾਮੁ ॥
ਆਵਾ ਮਨ ਮੇ ਹਰਖੁ ਧਰੁ ਕੀਨੀ ਖ਼ਾਦ ਪ੍ਰਣਾਂਮ ॥627॥

॥ ਚੌਪਈ ॥

ਔਰੁ ਲੋਗੁ ਬਹੁ ਚਲ ਕਰ ਆਏ ॥ ਧਰੁ ਧਨੁ ਭੇਟਾ ਸੀਸ ਨਿਵਾਏ ॥
ਗੁਰ ਜੀ ਸਭ ਕੌ ਦੇਗ ਦਿਵਾਈ ॥ ਦੇਖਿ ਸੁ ਭਾਇ ਸਭੇ ਬਲ ਜਾਈ ॥628॥
ਸਭੇ ਨੇ ਮਿਲ ਕਰੁ ਕਰੀ ਸਲਾਹਿ ॥ ਸਤਿਗੁਰ ਪਾਸ ਸਭੇ ਚਲ ਆਇ ॥
ਹਾਥੁ ਜੋਰਿ ਕਰੁ ਅੰਰਜਿ ਅਲਾਈ । ਅਕਨ ਕਰੋ ਬੇਦੀ ਕੁਲ ਰਾਈ ॥629॥
ਸੈਦਨ ਆਪਨੇ ਪਕੇ ਬਨਾਵੋ ॥ ਈਟਾ ਚੂਨਾ ਕਲੀ ਲਗਾਵੋ ॥
ਦੁਰਗ ਤਬੇਲੇ ਲੇਹੁ ਬਨਾਈ ॥ ਬਾਗ ਲਗਾਵੋ ਗੁਰ ਸੁਖਦਾਈ ॥630॥
ਉਨੇ ਕੌ ਸੈ ਗੁਨਾ ਕੀਜੈ ॥ ਬੈਠ ਪਲਘੁ ਪਰ ਦਰਸਨ ਦੀਜੈ ॥
ਕਮਲੁ ਨੈਨ ਸੁਨ ਤਿਨ ਕੀ ਅਰਜੀ ॥ ਨਿਰ ਉਪਾਧ ਹੈ ਤਿਨ ਕੀ ਮਰਜੀ ॥631॥

॥ ਦੋਹਰਾ ॥

ਗਦ ਗਦ ਬਾਨੀ ਗੁਰ ਭਨੀ ਤੁਮ ਛਾਜੇ ਬੁਧਵਾਨ ॥
ਮਰਜੀ[1] ਤੁਮਰੀ ਅਲ[2] ਅਹੈ ਕਰੋ ਸੇਵ ਹਿਤ ਠਾਂਨ ॥632॥

॥ ਚੌਪਈ ॥

ਸਤ ਬਚਨੁ ਤੈਬ ਸਨੇ ਨੇ ਗਾਵਾ ॥ ਬਾਹੀ ਵੰਡ ਕਰਿ ਦੁਰਗੁ ਚਿਣਾਵਾ ॥
ਲੰਗਰ ਥਾਨ ਰਚਾ ਸੁਖਦਾਈ ॥ ਰਸਤੰ ਕੋਠੀ ਜੁਦੀ ਬਨਾਈ ॥633॥
ਤੋਸੇ ਖਾਨਾ ਸੁਭਗ ਬਨਾਵਾ ॥ ਦਿਵਾਨ[3] ਖਾਨਾ ਅਧਕੁ ਰਚਾਵਾ ॥
ਮੰਦਰੁ[4] ਸੁੰਦਰੁ ਰਚਾ ਬਨਾਈ ॥ ਮਾਤਾ ਸਾਹਿਬੁ ਜਹਾਂ ਥਿਰਾਈ ॥634॥
ਬਾਪੀ ਕੂਪ ਤੜਾਗ ਲਵਾਏ ॥ ਬਾਗ ਲਗੇ ਜਿਨ ਸੀਤਲ ਛਾਏ ॥
ਧਰਮ ਸਾਲ ਸੁਭ ਦੀਨ ਬਨਾਈ ॥ ਔਰੁ ਹਵੇਲੀ ਰਚ ਸੁਖਦਾਈ ॥635॥

॥ ਕਬਿੱਤੁ ॥

ਊਚੀ ਊਚੀ ਅਟਾ ਪੈ ਪਤਾ ਕਾਜਟੀ ਦੇਖੀਯਤ
ਅਤੁਲਤ ਸੋਭਾ ਚਾਰੋ ਦਿਸ ਘਰੁ ਪਾਂਲ ਕੀ ॥
ਅਸ੍ਵ ਨਿਬਾਰਨ ਬ੍ਰਿਦ ਸਾਲਾ ਹੈ ਸਵਾਰੀ ਜਹ
ਦੁਦੰਭ ਹੈ ਮ੍ਰਿਦੰਗ ਬੀਨ ਨਾਦ ਹੋਤ ਜਾਲ ਕੀ ॥
ਮੇਖਲਾ ਸਮਾਨ ਪੂਰਿ ਪਰਖਾ ਮਹਾਨ ਪੁਨਿ
ਥਾਨ ਥਾਨ ਧਰੀ ਸਤ ਘਨੀ ਠੀਕੀ ਚਾਲ ਕੀ ॥

---

1. ਅ ਪੋਥੀ ਅਰਜੀ
2. ਅ ਪੋਥੀ ਅਸ
3. ਅ ਪੋਥੀ ਸੁ
4. ਅ ਪੋਥੀ ਹਵੇਲੀ

ਬਿਟ ਪਤ ਮਾਲ ਕੀਮਹਿਤ ਤਰੁ ਸਾਲ ਕੀ
ਸੁਛਬਿ ਆਲ ਬਾਲ ਕੀ ਰਸਾਲ ਕੀ ਬਿਸਾਲ ਕੀ ॥636॥
ਬਨਯੋ ਬਹੁ ਰੰਗ ਮਯਾ ਬ੍ਰਿੰਦ ਬੈਰੀ ਦੁਰਗਮ ਅਤਿ
ਮਹਾਂਬਲੀ ਅੰਗ ਸ੍ਰਮ ਦਯਸੋ ਤੁਰੰਗੁ ਹੈ ॥
ਦੇਖੀਏ ਅਨੇਕੁ ਧਨ ਪੂਰਨ ਹੈ ਸੈਨ ਜਿਹ
ਸੁੰਦਰ ਉਤੰਗ ਸਯਾਮ ਰੰਗ ਕੇ ਮਤੰਗ ਹੈ ॥
ਆਬ੍ਰਿਤ ਹੈ ਪੁਰੀ ਊਠ ਖ਼ਚਰ ਜੇ ਬਿਚਰਤ
ਬਲੀ ਦੇਹਿ ਆਏ ਗ੍ਰਾਮਾ ਧੀਸਨਿ ਕੇ ਸੰਗ ਹੈ ॥
ਨਾਨਾ ਦੇਸ ਦੇਸਨਿ ਕੇ ਬਨਕ ਨਿਵਾਸੀ ਜੇਈ
ਤਿਨ ਕੇ ਸਹਿਤ ਸਦਾ ਰਹਿਤ ਉਮੰਗ ਹੈ ॥637॥
ਹੀਰਨ ਜਟਿਤ ਸੁਤ ਮੰਦਰੁ ਸੁਭਤ ਅਤਿ
॥ ਸਿੰਟਗ ਪਰ ਬਸੇ ਉਤੰਗ ਅਵਰੇਖੀਯੈ ॥
ਸਾਲਾ ਗ੍ਰਿਹ ਪੂਰਨ ਹੈ ਕੂਰ ਘਰ ਰਾਜਤ ਹੈ
ਮਾਨਹੁ ਅਕਾਸ ਮੇ ਬ੍ਰਿਮਾਨ ਸੁਭ ਦੇਖੀਯੈ ॥
ਕੇ ਉਰਿ ਨਹ ਛਪੈ ਅਛਿੰਦ੍ਰ ਹੈ ਕਿਤ ਕਿਤ ਹਮੁ
ਭੂਮਕਾ ਸਮਾਨ ਮੈ ਸਥਾਪੀ ਪੁਰੀ ਪੇਖੀਯੈ ॥
ਤੰਦਲੁ ਸੋ ਭਰਪੂਰ ਸਾਠੀ ਸੁਠ ਹੂੰ ਕੇ
ਦੋਤ੍ਰ ਊਖ ਰਸ ਨਯਾਈ ਨੀਰ ਮਾਧੁਰੇ ਬਿਸੇਖੀਯੈ ॥639॥
ਸਗਰੀ ਧਰਾ ਮੇ ਅਤ ਉਤਮ ਪ੍ਰਤੀਤ ਹੋਤ
ਔਰ ਨ ਦਿਖਾਈ ਦੇਤ ਊਨੇ ਕੇ ਸਮਾਨ ਕੀ ॥
ਸਿਧ ਜੇ ਬਿਸਾਲ ਤਪ ਤਾਪਤ ਕਰਾਲ ਮਹਾਂ
ਜੈਸੇ ਸੁਖ ਪਾਵੈ ਭਏ ਪ੍ਰਾਪਤ ਬਿਮਾਨੁ ਕੀ ॥
ਤੈਸੀ ਭਾਂਤਿ ਆਬ੍ਰਿਤ ਬੇਦੀਸ ਜੁ ਅਨੰਦ ਉਰ
ਨੀਕੈ ਹੈ ਨਿਕੇਤ ਸਮ ਕੌਨ ਉਪਮਾਨ ਕੀ ॥
ਸੈਨ ਤੇ ਇਕਾਕੀ ਰਹਯੋ ਪਿਤਾ ਸੁਤ ਹੀਨ ਭਯੋ
ਹੋਤੇ ਨਹਿ ਤਾਂਹਿ ਨਿਜ ਰੀਤ ਕੈ ਖਛਾਨ ਕੀ ॥639॥
॥ ਦੋਹਰਾ ॥
ਐਸੀ ਰਚਨਾ ਸੁਭ ਰਚੀ ਕਹ ਲਗੁ ਕਹੌ ਬਨਾਇ ॥
ਬੀਚ ਦਰਬਾਰ ਬਨਾਯੋ ਸੋਨੈ ਕਲਸ ਚਢਾਇ ॥640॥
ਝੰਡਾ[1] ਲਾਯੋ ਅਤਿ ਵਡੋ ਨੌਬਤ ਬਜੈ ਅਪਾਰ ॥
ਲੰਗਰ ਤੋਟਿ ਨ ਆਵਈ ਕਹ ਲਗੁ ਕਰੋ ਉਚਾਰੁ ॥641॥

---

1. ੲ ਪੋਥੀ ਨਿਸਾਨ

(ਊਨੇ ਦੀ ਉਪਮਾਂ)

॥ ਚੌਪਈ ॥

ਊਨੇ ਕੋ ਸੋ ਗੁਨਾ ਕੀਨਾ ॥ ਜਿਨ ਦੇਖਾ ਤਿਨ ਹੀ ਰਸੁ ਲੀਨਾ ॥
ਗਿਰਦ ਨਿਵਾਈ ਪਿੰਡੁ ਥੇ ਜੇਤੇ ॥ ਜਿਮੀਂਦਾਰ ਮਿਲ ਆਏ ਤੇਤੇ ॥642॥
ਰਾਮ ਪੁਰਾ ਭੜੋਲੀ ਗਾਉ ॥ ਮਾਲਤੀ ਅੰਗਨਿ ਆਲਾ ਨਾਂਉ ॥
ਕਾਲ ਸੁ ਸਿੰਗੀ ਕੋਟਲਾ ਜੋਈ ॥ ਇਨ ਜਿਮੰਦਾਰਨ ਬਿਨਤੀ ਗੋਈ ॥643॥
ਚਹੁ ਓਰਨ ਛਿਤ ਲਯੋ ਰਲਾਈ ॥ ਹਮ ਦੇਵਤ ਹੈ ਭੇਟ ਚੜ੍ਹਾਈ ॥
ਸੁਨੀ ਬਿਨੈ ਤਿਨ ਕੀ ਸੁਖਦਾਤੇ ॥ ਛਿਤ ਲੀਨੀ ਤਿਨ ਕੇ ਦੁਖ ਹਾਤੇ ॥644॥

॥ ਦੋਹਰਾ ॥

ਊਨੇ ਰਚਨਾ ਇਮ ਭਈ ਰਾਜਨ ਦੀਨ ਬਨਾਇ ॥
ਹਾਥ ਜੋਰੁ ਸਭ ਕਹਤ ਭੇ ਹਮ ਕੁਲ ਸੇਵ ਕਮਾਇ ॥645॥
ਸਿਰੋ ਪਾਇ ਸਭ ਕੋ ਦੀਏ ਲੇਕਰ ਭਵਨ ਸਿਧਾਇ ॥
ਗੁਨ ਗਾਂਵੈ ਬੇਦੀਸ ਕੇ ਬਾਰ ਬਾਰ ਹਰਖਾਇ ॥646॥

॥ ਕਬਿਤ ॥

ਖੁਰਸਾਨਾ ਕਾਬਲੁ ਪਿਸੌਰ ਕਸਮੀਰ ਪੁਰ
ਧੰਨੀ ਘੇਪੁ ਲੰਮੇ ਦੇਸ ਆਵੈ ਦਰਸਨ ਹਿਤੁ ॥
ਬਲਖੁ ਬੁਖਾਰਾ ਮੁਲਤਾਨ ਤੇ ਮਹਾਨ ਨਰ
ਸੰਗਤ ਪਹੁਚੈ ਆਇ ਭੇਟ ਅਰੁਪਾਨ ਹਿਤ ॥
ਔਰ ਦੂਰ ਦੂਰ ਤੇ ਹਦੂਰ ਪੂਰ ਕਾਮਨਾ ਕੋ
ਗੁਰੂ ਮੁਖ ਦੇਖਤੇ ਜਰੂਰ [1]ਖਾਨ ਪਾਨ[1] ਹਿਤ ॥
ਸਦਾ ਸੁਖ ਮਾਨ ਚਿਤ ਕੇ ਉਰ ਹੈ ਪਾਸ ਨਿਤ
ਸੇਵਤ ਸੁਜਾਨ ਥਿਤ ਲੇਨ ਰਿਦੈ ਗਯਾਨੁ ਹਿਤ ॥647॥

॥ ਸ੍ਵੈਯਾ ਛੰਦੁ ॥

ਤੁਰਹੀ ਢੋਲ ਨਗਾਰੇ ਬਾਜੈ ਮ੍ਰਿਦਲ ਮ੍ਰਿਦੰਗ ਰਬਾਰ ਸਤਾਰ ॥
ਗਾਵਹਿ ਸੁਬਦੁ ਰਬਾਬੀ ਢਾਢੀ ਸਤਨਾਮੁ ਕੋ ਜਸੁ ਵਿਸਤਾਰੁ ॥
ਭਯੋ ਕੁਲਾਹਲੁ ਕੌਤਕਿ ਦੇਖਹਿ ਗੁਰ ਸਿਖਨ ਕੀ ਭੀਰ ਅਪਾਰੁ ॥
ਸੰਗਤਿ ਆਵੈ ਵਾਰ ਨਾ ਪਾਵੈ ਧਰੈ ਉਪਾਇਨ ਮਨ ਹਰਖਾਰ ॥648॥

॥ ਸ੍ਵੈਯਾ ॥

ਦੇਗੁ ਚਲੈ ਦਿਨੁ ਰੈਨਿ ਨਿਰੰਤਰੁ ਸੇਵਕ ਹੀ ਨਿਤ ਕਾਰ ਗੁਜਾਰੈ ॥
ਆਪ ਗੁਰੂ ਧਨ ਕੋ ਨ ਛੁਵੈ ਕਰੁ ਸੇਵਕੁ ਆਨ ਧਰੈ ਜੁ ਅਗਾਰੈ ॥

1. ਅ ਪੋਥੀ ਹਰਖਾਨ

ਲੇਹਿ ਸੰਭਾਲੁ ਪਦਾਰਥ, ਜੋ ਸਭ ਪੈ ਖਰਚੈ ਜਿਮ ਆਪਿ ਉਚਾਰੈ ॥
ਕੇਵਲੁ ਹੇਤ ਸਬੈ ਉਪ੍ਰਕਾਰੁ ਕੇ ਹੇਰਤ ਲੋਕਿ ਪ੍ਰਸੰਸ ਪਸਾਰੈ ॥141॥

॥ ਤ੍ਰਿਭੰਗੀ ਛੰਦੁ ॥੧॥

ਅਘ ਪੁੰਜ ਬਿਨਾਸਕ ਪੁਨਿ ਪ੍ਰਕਾਸਕ ਬੇਦ ਬਿਲਾਸਕ ਸੰਮਤ ਹੈ ॥
ਇਤਿਹਾਸ ਜਿ ਏਹੀਂ ਪਠੰਤ ਸਨੇਹੀ ਮਾਨੁਖ ਦੇਹੀ ਰੰਜਤ ਹੈ ॥
ਸੁਤ ਪ੍ਰੋਤਨ ਦਾਤਾ ਬੈਸ਼ ਬਿਧਾਤਾ ਦਾਰਦ ਹਾਤਾ ਬਿਦਿਤ ਭਲੇ ॥
ਦੇਦਾਸ਼ਰੁ ਦਾਸੀ ਸਭ ਸੁਖ ਰਾਸੀ ਸੰਕਟ ਨਾਸੀ ਮੁਕਤ ਮਿਲੇ ॥650॥

(ਗਜਨੀ ਦੇ ਭਗਤ ਦੀ ਕਥਾ)

॥ ਦੋਹਰਾ ॥

ਗਜਨੀ ਪੁਰ ਗੁਰ ਭਗਤ ਥਾ ਗੁਰ ਜਸੁ ਮਹਿ ਲੈ ਲੀਨ ॥
ਗੁਰ ਸਿਖੀ ਮਨ ਮੋ ਧਰੀ ਦਰਬੁ ਬਿਨਾ ਹੈ ਦੀਨ ॥651॥

॥ ਚੌਪਈ ॥

ਏਕ ਸਮੈ ਸੋ ਵਿਪ੍ਰਨ ਸਿਧਾਰਾ ॥ ਸਮਧਾ ਬੇਚੈ ਕਰੈ ਗੁਜਾਰਾ ॥
ਬਨ ਮੈ ਭੂਲਾ ਦੁਖੁ ਅਤਿ ਪਾਵਾ ॥ ਬਿਨਾ ਨੀਰ ਅਤਸੋ ਪਛੁਤਾਵਾ ॥652॥
ਹੋਇ ਦੀਨ ਅਤਿ ਗੁਰੂ ਪੁਕਾਰਾ ॥ ਸਾਹਿਬ ਸਾਹਿਬੁ ਸਿੰਘ ਉਚਾਰਾ ॥
ਤਬ ਲਗੁ ਇਕੁ ਮਾਨਵ ਤਿਹ ਆਵਾ ॥ ਤਿਨ ਪੂਛਾ ਤੁਮ ਕਯੋਂ ਦੁਖੁ ਪਾਵਾ ॥653॥
ਮਾਰਗੁ ਨੀਰ ਮੈ ਦਿਯੋ ਦਿਖਾਈ ॥ ਆਵੋ ਦੇਰੁ ਨ ਕੀਜੈ ਭਾਈ ॥
ਐਸੇ ਕਹਿ ਕਰਿ ਸਾਧ ਲਿਆਵਾ ॥ ਨੀਰ ਦਿਖਾਵਾ ਰਸਤੇ ਪਾਵਾ ॥654॥

॥ ਦੋਹਰਾ ॥

ਤਬੈ ਸਿਖੁ ਪੂਛਨ ਕਰਾ ਕਹਾਂ ਸਦਨ ਕਯਾ ਨਾਇ ॥
ਮੈ ਅਟਵੀ ਮੈ ਭੁਲ ਗਯੋ ਮਾਰਗੁ ਦੀਨ ਦਿਖਾਇ ॥655॥

॥ ਚੌਪਈ ॥

ਕਹੈ ਪ੍ਰਮਾਨੁ ਸੁਨੋ ਤੁਮ ਭਾਈ ॥ ਊਨੇ ਨਗਰੀ ਮਾਂਝ ਰਹਾਈ ॥
ਕਹਿ ਕਰ ਤਤੁ ਖਿਨੁ ਲੋਪੁ ਸੁਹੋਵਾਂ ॥ ਸਿਖ ਨੇ ਨਯਨੋ ਅਚਰਜ ਜੋਵਾ ॥656॥
ਪੁਨਿ ਗਜਨੀ ਮੈ ਆਵਨ ਕੀਨਾ ॥ ਮਨ ਮੈ ਜਾਗੀ ਪ੍ਰੀਤਿ ਨਵੀਨਾ ॥
ਖਾਨ ਪਾਨ ਕੀ ਸੁਧ ਭੂਲ ਗਈ ॥ ਗੁਰ ਦਰਸਨ ਕੀ ਲਾਲਸ ਭਈ ॥657॥
ਊਨੇ ਮੋ ਚਲ ਦਰਸਨ ਪੇਖੋਂ ॥ ਬਿਨਾ ਗਏ ਨ ਆਨੰਦੁ ਪੇਖੋਂ ॥
ਬਿਨੁ ਪ੍ਰਯਾਸ ਅਬ ਦਰਸਨੁ ਹੋਈ ॥ ਜਨਮੁ ਮਰਨ ਮਮ ਸੰਕਟ ਸੋਈ ॥658॥

॥ ਦੋਹਰਾ ॥

ਹੋ ਨਿਰਧਨ ਧਨੁ ਨਾਹਿ ਕਛੁ ਰਿਕਤ ਪਾਣਿ ਕਿਮ ਜਾਉ ॥
ਵੈ ਜਗਦੀਸ ਤ੍ਰਿਲੋਕਿ ਪਤਿ ਖਾਲੀ ਜ਼ਾਤ ਡਰਾਉ ॥659॥

ਈਧਨੁ ਬੇਚਨ ਮੈ ਕਰੋ ਲੇਵੋ ਮਨਹਿ ਬਚਾਇ ॥
ਮਯਾ ਕਰੈਂਗੇ ਸਤਿਗੁਰ ਲੇਵੈ ਚਰਨ ਰਚਾਇ ॥660॥

॥ ਚੌਪਈ ॥

ਅਸ ਬਿਚਾਰੁ ਹਿਰਦੈ ਧਰੁ ਪ੍ਰੇਮਾ ॥ ਲਾਗੇ ਕਰਨ ਸ਼ੋਊ ਨਿਤੁ ਨੇਮਾ ॥
ਈਧਨ ਬੀਨੈ ਨਿਤੰਹਿ ਲਿਯਾਵੈ ॥ ਬੇਚੈ ਸੋ ਧਨੁ ਗਾਂਠਿ ਧਰਾਵੈ ॥661॥
ਕੇਤਕ ਮਾਸ ਕੀਨ ਇਹ ਰੀਤੀ ॥ ਸਰਸੀ ਦਿਨੁ ਦਿਨੁ ਪ੍ਰਭੁ ਪਦ ਪ੍ਰੀਤੀ ॥
ਪਾਂਦ ਤ੍ਰਾਣ ਬੰਣਵਾਈ ਆਛੀ ॥ ਚੀਰ ਬਾਂਧ ਚਾਲਾ ਗੁਰ ਬ੍ਰਾਛੀ ॥662॥

॥ ਦੋਹਰਾ ॥

ਚੁਲਤੁ ਚਲਤੁ ਆਵਤੁ ਭਯੋ ਚੀਨੀ ਪਰਬਤ ਪਾਸ ॥
ਕਪਟੀ ਇਕੁ ਤਿਸੁ ਮਿਲ ਪਰਾ ਤਿਸ ਭੀ ਦਰਸਨ ਆਸ ॥663॥

॥ ਚੌਪਈ ॥

ਕਪਟੀ ਪੂਛਾ ਕਯਾ ਤਵ ਪਾਸੂ ॥ ਮੁਝੈ ਸੁਨਾਵੋ ਸੁਖਮਾ ਰਾਸੂ ॥
ਸੁਨ ਕਰ ਸਿਖ ਨੇ ਦੀਨ ਸੁਨਾਈ ॥ ਪਾਂਦ ਤ੍ਰਾਣ ਹੈ ਗੁਰ ਹਿਤ ਭਾਈ ॥664॥
ਸੁਨ ਕਪਟੀ ਨੇ ਗਿਰਾ ਬਖਾਨੀ ॥ ਧੰਨੁ ਸਿਖੁ ਜਿਨ ਸੇਵਾ ਠਾਨੀ ॥
ਗੁਰ ਪਨਹੀ ਮੁਝ ਦਰਸੁ ਕਰਾਵੋ ॥ ਮੇਰੋ ਮਨ ਕੀ ਇਛੁ ਪੁਰਾਵੋ ॥665॥
ਸੁਨਿ ਤਿਹ ਬਚਨੁ ਮਹਾਂ ਰਸੁ ਸਾਂਪਨ[1] ॥ ਪਨਹੀ ਦਈ ਤਾਹਿ ਸਾਧੂ ਜਨ ॥
ਜਬ ਦੇਖੀ ਤਬ ਮਨੁ ਹਰਖਾਵਾ ॥ ਮਸਤਕੁ ਰਾਖੀ ਸੀਸ ਨਿਵਾਵਾ ॥666॥
ਕਪਟੀ ਕੇ ਮਨ ਗ਼ਣਤੀ ਆਈ[3] ॥ ਆਗੇ ਰਾਖ ਲਯੋ [2]ਜਸੁ ਪਾਈ ॥
ਲੀਨੀ ਪਨਹੀ ਕਪਟੁ ਕਠੋਰਾ ॥ ਚਲਯੋ ਚਮਕ ਊਨੋ ਪੁਰ ਓਰਾ ॥667॥
ਬਾਤ੍ਹਾ ਕਰਤ ਸਾਥ ਲੇ ਚਾਲਾ ॥ ਕਪਟੀ ਕੁਟਿਲ ਮਹਾਂ ਛਲੁ ਜਾਲਾ ॥
ਸਰਲ ਚੀਤ ਪਾਵਨ ਸੋ ਸੰਤਾ ॥ ਜਾਨਤ ਭਯੋ ਨ ਤਿਹ ਛੋਲ ਮੰਤਾ ॥668॥

॥ ਦੋਹਰਾ ॥

ਪਲਘੁ ਬਿਰਾਜੇ ਸਤਿਗੁਰੂ ਆਏ ਜੁਗਤਿ ਸਥਾਨ ॥
ਪਾਦ ਤ੍ਰਾਣ ਕਪਟੀ ਧਰੀ ਕੀਨੀ ਨਮੋ ਬਖਾਨ ॥669॥

॥ ਚੌਪਈ ॥

ਦੇਖ ਸਿਖ ਮਨੁ ਚਿੰਤਾ ਹੋਈ ॥ ਕਯਾ ਇਸੁ ਕੀਨਾ ਮੂਰਖੁ ਕੋਈ ॥
ਅਵ੍ਰਨ ਦਾਂਮ ਗਾਂਠਿ ਮੁਹਿ ਕੋਊ ॥ ਗੁਰ ਕੋ ਅਰਪਨ ਕੀਜੈ ਸੋਊ ॥670॥
ਪੀੜਾ ਬਢੀ ਤਾਸੁ ਮਨੁ ਆਛੈ ॥ ਬੈਸੁਯੋ ਜਾਇ ਸਭਾ ਕੇ ਪਾਛੈ ॥
ਸੋਕ ਪਟੀ ਮਨੁ ਅਤਸੇ ਫੂਲਾ ॥ ਮੇਰੇ ਹੋਵੈ ਗੁਰ ਅਨੁਕੂਲਾ ॥671॥

---

1. ਅ ਪੋਥੀ ਮਾਪਨ
2. ਅ ਪੋਥੀ ਗੁਰ ਆਗੇ ਰਾਖਯੋ

॥ ਦੋਹਰਾ ॥
ਕ੍ਰਿਪਾ ਸਿੰਘ ਬਿਸਮੇ ਮਹਾਂ ਦੇਖ ਤਾਸ ਛਲ ਕੀਨ ॥
ਤਿਹ ਸਿਖ ਭਗਤੀ ਜਾਨ ਕੈ ਰੀਝੇ ਨਾਥ ਪ੍ਰਬੀਨ ॥672॥
॥ ਚੌਪਈ ॥
ਚੰਦ ਬਦਨੁ ਤੇ ਬਾਨੀ ਗਾਈ ॥ ਗੰਜਨੀ ਵਾਸੀ ਲਯੋ ਬੁਲਾਈ ॥
ਚੋਬਦਾਰ ਨੇ ਜਬ ਤਿਸ ਟੇਰਾ ॥ ਉਠਿ ਕਰ ਆਯੋ ਹਰਖੁ ਵਧੇਰਾ ॥673॥
ਪਾਨ ਜੋਰ ਧਰਾ ਧਰ ਭਾਲੂ ॥ ਜਿਸ ਕੇ ਮਨ ਮੇ ਪ੍ਰੀਤਿ ਬਿਸਾਲੂ ॥
ਕਮਲ ਨਯਨ ਜੀ ਗਿਰਾ ਅਲਾਈ ॥ ਜੋ ਸਿਖਨ ਕੋ ਹੈ ਸੁਖਦਾਈ ॥674॥
ਤਹਿ ਅਤਿ ਭਗਤੀ ਕੀਨੀ ਮੋਰੀ ॥ ਤੁਮ ਪਰ ਕ੍ਰਿਪਾ ਮੋਰੁ ਨਹਿ ਥੋਰੀ ॥
ਜਬ ਐਸੇ [1]ਬੇਦੀਸ [1]ਬਖਾਨਾ ॥ ਸੁਨ ਕਰ ਸਿਖ ਮਨ ਮੇ ਹਰਖਾਨਾ ॥675॥
ਜਬ ਤੇ ਤੂ ਮਮ ਪ੍ਰਦ ਅਨੁਰਾਗਾ ॥ ਮੈ ਜਾਨਾ ਤਬ ਤੇ ਵਡਭਾਗਾ ॥
ਜੋ ਸੂਮ ਸਹਿ ਪਨ ਹੀ ਤੂੰ ਸਯਾਯੋ[2] ॥ ਪਦ ਪਹਿਰਾਵੋ ਦੇਰ ਹਟਾਯੋ ॥676॥
ਇਸ ਕਪਟੀ ਨੇ ਕਰੀ ਖੁਟਾਈ ॥ ਲੇਕਰੁ ਤੁਮ ਤੇ ਅਗਰੁ ਚੁਢਾਂਈ ॥
ਗਜਨੀ ਵਾਸੀ ਨੇ ਕਰ ਲੀਨੀ ॥ ਸਤਗੁਰ ਪਗ ਪਹਿਰਾਵਨ ਕੀਨੀ ॥677॥
॥ ਦੋਹਰਾ ॥
ਵਾਧ ਘਾਟ ਨਹਿ ਹੋਤ ਭੀ ਪੂਰੀ ਪਗ ਮੋ ਆਇ ॥
ਧੰਨੁ ਧੰਨੁ ਤੂੰ ਧੰਨੁ ਸਿਖ ਲਿਯਾਵਾ ਪ੍ਰੀਤੀ ਲਾਇ ॥678॥
॥ ਚੌਪਈ ॥
ਕਪਟੀ ਕੋ ਗੁਰ ਦੀਨ ਉਠਾਈ ॥ ਸਿਖ ਪਰ ਮੁਯਾ ਕੀਨ ਸੁਖਦਾਈ ॥
ਗੁਰ ਕੀ ਉਸਤਤਿ ਸਿਖ ਬਖਾਨੀ ॥ ਨੈਨਨੁ ਤੇ ਜਲੁ ਧਾਰ ਚਲਾਨੀ ॥679॥
॥ ਸੰਕਰੁ ਛੰਦੁ ॥
ਅਬ ਦੇਵ ਮੋਰੀ ਬੰਦਨਾ ਅਨਲਿਪਤ ਤੂ ਅਸਲੇਖ ॥
ਸਬ ਧਯਾਹਿ ਤੋ ਕੋ ਗਯਾਨ ਜਨ ਅਜ ਸਿਵਾ ਸਹਿਤ ਮਹੇਸ ॥
ਉਤਪਤਿ ਪ੍ਰਲੈ ਜੋ ਦੁੰਦ ਹੈ ਤਿਨ ਰਹਤ ਤੂ ਹੈਂ ਏਕ ॥
ਸਤ ਰੂਪ ਸਰਬ ਨਰਿੰਦ ਤੇ ਤੂ ਗਯਾਨ ਜਨ ਕੀ ਟੇਕ ॥680॥
ਜਨ ਕੋਇ ਪੇਖੇ ਤੋਹਿ ਕੋ ਨਿਜ ਮੋਹਿ ਕੋ ਕਰ ਨਾਸ ॥
ਮਨ ਪ੍ਰਾਣ ਇੰਦ੍ਰਯ ਬੁਧ ਕੋ ਪ੍ਰਤਬੰਧ ਕੀਨ ਬਿਨਾਸ ॥
ਰਾਗ ਨਾਦ ਚੇਤਨ ਧਾਮ ਤੂ ਹੈ ਮਾਯਾ ਗੁਨਨਿ ਅਸੰਗ ॥
ਨਿਰਾਕਾਰ ਪ੍ਰਕਾਰ ਕੋ ਵਿਦ ਹੋਤ ਭਯੋ ਨਰ ਅੰਗ ॥681॥

1 ਅ ਪੋਥੀ ਬੇਦੀਨ
2. ਅ ਪੋਥੀ ਲਯਾਯੋ

ਲੋਕ ਰੰਜਤ ਰੂਪ ਜਾ ਕੋ ਰੂਪ ਨਹਿ ਅਰੂਪੁ ॥
ਮਨ ਬੰਦਨਾ ਹੈ ਤਾਹਿ ਕੋ ਮਨ ਕਰਣ ਪਰ ਸਰੂਪ ॥
ਭਾਵ ਔਰੁ ਅਭਾਵ ਜੇਤੋ ਰਹਤ ਹੈਂ ਇਕ ਡਾਂਟ ॥
ਬਾਂਟ ਔਰੁ ਅਬਾਟ ਨਹਿ ਜਿਹ ਹੋਤ ਭਯੋ ਸੁਬਾਟ ॥682॥
ਨਿਤ ਸੁਧ ਸੁ ਬੁਧ ਔਰੁ ਅਨੰਤ ਪ੍ਰਣਵ ਸਰੂਪੁ ॥
ਭਗਤ ਗਮੰਯ ਸਰੂਪ ਭਾਵੰਤ ਰੂਪੁ ਤੋਹ ਅਨੂਪੁ ॥
ਭਵ ਅਰਣਵ ਸੋ ਦਗਧ ਹਿਤ ਯਹ ਗਯਾਂਨ ਅਗਨਿ ਸੁ ਦੇਹੁ ॥
ਤੁਮ ਜਾਨਿ ਅਪੁਨੇ ਬਾਰਿਕਾ ਕਰ ਕਰਣ ਤੁਮ ਰਖੁ ਲੇਹੁ ॥683॥

॥ ਦੋਹਰਾ ॥

ਕੀਨੀ ਨੁਤ ਬਡ ਪ੍ਰੇਮ ਕਰ ਪਰਾ ਚਰਨ ਉਕੱਲਾਇ ॥
ਹਾਥ ਕਮਲ ਸ੍ਰੀ ਸਤਿਗੁਰੂ ਦੀਨਾ ਪਿਸਟ ਛੁਹਾਇ ॥684॥

॥ ਚੌਪਈ ॥

ਰਿਦ ਮੋ ਗਯਾਂਨ ਸਸੀ ਪ੍ਰਗਟਾਨਾ ॥ ਮਿਟ ਗਯੋ ਜਗ ਤੇ ਆਵਨ ਜਾਨਾ ॥
ਤੀਨ ਨਿਸਾ ਗੁਰ ਪਾਸ ਰਹਾਵਾ ॥ ਲੇ ਸਿਰ ਪਾਇ ਨਿਜ ਭਵਨੁ ਸਿਧਾਵਾ ॥685॥

(ਲੋਂਗੋ ਪਿੰਡ ਦੀ ਮਾਈ ਦੀ ਕਥਾ)

ਦੇਸ ਮਾਲਵੇ ਲੌਂਗੋ ਗਾਉ ॥ ਮਾਈ ਮਾਲਾ ਘਰੁ ਤਿਸੁ ਥਾਊ ॥
ਇਕੁ ਬੜਵਾ ਹੈ ਤਿਸ ਕੇ ਪਾਸ ॥ ਤਿਸ ਕੋ ਪਾਲੇ ਰਿਦੇ ਹੁਲਾਸ ॥686॥
ਜਬੈ ਤੁਰੰਗਨ ਸੂਵਨ ਲਾਗੀ ॥ ਬਿਨੇ ਕਰੀ ਮਾਈ ਬਡਭਾਗੀ ॥
ਜੋ ਵਛੇਰਾ ਜਣੈ ਅਰਾਕੀ ॥ ਚਾਲਨ ਮੈ ਸੋ ਹੋਇ ਚਲਾਕੀ ॥687॥
ਤਿਸ ਕਾ ਮੋਲ ਚੁਹਾਰਮੁ ਦੇਵਾ ॥ ਜੋ ਕਛੁ ਦਾਂਮ ਮੈ ਤਿਸ ਕੇ ਲੇਵਾ ॥
ਘੋੜੀ ਸੂਈ ਜਣਾ ਅਰਾਕੀ ॥ ਪਾਲਾ ਤਿਸ ਨੇ ਬਡੋ ਚਲਾਕੀ ॥688॥
ਸੋ ਅਸੁ ਤਿਸੁ ਬੇਚ ਸੁ ਦੀਨਾ ॥ ਦਮੜੇ ਸੁਖਨਾ ਕਾਢਨ ਕੀਨਾ ॥
ਦੂਰ ਗਵਨ ਮੋ ਜਾਂਨ ਕਲੇਸ ॥ ਵਾਸੀ ਸਿਖ ਪੂਛੈ ਹੈਂ ਤੇਸ ॥689॥
ਸਭਨ ਕਹੀ ਸਭ ਗੁਰ ਅਸਥਾਨ ॥ ਕੜਾਹਿ ਬਨਾਇ ਦੇ ਸਿਖਨ ਖਾਨਾ ॥
ਤਾਂ ਤੇ ਇਤ ਹੀ ਦੇਹੁ ਛਕਾਇ ॥ ਕੌਣ ਹਜੂਰ ਜਤਨੁ ਕਰ ਜਾਇ ॥690॥
ਕਰੁ ਪ੍ਰਸਾਦਿ ਛਕਾਯਾ ਗ੍ਰਾਮ ॥ ਬੈਠ ਸਦਨ ਨਿਜ ਲਹਯੋ ਅਰਾਮ ॥
ਨਿਸੁ ਸਹੀਦਨ ਗਹਿ ਕਰ ਕੂਟਾ ॥ ਕਹਿਤੁ ਭਏ ਤੁਮ ਪਾਂਟੇ ਬੂਟਾ ॥691॥

॥ ਦੋਹਰਾ ॥

ਤਾੜਨ ਡਹੇ ਸਰੋਤ੍ਰਿ ਗਹਿ ਮਾਲਾ ਗਾਲਾ ਦੇਨ ॥
ਸੁਖਨਾ ਦੇਵੋ ਗੁਰੂ ਕੀ ਭੇਜ਼ਾ ਗੁਰ ਜੀ ਲੇਨ ॥692॥

॥ ਚੌਪਈ ॥

ਮਾਲਾ ਬਿਨਵਤ ਜਾਹਰ ਕਰੋ ॥ ਕਵਨ ਵਸਤੁ ਸੋ ਰਚਨਾ [1]ਰਰੋ ॥
ਮੋਲ ਵਛੇਰਾ ਕਹਯੋ ਚਹਾਰਮ ॥ ਨਹਿ ਦੀਨਾ ਨਹਿ ਰਾਖਾ ਧਾਰਮ ॥693॥
ਮਾਲਾ ਬੋਲੀ ਗੁਰੂ ਦੁਹਾਈਂ ॥ ਕਰੁ ਪ੍ਰਸਾਦਿ ਮੈ ਦਯੋ ਛਕਾਈ ॥
ਸੁਨ ਕਰ ਤਿਸ ਕੋ ਉਤਰੁ ਦਯੋ ॥ ਸੋ ਪ੍ਰਸਾਦਿ ਨਹਿ ਲੇਖੇ ਪਯੋ ॥694॥
ਜੋ ਹਜੂਰ ਪ੍ਰਹੁਚੇਗੀ ਜਾਇ ॥ ਤੌ ਦਰਗਾਹਿ ਪਵੇਗੀ ਥਾਇ ॥
ਹੋਵਤ[2] ਭੋਰ ਗੁਰੂ ਪਹਿ ਜਾਵੋ ॥ ਨਾਤਰ ਮਾਰ ਬਹੁਤ ਹੀ ਖਾਵੋ ॥695॥
ਇਮ ਸਹੀਦਨ ਬਹੁ ਸਮਝਾਈ ॥ ਤ੍ਰਾੜੀ ਅਤਸੇ ਬਲ ਕੋ ਲਾਈ ॥
ਭਏ ਲੋਪ ਤਬ ਕਰੀ ਨ ਦੇਰੀ ॥ ਡਰ ਕਰ ਮਾਈ ਬਿਨਤੀ ਟੇਰੀ ॥696॥
ਭੀ ਭੁਨਸਾਰ ਤਬ ਲਗ ਬੁਲਾਏ ॥ ਨਿਸ ਕੀ ਹੋਈ-ਦੀਨ ਸੁਨਾਏ ॥
ਸਭ ਨੇ ਆਖਾ ਗੁਰ ਪਹਿ ਜਾਵੋ ॥ ਦੇਹੁ ਚੌਹਾਰਮ-ਭੂਲਿ ਛਿਮਾਵੋ ॥697॥
ਚਲੁ ਕਰਿ ਮਾਈ ਅਈ ਹਜੂਰੁ ॥ ਭੇਟਾ ਰਾਖੀ ਨਯਨ ਜਲ ਪੂਰ ॥
ਸ੍ਰੀ ਹਜੂਰ ਜੀ ਪੂਛਨ ਕੀਨਾ ॥ ਕੈਸੇ ਦਮਰੇ ਕਹੁ ਪ੍ਰਬੀਨਾਂ ॥698॥

॥ ਦੋਹਰਾ ॥

ਕਹਤ ਭਈ ਪ੍ਰਭ ਜੀ ਸੁਨੋ ਸਹੀਦਨ ਦੀਨ ਸਜਾਇ ॥
ਨਾਮ ਪੁਕਾਰਾ ਆਪ ਕਾ ਤਬ੍ਰ ਤਿਨ ਮੁਕਤਿ ਕਰਾਇ ॥699॥
ਇਹ ਰਜਤ ਪਣ ਆਪ ਕੇ ਸੋ ਅਬ ਦਏ ਚਢਾਇ ॥
ਖੁਸੀ ਕਰੋ ਤਨੁ ਸੁਖ ਰਹੈ ਸੰਪਤੁ ਕੁਸਲ ਵਿਹਾਇ ॥700॥

॥ ਚੌਪਈ ॥

ਸੁਨ੍ਹ ਹਜੂਰ ਨੇ ਗਿਰਾ ਅਲਾਈ ॥ ਮਾਈ ਦੇਵੋ ਤੁਮੈ ਬਤਾਈ ॥
ਸਾਧ ਸੰਤ ਹੈ ਮੇਰੋ ਰੂਪੁ ॥ ਸੰਤਨ ਸੇਵਾ ਸੁਖਦ ਸਰੂਪ ॥701॥
ਜੋ ਸੁਖਨਾ ਗੁਰ ਕੇ ਹਿਤ ਠਾਂਨੀ ॥ ਗੁਰੈ ਪਹੁਚਾਵੋ ਮਨੁ ਤਨੁ ਬਾਨੀ ॥
ਸੁਨ ਕਰ ਮਾਈ ਗਿਰਾ ਅਲਾਈ ॥ ਸਤ ਸਤ ਹੈ ਗੁਰ ਸੁਖਦਾਈ ॥702॥
ਲੇ ਕਰ ਆਇਸ ਭਵਨ ਸਿਧਾਈ ॥ ਮਾਲਵ ਦੇਸੁ ਗਈ ਬਿਗਸਾਈ ॥
ਏਕ ਦਿਵਸੁ ਗੁਰ ਚੜ੍ਹਤੀ ਕੀਨ ॥ ਨੂਰ ਪੂਰੰ ਗੇ ਹਨਖੰ ਭੀਨ ॥703॥

(ਜਾਦੂਗਰਾਂ ਦਾ ਕਥਾ)

ਸਿਵਰੁ ਲਗਾਂਵਾ ਗੁਰ ਸੁਖਦਾਈ ॥ ਸੁਨ ਸੁਨ ਸੰਗਤਿ ਮਿਲਨੇ ਆਈ ॥
ਇਛਾ ਤਿਨ ਕੀ ਸਤਿਗੁਰੂ ਪੂਰੇ ॥ ਜਨਮ ਜਨਮੁ ਕੇ ਸੰਕਟ ਚੂਰੇ ॥705॥

1. ਅ ਪੋਥੀ ਰਸਨਾ
2. ਅ ਪੋਥੀ ਹੋਤ ਸੁ

॥ ਦੋਹਰਾ ॥

ਸਯਦ ਜੁਗਮ ਸੁ ਆਤ ਭੇ ਜਾਦੂ ਕੀ ਇਛ ਧਾਰ ॥
ਤੇਗ ਸ਼ਿੰਘ ਤਨ ਕਸਟ ਭਾ [1]ਕੀਨਾ ਖੋਟ ਅਪਾਰ ॥705॥

॥ ਚੌਪਈ ॥

ਅੰਤਰਜਾਮੀ ਤੁਰਤੁ ਗਹਾਏ ॥ ਪੈਰਨ ਮੈ ਦ੍ਰਿੜ ਸੰਗਲ ਪਾਏ॥
ਦੀਨ ਦੱਖਣੀ ਮੇਂ ਪਹੁਚਾਏ ॥ ਪਹਿਰਾ ਤਿਹ ਪਗ ਚੁਸਤ ਰਖਾਏ ॥706॥
ਮਨ ਸੀਹਨ [ਮੋ][2] ਤਿਨ ਕੇ ਘਰੁ ਆਇ ॥ ਕਪੂਰਥਲੇ ਤੇ ਸੈਨ ਲਿਆਇ ॥
ਰਹਿ ਝਖ ਮਾਰਨ ਤਿਨ ਹਥੁ ਆਏ ॥ ਦਖਣੀ ਮੋ ਦ੍ਰਿੜ ਕ਼ੈਦ ਕਰਾਏ ॥707॥
ਲਾਖ ਰਜਨ ਪਣ ਦੇਇ ਸੋ ਰਹੇ ॥ ਗੁਰੂ ਨ ਮਾਨੀ ਫੂਕ ਸੁ ਦਹੇ ॥
ਜਿਨ ਜਿਨ ਵੈਰ ਕਰਾ ਗੁਰ ਨਾਲ ॥ ਮਰ ਕਰ ਹੋਏ ਤੁਰਤ ਬਿਹਾਲ ॥708॥
ਜੋਤਸਿਯਾ ਨੇ ਗੁਰੂ ਬੁਲਾਏ ॥ ਸਾਹਿਬਜਾਦਾ ਸੂਕਤ ਜਾਏ ॥
ਕਯਾ ਕਾਰਨ ਮੁਝ ਦੇਹੁ ਸਮਝਾਈ ॥ ਜੋਤਸਿ ਬੋਲਾ ਸੁਨ ਸੁਖਦਾਈ ॥709॥

॥ ਦੋਹਰਾ ॥

ਜੋਤਸ੍ਰਿ ਕਹਿ ਕਰੁ ਜੋਰਿ ਕੇ ਸੁਨੋ ਗੁਰੂ ਸੁਖਦਾਇ ॥
ਜੰਤ੍ਰ ਮੰਤ੍ਰ ਤੁਮ ਹਾਥ ਮੋ ਹਮ ਕਿਸੁ ਗਿਨਤੀ ਆਇ ॥710॥

॥ ਚੌਪਈ ॥

ਇਕੁ ਅਰਜੀ ਹਮਰੀ ਸੁਨਿ ਲੀਜੈ ॥ ਸੁਤ ਹਿਤ ਔਖਦ ਇਹੀ ਕਰੀਜੈ ॥
ਨੰਤੀ [3]ਮਾਈ ਦੇਹੁ ਹਟਾਈ ॥ ਸਾਹਿਬੁਜਾਦਾ ਤੌ ਸੁਖ ਪਾਈ ॥711॥
ਨੰਤੀ ਪੂਤਨ ਛਲ ਬਡ ਕੀਨਾ ॥ ਚਾਰਿ ਲਾਖੁ ਦਮਰਾ ਕਢਿ ਲੀਨਾ ॥
ਤੌ ਭੀ ਸ੍ਰੀ ਗੁਰ ਰੋਸਨ ਕੀਨੋ ॥ ਨੰਤੀ ਪੂਤਨ ਭਾਈ ਚੀਨੋ ॥712॥
ਤੇਰਾ ਸਿੰਘ ਸਰਕਰਾ ਬਿਰੋਧੂ ॥ ਗੁਰ ਕੇ ਮਨ ਮੋ ਆਵਾ ਕ੍ਰੋਧੂ ॥
ਮਾਈ ਨੰਤੀ ਲੀਨ ਬੁਲਾਈ ॥ ਮਧੁਰ ਗਿਰਾ ਤਿਸੁ ਸਨ ਗਾਈ ॥713॥
ਮਾਈ ਤੁਮ ਕੌ ਮਾਈ ਭਾਖਾ ॥ ਕਛੂ ਦੂਰਾ ਨਹਿ ਤੁਮ ਤੇ ਰਾਖਾ ॥
ਕਈ ਲਾਖ ਬਿਤ ਤੁਮਰੇ ਪਾਸਾ ॥ ਖਾਵੋ ਖਰਚੋ ਕਰੋ ਬਿਲਾਸਾ ॥714॥

॥ ਦੋਹਰਾ ॥

ਸਾਹਿਬੁਜਾਦੋ ਅਤਿ ਬਲੀ ਤੁਮ ਨੇ ਕਰਾ ਬਿਰੋਧ ॥
ਅਜਮਤ ਇਨ ਮੋ ਅਤਿ ਘਨੀ ਤੁਮ ਪੂਤਨ ਕੌ ਸੋਧ ॥715॥

॥ ਚੌਪਈ ॥

ਯਾਂ ਤੇ ਹਮਰੋ ਕਹਯੋ ਸੁਨੀਜੈ ॥ ਕੂਚ ਕਰਨ ਮੋ ਦੇਰ ਨ ਕੀਜੈ ॥
ਸੁਨ ਕਰਿ ਮਾਈ ਤੁਰਤੁ ਸਿਧਾਈ ॥ ਰਹੀ ਦੂਰਿ ਨਹਿ ਮੁੜਿ ਕਰੁ ਆਈ ॥716॥

---

1. ਅ ਪੋਥੀ ਭਯੋ
2. ਅ ਪੋਥੀ ਮੋ
3. ੲ ਪੋਥੀ ਅਨੰਤੀ

## (ਆਨੰਦ ਪੁਰ ਦੇ ਜਵਾਹਰ ਸਿੰਘ ਸੋਢੀ ਦੀ ਕਥਾ)

ਪੁਰ ਅਨੰਦ ਇਕੁ ਸੋਢੀ ਆਹੀ ॥ ਗੁਰ ਕੀ ਨਿੰਦਾ ਬਕੈ ਸਦਾ ਹੀ ॥
ਇਕੁ ਦਿਨੁ ਸ੍ਰੀ ਗੁਰ ਅਚਰਜੁ ਕੀਨਾ ॥ ਅਪੁਨੇ ਤਨ ਮੋ ਰੁਰ ਕਜ ਲੀਨਾ ॥717॥
ਸੁਖਾ ਸਿੰਘ ਗੁਰ ਪਾਸ ਰਹਾਈ ॥ ਤਿਸ ਕੌ ਸ੍ਰੀ ਗੁਰ ਗਿਰਾ ਅਲਾਈ ॥
ਪੁਰ ਅਨੰਦੁ ਸੋਢੀ ਇਕੁ ਆਇ ॥ ਨਿੰਦਾ ਹਮਰੀ ਕਰੈ ਬਨਾਇ ॥718॥
ਸਿੰਘ ਜਵੰਾਹਰ[1] ਨਾਮ ਜਿਸੁ ਆਹਿ ॥ ਤਨ ਸਥੂਲ ਹੈ ਅਤੇ ਲੰਬਾਹਿ ॥
ਪ੍ਰਿਥੀ ਚੰਦ ਕੀ ਅੰਸੁ ਕਹਾਂਵੈ ॥ ਬ੍ਧ ਵਾਨ ਆਪੰਨ ਬਤਲਾਵੈ ॥719॥
ਬਿਧ ਹਜਰਾਇਤ ਪਾਵਨ ਜਾਨੇ ॥ ਤੁਮਰਾ ਕਹਿਯਾ ਜੇ ਲੇਵੈ [2]ਮਾਨੇ ॥
ਹੇਜੁਰਾਇਤ ਹਮਰੋ ਹਿਤ ਪਵਾਵੋ[3] ॥ ਜੋਇ ਮਰਜ ਹੈ ਪੁਛਿ ਕਰੁ ਆਵੋ ॥720॥

॥ ਦੋਹਰਾ ॥

ਸੁਖਾ ਸਿੰਘ ਸਤ ਬਚਨੁ ਕਹਿ ਜਾਤ ਭਯੋ ਬਿਨੁ ਦੇਰ ॥
ਪੁਰ ਅਨੰਦ ਪ੍ਰਾਪਤ ਭਯੋ ਗੁਰਦ੍ਵਾਰਨ ਕੋ ਹੇਰ ॥721॥

॥ ਸ੍ਵੈਯਾ ॥

ਲੈ ਦਮਰਾ ਨਿਜ ਹਾਥ ਬਿਖੈ ਤਿਸੁ ਜਾਇ ਮਿਲਯੋ ਕਹ ਕੈ ਮ੍ਰਿਦੁ ਬਾਨੀ ॥
ਨਾਉ ਸੁਨਯੋ ਜਸ ਸਾਹਿਬ ਕੋ ਤਬ ਗਾਰ ਘਨੀ ਰਿਸ ਸਾਥ ਬਖਾਨੀ ॥
ਟਾਲ ਕਰੀ ਹਜਰਾਇਤ ਕੀ ਸਿਖ ਬਹੁਤ ਕਹੀ ਤਿਸੁ ਏਕੁ ਨ ਮਾਨੀ ॥
ਬਾਸਰ ਚਾਰ ਬਤੀਤ ਭਏ ਇਮ ਤੋ ਤਿਸ ਨੇ ਇਹੁ ਬਾਤ ਪ੍ਰਮਾਨੀ ॥722॥

॥ ਚੌਪਈ ॥

ਹਜਰਾਇਤ ਪਾਵਨ [4]ਤਿਜ ਨੇ [4]ਕੀਨੀ ॥ ਗੁਰ ਨਾਨਕ ਬਪੁ ਲੀਨੋ [5]ਸੁ ਚੀਨੀ ॥
ਸੁਖਾ ਸਿੰਘ ਪ੍ਰਤਿ ਗਿਰਾ ਅਲਾਈ ॥ ਮੈ ਭੂਲਾ ਗੁਰ ਨਿੰਦੁ ਕਰਾਈ ॥723॥
ਸਤ ਸਰੂਪੁ ਸਦਾ [6]ਸੁਖ ਰਾਸੀ ॥ ਸਿਖਨ ਕੀ ਕਾਟੈ ਜਮੁ ਫਾਸੀ ॥
ਸਵਤਾ ਵਰਤੰ ਤਿਨ ਤੇਜ ਸੁਹਾਈ ॥ ਸਿਖ ਅੰਭੋਜ ਖਿਰੇ ਸਰਸਾਈ ॥724॥

॥ ਸ੍ਵੈਯਾ ॥

ਜਿਸ ਤੁੰਡ ਤੇ ਨਿੰਦ ਬਖਾਨਤ ਥੋ ਉਹ ਹੀ ਮੁਖ ਤੇ ਮਹਿਮਾ ਤਿਨ ਗਾਈ ॥
ਹੈ ਅਵਤਾਰ ਸੁ ਦ੍ਵਾਦਸ ਮੋ ਗੁਰ ਸਾਹਿਬ ਸਿੰਘ ਹਜੂਰ ਸਹਾਈ ॥
ਆਦਿ ਹੀ ਭੂਲ ਭਈ ਹਮ ਤੇ ਅਪਨੇ ਮੁਖ ਤੇ ਮੈਂ ਗਾਲ ਅਲਾਈ ॥
ਜਾਹਰ ਆਜ ਭਏ ਹਮ ਕੌ ਹਜਰਾਤ ਨੈਂ ਜਬ ਸਾਚੁ ਬੁਝਾਈ ॥725॥

---

1. ਅ ਪੋਥੀ ਜਵਾਹਰ ਸਿੰਘ
2. ਮੂਲ ਪੋਥੀ ਲੇ
3. ੲ ਪੋਥੀ ਪਾਵੋ
4. ਅ ਪੋਥੀ ਤਿਸ
5. ਅ ਪੋਥੀ ਧਰਾ ਲਯੋ

ਕਰਿ ਜੋਰਿ ਦੋਊ ਬਖਸਾਵਤ ਹੋ ਸਿਰ ਨਯਾਂਵਤ ਹੋ ਗੁਰ ਕੀ ਚਰਨੀ ॥
ਗੁਰ ਪੂਰਨ ਹੈ ਕਲ ਭੀਤਰੁ ਮੋ ਹਮ ਊਰਨ ਹੈ ਅਪਨੀ ਕਰਨੀ ॥
ਗੁਰ ਦਾਸ ਕੀ ਭੂਲ ਭੁਲਾਵਹਿਗੇ ਜਨ ਤਾਰਨ ਕੋ ਵਹੁ ਹੈ ਤਰਨੀ ॥
ਅਬ ਹੋਇ ਅਧੀਨ ਰਿਦੇ ਡਰ ਕੇ ਸੁ ਪ੍ਰਸੰਸ ਹਜੂਰ ਕੀ ਮੈ ਵਰਨੀ ॥725॥

॥ ਚੌਪਈ ॥

ਸੁਖਾ ਸਿੰਘ ਨੇ ਦਯੋ ਸੁਨਾਈ ॥ ਚਲ ਦਰਸੋ ਸਤਿਗੁਰ ਸੁਖਦਾਈ ॥
ਮਾਨ ਬਚਨੁ ਸੋ ਚਲ ਕਰ ਆਵਾ ॥ ਪਾਦ ਪਦਮੁ[1] ਪਰ ਸੀਸ ਨਿਵਾਵਾ ॥726॥
ਸੁਖਾ ਸਿੰਘ ਨੇ ਦਯੋ ਸੁਨਾਈ ॥ ਚਲ ਦਰਸੋ ਸਤਿਗੁਰ ਸੁਖਦਾਈ ।
ਮਾਨ ਬਚਨੁ ਸੋ ਚਲ ਕਰ ਆਵਾ ॥ ਪਾਦ ਪਦਮੁ ਪਰ ਸੀਸ ਨਿਵਾਵਾ ॥727॥
ਮੈ ਭੂਲਾ ਬਖਸੋ ਸੁਖਦਾਈ ॥ ਜੋ ਹੋਈ ਸੋ ਦਿਯੋ ਭੁਲਾਈ ॥
ਮੈ ਮਾਨੁਖ ਤੁਮ ਕੋ ਕਰ ਜਾਨਾ ॥ ਯਾਂ ਤੇ ਨਿੰਦਾ ਬਕੀ ਮਹਾਨਾ ॥728॥
ਆਪ ਮਯਾ ਕਰੁ ਲੀਨ ਬੁਲਾਈ ॥ ਜਗ ਤਾਰਕ ਤੁਮ ਹੋ ਸੁਖਦਾਈ ।
ਕਹਯੋ ਗੁਰੂ ਨਹਿ ਚਿੰਤਾ ਕੀਜੈ ॥ ਵਾਹਿਗੁਰੂ[2] ਸਿਮਰਨ ਮਨੁ ਦੀਜੈ ॥729॥

॥ ਦੋਹਰਾ ॥

ਅਸ ਰੀਤੀ ਸਤਗੁਰ ਵਿਖੇ ਸਭ ਪਰ ਮਯਾ ਕਰਾਇ ॥
ਤਜ ਮਨ ਕਪਟ ਜੰਜਾਲ ਤੂੰ ਗੁਰੁ ਚਰਨੀ ਤਿਚੁ ਲਾਇ ॥730॥

**(ਬਿਕਰਮ ਸਿੰਘ ਦੇ ਜਨਮ ਦੀ ਕਥਾ)**

ਤੀਨ ਬਰਸ ਕੀ ਬਯ ਭਈ ਤੇਗ ਸਿੰਘ ਸੁਭ ਜੋਇ ॥
ਬਿਕ੍ਰਮ ਸਿੰਘ ਕੋ ਜਨਮ ਜੋ ਕਹੋ ਪ੍ਰੀਤ ਕਰ ਸੋਇ ॥731॥

॥ ਚੌਪਈ ॥

ਸੰਮਤ ਅਠਾਰਾ ਮੈ ਉਨਤ੍ਰਾ ॥ ਫੱਗਣ ਮਾਸ ਸਤਾਹੀ ਬਚਿਤ੍ਰਾ ॥
ਰੋਹਣੀ ਨਿਛਤ੍ਰ ਲਗਨ ਸਿੰਘੋਂ ਆਵਾ ॥ ਸੋਮਵਾਰ ਸਭਹਨ ਮਨ ਭਾਵਾ ॥732॥
ਸਾਹਿਬਜਾਦੇ ਭਵ ਤਬ ਪਾਇਓ ॥ ਜਿਨ ਦਰਸਾ ਤਿਨ ਸੋਗ ਮਿਟਾਇਓ ॥
ਭਈ ਵਧਾਈ ਵਾਰ ਨ ਪਾਰੀ ॥ ਦੁੰਦਭ ਬਾਜੇ ਅਪਰੁ ਅਪਾਰੀ ॥733॥
ਦੌਰਾ ਮਾਨਵ ਗੁਰ ਪਹਿ ਆਵਾ ॥ ਹਾਥ ਜੋਰ ਤਿਨੁ ਬੈਨਿ ਅਲਾਵਾ ॥
ਸੁਨ ਸਿਖ ਬੈਨਾ ਗੁਰ ਬਿਗਸਾਏ ॥ ਭੂਖਨ ਚੀਰੁ ਤਿਸੇ ਦਿਵਾਏ ॥734॥
ਸਲਕ [3]ਕਰਾਈ ਸਤਿਗੁਰ ਪੂਰੇ ॥ ਬਾਜੇ ਬਾਜੇ ਮਿਟੇ ਵਿਸੂਰੇ ॥
[4]ਜਾਚਕੁ ਜਾਂਚਕ ਬਹੁ ਚਲੁ ਆਏ ॥ ਹੈ ਗੈ ਚੀਰ ਦਰਬ ਤਿਨ ਪਾਏ ॥735॥

---

1. ਏ ਪੋਥੀ ਚਰਨਕਮਲ
2. ਏ ਪੋਥੀ ਵਾਹਿਗੁਰੂ
3. ਅ ਪੋਥੀ ਸਕਲ
4. ਅ ਪੋਥੀ ਪਾਠਾਂਤਰ ਜਾਂਚਕੁ ਜਾਚਨ ਜੋ

ਰੰਕਨ ਕੇ ਮਿਟ ਗਏ ਵਿਸੂਰੇ ॥ ਸਤਗੁਰ ਤਿਨ ਕੇ ਕਾਰਜਿ ਪੂਰੇ ॥
ਭਾ ਉਤਸਾਹਿ ਕਿਛੁ ਕਹਣੁ ਨ ਜਾਈ ॥ ਜਿਨ ਜਿਨ ਦਰਸਾ ਤਿਨ ਸੁਖੁ ਪਾਈ ॥736॥

॥ ਦੋਹਰਾ ॥

ਭਈ ਬਧਾਈ ਗੁਰ ਸਦਨ ਸੋਕ ਕਦਨ ਸੁਖ ਕੰਦ ॥
ਸੁੰਦਰ ਸਰਸੀ ਰੁਹਿ ਬਦਨ ਮਦਨ ਰੂਪੁ ਗੁਰ ਨੰਦ ॥737॥

॥ ਚੌਪਈ ॥

ਬੰਦਨ ਵਾਰ ਬੰਧੀ ਅਤ ਰੂਰੀ ॥ ਕੁਲ ਕੀ ਰੀਤ ਕਰੀ ਸਭ ਪੂਰੀ ॥
ਮਾਤਾ ਕੇ ਮਨ ਭਯੋ ਅਨੰਦੂ ॥ ਦੂਤੀ ਪੂਤ ਪਿਖ ਮਿਟਗੇ ਦੁੰਦੂ ॥738॥
ਜੁਵਤੀ ਮਿਲ ਮਿਲ ਦੇਹਿ ਬਧਾਈ ॥ ਚੀਰ ਸੁ ਭੂਖਨ ਮਾਤ ਦਿਵਾਈ ॥
ਡੇਹਰੇ ਆਦਿ ਬੇਦੀ ਚਲਿ ਗਏ ॥ ਪ੍ਰੋਧਾ ਆਵਾ ਬਡ ਸੁਖ ਪਏ ॥739॥

॥ ਦੋਹਰਾ ॥

ਦ੍ਵਾਦਸ ਦਿਵਸ ਬਿਤਾਇ ਪੁਨ ਗ੍ਰਿੰਥੈ ਆਇਸ ਲੀਨ ॥
ਬਿਕ੍ਰਮ ਸਿੰਘ ਜਗਤ੍ਰ ਗੁਰ ਨਾਮੁ ਧਰਯੋ ਸੁਭ ਚੀਨ ॥740॥
ਰਾਜ ਭਾਗ ਧਨੁ ਓਜ ਬਲ ਬਿਧ ਜੂ ਲਿਖਿਓ ਲਿਲਾਰ ॥
ਪੁਤ੍ਰ ਪੌਤ੍ਰ ਸੁਖ ਸੰਪਦਾ ਜਸ ਕੀਰਤਿ ਸੰਸਾਰ ॥750॥

॥ ਚੌਪਈ ॥

ਪ੍ਰੋਹਤ ਕੋ ਗੁਰ ਦਰਬ ਦਿਵਾਵਾ ॥ ਲੇਕਰੁ ਤਿਸ ਨੇ ਬਡ ਸੁਖ ਪਾਵਾ ॥
ਭਾਦ੍ਰੋਂ ਚੌਦਸ ਅਈ ਸੁਖਦਾਈ ॥ ਰੀਤ ਜੰਡੀਆ ਗੁਰੂ ਕਰਵਾਈ ॥751॥
ਜੋ ਜੋ ਆਇਸ ਸਤਿਗੁਰ ਦੀਨੀ ॥ ਸੋ ਸੋ ਕੀਨੀ ਦੇਰ ਨ ਕੀਨੀ ॥
ਕੜਾਹਿ ਆਦਿ ਪਰਸਾਦਿ ਕਰਾਵਾ ॥ ਪਾਂਤ੍ਰ ਬਹਾਈ ਸਭਨ ਖਵਾਵਾ ॥752॥
ਜੋ ਜੋ ਲਾਗੁ ਕਿਸੀ ਕਾ ਆਹਿ ॥ ਸ੍ਰੀ ਗੁਰ ਦੂਨਾ ਤਿਸੈ ਦਿਵਾਹਿ ॥
ਕਰ ਗੁਰ ਜਸੁ ਸਭ ਭਵਨ ਸਿਧਾਏ ॥ ਦੇਸ ਦੇਸੁ ਗੁਰ ਕੀਰਤ ਗਾਏ ॥744॥
ਜੁਗ ਭਾਈ ਮਿਲੁ ਖੇਲਨਿ ਲਾਗੇ ॥ ਨੀਗਰੁ [1]ਅਵਰੈ ਮਿਲੇ ਸਭਾਗੇ[1] ॥
ਬੀਥਨ ਆਂਗਨਿ ਖੇਲਿ ਮਚਾਵੈ ॥ ਦਰਸੈ ਸਿਖ ਗਨ ਬਲੁ ਬਲੁ ਜਾਵੈ ॥745॥

## (ਊਨੇ ਦੀ ਕਥਾ)

॥ ਦੋਹਰਾ ॥

ਨੂਰ ਦੁਰਗ ਥੀ ਕੂਚ ਕਰ ਆਏ ਊਨੇ ਮਾਂਹਿ ॥
ਪਲਘੁ ਬਿਰਾਨੇ ਸਤਿਗੁਰੂ ਜਿਨ ਦਰਸੇ ਅਘ ਜਾਹਿ ॥746॥

---

1. ਅ ਪੋਥੀ ਪਾਠਾਂਤਰ : ਔਰੁ ਸੁ ਮਿਲੇ ਅਭਾਗੇ

॥ ਚੌਪਈ ॥

ਪਟਣੁ ਥੀ ਸੰਗਤੁ ਚਲਿ ਆਈਂ ॥ ਕਰਿ ਗੁਰ ਦਰਸਨ ਭੇਟ ਚਢਾਈ ॥
ਮੁਸਲਮਾਨ ਇਕੁ ਤਿਨ ਕੇ ਸਾਥੂ ॥ ਜੁਗਮ ਪੂਤ ਨਾਰੀ ਇਕ ਕਾਥੂ ॥747॥
ਕਰੈ ਕੁਨਸਾ ਜਬ ਪਾਸ[1] ਥਿਰਾਨਾ ॥ ਸ੍ਰੀ ਕਮਲਾਨਨਿ ਪੂਛਨ ਠਾਨਾ ॥
ਕਿਸ ਕਾਰਨ ਕਰਿ ਆਨ ਖਲੋਏ ॥ ਉਚਰਿ ਕਹੋ ਨਹਿ ਚਿੰਤਾ ਕੋਏ ॥748॥
ਸੀਸ ਨਾਇ ਤਿਨ ਬੈਨ ਸੁਨਾਏ ॥ ਏ ਬਾਲਕੁ ਪ੍ਰਭੁ ਕ੍ਰਿਪਾ ਪਾਏ ॥
ਜੋ ਸੁਤ ਜਨਮੈ ਸੋ ਮਰੁ ਜਾਈ ॥ ਇਹ ਚਿੰਤਾ ਕਰ ਹਮ ਦੁਖ ਪਾਈ ॥749॥
ਰਾਵਰ ਮਹਿਮਾ ਸੁਨ ਕਰ ਕਾਨਾ ॥ ਭੇ ਮੁਰੀਦ ਹਮ ਗੁਰ ਭਗਵਾਨਾ ॥
ਸੁਖਨਾ ਕੀਨੀ ਚਰਨ ਮਨਾਏ ॥ ਬਡ[2] ਪੁਤਿ ਦੀਓ ਭੇਟ ਚਢਾਏ ॥750॥
ਕਹਯੋ ਹਜੂਰ ਟਹਲ ਕੀ ਕਰਹੈਂ ॥ ਘਾਸਨ ਖੋਦੇ ਮਸਕਨ ਭਰ ਹੈ ॥
ਮੁਸਲਮਾਨ ਮਮ ਨੇੜਿ ਨ ਆਵੈ ॥ ਦੂਰ ਖੜੇ ਕੀ ਸੇਵ ਕਮਾਵੈ ॥751॥
ਸੁਨ ਪਠਾਨ ਨੇ ਗਿਰਾ ਅਲਾਈ ॥ ਹਮ ਤੋ ਦੀਨੋ ਭੇਟ ਚਢਾਈ ॥
ਹੁਕਮੁ ਆਪ ਕਾ ਕਰੈ ਮਨਜੂਰੀ ॥ ਗੁਰ ਪਨ੍ਹੀ ਕੀ ਝਾਰੈ ਧੂਰੀ ॥752॥
ਸੁਨ ਹਜੂਰ ਬਚਨਾਇ ਭਾਖੇ ॥ ਤੇਗ ਸਿੰਘ ਕੋ ਜੋੜਾ ਰਾਖੇ ॥
ਸਤ ਬਚਨ ਕਰ ਸੇਵਾ ਲਾਗਾ ॥ ਜਿਸ ਕੇ ਜਾਗੇ ਭਾਗ ਸਭਾਗਾ ॥753॥

॥ ਦੋਹਰਾ ॥

ਚਾਰ ਸੁਰਸਤਾ ਸਤਗੁਰ ਦੀਨੀ ਤਿਸ ਕੀ ਲਾਇ ॥
ਬਰਸ ਏਕੁ ਬੀਤਤ ਭਯੋ ਪਟੰਨੋ ਸੰਗਤ ਆਇ ॥754॥

॥ ਚੌਪਈ ॥

ਮੇਲਾ ਪੇਖ ਤਯਾਰ ਸਭ ਪਏ ॥ ਲੇਵਨ ਖੁਸੀ ਹਜੂਰ ਤੇ ਗਏ ॥
ਪੁਰਖ ਤ੍ਰਿਯ ਨੀਗਰ ਲੈ ਦੋਏ ॥ ਏਕ ਉਰਿ ਸੋ ਆਨ ਖਲੋਏ ॥754॥
ਤਿਨ ਭੀ ਅਰਜੀ ਆਨ ਸੁਨਾਈ ॥ ਗ੍ਰਿਹਿ ਜਾਵੈ ਗੁਰ ਦੇਹੁ ਰਜਾਈ ॥
ਪਰਚ ਗਯੋ ਨੀਗਰ ਇਸ ਠੌਰੁ ॥ ਪਾਲੋ ਗੇ ਬੇਦੀ ਕੁਲ ਮੌਰੁ ॥756॥
ਕਹਯੋ ਹਜੂਰ ਨੀਗੁਰ ਲੈ ਜਾਵੋ ॥ ਜੋ ਖਾਟੇ ਦਸਵੰਧ ਪਹੁਚਾਵੋ ॥
ਜੁਗਮ ਪੁਸਾਕੀ ਗੁਰੂ ਦਿਵਾਈ ॥ ਓਢੇ ਜਾਵੋ ਮਨ ਸੁਖ ਪਾਈ ॥757॥

॥ ਦੋਹਰਾ ॥

ਕਰੋ ਬੰਦਗੀ ਰਬ ਦੀ ਪੂਜਰੁ ਸਦ੍ਹ ਪਦ ਪੀਰ ॥
ਲਹੋ ਸਦਨ ਸੁਖ ਸੰਪਦਾ ਲਗੈ ਨ ਦੁਖ ਕੋ ਤੀਰ ॥758॥
ਬਨਿਤਾ ਬੇਟੇ ਸੰਗ ਲੈ ਕੂਨ ਸਾਕਰ ਸਿਰ ਨਾਇ ॥
ਖੁਸੀ ਲਈ ਨਿਜ ਘਰੁ ਗਯੋ ਮਨੁ ਬਾਂਛਤੁ ਫਲੁ ਪਾਇ ॥759॥

---

1. ਅ ਪੋਥੀ ਚ ਰ
2. ਅ ਪੋਥੀ ਜੇਸਟ

## (ਮਹਾਰਾਜਾ ਰਣਜੀਤ ਸਿੰਘ ਦੀ ਰਾਣੀ ਨੇ ਹਜ਼ੂਰੀ ਵਿਚ ਆਉਣਾ)

॥ ਚੌਪਈ ।

ਸਰਕਾਰ ਨਾਰ ਦਰਸਨ ਕੁ ਆਈ ॥ ਨਾਉ ਨਕਾਇਣੁ ਜਗ ਪ੍ਰਗਟਾਂਈ ॥
ਹੈ ਹੈ ਸੈਨਾ ਬਹੁ ਜਿਸੁ ਸੰਗ ॥ ਭੇਟਾ ਲਯਾਈ ਪ੍ਰੀਤੀ ਰੰਗ ॥760॥
ਭੂਖਨ ਚੀਰ ਦੁਸਾਲੇ ਜੋਈ ॥ ਦਮੜੇ ਮੁਹਰਾ ਰਾਖੇ ਸੋਈ ॥
ਪਚਾਸ ਹਜਾਰ ਰਾਖੀ ਭੇਟ ॥ ਗੁਰ ਪਗ ਸੋ ਜਿਸੁ ਲਾਗੀ ਚੋਟ ॥761॥
ਗਰ ਮੋ ਅੰਚਰੁ ਪਾਵਨ ਕੀਨਾ ॥ ਬਿਨੇ ਭਨੀ ਹੁਇ ਅਤਿਸੇ ਦੀਨਾ ॥
ਸਰਕਾਰ ਰੋਗੁ ਤਨ ਭਾ ਭਾਰੀ ॥ ਤਿਸੇ ਨਿਵਾਰੋ ਕਰਨਾਂਧਾਰੀ ॥762॥
ਗਦ ਗਦ ਬਾਨੀ ਗੁਰੂ ਅਲਾਈ ॥ ਮਰਨ ਲਗਾ ਹਮ ਪਹਿ ਚਲਿ ਆਈ ॥
ਕਹਯੋ ਨਕੈਣ ਸੁਨੋ ਗੁਰ ਪੂਰੇ ॥ ਜੁਵਰ ਹਟਾਵੋ ਮਿਟੇ ਵਿਸੂਰੇ ॥763॥
ਜੀਵਣ ਮਰਣਾ ਤੁਮ ਕਰੁ ਆਹੀ ॥ ਜਿਉ ਭਾਵੈ ਤਿਉ ਲੇਹੁ ਬਚਾਈ ॥
ਸ੍ਰੀ ਹਜੂਰਿ ਕਹੀ ਮੰਜ ਬਾਨੀ ॥ ਹੋਵੈ ਸੁਖ ਨੇ ਚਿੰਤਾ ਠਾਨੀ ॥264॥

॥ ਦੋਹਰਾ ॥

ਭੇਟ ਜਿਤੀ ਆਂਦੀ ਤੁਮੈ ਲੇਵੋ ਬੇਗਿ ਉਠਾਇ ॥
ਰਣਜੀਤ ਹਰਿ ਤਨ ਸੁਖ ਭਯੋ ਹਮ ਇਹੁ ਲੇਨੀ ਨਾਹਿ ॥765॥
ਬਹੁਤ ਬਿਨੈ ਕਰੁ ਜੋਰੁ ਕਰਿ ਪਰੀ [1]ਚਰਨ ਮਝਾਰੁ ॥
ਦੀਨੀ ਭੇਟ ਹਟਾਇ ਕਰਿ ਕਰੀ ਨ ਅੰਗੀਕਾਰੁ ॥ 66॥
ਬੇ ਪਰਵਾਹਿ ਆਚਾਹਿ ਚਿਤ ਅਤਿਸੇ ਵਡੇ ਉਦਾਰੁ ॥
ਹਾਰੀ ਨਾਰਿ ਜੁ ਹਾਰ ਕਰ ਲਖੀ ਨ ਦ੍ਰਿਸਟ ਪਸਾਰੁ ॥767॥

॥ ਚੌਪਈ ॥

ਮਾਤਾ ਪਾਸ ਤਬੈ ਚਲਿ ਗਈ ॥ ਕਰੁ ਕਰੁ ਬਿਨੈ ਅਲਾਵਤ ਭਈ ॥
ਮਾਤਾ ਸਾਹਿਬੁ ਆਦਰੁ ਦੀਨਾ ॥ ਰਾਣੀ ਮਨ ਮੈ ਹਰਖੁ ਸੁ ਕੀਨਾ ॥768॥
ਸੁੰਦਰ ਠੌਰੁ ਨਿਵਾਸੁ ਕਰਾਯੋ ॥ ਭਾਂਤ ਭਾਂਤ ਪ੍ਰਸਾਦਿ ਛਕਾਯੋ ॥
ਤੀਨ ਨਿਸਾ ਰਹਿ ਕਰਿ ਗੁਰ ਪਾਸੁ ॥ ਖੁਸੀ ਮੰਗੀ ਗੁਰ ਤੇ ਸੁਖ ਰਾਸੁ ॥769॥
ਸਿਰੋਪਾਇ ਸਤਿਗੁਰ ਸੁਭ ਦੀਨਾ ॥ ਲੇ ਰਾਨੀ ਮਨ[2] ਹਰਖੰ ਕੀਨਾ ॥
ਲੇਕਰ ਆਇਸ[3] ਭਵਨੁ ਸਿਧਾਈ ॥ ਬਾਰ ਬਾਰ ਗੁਰ ਕੇ ਗੁਨ ਗਾਈ ॥770॥
ਆਗੇ ਤੇ ਪਰਵਾਨੇ ਆਏ ॥ ਸਰਕਾਰ ਅਰੋਗ ਭੀ ਸੁਖ ਪਾਏ ॥
ਸੁਨ ਨਕੈਣ ਬਡੋ ਸੁਖ ਪਾਯੋ ॥ ਗੁਰ ਕੇ ਚਰਨਨ ਧਯਾਨ ਲਗਾਯੋ ॥771॥

---

1. ਅ ਪੋਥੀ ਸੁ
2. ਅ ਪੋਥੀ ਨੇ
3. ੲ ਪੋਥੀ ਆਗਿਆ

(ਸਾਧੂ ਬੇਲੀ ਰਾਮ ਦੀ ਕਥਾ)

॥ ਦੋਹਰਾ ॥

ਵਾਸ਼ੀ ਝੰਗ ਮਘਿਆਣ ਕੀ ਸਾਧੂ ਬੇਲੀ ਰਾਮ ॥
ਦਰਸਨ ਪਰਸਨ ਆਯੋ ਸੁਧਾ ਸਰੋਵਰ ਧਾਮ ॥772॥

॥ ਚੌਪਈ ॥

ਸੇਵਾ ਪੰਥੀ ਸਾਧ ਕਹਾਵੈ ॥ ਸਮ ਦਮ ਆਦਿ ਜਿਸੇ ਮਨਿ ਭਾਵੈ ॥
ਪਰਮਾਨੰਦੁ ਔਰੁ ਗੁਰਭਾਈ ॥ ਤਿਨ ਤਾ ਕੋ ਇਹੁ ਸੁਮਤਿ ਸਿਖਾਈ ॥773॥
ਦਯਾ ਧਰਮ ਹਰਿ ਭਗਤੁ ਕਮਾਵੋ ॥ ਗਯਾਂਨ ਧਯਾਂਨ ਸੁਖ ਸ਼ਾਂਤ ਸਮਾਵੋ ॥
ਮੈ ਤੁਹਿ ਗੂੜ੍ਹ ਬਤਾਵੋ ਭੇਦਾ ॥ ਜਾਤੇ ਤੇਰੋ ਮਿਟਹੈ ਖੇਦਾ ॥774॥
ਊਨੇ ਸਾਹਿਬੁ ਤੂੰ ਚਲੁ ਜਾਇ ॥ ਬੇਦੀ ਸਾਹਿਬੁ ਦਰਸਨ ਪਾਇ ॥
ਦਸਮ ਮਹਲੁ ਉਚਰਤ ਅਵਤਾਰੂ ॥ ਦ੍ਵਾਦਸ ਬਪੁ ਬਰਨਤ ਸੰਸਾਰੂ ॥775॥
ਬਿਦਾਮਨ ਗੁਥਲੀ ਏਕ ਲੇ ਜਾਇ ॥ ਰਾਖੀ ਅਪਨੇ ਪਾਸ ਦੁਰਾਇ ॥
ਮਾਂਗ ਲੈਨ ਤਾਂ ਗੁਥਲੀ ਦੇਣੀ ॥ ਜਾਹਰਿ ਜੋਤਿ ਤਊ ਲਖੁ ਲੇਣੀ ॥776॥
ਸੁਨ ਤਿਸੁ ਬਾਨੀ ਊਨੇ ਗਯਾ ॥ ਗੁਰ ਕਾ ਦਰਸਨ ਕਰਤਾ ਭਯਾ ॥
ਜਥਾ ਸਕਤਿ ਭੇਟ ਜਬ ਰਾਖੀ ॥ ਸ੍ਰੀ ਗੁਰਬਾਨੀ ਅੰਮ੍ਰਿਤੁ ਭਾਖੀ ॥777॥
ਗੁਥਲੀ ਕਹਾਂ ਜੁ ਹਮ ਹਿਤ ਆਂਦੀ ॥ ਸੋ ਬਿਦਾਮ ਜਾਨੋ ਸਮ ਚਾਂਦੀ ॥
ਪ੍ਰੀਤਿਵਾਨ ਜੋ ਦਈ ਪਠਾਈ ॥ ਸੋ ਹਮ ਕੋ ਹੈ ਅਤ ਸੁਖਦਾਈ ॥778॥

॥ ਦੋਹਰਾ ॥

ਬੇਲੀ ਰਾਮ ਗੁਰ ਗਿਰਾ ਸੁਨ ਕਢ ਗੁਥਲੀ ਧਰ ਦੀਨ ॥
ਅੰਤਰਜਾਂਮੀ ਜਾਂਨ ਕਰ ਧਰੇ ਪਰ ਬੰਦਨ ਕੀਨ ॥779॥
ਜੀਵਨ ਪ੍ਰਤਗਯਾ ਕਰੀ ਮਨ [1]ਸਤਿਗੁਰ ਦੀਨ ਲਖਾਇ ॥
ਪੇਖ ਪ੍ਰਗਟ ਪ੍ਰਤੀਤ ਕਰ ਕੀਰਤ ਗਾਇ ਸੁਨਾਇ ॥780॥

॥ ਚੌਪਈ ॥

ਸਹਰ ਬਹਾਵਲ ਸਿਖ ਹਰਾਈ ॥ ਸੰਤਨ ਸੇਵਾ ਜਿਸੁ ਮਨਿ ਭਾਈ ॥
ਭਾਉ ਭਗਤਿ ਭਜਨੰ ਬਹੁ ਕਰਤਾ ॥ ਦੁਖੀ ਦੀਨ ਕੇ ਦੁਖ ਕੋ ਹਰਤਾ ॥781॥
ਸ੍ਰਵਨ ਸੁਨੀ ਸਤਿਗੁਰ ਕੀ ਸਾਖੀ ॥ ਪ੍ਰੇਮ ਸਹਿਤ ਨਿਜ ਮਨ ਅਭਿਲਾਖੀ ॥
ਊਨੇ ਮੈ ਪੂਨੋ [2]ਦੀਦਾਰੁ ॥ ਗੁਰ[3] ਨਾਨਕ ਕੇ ਹੈ ਅਵਤਾਰੁ ॥782॥
ਬਾਬਾ ਸਾਹਿਬ ਸਿੰਘ ਜਿਨ ਨਾਮੁ ॥ ਜਗਤੁ ਪੂਜਿ ਪਗ ਕਰਤ ਪ੍ਰਣਾਮ ॥
ਸਿਖ ਸਿਮਰੈ ਤਿਨ ਕਰੈ ਸਹਾਇ ॥ ਜੋ ਇਛੇ ਸੋ ਦੇਤ ਪੁਜਾਇ ॥783॥

---

1. ਅ ਪੋਥੀ ਥੀ
2. ਮੂਲ ਪੋਥੀ ਪੂ
3. ਅ ਪੋਥੀ ਸਤਿਗੁਰ

ਸੁਨ ਮਹਿਮਾ ਗੁਰ ਦਰਸਨ ਚਾਹੀ ॥ ਖਟ ਪਦ ਜੈਸੇ ਕੰਜ ਇਛਾਹੀ ॥
ਆਠ ਪਹਰ ਧਾਰਤ ਮਨ ਗਯਾਨਾ ॥ ਬਿਧ ਨ ਬਨੇ ਜਿਤ ਕਰੇ ਪਯਾਨਾ ॥784॥

॥ ਦੋਹਰਾ ॥

ਚਾਕੁਰ ਥਾ ਸਰਕਾਰ ਕਾ ਭੇਜਾ ਕਿਤ ਹੀ ਕਾਮ ॥
ਚਿਰੁ ਲਾਗਾ ਸੋ ਕਰਤ ਹੀ ਠਹਿਰਾ ਤਿਤ ਹੀ ਗ੍ਰਾਮ ॥785॥
ਕਿਤਕ ਦਿਵਸਿ ਬੀਤੇ ਜਬੈ ਘਰੁ ਤੇ ਖਬਰੁ ਗਈਉ ॥
ਏਕ ਮਹੀਨੇ ਕੇ ਵਿਖੇ ਸੁਤ ਅਰੁ ਤ੍ਰਿਯਾ ਮੂਈਉ ॥786॥

॥ ਚੌਪਈ ॥

ਮਨ ਮੈ ਤਿਸ ਕੇ ਭਯੋ ਵਿਰਾਗੁ ॥ ਜਿਸ ਕੇ ਜਾਗੈ ਹੈ ਬਡ ਭਾਗੁ ॥
ਮਨ ਹਜੂਰ ਪਰਸਨ ਚਿਤ ਚਾਹਾ ॥ ਮਾਨੁਖ ਦੇਹੀ ਲੇਵੋ ਲਾਹਾ ॥787॥
ਸਨੇ ਸਨੇ ਚਲ ਚੂਹਣੀ ਆਯਾ ॥ ਸਤ ਸੰਗਤਿ ਰਹਿ ਰਿਦਾ ਟਿਕਾਯਾ ॥
ਜੁਗਲ ਮਾਸ ਤਹ ਮਨ ਪਰਚਾਯੋ ॥ ਏਕ ਰੈਨ ਗੁਰ ਦਰਸੁ ਦਿਖਾਯੋ ॥788॥

॥ ਦੋਹਰਾ ॥

ਹੈ ਅਰੂੜ ਧਨ ਪਾਨ ਮੋ ਪੀਤ ਪੁਸਾਕੀ ਧਾਰ ॥
ਕਲਗੀ ਜਿਗਾ ਬਿਰਾਜਈ ਕੋਟਿ ਮਦਨ ਦਿਖਾਹਾਰ ॥789॥
ਪਾਦ ਪਦਮ ਸਤਿਗੁਰੂ ਕੇ ਮਾਥੇ ਧਾਰੂਨ ਕੀਨ ॥
ਜੈਸੀ ਮੂਰਤਿ ਸੁਨਤ ਥਾ ਤੈਸਾ ਦਰਸਨ ਦੀਨ ॥790॥
ਉਠ ਬੈਲਾ ਚੇਤਨ ਭਯੋ ਬਿਨੈ ਕਰੀ ਸਿਰ ਨਯਾਇ ॥
ਜੋ ਦਰਸਨ ਸੁਪਨੇ ਦਯੋ ਊਨੇ ਉਹੀ ਦਿਖਾਇ ॥791॥

॥ ਚੌਪਈ ॥

ਭੋਰ ਹੋਤੁ ਚਾਲਾ ਗੁਰ ਦਰਸਨ ॥ ਪ੍ਰੇਮ ਨੀਰ ਨੈਨਨ ਤੇ ਬਰਸਨ ॥
ਕਰਮ ਕਰਮ ਕਰ ਚਲਿ ਊਨੇ ਆਯੋ ॥ ਜਥਾ ਸਕਤ ਸੁਭ ਭੇਟਾ ਲਯਾਯੋ ॥792॥
ਗੁਰੂ ਬੈਠੇ ਦੀਵਾਨੁ ਲਗਾਈ ॥ ਤਬ ਤਿਨ ਦਰਸਨ ਕੀਨਾ ਆਈ ॥
ਧਰੀ ਉਪਾਇਨ ਸੀਸ ਨਿਵਾਯੋ ॥ ਵਹੀ ਰੂਪੁ ਲਖੁ ਅਤਿ ਹੁਲਸਾਯੋ ॥793॥
ਸ੍ਰੀ ਕਮਲਾਨਨ ਗਿਰਾ ਅਲਾਈ ॥ ਕਹਾਂ ਸਦਨ ਨਾਊ ਕਯਾ ਭਾਈ ॥
ਸਹਰ ਬਹਾਵਲ ਕੋ ਮੈ ਬਾਸੀ ॥ ਸਿਖ ਆਪ ਕੋ ਸੁਖਮਾਂ ਰਾਸੀ ॥794॥
ਆਦਰੁ ਕਰ ਡੇਰਾ ਕਰਵਾਯੋ ॥ ਸੌਪ ਸਿੱਖ ਪਰਸਾਦੁ ਛਕਾਯੋ ॥
ਨਿਕਟ ਰਾਖ ਪਾਹੁਲ ਪੁਨ ਦਯਾਈ ॥ ਕਾਨ੍ਹ ਸਿੰਘ ਕਹ ਸੁਮਤਿ ਸਿਖਾਈ ॥795॥
ਸੁਮਤਿ ਦਈ ਸਤਨਾਮੁ ਜਪਾਵਾ ॥ ਗੁਰ ਸਿਖੀ ਸੁਭ ਮਾਰਗ ਪਾਵਾ ॥
ਗੁਰੂ ਮਯਾ ਤੇ ਜਨਮੁ ਸਵਾਰਾ ॥ ਜਗਤੁ ਸਿੰਧ ਤੇ ਹੋਵਾ ਪਾਰਾ ॥706॥

(ਪੱਛਮ ਵਾਲ ਦੀਆ ਸੰਗਤਾਂ ਨੇ ਦਰਸ਼ਨਾਂ ਲਈ ਆਉਣਾ)

॥ ਦੋਹਰਾ ॥

ਐਸੇ ਦਯਾਲ ਸਰੂਪ ਗੁਰ ਪ੍ਰੇਮ ਅੰਸ ਮਨ ਪੇਖ ॥
ਸੇਵਕ ਸਿਮਰੇ ਏਕ ਪਲ ਸੁਾਮੀ ਸਦਾ ਵਿਸੇਖ ॥797॥
ਸੰਗਤ ਪਸਚਮ ਦੇਸ ਕੀ ਆਈ ਉਨੇ ਮਾਂਹਿ ॥
ਧਰੈ ਉਪਾਇਨ ਨੰਮੋ ਕਰੁ ਮੁਰ ਮੁਰ ਬੈਠਤ ਜਾਂਹਿ ॥798॥
ਪੰਜ ਰੁਪੈਯੇ ਚਾੜ ਸਿਖ ਹਟ ਕੈਰੁ ਬੈਠਾ ਜਾਇ ॥
ਸ੍ਰੀ ਹਜੂਰ ਜੀ ਪੇਖ ਤਿਸੁ ਬੋਲੇ ਬਚਨ ਸੁਨਾਇ ॥799॥

॥ ਚੌਪਈ ॥

ਸਿਖਾ ਸੁਨ ਐਸਰ ਭੁਲ ਗਿਯਾ ॥ ਪੂਤ ਦੁਖੀ ਪਿਖ ਰੋਦਨ ਕਿਯਾ ॥
ਫੜੇ ਕੇ ਦੁਖ ਪੂਤ ਅਜਾਰੀ ॥ ਬਾਰ ਬਾਰ ਗੁਰ ਨਾਮੁ ਪੁਕਾਰੀ ॥800॥
ਦਮੜੇ ਦਸ ਸੁਖਨਾ ਤੁਮ ਕੀਨੀ ॥ ਅਬ ਭੇਟਾ ਅਰਧ ਤੁਮ ਦੀਨੀ ॥
ਸੋ ਤੱਕੋਂ ਅਬ ਯਾਦ ਕਰਾਈ ॥ ਸੁਨ ਸਿਖ ਬੀੜੀ ਅਤਸੇ ਆਈ ॥801॥
ਉਠਿ ਕਰਿ ਨਾਰੀ ਲੀਨ ਬੁਲਾਈ ॥ ਨਥ ਲਾਹਿ ਕਰ ਗਹਨੈ ਪਾਈ ॥
ਆਨ ਹਜੂਰ ਰਜਤ ਪਣ ਰਾਖੇ ॥ ਦੇਖਿ ਹਜੂਰ ਬਚਨ ਸੁਭ ਭਾਖੇ ॥802॥

॥ ਦੋਹਰਾ ॥

ਦਮੜੇ ਆਦੇ ਕਹਾਂ ਤੇ ਦੀਜੈ ਮੋਹਿ ਸੁਨਾਇ ॥
ਸਿਖ ਕਹਯੋ ਕਰਿ ਜੋਰ ਕੇ ਨਥੁ ਰਾਖੀ ਸੁਖਦਾਇ ॥803॥

॥ ਚੌਪਈ ॥

ਭਨਾ ਹਜੂਰ ਕਹੋਗੇ ਜਾਏ ॥ ਲਏ ਰੁਪਯੇ ਨਥੁ ਬਿਚਾਏ ॥[1]
ਗੁਰੂ ਸਦਨ ਮੋ ਕੰਮੀ ਨ ਕਾਈ ॥ ਜਾਵੋ ਲੇਵੋ ਨਥੁ ਛੁੜਾਈ ॥804॥
ਬਹੁੜੋ ਆਵੋ ਭੇਟ ਚੜ੍ਹਾਵੋ ॥ ਜੋ ਚਾਹੋ ਗੁਰ ਤੇ ਵਰ ਪਾਵੋ ॥
ਮਾਨ ਬਚਨੁ ਤਿਨ ਨਥ ਛੁੜਾਈ ॥ ਬਾਰ ਬਾਰੁ ਗੁਰ ਕੀਰਤ ਗਾਈ ॥805॥
ਸਿਰੋਪਾਇ ਲੇ ਭਵਨ ਸਿਧਾਯੋ ॥ ਗੁਰ ਅਜਮਤ ਕੋ ਘਰੁ ਘਰੁ ਗਾਯੋ ॥

(ਇਕ ਜੁਲਾਹੀ ਦੀ ਸੁਖਣਾ ਪੂਰੀ ਕਰਨੀ)

ਮਾਲਵ ਦੇਸ ਮਨਸੂਰੀ ਗਾਉ ॥ ਏਕ ਜੁਲਾਹੀ ਤਹਾਂ ਰਹਾਉ ॥806॥

॥ ਦੋਹਰਾ ॥

ਮਾਟੀ ਕੀ ਹਾਡੀ ਹੁਤੀ ਦੀਨੀ ਚੁਲੇ ਚੜਾਇ ॥
ਸਾਗ ਪਾਇ ਰਿਧਨਿ ਲਗੀ ਫੂਟੀ ਜਲ ਨਿਕਸਾਇ ॥807॥

॥ ਚੌਪਈ ॥

ਔਰੁ ਨ ਭਾਂਡਾ ਹੈ ਤਿਸੁ ਪਾਸੂ ॥ ਗੁਰ ਆਗੇ ਕੀਨੀ ਅਰਦਾਸੂ ॥
ਸਵਾ ਸੁ ਦਮੜੀ ਸੁਖਨਾ ਕੀਨੀ ॥ ਸ੍ਰੀ ਹਜੂਰਿ ਕੀ ਮਹਿਮਾ ਚੀਨੀ ॥808॥

---

1. ਅ ਪੋਥੀ ਤਾਵੜੀ

ਜਬ ਸੁਖਨਾ ਮਾਂਈ ਨੈਂ ਕੀਨ ॥ ਸਾਬਤ ਹਾਂਡੀ ਤਤ ਖਿਨ ਚੀਨ ॥
ਰੰਧਾ ਸਾਗ ਸਭਨ ਮਿਲ ਖਾਯੋ ॥ ਗ੍ਰਹ ਧੰਧੇ ਮੈ ਮਨ ਪਰਚਾਯੋ ॥809॥
ਸੁਖਨਾ ਗੁਰ ਕੀ ਭੂਲਤ ਭੲਈ ॥ ਹੋਵਾ ਕਾਰਜ ਯਾਦ ਨ ਰਹੀ ॥
ਸਹੀਦਨ ਆਨ ਗਹੀ ਸੁ ਨਾਰੀ ॥ ਫੜ ਕਰ ਕੇਸੰਨੰ ਅਧਕ ਪਛਾਰੀ ॥810॥
ਹਾਇ ਹਾਇ ਕਰ ਹਾਇ ਪੁਕਾਰੀ ॥ ਤਿਸੁ ਨਰੁ ਪੁਛਾ ਕੋ ਦੁਖ ਭਾਰੀ ॥
ਤਬੇ ਜੁਲਾਹੀ ਦੀਨ ਸੁਨਾਈ ॥ ਗੁਰ ਕੀ ਸੁਖਨਾ ਦੀਨ ਭੁਲਾਈ ॥811॥
ਏਕ ਦਿਨਾ ਹਾਂਡੀ ਫੁਟਿ ਗਈ ॥ ਸਵਾ ਸੁ ਦਮੜੀ ਸੁਖਨਾ ਕਈ ॥
ਕਹਯੋ ਜੁਲਾਹੇ ਊਨੇ ਜਾਵੈ ॥ ਦੇਵੈ ਸੁਖਨਾ ਭੂਲਿ ਛਿਮਾਵੈ ॥812॥
ਊਨੇ ਜਾਵਹਿ ਕਰੀ ਸਲਾਹਿ ॥ ਛਡੀ ਸਹੀਦਨ ਰੰਚ ਦੁਖਾਇ[1] ॥
ਏਕੁ ਖੇਸ ਸੁਭ ਸਵਾ ਰੁਪਯਾ ॥ ਆਏ ਊਨੇ ਮਨ ਧਰ ਚਯਾ ॥813॥
ਧਰੀ ਭੇਟ ਜਬ ਸੀਸ ਨਿਵਾਯੋ ॥ ਹਾਥ ਜੋਰ ਕਰਿ ਬੈਨੁ ਅਲਾਯੋ ॥
ਹਮ ਮੁਰੀਦ ਹੈ ਰਾਵਰੁ ਕੇਰੇ ॥ ਭੂਲ ਖਿਮਾ ਕਰ ਜਾਨੋ ਚੇਰੇ ॥814॥

॥ ਦੋਹਰਾ ॥

ਸ੍ਰੀ ਹਜੂਰ ਤਿਨੁ ਪ੍ਰਤਿ ਕਹਯੋ ਇਹੁ ਭੇਟਾ ਚੁਕਿ ਲੇਹੁ ॥
ਸਵਾ ਸੁ ਦਮੜੀ ਸੁਖੀ ਜੋ ਸੋ ਹਮ ਕੋਂ ਤੁਮ ਦੇਹੁ ॥815॥
ਸ੍ਰੀ ਹਜੂਰ ਦਿਵਾਨ ਮਧੁ ਨੀਰਜ ਪਾਨ ਦਿਖਾਇ ॥
ਛਲਕੇ ਪਯ ਨਿਜ ਹਾਥ ਮੈ ਹਾਂਡੀ ਲੀਨ ਬੜਾਇ ॥816॥

॥ ਚੌਪਈ ॥

ਪਹਿਲੇ ਦੇਵੈ ਕਾਰ ਬਨਾਈ ॥ ਪਾਛੇ ਲੈਵੈ ਦੇਰੁ ਬਿਹਾਈ ॥
ਲੇਕਰਿ ਖੁਸੀ ਦੰਪਤਿ ਚਲਿ ਗਏ ॥ ਗੁਰ ਕਾ ਯਸੁ ਬਹੁ ਗਾਵਤ ਭਏ ॥817॥

(ਤੇਗ ਸਿੰਘ ਤੇ ਬਿਕਰਮ ਸਿੰਘ ਦੀ ਕਥਾ)

ਸਾਹਿਬ ਪੂਤ ਜੁਗਮ ਹੈ ਜੋਈ ॥ ਤੇਗ ਸਿੰਘ ਬਿਕ੍ਰਮ ਸਿੰਘ ਦੋਈ ॥
ਜੁਗਮ ਭਯਾ ਮਿਲ ਮੇਲ ਮਚਾਵੈ ॥ ਖਿਜਮਤਿਦਾਰ ਸਾਥ ਰਹਾਵੈ ॥818॥
ਰਾਮ ਸਿੰਘ ਕਾਸੂਟਾ ਆਹੀ ॥ ਜੁਗਮ ਭਯਾ ਨਿਤ ਤਿਹ ਚਲੁ ਜਾਈ ॥
ਹਾਥ ਜੋਰੁ ਸਿੰਘਨ ਤਬ ਪੂਛਾ ॥ ਗੁਰ ਜੀ ਤਪੁ ਕਰਾ ਕਹਿ ਸੂਛਾ ॥819॥

॥ ਦੋਹਰਾ ॥

ਸੁਨ ਕਰੁ ਸ੍ਰੀ ਗੁਰ ਤੇਗ ਸਿੰਘ ਕਹੀ ਗਿਰਾ ਮੁਸਕਾਇ ॥
ਨੈਨਾ ਦੇਵੀ ਤਪੁ ਕਰਾ ਕਿਛੁ ਕੀਨੋ ਇਸ ਜਾਇ ॥820॥

॥ ਚੌਪਈ ॥

ਪੁਨ ਸਿਖਨ ਮਿਲ ਅਰਜ ਅਲਾਈ ॥ ਪਤਾ ਦਿਖਾਵੋ ਗੁਰ ਸੁਖਦਾਈ ॥
ਗਦ ਗਦ ਬਾਨੀ ਚਹਿ ਗੁਰ ਪੂਰੇ ॥ ਇਹ ਥਲ ਖੋਦੇ ਮਿਟੇ ਵਿਸੂਰੇ ॥821॥

---

1. ਅ ਪੋਥੀ ਦੁਖ ਪਾਇ

ਧੂਣੀ ਚਿਮਟਾ ਪਉੜੇ ਝੋਲੀ ॥ ਦੇਰ ਨ ਕੀਜੈ ਲੇਵੋ ਟੋਲੀ ॥
ਮਾਨੀ ਆਇਸੁ ਖੋਦਨ ਲਾਗੇ ॥ ਧੂਣੀ ਆਦਿਕ ਪਿਖੀ ਸਭਾਗੇ ॥822॥
ਗੁਰੂ ਪਾਸ ਤਬ ਕਿਸੇ ਜਨਾਈ ॥ ਸੁਨਤ ਹਜੂਰ ਸੁਤ ਲਏ ਬੁਲਾਈ ॥
ਕਰ ਮੋ ਕਰ ਗਹਿ ਕਹੀ ਸੁਬਾਨੀ ॥ ਇਹੁ ਕਿਯਾ ਕੀਨੋ ਸੁਤ ਸੁਖਦਾਨੀ ॥823॥
ਕਰਾਮਾਤ ਨਹਿ ਕਿਸੇ ਦਿਖਾਵੋ ॥ ਮਨ ਮੈ ਰੋਕ ਰਖੋ ਸੁਖ ਪਾਵੋ ॥
ਕਲਜੁਗ ਆਯੋ ਹੈ ਅਤਿਭਾਰੀ ॥ ਅਜਮਤਿ ਦੇਣੀ ਨਹਿ ਸੁਖਕਾਰੀ ॥824॥

॥ ਦੋਹਰਾ ॥

ਸਿਖਨ ਪ੍ਰਤਿ ਸਤਿਗੁਰੂ ਕਹਯੋ ਜੋ ਹੋਈ ਸੋ ਹੋਇ ॥
ਫਿਰ ਨਹਿ ਐਸੇ ਕੀਜਿਯੈ ਰਾਖੈ ਰਿਦੈ ਪਰੋਇ ॥825॥

॥ ਚੌਤਈ ॥

ਚਿਮਟਾ ਆਦਿ ਤਹਾਂ ਦਬਾਵੋ ॥ ਕਰ ਕਾਰਜਿ ਤੁਮ ਤਤੁ ਖਿਨ ਆਵੋ ॥
ਮਾਨੁ ਬਚਨੁ ਤਿਨ ਜਾਟਿ ਦਬਾਏ ॥ ਤੇਗ ਸਿੰਘ ਪ੍ਰਤਿ ਗੁਰੂ ਅਲਾਏ ॥826॥
ਜਾਵੋ ਖੇਲੋ ਮਨੁ ਪਰਚਾਵੋ ॥ ਬਹੁਰਿ ਨ ਐਸੇ ਕਬੀ ਕਰਾਵੋ ॥
ਜੁਗ ਭਯਾ ਤਬ ਖੇਲਨ ਲਾਗੈਂ ॥ ਸੇਵਕੁ ਬਾਰਿਕੁ ਮਿਲੇ ਸਭਾਗੇ ॥827॥

## (ਦੁਨਾ ਸਿੰਘ ਦੀ ਕਥਾ)

ਦੁਨਾ ਸਿੰਘ ਸਿਰਦਾਰੁ ਜੋ ਆਹੀ ॥ ਸਾਥ ਸਰਕਾਰੁ ਬਣਤੀ ਨਾਹੀ ॥
ਸਹਿ ਪਰਵਾਰੇ ਊਨੇ ਆਵਾ ॥ ਅਨਿਕ ਤਰਾਂ ਕੀ ਭੇਟ ਲਿਆਵਾ ॥828॥

॥ ਦੋਹਰਾ ॥

ਹਾਥੁ ਜੋਰੁ ਸਿਰ ਨਾਇ ਕੇ ਪਲਘ ਦਏ ਛਿ ਚਾਰ ॥
ਇਕ ਪ੍ਰਯੰਕ ਪਾਵੇ ਰਜਤ ਰੇਸਮ ਉਨਤ ਨਿਵਾਰ ॥829॥
ਜੁਗਤਿ ਅਜਾਇਬ ਮੰਚ ਇਕੁ ਬਿਛੁਰਿ ਬਹੁਰਿ ਮਿਲੁ ਜਾਇ ॥
ਕਬਹੂੰ ਬਿਬ ਕਬ ਏਕ ਹ੍ਵੈ ਪਸਰੇ ਪੁੰਨਾ ਸਕੁਚਾਇ ॥830॥

॥ ਚੌਪਈ ॥

ਮਹਿਖੀ ਬਡੀ ਚਾਰ ਦਸ ਲਯਾਯਾ ॥ ਹੈ ਗੈ ਗੋ ਪਟ ਬਿਤੰ ਚਢਾਯਾ ॥
ਮਨ ਮੋ ਜਿਸ ਕੇ ਪ੍ਰੀਤੀ ਸਾਚੀ ॥ ਮਧੁਰ ਮੰਜੁ ਸੁਠ ਗਿਰਾ ਉਬਾਚੀ ॥831॥
ਮੈ ਸੇਵਕ ਹਾਂ ਗੁਰ ਸੁਖਦਾਈ ॥ ਬਿਨੁ ਰਾਵਰ ਨਹਿ ਆਸਾ ਰਾਈ ॥
ਅੰਤਰੁਜਾਮੀ ਤੇ ਨਹਿ ਛਾਨਾ ॥ ਸਰਲ ਪਾਲ ਸ੍ਰੀ ਗੁਰ ਭਗਵਾਨਾ ॥832॥
ਦਾਸਨਿ ਦਾਸੁ ਦਾਸ ਮੁਹਿ ਜਾਨੋ ॥ ਜਬ ਲਗੁ ਜੀਵੋ ਸੇਵਾ ਠਾਨੋ ॥
ਜੁਗ ਲੋਗਨ ਮੋ ਕਰੋ ਸਹਾਇ ॥ ਅੰਤੁ ਕਾਲੁ ਮਮ ਹੁਇ ਨਿਰਬਾਹਿ ॥833॥
ਸੁਨ ਕਰ ਤਿਸ ਕੀ ਬਿਨੇ ਸੁਹਾਈ ॥ ਕਹੀ ਗਿਰਾ ਸਤਿਗੁਰ ਸੁਖਦਾਈ ॥
ਬੈਠੇ ਰਹੀਏ ਹਮਰੇ ਪਾਸ ॥ ਆਵਨ ਜਾਵਨ ਤਯਾਗੋ ਆਸ ॥834॥

ਤੂੰ ਮੋ ਕੌ ਹੈ ਐਸੇ ਪਯਾਰਾ ॥ [1]ਜਿਮ ਬਾਲੇ ਗੁਰ ਨਾਨਕ ਧਾਰਾ[1]॥
ਕਹਿ ਐਸੇ ਗੁਰ ਸਿਵਰ ਕਰਾਵਾ ॥ ਪ੍ਰਸ਼ਾਦਿ ਆਦਿ ਦੀਨ ਪਹੁਚਾਵਾ ॥835॥
ਗੁਰੂ ਮਯਾ ਤੇ ਬਡ ਸੁਖ ਪਾਯੋ ॥ ਚਰਨ ਛਾਡਿ ਨਹਿ ਅਵਰੁ ਸਿਧਾਯੋ ॥
ਜੋ ਗੁਰ ਕਹੈ ਸੁ ਸਤ ਪ੍ਰਮਾਨੈ ॥ ਭ੍ਰਮ ਸੈਨ ਮਨ ਆਨ ਨ ਆਨੈ ॥836॥
ਸੀਤ ਪ੍ਰਸਾਦਿ ਸਦਾ ਲੈ ਖਾਨਾ ॥ ਬਿਨੁ ਹਜ਼ੂਰਿ ਛੁਹੇ ਨਹੀ ਦਾਨਾ ॥
ਮਨੁ ਤਨੁ ਕਰ ਗੁਰ ਸੇਵ ਕਮਾਈ ॥ ਮਾਨੈ ਆਇਸੁ ਸਦ ਮਨੁ ਲਾਈ ॥837॥

## (ਸਵਣ ਸਿੰਘ ਦੀ ਕਥਾ)

॥ ਚੌਪਈ ॥

ਸ੍ਰੀ ਨਨਕਾਣੇ ਪੁਰਿ ਰਹੇ ਸਾਵਣੁ ਸਿੰਘ ਸੁਜਾਨੁ ॥
ਆਵਾ ਦਰਸ ਹਜੂਰ ਦੇ ਸਰਬ ਗੁਨਨ ਕੀ ਖਾਨੁ ॥838॥
ਦੇਖ ਕ੍ਰਿਪਾ ਨਿਧਿ ਰੂਪ ਕੌ ਪਾਇਨ ਸੀਸ ਝੁਕਾਇ ॥
ਸਾਵਣੁ ਸਿੰਘ ਭੇਟਾ ਧਰੀ ਮਨ ਮੋ ਅਤਿ ਹਰਖਾਇ ॥839॥

॥ ਚੌਪਈ ॥

ਸ੍ਰੀ ਹਜੂਰ ਜੀ ਆਦਰੁ ਕੀਨਾ[2] ॥ ਗੁਰ ਸਥਾਨ ਕਾ ਸੇਵਕੁ ਚੀਨਾ ॥
ਭਾਈ ਬਲੂ ਜੀ ਤਬ ਆਏ ॥ ਬੈਠਿ ਗਏ ਜਬ ਸੀਸ ਨਿਵਾਏ ॥840॥
ਕਮਲ ਨੈਨ ਜੀ ਗਿਰਾ ਅਲਾਈ ॥ ਸਾਵਣੁ ਸਿੰਘ ਕੁ ਲੇ ਤੁਮ ਜਾਈ ॥
ਪ੍ਰਸਾਦਿ ਆਦਿਕ ਸੇਵਾ ਕੀਜੈ ॥ ਨਨਕਾਣੇ ਬਾਸੀ ਇਸੇ ਲਖੀਜੈ ॥841॥
ਸਤ ਬਚਨੁ ਕਹਿ ਸਾਥ ਲਿਆਏ ॥ ਅਸਨ ਆਦਿ ਸੇਵਾ ਕਰਵਾਏ ॥
ਭਾ ਭੁਨਸਾਰ ਸੁਹਾਵਨ ਪਾਵਨ ॥ ਉਠ ਕਰਿ ਸਿਖ ਨੇ ਕੀਨੋ ਨਾਵਨ ॥842॥
ਗੁਰ ਸਿਖੀ ਮੈ ਹੈ ਅਤਿ ਗਾਢਾ ॥ ਸੁਖ ਮਨ ਆਦਿਕੁ ਬਾਨੀ ਪਾਢਾ ॥
ਪ੍ਰਾਤ ਨੇਮ ਕਰਿ ਸਾਵਨ ਕੇਸਰ ॥ ਗੁਰ ਦਰਬਾਰ ਗਯੋ ਚਿਤ ਹਿਤ ਧਰ ॥843॥
ਨਿਕਸੇ ਸ੍ਰੀ ਗੁਰੂ ਗ੍ਰਿਹਿ ਤਿਯਾਗੇ ॥ ਜੁਗਮ ਦਾਸ ਕੇ ਕਾਂਧੇ ਲਾਗੇ ॥
ਸਨੇ ਸਨੇ ਆਏ ਪ੍ਰਭ ਸ੍ਵਾਮੀ ॥ ਅੰਤਰਿ ਬਿਨੁ ਗੁਰ ਅੰਤਰਜਾਮੀ ॥844॥
ਸਾਵਣੁ ਸਿੰਘ ਮਨ ਕਰ ਅਨਮਾਨੂ ॥ ਸਾਹਿਬੁ ਬਪੁ ਭਾ ਬ੍ਰਿਧ ਮਹਾਨੂ ॥
ਅਸ ਸੰਸਯ ਤਿਨ ਮਨ ਮੈ ਭਯੋ ॥ ਅੰਤਰੁਜਾਮੀ ਸਬ ਲਖ ਲਯੋ ॥845॥

॥ ਦੋਹਰਾ ॥

ਇਕੁ ਸੇਵਕੁ ਪ੍ਰਤਿ ਸਤਿਗੁਰੂ ਕਹੀ ਗਿਰਾ ਅਭਿਰਾਮ ॥
ਚਾਪ ਲਿਆਵੋ ਦੇਰੁ ਬਿਨੁ ਕਰਨਾ ਹੈ ਇਕੁ ਕਾਮ ॥846॥
ਭ੍ਰਿਤ ਨੇ ਆਨਾ ਦੇਰੁ ਬਿਨੁ ਲੀਨਾ ਕਰ ਬੇਦੀਸ ॥
ਐਂਚ ਦੀਯੋ ਚਟਕਾਇ ਕੈ ਸਿਖ ਸੈਸੇ ਕੋ ਖੀਸ ॥847॥

---

1. ਅ ਪੋਥੀ ਪਾਠਾਂਤਰ : ਬਾਲੈ ਮੋ ਨਾਨਕ ਹਿਤ ਧਾਰਾ ॥
2. ਅ ਪੋਥੀ ਦੀਨਾ

ਸਾਵੰਨ ਸਿੰਘ ਦਿਖ ਚਕਤ ਭਾ ਗੁਰੂ ਚਰਿਤ ਅਤਿ ਗੂਢ ॥
ਮੋ ਕੌ ਗੁਰੂ ਜਨਾਇਓ ਬਲ ਸੁਮੰਝੇ ਇਹ ਮੂਢ ॥848॥

॥ ਚੌਪਈ ॥

ਪਾਨ ਜੋਰੁ ਕਰੁ ਗਿਰਾ ਅਲਾਈ ॥ ਕਰੀ [1]ਮਯਾ ਗੁਰ ਬੇਦੀ ਰਾਈ ॥
ਸੰਸਾ ਮੇਰਾ ਐਸ ਬਿਨੌਸਾ ॥ ਬਿਨਤਾ ਸੁਤ ਜਿਮ ਅਹਿ ਕੁਲ ਨਾਸਾ ॥849॥
ਨਮੋ ਦੇਵ ਦੁਖ ਭੰਜ ਸਨਾਤਨ ॥ ਜਯਤ ਜਯਤ ਅਨਾਦ ਅਜਾਤਨ ॥
ਸਕਤ ਰੂਪ ਭਵ ਬਾਧਾ ਮੋਚਾਨ ॥ ਛਬਿ ਰਾਜੀ ਰਾਜੀਵ ਵਿਲੋਚਨ ॥850॥
ਪਿਖ ਅਧਰ ਵਰ ਅੰਮ੍ਰਿਤ ਸਾਨੇ ॥ ਜਿਹ ਪਰ ਬਿਦ੍ਰਮ ਬਿਦ ਬਕਾਨੈ ॥
ਬਡੇ ਭਾਗ ਦੇਖੀ ਰਦਰਾਸੀ ॥ ਜਿਹ ਪਟ ਤਰ ਨਹਿ ਕੁੰਦ ਪ੍ਰਕਾਸੀ ॥851॥
ਮਹਾਂ ਰਾਜ ਮੋ ਕੌ ਭਵੈ ਤਾਰੋ ॥ ਜਨਮ ਮਰਨ ਰੁਜ ਦੂਰ ਨਿਵਾਰੋ ॥
ਮੈ ਸਰਨਾਗਤਿ ਗੁਰ ਸੁਖਦਾਈ ॥ ਆਪ ਬਿਨਾ ਨਹਿ ਕੋਇ ਸਹਾਈ ॥852॥
ਸਿਖ ਅਰਜੀ ਸੁਨ ਉਤਰ ਦੀਨਾ ॥ ਵਾਹਿਗੁਰੂ[2] ਸਿਮਰੋ ਲੈ ਲੀਨਾ ॥
ਮਨ ਕੌ ਨੀਵਾ ਸਦਾ ਰਖੀਜੈ ॥ ਵੰਡ ਖਾਵਨ ਮੋ ਸਦ ਚਿਤੁ ਦੀਜੈ ॥853॥
ਪਰਉਪਕਾਰ ਵਿਖੇ ਮਨੁ ਲਾਵੋ ॥ ਸਤ ਸੰਗਤ ਕਰਿ ਸਮਾਂ ਬਿਤਾਵੋ ॥
ਏਹੁ ਉਪਦੇਸਿ ਰਖੋਗੇ ਦੀਤਾ ॥ ਜਮੰ ਦੂਤ ਤੁਮ ਤੇ ਭੈ ਭੀਤਾ ॥854॥

॥ ਛੰਦੁ ॥

ਸੁਨ ਪ੍ਰਭੁ ਬੈਨਾ ਚੈਨ ਪ੍ਰਦੈਨਾ ਫੂਲਾ ਸਿਖ ਮਨ ਬੀਚ ॥
ਕਹ ਕਿਯ ਪ੍ਰਭੁ ਦਾਯਾ ਤਾਪ ਮਿਟਾਯਾ ਸੁਧਾ ਬਦਨੁ ਜਲ ਸੀਚ ॥
ਨਿਸਠਾ ਪਰਕਾਸੀ ਦੁਰਮਤਿ ਨਾਸੀ ਤੁਮ ਗਤਿ [ਮੁਹਿ][3] ਅਸੰਖੁ ॥
ਜੈ ਜਗਤੁ ਉਧਾਰਨ ਚਕ੍ਰ ਪ੍ਰਹਾਰਨ ਕਮਲ ਗਦਾ ਅਰੁ ਸੰਖ ॥855॥
ਮਯਾ ਕੀਨ ਅਤਿਸੈ ਪ੍ਰਭੂ ਤੀਨ ਤਾਪੁ ਹਰਿ ਲੀਨ ॥
ਦੇਯ ਭਗਤਿ ਅਨਪਾਇਨੀ ਜੋ ਹੈ ਸਭ ਤੇ ਪੀਨ ॥856॥
ਲੇ ਆਇਸ ਸਤਿਗੁਰੂ ਤੇ ਚੀਰ ਦਰਬ ਲੇ ਨਾਲ ॥
ਜਾਤ ਭਯੋ ਨਿਜ ਭਵਨ ਕੋ ਮਨ ਮੇ ਪ੍ਰੇਮ ਬਿਸਾਲ ॥857॥

(ਸ਼ਰਧਾਲੂ ਸਿਖ ਦੀ ਕਥਾ)

॥ ਚੌਪਈ ॥

ਏਕਾ ਦਿਵਸ ਦ੍ਰਿਨ ਭਾ ਮਧਾਯਾਨ੍ਹਾ ॥ ਪਲਘ ਬਿਰਾਜੇ ਸੁਖਮਾ ਖਾਨਾ ॥
ਉਠ ਬੈਠੇ ਤਬ ਦੇਰ ਬਿਹਾਈ ॥ ਕਛੁ ਮੰਗਾਈ ਗੁਰ ਸੁਖਦਾਈ ॥858॥

---

1. ੲ ਪੋਥੀ ਕਿਰਪਾ
2. ੲ ਪੋਥੀ ਸਤਿਨਾਮ
3. ਅ ਪੋਥੀ ਵਿਚੋਂ

ਅੰਗਲੀ ਕਾਢ੍ਹ ਉਤਾਰਨ ਕੀਨੀ ॥ ਜਲ ਮੋਂ ਭੀਨੀ ਸਭ ਤੇ ਚੀਨੀ ॥
ਦੂਤੀ ਕਾਢ੍ਹ ਪਹਿਰੀ ਸੁਖਦਾਈ ॥ ਪਲਘੁ ਬਿਰਾਜੇ ਬੇਦੀ ਰਾਈ ॥
ਚੜਤੂ ਸਿੰਘ ਨਾਈ ਥਾ ਪਾਸੂ ॥ ਤਿਸੁ ਪ੍ਰਤਿ ਬੋਲੇ ਸੁਖਮਾ ਰਾਸੂ ॥
ਪਿਸਟ ਹਮਾਰੀ ਦੇਖਨ ਕੀਜੈ ॥ ਛਿਲਧਰ ਚਭੀ ਕਾਢਿ ਸੁ ਦੀਜੈ ॥860॥
ਮਾਨੁ ਬਚਨ ਤਿਸੁ ਦੇਖਨ ਕੀਨੀ ॥ ਬਾਂਸ ਛਿਲਧਰ ਪਿਠ ਮਧ ਚੀਨੀ ॥
ਸਭ ਕੇ ਮਨ ਮੋਂ ਅਚਰਜੁ ਆਵਾ ॥ ਹਾਥੁ ਜੋਰੁ ਕਰਿ ਸੀਸ ਨਿਵਾਵਾ ॥861॥

॥ ਦੋਹਰਾ ॥

ਬਿਨੈ ਭਨੀ ਸਭ ਨੇ ਤਬੈ ਕੌਤਕੁ ਦੇਹੁ ਜਨਾਇ ॥
ਛਿਲਧਰ ਧਸੀ ਹੈ ਕਹਾਂ ਤੇ ਕਢ੍ਹ ਭੀਜੀ ਕਹਿ ਦਾਇ ॥862॥

॥ ਚੌਪਈ ॥

ਸੁਨ ਤਿਨ ਬਿਨੈ ਗੁਰੂ ਸੁਖਦਾਈ ॥ ਚੰਦ ਬਦਨ[1] ਤੇ ਗਿਰਾ ਅਲਾਈ ॥
ਏਕ ਸੇਠ ਨਾਦੀ ਸਮਝਾਰੀ ॥ ਵਿਮਲ ਬੁਧ ਅਤਿ ਪਰਉਪਕਾਰੀ ॥863॥
ਗੁਰ ਨਾਨਕ ਕਾ ਸਿਖ ਕਹਾਵੈ ॥ ਵਾਹਿਗੁਰੂ ਬਿਨੁ ਅਵਰੁ ਨ ਭਾਵੈ ॥
ਸਤਗੁਰ ਬਾਨੀ ਪਠੈ ਬਨਾਈ ॥ ਦੇਵੀ ਦੇਵ ਨ ਕਬੀ ਧਿਆਈ ॥864॥
ਵਿਵਧ ਭਾਂਤੁ ਧਨੁ ਬੋਹਿਥੁ ਮਾਂਹੀ । ਬਨਜ ਹੇਤ ਤਿਹ ਪੂਰਯੋ ਆਹੀ ॥
ਬਹੀ ਆਚਾਨੰ ਅਨਲ ਤਹ ਝੰਝਾ ॥ ਉਲਟਿਓ ਬਿਹਿਥੁ ਬਾਰਿਧਿ ਮੰਝਾ ॥865॥
ਲਾਘਵ ਤਿਨ ਜੋਰੇ ਜੁਗ ਹਾਥਾ ॥ ਨਾਯੋ ਮੋਹਿ ਪਾਦ ਰੁਚਿ ਮਾਥਾ ॥
ਗੁਰ ਜੀ ਮੋਂ ਪਰੁ ਕਰਨਾ ਧਾਰੋ ॥ ਦੁਖ ਸਾਗਰੁ ਤੇ ਪਾਰਿ ਉਤਾਰੋ ॥ 866॥
ਦਰੁਪਤਿ ਸੁਤਾ ਜਿਮ ਚੀਰ ਵਧਾਏ ॥ ਰਾਖੇ ਪੰਡ ਸੁਤ ਜਲਨ ਨ ਪਾਏ ॥
ਸੁਰ ਥੈ ਲੀਨੋ ਆਪ ਬਚਾਈ ॥ ਬਾਰਨ ਤੋਹਾ ਬੇਰ ਨ ਲਾਈ ॥867॥

॥ ਦੋਹਰਾ ॥

ਤੈਸੇ ਮੋਂ ਪਰ ਮਯਾ ਕਰ ਬੋਹਿਥੁ ਰਾਖੋ ਆਪ ॥
ਸੁ ਕਰ ਭਭੀਖਨ ਜਿਮ ਰਖੇ ਦੀਨੋ ਰਾਜੰ ਥਾਪ ॥868॥
ਹਜਾਰ ਵਿਕਵੰਜਾ ਸੁਖਯੋ ਕਰਿ ਪ੍ਰੀਤੀ ਹਿਤੁ ਲਾਇ ॥
ਦੀਨ ਹੋਇ ਪੁਕਾਰਤਾ ਨੈਨਨ ਤੇ ਜਲ ਜਾਇ ॥869॥

॥ ਚੌਪਈ ॥

ਤਬ ਹਮ ਦੌਰੇ ਬਿਨਾ ਅਵਾਰੀ । ਬੋਹਿਥੁ ਤਾਰਾ ਬੁਰਬਿ ਚੁਬਾਰੀ ॥
ਮੋਢਾ ਦੀਨਾ ਪੋਤ ਉਲਟਾਵਾ ॥ ਸਿੰਧ ਤੇ ਦੀਨੋ ਪਾਰ ਲੰਘਾਵਾ ॥870॥
ਕਢ੍ਹ ਭੀ ਜੀ ਇਮ ਸਿੰਧ ਮਝਾਰੀ ॥ ਬਾਂਸ ਛਿਲਧਰ ਚੁਭੀ ਤਬ ਭਾਰੀ ॥
ਸੁਨ ਗੁਰਬਾਨੀ ਸਭ ਹਰਖਾਨੇ ॥ ਬਾਰ ਬਾਰ ਪਗ ਬੰਦਨ ਠਾਨੇ ॥871॥

1. ੲ ਪੋਥੀ ਕਮਲਾਨਨ

ਕੋਇਕ ਦਿਨੁ ਜਬ ਗਏ ਬਤੀਤੇ ॥ ਸੇਠ ਸਾਹਿ ਆਵਾ ਧਰ ਹੀ ਤੇ ॥
ਗੌਰਵ ਮਤ ਜਿਸ ਸੀਲ ਸੁਭਾਇ ॥ ਬਹੁ ਮਾਨਵ ਹੈ ਜਿਸ ਕੇ ਪਾਇ ॥872।
ਗਰ ਮੇ ਅੰਚਰੁ ਪਾਵਨ ਕੀਨਾ ॥ ਪਰਯੰਕ ਬਿਰਾਜੇ ਗੁਰ ਕੁਲੀਨਾ ॥
ਪਾਦ ਪਦਮੁ ਪਰ ਸੀਸ ਨਿਵਾਈ ॥ ਨੈਨਨ ਤੇ ਜਲ ਧਾਰ ਬਹਾਈ ॥873॥
ਮੈ ਹੌ ਕਿੰਕਰ ਤੁਮਰੋ ਸ੍ਵਾਮੀ ॥ ਬੂਡਤ ਰਾਖਾ ਅੰਤਰਿਜਾਮੀ ॥
ਸੇਵਕੁ ਪਾਲਨ ਬਿਰਦੁ ਤੁਮਾਰਾ ॥ ਤੀਨ ਲੋਕੁ ਕੇ ਆਪ ਅਧਾਰਾ ॥874॥

॥ ਦੋਹਰਾ ॥

ਆਨੀ ਪਦਨ ਸੁਜਟਤ ਅਤ ਕਾਠੀ ਗੁਰ ਕੇ ਹੇਤ ॥
ਸਹਸ ਇਕੁਵੰਝਾਂ ਮੁਲ ਕੀ ਚਾਂਮੀ ਕਰ ਕੀ ਕੇਤ ॥875॥

॥ ਸੋਰਠਾ ।

ਜਗਮਗਾਤ ਸੋ ਭੂਰ ਹੈਮ ਜਟ੍ਤ ਬਜ੍ਰਨਿ ਪ੍ਰਭਾ ॥
ਮਾਨੋ ਕੋਟਕ ਸੂਰ ਕਨਕਾਸਨ ਛਬਿ ਰਾਜ ਹੀ ॥876॥

॥ ਚੌਪਈ ॥

ਔਰੁ ਚੀਰ ਹੈ ਬਹੁਤ ਅਮੋਲੇ ॥ ਅਵਰੁ ਪਦਾਰਥ ਕੋ ਗਿਨ ਤੋਲੇ ॥
ਗੁਰਹਿ ਅਰਪਿ ਕਰ ਬਿਨੈ ਬਖਾਨੀ ॥ ਰਾਵਰ ਸੁਖਨਾ ਮੈ ਜੋ ਠਾਂਨੀ ॥877॥
ਜੈ ਜਗੁਦੀਸ ਬੇਦ[1] ਕੁਲ ਕੇਤੂ ॥ ਜਯ ਜਗ ਪਾਵਨ ਦੀਨਨ ਹੇਤੂ ॥
ਜਨ ਰੰਜਨ ਭੰਜਨੁ ਮਹਿ ਭਾਰਾ ॥ ਜੈ ਕ੍ਰਿਤਾਰਾ ਹਰਿ ਸਦ ਅਵਿਕਾਰਾ ॥878॥
ਜੈਸ ਚਿਦਾ ਨੰਦ ਪਰ ਧਾਮਾ ॥ ਜੈ ਕ੍ਰਿਪਾਲ ਨਿਰਭਰ ਜਨ ਕਾਮਾ ॥
ਜਯ ਜਨ ਕਮਲ ਵਿਪਰ ਵਰ ਭਾਨੂ ॥ ਖਲ ਕੁਲ ਤ੍ਰਿਣ ਘਟ ਦਹਨ ਕ੍ਰਿਸਾਨੂੰ ॥879॥

॥ ਦੋਹਰਾ ॥

ਪਾਨ ਜੋਰ ਇਮ ਨੁਤ ਕਰੀ ਪੁਨਾ ਕਹਯੋ ਸਿਰ ਨਾਇ ॥
ਸਿੰਧ ਮਾਂਝ ਜਿਹ ਤਾਰਿਓ ਤੈਸੇ ਪਾਰ ਲੰਘਾਇ ॥880॥

॥ ਚੌਪ੍ਈ ॥

ਸਿਖ ਕੀ ਅਰਜੁ ਸੁਨੀ ਸੁਖਦਾਈ ॥ ਕਹੀ ਗਿਰਾ ਅਤਿਸੈ ਬਿਗਸਾਈ ॥
ਵਾਹਿਗੁਰੂ ਸਿਮਰੋ ਮਨੁ ਲਾਵੋ ॥ [2]ਜਨਮੁ ਮਰਨ ਮੈ ਬਹੁਰਿ ਨ ਆਵੋ[2] ॥881॥
ਸਤ[3] ਸੰਗਤਿ ਦਰੁਮ ਸਾਖਾ ਬੈਸੇ ॥ ਬਾਯਸ ਲਹਤ ਸੁਨ ਗੁਨ ਪਿਕ ਜੈਸੇ ॥
ਸੰਤ ਸਰੋਵਰ ਪਾਇ ਬਸਾਲਾ ॥ ਬਕ ਸਾ ਵਕ ਹ੍ਵੈ ਰਹਤ ਮਰਾਲਾ ॥882॥

---

1. ਅ ਪੋਥੀ ਬੰਦੁ
2. ਅ ਪੋਥੀ ਪਾਠਾਂਤਰ: ਵੰਡ ਖਾਵੋ ਗੁਰ ਸੇਵ ਕਮਾਵੋ ;
3. ੲ ਪੋਥੀ ਸਾਧ

ਸੰਟ ਸਸੂਖਾ [1]ਹਿਤ ਮਨੁ ਲਾਗਾ ॥ ਪਗ ਪਗ ਮੰਜਨ ਹੇਤ ਪ੍ਰਯਾਗਾ ॥
ਕਲ ਮਲ ਦੂਰ ਦਮ ਹਤ ਨਿਰ ਭੀਤਾ ॥ ਤਿਹ ਬਧ ਸੰਤ ਮ੍ਰਿਗੇਸ ਪੁਨੀਤਾ ॥883॥
ਕਲਪੁ ਭੋਗ ਮਘ ਵਾਪੁਰ ਨਾਨਾ ॥ ਸੋਨ ਛਿਨਕ ਸਤ ਸੰਗਿ ਸਮਾਨਾ ॥
ਸੰਤ ਸਰਲ ਚਿਤ ਨਹੀ ਵਿਰੋਧੂ ॥ ਕਰ ਨਿਰਨੇ ਜਿਨ ਪਾਯੋ ਬੋਧੂ ॥884॥
ਤਰਵਰ ਤੁਲ ਹੈ ਪਰਉਪਕਾਰੀ ॥ ਸਮ ਪਟੀਰ ਜਿਨ[2] ਸਾਂਤੀ ਧਾਰੀ ॥
ਦੇਹ ਹੰਤਾ ਜਿਨਿ ਦੀਨੀ ਮਾਰੇ ॥ ਆਪ ਤਰੇ ਅਵਰਨ ਨਿਸਤਾਰੇ ॥885॥

॥ ਦੋਹਰਾ ॥

ਗੁਰ ਅਰਜਨ ਸੋਢੀ ਸਜੇ ਸੁਖਮਨਿ ਕਰੀ ਬਖਾਨ ॥
ਸੰਤਨ ਮਹਿਮਾ ਸੁਭ ਗਹੈ ਪੌੜੀ ਸੁਨੋ ਸੁਜਾਨ ॥886॥

॥ ਤਥਾ ਪਉੜੀ ॥

ਸਾਧ ਕੈ ਸੰਗਿ ਸਭ ਕੁਲ ਉਧਾਰੈ ॥
ਸਾਧ ਸੰਗਿ ਸਾਜਨ ਮੀਤੁ ਕੁਟੰਬ ਨਿਸਤਾਰੈ ॥
ਸਾਧੂ ਕੈ ਸੰਗਿ ਸੋ ਧਨੁ ਪਾਵੈ ॥
ਜਿਸੁ ਧਨੁ ਤੇ ਸਭੁ ਕੋ ਵਰਸਾਵੈ ॥
ਸਾਧ ਸੰਗਿ ਧਰਮ ਰਾਇ ਕਰੇ ਸੇਵਾ ॥
ਸਾਧ ਕੈ ਸੰਗਿ ਸੋਭਾ ਸੁਰ ਦੇਵਾ ॥
ਸਾਧੂ ਕੈ ਸੰਗਿ ਪਾਪ ਪਲਾਇਨ ॥
ਸਾਧ ਸੰਗਿ ਅੰਮ੍ਰਿਤ ਗੁਨ ਗਾਇਨ ॥
ਸਾਧ ਕੈ ਸੰਗਿ ਸਰਬ ਥਾਨ ਗੰਮ ॥
ਨਾਨਕ ਸਾਧ ਕੈ ਸੰਗਿ ਸਫਲੁ ਜਨੰਮ ॥887॥

॥ ਚੌਪਈ ॥

ਸਾਧ ਸੰਗਿ ਕਰੋ ਮਨੁ ਲਾਈ ॥ ਜਨਮ ਮਰਣੁ ਦੁਖ ਜਾਇ ਬਿਲਾਈ ॥
ਸੇਠ ਸਾਹਿ ਸੁਨ ਮਨ ਹਰਖਾਵਾ ॥ ਗੁਰ ਕੇ ਪਗ ਪਰ ਸੀਸ ਨਿਵਾਵਾ ॥888॥
ਸਿਰੋਪਾਇ ਸ੍ਰੀ ਸਤਿਗੁਰ ਦੀਨਾ ॥ ਸਿਰ ਪਰ ਤਿਸ ਨੇ ਧਾਰਨ ਕੀਨਾ ॥
ਲੈ ਆਇ ਸ ਸੇ ਭਵਨੁ ਸਿਧਾਰਾ ॥ ਗੁਰੂ ਮਯਾ ਤੇ ਭਵ ਤੇ ਪਾਰਾ ॥889॥

## (ਤੇਗ ਸਿੰਘ ਦੀ ਕਰਾਮਾਤ)

ਤੇਗ ਸਿੰਘ ਲੇ ਭ੍ਰਾਤਾ ਨਾਲ ॥ ਸ੍ਰੀ ਦਰਬਾਰ ਖਿਲੰਤ ਲੈ ਬਾਲ ॥
ਖੇਲੈ ਭਯਾ ਜੁਗਮ ਹਰਖਾਨੇ ॥ ਦਰਸੈ ਸਿਖ ਜਿਨ ਪ੍ਰੀਤ ਮਹਾਨੇ ॥890॥
ਏਕੁ ਸਿੱਖ ਨੇ ਅਰਜੀ ਗਾਈ ॥ ਬਕਰੂ ਮਰਗਾ ਧਰਨ ਗਿਰਾਈ ॥
ਤੇਗ ਸਿੰਘ ਸੁਨ ਕਰ ਤਹ ਧਾਏ ॥ ਜਾਵਤ ਹੀ ਪਗ ਦੀਨ ਛੁਹਾਏ ॥891॥

---

1. ਅ ਪੋਥੀ ਸੁਖਾ
2. ਅ ਪੋਥੀ ਜਿਮ

॥ ਦੋਹਰਾ ॥

ਚਰਨ ਛੁਹਾਵਨ ਜਬ ਕਰਾ ਉਠ ਕਰ ਬਕਰੂ ਧਾਇ ॥
ਦੇਖ ਸਿਖ ਅਚਰਜੁ ਭਏ ਬਾਰ ਬਾਰ ਨੁਤ ਗਾਇ ॥892॥

॥ ਚੌਪਈ ॥

ਗੁਰੂ ਪਾਸ ਤਬ ਕਿਸੇ ਸੁਨਾਵਾ ॥ ਸਾਹਿਬਜ਼ਾਦੇ ਛਾਗ ਜਿਵਾਵਾ ॥
ਸ੍ਰੀ ਹਜ਼ੂਰ ਜੀ ਗਿਰਾ ਉਚਾਰੀ ॥ ਸਾਹਿਬਜਾਦਾ ਹੈ ਬਲਕਾਰੀ ॥898॥
ਏਕ ਸਿਖ ਨੇ ਬਿਨੇ ਬਖਾਨੀ ॥ ਇਕ ਸੰਸਾ ਕੀਜੈ ਮਮ ਹਾਂਨੀ ॥
ਤੇਗ ਸਿੰਘ ਕੇ ਕਰਨ ਮੰਝਾਰੀ ॥ ਮੁਦ੍ਰਾ ਚਿਹੰਨਿ ਦੀਸਤ ਭਾਰੀ ॥894॥
ਦ੍ਵਾਰਕ ਚਿਹਨ ਭੁਜਾ ਦ੍ਰਿਸਟਾਈ ॥ ਜੁਗਮ ਭੇਦ ਦੇਵੋ ਸਮਝਾਈ ॥
ਸੁਨ ਕਰ ਸ੍ਰੀ ਗੁਰ ਗਿਰਾ ਅਲਾਈ ॥ ਗੋਰਖੁ ਵਡਰਾ ਜਾਨੋ ਭਾਈ ॥895॥
ਕਰਾਮਾਤ ਮੋ ਹੈ ਅਤਿ ਪੂਰਾ ॥ ਜੋ ਭਾਖੇ ਨਹਿ ਹੋਵੈ ਊਰਾ ॥
ਏਕ ਦਿਨਾ ਸ੍ਰੀ ਸਤਿਗੁਰ ਸ੍ਵਾਮੀ ॥ ਤੋਪ ਢਲਾਈ ਅੰਤਰਜਾਮੀ ॥896॥
ਜੁਗਮ ਭਯਾ ਤਬ ਖੇਲਤ ਆਏ ॥ ਜੀ ਏਕੇ ਪਗ ਸੀਸ ਨਿਵਾਏ ॥
ਤੇਗ ਸਿੰਘ ਜੀ ਪੂਛਨ ਕੀਨਾ ॥ ਕਯਾ ਬਨਵਾਵੋ ਗੁਰ ਪ੍ਰਬੀਨਾ ॥897॥
ਸ੍ਰੀ ਹਜ਼ੂਰ ਜੀ ਗਿਰਾ ਬਖਾਨੀ ॥ ਤੋਪੁ ਢੁਲਾਵੈ ਸੁਖਮਾਂ ਦਾਨੀ ॥
ਤੇਗੋ ਸਿੰਘ ਫਿਰ ਗਿਰਾ ਅਲਾਈ ॥ ਕਯਾ ਕਰਨੀ ਹੈ ਗੁਰ ਸੁਖਦਾਈ ॥898॥

॥ ਦੋਹਰਾ ॥

ਬਣੀ ਬਣਾਈ ਤੋਪ ਬਹੁ ਲੇਵੋ ਆਪ ਮੰਗਾਇ ॥
ਕਹਯੋ ਹਜ਼ੂਰ ਸੁ ਕਹਾਂ ਹੈ ਦੇਵੋ ਤੁਰਤੁ ਬਤਾਇ ॥899॥

॥ ਚੌਪਈ ॥

ਦਸਵਾ ਮਹਲ ਆਪ ਜਬ ਧਾਰਾ ॥ ਪੁਰ ਅਨੰਦ ਕਿਯੋ ਜੰਗ ਅਪਾਰਾ ॥
ਦਖਣ ਦੇਸ ਜਾਣ ਇਛੂ ਧਾਰੀ ॥ ਤੋਪਾ ਦੀਨੀ ਕੂਪੈ ਡਾਰੀ ॥900॥
ਲਯੋ ਜੀਆ ਜੀ ਸੋ ਕਢਵਾਈ ॥ ਇਹ ਤੋਪਾਂ ਤਾ ਵਡ ਦੁਖਦਾਈ ॥
ਅੰਤਹੁ ਦੇਵੇਗੀ ਦੁਖੁ ਭਾਰੀ ॥ ਤੇਗ ਸਿੰਘ ਇਮ ਗਿਰਾ ਉਚਾਰੀ ॥901॥
ਸਾਹਿਬਜ਼ਾਦੇ ਕੇ ਸੁਨ ਬੈਨਾ ॥ ਸਤਗੁਰ ਕੇ ਮਨ ਹੋਵੈ ਚੈਨਾ ॥
ਕਰ ਮੋ ਕਰੁ ਗਹਿ ਗਿਰਾ ਅਲਾਈ ॥ ਅਜਮਤ ਰੋਕ ਨ ਮੁਝੈ ਸੁਹਾਈ ॥902॥
ਸਤ ਬਚਨੁ ਕਹਿ ਖੇਲਨ ਲਾਗੇ ॥ ਠੁਮਕ ਠੁਮਕ ਚਾਲੇ ਵਡਭਾਗੇ ॥

(ਹੋਲਾ ਮਹਲਾ ਮਨਾਉਣਾ)

ਹੋਲੇ ਦਿੰਨ ਆਏ ਵਡਭਾਗੀ ॥ ਕੀਰਤ ਕਰਤੇ ਮਿਲ ਮਿਲ ਰਾਗੀ ॥903॥
ਹੁਕਮੁ ਸੁਨਾਵੈ ਗੁਰੂ ਲਿਖਾਏ ॥ ਚੋਬਦਾਰ ਲੇ ਜਹਿ ਕਹਿ ਧਾਏ ॥
ਆਈ ਸੰਗਤਿ ਰਾਜੇ ਰਾਣੇ ॥ ਬਣੀ ਗੁਲਾਲੀ ਕਉਣ ਬਖਾਣੇ ॥904॥
ਦੇਗ ਗੁਰੂ ਕੀ ਬਨੈ ਅਪਾਰੀ ॥ ਲੇਵੈ ਸੰਗਤਿ ਵਾਰ ਨ ਪਾਰੀ ॥
ਧਰੈ ਉਪਾਇਨ ਲਗੈ ਅਪਾਰਾ ॥ ਹੈ ਗੋ ਮਹਿਖੀ ਚੀਰ ਅਪਾਰਾ ॥905॥੧॥

॥ ਦੋਹਰਾ ॥

ਮੈਣ ਦਾਬ ਮਾਲਵ ਜਿਤੋ ਦੂਆਬਾ ਮਾਝਾ ਦੇਸ ॥
ਨਕਾ ਪੋਠੋਵਾਰ ਜੋ ਤਿਸ ਕੇ ਅਏ ਨਰੇਸ ॥906॥

॥ ਚੌਪਈ ॥

ਬੇਦੀ ਸਾਧੂ ਬਹੁ ਚਲ ਆਏ ॥ ਕਰੁ ਗੁਰ ਦਰਸਨ ਮਨ ਬਿਗਸ਼ਾਏ ॥
ਜੁਗਲ ਪੂਤ ਸ੍ਰੀ ਗੁਰੂ ਬੁਲਾਏ ॥ ਆਏ ਦੌਰਤ ਸੀਸ ਨਿਵਾਏ ॥907॥
ਹੁਕਮ ਦੀਆ ਸ੍ਰੀ ਗੁਰੁ ਸੁਖਦਾਈ ॥ ਹੋਲਾ ਖੇਲੋਂ ਬਿਪਨੀ ਜਾਈ ॥
ਸਤ ਬਚਨੁ ਕਹਿ ਸੀਸ ਨਿਵਾਏ ॥ ਕਰੀ ਅੰਬਾਰੀ ਚੜ ਹਰਖਾਏ ॥
ਦਿਨੁ ਇਕਾਦਸੀ ਖੇਲਨ ਲਾਗੇ ॥ ਉਡੇ ਗੁਲਾਲੀ ਰਗੁ ਮੋ ਪਾਗੇ ॥
[1]ਜੁਗ ਭਈਯਨ[1] ਖੇਲਿ ਮਚਾਈ ॥ ਬਿਚ ਬਜਾਰ ਕਰ ਦੀ ਅਰਨਾਈ ॥909॥

॥ ਦੋਹਰਾ ॥

ਜਾਮ ਦਿਵਸ ਜਬ ਰਹਿਤ ਭਾ ਸਤਗੁਰ ਕਰੀ ਨਿਦੇਸ ॥
ਖੇਲਨ ਤਯਾਰੀ ਅਬ ਕਰੋ ਸੁਨ ਸੰਗਤਿ ਹਰਿਖੇਸ ॥910॥
ਪਿਚਕਾਰਨ ਰੰਗੁ ਗੁਲਾਲ ਅਤਿ ਅਨਿਕੁ ਭਾਂਤਿ ਜੋ ਕੀਨ ॥
ਲਯਾਵੋ ਦੇਰ ਨ ਕੀਜੀਏ ਦੌਰੇ ਸੇਵਕੁ ਬੀਨ ॥911॥
ਸ੍ਰੀ ਦਰਬਾਰੁ [ਜੀ][2] ਖੇਲਨ ਪ੍ਰਥਮ ਜਾਤ ਭਏ ਸੁਖਦਾਇ ॥
ਮਿਠੇ ਓਰਿ ਪ੍ਰਦਛਨਾ ਲੀਨੀ ਮਨੁ ਹਰਖਾਇ ॥912॥

॥ ਚੌਪਈ ॥

ਅਤ੍ਰ ਅੰਬੀਰ ਗੁਲਾਬੁ ਚੜਾਯੋ ॥ ਦੀਨ ਭੇਟ ਤਬ ਸੀਸ ਨਿਵਯੋ ॥
ਝੰਡੇ ਸਾਹਿਬੁ ਦਰਸਨ ਪਾਏ ॥ ਦਿਵਾਨ ਮਧੁ ਪੁਨਿ ਆਂਨ ਬਿਰਾਏ ॥ 13॥
ਕੁਰਸ਼ੀ ਉਪਰਿ ਗੁਰੂ ਬਿਰਾਜੇ ॥ ਏਕ ਓਰਿ ਬੇਦੀ ਸਭ ਛਾਜੇ ॥
ਦੂਤੀ ਓਰ ਸਿਰਦਾਰ ਬਸਾਏ ॥ ਤ੍ਰਤੀ ਤਰਫ ਸਾਧੂ ਬੈਠਾਏ ॥914॥
ਰਾਗੀ ਬੈਠੇ ਮੁਖੀ ਕੀ ਓਰਾ ॥ ਪਠੈ ਸਵੈਯੇ ਬਡ ਘਨੁਘੋਰਾ ॥
ਸੰਗਤਿ ਔਰੁ ਚੁ ਗਿਰਦੇ ਛਾਜੈ ॥ ਦੇਵ ਸਭਾ ਦਿਖੁ ਅਤਿਸੈ ਲਾਜੈ 915॥
ਲੇ ਪਿਚਕਾਰੀ ਕੁਰ ਗੁਰ ਧਾਰੀ ॥ ਦੇਖਤ ਹੀ ਹੁਰਖਤੁ ਨਰ ਨਾਰੀ ॥
ਜਬੈ ਚਲਾਈ ਸਤਗੁਰ ਪੂਰੇ ॥ ਸਬ ਸੰਗਤ੍ਰਿ ਕੇ ਮਿਟੈ ਵਿਸੂਰੇ ॥916॥
ਉਡੀ ਗੁਲਾਲੀ ਬਹੁ ਪਰਕਾਰੀ ॥ ਦ੍ਰਿਸਟ ਪਰਤ ਨਹਿ ਨਰ ਅਰੁ ਨਾਰੀ ॥
ਹੋਲਾ ਬੋਲੈ ਬਡ ਧੁਨਿ ਛਾਈ ॥ ਜਿਨ ਜਿਨ ਦਰਸਾਂ ਤਿਨ ਸੁਖ ਦਾਈ ॥917॥

---

1. ਅ ਪੋਥੀ ਪਾਠਤਾਂਰ: ਜੁਗਮ ਭਯਾ ਨੇ
2. ਅ ਪੋਥੀ ਵਿਚੋਂ

॥ ਦੋਹਰਾ ॥

ਮਹਲੇ ਦਿਨ ਕੇ ਆਤ ਲੌ ਨਿਤ ਪ੍ਰਤਿ ਸ੍ਰੀ ਗੁਰ ਖੇਲ ॥
ਭਈ ਭੀੜ ਅਤਿਸੇ ਘਨੀ ਸੰਗਤਿ ਕੀਨਾ ਮੇਲਿ ॥918॥

॥ ਚੌਪਈ ॥

ਮਹਲਾ ਖੇਲਨ ਸੁਭ ਦਿਨੁ ਆਵਾ ॥ ਮੰਜ ਬੈਨ ਸ੍ਰੀ ਗੁਰੂ ਅਲਾਵਾ ॥
ਹਾਥੀ ਘੋੜੇ ਕਰੋ ਤਿਯਾਰੀ ॥ ਸੋਨੇ ਕਾਠੀ ਅਵਰੁ ਅੰਬਾਰੀ ॥919॥
ਜਿਤਨੀ ਸੈਨਾ ਹੁਇ ਅਸਵਾਰ ॥ ਬਾਜ ਬਜਾਵੋ ਕਰੋ ਨ ਵਾਰ ॥
ਸ੍ਰੀ ਦਰਬਾਰ ਪ੍ਰਥਮ ਗੁਰ ਗਏ ॥ ਦੀਓ ਦਰਬ ਅਰਦਾਸ ਕਰਾਏ ॥920॥
ਗੁਲਾਬ ਗਜ ਪਰ ਭਏ ਅਰੂਢੰ ॥ ਜਿਨ ਪਗ ਸੁਰ ਨਰ ਬਾਛੈ ਧੂੜ ॥
ਸ੍ਰੀ ਗੁਰ ਪੂਤ ਜੁਗਮ ਬੀ ਆਦਿ ॥ ਭੇ ਸਵਾਰ ਜਿਮ ਸੀ ਮਿਰਜਾਦ ॥921॥

**(ਬਾਬਾ ਜੀ ਦੇ ਪੁਤਰ ਦਾ ਵਿਆਹ)**

॥ ਚੌਪਈ ॥

ਤਜ ਬਿਲੰਬੁ ਦੈ ਬਯਾਹ ਕੁਮਾਰੀ ॥ ਇਹੀ ਹੇਤ ਪਦ ਪਰਸ ਮੁਰਾਰੀ ॥
ਕਿਰਪਾ ਸਿੰਘ [1]ਬੇਦੀ ਕੁਲ ਮੰਡਨ ॥ ਨਿਤਯਵਤਾਰ ਚਾਰ ਦੁਖ ਖੰਡਨ ॥993॥
ਹਰਬਖਸ ਰਾਇ ਸੁਨ ਮਨ ਬਿਗਸਾਵਾ ॥ ਪੰਡਿਤੁ ਲੀਨਾ ਤੁਰਤੁ ਬੁਲਾਵਾ ॥
ਪਾਨ ਜੋਰੁ ਕਰ ਗਿਰਾ ਅਲਾਈ ॥ ਸਾਹਾ ਗਿਨੀਏ ਦਿਜ ਸੁਖਦਾਈ ॥994॥

॥ ਦੋਹਰਾ ॥

ਸੁਨ ਪ੍ਰਸੰਨ ਪੰਡਿਤੁ ਭਯੋ ਗੁਰ ਜਸੁ ਮਨੈ ਪਰੋਇ ॥
ਕਣ ਮੈ ਪ੍ਰਤੀ ਧਰੀ ਸੁ ਵਰ ਦੇਖੀ ਗਦ ਗਦ ਹੋਇ ॥995॥

॥ ਚੌਪਈ ॥

ਗਿਨਤੀ ਗਿਨ ਕਰ ਗਿਰਾ ਅਲਾਈ ॥ ਸੁਨੀਏ ਲਾਲਾ ਮਨੁ ਹਰਖਾਈ ॥
ਜੋਗੁ ਜਗੁ ਜਪੁ ਤਪੁ ਬ੍ਰਤ ਨੇਮਾ ॥ ਦਾਨ ਸਨੌਨ ਦਯਾ ਅਤ ਪ੍ਰੇਮਾ ॥999॥
ਅਨਿਕੁ ਜਤਨੁ ਬਹੁ ਜਤਨ ਕਮਾਏ ॥ ਤੁਮ ਸੰਮਾਨ ਫਲੁ ਕਿਨਹੁ ਨ ਪਾਏ ॥
ਪੂਰਬ ਕ੍ਰਿਤੁ ਫਲੁ ਹੋਇ ਤੁਮਾਰਾ ॥ ਜਿਸ ਨੇ ਅਸ ਫਲੁ ਦੀਨੋ ਸਾਰਾ ॥997॥
ਗੁਰ ਜਗਦੀਸ ਚਰਾਚਰ ਨਾਇਕ ॥ ਜਾਸ ਗੁਨਨ ਗਨ ਨਾਰਦ ਗਾਯਕ ॥
ਤਿਨ ਸੋ ਭਯੋ ਸਨਬੰਧ ਤੁਹਾਰੋ ॥ ਜਨਮ ਮਰਨ ਦੁਖ ਤੁਰਤੁ ਨਿਵਾਰੋ ॥998॥

॥ ਦੋਹਰਾ ॥

ਗਹਿ ਨਿਛਤ੍ਰ ਸਾਹਾ ਸੁਭਗੋ ਚੀਠੀ ਲਿਖ ਕਰਿ ਦੀਨ ॥
ਦਿਜ ਕੋ ਭੇਜਨ ਅਬ ਕਰੋ ਜਾਵੈ ਦੇਰ ਬਿਹੀਨ ॥999॥

1. ਅ ਪੋਥੀ ਸਿੰਘ

॥ ਚੌਪਈ ॥

ਮਾਨਹੁ ਸਤਯ ਹਮਾਰ ਸੁਨਾਈ ॥ ਦੁਹਿਤਾ ਬਯਾਹ ਬਿਲੰਬ ਬਿਹਾਈ ॥
ਅਸ ਕਹਿ ਉਠਿ ਗ੍ਰਿਹਿ ਕੋ ਵਿਦ ਗਏ ॥ ਪ੍ਰੇਮ ਮਗਨ ਦੰਪਤਿ ਤਬ ਭਏ ॥1000॥
ਲੇ ਕਰੁ ਚੀਠੀ ਦਿਜ ਬਰ ਧਾਵਾ ॥ ਸਨੇ ਸਨੇ ਚਲੁ ਊਨੇ ਆਵਾ ॥
ਦੇਖੁ ਸੁ ਆਦਿ ਅਪੂਰਬ ਊਨਾ ॥ ਬਹੁਤ ਅਨੰਦ ਬ੍ਰਿਦ ਕਰ ਪੂਨਾ ॥1001॥
ਦੇਖਤ ਨਗਰ ਗਯੋ ਗੁਰ ਪਾਸੂ ॥ ਪਲਘੁ ਬਿਰਾਜਤ ਸੁਖਮਾ ਰਾਸੂ ॥
ਹਾਥ ਜੋਰ ਸਨਮੁਖ ਭਾ ਠਾਂਢਾ ॥ ਸ੍ਰੀ ਪਦ ਕਮਲ ਵਿਮਲ ਹਿਤ ਬਾਢਾ ॥1002॥

॥ ਦੋਹਰਾ ॥

ਗੁਰ ਪਦ ਈਠੀ ਅਤ ਵਿਮਲ ਮੀਠੀ ਦਿਜ ਮਨ ਮਾਨ ॥
ਚੀਠੀ ਕੀਨੀ ਗੁਰ ਅਗਰ ਪਗ ਪਰ ਬੰਦਨ ਠਾਨ ॥1003॥

॥ ਚੌਪਈ ॥

ਹਾਥ ਜੋਰੁ ਕਰਿ ਗਿਰਾ ਅਲਾਈ ॥ ਬਿਨੇ ਸੁਨੀਜੈ ਬੇਦੀ ਰਾਈ ॥
ਬਖਸਿ ਰਾਇ ਨੇ ਮੋਕੋ ਭੇਜਾ ॥ ਸਹਿਤ ਸਗਨ ਤੂ ਚੀਠੀ ਲੇਜਾ ॥1004॥
ਸੁਨ ਕਰੁ ਸਾਹਿਬੁ ਮਨ ਹਰਖਾਏ ॥ ਪ੍ਰੋਹਤ ਲੀਨਾ ਤੁਰਤੁ ਬੁਲਾਏ ॥
ਖੋਲੋ ਬਾਚੋ ਹਮੈ ਸੁਨਾਵੋ ॥ ਮਾਸ ਦਿਵਸ ਕਾ ਬਵੌਤ[1] ਬਤਾਵੋ ॥1005॥

॥ ਦੋਹਰਾ ॥

ਸਤਯ ਬਚਨ ਪ੍ਰੋਹਤ ਕਹਾ ਪਾਤੀ ਕਰ ਧਰ ਲੀਨ ॥
ਯਥਾ ਲੇਖ ਸਮਧੀਨ ਕੋ ਹ੍ਵੈ ਪ੍ਰਸੰਨ ਕਹਿ ਦੀਨ ॥1006॥

॥ ਸ੍ਵੈਯਾ ॥

ਸ੍ਵਾਸਤ ਸ੍ਰੀ ਮੁਖ ਸਿਧ ਸਮੂਹ ਸਮਾਧਿ ਸਜੇ ਸਦ ਸੇਵਤ ਸਾਧੂ ॥
ਨਿਤ ਨਿਰੰਜਨ ਨਾਥ ਨਾਰਾਇਣ ਨੀਰਜ ਨੈਨਨ ਸਾਵਨ ਬਯਾਧੂ ॥
ਧੀਰਜ ਧਾਮ ਧਰਾ ਧਰ ਧਾਰਕ ਧਯਾਂਨ ਧਰੈ ਜਲ ਪਾਇ ਅਗਾਧੂ ॥
ਆਤਮ ਈਸ ਅਚੰਭਵ ਅਕਾਲ ਆਲਸ ਹੀਨ ਅਖੰਡ ਆਗਧੂ ॥1007॥

॥ ਚੌਪਈ ॥

ਸਤਿਗੁਰੂ ਸਾਹਿਬ ਕੇ ਹਮ ਦਾਸਾ ॥ ਪਾਤੀ ਭੇਜੀ [2]ਕਰ ਅਰਦਾਸਾ ॥
ਕਰੋ ਮਯਾ ਗੁਰ ਦਰਸੁ ਦਿਖਾਵੋ ॥ ਦਾਸ ਜਾਨ ਆਪਨ ਗੁਰ ਆਵੋ ॥1008॥
ਦੋਨੋ ਓਰਨ ਕੀ ਤੁਮ ਲਾਜਾ ॥ ਜੈਸੇ ਨਰਸੀਂ ਕੀਨੇ ਕਾਜਾ ॥
ਸੁਨ ਕਰ ਸਾਹਿਬ ਬਹੁ ਹਰਖਾਏ ॥ [3]ਮਹਿਲ ਮਾਝ ਤਬ[3] ਸੁਧ ਪਹੁਚਾਏ ॥1009॥

---

1. ਅ ਪੋਥੀ ਬਯੋਂਤ
2. ਮੂਲ ਪੋਥੀ ਭੇਰੀ
3. ਅ ਪੋਥੀ ਪਾਠਾਂਤਰ ; ਮਹਿਲਾ ਮੋ ਦਈ

ਸੁਨ ਕਰ ਮਾਤਾ ਅਤਿ ਬਿਗਸਾਈ ॥ ਨਾਰੀ ਗਨਿ ਕੇ ਲੀਨ ਬੁਲਾਈ ॥
ਮਿਲ ਮਿਲ ਗਾਵੈ ਮਨੁ ਬਿਗਸਾਇ ॥ ਭਾ ਅਨੰਦ ਕਿਛੁ ਬਰਨ ਨ ਜਾਇ ॥1010॥

॥ ਦੋਹਰਾ ॥

ਪਾਤੀਹਾਰੇ ਕੋ ਗੁਰੂ ਦੀਨੋ ਦਰਬੁ ਅਪਾਰੁ ॥
ਵਿਦਾ [1]ਕੀਆ ਗ੍ਰਿਹਿ ਕੋ ਗਯਾ ਪਹੁਚਾ ਬਿਨਾ ਅਵਾਰੁ ॥1011॥

॥ ਚੌਪਈ ॥

ਹਰਬਖਸ ਰਾਇ ਪ੍ਰਭ ਦਯ ਸੁਨਾਇ ॥ ਬਯਾਹਿ ਅਰੰਭ ਕਰਾ ਗੁਰ ਭਾਇ ॥
ਬਖਸ ਰਾਇ ਤਬ ਕਰੀ ਤਯਾਰੀ ॥ ਜਾਤ ਸੁ ਭਾਈ ਲੀਨ ਹਕਾਰੀ ॥1012॥
ਉਤ ਆਰੰਭ ਕਰਾ ਗੁਰ ਪੂਰੇ ॥ ਜਿਨ ਕੇ ਬੈਨ ਨ ਹੋਵੈ ਊਰੇ ॥
ਸ੍ਰੀ ਗੁਰ ਬੰਸ ਹੰਸ ਸੁਖ ਦਾਤਾ ॥ ਬੋਲ ਲੀਨ ਢਿਗ ਖਾਸ ਅਮਾਤਾ ॥1013॥
ਕਹਯੋ ਬਿਹਸਿ ਸਬ ਸੋ ਗੁਨ ਸਾਗਰ ॥ ਅਤਿ ਭਾਗੀ ਮਮ ਸਚਿਵ ਉਜਾਗਰ ॥
ਪੂਤ ਤੇਗ ਮ੍ਰਿਗੇਸ ਬਿਵਾਹੂ ॥ ਬਿਕਰਹੁ ਬਿਧ ਵਤ ਤਾਸ ਉਛਾਹੂ ॥1014॥

॥ ਦੋਹਰਾ ॥

ਤੇਗ ਸਿੰਘ ਅਰੁ ਮੋਹਿ ਕੋ ਜਾਨੋ ਤਨੁ ਮਨੁ ਏਕ ॥
ਜਲੁ ਤਰੰਗੁ ਭੂਖਨ ਕਨਕ ਮ੍ਰਿਦ ਘਟ ਜੈਸ ਬਿਬੇਕ ॥1015॥

॥ ਚੌਪਈ ॥

ਦੂਨਾ ਸਿੰਘ ਜੀ ਜੁਗ ਕਰ ਜੋਰੇ ॥ ਯਾਂ ਮੇ ਗੁਰ ਜੀ ਸੰਸ ਨ ਭੋਰੇ ॥
ਤੁਮ ਅਰੁ ਤੇਗ ਸਿੰਘ ਯੌ ਏਕੈ ॥ ਫੂਲ ਬਾਸ ਭਿਨੁ ਨਾਹੀ ਸੇ ਕੈ ॥1016॥
ਪੁਨ [2]ਦੂਨਾ ਸਿੰਘ [3]ਗਿਰਾ ਅਲਾਈ ॥ ਭਿੰਨੁ ਭਿੰਨੁ ਕਰ ਕਹਿ [4]ਸਮਝਾਈ ॥
ਪੁਨਾ ਭਤੀਜਾ ਗੁਰੂ ਬੁਲਾਵਾ ॥ ਕਾਨ ਸਿੰਘ ਬਾਬਾ ਚਲ ਆਵਾ ॥1017॥

॥ ਦੋਹਰਾ ॥

ਆਗਯਾ ਦੀਨੀ ਸਤਗੁਰੂ ਸੁਨ ਬਾਬਾ ਮਨੁ ਲਾਇ ॥
ਕਰੋ ਮਿਠਆਈ ਅਤਿ ਘਨੀ ਪੁਸਾਕ ਲੇਹੁ ਸਿਵਾਇ ॥1018॥

॥ ਚੌਪਈ ॥

ਸਿਖ ਸਿਰਦਾਰੁ ਜਿਤੇ [5]ਚਲ ਆਏ ॥ ਖਾਨ ਪਾਨ ਸੁਧ ਲੇਹੁ ਬਨਾਏ ॥
ਦੂਨਾ ਸਿੰਘ ਪ੍ਰਤਿ ਗਿਰਾ ਅਲਾਈ ॥ ਜੋ ਜੋ ਚਹੀਏ ਲੇਹੁ ਮੰਗਾਈ ॥1019॥
ਦਿਵਾਨ ਚਰਨ ਸਿੰਘ ਜੋ ਆਇ ॥ ਹੁਕਮੁ ਦੀਆ ਤਿਸ ਕੋ ਸੁਖਦਾਇ ॥
ਪਾਗ ਥਾਨੁ ਬਹੁ ਛੀਟ ਲਿਆਵੋ ॥ ਤਖਤ ਰਵਾ ਤਿਹ ਥਾਂ ਬਨਵਾਵੋ ॥1020॥

---

1. ਅ ਪੋਥੀ ਵਿਦਿਆ 2. ਅ, ੲ ਪੋਥੀ ਫੇਰਿ
3. ੲ ਪੋਥੀ ਨੇ 4. ਅ ਪੋਥੀ ਕਹੇ
5. ਅ ਪੋਥੀ ਜੋਈ

॥ ਦੋਹਰਾ ॥

ਅਮਤਬਾਜੀ ਬਹੁ ਭਾਂਤ ਕੀ ਬਨਵਾਵੋ ਬਿਨ ਦੇਰ ॥
ਸਰਗ ਸਤ ਕਰਾਵੋ [1]ਅਤ ਸੁੰਦਰੁ ਐਸੇ ਕਹਿ ਗੁਰ ਪ੍ਰੇਰ ॥1021॥
ਆਲਮ ਸਿੰਘ ਤੇ ਆਦਿ ਲੇ ਕਾਮਦਾਰ ਬ੍ਹੁ ਔਰ ॥
ਭਿੰਨ ਭਿੰਨੁ ਸਭ ਥਿਰੁ ਕਰੇ ਬੇਦੀ ਕੁਲ ਸਿਰਮੌਰ ॥1022॥
ਚਪੜਾਲ ਦਖਣੀ ਆਦਿ ਲੇ ਔਰੁ ਜਿਤੀ ਜਾਗੀਰ ॥
ਸਰਪੀ ਚੂਨ ਗੁੜ ਆਦਿ ਸੋ ਅਨਵਾਏ ਗੁਰ ਧੀਰ ॥1023॥

॥ ਚੌਪਈ ॥

ਪ੍ਰਧਾਨ ਸਿੰਘ ਦੇਵਾਨ ਬੁਲਾਵਾ ॥ ਤਿਸ ਪ੍ਰਤਿ ਸ੍ਰੀ ਗੁਰਬੈਨ ਅਲਾਵਾ ॥
ਮੈਣ ਦਾਬ ਅਰੁ ਮਾਲਵ ਦੇਸਾ ॥ ਜੋ ਜੋ ਹੈ ਤਹਾਂ ਕੇ ਏਸਾ ॥1084॥
ਸਭ ਕੋ ਭਾਜੀ ਦੇਹੁ ਪੁਚਾਈ ॥ ਏਹੁ ਟਹਲੁ ਤੁਮ ਕੋ ਬਣਿ ਆਈ ॥
ਬਾਂਕਾ ਸਿੰਘ ਜੋ ਠਾਣੇਦਾਰੁ ॥ ਤਿਸ ਪ੍ਰਤਿ ਸ੍ਰੀ ਗੁਰ ਗਿਰ[4] ਉਚਾਰੁ ॥1025॥
ਅੰਮ੍ਰਿਤਸਰ ਮੋ ਤੂ ਚਲੁ ਜਾਇ ॥ ਸਰਕਾਰ ਭਾਜੀ ਦੇਹੁ ਪਹੁਚਾਇ ॥
ਹੁਕਮੁ ਸੁਨਾਵੇ ਬਹੁ ਲਿਖਵਾਏ ॥ ਦੇਸ ਦੇਸ ਲੇ ਭ੍ਰਿਤ ਤਬ ਧਾਏ ॥1026॥

॥ ਦੋਹਰਾ ॥

ਜਿਸ ਜਿਸ ਪ੍ਰਤਿ ਆਇਸ ਦਈ ਲੀਨੀ ਸੀਸ ਚੜਾਇ ॥
ਥਾਇ ਥਾਇ ਸੋ ਜਾਤ ਭੇ ਤੈਸੇ ਕਰਾ ਬਨਾਇ ॥1027॥
ਡੇਹਰੇ ਸਾਹਿਬੁ ਆਦਿ ਲੇ ਬੇਦੀ ਜਿਤੇ ਪੰਜਾਬ ॥
ਸਰਬੁ ਬੁਲਾਏ ਸਤਿਗੁਰੂ ਆਏ ਮੇਲਿ[2] ਸਿਤਾਬ ॥1028॥

॥ ਚੌਪਈ ॥

ਸੈਲ ਦੇਸ ਕੇ ਰਾਜੇ ਜੇਈ ॥ ਗੁਰੂ ਬੁਲਾਏ ਆਬੇ ਤੇਈ ॥
ਸੁਨਾਰੇ ਦਰਜੀ ਦੈ ਬੈਠਾਇ ॥ ਪੁਸਾਕਾ ਗਹਨੇ ਲੀਨ ਬਨਾਇ ॥1029॥
ਬਹੁ ਪਰਕਾਰੀ ਬਨੀ ਮਿਠਾਈ ॥ ਸੋ ਜਾਨੇ ਜਿਨ ਖਾਈ[3] ਭਾਈ ॥
ਸ੍ਰੀ ਹਜੂਰ ਜੀ ਗਿਰਾ ਬਖਾਨੀ ॥ ਬਿਦ ਤਿਯਾਰ ਕਰੋ ਸੁਖਦਾਨੀ ॥1030॥
ਦਰਿਆਈ ਚੁਨੀ ਲੀਨ ਬਨਾਇ ॥ ਕਨਾਰੀ ਗੋਟਾ ਬਹੁਤ ਲਗਾਇ ॥
ਝਾਲਰ ਦੀਨੀ ਅਗਰ ਲਗਾਈ ॥ ਮੋਤੀ ਮਣੀਆ ਰਤਨ ਜੁੜਾਈ ॥1031॥
ਗਰੀ ਛੁਹਾਰਨਿ ਕੰਚਨਿ ਲਾਵਾ ॥ ਔਰੁ ਚੀਜ ਕੋ ਬਰਨ ਸੁਨਾਵਾ ॥
ਪੰਜੀ ਹਜਾਰ ਕਾ ਬਯੋਤ ਬਨਾਇ ॥ ਪਠ ਦੀਨਾ ਗੁਰ ਦੇਰ ਬਿਹਾਇ ॥1032॥

---

1. ਦ ਪੋਥੀ ਕਰਵਾਵੋ
2. ਅ ਪੋਥੀ ਮਿਲੇ
3. ਅ ਪੋਥੀ ਖਾਣੀ

॥ ਦੋਹਰਾ ॥

ਪੂਤ ਪਾਵਨ ਮਈਆਂ ਲਗਨ ਨਿਛਤ੍ਰ ਗਨਾਇ ॥[1]
ਬੇਦੀ ਜੁਵਤੀ ਜੋ ਕਹੈ ਸੋ ਸੋ ਮਾਤ[2] ਕਰਾਇ ॥1033॥
ਦ੍ਵਿਜਨ ਕੋ ਭੁਜਨੁ ਦਯੋ ਦੀਨੋ ਦਰਬ ਅਪਾਰ ॥
ਸਿਖ ਸੰਤ ਜੋਜੋ ਅਏ ਸਭ ਕੋ ਦੀਨ ਛਕਾਰ[3] ॥1034॥

॥ ਤੋਟਕ ਛੰਦ ॥

ਪੁਨਿ ਮਾਤ ਨਿਕੇਤ ਅਨੰਦ ਭਰੀ ॥ ਕੁਲ ਰੀਤ ਹੁਤੀ ਸਬ ਹੀ [ਸੁ][4] ਕਰੀ ॥
ਮਿਸਟਾਂਨ ਦਿਯੋ ਸਬ ਕੇ ਘਰ ਮੈ ॥ ਚਹੈ ਊਚ ਜੁ ਨੀਚ ਗੁਰੂ ਪੁਰ ਮੈ ॥1035॥
ਇਮ ਮੰਗਲ ਔ ਕੁਲ ਰੀਤ ਜਿਤੀ ॥ ਹਰਖਾਇ ਕਰੀ ਤਬ ਮਾਤ ਤਿੱਤੀ ॥
ਜਸੁ ਫੈਲਤ ਭਾਂਤਿ ਸੁ ਦੇਸ ਮਹਾਂ ॥ ਧੰਨੁ ਧੰਨੁ ਉਚਾਰਤ ਜਹ ਸੁ ਕਹਾਂ ॥1036॥
ਹਰ ਬਖਸੁ ਰਾਇ ਸੁ ਸਗਨ ਪਠਾਵਾ ॥ ਦੇਖਾ ਗੁਰੂ ਜੀ ਬਡ ਸੁਖੁ ਪਾਵਾ ॥
ਬਾਜੇ ਬਾਜਤੁ ਅਨਿਕੁ ਪ੍ਰਕਾਰੁ ॥ ਕੌਨ ਗਨੈ ਕਛੁ ਵਾਰੁ ਨ ਪਾਰ ॥1037॥
ਰਾਜੇ ਰਾਣੇ ਬਹੁ ਚਲ੍ਹ ਆਏ ॥ ਅਏ ਸਿਰਦਾਰੁ ਗਿਣੇ ਨ ਜਾਏ ॥
ਸੇਵਾ ਸਿੰਘ ਸੰਗਤ ਲੇ ਆਵਾ ॥ ਭਾਗ ਸਿੰਘ ਲੇ ਸੰਗਤਿ ਧਾਵਾ ॥1038॥
ਦੇਸ ਦੇਸ ਕੀ ਸੰਗਤਿ ਆਈ ॥ ਕੌਨ ਗਿਨੈ ਕਿਛੁ ਪਾਰ ਨ ਪਾਈ ॥
ਭਾਈ ਮਨਸਾ ਸਿੰਘ ਜੁ ਰਾਗੀ ॥ ਆਵਾ ਊਨੇ ਮਨ ਅਨੁਰਾਗੀ ॥1039॥

॥ ਦੋਹਰਾ ॥

ਅਡਣਸਾਹੀ ਸਾਧ ਲੇ ਸੰਗਤਿ ਬਹੁਤੀ ਨਾਲ ॥
ਭਾਂਈ ਗੁਰਦਿਤਾ ਰਾਮ ਜੋ ਆਏ ਪ੍ਰੀਤ ਬਿਸਾਲ ॥1040॥
ਭੇਟਾ ਰਾਖੀ ਪ੍ਰੇਮ ਕਰੁ ਸ੍ਰੀ ਗੁਰ ਲੇਵਨ ਕੀਨ ॥
ਬਾਰੁ ਬਾਰੁ ਬੁਲਾਵਤੇ ਸੇਵਕੁ ਅਪੁਨਾ ਚੀਨ ॥1041॥

॥ ਚੌਪਈ ॥

ਹੈ ਗੈ ਚੀਰ ਭੇਟ ਬਹੁ ਲਯਾਵੈ ॥ ਏਕੁ ਏਕੁ ਕੋ ਗੁਰੂ ਬੁਲਾਵੈ ॥
ਤੰਬੂ ਕਨਾਤਾ ਛਾਯਾਵਾਨ ॥ ਬਨੇ ਬਨਾਤੀ ਦੀਨ ਤਾਨ ॥1042॥
ਭਾਈ ਬਲੂ ਗੁਰੂ ਬਲਾਯੋ ॥ ਮੰਜ ਮਧੁਰ ਮੁਖ ਬੈਨ ਅਲਾਯੋ ॥
ਧਰਮ ਸਾਲ ਜੋ ਸਾਧੂ ਆਏ ॥ ਤਿਨ ਕੀ ਸੇਵਾ ਕਰੋ ਬਨਾਏ ॥1043॥
ਵਟਣੇ ਮਲਣ ਅਉਸੁਰ ਆਵਾ ॥ ਤੇਗ ਸਿੰਘ ਚੌਕੀ ਬੈਠਾਵਾ ॥

---

1. ਅ ਪੋਥੀ ਪਾਠਾਂਤਰ : ਲਗਨ ਨਿਛਤ੍ਰ ਸੁਭ ਸੋਧ ਕੇ ਮਾਂਵੇ ਸੁਤ ਕੋ ਪਾਇ ॥
2. ਅ ਪੋਥੀ ਮਤ
3. ਮੂਨ ਪੋਥੀ ਛਕਾਇ
4. ਅ ਪੋਥੀ ਵਿਚੋਂ

ਸਪਤ ਸੁਹਾਗਣਿ ਵਟਣਾ ਲਾਯੋ ॥ ਮਿਲੁ ਕਰੁ ਨਾਰੀ ਮੰਗਲ ਗਾਯੋ ॥1044॥
ਕੇਸੰ ਸਹਿ[1] ਇਸਨਾਨੁ ਕਰਾਵਾ ॥ ਸਾਲੂ ਊਪਰਿ ਦੀਨ ਉਢਾਵਾ ॥
ਫਹੌੜੀ ਝੋਲੀ[2] ਕਾਂਧੇ ਪਾਈ ॥ ਮ੍ਰਿਗਾਨ ਬਿਰਾਗਨ ਹਾਥ ਟਿਕਾਈ ॥1045॥
ਚਰਨੀ ਪਊਏ ਪਾਵਨ ਕੀਨ ॥ ਭਾਂਨੀ ਚਪਣੀ ਦੇਰ ਬਿਹੀਨ ॥
ਸ੍ਰੀ ਸੁ ਚੰਦ ਮਾਨੋ ਪੁਨਿ ਆਏ ॥ ਲਾਲੀ ਮਸਤਕ ਭੀ ਅਧਕਾਏ ॥ ॥1046॥

॥ ਦੋਹਰਾ ॥

ਲਾਲ਼ੀ ਨੈਨਨ ਮੋ ਭਈ ਜਿਮ ਨੀਰਜ਼ ਦ੍ਰਿਸਟਾਇ ॥
ਤਨ ਕ੍ਰਾਂਤੀ ਅਸੀ ਹੋਤ ਭੀ ਜੇਸਟ ਰਵੀ ਪ੍ਰਗਟਾਇ ॥1047॥

॥ ਚੌਪਈ ॥

ਮਨ ਉਦਾਸ ਭੇ ਭਵਨ ਤ੍ਰਿਯਾਗਾ ॥ ਵਿਰਾਗ ਵਿਖੇ ਜਿਨ ਕੁ ਅਨੁਰਾਗਾ ॥
ਉਠਿ ਕਰੁ ਸਾਹਿਬੁ ਭੁਜਾ ਗਹਾਂਨੀ ॥ ਸ੍ਰੀ ਦਰਬਾਰੁ ਲੈ ਗੇ ਗੁਨ ਖਾਨੀ ॥1048॥
ਮੁਹਰਾ ਥੈਲੀ ਝੋਲੀ ਪਾਈ ॥ ਪਾਗ ਪੁਸਾਕੀ ਦੀਨ ਉਢਾਈ ॥
ਸੇਹਰੇ ਸ੍ਰੀ ਗੁਰ ਆਪ ਚਢਾਏ ॥ ਕੋਕਲ ਕੰਠੀ ਮੰਗਲ ਗਾਏ ॥1049॥
ਚੰਦ੍ਰਹਾਸ ਅਪਨੀ ਸੁਖਦਾਈ ॥ ਸੁਭੰ ਸੁਪੂਤੈ ਗਲ ਮੋ ਪਾਈ ॥
ਸੁਤ ਕੇ ਸੀਸ ਚੌਰ ਢੁਰਾਵਾ ॥ ਜੇਸ੍ਟ ਪੂਤ ਪ੍ਰਤਿ ਬੈਨ ਅਲ਼ਾਵਾ ॥ 1055॥

॥ ਦੋਹਰਾ ॥

ਬਿਸਨ ਸਿੰਘ ਨਿਜ ਭ੍ਰਾਤ ਪਰ [3]ਕਰੋ ਚੌਰ ਬਿਨ ਦੇਰ ॥
ਸਤ ਬਚਨੁ ਕਹਿ ਉਠਤ ਭਾ ਗਹਾ ਚੌਰਿ ਸ੍ਰਿਰ ਫੇਰ ॥1051॥

॥ ਚੌਪਈ ॥

ਅਸ੍ਵ ਮਮੋਲਾ ਦਿਯੋ ਨਜਰਾਨਾ ॥ ਗੁਰੂ ਭਤੀਜੈ ਚੌਰ ਗਹਾਨਾ ॥
ਸੀਸ ਢੁਰਾਵਾ ਅਸ੍ਵ ਚਢਾਵੈ ॥ ਦੈ ਦੈ ਨਜਰਾ ਸੁਭਾ ਹਰਖਾਵੈ ॥1052॥
ਚੰਦਨ ਬਦਨ ਗੁਰ ਗਿ ਅਲਾਈ ॥ ਤੇਜ ਸਿੰਘ ਮਮ ਭੇਦ ਨਾ ਰਾਈ ॥
ਮਮ ਗਾਦੀ ਕਾ ਏ ਹੈ ਮਾਲਕ ॥ ਸਾਧ ਸੰਤ ਕਾ ਹੈ ਪ੍ਰਤਿਪਾਲਕ ॥1053॥
ਨਰ ਨਾਰੀ ਪਿਖ ਭਏ ਅਨੰਦੂ ॥ ਜਿਮ ਸਸਿ ਪਿਖੈ ਚਕਰੌਨ ਬ੍ਰਿੰਦੂ ॥
ਕਰੈ ਨਿਛਾਵਰੁ ਬਿਤੈ ਬਿਸਾਰੀ ॥ ਜੂਥ ਜੂਥ ਜਹ ਤਹ ਮਿਲ ਨਾਰੀ ॥1054॥
ਗਾਵੈ ਗੀਤੰ ਵਾਰ ਨ ਪਾਰਾ ॥ ਬਿਧ ਬਦਨੀ ਖੋੜਸ ਸੀਗਾਰਾ ॥
ਭਯੋ ਕੁਲਾਹਲ ਬਰਨ ਨ ਜਾਈ ॥ ਦੇਵ ਬਧੂਟੀ ਮਿਲ ਮਿਲ ਗਾਈ ॥ 1055॥
ਬਡ ਉਤਸਾਹਿ ਥਾਨੁ ਵਹੁ ਥੋਰਾ ॥ ਉਮਗ ਉਮਗ ਚਾਲਾ ਚਹੁ ਓਰਾ ॥
ਗਹਿ ਗਹਿ ਬਾਜੇ ਬਜੈ ਅਪਾਰੀ ॥ ਰਾਗੁ ਸੁਨਾਵੈ ਲੈਹਿ ਭਵਾਰੀ ॥1056॥

1. ਅ ਪੋਥੀ ਸਹਿਤੁ
2. ਅ ਪੋਥੀ ਚੋਲੀ
3. ਅ ਪੋਥੀ ਪ੍ਰਤਿ

॥ ਦੋਹਰਾ ॥
ਜੁਗਮ ਲਾਖ ਨਯੋਤਾ ਪੜਾ ਹੈ ਗੈ ਕਥਨ ਨ ਜਾਇ ॥
ਆਇਸ ਦੀਨੀ ਸਤਿਗੁਰੂ ਲਿਯਾਏ ਘੋੜੀ ਧਾਇ ॥ 1057॥
॥ ਚੌਪਈ ॥
ਆਈ ਘੋੜੀ ਭਏ ਸਵਾਰਿ ॥ ਮੰਗਲੁ ਗਾਵੈ ਮਿਲ ਕਰੁ ਨਾਰਿ ॥
ਮਾਤਾ ਕੇ ਮਨੁ ਬਹੁਤ ਅਨੰਦੂ ॥ ਜਿਮ ਗ੍ਰਹਿ ਪ੍ਰਗਟੇ ਸੁਖਮਾ ਕੰਦੂ ॥1058॥
ਕੁਲ ਰੀਤੀ ਸਭ ਮਾਤਾ ਕੀਨੀ ॥ ਬੇਦੀ ਜੁਵਤਲ ਜੋ ਕਹਿ ਦੀਨੀ ॥
ਗਾਵੈ ਜੁਵਤੀ ਮਨੁ ਹਰਖਾਈ ॥ ਬਾਜੇ ਬਾਜੈ ਬਰਨ ਨ ਜਾਈ ॥1046॥
॥ ਦੋਹਰਾ ॥
ਗੋਲਾ ਬਗਜ [1] ਪਰ ਸਤਿਗੁਰੂ ਦੂਨਾ ਸਿੰਘ ਲੈ ਨਾਲ ॥
ਪੁਰਦ ਅੰਬਾਰੀ ਪਰ ਚੜੇ ਸੋਭਾ ਬਨੀ ਰਸਾਲ[2] ॥1060॥
ਜੇਜਵ ਜਰੇ ਜਰਾਇ ਕੇ ਜਬਰ ਜਵਾਹਰ ਜੋਤਿ ॥
ਜਾਂਬੂ ਨਦੇ ਦੰਮ ਕਤ ਅਦ ਪਹਰੇ ਸੋਭੇ ਓਦੋਤ ॥1061॥
॥ ਧਾਪੜੀ ਛੰਦ ॥
ਸ੍ਰੀ ਬਿਕ੍ਰਮ ਸਿੰਘ ਤਨ ਕਰ ਸਿੰਗਾਰੇ ॥ ਸਭ ਬਸਤ ਬਿਊਖਨ ਚਾਰ ਪਾਰ ॥
ਮਿਰ ਪੇਚ ਸੀਸ ਪਰ ਅਤਿ ਸੁਹਾਇ ॥ ਜਿਸ ਪਰ ਜਿਗਾ ਸੁ ਹੀਰੇ ਜਰਾਇ ॥1068॥
ਕਲਗੀ ਉਤੰਗ ਜਿਹ ਜਗੰਤ ਜੋਤਿ ॥ ਮੁਖ ਮੰਡਲ ਸੁਭਤ ਅਨੰਦ ਹੋਤ ॥
ਮੁਕਤਾ ਸੁ ਮਾਲ ਗਰ ਮੈ ਬਿਸਾਲ ॥ ਤੁੰਮ ਦੌਡਨ ਅੰਗਦ ਦੁਤਿ ਉਜਾਤਿ ।
ਗਟਕ ਜਰਾਇ ਕਰ ਕਟ ਪਾਇ ॥ ਛੱਬ ਛਾਪ ਛਲਾ ਯਨ ਸਭਛ ਛਾਇ ॥1063
॥ ਦੋਹਰਾ ॥
ਕਰੀ ਅੰਬਾਰੀ ਪਰ ਚਢੇ ਬਿਕ੍ਰਮ ਸਿੰਘ ਸੁਜਾਨ ॥
ਲੇਯ ਮੁਸਾਰਿਬ ਆਪ ਨੇ ਚਢ ਚਢ ਅਪਨੇ ਯਾਨ ॥1064॥
॥ ਚੌਪਈ ॥
ਬਾਬਾ ਗ੍ਯਾਨ ਸਿੰਘ ਗੁਨ ਗੋਯਾਤਾ ॥ ਚੱਢ ਗਇੰਦ ਪਰ ਮਨ ਹਰਖਾਤਾ ॥
ਔਰ ਜੁ ਬੇਦੀ ਗਿਨੇ ਨ ਜਾਇ ॥ ਹੈ ਗੈ ਉਪਰਿ ਚਢ ਚਢ ਆਇ ॥1065॥
ਰਾਜੇ ਰਾਨੇ ਅਵਰ ਸਿਰਦਾਰ ॥ ਚਢ ਕਰਿ ਚਾਲੇ ਵਾਰ ਨ ਪਾਰ ॥
ਸੰਗਤ ਲੋਕ ਚਲੈ ਹਰਖਾਤ ॥ ਬਾਜੇ ਬਜਤ ਨ ਸੁਨੀ ਅਤੈ ਬਾਤ ॥1066॥
॥ ਪਾਧੜੀ ਛੰਦੁ ॥
ਵਾਹਨ ਅਨੇਕ ਨਿਕਸੰਤ ਚਾਰ ॥ ਸਯੰਦਟ ਸੁ ਰੰਗ ਜਰ ਸੋ ਉਛਾਰ ॥
ਕਿਸਹੂੰ ਤੁਰੰਗ ਕਿਸ ਬ੍ਰਿਖ ਜੋਰ ॥ ਜਿਨ ਕੇਰਿ ਪੁਸਟ ਕਨ ਮਦ ਜੋਰ ॥1087॥

---

1. ਅ ਪੋਥੀ ਬੇਗਜ
2. ਅ ਪੋਥੀ ਬਿਸਾਲ

ਘੰਟੇ ਠਣੰਕ ਘੁੰਘਰ ਛਣੰਕ ॥ ਪ੍ਰੇਰਕ ਸਬਿ ਦਯ ਤੋਰ ਤਨਿ ਸੰਕ ॥
ਨਿਕਸੇ[3] ਕਿਤੇ ਕੁ[3] ਚਢ ਕਰ ਤੁਰੰਗ ॥ ਜੋ ਚਲਤ ਚਾਲ ਬਡ ਬੇਗ ਸੰਗ ॥1088॥
ਬ੍ਰਹੁ ਹੇਮ ਰਜਤਿ ਜੁਪ ਸਜਤ ਜੀਨ ॥ ਪੱਟ ਅਲੰਕਾਰ ਪਹਿਰੇ ਨਵੀਨ ॥
ਚਢਿ ਛੈਲ ਕੁਦਾਵਤ ਚਲਤ ਗੈਲ ॥ ਪੁਰ ਤਜਿ ਬਰਾਤ ਗਈ ਵਹਿਰ ਫੈਲ॥1069॥
ਇਕ ਦਿਸਾ ਬਜਤ ਬਾਜੇ ਉਦਾਰ ॥ ਇਕ ਦਿਸਾ ਗੀਤ ਗਨ ਗਾਇ ਨਾਰ ॥
ਛਣਕਾਰਿ ਰਥੁ ਨਿਉਤ ਅਧਿਕ ਹੋਇ ॥ ਇਕ ਦਿਸਾ ਕੁਦਾਵਤਿ ਹਯਨਿ ਕੋਇ ॥1070॥

ਹੁਇ ਹਯਨ ਹਰੇਖਨਿ ਧੁਨਿ ਉਠੰਤਿ ॥ ਸੁ ਤਰਨਿ ਪਰਿ ਸੁਥਰੀ ਬਜੰਤ ॥
ਕਛੁ [1]ਕਹੀ ਬਾਤ ਨਹਿ ਸੁਨਿ ਜਾਇ ॥ ਇਮ ਪਵਣ ਪਟ ਹਢੌਲਾ ਦਿਵਾਇ॥1071॥
ਗੁਰਪੁਰੀ ਛੋਟ ਉਤਸਵ ਬਿਸਾਲ ॥ ਜਨੁ ਬਿਚ ਨਮੇਜ ਬਾਹਰ ਉਛਾਲ ॥
ਗਮਨੇ ਸੁ ਪੰਥ ਦਿਨ ਰਹਤ ਜਾਮ ॥ ਜੁਗ ਕੋਸ ਜਾਇ ਠਾਨਯੋ ਬਿਸ੍ਰਾਮ ॥1072॥
ਚਲਿ ਪ੍ਰਥਮ ਸਿਵਰ ਕਿਯ ਥੋਰ ਦੂਰ ॥ ਉਤਰੀ ਬਰਾਤ ਸੋਭੰਤ ਰੂਰ ॥
ਜਬ ਰਹੀ ਜਾਮਨੀ ਆਨ ਜਾਮ ॥ ਸਿਮਰੰਨ ਲਗੇ ਕਰਤਾਰ ਨਾਮ ॥1073॥
ਰਾਗੀ ਰਬਾਬ ਮ੍ਰਿਗੰਦ [2]ਸੰਗ ॥ ਇਨ ਕੋ ਬਜਾਇ ਗਾਵਤ ਉਤੰਗ ॥
ਸਰੁਤ ਸੁਖਦ ਗਾਇ ਗੁਰ ਸਬਦ ਰਾਗ ॥ ਸਿਖ ਸੁਨਤ ਪ੍ਰੇਮ ਕਰ ਮਹਤ [3]ਭਾਗ॥1074॥
ਪੁਨ ਬਜੇ ਬਾਜ ਪਿਖ ਪ੍ਰਾਤਕਾਲ ॥ ਸਭ ਭਏ ਤਯਾਰੁ ਉਰ ਮੁਦ ਬਿਸਾਲ ॥
ਅਸਵਾਰ ਭਏ ਸਭ ਸਜਿਤ ਜਾਨ ॥ ਬਡ ਉਠਯੋ ਸਬਦ ਨਹਿ ਸੁਨਿਯ ਕਾਨ ॥1075॥
ਸਯੰਦਨ ਤੁਰੰਗ ਔਰ ਇੰਦ ਜਾਲ ॥ ਬਾਦਿਤ ਸਜੰਤ ਚਾਲਤ ਉਤਾਲ ॥
ਬਡ ਧੂਰ ਉਠਤ ਵਾਹਨ ਚਲੰਤਿ ॥ ਗਨ ਸੁਤਰ ਗਮਨਿ ਭਾਰਨ ਉਠੰਤਿ ॥1076॥
ਗਨ ਆਇਜੁ ਮੰਗਤ ਪੰਥ ਬੀਚੁ ॥ ਸਭ ਲਹੈ ਦਰਬ ਹੁਇ ਊਚ ਨੀਚ ॥
ਜਸੁ ਭਨਤਿ ਗ੍ਰਾਉਮ ਜੇ ਰਾਹਿ ਮਾਹਿ ॥ ॥ ਆਇ ਜਾਚ ਹਟਿ ਛੂਛਿ ਨਾਹਿ ॥1077॥

॥ ਦੋਹਰਾ ॥

ਸਨੇ ਸਨੇ ਇਮ ਚਲੰਤ ਭਏ ਗਏ ਦੁਆਬੇ ਦੇਸ ॥
ਸੰਗਤਿ ਆਈ ਧਾਇ ਕਰ ਪਾਨ ਪਾਵੈ ਸੇਸ ॥1078॥
ਖਾਨ ਮਿਠਾਈ ਸੁਭਨ ਕੋ ਊਚ ਨੀਚ ਜੋ ਨਾਲ ॥
ਮਹਿਮਾ ਗੁਰੂ ਅਗੰਮ ਹੈ ਕਹੈ ਕਵੀ ਹਿਤ ਨਾਲ ॥1079॥

---

1. ਅ ਪੋਥੀ ਕੇਤਕ
2. ਅ ਪੋਥੀ ਕੁਛ
3. ਅ ਪੋਥੀ ਮਿੰਦਗ
4. ਅ ਪੋਥੀ ਮਹਦ

॥ ਚੌਪਈ ॥

ਪਿੰਡਨ ਪੈਂਚ ਮਿਲੈ ਸਮਦਾਈ ॥ ਹਾਥੁ ਜੋਰਿ ਤਿਨ ਅਰਜੀ ਗਾਈ ॥
ਗੁਰ ਜੀ ਖੇਤ ਸੁਕਤ ਹੈ ਸਾਰੇ ॥ ਮੇਘ ਪਰੇ ਕੋ ਭਈ ਅਵਾਰੇ ॥1080॥
ਆਪ ਮਜਾ ਕਰ ਦੇਹੁ ਬਰਖਾਇ ॥ ਜਾਤੇ ਪਰਜਾ ਸਭ ਸੁਖ ਪਾਇ ॥
ਸ੍ਰੀ ਕਮਲਾਨਨ ਸੁਨਿ ਤਿਨ ਅਰਜੀ ॥ ਹੋਵੈ ਬਰਖਾ ਬਾਨੀ ਸਰਜੀ ॥1081॥
ਹੁਕਮੁ ਕਰਾ ਫਾਰਾਸਨਿ ਭਾਈ ॥ ਤੰਬੂ ਲਾਵੋ ਦੇਰੁ ਬਿਹਾਈ ॥
ਊਚ ਥਾਂਨ ਤਿਨ ਤੰਬੂ ਲਾਏ ॥ ਸੋਜ ਸੁਮਾਲ ਧਰੀ ਸਭ ਜਾਏ 1082॥
ਆਏ ਬਦਰਾ ਭਰ ਭਰ ਨੀਰਾ ॥ ਹੋਈ ਬਰਖਾ ਜਲ ਥਲ ਬੀਰਾ ॥
ਢਾਬ ਤੜਾਗ ਸਭੇ ਭਰ ਗਏ ॥ ਜੜ ਚੇਤਨ ਸਭ ਹਰਖਤ ਭਏ ॥1083॥

॥ ਦੋਹਰਾ ॥

ਗੁਰ ਉਸ਼ਤਤਿ ਸਭ ਕਰਤ ਭੇ ਮੇਘ ਪਰਾ ਬਿਨੁ ਦੇਰ ॥
ਧਰੈ ਉਪਾਇਨ ਭਾਉ ਕਰਿ ਬਾਰ ਬਾਰ ਪਗ ਹੇਰ ॥1084॥

॥ ਚੌਪਈ ॥

ਰਹਿ ਸੁ ਮੁੰਦੜੇ ਅਗਰ ਸਿਧਾਏ ॥ ਚਲਤ ਚਲਤ ਆਵੜਪੁਰ ਆਏ
ਜੁਗਮ ਕੋਸ ਪਰ ਸਿਵਰ ਲਗਾਵਾ ॥ ਮਖਮਲ ਛਾਯਾਵਾਨ ਤਨਾਵਾ ॥1085॥
ਪੁਰਟ ਪਲਘੁ ਪਰ ਗੁਰੂ ਬਿਰਾਜੇ ॥ ਪੁਸਾਕ ਦੁਸਾਲੇ ਦੇਵਨ ਲਾਗੇ ॥
ਕਟ ਕੈਠੇ ਸੁਠ ਸੋਨੇ ਕੇਰੇ ॥ ਮੁਖੀਅਨ ਦੀਨੇ ਜੋ ਸੁਚ ਚੇਰੇ ॥1086॥
ਪਹਿਰੋ ਆਵੋ ਦੇਰੁ ਬਿਹਾਈ ॥ ਹਸਤੀ ਘੋੜੇ ਲੇਹੁ ਸਜਾਈ ॥
ਛੈਲ ਛਬੀਲੇ ਬਯ ਜਿਨ ਤਰਨਾ ॥ ਭੂਖਨ [1]ਬਸਨ ਬਸਤ੍ਰ ਤਨੁ ਧਰਨਾ ॥1087॥
ਚੜ ਚੜ ਵਾਹਨ ਆਨ ਖਲੋਏ ॥ ਬਾਜੇ ਬਾਜੈ ਰਾਗ ਸਮੋਏ ॥
ਤਖਤਰਵਾ ਸਤਿਗੁਰੂ ਮੰਗਾਯੋ ॥ ਜਹਿ ਦੇਖੇ ਰਵਿ ਤੇਜ ਦਬਾਯੋ ॥1088॥

॥ ਦੋਹਰਾ ॥

ਤੇਗ ਸਿੰਘ [2]ਸਾਪੂਤ ਕੋ ਊਪਰਿ ਦੀਨ ਚਢਾਇ ॥
ਸਰਗ ਸਤ ਝੁਲਾਵੈ ਊਪਰੈ ਦੇਵ ਸੁਮਨ ਬਰਖਾਇ ॥1089॥

॥ ਚੌਪਈ ॥

ਆਪ ਚਢੇ ਸ੍ਰੀ ਗੁਰ ਸੁਖਦਾਈ ॥ ਦੇਵਨ ਫੂਲਨ ਬਰਖਾਂ ਲਾਈ ॥
ਛਿਤ ਨਾਕ ਕੇ ਬਾਜੈ ਬਾਜੇ ॥ ਸਕਲ ਕਰਾਈਂ ਬੇਦੀ ਰਾਜੈ ॥1090॥
ਬਸਖ ਰਾਇ ਨੇ ਸੁਧ ਸੁਨ ਪਾਈ ॥ ਸਾਊ ਲੀਨੇ ਪਾਸ ਬੁਲਾਈ ॥
ਸਜ ਵਾਹਨ ਤੁਮ ਆਗੇ ਜਾਵੋ ॥ ਪਾਨ ਜੋਰੁ ਸ਼ਤਗੁਰ ਕੋ ਲਯਾਵੋ ॥1091॥

1. ਏ ਪੋਥੀ ਅਸਨ
2. ਏ ਪੋਥੀ ਹਰਿ

॥ ਦੋਹਰਾ ॥

ਬਖਸ ਰ ਇ ਕੇ ਬੈਨ ਸੁਨ ਸਤਯ ਬਚਨ ਤੁਮ ਕੀਨ ॥
ਭੂਖਨ ਪਟ ਸੁਠ ਪਹਰ ਕੇ ਭੇ ਤਿਯਾਰੁ ਪਰਬੀਨ ॥1092॥

॥ ਪਾਧੜੀ ਛੰਦ ॥

ਪਕਵਾਨ ਅਧਿਕ ਮਿਸਟਾਂਨ ਲੀਨ ॥ ਭਰ ਕਾਵਰ ਜੇਤਿਕ ਖਰਚ ਦੀਨ ॥
ਸਜਿ ਵਾਹਨ ਅਪਨੇ ਹੁਇ ਸੁਚੇਤ ॥ ਚਢ ਚਲੇ ਅਗਾਂਊ ਲੈਨ ਹੇਤ ॥1093॥
ਅਗਵਾਨ ਆਇ ਅਵਿਲੋਕ ਬ੍ਰਿੰਦ ॥ ਤਬ ਹੰਨੇ ਡੰਕ ਬਾਦਿਤ ਬਿਲੰਦ ॥
ਛੂਟੇ ਨਿਸਾਨ ਅਗਵਾਨ ਜਾਇ ॥ ਜਿਨ ਜਰੀ ਲਾਗ ਬਹੁ ਰੰਗ ਭਾਇ ॥1094॥
ਦੁਹਿ ਦਿਸਨਿ ਮੇਲ ਇਸ ਰੀਤ ਕੀਨ ॥ ਜਨੁ ਘੋਖਿ ਘੋਖਿ ਘਨ ਮਿਲਤ ਪੀਨ ॥
ਬਾਹਨ ਭਜਾਹਿ ਬਾਹਨ ਉਠਾਇ ॥ ਮਿਲ ਆਪਿ ਮਾਂਹਿ ਆਨੰਦ ਉਪਾਇ ॥1095॥
ਜਨੁ ਨਦੀ ਹਰਖੁ ਵਰ ਉਮਡ ਦੋਇ ॥ ਹੋਇ ਸੰਗਮਿ ਅੰਗ ਉਮੰਗ ਜੋਇ ॥
ਗਨ ਬਸਤ ਅਗ੍ਰ ਗੁਰ ਕੇ ਟਿਕਾਇ ॥ ਸਭ ਪਰੇ ਪਾਂਇ ਚਿਤ ਚਾਇ ਜਾਇ[1] ॥1096॥
ਬਹੁ ਬਿਨੈ ਭਨੀ ਸਭ ਹਾਥ ਬੰਦ ॥ ਹਮ ਅਲਪ ਲਘੂ ਤੁਮ ਬਡ ਬਿਲੰਦ ॥
ਨਿਜ ਦਾਸ ਜਾਨ ਪਤਿ ਲੇਹੁ ਰਾਖੁ ॥ ਦੇ ਦਰਸ ਕਰੀ ਪੂਰਨ ਭਿਲਾਖ[2] ॥1097॥
ਸਨਮਾਨ ਜਾਨ ਗੁਰ ਤਿਨਹੁ ਕੇਰਿ ॥ ਪਕਵਾਨ ਲੀਨ ਦਿਯਾ ਬਾਟਿ ਫੇਰਿ ॥
ਸਭ ਜਥਾ ਜੋਗੁ ਕਰਿ ਤਿਨਹੁ ਸਾਥ ॥ ਧਨੁ ਲੂਟੈ ਇਮ ਪੁਨ ਚਹਿਤ ਨਾਥ ॥1098॥
ਮੁਹਰਾ ਬੁਤਕੀ ਔਰੁ ਰੁਪੈਯੇ ॥ ਭਰੁ ਭਰੁ ਮੁਸਟੀ ਗੇਰਨ ਕੈਯੇ ॥
ਨਥਾ ਗੁਰੂ ਜੀ ਬਹੁਤੁ ਸੁਟਾਈ ॥ ਕੌਨ ਗਿਨੇ ਕਛੁ ਵਾਰ ਨ ਆਈ ॥1099॥
ਰਾਜਾ ਰਾਣਾ ਜੋ ਚਲ ਆਏ ॥ ਕਰੈ ਨਿਛਾਵਰ ਮਨੁ ਬਿਗਸਾਏ ॥
ਮਾਨੋ ਬਦਰਾ ਬਰਖਾ ਕੀਨੀ ॥ ਮੁਹਰਾ ਬੁਤਕੀ ਧਰ ਪਰ ਚੀਨੀ ॥1100॥
ਰੰਕ ਲੂਟ ਭਏ ਬਹੁ ਤ੍ਰਿਪਤਾਈ ॥ ਗੁਰ ਕੀ ਮਹਿਮਾ ਕਹੈ ਬਨਾਈ ॥
ਦੇਵ ਤਰੂ ਪੁਖ ਦੇਵ ਬਰਖਾਵੈ ॥ ਦੁੰਦ ਭੁਵਾਵੈ ਗੀਤ ਸੁਨਾਵੈ ॥1101॥

॥ ਪਾਧੜੀ ਛੰਦ ॥

ਤਬ ਚਲੇ ਗ੍ਰਾਮ ਕੇ ਸਮੁਖ ਹੋਇ ॥ ਨਰ ਮਿਲੇ ਹਜਾਰੋ ਦਿਸਾ ਦੋਇ ॥
ਗਨ ਬਜਤ ਬਾਜ ਭੁਈ ਧੂਮ ਧਾਮ ॥ ਬਡ ਉਠੀ ਧੂਰਿ ਨਿਯ ਛਾਦ ਗ੍ਰਾਮ ॥1102॥
ਧਨ ਕੋ ਬਰਖਾਇ ਘਨ ਮਨਹੁ ਚਾਰ ॥ ਬਡੋ ਭਯੋ ਸੋਰ ਨਹਿ ਵਾਰ ਪਾਰ ॥
ਚਢਕੈ ਉਤੰਗ ਨਰ ਨਾਰਿ ਹੇਰ ॥ ਕਹੈ ਬਢ ਬਾਰਤ ਆਈ ਬਡੇਰਿ ॥1103॥
ਸੁਭ ਥਾਂਨ ਦੀਨ ਡੇਰੋ ਲਗਾਇ[3] ॥ ਕਰ ਰੰਕ ਤ੍ਰਿਪਤਿ ਧਨੁ ਕੋ ਬਰਖਾਇ ॥
ਤੰਬੂ ਸਮਯਾਂਨ ਦੀਨੇ ਸੁ ਤਾਨ ॥ ਬਡ ਜੇ ਉਤੰਗ ਬਹੁ ਸੋਭਵਾਨ ॥1104॥

---

1. ਅ ਪੋਥੀ ਚਾਇ
2. ਅ ਪੋਥੀ ਅਭਿਲਾਖ
3. ਅ ਪੋਥੀ ਲਗਵਾਇ

॥ ਦੋਹਰਾ ॥

ਬੀਚ ਚੰਦੋਆ ਚਾਨਣੀ ਤਾਨਾ ਰੇਸ਼ਮ ਡੋਰ ॥
ਲਗੀ ਕਨਾਤ ਬਨਾਤ ਕੀ ਚਹੁੰਗਿਰਦੇ ਦੁਤਿ ਭੋਰੁ ॥1105॥
ਸ੍ਰੀ ਸਤਿਗੁਰ ਨਿਜ ਸੁਤਨ ਜੁਤ ਬੈਠੇ ਬ੍ਰਿੰਦ ਮਝਾਰ ॥
ਮਨਹੁ ਸੁ ਧਰਮਾ ਸੋਭਤੀ ਬਚਨ ਬਿਭੂਖਨੰ ਚਾਰ ॥1106॥

॥ ਚੌਪਈ ॥

ਬਖਸ [1]ਰਾਇ ਤਬ ਭਯਾ ਤਿਯਾਰ ॥ ਮਿਲਨੀ ਲੀਏ ਹਿਤ ਮਨ ਸੁ ਧਾਰਿ ॥
ਜਰੇ ਜੀਨ ਬਾਜੀ ਚਪਲਾ ਵਤ ॥ ਗਰੇ ਬ੍ਰਿਭੂਖਨ ਸੋਭ ਬਢਾਵਤ ॥1107॥
ਬਸਤ੍ਰ ਰੇਸਮ ਛਾਂਦਨ ਕੀਨੇ[2] ॥ ਗਹੇ ਗੁਲਾਮ ਨ ਥਿਰਤਾ ਲੀਨੇ ॥
ਲੇ ਬਹੁ ਮੋਲੇ ਲਲਤ ਦੁਕੂਲ ॥ ਸ੍ਰੀ ਸਤਿਗੁਰ ਕੇ ਹੁਇ ਅਨਕੂਲ ॥1108॥
ਊਪਰ ਧਰ ਕਰ ਗਨ ਦੀਨਾਰੂ ॥ ਲੇਕਰ ਸੰਗ ਨਰਨਿ ਪਰਵਾਰੂ ॥
ਕੋਸਾਲ ਸਿੰਘ ਸਰਦਾਰੈ ਆਦਿ ॥ ਆਏ ਚਲ ਕਰ ਮਨ ਅਹਿਲਾਦਿ ॥1109॥
ਹੁਤੋ ਪਰੋਹਤ ਤਿਹ ਸਮਝਾਏ ॥ ਭੁਜਾ ਪਸਾਰੁ ਮਿਲਹੁ ਗਰ ਲਾਏ ॥
ਬਖਸਿ ਰਾਇ ਸੁਨ ਬੈਨ ਬਖਾਨਾ ॥ [1]ਗੁਰ ਗਰ[1] ਮਿਲਬੋ ਨਹਿ ਪਰਮਾਨਾ ॥1110॥
ਲੋਕ ਪ੍ਰਲੋਕ ਸਹਾਇਕ ਸੁਆਮੀ ॥ ਤੀਨ ਭਵਨ ਪਤਿ ਅੰਤਰਿਜਾਮੀ ॥
ਇਨ ਕੇ ਦਾਸ ਦਾਸ ਕੋ ਦਾਸ ॥ ਕਿਮ ਸਮਤਾ ਕਰ ਹੌ ਸੁਖਰਾਸ ॥1112॥
ਇਮ ਕਹਿ ਕਰੀ ਅਰੋਰ ਅਗਾਰੀ ॥ ਪਰਯੋ ਚਰਨ ਪਰ ਨਿਰ ਹੰਕਾਰੀ ॥
ਪਕਰੁ ਭੁਜਾ ਗੁਰ ਪਾਸ ਬੈਠਾਵਾ ॥ ਗੁਰੂ ਮਯਾ ਤੇ ਬਡ ਸੁਖ ਪਾਵਾ ॥1113॥

॥ ਦੋਹਰਾ ॥

ਹਾਥ ਜੋਰੁ ਕਰ ਕਹਿਤ ਭਾ ਸੁਨੀਏ ਦੀਨ ਦਇਆਲ ॥
ਜੁਗਮ ਓਰ ਗੁਰ ਆਪ ਹੋ ਦਾਸ ਜਾਨ ਮੁਝ ਪਾਲ ॥1114॥

॥ ਚੌਪਈ ॥

ਕਹਯੋ ਗੁਰੂ ਨਹਿ ਚਿੰਤਾ ਕੀਜੈ ॥ ਵਾਹਿਗੁਰੂ ਕਹਿ ਕਾਰਜਿ ਕੀਜੈ ॥
ਇਕ ਮਿਲਨੀ ਕਰ ਭਵਨ ਸਿਧਾਰ ॥ ਕੀਰਤਿ ਗਾਵੈ ਬਾਰੰ ਬਾਰ ॥1115॥
ਲਾਵਾ ਲੇਨਿ ਸਮੈ ਤਬ ਆਯਹੁ ॥ ਧੇਨੁ ਧੂਲਿ ਪਾਵਨ ਦਰਸਾਯਹੁ ॥
ਪ੍ਰੋਹਤ ਭੇਜ ਕਰੀ ਨਹਿ ਬਾਰੇ ॥ ਆਵਾ ਗੁਰ ਪਹਿ ਬਿਨੇ ਉਚਾਰ ॥1116॥
ਲਾਂਵਾ ਹੇਤੁ ਕਰੀਜੈ ਗਵਨੂ ॥ ਮੈ ਤਯਾਰੀ ਜੁਤਿ ਇਸਥਿਤ ਭਵਨੂ ॥
ਜਬ ਜਨੁਵਾਸ ਬਿਖੈ ਸੁਧ ਆਈ ॥ ਹਨੇ ਡੰਕ ਸਭ ਬਾਜਾ ਬਜਾਈ ॥1117॥

---

1. ਮੂਲ ਪੋਥੀ ਬੇਰਸ
2. ਮੂਲ ਪੋਥੀ ਨੀਕੇ
3. ਅ ਪੋਥੀ ਪਾਠਾਂਤਰ: ਗੁਰ ਕੇ ਗਰ

ਲਘੁ ਦੁੰਦਭ ਬਡ ਧੌਸ ਧੁੰਕਾਰੀ ॥ ਤਰੁਰੀ ਮੁਰਲਿਨ ਫਿਰੰ ਭ੍ਾਰੀ ॥
ਪਟਹ ਪਵਣ ਬਡ ਢੋਲ ਬਜਾਏ ॥ ਸੁਨਤੁ ਉਠੇ ਤਤੁ ਛਿਨੁ ਸਮੁਦਾਏ ॥1118॥
ਦੂੰਲਹੁ ਤੇਗ ਸਿੰਘ ਸੁਭੰ ਚੰਦੂ ॥ ਗੁਰ ਨੰਦਨ ਸੁੰਦਰੁ ਸੁਖਕੰਦੂ ॥
ਸਾਊ ਜੇਤੇ ਥੇ ਗੁਰੁ ਨਾਲ ॥ ਲੇਕਰ ਚਾਲੇ ਦੀਨ ਦਿਆਲ ॥1119॥
ਬਾਦਿਤ ਬਾਜਤ ਜਾਤ ਅਗ੍ਾਰੀ ॥ ਕੀਰਤ ਭਾਟਨ ਕੀਬ ਉਚਾਰੀ ॥
ਆਤ ਪ੍ਤ੍ਰ ਦੁਲਹੁ ਪਰ ਫਿਰਹੀ ॥ ਚੁਮਰ ਚਾਰ ਸਤਗੁਰ ਪਰ ਢਰਹੀ ॥1120॥[2]
ਬਾਦਿਤ ਧੁਨਿ ਵਡ ਛੁਟੀ ਹਵਾਈ ॥ ਚਢੀ ਗਗਨ ਪੁਨ ਹਟ ਕਰ ਆਈ ॥
ਜਨ ਦੇਵਨ ਕੋ ਸੁਧ ਪਹੁਚਾਏ ॥ ਹਟ ਕਰ ਆਈ ਦੇਰ ਬਿਹਾਏ ॥1121॥
ਛੂਟਤ ਬਰੂਦ ਛੁਟੇ[3] ਗਜ ਘੋਰੇ ॥ ਇਤ ਉਤ ਫਿਰਤ ਬੇਗ ਤੇ ਦੋਰੇ ॥
ਚਾਂਦਰ ਝਾਰ ਛੁਟਤ ਫੁਲਵ੍ਾਈ ॥ ਦੇਖਤ ਲੋਕ ਹਸਤ ਹਰਖਾਈ ॥1122॥
ਦੇਵ ਦੇਵੰਨੀ ਬਹੁਤੇ ਬਨੇ ॥ ਛੁਟਤਿ ਬਿਲੋਕਤ ਮਾਨਵ ਘਨੇ ॥
ਅਧਿਕੁ ਕੁਲਾਹਲ ਹਰਖਤ ਹੋਵਾ ॥ ਜਗੈ ਮਤਾਬੀ ਅਦਭੁਤ ਜੋਵਾ ॥1123॥
ਮਨਹੁ ਮਤਾਬੀ ਪਾਇ ਬਹਾਨਾ ॥ ਗੁਰ ਪ੍ਰਤਾਪ ਦਿਖਾਇ ਮਹਾਨਾ ॥
ਦੇਖ ਭਏ ਬਿਸਮੈ ਨਰ ਨਾਰੀ ॥ ਅਸ ਪ੍ਰਕਾਸ ਨਹਿ ਕਬਹੁ ਨਿਹਾਰੀ ॥1124॥

॥ ਦੋਹਰਾ ॥

ਦੂਲਹੁ ਸਾਸ ਲੇ ਨਾਰਿ ਬਹੁ ਆਈ ਆਰਤੀ ਹੇਤ ॥
ਦੇਖ ਰੂਪ ਅਤਸੇ ਮਗਨ ਬੇਦੀ ਕੁਲ ਕੇ ਕੇਤ ॥1125॥

॥ ਚੌਪਈ ॥

ਆਰਤੀ ਕੀਨ ਆਰਤਿ ਹਰਿ ਕੀ ॥ ਕਰੈ ਨਿਛਾਵਰ ਪਟ ਬਹੁ ਧਨ ਕੀ ॥
ਮਿਲ ਮਿਲ ਨਾਰੀ ਮੰਗਲ ਗਾਵੈ ॥ ਦੇਖੈ ਦੂਲੋ ਬਲ ਬਲ ਜਾਵੈ ॥1126॥
ਬਖਸੁ ਰਾਇ ਲੇ ਮੁਖੀਏ ਨਾਲ ॥ ਲੇਵਨ ਆਵਾ ਪ੍ਰੀਤ ਬਿਸਾਲ ॥
ਪਾਟ ਪਾਵੜੇ ਦੀਨੇ ਬਿਛਾਏ ॥ ਹਾਥ ਜੋਰੁ ਲੇ ਭਵਨੁ ਸਿਧਾਏ ॥1127॥
ਜਹਿ ਬੇਦੀ ਸੁੰਦਰਿ ਰੁਚਿ ਰਾਖੀ ॥ ਗਨ ਬੰਧਪੁ ਥਿਤ ਦੇਖਨ ਕਾਂਖੀ ॥
ਖਰੇ ਹੇਰ ਸ੍ਰੀ ਗੁਰ ਆਗਵਾਨੂ ॥ ਸਭ ਆਗੇ ਦੂਲਹੁ ਦੁਤਿ ਰਵਨੂ ॥1128॥
ਸਾਦੇਰ ਸਗਰੇ ਕਰੇ ਬਠਾਵਨਿ ॥ ਚਹੁ ਦਿਸ ਬੇਦੀ ਕੇ ਥਲਿ ਪਾਵਨਿ ॥
ਬਿਪ ਉਚਾਰ ਕਰਨ ਤੱਬ ਲਾਗੇ ॥ ਪੂਜਤ ਨਵ ਗ੍ਰਹ ਗਣਪਤਿ ਆਗੇ ॥1129॥
ਬੀਚ ਹੁਤਾਸਨਿ ਕੀਨ ਪ੍ਰਕਾਸੰਨਿ ॥ ਪਾਵਤ ਸੁਰਪੀ ਕਰਤੇ ਉਪਾਸੰਨਿ ॥
ਦੂਲੋ ਦੂਲਹਨਿ ਖਾਰਨਿ ਬੈਠਾਇ ॥ ਜਥਾ ਜੋਗ ਸਭ ਬਿਧਿ ਕਰਵਾਇ 1130॥

---

1. ਅ ਪੋਥੀ ਵਿਚ ਇਸ ਮਗਰੋਂ ਇਹ ਵਾਧੂ ਛੰਦ ਅੰਕਿਤ ਕੀਤਾ ਗਿਆ ਮਿਲਦਾ ਹੈ :
ਮਹਿਦੁ ਕੁਲਾਹਲ ਸਭ ਮਹਿ ਹੋਵਾ ॥ ਤ੍ਰਿਯਗਨ ਚਾਹਤੁ ਦੂਲਹੁ ਜੋਵਾ ॥
ਕਰਤ ਮੀਘ੍ਰਤਾ ਚਢੀ ਅਟਾਰੀ ॥ ਖਰੀ ਸੁ ਦੂਲਹੁ ਬਦਨ ਨਿਹਾਰੀ ॥1121॥
2. ਅ ਪੋਥੀ ਭਰੇ।

॥ ਦੋਹਰਾ ॥

ਭਾਈ ਮਨਸਾ ਸਿੰਘ ਜੀ ਲਾਵਾਂ ਗਾਵਨ ਕੀਨ ॥
ਨਰੁ ਨਾਰੀ ਅਤਿ ਹਰਖੁ ਭਾ ਪਾਵਾ ਸੁਖ ਅਤਿ ਪੀਨ ॥1131॥

॥ ਚੌਪਈ ॥

ਪਾਨ ਗ੍ਰਹਨ ਹੋਵਾ ਤਿਸੁ ਬੇਰੇ ॥ ਫੇਰੇ ਲੀਨੇ ਜਿਮ ਦਿਜ ਟੇਰੇ ॥
ਜੁਗ ਕੁਲ ਪ੍ਰੋਹਤ ਰਤਿ ਕਰਾਈ ॥ ਜੋ ਜੋ ਬਿਧੀ ਬੇਦ ਨੇ ਗਾਈ ॥1132॥
ਮਿਲ ਸੁਰ ਬਧੂ ਕਰੇ ਛਲ [1]ਬੇਸਾ ॥ ਆਨ ਪ੍ਰਵੇਸੀ ਰੂਪ ਸੁ ਬੇਸਾ ॥
ਮਿਲ ਨਾਰਿਨ ਮਹਿ ਗੀਤਨ ਗਾਵੈ ॥ ਸਤਿਗੁਰ ਮੰਗਲ ਅਨਿਕ ਬਧਾਵੈ ॥1133॥
ਜਥਾ ਜੋਗ ਸ੍ਰੀ ਸਤਗੁਰ ਤਹਾਂ ॥ ਦਿਯੋ ਦਰਬ ਹਰਖੇ ਜਹ ਕਹਾਂ ॥
ਬਿਪ੍ਰ ਪ੍ਰਸੰਸਤ ਧਨ ਹਿਤ ਚਾਊ ॥ ਕਿਤਕ ਸਰਾਹਿਹਿ ਧਰ ਧਰ ਭਾਊ ॥1134॥
ਸਾਥੋ ਚਾਰ ਉਚਾਰਨਿ ਕੀਨਿਸਿ ॥ ਸੁਨਯੋ ਸਭਨ ਪੁਨ ਧਨ ਗਨ ਦੀਨਿਸਿ ॥
ਇਮ ਲਾਵਾਂ ਲੇ ਕਰ ਜਸ ਸਾਜਾ ॥ ਬੀਚ ਬੇਦਿ ਕਾ ਉਚਯੋ ਸਮਾਜਾ ॥1135॥
ਸ੍ਰੀ ਸਤਿਗੁਰ ਗਮਨੇ ਜਨ ਵਾਸੇ ॥ ਜਗਤ ਮਤਾਬੀ ਹੋਤ ਪ੍ਰਕਾਸੇ ॥
ਬਿੰਦ੍ਰ ਮਸਾਲੈ ਜ੍ਵਲਤ ਅਗਾਰੀ ॥ ਬਾਜੇ [2]ਬਾਜ ਉਠਤ ਧੁਨਿ ਭਾਰੀ ॥1136॥
ਆਇ ਥਿਰੇ ਜਨੁ ਵਾਸ ਮਝਾਰੇ ॥ ਹਿਤ ਅਹਾਰ ਗੁਰ ਬਹੁਤ ਹਕਾਰੇ ॥
ਸਾਉ ਸਾਊ ਸਰਬ ਪਠਾਏ ॥ ਆਪ ਸਿਵਰ ਮੈ ਗੁਰੂ ਰਹਾਏ ॥1137॥

॥ ਦੋਹਰਾ ॥

ਬਾਜ ਬਜਾਵਤ ਜਾਤ ਭੇ ਛੈਲ ਛਬੀਲੇ ਜਾਸ ॥
ਸੁੰਦਰ ਮੰਦਰੁ ਅੰਦਰੇ ਪਾਂਤ ਬੈਠਾਈ ਰਾਸ ॥1138॥

॥ ਚੌਪਈ ॥

ਪਰੁਸ ਨਿਹਾਰ ਅਏ ਸਮਦਾਏ ॥ ਧਰੇ ਥਾਰ ਸਭ ਕੇ ਅਗਵਾਏ ॥
ਮੋਦਕ ਖੁਰਮੇ ਨੁਗਦੀ ਘਨੀ ॥ ਘੇਵਰ ਘ੍ਰਿਤ ਸਿਤਾ ਬਹੁ ਸਨੀ ॥1139॥
ਸਵਾਦਿਲ ਮਹਾਂ ਅੰਮ੍ਰਿਤੀ ਦੀਨੀ ॥ ਮੇਵੇ ਬ੍ਰਿੰਦ ਮਿਲੋਨੀ ਕੀਨੀ ॥
ਤੁਰਤੁ ਪਰੋਸਯੋ ਚਤੁਰਨ ਚਾਰੂ ॥ ਖਾਨ ਲਗੇ ਬਰ ਸ੍ਵਾਦ ਅਹਾਰੂ ॥1140॥
ਗਾਰੀ ਦੇਨ ਗੀਤ ਕੋ ਗਾਵੈ ॥ ਸੁੰਦਰ ਰੀਤੀ ਸਭਨ ਸੁਨਾਵੈ ॥
ਬੈਠਿ ਝਰੋਖਨਿ ਕਹਿ ਕਹਿ ਨਾਮੂ ॥ ਮਿਲੀ ਮਨੋਹਰਿ ਤ੍ਰਿਯ ਅਭਰਾਮੂ ॥1141॥
ਸੁਨਿਤ ਮੁਦਿਤ ਭਾ ਸਰਬ ਸਮਾਜਾ ॥ ਸਮੈ ਉਛਾਹ ਬਿਸਾਲ ਬਿਰਾਜਾ ॥
ਇਮ ਅਹਾਰ ਕੋ ਅਚਵਨ ਕੀਨ ॥ ਉਠੀ ਬਰਾਤਿ ਲਾਗਿਨ ਧਨੁ ਦੀਨ ॥1142॥

---

1. ਅ ਪੋਥੀ ਫਲ
2. ਅ ਪੋਥੀ ਵਾਵੈ

॥ ਦੋਹਰਾ ॥

ਜਨ ਵਾਸੇ ਮਹਿ ਜਾਇ ਕਰ ਸੁਪਤੇ ਨਿਜ ਨਿਜ ਥਾਨ ॥
ਅਤ ਅਨੰਦ ਉਰ ਪਾਇ ਕਰ ਸਕਲ ਬਰਾਤ ਸੁਜਾਨ ॥1143॥
ਸੁਖ ਸੋਂ ਬੀਤੀ ਜਾਮਨੀ ਜਾਮ ਰਹੀ ਜਬ ਆਇ ॥
ਗਾਵਤ ਆਸਾ ਵਾਰ ਜੁਤ ਰਾਗਨ ਕੇ ਸਮਦਾਇ ॥1144॥

॥ ਚੌਪਈ ॥

ਸੌਚ ਇਸਨਾਨ ਕਰਾ ਗੁਰ ਪੂਰੇ ॥ ਪੀਤ ਚੀਰ ਸੁਭ [1]ਅਤਸੇ [1]ਰੂਰੇ ॥
ਦੂਨਾ ਸਿੰਘ ਕੋਂ ਪਾਸ ਬੁਲਾਵਾ ॥ ਬਾਬਾ ਕਾਨ ਸਿੰਘ ਤਬ ਆਵਾ ॥1145॥
ਰਾਜੇ ਰਾਣੇ ਔਰਿ ਸਿਰਦਾਰ ॥ ਸਭੈ ਬੁਲਾਏ ਗੁਰ ਕਰਤਾਰ ॥
ਅਗਣਤ ਮੰਗਤ ਜੋ ਚਲ ਆਏ ॥ ਇਨ ਮੋ ਖਾਲੀ ਕੋਇ ਨ ਜਾਇ ॥1146॥
ਦ੍ਵਿਜ ਭਾਟ ਨਾਈ ਹੈ ਜੇਈ ॥ ਪੰਜ ਪੰਜ ਦਮੜੇ ਦੀਜੈ ਤੇਈ ॥
ਅਵਰ ਜੀਵ ਆਏ ਹੈ ਜੇਤੇ ॥ ਰੁਪੈਯਾ ਜੀਵ ਸੁ ਦੇਵੋ ਤੇਤੇ ॥1147॥

॥ ਦੋਹਰਾ ॥

ਸਤ ਬਚਨੁ ਕਹਿ ਕਰ ਉਠੇ ਜੁਗ ਕੋ ਸਵਾਜਾ ਕੀਨ ॥
ਚਤੁ[2] ਦਰਬਾਜੇ ਕਰਤ ਭੇ ਦੇਵਤ ਭੇ ਪਰਬੀਨ ॥1148॥

॥ ਹਾਕਲ ਛੰਦ ॥

ਗਣ ਢਾਢੀ ਭਾਟ ਕਲਾਵੰਤਿ ॥ ਬਹੁ ਡੋਮਿ ਬਿਪ੍ਰ ਧਨ ਪਾਵਤ ॥
ਹੁਇ ਹਰਖਤ ਦੇਤ ਅਸੀਸਾ ॥ ਗੁਰ ਨੰਦ ਜਿਵਹੁ ਜੁਗ ਬੀਤਾ ॥1149॥
ਗਨ ਰੰਕਨ ਕੋ ਧਨ ਦੀਨਾ ॥ ਜਸ ਕਰਤ ਜਾਤ ਸਭ ਲੀਨਾ ॥
ਇਕ ਨਰੁ ਇੰਡ ਲੈ ਆਵਾ ॥ ਵਿਚ ਕਾਢੇ ਹੈ ਸਭ ਸਮਦਾਵਾ ॥1150॥
ਮੈ ਜੀਵ ਰੁਪੈਯਾ ਲੇਨਾ ॥ ਜੋ ਸਤਗੁਰ ਹੈ ਮੁਹਿ ਦੇਨਾ ॥
ਸੁਨ ਸਾਹਿਬ ਗਿਰਾ ਅਲਾਈ ॥ ਇਸੇ ਲਯਾਵੋ ਹਮਰੀ ਪਾਈ ॥1151॥

॥ ਦੋਹਰਾ ॥

ਸੁਨ ਕਰ ਆਯੋ ਗੁਰ ਨਿਕਟਿ ਸ੍ਰੀ ਗੁਰ ਮੁਖਿ ਫਰਮਾਇ ॥
ਰੁਪੈਯਨਿ ਦੇਵੋ ਇੰਡ ਭਰ ਮੁਹਰਾਂ ਉਪਰਿ ਪਾਇ ॥1152॥

॥ ਹਾਕਲ ਛੰਦ ॥

ਅਸ [3]ਵਾੜਾ ਸ੍ਰੀ ਗੁਰ ਕੀਨਾ ॥ ਸਭ ਰੰਕਨ ਕਾ ਦੁਖ [ਹਰਿ][4] ਖੀਨਾ ॥
ਯਸ ਕਰਤੇ ਭਵਨ ਸਿਧਾਏ ॥ ਜੁਗ ਜੀਵੈ ਸੁਭ [5]ਬਿਗਸਾਏ ॥1133॥

---

1. ਅ ਪੋਥੀ ਪਾਠਾਂਤਰ : ਧਰਿ ਅਤਿ
2. ਅ ਪੋਥੀ ਚਾਰ
3. ੲ ਪੋਥੀ ਇਮ
4. ਅ ਪੋਥੀ ਵਿਚੋਂ
5. ਅ ਪੋਥੀ ਸਦ

ਇਤ [4]ਦੇਤ ਢਰਯੋ ਦਿਨੁ ਜਾਇ ॥ ਉਤ ਅਸਨ ਹਕਾਰਨ ਆਇ ॥
ਕਰ ਦੂਲਹੁ ਸੁਭਨ ਅਗਾਰੀ ॥ ਪੁਨ ਚਲੀ ਬਰਾਤ ਪਿਛਾਰੀ ॥1154॥
ਸਭ ਬਸਨ ਬਿਭੂਖਨ ਆਛੇ ॥ ਨਰ ਸਭ ਬਰਾਤ ਮਹਿ ਕਾਛੇ ॥
ਤਵ ਮੰਦਰ ਅੰਦਰ ਗਵਨੇ ॥ ਕਰ ਪੰਕਤ ਬੈਠੇ ਰਵਨੇ ॥1155॥
ਤਵ ਆਏ ਪਰੋਸਨਹਾਰੇ ॥ ਜਲ ਲੇ ਕਰ ਹਾਥ ਪਖਾਰੇ ॥
ਸਭ ਕੇਰ ਅਗਾਰੀ ਥਾਰਾ ॥ ਬਹੁ ਸ੍ਵਾਦਲਿ ਪਾਇ ਅਹਾਰਾ ॥1156॥
ਜੋ ਸਪਤ ਬਿਧਨਿ ਪਕਵਾਨਾ ॥ ਬਿਚ ਮੇਵੇ ਮਿਲੇ ਮਹਾਨਾ ॥
ਦਧ ਸੰਗਿ ਬਿਸਾਲ ਮਸਾਲੇ ॥ ਗਨ ਬਰੇ ਪਕੌਰੇ ਡਾਲੈ ॥1157॥
ਸਭ ਅਚਤੇ ਸਵਾਦ ਸਰਾਹੇ ॥ ਪੁਨ ਸੂਖਮ ਚਾਵਰ ਚਾਹੇ ॥
ਜੁਗ ਰੀਪਨਿ ਕ੍ਰਿਤ [2]ਲਯਾਏ ॥ ਇਕ ਮਧਰ ਸੁ ਲਵਣ ਮਿਲਾਏ ॥1158॥
ਬਹੁ ਸ੍ਵਾਗ ਗੁਰੀਬ ਦਮੰ ॥ ਕਿਯ ਚਤੁਰਨਿ ਅਚ ਅਭਰਾਮੰ ॥
ਪਿਖ ਬੈਠੀ ਨਾਗਰਿ ਨਾਰੀ ॥ ਗੁਰ ਭੂਸਨ ਬਸਨ ਸਿੰਗਾਰੀ ॥1159॥
ਕਲ ਕੋਕਲ ਕੰਠੀ ਗਾਵੈ ॥ ਦ੍ਰਿਗ ਖੰਜਨ ਅੰਜਨ ਚਾਵੈ ॥
ਨਰ ਜੇ ਬਰਾਤ ਅਭਰਾਮੂ ॥ ਦੇ ਗਾਰੀ ਲੈਕਰ ਨਾਮੂ ॥1160॥
ਅਚ ਸਨੈ ਸਨੈ ਅਸ ਅਸਨਾ ॥ ਮੁਸਕਾਇ ਦਿਪੈ ਦੁਤਿ ਦਸਨਾ ॥
ਤਬ ਲੀਨੋ ਕਰ ਨੋ ਪਾਨੀ ॥ ਤਬ ਕਰੈ ਪਖਾਰਨ ਪਾਨੀ ॥1161॥

॥ ਦੋਹਰਾ ॥

ਬਾਜ ਬਜਾਵਤ ਆਤ ਭੇ ਅਪਨੇ ਸਿਵਰ ਮਝਾਰ ॥
ਤੀਨ ਨਿਸਾ ਇਮ ਬੀਤ ਗੀ ਚਲਤੇ ਭਏ ਤਿਯਾਰ ॥
ਤੇਗ ਸਿੰਘ ਗੁਰ ਕੌ ਤਬੈ ਬ੍ਰਿਦ ਨਾਗਰੀ ਨਾਰਿ ॥
ਬੀਚ ਸਦਨ ਕੇ ਲੈ ਗਈ ਦੇਖੇ ਰੂਪ ਅਪਾਰ ॥1163॥

॥ ਸ੍ਵੈਯਾ ॥

ਦੇਖ ਸਰੂਪੁ ਵਿਸੇਖੁ ਹੀ ਦੂਲਹੁ ਆਨੰਦ ਤੇ ਬਤ ਰਾਵਤਿ ਹੈ ॥
ਦੀਰਘੁ ਅੰਗ ਪ੍ਰਲੰਬ ਭੁਜਾ ਅਰੁ ਬ੍ਰਿੰਦ ਬਿਲੋਕਨ ਭਵਾਤਿ ਹੈ ॥
ਕੇਚਿਤ ਜਾਨ ਗੁਰੂ ਸੁਤ ਹੈ ਗੁਰ ਹੇਰਤ ਸੀਸ ਝੁਕਾਵਤਿ ਹੈ ॥
ਹਾਸ ਬਿਲਾਸ ਕਰੈ ਮਿਲ ਕੈ ਇਕ ਪ੍ਰੇਮ ਧਰੈ ਬਲ ਜਾਵਤਿ ਹੈ ॥ 1164॥

॥ ਦੋਹਰਾ ॥

ਨਿਹਾਲ ਕੌਰ [3]ਕੋ ਰੂਪ ਜਸੁ ਤੇਗ ਸਿੰਘ ਤਿਮ ਜਾਨ ॥
ਇਹ ਜੋੜੀ ਚਿਰ ਜੀਵ ਹੈ ਸਰਬ ਗੁਣਨ ਕੀ ਖਾਨ ॥ 1165॥

1. ੲ ਪੋਥੀ ਇਮ
2. ਅ ਪੋਥੀ ਕੇ ਤਬ
3. ੲ ਪੋਥੀ ਕਵਰ

॥ ਸ੍ਵੈਯਾ ॥

ਸਾਸ ਤਬੈ ਬਡ ਭਾਗ ਭਰੀ ਨਿਜ ਅੰਕ ਬਠਾਇ ਸਨੇਹੁ ਮਹਾਨਾ ॥
ਸੀਸ ਪੈ ਹਾਥ ਕੋ ਫੇਰਿ ਸਰਾਹਤ ਡੀਠ ਲਗੈ ਨਹਿ ਭੈ ਉਰ ਮਾਨਾ ॥
ਸਾਰੀਆ ਸਾਰੀਆਂ ਆਇ ਪਿਖਯੋ ਬਲਿਹਾਰੀਅ ਹ੍ਵੈ ਮਨ ਕੋ ਬਿਰਮਾਨਾ ॥
ਬੋਲ ਮਹਾ ਮਧਰੇ ਬਚ ਕਰਨਾ ਤੇਗ ਸੁ ਸਿੰਘ ਆਨੰਦ ਪ੍ਰਗਟਾਨਾ ॥1166॥

॥ ਦੋਹਰਾ ॥

ਯੌ ਮਿਲ ਕੈ ਆਵਤ ਭਏ ਸ੍ਰੀ ਹਜੂਰ[1] ਕੇ ਪਾਸ ॥
ਸੀਸ ਨਯਾਇ ਕਰ ਬੈਠੇ ਕੇ ਦਿਖ ਸਭ ਭੈ ਹੁਲਾਸ ॥1167॥
ਦਾਜ ਤਯਾਰ ਸਮਧੀ ਕਰਾ ਕੁਸਾਲ ਹਰੀ ਤਬ ਆਇ ॥
ਕਰ ਅਰਜੀ ਗ੍ਰਿਹਿ ਲੈ ਗਯੋ ਬਾਜੇ ਅਧਿਕ ਬਜਾਇ ॥1168॥

॥ ਸ੍ਵੈਯਾ ॥

ਤੇਵਰ ਬੇਵਰ ਜੇਵਰ ਹੈ ਜੁਨ ਜੋਤਿ ਜਵਾਹਰ ਕੀ ਝਮਕਾਵੈ ॥
ਭੂਖਨ ਸੰਗ ਤੁਰੰਗਮ ਭੂਖਤ ਚੰਚਲ ਅੰਗਨ ਤੇ ਚਪਲਾਵੈ ॥
ਬਾਸਨ ਬ੍ਰਿੰਦ ਬਿਸਾਲ ਧਰੇ ਦਾਸ ਅਰ ਦਾਸੀ ਕਹ ਭਾਟ ਸੁਨਾਵੈ ॥
ਗੋ ਅਰ ਮਹਿਖੀ ਊਠ ਘਨੇ ਅਤ ਭਨੇ ਬਿਨਤੀ ਗਿਨਤੀ ਨ ਸੁਹਾਵੈ ॥1169॥
ਔਰ ਕਛੂ ਨ ਬਨਿਯੋ ਮੁਝ ਤੇ ਇਕ ਦਾਸੀ ਦਈ ਹਿਤ ਸੇਵ ਤੁਮਾਰੀ ॥
ਆਪ ਕੋ ਨਾਮ ਅਨਾਥ ਕੋ ਨਾਥ ਰਖ ਲਈ ਪ੍ਰਤਿ ਆਨ ਹਮਾਰੀ ॥
ਦੋਨਹੁ ਲੋਕ ਸਹਾਇ ਕਰੋ ਨਿਜ ਦਾਸਨ ਕੀ ਕਰੋਤੇ ਰਖਵਾਰੀ ॥
ਮੈ ਪਕਰਯੋ ਇਕ ਦਾਮਨ ਆਪ ਕੋ ਆਯੋ ਸਰਨ ਲਖੇ ਉਪਕਾਰੀ ॥1170॥
ਮੈ ਸਮ ਤਾਕੋ ਸਮਰਥ ਨਹੀ ਜਿਮ ਰੰਚਕ ਮੇਰ ਅਗਾਰੀ ਕਹਾਂ ॥
ਆਪ ਨੇ ਨਾਮ ਕੀ ਲਾਜ ਰਖੀ ਬਡਿਆਈ ਦਈ ਘਰੁ ਆਇ ਇਹਾ ॥
ਸ੍ਰੀ ਗੁਰ ਮੋਨ ਸੁਨੀ ਬਿਨਤੀ ਭਨ ਧੀਰਜ ਦੀਨ ਪ੍ਰਬੀਨ ਮਹਾ ॥
ਸਾਧੂ ਹੀ ਸਾਧੂ ਅਹੈ ਤੁਝ ਕੌ ਬਹੁ ਦਾਜ ਦਯੋ ਅਸ ਬਾਕ ਕਹਾ ॥1171॥

॥ ਦੋਹਰਾ ॥

ਨਿਹਾਲ ਕੌਰ ਕੀ ਮਾਤ ਸੁਭ ਪੁਤਰੀ ਕੋ ਸੁਖ ਦੇਤ ॥
ਅੰਕਿ ਬਿਠਾਈ ਹਿਤ ਕਰਾ ਕਹੈ ਬੈਨ ਬਡ ਹੇਤ ॥1172॥

॥ ਚੌਪਈ ॥

ਅਹੋ ਭਾਗ ਸੁਖ ਹੇਤ ਕੁਮਾਰੀ ॥ ਪੁੰਨਯ ਪ੍ਰਤਾਪ ਸੀਲ ਸੁਭ ਕਾਰੀ ॥
ਜਬ ਤੇ ਉਦਭਵ ਭਯੋ ਤਿਹਾਰੋ ॥ ਬਰਧਯੋ ਤਬ ਤੇ ਭਾਗ ਹਮਾਰੋ ॥113॥

---

1. ਦ ਪੋਥੀ ਸਤਿਗੁਰ

ਸੁਭ ਸੁਭਾਵ ਉਪਜੀ ਤੂੰ ਕੰਨਯਾ ॥ ਜਿਹ ਸਮ ਤ੍ਰਿਭਵਨ ਦੀਖ ਨ ਅੰਨਯਾ ॥
ਤੁਮ ਦਰਸਨ ਨਾਸਤ ਅਘ ਐਸੇ ॥ ਪ੍ਰਾਵਕ [1]ਪਰਸਤ ਪਾਰਦ ਜੈਸੇ ॥1174॥
ਤੇਗ ਸਿੰਘ ਪਾਯੋ ਤੁਮ ਸੁਆਮੀ ॥ ਕਰੋ ਸਸੁਖਾ ਅਸਟੰਜਾਮੀ ॥
ਚੌਦਹ ਭਵਨ ਜਾਸ ਕੋ ਚੇਰੋ ॥ ਸਾਹਿਬ ਸਿੰਘ ਸਸੂਰ ਸੋ ਤੇਰੋ ॥1175॥
ਸਾਸ ਨਕਾਯੰਣ ਅਹੈ ਤੁਮ੍ਹਾਰੀ ॥ ਪਾਦ ਪਦਮ ਸੇਵੋ ਤਿਸ ਬਾਰੀ ॥
ਸਦਾ ਰਹਤ ਗੁਨ ਜਾਸ ਰਿਦੈ ਵਰ ॥ ਸੋ ਅਸ ਬਿਕ੍ਰਮ ਹਰਿ ਤੁਮ ਦੇਵਰ 1176॥
ਅਵਰ ਕੁਟੰਬ ਸਕਲ ਅਨੁਸਾਰ੍ਹਾ ॥ ਨਿਹਾਲ ਕੌਰ ਬਡ ਭਾਗ ਤਿਹਾਰਾ ॥
ਸਸੁਰ ਸਾਸੁ ਪਤਿ ਸੇਵਤ ਰਹੀਯੋ ॥ ਤੁਮ ਦੁਹਿਤਾ ਮਮ ਬਚ ਨਿਰਖਹੀਯੋ ॥1177॥
ਸਭ ਤੀਰਥ ਸਭ ਦੇਵੀ ਦੇਵਾ ॥ ਬੇਦ ਕਹਿਤ ਨਾਰਿਹਿ ਪਤਿ ਸੇਵਾ ॥
ਸਿਖਯਾ ਦੀਨੀ ਮਾਤ ਸਿਯਾਨੀ ॥ ਨੈਨਾ ਤੇ ਜਲ ਧਾਰ ਚਲਾਨੀ ॥1178॥

॥ ਦੋਹਰਾ ॥

ਕਨਕ ਰਚਤ ਡੋਲਾ ਸੁਭੰਗ ਕੰਨਯਾਂ ਦੀਨ ਚਢਾਇ ॥
ਬਾਰਿ ਬਾਰਿ ਗਰ ਮੋ ਮਿਲੈ ਸਖੀਆ ਬਹੁ ਰੁਦਨਾਇ ॥1179॥
ਬੁਤਕੀ ਮੋਹਰਾ ਰਜਤ ਪਣ ਡੋਲੋ ਪਰ ਗੁਰ ਵਾਰੁ ॥
ਹਰਬਖਸ ਕੋ ਗੁਰ ਖੁਸੀ ਕਰਿ ਆਇ ਸਿੰਵਰ ਮਝਾਰ ॥1180॥

॥ ਸ੍ਵੈਯਾ ॥

ਦੁੰਦੁਭ ਧੌਂਸ ਬਜੀ ਸਜਿ ਵ੍ਾਹਨ ਤਯਾਰ ਜਨੇਤ ਭਈ ਸ਼ਭ ਚਾਲੇ ॥
ਕੇਤਿਕ ਸ੍ਯੰਦਨ ਜਾਤ ਪਲਾਵਤ ਕੇਤਕ ਬਾਜੀ ਕੁਦਾਇ ਬਿਸਾਲੇ ॥
ਕੇਤਕਿ ਬੈਲਨਿ ਬਹਿਲਨ ਹੈ ਬਹੁ ਦੌਰਤ ਹੈ ਤਨ ਪ੍ਰਾਕ੍ਰਮ ਵਾਲੇ ॥
ਘੁੰਘਰ ਕੀ ਛਨਕਾਰ ਮਹਾਂ ਧੁਨ ਬਾਦਿਤ ਕੀ ਮਿਲੈ ਕੈ ਤਿਸ ਨਾਲੇ ॥1181॥

॥ ਦੋਹਰਾ ॥

ਸਨੇ ਸਨੇ ਸ੍ਰੀ ਸਤਿਗੁਰੂ ਪਹੁਚੇ ਊਨੇ ਆਇ ॥
ਬਾਜੇ ਬਾਜੈ ਅਤਿ ਘਨੇ ਦੇਵ ਪੁਸਪ ਬਰਖਾਇ ॥1182॥

॥ ਕਬਿਤ ॥

ਸੁਨੀ ਧੁਨ ਮਾਤ ਭਈ ਆਨੰਦ ਕੇ ਸੰਗ ਉਠੀ
ਰਿਦੇ ਤੇ ਉਮੰਗ ਸਾਜ ਮੰਗਲ ਬਿਸਾਲ ਕੋ ॥
ਬ੍ਰਿਦ ਕੀਨ ਅੰਜਨਾ ਸੁ ਅੰਗੁਨ ਮੈ ਅੰਗ ਸੁਧ
ਅੰਗਨ ਮੈ ਮੇਵੇ ਨਹਿ ਦੇਖ ਮੋਦ ਜਾਲ ਕੋ ॥
ਸਵਾਣੀ ਵ੍ਰਿੰਦ ਚਾਲੀ ਅਤਿ ਰੂਪ ਮੇ ਬ੍ਰਿਸਾਲੀ ਬਹੁ
ਔਰ ਗਿਨੇ ਕੌਨ ਨ ਮਿਲੀ ਗਨ ਬਾਲ ਕੋ ॥

1. ਦੂ. ਪੋਥੀ ਬੈਸੰਤਰ

ਦੇਤ ਹੈ ਬਧਾਈ ਲੇਤ ਸੌ ਗੁਨੀ ਚੜ੍ਹਾਈ ਸੀਸ,
ਸਭ ਉਮਗਾਈ ਦੇਖਬੇ ਕੋ ਬਧੂ ਲਾਲ ਕੋ ॥1183॥
॥ ਚੌਪਈ ॥
ਧਨ ਵਾਰਤ ਗੁਰ ਨਗਰ ਪਧਾਰੇ ।' ਭਾ ਅਨੰਦ ਕੋ ਬਰਨੈ ਪਾਰੇ ॥
ਦੂਲੋ ਦੂਲਹਨਿ ਭਵਨ ਸਿਧਾਏ ॥ ਮਾਤਾ ਆਦਿ ਸਭੇ ਹਰਖਾਏ ॥1184॥
ਪਾਨੀ ਵਾਰ ਪੀਆ ਤਬ ਮਾਤਾ ॥ ਪੂਤ ਨੁਖਾ ਪ੍ਰਤਿ ਕਹਿ ਮ੍ਰਿਦੁ ਬਾਤਾ ॥
ਨਿਛਾਵਰ ਕੀਨੇ ਪਟ ਅਰੁ ਭੂਖਨ ॥ ਬੇਦੀ ਖੁਲ ਨਭ ਪਿਖ ਸੁਤ ਪੂਖਨ ॥1185॥
ਜੋ ਕੁਲ ਰੀਤੀ ਸਗਲੀ ਕੀਨੀ ॥ ਜੋ ਜੋ ਪ੍ਰੋਹਤ ਨੇ ਕਹਿ ਦੀਨੀ ॥
ਪਿਖਨ ਸਨੁਖਾ ਮੁਖ ਕੋ ਲਾਗੀ ॥ ਰਿਦਾ ਅਨੰਦ ਭਰਯੋ ਬਡਭਾਗੀ ॥1186॥
ਪਾਇ ਓਲ ਮਹਿ ਧਨੁ ਕੀ ਬਾਤੀ ॥ ਅਵਿਲੋਕਤ ਭੀ ਸੀਤਲ ਛਾਤੀ ॥
ਪੁਨਿ ਉਠਿ ਉਠਿ ਕਰ [1]ਸਭ ਹੀ [1]ਦਾਰਾ ॥ ਜੈਥਾ ਉਚਿਤ ਝੋਰੀ ਧਨ ਡਾਰਾ ॥
ਇਹ ਜੋਰੀ ਜੀਵਹੁ ਚਿਰ ਕਾਲਾ ॥ ਇਕ ਸਮ ਸੁੰਦਰੁ ਰੂਪ ਬਿਸਾਲਾ ॥1183॥
॥ ਦੋਹਰਾ ॥
ਸਾਹਿਬ [2]ਪਲਘ ਬ੍ਰਿਰਾਜਤੇ ਦਰਸੈ ਸਿਖ ਹਿਤ ਧਾਰ ॥
ਪ੍ਰਸਾਤਿ ਭਯਾ ਤਿਯਾਰ ਤੁਬ ਚਹੈਂ ਅਚਨ ਕਰਤਾਰ ॥1189॥
॥ ਚੌਪਈ ॥
ਨਾਨਾ ਭਾਤਨ ਬਨਯੋ ਅਹਾਰਾ ॥ ਸੂਖਮ ਚਾਵਰ ਦੈਨ ਪ੍ਰਕਾਰਾ ॥
ਮਧਰ ਸਲਵਣ ਸੁ ਮੇਵਾ ਡਾਲੇ ॥ ਗਰੀਬ ਦਾਮਨ ਮੇਲ ਬਿਸਾਲੇ ॥1190॥
ਪਿਸਤਾ ਸ੍ਵਾਦ ਸਵਾਗੀ ਪਾਏ ॥ ਪੂਰੀ ਕਰ ਕਚੋਰ ਸਮਦਾਏ ॥
ਬਰੇ ਪਕੌੜੇ ਦਧ ਮਹਿ ਡਾਲੇ ॥ ਧਨੀਆਂ ਮਰਚਾਂ ਅਨਕ ਮਸਾਲੇ ॥1191॥
ਨਰ ਨਾਰਿਨ ਕੌ ਰੁਚਿਰ ਅਹਾਰਾ ॥ ਸ੍ਵਾਦੁਰ ਕਹਿ ਕਹਿ ਸਭਨ ਖੁਲਾਰਾ ॥
ਤ੍ਰਿਪਤ ਹੋਤ ਭੀ ਚਾਹਤ ਖਾਯੋ ॥ ਅਸਨ ਐਸ ਸੁਾਦਲ ਮਨ ਭਾਯੋ ॥1192॥
ਖਾਨ ਪਾਨ ਸਨਮਾਨ ਮਹਾਨ ॥ ਪਰੀ ਰੈਨ ਸੁਪਨੇ ਨਿਜ ਥਾਨ ॥
ਜਾਮ ਜਾਮਨੀ ਜਾਗੇ ਨਾਥ ॥ ਤ੍ਰਿਲੋਕੀ ਪਾਲਨ ਜਿਨ ਕੇ ਹਾਥ ॥1193॥
ਆਸਾ ਵਾਰ ਤਬ ਭਾਈ ਲਾਈ ॥ ਸ੍ਰੀ ਗੁਰ ਸੁਨਤੇ ਮਨੁ ਬਿਗਸਾਈ ॥
ਭੀ ਭੁਨਸਾਰ ਸਭੇ ਚਲ ਆਏ ॥ ਰਾਜੇ ਰਾਣੇ ਸਿਖ ਸਮਦਾਇ ॥1194॥
॥ ਦੋਹਰਾ ॥
ਪਾਨ ਜੋਰ ਸਭ ਨੇ ਭਨਾ ਆਇਸ [3]ਕਰੋ ਦਿਆਲ ॥
ਨਿਜ ਨਿਜ ਗ੍ਰਿਹਿ ਜਾਵੈ ਸਭੈ ਦੀਜੈ ਖੁਸੀ ਵਿਸਾਲ ॥1195॥

---

1. ਅ ਪੋਥੀ ਸਗਰੀ
2. ੲ ਪੋਥੀ ਗੁਰੂ ਜੀ
3. ੲ ਪੋਥੀ ਹੁਕਮ

॥ ਚੌਪਈ ॥

ਖੇਸ ਦੁਸਾਲੇ ਗੁਰੂ ਮੰਗਾਏ ॥ ਥਾਨ ਪਾਗ ਕੇ ਬਹੁ ਸਮਦਾਏ ॥
ਜਥਾ ਅਧਕਾਰੁ ਦਯੋ ਗੁਰ ਪੂਰੇ ॥ ਜੋ ਆਯੋ ਨਹਿ ਕੋ ਗਯੋ ਊਰੇ ॥1196॥
ਪੁਨਿ ਬੇਦੀ ਸਭ ਗੁਰੂ ਬੁਲਾਏ ॥ ਚੀਰ ਉਦਾਏ ਭਵਨ ਸਿਧਾਏ ॥
ਸਿਖ ਸਾਧ ਜੋ ਸੰਗਤਿ ਕੇਰੇ ॥ ਜੋ ਅੰਤਸੇ ਹੈ ਗੁਰ ਕੇ ਚੇਰੇ ॥1197॥
ਲੇ ਸਿਰਪਾਯ ਸਭੈ ਭਵਨ ਸਿਧਾਨੇ ॥ ਪਹਿਰ ਪਹਿਰ ਕਰ ਨਾਨਾ ਬਾਨੇ ॥
ਐਸੇ ਬਯਾਹ ਕਰੋ ਗੁਰ ਪੂਰੇ ॥ ਪੜੇ ਸੁਨੇ ਤਿਸ ਦੁਖ ਹੋਇ ਚੂਰੇ ॥1198॥

॥ ਦੋਹਰਾ ॥

ਮੁਖ ਬਦਨ ਤੇ ਅਲਪ ਕਰੁ ਬਰਨੀ ਸੁਭੇ ਦਾਸ ॥
ਬਯਾਹੁ ਸਮੇ ਜੁ ਪੜੇਗਾ ਕਾਰਜ ਆਵੈ ਰਾਸ ॥1199॥

(ਹਰਿਆ ਸਿੰਘ ਦੀ ਕਥਾ)

॥ ਚੌਪਈ ॥

ਔਰੋ ਗਾਥ ਸੁਨੋ ਮਨ ਲਾਈ ॥ ਗੁਰ ਕ੍ਰਿਪਾ ਜੋਗੀ ਗਤਿ ਪਾਈ ॥
ਖੈਰਾਵਾਦ ਅਟਕ ਤੇ ਪਾਰ ॥ ਹਰਿਆ ਸਿੰਘ ਰਹਿ ਗੁਰ ਪਿਆਰ ॥1200॥
ਗੁਰ ਸਿਖੀ ਮਨੁ ਧਾਰਨ ਕੀਨੀ ॥ ਵੰਡ ਖਾਵੈ ਸੋ ਪ੍ਰੀਤਿ ਨਵੀਨੀ ॥
ਦੇਹੁ ਵਿਖੇ ਕਛੁ ਰੋਗੁ ਉਪੰਨਾ ॥ ਤਾਸੁ ਸਰੀਰ ਹੋਯੋ ਬਹੁ ਖਿਨਾ ॥1201॥
ਗੁਰ ਕੀ ਸੁਖਨਾ ਕਰੀ ਬਨਾਈ ॥ ਊਨੇ ਜਾਵਾ ਅਸੁ ਚਢਾਈ ॥
ਰੋਗ ਭਯੋ ਤਬ ਤਨ ਤੇ ਖੀਨਾ ॥ ਗੁਰੂ ਮਯਾ ਸੁਖ ਪਾਯੋ ਪੀਨਾ ॥1202॥
ਏਕ ਸਿਖ ਭੀ ਔਰ ਰਹਾਵੈ ॥ ਜੋਗੀ ਸੰਗਤਿ ਜੋਗੁ ਕਮਾਵੈ ॥
ਹਰਿਆ ਸਿੰਘ ਜਬ ਭਯੋ ਤਿਯਾਰ ॥ ਸੋ ਭੀ ਚਾਲਾ ਤਿਸ ਕੇ ਨਾਰ ॥1203॥
ਸਨੇ ਸਨੇ ਚਲ ਊਨੇ ਆਏ ॥ ਦੇ ਕਰ ਭੇਟ ਮਨ ਬਿਗਸਾਏ ॥
ਭਾਈ ਬੱਲੂ ਕਹਿ ਲੈ ਕਰ ਗਯੋ ॥ ਹਰੇ ਸਿੰਘ ਕਰਿਵਾਵੋ ਡੇਰਾ ॥1204॥
ਸਤਿ ਬਚਨ ਕੋ ਗੁਰ ਪ੍ਰੇਰਾ ॥ ਦੇਰਾ ਦੀਨ ਪ੍ਰਸਾਦਿ ਛਕਯੋ ॥
ਅਸਟਾਂਗ ਜੋਗ ਥਾ ਜਿਸ ਨੇ ਧਾਰਾ ॥ ਭਾਈ ਸਾਥ ਤਿਨ ਬੈਨ ਉਚਾਰਾ ॥1205॥
ਜੋਗ ਧਾਰਨਾ ਜਿਨੋ ਕਮਾਈ ॥ ਬੀਚ ਨਿਰਵਾਨ ਗਏ ਸਮਾਈ ॥
ਭਾਈ ਬੱਲੂ ਕਹਯੋ ਸੁਨ ਭਾਈ ॥ ਵਾਹਿਗੁਰੂ ਸਭ ਤੇ ਅਧਿਕਾਈ ॥1206॥

॥ ਦੋਹਰਾ ॥

ਤਿਸ ਨੇ ਹਠ ਅਤਸੇ ਕਰਾ ਹੈ ਸੁ ਜੋਗ ਅਧਿਕਾਰਿ ॥
ਭਾਈ ਕਹਯੋ ਸਤਨਾਮ ਜਪੁ ਸਹਜ ਮਕਤਿ ਹੁਇ ਜਾਇ ॥1207॥

---

1. ਏ ਪੋਥੀ ਸਦਨ

॥ ਚੌਪਈ ॥

ਬੋਲਾ ਜੋਗੁ ਅਭਿਆਸੀ ਫੇਰ ॥ ਗੁਰ ਤੇ ਪੂਛੋਗਾ ਸਾਵੇਰ ॥
ਭਾਈ ਬਲੂ ਬਹੁਤ ਹਟਾਵਾ ॥ ਗੁਰ ਤੇ ਪੂਛ ਨਹੀ ਤਿਸ ਭਾਵਾ ॥ 1208॥
ਜਾਇ ਭੋਰ ਜਬ ਮਾਥ ਨਿਵਾਵਾ ॥ ਧੰਨ ਗੁਰੂ ਮੁਖ ਤੇ ਬਚ ਗਾਵਾ ॥
ਸ੍ਰੀ ਕਮਲਾਨਨ ਪੂਛਾ ਤਾਈ ॥ ਜੋਗੁ ਸਾਧਨਾ ਕਰੀ ਬਨਾਈ ॥1209॥
ਸੁਨ ਕਰ ਬਾਨੀ ਬਿਸਮੇ ਹੋਵਾ ॥ ਬਿਨਾ ਭਨੇ ਸਭ ਗੁਰ ਨੇ ਜੋਵਾ ॥
ਪਾਨ ਜੋਰੁ ਕਰੁ ਗਿਰਾ ਅਲਾਈ ॥ ਅਰਜੀ ਸੁਨੀਏ ਗੁਰ ਸੁਖਦਾਈ ॥1210॥
ਜੋਗੀ ਰੀਤ ਕਰ ਮਯਾ ਬਤਾਵੋ ॥ ਦਾਸ ਜੋਨੁ ਸੁਭ ਮਾਰਗ ਪਾਵੋ ॥
ਇਕ ਜੋਗੀ ਨੇ ਜੋਗੁ ਬਤਾਵਾ ॥ ਬਿਨਾ ਜੋਗੁ ਹੈ ਸਭ ਨਿਫਲਾਵਾ ॥1211॥

॥ ਦੋਹਰਾ ॥

ਚੰਦ ਬਦਨੁ [1]ਤਬ ਕਹਤ ਭੇ ਕਾਮ ਆਦਿ ਬਡ ਬੀਰ ॥
ਜਬ ਇਹੁ ਪਾਵੈ ਜੋਰੁ ਅਤਿ ਰਹਨਿ ਨ ਦੇਵੈ ਧੀਰ ॥1212॥

॥ ਚੌਪਈ ॥

ਸੁਨ ਕਰ ਤਿਸ ਨੇ ਚਰਨ ਗਹਾਨੇ ॥ ਭਵ ਤੇ ਪਾਰ ਕਰੋ ਸੁਰ ਗਯਾਨੇ ॥
ਤਿਸ ਪ੍ਰਤਿ ਸ੍ਰੀ ਗੁਰ ਬਚੰਨੁ ਅਲਾਵਾ ॥ ਕਰੋ ਜੋਗ ਗੁਰ ਨਾਨਕ ਗਾਵਾ ॥1213॥

॥ ਤਥਾ ਬਾਕੰ ॥

ਜਾ ਬੋਲੇ ਤਾ ਬ੍ਰਹਮ ਗਿਆਨੁ ॥ ਅਹਿਨਿਸ ਜਾਗੈ ਰਹੈ ਧਿਆਨੁ ॥
ਸੁੰਨਿ ਮੰਡਲੁ ਮਹਿ ਡੋਰੀ ਧਰੈ ॥ ਗੁਰ ਪ੍ਰਸਾਦੀ ਕਦੇ ਨ ਮਰੈ ॥
ਇਨੁ ਬਿਧਿ ਕੀਜੈ ਗੁਰ ਕੀ ਸੇਵਾ ॥ ਤਾ ਕਉ ਬੰਦਹਿ ਸਗਲੇ ਦੇਵਾ ॥
ਜਿਹਬਾ ਭੇਦੁ ਨ ਦੇਈ ਦਖਣਾ ॥ ਨਾਨਕ ਕਹੈ ਜੋਗੁ ਕੇ ਲਖਣਾ ॥1214॥

॥ ਚੌਪਈ ॥

ਅਸ ਪ੍ਰਕਾਰ ਕਾ ਜੋਗੁ ਕਮਾਵੋ ॥ ਵਾਹਿਗੁਰੂ ਬਿਨ ਅਵਰੁ ਨ ਗਾਵੋ ॥
ਸੁਨ ਗੁਰਬਾਨੀ ਹੋਵਾ ਮਗਨਾ ॥ ਗੁਰ ਪਦ ਨੀਰਜ ਲੈਾਗੀ ਲਗਾਂਨਾ ॥1215॥
ਦਯਾ ਦ੍ਰਿਸਟਿ ਸ੍ਰੀ ਗੁਰੂ ਨਿਹਾਰੀ ॥ ਜਗਤ ਸਿੰਘ ਤੇ ਕੀਨੋ ਪਾਰੀ ॥
ਜੁਗਮ ਡੰਡ ਭਰ ਲਗੀ ਸਮਾਧੂ ॥ ਜਨਮ ਮਰਨ ਕੀ ਛੁਟੀ ਬਯਾਧੂ ॥1216॥
ਲੇਕਰ ਆਇਸੁ ਭਵਨੁ ਸਿਧਾਯੋ ॥ ਸਤ੍ਗੁਰ ਮਯਾ ਪਰਮ ਪਦ ਪਾਯੋ ॥
ਇਕ ਦਿਨ ਸੰਗਤਿ ਦਰਸ਼ਨੁ ਆਈ ॥ ਧਰੀ ਉਪਾਇਨ ਬੰਦਨ ਗਾਈ ॥1217॥

(ਭਾਈ ਬ੍ਾਲੂ ਦੀ ਕ਼ਥਾ)

ਭਾਈ ਬਲੂ ਤੇ ਗੁਰ ਪੂਛਾ ॥ ਕਹਾ ਰਹੁਤ ਹੈ ਇਹ ਮਤ ਸੂਛਾ ॥
ਭਾਈ ਕਹਯੋ ਮਮ ਵਤਨੀ ਆਏ ॥ ਸੁਨ ਕਰ ਸ੍ਰੀ ਗੁਰ ਬੈਨ ਅਲਾਏ ॥1218॥

---

1. ਅ ਪੋਥੀ ਕਰੁਣਾਨਿਧਿ ;

॥ ਦੋਹਰਾ ॥

ਇਹ ਤੁਮਰੋ ਹੈ ਦੇਸ ਨਹਿ ਦੇਸ ਤੁਮਾਰੋ ਔਰੁ ॥
ਸੁਨ ਕਰ ਭਾਈ ਬਚ ਕਹਯੋ ਸਮਝਾਵੋ ਗੁਰ ਮੋਰ ॥1219॥

॥ ਚੌਪਈ ॥

ਸੁਨ ਭਾਈ ਤਵ ਦੇਉ ਸਮਝਾਇ ॥ ਜਿਹ ਸਮਝੇ ਤਵ ਸਹਸਾ ਜਾਇ ॥
ਸਰਬ ਜਗਤੁ ਕੋ ਮਿਥਿਆ ਮਾਨੋ ॥ ਏਕ ਪ੍ਰਮਾਤਮ ਬਤ ਪ੍ਰਮਾਨੋ ॥1220॥
ਸੁਨ ਕਰ ਭਾਈ ਗਿਰਾ ਅਲਾਈ ॥ ਜਾਸ ਨੇਰ ਮਨ ਬੁਧਿ ਨਹਿ ਜਾਈ ॥
ਬੇਦ ਪੁਰਾਨ ਜਾਸ ਨਿਤੁ ਗਾਵੈ ॥ ਨੇਤ ਨੇਤ ਕਰ ਨੇਤ ਬਤਾਵੈ ॥1221॥
ਸੋ ਅਤਿ ਕਠਿਨ ਲਖਯੋ ਨਹਿ ਜਾਵੈ ॥ ਤਾਂਹਿ ਨ ਚਖੁਯ ਪਾਦ ਸਰੁਤਿ ਗਾਵੈ ॥
[1]ਕਰਿ ਕਿਰਪਾ ਗੁਰੂ[1] ਬਤਾਵੋ ਓਊ ॥ ਜਾਂਤੇ ਬਿਦਤ ਅਗੁਨ ਮੁਝ ਹੋਊ ॥1222॥
ਕਹਯੋ ਹਜੂਰ ਸੁਨੋ ਤੁਮ ਭਾਈ ॥ ਸੰਸਾ ਤੁਮਰਾ ਦੇਉ ਉਠਾਈ ॥
ਏਕ ਅਵਿਦ੍ਯਾ ਨਾਸ ਕਰੀਜੈ ॥ ਹੈ ਦੁਖਦਾਈ ਮਨੀ ਲਖੀਜੈ ॥1223॥

॥ ਦੋਹਰਾ ॥

ਮਿਲਯੋ ਅਵਿਦਿਯਾ ਜੀਵ ਹੈ ਮਾਯਾ ਮਿਲਯੁ ਸੁ ਈਸ ॥
ਜੋਊ ਪ੍ਰਕਾਸਕ ਦੋਹੂਨ ਕੋ ਸਾਖੀ ਬਿਸਵੇ ਬੀਸ ॥1224॥
ਜਗ ਅਭਿਮਾਨੀ ਈਨ ਹੈ ਜੀਵਨ ਪਿੰਡ ਕੋ ਜਾਨ ॥
ਬ੍ਰਹਮੰਡ ਪਿਡੂੰ ਮਾਨ ਨਹਿ ਸਾਖੀ ਸੋ ਪਰਮਾਨ ॥1225॥

॥ ਚੌਪਈ ॥

ਮੁਕਤਿ ਰੂਪ ਸੋ ਈਸ੍ਵਰ ਕਹੀਯੈ ॥ ਸਰੂਪਾ ਵਰਣ ਤਾਹਿ ਨਹਿ ਲਹੀਯੈ ॥
ਬੰਧ ਰੂਪ ਸੋ ਜੀਵਹਿ ਜਾਨੋ ॥ ਸਰੂਪਾ ਵਰਣ ਤਾਂਹਿ ਪਰਮਾਨੋ ॥1129॥
ਮੁਕਤਿ ਬੰਧ ਜੀਵ ਹੀ ਗਾਯੋ ॥ ਕੇਵਿ ਦਹੁ ਬਹੁ ਭਾਂਤ ਸੁਨਾਯੋ ॥
ਦੇਹੁ ਮਾਨ ਆਤਮ ਤਬ ਬੰਧਾ ॥ ਪਾਪ ਪੁੰਨ ਆਪਨ ਧਰ ਕੰਧਾ ॥1327॥
ਪੂਰਬ ਭਾਗ ਗੁਰੂ ਜਬ ਮਿਲਿਓ ॥ ਤਬ ਯਹਿ ਜੀਵ ਸਰੂਪ ਹਭਿ ਲਓ ॥
ਸਚਿਦਾਨੰਦ ਬ੍ਰਹਮ ਯੌਂ ਜਾਨਯੋ ॥ ਦੇਹ ਦਰਪ ਤਿਨ ਸਰਲਾ ਭਾਨਯੋ ॥1228॥

॥ ਸ੍ਵੈਯਾ ॥

ਬੋਧ ਸਰੂਪ ਅਖੰਡਤ ਭਯੋ ਅਤਿ ਪਾਵਨ ਬ੍ਰਹਮ ਸਦਾ ਜਗ ਮਾਂਹੀ ॥
ਸਤ੍ਯ ਸਰੂਪ ਅਨੂਪ ਕਹੈਂ ਸਰੁਤਿ ਸਿਮ੍ਰਿਤਿ ਗਾਵਤੁ ਆਨੰਦ ਤਾਹੀ ॥
ਸੋਊ ਪ੍ਰਕਾਸਕ ਸਾਖੀ ਕਹਯੋ ਅਰੁ ਸਾਂਖ ਕੋ ਭੇਦ ਤਹਾਂ ਕੋਊ ਨਾਹੀ ॥
ਜਊ ਸ੍ਰੀ ਬ੍ਰਹਮੁ ਪ੍ਰਸਾਰਤ ਕੋ ਵਿਦ ਬ੍ਰਹਮ ਭਯੋ ਸੋ ਆਨ ਹੀ ਨਾਹੀ ॥1229॥

॥ ਦੋਹਰਾ ॥

ਅਖੰਡ ਅਛੇਦੁ ਅਭੇਦੁ ਹੈ ਅਬਿਨਾਸੀ ਸੋ ਦੇਵ ॥
ਅਚਲ ਅਗ੍ਰਾਹਯ ਅਦਾਹਯ ਹੈ ਸਦਹੂ ਅਲਖ ਅਭੇਦ ॥1230॥

---

1. ਅ ਪੋਥੀ ਪਾਠਾਂਤਰ: ਗੁਰ ਕਰ ਕਿਰਪਾ

॥ ਚੌਪਈ ॥

ਇਸ ਕੋ[1] ਮਨ ਮੈ ਧਾਰਨ ਕੀਜੈ ॥ ਬਿਨੁ ਅਧਕਾਰ ਨ ਕਿਸੈ ਕਹੀਜੈ ॥
ਗੁਰਬਾਨੀ ਬਿਨੁ ਔਰੁ ਨ ਜਾਨੋ ॥ ਵਾਹਿਗੁਰੂ ਸਦ ਰਸਨ ਬਖਾਨੋ ॥1232॥
ਸੁਨ ਕਰ ਭਾਈ ਸੀਸ ਨਿਵਾਵਾ ॥ ਲੇ ਸੰਗਤ ਧਰਮਸਾਲੁ ਸਿਧਾਵਾ ॥
ਇੱਕ ਦਿਨਾ ਗੁਰ ਚਢੇ ਸਿਕਾਰਾ ॥ ਖਗੰ ਸੂਕਰ ਮਾਰੇ ਭਵ ਪਾਰਾ ॥1233॥

(ਟਾਲੀ ਕੱਟਣ ਦੀ ਕਥਾ)

ਕੁਟਲਹਿੜਿ ਓਰ ਫਿਰਤ ਗੁਰ ਗਏ ॥ ਟਾਲੀ ਏਕ ਵਡ ਦੇਖਤ ਭਏ ॥
ਹੁਕਮ ਦੀਯੋ ਇਸ ਕਾਟ ਲਿਯਾਵੋ ॥ ਫਟੁ[2] ਚੌਕਾਟਾ ਚੀਰ ਬਨਾਵੋ ॥1234॥
ਆਪ ਗੁਰੂ ਉਨੇ ਮੋ ਆਏ ॥ ਪਾਛੇ ਟਾਲੀ ਲੀਨ ਗਿਰਾਏ ॥
ਏਕ ਫਕੀਰ ਸੁ ਤਹਾਂ ਰਹਾਈ ॥ ਕਹਿਤ ਭਯੋ ਨਹਿ ਕਾਟੋ ਭਾਈ ॥1235॥

॥ ਦੋਹਰਾ ॥

ਤਿਨੋ ਬਾਤ ਮਾਨੀ ਨਹੀ ਆਯੋ ਦੌਰ ਹਜੂਰ ॥
ਹਾਥ ਜੋਰ ਬਿਨਤੀ ਭਨੀ ਕਾਟੋ ਮਮ ਦੁਖ ਭੂਰ ॥1236॥

। ਚੌਪਈ ।

ਕਹਯੋ ਹਜੂਰ ਕੌਨ ਤੁਮ ਬਿਨਤੀ ॥ ਦੇਹੁ ਸੁਨਾਇ ਤਿਯਾਗੋ ਗਨਤੀ ॥
ਕਹਯੋ ਸਾਧ ਸੁਨੋ ਸੁਖਦਾਈ ॥ ਟਾਲੀ ਹਮਰੀ ਕਾਟ ਗਿਰਾਈ ॥1237॥
ਸੀਤਲ ਛਾਯਾ ਥੀ ਤਿਸ ਕੇਰੀ ॥ ਮੈ ਸੁਖ ਪਾਵਤ ਤਿਸ ਕੋ ਹੇਰੀ ॥
ਸੁਨ ਸਾਧੂ ਕੀ ਗਿਰਾ ਸੁਆਮੀ ॥ ਅਮੀ ਸਮਾਨ ਕਹੀ ਤਬ ਬਾਨੀ ॥1238॥
ਥੋੜੇ ਦਿਨ ਟਾਲੀ ਬਹੁ ਹੋਵੈ ॥ ਤਿਸ ਕੀ ਛਾਯਾ ਸੁਖ ਸੋ ਸੋਵੈ ॥
ਦਮੜੇ ਦਸ ਦੀਨੇ ਗੁਰ ਪੂਰੇ ॥ ਲੇ ਕਰ ਗਮਨਾ ਮਿਟੇ ਵਿਸੂਰੇ ॥1739॥

(ਅਮਰ ਸਿੰਘ ਦੀ ਕਥਾ)

ਅਮਰ ਸਿੰਘ ਇਕ ਰਹਿਤ ਹਜੂਰ ॥ ਗੁਰ ਸੇਵਾ ਮੋ ਸਰਧਾ ਭੂਰ ॥
ਗੁਰੂ ਤਬੇਲੇ ਓਰ ਪਧਾਰਾ ॥ ਦੇਖ ਅਸੂ ਮਨ ਮੋ ਹਰਖਾਰਾ ॥1240॥

॥ ਦੋਹਰਾ ॥

ਕੋਤਲ ਚਾਰ ਤਨ ਪੁਸਟ ਜਹ ਕਲਾਧਾਰੀ ਕੇ ਸੋਇ ॥
ਤਿਨ ਨਜੀਕ ਹੁਇ ਅਮਰ ਹਰਿ ਦੇਖਤ ਹਰਖਤ ਹੋਇ ॥1241॥
ਮਾਰ ਦੁਲਤਾ ਅਸੂ ਨੇ ਲੀਨੋ ਤਲੇ ਗਿਰਾਇ ॥
ਪ੍ਰਾਣ ਗਏ ਤਤੁ ਖਿਣ ਤਿਸੇ ਰੰਚ ਨ ਰਹਣਾ ਪਾਇ ॥1242॥

---

1. ਅ ਪੋਥੀ ਕੌ
2. ਅ ਪੋਥੀ ਪਟੁ

॥ ਹਾਕਲ ਛੰਦ ॥

ਸਿਖ ਦੌਰਾ ਗੁਰ ਪਹਿ ਆਵ੍ਾ ॥ ਕਰ ਜੋਹ ਕਰ੍ਹ ਬੈਨ ਸੁਨਾਵਾ ॥
ਸਿਖ ਅਮਰ ਸਿੰਘ ਥਾ ਜੌਈ ॥ ਲਾਗ ਦੁਲਤਾ ਮਰ ਗਾ ਸੋਈ ॥1243॥
ਸੁਨ ਕਰੁ ਸ੍ਰੀ ਗੁਰ ਗਿਰਾ ਅਲਾਈ ॥ ਨਹਿ ਮੂਆ [1]ਜੀਵਤ ਹੈ ਭਾਈ ॥
ਫਿਰ ਸਿਖ ਨੇ ਅਰਜੀ ਕੀਨੀ ॥ ਵਹੁ ਮੂਆ ਨਿਸਚੇ ਕਰ ਚੀਨੀ ॥1244॥
ਤਹਾਂ ਆਪ ਗੁਰੂ ਚਲ ਆਏ ॥ ਸਿੱਖ ਜਾਂਗੇ ਹੈਂ ਭਾਗ ਸਵਾਏ ॥
ਹੁਇ ਨੇੜੇ ਕਰ ਪਾਦ ਛੁਹਾਵੋ ॥ ਗੁਰ ਵਾਹਿਗੁਰੂ ਮੁਖ ਗਾਵੋ ॥1245॥
ਜਬ ਪਾਦ ਛੁਯੋ ਹੈ ਤਾਹੀ ॥ ਉਠ ਬੈਠਾ ਸਿਖ ਦੇਰ ਬਿਹਾਈ ॥
ਗੁਰ ਕ੍ਰਿਪਾ ਦ੍ਰਿਸਟਿ ਨਿਹਾਰੀ ॥ ਭਾ ਮਗਨੰ ਬਿਨਾ ਅਵਾਰੀ ॥1246॥

॥ ਦੋਹਰਾ ॥

ਮਯਾ ਕਰੀ ਸ੍ਰੀ ਸਤਿਗੁਰੂ ਕੀਨੋ ਭਵ ਤੇ ਪਾਰ ॥
ਹੋਇ ਮਗਨ ਬਿਚਰਨ ਲਗਾ ਵਾਹਗੁਰੂ ਰਿਦੇ ਧਾਰ ॥1247॥

॥ ਚੌਪਈ ॥

ਦਿਵਾਨ ਸਮੇ ਨਿਤ ਹੀ ਚਲ ਆਵੈ ॥ ਪਨਹੀ ਝਾੜੇ ਰਜ ਮੁਖ ਲਾਵੇ ॥
ਰਹੇ ਨਗਨ ਚੀਰ ਸੁਧ ਨਾਹੀ ॥ ਵਾਹਿਗੁਰੂ ਬਿਨੁ ਔਰ ਨ ਚਾਹੀ ॥1248॥
ਕਾਲ ਸ੍ਰਿੰਗੀ ਮੇ ਸਿਵਰ ਲਗਾਵਾ ॥ ਗੁਰ ਕਿਰਪਾ ਤੇ ਉਚ ਪਦ ਪਾਵਾ ॥
ਹਰਖੁ ਸੋਗੁ ਤੇ ਭਯਾ ਨਿਯਾਰਾ ॥ ਕਾਮਾਦਿਕ ਤੇ ਹੋਵੋ ਪਾਰਾ ॥1249॥
ਕਬੀ ਕਬੀ ਚਲ ਦਰਸਨੁ ਆਵੈ ॥ ਜੋੜੇ ਝਾੜੇ ਹਟਿ ਕਰਿ ਆਵੈ ॥
ਜੇ ਕੋ ਅਸਨੰ ਜਾਇ ਖਵਾਈ ॥ ਲੇਵੇ ਖਾਇ ਨ ਮਸਤ ਰਹਾਈ ॥1250॥
ਸਤਿਗੁਰ ਗਾਥਾ ਅੰਮ੍ਰਿਤ ਭਰੀ ॥ ਮਨੋ ਪਰੋਈ ਮੋਤਿਨ ਲਰੀ ॥
ਗੁਰ ਸਿਖਨ ਕੇ ਯੋਗ ਬਨਾਈ ॥ ਜਿਨ ਕੋ ਸਰਧਾ ਗੁਰ ਪਰ ਆਈ ॥1251॥
ਸ੍ਰੀ ਗੰਗਾ ਵਧ ਅਤਸੇ ਪਾਵਨਿ ॥ ਜਨਮ ਜਨਮ ਕੇ ਸੋਕ ਨਸਾਵਨਿ ॥
ਚਾਰ ਪਦਾਰਥ ਕੀ ਦਾਤਾਰਾ ॥ ਜੋ ਸੁਨਹੈ ਅਤਸੇ ਹਿਤ ਧਾਰਾ ॥1252॥
ਕਹੇ ਸੁਨੇ ਸਮਝੇ ਮਨੁ ਲਾਈ ॥ ਸਫਲ ਜਨਮ ਹੋਵੈ ਤਿਸੁ ਭਾਈ ॥
ਗੁਰ ਕੁਲ ਭੂਖਨ ਕਰੈ ਸਹਾਇ ॥ ਕਾਜੰ ਨ ਕੋ ਤਿਸ ਬਿਗਰਨ ਪਾਏ ॥1253॥

॥ ਦੋਹਰਾ ॥

ਕਠਨ ਕਾਲ ਕਲਯੁਗ ਭਯੋ ਜਪੁ ਤਪੁ ਬ੍ਰਿਤਿ ਨਹਿ ਹੋਇ ॥
ਮੁਕਤਿ ਦ੍ਵਾਰਾ ਸਤਨਾਮੁ ਹੈ ਸਿਮਰੇ ਸਿਖ ਜੂ ਕੋਇ ॥1254॥
ਮਨ ਗੁਰ ਪਦਮੋ ਪ੍ਰੀਤ ਕਰ ਤਯਾਗੋ ਕਪਟ ਜੰਜਾਲ ॥
ਭਕਤਿ ਮਿਲੇ ਅਨੁਪਾਇਨੀ ਬਹੁਰਿ ਨ ਖਾਈ ਕਾਲ ॥1255॥

---

1. ਅ ਪੋਥੀ ਵਹੁ

ਦੇਵ ਚਹਿਤ ਇਸ ਦੇਹ ਕੌ ਕਰ ਸ਼ਫਲੀ ਇਸ ਬਾਰ ॥
ਵਾਹਿਗੁਰੂ ਸਿਮਰਨ ਕਰੋ ਹੋਵੈ ਭਵ ਤੇ ਪਾਰ ॥1256॥
ਛਟਮ ਧਿਆਇ ਪੂਰਨ ਕ਼ਰਾ ਸ੍ਰੀ ਗੁਰ ਕੇ ਪਰਸਾਇ ॥
ਲਿਖੇ ਪੜੇ ਜੋ ਪ੍ਰੀਤ ਕਰਿ ਹੋਵੈ ਨਸਟ ਭ੍ਰਮ ਆਦਿ ॥1257॥
ਵਿਰਤ ਵਵੇਕ ਧੀਰਜ ਧਰਮੁ ਜਿਨ ਮੋ ਸਦਾ ਰਹਾਇ ॥
ਐਸੇ ਗੁਰ ਗੁਰਦਿਤ ਚੰਦ ਸੋਭਾ ਸੇਵਕ ਤਾਇ ॥1258॥
[1]ਇਤ ਸ੍ਰੀ ਗੁਰ ਬਿਲਾਸੇ ਸ੍ਰੀ ਗੁਰ ਸਾਹਿਬੁ ਸਿੰਘ ਜੀ
ਕੋ ਨਾਮੋ ਖਸਟਮੋ ਧਿਆਇ ਸਮਾਪਤੰ ॥ ਮਸਤ ਸੁਭ ਮਸਤੁ ॥6॥1॥[1]

ਅ ਪੋਥੀ ਇਤ ਸ੍ਰੀ ਗੁਰ ਬਿਲਾਸ ਸੋਭਾ ਰਾਮ ਬਿਚਰਤੇ ਸ੍ਰੀ ਗੁਰ ਸ਼ਾਹਿਬੋ ਸਿੰਘ ਜੀ ਕੋ ਤੈਗੂ ਸਿੰਘ ਵਿਆਹਿ ਵਰਨਨੰ ਨਾਮੂ ਖਸਟਮੋ ਧਿਆਇ ਸਮਾਧਤੰ ਮੁਸਤ ਸੁਭ ਮਸਤੁ ॥੬॥੧॥੧॥

## ਅਧਿਆਇ ਸੱਤਵਾਂ

੧ਓ ਸਤਿਗੁਰ ਪ੍ਰਸਾਦਿ

(ਮੰਗਲਾਚਰਣ)

॥ ਦੋਹਰਾ ॥

ਸ੍ਰੀ ਬੇਦੀਸ ਪ੍ਰਣਾਮ ਮਮ ਗੁਰ ਨਾਨਕ ਸੁਖ ਧਾਮ ॥
ਕਲ ਕੇ ਜੀਵ ਉਧਾਰ ਹਿਤ ਦੀਨ ਨਾਮ ਸਤਿਨਾਮ ॥1॥
ਗੁਰ ਅੰਗਦੁ ਸਮਰਥ ਭੇ ਆਪਨਿ ਆਪ ਦੁਰਾਇ ॥
ਸਤਿਗੁਰ ਸੇਵਾ ਅਸ ਕਰੀ ਗੁਰਤਾ ਦੀ ਬਿਗਸਾਇ ॥2॥
ਅਮਰਦਾਸ ਅਮ੍ਰਿਤੁ ਭਏ ਅਮਰ ਕਰੇ ਸਿਖ ਜਾਇ ॥
ਦਰਸ ਪਰਸ ਜਿਨ ਨੇ ਕਰਾ ਜਨਮ ਮਰਨ ਤਿਨ ਘਾਇ ॥3॥
ਰਾਮ ਦਾਸ ਸ੍ਰੀ ਸਤਿਗੁਰੂ ਕਲ ਮੇ ਰਾਮ ਵਤਾਰ ॥
ਸ੍ਰੀ ਦਰਬਾਰ ਰਚਨਾ ਰਚੀ ਜੋ ਦਰਸੇ ਅਘ ਜਾਰ ॥4॥
ਗੁਰ ਅਰਜਨ ਅਰਜੋ[1] ਸੁਨੋ ਕੀਜੇ ਭਵ ਤੇ ਪਾਰਿ ॥
ਸੋਢਿ ਵੰਸੁ ਸਿਰਮੋਰ ਤੁਮ ਗੁਣਾਗਾਰ ਸੁਖਕਾਰ ॥5॥
ਸਾਹਿਬ ਹਰਿ ਗੋਬਿੰਦੁ ਕੋ ਨਮੋ ਸਰਬਦਾ ਹੋਇ ॥
ਜੁਗ ਖੰਡੇ ਗਰ ਮੇ ਧਰੇ ਤੁਰਕਨ ਕੁਲ ਦੀ [2]ਖੋਇ ॥6॥
ਹਰੀ ਰਾਇ ਹਰਿ ਰੂਪ ਤੇ [3]ਹਰਿ ਕ੍ਰਿਸਨ ਕ੍ਰਿਸਨ ਸਰੂਪ ॥
ਤੇਗ ਬਹਾਦਰ ਧਰਮ ਧੁਜ ਸੀਸ ਦੀਯੋ ਕਰ ਚੂਪ ॥7॥
ਕਲਗੀਧਰ ਸਵਤਾ ਭਯੋ ਯਮਨ ਕੁਮਦ ਭੇ ਨਾਸ ॥
ਸੋਇ ਰੂਪ ਪ੍ਰਗਟੇ ਜਗਤ ਸਾਹਿਬ ਸਿੰਘ ਗੁਣ ਰਾਸ ॥8॥
ਸਾਹਿਬ ਸਾਹਿਬ ਸਿੰਘ ਜੀ ਧਰਮ ਧੁਜਾ ਜਗ ਪੀਰ ॥
ਸੋਭਾ ਸੇਵਕੁ ਜਾਨ ਕੇ ਹਰੋ ਜਗਤੁ ਕੀ ਪੀਰ ॥9॥
ਕਾਮ ਆਦਿ ਕੋ ਦੂਰਿ ਕਰ ਸਾਂਤ ਆਦਿ ਰਿਦ ਬਾਸ ॥
ਅਸ ਭਾਈ ਗੁਰਦਿਤ ਚੰਦੁ ਸੋਭਾ ਸੇਵਕ ਤਾਸ ॥10॥
ਧਯਾਇ ਕਥੋ ਅਬ ਸਪਤਮੋ ਸਤਿਗੁਰ ਚਰਨ ਮਨਾਇ ॥
ਹਮਰੇ ਮੋ [4]ਕੁਛੁ ਬਲੁ ਨਹੀ ਕੀਜੇ ਆਪੁ ਸਹਾਇ ॥11॥
ਭਾਈ ਤੇਜਾ ਸਿੰਘ ਕਹਯੋ ਸੁਨ ਭਾਈ ਮਤ ਧੀਰ ॥
ਸੁਨੋ ਗਾਥ ਸੁਖਦਾਇਨੀ ਜੋ ਹਰਤੀ ਭਵ ਪੀਰ ॥12॥

---

1. ਅ ਪੋਥੀ ਜੋ 2. ਅ ਪੋਥੀ ਦੀਯੋ 3. ਅ ਪੋਥੀ ਭਯੋ 4. ਅ ਪੋਥੀ ਮਣ ਮੋ

(ਮਹਾਂ ਸਿੰਘ ਦੀ ਸਾਖੀ)

॥ ਚੌਪਈ ॥

ਦਿਵਾਨ ਸੁ ਖਾਨੇ ਗੁਰੂ ਬਿਰਾਜੇ ॥ ਸਿਖ ਸਾਧ ਚੌਗਿਰਦੇ ਛਾਜੇ ॥
ਚੰਦ ਬਦਨੁ ਤੇ ਗਿਰਾ ਅਲਾਈ ॥ ਹੈ ਚੀਨਾ ਸਿਖ ਭੇਟ ਪਠਾਈ[1] ॥13॥
ਮਹਾਂ ਸਿੰਘ ਰਹਿ ਪੋਠੋਵਾਰ ॥ ਗੁਰ ਸੇਵਾ ਮੈ ਜਿਸ ਕਾ ਪਯਾਰ ॥
ਦਿਵਸ ਤੀਸਰੇ ਘੋੜਾ ਆਯੋ ॥ ਲਯਾਵਣਹਾਰੇ ਸੀਸ ਨਿਵਾਯੋ ॥14॥
ਸ੍ਰੀ ਕਮਲਾਨਨ ਪੂਛਨ ਕੀਨਾ ॥ ਅਸ੍ਵ ਪਠਾਵਾ ਕਿਸ ਪਰਬੀਨਾ ॥
ਹਾਥ ਜੋਰ ਤਿਸੁ ਅਰਜੀ ਗਾਈ ॥ ਮਹਾਂ ਸਿੰਘ ਜੀ ਗੁਰ ਸੁਖਦਾਈ ॥15॥
ਗੁਰਬਾਨੀ ਸਭ ਕੇ ਮਨ ਭਾਨੀ ॥ ਕਹੈ ਗੁਰੂ ਨਹਿ ਹੋਵੈ ਹਾਨੀ ॥
ਮਾਲਵ ਮੈ ਇਕ ਸਿਖ ਰਹਾਈ ॥ ਬਿਨਾ ਪੂਤ ਅਤਸੇ ਦੁਖ ਪਾਈ ॥16॥
ਗੁਰ ਕੀ ਸੁਖਨਾ ਕਰੀ ਬਨਾਇ ॥ ਪਾਂਚ ਮੁਹਰ ਦਿਓ ਭੇਟ ਚੜ੍ਹਾਇ ॥
ਜਨਮ ਪੂਤ ਸੁਭ ਲਿਯੋ ਬਿਹਾਈ ॥ ਪੂਤ ਨੁਖਾ ਲੈ ਗੁਰ ਪਹਿ ਜਾਈ ॥17॥
ਬਰਸ ਮਾਂਝ ਸੁਭ ਸੁਤ ਗ੍ਰਹ ਹੋਵਾ ॥ ਪਾਲਾ ਪੋਖਾ ਬ੍ਰਧਤ ਜੋਵਾ ॥
ਬਯਾਹਿ ਕਰਾਵਾ ਮਨ ਹਰਖਾਈ ॥ ਊਨੇ[2] ਆਏ ਦਰਸਨ ਤਾਂਈ ॥18॥

॥ ਦੋਹਰਾ ॥

ਦਿਵਾਨ ਮਧੁ ਆਵਤ ਭਏ ਨਮੋ ਕਰੀ ਮਨੁ ਲਾਇ ॥
ਚਤੁਰਥੁ ਮੋਹਰਾ ਭੇਟਾ ਧਰ ਪੰਚਵ ਲੀਨ ਦੁਰਾਇ ॥19॥

॥ ਚੌਪਈ ॥

ਉਠ ਬੈਠੇ ਸ੍ਰੀ ਗੁਰ ਸੁਖਦਾਈ ॥ ਦੂਨਾ ਸਿੰਘ ਪ੍ਰਤਿ ਗਿਰਾ ਅਲਾਈ ॥
ਬਨੇ ਕਾਮ ਤਬ ਹੋਵੈ ਦੀਨਾ ॥ ਸੁਖੇ ਸੁਖਨਾ ਹੋਇ ਅਧੀਨਾ ॥20॥
ਜਬ ਕਾਰਜ ਤਿਨ ਪੂਰਾ ਹੋਈ ॥ ਸੁਖਨਾ ਸੁਖੀ ਨ ਦੇਵੈ ਕੋਈ ॥
ਸੁਨ ਕਰ ਸਿਖੁ ਮਨ ਬਹੁ ਸਰਮਾਵਾ ॥ ਮੁਹਰਾ ਧਰੀ ਅਤਸੇ ਪਛਤਾਵਾ ॥21॥
ਮੈ ਭੂਲਾ ਬਖਸ਼ੋ ਸੁਖਦਾਈ ॥ ਫੇਰ ਨ ਐਸੇ ਕਰੋ ਕਦਾਈ ॥
ਸ੍ਰੀ ਕਮਲਾਨਨ ਬੈਨ ਬਖ਼ਾਨਾ ॥ ਮੋਹਰ ਲੋੜ ਮਮ ਨਾਹਿ ਸੁਜਾਨਾ ॥22॥

॥ ਦੋਹਰਾ ॥

ਹਮ ਨ ਜਨਾਵਤ ਜਬ ਤੁਮੈ ਕੋਰਤਾ ਨਿੰਦ ਬਖਾਨੁ ॥
ਗੁਰ ਨਿੰਦਾ ਦੁਖਦਾਇਨੀ ਅਤਿਤੇ ਅਧਿਕ ਪਛਾਨੋ ॥23॥

॥ ਚੌਪਈ ॥

ਜਾਵੋ ਸਿਵਰ ਲਗਵਾਨ ਕੀਜੈ ॥ ਛਕੁ ਪ੍ਰਸਾਦਿ ਸੁਖ ਸਾਥ ਰਹੀਜੈ ॥
ਤੀਨ ਨਿਸਾ ਗੁਰ ਪਾਸ ਰਹਾਵਾ[3] ॥ ਲੇ ਸਿਰਪਾਇ ਸੁ ਭਵਨ ਸਿਧਾਵਾ[4] ॥24॥
ਗੁਰ ਸੁਭ ਕੀਰਤ ਕਰੈ ਬਨਾਈ ॥ ਨੈਨੋ ਦੇਖੀ ਬਿਲਮੁ ਨ ਗਈ ॥
ਜਲੰਧਰ ਮੋ ਮਹਾ ਸਿੰਘ ਰਹਾਵੈ ॥ ਗੁਰ ਦਰਸਨ ਕੀ ਇਛ ਧਰਾਵੈ ॥25॥

---

1. ਅ ਪੋਥੀ ਪਠਾ ਆਯੋ 2 ਅ ਪੋਥੀ ਊਨੇਪੁਰ 3. ਅ ਪੋਥੀ ਰਹਾਨਾ 4. ਏ ਪੋਥੀ ਸਿਧਾਨਾ

ਆਵਾ ਊਨੇ ਮਨੁ ਧਰੁ ਭਾਊ ॥ ਧਰੀ ਉਪਾਇਨ ਸੀਸ ਨਿਵਾਊ ॥
ਕਰੀ ਮਯਾ ਗੁਰ ਸਿਵਰ ਕਰਾਂਵਾ ॥ ਪਾਹੁਲ ਲੇਵੋਂ ਮਨ ਉਮਗਾਵਾ ॥26॥
ਹਾਥ ਜੋਰੁ ਕਰੁ ਅਰਜਿ ਬਖਾਨੀ ॥ ਪਾਹੁਲ ਲੇਵੋਂ[1] ਸੁਖਮਾ ਖਾਨੀ ॥
ਸ੍ਰੀ ਕਮਲਾਨਨ ਬੇਚਨੁ ਬਖਾਨਾ ॥ ਔਰ ਲੇਤ ਲਯੋ ਸਾਥ ਸੁਜਾਨਾ ॥27॥
ਹਾਥ ਜੋੜ ਕਰੁ ਜਬੈ ਖੜੋਵਾ ॥ ਮਨ ਮੈ ਤਿਸ ਕੇ ਸੰਸਾ ਹੋਵਾ ॥
ਸਰਬੰ ਸਾਥ ਕਿਮ ਛਕੋ ਕਰਾਇ ॥ ਜੁਦਾ ਦਿਵਾਵੋਂ ਗੁਰ ਸੁਖਦਾਇ ॥28॥

॥ ਦੋਹਰਾ ॥

ਅਸ ਫੁਰਨਾ ਜਬ ਮਨ ਭਯੋ ਅੰਤਰਜਾਮੀ ਜਾਨ ॥
ਬਚਨੁ ਕਹਯੋ ਮਹਾਂ ਸਿੰਘ ਸੁਨ ਸਭ ਅਪਨੇ ਤੁਲ ਮਾਨ ॥29॥

॥ ਚੌਪਈ ॥

ਜਾਤ ਪਾਤ ਤਬ ਲੋ ਦ੍ਰਿਸਟਾਵੈ ॥ ਜਬ ਲਗ ਗੁਰ ਕੀ ਸਰਨ ਨ ਆਵੈ ॥
ਨਾਰਾ ਅੰਪ੍ਰਗਾ ਤਬ ਲਗ ਆਹੀ ॥ ਬੀਚ ਗੰਗ ਨਹਿ ਗਯੋ ਸਮਾਹੀ ॥30॥
ਐਸੇ ਹੀ ਮਨ ਨਿਸਚੇ ਮਾਨੋ ॥ ਤਬੰ ਲਗ ਭਿੰਨ ਜਬ ਗੁਰ ਨਹਿ ਜਾਨੋ ॥
ਸਤਨਾਮ ਸੁਨਾ ਜਬ ਕਾਨਾ ॥ ਜਾਤਿ ਪਾਤਿ ਕਾ ਮਿਟਾ ਗੁਮਾਨਾ ॥31॥
ਮਹਾ ਸਿੰਘ ਸੁਨ ਬਹੁ ਬਿਗਸਾਵਾ ॥ ਸਰਬ ਸਾਥ ਕੜਾਹਿ ਮੁਖ ਪਾਵਾ ॥
ਸ੍ਰੀ ਗੁਰ ਸੰਕਾ[2] ਕੀਨੋ ਦੂਰੀ ॥ ਚਿੰਤਾ ਚਿਤ ਕੀ ਹੋਈ ਪੂਰੀ[3] ॥32॥
ਪਾਦ ਪਦਮ ਪਰ ਬੰਦਨ ਠਾਨੀ ॥ ਮਨ ਬਾਨੀ ਕਰ ਭਾ ਹਰਖਾਨੀ ॥
ਰਸਤੁ ਸੁ ਦੀਨੀ ਗੁਰੂ ਲਗਾਈ ॥ ਰਹਿਤ ਭਯੋ ਊਨੇ ਸੁਖ ਪਾਈ ॥33॥

॥ ਦੋਹਰਾ ॥

ਮਹਾ ਸਿੰਘ ਕਾ ਨੇਮ ਥਾ ਨੁਰਾਤੇ ਨਿਤ ਰਖਾਇ ॥
ਹਜੂਰ ਪਾਸ ਨ ਰਖਤ ਭਾ ਗੁਰ ਕੇ ਚਰਨ ਮਨਾਇ ॥34॥

॥ ਚੌਪਈ ॥

ਦਸਮੀ[4] ਥਿਤ ਆਈ ਜਬ ਰੂਰੀ ॥ ਤਾਪ ਵਿਆਪਾ ਤਨ ਮੋ ਭੂਰੀ ॥
ਮਨੰ ਮੋ ਕੀਨਾ ਤਿਨ ਅਨੁਮਾਨਾ ॥ ਦੇਵੀ ਨੇ ਮੁਹਿ ਤਾਪ ਚਢਾਨਾ ॥35॥
ਡੇਰੇ ਮੋ ਗੁਰ ਚਰਨ ਮਨਾਏ ॥ ਤਾਪ ਹਟਾਵੋ ਗੁਰ ਸੁਖ ਦਾਏ ॥
ਆਪ ਭਰੋਸੇ ਵਰਤ ਤਿਆਗੇ ॥ ਮਨ ਇੰਦਰੇ ਤਵ ਦਰਸਨ ਪਾਗੇ ॥36॥
ਤਾਪ ਕੋ ਦੇਵੋ ਆਪ ਹਟਾਈ ॥ ਬਿਨਾ ਆਪੁ ਨਹਿ ਕੋਇ ਸਹਾਈ ॥
ਦੋਇ ਘਟੀ ਜਬ ਦਿਵਸ ਰਹਾਯੋ ॥ ਫੜ ਲਾਠੀ ਗੁਰ ਦਰਸਨ ਆਯੋ ॥37॥
ਗੁਰ ਪਨਹੀ ਧਰ ਸੀਸੇ ਨਿਵਾਈ ॥ ਲੇਕਰਿ ਧੂੜੀ ਮਾਥੇ[5] ਲਾਈ ॥
ਤਾਪ ਭੀਇ ਭਯੋ ਹੈ ਐਸੇ ॥ ਬਨਿਤਾ ਸੁਤ ਪਿਖ ਅਹਿ ਗਨ ਜੈਸੇ ॥38॥

---

1. ਅ ਪੋਥੀ ਦੇਵੋ 2. ਅ ਪੋਥੀ ਸੰਸਾ 3. ਅ ਪੋਥੀ ਉਚੀ 4. ਅ ਪੋਥੀ ਦਸਵੀ
5. ਅ ਪੋਥੀ ਮਸੌਤਕਿ

॥ ਦੋਹਰਾ ।

ਗੁਰ ਜੋੜੇ ਪਰਤਾਪ ਅਸ ਜੇ ਕੋ ਸੀਸ ਨਿਵਾਇ ॥
ਤਨ ਤਾਪ ਕੀ ਕ੍ਰਯਾ ਚਲੀ ਤੀਨੋ ਤਾਪ ਬਿਲਾਇ ॥39॥

(ਬਾਬਾ ਸਾਹਿਬ ਸਿੰਘ ਨੇ ਮੀਹਂ ਵਰ੍ਹਾਉਣਾ)

। ਚੌਪਈ ॥

ਸਾਵਣ ਮਾਸ ਆਯੋ ਹੈ ਭਾਰੀ ॥ ਭਈ ਔੜ ਨਹਿ ਬਰਖੈ ਬਾਰੀ ॥
ਖੇਤੀ ਸੂਕੀ ਚੂਰਨ ਹੋਈ ॥ ਪਰਜਾ ਦੁਖ ਕਰ ਅਤਸੈ ਰੋਈ ॥40॥
ਬਿਨ ਪਰਲੋ ਜਨ ਪਰਲੌ ਆਈ ॥ ਪਸੂ ਜੋਨ ਮਰਤੇ ਸਮਦਾਈ ॥
ਪੈਂਚ ਸਪੂਰਨ ਤਬ ਚਲ ਆਵਾ ॥ ਹਾਥ ਜੋਰੁ ਕਰ ਸੀਸ ਨਿਵਾਵਾ ॥41॥
ਪੂਰੀ [1]ਅਰਜੀ ਕੀਨ ਬਨਾਈ ॥ ਮੇਘ ਬਿਨਾ ਪਰਜਾ ਦੁਖ ਪਾਈ ॥
ਬਦਰਾ ਪ੍ਰੇਰੋ ਅੰਤਰਜਾਮੀ ॥ ਪਰਜਾ ਕੀ ਗੁਰ ਮੇਟੋ ਖਾਮੀ ॥42॥
ਮੰਦ ਮੰਦ ਗੁਰ ਗਿਰਾ ਅਲਾਈ ॥ ਮੇਘ ਮੁ ਮਾਲਾ ਆਵੈ ਧਾਈ ॥
ਫਿਰ ਪੂਰਨ ਨੇ ਬੈਨ ਬਖਾਨਾ ॥ ਸੈਲ ਓਰਿ ਬਡ ਮੇਘ ਦ੍ਰਿਸਟਾਨਾ ॥43॥

॥ ਦੋਹਰਾ ॥

ਚੁਟਕੀ ਮਾਰੀ ਸਤਿਗੁਰੂ ਊਚੇ ਟੇਰਿ ਸੁਨਾਇ ॥
ਭਲਯਾ ਵਰਹੀ ਦੇਰ ਬਿਨ ਢਾਬ ਤਾਲ ਭਰ ਜਾਇ ॥44॥

॥ ਚੌਪਈ ॥

ਐਸੇ ਗਿਰਾ ਜਬ ਗੁਰੂ ਅਲਾਈ ॥ ਘਟਾ ਉਮਡ ਊਨੇ ਪੈ ਆਈ ॥
ਹੋਈ ਬਰਖਾ ਅਪਰ ਅਪਾਰੀ ॥ ਜਲ ਮੈ ਹੋਈ ਧਰਤੀ ਭਾਰੀ[2] ॥45॥
ਗੁਰੂ ਮਯਾ ਸਭ ਨੇ ਸੁਖ ਪਾਵਾ ॥ ਪੂਰਨ ਉਸਤਤਿ ਬੈਨ ਸੁਨਾਵਾ ॥
ਪਰਜਾ [3]ਰਾਖੀ ਗੁਰ ਸੁਖਦਾਈ ॥ ਨਾਤਰ ਮਰਤੀ ਬਡ ਦੁਖ ਪਾਈ ॥46॥
ਏਕ ਦਿਵਸ ਗੁਰ ਬਾਗ ਸਿਧਾਏ ॥ ਪਲਘੁ ਬਿਰਾਜੇ ਅਤਿ ਸੁਖ ਪਾਏ ॥
ਆਂਧੀ ਆਈ ਅਤਸੇ ਜੋਰੁ ॥ ਸੂਰਜ ਢਾਪਾ ਭਾ ਅੰਧ ਘੋਰੁ ॥47॥
ਹਰੀ ਸਿੰਘ ਨੇ ਅਰਜੀ ਕੀਨੀ ॥ ਆਈ ਆਂਧੀ ਅਤਿ ਸੇ ਪੀਨੀ ॥
ਦਿਵਾਨ ਖਾਨੇ ਚਲੋ ਸੁਆਮੀ ॥ ਘਟ ਘਟ ਕੇ ਹੋ ਅੰਤਰਜਾਮੀ ॥48॥
ਫ੍ਰਿਰ ਜਾਵਨ ਹੁਇ ਮੁਸਕਲ ਭਾਰੀ ॥ ਚੜੋ ਸੁਖ ਪਾਲ ਕਰੋ ਨ ਬਾਰੀ ॥
ਨਾ ਆਂਧੀ ਆਵੈ ਗੁਰੂ ਅਲਾਵਾ ॥ ਸੁਨ ਹਰਿ ਸਿੰਘ ਬਡੋ ਸੁਖ ਪਾਵਾ ॥49॥
ਮਧੁ [4]ਅਕਾਸ ਲੀਨ ਹੁਇ ਗਈ ॥ ਰੰਚਕ ਮਾਤਰ ਨਹੀ ਚਲਈ ॥
ਗੁਰ ਕੇ ਬੈਨ ਧਨੰਜੈ ਬਾਨਾ ॥ ਜੋ ਆਖੇ ਨਹਿ ਹੋਵੈ ਹਾਨਾ ॥50॥
ਪੋਠੋਵਾਰੋ ਸੰਗਤਿ ਆਈ ॥ ਜਥਾ ਸਕਤਿ ਤਿਨ ਭੇਟ ਚਢਾਈ ॥
ਕੋਇਕੁ ਦਿਨੁ ਰਹਿ ਅਰਜ ਬਖਾਨੀ ॥ ਆਇਸ ਦੀਜੈ ਸੁਖਮਾ ਦਾਨੀ ॥51॥

1 ਅ ਪੋਥੀ ਪੂਰਨ 2 ਅ ਪੋਥੀ ਸਾਰੀ 3 ੲ ਪੋਥੀ ਰਯਤ 4 ੲ ਪੋਥੀ ਬੀਚ

ਕਹਯੋ ਹਜ਼ੂਰ ਸਵੇਰੇ ਜਾਵੋ ॥ ਆਜ ਨਿਸਾ ਤੁਮ ਇਹਾ ਰਹਾਵੋ ॥
ਫੇਰਿ ਤਿਨੋ ਨੇ ਅਰਜੁ ਬਖਾਨੀ ॥ ਆਜਿ[1] ਦਿਵਸੁ ਸੁਭ ਕਹੈ ਗੁਨ[2] ਖਾਨੀ[2] ॥52॥
ਤੀਨੇ ਬਾਰ ਗੁਰ ਬਚ[3] ਤਿਨ ਫੇਰਾ ॥ ਚਲਤ ਭਏ ਨਹਿ ਕੀਨੀ ਦੇਰਾ ॥
ਮੀਨੀ ਘਾਟੀ ਕੇ ਪਗ[4] ਪਾਸੂ ॥ ਰਸਤਾ ਭੂਲਾ ਭਾ [5]ਦੁਖ ਰਾਸੂ ॥53॥

॥ ਦੋਹਰਾ ॥

ਏਕ ਸਿਖ ਕਹਤੋ ਭਯੋ ਗੁਰ ਆਇਸ ਹਮ ਮੋੜ ॥
ਯਾਂਤੇਂ ਪਥੁ ਭੂਲਾਂ ਹਮੇ ਊਨੇ ਚਲੇ ਬਹੋੜ ॥54॥

॥ ਚੌਪਈ ॥

ਹੋਇ ਦੁਖਤ ਤਬ[6] ਹਟ ਕਰ ਆਏ ॥ ਪਾਨ ਜੋਰ ਕਰ ਬੈਨ ਅਲਾਏ ॥
ਹਮ ਭੂਲੇ ਬਖਸੋ ਸੁਖਦਾਈ ॥ ਕਹਾ ਨ ਮਾਨਾ ਬਡ ਦੁਖੁ ਪਾਈ ॥55॥
ਤੁਮ ਤੋ ਕਹਤੇ ਦਿਨ ਭੱਲ ਆਜੂ ॥ ਤੁਮਰਾਂ ਉਘਰ ਗਯਾ ਹੈ ਪਾਜੂ ॥
ਥਿਤ[1] ਵਾਰ ਕੀ ਚਿੰਤ ਤਯਾਗੋ ॥ ਵਾਹਿਗੁਰੂ ਕਹਿ ਕਾਰਜਿ ਲਾਗੋ ॥56॥
ਪ੍ਰਸਾਦਿ ਛਕੋ ਸੁਖ ਸੋ ਨਿਸ ਰਹੋ ॥ ਜਾਉ ਝਲਾਘੇ ਨਹਿ ਦੁਖ ਲਹੋ ॥
ਸਤ ਬਚਨੁ ਕਹਿ ਡੇਰੇ ਗਏ ॥ ਸਿੰਘ ਬਹਾਦਰ ਬੈਨ ਅਲਏ ॥57॥

(ਅਟੁਟ ਲੰਗਰ ਵਰਤਾਉਣਾ)

ਗੁਰ ਜੀ ਬਰਖਾ ਹੋਈ ਭਾਰੀ ॥ ਚੂਨ ਸੁ ਥੋੜਾ ਸੰਗਤ ਝਾਰੀ ॥
ਕਹਿਓ ਗੁਰੂ ਨਹਿ ਚਿੰਤਾ ਕੀਜੈ ॥ ਊਪਰਿ ਚਾਦਰ ਪਾਇ ਸੁ ਦੀਜੈ ॥58॥
ਵਾਹਿਗੁਰੂ ਕਹਿ ਬਾਟਤ ਜਾਵੋ ॥ ਰੰਚਕ ਭਤ ਨਹਿ ਚਿੰਤ ਧਰਾਵੋ ॥
ਮਾਨੁ ਬਚਨ ਤਬ ਬੈਸੇ ਕੀਨ ॥ ਪ੍ਰਸਾਦ ਅਤੋਟ ਭਯੋ ਨਹਿ ਹੀਨ ॥59॥
ਗੁਰ ਕੀ ਮਹਿਮਾ ਅਪਰ ਅਪਾਰੀ ॥ ਗਿਰਾ ਭਨ[8] ਨਹਿ ਪਾਵੈ ਪਾਰੀ ॥
ਭੋਰ ਹੋਤ ਸੰਗਤਿ ਚਲਿ ਗਈ ॥ ਸਨੇ ਸਨੇ ਘਰ ਪ੍ਰਾਪਤ ਭਈ ॥60॥

(ਜੱਸਾ ਸਿੰਘ ਛਾਛੀ ਦੀ ਸਾਖੀ)

॥ ਦੋਹਰਾ ॥

ਜਸਾ ਸਿੰਘ ਸਰਦਾਰ ਜੋ ਛਾਛੀ ਕਹੈ ਬੁਲਾਇ ॥
ਆਵਾ[9] ਦਰਸ ਹਜ਼ੂਰ ਕੇ[9] ਭੇਟਾ ਧਰੀ ਮਹਾਇ ॥61॥

॥ ਚੌਪਈ ॥

ਮਿਲ ਦੰਪਤਿ ਨੇ ਬਿਨੇ ਬਖਾਨੀ ॥ ਸੁਤ ਬਖਸੋ ਸਤਿਗੁਰ ਸੁਖਦਾਨੀ ॥
ਸੁਨਿ ਕਰਿ ਸਾਹਿਬ ਗਿਰਾ ਅਲਾਈ ॥ ਮਨ ਮੈ ਚਿੰਤਾ ਕਰੋ ਨ ਰਾਈ ॥62॥
ਏਕ ਸੁਆਨ ਹੁਤਾ ਗੁਰ ਪਾਸੂ ॥ ਸਾਧੂ ਸਿੰਘ ਨਾਮ ਥਾ ਤਾਸੂ ॥
ਤਿਸੁ ਪ੍ਰਤਿ ਸ੍ਰੀ ਗੁਰ ਗਿਰਾ ਅਲਾਈ ॥ ਜਸਾ ਸਿੰਘ ਸੁਤ ਹੋਵੇ ਜਾਈ ॥63॥

---

1 ਮੂਲ ਪੋਥੀ ਅ ਦਿ 2 ਅ ਪੋਥੀ ਅਸਿ ਬਾਣੀ 3 ਅ ਪੋਥੀ ਬਚਨੁ 4 ਅ ਪੋਥੀ ਗਏ 5 ਅ ਪੋਥੀ ਭਯਾ
6 ਅ ਪੋਥੀ ਸੁ 7 ਅ ਪੋਥੀ ਤਿਥ 8 ਅ ਪੋਥੀ ਸਮੇਤਿ 9 ੲ ਪੋਥੀ ਦਰਸਨ ਸਤਿਗੁਰੂ

ਮਾਨ ਬਚਨ ਤਿਨ ਸੀਸ ਨਿਵਾਵਾ ॥ ਉਠਿ ਕਰਿ ਬਾਹਰਿ ਬਪੁ ਤਜਾਵਾ ॥
ਸਿੰਘ ਜਸਾ ਪ੍ਰਤਿ ਗੁਰ ਬਚ ਕਹਯੋ ॥ ਸਾਧੂ ਸਿੰਘ ਤੁਮਰੇ ਘਰੁ ਆਯੋ ॥64॥

॥ ਦੋਹਰਾ ॥

ਏਹੁ ਨਾਮੁ ਤੁਮ ਭੀ ਰਖੋ ਸਾਧੂ ਸਿੰਘ ਸੁਜਾਨ ॥
ਸਤ ਬਚਨ ਸੋ ਕਹਿਤ ਭਾ ਜਾਗੇ ਭਾਗ ਮਹਾਨ ॥65॥

॥ ਚੌਪਈ ॥

ਏਕ ਬਰਸ[1] ਪਾਛੇ ਸੁਤ ਹੋਵਾ ॥ ਕਹੇ ਕਵੀ ਹਮ ਨੈਨੋ ਜੋਵਾ ॥
ਔਰੁ ਪ੍ਰਸੰਗ ਸੁਨੋ ਮਨੁ ਲਾਈ ॥ ਗੁਰੁ ਗਾਥ ਅਤਿਸੈ ਸੁਖਦਾਈ ॥66॥

(ਇਕ ਮਾਈ ਦੀ ਕਥਾ)

ਕਾਬਲੁ ਮਾਈ ਏਕ ਰਹਾਵੈ ॥ ਕਲਗੀਧਰੁ ਕੋ ਨਾਮ ਧਿਆਵੈ ॥
ਗੁਰ ਕੀ ਮੂਰਤਿ ਹੈ ਤਿਸ ਪਾਸੁ ॥ ਤਿਸ ਕੌ ਸੇਵੈ ਚਿਤੁ ਹਲਾਸੁ ॥67॥
ਮਾਈ ਸੁਤ ਨੇ ਮਾਈ ਪੂਛੀ ॥ ਕਿਸ ਸੇਵਾ ਤੂ ਕਰਤੀ ਸੂਛੀ ॥
ਮਾਈ ਕਹਿ ਕਲਗੀਧਰ ਸ੍ਵਾਮੀ ॥ ਸੇਵੋ ਤਿਸ ਕੋ ਅਸਟ ਜਾਮੀ ॥68॥
ਸੁਤ ਕਹਯੋ ਸੁਨੀਏ ਮਮ ਮਾਈ ॥ ਪੁਰ ਅਨੰਦ ਮੈ ਦਰਸੋ ਜਾਈ ॥
ਮਾਈ ਕਹਯੋ ਸੁਨੋ ਸੁਤ ਹੇਤ ॥ ਬੇਦੀ ਕੁਲ ਉਤਰੇ ਸੁਖ ਕੇਤੁ ॥69॥
ਸਾਹਿਬ ਸਿੰਘ ਗੁਰੂ ਨਾਮੁ ਕਹਾਵਾ ॥ ਊਨੇ ਥਿਰ ਹੁਇ ਦਰਸ ਦਿਖਾਵਾ ॥
ਜਾਵੋ ਦਰਸਨ ਕਰ ਤੁਮ ਆਵੋ । ਜੋ ਬਾਛੋ ਸੋ ਗੁਰ ਤੇ ਪਾਵੋ ॥70॥

॥ ਦੋਹਰਾ ॥

ਦਰਸੇਨ ਕੀ ਸਿਖ ਇਛ ਕਰ ਚਾਲਾ ਊਨੇ ਓਰਿ ॥
ਸਾਸ ਸਾਸ ਗੁਰ ਨਾਮ ਕਹਿ ਲਗੀ ਚਾਹਿ ਨਿਸ ਭੋਰ ॥71॥

॥ ਹਾਕਲ ਛੰਦ ॥

ਜਬ ਆਵਾ ਊਨੇ ਪਾਸਾ ॥ ਮਨ [2]ਧਾਰਤ ਭਾ ਇਕ ਆਸਾ ॥
ਜੋ ਗੁਬਿੰਦ ਸਿੰਘ ਵਤਾਰਾ[3] ॥ ਅਬ ਲੇਵੈ ਰੂਪ ਸੁ ਧਾਰਾ ॥72॥
ਤਬ ਨਿਸਚਾ ਮੇਰੇ ਸੇ [4]ਆਵੈ ॥ ਨਹ ਬਹਰੋ ਮਨ ਡੋਲਾਵੈ ॥
ਅਸ ਨਿਸਚਾ ਮਨ ਮੋ ਧਾਰਾ ॥ ਤਬ ਨਗਰ ਮਾਝ ਪਗ ਧਾਰਾ ॥73॥
ਨਿਜ ਭੇਟਾ ਲੀਨੀ ਪਾਨਾ ॥ ਚਲ ਦਰਸੇ ਗੁਰ ਭਗਵਾਨਾ ॥
ਜੋ ਮੂਰਤਿ ਘਰ ਮੋ ਆਹੀ ॥ ਜੋ ਸੂਰਤਿ ਦੇਖਿ ਅਘਾਈ[5] ॥74॥
ਦਿਖ ਦਰਸਨ ਹੋਗਾ ਮਗਨਾ ॥ ਸੁਠ ਲਾਗੀ ਗੁਰ ਪਗ ਲਗਨਾ ॥
ਧਰ ਭੇਟਾ ਅਗਰ ਸਿਧਾਵਾ ॥ ਗਹ ਚਰਨਨ ਹੁਇ ਬਿਕਲਾਵਾ ॥75॥
ਜਿਮ ਭੁਖਾ ਅਸਨੈ ਖਾਈ ॥ ਜਸ ਰੰਕੈ ਸੁਰ ਤਰ ਪਾਈ ॥
ਜਿਮ ਕੰਜ ਅਲੀ ਲਪਟਾਵੈ ॥ ਜਸ ਬੀਨ ਅਹੀ ਸੁਨ ਪਾਵੈ ॥76॥

1. ਮੂਲ ਪੋਥੀ ਦਿਵਸ 2. ਅ ਪੋਥੀ ਮਨ ਮੈ 3. ਅ ਪੋਥੀ ਅਵਤਾਰਾ 4. ਅ ਪੋਥੀ ਮਨ
5. ਏ ਪੋਥੀ ਤ੍ਰਿਪਤਾਈ

॥ ਦੋਹਰਾ ॥

ਤੈਸੇ ਸਿਖ ਆਨੰਦ ਭਾ ਗੁਰ ਪਦ ਕਰ ਪ੍ਰਣਾਮ ॥
ਬੈਠਿ ਜਾਹੁ ਸਤਗੁਰ ਭਨਾ ਪਾਵਾ ਮਨ ਆਰਾਮ ॥77॥

॥ ਚੌਪਈ ॥

ਮੰਜ ਗਿਰਾ ਕਹਿ ਸਤਿਗੁਰ ਪੂਛਾ ॥ ਕਹਾ ਰਹਤ ਹੈ ਕਹੁ ਸਿਖ ਸੂਛਾ ॥
ਪਾਨ ਜੋਰਿ ਸਿਖ ਗਿਰਾ ਬਖਾਨੀ ॥ ਕਬਲ ਮੋ ਗ੍ਰਿਹ ਹੈ ਸੁਖ ਦਾਨੀ ॥78॥
ਆਵਾ ਸਰਨੀ ਅੰਤਰਜਾਮੀ ॥ ਪੂਰੀ ਆਸਾ ਮੇਟੀ ਖਾਮੀ ॥
ਮੋ ਕੋ ਗੁਰ ਜੀ ਕਰਾ ਨਿਹਾਲ ॥ ਪਾਰ ਉਤਾਰਾ ਜਾਨਾ ਬਾਲ ॥79॥
ਦਾਸਨ ਦਾਸ ਦਾਸ ਮੁਹਿ ਜਾਨੋ ॥ ਅੰਤਿਕਾਲ [1]ਗਹੀਏ ਮਮ ਪਾਨੋ ॥
ਸੁਭ ਕਰਮਨ ਤੇ ਮੈ ਹੌ ਹੀਨਾ ॥ ਕੇਵਲ ਆਪ ਭਰੋਸਾ ਲੀਨਾ ॥80॥
ਤਬ ਲਗ ਗੁਰ ਭਾਈ ਬਲੂ ਆਵਾ ॥ ਮਧੁਰ ਮੰਜ ਗੁਰ ਬੈਨ ਅਲਾਵਾ ॥
ਸਿਖ ਕੀ ਸੇਵਾ ਕਰੋ ਬਨਾਈ ॥ ਸਤ[2] ਬਾਨੀ ਸੁਭ [3]ਭਾਈ ਗਾਈ ॥81॥

॥ ਦੋਹਰਾ ॥

ਧਰਮਸਾਲ ਮੇ ਲੇ ਗਏ ਨਿਸਾ ਤੀਨ ਠਹਿਰਾਇ ॥
ਲੇਇ ਖੁਸੀ ਗ੍ਰਹ ਕੋ ਗਏ ਗੁਰ ਪਰ ਨਿਸਚੇ ਪਾਇ ॥82॥

**(ਮਹਾਰਾਜਾ ਰਣਜੀਤ ਸਿੰਘ ਦੀ ਊਨੇ ਵਿਖੇ ਫੇਰੀ)**

॥ ਚੌਪਈ ॥

ਚਲ ਸਰਕਾਰ [4]ਊਨੇ ਆਈ ॥ ਸੋ ਪਰਸੰਗ ਕਹੋ ਹਿਤ ਲਾਈ ॥
ਸ੍ਰੀ ਅੰਮ੍ਰਿਤਸਰੁ ਆਨੰਦ ਯੁਕਤਾ ॥ ਕਰਮ ਧਰਮ ਮਯ ਕਰਤ ਪ੍ਰਯੁਕਤਾ ॥83॥
ਸੈਨ ਪ੍ਰਬੇਖ ਚਹੂ ਦਿਨ ਐਸੇ ॥ ਸਰਦ ਸਸੀ ਉਡਗਨਿ ਮੋ ਜੈਸੇ ॥
ਅਤ ਬੁਧਿਵਾਨ ਜੋ ਸਚ ਪ੍ਰਬੀਨਾ ॥ ਅੰਜੁਲ ਪੁਟ ਆਗਯਾ ਮੋ ਲੀਨਾ ॥84॥
ਪਿਸੌਰ ਦੇਸਿ ਤੇ ਚਿਠੀ ਆਈ ॥ ਖੋਲੀ ਮੁਨਸੀ ਦੀਨ ਸੁਨਾਈ ॥
ਯਾਰ ਮੁਹੰਮਦ ਮਹਾਂ ਸਮਾਜਾ ॥ ਆਯੋ ਲੈ ਕਰ ਲਬਰੇ ਕਾਜਾ ॥85॥
ਤੁਰਕ ਅਸੰਖ ਮਹਾਂ ਬਲ ਜੋਧਾ ॥ ਅਟਕ ਬਿਜੈ ਕਰਬੇ ਆਦਿ ਕ੍ਰੋਧਾ ॥
ਸਯਾਮ ਬੁਸਨ ਘਮਨ ਪੁੰਜ ਬਨਾਯੋ ॥ ਮਾਨੋ ਤਾਮਸ ਗੁਨ ਪ੍ਰਗਟਾਯੋ ॥86॥
ਲੂਟਤ ਗ੍ਰਾਂਮ ਮਨਜ ਗਹਿ ਕੂਟਤ[5] ॥ ਹਿੰਦ ਧਰਮ ਅਬ ਚਾਹਤ[6] ਪੂਟਤ[6] ॥
ਹਿੰਦਨ ਕੀ ਗਹਿ ਲੀਨੀ ਨਾਰੀ ॥ ਅਟਕੇ ਤੇ ਚਹਿ[7] ਹੋਵਾ ਪਾਰੀ ॥87॥

॥ ਦੋਹਰਾ ॥

ਕਟਕ ਭੇਜਿਯੋ ਸਟਕ ਕਰ ਚਟਕਵੰਤ ਭਟ ਸਾਥ ॥
ਅਟਕ[8] ਚੁਕੀ ਤਿਨ ਕੀ ਨਿਪਤ ਅਟਕ ਨ ਰਹਿ ਹੈ ਹਾਥ ॥88॥

---

1. ਮੂਲ ਪੋਥੀ ਅੰਤਿ ਕਾਲ 2. ਅ ਪੋਥੀ ਸਤ ਕਰੁ 3. ਅ ਪੋਥੀ ਸੁਭ ਨਹੀ ਹੈ 4. ਅ ਪੋਥੀ ਜਿਸ ਊਨੇ 5 ਅ ਪੋਥੀ ਲੁਟਤ 6. ਅ ਪੋਥੀ ਚਾਂਲਾ ਬੂਡਤਾ 7. ਅ ਪੋਥੀ ਰਹਿ 8. ਅ ਪੋਥੀ ਮਟਕ

॥ ਚੌਪਈ ॥

ਅਸ ਜਬ ਪਾਤੀ ਨ੍ਰਿਪ ਸੁਨ ਪਾਈ ॥ ਗਈ ਛਾਇ ਦ੍ਰਿਗ ਕੋਣ ਲਲਾਈ ॥
ਮੂਛ ਸਵਾਰ ਉਠ੍ਯੋ ਕਰ ਕ੍ਰੋਧਾ । ਚਾਬ ਲਿਯੇ ਮੈ ਕੇਤੇ ਜੋਧਾ ॥89॥
ਇਨ ਤੇ ਚੌਗੁਨ ਹ੍ਵੈ ਕਰ ਆਵਹਿ ॥ ਸਿੰਘਨ ਸੈਨਾ ਮਾਰ ਗਿਰਾਵਹਿ ॥
ਕੋਟਿ ਪਤੰਗ ਉਛਰ ਕਰ ਪਰ ਹੀ ॥ ਦੀਪਕਿ ਏਕ ਭਸਮ ਸਭ ਕਰਹੀ ॥90॥

॥ ਦੋਹਰਾ ॥

ਸ੍ਰੀ ਗੁਰ ਸਾਹਿਬ ਸਿੰਘ ਮੁਹਿ ਪਹਿਰਾਈ ਤਰਵਾਰਿ ॥
ਕੌਣ ਭਯੋ ਜੋ ਉਮਡ ਰਣ ਮੋ ਸੋਂ ਮਾਂਡੇ ਰਾਰ ॥91॥
ਬੁਧ ਸਿੰਘ ਅਰੁ ਹਰੀ ਸਿੰਘ ਗੁਲਾਬੁ ਹਰਿ ਸਿਰਦਾਰੁ ॥
ਤੀਨੋਂ ਮਿਲ ਬਿਨਤੀ ਕਰੀ ਹਮ ਮਾਂਡੇ ਗੇ ਰਾਰ ॥92॥

॥ ਚੌਪਈ ॥

ਸੁਨ ਸਰਕਾਰ ਮਨ ਮੈ ਹਰਖਾਈ ॥ ਸਾਧ ਸਾਧ ਕਹਿ[1] ਬ੍ਾਨੀ ਗਾਈ ॥
ਸਿਰੇਪਾਇ ਸੁਭ ਤਿਨ ਕੋ ਦੀਨੇ ॥ ਅੰਤਸੇ ਸੋਧੇ ਮਨ ਮੋ ਚੀਨੇ ॥93॥
ਤੋਪ ਬਰੂਦੰ ਗੋਲੀ ਗੋਲਾ ॥ ਸੈਨ ਸਕੇਲ ਬਨਾਵਾ ਟੋਲਾ ॥
ਲੇ ਆਇਸ ਚਲੇ ਬਿਨੁ ਦੇਰੀ ॥ ਪੰਹੁਚੇ ਅਟਕ ਬਜਾਈ ਭੇਰੀ ॥94॥
ਯਾਰ ਮੁਹੰਮਦ ਮ੍ਰਿਗ ਸੁਨ ਪਾਯੋ ॥ ਸਿੰਘ ਸਮੂਹ ਜੂਥ ਬਹੁ ਆਯੋ ॥
ਯਾਰ ਮੁਹੰਮਦ ਦ੍ਵੈ ਕਰ ਕ੍ਰੋਧਾ ॥ ਲੀਨੇ ਬੋਲ ਉਜਾਗਰ ਜੋਧਾ ॥95॥
ਸਾਦਰ[2] ਸਕਲ ਬਠਾਇ ਪਾਸਾ ॥ ਸਮਝ ਮਰਾਤਬ ਦੀਨ ਦਿਲਾਸਾ ॥
ਕਹਾ ਸਭਨ ਸਨ ਸੁਨਿਯੈ ਭਾਈ ॥ ਤੁਮ ਕੁਲੀਨ ਮੇਰੇ ਸੁਖਦਾਈ ॥96॥

॥ ਦੋਹਰਾ ॥

ਦੀਨ ਮਜਬ ਅਬ ਜੁਧ ਬਨਾ ਮਾਰ ਕਰੋ ਚਕ ਚੂਰ ॥
ਮਾਰ ਭਗਾਵੇਂ ਗੇ ਜਬੈ ਭੋਗੋ ਗੇ ਸੁਖ ਭੂਰ ॥97॥

॥ ਚੌਪਈ ॥

ਏਕ ਮੁਲਾਂ ਥਾ ਤਿਨ ਕੇ ਨਾਲ ॥ ਬੋਲਾ ਮੂਢਾ ਗਿਰਾ ਕੁਚਾਲ ॥
ਡਰ ਜਿਨ ਭਾਂਤ ਮੁਹੰਮਦ ਯਾਰੇ ॥ ਮੈ ਜੁ ਨਿਰੰਤਰ ਸੰਗ ਤਿਹਾਰੇ ॥98॥
ਸਸਤ੍ਰ ਨਿਵਾਰ ਮੰਤ੍ਰ ਮੈ ਜਾਨ੍ਹਾ ॥ ਜਾਨ ਪਰੇ ਗੋ ਰਨ ਇਸਥਾਨਾ ॥
ਕਰੋ ਰਾਜ ਨਿਸ ਕੰਟਕ ਭਾਈ ॥ ਹਿੰਦੂ ਜਾਵੇ ਲਾਜ ਗਵਾਈ ॥99॥
ਇਤ ਇਹ ਭਾਂਤ ਮਲੇਛਨ ਗਨੀ ॥ ਉਤ ਉਤਰੀ ਸਿੰਘਨ ਕੀ ਅਨੀ ॥
ਸੁਨੀ ਮੁਹੰਮਦ ਯਾਰ ਗਿਨਾਵਨਿ ॥ ਜਿਹ ਪ੍ਰਕਾਰ ਦੀ ਦਲਹਿ ਸਿਖਾਵਨਿ ॥100॥

---

1. ਅ ਪੋਥੀ ਕਰਿ 2. ੲ ਪੋਥੀ ਸਰੰਦਾਰ

ਸੁਨਿ ਦ੍ਰਿੜਤਾ ਤੁਰਕਨ ਕੀ ਐਸੇ ॥ ਸਭ ਸਿਰਦਾਰ ਇਕਤ੍ਰ ਹ੍ਵੈ ਬੈਸੇ ॥
ਲਿਖ ਪਰਵਾਨਾ ਤੁਰਤੁ ਪਠਾਵਾਂ ॥ ਧਾਵਨ ਚਲ ਸਰਕਾਰੇ ਆਵਾ ॥101॥

॥ ਦੋਹਰਾ ॥

ਸਭ ਸਿਰਦਾਰਨ ਇਉ ਲਿਖਾ ਸੁਨ ਸਿੰਘਨ ਕੇ ਰਾਜ ॥
ਸਾਰ ਬੰਦ ਮਸਲਤਿ ਕਰੀ ਦੁਸਟ ਕਰੇਗੇ ਕਾਜ ॥102॥

॥ ਚੌਪਈ ॥

ਤੁਰਕਨ ਸੈਨਾ ਬਹੁਤੀ ਆਈ ॥ ਹਮ ਭੀ ਚਾਹੈ ਜੰਗ ਮਚਾਈ ॥
ਸੁਨ ਸਰਕਾਰ ਸੁਭ[1] ਬਚਨੁ ਬਖਾਨਾ ॥ ਤੁਰਕਨ ਕੀ ਕੁਲਾ ਹੋਵੈ ਹਾਨਾ ॥103॥
ਰਾਜ ਸਮਾਜ ਸਕਲ ਰਸ ਭੀਨਾ ॥ ਸ੍ਰੀ ਬੇਦੀ ਕੁਲ ਭੂਖਨ ਦੀਨਾ ॥
ਮੈ ਸੇਵਤਿ ਹੋ ਤਿਹ ਕੋ ਭਾਈ ॥ ਬਿਖਮ ਠੌਰ ਅਬ ਹੋਹਿ ਸਹਾਈ ॥104॥
ਜਿਹ ਜਿਹ ਠੌਰ ਬਿਖਮਤਾ ਪਰੀ ॥ ਸ੍ਰੀ ਗੁਰ ਕੁਲ ਮੰਡਨੁ ਪ੍ਰਹਰੀ ॥
ਕੇਵਲ ਮੋਸੇ ਤਾਰਨ ਹੇਤੂ ॥ ਭੇ ਭਗਵਾਨ ਬੇਦ ਕੁਲ ਕੇਤੂ ॥105॥
ਦੌਰੇ ਗ੍ਰਜ ਪ੍ਰਹਿਲਾਦੇ[2] ਕਾਜਾ ॥ ਤੈਸੇ ਰਾਖੋ ਮੇਰੀ ਲਾਜਾ ॥
ਔਰ ਨ ਮੇਰਾ ਕੋ ਸਹਾਈ ॥ ਲੇਵੈਂਗੇ ਮਮ ਪੈਜ ਰਖਾਈ ॥106॥

॥ ਦੋਹਰਾ ॥

ਸ੍ਰੀ ਗੁਰ ਸਾਹਿਬ ਸਿੰਘ ਜੀ ਦੇਵੋ ਤੁਰਕ ਭਗਾਇ ॥
ਊਨੇ ਆਵੋ ਦਰਸ ਕੋ ਸੁਖਨਾ ਕਰੀ ਬਨਾਇ ॥107॥

॥ ਚੌਪਈ ॥

ਪੁਨਿ ਪ੍ਰਰਵਾਨਾ ਲਿਖਾ ਬਨਾਈ ॥ ਤੁਮ ਚਿੰਤਾ ਨਹਿ ਕੀਜੈਂ ਰਾਈ ॥
ਸਾਹਿਬ ਸਿੰਘ ਗੁਰੂ [ਹੈ ਮਮ][3] ਓਰ ॥ ਤੁਰਕਨ ਕੀ ਕੁਲ ਦੇਵੈ ਫ਼ੋਰ ॥108॥
ਲੇ ਕਾਗਜ ਹਲਕਾਰਾ ਧਾਯੋ[4] ॥ ਪ੍ਰਤਿ[5] ਸਿਰਦਾਰਨ [6]ਜਾਇ ਸੁਨਾਯੋ ॥
ਖੋਲ ਧਰਯੋ[7] ਤਬ ਧੀਰਜ ਕੀਨਾ ॥ ਮੇਰੇ ਸਹਾਇ ਗੁਰੂ ਪ੍ਰਬੀਨਾ ॥109॥
ਸੈਨਾ ਪ੍ਰੇਰੀ ਕਰੀ ਨ ਦੇਰੀ ॥ ਗੁਰ ਕੀ ਸਾਮ ਲਈ ਤਿਸ ਬੇਰੀ ॥
ਤੁਰਕ ਚੜੇ ਆਗੇ ਬਲ ਪਾਈ ॥ ਧੌਸੇ ਬਾਜੈ ਕੇਤ ਝਲਾਈ ॥110॥

॥ ਦੋਹਰਾ ॥

ਜੁਗਲ ਓਰਿ ਮੁਕਾਬਲੇ ਹੋਏ ਜਬੈ ਸਮੀਪ ॥
ਸਿੰਘਨ ਮਾਰੀ ਤੋਪ ਤਬ ਤੁਰਕ ਗਿਰੇ ਦੁਖ ਝੀਪ ॥111॥

॥ ਚੌਪਈ ॥

ਪਛੀ ਕਲਾਮ ਬੰਦ ਕਰ ਦੀਨੀ ॥ ਸਿੰਘਨ ਅਪਨੀ ਬਿਪਤਾ ਚੀਨੀ ॥
ਯੱਵਨ ਅਨੀ ਬਲ ਅਤਸੇ ਚੀਨਾ ॥ ਪਤਿ ਹਿਤ ਲਾਗ ਭਏ ਅਧੀਨਾ ॥112॥

---

1. ੲ ਪੋਥੀ ਨੇ ਬੈਨ 2. ਅ ਪੋਥੀ ਪ੍ਰਹਿਲਾਦ 3. ਅ ਪੋਥੀ ਵਿਚੋਂ 4. ਮੂਲ ਪੋਥੀ ਪਾਯੋ
5. ੲ ਪੋਥੀ ਤਿਨ 6. ਅ ਪੋਥੀ ਕੋ ਜਾਇ 7. ਅ ਪੋਥੀ ਪਠਾ

ਤੁਰਕ ਸਮਰ ਮੋ ਹੈ ਦੁਖਦਾਈ ॥ ਦਾਸ ਜਾਨ ਗੁਰ ਹੋਇ ਸਹਾਈ ॥
ਮਿਲ ਸਿਰਦਾਰਨ ਜਬ ਬਿਨ ਗਾਇ ॥ ਦੁਨਾ ਸਿੰਘ ਗੁਰ ਲੀਨ ਬੁਲਾਇ ॥113॥
ਦੁਨਾ ਸਿੰਘ ਆਯੋ ਕਰ ਜੋਰੀ ॥ ਕਹੀ ਗਿਰਾ ਗੁਰ ਸੁਧਾ ਨਿਚੋਰੀ ॥
ਅਟਕ ਪਾਰ ਤੁਰਕ ਬਹੁ ਆਏ ॥ ਸਿੰਘਨ ਸੈਨਾ ਚਾਹੈ [1]ਘਾਏ ॥114॥
ਬਾਰ ਬਾਰ ਮਮ ਨਾਮ ਪੁਕਾਰੇ ॥ ਜਾਵਤ ਹੋ ਮੈ ਤਿਨ ਰਖਵਾਰੇ ॥
ਜਬ ਗੁਰ ਐਸੇ ਬਾਤ ਬਖਾਨੀ ॥ ਦੁਨਾ ਸਿੰਘ ਅਤਸੇ ਸੁਰ ਗਯਾਨੀ ॥115॥
ਕਹਤ ਭਯੋ ਕਛੁ ਮੁਖ ਮੁਸਕਾਯੋ ॥ ਨਾਥ ਭਾਗ ਤਿਨ ਕੋ ਪ੍ਰਗਟਾਯੋ ॥
ਜਿਨ ਕੇ ਰਖਕ ਤੁਮ ਗੁਰ ਐਸੇ ॥ ਬਿਜੈ ਨ ਹੋਇ ਤਿਨਹੁ ਕੀ ਕੈਸੇ ॥116॥
ਜੋ ਜੋ ਸਰਨ ਗੁਰੂ ਕੀ ਪਰੇ ॥ ਜਗਤ ਸਿੰਧ ਕਹੁ ਕੌਨ ਨ ਤਰੇ ॥
ਜੁਗ ਲੋਕਨ ਤੁਮ ਕਰੋ ਸਹਾਇ ॥ ਸਿਖਨ ਹੇਤ ਪ੍ਰਗਟੇ ਧਰ ਆਇ ॥117॥

॥ ਦੋਹਰਾ ॥

ਅਸ ਬਾਨੀ ਕੇ ਕਹਿਤ ਹੀ ਪਲਘੁ ਬਿਰਾਜੇ ਨਾਥ ॥
ਪਹੁਚੇ ਬਿਨਾ ਅਵੇਰ ਤਹ ਗਹਿ ਕਰ ਨੇਜਾ ਹਾਥ ॥118॥

॥ ਚੌਪਈ ॥

ਲੋਕਨ ਕੋ ਲਵੇ ਆਪ ਨ ਬੀਤਾ ॥ ਸਿਖਨ ਕੌ ਕਰਨਾ ਨਿਰਭੀਤਾ ॥
ਮਹਾਂ ਘੋਰ ਆਵਹ ਅਵਿਲੋਕਾ ॥ ਸਭ ਸਿਖਨੰ ਮਨ ਬਾਢਯੋ ਸੋਕਾ ॥119॥
ਥਰ ਥਰਾਤ ਸਭ ਤਨ ਮੈ ਛਾਯੋ ॥ ਜਨੋ ਚਲ ਦਲ ਦਲ ਪਵਨ ਡੁਲਾਯੋ ॥
ਸੂਖੇ ਅਰਧ ਬਦਨ ਪਿਯਰਾਏ ॥ ਮਾਨੋ ਹਰਦੀ ਰੰਗ ਰੰਗਾਏ ॥120॥
ਆਇ ਅਨਲ ਅਕਾਸ ਉਡਾਨੀ ॥ ਪ੍ਰਾਨ ਜਾਨ ਕੋ ਸੋਚਹਿ ਪ੍ਰਾਨੀ ॥
ਸਾਹਿਬ ਸਾਹਿਬ ਸਿੰਘ ਪੁਕਾਰੈ ॥ ਹੋਇ ਦੁਖਤ ਅਤਸੇ ਲਾਚਾਰੈ[2]॥121॥

॥ ਦੋਹਰਾ ॥

ਚੀਨੇ ਹੈ ਪਰ ਗੁਰ ਚਢੇ ਗਹਿ ਕਰ ਨੇਜਾ ਪਾਨ ॥
ਜੁਗ ਸੈਨਾ ਕੇ ਮਧ ਤਬ ਆਏ ਸਾਰੰਗ ਪਾਨ ॥122॥

॥ ਚੌਪਈ ॥

ਯਾਰ ਮੁਹੰਮਦ ਜੋ ਤੁਰਕੇਸਾ ॥ ਨੀਲਾ ਕੀਨੋ ਤਨ ਮੈ ਬੇਸਾ ॥
ਗੁਰ ਜੀ ਨੇਜਾ ਮਾਰ ਗਿਰਾਵਾ ॥ ਲੇਨ[3] ਅਟਕ ਕੋ ਕਰਤਾ ਦਾਵਾ ॥123॥
ਜਿਸ ਕਾਜੀ ਨੇ ਸਾਰ ਬੰਧਾਨਾ ॥ ਤਿਸ ਕਾ ਗੁਰ ਜੀ ਸੀਸ ਕੁਟਾਨਾ ॥
ਤੁਰਕਨ ਸੈਨਾ ਚਲੀ ਪਰਾਈ ॥ ਬਾਤ ਲਗੇ ਤ੍ਰਿਣ ਜਾਤ ਉਡਾਈ ॥124॥
ਸਿੰਨ[4] ਸੈਨਾ ਪਾਛੇ ਧਾਈ ॥ ਕਰੇ ਕਤਲ ਨਹਿ ਗਿਨਤੀ ਆਈ ॥
ਬਹੁਤਨਿ ਗੁਰ ਕਾ ਦਰਸਨ ਕੀਨਾ ॥ ਮਨ ਮੈ ਜਾਗੀ ਪ੍ਰੀਤ ਨਵੀਨਾ ॥124॥

1. ਅ ਪੋਥੀ ਅਘਾਏ
2. ਅ ਪੋਥੀ ਲਾ ਮਾਰੈ
3. ਅ ਪੋਥੀ ਲੇਇ
4. ਅ ਪੋਥੀ ਸਿੰਘ

॥ ਦੋਹਰਾ ॥

ਖੈਰਾਵਾਦ ਮੈ ਹਰਿ ਸਿੰਘ ਤਿਸ ਸਦਨੈ ਗੁਰ ਜਾਇ ॥
ਨੀਰ ਅਚਾ ਭੇਟਾ ਲਈ ਖੁਸੀ ਕਰੀ ਹਰਖਾਇ ॥126॥

॥ ਚੌਪਈ ॥

ਤਤੁਖਿਨੁ ਸਾਹਿਬ ਊਨੇ ਆਏ ॥ ਉਠ ਬੈਠੇ ਸਿਖਨ ਸੁਖਦਾਇ ॥
ਦੂਨਾ ਸਿੰਘ ਤਬ ਅਰਜ ਬਖਾਨੀ ॥ ਤੁਰਕਨ ਕੁਲ ਗੁਰ ਕੀਨੀ ਹਾਨੀ ॥127॥

॥ ਗੀਯਾ ਮਾਨਤੀ ਛੰਦ ॥

ਜਯ ਦੇਵ ਦੇਵ ਕ੍ਰਿਪਾਲ [1]ਪਾਲ ਅਕਾਲ [1]ਕਾਲ ਬਿਨਾਸਨੇ ॥
ਜਯ ਪੂਜ ਸਿਵ ਸ੍ਰਿਸਟ ਸਮਸਟ[2] ਸੁ ਦ੍ਰਿਸਟ ਅੰਮ੍ਰਿਤ ਵਾਸਨੇ ॥
ਭਗਵੰਤਿ ਭਾਨਿ ਭੂਰ ਭੂਰ ਭਯ ਹਰੇ ਭਵ ਬੰਦਤੇ ॥
ਅਜਾ ਅਮਰ ਅਗਨਿ ਅਖੰਡ ਅਦਭੁਤ ਆਦਿ ਅਮਲ ਅੰਨਦਤੇ ॥128॥

॥ ਚੌਪਈ ॥

ਬੈਦਿਰਾਜ ਤਬ ਬਡੋ ਪ੍ਰਤਾਪਾ ॥ ਸਰਨਾਗਤ ਕੇ ਕਾਟਤ ਪਾਪਾ ॥
ਦੂਨਾ ਸਿੰਘ ਅਸ ਉਸਤਤਿ ਗਾਈ ॥ ਪ੍ਰਾਛਲ ਗਾਥ ਸੁਨੋ ਮਨ ਲਾਈ ॥129॥
ਮਾਰ ਕੂਟ ਤੁਰਕ ਜਬ ਲੀਨੇ ॥ ਧਾਵਨ ਧਾਏ ਅੜਸੇ ਪੀਨੇ ॥
ਸਰਕਾਰ ਪਾਸ ਜਾ ਸੁਧ ਸੁਨਾਈ ॥ ਕਾਗਜ਼ ਬਾਚਾ ਦੇਰ ਬਿਹਾਈ ॥130॥
ਸਾਹਿਬ ਸਿੰਘ ਗੁਰ ਕਰੀ ਸਹਾਇ ॥ ਮਾਰ ਤੁਰਕ ਦਏ ਗਰਦ ਮਿਲਾਇ ॥
ਸੁਨ ਸਰਕਾਰ ਸੁ ਬਹੁ ਹਰਖਾਈ ॥ ਛੀਪੰ ਮਾਲਾ ਸਲਕ ਕਰਾਈ ॥131॥
ਊਨੇ ਜਾਵਨ ਕਰੀ ਤਯਾਰੀ ॥ ਚੜਿ ਚਾਲੇ ਕਿਛੁ ਕਰੀ ਨ ਬਾਰੀ ॥
ਚਾਰ ਸਰਦਾਰ ਪੁਰਾ ਪਠਦੀਨ ॥ ਜਾਇ ਹਜੂਰ ਤਿਨ ਬਿਨਤੀ ਕੀਨ ॥132॥

॥ ਦੋਹਰਾ ॥

ਸਰਕਾਰ ਆਤ ਗੁਰ ਦਰਸ ਕੋ ਪਾਨ ਜੋਰੁ ਬਿਨ ਗਾਇ[3] ॥
ਰਹੇ ਠਾਢ ਜੁਗ ਘਟੀ ਕੌ ਕਹਯੋ ਗੁਰੂ ਬਹਿ ਜਾਇ ॥133॥

॥ ਚੌਪਈ ॥

ਕਹਯੋ ਹਜੂਰੇ ਸੁ ਕੈਸੇ ਆਏ ॥ ਭੁਨਾ ਤਿਨੋ ਤੁਮ ਦਰਸਨ ਭਾਏ ॥
ਤੌ ਲਗ ਮਹਾਂ ਸਿੰਘ ਕੁਲ ਭਾਨੂ ॥ ਖਲ ਦੱਲ ਵਿਪ ਨਪੁ ਜਾਰ ਕ੍ਰਿਸਾਨੂ ॥134॥
ਜੱਬ ਸ੍ਰੀ ਊਨਾ ਦ੍ਰਿਸਟੀ ਆਵਾ ॥ ਬਿਨ ਪੈਂਦ ਤ੍ਰਾਨੋ ਨ ਹੋਇ ਚੱਲਾਵਾ ॥
ਪਗ ਪਗ ਪੂਜ ਪ੍ਰਭੂ ਪੁਰ ਧਰਨੀ ॥ ਪ੍ਰੀਤ ਚੀਤ ਕਛੁ ਜਾਇ ਨ ਬਰਨੀ ॥135॥
ਹੈ ਗੁਯਾਰਾ ਸੁਭ ਜੁਗਮ ਗਇੰਦੂ ॥ ਹੌਦੇ ਕਾਠੀ ਕੰਚਨ ਕੰਦੂ ॥
ਜਿਗਾ ਸੁ ਕਲਗੀ ਕੜੇ ਜੜਾਊ ॥ ਮੁਹਰਾਂ ਦਮੜੇ ਕਉਨ ਗਿਨਾਈ ॥136॥

---

1 ੲ ਪੋਥੀ ਕ੍ਰਿਪਾਲ    2. ਅ ਪੋਥੀ ਸਮਸਟਾਇਸਟ    3. ਅ ਪੋਥੀ ਜਾਇ

ਦੁਸਾਲੇ ਰੇਸਮ ਬਸਨ ਅਪਾਰ ।। ਔਰੇ[1] ਬਸਤਨ ਨ ਆਵੈ ਵਾਰ ।।
ਅਤਿ ਅਧੀਨ ਪ੍ਰੇਮਾਕੁਲ ਭਯੋ ।। ਗਰ ਮੇਂ ਅੰਚਰੁ ਗੁਰ ਢਿਗ ਗਯੋ ।।137।।
ਪਾਦ ਪਦਮ ਪਰ ਸੀਸ ਨਿਵਾਈ ।। ਚਰਨ ਰੇਨ ਲੇ ਮਾਥੇ ਲਾਈ ।।
ਦਾਸਨ ਦਾਸ ਦਾਸ ਮਮ ਜਾਨੋ ।। ਪਤਿਤੁ ਉਧਾਰਨ ਤੁਮਰੋ ਬਾਨੋ ।।138।।
ਬਾਰੰ ਬਾਰ ਪ੍ਰਕਰਮਾ ਦੀਨੀ ।। ਸੁਰਤਿ ਗੁਰੂ ਰੁਚਰ ਅਤਿ ਦੀਨੀ ।।
ਦੇਵ ਸਭਾ ਜਨ ਹਰੀ ਬਿਰਾਜਤ ।। ਜਿਨ ਦਰਸੇ ਅਘ ਕੋਟਕ ਭਾਜਤ ।।139।।

।। ਦੋਹਰਾ ।।

ਪਾਨ ਜੋਰੁ ਕਰ ਕਹਤ ਭਾ ਕਰੀ ਮੇਯਾ ਗੁਰ ਦੇਯਾਲ ।।
ਤੁਰੱਕ ਮਾਰ ਮੇਲੇ ਗਰਦ ਹੱਮਰੀ ਕੀਨੀ ਪਾਲ ।।140।।

।। ਚੌਪਈ ।।

ਹਮ ਕੁਲ ਕੀਟ ਕ੍ਰਿਖੀ ਅਨੁਰਾਗੀ ।। ਅਤ ਮਤ ਮੰਦ ਕੁਚੀਲ ਅਭਾਗੀ ।।
[1]ਭਏ ਪ੍ਰਸੰਨ ਗੁਰੂ ਸੁਖਦਾਨੀ ।। ਚੰਦ ਬਦਨ ਤੇ ਗਿਰਾ ਬਖਾਨੀ ।।141।।
ਸੁਨੀ ਨਰੇਸ ਨਰੋਤਮ ਬਾਨੀ ।। ਭਏ ਪ੍ਰਸੰਨ ਗੁਰੂ ਸੁਖਦਾਨੀ ।।
ਚੰਦ ਬਦਨੁ ਤੇ ਗਿਰਾ ਬਖਾਨੀ ।। ਹੈ ਪ੍ਰਸੰਨ ਸਹਿਤ ਰਜਧਾਨੀ ।।142।।
ਸੁਨ ਸਰਕਾਰ ਸੁਠ ਗਿਰਾ ਅਲਾਈ ।। ਮਯਾ ਆਪ ਕੀ ਗੁਰ ਸੁਖਦਾਈ ।।
ਤਿਲ ਫੂਲਿ ਇਉ ਮਮ ਲੀਜੈ ਸੁਆਮੀ ।। ਘਟ ਘਟ [2]ਪੂਰਨ ਅੰਤਰਿਜਾਮੀ ।।143।।
ਖੋੜਸ ਪਿੰਡ ਊਨੇ ਚੌਫੇਰਾ ।। ਸੋ ਭੀ ਭੇਟਾ ਦੀਨ[3] ਤਿਸ ਬੇਰਾ ।।
ਲੀਨ ਉਪਾਇਨ ਗੁਰ ਸੁਖਦਾਨੀ ।। ਤਿਸ ਕੀ ਸਰਧਾ ਪੂਰਨ ਜਾਨੀ ।।144।।
ਬਾਗ ਮਾਂਝ ਡੇਰਾ ਕਰਵਾਵਾ ।। ਖਾਨ ਪਾਨ ਸਭ ਦਯੋ ਪਹੁਚਾਵਾ ।।
ਮਾਥ ਨਿਵਾਇ ਸਿਵਰ ਮਹਿ ਗਯੋ ।। ਗੁਰ ਪਰਸੰਨ ਦੇਖ ਹਰਖਯੋ ।।145।।

।। ਦੋਹਰਾ ।।

ਨਗਰ ਪੰਚ ਬੁਲਾਇ ਕੈ ਸਤਿਗੁਰ ਦੈ ਸਮਝਾਇ ।।
ਜੋ ਬਸਤੂ ਕੋ ਮਾਂਗ ਹੈ ਦੇਵੈ ਨਹਿ ਬਿਲਮਾਇ ।।146।।

।। ਚੌਪਈ ।।

ਤਿਨ ਤੇ ਮੋਲ ਨਹੀ ਤੁਮ ਲੀਜੈ ।। ਕਾਗਦ ਪਰ ਲਿਖ ਕਰ ਧਰ ਦੀਜੈ ।।
ਦਾਮ ਦਾਮ ਹਮ ਤੇ ਗਿਨ ਲੇਵ ।। ਰੰਚਕ ਭਰ ਨਹਿ ਚਿੰਤ ਕਰੇਵੋ ।।147।।
ਸਤ ਬਚਨੁ ਕਹਿ ਭਵਨ ਸਿਧਾਰੇ ।। ਜਿਮ ਗੁਰ ਭਾਖਾ ਤਿਮ ਰਿਦ[4] ਧਾਰੇ[4] ।।
ਸਭ ਸਿਰਦਾਰ ਪੁਨਾ ਮਿਲ ਆਏ ।। ਆਪੋ ਅਪਨੀ ਭੇਟ ਚਢਾਏ ।।148।।

---

1. ਅ ਪੋਥੀ ਜੁ ਬਸਤ
2. ਅ ਪੋਥੀ ਕੇ ਹੋ ਤਮ
3. ਮੂਲ ਪੋਥੀ ਦੀਸ
4. ਅ ਪੋਥੀ ਕਰਾਰੇ

ਸਭ ਕੀ ਲੀਨੀ ਸ੍ਰੀ ਗੁਰ ਪੂਰੇ ॥ ਸਿਖਨ ਕੇ ਕੀਨੇ ਦੁਖ ਚੂਰੇ ॥
ਦਿਵਾਨ ਪਠਾਂਵਾ ਸਤਿਗੁਰ ਪੂਰਨ ॥ ਸਰਕਾਰ ਪ੍ਰਤ ਕਹੇ ਬਚ ਰੂਰਨ ॥149॥

॥ ਦੋਹਰਾ ॥

ਸ੍ਰੀ ਹਜ਼ੂਰ ਆਇਸ ਕਰੀ ਜਿਤ ਸੈਨਾ ਹੈ ਨਾਹਿ ॥
ਲੰਗਰੋ ਲੈ ਪ੍ਰਸਾਦਿ ਸਭ ਕੀਜੈ ਨਾਹੀ ਟਾਲ ॥150॥

॥ ਚੌਪਈ ॥

ਸਤ ਬਚਨ ਤਬ ਤਿਸ ਨੇ ਗਾਵਾ ॥ ਆਇ ਗੁਰੂ ਪ੍ਰਤਿ ਦੀਨ ਸੁਨਾਵਾ ॥
ਕੋਠੀ ਵਾਲਾ ਗੁਰੂ ਬੁਲਾਯੋ ॥ ਮੰਜ ਬੈਨ ਕਹਿ ਤਿਸ ਸਮਝਾਯੋ ॥151॥
ਜੋ ਮਾਂਗੇ ਤਿਸ ਦੇਵਤ ਜਾਵੋ ॥ ਦਾਨਾ ਆਟਾ ਘੀ ਬਰਤਾਵੋ ॥
ਪਕ ਪਰਸਾਦ ਜੋ ਲੇਵੈ ਆਈ ॥ ਦੇਵੋ ਤਿਸ ਕੋ ਦੇਰ ਬਿਹਾਈ ॥152॥
ਸਤ ਬਚਨ ਤਬ ਸਭ ਨੇ ਗਾਵਾ ॥ ਲਾਗੇ ਦੇਨ ਨ ਤੋਟਾ ਆਵਾ ॥
ਭਾਗਾ ਬਾਗਵਾਨ ਗੁਰ ਕੇਰਾ ॥ [1]ਬੋਲ ਲੀਨ ਸਰਕਾਰ ਬਿਨ ਦੇਰਾ[1] ॥153॥
ਕੜੇ[2] ਪੁਸਾਕੀ ਏਕ ਦੁਸਾਲਾ ॥ ਜਿਨ ਕੋ ਅਤਸੇ ਮੋਲ ਬਿਸਾਲਾ ॥
ਸਰਕਾਰ ਦੇਵ ਸੁ ਲੇਵਤ ਨਾਹੀ ॥ ਜਿਸ ਕੀ ਪ੍ਰੀਤੀ ਗੁਰ ਪਗ ਮਾਹੀ ॥154॥
ਕਹਿ ਭਾਗਾ ਸਰਕਾਰ ਸੁਨੀਜੈ ॥ ਗੁਰ ਕੀ ਗਾਥ ਅਮੀ[3] ਰਸ ਪੀਜੈ ॥
ਸਤਗੁਰ ਤੁਮ ਪਰ ਭਏ ਦਿਯਾਲ ॥ ਦੀਓ ਰਾਜ ਅਰੀ ਜਨ[4] ਟਾਲ ॥155॥

॥ ਦੋਹਰਾ ॥

[5]ਸਤਿ ਸੁ ਗੁਰ ਕਾ[6] ਬਾਗਵਾਨੁ ਕੌਨ ਕਮੀ ਹੈ ਮੋਹਿ ॥
ਗੁਰ ਜੀ ਦੀਨਾ ਸਰਬ ਕਛੁ ਗੁਰ ਘਰ ਤੋਟ ਨ ਕੋਇ ॥156॥

॥ ਚੌਪਈ ॥

ਸੁਨ ਸਰਕਾਰ ਬਹੁਤ ਬਿਗਸਾਈ ॥ ਨਿਜ[6] ਦਾਸਨ ਪ੍ਰਤਿ[6] ਗਿਰਾ ਅਲਾਈ ॥
ਸਤਗੁਰ ਸੇਵਕ ਵਡ[7] ਸੰਤੋਖੂ ॥ ਜਿਨ ਕਾ ਕੀਨਾ ਸਤਿਗੁਰ ਪੋਖੂ ॥157॥
ਬਾਗ ਸੁ ਵਾਨ ਤਬੈ ਉਠਿ ਆਵਾ ॥ ਕਛੋ ਨ ਲੀਨਾ ਗੁਰ ਸਰਨਾਵਾ ॥
ਨਿਸਾ ਬਿਤੀਤ ਭਈ ਭੋਰੁ ਹੁਇ ਆਈ ॥ [8]ਚਲ ਸਰਕਾਰ ਗੁਰੂ ਪਹਿ ਆਈ[8] ॥158॥
ਬੈਠ ਗਈ ਮਨਿ ਮੋ ਹਿਤ ਧਾਰੀ ॥ ਬਾਰੰ ਬਾਰ ਜਾਵਤ ਬਲਿਹਾਰੀ ॥
ਬਜੀਰ ਮੁਸਾਹਿਬੁ ਸਭ ਚਲਿ ਆਏ ॥ ਕਰੁ ਕਰੁ ਦਰਸਨੁ ਮਨ ਹਰਖਾਏ ॥159॥

॥ ਦੋਹਰਾ ॥

ਸਰਕਾਰ ਪਰ ਚੋਗਾ ਹੁਤੋ ਭਗਵਾ ਰੰਗ ਦ੍ਰਿਸਟਾਇ ॥
ਦੇਖ ਬਦਨ ਸਤਿਗੁਰ ਕਹਯੋ ਫਕਰੰ ਭੇਖ ਬਨਾਇ ॥160॥

---

1. ਅ ਪੋਥੀ ਪਾਠਾਂਤਰ : ਸਰਕਾਰ. ਬੁਲਾਵਾ ਗੁਰ ਕੌ ਚੇਰਾ ॥ 2. ਅ ਪੋਥੀ ਕਪੜੇ 3. ਅ ਪੋਥੀ ਸੁ ਅੰਮੀ 4. ਅ ਪੋਥੀ ਗਨ 5. ਅ ਪੋਥੀ ਪਾਠਾਤਰ: ਤਿਸ ਗੁਰੂ ਕਾ ਮੈ 6 ਪੋਥੀ ਪਾਠਾਤਰ: ਸੇਵਕਨਿ ਪ੍ਰਤੀ 7. ਮੂਲ ਪੋਥੀ ਵਪ 8. ਅ ਪੋਥੀ ਪਾਠਾਂਤਰ; ਸਰਕਾਰੁ ਆਇਕਰ ਪਗ ਲਪਟਾਈ

॥ ਚੌਪਈ ॥

ਸੁਨ ਸਰਕਾਰੈਂ ਗਿਰਾ ਅਲਾਈ ॥ ਕਰੰਨ ਫਕੀਰੀ ਅਤ ਕੱਠਨਾਈ ॥
ਫਕੀਰ ਮਿਲੇ ਮਮ ਬਹੁਤੇ ਆਏ ॥ ਫਕਰ ਨ ਕੋਈ ਦ੍ਰਿਸਟੀ ਪਾਏ ॥161॥
ਫਕੀਰ ਅਮੀਰ ਆਪ ਸੁਆਮੀ ॥ ਔਰੁ ਜਿਤੇ ਹੈ ਸਭ ਮੈ ਖਾਂਮੀ ॥
ਸੁਨ ਕਰ ਸ੍ਰੀ ਗੁਰ ਗਿਰਾ ਬਖਾਨੀ ॥ ਚਾਰ ਸਾਧ ਦੀਹਾਂ ਗੁਨ ਖਾਨੀ ॥162॥

॥ ਦੋਹਰਾ ॥

ਦਯਾਲ ਦਾਸ ਮਸਤਾਨਾ ਜੋ ਅਮਰੋ ਸਿੰਘ ਸੋ ਜਾਨ ॥
ਤੇਜਾ ਸਿੰਘ ਵਿਰਾਗ ਨਿਧ ਹਰਖ ਸੋਕ ਨਹਿ ਮਾਨ ॥163॥

॥ ਚੌਪਈ ॥

ਸੁਨ ਸਰਕਾਰ ਸੁ ਗਿਰਾ ਅਲਾਈ ॥ ਅਮਰੁ ਸਿੰਘ ਦਰਸੋ ਗਾ ਜਾਈ ॥
ਸੋਈ ਸਾਧ ਜਿਸੁ ਆਪ ਬਨਾਵੋ ॥ ਭਵ ਸਾਗਰ ਤੇ ਪਾਰ ਲੰਘਾਵੋ ॥164॥
ਹਾਥੁ ਜੋਰੁ ਪੁਨਿ ਬਾਨੀ ਗਾਈ ॥ ਸ੍ਰੀ ਦਰਬਾਰੈਂ ਦਰਸੋ ਜਾਈ ॥
ਹੁਕਮ ਦੀਆ ਜਾ ਕਰੋ ਦਿਦਾਰ ॥ ਲੇ ਭੇਟਾ ਚਾਲਾ ਬਿਨੁ ਬਾਰ ॥165॥
ਮਾਤਾ ਸਾਹਿਬ ਮਹਲੁ ਅਗਾਰੀ ॥ ਹਾਥ ਜੋਰੁ ਕਰੁ ਬੰਦਨ ਧਾਰੀ ॥
ਭੇਟਾ ਭੇਜੀ ਬਿਨੇ ਬਖਾਨੀ ॥ ਮਾਤਾ ਜੀ ਮੁਹਿ ਸੇਵਕੁ ਜਾਨੀ ॥166॥
ਪੁਨਿ ਦਰਬਾਰ ਗਯੋ ਹਿਤ[1] ਲਾਈ ॥ ਧਰੁ ਕਰਿ ਭੇਟਾ ਬਿਨੈ ਅਲਾਈ ॥
ਜੁਗਮ ਭਯਾ ਤਹ ਖੇਲਤ ਦੇਖੇ ॥ ਗੁਰ ਸਪੂਤ ਰਵਿ ਸਸੀ ਪਰੇਖੇ ॥167॥

॥ ਦੋਹਰਾ ॥

ਪਾਨ ਜੋਰੁ ਸਰਕਾਰ ਨੇ ਪਗ ਪਰ ਬੰਦਨੁ ਕੀਨ ॥
ਭੇਟਾ ਰਾਖੀ ਅਗਰ ਬਹੁ ਬਾਰ ਬਾਰ ਹੁਇ ਦੀਨ ॥168॥

॥ ਚੌਪਈ ॥

ਦਰਸ ਪਰਸ ਕਰ ਦੇਰੇ ਆਵਾ ॥ ਅਮਰ ਸਿੰਘ ਮਿਲ ਕੇ ਹੁਲਸਾਵਾ ॥
ਸੈਲ ਸਿਲਾ ਪਰ ਦਰਸਾ ਜਾਈ ॥ ਪਾਸ ਚਲਤ ਹੈ ਜਲ ਸਮਦਾਈ ॥169॥
ਥਾਲੀ ਮੈ ਬਹੁ ਮਹੋਰਾ [2]ਪਾਇ ॥ ਦੀਨ ਸਰਕਾਰ ਅਗਰ ਟਿਕਾਇ ॥
ਅਮਰ ਸਿੰਘ ਮੁਹਰਾ ਗਹਿ ਲੀਨ ॥ ਦੰਦਨਿ ਤਰੇ ਚਬਾਵਨ ਕੀਨ ॥170॥
ਕਛੂ ਸ੍ਵਾਦਨ ਨ ਇਨ ਕੋ ਆਈ ॥ ਐਸੇ ਕਹਿ ਜਲ ਮਾਂਹਿ ਗਿਰਾਈ ॥
ਖਸਟੁ ਤੁਕਾ ਕਹੀ ਗੁਰਬਾਨੀ ॥ ਸੁਨ ਸਰਕਾਰ ਮਨ ਮੈ ਹਰਖਾਨੀ ॥171॥

॥ ਤਥਾ ਬਾਕੈ ॥

ਜੈਸਾ ਸੁਵਰਨ ਤੈਸੀ ਉਸ ਮਾਟੀ ॥ ਜੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥

---

1. ਦ ਪੋਥੀ ਚਿਤਿ
2. ਦ ਪੋਥੀ ਢਮੜੇ

ਜੈਸਾ ਮਾਨ ਤੈਸਾ ਅਪਿਮਾਨੁ ॥ ਜੈਸਾ ਰੰਕ ਤੈਸਾ ਰਾਜਾਨ ॥
ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਇ [ਪੁਰਖ][1] ਕਹੀਐ ਜੀਵਨ ਮੁਕਤਿ ॥172॥

॥ ਦੋਹਰਾ ॥

ਦੇਖਿ ਤੌਰ ਸਰਕਾਰ ਨੇ ਪਗ ਪਰ ਬੰਦਨ ਕੀਨ ॥
ਧੰਨੁ ਧੰਨੁ ਸ੍ਰੀ [2]ਸਤਿਗੁਰੂ [2]ਜਿਨ ਸਿਖਨ ਸੁਖੁ ਦੀਨ ॥173॥

॥ ਚੌਪਈ ॥

ਉਠਿ ਸਰਕਾਰ ਗੁਰੂ ਪਹਿ ਆਈ ॥ ਹਾਥ ਜੋਰ ਪਗ ਬੰਦਨ ਗਾਈ ॥
ਅਮਰੁ ਸਿੰਘ ਹੈ ਅਮਰ ਸਰੂਪ ॥ ਆਪ ਨਿਕਾਸਾ ਸੰਸਤ ਰੂਪੁ ॥174॥
ਮੇਰੇ ਪਰ ਭੀ ਕਰਨਾ ਕੀਜੈ ॥ ਜਨਮ ਮਰਨ ਦੁਖ ਗੁਰ ਹਰਿ ਲੀਜੈ ॥
ਸੁਨ ਕਰ ਸ੍ਰੀ ਗਿਰਾ ਅਲਾਈ ॥ ਧਰਮ ਨਿਆਇ ਕਰੋ ਹਰਖਾਈ ॥175॥
ਪਰਜਾ ਪਾਲਨ ਸਦਾ ਕਰੀਜੈ ॥ ਸਿਖ ਸੰਤ ਕੀ ਸੇਵਾ ਕੀਜੈ ॥
ਪੁਨ ਸਰਕਾਰ ਨੇ ਬਿਨੇ ਬਖਾਨੀ ॥ ਪਹਾੜ ਦਿਵਾਵੋ ਗੁਰ ਸੁਖਦਾਨੀ ॥176॥
ਟੀਹਰਾ ਕਾਗੜ ਆਦਿ ਜੁ ਆਹਿ ॥ ਦੁਰਗ ਦਿਵਾਵੋ ਬਿਲਮ ਬਿਹਾਹਿ[3] ॥
ਸੁਨ ਕਰ ਸਾਹਿਬ ਗਿਰਾ ਅਲਾਈ ॥ ਗੁਰ ਸਿਖਾ ਤੁਹਿ ਦਿਓ ਸਮਝਾਈ ॥177॥

॥ ਦੋਹਰਾ ॥

ਫਤੇ ਜੰਗ ਹੈ ਏਕ ਸੁਭ ਦੇਵੈ ਤੁਮ ਹਰਖਾਇ ॥
ਜਿਸੇ ਓਰ ਤਿਸ ਕਰੇਗਾ ਆਗੇ ਜੈ ਹੁਇ ਜਾਇ ॥178॥

॥ ਚੌਪਈ ॥

ਸਿਰੋਪਾਇ ਗੁਰ ਹੈ ਜੁ ਦੀਨ ॥ ਲੈ ਸਰਕਾਰ ਮਨੇ ਹਰਖੀਨ ॥
ਔਰ ਸਿਰਦਾਰ ਜਿਤੇ ਥੇ ਆਏ ॥ ਸਿਰੋਪਾਇ ਗੁਰ ਸਭਨ ਦਿਵਾਏ ॥180॥
ਮੀਹਾਂ ਸਿੰਘ ਨੇ ਅਰਜਿ ਬਖਾਨੀ ॥ ਬਿਨਤੀ ਸੁਨੀਏ ਸਾਰੰਗ ਪਾਨੀ ॥
ਪਲਟਨ ਕਵੈਦ ਕਰੈ ਹਰਖਾਇ ॥ ਦੇਖੋ ਆਪ ਗੁਰੂ ਸੁਖਦਾਇ ॥181॥
ਸ੍ਰੀ ਹਜੂਰ ਜੀ ਆਇਸ ਦੀਨੀ ॥ ਕਵੈਦ ਪਲਟਨ ਨੇ ਤਬ [4]ਕੀਨੀ ॥
ਸੈ ਇਕੀਸ ਦਮੜਾ ਗੁਰ ਦੀਨਾ ॥ ਲੇ [5]ਬਖਸੀਸ ਸਭੇ [5]ਹਰਖੀਨਾ ॥182॥
ਉਠ ਸਰਕਾਰ ਚਰਨ ਗਹਾਨੇ ॥ ਬਾਰ ਬਾਰ ਪਗ ਬੰਦਨ ਠਾਨੇ ॥
ਪਿਠ ਪਰ ਸ੍ਰੀ ਗੁਰ ਥਾਪੀ ਦੀਨੀ ॥ ਤਬ ਸਰਕਾਰ ਅਪਨੀ ਜੈ ਚੀਨੀ ॥183॥

---

1. ੲ ਪੋਥੀ ਵਿਚੋਂ 2. ਅ ਪੋਥੀ ਪਾਠਾਂਤਰ : ਸਾਹਿਬ ਸਿੰਘ ਗੁਰ 3. ਅ ਪੋਥੀ ਪਾਠਾਂਤਰ :
ਤਬ ਹੀ ਕੀਵੀ 4. ਅ ਪੋਥੀ ਪਾਠਾਂਤਰ : ਤਬ ਹੀ ਕੀਨੀ ॥ 5. ਅ ਪੋਥੀ ਪਾਠਾਂਤਰ : ਲੇਖ
ਸੀਸ ਭਏ ਹਰ ਖੀਨਾ

ਛੱਤੋ ਜੰਗ ਹੈ ਆਗੇ ਕੀਨਾ ॥ ਪਾਛੇ ਚਾਲਾ ਅਤਿ ਪਰਬੀਨਾ ॥
ਚੌਕੀ ਦੁਰਗੀ ਲੀਨ ਛੁੜਾਈ ॥ ਟੀਹਰੇ ਪਰਬਤ ਕੀਨੀ ਧਾਈ ॥184॥
ਸੋਭੀ ਲੀਨਾ ਤੁਰਤੁ ਛਡਾਇ ॥ ਪਰਬਤ ਲੋਕ ਮਿਲੇ ਤਬ ਆਇ ॥
ਕਾਂਗੜ ਆਦਿ ਕਰੇ ਸਭ ਜੇਰ ॥ ਗੁਰੂ ਕ੍ਰਿਪਾ ਤੇ ਹੋਵਾ ਸੇਰ ॥185॥

॥ ਦੋਹਰਾ ॥

ਲਹੌਰ ਕੌ ਤਬ [ਜਤ[[1] ਭਾ ਰਾਜ ਸੈਲ ਕੌ ਪਾਇ ॥
ਗੁਰੂ ਗਾਥ ਅਬ ਕਹਤ ਹੌ ਜੋ ਸਿਖਨ ਸੁਖਦਾਇ ॥186॥

## (ਕੰਵਰ ਸ਼ੇਰ ਸਿੰਘ ਨੇ ਦਰਸ਼ਨ ਕਰਨ ਆਉਣਾ)

॥ ਚੌਪਈ ॥

ਸੁਤ ਸਰਕਾਰ ਸੇਰ ਸਿੰਘ ਆਹੀ ॥ ਗੁਰ ਦਰਸਨੰ ਕੀ ਇਛਾ ਰਾਹੀ[2] ॥
ਧਰੀ ਉਪਾਇਨ ਸੀਸ ਨਿਵਾਇਓ ॥ ਕਰੀ ਮਯਾ ਗੁਰ ਸਿਵਰ ਕਰਾਯੋ ॥187॥
ਪ੍ਰਸਾਦਿ ਆਦਿ ਗੁਰ ਸਰਬ ਛਕਾਵਾ ॥ ਗੁਰੂ ਮੰਯਾ ਪਿਖ ਮਨ ਬਿਗਸਾਵਾ ॥
ਭੋਰ ਹੋਤ ਸਿਕਾਰੁ ਪਧਾਰੇ ॥ ਬਨ ਮੋ ਬਿਚਰੇ ਖਗ ਮ੍ਰਿਗ ਮਾਰੇ ॥188॥
ਮਾਰਤੰਡ ਚਢਹੋ ਬਲ ਲਾਈ ॥ ਭਈ ਧੂਪ ਅਤਸੇ ਤਪਤਾਈ ॥
ਨੀਰ ਪਾਨ ਇਛਾ ਮਨ ਧਾਰੀ ॥ ਕੂਪ ਪੇਖ ਮਾਂਗਾ ਤਬ ਬਾਰੀ ॥189॥

॥ ਦੋਹਰਾ ॥

ਪੋਠੋਵਾਰੀ ਦਯਾਲ ਸਿੰਘ ਖਰੋ ਕੂਪ ਤੇ ਸੋਇ ॥
ਸੇਰ ਸਿੰਘ ਜਲ ਜਾਚੇਯਾ ਦੀਜੈ ਹਰਖਤੁ ਹੋਇ ॥190॥

## (ਸ਼ੇਰ ਸਿੰਘ ਦੀ ਅਵਗਿਆ)

॥ ਚੌਪਈ ॥

ਦਯਾਲ ਸਿੰਘ ਜਲ ਦੇਵੰਨ ਕੀਨਾ ॥ ਨੀਰ ਪਾਨ ਕਰ ਮਨ ਹਰਖੀਨਾ ॥
ਹੀਰਾ ਮ੍ਰਿਗ ਕਾਨਨ ਤੇ ਆਵਾ ॥ ਸੇਰ ਸਿੰਘ ਪਿਖ ਚਾਹੇ ਘਾਵਾ ॥191॥
ਮਾਨਵ ਅਪਨੇ ਪ੍ਰੇਰਨ ਕੀਨੇ ॥ ਸ੍ਵਾਂਨ ਛੜਾਏ ਦੇਰ ਬਿਹੀਨੇ ॥
ਦਯਾਲ ਸਿੰਘ ਪਿਖ ਬਰਜਨ ਕੀਨਾ ॥ ਕਬੀ ਨ ਗੁਰੇ ਮ੍ਰਿਗ ਮਾਰਨ ਦੀਨਾ ॥192॥
ਔਰੁ ਸਿਕੋਰੁ ਖਿਲੌ ਮਨ ਦੀਜੈ ॥ ਮ੍ਰਿਗ ਮਾਰਨ ਨਹੀ ਉਦਮ ਕੀਜੈ ॥
ਹੀਰਾ ਹਰਨ ਨ ਕੋਈ ਮਾਰੈ ॥ ਸੁਨੈ ਹਜੂਰ ਬਹੁਤ ਤਿਸਕਾਰੈ[3] ॥193॥
ਤੁਸੀ ਮੰਗਰੋ ਘੋੜਾ ਮਤ ਲਾਵੋ ॥ ਹਨਹੁ ਮ੍ਰਿਗ ਤੋ ਫਿਰ ਪਛੁਤਾਵੋ ॥
ਕੌਰ ਕਹਾ ਬਹੁ ਠੂਠੇ ਭੰਨਾ ॥ ਮ੍ਰਿਗ ਦੇਖਾ ਮੁਝ ਪੁੰਨ ਉਪੰਨਾ ॥194॥

॥ ਦੋਹਰਾ ॥

ਸਿੰਘ ਨ ਰੋਕੇ ਰਹਤ ਪਲ ਮਾਰਤ[4] ਹੈ ਸਦਾ ਮਾਰ ॥
ਹੀਰੇ ਪਿਖ ਧੀਰੇ ਕਬੈ ਜਿਨ ਕੇਹ ਹੀਨ ਆਹਾਰ ॥195॥

---

1. ਅ ਪੋਥੀ ਵਿਚੋਂ 2. ਅ ਪੋਥੀ ਧਰਾਈ 2 ਮੂਲ ਪੋਥੀ ਹਿਤਕਾਰੇ 4. ਅ ਪੋਥੀ ਮਾਰ ਲੈਤ

ਦਯਾਲ ਸਿੰਘ ਬਹੁਰੋ ਕਹਾ ਮਨੁ ਮਾਨੇ ਸੁ ਕਮਾਉ ॥
ਤੇਰਾ ਹੀ ਠੂਠਾ ਟਾਟਰੋ ਗੁਰ ਕਾ ਹੁਕਮੁ ਹਟਾਉ ॥196॥

॥ ਚੌਪਈ ॥

ਸੇਰ ਸਿੰਘ ਹੈ ਪਾਛੇ ਲਾਵਾ ॥ ਮ੍ਰਿਗ ਮਾਰਨ ਕੋ ਮਨ ਲਲਚਾਵਾ ॥
ਹੈ ਤੇ ਗਿਰਾ ਦੇਰ ਬਿਹਾਈ ॥ ਸਰੀਰ ਸੁਧਿ ਨਹਿ ਰਹੀ ਸਕ੍ਰਾਈ ॥197॥
ਟਾਂਗ ਕਿਕਾਂਨ ਤੁਰਤਿ ਭਜ ਗਈ ॥ ਸੇਰ ਸਿੰਘ ਕੋ ਗਸ ਵਡ ਭਈ ॥
ਮ੍ਰਿਗ ਬਚਾਵਾ ਸਤਿਗੁਰੂ ਪੂਰੇ ॥ ਜਾਂਕੇ ਬੈਨ ਨ ਜਾਵੈ ਊਰੇ ॥198॥
ਸੇਰ ਸਿੰਘ ਕੋ ਬਿਜਨ ਝੁਲਾਵਾ ॥ ਸ਼ੀਤ ਨੀਰ ਤਬ ਮੁਖ ਮੈ ਪਾਵਾ ॥
ਪੁਨਿ ਅਸੁਵਾਰ ਤੁਰਕ ਇਕ ਬੋਲਾ ॥ ਕਈ ਵਾਰ ਗਿਰ ਮਨੁ ਨਹਿ ਡੋਲਾ ॥199॥
ਰਜਾਇ ਰਬ[1] ਭਈ ਇਹ ਗਿਰਾ ॥ ਕਈ ਵਾਰ ਮ੍ਰਿਗ ਮਾਰਨ ਕਰਾ ॥
ਏਕ ਸਿਖ ਸੁਨ ਬਾਨੀ ਗਾਈ ॥ ਸਿਖ ਨਿਰਾਦਰ ਕਾ ਫਲੁ ਪਾਈ ॥200॥

॥ ਦੋਹਰਾ ॥

ਠੂਠੇ ਭੰਨ ਬਖਾਨ ਕੈ ਬਡਾ ਕਟਾ ਤਿਸਕਾਰ ॥
ਸਿਖ ਕਹਯੋ ਤੇਰੋ ਭਜੈ ਜੋ ਪੂਰਯੋ ਅਹੰਕਾਰ ॥201॥

॥ ਚੌਪਈ ॥

ਪੁਨ ਹਜੂਰ[2] ਪਾਸ ਚਲਿ ਆਵਾ ॥ ਪਾਨ ਜੋਰੁ ਕਰਿ ਸੀਸ ਨਿਵਾਵਾ ॥
ਸ੍ਰੀ ਕਮਲਾਨਨ ਗਿਰਾ ਅਲਾਈ ॥ ਹੈ ਤੇ ਗਿਰਾ ਕਹਿ ਸਾਟ ਲਗਾਈ ॥202॥
ਕਹਯੋ ਸੇਰ ਸਿੰਘ ਸੁਨੋ ਸੁਆਮੀ ॥ ਪ੍ਰਾਨ ਬਚਾਏ ਮੇਟੀ ਖਾਮੀ ॥
ਪੁਨ ਹਜੂਰ ਜੀ ਗਿਰਾ ਅਲਾਈ ॥ ਮ੍ਰਿਗ ਮਾਰਨ ਦਿਯੋ ਬਾਣ ਹਟਾਈ ॥203॥
ਸਤ ਬਚਨ ਕਹਿ ਖੁਸ਼ੀ ਸੁ ਮਾਂਗੀ ॥ ਗੁਰ ਚਰਨਨ ਮੈ ਪ੍ਰੀਤੀ ਜਾਗੀ ॥
ਸਿਰੇਪਾਇ ਸਤਗੁਰ ਸੁਭ ਦੀਨਾ ॥ ਲੀਨ ਹਰਖੁ ਕਰੁ ਸਿਰ ਧਰਿ ਲੀਨਾ ॥204॥
ਲੇ ਆਇਸ ਤ੍ਰਵ ਭਵਨ ਸਿਧਾਵਾ ॥ ਗੁਰੂ ਮਯਾ ਤੇ ਬਡ ਸੁਖ ਪਾਵਾ ॥
ਮਹਾਂ ਸਿੰਘ ਗੁਰ ਪਾਸ ਰਹਾਈ ॥ ਤਨ ਮੈ ਜੂਰ ਭਾ ਵਡ ਦੁਖਦਾਈ ॥205॥
ਸਰਬ ਹਕੀਮ ਰਹੇ ਬਲ ਲਾਏ ॥ ਤਾਪ ਨ ਹੂਟੇ ਸੂਕਤ ਜਾਏ ॥
ਤਨ ਨਹਿ ਬਾਚੇ ਨਿਸਚੇ ਜਾਨਾ । ਮਰਨ ਜਾਨ ਮਨ ਮੈ ਭੈ ਮਾਨਾ ॥206॥

॥ ਦੋਹਰਾ ॥

ਸਿਖ ਪਿਸਟ ਪਰ ਚੜਤ ਕਰ ਆਵਾ ਗੁਰੂ ਹਜੂਰਿ ॥
ਪਾਨ ਜੋਰੁ ਬੰਦਨੁ ਕਰੀ ਕੀਜੈ ਗੁਰ ਦੁਖ ਚੂਰ ॥207॥

1. ਅ ਪੋਥੀ ਰਬ ਦੀ
2. ਅ ਪੋਥੀ ਗੁਰ ਜੀ

॥ ਚੌਪਈ ॥

ਦੁਖ ਨ ਜਾਵੇ ਅਬੈ ਸਹਾਰਾ ॥ ਗੁਰ ਜੀ ਮੈ ਦੁਖ ਪਾਵਾ ਭਾਰਾ ॥
ਸ੍ਰੀ ਕਮਲਾਨਨ ਗਿਰਾ ਅਲਾਈ ॥ ਬਾਬੇ ਥਾਨ ਜਾਹੁ ਹਰਖਾਈ ॥208॥
ਚਰਨ ਧੂੜਿ ਲੈ ਮਾਥੇ ਲਾਵੋ ॥ ਤਾਪ ਹਟੈ ਅਤਸੇ ਸੁਖ ਪਾਵੋ ॥
ਮਾਨ ਬਚਨ ਤਬ ਜਾਵਨ ਕੀਨਾ ॥ ਸ੍ਰੀ ਕਲ ਧਾਰੀ ਥਾਨ[1] ਦੀਨਾ ॥209॥
ਲੇਕਰ ਧੂੜੀ ਜਬ ਮਾਥੇ ਲਾਈ ॥ ਤਾਪ ਗਯੋ ਤਤ ਖਿੰਨ ਬਿਲਾਈ ॥
ਹੋਇ ਅਰੋਗ ਤਬ ਗਯੋ ਨਿਕੇਤਾ ॥ ਗੁਰੂ ਬਚਨ ਪਰ ਕੀਨਾ ਹੇਤਾ ॥210॥

(ਮਾਲਵੇ ਦੇ ਇੱਕ ਸਰਦਾਰ ਦੀ ਗਾਥਾ)

ਮਾਲਵੇ ਦੇਸ ਏਕ ਸਿਰਦਾਰਾ ॥ ਦੂਜੇ ਬਯਾਹ ਕੋ ਉਦਮ ਧਾਰਾ ॥
ਪ੍ਰਥਮ ਕਬੀਲੇ ਜਾਦੂ ਪਾਵਾ[2] ॥ ਚਾਲਾ ਲਹੂ ਲਗੋ ਬਡ ਹਾਵਾ ॥211॥

॥ ਦੋਹਰਾ ॥

ਹੋਇ ਦੁਖਤ[3] ਪੁਕਾਰਯੋ ਗੁਰ ਜੀ ਕਰੋ ਸਹਾਇ ॥
ਸਾਹਿਬ ਸਾਹਿਬ ਸਿੰਘ ਜੀ ਮੈ ਤੁਮਰੀ ਸਰਨਾਇ ॥202॥

॥ ਚੌਪਈ ॥

ਜੜਾਉ ਫੈਢੂ ਏਕ ਗਇੰਦ ॥ ਹਜਾਰ ਰੁਪੈਯਾ ਪੌਪਸ ਬਿੰਦ ॥
ਅਰਜੀ ਲਿਖ ਕਰ ਭੇਟਾ ਭੇਜੀ ॥ ਲੇਕਰ ਸੇਵਕ ਪੁਜ ਹਰਖੇਜੀ ॥213॥
ਜਾ ਹਜੂਰ ਤਿਨ ਅਰਜੀ ਦੀਨੀ ॥ ਹਾਥ ਜੋਰੁ ਬਹੁ ਬਿਨੰਤੀ ਕੀਨੀ ॥
ਜਬ ਅਰਜੀ ਸਤਗੁਰੂ ਪਢਾਈ[4] ॥ ਮੰਜ ਗਿਰਾ ਤਬ ਸਤਗੁਰ ਗਾਈ ॥214॥
ਵਹੁ ਤੋ ਮੂਆ ਹਮ ਨਹ ਲੇਵੈ ॥ ਲੇਕਰ ਤੁਮ ਤੇ ਕਿਸ ਕੋ ਦੇਵੈ ॥
ਹਾਥ ਜੋਰੁ ਤਿਨ ਬੈਨਿ ਅਲਾਏ ॥ ਹਮ ਜੀਵਤ ਤਿਸ ਹੀ ਛਡਿ ਆਏ ॥215॥
ਕਮਲਨੈਨ ਸੁਨ ਗਿਰਾ ਅਲਾਈ ॥ ਆਜ ਸਵੇਰ ਮਰਾ ਦੁਖ ਪਾਈ ॥
ਮੂਏ ਬਸਤੁ ਨ ਹਮ ਕਬ ਲੀਨੀ ॥ [ਤੁਮਰਿ ਪ੍ਰਿਤਿ ਬਾਨੀ ਕਹਿ ਦੀਨੀ[6] ॥218॥
ਜਿਨ ਕੇ ਮਨ ਕੀ ਟੂਟੀ ਆਸਾ ॥ [ਸੁਨ ਗੁਰਬਾਨੀ ਭਏ ਨਿਰਾਸਾ ॥][5]
ਲੇ ਸਾਬਾਬ ਚਲੋ ਗ੍ਰਿਹਿ ਓਰਾ ॥ ਮਰਨ ਸੁਨ ਦੁਖ ਲਾਗੋ ਘੋਰਾ ॥217॥
ਪੰਚਮ ਦਿਵਸ ਖਬਰੁ ਸੁਨ ਪਾਈ ॥ ਜੋ ਪੂਰੈ ਗੁਰ ਗਿਰਾ ਅਲਾਈ ॥
ਸਭਨਨ ਮਨ ਨਿਸਚਾ ਬਡ ਆਯੋ ॥ ਬਾਰ ਬਾਰ ਪਗ ਸੀਸ ਨਿਵਾਯੋ ॥218॥

(ਇਕ ਸਿਖ ਦੀ ਕਥਾ)

॥ ਦੋਹਰਾ ॥

[7]ਬਰਖਾ ਸਾਵਣ ਦਿਨ ਅਏ ਪਕੇ ਅੰਬ ਸਮਦਾਇ ॥
ਇਕ ਸਿਖ ਮਨੁ ਪ੍ਰੀਤਿ ਕਰਿ ਲੀਨੇ ਅੰਬ ਤੁੜਾਇ ॥219॥

---

1. ਅ ਪੋਥੀ ਥਾਨੁ ਸੁਭ 2. ਅ ਪੋਥੀ ਪਾਲਾ 3. ਅ ਪੋਥੀ ਦੁਖੀ ਸੁ 4. ਅ ਪੋਥੀ ਪੜ੍ਹਾਈ
5. ਅ ਪੋਥੀ ਵਿਚੋਂ 6. ਅ ਪੋਥੀ ਵਿਚੋਂ 7. ਅ ਪੋਥੀ ਹਾੜੇਸੁ

॥ ਚੌਪਈ ॥

ਸਤਿਗੁਰ ਲੀਏ ਅੰਬ ਤੁੜਾਏ ॥ ਭਰ ਭਰ ਡਾਲੀ ਅੰਬ ਲਿਆਏ ॥
ਜਬ ਘਰ ਆਏ ਮਨ ਮੋ ਆਈ ॥ ਅਰਧ ਅਚਾਰ ਲੇਵੈ ਘਰ ਪਾਈ ॥220॥
ਅਧੋ ਪਾਇਲ ਦੀਨੋ[1] ਪਾਇ ॥ ਅਰਧ ਅਚਾਰਿ ਲੀਨ ਬਨਾਇ ॥
ਪਾਇਲ ਵਾਲੇ[2] ਜਬ ਪਕ ਗਏ ॥ ਡਾਲੀ ਲੇ ਹਜੂਰ ਸਧਏ ॥221॥
ਸਤਗੁਰ ਆਗੇ ਜਬ ਰਖ ਦੀਨ ॥ ਬਿਗਸਤ ਬੋਲੇ ਗੁਰੂ ਪਰਬੀਨ ॥
ਲਯਾਵੋ ਆਗੇ ਹਮੈ ਦਿਖਾਵੋ ॥ ਜੋ ਚਾਹੋ ਬਰ ਗੁਰ ਤੇ ਪਾਵੋ ॥222॥
ਸਿਖ ਆਗੈ ਤਬ ਕਰੇ ਬਨਾਇ ॥ ਇਕ ਕਰਿ ਲੀਨੋ[3] ਗੁਰ ਸੁਖਦਾਇ ॥
ਪੂਰਾ ਸਰਾਹੇ ਸਤਿਗੁਰੂ ਪੂਰੇ ॥ ਫਿਰ ਸੁਭ [4]ਬੈਨ ਕਹੇ ਅਤ ਰੂਰੇ ॥223॥

॥ ਦੋਹਰਾ ॥

ਅਰਧ-ਆਂਬ ਆਂਨੇ ਤੁਮੈ ਅਰਧੈ ਪਾਇ ਅਚਾਰ ॥
ਗੁਰੂ[5] ਚੀਜ ਛੇੜਨ ਕਰੀ ਭਲੀ ਨ ਕੀਨੀ ਕਾਰ ॥224॥

॥ ਚੌਪਈ ॥

ਹਾਥਜੋਰ ਸਿਖ ਅਰਜਿ ਬਖਾਨੀ ॥ ਭੈ ਭੂਲਾ ਬਖਸੋ ਸੁਖਦਾਨੀ ॥
ਫੇਰਿ ਨ ਐਸੇ ਕਰ ਹੋ ਕਾਰਾ ॥ ਖਿਮਾ ਕਰੀਜੈ ਗੁਰ ਦਾਤਾਰਾ ॥225॥
ਸੁਨਿ ਤਿਸ ਅਰਜੀ ਗੁਰੂ ਬਖਾਨਾ ॥ ਸਤਨਾਮੁ ਸਿਮਰੋ ਗੁਨ ਖਾਨਾ ॥
ਸਤਿਗੁਰੁ ਸੇਵਾ ਮੋ ਹਿਤੁ ਲਾਵੋ ॥ ਜੋ ਚਾਹੋ ਸੋ ਗੁਰ ਤੇ ਪਾਵੈ ॥226॥
ਗੁਰ ਜੀ ਅੰਬ ਲੀਨੇ ਜਬ ਤਿਸ ਤੇ ॥ ਸਿਖ ਤਬ ਬੋਲਾ ਬਾਨੀ ਹਸ ਕੇ ॥
ਗੁਰ ਜੀ ਮੋਕੋ ਕਰੂੰ ਨਿਹਾਲ ॥ ਮੋਰੇ ਸਿਰ ਤੇ ਟਾਰਾ ਕਾਲਾ ॥227॥
ਲੇਕਰ ਆਇਸ ਭਵਨ ਸਿਧਾਰੋ ॥ ਗੁਰ ਪਰ ਹੋਵਾ ਬਹੁ ਬਲਹਾਰਾ ॥
ਮਾਲਵ ਤੇ ਚਲ ਸੰਗਤਿ ਆਈ ॥ ਭਈ ਭੀਰ[6] ਅਤਿਸੇ ਅਧਿਕਾਈ ॥228॥

(ਇਕ ਮਾਈ ਦੀ ਕਥਾ)

ਆਪੋ ਅਪਨੀ ਭੇਟ ਚੜ੍ਹਾਵੈ ॥ ਦੇਖੈ ਮੂਰਤਿ ਬਲਿ ਬਲਿ ਜਾਵੈ ॥
ਇਕ ਸੁਭ ਮਾਈ ਬ੍ਰਿਧ ਥੀ ਨਾਲ ॥ ਜਿਸ ਕੇ ਮਨ ਮੈ ਪ੍ਰੀਤ ਬਿਸਾਲ ॥229॥

॥ ਦੋਹਰਾ ॥

ਦੂਰਿ ਖੜੀ ਭੈ ਕਰਿ ਰਿਦੈ ਨਿਰੰਕਾਰੁ ਗੁਰ ਦੇਹਿ ॥
ਮੈ ਮਲੀਨ ਅਤਸੇ ਘਨੀ ਕੈਸੇ ਨੇੜਿ ਕਰੇਹਿ ॥230॥

॥ ਚੌਪਈ ॥

ਪਾਦ ਪਦਮੁ ਗੁਰ ਡੀਠ ਲਗਾਈ ॥ ਨੈਨਨ ਤੇ ਜਲ ਧਾਰ ਚਲਾਈ ॥
ਤਿਸ ਕੇ ਮਨ ਕੀ ਜਾਨ ਸੁਆਮੀ ॥ ਕੀਨ ਬੁਲਾਵਨ ਅੰਤਰਜਾਮੀ ॥231॥

1. ਅ ਪੋਥੀ ਦੀਜੈ  2. ਅ ਪੋਥੀ ਵਾਲੇ  3. ਅ ਪੋਥੀ ਮੋ ਲੀਨਾ  4. ਅ ਪੋਥੀ ਸੁ
5. ਅ ਪੋਥੀ ਸੁਰ ਕੀ  6. ਅ ਪੋਥੀ ਭੀੜ

ਸੁਨ ਕਰ ਆਈ ਸੀਸ ਨਿਵਾਯੋ ॥ ਕਮਲ ਨੈਨ ਜੀ ਬੈਨ ਅਲਾਯੋ ॥
ਮਾਈ ਕਰਮੋਂ ਤੂ ਹੈ ਰਾਜੀ ॥ ਕਹਾ ਖੇਸ ਜੋ ਹਮ ਹਿਤ ਸਾਜੀ ॥232॥
ਸੁਨ ਸੰਗਤਿ ਮਨ ਅਚਰਜ ਧਾਰਾ ॥ ਚਾਕੀ ਪੀਸੈ ਕਰੈ ਗੁਜਾਰਾ ॥
ਗੁਰ ਜੀ ਲੀਨਾ ਪਾਸ ਬੁਲਾਈ ॥ ਭਾਗ ਵਡੇ ਇਸ ਜਾਗੇ ਭਾਈ ॥233॥
ਤਤ ਖਿਨੁ ਤਿਸ ਨੈ ਖੇਸ ਨਿਕਾਰਾ ॥ ਗੁਰ ਜੀ ਗਹਿ ਕਰ ਕਰ ਮੇ ਧਾਰਾ ॥
ਬੁਧਿ ਸਿੰਘ ਲੀਨੋ ਪਾਸ ਬੁਲਾਈ ॥ ਤਾਸ ਪ੍ਰਤੀ ਗੁਰ ਬਾਨੀ ਗਾਈ ॥234॥
ਨਾਨ ਸਮੇ ਨਿਤ ਊਪਰਿ ਦੇਵੋ ॥ ਮਾਈ ਕੀ ਅਤਿ ਪ੍ਰੀਤੀ ਜੇਵੋ ॥
ਸੁਨਿ ਮਾਈ ਮਨੁ ਬਹੁ ਹਰਖਾਈ ॥ ਬਾਰ ਬਾਰ ਗੁਰ ਕੀ ਨੁਤਿ ਗਾਈ ॥235॥
ਪਤਿਤੰ ਪਾਵਨ ਤੁਮਰਾ ਬਾਨਾ ॥ ਐਸੇ ਗਾਵਤ ਬੇਦ ਪੁਰਾਨਾ ॥
ਧੰਨੁ ਧੰਨੁ ਬੇਦੀ ਕੁਲ ਈਸੇ ॥ ਕੌਨ ਕਰੈ ਗੁਰ ਤੁਮਰੀ ਰੀਸੇ ॥236॥
ਮੈ ਸਠ[1] ਨਾਰੀ ਮਹਾਂ ਗਵਾਰੀ ॥ ਕਰੀ ਮਯਾ ਭਵ ਪਾਰ ਉਤਾਰੀ ॥
ਸਭ ਨੇ ਮਨ ਮੇ ਦ੍ਰਿੜਤਾ ਪਾਈ ॥ ਨਿਰਧਨ ਪਰ ਗੁਰ ਮਯਾ ਕਰਾਈ ॥237॥

॥ ਦੋਹਰਾ ॥

ਤੀਨ ਨਿਸਾ ਸੰਗਤਿ ਰਹੀ ਬਹੁੜੋ ਲੈ ਸਿਰਪਾਇ ॥
ਲੈ ਆਇਸ ਗ੍ਰਹ ਕੋ ਗਈ ਵਾਹਿਗੁਰੂ ਮੁਖ ਗਾਇ ॥238॥

## (ਭਾਈ ਮਨਸਾ ਸਿੰਘ ਦੀ ਕਥਾ)

॥ ਚੌਪਈ ॥

ਭਾਈ ਮਨਸਾ ਸਿੰਘ ਜੁ ਰਾਗੀ ॥ [2]ਕਰੈ ਕੀਰਤਨ ਪ੍ਰੀਤੀ ਜਾਗੀ[2] ॥
ਅੰਮ੍ਰਿਤ ਸਰੁ ਮੈ ਜਿਸ ਪ੍ਰਤਾਪੂ ॥ ਆਦਿ ਸਰਕਾਰ ਪਗ ਜਿਸ[3] ਚਾਪੂ ॥239॥
ਗੁਰ ਹਿਤ ਸਹਿਜਾ[4] ਲੀਨ ਬੁਲਾਈ ॥ ਚਾਲਾ ਉਨੈ ਦਰਸਨ ਤਾਈ ॥
ਜਾਇ ਦਿਦਾਰ ਕਰਾ ਗੁਰ ਪੂਰੇ ॥ ਜਬ ਦਰਸੇ ਮਿਟ ਗਏ ਵਿਸੂਰੇ ॥240॥
ਸਹਿਜਾ ਗੁਰ ਕੋ ਅਰਪਨਿ ਕੀਨੀ ॥ ਸ੍ਰੀ ਗੁਰੂ ਲੀਨੀ ਪ੍ਰੀਤੀ ਚੀਨੀ ॥
ਬਾਰ ਬਾਰ ਸ੍ਰੀ ਗੁਰੂ ਬੁਲਾਵਾ ॥ ਮਾਨਧਾਰੀ ਮਾਨ ਵਧਾਵਾ ॥241॥

॥ ਦੋਹਰਾ ॥

ਸਿਵਰ ਕਰਾਵਾ ਸਤਿਗੁਰੂ ਅਸੁਨ ਥਾਲ ਨਿਤ[5] ਭੇਜ ॥
ਨਿਸਾ ਭਾਈ ਸ੍ਰੀ ਸਤਿਗੁਰੂ ਸੋਏ ਤਿਸ ਹੀ ਸੇਜ ॥242॥
ਏਕ ਜਾਮ ਤ੍ਰਿਜਾਮ ਕੇ ਜਾਗੇ ਗੁਰ ਸੁਖਦਾਇ ॥
ਆਸਾ ਵਾਰ ਸੁ ਪ੍ਰੇਮ ਸੋ ਭਾਈ ਲਾਈ ਆਇ ॥243॥

---

1. ਅ ਪੋਥੀ ਸ 2. ਅ ਪੋਥੀ ਪਾਠਾਂਤਰ: ਕਰੈ ਜੁ ਕੀਰਤਨੁ ਅਤੈ ਸਭਾਗੀ ॥
3. ਅ ਪੋਥੀ ਜਿਸ ਹੀ
4. ਅ ਪੋਥੀ ਸਹਿਤੁ ਜਾ
5. ਅ ਪੋਥੀ ਤੇ

॥ ਚੌਪਈ ॥

ਵਾਰ ਭੋਗ ਗੁਰ ਸਤਿਗੁਰ ਪੂਛਾ ॥ ਕਹਤੇ ਸਹਜਾ ਆਂਦੀ ਮੂਛਾ ॥
ਭਾਈ ਭਨਾ ਸੁਨੋ ਸੁਖਦਾਈ ॥ ਦੇਵੋਂ ਸਗਲੀ ਗਾਥ ਸੁਨਾਈ ॥244॥
ਇਕ ਸਿਰਦਾਰ ਮਿਲਾ ਮੁਝ ਆਇ ॥ ਸੋਨੇ ਮਾਲਾ ਮਮ[1] ਗਰਿ ਪਾਇ[1] ॥
ਸੋ ਬੇਚੀ ਸੇਜਾ ਬਨਵਾਈ ॥ ਆਪ ਮਯਾ ਕਰ ਅੰਗ ਲਗਾਈ ॥245॥
ਸੁਨ ਹਜੂਰ ਫਿਰ ਗਿਰਾ ਅਲਾਈ ॥ ਤਿਸ ਸੇਜਾ ਪਰ ਸੋਏ ਭਾਈ ॥
ਤਨ ਹਮਰੇ ਕਯੋ ਤਪਤ ਉਪਾਇ ॥ ਨਿਸ ਕੋ ਹੋਵਾ ਖੇਦ ਮਹਾਇ ॥246॥
ਫੇਰ ਨ ਐਸੇ ਕੀਜੋ ਭਾਈ ॥ ਰਜੋ ਅੰਸ ਨਹਿ ਹਮ ਕੋ ਭਾਈ ॥
ਪੁਨ ਕਮਲਾਨਨ ਪੂਛਨ ਕੀਨਾ ॥ ਚੰਦੂ ਲਾਲ ਬਿੰਤ ਪਠ ਦੀਨਾ ॥247॥
ਸੁਨ ਕਰ ਭਾਈ ਅਰਜੀ ਗਾਈ ॥ ਮੈ ਸਭ ਬਾਟਾ ਗੁਰ ਸੁਖਦਾਈ ॥
ਕਹਯੋ ਹਜੂਰ ਸੁਨੋ ਮਨੁ ਲਾਇ ॥ ਕੁਜਲ[2] ਦਲਾਲੀ ਕਯਾ ਹਥ ਆਇ ॥248॥
ਹਾਥ ਪਾਂਵ ਜਿਨ ਕ੍ਰਿਤ ਕਮਾਈ ॥ ਸੋ ਵੰਡ ਖਾਵਨ ਸਫਲਾ ਭਾਈ ।
ਆਸਾ ਵਾਰ ਭਾਈ ਨਿਤ ਲਾਵੈ ॥ ਜੋਇ ਸਨੇ ਸੋਈ ਬਿਗਸਾਵੈ ॥249॥

॥ ਦੋਹਰਾ ॥

ਏਕ ਦਿਵਸ ਸ੍ਰੀ ਸਤਿਗੁਰੂ ਭਾਈ ਪੂਛਨ ਕੀਨ ॥
ਵਾਰ ਜੁ ਲਾਈ ਪ੍ਰੇਮ ਕਰ ਇਕ ਤੁਕ ਹਮ ਸੁਨ ਲੀਨ ॥250॥

॥ ਤਥਾ ਤੁਕ ॥

ਤੇਰੇ ਨਾਮੁ[3] ਰਤੇ ਸੇ ਜਿਣ ਗਏ ਹਾਰ ਗਏ ਸੇ ਠਗਣ ਵਾਲਿਆ ॥

॥ ਚੌਪਈ ॥

ਸੁਨ ਕਰ ਭਾਈ ਬਿਨੈ ਬਖਾਨੀ ॥ ਮੁਝਿ ਸਮਝਾਵੋ ਸ੍ਰੀ ਸੁਖਦਾਨੀ ॥
ਸ੍ਰੀ ਹਜੂਰ ਜੀ ਗਿਰਾ ਅਲਾਈ ॥ ਸੁਣ ਕਰ ਸਮਝੇ ਸੋ ਸੁਖ ਪਾਈ ॥251॥
ਵਾਹਿਗੁਰੂ ਜਿਨ ਮਨ ਮੈ ਧਾਰਾ ॥ [4]ਮੁਕਤੀ ਕੇ ਤਿਸ ਖੁਲੇ ਕਿਵਾਰਾ[4] ॥
ਸੁਨ ਕਰ ਭਾਈ ਮਨ ਹਰਖਾਈ ॥ ਗੁਰ ਕੇ ਪਗ ਮੇ ਭਾਲ ਟਿਕਾਈ ॥252॥
ਸਤਿਗੁਰ ਪਾਸ ਰਹਾ ਸੁਖੁ ਪਾਈ[5] ॥ [6]ਗੁਰ ਕੀ ਸੇਵਾ[6] ਕਰੀ ਬਨਾਈ ॥
[8]ਨੈਨ ਜੋਤਿ ਹੋਈ ਜਿਸ ਹੀਨ[7] ॥ ਸਤਗੁਰ ਆਗੇ ਬਿਨਤੀ ਕੀਨ ॥253॥
ਵੈਦ ਬੁਲਾਵੋ ਸਤਿਗੁਰ ਪੂਰੇ ॥ ਨੈਨ ਬਨਾਵੈ ਮਿਟੈ ਵਿਸੂਰੇ ॥
ਭਾਈ ਬਾਨੀ ਸੁੰਨ ਸੁਖਦਾਨੀ ॥ ਗਿਰਾ ਬਖਾਨੀ ਦੁਖ ਕੀ ਹਾਨੀ[7] ॥254॥

॥ ਤਥਾ ਬਾਕੰ ॥

ਕਹੁ ਨਾਨਕ ਕਰਤੇ ਕੀਆਂ ਬਾਂਤਾ ਜੋ ਕੁਛ ਕਰਨਾ ਸੁ ਕਰ ਰਹਿਆ ॥

---

1. ਅ ਪੋਥੀ ਗਲ ਮੋ ਪਾਇ 2. ਅ ਪੋਥੀ ਕੋਲੇ 3. ਅ ਪੋਥੀ ਨਾਇ 4. ਅ ਪੋਥੀ ਪਾਠਾਂਤਰ: ਆਗਿਯਾਨ ਕੇ ਤਿਸੁ ਖੁਲੋ ਕਿਵਾਰਾ । 5. ਅ ਪੋਥੀ ਦਾਈ 6. ਅ ਪੋਥੀ ਪਾਠਾਂਤਰ: ਗੁਰ ਸੇਵ ਕੀ 7. ਅ ਪੋਥੀ ਪਾਠਾਤਰ: ਬ੍ਰਿਧ ਤਨ ਨੈਣ ਜੋਤਿ ਭਈ ਹੀਨਾ ॥

॥ ਦੋਹਰਾ ॥

ਸਤਿਗੁਰ ਬਾਨੀ ਅਕਨ ਕਰ ਭਾਈ ਧੀਰਜ ਪਾਇ ॥
ਅਰਜ ਕਰੀ ਪੁਨ ਜੋਰੁ ਕਰੁ ਅੰਤੁ ਕਾਲ ਨਿਰਬਾਹ ॥255॥

॥ ਚੌਪਈ ॥

ਸਤਿਗੁਰ ਸਾਹਿਬ ਬੈਨ ਬਖਾਨਾ ॥ ਜਗ ਕੌ ਸਮਝੋ ਸੁਪਨ ਸਮਾਨਾ ॥
ਵਾਹਿਗੁਰੂ ਹੈ ਸਭ ਸੁਖ ਦਾਤਾ ॥ ਜਨਮ ਮਰਨ ਕੌ ਕਰਤਾ ਹਾਤਾ ॥256॥
ਨਿਸ ਬਾਸਰ ਇਸ ਮੋ ਲਿਵ ਲਾਵੋ ॥ ਔਰੁ ਜੁ ਫੁਰਨਾ [1]ਦੂਰ ਬਹਾਵੋ ॥
ਸੁਨ ਭਾਈ ਮਨ ਮੋ ਹਰਖਾਵਾ ॥ ਸਤਿਗੁਰ ਮਯਾ ਪਰਮ ਪਦ ਪਾਵਾ ॥257॥

॥ ਦੋਹਰਾ ॥

ਦੇਹ ਤਿਯਾਗਨ ਤਿਹ ਕਰੀ ਬਸਾ ਬੈਕੁੰਠੇ ਜਾਇ ॥
ਪਾਛਲ ਕਿਰਿਆ ਜੋ ਹੁਤੀ ਸ੍ਰੀ ਗੁਰ ਦੀਨ ਕਰਾਇ ॥258॥

## (ਮਾਈ ਜੀਆ ਦੀ ਕਥਾ)

ਗੁਰ ਕਲਧਾਰੀ ਕੇ ਦਰਬਾਰ ॥ ਮਾਈ ਜੀਆ ਝਾੜੂਦਾਰ ॥
ਸ੍ਰੀ ਦਰਬਾਰ ਬਨਾ ਅਭਿਰਾਮ ॥ ਜਹ ਦਰਸੇ ਸੁਨੁ ਪਾਇ ਅਰਾਮ ॥259॥
ਖਚ ਗਚ ਈਸ [3]ਸਜੀ ਸੁਭ ਐਸੇ ॥ ਨੀਚ ਮਣੀ ਕੰਚਨਿ ਬਿਚ ਜੈਸੇ ॥
ਕੰਚਨਿ ਕਲਸ ਸੋਭ ਅਤਿ ਭਾਰੀ ॥ ਕਾਮ ਕਾਰੀਗਰ ਹਾਥ ਸਵਾਰੀ ॥260॥

॥ ਦੋਹਰਾ ॥

ਤਹਾਂ ਪ੍ਰਕਰਮਾ ਠੌਰ ਮੈ ਪ੍ਰਾਚੀ ਦਿਸਾ ਬਿਸਾਲ ॥
ਭਿਦ ਪਾਥਨ ਈਟੈ ਬਿਖਮ ਪ੍ਰਗਟੀ ਸਕਤੀ ਜ੍ਵਾਲ ॥ 261॥

॥ ਚੌਪਈ ॥

ਅਤਿ ਬਿਸਾਲ ਜੁਗ ਲਾਟਾ ਜਾਗੀ ॥ ਦੇਖ ਜੀਆ ਮਨ ਅਚੰਰਜ[3] ਪਾਗੀ ॥
ਜਗਦੰਬਾ ਵਰਦਾਯਕ ਰਾਨੀ ॥ ਭਦ੍ਰ ਕਲਾ ਭੈ ਹਰਨ ਭਵਾਨੀ ॥262॥
ਦਨੁਜ ਬਿਘਨ ਘਨ ਦਹ ਨਦ ਵਾਗੀ ॥ ਸੰਤ[4] ਸਹਾਇ ਮਹਾ ਦੁਤਿ ਜਾਗੀ ॥
ਮਾਈ ਜੀਆ ਦੌਰ[5] ਤਬ ਆਈ ॥ ਗੁਰੂ ਪਾਸ ਸਤਿ ਸੁ ਦੀਆ ਸੁਨਾਈ ॥263॥
ਸੁਨ ਕਰਿ ਸਾਹਿਬ ਪੇਖਨ ਗਏ ॥ ਜੁਗ ਲਾਟਾ ਨਿਕਸੀ ਬਿਗਸਾਏ ॥
ਉਮਗਯੋ ਨਗਰ ਕੁਲਾਹਲ ਭਾਰੀ ॥ ਜੁਰੇ ਅਨੇਕ ਆਇ ਨਰ ਨਾਰੀ ॥264॥
ਸਰਬ ਕਹੈ ਇਹ ਜ੍ਵਾਲਾ ਮਾਈ ॥ ਗੁਰ ਕੇ ਦਰਸਨ ਆਈ ਧਾਈ ॥
ਸੁਣਤ ਸਰਬ ਗੁਰ ਗਿਰਾ ਬਖਾਨੀ ॥ ਜਾਵੋ ਮਾਤਾ ਅਪਨੀ ਰਜਧਾਨੀ ॥265॥

---

1. ਅ ਪੋਥੀ ਰਨਾ 2. ਅ ਪੋਥੀ ਈਟ 3. ਮੂਲ ਪੋਥੀ ਅਰਜ 4. ਅ ਪੋਥੀ ਸਾਧੂ 5. ਅ ਪੋਥੀ ਦੌਰਤ 6 ਅ ਪੋਥੀ ਪੋ

॥ ਦੋਹਰਾ ॥

ਜਬ ਐਸੇ ਮਧੁਰੇ ਬਚਨੁ ਸਾਹਿਬ ਕੀਨ ਬਖਾਨ ॥
ਪਗਨ ਓਰ ਦੇਵੀ ਨਿਵੀ ਭਈ ਸੁ ਅੰਤਰ ਧਿਯਾਨ ॥266॥

॥ ਚੌਪਈ ॥

ਆਨਦ ਧੁਨਿ ਚਹੁ ਕੋਣੇ ਗਾਜੀ[1] ॥ ਭੇਰੀ[2] ਢੋਲ ਮ੍ਰਿਦੰਗੈ ਬਾਜੀ ॥
ਆਂਗਨ ਮਾਹਿ ਨਗੇਰ ਨਰਿ ਨਾਰੀ ॥ ਜੈ ਜੈ ਧੁਨ ਬਹੁ ਬਾਰ ਉਚਾਰੀ ॥267॥
ਇਹ ਬਿਧ ਹਰਖੁ ਸੰਗਲ ਪੁਰ ਭਯੋ ॥ ਦੁਬਿਧਾ ਦੁਖ ਦੂਰਿ ਟਰਿ ਗਯੋ ॥
ਦੇਵਨ ਕੇ ਮਨ ਬਹੁਤ ਅਨੰਦੂ ॥ ਫੂਲ ਬਰਸਾਵੈ ਸੁਖਮਾਕੰਦੂ ॥268॥
ਦਿਵਾਨ ਖਾਨੇ[3] ਆਇ ਬਿਰਾਜੇ ॥ ਆਨੰਦ ਕੇ ਸਦ ਬਾਜੇ ਬਾਜੇ ॥
ਭਾਇ ਭਰੇ ਸਬ ਸੇਵ ਕਮਾਵੈ ॥ ਗੁਰ ਦਾਸਨ ਤੇ ਬਲ ਬਲ ਜਾਵੈ ॥269॥

## (ਬਾਬਾ ਬਿਕਰਮ ਸਿੰਘ ਦਾ ਵਿਵਾਹ ਵਰਣਨ)

॥ ਦੋਹਰਾ ॥

ਸਾਹਿਬ[4] ਬਿਕ੍ਰਮ ਸਿੰਘ ਕੀ ਬਯਾਹਿ ਗਾਥ ਸੁਖ ਕਾਰ ॥
ਆਛੀ ਰੀਤ ਬਰੰਨਨ ਕਰੋ ਸੁਖਦਾਈ ਜੁਗ ਚਾਰ ॥270॥
ਬਹਿਬਲ ਪੁਰ ਇਕੁ ਗ੍ਰਾਮਿ ਥਾ ਖਿਦਰਾਬਾਦ ਸਮੀਪ ॥
ਬਾਸੀ ਬਾਹੁਜ ਤਹਿ ਬਸਤ ਕਾਨ ਸਿੰਘ ਕੁਲ ਦੀਪ ॥271॥

॥ ਚੌਪਈ ॥

ਤਾਸ ਸਦਨ ਕਨਿਯਾ ਸੁਭ ਹੋਈ ॥ ਸਰਬ ਗੁਣਨ ਮੈ ਦ੍ਰਿੜਤਾ ਜੋਈ ॥
ਮਾਤ ਪਿਤਾ ਪਿਖ ਮਨ ਹਰਖਾਵੈ ॥ ਕੰਨਿਯਾ ਕੌ ਨਿਤੁ ਖੇਲ ਖਿਲਾਵੈ ॥272॥
ਦੰਪਤਿ ਮਿਲ ਕਰ ਕਰਾ ਬਿਚਾਰੂ ॥ ਹਮਰਾ ਯਸੁ ਏਹੁ ਕਰੇ ਅਪਾਰੂ ॥
ਕਾਨ ਸਿੰਘ ਜੁਵਤੀ ਪ੍ਰਤਿ ਬੋਲਾ ॥ ਕਰੈ ਸਗਾਈ ਸੁਤਾ ਅਮੋਲਾ ॥273॥
ਸੁਨ ਜੁਵਤੀ ਨੇ ਉਤ੍ਰੁ ਦੀਨ੍ਹਾ ॥ ਮਮ ਕੰਨਿਯਾ ਹੈ ਅਤਿ ਪਰਬੀਨਾ ॥
ਪ੍ਰੋਹਤ ਲੇਵੋ ਪਾਸ ਬੁਲਾਈ ॥ ਘਰ ਪੂਛੈ ਤਿਸ ਤੇ ਸੁਖਦਾਈ ॥274॥
ਕਾਨ੍ਹ ਸਿੰਘ ਤਬ ਦਿਜੈ ਬੁਲਾਵਾ ॥ ਮਨੁ ਆਸਾ ਤਿਸੁ ਕਹਿ ਸਮਝਾਵਾ ॥
ਸੁਨ ਕਰੁ ਤਿਸ ਨੇ ਗਿਰਾ ਅਲਾਈ ॥ ਘਰ ਦਰਿ ਜਾਤਿ ਬਾਲ ਸੁਖਦਾਈ ॥275॥
ਹੈ ਰਵਿ ਬੰਸੁ ਗੁਰੇਸਿ ਨਗੀਨਾ ॥ ਸੁੰਦਰ ਰੂਪੁ ਅਨੂਪ ਪ੍ਰਬੀਨਾ ॥
ਬੇਦੀ ਕੁਲ ਊਨਾ ਪੁਰ ਏਸ਼ਾ ॥ ਰਾਜ ਭਾਗ ਬਸ ਰੰਸ ਸੁ ਰੇਸਾ ॥276॥
ਚਾਰ ਕੁੰਟ ਪਗ ਪੂਜਤ ਜਾਕੇ ॥ ਅਜ ਸਮਾਨ ਨਹੀ ਕੋਊ ਯਾਂਕੇ ॥
ਸਾਹਿਬੁ ਸਿੰਘ ਗੁਰੂ ਅਵਤਾਰਾ ॥ ਤਿਨ ਸੁਤ ਬਿਕ੍ਰਮ ਸਿੰਘ ਦੁਲਾਰਾ ॥277॥

---

1. ਅ ਪੋਥੀ ਜਾਗੀ 2 ਅ ਪੋਥੀ ਤੇਰੀ 3. ਅ ਪੋਥੀ ਸੁਖਾਨੇ 4. ਅ ਪੋਥੀ ਬਾਬਾ

ਦੇਸ ਕੋਸ ਧਨੁ ਓਜ ਬਿਅੰਤਾ ॥ ਸੈਨ ਸਬਲ ਅਤ ਕੋਟ ਉਚੰਤਾ ॥
ਤਿਨ ਕੇ ਸਦਨੰ ਕਰੋ ਸਗਾਈ ॥ ਜੁਗ ਲੋਕਨ ਲੇਵੋ ਜਸੁ ਪਾਈ ॥278॥

॥ ਦੋਹਰਾ ॥

ਸੁਨ ਦੰਪਤਿ ਹਰਖਤ ਭਏ ਜਿਮ ਨਿਰਧਨੁ ਧਨੁ ਪਾਇ ॥
ਸਰਬ ਕੁਟੰਬੁ ਬੁਲਾਇ ਕੇ ਮੇਲੀ ਸਰਬ ਸਲਾਇ ॥279॥

॥ ਚੌਪਈ ॥

ਲਾਗੀ ਲੀਨੇ ਪਾਸ ਬੁਲਾਈ ॥ ਮੰਜ ਗਿਰਾ ਕਹਿ ਦੈ ਸਮਝਾਈ ॥
ਜਾਵੋ ਊਨੇ ਗੁਰੂ ਹਜੂਰਿ ॥ ਬ੍ਰਿਨਤੀ ਕੀਜੈ ਹਮਰੀ ਭੂਰ ॥280॥
ਲੈ ਖਾਰਕ ਤੁਮ ਸੀਘਰ ਜਾਵੋ ॥ ਕਰੋ ਸਗਾਈ ਛੇਤੀ ਆਵੋ ॥
ਮਾਨ ਬਚਨ ਤਿਨ ਕਰਾ ਪਿਯਾਨਾ ॥ ਪਹੁਚੇ ਊਨੈ ਮਨ ਬਿਗਸਾਨਾ ॥281॥
ਕਰ ਸਨਾਨ ਪਾਵਨ ਤਨ ਕੀਨੇ ॥ ਚਲੇ ਹਰਖਿ ਮਿਲਨੰ ਮਨ ਦੀਨੇ ॥
ਜਾਇ ਜੁਗਮ ਨੇ ਦਰਸਨ ਕੀਨਾ ॥ ਇਮ ਹਰਖੇ ਜਿਮ ਜਲ ਮੋ ਮੀਨਾ ॥282॥

॥ ਸ੍ਵੈਯਾ ॥

ਹਾਥਨ ਜੋਰ ਖਰੇ ਜੁਗ ਹੀ ਪ੍ਰਭ ਸਾਦਰ ਬੋਲਿ ਸੁ ਤੀਰ ਬੈਠਾਏ ॥
ਆਵਨਿ ਪੂਛਿ ਗੁਰੂ ਹਰਖੇ ਯਦਪਿ ਅੰਤਰਜਾਮਿ ਸਹਾਏ ॥283॥
ਲੋਗੁ ਸੁਨੇਹੀ ਪ੍ਰਸੰਨ ਭਏ ਅਵਿਲੋਕਿ ਗੁਰੂ ਤ੍ਰਈ ਤਾਪ ਗਿਰਾਏ ॥
ਸਾਰਸ ਲੋਚਨ ਗੌਰ ਸੀ ਮੂਰਤਿ ਜੋਰ ਕੇ ਪਾਨ ਬਿਨੰਤਿ ਅਲਾਏ ॥283॥

॥ ਚੌਪਈ ॥

ਖਿਦਰਾਬਾਦ ਪਾਸ ਇਕ ਗ੍ਰਾਮੂ ॥ ਬਹਿਬਲ ਪੁਰਾ ਨਾਮ ਤਿਸ ਹਾਮੂ ॥
ਕਾਂਨ ਸਿੰਘ ਬਸੀ ਤਾਹਿ ਜਾਤੂ ॥ ਗੁਰ ਸਿਖੀ ਮੈ ਹੈ ਬਿਖਯਾਤੂ ॥284॥
ਗਿਰਾ[2] ਦਾਸ ਬੜੋ ਤਿਨ ਹੋਵਾ ॥ ਅਮਰਦਾਸ ਗੁਰ ਨੈਨੋ ਜੋਵਾ ॥
ਗੁਰ ਸੇਵਾ ਜਿਸ ਕਰੀ ਬਨਾਈ ॥ ਗੁਰੂ ਮਯਾ ਤੇ ਮੰਜੀ ਪਾਈ ॥285॥
ਜਿਨ ਕੀ ਸੰਗਤਿ ਅਹੈ ਅਪਾਰੀ ॥ ਰਾਜ ਰੰਕ ਸੇਵੈ ਪਗ ਚਾਰੀ ॥
ਕਾਨ ਸਿੰਘ ਹੈ ਤਿਨ ਕਾ ਪੋਤਾ ॥ ਸੁਭ ਕਰਮਨ ਕਾ ਭਰਆ ਪੋਤਾ[2] ॥286॥

॥ ਸ੍ਵੈਯਾ ॥

ਨਾਥ ਮਵਾਸ ਕੀ ਹੈ ਪਨਿਹਾਰ ਜੁ ਤਾਹਿ ਕੁਮਾਰ ਕ੍ਰਿਤਾਰਥੁ ਵਾਕੋ ॥
ਸ੍ਰੀ ਪਦ ਪੰਕਜ ਕੇ ਪਰਸੇ ਅਤਿ ਹੋਇ ਹੈ ਊਚ ਮਰਾਤਬ ਤਾਕੋ ॥
ਆਇਸ ਹੋਇ ਜੋ ਸ੍ਰੀ ਜਗਦੀਸ ਕੀ ਤਾਹਿ ਗਰੀਬ ਨਸੀਬੋ ਕੀ ਘਾਕੋ ॥
ਗੁਰੂ ਕੁਮਾਰ[3] ਲਿਲਾਰ ਪੈ ਪੂਜਿਯੈ ਕੇਸਰ ਖੋਰਸ ਗੁਨ ਮੋ ਬਾਕੋ ॥287॥

---

1. ਅ ਪੋਥੀ ਗੀਗਾ
2. ਅ ਪੋਥੀ ਪ੍ਰੋਤਾ
3. ਅ ਪੋਥੀ ਕੁਆਗਿ

॥ ਦੋਹਰਾ ॥
ਜਬ ਐਸੇ ਨੇਗੀ ਕਹਯੋ ਨੰਮ੍ਰਤ[1] ਕੋਮਲ ਬੈਨ ॥
ਅਤ ਪ੍ਰਸੰਨ ਸਤਗੁਰ ਭਏ ਬੋਲੇ ਕਰੁਣਾ ਐਨ ॥288॥
॥ ਚੌਪਈ ॥
ਏਹੁ ਬਾਤ ਹਮ ਕੋ ਅਤਿ ਭਾਈ ॥ ਜੋ ਤੁਮ ਆਖੀ ਹੈ ਸੁਖਦਾਈ ॥
ਇਕੁ ਮਾਨਵ ਕੋ ਸ੍ਰੀ ਗੁਰ ਪ੍ਰੇਰਾ ॥ ਮਾਤਾ ਪਾਸ ਗਯੋ ਬਿਨੁ ਦੇਰਾ ॥289॥
ਆਇ ਸਗਾਈ ਦੀਨ ਸੁਨਾਇ ॥ ਸੁਨ ਕਰੁ ਮਾਤਾ ਅੰਗ ਨਹਿ ਮਾਇ ॥
ਭੂਖਨ ਬਸਨ ਮਾਤ ਤਿਸੁ ਦੀਨੇ ॥ ਜਾਨੇ ਅਪਨੇ ਭਾਗ ਨਵੀਨੇ ॥290॥
ਪ੍ਰੋਹਤ ਕੋ ਗੁਰ ਲੀਨ ਬੁਲਾਈ ॥ ਆਵਾ ਸੀਘਰੁ ਦੇਰੁ ਬਿਹਾਈ ॥
ਸ੍ਰੀ ਕਮਲਾਨਨ ਗਿਰਾ ਬਖਾਨੀ ॥ ਗਿਨੋ ਮਹੂਰਤ ਸੁਭ ਗੁਨ ਖਾਨੀ ॥291॥
॥ ਦੋਹਰਾ ॥
ਪਾਨ ਜੋਰ ਪ੍ਰੋਧਾ ਕਹੈ ਮੰਗਲਮੈ ਹੋ ਆਪ ॥
ਜਹਾ ਨਾਮ ਤਵ ਸਿਮਰੀਯੈ ਸਰਬ ਵਿਘਨ ਹੁਇ ਖਾਪ ॥292॥
॥ ਸ੍ਵੈਯਾ ॥
[2][ਤਦਪਿ ਦੇਖਤ ਹੋ ਬਿਧ ਬੇਦ ਕੀ ਜਯੋ ਕਰ ਆਪ ਮਰਜਾਦ ਰਖਾਈ ॥][2]
[ਆਜ ਹੀ ਸਾਂਝ ਸੁ ਮੰਗਲ ਦਾਇਕ ਲਾਯਕ ਦੋਖ ਪ੍ਰਘਾਇਕ ਭਾਈ ॥][3]
ਯੋ ਕਹਿ ਚੌਕ ਪੁਰਾਇ ਸੁ ਬੇਦ ਕਾ ਬ੍ਰੰਦ ਕਹੀ ਸਭ ਸੌਜ ਸੰਗਾਈ ।
ਸਾਹਿਬ ਜਾਦਾ ਲੀਨ ਬੈਠਾਇ ਸੁਭ ਬਿਕ੍ਰਮ ਸਿੰਘ ਜੁ ਹੈ ਸੁਖਦਾਈ ॥292॥
॥ ਚੌਪਈ ॥
ਬਾਬੇ ਕਾਨ ਸਿੰਘ ਬੀ ਆਦਿ ॥ ਮਿਲ ਬੇਦੀ ਸਭ ਭੇ [4]ਹਰਖਾਦਿ ॥
ਕੇਸਰ ਖੋਰ ਲਿਲਾਟ ਲਗਾਵਾ ॥ ਮੁਖ ਮੋ ਖਾਰਕ ਦੀਨ ਛੁਆਵਾ ॥294॥
ਬਾਜਨ ਬਾਜ ਲਗੇ ਅਤਿ ਭਾਰੇ ॥ ਜੁਵਤੀ ਗਾਵੈ ਗੀਤ੍ਰ ਅਪਾਰੇ ॥
ਜੋ ਕੁਲ-ਰੀਤੀ ਸਭ ਤਬ ਕੀਨੀ ॥ ਸਭ ਕੇ ਮਨੁ ਭਾ ਹਰਖ ਨਵੀਨੀ ॥295॥
ਖਾਰਕ ਅੰਜਲ ਭਰ ਭਰ ਕੀਨੇ ॥ ਸਭ ਨੇ ਲੀਨੇ ਭੇ[5] ਦੁਖ ਖੀਨੇ[5] ॥
ਮੰਗਤ ਜਨ ਸੋ ਭੇ ਸਮਦਾਏ ॥ ਦਰਬ ਦੀਆ ਸਤਿਗੁਰ ਸੁਖਦਾਏ ॥296॥
ਭਾ ਅਨੰਦ ਨਹਿ ਜਾਇ ਬਖਾਨਾ ॥ ਮੰਗਲ ਹੋਵਾ ਅਧਕ ਮਹਾਨਾ ॥
ਜਿਨ ਜਿਨ ਦਰਸਾ ਤਿਨ ਸੁਖ ਪਾਵਾ ॥ ਜਨਮ ਮਰਨ ਤਿਨ ਮੇਟਾ ਹਾਵਾ ॥297॥
॥ ਸ੍ਵੈਯਾ ॥
ਦੈ ਕਰ ਨੇਗ ਯਥਾ ਅਧਿਕਾਰ ਸੁ ਗੁਰ ਪ੍ਰਸੰਨ ਹ੍ਵੈ ਨੇਗੀ ਬਿਦਾਏ ॥
ਜੋ ਗੁਰ ਕੇ ਪਗ ਪੂਜ ਚਲੇ ਗੁਰ ਤੌਨ ਸੋ ਬਯਾਹ ਕੋ ਬੈਨ ਅਲਾਏ ॥

1. ਅ ਪੋਥੀ ਨੰਮ੍ਰਸੁ 2. ਅ ਪੋਥੀ ਵਿਚੋਂ ਸ਼ੁਧ ਪਾਠ ਦਿਤਾ ਹੈ । ਮੂਲ ਪੋਥੀ ਵਿਚ ਹੈ : ਤਦਪਿ ਦੇ ਗਲ ਦਾਯਕ ਦੋਖ ਪ੍ਰਘਾਂ ਇਕ ਭਾਈ ॥ ਪਾਠਾਤਰ : 3. ਅ ਪੋਥੀ ਵਿਚੋਂ 4. ਅ ਪੋਥੀ ਭਏ 5. ਅ ਪੋਥੀ ਭਏ 6. ਅ ਪੋਥੀ ਦੀਨੇ

ਤੌਨ ਕਰੀ ਅਰਦਾਸੁ ਪ੍ਰਭੂ ਕਛੁ ਹੈ ਨ ਬਿਲੰਬ ਕਹੈ ਹਮ ਜਾਏ ॥
ਏਤੀ ਹੀ ਦੇਰ ਹੁਤੀ ਗੁਰ ਜੀ ਅਬ ਬੇਗ ਹੀ ਲੇਹ ਸਮਾਜ ਬਨਾਏ ॥298॥
ਯੌ ਕਹ ਪੰਥ ਲਯੌ ਦੁਹੁ ਨੇ ਚਲ ਕੇਤਕ ਦਯੋਸ ਗਏ ਘਰ ਮਾਹੀ ॥
ਜਾਇ ਮੁਮਾਰਖੁ ਦੇਤ ਭਏ ਸਭ ਬਾਤ ਕਹੀ ਜੁ ਹੁਤੀ ਜਿਮ ਆਹੀ ॥
ਹੈ ਜਜਮਾਨ ਕੇ ਭਾਗ ਬਡੇ ਤਹਿ ਕੰਕਨਾ ਭਾਗ ਗਨੇ [ਨਹਿ][1] ਜਾਹੀ ॥
ਜਾ ਸਮਧੀ ਸ੍ਰੀ ਸਾਹਿਬ ਸਿੰਘ ਜੂ ਬਿਕ੍ਰਮ ਸਿੰਘ ਜਮਾਤ ਸੁਰਾਹੀ ॥299॥

॥ ਚੌਪਈ ॥

ਕਾਨ ਸਿੰਘ ਜੀ ਸੁਨ ਬਿਗਸਾਵਾ ॥ ਮਾਨੋ ਰਾਜ ਪ੍ਰਿਥੀ[2] ਕੋ ਪਾਵਾ ॥
ਸਰਬ ਪ੍ਰਵਾਰ ਮਨ ਬਧਾ ਅਨੰਦੂ ॥ ਜਿਨ ਸਮਾਧੀ ਭੇ ਸੁਖਮਾ ਕੰਦੂ ॥300॥
ਪੁਨਿ ਲਾਗਨਿ ਨੇ ਗਿਰਾ ਅਲਾਈ ॥ ਬਯਾਹਿ ਤਿਯਾਰ ਕਰੋ ਸੁਖਦਾਈ ॥
ਸਰਵ ਪ੍ਰਵਾਰ ਹਰਖ ਕਰੁ ਮਾਨੀ ॥ ਤਬ ਗਿਨਨਾ ਮਿਲ ਕੋ ਵਿਦ੍ ਠਾਨੀ ॥301॥
ਸਾਹਾ ਸੋਧਿ ਲਿਖੀ ਤਬ ਚੀਠੀ ॥ ਜੋ ਸਭ ਕੇ ਮਨ ਲਾਗੇ ਈਠੀ ॥
ਸਗਨ ਤਿਯਾਰੁ ਕਰਾ ਬਿਨੁ ਦੇਰੀ ॥ ਹੋਤ ਅਨੰਦ ਜਿਸੈ ਮਨ ਹੇਰੀ ॥302॥

॥ ਦੋਹਰਾ ॥

ਤੇਵਰ ਜਗ ਮਗ ਝਲਮਲਤ ਜੇਵਰ ਜਰਤ ਜਰਾਇ ॥
ਚੁਨਰੀ ਚਾਂਵਰ ਚਟਕ ਯੁਤ ਮ੍ਰਿਗ ਮਦ ਅਤ ਮਿਲਾਇ ॥303॥[3]

॥ ਚੌਪਈ ॥

ਔਰੁ ਬਸਤੁ ਬਹੁ ਸਾਥ ਪਠਾਈ ॥ ਕਹਿ ਲਗ ਬਰਨੋ ਕਹੀ ਨ ਜਾਈ ॥
ਲੇਕਰ ਲਾਗੀ ਊਨੇ ਆਏ ॥ ਪਾਨ ਜੋਰ ਕਰ ਸੀਸ ਨਿਵਾਏ ॥304॥
ਦੇਖ ਸਗਨ ਗੁਰ ਜੀ ਬਿਗਸਾਏ ॥ ਮਹਿਲਾ ਮੋ ਸੁਧ ਦੀਨ ਪਹੁਚਾਏ ॥
ਮਾਤਾ ਸੁਨ ਕਰ ਬਹੁ ਹਰਖਾਈ ॥ ਜੁਵਤੀ ਗਨ ਬਹੁ ਲੀਨ ਬੁਲਾਈ ॥305॥
ਕੋਇਲ ਕੰਠੀ ਗਾਇਨ ਲਾਗੀ ॥ ਪਰਮ ਪ੍ਰੇਮ ਮੈ ਅਤਿਸੇ ਭਾਗੀ ॥
ਠੀਗਰ ਝੋਲੀ ਸਗਨਿ ਪਵਾਵਾ ॥ ਬਾਜੇ ਬਾਜੈਂ ਅਧਕ ਸੁਹਾਵਾ ॥306॥

॥ ਦੋਹਰਾ ॥

ਲਾਗ ਦਿਵਾਵਾ ਲਾਗਿਨ ਲੇਕਰ ਮਨ ਹਰਖਾਇ ॥
ਲੇ ਆਇਸ ਸੋ ਚਲਤ ਭੇ ਸਤਿਗੁਰ ਕਾ ਜਸੁ ਗਾਇ ॥1307॥

॥ ਚੌਪਈ ॥

ਮੁਖੀਏ ਲੀਨੇ ਗੁਰੂ ਬੁਲਾਇ ॥ ਸਿੰਘ ਦੁਨਾ ਆਦਿ[4] ਚਲ ਆਇ ॥
ਬਯਾਹਿ ਕੀ ਤੁਮ ਕਰੋ ਤਿਯਾਰੀ ॥ ਪੁਸਾਕ ਮਿਠਾਈ ਬਨੈ ਅਪਾਰੀ ॥309॥

---

1. ਅ ਪੋਥੀ ਵਿਚੋਂ 2. ਅ ਪੋਥੀ ਪ੍ਰਿਥਵੀ ਕਾ 3. ਅ ਪੋਥੀ ਵਿਚ ਇਸ ਮਗਰੋਂ ਇਹ ਦੋਹਰਾ ਵਾਧੂ ਮਿਲਦਾ ਹੈ : ਚੂੜੇ ਤੀਨ ਕਿਯੂਰ ਪੁਨ ਕੁੰਡਲ ਪਉਰੀਹਾਰੁ ॥
ਬਾਜੀ ਢਮਰੇ ਪਟ ਔਰ ਮੁਹਾਰਾ ਉਸਟਸ ਵਾਰਾ ॥
4. ਅ ਪੋਥੀ ਆਦਿ ਸਭੇ

[1]ਅਸਤੰਬਾਜੀ ਲੇਹੁ ਬਨੁਵਾਇ ॥ ਤਖਤੁ ਰਵਾ ਕੀਜੈ ਹਰਖਾਇ ॥
ਹੁਕਮਨਾਂਮੇ[2] ਲਿਖੋ ਬਨਾਂਈ ॥ ਜਿਹ ਜਿਹ ਸਿਖ ਰਹਿਤੁ ਸਮਦਾਈ ॥310॥
ਸਰਕਾਰ ਆਦਿ ਜੋ ਹੈ ਸਿਰਦਾਰੁ ॥ ਭਾਜੀ ਭੇਜੋ ਕਰੋ ਨ ਬਾਰੁ ॥
ਡੇਹਰੇ ਆਦਿਕ ਬੇਦੀ ਜੇਤੇ ॥ ਸਬੇ ਬੁਲਾਂਵੋ ਕਰ ਕਰ ਹੇਤੇ ॥311॥

॥ ਦੋਹਰਾ ॥

ਸਤ ਬਚਨ ਸਭ ਨੇ ਕਹਯੋ ਜਿਮ ਗੁਰ ਆਇਸ ਦੀਨ ॥
ਹੁਕਮੇਂ ਨਾਵੇ[3] ਲਿਖਤ ਭਏ ਮਾਨਵ ਤੋਰਨ ਕੀਨ ॥312॥

॥ ਚੌਪਈ ॥

ਬੇਦੀ ਮਿਲ ਮਿਲ ਬ੍ਰਿਦ ਸੁ ਆਏ ॥ ਆਈ ਸੰਗਤ ਵਾਰ ਨ ਪਾਏ ॥
ਅਡਣਸਾਹੀ ਜੇਤੇ ਸਾਧੂ ॥ ਭਾਈ ਗੁਰਦਿਤਾ ਰਹਤ ਉਪਾਧੂ ॥313॥
ਸਰਬ ਸਮਾਜੰ ਲੈਕਰ ਆਵਾ ॥ ਗੁਰੂ ਮਯਾਂ ਤੇ ਬਡ ਸੁਖ ਪਾਵਾ ॥
ਅੰਮ੍ਰਿਤਸਰੁ ਕੀ ਸੰਗਤਿ ਤੂਰੀ[4] ॥ ਕਰ ਦਰਸਨ ਤਿਹ ਮਿਟੇ ਵਿਸੂਰੀ ॥314॥
ਭਾਈ ਸੇਵਾ ਸਿੰਘ ਚਲ ਆਵਾ ॥ ਕਰ ਗੁਰ ਦਰਸਨ ਮਨ ਬਿਗਸਾਵਾ ॥
ਪੋਠੋਵਾਰੀ ਸੰਗਤਿ ਜੇਤੀ ॥ ਭਾਰੀ ਭਾਗ ਸਿੰਘ ਲੇ ਤੇਤੀ ॥315॥
ਆਏ ਊਨੇ ਗੁਰ ਸਰਨਾਈ ॥ [5]ਬਹੁਤ ਸਰਦਾਰੁ ਗ੍ਰਿਨੇ ਨ ਜਾਈ ॥[5]
ਹੋਤ ਭੀਰ ਭੀ ਕਹੀ ਨ ਜਾਏ[6] ॥ ਸਾਕ ਸੈਣ ਬਹੁਤੇ ਚਲ ਆਏ ॥316॥

॥ ਦੋਹਰਾ ॥

ਸਰਕਾਰ ਪੋਤਾ ਆਤਿ[7] ਭ੍ਰਾ ਬਹੁ ਸਿਰਾਦਰਿ ਨਾਲ ॥
ਧਰੁ ਅਕੋਰੁ ਬਿਨਤੀ[8] ਕਰੀ ਬਿਨਤੀ ਭਨੀ ਬਿਸਾਲ ॥317॥
ਸੈਲੁਪਤੀ ਬਹੁ ਆਤਿ ਭੇ ਜੋ ਗੁਰ ਸਿਖ ਕਹਾਇ ॥
ਸਿਵਰ ਕਰਾਏ ਸਭਨ ਕੇ ਖਾਨ ਪਾਨ ਤ੍ਰਿਪਤਾਇ ॥318॥

॥ ਚੌਪਈ ॥

ਚੂਨੀ ਬਨਾਵਨ ਗੁਰ ਜੀ ਕੀਨ ॥ ਮੋਤੀ ਮਨੀਆ ਝਾਲਰ ਪੀਨ ॥
ਪੰਝੀ ਹਜਾਰ ਰਜਤ ਪਣ ਲਾਗਾ ॥ ਮੋਲੀ ਮਹਿਦੀ ਮ੍ਰਿਗ ਮਦ ਭਾਗਾ ॥319॥
ਕੀਨ ਖਾਬ ਅਤਲਸ ਪਸਮੀਨਾ ॥ ਪਾਟੰਬਰ ਗੁਲ ਬਦਨ ਰੰਗੀਨਾ ॥
ਗਰੀ ਛੁਹਾਵਨ ਸੋਨਾ ਲਾਗਾ ॥ ਔਰ ਬਸਤੁ ਕੋ ਗੋਨਨ ਸਕਾਵਾ ॥320॥.
ਲੈਕਰ ਲਾਗੀ ਪਹੁਚੰਤ ਭਏ ॥ ਕਾਨ ਸਿੰਘ ਆਦਿ ਸਭ ਬਿਗਸਏ ॥
ਪਾਛੇ ਗੁਰ ਜੀ ਕਰੀ ਤਯਾਰੀ ॥ ਰੀਤੀ ਕੀਨੀ ਜੋ ਕੁਲ ਚਾਰੀ ॥321॥

---

1. ਅ ਪੋਥੀ ਅਸਤ੍ਰੁ 2. ਅ ਪੋਥੀ ਹੁਕਮ ਸੁਨਾਵੇ 3. ਅ ਪੋਥੀ ਸੁਨਾਵੇ 4. ਅ ਪੋਥੀ ਭੂਰੀ
5 ਅ ਪੋਥੀ ਪਾਠਤਾਂਰ : ਸਰਦਾਰ ਆਏ ਤਬ ਗਿਨੇ ਨ ਜਾਈ ॥ 6. ਅ ਪੋਥੀ ਪਾਠਾਂਤਰ : ਬਹੁਤ ਭੀਰ ਭਈ ਕਹੀ ਨ ਜਾਏ ॥ 7. ਮੂਲ ਪੋਥੀ ਅਤਿ 8. ਅ ਪੋਥੀ ਬੰਦਨ

ਸੁਤ ਚੌਕੀ ਪਰ ਦੀਨ ਬੈਠਾਇ ॥ ਸੁਪ੍ਰਭ ਸੁਹਾਗਨਿ ਬਟਨਾ ਲਾਈ ॥
ਪ੍ਰੋਹਤ ਸਾਲੂ ਦੀਨ ਉਡਾਈ ॥ ਚਰਨੀ ਪਊਏ ਲੀਨੇ ਪਾਈ ॥322॥
ਫਹੋੜੀ ਝੋਲੀ ਕਾਂਧੇ ਧਾਰੀ ॥ ਧਰ੍ਹ ਮ੍ਰਿਗਾਨ ਛਬਿ ਬਨੀ ਅਪਾਰੀ ॥
ਮਸਤਕ ਲਾਲੀ ਅਤਸੇ ਛਾਜੀ ॥ ਭਾਨ੍ਹਿਰਾਗ ਜਗ ਜਾਨਾ ਪਾਜੀ ॥323॥

॥ ਦੋਹਰਾ ॥

ਗ੍ਰਿਹਿ ਤਿਯਾਗ ਨਿਕਸਨ ਲਗੇ ਸਾਹਿਬ ਭੁਜ ਗਹਿ ਲੀਨ ॥
ਝੋਲੀ ਮੋ ਮੁਹਰਾ ਧਰ੍ਹੀ ਗੁਰ ਦਰ[1] ਲਯਾਵਨ ਕੀਨ ॥324॥

॥ ਚੌਪਈ ॥

ਬਸਨ ਉਦਾਵਨ ਤਬ ਹੀ ਕੀਨੇ ॥ ਪਹਿਲੇ ਭੂਖਨ ਚੋਰਿ ਬਿਹੀਨੇ ॥
ਪ੍ਰੋਹਤ ਰੀਤੀ ਸੁਭ ਕਰਵਾਈ ॥ ਸੇਹਰੇ ਬਾਂਧੇ ਦੇਰ ਬਿਹਾਈ ॥325॥
ਬਾਜੇ ਬਾਜੈ ਧੁਨਿ ਵਡ ਹੋਈ ॥ ਨਾਰੀ ਗਾਵੈ ਦੂਲੈ ਜੋਈ ॥
ਜੁਗਮ ਲਾਖ ਨਯੋਛਾ ਤਬ ਹੋਵਾ ॥ ਸੋ ਜਾਨੈ ਜਿਨ ਨੈਨੋ ਜੋਵਾ ॥326॥
ਧਨ ਨਿਛਾਵਰ ਗੁਰੂ ਕਰਾਵਾ ॥ ਜਿਨ ਜਿਨ ਲੀਨਾ ਤਿਨ ਸੁਖ ਪਾਵਾ ॥
ਕੁਲ ਰੀਤੀ ਸਭ ਗੁਰੂ ਕਰਾਈ ॥ ਦੇਵਨ ਫੂਲਨੈ ਬਰਖਾ ਲਾਈ ॥327॥

॥ ਮਨਹਰ ਛੰਦੁ ॥

ਫੂਲੇ ਗੁਰੂ ਸ੍ਵਾਮੀ ਅੰਤਰਿਜਾਮੀ ਗਦ ਗਦ ਗਿਰਾ ਗੰਭੀਰ ॥
ਆਨੰਦ ਅਮੇਵਾ ਜਿਯ ਸੁਖ ਦੇਵਾ ਸੋਹਤ ਪੁਲਕ ਸਰੀਰ ॥
ਜਿਹ ਰੂਪ ਨ ਰੇਖਾ ਗਾਵਤ ਸੇਖਾ[2] ਅਖਿਲ ਭੁਵਨ ਅਵਿਲੰਬ ॥
ਮਾਯਾ ਅਨੁਸਾਰੀ ਰੀਝਿ ਸੁ ਭਾਰੀ ਮੋਦ ਮਾਨਸੁ ਕੁਟੰਬ ॥328॥

॥ ਚੌਪਈ ॥

ਘੋਰੀ ਚਢਿਯੋ ਸਤਿਗੁਰ ਜਾਯੋ ॥ ਨਰ ਨਾਰਿਨ ਮਿਲ ਚਹੁ ਦਿਸ ਛਾਯੋ ॥
ਗਾਵਹਿ ਗੀਤ ਮਨੋਹਰ ਗੋਰੀ ॥ ਚਢਹੁ ਲਾਡਲੇ ਲਾਲਾਂ ਘੋਰੀ ॥329॥
ਸੋਹੈ ਸੰਗਿ ਭ੍ਰਾਤ ਕੀ ਜੋਰੀ ॥ ਲਯਾਵਹੁ ਘਰ ਪਰ ਨਾਇ ਕਿਸੋਰੀ ॥
ਬਾਗ ਨੇਗ ਬਹੁ ਨੀਕੋ ਦੀਜੈ ॥ ਜੁਵਤੀ[3] ਸਹਿਤੁ ਕਲਪ ਲੌ ਜੀਜੈ ॥330॥
ਅਸ ਕਲ ਗੀਤ ਨੀਕ ਕਹਿ ਨਾਰੀ ॥ ਕਰਸੈ ਦੇਤ ਨਿਛਾਵਰ ਭਾਰੀ ॥
ਸਰਬ ਸੋਨ ਕਰ ਨਾਨਾ ਭਾਂਤੀ ॥ ਗਯੰਦ ਸਵਾਰ ਭਏ ਦੁਖ ਹਾਂਤੀ ॥331॥
ਚਲੀ ਜਨੇਤ ਕਛੁ ਬਰਨੀ ਨ ਜਾਈ ॥ ਬਾਜੇ ਬਾਜੰਤ ਭੇ ਸਮਦਾਈ ॥
ਹੈ ਗੈ ਬੇਸਰ ਊਠ ਅਪਾਰਾ ॥ ਊਚ ਨੀਚ ਹਰਖੰ ਮਨ ਧਾਰਾ ॥332॥

---

1. ਅ ਪੋਥੀ ਦਰਬਾਰੁ
2. ੲ ਪੋਥੀ ਸੇਸਾ
3. ੲ ਪੋਥੀ ਨਾਰੀ
4. ੲ ਪੋਥੀ ਗਜ

ਦੂਜੇ ਦਿਵਸ ਨੂਰ ਪੁਰ ਗਏ ॥ ਤੰਬੂ ਕਨਾਂਤ ਤਨਾਵਤ ਭਏ ॥
ਪਲਘੁ ਬਿਰਾਜੇ ਸਤੰਗੁਰੂ ਪੂਰੇ ॥ ਜਿਨ ਦਰਸੇ ਮਿਟ ਜਾਂਤ ਵਿਸੂਰੇ ॥333॥

॥ ਦੋਹਰਾ ॥

ਪੋਤਾ ਜੋ ਸਰਕਾਰ ਕਾ ਨਉਂ ਨਿਹਾਲ ਸਿੰਘ ਨਾਮ[1] ॥
ਹਾਥ ਜੋਰੁ ਠਾਢਾ ਭਯੋ ਬਿਨੈ ਕਰੀ ਅਭਿਰਾਮ ॥334॥

॥ ਚੌਪਈ ॥

ਬਾਰੰ ਬਾਰ ਨਾਇ ਪਦ ਮਾਥਾ ॥ ਗੁਰ ਸਨਮੁਖ ਜੋਰਤ ਭਾ ਹਾਥਾ ॥
ਆਪਿ ਪਾਰ ਨ ਜਾਵੇਂ ਸੁਆਮੀ ।[2] ਬਿਨੈ ਸਰਕਾਰੁ ਅੰਤਰਜਾਮੀ[2] ॥335॥
ਬਾਬੇ ਕਾਨ ਸਿੰਘ ਥੀਂ ਆਦਿ ॥ ਔਰੁ ਜੁ ਬੇਦੀ ਧਰ ਮਿਰਜਾਦਿ ॥
ਅਵਰ ਸਰਬ ਜਾਵੈ ਸੁਖਦਾਨੀ ॥ ਆਪ ਨ ਜਾਵੋ[3] ਲਯੋ ਬਿਨ ਮਾਨੀ[4] ॥336॥
ਸੁਨ ਕਰ ਸਾਹਿਬ ਰਿਸ ਮਨ ਧਾਰੀ ॥ ਕਟਕ ਬਾਕ ਅਤਿ ਕਹ ਬਹੁ ਬਾਰੀ ॥
ਜਿਤੇ[5] ਸਿਰਦਾਰ ਨਾਲ ਥੇ ਆਏ ॥ ਤਿਨ ਪ੍ਰਤਿ ਸ੍ਰੀ ਗੁਰੂ ਬੈਨ ਅਲਾਏ ॥337॥

॥ ਦੋਹਰਾ ॥

ਸਾਲਗ੍ਰਾਮ ਵਤ ਬਾਲ ਹੈ ਲੇ ਜਾਵੋ ਇਸ ਨਾਲ ॥
ਇਸ ਕਾ ਪੂਜਨ ਤੁਮ ਕਰੋ ਹਮ ਮਨ[6] ਧਰੈ[6] ਅਕਾਲ ॥338॥

॥ ਚੌਪਈ ॥

ਸਰਕਾਰ ਪੋਤਾ ਦੀਨ ਹਟਾਇ ॥ ਜਿਤੇ ਸਿਰਦਾਰ ਤਿਨੋ ਦੁਖ ਪਾਇ ॥
ਆਨ ਹਜੂਰ ਕਿਸੇ ਸੁਧ ਦੀਨ ॥ ਅਰਜੀ ਸੁਨੀਏ ਗੁਰ ਪਰਬੀਨ ॥339॥
ਫੌਜ ਸਰਕਾਰ ਪਾਰ ਬਹੁ ਆਈ ॥ ਖਿਚ ਨੌਕਾ ਤਿਨ ਪਾਰ ਬੰਧਾਈ ॥
ਬਿਨ ਨੌਕਾ ਕਿਮ ਜਾਵੈ ਪਾਰੀ ॥ ਐਸੀ ਕੀਨੀ ਤਿਨ ਨੇ ਕਾਰੀ ॥340॥
ਸੁਨ ਕਰ ਸਾਹਿਬ ਹੈ ਮੰਗਾਵਾ ॥ ਚੜਤੀ ਕੀਨੀ ਦੇਰੁ ਬਿਹਾਵਾ ॥
ਹੁਕਮ ਕਰਾ ਨਹਿ ਕੀਜੈ ਦੇਰੀ ॥ ਸਬ ਚਲ ਆਵੋ ਬਿਨਾ ਅਵੇਰੀ 341॥

॥ ਦੋਹਰਾ ॥

ਨਦੀ ਮਾਂਝ ਸ੍ਰੀ ਸਤਿਗੁਰੂ ਬਾਜੀ ਦ੍ਰਿੜ ਕਰ ਦੀਨ ॥
ਜਾਨੂ ਭਰ ਜਲ ਹੋਤ ਭਾ ਸਭ ਨੇ ਅਚਰਜ ਚੀਨ ॥342॥

॥ ਚੌਪਈ ॥

ਸਟਕੇ[8] ਆਦਿ ਪਰੁ ਸੁਭ ਛੋਏ ॥ ਫੂਲ ਬਰੁਖ ਨੈਨਨ ਗੁਰ[9] ਜੋਏ ॥
ਬਿਨਾ ਨਾਵ ਨਾਂਘਨ ਸਭ ਸੁਰਤਾ ॥ ਮਾਨਯੋ ਸਭ ਮਨ ਅਦਭੁਤ ਚਰਤਾ ॥343॥
ਫੀਕੇ ਭੇ ਰਖਵਾਰ ਮਲਾਹਾ ॥ ਸੂਰ ਉਦੇ ਜਿਮ ਨਿਸ[10] ਕੋ[10] ਨਾਹਾ ॥
ਜਬ ਨਦ ਤੀਰ ਸਰਬ ਭੇ ਠਾਂਢੇ ॥ ਦੂਨਾ ਸਿੰਘ ਆਵਾ ਰੁਚ ਬਾਢੇ ॥344॥

---

1. ਅ ਪੋਥੀ ਤਿਸ ਨਾਮ 2. ਅ ਪੋਥੀ ਪਾਠਾਂਤਰ : ਸਰਕਾਰੁ ਕਹਯੋ ਹੈ ਅੰਤਰਜਾਮੀ ॥ 3. ਮੂਲ ਪੋਥੀ ਜਨਾਵੇ 4. ਮੂਲ ਪੋਥੀ ਨਾਮੀ 5. ਅ ਪੋਥੀ ਜਿਤਨੇ 6. ਅ ਪੋਥੀ ਪੂਜੈ ਸਦਾ 7. ਅ ਪੋਥੀ ਪੋਤਾ ਨੇ 8. ਅ ਪੋਥੀ ਸਕਟੇ 9. ਅ ਪੋਥੀ ਸੁਰ 10. ਅ ਪੋਥੀ ਨਿਕਸੋ

ਹਾਥ ਜੋਰ ਕਰਤ ਭੁਯੋ ਬਿਨਤੀ ॥ ਆਪ ਪ੍ਰਤਾਪ ਕਹਾ ਲੌ ਗਿਨਤੀ ॥
ਬਿਨ ਬੇਰੀ ਸਭ ਹੋਏ ਪਾਰੀ ॥ ਤਿਨ ਮਮ ਤਾਰੋ ਗੁਰੂ ਮੁਰਾਰੀ ॥345॥
ਅਸ ਕਹਿ ਬਚਨ ਪ੍ਰਸੇ ਵਤ ਸੀਨਾ ॥ ਪ੍ਰਭ ਪੂਜ ਕਮਲ ਪਰਾ ਦੁਖ ਛੀਨਾ ॥
ਭਗਤੁ ਪ੍ਰੇਮ ਲੁਗ ਹਸੇ ਗੁਸਾਈ ॥ ਪੀਠ ਠੋਕਿ ਮ੍ਰਿਦ ਬਾਦ ਅਲਾਈ ॥346॥
ਸਿੰਘ ਜੀ ਮਨ ਮੋ ਚਿੰਤ ਨ ਧਾਰੋ ॥ ਜਨਮ ਮਰਨ ਤੇ ਹੋਵੋ ਪਾਰੋ ॥
ਜਦਾ ਜਦਾ ਮੈਂ ਲਯੋ ਅਵਤਾਰਾ ॥ ਤਦਾ ਤਦਾ ਤੂ ਮਮ ਸੰਗਾਰਾ ॥347॥
ਚਲੀ ਬਰਾਤ ਹਰਖੁ ਮਨੁ ਧਾਰੀ ॥ ਬਾਜੇ ਬਾਜਤ ਵਾਰ ਨ ਪਾਰੀ ॥
ਮਾਲਵ ਦੇਸੈ ਰਾਜੇ ਜੇਤੇ ॥ ਆਏ ਮਿਲਨੇ ਹਰਖਤ ਤੇਤੇ ॥348॥
ਆਵਾ ਭੂਪ ਸਿੰਘ ਬਲ ਰਾਸੀ ॥ ਰੋਪੜ ਪੁਰੀ ਜੋ ਕਰੈ ਨਿਵਾਸੀ ॥
ਨਾਨਾ ਬਿਧ ਧਰ ਬਸਨ ਉਪਯੰਨ ॥ ਅਤਿ ਪ੍ਰਸੰਨ ਲਾਗੋ ਪ੍ਰਭ ਪਾਯਨ ॥349॥
ਪੰਚਮ ਘੋੜੇ ਜੁਗ ਵਰ ਬਾਜਾ ॥ [1]ਇਕ ਵਰ ਹਾਥੀ ਉਰ ਸਮਾਜਾ ॥
ਹਾਥ ਜੋਰ ਇਮ[2] ਬਿਨੈ ਅਲਾਈ ॥ ਕ੍ਰਿਤ ਕ੍ਰਿਤ ਕਯੋ ਕਰਤਾਰੋ[3] ਗੁਸਾਈ ॥350॥
ਤਿਸ ਕੀ ਭੇਟ ਲਈ ਸੁਖ ਦਾਰੇ ॥ ਦੁਖ ਦੀਨੇ ਸਭ ਤਿਸ ਕੇ ਹਾਰੇ ॥
ਰਾਮ ਸਰਨ ਰਾਜਾ ਚਲ ਆਵਾ ॥ ਜੁਗ ਘੋੜੇ ਦੇ ਸੀਸ ਨਿਵਾਵਾ ॥351॥
ਅਮਰ ਸਿੰਘ ਸਿੰਘ ਪੁਰੀਆ ਆਇ ॥ [4]ਜੁਗ ਘੋੜੇ ਦੇ ਸੀਸ ਨਿਵਾਇ ॥
ਕਰਮ ਸਿੰਘ ਰਾਜਾ ਚਲ ਆਯੋ ॥ ਹੈ ਗੈ ਪੱਟ ਭੂਖਮ ਬਹੁ ਲਯਾਯੋ ॥352॥
ਪਾਦ ਪਦਮ ਪਰ ਬੰਦਨ ਕੀਨੀ ॥ ਜਿਸ ਕੇ ਜਾਗੇ ਭਾਗ ਨਵੀਨੀ ॥
ਜਸਵੰਤ ਸਿੰਘ ਰਾਜਾ ਧਰ ਹੇਤ ॥ ਆਵਾ ਦਰਸਨ ਬੇਦੀ ਕੁਲ ਕੇਤ ॥353॥
ਧਰੀ ਉਪਾਇਨ ਗਨੀ ਨ ਜਾਈ ॥ ਗੁਰ ਪਗ ਧੂਰੀ[5] ਮਾਥੇ ਲਾਈ ॥
ਸੰਗਤਿ ਆਵਤ ਵਾਰੁ[6] ਨ ਪਾਰੀ ॥ ਭੇਟਾ ਚੜਤੀ ਅਪਰ ਅਪਾਰੀ ॥354॥
ਤਹ ਥੀ ਜੁੜਤ ਕੁਰੀ ਸੁਖਦਾਈ ॥ ਬੁਹਿਬਲ ਪੁਰਿ ਆਏ ਹਰਖਾਈ ॥
ਤਖ਼ਤ ਰਵਾਜੇ ਅਤਸੇ ਰੂਰਾ ॥ ਚਢਿਓ ਦੂਲੋ ਸੁਭ ਗੁਨ ਪੂਰਾ ॥355॥
ਆਮਦ ਨਿਕਰੀ ਜਬੈ ਸੁਖਦਾਈ ॥ ਮੰਗਤ ਜਨ ਤਬ ਆਏ ਧਾਈ ॥
ਮੁਹਰਾ ਬੁਤਕੀ ਅੌਰੁ ਰੁਪੈਯੇ ॥ ਸੁਤ ਪਰ ਵਾਰੇ ਕੌਨ ਗਿਨੈਯੇ ॥356॥

॥ ਦੋਹਰਾ ॥

ਬਰਖਤ ਦਰਬ ਪ੍ਰਰ ਮੋਦ ਕਰ ਬੋਲ ਤਬਿ ਹਸ ਕਲੋਲ ॥
ਦੇਖਤ ਨਰ ਤਿਯਨ ਨਗਰ ਸੁਭ ਬਯਾਹ ਬਰਾਤ ਅਮੋਲ ॥357॥

॥ ਚੌਪਈ ॥

ਮਿਲਨੀ ਹੇਤ ਮਿਲੇ ਬਹੁ ਆਏ ॥ ਥਾਤੀ ਭਰ ਭਰ ਦਰਬ ਲਿਯਾਏ ॥

---

1. ਅ ਪੋਥੀ ਪਾਠਾਂਤਰ : ਏਕੁ ਸੁ ਹਾਥੀ ਵਰ ਜਿਸ ਸਾਜਾ 2. ਅ ਪੋਥੀ ਅਸ
3. ਅ ਪੋਥੀ ਕ੍ਰਿਤਾਂਗੁ 4. ਅ ਪੋਥੀ ਜੁਗਮ
5. ਅ ਪੋਥੀ ਧੂੜੀ 6. ਅ ਪੋਥੀ ਪਾਰ

ਕਾਂਨ ਸਿੰਘ ਸਮਧੀ ਗੁਰ ਕੇਰਾ ॥ ਲਾਗਾ ਚਰਨੀ ਹੇਤੁ ਘਨੇਰਾ ॥358॥
ਕਾਨ ਸਿੰਘ ਨੇ ਬਿਨੇ ਬਖਾਨੀ ॥ ਕਿੰਕਰ ਜਾਨੋ ਗੁਰ ਸੁਖਦਾਨੀ ॥
ਯੇਨ ਕੇਨ ਗੁਰ ਪੈਜ ਰਖੀਜੈ ॥ ਉੱਤਰ ਨਾਥ ਮਮ ਪਾਵਨ ਕੀਜੈ ॥359॥
ਬਿਦਰ[1] ਭੀਲਨੀ ਜਿਮ ਤੁਮ ਤਾਰੀ ॥ ਤੈਸੇ ਰਾਖੋ ਪੈਜ ਮੁਰਾਰੀ ॥
ਸੇਵਕ ਜਾਨ ਮਯਾ ਬਹੁ ਕੀਜੈ ਕਰੋ । ਨਿਬਾਹਿ ਅਮੀ ਜੱਸ ਪੀਜੈ ॥360॥

॥ ਦੋਹਰਾ ॥

ਕਰਣਾਕਰ ਪੂਰਨ ਪ੍ਰਭੂ ਪੁਲਕ ਅੰਗ [2]ਸੁਭ ਸੰਗ[2] ॥
ਸਮਝਿ ਬਡਪਨਿ ਬੰਸ ਨਿਜ ਉਤਰ ਦਯੋ ਸੁ ਰੰਗ ॥361॥

॥ ਚੌਪਈ ॥

ਕਾਨ ਸਿੰਘ ਨਹਿ ਚਿੰਤਾ ਕੀਜੇ । ਸਤਿਨਾਮੁ ਸਿਮਰੋ ਸੁਖ ਲੀਜੈ ।
ਸੁਨ ਗੁਰ ਬਾਨੀ ਸਭ ਹਰਖਾਏ ॥ ਗੁਰ ਕੋ ਡੇਰਾ ਦੀਯੋ ਕਰਾਏ ॥362॥
ਕਰ ਮਿਲਨੀ ਸਭ ਭਵਨ ਸਿਧਾਰੇ ॥ ਸਤਿਗੁਰ ਜਸੁ ਗਾਵਤ ਬਹੁ ਬਾਰੇ ॥
ਤੰਬੂ ਕਨਾਤਾ ਛਾਯਾਂਵਾਨ ॥ ਰੇਸਮ ਡੋਰੀ ਤਨੇ ਬਿਤਾਨ ॥363॥
ਮੱਧ ਬਿਰਾਜਤਿ ਅੰਤਰਿਯਾਮੀ ॥ ਜਿਨ ਦਰਸੇ ਸੁਧੁ ਹੋਵੈ ਬਾਮੀ ॥
ਲਾਵਾ ਲੇਵਨ ਬੇਲਾ ਆਵਾ ॥ ਦ੍ਵਿਜਵਰ ਨੇ ਤਬ ਆਨ ਸੁਨਾਵਾ ॥364॥
ਸੁਨ ਕਰ ਬਾਜੇ ਬਜੈ ਅਪਾਰਾ ॥ ਗਵਨੇ ਸ੍ਰੀ ਗੁਰ ਹਰਖ ਧਾਰਾ ॥
ਹੈ ਗੈ ਬੱਲਤ ਭੀੜਾ ਭਾਰੀ ॥ ਬਨੀ ਜਨੇਤੰ ਅਦਭੁਤ ਸਾਰੀ ॥365॥

॥ ਤ੍ਰਿਭੰਗੀ ਛੰਦ ॥

ਬਰਸਤ ਅਤ ਦੌਲਤ ਪਰਮ ਕਲੋਲਤ ਮ੍ਰਿਦੁ ਬਚੁ ਬੋਲਤ[3] ਮੋਦ ਭਰੇ ॥
ਮਾਰਗ ਗੁਰੇ ਜਾਤੇਂ ਮੁਕਤਿ ਸੁ ਦਾਤੇ ਸੋ ਭਲ ਪੋਟੇ ਦੋਖ ਹਰੇ ॥
ਦੇਖਤ ਨਰੁ ਨਾਰੀ ਚਢੀ ਅਟਾਰੀ ਮੁਖ ਵਾਰੀ ਹੌਵਾਰੀ [ਸੂਰਤ ਪਯਾਰੀ][4] ॥
ਆਵਹਿ ਮਮ ਅੰਗਨਾ ਸਜ [5]ਕੰਗਨਾ ਦੇਖਹਿ ਐਗਨਾ ਛਬਿ ਨਯਾਰੀ ॥366॥
ਸੁੰਦਰੁ ਸਭ ਸੰਗੀ ਨਾਨਾ ਰੰਗੀ ਡੀਲ ਉਤੰਗੀ ਬਰ ਬਾਨੇ ॥
ਜਾਚਕ ਕਰ ਦਾਤਾ ਸਭ ਸੁਖ ਦਾਤਾ ਸਹੀਤ ਬਰਾਤਾ ਨਿਯਰਾਨੇ ॥
ਪੁਰ ਬੀਥਿਨ ਆਏ ਹਰਖ ਸੁਹਾਏ ਦ੍ਰਿਗ ਰੱਸ ਛਾਏ ਪਰ ਧਾਮਾ ॥
ਸੁੰਦਰ ਸੁਤ ਜੋਰੀ ਰਾਜੰਤ ਜੋਰੀ ਦੇਖਹਿ ਜੋਰੀ ਦ੍ਰਿਗ ਬਾਮਾ ॥367॥

॥ ਸ੍ਵੈਯਾ ॥

ਸ੍ਰੀ ਜਗ ਨਾਥ ਕਰਯੋ ਜਿਮ ਆਗਮ ਸੋ ਨਹਿ ਮੈ ਮੁਖ ਜਾਇ ਬਖਾਨੋ ॥
ਕੰਚਨ ਮੇਹ ਬਸੇ ਭਰ ਨੇਹ ਸੁ ਕੈਸੇ ਦਿਸੇ ਸੁਰ ਰਾਜ ਪ੍ਰਮਾਨੋ ॥

---

1. ਅ ਪੋਥੀ ਬੰਦਰ 2. ਅ ਪੋਥੀ ਸੁਰ ਭੰਗ 3. ਮੂਲ ਪੋਥੀ ਬੱਚਤ੍ਰਿ 4. ੲ ਪੋਥੀ ਵਿਚੋਂ
5. ਅ ਪੋਥੀ ਸਜ ਕਰੁ

ਸੀਸ ਕਰੀਟ ਸਜੇ ਸਿਹਰਾ ਗੁਰੋ ਧਾਸ ਕੁਮਾਰਿ ਸੁ ਹੈ ਛਬਿ ਵਾਨੋ ॥
ਸੂਰਨ ਵਿਮਾਨ ਚੜੇ ਸਸਿ ਸੂਰਜ ਆਇ ਖਰੇ ਗੁਰ ਸੇਵਨ ਮਾਨੋ ॥368॥

॥ ਚੌਪਈ ॥

ਜਾਤ ਬਰਾਤ ਸੁ ਕਿਤ ਹਰਖੰਤੀ ॥ ਅੰਤਸ[1] ਬਾਜੀ ਪੁਜ ਛੁਟੰਤੀ ॥
ਹੁਤੇ ਬਰੂਦ ਭਰੇ ਗਜ ਘੋਰੇ ॥ ਇਤ ਉਤ ਜੂਲਤ ਬੇਗ ਤੇ ਦੌਰੇ ॥369॥
ਚਾਰ ਝਾਰ ਛੁਟਤ ਫੁੱਲਵਾਈ ॥ ਚਰਖੀ ਫਿਰਤੀ ਉਠੰਤ ਹਵਾਈ ॥
ਬੁਰਜ ਸੁ ਦੀਨੇ ਬਹੁਤ ਚਲਾਏ ॥ ਫਿਰਤ ਅਮਰ ਮੋ ਬਡ ਛਬ ਪਾਏ ॥370॥
ਬਾਜਤ ਬਾਜੈ ਰਾਂਗ ਸੁਨਾਵੈ ॥ ਜਨੇਤ ਰਿਝਾਇ ਦੌਲਤ ਪਾਵੈ ॥
ਸਮਧੀ ਅਗਰੈ ਲੇਨ ਸੁ ਆਏ ॥ ਪਾਵੜ ਪਾਏ ਮਨ ਬਿਗਸਾਏ ॥371॥
ਸਰਬ ਜਨੇਤ ਤਬ ਹਟ ਕਰ ਗਈ ॥ ਪੂਤ ਸਹਿਤ ਗੁਰ ਥਿਰਤਾ ਲਈ ॥
ਨੀਗਰ ਸਾਸ ਅਟੀ ਲੈ ਨਾਰੀ ॥ ਕੀਨ ਆਰਤੀ ਹੁਇ ਬਲਿਹਾਰੀ ॥372॥
ਹਾਥ ਜੋਰ ਅੰਤਰਿ ਲੈ ਗਏ ॥ ਜੱਥਾ[2] ਅਧਿਕਾਰੈ[3] ਆਸਣ ਦਏ ॥
ਪੂਜਤ ਨਵ ਗ੍ਰਹ ਗਣਪੱਤ ਸਾਥ ॥ ਕਹੈ ਦਿਜ ਠਾਨਹਿ ਸ੍ਰੀ ਗੁਰ ਨਾਥ ॥
ਤਬ ਦੁਲਹਨਿ ਲੇ ਨਿਕਟ ਬਠਾਈ ॥ ਜਥਾ ਜੋਗੁ ਸਭ ਬਿਧ ਕਰਵਾਈ ॥
ਪੁਨਿ ਬੇਦੀ ਮਹਿ ਰਾਖਹੁ ਤਾਸਨ ॥ ਡ੍ਰਾਰਤ ਸਰਪੀ ਕੀਨ ਪ੍ਰਕਾਸਨ ॥374॥
ਰਾਗੀ ਲੀਨੇ ਗੁਰੂ ਬੁਲਾਈ ॥ ਪਠੀਏ ਲਾਵਾ ਦੇਰ ਬਿਹਾਈ ॥
ਬਚਨ ਮਾਨ ਤਿਨ ਗਾਵਨ ਕੀਨੀ ॥ ਭਗਤੀ ਗਯਾਨ ਵਿਖੇ ਜੋ ਭੀਨੀ ॥375॥
ਗਾਂਠ ਜੋਰ ਦੀਨੇ ਤਬ ਫੇਰੇ ॥ ਪਾਨ ਗ੍ਰਾਹਨ ਕੀਨਸ ਤਿਸ ਬੇਰੇ ॥
ਦੇਵਨ ਫੂਲ ਫੂਲ ਬਰਖਾਏ ॥ ਦੇਵ ਬਧੂ ਮਿਲ ਮੰਗਲੁ ਗਾਏ ॥376॥
ਪ੍ਰੋਧਾ ਨੇ ਸੁਭ ਸਮਾ ਪਛਾਨਾ ॥ ਸਗਰੋ ਸਾਥੋ ਚਾਰ ਬਖਾਮਾ ॥
ਲਾਗ ਸੁ ਅਪਨੋ ਲੀਨਾ ਬੇਰੀ ॥ ਮਨ ਮੋ ਹਰਖਾ ਬਹੁ ਤਿਸ ਬੇਰੀ ॥377॥
ਔਰੁ ਦਿਜੈ ਥੇ ਜੇਤੇ ਪਾਸੂ ॥ ਜੈਰੰਬ ਦਿਵਾਵਾ ਗੁਰ ਸੁਖ ਰਾਸੁ ॥
ਜੁਗਮ ਓਰ ਅਤਿ ਭਯੋ ਅਨੰਦੂ ॥ ਉਠੰਤ ਭਏ ਗੁਰ ਸੁਖਮਾਂ ਕੰਦੂ ॥378॥
ਪੁੰਜ ਮਸਾਲੈ ਜੁਲੰਤ ਅੰਗਾਰੀ ॥ ਝਾਰ ਮਤਾਬੀ ਜੁਤ ਫੁਲਵਾਂਤੀ ॥
ਬਾਜ ਬਜਾਵਤ ਦੌਰੇ ਆਏ ॥ ਪਲਘ ਥਿਰੇ ਗੁਰੋ ਵਡ ਸੁਖ ਪਾਏ ॥379॥
ਹਿਤ ਅਹਾਰ ਕੇ ਬਹੁਰੋ ਹਕਾਰੇ ॥ ਸੁਨ ਗਮਨੇ ਆਨੰਦਤ ਸਾਰੇ ॥
ਗਈ ਬਰਾਤ ਮਨੋ[4] ਹਰਖੰਤੇ ॥ ਅੰਸਤੈ ਬਾਜੀ[5] ਪੁੰਜ ਛੁਟੰਤੀ ॥380॥
ਸਾਦਰ ਅੰਦਰ ਜਾਇ ਬੈਠਾਰੋ ॥ ਸੁੰਦਰ ਕਰੁ ਪੰਕਤ ਇਕ ਸਾਰੇ ॥
ਪੁਰ ਸਨਹਾਰ ਆਇ ਸਮਦਾਈ ॥ ਧਰੇ ਥਾਰ ਸਭ ਕੇ ਅਗਵਾਈ ॥381॥

---

1. ਅ ਪੋਥੀ ਅਸਤੁਸ 2. ਅ ਪੋਥੀ ਜਥ 3. ਅ ਪੋਥੀ ਸੁਭ ਆਸਣਿ 4. ਅ ਪੋਥੀ ਸੁਮਨ 5. ਅ ਪੋਥੀ ਅਸਤੁ ਸੁ ਬਾਜੀ

ਮੋਦਕ ਖੁਰਮੇ ਨੁਗਦੀ ਘਨੀ ॥ ਘੇਵਰ ਸਰਪੀ ਸਿਤਾ ਗਨ ਸਨੀ ॥
ਬਰਫੀ ਪੇੜੇ ਅੰਮ੍ਰਿਤੀ ਦੀਨੀ ॥ ਮੇਵੇ[1] ਬਿੰਦ ਮਿਲੌਨੀ ਕੀਨੀ ॥382॥
ਤੁਰਤ ਪਰੋਸਯੋ ਚਤੁਰਨ ਚਾਰੂ ॥ ਖਾਨ ਲਗੇ ਸਤਨਾਮ ਉਚਾਰੂ ॥
ਨਾਰੀ ਗਾਵੈ ਗਾਰਿ ਸੁਨਾਵੈ ॥ ਸੁਨ ਸੁਨ ਬੇਦੀ ਮਨ ਹਰਖਾਵੈ ॥383॥

॥ ਦੋਹਰਾ ॥

ਪੁਨ ਵਰ[2] ਜਲ ਸੇ ਚੁਲੇ ਕਰ ਦਰਬਿ ਜੂਠ ਮੇਂ ਡਾਰ ॥
ਜੰਨ ਵਾਸੇ ਤਬ ਆਤ ਭੇ ਨਿਸ ਸੋਏ ਸੁਖ ਧਾਰ ॥384॥

॥ ਚੌਪਈ ॥

ਚਾਰ ਦਿਵਸ ਤਹ ਰਹੇ ਗੁਸਾਈ ॥ ਕਿਯ ਬਿਵਹਾਰ ਸਰਬ ਜਗ ਨਯਾਂਸੀ ॥
ਸਭ ਰਾਜੇ ਗੁਤ ਲੀਨ ਬੁਲਾਈ ॥ ਕਹੀ ਗਿਰਾ ਸ੍ਰੀ ਗੁਰ ਸੁਖਦਾਈ ॥385॥
ਭਾਟ ਦਿਜ ਡੂੰਮ ਜੋ ਆਏ ॥ ਔਰੁ ਜੁ ਨਿਰਧਨ ਭੇ ਸਮਦਾਏ ॥
ਕਰ ਵਾੜਾ ਬਿਤ ਸਭ ਕੌ ਦੇਵੋ ॥ ਕਰ[3] ਪ੍ਰਸੰਨਤਾ ਸਭ ਕੋ ਸੇਵੋ[3] ॥386॥
ਸਭ ਰਾਜਿਨ ਨੇ ਗਿਰਾ ਅਲਾਈ ॥ ਸਿਰ ਕੇ ਜੋਰੁ ਕਰੈ ਸੁਖਦਾਈ ॥
ਦੋ ਦੋ ਕੋਸ ਲਗ ਬਾਰੀ ਕੀਨ ॥ ਸਭ ਕੇ ਬੀਚ ਥਿਰਾ ਕਰਿ ਦੀਨ ॥387॥
ਚਤੁਰ[4] ਦਰਬਾਜੇ ਕੀਨ ਬਨਾਇ ॥ ਰੁਪੈਯੇ ਥੈਲੇ ਧਰੇ ਸੁ ਆਇ ॥
ਕਰਮ ਸਿੰਘ ਇਕ ਓਰਿ ਖਲੋਵਾ ॥ ਭੂਪ ਸਿੰਘ ਦੂਤੀ ਦਰ ਜੋਵਾ ॥388॥

॥ ਦੋਹਰਾ ॥

ਤ੍ਰਿਤੀ ਓਰਿ ਜਸਵੰਤ ਸਿੰਘ ਚਤਚਖ ਓਰਿ ਸਿਰਦਾਰ ॥
ਬਾਂਟਤ ਭੇ ਰਿਦ ਪ੍ਰੀਤ ਧਰ ਮੀਠੀ ਗਿਰਾ ਉਚਾਰ ॥389॥

॥ ਚੌਪਈ ॥

ਪੰਚ ਪੱਚ ਦਮੜੇ ਬਿਪ੍ਰਨ ਦੀਨ ॥ ਭਾਟ ਮਿਰਾਸੀ ਤੈਸੇ ਚੀਨ ॥
ਇਕ ਇਕ ਦਮੜਾ ਸਭ ਕੌ ਦੀਨਾ ॥ ਸਤਿਗੁਰ ਸਾਹਿਬੁ ਜਸੁ ਵਡ ਲੀਨਾ ॥390॥
ਘਰੁ ਘਰੁ ਕੀਰਤ ਗੁਰ ਕੀ ਛਾਈ ॥ ਦੂਲੋ ਜੀਵੈ ਕਹੈ ਸੁਨਾਈ ॥
ਸਭ ਰਾਜਨ ਮਨੁ ਅਚਰਜ ਧਾਰਾ ॥ ਧਨ ਖਰਚਾ ਸਤਗੁਰੂ ਅਪਾਰਾ ॥891॥
ਦੋਵਾੜਾ ਚਲੁ ਗੁਰ ਪਹਿ ਆਏ ॥ ਸਭ ਰਾਜਨ ਮਿਲ ਸੀਸ ਨਿਵਾਏ ॥
ਦੁਹੂ ਓਰਿ ਸੁਖ ਬਢ੍ਯੋ ਅਪਾਰਾ ॥ ਪੂਰਨ ਭਏ ਸਰਬ ਆਚਾਰਾ ॥392॥
ਕਾਨ ਸਿੰਘ ਤਬ ਦਾਜ ਬਨਾਵਾ ॥ ਕਰ ਇਕਤ੍ਰ ਮਨ ਮੇਂ ਹਰਖਾਵਾ ॥
ਭੁਖਨ ਕਟਕ ਸੁ ਜਟਤ ਜਵਾਹਰ ॥ ਤਬਾ ਰਜਤ ਕੇ ਸਾਥ ਮਹਾ ਵਰ ॥393॥

---

1 ਮੂਲ ਪੋਥੀ ਮੇਰੇ
2. ਅ ਪੋਥੀ ਸੁ
3. ਅ ਪੋਥੀ ਪਾਠਾਂਤਰ : ਪ੍ਰਸੰਨਤਾ ਲੇਵੋ ਸਭ ਕੋ ਸੇਵੋ ॥
4. ਅ ਪੋਥੀ ਚਾਰ

ਪਟੰਬਰ ਪਸਮੀਨ ਦੁਕੂਲਾ ॥ ਅਵਰ ਬਸਨ ਭਾਜਨ ਮੁਦ ਮੂਲਾ ॥
ਹੈ ਗੈ ਗੋ ਮਹਿਖੀ ਸੁਭ ਆਨੀ ॥ ਦਾਸੀ ਦਾਸ [1]ਸੁਭਗ ਗੁਨਾਨੀ ॥394॥
ਅਵਰੁ ਬਸਤੁ ਤਹਿ ਧਰੀ ਅਨੇਕਾ ॥ ਗਨਯੋ ਜਾਇ ਜੌ ਹੁਇ ਦੁਇ ਏਕਾ ॥
ਇਨਹਿ ਆਦਿ ਅੰਤਿ ਸੁੰਦਰੁ ਸ਼ੋਜਾ ॥ ਪੂਰਨ [2]ਭਾ ਗ੍ਰਿਹ ਮਹੁ ਅਮਿਤੋਜਾ ॥395॥
ਸਤਿਗੁਰ ਸਾਹਿਬ ਲੀਨ ਬੁਲਾਈ ॥ ਕਰ ਬਹੁ ਸਾਦਰ ਲੀਨ ਬੈਠਾਈ ॥
ਕਾਨ ਸਿੰਘ ਤਬ ਜੁਗ ਕਰ ਜੋਰੀ ॥ ਬਿਨਤੀ ਕੀਨੀ ਪ੍ਰੀਤਿ ਨ ਥੋਰੀ ॥396॥
ਬਾਰੰਬਾਰ ਪ੍ਰਕਰਮਾ ਕੀਨੀ ॥ ਮੂਰਤ ਰੁਚਰੁ ਗੁਰੂ ਕੀ ਚੀਨੀ ॥
ਕਹਯੋ ਨਮੋ ਬੇਦੀ ਕੁਲ ਮੰਡਨ ॥ ਅਤ ਪ੍ਰਤਾਪ ਤ੍ਰੈਤਾਪ ਬਿਖੰਡਨ ॥397॥
ਜਗਤ ਉਜਾਗਰ ਸਾਗਰ ਸਾਂਈ ॥ ਅਕ੍ਰਯ ਅਜਯ ਅਚਲ ਅਘ ਹਾਈ ॥
ਅਧਮ ਉਧਾਰ ਜਾਸ ਸੁਤਿ ਗਾਵਾ ॥ ਸੋ ਪ੍ਰਤਖ ਮਹਿ ਆਲਯ ਆਵਾ ॥398॥
ਤੁਮ ਬੇਦੀਸ ਬੇਦ ਮਿਲ ਗਾਏ ॥ ਬਿਯਾਹਨ ਸੁਤ ਹਮਰੇ ਘਰੁ ਆਏ ॥
ਮੈ ਮਨੁ ਮਾਂਹਿ ਇਹੈ ਅਨੁਮਾਨਾ ॥ ਮੋ ਸਮਾਨ ਕੋ ਧੰਨਯ ਨ ਆਨਾ ॥399॥
ਕੋ ਉਪਮਾ ਦੀਜੈ ਜਗ ਸ੍ਵਾਮੀ ॥ ਤੁਮ ਸਮ ਤੁਮ ਪ੍ਰਭੁ ਅੰਤਰਜਾਮੀ ॥
ਇਕ ਬਿਨਤੀ ਸੁਨੀਏ ਸੁਖਦਾਈ ॥ ਜਨਮ ਮਰਨ ਦੁਖ ਦੇਹੁ ਗਵਾਈ ॥400॥

॥ ਦੋਹਰਾ ॥

ਦੰਪਤਿ ਮਿਲ ਬਿਨਤੀ ਕਹੀ ਸ੍ਰੀ ਗੁਨ ਸੁਨ ਹਰਖਾਇ ॥
ਮਯਾ ਦ੍ਰਿਸਟ ਤਿਨ ਪਰ ਕਰੀ ਦਈ ਸਾਂਤਿ ਰਿਦ ਮਾਹਿ ॥401॥

॥ ਚੌਪਈ ॥

ਸ੍ਰੀ ਗੁਰ ਮਯਾ ਬਡੋ ਸੁਖ ਪਾਵਾ ॥ ਜਨਮ ਮਰਨ ਕਾ ਮੇਟਾ ਹਾਵਾ ॥
ਕਰੀ ਬਿਨੈ ਬਹੁ ਹੋਤ[3] ਬਿਸਾਲਾ ॥ ਅਬ ਮੈ ਕ੍ਰਿਤ ਕ੍ਰਿਤ ਭਯੋ ਕ੍ਰਿਪਾਲਾ ॥402॥
ਇਹ ਫਲ ਫੁਲ ਜਬੈ ਲਓ ਨਾਥਾ ॥ ਤਾਂ ਤੇ ਮੈ ਹੋਵਾ ਨਾਥ [ਸਨਾਥਾ][4] ॥
ਮਮ ਕੰਨਿਯਾ ਗੁਰ ਦਾਸੀ ਜਾਨਹੁ ॥ ਇਹ ਬਿਨਤੀ ਮੇਰੀ ਗੁਰ ਮਾਨਹੁ ॥403॥
ਅਸ ਬਚ ਕਹਤ ਬਹੁਤ ਦ੍ਰਿਗ ਪਾਨੀ ॥ ਪ੍ਰੇਮ ਗਾਥ ਨਹਿ ਪਰਬ[5] ਬਖਾਨੀ ॥
ਦੰਪਤਿ ਮਿਲਿ ਗੁਰ ਚਰਨ ਮਹਾਨੇ ॥ ਜਿਨ ਕੇ ਜਾਗੇ ਭਾਗ ਮਹਾਨੇ ॥404॥

॥ ਦੋਹਰਾ ॥

ਜਿਤਨੇ ਸਾਊ ਨਾਲ ਥੇ ਸਭ ਹਿਤੁ ਦੀਨ ਪੁਸਾਕ ॥
ਸਭੇ ਸਰਾਹਤ ਕਾਨ ਸਿੰਘ ਬੇਦੀ ਕੁਲ ਕੇ[6] ਸਾਕ ॥405॥
ਦਾਜ ਲਯਾ ਸ੍ਰੀ ਸਤਿਗੁਰੂ ਦੇਰੇ ਭੇਜਨ ਕੀਨ ॥
ਕਾਨ ਸਿੰਘ ਕਾ ਭਾਵ ਲਖ ਹਰਖੇ ਗੁਰ ਪ੍ਰਬੀਨ ॥406॥

---

1. ਅ ਪੋਥੀ ਬਹੁ ਸੁਭਾਗ 2. ਅ ਪੋਥੀ ਭਾਗਿ 3. ਅ ਪੋਥੀ ਰੋਸੁ 4. ੲ ਪੋਥੀ ਵਿਚੋਂ
5. ਅ ਪੋਥੀ ਪਰਤ 6. ਅ ਪੋਥੀ ਜਿਸ

॥ ਚੌਪਈ ॥

ਜਵਾਹਰ ਸਿੰਘ ਗਾਦੀ ਪਰ ਆਹਿ ॥ ਹੈ ਅਲਮਸਤ ਦੇਹੀ ਸੁਧ ਨਾਹਿ ॥
ਹਜੂਰ ਪ੍ਰਭ ਤਿਸ ਬਾਨੀ ਗਾਈ ॥ ਮਮ ਸਮਾਨ ਔਰ ਕੋ ਆਈ ॥407॥
ਸੁਨ ਕਰ ਸਾਹਿਬ ਬਹੁ ਮੁਸਕਾਏ ॥ ਮੰਜ ਮਧੁਰ ਰਸ[1] ਬੈਨ ਅਲਾਏ ॥
ਤੂ ਅਹੈ ਸਭ ਕੇ [2]ਅਧਿਕਾਈ[2] ॥ ਤੁਰੀਆ ਮੌਜਿ[3] ਸੁ[3] ਬ੍ਰਿਤਿ ਟਿਕਾਈ ॥408॥
ਢੂੰਦ ਧਰਮ ਤੇ ਭਯੋ ਨਿਯਾਰਾ ॥ ਆਤਮ ਸੁਖ ਪਾਯੋ ਬਿਨ ਬਾਰਾ ॥
ਗਯਾਨਵਾਨ ਹੈ ਸਭ ਤੇ ਊਚਾ ॥ ਜਿਸ ਦਰਸੇ ਜਗ ਹੋਵਤ ਸੂਚਾ ॥409॥

॥ ਦੋਹਰਾ ॥

ਸਿੰਘ ਜਵਾਹਰ ਜੋਰੁ ਕਰੁ ਗੁਰ ਕੇ ਪਗ ਗਹਿ ਲੀਨ ॥
ਦਾਸਨ ਦਾਸ ਮੈ ਦਾਸ ਹੌ ਸਰਬ ਗੁਣਨ ਤੇ ਹੀਨ ॥410॥

॥ ਚੌਪਈ ॥

ਸ੍ਰੀ ਹਜੂਰ ਤ੍ਰਿਸ ਪਿੱਠ ਕਰੁ ਫੇਰਾ ॥ ਨਿਮਚੇ ਜਾਨ੍ਯਾ ਅਪਨਾ ਚੇਰਾ ॥
ਬਿਕ੍ਰਮ ਸਿੰਘ ਕੌ ਸਾਸ ਦੁਲਾਰੇ ॥ ਮਧੁਰ ਗਿਰਾ ਕਹਿ ਅਧਕ ਪਿਆਰੇ ॥411॥
ਡੋਲੇ ਪਰ ਤਨਜਾ ਬੈਠਾਈ ॥ ਸਖੀਆ ਲੇਵੈ ਕੰਠ ਲਗਾਈ ॥
ਰੁਦਨ ਕਰਾ ਤਬ ਸਭ ਨੇ ਭਾਰੀ ॥ ਨੈਨ ਭਏ ਤਿਹ ਖਿਨੁ ਪਿਚਕਾਰੀ ॥412॥

॥ ਦੋਹਰਾ ॥

ਬਿਦਾ ਕਰਨ ਲਲਨੀ ਚਲੀ ਸਜ ਅਭਰਨ ਸੁਭ ਅੰਗ ॥
ਮੰਦ ਚਾਲ ਅਤਿ ਲਲਤ ਸੁਭ ਦੇਖਤ ਲਜੈਂ ਮਤੰਗ ॥413॥

॥ ਚੌਪਈ ॥

ਡੋਲੇ ਊਪਰਿ ਧਨੁ ਬਹੁ ਵਾਰਾ ॥ ਆਏ ਗੁਰ ਜੀ ਸਿਵਰ ਮਝਾਰਾ ॥
ਸਮਧੀ ਕੌ ਗੁਰ ਦੀਨ ਠਹਿਰਾਈ ॥ ਭਏ ਸਵਾਰ ਬੇਦ ਕੁਲ ਰਾਈ ॥414॥
ਮਗ ਲੋਗਨ ਕਉ ਕਰਤ ਉਧਾਰਾ ॥ ਮਜਲ ਸਿਰ ਉਤਰੇ [4]ਸੁਖਕਾਰਾ ॥
ਸਭ ਰਾਜਨ ਕੌ ਗੁਰੂ ਬੁਲਾਵਾ ॥ ਸਿਰਪਾਇ ਸਿਰ [5]ਦੀਨ ਪਹਿਰਾਵਾ ॥415॥
ਲੇ ਆਸਿਖ ਸਭ ਭਵਨ ਸਿਧਾਰੇ ॥ ਜਿਨ ਕੇ ਜਾਗੇ ਭਾਗ ਅਪਾਰੇ ॥
ਕੀਰਤਿਪੁਰ ਸ੍ਰੀ ਗੁਰ ਜੀ ਆਏ ॥ ਕਰ ਕੜਾਹਿ ਗੁਰ ਦੁਆਰਾ ਸਿਧਾਏ ॥416॥
ਗੁਰਦ੍ਵਾਰਨ ਅਰਦਾਸ ਕਰਾਇ ॥ ਚੜਤ ਭਏ ਸਤਗੁਰ ਸੁਖਦਾਇ ॥
ਸਨੇ ਸਨੇ ਚਲ ਊਨੇ ਆਏ ॥ ਬਾਜੇ ਬਾਜਤ ਭੇ [6]ਸਮਦਾਏ ॥417॥
ਮਾਤਾ ਸਾਹਿਬ ਬਹੁ ਬਿਗਸਾਈ ॥ ਲੇ ਸਵਾਂਣੀਆ ਆਗੇ ਆਈ ॥
ਪਾਣੀ ਵਾਰ ਮਾਤ ਤਬ ਪੀਆ ॥ ਧਨੁ ਨਿਛਾਵਰੁ ਬਹੁਤਾ ਦੀਆ ॥418॥

1. ਅ ਪੋਥੀ ਸੁਠ 2. ਅ ਪੋਥੀ ਤੇ ਅਧਿਕਾਇ 3. ਅ ਪੋਥੀ ਮੋਹਿ ਜਿਸੁ 4. ਅ ਪੋਥੀ ਗੁਰਦੁਆਰਾ
5. ਅ ਪੋਥੀ ਤਿਨ 6. ਅ ਪੋਥੀ ਭਏ

ਦੇਖੀ ਜੋੜੀ ਅੰਕਿ ਭਰ ਲੀਨੀ ॥ ਲੌਨ ਰਾਈ ਵਾਰਨ ਕੀਨੀ ॥
ਸ੍ਰੀ ਦਰਬਾਰ ਪੂਰਾ ਲੈ ਗਈ ॥ ਧਰੀ ਉਪਾਇਨ ਮਾਥ ਟਿਕ੍ਹਈ ॥419॥

॥ ਦੋਹਰਾ ॥

ਭਵਨ ਮਾਝ ਆਤ[1] ਮਾਈ ਲੈ ਕਰ ਜੋੜੀ ਸਾਥ ॥
ਮਾਤਾ ਮਨ ਆਨੰਦ ਜੋ ਕੋ ਕਵਿ ਬਰਨੈ ਗਾਥ ॥420॥
ਕੰਙਣਾ ਛੋਰਨਿ ਆਦਿ ਜੋ ਸਭ ਰੀਤੀ ਕਰ ਲੀਨ ॥
ਦਰਸਾ ਜਿਨੋ ਬਯਹੁ ਇਹੁ ਤਿਨ ਕੇ ਭਾਗ ਨਵੀਨ ॥421॥[2]

॥ ਚੌਪਈ ॥

ਰਾਜਾ ਰਾਣਾ ਜੋ ਥੇ ਆਏ ॥ ਸਿਰੇਪਾਇ ਦੇ ਖ਼ਿਦਾ ਕਰਾਏ ॥
ਸੰਗਤਿ ਆਈ ਥੀ ਮਿਲ ਜੇਤੀ ॥ ਲੇ ਸਿਰਪਾਇ ਗਈ ਘਰ ਤੇਤੀ ॥
ਭਾਈ ਗੁਰਦਿਤਾ ਰਾਮ[3] ਜੁ ਆਯਾ ॥ ਸਾਥ ਹੈ ਸਾਧੂ ਜਿਮ ਸਮਦਾਯਾ ॥
ਲੇ ਸਿਰਪਾਇ ਸੁ ਭਵਨ ਸਿਧਾਏ ॥ ਨਗਰ ਲੋਕਿ ਸਭੁ ਗੁਰ ਪਹਿ ਆਏ[4] ॥423॥
ਦੇ ਬਧਾਈ ਬਲਿ ਬਲਿ ਜਾਏ ॥ ਕਮਲਾਨੰਨ ਜੀ ਮੁਖੋਂ ਅਲਾਇ ॥
[5][ਖੁਸੀ ਹਮਾਰੀ ਤੁਮ ਪਰ ਆਹਿ ॥ ਸਤਿਗੁਰ ਤੁਮ ਕੋ ਕਰਹਿ ਸਹਾਇ ॥424॥][5]
ਜੁਗਮ ਬਯਾਹ ਕਰੇ ਗੁਰ ਪੂਰੇ ॥ ਇਕ ਦੂਜੇ ਤੇ ਹੋਏ ਰੂਰੇ ॥
ਗੁਰ ਕਾ ਜਸ ਗਾਵੈ ਨਰ ਨਾਰੀ ॥ ਗੁਰ ਕੀਰਤ ਹੈ ਉਜਲ ਬਾਰੀ ॥425॥
ਜਨਮ ਮਰਨ ਮਲ ਕਟਬੇਹਾਰੀ ॥ ਜੋ ਸੁਨ ਹੈ ਮਨ ਸਰਧਾ ਧਾਰੀ ॥
ਮੰਗਲੁ ਸਮੈ ਜੋ ਇਸ ਪਠ ਲੇਵੈ ॥ ਬਿਨਾ ਬਿਘਨ ਤਿਸ ਕਾਰਜ ਹੋਵੈ ॥426॥

## (ਬੀਰ ਸਿੰਘ ਦੀ ਕਥਾ)

॥ ਦੋਹਰਾ ॥

ਬੀਰ ਸਿੰਘ ਕੀ ਗਾਥ ਸੁਭ ਕਹੌ ਸਕਲ ਬਿਸਥਾਰੁ ॥
ਕਰਿ ਸੇਵਾ ਉਤਕਿਸਟ ਭਾ ਗੁਰ ਸੇਵਾ ਫਲ ਚਾਰ ॥427॥

॥ ਚੌਪਈ ॥

ਦੇਸ ਸੁ ਮਾਂਝੇ ਜਿਸ ਸਦ ਨਾਰ ॥ ਕਰਤ ਚਾਕੁਰੀ ਪੜਤਾਲ ਨਾਰ ॥
ਰਾਵਲ ਪਿੰਡੀ ਗਾ ਇਕ ਬਾਰੀ ॥ ਸੰਤ ਮਿਲਨ ਕੀ ਇਛ ਰਿਦ ਧਾਰੀ ॥
ਪਾਸ ਕੁਰੀ ਇਕ ਗ੍ਰਾਮ ਸੁਹਾਈ ॥ ਭਾਗ ਸਿੰਘ ਰਹਤੁ ਤਹਿ ਭਾਈ ॥
ਗੁਰ ਸਿਖੀ ਮੇ ਹੈ ਅਤਿ ਪੂਰਾ ॥ ਕਾਮ ਆਦਿ ਜਿਸੁ ਕੀਨੇ ਚੂਰਾ ॥429॥
ਸਤਗੁਰ ਕੀ ਜਿਸ ਪਰ ਹੈ ਦਾਯਾ ॥ ਸਤਿ ਸਰੂਪ ਜਿਸੁ ਨਿਸਚੇ ਪਾਯਾ ॥
ਬੀਰ ਸਿਘ ਸੁਨ ਜਸ ਤਿਸ ਭਾਰੀ ॥ ਮਿਲਨੇ ਕੀ ਮਨ ਇਛਾ ਧਾਰੀ ॥430॥

---

1 ਅ ਪੋਥੀ ਮਾਤਾ 2. ਅ ਪੋਥੀ ਵਿਚ ਇਸ ਮਗਰੋਂ ਇਹ ਦੋਹਰਾ ਵਾਧੂ ਅੰਕਿਤ ਕੀਤਾ ਗਿਆ ਹੈ :
ਬਯਾਹ ਗਾਥ ਪਾਵਨ ਪਰਮ ਜੋ ਸੁਨਿਹੈ ਮਨੁ ਲਾਇ ॥ ਤਾ ਮਨ ਮਾਂਹਿ ਕਦਾਚਿਹੁੰ ਸੋਕੁ ਨ ਪਰਸੈ ਆਇ ॥
3. ਮੂਲ ਪੋਥੀ ਰਾਜ 4. ਅ ਪੋਥੀ ਰਾਏ 5. ੲ ਪੋਥੀ ਵਿਚੋਂ

ਇਕ ਦਿਨ ਤਿਯਾਗ ਸਸਤ੍ਰ ਕੋ ਗਏ ॥ ਕੁਰੀ ਪੁਰੀ ਮਹਿ ਪ੍ਰਾਪਤ ਭਏ ॥
ਅਤਿ ਸੁੰਦਰ ਪੁਰ ਪ੍ਰਭਾ ਨਿਹਾਰੀ ॥ ਮਾਨੋ ਬਿਧਨਾ ਆਪ ਸਵਾਰੀ ॥431॥

॥ ਦੋਹਰਾ ॥

ਨਗਰ ਮਧਯ ਧਰਮਸਾਲ ਰਚ ਜਹ ਸ੍ਰੀ ਭਾਗ ਮ੍ਰਿਗੇਸ ॥
ਤਹਾਂ ਜਾਇ ਪ੍ਰਾਪਤਿ ਭਏ ਬੀਰ ਸਿੰਘ ਵ੍ਰਬੇਸ਼ ॥432॥

॥ ਚੌਪਈ ॥

ਧਰ ਦਮੜਾ ਤਬ ਸੀਸ਼ ਨਿਵਾਯੋ ॥ ਪੂਛਾ ਭਾਈ ਕਹ ਤੇ ਆਯੋ ॥
ਬੀਰ ਸਿੰਘ ਕਹਯੋ ਕਰ ਜੋਰੀ ॥ ਤੁਮਰੇ ਦਰਸਨ ਕੀ ਥੀ ਲੋਰੀ ॥533॥
ਜਬ ਐਸੇ ਸ੍ਰੀ ਬੀਰ ਮ੍ਰਿਗੇਸਾ । ਕਹਯੋ ਬਚਨ[1] ਅਤਿ ਪ੍ਰੀਤ ਅਸੇਸਾ ॥
ਤਬ ਸ੍ਰੀ ਭਾਗ ਮ੍ਰਿਗੇਸ ਕਿਰਪਾਲਾ ॥ ਜਾਨਾ ਮਨ ਇਹ ਹੋਇ ਬਿਸਾਲਾ ॥434।
ਬੀਰ ਸਿੰਘ ਕੋ ਅੰਕਿ ਲਗਾਯੋ ॥ ਸਤਨਾਮ ਕਾ ਮੰਤ੍ਰ ਦ੍ਰਿੜਾਯੋ ॥
ਏਕ ਦਿਵਸ ਸ੍ਰੀ ਭਾਗ ਮ੍ਰਿਗੇਸਾ ॥ ਬੈਸਿ ਨਿਰੰਤਰ੍ਰ ਕੀਯ ਉਪਦੇਸਾ ॥435॥

॥ ਦੋਹਰਾ ॥

ਊਨੇ ਪੂਨੇ ਜਾਇ ਤੂ ਸਤਗੁਰ ਦਰਸਨ ਹੇਰ ॥
ਸਤਿਗੁਰ ਸਾਹਿਬ਼ ਸਿੰਘ ਜੀ ਕਰਤ ਸਯਾਰ ਤੈ ਸੇਰ ॥436॥

॥ ਚੌਪਈ ॥

ਮਾਨ ਬਚਨ ਤਬ ਊਨੇ ਆਯੋ ॥ ਦੇਖਿ ਗੁਰੂ ਕੌ ਮਨ ਹਰਖਾਯੋ ॥
ਯਥਾ ਸਕਤ ਤਬ ਭੇਟਾ ਰਾਖੀ ॥ ਸਤਿਗੁਰ ਦਾਸ ਅਮੀ ਰਸ ਚਾਖੀ ॥437॥
ਭਾਈ ਬਲੂ ਡੇਰੇ ਆਵਾ ॥ ਰਿਹਾ ਨਿਸਾ ਮਨ ਮੋ ਹਰਖਾਵਾ ॥
ਭੋਰ ਭਈ ਗੁਰ ਦਰਸਨ ਕੀਨਾ ॥ ਮਨ ਮੈ ਜਾਗੀ ਪ੍ਰੀਤ ਨਵੀਨਾ ॥438॥
ਦਮਦਮਾ ਸ੍ਰੀ ਗੁਰ ਬਨਵਾਵੈ ॥ ਸਿਖਨ ਤੇ ਬਹੁ ਸੇਵ ਕਰਾਵੈ ॥
ਬੀਰ ਸਿੰਘ ਭੀ ਤਹਾ ਲਗਾਨਾ ॥ ਪੜੀਆ ਚੂਨਾ ਢੋਵਨ ਠਾਨਾ ॥439॥
ਮਨ ਬਚ ਕਰਮ ਸੇਵ ਬਡ ਰਾਨੀ[2] ॥ ਜਨਮ ਮਰਨ ਕੀ ਚਾਹੇ ਹਾਨੀ ॥
ਪਾਖ ਦਿਵਸ ਜਬ ਬੀਤਤ[3] ਗਏ ॥ ਏਕ ਦਿਵਸ ਗੁਰ ਚੱਲ ਤਹ ਅਏ ॥440॥

॥ ਦੋਹਰਾ ॥

ਟਹਿਲ ਕਰਤ ਹੈ ਪ੍ਰੀਤ ਸੋ ਮਨ ਮੋ ਜਿਸੁ ਨਹਿ ਮਾਨ ॥
ਪਾਸ ਬੁਲਾਵਨ ਤਬ ਕਰਾ ਆਵਾ ਬੰਦਨ ਠਾਨ ॥441॥

॥ ਚੌਪਈ ॥

ਭਾਈ ਬਲੂ ਤਬ ਲਗ ਆਵਾ ॥ ਪਾਨ ਜੋਰ ਸਮੀਪ ਸੁਹਾਵਾ ॥
ਸ੍ਰੀ ਕਮਲਾਨਨ ਗਿਰਾ ਅਲਾਈ ॥ ਇਹ ਸਿਖ ਅਸੁਨ ਤੁਮਾਰੇ ਖਾਈ ॥442॥

---

1. ਮੂਲ ਪੋਥੀ ਬਚਤ 2. ਮੂਲ ਪੋਥੀ ਭਾਗੀ 3. ਅ. ਪੋਥੀ ਬੀਤਸ਼

ਭਾਈ ਬਲੂ ਬੈਨ ਬਖਾਨਾ ॥ ਹਮਰੇ ਨਹਿ ਇਨ ਖਾਵਨ ਠਾਨਾ ॥
ਹਾਵਰ ਲੰਗਰ ਲੇਤ ਸੁ ਹੋਈ ॥ ਸਿੰਘ ਬੂਟੇ ਪ੍ਰਤਿ ਗੁਰ ਅਲਿ ਗੋਈ ॥43॥
ਤੁਮ ਤੇ ਸਿਖ ਪ੍ਰਸਾਦਿ ਇਹੁ ਲੇਵੈ ॥ ਜੋ ਕਰ ਪ੍ਰੀਤ ਦਮਦਮਾ ਸੇਵੈ ।
ਬੂਟਾ ਸਿੰਘ ਨੇ ਅਰਜਿ ਅਲਾਈ ॥ ਕਬੀ ਨ ਲੰਗਰ ਗਾ ਸੁਖਦਾਈ ॥444॥
ਬੀਰ ਸਿੰਘ ਤੇ ਸ੍ਰੀ ਗੁਰ ਪੂਛਾ ॥ ਪ੍ਰਸਾਦ ਛਕਤ ਹੋ ਕਹ ਤੇ ਸੂਛਾ ॥
ਸਾਚੁ ਕਹੋ ਨਹਿ ਝੂਠਿ ਅਲਾਵੋ ॥ ਭਏ ਪਾਖ ਦਿਨ ਕਹ ਤੇ ਖਾਵੋ ॥445॥
ਸੁਨ ਕਰ ਭਾਈ ਅਰਜਿ ਅਲਾਈ ॥ ਅਕਲਯੋਗੁ ਨਿਤੁ ਖਾਵੋ ਜਾਈ ॥
ਸੁਨ ਤਿਸ ਬੈਨ ਗੁਰ ਹਰਖਾਨੇ ॥ ਪ੍ਰਸਾਦ ਮੰਗਵਾ ਮਯਾ ਨਿਧਾਨੇ ॥446॥

॥ ਦੋਹਰਾ ॥

ਭਾਈ ਬਲੂ ਪ੍ਰਤਿ ਕਹਯੋ ਸਤਿਗੁਰ ਮਯਾ ਨਿਧਾਨ ॥
ਪ੍ਰਸਾਦਿ ਛਕਾਵੋ ਤੁਸ ਸਦਾ ਅਤਸੇ ਪ੍ਰੀਤੀ ਠਾਨ ॥447॥

॥ ਚੌਪਈ ॥

ਸਤ ਬਚਨ ਸੁਨ[1] ਭਾਈ ਕੀਨਾ ॥ ਬੀਰ ਸਿੰਘ ਬਡ ਪ੍ਰੇਮੀ ਚੀਨਾ ॥
ਜੁਗ[2] ਵੇਲੇ ਪ੍ਰਸਾਦਿ ਛਕਾਵੈ ॥ ਮਧੁਰ ਬਚਨ ਕਹਿ ਪਾਸ ਬਹਾਵੈ ॥448॥
ਦਮਦਮੇ ਜਬ ਗੁਰ ਚਲ ਆਵੇ ॥ ਬੀਰ ਸਿੰਘ ਪਰ ਮਯਾ ਕਰਾਵੈ ॥
ਸ੍ਰੀ ਕਮਲਾਨਨ ਜਬੈ ਬੁਲਾਈ ॥ ਸਰਬ ਥਕੇਵਾ ਤਤ ਖਿਨ ਜਾਈ ॥449॥
ਦਿਨੁ ਦਿਨੁ ਪ੍ਰੀਤੀ ਬਰਧਤ ਜਾਵੈ ॥ ਗੁਰੂ ਗਯਾ ਤੇ ਬਡ ਸੁਖ ਪਾਵੈ ॥
ਲਗਯੋ ਕਰਨ ਰੁਚ ਸੋ ਸਿਵਕਾਈ ॥ ਰੈਨਿ ਦਿਵਸ ਕੀ ਸੰਕ ਤਜਾਈ ॥450॥
ਏਕ ਦਿਵਸ ਕੀਨੀ ਸੁਭ ਅਰਜੀ ॥ ਜਬ ਦੇਖੀ ਸਤਗੁਰ ਕੀ ਮਰਜੀ ॥
ਗੁਰ ਜੀ ਮੁਹਿ ਉਪਦੇਸਿ ਦ੍ਰਿੜਾਵੋ ॥ ਭਵ ਸਾਗਰ ਤੇ ਪਾਰ ਲੰਘਾਵੋ ॥451॥
ਸੁਨ ਸਿਖ ਬਿਨੇ ਗੁਰੂ ਸੁਖਦਾਈ ॥ ਵਿਰਤ ਕਹਯੋ ਪ੍ਰਥਮੇ ਹਰਖਾਈ ॥
ਇਹ ਸੰਸਾਰ ਅਸਾਰ ਪਸਾਰਾ[3] ॥ ਪ੍ਰਗਟ ਆਪ ਅਰ ਭ੍ਰਸਟਾਚਾਰਾ ॥452॥
ਸਦਾ ਗਤਾ ਗਤਿ ਰੀਤ ਰਚਾਈ ॥ ਨਦੀ ਨੀਰ ਜਿਮ ਨਾਹਿ ਰਹਾਈ ॥
ਤੁਹਨ[4] ਭਾਨ ਤਪ ਢਾਰਤ ਜੈਸੇ ॥ ਉਦੇ ਅਸਤ ਰਵਿ ਆਯੂ ਤੈਸੇ ॥453॥
ਬਿਸਟਾ ਭੰਸਮੁ ਬਹੋਰ ਕ੍ਰਿਮਾਦੀ ॥ ਤੀਨ ਅਵਸਥਾ ਦੇਹ ਅਨਾਦੀ ॥
ਇਹ ਬਿਲੋਕ ਗਰਬਤਿ ਅਤਿ ਮੂੜਾ ॥ ਸਮਝਤ ਅਹ ਪਸਿ ਕੋ ਅਤਿ ਰੂੜਾ ॥][5]

॥ ਦੋਹਰਾ ॥

ਇਹ ਬਿਲੋਕਿ [ਗਰਬਤ ਰਹਤ][6] ਪਾਵਤ ਦੁਖ ਅਪਾਰ ॥
ਜਨਮ ਜਨਮ ਦੁਖ ਪਾਵਹੀ ਬਿਨ ਗੁਰ ਨਾਹਿ ਉਧਾਰ ॥454॥
ਯਾਂਤੇ ਇਸ ਕੋ ਜਮ ਗਹਿਤ ਪਾਵਤ ਦੁ ਅਪਾਰ ॥
ਜਨਮ ਜਨਮ ਦੁਖ ਪਾਵਹੀ ਬਿਨ ਗੁਰ ਨਾਹਿ ਉਧਾਰ ॥455॥

---

1 ਅ ਪੋਥੀ ਤਬ 2 ਅ. ਪੋਥੀ ਜੁਗਮੁ 3 ਅ, ਪੋਥੀ ਅਪਾਰ 4 ਅ. ਪੋਥੀ ਤੁਹਨਾ
5 ਅ. ਪੋਥੀ ਵਿਚੋਂ 6. ੲ. ਪੋਥੀ ਵਿਚੋਂ

॥ ਚੌਪਈ ॥

ਅਗਨਿ ਕੁੰਡ ਜਗ ਜਾਨਹੁ ਭਾਈ ॥ ਜੋ ਪਰ ਹੈ ਨਿਸੰਚੈ ਸਰ ਜਾਈ ॥
ਸਾਂਤ ਸੁਲਲ ਘਟ ਜਿਹ ਭਰ ਰਾਖਾ ॥ ਸੋ ਜਲ ਅੰਨਲ ਕਰਤੰ ਹੈ ਰਾਖਾ ॥456॥
ਕਾਮਾਦਿਕ ਹੈ ਪਾਚਸ ਤੇਈ ॥ ਜਪ ਤਪ ਸਾਧਨ ਰੰਹਿਨ ਨ ਦੇਈ ॥
ਸਤਨਾਮ ਬਜ੍ਰ ਜਿਹ ਹਾਥਾ ॥ ਕਾਮ ਆਦਿ ਤੇ ਤੋਰੈਂ ਮਾਥਾ ॥457॥
ਸਭ ਤੇ ਫਲ ਪ੍ਰਸਾਦਿ ਸਤ ਸੰਗਾ ॥ ਭਗਤੁ ਵਿਵੇਕ ਵਿਰਤ ਕੋ ਅੰਗਾ ॥
ਸਾਧ ਸੰਗਿ ਸੇਵਤ ਦੁਖ ਜਾਈ ॥ ਜਿਮ ਜਿਮ ਭੇਖਜ ਤੇ ਰੋਗ ਨਸਾਈ ॥458॥
ਸਾਧਸੰਗਿ ਤੇ [1]ਵਧ ਇਮ[2] ਜਾਨੋ ॥ ਜਿਮੁ ਸੈਲਨ ਤੇ ਮੇਰ ਪਛਾਨੋ ॥
ਸਤ ਸੰਗਤਿ ਮਿਲ ਸਤ ਮਤ ਹੋਈ ॥ ਰਾਗੁ ਦ੍ਵੈਖ ਨ ਵਿਆਪੈ ਕੋਈ ॥459॥
ਦ੍ਵੰਦ[3] ਧਰਮ ਜਬ ਹੋਵੈ ਦੂਰੀ ॥ ਗਯਾਨਾਕਾਰ ਬ੍ਰਿਤੀ ਤਹ ਰੂਰੀ ॥
ਤਾਤੇ ਸਤਨਾਮੁ ਨਿਤ ਜਾਪੋ ॥ ਜਨਮੁ ਜਨਮੁ ਕੇ ਕਲਮਲ[4] ਖਾਪੋ ॥460॥
ਕਹਿ ਕਰਿ ਐਸੇ ਦ੍ਰਿਸਟਿ ਨਿਹਾਰੀ ॥ ਖਿਨ ਤੇ[5] ਕੀਨਾ ਭਵ ਤੇ ਪਾਰੀ ॥
ਤ੍ਰਿਸ਼ਾਵੰਤ ਜਨੁ ਪਾਯੋ ਪਾਨੀ ॥ ਬੂਡਤ ਕਉ ਜਲੁ ਨਾਉ ਮਿਲਾਨੀ ॥
ਬੰਲ੍ਹ ਉਗਮ ਜੋਰੁ ਜੁਗ ਪਾਨੀ ॥ ਨੈਨ ਸ੍ਰਵਤੁ ਅੰਤ ਗਦ ਗਦ ਬਾਨੀ ॥
ਉਸਤਤਿ ਕੀਨੀ ਪ੍ਰੀਤੀ ਠਾਨੀ ॥ ਮਨ ਮੈ ਜਾਗੀ ਪ੍ਰੀਤ ਮਹਾਨੀ ॥463॥

॥ ਦੋਹਰਾ ॥

ਅਜਾ ਮਲ[7] ਤਾਰਨ ਕਰਾ ਗਨਕਾ ਕੀਨੀ ਪਾਰ ॥
ਗੋਤਮ ਤ੍ਰਿਯ ਸਿਲ ਰੂਪ ਥੀ ਤਾਰਤ ਲਗੀ ਨ ਬਾਰ ॥464॥
ਇਮ ਉਚਾਰਯੋ[8] ਬੀਰ ਸਿੰਘ ਪ੍ਰਭ ਸਨਮੁਖ ਤ੍ਰਿਸਟਾਇ ॥
ਅੰਤ ਪ੍ਰਸੰਨ ਬੇਦੀ ਸਭੇ ਸੋਭਾ ਬਲੁ ਬਲੁ ਜਾਇੰ ॥465॥

॥ ਚੌਪਈ ॥

ਏਕ ਖੇਸ ਬਖਸ਼ਾ ਗੁਰ ਪੂਰੇ ॥ ਪਹਰਤ ਹੀ ਮਿਟ ਗਏ ਵਿਸੂਰੇ ॥
ਪੁਨਾ ਗਿਰਾ ਕਹੀ ਸੁਖਦਾਈ ॥ ਵੰਡ ਖਾਵਨ ਸਭ ਤੇ ਅਧਿਕਾਈ ॥466॥
ਜਾਵੋ ਮਾਝੇ ਦੇਸ ਰਹਾਵੋ ॥ ਮਝੈਲਨ ਕੁ ਪਗ ਅਪਨੇ ਪਾਵੋ ॥
ਸਤ ਬਚਨ ਕਹਿ ਮਾਥ ਨਿਵਾਵਾ ॥ ਲੇ ਆਇਸੁ ਮਾਝੇ ਮੋ ਆਵਾ ॥467॥
ਸਰਾਇ ਪਾਸ ਗੋਰਨ ਕੋ ਥਾਨ ॥ ਪਾਦਪ ਛਾਯਾ ਹੈ ਸੁਖ ਖਾਨ ॥
ਤਿਸ ਥਾਇ ਮੋ ਕਰਾ ਨਿਵਾਸ । ਮਨ ਮੈ ਜਿਸ ਕੇ ਗੁਰ ਕੀ ਆਸ ॥468॥

---

1. ਅ ਪੋਥੀ ਸਭ ਤੋ
2. ੲ. ਪੋਥੀ ਅਸਿ
3. ਅ. ਪੋਥੀ ਉਦ
4. ਅ ਪੋਥੀ ਕਲ ਮਖ
5. ਅ ਪੋਥੀ ਮੈ
6. ਅ. ਪੋਥੀ ਅਤਿ
7. ਅ ਪੋਥੀ ਮੇਲ
8. ਅ. ਪੋਥੀ ਜਬ ਬੀਰ

[1]ਇਕ ਵਰ[1] ਕੋਠਾ ਛੀਨ ਬਨਾਈ ॥ ਗੁਰੂ ਮਯਾ ਤੇਂ ਦੇਗ ਲਗਾਈ ॥
ਮਾਝੇ ਦੇਸ ਭਯੋ ਤਪੁ ਭਾਰੀ ॥ ਭਏ ਦੁਖਤ ਬਹੁ ਨਰ ਅਰੁ ਨਾਰੀ ॥469॥
ਏਕ ਨਰੁ ਭਾਈ ਪਹਿ ਆਵਾ ॥ ਊਚੀ ਸੁਰ ਕਰਿ ਰੋਇ ਸੁਨਾਵਾ ॥
ਜੂਰ ਨੇ ਮੋ ਕੋਂ ਬਡ[2] ਦੁਖ ਦੀਨਾ ॥ ਮੈਂ ਸਰਨਾਵਾ ਕੀਜੈ ਦੀਨਾ[3] ॥470॥

॥ ਦੋਹਰਾ ॥

ਅਸ ਬਿਨਤੀ ਤਿਸ ਕੀ ਸੁਨੀ ਭਾਈ ਕਰੁੰ ਜਲੁ ਧਾਰ ॥
ਸਾਹਿਬ ਸਿੰਘ ਉਚਾਰ ਗੁਰ ਦੀਨੋ ਤਿਸ ਪਰ ਡਾਰ ॥471॥

॥ ਚੌਪਈ ॥

ਜਬ ਪਾਨੀ ਤਿਸੁ ਤਨ ਪਰ ਲਾਗਾ ॥ ਤਾਪ ਗਿਆ ਸੁਖ ਤਿਤਖਿਨ ਪਾਗਾ ॥
ਜਾਇ ਪਿੰਡ ਮੋ ਦੀਨ ਸੁਨਾਈ ॥ ਤਾਪੀ ਲੋਕ ਅਏ ਬਹੁ ਧਾਈ ॥472॥
ਸਤਗੁਰ ਸਾਹਿਬ ਸਿੰਘ ਉਚਾਰ ॥ ਜਲ ਕੋ ਦੇਵੈ ਭਾਈ ਡਾਰ ॥
ਤਾਪ ਗਵਾਇ ਸਦਨ ਕੌ ਜਾਵੈ ॥ ਸਤਗੁਰ ਸਾਹਿਬ ਕੋ ਜਸ ਗਾਵੈ ॥473॥
ਗੁਰੂ ਮਯਾ ਤੇ ਮਾਫ਼ਤ ਹੋਈ ॥ ਅੰਨ ਆਦਿ ਲੈ ਆਵੈ ਸੋਈ ॥
ਅਬ ਗਾਥਾ ਸਤਿਗੁਰ ਕੀ ਗਾਵੋਂ ॥ ਭਾਈ ਗਾਥਾ[4] ਅਗਰ ਸੁਨਾਵੋਂ ॥474॥
ਖਿਜਮਤਦਾਰ ਗੁਰੂ ਕਾ ਆਹੀ ॥ ਸਿੰਘ ਬਹਾਦੁ ਨਾਮ ਕਹਾਈ ॥
ਏਕ ਦਿਨਾ ਤਿਸ ਕੇ ਮਨ ਆਈ ॥ ਪਾਛੇ ਆਏ ਨਵ ਨਿਧਿ ਥਾਈ ॥475॥
ਬਹੁ ਚਿਰ ਹੋਵਾ ਸੇਵ ਕਰੰਤੇ ॥ ਕਛੂ ਨ ਦੀਨਸ[5] ਗੁਰ ਭਗਵੰਤੇ ॥
ਅੰਤਰਜਾਮੀ ਜਾਨੀ ਮਨ ਕੀ ॥ ਚਾਹੇ ਪੂਰਨ ਕੀਤੀ ਜਨ ਕੀ ॥476॥
ਜਾਮ ਤ੍ਰਿਜਾਮਾ ਜਬੈ ਰਹਾਈ ॥ ਦਾਤਨ ਕਰਤ ਭਏ ਸੁਖਦਾਈ ॥
ਬਹਾਦਰ ਹਰਿ ਪਰ ਛੀਟ ਚਲਾਈ ॥ ਪਰੀ ਬਦਨ ਪਰ ਅਵਿਦਯਾ ਘਾਈ ॥477॥
ਤ੍ਰਿਕਾਲ ਗਯਾਨ ਭਯੋ ਬਿਨ ਬੇਰੀ ॥ ਜਿਸ ਕੀ ਸਤਿਗੁਰ ਕਾਟੀ ਬੇਰੀ ॥
ਸਹਾਰਨ ਕੌਨ-ਭਯੋ ਸਵਧਾਨਾ ॥ ਬ੍ਰਹਮਾਨੰਦ ਗਯੋ[6] [ਨ][7] ਝਲਾਨਾ ॥478॥

॥ ਦੋਹਰਾ ॥

ਜਬੈ ਸਹਾਰਾ ਨਹਿ ਕਰਾ ਅਹੰ ਬ੍ਰਹਮ ਮੁਖ ਗਾਇ ॥
ਸਿਰ ਕਰ ਫੇਰਾ ਸਤਿਗੁਰੂ ਭਾ ਤੂਸਨ ਛਿਨ ਤਾਹਿ ॥479॥

॥ ਚੌਪਈ ॥

ਗੁਰ ਕਿਰਪਾ ਤੇ ਮਗਨ ਰਹਾਵਾ ॥ ਜਨਮ ਮਰਨ ਕਾ ਮਿਟ ਗਾ ਹਾਵਾ ॥
ਏਕ ਦਿਨ ਹੈ ਪਰ ਚਤ੍ਰੂ ਸੁਆਮੀ ॥ ਗਏ ਦਮਦਮੇ [ਪ੍ਰਭੁ][8] ਅੰਤਰਜਾਮੀ ॥780॥

---

1. ਅ ਪੋਥੀ ਏਕੁਸੁ 2 ਅ ਪੋਥੀ ਬਹੁ 3. ਅ ਪੋਥੀ ਹੀਨਾ 4. ਅ ਪੋਥੀ ਗਾਥਾ ਕਛੂ 5. ਅ ਪੋਥੀ ਦੀਨ ਸ੍ਰੀ 6 ਅ ਪੋਥੀ ਨਗਯੋ 7. ੲ ਪੋਥੀ ਵਿਚੋਂ 8. ਅ ਪੋਥੀ ਵਿਚੋਂ

ਅੰਤਰ ਲਗੇ ਪਰਵੇਸਨ ਜਬਹੀ ॥ ਕੂਛਾ ਪਗ ਕੋ ਲਾਗਾ ਤਬ ਹੀ ॥
ਬ੍ਰਚਨੁ ਕਰਾ ਤਬ ਸਤਿਗੁਰ ਰੂਰਾ ॥ ਇਹ ਦਮਦਮਾ ਅਘ ਕੋ ਚੂਰਾ ॥481॥
ਜੋ ਸਰਧਾ ਕਰ ਇਸ ਕੋ ਸੇਵੈ ॥ ਚਤੁਰ ਪਦਾਰਥ ਇਸ ਤੇ ਲੇਵੈ ॥
ਦਮਦਮਾ ਮੋਰਾ ਤਨ ਜਾਨੋ ॥ ਕੋੜਿ ਆਦਿ ਦੁਖ ਕਰਤਾ ਹਾਨੋ ॥482॥
ਜੋ ਕੋ ਮੇਰਾ ਸਿਖ ਕਹਾਵੈ ॥ ਇਸ ਕੇ ਦਰਸਨ ਨਿਸਚੇ ਆਵੈ ॥
[1]ਜਮਦੂਤ ਤਿਸ ਨੇੜ ਜਾਈ[1] ॥ ਸੋ ਗੁਰ ਸਿਖ ਮੁਝ ਮਾਂਹਿ ਸਮਾਈ ॥483॥

॥ ਦੋਹਰਾ ॥

ਆਪ ਜਾਤ ਜਬ ਸਤਗੁਰੂ ਬਾਹਰ ਮਸਤਕਿ ਟੇਕ ॥
ਔਰ ਕਿਸੀ ਕੀ ਕਥਾ ਚਲੀ ਦੀਨੋ ਸਿਖਨ ਬਿਬੇਕ ॥484॥

॥ ਚੌਪਈ ॥

ਸ੍ਰੀ ਦਮਦਮਾ ਦੇਵ ਤਰੁ ਜਾਨੋ ॥ ਮਨ ਬਾਂਛਤ ਫਲੁ ਦੇਤ ਮਹਾਨੋ ॥
ਏਕ ਦਿਵਸੁ ਗੁਰ ਤਹਾਂ ਬਿਰਾਜੇ ॥ ਸਿਖ ਸੰਤ ਚੌਗਿਰਦੇ ਛਾਜੇ ॥485॥

**(ਇਕ ਸਿਖ ਨੂੰ ਉਪਦੇਸ਼)**

॥ ਦੋਹਰਾ ॥

ਏਕ ਸਿਖ ਤਬ ਆਤ ਭਾ ਧਰੁ ਭੇਟਾ ਕਰ ਭਾਇ ॥
ਕਹਯੋ ਹਜੂਰ ਤੂੰ ਕੌਨ ਹੈ ਸਿਖ ਤੁਮਰੋ ਸੁਖਦਾਇ ॥486॥

॥ ਚੌਪਈ ॥

ਸੁਨ ਹਜੂਰ ਜੀ ਗਿਰਾ ਅਲਾਈ ॥ ਸਿਖੀ ਕਮਾਵਨ ਮੁਸਕਲ ਭਾਈ ॥
ਗੁਰ ਅੰਗਦ ਗੁਰੁ ਸਿਖੀ ਧਾਰੀ ॥ ਗੁਰ ਕੀ ਆਇਸ ਕਬੀ ਨ ਟਾਰੀ ॥487॥
ਸੋ ਸਤਿਗੁਰ ਹੀ ਜਗ ਮੋ ਭਯਾ । ਯਦਪਿ ਤਿਹਣ ਕੁਲ ਮੈ ਜਯਾ ॥
ਸਿਖ ਸੋ ਜੋ ਮੁਰਦਾ ਹੋਵੈ ॥ ਗੁਰੂ ਗੋਰ ਮਹਿ ਥਿਰਤਾ ਜੋਵੈ ॥ 88॥
ਸੁਨ ਕਰਿ ਸਿਖ ਨੇ ਅਰਜਿ[2] ਅਲਾਈ ॥ ਕਰੋ ਉਧਾਰ ਹਮਰੋ ਸੁਖਦਾਈ ॥
ਚੰਦ ਬਦਨ ਗੁਰ ਗਿਰਾ ਉਚਾਰੀ ॥ ਵਾਹਿਗੁਰੂ ਸਿਮਰੋ ਸੁਖਕਾਰੀ ॥489॥
ਸੰਤਨ ਸੇਵੋ ਵੰਡ ਕਰ ਖਾਵੋ ॥ ਜਨਮ ਮਰਨ ਮੋ ਬਹੁਰ ਨ ਆਵੋ ॥
ਸੁਨ ਗੁਰ ਬਾਨੀ ਸਿਖ ਨੇ ਮਾਨੀ ॥ ਗੁਰੂ ਮਯਾ ਤੇ ਭਯੋ ਗਿਆਨੀ ॥490॥
ਭਾਈ ਬਲੂ ਤਬ ਚਲ ਆਯੋ ॥ ਬੈਠਿ ਗਯੋ ਪਗ ਸੀਸ ਨਿਵਾਯੋ ।
ਸ੍ਰੀ ਹਜੂਰ ਜੀ ਗਿਰਾ ਅਲਾਈ ॥ ਭਾਈ ਬਲੂ ਸੁਨ ਮਨ ਲਾਈ ॥491॥
ਭਯੋ ਬਸੋਵਾ ਅਤਸੇ ਰੂਰਾ । ਕਰੋ ਤ੍ਰਿਹਾਵਲ ਪੰਜ ਪੈਸੇ ਪੂਰਾ ॥
ਗੁਰੂ ਗ੍ਰੰਥ ਕੜਾਹ ਹਮ ਇਸਟਾ ॥ ਜਹ ਨਿਸਚਾ ਤਿਸ ਨਾਸੇ ਦੁਸਟਾ ॥492॥
ਗੁਰੂ ਗ੍ਰੰਥ ਗੁਰੂ[3] ਤਨ ਜਾਨੋ ॥ ਭਵ ਤਾਰਨ ਕੋ ਪੋਤ ਪ੍ਰਮਾਨੋ ॥
ਬਾਣੀ ਗੁਰ ਕੀ ਅਮੀ ਸਮਾਨ ॥ ਜੋ ਰਿਦ ਧਾਰੈ ਪਾਵੈ ਗਯਾਨ ॥493॥

---

1. ੲ ਪੋਥੀ ਵਿਚੋਂ । ਮੂਲ ਵਿਚ ਅਸ਼ੁਧ ਪਾਠ ਹੈ : ਜਨਮ ਤਿਸ ਕੇ ਨੇੜੇ ਜਾਈ ॥
2. ੲ ਪੋਥੀ ਬਿਨਯ 3. ਅ ਪੋਥੀ-ਤਬ ਹੀ

## (ਜਵਾਲਾ ਦੇਵੀ ਦੀ ਕਥਾ)

॥ ਚੌਪਈ ॥

ਏਕ ਦਿਵਸ ਗੁਰ ਬਚਨੁ ਬਖਾਨਾ ॥ ਦੂਨਾ ਸਿੰਘ ਜੋ [1]ਹੈ ਬੁਧ ਵਾਨਾ ॥
ਜ੍ਵਾਲਾ ਲ੍ਾਟਾ ਜੁਗ ਬੁਝ ਗਈ ॥ ਬਿਅਦਬੀ ਕਿਸ ਨੇ ਅਤਸੇ ਕਈ ॥506॥
ਪੂਰੇ ਗੁਰ ਜੀ ਐਸ ਬਖਾਨਾ ॥ ਇਕ ਮਾਨਵ ਤਬ ਆਵਨ ਠਾਨਾ ॥
ਧਰੀ ਉਪਾਇਨ ਜੁਗ ਕਰ ਜੋਰੀ ॥ ਬੈਠ ਗਯੋ ਮਨ ਪ੍ਰੀਤ ਨ ਥੋਰੀ ॥507॥
ਸ੍ਰੀ ਕਮਲਾਨਨ ਪੂਛਨ ਠਾਨਾ ॥ ਕਹਿ ਤੇ ਆਵਾ ਤੂ ਸੋਜਾਨਾ ॥
ਕਹੀ ਗਿਰਾ ਜ੍ਵਾਲਾ ਮੈ ਗਯੋ ॥ ਲਾਟਾ ਬੁਝ ਗੀ[2] ਅਚਰਜ ਭਯੋ ॥508॥
ਪਾਪ ਕਰਾ ਗੁਰ ਜੀ ਕਿਸ ਭਾਰੀ ॥ ਜੁਗ ਲਾਟਾ ਬੁਝੀ ਬਿਨ ਬਾਰੀ ॥
ਆਪ ਮਯਾ ਕਰੁ ਦੇਹੁ ਜਗਾਈ ॥ ਦੇਵੀ ਮਾਨਨ ਹੋਇ ਘਟਾਈ ॥509॥
ਲੇ ਪ੍ਰਵਾਰ ਗੁਰ ਕਰੀ ਤਿਯਾਰੀ ॥ ਚੜ ਨਿਕਸੇ ਕਿਛੁ ਲਗੀ ਨ ਬਾਰੀ ॥
ਸਨੇ ਸਨੇ ਚਲੁ ਪਹੁਚੇ ਸੁਾਮੀ ॥ ਖਿਲਤ ਸਿਕਾਰ ਗੁਰ ਅੰਤੁਰਜਾਮੀ ॥510॥
ਪਾਸ[3] ਜੁਆਲਾ ਸਿਵਰ ਲਗਾਯੋ ॥ ਸੰਗਤ ਦਰਸ਼ਨ ਕਰ ਸੁਖ ਪਾਯੋ ॥
ਭੋਜ ਕੀ ਆਏ ਲੇ ਪਰਸਾਦ ॥ ਗੁਰ ਸਤਕਾਰੇ ਦਿਯੋ ਧਨੁ ਆਦਿ ॥511॥
ਹੋਮ ਬਸਤੁ ਸਤਗੁਰ ਮੰਗਾਈ ॥ ਕੌਨ ਗਿਨੇ ਕਿਛੁ ਵਾਰ ਨ ਪਾਈ ॥
ਸਿੰਘ ਦੂਨਾ ਆਦਿਕ ਸਿਰਕਾਰ ॥ ਭੇ ਤਿਯਾਰ ਨ ਲਾਈ ਬਾਰ ॥512॥
ਜੁਗ ਸਪੂਤ ਸ੍ਰੀ ਗੁਰੁ ਬੁਲਾਏ ॥ ਭੂਖਨ ਬਸਨ ਪਹਿਰ ਕਰੁ ਆਏ ॥
ਕਰੀਨ ਪਰ ਸੁਭ ਪਰੀ ਅੰਬਾਰੀ ॥ ਜਾਬੂਨਦ ਕਰ ਅਧਿਕ ਸਵਾਰੀ ॥513॥
ਮੁਹਰੇ ਬੁਤਕੀ ਅਵਰ ਸੁ ਦਮਰੇ ॥ ਮਧੁ ਅੰਬਾਰਨਿ ਧਰਦੇ ਸਗਰੇ ॥
ਚੜਤ ਕਰੀ ਤੱਬ ਸਤਗੁਰ ਪੂਰੇ ॥ ਬਾਜੇ ਬਾਜੈ ਅਗਤੋਂ ਤੂਰੇ ॥514॥
ਬਿਤ ਸਿਟਤ ਭੇ ਗੁਰ ਸੁਖਦਾਈ ॥ ਲੈਂਵੈ ਨਿਰਧਨ ਜਸ ਬਡ ਗਾਈ ॥
ਭਵਨ ਨਜੀਕ ਜਬੈ ਗੁਰ ਆਏ ॥ ਬੈਠੇ ਸਾਧੂ ਛਾਰ ਲਗਾਏ ॥515॥
ਸੀਸ ਜੜਾਇ ਤਰੇ ਮ੍ਰਿਗਾਨ ॥ ਨੈਨਾ ਮੂ ਦੇ ਹਾਥ ਚਾ ਭਾਨ ॥
ਉਠ ਕਰ ਗੁਰ ਕਉ ਨਮੋ ਨ ਕੀਨੀ । ਮਨ ਮੈ ਜਿਨ ਕ੍ਰੇ ਹੰਤਾ[4] ਪੀਨੀ ॥516॥
ਅੰਤਰਿਜਾਮੀ ਅਚਰਜ ਧਾਤਾ ॥ ਮੁਹਰਾ ਮੁਸਟੀ ਸੁਟੀ ਅਪਾਰਾ ॥
ਬਗਲ ਸਮਾਧ ਖੁਲੀ ਬਿਨੁ ਦੇਰੀ ॥ ਲਾਗੇ ਲੂਟਨ ਕਰੀ ਨ ਦੇਰੀ ॥517॥
ਔਰੁ ਮੁਸਟ ਸਤਿਗੁਰੂ ਚਲਾਈ ॥ ਮ੍ਰਿਗਨ ਚੁਗਾਨ ਗਿਰੇ ਸਮੁੰਦਾਈ ॥
ਅੰਜਲ ਭਰ ਭਰੁ ਗੁਰੂ ਬਗਾਵੈ ॥ ਖੁਲੇ ਜੜਾਟਿ ਗੁਰੂ ਬਿਗਸਾਵੈ ॥518॥
ਸਾਹਿਬਜਾਦੇ ਸਤਿਗੁਰ ਪ੍ਰੇਰੇ ॥ ਹੋਮ ਕਰਾਵੇਂ ਕਰੋ ਨ ਦੇਰੇ ॥
ਸਤ ਬਚਨੁ ਕਹਿ ਭਵਨ ਸਿਧਾਏ ॥ ਜਬੈ ਅਹੂਤੀ ਬੀਚੰ ਪਾਏ ॥519॥

---

1. ਅ ਪੋਥੀ ਪ੍ਰਤਿ
2. ਅ ਪੋਥੀ ਗਈ
3. ੲ ਪੋਥੀ ਨਿਕਟ
4. ੲ ਪੋਥੀ ਹੰਗਤਾ

ਲਾਟਾ ਨਿਕਰੀ ਦੇਰ ਬਿਹਾਈ ॥ ਜੈ ਜੈ ਕਾਰ ਕਰੇ ਸਮੁਦਾਈ ॥
ਸਾਹਿਬ ਕੀ ਸਭ ਉਸਤਤੁ ਗਾਵੈ ॥ ਬਾਰ ਬਾਰ ਗੁਰ ਚਰਨ ਮਨਾਵੈ ॥520॥
ਹੋਮ ਕਰਾਇ ਮ੍ਰਿਵਰ ਗੁਰ ਆਏ ॥ ਦਾਨ ਕਰਾ ਕਿਛੁ ਵਾਰ ਨ ਪਾਏ ॥
ਜੁਗਮ ਰੁਪੀਏ ਨਾਵਾ ਕੀਨਾ ॥ ਦ੍ਵਿਜ ਆਦਿ ਸਭਨੋ ਕੌ [1]ਦੀਨਾ ॥521॥

## (ਬਾਬਾ ਸਾਹਿਬ ਸਿੰਘ ਦਾ ਊਨੇ ਟਿਕਣਾ)

॥ ਦੋਹਰਾ ॥

ਕੂਚ ਕਰਾ ਸ੍ਰੀ ਸਤਗੁਰੂ ਚੜਤ ਭਏ ਸੁਖਪਾਲ ॥
ਊਨੇ [2]ਆਏ ਦੇਰ ਬਿਨੁ[2] [ਜ੍ਰਿਨਿ][3] ਦਰਸੇ ਅਘ ਟਾਲ ॥522॥

॥ ਚੌਪਈ ॥

ਸੰਗਤ ਚਲ ਚਲ ਦਰਸਨ ਆਵੈ ॥ ਜੋ ਚਾਹੈ ਸੁ ਗੁਰ ਤੇ ਪਾਵੈ ॥
ਦੇਗ ਚਲਤ ਗੁਰ ਕੀ ਅਤ ਭਾਰੀ ॥ ਅਸ਼ਨ ਮਿਲਤ ਹੈ ਸੰਝ ਸਕਾਰੀ ॥523॥
ਏਕ ਸਮੇ ਮਰੀ ਬਡ ਪਈ ॥ ਰਾਜ ਰੰਕ ਪਰਜਾ ਮਰੁ ਗਈ ॥
ਬਹੁ ਸਿਖਨੁ ਮਿਲ ਅਰਜੀ ਕੀਨੀ ॥ ਮਰੀ ਹਟਾਵੋ ਸੇਵਕ ਚੀਨੀ ॥524॥
ਸੁਨ ਅਰਜੀ ਗੁਰਿ ਗਿਰਾ[4] ਬਖਾਨੀ ॥ ਗੁਰੂ [5]ਸਰੋ ਤੁਮ[5] ਲਯਾਵੋ ਪ੍ਰਾਨੀ ॥
ਊਨੇ ਗਿਰਦੇ ਦਿਯੋ ਛ੍ਹਿਕਾਈ ॥ ਵਾਹਿਗੁਰੂ ਸਿਮਰੋ ਮਨ ਲਾਈ ॥525॥
ਸੁਵਾਇ ਉਰਵਾਰ ਨ ਆਵਨ ਪਾਇ ॥ ਸੁਨ ਸਭ ਸਿਖਨ ਮਨ ਬਿਗਸਾਇ ॥
ਦੁਨਾ ਸਿੰਘ ਪ੍ਰਤਿ ਗੁਰ ਬਚ ਗਾਯੋ ॥ ਬਾਬੇ ਕਾਨ ਸਿੰਘ ਦੁਖ ਪਾਯੋ ॥526॥
ਗੁਣਾ ਚੋਰ ਬਾਬਾ ਤਬ ਆਹੀ ॥ ਅੰਤਰਜਾਮੀ ਦੀਨ ਸੁਨਾਹੀ ॥
ਦੁਨਾ ਸਿੰਘ ਕਹੇ ਕਰ ਜੋਰੀ ॥ ਕੋਈ ਮਾਨਵ ਸੁਨ ਕਰ ਦੌਰੀ ॥527॥
ਕਹਯੋ ਹਜੂਰ ਮਾਨਵ ਭੀ ਆਵੈ ॥ ਦੁਨਾ ਸਿੰਘ ਕਰ ਜੋਰੁ ਅਲਾਵੈ ॥
ਆਪ ਮਯਾ ਕਰ ਲੇਹੁ ਬਚਾਈ ॥ ਆਪ ਬਿਨਾ ਹੈ ਕੌਨ ਸਹਾਈ ॥528॥

॥ ਦੋਹਰਾ ॥

ਹੁਕਮ ਕਰਾ ਸ੍ਰੀ ਸਤਿਗੁਰੂ ਲੇਕਰ ਗਡਵਾ ਜਾਉ ॥
ਗੁਰੂ ਸਰੋ ਅੰਮ੍ਰਿਤ[6] ਭਰੋ ਲਯਾਵੋ ਛੇਤੀ ਧਾਉ ॥529॥

॥ ਚੌਪਈ ॥

ਸੁਨ ਕਰ ਆਇਸ ਸੇਵਕ ਰਾਦੌ ॥ ਲਿਯਾਵਾ ਦੇਰੀ ਕਰਾ ਨ ਭੋਰਾ ॥
ਗੁਲਾਬ ਸਿੰਘ ਕੋ ਗੁਰੂ ਹਕਾਰਾ ॥ ਆਵਾ ਜਸ ਪ੍ਰੇਦ ਗੁਰੂ ਉਚਾਰਾ ॥530॥
ਗੁਣਾਚੋਰ ਲੇ ਅੰਮ੍ਰਿਤ ਧਾਵੋ ॥ ਬਾਬੇ ਕੋ ਤੁਮ ਜਾਇ ਪਿਲਾਵੋ ॥
ਨੈਨਨ ਪਰ ਤੁਮ ਛੀਟਾ ਦੀਜੈ ॥ ਹੋਇ ਅਰੋਗੁ ਲਿਆਵਨ ਕੀਜੈ ॥531॥

---

1. ਅ ਪੋਥੀ ਨ ਕੋ 2. ਅ ਪੋਥੀ ਪਾਠਾਂਤਰ : ਸਨੇ ਊਨੇ ਆਏ ਜਿਨ 3. ੲ ਪੋਥੀ ਵਿਚੋਂ
4. ਅ ਪੋਥੀ ਬਚਨੁ 5. ਅ ਪੋਥੀ ਪਰ ਅੰਮ੍ਰਿਤੁ 6. ਅ ਪੋਥੀ ਵਰਿਥੀ

ਮਾਨ ਬਚਨ ਲੇ ਅੰਮ੍ਰਿਤ ਧਾਵਾ ॥ ਆਗੇ ਤੇ ਚਲ ਮਾਨਵ ਆਵਾ[1]॥
ਆਇ ਹਜੂਰ ਤਿਨ ਅਰਜੀਂ ਦੀਨ ॥ ਗਦੰ ਗੰਦ ਬਾਨੀ ਰੋਦਨ ਕੀਨ ॥532॥
ਪੂਛਨ ਕੀਨਾ ਗੁਰ ਸੁਖਦਾਈ ॥ ਤੂ ਕਯੋਂ ਰੋਵ ਦਿਯੋ ਸੁਨਾਈ ॥
ਗੁਰ ਜੀ ਬਾਬੇ ਪ੍ਰਾਨ ਬਚਾਵੋਂ ॥ ਮਯਾ ਕਰੋ ਨਹਿ ਦੇਰ ਲਗਾਵੋਂ ॥533॥
ਕਹਯੋ ਹਜੂਰ ਨ ਚਿੰਤਾ ਕੀਜੈ ॥ ਬਾਬਾ ਆਯਾ ਇਹਾਂ ਲਖੀਜੈ ॥
ਗੁਲਾਬ ਸਿੰਘ ਪਹੁਚਾ ਤਤਕਾਲਾ ॥ ਬਾਬਾ ਆਗੇ ਬਹੁਤ ਬਿਹਾਲਾ ॥534॥
ਪੂਰਾ ਛਟਾ ਨੈਨਿਨ ਪਰ ਦੀਨਾ ॥ ਮੁਖ ਮੈਂ ਛਤੰਖਿਨ ਪਾਵਨ ਕੀਨਾ ॥
ਬਾਬੇ ਹੋਸ ਭਈ ਤਤਕਾਲਾ ॥ ਸਭ ਕੇ ਮਨ ਭਾ ਹਰਖ ਬਿਸਾਲਾ ॥535॥
ਬਾਰ ਬਾਰ ਗੁਰ ਕਾ ਜਸੁ ਗਾਵੈ ॥ ਔਰਨ ਕੇ ਮੁਖ ਅੰਮ੍ਰਿਤ ਪਾਵੈ ॥
ਅਸਨ ਮੰਗਾਵਾ ਬਾਬੇ ਕੂਰਾ ॥ ਖਾਵਨ ਕੀਨਾ ਦੁਖ ਭਾ ਚੂਰਾ ॥536॥
ਸੁਖ ਪਾਲ ਚੜ ਊਨੇ ਆਏ ॥ ਸਤਗੁਰ ਪਗ ਪਰ ਸੀਸ ਨਿਵਾਏ ॥
ਹਾਥ ਜੋਰ ਕਰ ਬਿਨੈ ਅਲਾਈ ॥ ਲੀਨਾ ਗੁਰ ਜੀ ਆਪ ਬਚਾਈ ॥537॥

॥ ਦੋਹਰਾ ॥

ਸੁਧ ਪੂਛੀ ਸ੍ਰੀ ਸੰਤਗੁਰੂ ਲੀਨਾ ਪਾਸ ਬਠਾਇ ॥
ਮੰਜ ਬੈਨ ਬਾਬੇ ਕਹੈਂ ਬਾਂਰ ਬਾਰ ਸਿਰ ਨਿਯਾਇ ॥538॥

॥ ਚੌਪਈ ॥

ਦੇਸ ਦੇਸ ਕੇ[2] ਮਾਨੁਵ ਆਵੈਂ ॥ ਅੰਮ੍ਰਿਤ ਲੇ ਲੇ ਘਰੁ ਕੋ ਜਾਵੈਂ ॥
ਜਿਸ ਕੋ ਦੇਵੇ ਮੁਖ ਮੇ ਪਾਈ ॥ ਜਾਵੇ ਤਿਸ ਕੀ ਮਰਜ ਬਿਲਾਈ ॥539॥
ਗੁਰ ਕਾ ਜੱਸ ਗਾਵੈ ਨਰ ਨਾਰੀ ॥ ਜਿਨ ਸਿਖਨ ਕੀ ਪੈਜ ਸਵਾਰੀ ॥
ਨਾਨਕ ਸਰ ਇਕ ਦਿਨੁ ਗੁਰ ਗਏ ॥ ਸੁੰਦਰੁ ਪਲਘੁ ਬਿਰਾਜਤ ਭਏ ॥540॥
ਜਾਨੂ ਮੈ ਪੀੜਾ ਅਤਿ ਹੋਈ ॥ ਬੈਦ ਬੁਲਾਏ ਦੇਖਤ ਸੋਈ ॥
ਸੇਕ ਦੇਤ ਭੇਖਜ ਬਹੁ ਕੀਨੇ ॥ ਮਿਟੀ ਨ ਪੀੜਾ ਅਚਰਜ ਕੀਨੇ ॥541॥
ਬੈਦੁ ਸਬੈ ਬਹੁ ਬਿਨੈ ਬਖਾਨੀ ॥ ਗਤੀ ਤੁਮਾਰੀ ਜਾਏ ਨ ਜਾਨੀ ॥
ਕੋ ਨਿਸਚਾ ਨਹਿ ਮਨ ਮੋ ਆਵੈ ॥ ਜਾਤਿ ਨ ਪੀੜਾ ਅਧਿਕੁ ਉਠਾਵੈ ॥541॥
ਆਪ ਮਯਾ[3] ਕਰ ਦੇਹੁ ਬਤਾਈ ॥ ਜਾਂਤੇ ਹਮਰੋ ਸੰਸਾ ਜਾਈ ॥
ਤੁਮਰੋ ਕ੍ਰਿਤ ਤੁਮ ਹੀ ਸਭ ਜਾਨੋ ॥ ਹਮ ਤਬ ਲਖੈ ਜੁ ਆਪ ਬਖਾਨੋ ॥543॥
ਪੁਨ ਗੁਰ ਕਹਯੋ ਸੁਨੋ ਜਿਉ ਹੋਈ ॥ ਮੋ ਬਿਨ ਔਰ ਨ ਜਾਨਤ ਕੋਈ ॥
ਇਕ ਸੌ ਸਾਠ ਸਿੰਘ ਸੇ ਮੇਰੇ ॥ ਜਮਨ ਦੇਸ ਤੁਰਕਨ ਨੇ ਘੇਰੇ ॥544॥

1. ਅ ਪੋਥੀ ਹਾਵਾ
2. ੲ ਪੋਥੀ ਤੇ
3. ੲ ਪੋਥੀ ਕ੍ਰਿਪਾ

ਸਪਤ੍ਰ ਸਿਖਣੀ ਥੀ ਤਿਨ ਮਾਹੀ ॥ ਸੰਕਟ ਮੈ ਨਿਸ ਦਿਨ ਬਿਲਲਾਹੀ ॥
ਯਮਨ ਤਿਨੋਂ ਕਾ ਧਰਮ ਗਵਾਵੈ ॥ ਮਜਬ ਆਪਨੇ ਸਾਥ ਰਲਾਵੈ । 545॥
ਹੋਇ ਦੀਨ ਤਿਨ ਅਰਜੀ ਠਾਨੀ ॥ ਕਰੋ ਸਹਾਇ ਗੁਰੂ ਸੁਖਦਾਨੀ ॥
ਬਾਰਨ[1] ਤਾਰਾ ਦੇਰ [2]ਨ ਲਾਈ ॥ ਸਧਨੇ ਹਿਤ ਜਿਮ ਭੀਤ ਗਿਰਾਈ ॥546॥

॥ ਦੋਹਰਾ ॥

ਕੋਰੇ ਕਾਗਰ[3] ਕਰ ਦਏ ਪੀਪੇ ਹਿਤ ਸੁਖਦਾਇ ॥
ਤਿਲੋਕ ਸੁਨਾਰ ਕੇ ਲਿਏ ਭੂਖਨ ਲੀਨ ਬਨਾਇ ॥547॥

॥ ਚੌਪਈ ॥

ਤੈਸੇ ਲੇਵੇ ਹਮੈ ਛਡਾਈ ॥ ਔਸਰ ਬੰਨਾ ਹਮੋ ਕੋ ਆਈ ॥
ਦੀਨ ਹੋਇ ਜਬ ਤਿਨੋਂ ਪੁਕਾਰਾ ॥ ਤਬ ਹਮ ਧਾਏ ਕਰੀ ਨ ਬਾਰਾ ॥548॥
ਗਹਿ ਨੇਜਾ ਸਭ ਤੁਰਕ ਹਟਾਏ ॥ ਜੋ ਭੈ ਗਾਢੇ ਮਾਰ ਗਵਾਏ ॥
ਐਸੇ ਸਿਖਨ ਕਰੀ ਸਹਾਇ ॥ ਯਾਂਤੇ ਜਾਨੂ ਪੀਰ ਉਠਾਇ ॥549॥
ਛੇਤੀ ਦੇਰੇ ਰਰਕੈ ਹੋਈ ॥ ਸੁਨ ਸਿਖਨ ਤਬ ਬਿਨਤੀ ਗੋਈ ॥
ਆਪ ਬਿਨਾ ਕੋ ਕਰੈ ਸਹਾਇ ॥ ਤੈਸੇ ਲੇਵੋ ਹਮੈ ਬਚਾਇ ॥

॥ ਦੋਹਰਾ ॥

ਸ੍ਰੀ ਕਮਲਾਨਨ ਬਚ ਕਹਯੋ ਚਿੰਤ ਨ ਕੀਜੈ ਰੰਚ ॥
ਸਿਖ ਹਮਾਰੈ ਸਾਥ ਇਮ ਜਿਮ ਸਾਗਰ ਜਲ ਸੰਚ ॥551॥

(ਬਾਬਾ ਸਾਹਿਬ ਸਿੰਘ ਪਾਸ ਵੈਦਾਂ ਨੇ ਆਉਣਾ)

॥ ਚੌਪਈ ॥

ਏਕ ਦਿਵਸੁ ਸ੍ਰੀ ਗੁਰ ਸੁਖਦਾਈ ॥ ਪੁਰਟ ਪਲਘ ਬੈਸੇ ਸੁਖ ਪਾਈ ॥
ਗੁਰੂ ਹਜੂਰ ਜੁ ਬੈਦ ਰਹਾਏ ॥ ਆਇ ਇਕਤ੍ਰ ਭਏ ਸਮਦਾਏ ॥552॥
ਤਿਨੋ ਪ੍ਰਤੀ ਗੁਰ ਗਿਰਾ ਅਲਾਈ ॥ ਅਗੰਲਹਿ ਮਾਸ ਗਾ ਉਚਰਾਈ ॥
ਕਾਰਨ ਕੌ[4] ਤੁਮ ਦਯੋ ਬਤਾਇ ॥ ਕਹਯੋ ਬੈਦ ਖੁਸਕੀ ਬਲ ਪਾਇ ॥553॥
ਸਾਹਿਬ ਕਹਯੋ ਜਾਹਿ ਉਇ ਬੈਦ ॥ ਬਿਨ ਜਾਨਤ ਬੋਲਤ ਬੇਬੈਦ ॥
ਹਮਰੈ ਤਨ ਖੁਸਕੀ ਕਯਾ ਕਹੀਏ ॥ ਮੇਵੇਂ ਮਾਸ ਅਖ਼ੀ ਰਸ ਖਈਏ ॥554॥
ਪੁਨ[5] ਸੁ ਬੈਦ ਕਹਯੋ ਕਰ ਜੋਰੀ ॥ ਆਪ ਮਯਾ ਕਰੁ ਕਹੋ ਬਹੋਰੀ ॥
ਸ੍ਰੀ ਗੁਰ ਹਸ ਕਰ ਉਤਰ ਦੀਨਾ ॥ ਦਿਨ ਹਾਥਨ ਤੇ ਸ਼ੁਭ ਕੰਮ ਕੀਨਾ ॥555॥
ਕਾਸਮੀਰ ਹਿਮ ਮੇ ਸਿਖ ਗਰਕਯੋ ॥ ਸੀਤ ਕਸਟ ਮ੍ਰਿਤ ਭੈ ਮਨ ਧਰ ਖਯੋ ॥
ਸਾਹਿਬ ਸਾਹਿਬ ਸਿੰਘ ਧਯਾਯੋ ॥ ਤੋ ਮੈ ਹਿਮ ਮੈ ਜਾਇ ਬਚਾਯੋ ॥556॥

---

1. ੲ ਪੋਥੀ ਬਾਹ 2. ਅ ਪੋਥੀ ਬਰ 3. ਅ ਪੋਥੀ ਕਾਗਜ 4. ਅ ਪੋਥੀ ਕੌਨ
5. ਮੂਲ ਪੋਥੀ ਪਾਨਾ

ਵਾ ਦਿਨ ਵਰਫ ਕਰੋਂ ਮਹਿ ਪਾਗੀ ॥ ਤਾਂ ਦਿਨ ਤੇ ਤੁਚ ਉਖਰਨ ਲਾਗੀ ॥
ਬੈਦਿ ਆਦਿ ਸੁਨ ਮਨ ਹਰਖਾਏ ॥ ਬਾਰ ਬਾਰ ਪਗ ਸੀਸ ਨਿਵਾਏ ॥557॥
ਮਿਲ ਸਭ ਦਾਸਨ ਐਸ ਬਖਾਨਾ ॥ ਆਪਨ ਖੇਲ ਆਪੁ ਗੁਰ ਜਾਨਾ ॥
ਸਭ ਦੀਪਨ ਦੇਸਨ ਮੈ ਫਿਰ ਹੋ ॥ ਸੁਖ ਦੈ ਕੈ ਦਾਸਨ ਦੁਖ ਹਰਹੋ ॥558॥

॥ ਦੋਹਰਾ ॥

ਦੂਰ ਨਿਕਟ ਪਗਰਟ ਗੁਪਤ ਰੈਨ ਦਿਵਸ ਮਨ ਮਾਂਹਿ ॥
ਜੋ ਸਿਮਰਤ ਸਤ ਭਾਇ ਧਰ ਹੋਤ ਸਹਾਇਕ ਤਾਂਹਿ ॥559॥
ਦਰਬ ਭਰੀ ਊਨਾ ਪੁਰੀ ਦੂਨਾ ਦੇਸ ਕੇ ਮਾਹਿ ॥
ਜੋ ਊਰਨ ਆਵਤ ਦਰਸ ਸੋ ਪੂਰਨ ਵੈ ਜਾਇ ॥560॥

**(ਨਾਭਾ ਪਤਿ ਜਸਵੰਤ ਸਿੰਘ ਨੇ ਬਾਬਾ ਜੀ ਦੇ ਦਰਸ਼ਨ ਨੂੰ ਆਉਨਾ)**

॥ ਚੌਪਈ ॥

ਨਾਭੇ ਵਾਲਾ ਰੋਜ ਜੋਈ ॥ ਸਿੰਘ ਜਸਵੰਤ ਗੁਰ ਸਿਖ ਜੋਈ ॥
ਜੁਾਲਾ ਦਰਸਨ ਕੀ ਧਰ ਆਸਾ ॥ ਪ੍ਰਥਮੇ ਆਵਾ ਸਤਿਗੁਰ ਪਾਸਾ ॥561॥
ਊਨੇ ਬਾਹਿਰ ਸਿਵਰ ਲਗਾਇ ॥ ਪਠ[1] ਕਰ ਮਾਨਵ ਸੁਧ ਪਹੁਚਾਇ ॥
ਪਠ ਮਾਨਵ ਗੁਰ ਪਾਸ ਬੁਲਾਵਾ ॥ ਆਵਾ ਦਰਸਨ ਚਰੋਨ ਗਹਾਵਾ ॥562॥

॥ ਦੋਹਰਾ ॥

ਆਨੀ ਭੇਟ ਹਜੂਰ ਪਹਿ ਪਾਂਚ ਤੁਰੰਗ ਸਿੰਗਾਰ ॥
ਲੂਲਹ ਮੇਲਾ ਕਲਗੀਆਂ ਕੰਚਨ ਜੀਨ ਸਵਾਰ ॥563॥
ਕੜੇ ਜੜਾਊ ਜੋੜੀਆਂ ਮੁਕਤਨ ਮਾਲ ਸੁਹਾਇ ॥
ਕੰਠੇ ਅੰਗਦ ਜਿਗਾ ਸੁਭ ਪੁਸਾਕਾ ਸੁਭਗ ਲਯਾਇ[2] ॥564॥

॥ ਚੌਪਈ ॥

ਦੰਮਰੇ ਪੰਜ ਹਜਾਰੈਂ ਰਾਖੇ ॥ ਕਰੀ ਬਿਨੈ ਅਤਸੇ[3] ਅਭਿਲਾਖੇ ॥
ਤਿਲ ਫੁਲ[4] ਗੁਰ ਲੇਵੋ ਸੁਖਦਾਈ ॥ ਆਪ ਮਯਾ ਕਰ ਬਡ ਸੁਖ ਪਾਈ ॥565॥
ਸ੍ਰੀ ਕਮਲਾਨਨ ਬੈਨ ਬਖਾਨਾ । ਸੁਨ ਰਾਜਾ ਤੂ ਹੈ ਬੁਧਵਾਨਾ ॥
ਜਾਵੋ ਜੁਆਲਾ ਪਰਸਨ ਕੀਜੈ ॥ ਹੋਮ ਕਰਾਵੇ ਬਡ ਸੁਖ ਲੀਜੈ ॥566॥
ਜਿਸ ਕੀ ਪੂਜਾ ਕੇ ਹਿਤ ਆਏਂ ॥ ਸੋ ਪੂਜਨ ਤੁਮ ਕੌ ਬਨ ਆਏ ॥
ਜਬ ਧਰ ਸਰਧਾ ਹਮ ਪਹਿ ਆਵੋ ॥ ਲੇਵੈ ਭੇਟਾ ਤੁਮ [5]ਹਰਖਾਵੋ[5] ॥567॥
ਅਨਿਕ ਬਿਨੈ ਰਾਜਾ ਨੇ ਕੀਨੀ ॥ ਇਕ ਬਰਾਟਕਾ ਗੁਰ ਨਹਿ ਲੀਨੀ ॥
ਲੇ ਆਇਸ[6] ਰਾਜਾ ਚਲ ਗਯਾ ॥ ਲਖੁ ਕਖੁ ਗੁਰ ਕੌ ਤੁਲ ਭਯਾ ॥568॥

---

1. ਅ ਪੋਥੀ ਪਹ 2. ਅ ਪੋਥੀ ਲਖਾਇ 3. ਮੂਲ ਪੋਥੀ ਭੇ 4. ਅ ਪੋਥੀ ਸੰ ਫੂਲਾ 5. ਮੂਲ ਪੋਥੀ ਰਖਾਵੇ 6. ੲ ਪੋਥੀ ਆਗਯਾ

## (ਬਾਬਾ ਸਾਹਿਬ ਸਿੰਘ ਨੇ ਭਵਿਖ ਬਚਨ ਕਰਨੇ)

॥ ਦੋਹਰਾ ॥

ਏਕ ਦਿਵਸ ਸ੍ਰੀ ਸਤਿਗੁਰੂ ਬਰੇ[1] ਬਾਗ ਕੇ ਮਾਹਿ ॥
ਪਲਘ ਬਿਰਾਜੇ ਹਰਖੁ ਕਰ ਜਿਨ ਦਰਸੇ ਅਘ ਜਾਹਿ ॥569॥

॥ ਚੌਪਈ ॥

ਗਹਿਰ ਗੰਭੀਰ ਸੁਭਾਵ ਅਨੂਪਾ ॥ ਰਾਜ ਸਭਾ ਮਧੁ ਸਿਖਨ ਭੂਪਾ ॥
ਸਰਦ ਸਸੀ ਸਮ ਸੁੰਦਰ ਦਰਸਨ ॥ ਤਖਤ ਸਿਵ੍ਰਠ ਹੈ ਪਗ ਗੁਰ ਪਰਸਨ ॥570॥
ਬੇਦੀ ਬੰਸ ਭਾਲ ਜਮ[2] ਟੀਕਾ ॥ ਕਰਤ ਕਾਜ ਚਿਤਵਾ ਸਭਹੀ ਕਾ ॥
ਦਰਸ ਪਰਸ ਪੂਜਤ ਜਸ ਗਾਵਤ ॥ ਸੋ ਸਾਧੂ ਮੁਕਤੀ ਫਲ ਪਾਵਤ ॥571॥
ਜੁਗ ਘਟਕਾ ਲਗਿ ਪਲਘ ਬਿਰਾਜੇ ॥ ਪੁਨ ਉਠਿ ਬੈਠੇ ਸੁਖ ਜਿਨ ਸਾਜੇ ॥
ਊਚੀ ਸੁਰ ਮੈ ਬੈਨ ਬਖਾਨਾ ॥ ਸੁਨਾ ਸਰਬ ਨੇ ਭੈ ਬਡ ਮਾਨਾ ॥572॥

॥ ਤਥਾ ਬਾਕੰ ॥ ਦੋਹਰਾ ॥

ਫੇਰਿ ਕਰਾਗਾ ਖਾਲਸਾ ਬਸੈ ਵਿਚ ਪੰਜਾਬ ॥
ਨਿੰਦਕ ਦੁਸਟ ਸਭ ਖਪੈਗੇ ਬਰਸੋ ਨਾਮੈ ਆਬ ॥573॥[3]

॥ ਚੌਪਈ ॥

ਭਾਈ ਸੇਵਾ ਸਿੰਘ ਕਰੁ ਜੋਰ ॥ ਅਰਜ ਕਰੀ ਪਿਖ ਗੁਰ ਕਾ ਲੋਰ ॥
ਏਹੁ ਪੰਥ ਪ੍ਰਭ ਕਹਾਂ ਸਿਧਾਵੈ ॥ ਕਹਯੋ ਆਪ ਔਰ ਹੀ ਆਵੈ ॥574॥
ਸ੍ਰੀ ਕਮਲਾਨਨ ਗਿਰਾ ਅਲਾਈ ॥ ਸੁਨੀਐ ਭਾਈ ਦੇਉ ਸੁਨਾਈ ॥
ਜਟਾਂ ਕੇ ਸਭ ਜਟ ਹੁਇ ਜਾਵੈ ॥ ਨਾਈਨ ਕੇ ਨਾਈ ਕਹਿਲਾਵੈ ॥575॥
ਛੀਪਨ ਕੇ ਛੀਪੇ ਹੁਇ ਜਾਈ ॥ ਕਿਰਾੜਨ ਕੇ ਕਿਰਾੜ ਸਦਾਈ ॥
ਆਪੋ ਅਪਨੀ ਕ੍ਰਿਤ ਸਮਾਲੈ ॥ ਸਿਖੀ ਤੇ ਹੁਇ ਖਾਰਜ ਚਾਲੈ ॥576॥
ਹਰੀ ਸਿੰਘ ਤਬੈ ਗਿਰਾ ਅਲਾਈ ॥ ਸੁਤ ਕੀ ਲਾਜ ਪਿਤਾ ਕੌ ਆਹੀ ॥
ਆਪ੍ਰ ਮਯਾ ਕਰ ਪੰਥ ਬਨਾਵਾ ॥ ਅਬ ਚਾਹੋ ਇਸ ਕੌ ਉਲਟਾਵਾ ॥577॥
ਬਹੁਰੋਂ ਬੈਨ ਕਹਯੋ ਸੁਖਦਾਈ ॥ ਸੁਨੋ ਹਰੀ ਸਿੰਘ ਦੇਉ ਸੁਨਾਈ ॥
ਸਿਖੀ ਰੀਤਿ ਇਨ ਦੀਨ ਤਿਯਾਗੀ ॥ ਵਿਸਨ ਮਾਂਹਿ ਰਹੇ ਨਿਤ ਪਾਗੀ ॥578॥
ਮਦਰਾ ਨਾਰੀ ਗੁਰ ਕਰਿ ਜਾਨੇ ॥ ਚੋਰੀ ਯਾਰੀ ਅਮੀ ਸਮਾਨੇ ॥
ਖਾਇ ਨਿਮਕ ਕਰੈ ਬੁਰਾਈ ॥ ਸ੍ਵਾਮਿ ਘਾਤ ਕਰੈ ਬਲ ਲਾਈ ॥579॥
ਸਤਗੁਰੂ ਕੀ ਨਿੰਦਾ [ਨਿਤ][4] ਠਾਂਨੇ ॥ ਸਭ ਤੇ ਅਧਿਕ ਆਪ ਕੌ ਮਾਨੇ ॥
ਧਰਮ ਰੀਤ ਸਭ ਦੀਨ ਤਿਯਾਗੀ ॥ ਕੁਧਰਮ ਮਾਂਹਿ ਤਿਨੇ ਲਿਵ ਲਾਗੀ ॥580॥

---

1. ਮੂਲ ਪੋਥੀ, ਥਰੇ 2. ਅ ਪੋਥੀ ਜਬ 3. ੲ ਪੋਥੀ ਵਿਚ ਮਗਰੋਂ ਨਿਮਨ ਦੋਹਰਾ ਅੰਕਿਤ ਹੈ : ਰਾਜ ਕਰੇਵਾ ਖਾਲਸਾ ਆਕੀ ਰਹਿ ਨ ਕੋਇ ॥ ਖ੍ਵਾਰ ਹੋਵ ਸਭਿ ਮਿਲਹਿਗੇ ਬਚਹਿ ਸਰਨ ਜੋ ਹੋਇ ॥574॥
4. ੲ ਪੋਥੀ ਵਿਚੋਂ

ਜਿਸ ਨਰ ਕਾ ਗਾ ਧਰਮੁ ਬਿਲਾਈ ॥ ਅਸਵ ਨਰਕ ਮੈ ਜਾਇ ਸਮਾਈ ॥
ਪੁਨਾ ਹਰੀ ਸਿੰਘ ਅਰਜੀ ਕੀਨ ॥ ਮੁਹਿ ਉਤਰ ਦੀਜੈ ਸੇਵਕ ਚੀਨ ॥581॥
ਸਿੰਘਨ ਸੈਨ ਬਡੀ ਦ੍ਰਿਸਟਾਵੈ ॥ ਇਨ ਤੇ ਭਾਰੀ ਕੋ ਚਲ ਆਵੈ ॥
ਪੁਨਾ ਬੈਨ ਸਤਗੁਰੂ ਬਖਾਨਾ ॥ ਸਿੰਘ ਹਰੀ ਸੁਨ ਹੁਇ ਸਵਧਾਨਾ ॥582॥

॥ ਦੋਹਰਾ ॥

ਫਿਰੰਗੀ ਆਵੈਗੋ ਬਲੀ ਇਨ ਕੋ ਗਰਦ ਮਿਲਾਇ ॥
ਹਲ ਪਕੜਾਵੈ ਕਰ ਬਿਖੈ ਕਰੁ ਖੇਤੀ ਸਭ ਖਾਇ ॥583॥

॥ ਚੌਪਈ ॥

ਸੇਵਾ ਸਿੰਘ ਕਹੈ ਕਰੁ ਜੋਰੀ ॥ ਇਕ ਬਿਨਤੀ ਸੁਨੀਏ ਗੁਰ ਮੋਰੀ ॥
ਰਾਜ ਇਨੋ ਕਾ ਸਦਾ ਰਹਾਈ ॥ ਇਹੁ ਸਮਝਾਵੋ ਗੁਰ ਸੁਖਦਾਈ ॥584॥
ਪੁਨ ਹਜੂਰ ਜੀ ਉਤਰ ਦੀਨਾ ॥ ਸੁਣਿ ਭਾਈ ਤੂ ਬੁਧ ਪ੍ਰਬੀਨਾ ॥
ਜਗਤੁ ਮਾਹਿ ਕੋ ਰਹਿਨੰ ਨ ਪਾਈ ॥ ਰਾਜ ਰੰਕ ਸਭੈ ਚਲ ਜਾਈ ॥585॥
ਪ੍ਰਹਿਲਾਦ ਪਿਤਾ ਹੈ ਅਤਿਸੈ ਜੋਧਾ ॥ ਪ੍ਰਭ ਭਟ ਸੰਧਤ ਭਾ ਵਡ ਕ੍ਰੋਧਾ ॥
ਹਰੀ ਲੱਕਿ ਲਗ ਫਿਰ ਕਰ ਆਵਾ ॥ ਕਿਸੇ ਨ ਤਿਸ ਸੰਗ ਜੰਗ ਮਚਾਵਾ ॥586॥
ਕਾਲ[1] ਮਾਰ ਕੀਰ ਗਰਦੈ ਮੇਲਾ ॥ ਰਾਵੰਣ ਭਾ ਸੁਰ ਕਰੋ ਦੁਹੇਲਾ ॥
ਕਾਲ ਬਲੀ ਲਯਾ ਤਿਸ ਕੌ ਮਾਰੀ[2] ॥ ਜਿਮ ਈਧਨ ਕੋ ਅਗਨੀ ਸਾਰੀ[3] ॥587॥

॥ ਦੋਹਰਾ ॥

ਦੁਰਜੋਧਨ ਆਦਿ ਨ੍ਰਿਪ ਜੋ ਕਾਲ ਬਲੀ ਲੇ ਚਾਬ ॥
ਜੈਸੇ ਸਾਗਰ ਖਿਚਤ ਹੈ ਸਭ ਅਪਗਾ ਕਾ ਆਬ ॥588॥

॥ ਚੌਪਈ ॥

ਗੁਰੂ ਗ੍ਰੰਥ ਮਹਿ ਗੁਰੂ ਬਖਾਨਾ ॥ ਸੋਈ ਬਾਕ ਸੁਨੋ ਦੈ ਕਾਨਾ ॥

॥ ਤਥੈ ਬਾਕੰ ॥

ਤਟ ਤੀਰਥ ਦੇਵ ਦੇਵਾਲਿਆ ਕੇਦਾਰ ਮਥੁਰਾ ਕਾਸੀ ॥
ਕੋਟਿ ਤਤੀਸਾ ਦੇਵਤੇ ਸਣ ਇੰਦ੍ਰੈ ਜਾਸੀ ॥
ਸਾਸਤ ਸਿੰਮ੍ਰਤੁ[4] ਬੇਦ ਚਾਰ ਖਟ ਦਰਸ ਸਮਾਸੀ ॥
ਪੋਥੀ ਪੰਡਿਤ ਗੀਤ ਕਵਿਤੁ ਕਵਿਤੇ ਭੀ ਜਾਸੀ ॥
ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ ॥
ਮੁਨਿ ਜੋਗੀ ਦਿਗੰਬਰਾ ਜਮੈ ਸਣੁ ਜਾਸੀ ॥
ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ ॥

---

1. ਅ ਪੋਥੀ ਪਾਠਾਂਤਰ : ਕਾਲ ਸੁ ਮਾਰੀ ਗਿਰੰਦਿ ਮੇ ਮੇਲਾ ॥
2. ਅ ਪੋਥੀ ਖਾਈ
3. ਅ ਪੋਥੀ ਛੀਦਾਈ
4. ਅ ਪੋਥੀ ਸਿੰਮ੍ਰਿਤ

ਥਿਰ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰ ਹੋਸੀ ॥1॥
ਦ੍ਰਿਸਟਿਮਾਨ ਸਭ ਹੁਇ ਬਿਨਾਸ ਇਮ ॥ ਤਰਵਰ ਕੀ ਛਾਯਾ ਬਿਨਸੈ ਜਿਮ ॥589॥
ਫਤੇ ਸਿੰਘ ਬੋਲਾ ਬੁਧਿ ਰਾਸ ॥ ਮੋਹਿ ਸਮਝਾਵੋ ਸੁਭ ਗੁਣ ਰਾਸ ॥
ਆਪੋ ਅਪੁਨਾ ਮਜਬ ਉਚਾਰੈ ॥ ਏਕ ਦੂਏ ਕੀ ਹਾਣਤ ਧਾਰੈ ॥590॥
ਸੋਢੀ ਕਹਤੇ ਮਜਬ ਹਮਾਰਾ ॥ [1]ਭਨ ਨਿਹੰਗ[1] ਇਹੁ ਹਮ ਨੇ ਧਾਰਾ ॥
ਕਹੈ ਉਦਾਸੀ ਹਮ ਅਧਿਕਾਈ ॥ ਪੁਜਾਰਨ ਕੇ ਮਨ ਗਰਬ ਬਸਾਈ ॥591॥

॥ ਦੋਹਰਾ ॥

ਮਜਬ ਮਾਲਕ ਜੋ ਅਹੈ ਦੇਵੋ ਆਪ ਜਨਾਇ ।
ਜਬ ਰਸਨਾ ਤੇ ਕਹੋਗੇ ਤਬ ਸੰਸਾ ਮਮ ਜਾਇ ॥592॥

॥ ਚੌਪਈ ॥

ਕਹਯੋ ਹਜੂਰਿ ਤੁਮ ਦੇਇ ਸੁਨਾਈ ॥ ਜਸ ਸੁਨੇ ਤਬ ਸੰਸੈ ਜਾਈ ॥
ਮਜਬ ਮਾਲਕ ਕਾ ਗੁਰੂ ਪਛਾਨੋ ॥ ਬਿਨਾ ਗੁਰੂ ਸਭ ਬਿਰਖਾ ਜਾਨੋ ॥593॥
ਸੇਵਾ ਸਿੰਘ ਆਦਿ ਹਰਖਾਏ ॥ ਬਾਰ ਬ਼ਾਰ ਗੁਰ ਉਸਤਤਿ ਗਾਏ ॥
ਦਿਵਾਨਖਾਨੇ ਪੁਨ ਚਲਿ ਆਏ ॥ ਪਲਘ ਬਿਰਾਜੇ ਸਿਖ[2] ਸੁਖਦਾਇ ॥594॥
ਕਿਰਤਨ ਹੋਵਾ ਅਤਿਸੇ ਰੂਰਾ ॥ ਜਾਸ ਸੁਨੇ ਮਿਟ ਜਾਤ ਵਿਸੂਰਾ ॥
ਅਸਨ ਖਾਇ ਨਿਸ ਸੌ ਸੁਖ ਸੋਏ ॥ ਰਹੇ ਜਾਮ ਨਿਸ ਜਾਗਤ ਹੋਏ ॥595॥
ਭੋਰ ਹੋਤ ਹੀ ਬੈਨ ਬਖਾਨਾ ॥ ਸ੍ਰੀ ਨਨਕਾਣੇ ਜੀ ਹਮ ਜਾਨਾ ॥
ਦੇਰਿ ਨ ਕੀਜੈ ਕਰੋ ਤਿਯਾਰੀ ॥ ਸੁਨਤੇ ਹੀ ਹਰਖੇ ਨਰੁ ਨਾਰੀ ॥596॥
ਸਭ ਪਰਵਾਰ ਸਾਥ ਗੁਰ ਲੀਨਾ ॥ ਧੁਜਨੀ ਚਾਂਲੀ ਅਤਿ ਸੇ ਪੀਨਾ ॥
ਚੜਤੀ ਕੀਨੀ ਸਤਗੁਰੁ ਪੂਰੇ ॥ ਧੌਸੇ ਬਾਜੇ ਅਤਿ ਸੇ ਰੂਰੇ ॥597॥

॥ ਦੋਹਰਾ ॥

ਹੈ ਗੈ ਸਕਟੋ ਬਹਿਲ ਰਥ ਬੇਸਰ ਊਠਿ ਅਪਾਰ ॥
ਅੰਤੁ ਨ ਆਵੈ ਗਨੈ ਕੋ ਗਿਰਾ ਨ ਪਾਵੈਂ ਪਾਰ ॥598॥

॥ ਚੌਪਈ ॥

ਸਨੇ ਸਨੇ ਚਲ ਡੇਹਰੇ ਆਏ ॥ ਸੰਗਤਿ ਮਿਲੁ ਕਛੁ ਗਨੀ ਨ ਜਾਏ ॥
ਡੇਹਰੇ ਟਾਲੀ ਭੇਟਾ ਦੀਨ[3] ॥ ਕਰ ਮਿਰਜਾਂਦਾ ਸੁਭ ਬਿਧ ਚੀਨ ॥599॥
ਸਭ ਬੇਦੀ ਮਿਲ ਮਿਲਨੇ ਆਏ ॥ ਕਰ ਕਰ ਆਦਰੁ ਗੁਰੂ ਬਹਾਏ ॥
ਏਕ ਏਕ ਕੋ ਨਾਮੁ ਬੁਲਾਵੈ ॥ ਜਿਸੈ ਬੁਲਾਵੈ ਤਿਸੁ ਹਰਖਾਵੈ ॥600॥

---

1. ਅ ਪੋਥੀ ਪਾਠਾਂਤਰ: ਨਿਰੰਗ ਕਹੈ
2. ਅ ਪੋਥੀ ਸਿਵ
3. ਮੂਲ ਪੋਥੀ ਚੀਨ

ਦਮੜੇ ਜੁਗਮ ਤੜਾਗੀ ਦੀਨੀ ॥ ਸਭ ਕੀ ਮੰਨਤ ਗੁਰ ਜੀ ਕੀਨੀ ॥
ਏਕੁ ਦਿਨਾ ਬਹੁ ਲਗੋ ਦਿਵਾਨ ॥ ਬੈਠੇ ਬੇਦੀ ਸਰਬ ਸੁਜਾਨ ॥601॥
ਹਰਖੇਤ ਬੋਲਤ ਬਨਾ ਅਨੰਦੂ ॥ ਨਿਰਖਤ ਸਤਗੁਰ ਸੁਖਮਾ ਕੰਦੂ ॥
ਨਦੀ ਢਾਹਿ ਵਡੀ ਅਤਿਲਾਈ ॥ ਡੇਹੁਰੇ ਸਾਹਿਬ ਕੇ ਨਿਕਟਾਈ । 602॥
ਸਾਹਿਬਜ਼ਾਦੇ ਬੈਨ ਬਖਾਨਾ ॥ ਅਪਗਾ ਕ੍ਯਾ[1] ਹੁਮ[2] ਕਯਾ ਖਿਗਰਾਨਾ ।
ਸ੍ਰੀ ਕਮਲਾਨਨ ਪੂਛਨ ਕੀਨਾ ॥ ਕਯਾ ਹੋਵਾ ਤੁਮ ਕਹੋ ਪ੍ਰਬੀਨਾ ॥603॥

॥ ਦੋਹਰਾ ॥

ਸਾਹਿਬਜਾਦੇ ਤਬ ਭਨਾ ਸੁਨੀਏ ਦੀਨ ਦਯਾਲ ॥
ਜੁਗ ਵਾਰੀ ਢਾਹਯੋ ਅਗੇ ਫਿਰੁ ਆਈ ਬਲਿ ਨਾਲ ॥604॥

॥ ਚੌਪਈ ॥

ਆਗੇ ਕੈਸੇ ਡੇਹਰਾ ਢਾਵਾ ॥ ਆਦਿ ਅੰਤ ਦੇ ਅਬ ਸਮੁਝਾਵਾਂ ॥
ਬਾਬਾ ਬੋਲਾ ਸੁਨੋ ਸੁਆਮੀ ॥ ਸਕਲ ਬਖਾਨੋ ਅੰਤਰੁ ਜਾਮੀ ॥605॥

### (ਬਾਬਾ ਫਕੀਰ ਚੰਦ ਦੀ ਕਥਾ)

ਫਕੀਰ ਚੰਦੁ ਇਕੁ ਬਾਬਾ ਆਹਿ ॥ ਰਹੇ ਅਲਮਸਤ ਸਦਾ ਮਨ ਮਾਹਿ ॥
ਜੀਆ ਤਿਸ ਕਾ ਬਹਿਰ ਸਿਧਾਵਾ ॥ ਪੂਤ ਪ੍ਰਤੀ ਤਿਨ ਬੈਨ ਅਲਾਵਾ ॥606॥
ਹੈ ਗੋ ਮਹਿਖੀ ਘਰੁ ਮੋ ਜੇਤੇ ॥ ਤੂੰ ਜਲ ਪਯਾਵੈਂ ਬਿਨ ਕਰ ਹੇਤੇ ॥
ਕਹਿ ਕਰ ਜੀਆ ਵਹਿਰ ਸਿਧਾਵਾ ॥ ਫ਼ਕੀਰ ਚੰਦ ਕਾ ਮਨੁ ਹੁਲਸਾਵਾ ॥607॥
ਮਾਸ ਕੀ ਬਾਸਰੀ ਕਨਕੇਰਾ ॥ ਤਿਸ ਕੋ ਬਾਬੇ ਤਤਿ ਖਿਨੁ ਟੇਰਾ ॥
ਭੈਸਨ[3] ਹਮਰੇ ਦੇ ਜਲ ਪਯਾਂਈ[3] ॥ ਸੁਨ ਸਰੀਕ ਨੇ ਬੋਲੇ ਲਾਈ ॥608॥
ਵਡ ਕਾਹਲ ਲਯੋ ਨਦੀ ਬੁਲਾਈ ॥ ਚਾਹੋ ਭੈਸਨ ਨੀਰ ਪਿਲਾਈ ॥
ਸੁਨਿ ਸਰੀਕ ਕੀ ਬੋਲੀ ਐਸੀ ॥ ਮਾਨੋ ਛਾਤੀ ਬਰਛੀ ਪੈਸੀ ॥609॥
ਲਾਲ ਨੈਨ ਕਰ ਬੈਨ ਬਖਾਨਾ ॥ ਸੁਨ ਬਾਬਾ ਤੂੰ ਹੁਇ ਸਵਧਾਨਾ ॥
ਗੁਰ ਨਾਨਕ ਹੈ ਸਤ ਸਰੂਪੁ ॥ ਤਿਸਕਾ ਪੋਤਾ ਮੈ ਆਨੂਪੁ ॥610॥
ਨਦੀ ਪ੍ਰਵਾਹ ਅਬੈ ਚਲੁ ਆਵੈ ॥ ਹਮਰੇ ਭੈਸਨ[4] ਜਲ ਪੀਲਾਵੈ ॥
ਕਹਿ ਐਸੇ ਗਾ ਨਦੀ ਕਨਾਰੇ ॥ ਇਮ ਬੁਲਾਈ ਜਿਮ ਗਊ ਹਕਾਰੇ ॥611॥
ਬਾਬੇ ਪਾਛੇ ਆਈ ਧਾਈ ॥ ਬਿਲਮ ਨ ਕੀਨਾ ਭਵਨ ਸਿਧਾਈ ॥
ਖੜੇ ਪਸੂ ਜਲ ਪੀਵਨ ਕੀਨਾ ॥ ਬਾਬੇ ਕਹਯੋ ਨ ਹੋਵਤ ਹੀਨਾ ॥612॥
ਡੇਹਰਾ ਸਾਹਿਬ ਲੀਨੋ ਢਾਂਈ ॥ ਔਰੁ ਬਨਾਵਾ ਬਿਲਮ ਬਿਹਾਈ ॥
ਸੋ ਭੀ ਅਪਗਾ ਲੀਨ ਗਿਰਾਏ ॥ ਬਹੁਰੋਂ ਲੀਨਾ ਇਹਾਂ ਬਨਾਏ ॥613॥

---

1. ਅ ਪੋਥੀ ਖਤ  2. ਅ ਪੋਥੀ ਹੁਕਮੁ  3. ਅ ਪੋਥੀ ਪਾਠਾਂਤਰ : ਹਮਰੇ ਪਸੂਣ ਜਲ ਦੇਹੁ ਪਯਾਈ
4. ਅ ਪੋਥੀ ਪਸੂਨ

॥ ਦੋਹਰਾ ॥

ਫੇਰਿ ਨਦੀ ਆਈ ਨਿਕਟ ਚਾਹਤ ਲਿਯੋ ਗਿਰੰਾਇ ॥
ਸੁਨ ਕਰ ਸਾਹਿਬ ਕਹਤ ਭੈ ਤੁਮ ਬੇਦੀ ਸਮਦਾਇ ॥614॥

॥ ਚੌਪਈ ॥

ਇਨਕੀ ਪ੍ਰੇਰੀ ਨਦੀ ਸੁ ਆਈ ॥ ਮਿਲੇ ਸਬ ਬੇਦੀ ਦੇਹੁ ਹਟਾਈ[1] ॥
ਸਭ ਨੇ ਮਨ ਮੈ ਗਟੀ ਬਿਚਾਰੀ ॥ ਨਦੀ ਹਟਾਵੈ ਨਹਿ ਬਲਿ ਭਾਰੀ ॥615॥
ਬੁਧਿਵਾਨ ਤਬ ਠਾਢੇ ਹੋਏ ॥ ਅਮੀ ਸਮਾਨ ਬੈਨ ਤਿਨ ਗੋਏ ॥
ਪੁਨ ਗੁਰ ਨਾਨਕ ਲਯੋ ਵਤਾਰ ॥ ਇਸ ਦੁਖ ਤੇ ਹਮ ਕੀਜੈ ਪਾਰ ॥616॥
ਸੁਨ ਤਿਨ ਬਾਨੀ ਗੁਰ ਹਰਖਾਏ ॥ ਮੰਜਿ ਮਧੁਰ ਸੁਨ ਬੈਨ ਅਲਾਏ ॥
ਬੈਠੋ ਬਾਬਾ ਚਿਤ ਨਿਵਾਰੋ ॥ ਵਾਹਿਗੁਰੂ ਸਿਮਰੋ ਸੁਖਕਾਰੋ ॥617॥
ਕੜਾਹਿ ਪ੍ਰਸਾਦਿ ਸੁਤਿਗੁਰੂ ਕਰਾਵਾ ॥ ਨਦੀ ਪਵਾਯ ਦਯੋ ਵਰਤਾਵਾ ॥
ਨਦੀ ਪ੍ਰਤੀ ਗੁਰ ਗਿਰਾ ਅਲਾਈ ॥ ਸੁਨਿ ਮਾਈ ਰਹੁ ਦੂਰਿ ਥਿਰਾਈ ॥618॥
ਐਸੇ ਕਹਿ ਗੁਰ ਤੂਸਨ ਧਾਰੀ ॥ ਨਿਸ ਆਈ ਸੋ ਬੀਤੀ ਸਾਰੀ ॥
ਭੋਰ ਹੋਤ ਤਬ ਸਭ ਨੇ ਚੀਨੀ ॥ ਨਦੀ ਹਟੰਗੀ ਮਯਾ ਗੁਰ ਕੀਨੀ ॥619॥
ਮਿਲ ਭਈਅਨ ਬਹੁ ਉਸਤਤਿ ਗਾਈ ॥ ਜੈ ਜੈ ਜੈ ਬੇਦੀ ਕੁਲ ਗਈ ॥
ਗਿਰਾ ਗਨੇਸ ਨ ਪਾਵੈ ਪਾਰਾ ॥ ਔਰ ਕਹਿਨ ਮੈ ਕੌਨ ਬਿਚਾਰਾ ॥620॥
ਦਯਾ ਸਿੰਧ ਸਤਿਗੁਰ ਉਪਕਾਰੀ ॥ ਅਜਿ ਅਬਨਾਸੀ ਭੇ ਅਵਤਾਰੀ ॥
ਭਾਉ ਭਗਤਿ ਹਰਿ ਭਜਨ ਸਿਖਾਏ ॥ ਸਰਨਿ ਪਰੇ ਸਭ ਅਨੁਗ ਤਰਾਏ ॥621॥
ਜਤ ਸਤੁ ਪ੍ਰੇਮ ਨੇਮ ਉਪਦੇਸੇ ॥ ਗਯਾਨ ਧਯਾਨ ਤਪ ਰਿਦੇ ਪ੍ਰਵੇਸੇ ॥
ਸਾਚੀ ਸੀਲ ਸੰਤੋਖ ਦ੍ਰਿੜਾਏ ॥ ਕੂਰ ਕਪਟ ਅਭਿਮਾਨ ਮਿਟਾਏ ॥622॥
ਕਰਿ ਉਪਦੇਸਿ ਨਾਮ ਸੁਚ ਕੀਨੇ ॥ ਹਰਿ ਕੀ ਭਗਤਿ ਮਾਹਿ ਮਨ ਦੀਨੇ ॥
ਦੇ ਬੈਰਾਗੁ ਨਾਮੁ ਸਿਮਰਾਏ ॥ ਮੁਕਤਿ ਕਿਯੇ ਫਿਰਿ ਜਨਮ ਨ[2] ਆਏ ॥623॥
ਕਲਯੁਗ ਮੈ ਪ੍ਰਕਾਸ ਗੁਰ ਕਰਯੋ ॥ ਤਮ ਅਗਯਾਨ ਗਯਾਨ ਰਵਿ ਹਰਯੋ ॥
ਦੇਗ ਚਲਾਇ ਪਾਲਨਾ ਕਰੀ ॥ ਤ੍ਰਿਸਨਾ ਛੁਧਾ ਜਗਤ ਕੀ ਹਰੀ ॥624॥
ਰਥ ਹਸਤੀ ਅਸ੍ਵ ਬੜਨਾਲਾ ॥ ਦੁਰਗ ਦ੍ਰਬ ਸੰਪਤਿ ਸੁਖ ਸਾਲਾ ॥
ਹੀਰਨ ਰਤਨ ਮੋਲ ਜਿਨ ਭਾਰੀ ॥ ਭਰੇ ਖਜਾਨੇ ਵਾਰ[3] ਨ ਪਾਰੀ ॥625॥

॥ ਦੋਹਰਾ ॥

ਸੁੰਦਰੁ ਰੂਪ ਅਨੂਪੁ ਗੁਰ ਬੈਠੇ ਪ੍ਰਯੰਕ ਸੁਹਾਇ ॥
ਪਰਜਾ ਪੂਜਤ ਸਕਲ ਮਿਲੁ ਮਨੁ ਬਾਛਤ ਫਲੁ ਪਾਇ ॥626॥

---

1. ਅ ਪੋਥੀ ਹਾਈ
2. ਅ ਪੋਥੀ ਤਨੁ ਮਨੁ
3. ਅ ਪੋਥੀ ਪਾਰ

॥ ਕਬਿਤ ॥

ਪੂਰਨ ਪੁਰਖੁ ਗੁਰੂ ਨਾਨਕ ਭਗਤ ਜਗ
ਹੇਤ ਪਰਸੁਾਰਥ ਕੇ ਆਏ ਇਸ ਕੁਲੀ ਕਾਲ ॥
ਜੰਬੂ ਦੀਪ ਨਵ ਖੰਡ ਸੈਲ ਕਰਯੋ ਬ੍ਰਹਮੰਡ
ਤਰਕਯੋ ਪਖੰਡ ਭਾਈ ਬਾਲਾ ਮਰਦਾਨਾ ਨਾਲ ॥
ਸਿਧਨ ਸਿਉ ਗੋਸਟਿ ਹੋ ਲੋਸਟ ਕਨਕ ਕਰੇ,
ਤਰੇ ਭਵ ਸਾਗਰ ਜੋ ਪਰੇ ਹੈ ਸਰਨਿ ਬਾਲ ॥
ਐਸੇ ਗੁਰ ਨਾਨਕ ਕੀ ਸੰਪ੍ਰਦਾਇ ਭਵ ਪਾਇ
ਗੁਰ ਹੋ ਸਰੂਪ ਧਰ ਰਾਜ ਕਰਯੋ ਊਨਾ ਆਲ ॥627॥
ਪੂਰਨ ਭਗਤ ਤੇ ਸਕਤ ਸਿਧ ਜਾਨੀ ਯੁਤ
ਮਾਨੀਅਤ ਪਰ ਪੁਰ ਪੂਜੀਅਤਿ ਪੀਰ ਕਰ ॥
ਸ੍ਰਵਨ ਮਨਨ ਸੁ ਵਿਚਾਰਿ ਕੈ ਸੁਮਤਿ ਸਾਰ
ਆਤਮ ਅਗਾਰ ਹੀ ਮੈ ਗਯਾਂਨ ਦੀਪ ਕਹੂੰ ਧਰ ॥
ਉਤਰ ਦਛਨ ਦੇਸ ਪੂਰਬ ਪਛਮ ਦੇਸ
ਕਾਬਲ ਕੰਧਾਰ ਲੋ ਉਧਾਰੇ ਉਪਦੇਸ ਕਰ ॥
ਐਸੇ ਗੁਰ ਨਾਨਕ ਕੇ ਸੁਭ ਬੰਸ ਅਵਤਾਰ
ਦ੍ਵਾਦਸ ਅਕਾਰ ਬਾਬਾ ਸਾਹਿਬ ਸਿੰਘ ਵਰ ॥628॥
ਊਨਾ ਗਾਉ ਹੁਤੇ ਪੁਰੀ ਪੂਨਾ ਸੋ ਸਹਰ ਭਯੋ
ਗਾਜਿ ਗਾਜਿ ਰਾਜ ਕਰਯੋ ਬਾਜਤ ਬਜੰਤ ਗਯਾਨ ॥
ਸਾਧ ਸੰਗ ਨਾਮੁ ਰੰਗ ਸਤ ਹੂੰ ਸੰਤੋਖ[1] ਸੀਲ
ਔ ਵਿਚਾਰ ਸੁਭ ਕ੍ਰਾਮ ਕ੍ਰੋਧ ਕੀਨੇ ਹਾਨ ॥
ਭਾਉ ਔ ਭਗਤ ਭਵ ਭੂਤਲ ਬਿਥਾਰ ਘਨੇ
ਜਗ ਦਾਨ ਦੇਗ ਤੇਗ ਸਦ ਹੀ ਬਿਰਾਜਮਾਨ ॥
ਸਾਹਬ ਹਜੂਰ ਜੀ ਨੈ ਸੰਗਤਿ ਉਧਾਰਨ ਕੋ
ਕੀਰਤਨ ਕਥਾ ਗਯਾਨ ਧਯਾਨ ਦੀਏ ਨਾਮੁ ਦਾਨ ॥628॥

॥ ਦੋਹਰਾ ॥

ਬੇਦੀ ਬੰਸ ਜੁ ਜਗਤ ਮੈ ਸਭ ਤੇ ਤੁਮ ਅਧਿਕਾਇ ॥
ਨਦੀ ਹਟਾਈ ਮ੍ਰਯਾ ਕਰ ਸਬ ਬੇਦੀ ਹਰਖਾਇ ॥629॥

॥ ਚੌਪਈ ॥

ਤੀਨ ਸੁ ਨਿਸਾ ਰਹੇ ਸੁਖਦਾਈ ॥ ਸੰਗਤਿ ਆਈ ਭੇਟ ਚਢਾਈ ॥

1. ਅ ਪੋਥੀ ਅੰਗ ਸੀਲ

ਬਹੁਰੇ ਸ੍ਰੀ ਗੁਰ ਭਏ ਤਿਯਾਰ ॥ ਅਪਗਾ ਤੇ ਤਬ ਹੋਏ ਪਾਰ ॥630॥
ਸ੍ਰੀ ਕਰਤਾਰਪੁਰੇ ਚਲ ਅਏ[1] ॥ ਦਰਸ ਪਰਸ ਕਰ ਆਗੇ ਭਏ ॥

### (ਰਣਜੀਤ ਸਿੰਘ ਨੇ ਦਰਸ਼ਨ ਕਰਨ ਲਈ ਆਉਣਾ)

ਰਣਜੀਤ ਗੜ ਜਾ ਥਿਰੇ ਸੁਆਮੀ ॥ ਸਿਖਨ ਕੀ ਨਿਤ ਮੇਟੈ ਖਾਮੀ ॥631॥
ਸੰਗਤਿ ਆਵੈ ਵਾਰ ਨ ਪਾਰੀ ॥ ਭੂ ਧਨ ਦਮੜੇ ਧਰੈ ਅਪਾਰੀ ॥
ਸਰਕਾਰ ਮਿਲਨ ਕੀ ਇਛਾ ਧਾਰ ॥ ਹੈ ਗੈ ਸੈਨਾ ਸਾਥ ਅਪਾਰ ॥632॥
ਚਾਰ[2] ਮੁਸਾਹਬ[2] ਪੁਰਾ ਸੁ ਭੇਜੇ ॥ ਜਾਵੋ ਬਿਨਤੀ ਹਮਰੀ ਕੇਜੇ[3] ॥
ਆ ਹਜੂਰ ਤਿਨ ਬਿਨਤੀ ਠਾਨੀ ॥ ਅਈ ਸਰਕਾਰ ਗੁਰੂ ਗੁਨਖਾਨੀ ॥633॥
ਗੁਰੂ ਉਤਰਨ ਨਹਿ ਤਾਕੋ ਦੀਨਾ ॥ ਕਹਿ ਕਰ[4] ਗਿਰਾ ਸੁ ਹੋਏ ਦੀਨਾ ॥
ਤਬ ਓਹੁ ਚਾਰੋ ਉਠ ਕਰਿ ਗਏ ॥ ਮਨ ਮੈ ਗਿਣਤੀ ਕਰਤ ਸਿਧਏ ॥634॥
ਜਾ ਸਰਕਾਰ ਪਹਿ ਦੀਨ ਸੁਨਾਏ ॥ ਗੁਰੂ ਤੌਰ ਨਹਿ ਲਖਯੁ ਜਾਏ ॥
ਮਖਣ ਸਿੰਘ ਲਖਾ ਸਿੰਘ ਜੋਈ ॥ ਗੁਰੂ ਪ੍ਰਤਿ ਤਿਨ ਬਿਨਤੀ[5] ਗੋਈ ॥635॥

॥ ਦੋਹਰਾ ॥

ਅਈ ਸਰਕਾਰ ਮਿਲਨ ਕੌ ਕਰ ਹੈ ਜੁਗਮ ਸੁਆਲ ॥
ਰਾਮ ਦਯਾਲ ਇਕ ਮਾਂਗ ਹੈ ਦੂਤੀ ਚਰਤ ਚਪੜਾਲ ॥636॥

॥ ਚੌਪਈ ॥

ਸੇਵਾ ਸਿੰਘ ਨੇ ਪੂਛਨ ਕੀਨਾ ॥ ਰਾਮ ਦਯਾਲ ਯਾ ਕੌਨ ਪ੍ਰਵੀਨਾ ॥
ਤੇਜਾ ਸਿੰਘ ਕਹੇ ਸਮਝਾਈ ॥ ਸੁਨ ਭਾਈ ਤੁਵ ਸੰਸਾ ਜਾਈ ॥637॥
ਕਾਰਦਾਰ ਦੋਆਬੇ ਕੇਰਾ ॥ ਹੈ ਸਰਕਾਰ ਘਰ ਕਾ ਚੇਰਾ[6] ॥
ਏਕ ਲਾਖ ਦਮੜੇ ਘਟ ਗਹੇ ॥ ਸਰਕਾਰ ਤਾਕੋ ਪਕਰਨ ਚਹੇ[7] ॥638॥
ਸਹਿਤੁ ਕਬੀਲੇ ਗੁਰ ਸਰਨਾਵਾ ॥ ਹੋਇ ਦੀਨ ਕਰੁ ਬੈਨ ਸੁਨਾਵਾ ॥
ਆਪ ਬਿਨਾ ਕੋ ਪਾਲੇ ਸੁਾਮੀ ॥ ਮੈ ਸਰਨਾਗਹਿ ਅੰਤਰਜਾਮੀ ॥638॥
ਖਾਨ ਪਾਨ ਦੀਆਂ ਗੁਰ ਪੂਰੇ ॥ ਤਿਸ ਕੇ ਮਿਟ ਗਏ ਸਕਲ[8] ਵਿਸੂਰੇ ॥
ਯਤਨ ਸਰਕਾਰ ਕਰ ਬਹੁ ਹਾਰੀ ॥ ਹਾਥ ਨ ਆਵਾ ਮਨ ਰਿਸ ਧਾਰੀ ॥640॥
ਸਾਹਿਬ ਤਿਸ ਕੋ ਸੰਗਿ ਲਿਆਏ ॥ ਚਹਿਤ ਸਰਕਾਰ ਲੇਉ[9] ਗਹਾਏ ॥
ਮਖਣ ਸਿੰਘ ਜਬ ਗੁਰੇ ਸੁਨਾਵਾ ॥ ਸੁਨ ਕਰ ਗੁਰ ਜੀ ਕੋਪ ਧਾਰਾਵਾ ॥641॥

॥ ਦੋਹਰਾ ॥

ਸ੍ਰੀ ਹਜੂਰ ਜੀ ਬਚ ਕਹਯੋ ਰਾਮ ਦਯਾਲ ਮਮ ਨਾਲ ॥
ਜੋ ਇਸ ਕੌ ਹਥ ਪਾਇ ਹੈ ਤਿਸ ਨਾਸੈ ਤਤਕਾਲ ॥642॥

---

1. ਅ ਪੋਥੀ ਗਏ 2. ਅ ਪੋਥੀ ਚਾਰਿਮ ਸਾਹਿਬ 3. ਅ ਪੋਥੀ ਕੀਜੈ 4. ਅ ਪੋਥੀ ਕਰਿ 5. ਅ ਪੋਥੀ ਬਾਨੀ 6. ਅ ਪੋਥੀ ਸੁਧਾ ਚੇਰਾ 7. ਅ ਪੋਥੀ ਸਗਲ 9. ਅ ਪੋਥੀ ਕਿਵ੍ਹ ਲੇ

॥ ਚੌਪਈ ॥

ਲੀਨ ਮਾਸਕੀ ਗੁਰੂ ਬੁਲਾਈ ॥ ਲਯਾਵੋ ਪਾਕੀ ਛੇਤੀ ਧਾਈ ॥
ਪਲਘ ਚੌਗਿਰਦੇ ਛਿਣਕ ਸੁ ਦੀਜੈ ॥ ਚੀਕੜ ਹੋਵੈ ਦੇਰ ਨ ਕੀਜੈ ॥643॥
ਦੁਨਾ ਸਿੰਘ ਪ੍ਰਤਿ ਗਿਰਾ ਅਲਾਈ । ਇਕ ਸਤਰੰਜੀ ਲੇਹੁ ਬਿਛਾਈ ॥
ਸਾਹਿਬਜਾਦੇ ਪਾਸਿ ਬੈਠਾਇ ॥ ਅਵਰ ਸਤਰੰਜੀ ਨਹਿ ਬਿਛਵਾਇ ॥644॥
ਜੈਸੇ ਆਇਸ ਸਤਿਗੁਰੂ ਦੀਨੀ ॥ ਤੈਸੇ ਕੀਨੀ ਦੇਰ ਬਿਹੀਨੀ ॥
ਤਬੈ ਸਰਕਾਰ ਮਾਨਵ ਭੇਜੈ ॥ ਆਦਿ ਜੁਲ ਕਰ ਬਿਨਤੀ ਕੇਜੈ ॥645॥
ਖੜਕ ਸਿੰਘ ਸੇਰ ਸਿੰਘ [ਸਾਥੇ][1] ਆਯੋ ॥ ਰਾਜਾ[2] ਸਾਥ[2] ਹਰੀ ਸਿੰਘ ਧਾਯੋ ॥
ਔਰੁ ਮੁਸਾਹਿਬ ਬਹੁਤੇ ਆਏ ॥ ਪਾਨ ਜੋਰ ਤਿਨ ਸਾਥ ਨਿਵਾਏ ॥646॥
ਥਰ ਥਰ ਕਾਂਪਤਿ ਅਰਜ ਅਲਾਈ ॥ ਹਮ ਆਏ ਗੁਰ ਤੁਵ ਸਰੇਨਾਈ ॥
ਸਰਕਾਰ ਬਿਨਤੀ ਅਤਸੇ ਕੀਨ ॥ ਦਾਸਨਦਾਸ ਗੁਰੂ ਮੁਹਿ ਚੀਨ ॥647॥
ਹੁਕਮ ਹੋਇ ਤਾ ਦਰਸਨ ਆਵੈ ॥ ਕਰ ਦਰਸਨ ਮਨ ਬਾਂਛਤ ਪਾਵੈ ॥
ਸ੍ਰੀ ਗੁਰ ਉਤਰ ਨਾਹਿਨ ਦੀਨਾ ॥ ਖੜੇ ਰਹੇ ਅਤਿ ਹੋਏ ਦੀਨਾ ॥648॥

॥ ਦੋਹਰਾ ॥

ਅਈ ਸਰਕਾਰ ਤਬ ਲਗੇ ਗਰ ਮੈ ਅੰਚੁਰ[3] ਪਾਇ ॥
ਹੈ ਗੈ ਪਟ ਦਮੜੇ ਅਧਕ ਭੇਟ ਗਨੀ ਨਹਿ ਜਾਇ ॥649॥

॥ ਚੌਪਈ ॥

ਨਗਨ[4] ਚਰਨ ਕਰ ਤਬ[4] ਚਲ ਆਯੋ ॥ ਗੁਰਚਰਨਨਿ ਪਰੁ ਸੀਸ ਨਿਵਾਯੋ ॥
ਪਲਘ ਚੌਗਿਰਦੇ ਚੀਕੜ ਆਹਿ ॥ ਪਿਖ ਸਰਕਾਰ ਨਹਿ ਬੈਸਨਿ ਪਾਹਿ[5] ॥650॥
ਸੰਗਤਿ ਭੇਟਾ ਬਹੁਤ ਚੜਾਈ ॥ ਥਾਨ ਪਰੇ ਗੁਰ ਕੇ ਅਗਵਾਈ ॥
ਥਾਨ ਸਰਕਾਰ ਲੀਨ ਉਠਾਇ ॥ ਜਾਨੁ ਤਲੇ ਸੁ ਦੀਨ ਟਿਕਾਇ ॥621॥
ਸ੍ਰੀ ਕਮਲਾਨਨ ਬੈਨ ਉਚਾਰਾ ॥ ਥਾਨ ਹਮਰਾ ਕਯੋ ਤਰ ਡਾਰਾ ॥
ਭਨਾ ਸਰਕਾਰ ਜੁਗ ਕਰ ਜੋਰੀ ॥ ਬਿਨੈ[6] ਸੁਨੀਜੈ ਗੁਰ ਜੀ ਮੋਰੀ ॥652॥
ਮੈ ਭੀ ਆਪ ਕਾ ਸੁਤ ਕਹਾਵੋ ॥ ਆਪ ਬਿਨਾ ਨਹਿ ਕਿਸ ਮਨ ਲਯਾਵੋ ॥
ਚਾਵਰ ਸਾਥ ਹੈ ਮੇਰਾ ਦਾਵਾ ॥ ਕੀਨ ਮਯਾ ਮੁਹਿ ਰਾਜ ਦਿਵਾਵਾ ॥653॥
ਸ੍ਰੀ ਹਜੂਰ ਤਬ ਗਿਰਾ ਅਲਾਈ ॥ ਵਡ ਮਗਰੂਰੀ ਤਵ ਮਨ ਆਈ ॥
ਰਹੁ ਨੀਵਾ ਮਤ ਕਰ ਹੰਕਾਰਾ ॥ ਸਾਹਿਬ ਘਰ ਹੈ ਅਪਰ ਅਪਾਰੋ ॥654॥

॥ ਸ੍ਵੈਯਾ ॥

ਰਾਜ ਖੁਮਾਰ ਭਰੀ ਸਰਕਾਰ ਹੰਕਾਰ ਬਿਖੈ ਨ ਬਿਚਾਰ ਕਰੇ ॥

---

1. ਅ ਪੋਥੀ ਵਿਚੋਂ 2. ਅ ਪੋਥੀ ਪਾਠਾਂਤਰ: ਸਾਥ ਹੀ ਰਾਜਾ 3 ਅ ਪੋਥੀ ਅੰਚਲੁ 4 ਅ ਪੋਥੀ ਪਾਠਾਂਤਰ : ਨਗਰੁ ਸੁ ਪੈਚ ਤਬੇ 5. ਅ ਪੋਥੀ ਥਾਂਹਿ 6. ਅ ਪੋਥੀ ਇਕੁ ਬਿਨਤੀ

ਗੁਰ ਕੋ ਬਲ ਤੇਜ ਮਜੇਜ ਭੁਲਾਇ ਨਿਜ ਓਜ ਜਨਾਇ ਸੁ ਬੈਨ ਰਰੇ ॥
ਜਿਸ ਠੌਰ ਬਿਖੇ ਤਪ ਆਪ ਕਰੋਯੋ ਤੁਮਰੇ ਢਿਗ ਬੈਠ ਸੁ ਮੈ ਹੁੰਕਰੇ ॥
ਚੁਪ ਝੂਠ ਨ ਬੋਲਿ ਕਹਾਂ ਤੁਮਰੈ ਹਠ ਕਯਾ ਸੋਕਤੀ ਜੁ ਸਮਾਨ ਸਰੇ ॥655॥
ਸੁਨ ਹੇ ਲਰਕੇ ਡਰਕੇ ਰਹੀਏ ਨਹਿ ਯੋ ਕਹਿਯੈ ਜਿਮ ਤੂੰ ਉਚਰੇ ॥
ਜਬ ਬਾਲਕ ਬੈਸ ਸਹਾਇ ਚਹੀ ਸਰਨਾਗਤਿ ਤੇ ਬਲਿ ਬਯੂਹ ਭਰੇ ॥
ਯਹ ਕੂਰ ਮਤੋ ਫਲਦਾਇਕ ਨ ਰਿਸੁ ਬੋਲਤ ਹੈ ਤਪਕੀ ਨ[1] ਕਰੇ ॥
ਅਬ ਤੈ ਕਰਨੋ ਟਰਨੋ ਹੀ ਨਹੀ ਅਪਨੀ ਕੁਲ ਕੋ ਦਰੁਤ ਨਾਸ ਕਰੇ ॥656॥
ਸਕ੍ਰ ਹੀ ਚਕ੍ਰ ਬਿਖੇ ਇਕੁ ਖੂਹ ਹੁਤਾ ਤੁਮਰੀ ਤਿਮ ਮੰਹਿ[2] ਮੁਨਿਆਇ ਲਹੀ ।
ਗੁਰ ਕਾ ਸਦਕਾ ਤੁਮ ਰਾਜ ਲ੍ਯਾ ਯਹਿ ਬਾਤ ਕਹਾ ਅਭਿਮਾਨ ਗਹੀ ॥
ਉਤ ਸਤ੍ਰ ਘੁਮਾਉ ਜਿਮੀਨ ਹੁਤੀ ਅਬ ਕੰਸ ਨ ਸੈਨਾ ਤੋਟ ਰਹੀ ॥
ਹਮ ਪੀਰ ਫਕੀਰ ਸਮਾਨ ਸਦਾ ਕਿਛੁ ਤੋ ਕਰਮੈ ਨਹਿ ਆਇ ਰਹੀ ॥65 ॥

॥ ਦੋਹਰਾ ॥

ਚੜਤ ਸਿੰਘ ਕੋ ਪਿਤ ਸੁਨਯੋ ਨੌਧ ਸਿੰਘ ਸੋ ਏਕ ॥
ਦਸ ਪੰਦ੍ਰਹ ਨਰ ਨਾਲ ਥੇ ਹੁਤੀ ਗੁਰੂ ਕੀ ਟੇਕ ॥658॥

॥ ਚੌਪਈ ॥

ਐਸ ਬੈਨ ਜਬ ਗੁਰੂ ਬਖਾਨੇ ॥ ਕਹਿ ਸਰਕਾਰ ਸੁਨ ਸੁਖਦਾਨੇ ॥
ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥
ਤਰਕੰ ਬੈਨ ਗੁਰੂ ਸੁਨ ਪਾਯੋ ॥ ਕੋਪ੍ਰ ਧਾਰ ਗੁਰ ਬੈਨ ਅਲਾਯੋ ॥659॥

॥ ਤਥਾ ਬਾਕਯੰ ॥

ਨਦਰਿ ਅਪੁਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥
ਦਰਿ ਮੰਗਨ ਭਿਖੁ ਨ ਪਾਇਦਾ ॥1॥
ਰਣਜੀਤ ਸਿੰਘ ਮਤ ਕਰੈ ਗੁਮਾਨ ॥ ਪਲਟਨ ਤੋਪਾ ਸਾਥ ਮਹਾਨ ॥
ਏਹੀ ਹੋਵੈ ਤੁਹਿ ਦੁਖਦਾਈ ॥ ਸੁਤ ਬਿਤ ਰਾਜ ਸਾਥ ਨਹਿ ਜਾਈ ॥600॥
ਯਾਰਾ ਨਾਲ ਬਹਾਰਾਂ ਜਾਨੋ ॥ ਮਤ ਤੂ ਮਨ ਕਰੈ ਗੁਮਾਨੋ ॥
ਵਡੇ ਵਡੇ ਜਗ ਭੂਪਤ ਹੋਏ ॥ ਕਾਲ ਬਲੀ ਨੇ ਲੀਨ ਪਰੋਏ ॥661॥
ਖਗਪਤਿ ਵਤ ਕਾਲ ਕਯੋ ਜਾਨੋ ॥ ਜਿਹੇ ਸੁ ਰਾਜੇ ਫਨੀ ਪਛਾਨੋ ॥
ਸਭ ਕੋ ਭੋਜਨੁ ਕਰੈ ਬਨਾਈ ॥ ਕੋਇ ਨ ਬਾਚਾ ਲੇਵੇ ਖਾਈ ॥662॥[3]
ਦੇਵ ਦਨੁਜ ਹੈ ਜਾਸ ਚਬੀਨਾ ॥ ਮ੍ਰਿਤੁ ਹਾਥ ਹੈ ਜਿਸ ਕੇ ਬੀਨਾ ॥
ਕਿਸ ਗਿਨਤੀ ਮੈ ਤੂ ਬਿਚਾਰਾ ॥ ਰਾਵਣ ਜੋਧਾ ਜਿਸ ਨੇ ਮਾਰਾ ॥663॥

---

1. ਮੂਲ ਪੋਥੀ ਤਪੁਨ 2. ੲ ਪੋਥੀ ਵਿਚੋਂ 3. ੲ ਪੋਥੀ ਵਿਚ ਇਸ ਮਗਰੋਂ ਦਸਮ ਗ੍ਰੰਥ ਵਿਚੋਂ ਇਹ ਪੰਗਤੀਆਂ ਅੰਕਿਤ ਕੀਤੀਆ ਗਈਆਂ ਹਨ : ਲਿਖੇ ਜੰਤ੍ਰ ਕੇਤੇ ਪਠੇ ਮੰਤ੍ਰ ਕੇਤੰ ॥
ਬਚੇਗੋ ਨ ਕੋਈ ਕਰੇ ਕਾਲ ਚੇਟੰ ॥

ਸੁਨ ਸਰਕਾਰ ਬਡਾ ਭੈ ਪਾਵਾ ॥ ਜੈਸੇ ਕੇਲਾ ਬਾਤ ਹਲਾਵਾ ॥
ਹਾਥ ਜੋਰੁ ਕਰਿ ਗਿਰਾ ਅਲਾਈ ॥ ਮੈ ਭੂਲਾ ਬਖਸੋ ਸੁਖਦਾਈ ॥664॥
ਸੁਤ ਅਪਰਾਧ ਕਰਤ ਹੈ ਜੇਤੇ ॥ ਮਾਤ ਪਿਤਾ ਚਿਤ ਰਖੇ ਨ ਤੇਤੇ ॥
ਕਹਾ ਰਵੀ ਕਹ ਰਿੰਗਣ ਜੋਤਿ ॥ ਕਹਾ ਸਸੀ ਕਹਿ ਉਡਤ ਉਦੋਤਿ ॥665॥
ਬਾਰਾ ਸਿਙਾਂ ਕਹਾਂ ਪੁਨ ਸੇਰ ॥ ਕਹਿ ਢਮਕੀਰੀ ਕਹਾ ਸੁ ਭੇਰ ॥
ਕਹਾ ਨਦੀ ਹੈ ਕਹਾ ਨਦੀਸ ॥ ਕਹਾਂ ਸੁ ਰੰਕੇ ਕਹਾ ਜਗਦੀਸ ॥666॥

॥ ਦੋਹਰਾ ॥

ਅਨਜਾਨਪਨੇ ਕੇ ਵਾਕ ਜੋ ਬਖਸੋ ਦੀਨ ਦਯਾਲ ॥
ਪਾਦ ਪਦਮ ਗੁਰ ਕੇ ਗਹੇ ਕੀਜੈ ਮੇਰੀ ਪਾਲ ॥667॥

॥ ਚੌਪਈ ॥

ਦੀਨ ਹੋਇ ਜਬ ਗਿਰਾ ਅਲਾਈ ॥ ਹਰਧਤ ਬੋਲੇ ਗੁਰ ਸੁਖਦਾਈ ॥
ਹਾਸ ਬਿਲਸੈ[1] ਬੈਨ ਬਖਾਨੇ ॥ ਸੁਨ ਸਰਕਾਰ ਭਈ ਸਵਧਾਨੇ ॥668॥
ਤਿਲ ਫੁਲ ਲੇਵੋਂ ਗੁਰ ਸੁਖਦਾਈ ॥ ਦੇਵਨ ਜੋਗ ਹੋ[2] ਆਪ ਸਦਾਈ ॥
ਦੇਖ ਨਿਮ੍ਰ[3] ਗੁਰ ਭੇਟਾ ਲੀਨੀ ॥ ਜਿਸ ਕੇ ਮਨ ਮੈ ਪ੍ਰੀਤ ਨਵੀਨੀ ॥669॥
ਤੀਨ ਨਿਸਾ ਗੁਰ ਪਾਸ ਰਹਾਨਾ ॥ ਲੇਕਰ ਆਇਸ ਭਵਨ[4] ਠਾਨਾ ॥
ਸ੍ਰੀ ਸਤਿਗੁਰ ਜੀ ਤਹਾਂ ਰਹਾਏ ॥ ਸੰਗਤਿ ਆਵੈ ਪਾਰ[5] ਨ ਪਾਏ ॥670॥

(ਬਾਬਾ ਜੀ ਨੇ ਪੁਤਰਾਂ ਨੂੰ ਸ਼ਿਕਾਰ ਲਈ ਆਦੇਸ਼ ਦੇਣਾ)

ਜੁਗਮ ਪੂਤ ਸਤਿਗੁਰੂ ਬੁਲਾਏ ॥ ਖਿਲੋ ਸਰਕਾਰ ਦੇਰ[6] ਬਿਹਾਏ ॥
ਜੁਗ[7] ਭਯਾ ਸਤ ਬੈਕ ਬਖਾਨਾ ॥ ਮੀਰ ਸਿਕਾਰ ਕਰੋ ਸਵਧਾਨਾ ॥171॥
ਕਾਨ ਸਿੰਘ ਕੋ ਗੁਰੂ ਬੁਲਾਵਾ ॥ ਜਾਵੋ ਸੰਗਿ ਸੰਤ ਤਿਨ ਗਾਵਾ ॥
ਦੁਨਾ ਸਿੰਘ ਕੋ ਸਤਿਗੁਰੂ ਪੂਰਾ ॥ ਜਾਵੋ ਸਾਥ ਨਾ ਕੀਜੈ ਬੇਰਾ ॥672॥

॥ ਦੋਹਰਾ ॥

ਤੇਗ ਸਿੰਘ ਬਿਕ੍ਰਮ ਸਿੰਘ ਚਾਲੇ ਐਸ ਸਿਕਾਰ ॥
ਅਦਰਾਂਹਾਂ ਲੇਲਾ ਬਡੋ ਤਬੀ ਬੀਰ ਸੁਖ ਕਾਰ ॥673॥

॥ ਚੌਪਈ ॥

ਸੂਰ ਸਿਕਾਰ ਬਡੋ ਤਹਿ ਪਾਵਾ ॥ ਮਾਰ ਇਕਤ੍ਰ ਕਰੇ ਸਮਦਾਵਾ ॥
ਇਕ[8] ਸੂਰ ਨਿਕਸਾ ਬਡ[8] ਬਲਵਾਨਾ ॥ ਕਤਲੀ ਤੀਖਨ ਕਹੈ[9] ਮਹਾਨਾ ॥674॥
ਘਰੁ ਘੁਰਾਇ ਕਰੁ ਸਗੁਹੁ ਆਵਾ ॥ ਤੇਗ ਸਿੰਘ ਜੀ ਅਸੂ ਤਜਾਵਾ ॥
ਚੰਦੂ ਤਬ ਤਿਸ ਕੋ ਝਾਰੀ ॥ ਤਿਸ ਨੇ ਦੌਰ ਹੁਡ ਤਬ ਮਾਰੀ ॥675॥

---

1. ਅ ਪੋਥੀ ਬਿਲਾਸਕੇ 2. ਅ ਪੋਥੀ ਸੁ 3. ਅ ਪੋਥੀ ਸਿਮ੍ਰਤ 4. ਅ ਪੋਥੀ ਗਵੰਨੋ 5. ਅ ਪੋਥੀ ਵਾਰ 6. ਅ ਪੋਥੀ ਪਾਠਾਂਤਰ: ਦੇਰ ਮਤ ਲਾਏ 7. ਅ ਪੋਥੀ ਜੁਗਮ 8 ਅ ਪੋਥੀ ਪਾਠਾਂਤਰ ਇਕ ਬਰਾਹਿ ਨਿਕਸਾ 9. ਅ ਪੋਥੀ ਅ ਹੈ ।

ਫਿਰ ਬਾਬੇ ਨੇ ਅਸੀ ਚਲਾਈ ॥ ਪੁਨਾ ਸੂਰ ਨੇ ਕਤਲੀ ਘਾਈ ॥
ਬਾਬਾ ਸੂਕਰ ਲੀਨ ਗਿਰਾਵਾ ॥ ਤੀਨ ਜਖਮ ਤਨ ਮੋ ਬਡ ਘਾਵਾ ॥676॥
ਬਿਕ੍ਰਮ ਸਿੰਘ ਆਦਿ[1] ਚਲ ਆਏ ॥ ਦੇਖ[2] ਜਖਮ ਅਤਸੇ ਪਛਤਾਏ[2] ॥
ਫੀਲ ਅੰਬਾਰੀ ਲੀਨੋ ਪਾਇ ॥ ਲਯਾਇ ਦੇਰੇ ਮਨ ਭੈ ਖਾਇ ॥677॥
ਸਾਹਿਬ ਆਗੇ ਅਰਜ਼ੀ ਕੀਨੀ ॥ ਬਾਬਾ ਜ਼ੁਖਮੀ ਹੋਵਾ ਪੀਨੀ ॥
ਸੁਨ ਕਰ ਸਤਿਗੁਰ ਗਿਰ ਅਲਾਈ ॥ ਸੂਰ ਦੈਤ ਥਾ[3] ਮੁਕਤੀ ਪਾਈ ॥678॥
ਕਈ ਜਨਮ ਮੋ ਫਿਰਤਾ ਆਵਾ ॥ ਭੈ ਬਰਾਹਿ ਬਡੋ ਦੁਖੁ ਪਾਵਾ ॥
ਬਾਬੇ ਤਿਸ ਪਰ ਮਯਾ ਸੁ[4] ਧਾਰੀ[4] ॥ ਤਾਮਸ ਜੋਨਿ ਤਿਸੇ ਕਟਿ ਡਾਰੀ[5] ॥679॥

॥ ਦੋਹਰਾ ॥

ਐਸੇ ਕਹਿ ਕੇ ਸਤਿਗੁਰ ਸੁਤ ਤੇ ਪੁੰਨਿ ਕਰਾਇ ॥
ਜਖਮ ਮਿਲਤ ਭੇ ਤਤਖਿਨਾ ਔਰ ਸੁਨੋ ਮਨ ਲਾਇ ॥680॥

## (ਇਕ ਸਿਖ ਨੂੰ ਪੁਤਰ ਦੀ ਦਾਤ ਬਖਸ਼ਣੀ)

॥ ਚੌਪਈ ॥

ਨਕੇ ਮੋ ਇਕ ਸਿਖ ਰਹਾਈ ॥ ਪੂਤ ਨ ਹੋਵੈ ਬਹੁ ਉਕਲਾਈ ॥
ਏਕ ਤੋਖਾਰ ਸੁਖਨਾ ਕੀਨੀ ॥ ਸੁਤ ਦੇਖੋ ਗੁਰ ਸੇਵਕ ਚੀਨੀ ॥681॥
ਜਬੈ ਪੂਤ ਮਮ ਘਰ ਮਹਿ ਹੋਈ ॥ ਊਠ ਪੂਤ ਲੈ ਦਰਸਨ ਜੋਈ ॥
ਸੰਮਤਿ ਮਾਹਿ ਪੂਤ ਤਿਸੁ ਹੋਵਾ ॥ ਬਜੀ ਬਧਾਈ ਜਬ ਸੁਤ ਜੋਵਾ ॥682॥
ਹੈ[6] ਕੰਧੂ ਜਨ ਉਠਿ ਪਹੁਚਾਓ ॥ ਨਹ ਚਲ ਗੁਰ ਕੇ ਦਰਸਨ ਆਓ ॥
ਦਸੰ ਬਰਸ ਕਾ ਬਾਲਕ ਹੋਵਾ ॥ ਭਾ ਸੌਦਾਈ ਸੰਕਟ ਜੋਵਾ ॥683॥
ਬਹੁਰੋ ਗੁਰ ਕੋ ਲਗਾ ਸਮਾਰਨ ॥ ਮੈ ਭੂਲ ਬਖਸੋ ਦੁਖ ਟਾਰਨ[7] ॥
ਜੁਗਮ ਊਠ ਲੇਵੋ ਸੁਖਦਾਈ ॥ ਪੂਤ ਬਚਾਵੋ ਮਯਾ ਕਰਾਈ ॥684॥
ਰਣਜੀਤ ਗੜ ਗੁਰੂ ਸੁਨ ਪਾਏ ॥ ਸੁਤ ਪਗ ਮੋ ਦ੍ਰਿੜ[8] ਸੰਗਲ ਪਾਏ ॥
ਲੇ ਕਰ ਸਾਥੈ ਦਰਸਨ ਆਵਾ ॥ ਊਠ ਪੂਤ ਲੈ ਦੂਰ ਠਰਾਵਾ ॥685॥
ਗਲ ਮੈ ਅੰਚਰ[9] ਪਾਵਨ ਕੀਨਾ ॥ ਹੋਇ ਨਿਮ੍ਰ ਅਤਿ ਬੋਲਾ ਦੀਨਾ ॥
ਭੂਲ ਹਮਾਰੀ ਖਿਮਾ ਕਰੀਜੈ ॥ ਸਿਖ ਜਾਨ ਕਰ ਪਾਲਨ ਕੀਜੈ ॥686॥
ਸੁਨ ਤਿਸ ਬਾਨੀ ਗੁਰ ਹਕਾਰਾ ॥ ਆਵਾ ਨੇਰੇ ਪ੍ਰੀਤੀ ਧਾਰਾ ॥
ਕਹਯੋ ਗੁਰੂ ਫਿਰ ਐਸ ਨਾ ਕੀਜੈ ॥ ਸੁਖਨਾ ਕਰੁ ਘਰੁ ਰਾਖ ਨ ਲੀਜੈ ॥687॥

---

1. ਅ ਪੋਥੀ ਆ ਦਿਕ 2. ਅ ਪੋਥੀ ਪਾਠਾਂਤਰ : ਬਾਬੇ ਤਨੁ ਗੁਰੂ ਰਖੁਲਏ 3. ਮੂਲ ਪੋਥੀ ਦਾ 4 ਅ ਪੋਥੀ ਕੀਨੀ 5. ਅ ਪੋਥੀ ਦੀਨੀ 6. ਅ ਪੋਥੀ ਭਾ 7. ਅ ਪੋਥੀ ਦਾਰਨਿ 8. ਅ ਪੋਥੀ ਤਬ 9. ਅ ਪੋਥੀ ਅੰਚਲ

॥ ਦੋਹਰਾ ॥

ਸੁਤ ਕੋ ਲਯਾਵੋ ਸਾਮਨੇ[1] ਸੰਗਲ ਲੇਹੁ ਉਤਾਰੁ ॥
ਸਤ ਬਚਨੁ ਤਬ ਸਿਖ ਕਹਯੋ ਤੈਸੇ ਕੀਨੀ ਕਾਰ ॥688॥

॥ ਚੌਪਈ ॥

ਜਬ ਬਾਰਕੁ ਕੋ ਨਿਕਟ ਲਿਆਏ ॥ ਸਤਿਗੁਰ ਸਾਹਿਬ ਤਿਸੈ ਬੁਲਾਏ ॥
ਜਬੈ ਬੁਲਾਵਾ ਸਤਿਗੁਰ ਪੂਰੇ ॥ ਸੌਦਾਇ ਭਯੋ ਤਿਸੁ ਤੁਰੁਖਿਨੁ ਊਰੇ[2] ॥689॥
ਬਸਤ੍ਰ ਦੀਨੇ ਤਨ ਪਹਿਰਾਈ ॥ ਭਯੋ ਸੁਜਾਨ ਬਿਨਾ ਬਿਲਮਾਈ ॥
ਸਰਬ ਕੁਟੰਬ ਮਨ ਭਯੋ ਅਨੰਦੁ ॥ ਗੁਰੂ ਮਯਾ ਸੁਤ ਭਾ ਦੁਖ ਕੰਦੁ ॥690॥
ਤੀਨ ਨਿਸਾ ਗੁਰ ਪਾਸ ਰਹਾਏ ॥ ਲੇ ਸਿਰਪਾਯ ਸੁ ਭਵਨ ਸਿਧਾਏ ॥
ਗੁਰ ਕੀ ਕੀਰਤਿ ਕਰੈ ਬਨਾਈ ॥ ਦੇਵ ਤਰੂ ਵਤ ਗੁਰ ਸੁਖਦਾਈ ॥691॥

॥ ਦੋਹਰਾ ॥

ਜੁਾਲਾ ਸਿੰਘ ਭੜਾਣੀਆਂ ਆਵਾ ਗੁਰੂ ਹਜੂਰ ॥
ਪਾਹੁਲ ਦਿਵਾਈ ਸੁਤ ਕੌ ਭੇਟਾ ਦਈ ਗਹੂਰ ॥692॥

॥ ਚੌਪਈ ॥

ਸਿਰਪਾਯ ਬਖਸਾ ਗੁਰ ਪੂਰੇ ॥ ਲੇ ਕਰ ਗੁਰ ਤੇ ਮਿਟੇ ਵਿਸੂਰੇ ॥
ਕੂਚ ਕਰਾ ਸਤਿਗੁਰ ਸੁਖਦਾਈ ॥ ਉਧੋ ਵਾਲੀ ਮੇ[3] ਹਰਖਾਈ ॥693॥
ਸੰਗਤਿ ਬਹੁਤੀ ਚਲ ਚਲ ਆਵੈ ॥ ਧਰ ਧਰ ਭੇਟਾ ਦਰਸਨ ਪਾਵੈ ॥
ਗੋ ਮਹਿਖੀ ਹੈ ਊਠ ਚਢਾਵੈ ॥ ਦਮੜੇ ਮੁਹਰਾ ਚੀਰ ਲਿਆਵੈ ॥694॥
ਦੇਗ ਗੁਰੂ ਕੀ ਹੋਵੈ ਭਾਰੀ ॥ ਅਸਨ ਲੇਤ ਹੈ ਨਰੁ ਅਰੁ ਨਾਰੀ ॥
ਰੈਯਤ ਲੋਗ ਸਗਲ[4] ਚਲਿ ਆਏ ॥ ਦੇ ਨਜਰਾਨਾ ਮਨ ਬਿਗਸਾਏ ॥695॥
ਕੂਚ ਕਰਨ ਕੌ ਭਏ ਤਿਯਾਰ ॥ ਸ਼ਰਕਾਰ ਮੁਸਾਹਬ ਆਏ ਚਾਰ ॥
ਗੰਡਾ ਸਿੰਘ ਨੇ ਅਰਜਿ ਬਖਾਨੀ ॥ ਬਿਨਤੀ ਸੁਨੀਏ ਸਾਰੰਗ ਪਾਨੀ ॥696॥[5]

## (ਸਰਕਾਰ ਅਮੀਰ ਸਿੰਘ ਦੀ ਕਥਾ)

॥ ਦੋਹਰਾ ॥

ਸੰਧਾਵਾਲਿ ਅਮੀਰ ਸਿੰਘ ਜੁਗ ਸਰਦਾਰਨ ਨਾਲ ॥
ਸਰਕਾਰ ਪਠਾਵਤਿ ਤਿਸ ਕੁ ਆਵਾ ਪ੍ਰੀਤਿ ਬਿਸਾਲ ॥697॥

॥ ਚੌਪਈ ॥

ਅਸੂ ਤਿਯਾਗ ਗੁਰ ਚਰਨ ਗਹਾਨੇ ॥ ਅਰਜੀ ਗੁਰ ਜੀ ਲੇਵੋ ਮਾਨੇ ॥
ਬਹੁਤ ਬਿਨੇ ਜਬ ਤਿਸ ਨੇ ਗਾਈ ॥ ਕਰੀ ਮਯਾ ਸ੍ਰੀ ਗੁਰ ਸੁਖਦਾਈ ॥698॥

---

1. ਅ ਪੋਥੀ ਅਗ੍ਰ ਭਾਗ 2. ਅ ਪੋਥੀ ਰੂਰੇ 3. ਅ ਪੋਥੀ ਗਏ 4. ਅ ਪੋਥੀ ਸਕਲੁ 5. ਅ ਪੋਥੀ ਵਿਚ ਇਸ ਮਗਰੋਂ ਇਹ ਵਾਧੂ ਪੰਗਤੀਆਂ ਅੰਕ੍ਰਿਤ ਕੀਤੀਆਂ ਗਈਆਂ ਹਨ : ਸੀ ਕਮਲਾਨਨ ਗਿਰਾ ਅਲਾਈ ॥ ਜਾਕੋ ਲੋੜਿ ਸੁ ਆਵੈ ਪਾਈ ॥ ਬਿਨਾ ਦੇਰ ਗੁਰ ਭਏ ਸਵਾਰਿ ॥ ਚਲੇ ਅਗਰੰ ਮਯਾ ਸੁ ਧਾਰ ॥

ਹੁਕਮ ਕਰਾ ਦੇਹੁ ਪਲਘ ਬਿਛਾਇ ॥ ਸੇਵਕਿ ਤਤਖਿਨ ਦਿਯੋ ਡਹਾਇ ॥
ਬੈਠ ਗਏ ਬੇਦੀ ਕੁਲ ਮੰਡਨ ॥ ਸਿਖਨ ਕੇ ਸਦ ਦੋਖ ਨਿਕੰਦਨ ॥699॥
ਸ੍ਰੀ ਕਮਲਾਨਨ ਗਿਰਾ ਅਲਾਈ ॥ ਕਹੋ ਤੁਮਾਰੇ ਉਤਰੇ ਭਾਈ ॥
ਅਮੀਰ ਸਿੰਘ ਤਬ ਗਿਰਾ ਬਖਾਨੀ ॥ ਸਦਾ ਦਯਾ ਕਰਤੇ ਗੁਨਖਾਨੀ ॥700॥
ਪੂਤਾ ਆਪ ਮੈ ਪਾਸ ਬਿਰਾਵਾ ॥ ਚਕੀ ਪੀਸ ਲੰਗਰ ਪਕਾਵਾ ॥
ਏਕ ਦਿਵਸ ਇਕ ਸਦਨ ਮਝਾਰਾ ॥ ਦਾਲ਼ਾ ਦਲਣੇ ਗਾ ਕੈਰਤਾਰਾ ॥701॥
ਤਹਾਂ ਪਿਯਾਸਾ ਮੋ ਕੋ ਬਯਾਪੀ ॥ ਮਾਈ ਤੇ ਮੈ ਲੈ ਜਲ ਧਾਪੀ ॥
ਸਯਾਮ ਦੇਹ ਮੇਰੀ ਤਿਨ ਪੇਖੀ ॥ ਤਿਨ ਮਨ ਚਿੰਤਾਂ ਭਈ ਬਿਸੇਖੀ ॥702॥
ਸਾਥ ਦਯਾ ਤੇ ਤਿਸ ਨੇ ਪੂਛਾ ॥ ਇਹੁ ਸਿਖ ਕੌਨ ਕਹਹੁ ਮੁਹਿ ਸੂਛਾ ॥
ਮਜਬੀ ਹਸ ਕਰ ਤਿਨੋ ਬਖਾਨਾ ॥ ਤਿਸ ਮਾਈ ਨੇ ਦੁਖ ਵਡ ਮਾਨਾ ॥703॥
ਆਪ ਗੁਰੂ ਪਹਿ ਆਈ ਧਾਈ ॥ ਪਾਨ ਜੋਰ ਤਿਨ ਬਿਨਤੀ ਗਾਈ ॥
ਇਸ ਮਜਬੀ ਨੇ ਦੂਛਤ ਕੀਨੀ ॥ ਗੰਗਾ ਜਾਵੋ ਹੋਈ ਦੀਨੀ ॥704॥

॥ ਦੋਹਰਾ ॥

ਗਦ ਗਦ ਬਾਨੀ ਕਹੀ ਆਪ ਏ ਤੋ ਮਾਈ ਜਾਟ ॥
ਸਿਖਨ ਹਾਸੀ ਹੈ ਕਰੀ ਦੀਨੀ ਚਿੰਤਾ ਕਾਟ ॥705॥

॥ ਚੌਪਈ ॥

ਸੁਨ ਕਰ ਮਾਈ ਨਿਸਚਾ ਪਾਵਾ ॥ ਗਈ ਸਦਨ ਨਿਜ ਮਨ ਸਿਵਲਾਵਾ ॥
ਹੰਸਰਾ ਪੀਛਾ ਏਹੁ ਸੁਆਮੀ ॥ ਆਪ ਮਯਾ ਤੇ ਰਾਜ ਭੁਗਾਮੀ ॥706॥
ਹਲ ਛਡਾਏ ਦੀਨਾ ਰਾਜੂ ॥ ਹੈ ਗੈ ਸੋਨਾ ਬਡੋ ਸਮਾਜੂ ॥
ਚੀਣਾਂ ਰੁਪੇ ਹਮੇਰਾਂ ਮੂਲ ॥ ਅਬ ਪਹਿਰਤ ਹੈ ਤਨ ਮਖਮੂਲ [1]॥707॥
ਆਪ ਉਪਕਾਰ ਨ ਰੰਚਕ ਮਾਨੇ ॥ ਆਪ[2] ਆਪ ਬਡੇ ਕਰ ਮਾਨੇ ॥
ਪਤਿਤਿ ਪਾਵਨ [3]ਤੁਮਰੋ ਬਾਨਾ ॥ ਐਸੇ ਗਾਵਤ ਬੇਦ ਪੁਰਾਨਾ ॥708॥
ਨਿੰਮ੍ਰ ਬੈਨ ਸੁਨ ਮਨ ਹਰਖਾਏ ॥ ਮਯਾ ਦ੍ਰਿਸਟ ਕਰਿ ਬੈਨ ਅਲਾਏ ॥
ਅਮੀਰ ਸਿੰਘ ਜਿਨ ਸਰਧਾ ਧਾਰੀ ॥ ਹੋਏ ਭਵ ਸਾਗਰ ਪਾਰੀ ॥709॥

**(ਮਹਾਰਾਜਾ ਰਣਜੀਤ ਸਿੰਘ ਸਿੰਘ ਨੇ ਹਜੂਰੀ ਵਿਚ ਆਉਣਾ)**

॥ ਦੋਹਰਾ ॥

ਬਚਨ ਬਿਲਾਸ ਗੁਰ ਕਰਤ ਥੇ ਆਈ ਤਬ ਸਰਕਾਰ ॥
ਗਯਾਰਾ ਸਹਸ ਦਮੜੇ ਧਰੇ ਪੜਾ ਚਣਨ ਹਿਤ ਧਾਰ ॥710॥[4]

---

1. ਅ ਪੋਥੀ ਮਖਤੂਲ 2. ਅ ਪੋਥੀ ਆਪਨ 3. ਅ ਪੋਥੀ ਸੁਪਾਵਨ
4. ੲ ਪੋਥੀ ਵਿਚ ਇਸ ਮ ਰੋਂ ਇਹ ਵਾਧੂ ਦੋਹਰਾ ਮਿਲਦਾ ਹੈ :

ਰਣਜੀਤ ਸਿੰਘ ਸਿਰੰਕਾਰ ਨੇ ਪਰਸੇ ਚਰਨ ਹਜੂਰ ॥
ਹਮ ਪਰ ਤੁਮ ਕਿਰਪਾ ਕਰੋ ਹਮ ਤੁਮ ਪਗ ਕੀ ਧੂਰ ॥711॥

ਚਰਣ ਧੂੜਿ ਲੇ ਮਾਥੇ ਲਾਈ ॥ ਮੰਜ ਮਧੁਰ ਸੁਠ ਗਿਰਾ ਅਲਾਈ ॥
ਆਪ ਮਯਾ ਕਰ ਦੀਨੋ ਰਾਜੂ ॥ ਸਤਰੂ ਹੋਏ ਸਗਰੇ ਪ੍ਰਾਜੂ ॥711॥
ਦੋ ਦੈ ਸੀਤ ਰਾਵ੍ਰਰ ਪਾਲਾ ॥ ਕੀਨੇ ਜਗ ਮੈ ਮੁਝਹਿ ਸੁਖਾਲਾ ॥
ਸੁਨ ਤਿਸ ਬਾਨੀ ਗੁਰ ਮੁਸਕਾਏ ॥ ਪੁਨ ਸਰਕਾਰ ਨੇ ਬੈਨ ਅਲਾਏ ॥712॥
ਏਕ ਅਰਜਿ ਮਾਨੋ ਸੁਖਦਾਈ ॥ ਲਹੌਰ ਪਵਿਤ੍ਰ ਕਰੋ ਹਰਖਾਈ ॥
ਇਹੁ ਬਿਨਤੀ ਹੈ ਮੇਰੀ ਸੁਆਮੀ ॥ ਸਰਬ ਬਿਆਪੀ ਅੰਤਰਜਾਮੀ ॥713॥

॥ ਦੋਹਰਾ ॥

ਗੁਰ ਜੀ ਉਤਰ ਦੇਤ ਭੇ ਜੋ ਗੁਰ ਨਾਨਕ ਭਾਇ ॥
ਆਇਸ ਲੇ ਸਰਕਾਰ ਤਬ ਚਾਲੀ ਬਿਨ ਬਿਲਮਾਇ ॥714॥

### (ਬਾਬਾ ਸਾਹਿਬ ਸਿੰਘ ਨੇ ਨਨਕਾਣਾ ਸਾਹਿਬ ਜਾਣਾ)

॥ ਚੌਪਈ ॥

ਸਤਿਗੁਰ ਸਾਹਿਬ ਕੂਚ ਕਰਾਈ ॥ ਨਨਕਾਣੇ ਓਰਿ ਚਾਲੇ ਸੁਖਦਾਈ ॥
ਪੁੰਜ ਗ੍ਰਾਮ ਅਗਰੂ ਇਕ ਆਵਾ ॥ ਤਹਿ ਥਾ ਸ੍ਰੀ ਗੁਰ ਸਿਵਰ ਲਗਾਵਾ ॥715॥
ਸੈਨਾ ਸੰਗਤਿ ਕੀ ਬਹੁ ਭੀਰਾ ॥ ਏਕ ਕੂਪ ਤਹ ਖੁਰ ਗਾ ਨੀਰਾ ॥
ਸਭ ਕੇ ਮਨ ਮੈ ਚਿੰਤਾ ਹੋਈ ॥ ਬਿਨਾ ਨੀਰ ਕਿਮ ਸਮਾ ਬਿਤੋਈ ॥716॥
ਬੁਧਿ ਸਿੰਘ ਨੇ ਅਰਜੀ ਗਾਈ ॥ ਬਿਨਾ ਨੀਰ ਕਿਮ ਦਿਵਸ ਬਿਤਾਈ ॥
ਸੁਨ ਕਰ ਸ੍ਰੀ ਗੁਰ ਗਿਰਾ ਬਖਾਨੀ ॥ ਬੋਕੀ ਮਾਂਝ ਅਹੇ ਕਛੁ ਪਾਨੀ ॥717॥

॥ ਦੋਹਰਾ ॥

ਬੁਧਿ ਸਿੰਘ ਜਲੁ ਕੌਲ[1] ਭਰੂ ਗਹਿਰਾ ਅਤਿ ਦ੍ਰਿਸਟਾਇ ॥
ਗੁਰੂ ਕਹਯੋ ਇਸ ਛਾਨ ਕਰ ਲਯਾਵੋ ਦੇਰ ਬਿਹਾਇ ॥718॥

॥ ਚੌਪਈ ॥

ਮਾਨ ਬਚਨ ਤਬ ਤੈਸੇ ਕੀਨਾ ॥ ਜੋ ਗੁਰ ਸੇਵਾ ਮੈ ਪਰਬੀਨਾ ॥
ਲਿਯਾਓ ਕੌਲ ਹਾਥ ਟਿਕਾਈ ॥ ਸ੍ਰੀ ਗੁਰ ਅਚਵਨ ਅਰਧ ਕਰਾਈ ॥719॥
ਬਚਨ ਕਰਾ ਗੁਰ ਸੁਖਮਾ ਖਾਨੀ ॥ ਖੂਹੇ ਮੈ ਇਹ ਡਾਰੋ[2] ਪਾਨੀ ॥
ਸਤਨਾਮ ਪੂਰਾ ਮੁਖ[3] ਗਾਵੇਂ ॥ ਏਕ ਘਰੀ ਮਹਿ ਹਰਟ ਚਲਾਵੇਂ ॥720॥

॥ ਦੋਹਰਾ ॥

ਸਤ ਬਚਨ ਕਰ ਜਾਤ ਭਾ ਗੁਰ ਸੀਤ ਬਿਚੁ ਪਾਇ ॥
ਪਾਵਨ ਕੀ ਤਿਹ ਦੇਰ ਥੀ ਜਲ ਬਰਧਾ ਖਿਨ ਤਾਇ ॥721॥

---

1. ਅ ਪੋਥੀ ਕੋ
2. ਅ ਪੋਥੀ ਡਾਲੋ
3. ਅ ਪੋਥੀ ਮੁਖ ਸੇ

ਏਕ ਘਟੀ ਜਲ ਰੋਕਨ ਕੀਨਾ ॥ ਬਹੁਰੋ ਹਰਟ ਚੱਲਾਇ ਸੁ ਦੀਨਾ ॥
ਸੀਤਲ ਮਜ ਮਧੁਰ ਜਲ ਨਿਕਸਾ ॥ ਦਿਖੁ ਕਰਿ ਬੁਧਿ ਸਿੰਘ ਅਤਸੇ ਬਿਗਸਾ ॥722॥
ਹੈ ਗੈ ਗੋ ਮਹਿਖੀ ਸਭ ਪੀਵੈ ॥ ਨਰਿ ਨਾਰੀ ਦ੍ਰਿਖ ਅਚਰਜ ਥੀਵੈ ॥
ਨਾਨ੍ਹਾ ਪਾਨ ਕਰੈਂ ਹਰਖਾਈ ॥ ਬਾਰ ਬਾਰ ਗੁਰ ਕੇ ਗੁਨ ਗਾਈ ॥723॥
ਖੂਹਾ ਸਿੰਘ ਗੁਰੂ ਕਰ ਦੀਨਾ ॥ ਕਵੀ ਕਹੈ ਹਮ ਦਰਸਨ ਕੀਨਾ ॥
ਜਣੰ ਲੋਗੁ ਆਏ ਬਹੁ ਧਾਈ ॥ ਘੀ ਮਟਕੇ ਗੁਰ ਕੋ ਅਪਰਾਈ ॥723॥
ਤਿਨ ਪ੍ਰਤਿ ਸ੍ਰੀ ਗੁਰ ਬੈਨ ਬਖਾਨਾ ॥ ਸੰਗਤਿ ਮੇਰੀ ਰੋਮ ਸਮਾਨਾ ॥
ਜੋ ਇਸ ਕੋਈ ਛੇਰਨ ਕੋਰ ਹੈ ॥ ਹੋਇ ਦੁਖੀ ਸੋ ਤਤਖਿਨੁ ਮਰੈ ਹੈ ॥725॥
ਜਣੁ ਲੋਚਨੰ ਨੇ ਬਿਨਤੀ ਕੀਨੀ ॥ ਲੇਹੁ ਮੁਰੀਦ ਗੁਰੂ ਅਪਨੇ ਚੀਨੀ ॥
ਹਮ ਛੇਰਨ ਮੈ ਕੋ ਬਲਵਾਨਾ ॥ ਹੈ[1] ਸਰਕਾਰ[2] ਤੁਮੈ ਭੈ ਮਾਨਾ ॥726॥
ਕਰ ਸਲਾਮ ਸਭੁ ਭਵਨ[3] ਸਿਧਾਏ[3] ॥ ਭੋਰ ਹੋਤ ਗੁਰ ਅਗਰ ਸਿਧਾਏ ॥
ਸ੍ਰੀ ਨਨਕਾਣੇ ਜਾਇ ਥਿਰਾਨੇ ॥ ਤੰਬੂ ਲਾਇ ਸਿਵਰੰ ਠਾਨੇ ॥727॥
ਸਾਧ[3] ਪੁਜਾਰੀ ਮਿਲਿ ਕਰੁ ਆਏ ॥ ਪ੍ਰਸਾਦ ਪੀਲੂ ਆਨ ਧਰਾਏ ॥
ਬਾਂਟ ਦਯੋ ਤਬ ਸਤਗੁਰ ਪੂਰੇ ॥ ਤਿਨ ਕੇ ਮੇਟੇ ਸਗਲੁ ਵਿਸੂਰੇ ॥728॥
ਸ੍ਰੀ ਦਰਬਾਹ ਗੁਰੂ ਚਲਿ ਗਏ ॥ ਸਭ ਪਰਵਾਰੁ ਸਾਥ ਕਰ ਲਏ ॥
ਅਸ੍ਰ ਬਸਨ ਬਿਤ ਬਹੁਤ ਦੀਨਾ ॥ ਮਾਤਾ ਸਾਹਿਬੁ ਅਰੁ[4] ਪੁਨਿ ਕੀਨਾ[4] ॥729॥
ਖੇਡਨ ਥਾਨੁ ਬਹੁਰਿ ਚਲਿ ਗਏ ॥ ਦੇ ਕਰਿ ਭੇਟਾ ਸੀਸ ਨਿਵਏ ॥
ਮਾਲੰ ਸਾਹਿਬ ਪੁਨਾ ਸਿਧਾਨੇ ॥ ਧਰੀ ਅਕੋਰੰ ਰਿਦ ਹਰਖਾਨੇ ॥730॥
ਕਯਾਰੇ ਸਾਹਬ ਫਿਰ ਚਲੁ ਗਏ ॥ ਬਸਨ ਆਦਿਕ ਬਿਤ ਬਹੁ ਦਏ ॥
ਪੁਨਾ ਸਿਵਰ ਮੈ ਆਇ ਬਿਰਾਜੈ ॥ ਜਿਨ ਦਰਸੇ ਸੁਖ ਸੰਪਤਿ ਛਾਜੇ ॥731॥

॥ ਦੋਹਰਾ ॥

ਅਲਰਕ ਨੇ ਅਰਜੀ ਕਰੀ ਭਈ ਭੀਰ ਅਧਿਕਾਇ ॥
ਅਲਪ ਪ੍ਰਸਾਦਿ ਟਿਯਾਰੁ ਭਾ ਜਿਮ ਆਇਸ ਸੁਖਦਾਇ ॥732॥

॥ ਚੌਪਈ ॥

ਏਕ ਰੁਮਾਲ ਦੀਆ ਸੁਖਦਾਈ ॥ ਊਪਰਿ ਪਾਵੋ ਦੇਰੁ ਬਿਹਾਈ ॥
ਵਾਹਿਗੁਰੂ ਕਹਿ[5] ਬਾਂਟਤ ਜਾਵੋ ॥ ਜੋ ਮਾਂਗੇ ਨਹਿ ਨਹਿ ਕਰਾਵੋ ॥733॥
ਸੂਪਕਾਰ ਗੁਰ ਆਇਸ ਮਾਨੀ ॥ ਜੋ ਗੁਰ ਭਾਖਾ ਸੋ ਬਿਧਿ ਠਾਂਨੀ ॥
ਸਤਨਾਮ ਕਹਿ ਬਾਂਟਨ ਲਾਗੇ ॥ ਤੋਟਿ ਨ ਆਈ ਗੁਰ ਜਸੁ ਪਾਗੇ ॥734॥

---

1. ਅ ਪੋਥੀ ਪਾਠਾਂਤਰ : ਸਰਕਾਰ ਆਦਿ
2. ਅ ਪੋਥੀ ਪਾਠਾਂਤਰ : ਗੁਰ ਧਿਆਏ
3. ੲ ਪੋਥੀ ਸੰਤੁ
4. ਅ ਪੋਥੀ ਪਾਠਾਂਤਰ: ਚਾੜਨ ਦੀਨ
5. ਅ ਪੋਥੀ ਕਹਿ ਤਬ

ਪੰਚ ਨਿਸਾ ਗੁਰ ਤਹਾਂ ਰਹਾਏ ॥ ਸੰਗਤਿ ਆਈ ਕਹਨ ਨ ਜਾਏ ॥
ਧਰੀ ਉਪਾਇਨ ਕਰ ਬਹੁ ਭਾਓ ॥ ਗੁਰ ਦਰਸਨ ਕਾ ਜਿਨ ਮਨ ਚਾਉ ॥735॥

॥ ਦੋਹਰਾ ॥

ਭਾਈ ਬਲੂ ਬੁਲਾਇ ਕਰੁ ਗੁਰ ਜੀ ਆਇਸ ਦੀਨ ॥
ਤ੍ਰਿਹਾਵਲ ਗਯਾਰਾ ਸੈ ਕਾ ਕੀਜੈ ਦੇਰੁ ਬਿਹੀਨੁ ॥736॥

॥ ਚੌਪਈ ॥

ਸਤ ਬਚਨੁ ਸਨਿ ਭਾਈ ਗਾਵਾ ॥ ਕੀਨ ਕੜਾਹ ਦੇਰੁ ਬਿਹਾਵਾ ॥
ਆਇ ਗੁਰੂ ਪਹਿ'ਅੰਰਜਿ ਅਲਾਈ ॥ ਪ੍ਰਸਾਦਿ ਤਿਯਾਰੁ ਗੁਰੂ ਸੁਖਦਾਈ ॥737॥
ਦਿਵਾਨ ਚਰਨ ਸਿੰਘ ਸ੍ਰੀ ਗੁਰ ਪ੍ਰੇਰਾ ॥ ਬਾਂਟ ਪ੍ਰਸਾਦਿ ਨ ਕੀਜੈ ਦੇਰਾ ॥
ਗੁਰੂਦੁਆਰਨਿ ਪੂਰਾ ਸੌ ਦੇਵੋ ॥ ਪਾਛੇ ਬਾਂਟਨ ਨਾਮੇ ਲੇਵੋ ॥738॥
ਸਤ ਬਚੰਨ ਕਹਿ ਤੈਸੇ ਕੀਨਾ ॥ ਪ੍ਰਸਾਦਿ ਬਤਾਵਾ ਬਡ ਜਸ ਲੀਨਾ ॥
ਕੂਚ ਕਰਨ ਕਾ ਧੌਸਾ ਬਾਜਾ ॥ ਭੇ ਸ੍ਵਾਰ ਤਬ ਬੇਦੀ ਰਾਜਾ ॥739॥
ਅਗ੍ਰ ਸਰਕਾਰ ਨੇ ਕਰੀ ਤਿਯਾਰੀ ॥ ਜੁਗਮ ਲਾਖ ਕੀ ਭੇਟ ਸਵਾਰੀ ॥
ਨੌਕਾ ਲੀਨੀ ਸਭ ਮੰਗਵਾਇ ॥ ਲੌਂ[1] ਪੁਰ[1] ਤਰ ਦੀਨੀ ਬੰਧਵਾਇ ॥740॥
ਅਪਗਾ ਓਰਿ ਅਏ ਸੁਖਦਾਈ ॥ ਕੇਵਟ ਲੀਨੇ ਪਾਸਿ ਬੁਲਾਈ ॥
ਲਯਾਵੋ ਨੌਕਾ ਦੇਰ ਨ ਕੀਜੈ ॥ ਕੀਜੈ ਪਾਰ ਦਰਬ ਬਹੁ ਲੀਜੈ ॥741॥

॥ ਦੋਹਰਾ ॥

ਕਰਨਧਾਰ ਕਰ ਜੋਰ ਕੇ ਬਿਨੇ ਭਨੀ ਸਿਰ ਨਿਯਾਇ ॥
ਨੌਕਾ ਸਭ ਸਰਕਾਰ ਨੇ ਲੀਨੀ ਤਿਹ ਮੰਗਵਾਇ ॥742॥

॥ ਚੌਪਈ ॥

ਗੰਡਾ ਸਿੰਘ ਕਹਯੋ ਕਰ ਜੋਰੁ ॥ ਆਪ[2] ਚਲੀ ਜੈਗੁਰ ਤਿਸੁ ਓਰੁ ॥
ਗਦ ਗਦ ਬਾਣੀ ਗੁਰੂ ਅਲਾਈ ॥ ਅਪਗਾ[3] ਦੇਵੋ ਪਾਰ ਲੰਘਾਈ ॥743॥
ਨਦੀ ਮਾਝ ਗੁਰੂ ਹੈ ਕੋ ਪ੍ਰੇਰਾ ॥ ਜਾਨੂੰ ਭਰੁ ਜਲ ਭਾ ਤਿਸ ਬੇਰਾ ॥
ਅਜਾ ਆਦਿ ਸਭ ਹੋਈ ਪਾਰੀ ॥ ਨਰ ਨਾਰੀ ਦਿਖ ਬਿਸਮੇ ਭਾਰੀ ॥744॥

### (ਬਾਬਾ ਸਾਹਿਬ ਸਿੰਘ ਜੀ ਨੇ ਲਾਹੌਰ ਜਾਣਾ)

॥ ਦੋਹਰਾ ॥

ਗੰਡਾ ਸਿੰਘ ਨੇ ਜਬ ਪਿਖਾ ਹੋਏ ਸਤਗੁਰ ਪਾਰ ॥
ਹੈ ਸੁਧਵਾਯੋ ਬੇਗ ਕਰ ਦੀਨੀ ਸੁਧ ਸਰਕਾਰ ॥745॥

॥ ਚੌਪਈ ॥

ਸੁਨ ਸੁਰਕਾਰ ਮਨੈ ਹਰਖਾਈ ॥ ਬਾਰ ਬਾਰ ਗੁਰ ਕੀਰਤ ਗਾਈ ॥
ਇਕ ਮਾਨਵ ਸਰਕਾਰ ਪਠਾਯੋ ॥ ਵਸਾਵਾ ਸਿੰਘ ਕੁ[4] ਜਾਯ ਸੁਨਾਯੋ ॥746॥

---

1. ਅ ਪੋਥੀ ਲਾਹੌਰ 2. ਅ ਪੋਥੀ ਅਰਪ 3 ਅ ਪੋਥੀ ਲਈ ਸੁ 4. ਅ ਪੋਥੀ ਪ੍ਰਤਿ

ਕਹਯੋ ਸਰਕਾਰ ਜਾਵੋ ਜੁਗ ਭਾਈ ॥ ਸਤਿਗੁਰ ਸੇਵਾ ਕਰੋ ਬਨਾਈ ॥
ਜੋ ਜੋ ਵਸਤੂ ਚਾਹੇ ਦੇਵੋ ॥ ਕਮਰ ਬਾਂਧ ਪਰਸੰਨਤਾ ਲੇਵੋ ॥747॥
ਜਸ ਪਦ ਜਾਵੋ ਬਿਲਮੋਂ ਨਾਹੀ ॥ ਭੈ ਗੁਰ ਕਾ ਸਮਝੋ ਮਨ ਮਾਹੀ ॥
ਸਤ ਬਚਨ ਕਹ ਗਏ ਨ ਮੂਢੇ ॥ ਗਨਕਾ ਮਦਰਾ ਮਾਸ ਅਰੂਢੇ ॥748॥

॥ ਦੋਹਰਾ ॥

ਭੇ[1] ਅਲਗਰਜ ਗਵਾਰ ਸੋ ਗੁਰ ਕੀ ਸੇਵ ਨ ਕੀਨ ॥
ਜਾਟ ਜਾਤ[2] ਸਠ[2] ਮੂਢ ਮਤ ਕੀਨੇ ਵਿਸਯਨ ਦੀਨ ॥749॥

॥ ਚੌਪਈ ॥

ਗੁਰ ਕੀ ਗਾਥ ਸੁਨੋ ਮਨ ਲਾਈ ॥ ਜਿਮ ਕੀਨਾ ਬੇਦੀ ਕੁਲ ਰਾਈ ॥
ਅੰਨਾਰ ਕਲੀ ਕੇ[3] ਧੋਰੇ ਸੁਆਮੀ[3] ॥ ਸਿਵਰ ਲਗਾਵਾ ਅੰਤ੍ਰਜਾਮੀ[4] ॥750॥
ਸਰਕਾਰ ਉਰਾਂ ਤੇ ਕੋਇ ਨ ਪਹੁਤਾ ॥ ਸ੍ਰੀ ਗੁਰ ਕੋਪ ਕਰਾ ਤਬ ਬਹੁਤਾ ॥
ਹੁਕਮੁ ਦੀਨ ਸ੍ਰੀ ਗੁਰ ਸੁਖਦਾਈ ॥ ਦੇਰਿ[5] ਨ ਕਰੋ ਨ ਪਸ ਤ੍ਰਿਨ ਪਾਈ[5] ॥751॥
ਕਾਣੇ[6] ਕੀਨੀ ਸੀ ਅਰਦਾਸ ॥ ਤਾਤੇ ਆਏ ਸੇ ਹਮ ਪਾਸ ॥
ਸੁਧ ਨ ਲੀਨੀ ਹੰਕਾਰ[7] ਅਰੂਢਾ ॥ ਤਾਂਤੇ ਦੁਖ ਪਾਏਗਾ ਮੂਢਾ ॥752॥
ਲਹੌਰ ਮਾਂਝ ਸੰਦ ਕਹਿਰ ਬਸਾਵੈ ॥ ਸਾਂਤ ਕਬੀ ਹੀ ਹੋਨ ਨ ਪਾਵੈ ॥
ਜਾਂਟਨ ਕੇ ਇਹੁ ਜਟ ਹੋਇ ਜਾਈ ॥ ਰਾਜ ਕਰਨ ਅਧਿਕਾਰੀ ਨਾਹੀ ॥753॥
ਸਰਬ ਬੈਨ ਹੁਇ ਗੁਰ ਕੇ ਪੂਰੇ ॥ ਸਭ ਸਿਰਦਾਰ ਮਰੇ ਹੁਇ ਊਰੇ ॥
ਬਿਨਾ ਅਸਨ ਗੁਰ ਨਿਸਾ ਬਿਤਾਈ ॥ ਨਿਸਾ ਬੀਤਤ ਭੋਰ ਹੁਇ ਆਈ ॥754॥

॥ ਦੋਹਰਾ ॥

ਧੌਂਸਾ ਬਾਜਾ ਕੂਚ ਕਾ ਚੜਿ ਚਾਲੇ ਸੁਖਦਾਇ ॥
ਮਾਤ ਆਦਿ ਪਾਛੇ ਚਲੇ ਭੀਰ ਨ ਬਰਨੀ ਜਾਇ ॥755॥

॥ ਚੌਪਈ ॥

ਸੰਧਾਵਾਲ ਸਿਰਦਾਰ ਸੁ ਅਏ ॥ ਗੁਰ ਅਸਵਾਰੀ ਕੋ[8] ਅਟਕਏ ॥
ਗਰ ਮੋ ਸਾਫੇ ਬਿਨਤੀ ਠਾਨੇ ॥ ਸ੍ਰੀ ਗੁਰ ਤਿਨ ਕੀ ਏਕ ਨ ਮਾਨੇ ॥756॥
ਸ੍ਰੀ ਕਮਲਾਨਨ ਤਾੜਨ ਕੀਨੇ ॥ ਗੁਰਸਿਖੀ ਤੇ ਖਾਰਜ ਚੀਨੇ ॥
ਕਰ ਕਰ ਜਤਨ ਹਾਰਗੇ ਮੂਢੇ ॥ ਸਤਿਗੁਰ ਚਲੇ ਅਸ੍ਵ ਅਰੂੜੇ ॥757॥
ਢੇਸੀ ਜਾ ਗੁਰ ਸਿਵਰ ਲਗਾਯੋ ॥ ਸੁਣ ਰਣਜੀਤ ਸਿੰਘ ਪਛੁਤਾਯੋ ॥
ਸਿੰਘ ਵਸਾਵਾ ਬਹੁ[9] ਧਿਧਕਾਰਾ ॥ ਪੀ ਸਰਾਬ ਕਰੀ ਮੰਦ ਕਾਰਾ ॥758॥

---

1. ਅ ਪੋਥੀ ਭਏ 2 ਅ ਪੋਥੀ ਪਾਠਾਂਤਰ: ਜਾਟ ਅਤਿ 3. ਅ ਪੋਥੀ ਪਾਠਾਂਤਰ: ਤੇ ਕਿਛੁਕੁ ਦੂਰਿ 4. ਅ ਪੋਥੀ ਸਤਿਗੁਰ ਧੀਰਾ 5. ਅ ਪੋਥੀ ਪਾਠਾਂਤਰ: ਦੇਗੁ ਨ ਕੀਜੇ ਆਸੁਨ ਪਾਈ 6. ਅ ਪੋਥੀ ਤਬ ਕਾਣੇ 7. ਅ ਪੋਥੀ ਅਹੰਕਾਰ 8. ਅ ਪੋਥੀ ਕੌ ਜਾਈ 9. ਅ ਪੋਥੀ ਕੋ ਬਹੁ

(ਜੁਆਲਾ ਸਿੰਘ ਦੀ ਸਾਖੀ)

॥ ਦੋਹਰਾ ॥

ਜੁਆਲਾ ਸਿੰਘ ਭੜਾਣੀਆਂ ਆਯੋ ਗੁਰ ਕੇ ਪਾਸ ॥
ਹਾਥ ਜੋਰ ਬਿਨਤੀ ਕਰੀ ਕਰੀ ਮਯਾ ਸੁਖ ਰਾਸ ॥759॥

॥ ਚੌਪਈ ॥

ਸੇਵਾ ਨਿਸ ਕੋ[1] ਬਹੁਬਿਧਿ ਕੀਨੀ ॥ ਸ੍ਰੀ ਗੁਰ ਕੀ ਖੁਸੰਨਤਾ ਲੀਨੀ ॥
ਭੋਰ ਭਈ ਤਬ ਅਰਜੀ ਗਾਈ ॥ ਚਲੋ ਭੜਾਣੇ ਗੁਰ ਸੁਖਦਾਈ ॥760॥
ਦੇਖ ਦੀਨਤਾ ਭਏ ਦਯਾਲਾ ॥ ਆਏ ਸਿਖ ਕਰਨ ਪ੍ਰਿਤਿਪਾਲਾ ॥
ਸੇਵਾ ਤਿਸ ਨੇ ਕਰੀ ਬਨਾਈ ॥ ਲੀਨੇ ਸਤਿਗੁਰ ਤੁਰਤ ਰਿਝਾਈ ॥761॥
ਹੈ ਦੁਸਾਲੇ ਦੰਮੜੇ[2] ਦੀਨਾਰ ॥ ਗੋ ਮਹਿਖੀ ਜਿਹ ਦੂਧ ਅਪਾਰ ॥
ਪ੍ਰੇਮ ਦੇਖ ਸ੍ਰੀ ਗੁਰ ਜੀ ਲੀਨਾ ॥ ਸਿਰਪਾਇ ਬਹੁ ਮੋਲਾ ਦੀਨਾ ॥762॥
ਭਏ ਸਵਾਰ ਗੁਰੂ ਸੁਖਦਾਈ ॥ ਜਿਨ ਸਿਖਨ ਕੀ ਪੈਜ ਰਖਾਈ ॥
ਸਨੈ ਸਨੈ ਮਾਰਗ ਗੁਰ ਚਾਲੇ ॥ ਤਰਨ ਸੁ ਤਾਰਨ ਅਏ ਸੁਖਾਲੇ ॥763॥

(ਬਾਬਾ ਸਾਹਿਬ ਸਿੰਘ ਦਾ ਤਰਨ ਤਾਰਨ ਦਰਸ਼ਨਾਂ ਲਈ ਜਾਣਾ)

॥ ਦੋਹਰਾ ॥

ਉਤਰ[3] ਭਏ ਸਨਾਨ ਕੋ ਨਿਹੰਗਨ ਸੋਰ ਉਠਾਇ ॥
ਚੜਤੀ ਕੀਨੀ ਸਤਿਗੁਰ ਕਯਾ ਕੰਗਾਲ ਸਮਝਾਇ[4] ॥764॥

॥ ਚੌਪਈ ॥

ਜੇ ਮੈ ਇਨ ਕੋ ਦੀਯੋ ਮਰਾਈ ॥ ਮਰ ਜਾਵੈਗੇ ਅਤਦੁਖ ਪਾਈ[5] ॥
ਰੰਕਨ ਕਾ ਕਯਾ ਮਾਰਨ ਆਹਿ ॥ ਦਰੁ ਦਰੁ ਮਾਗਤ ਰੰਕੁ[6] ਕਹਾਇ[7] ॥765॥
ਕਰਹੀ ਮਯਾ ਨਿਜ ਬਿਰਦ ਵਿਚਾਰਾ ॥ ਆਗੇ ਚਾਲੇ ਮੋਖ ਦਾਤਾਰਾ ॥
ਸਰਾਇ ਨਜੀਕ ਗਈ ਸਵਾਰੀ ॥ ਆਯੋ ਬੀਰ ਸਿੰਘ ਹਿਤ ਧਾਰੀ ॥766॥
ਗ੍ਰਾਮ ਪੰਚ ਸਭ ਸਾਥ ਲਿਯਾਯੋ ॥ ਗੁਰ ਕੇ ਚਰਨਨ ਸੀਸ ਨਿਵਾਯੋ ॥
ਪੈ ਕੀ ਚਾਟੀ ਏਕੁ ਰੁਪੈਯਾ ॥ ਗੁਰ[8] ਕੀ ਰੋੜੀ ਕਰ ਮਧੁ[8] ਲੈ ਅਯਾ[2] ॥767॥
ਹਾਥ ਜੋਰ ਬਹੁ ਬਿਨਤੀ ਠਾਨੀ ॥ ਉਤਰੋ ਸਤਿਗੁਰ ਸੁਖਮਾ ਖਾਨੀ ॥
ਜੈਸ ਬਿਦਰ ਕੌ ਕਰਾ ਨਿਹਾਲਾ ॥ ਤੈਸੇ ਉਤਰੋ ਦੀਨ ਦਿਯਾਲਾ ॥768॥
ਸਿਖ ਪ੍ਰੇਮ ਗੁਰ ਦਿਖ ਬਿਗਸਾਏ ॥ ਉਤਰ ਪਏ ਗੁਰ ਜੀ ਸੁਖਦਾਏ ॥
ਬੀਰ ਸਿੰਘ ਸਭ ਸੇਵਾ ਕੀਨੀ ॥ ਰਸਤ ਆਦਿ ਸਭ ਬਸਤੂ ਦੀਨੀ ॥769॥
ਹਥ ਮੇ ਸੁਹਨੀ ਫੇਰਤ ਜਾਵੈ ॥ ਛਿੜਕਾਇ ਕਰੈ ਗੁਰ ਕੌ ਬਿਗਸਾਵੈ ॥
ਤਨੁ ਮਨੁ ਧਨੁ ਕਰੁ ਸੇਵਾ ਕੀਨੀ ॥ ਗੁਰੂ ਮਯਾ ਆਪਨ ਪਰ ਚੀਨੀ ॥770॥

---

1. ਅ ਪੋਥੀ ਨਿਕਸੋ 2. ਅ ਪੋਥੀ ਦਮੜੇ ਦਮੜੇ 3. ਅ ਪੋਥੀ ਉਤਰੁਤ 4. ਅ ਪੋਥੀ ਸਮਝਾਈ
5. ਅ ਪੋਥੀ ਦਾਈ 6. ਅ ਪੋਥੀ ਨਿਹੰਗ 7. ਅ ਪੋਥੀ ਕਹਾਇ 8. ਅ ਪੋਥੀ ਗੁੜ 9. ਅ ਪੋਥੀ
ਪਾਠਾਂਤਰ : ਨਾਲ ਲਿਯਾਯਾ

॥ ਦੋਹਰਾ ॥

ਤਾਰਨ[1] ਤਰਨ ਨਿਹੰਗ ਬਹੁ ਲਏ ਪ੍ਰਜਾਰੇ ਸਾਥ[1] ॥
ਅਏ ਹਜੂਰ ਮਿਲ[2] ਕਰ ਸਬੈ ਜੋਰਤ ਭੇ ਤਬ ਹਾਥ ॥771॥

॥ ਚੌਪਈ ॥

ਹਮ ਭੂਲੇ ਬਖਸੋ ਸੁਖਦਾਈ ॥ ਹੋਈ ਹਮ ਤੇ ਬਹੁਤ ਖੁਟਾਈ ॥
ਨੈਣਾ ਸਿੰਘ ਭੀ ਆਯੋ ਚਾਰੇ ॥ ਆਪ ਦਰਸਿ ਕੀ ਕਰੇ ਉਮਾਹੇ ॥722॥
ਉਤ੍ਰ ਦੀਨਾ ਗੁਰ ਸੁਖਦਾਈ ॥ ਕਹਤੇ ਬੈਨ ਕਛੂ ਰਿਸ ਆਈ ॥
ਪੰਜਾਬ ਦੇਸਿ ਸਭ ਸੋਇ ਖੁਆਰ ॥ ਫ਼ਿਰੰਗੀ ਭੋਗੈ ਇਨ ਕੀ ਨਾਰ ॥773॥
ਐਸ ਸੁਹਾਗਾ ਦੇਵੋ ਫੇਰੀ ॥ ਟੋਆ ਟਿਬਾ ਦੇਵੋ ਗੇਰੀ ॥
ਜਾਟਾਂ ਕੇ ਜਾਟ ਬਨੁ ਜਾਵੈ ॥ ਲਾਂਗਲ ਬਾਹੇ ਟੁਕਰਾ[3] ਖ਼ਾਵੈ ॥774॥
ਹੈ ਸਿਰਦਾਰੁ ਜੁ[4] ਰਾਣੇ[4] ਰਾਜੇ ॥ ਜਿਨੋ ਬਨਾਏ ਅਤਸੇ ਸਾਜੇ ॥
ਜਗਤ ਮਾਝ ਕੋ ਰਹਿਨ ਨ ਪਾਈ ॥ ਕਰੈ ਬਦ ਕਰਮ[5] ਨਰਕਿ ਸਿਧਾਈ ॥775॥
ਦ੍ਵਾਬੇ ਕੋ ਮੈਂ ਕਰੋ ਕੁਠਾਲੀ ॥ ਜੋ ਹੰਕਾਰੀ ਦੇਵੋਂ ਗਾਲੀ ॥
ਗੁਰ ਸਿਖੀ ਜੋ ਮਨ ਮੋ ਧਾਰੇ ॥ ਤਿਸੇ ਬਚਾਵੋ ਨਾਮੁ ਉਚਾਰੇ ॥776॥

॥ ਦੋਹਰਾ ॥

ਲੁਦਿਆਣਾ ਇਕੁ ਕੂੰਡ ਕਰੂ ਰਾਜੇ ਪਸਿ[6] ਵਿਚ ਪਾਇ ॥
ਕੋ ਜਿਮੀ ਮਾਲਕ[7] ਨ ਰਹੇ, ਕਰੇ ਮਜੂਰੀ ਖਾਇ ॥777॥

॥ ਚੌਪਈ ॥

ਬਾਰ ਬਾਰ ਜਬ ਦੁਖੜ ਪੁਕਾਰੈ ॥ ਹੋਇ ਦੀਨ ਮੁਖ ਸਰਨ ਉਚਾਰੈ ॥
ਤਬ ਸਹਾਇਤਾ ਇਨ ਕੀ ਹੋਵੈ ॥ ਤਿਨ ਕੀ ਬਿਪਤਾ ਸਤਿਗੁਰ ਖੋਵੈ ॥778॥
ਨਿਹੰਗੜਯੋ[8] ਤੁਮ ਕੀਨੀ ਰਾਰ[8] ॥ ਕਰੀ ਮਯਾ ਨਤ ਖ਼ਾਤੇ ਮਾਰ ॥
ਬੀਰ ਸਿੰਘ ਇਹੁ ਮੇਰ੍ਹਾ ਦਾਸ ॥ ਸੇਵਾ ਕੀਨੀ ਰਿਦੇ ਹੁਲਾਸ ॥779॥
ਤੁਮਰੇ ਸਿਰੁ ਮੈ ਮੇਖ ਲਗਾਈ ॥ ਟੁਕੜੇ ਇਸ ਤੇ ਮੰਗ ਮੰਗ ਖਾਈ ॥
ਐਸੇ ਕਹਿ ਕਰਿ ਦੀਨ ਉਠਾਇ ॥ ਆਗੇ ਕਿਰਤਨਿ ਰਾਗੀ ਗਾਏ ॥680॥

॥ ਦੋਹਰਾ ॥

ਏਕ ਨਿਸਾ ਬਸ ਕਰ ਗੁਰੂ ਭੋਰਿ ਚੜੇ ਸੁਖਦਾਈ ॥
ਬੀਰ ਸਿੰਘ ਪ੍ਰੀਤਿ ਗਾਯੋ ਹੌਲਿ ਆਵੋ ਧਾਇ ॥781॥

॥ ਚੌਪਈ ॥

ਸੁਤ ਬਚਨ ਕਰ ਬਡ ਸੁਖ ਪਾਵਾ ॥ ਸਤਗੁਰ ਬਾਨੀ ਮੋ ਮਨ ਲਾਵਾ ॥
ਖਡੂਰ ਪਾਸ ਗਏ ਸੁਖਦਾਈ ॥ ਭੇਟਾ ਦੀਨੀ ਗੁਰ ਬਿਗਸਾਈ ॥782॥

---

1. ਅ ਪੋਥੀ ਪਾਠਾਂਤਰ: ਤਰਨ ਤਾਰਨ ਬੀ ਨਿਹੰਗ ਲਏ ਪ੍ਰਜਾਰਨ ਸਾਥ ॥ 2. ਅ ਪੋਥੀ ਮਿਲਨ 3. ਅ ਪੋਥੀ ਟੁਕੜਾ 4. ਅ ਪੋਥੀ ਕਮਦਾਰਾਜੁ 5. ਅ ਪੋਥੀ ਕਰਮਨ 6. ਅ ਪੋਥੀ ਦਯੋ 7. ਅ ਪੋਥੀ ਮਾਲਕਕੋ 8. ਅ ਪੋਥੀ ਪਾਠਾਂਤਰ : ਨਿਹੰਗੜਯੋ ਤਬ ਕੀਨੀ ਰਾਰ ॥

ਗੋਬਿੰਦਵਾਲ ਸਿਵਰ[1] ਲਗਾਵਾ ॥ ਬਾਪੀ ਨ੍ਹਾਨ ਕਰਾ ਸੁਖ ਪਾਵਾ ॥
ਦੀਨ ਉਪਾਰਿਨ ਗੁਰ ਸੁਖਦਾਈ ॥ ਸੰਗਤ ਆਈ ਬਹੁਤੀ ਧਾਈ ॥783॥
ਲਾਗੀ ਭੇਟਾ ਚੜ੍ਹਨ ਅਪਾਰੀ ॥ ਕੌਨ ਗਿਨੇ ਵਿਛੁ ਵਾਰੈ ਨ ਪਾਰੀ ॥
ਨਿਸਾ ਬਿਤਾਇ ਚਢੇ ਸੁਖਦਾਈ ॥ ਆਪਗਾ ਪਾਰ ਗਏ ਹਰਖਾਈ ॥784॥
ਸੁਲਤਾਨ ਪੁਰ ਮੈ ਜਾਇ ਬਿਰਾਇ[2] ॥ ਗੁਰਦਾਰਨਿ ਬਹੁ ਭੇਟ ਚਢਾਏ ॥
ਏਕ ਨਿਸਾ ਸੁਖ ਸਾਥ ਬਿਤਾਈ ॥ ਚੜ ਕਰ ਦਖਣੀ ਗਏ ਸੁਖਦਾਈ ॥785॥
ਸਾਧ ਸੰਤ ਆਏ ਬਹੁ ਧਾਇ ॥ ਆਪੋ ਅੰਪੋਨੀ ਭੇਟ ਚਢਾਇ ॥
ਕੋਇਕ ਦਿਨ ਗੁਰ ਤਹਾਂ ਰਹਾਨੇ ॥ ਊਨੇ ਓਰਿ ਚਢੇ ਸੁਖਦਾਨੇ ॥786॥

(ਸੰਤ ਸਿੰਘ ਗਿਆਨੀ ਦੀ ਕਥਾ)

॥ ਦੋਹਰਾ ॥

ਲੁਕੜੇ[3] ਤੇ ਜੁਗ ਕੋਸ ਭਰ ਗੁਰ ਜੀ ਸਿਵਰ ਲਗਾਇ ॥
ਸੰਤ ਸਿੰਘ ਗਿਆਨੀ ਹੁਤਾ ਲੁਕੜੇ[4] ਮੈ ਸੁਨ ਪਾਇ ॥787॥
ਭਾਈ ਮਾਨਵ ਇਕ ਪਠਾ ਬਾਬੇ ਕਾਨ[5] ਹਰਿ ਓਰਿ ॥
ਅਰਜੀ ਗੁਰ ਅਗਰਜ ਕਰੋ ਦਰਸਨ ਇਛਾ ਮੋਰਿ ॥788॥

॥ ਚੌਪਈ ॥

ਇਮ ਮਾਨਵ ਨੇ ਆਨ ਸੁਨਾਵਾ ॥ ਬਾਬੇ ਤਿਸੁ ਪ੍ਰਤਿ ਬੈਨ ਅਲਾਵਾ ॥
ਬੈਠੋ ਪੂਛੇ ਗੁਰ ਤੇ ਜਾਈਂ ॥ ਜਾਇ ਗੁਰੂ ਪ੍ਰਤਿ ਅਰਜੀ ਗਾਈ ॥789॥
ਭਾਈ ਸੰਤਾ ਸਿੰਘ ਜੁ ਗਯਾਨੀ ॥ ਮਾਨਵ ਭੇਜਾ ਸੁਖਮਾਖਾਨੀ ॥
ਦਰਸਨ ਕੀ ਮਨ ਇਛਾ ਧਾਰੀ ॥ [6]ਰਾਵਰ ਆਇਸ ਚਹੇ ਮੁਰਾਰੀ[6] ॥790॥
ਸ੍ਰੀ ਕਮਲਾਨਨ ਗਿਰਾ ਅਲਾਈ ॥ ਆਵੈ ਦਰਸਨ ਕਰੈ ਹਿਤੁ ਲਾਈ ॥
ਬਾਬੇ ਕਾਨ ਸਿੰਘ ਨਰ ਪ੍ਰੇਰਾ ॥ ਜਾਇ ਕਹੋ ਅਬ ਕਰੋ ਨ ਦੇਰਾ ॥791॥
ਸੁਨ ਭਾਈ ਚਲ ਦਰਸਨ ਆਯੋ ॥ ਫਲ[7] ਸੁਭ[7] ਡਾਲੀ ਬਹੁਤ ਲਿਆਯੋ ॥
ਇਕਿਵੰਜ ਰਜਤ ਪਣ ਅਗ੍ਰ ਧਰਾਇ ॥ ਪਾਦ ਪਦਮ ਪਰ ਸੀਸ ਨਿਵਾਇ ॥792॥
ਬੈਠਿ ਜਾਹੁ ਸਤਿਗੁਰੂ ਬਖਾਨਾ ॥ ਸੁਨ ਗੁਰਬਾਨੀ ਮਨ ਹਰਖਾਨਾ ॥
ਬੈਠਿ ਗੰਯਾ ਜਬ ਜੁਗ ਕਰ ਜੋਰੀ ॥ ਕਹੀ ਕਿਰਾ ਗੁਰ ਸੁਧਾ ਨਿਚੋਰੀ ॥793॥

॥ ਦੋਹਰਾ ॥

ਭਾਈ ਜੀ ਪ੍ਰਸੰਨ ਹੋ ਸੁਨ ਭਾਈ ਹਰਖਾਇ ॥
ਪਾਨ ਜੋਰ ਕਰ ਕਹਤ ਭਾ ਆਪ ਮਯਾ ਸੁਖਦਾਇ ॥794॥

॥ ਚੌਪਈ ॥

ਜਿਸੇ ਬੁਲਾਵੋ ਗੁਰ ਸੁਖਦਾਈ ॥ ਭਵ ਤੇ ਤਾਰੋ ਬਿਲਮ ਨ ਰਾਈ ॥
ਮੋ ਕੋ ਦਾਸਨ ਦਾਸ ਪਛਾਨੋ ॥ ਪਤਿਤ ਉਧਾਰਨ ਤੁਮਰੋ ਬਾਨੋ ॥795॥

---

1. ਮੂਲ ਪੋਥੀ ਸੁ ਸਿਵਰ 2. ਅ ਪੋਥੀ ਥਿਰਾਨੇ 3. ਅ ਪੋਥੀ ਲੁੜਕੇ 4. ਅ ਪੋਥੀ ਲੁੜਕੇ 5. ਅ ਪੋਥੀ ਕਾਨ ਸਿੰਘ 6. ਅ ਪੋਥੀ ਪਾਠਾਂਤਰ ਆਗਯਾ ਚਾਹੇ ਆਪ ਮੁਰਾਰੀ 7. ਅ ਪੋਥੀ ਫਲਨ ਸੁ

ਕਹ੍ਯੋ ਹੁਜੂਰ ਸੁਨੋ ਤੁਮ ਭਾਈ ॥ ਸ੍ਰੀ ਦਰਬਾਰ ਗਯਾਨ[1] ਅਲਾਈ ॥
ਏਕ ਪ੍ਰਸ਼ਨ ਕਾ ਉਤਰ ਦੇਵੋ ॥ ਗੁਰੂ ਗ੍ਰੰਥ ਕਾ ਜਾਨਤ ਭੇਵੋ ॥796॥
ਗਯਾਨ ਅਸੀਕਾ[2] ਕਾ ਕੋ[2] ਹੈ ਗਯਾਨਾ ॥ ਮਮ ਸਮਝਾਵੋ ਤੁਮ ਬੁਧਵਾਨਾ ॥
ਸੁਨ ਕਰ ਭਾਈ ਗਿਰਾ ਅਲਾਈ ॥ ਆਪ ਚਰਨ ਗਯਾਨ ਸੁਖਦਾਈ ॥797॥

॥ ਦੋਹਰਾ ॥

ਭਾਈ ਬਾਨੀ ਅਕਨ ਕਰ ਕਹਯੋ, ਗੁਰੂ ਸੁਖਦਾਇ ॥
ਗਯਾਨ ਗਯਾਨ ਸੰਤੋਖੁ ਹੈ ਸੁਨ ਭਾਈ ਹਰਖਾਇ ॥798॥

॥ ਚੌਪਈ ॥

ਪਾਨ ਜੋਰ ਕਹਯੋ ਤਬ ਭਾਈ ॥ ਬਿਨਾ ਆਪ ਕੋ ਅਸਿ ਸਮਝਾਈ ॥
ਜਿਸ ਪੁਰ ਮਯਾ ਕਰੋ ਸੁਖਦਾਤੇ ॥ ਤਿਸ ਸੰਤੋਖ ਦਿਯੋ ਹਰਖਾਤੇ ॥799॥
ਸੰਤੋਖੁਵਾਨੁ [ਪ੍ਰਭ][8] ਸਭੁ ਤੇ ਊਚਾ ॥ ਗਯਾਨ ਵਿਗਯਾਨ ਤਿਸੈ ਮਨ ਰੂਚਾ ॥
ਸਭ ਕੇ ਪ੍ਰੇਰਕ ਆਪ ਸੁਆਮੀ ॥ ਸਭ ਗੁਣ ਦਾਤੇ ਅੰਤਰਜਾਮੀ ॥800॥
ਸੁਨਾ[4] ਹਜੂਰ ਕਹਯੋ ਸੁਨ ਭਾਈ ॥ ਬੇਟਾ ਤੁਮੇਰਾ ਕਹਾ ਰਹਾਈ ॥
ਸੁਨ ਭਾਈ ਜੀ ਅਰਜਿ ਬਖਾਨੀ ॥ ਸਰਕਾਰ ਪਾਸਿ ਰਹੇ ਗੁਨ ਖਾਨੀ ॥801॥
ਭਨਯੋ ਗੁਰ ਤਿਸੁ ਲੇਹੁ ਹਟਾਈ ॥ ਗੁਰ ਘਰ ਛਾਡਨ ਨਹਿ ਭਲਿਆਈ ॥
ਖਿਤਾਬਿ ਗਯਾਨੀ ਅਹੈ ਤੁਮਾਰਾ ॥ ਰਾਟ ਪੈ ਜਾਵਿਨੋ ਨ ਭਲਕਾਰਾ ॥802॥

॥ ਦੋਹਰਾ ॥

ਭਾਈ ਕਹੈ ਮੈ ਕਹਿ ਰਹਯੋ ਕਹਯੋ ਨ ਮਾਨੈ ਏਕ ॥
ਭਨਾ ਗੁਰੂ ਦੁਖ ਪਾਏਗੋ ਰਿਦੇ ਮੈ ਧਾਰੋ ਟੇਕ ॥803॥

॥ ਚੌਪਈ ॥

ਸੁਨ ਕਰ ਭਾਈ ਤੂਸਨ ਧਾਰੀ ॥ ਗੁਰੂ ਗਿਰਾ ਹੈ ਸਦ ਸਚਿਆਰੀ ॥
ਇਕ ਸੇਵਕ ਕੋ ਗੁਰੂ ਹਕਾਰਾ ॥ ਫਲ ਬਰਤਾਵੋ ਕਰੋ ਨ ਬਾਰਾ ॥804॥
ਮਾਨ ਬਚਨ ਸਭ ਬਾਂਟਨ ਕੀਨਾ ॥ ਭਾਈ ਕੇ ਮਨ ਹਰਖ ਨਵੀਨਾ ॥
ਰੁਪੈਯੇ ਮੋੜੇ ਗੁਰ ਸੁਖਦਾਈ ॥ ਭਾਈ ਬਿਨਤੀ ਬਹੁੜੋ[5] ਗਾਈ ॥805॥
ਲੰਗਰ ਕੁਣਕਾ ਗੁਰ ਜੀ ਪਾਵੋ ॥ ਦਯਾ ਕਰੋ ਨਹਿ ਮੋੜਿ ਦਿਵਾਵੋ ॥
ਸ੍ਰੀ ਹਜੂਰ ਜੀ ਗਿਰਾ ਬਖਾਨੀ ॥ ਸ੍ਰੀ ਦਰਬਾਰ ਕਾ ਅਹੈ[6] ਗਯਾਨੀ ॥806॥
ਪੂਜਾ ਅੰਸ[7] ਨ ਹਮ ਕ੍ਰਿਸ[7] ਲੇਵੈ ॥ ਕਿਰਤ ਕਰੇ ਤਿਸ ਕਾ ਹਮ ਜੇਵੈ ॥
ਸੁਨ ਕਰ ਭਾਈ ਤੂਸਨ ਧਾਰੀ ॥ ਦਿਖ ਗੁਰ ਸੂਰਤ ਭਾ ਬਲਿਹਾਰੀ ॥807॥

---

1. ਅ ਪੋਥੀ ਤੁਮ ਗੁਯਾਨੁ 2. ਅ ਪੋਥੀ ਅਸੀ ਕੋ ਨਾ 3. ਅ ਪੋਥੀ ਵਿਚੋਂ
4. ਅ ਪੋਥੀ ਪਾਨੁ 5. ਅ ਪੋਥੀ ਬਹੁਰੋ 7. ਅ ਪੋਥੀ ਹੇਤ 8. ਅ ਪੋਥੀ ਪਾਠਾਂਤਰ : ਨਹ ਕਿਸੁ ਨੋ

॥ ਦੋਹਰਾ ॥
ਹਾਥ ਜੋਰ[1] ਕਰ ਕਹਿਤ ਭਾ ਆਇਸ ਦੇਹੁ ਦਯਾਲ ॥
ਸਿਰੋਪ ਇ ਸਤਿਗੁਰ ਦਯੋ ਲੀਨੋ ਧਰ ਕਰ ਭਾਲ ॥808॥
॥ ਚੌਪਈ ॥
ਲੁੜਕੇ ਓਰਿ ਸੁਖ ਪਾਈ ॥ ਬਾਰ ਬਾਰ ਗੁਰ ਕੇ ਗੁਨ ਗਾਈ ॥
ਕੂਚ ਕਰਾ ਤਬ ਗੁਰ ਬਿਨੁ ਦੇਰੀ ॥ ਜਿਨ ਸਿਖਨ ਕੀ ਕਾਟੀ[2] ਬੇਰੀ ॥809॥

(ਬਾਬਾ ਸਾਹਿਬ ਸਿੰਘ ਨੇ ਊਨੇ ਆਉਣਾ)

ਸਨੇ ਸਨੇ ਚਲ ਊਨੇ ਗਏ ॥ ਸਿਖ ਸੰਤ ਮਿਲਿ ਮਿਲਿ ਹਰਖਏ ॥
ਊਨੇ ਕੌ[3] ਗੁਰ[3] ਪੂਨਾ ਕੀਨਾ ॥ ਗੁਰੂ ਮਯਾ ਤੇ ਆਨੰਦ ਦੀਨਾ ॥810॥
ਏਕ ਦਿਨਾ ਗੁਰ ਚਲੇ ਸਿਕਾਰਾ ॥ ਸੈਨਾ ਚਾਲੀ ਸਾਥ ਅਪਾਰਾ ॥
ਚੁਰੜੂ ਪਾਸਿ ਜਾਇ ਥਿਰਾਨੇ ॥ ਭਤੀਜੇ ਪ੍ਰਤਿ ਗੁਰ ਬੈਨ ਬਖਾਨੇ ॥811॥
ਖਿਲੋ ਸਿਕਾਰ ਦੇਰਿ ਮਤਿ ਕੀਜੈ ॥ ਸੂਰਨਿ ਪਾਤੋ ਸੁਖ ਬਡ ਲੀਜੈ ॥
ਪਾਸਿ ਬਿਰਾਜੇ ਊਚੇ ਥਾਨਾ ॥ ਪਰਮ ਕੌਤਕੀ ਗੁਰ ਭਗਵਾਨਾ ॥812॥

(ਸੂਰ ਦੀ ਮੁਕਤੀ ਕਰਨੀ)

ਏਕ ਬਰਾਹਿ ਆਵਾ ਗੁਰ ਓਰਿ ॥ ਜਾਹਿ ਥਿਰੇ ਬੇਦੀ ਕੁਲ ਮੌਰਿ ॥
ਕਤਲੀ[4] ਤੀਖੀ ਬਡੋ ਅਕਾਰਾ ॥ ਜਿਸ ਕੇ ਬਲ ਕਾ ਵਾਰ ਨ ਪਾਰਾ ॥813॥
ਜੁਗ ਕੂਰਕ ਗੁਰ ਦੀਨ ਛਡਾਈ ॥ ਘੇਰੁ ਲਿਯਾ ਤਿਨ ਨੇ ਬਲ ਪਾਈ ॥
ਚੰਦ੍ਰਹਾਸ ਇਕ[5] ਸਿਖ ਨੇ[5] ਮਾਰੀ ॥ ਪਰਾ ਧਰਨ ਪਰ ਪਾਇ ਪਸਾਰੀ ॥814॥
ਗੁਰੂ ਮਯਾ ਤੇ ਸੁਭ ਗਤਿ ਪਾਈ ॥ ਗਾ ਬੈਕੁਠ[6] ਗੁਰੂ ਨੁਤ ਗਾਈ ॥
ਜੈ ਜੈ ਜੈ ਬੇਦੀ ਕੁਲ ਈਸਾ ॥ ਕੌਯ ਕਰੈ ਤੁਮਰੀ ਜਗ ਰੀਸਾ ॥815॥
ਮੋਹਿ ਪਤਿਤੋਂ ਕਾ ਕਰੋ ਉਧਾਰਾ ॥ ਮੇਟਾ ਗਰ ਸੇ ਜਮ ਕਾ ਜਾਰਾ ॥
ਮਾਨਵ ਜੋ ਤੁਮ ਨਾਹਿ ਧਿਆਵੈ ॥ ਜਪੁ ਤਪੁ ਕਰੈ ਨਹੀ ਗਤਿ ਪਾਵੈ ॥816॥
ਅਨਿਕ ਜੋਨਿ ਭਰਮਤਿ ਦੁਖ ਪਾਯੋ ॥ ਕਰੀ ਮਯਾ ਗੁਰ ਲੀਨ ਛਡਾਯੋ ॥
ਬਾਰ ਬਾਰ ਤਵ ਚਰਣੁ ਪ੍ਰਣਾਮੂ ॥ ਜਨਮ ਮਰੰਨ ਮੇਟਾ ਮਮ ਆਗੂ ॥817॥
ਐਸੈ ਕਹਿ[7] ਬੈਕੁੰਠਿ ਪਧਾਰਾ ॥ ਜਿਨ ਦੇਖਾ ਤਿਨ ਅਚਰਜ ਧਾਰਾ ॥
ਸਿਖਨ ਅਰਜੀ ਕਰੀ ਬਨਾਇ ॥ ਇਸ ਕਾ ਭੇਦ ਦਿਯੋ ਸਮਝਾਇ ॥818॥
ਛਡ ਕਰਿ ਬਨੁ ਕੋ ਤੁਮ ਪਹਿ ਆਵਾ ॥ ਭਾ[8] ਮ੍ਰਿਤ ਪੁਨਿ ਉਸਤਤਿ ਗਾਵਾ ॥
ਸ੍ਰੀ ਕਮਲਾਨਨ ਗਿਰਾ ਅਲਾਈ ॥ ਇਸ ਕੀ ਗਾਥ ਸੁਨੋ ਮਨੁ ਲਾਈ ॥819॥
॥ ਦੋਹਰਾ ॥
ਕਲਗੀਧਰ ਕਾ ਸਿਖ ਥਾ ਕਰੀ ਅਵਗਯਾ ਤਾਂਹਿ ॥
ਗੁਰੂ ਗਿਰਾ ਤਬ ਅਸ ਕਹੀ ਜਾ ਸੂਕਰ ਬਨ ਜਾਹਿ[9] ॥820॥

---

1. ਅ ਪੋਥੀ ਜੋੜਿ 2 ਅ ਪੋਥੀ ਪਾਠਾਂਤਰ: ਕਾਟੀ ਹੈ 3. ਅ ਪੋਥੀ ਪਾਠਾਂਤਰ: ਕਿਉਂ ਕਰੋ 4 ਅ ਪੋਥੀ ਹੁੰਡਸੁ 5. ਅ ਪੋਥੀ ਪਾਠਾਂਤਰ: ਸਿਖਨ ਤਬ 6. ਅ ਪੋਥੀ ਪਾਠਾਂਤਰ: ਚਲਾ ਬੈਕੁੰਠ 7 ਅ ਪੋਥੀ ਕਹਿ ਕਰ 8. ਅ ਪੋਥੀ ਭਯਾ 9. ਅ ਪੋਥੀ ਜਾਇ

॥ ਚੌਪਈ ॥

ਗੁਰ ਕੇ ਬਚਨ ਸੂਕਰ ਤਨ ਪਾਯੋ ॥ ਹੋਇ ਦੁਖਤੋ ਚਲ ਸਰਨੀ ਆਯੋ ॥
ਸਤ ਸਤ ਸਭ ਸਿਖਨ ਗਾਵਾ ॥ ਕਰੀ ਮਯਾ ਤਬ[1] ਗੁਰੂ[1] ਛਡਾਵਾ ॥821॥
ਏਕ ਸਿਖ ਨੇ ਆਨ ਸੁਨਾਯੋ ॥ ਇਕ ਸੂਕਰ ਚਲ ਲੰਗਰ ਆਯੋ ॥
ਲਾਂਗਰੀਆਂ ਮਿਲ ਮਾਰਨ ਕੀਨਾ ॥ ਅਤਸੇ ਤਨ ਹੈ ਜਿਸ ਕਾ ਪੀਨਾ ॥822॥
ਭਨਾ ਹਜੂਰ ਨਹਿਚ੍ਾਵਨ ਪਰਾ ॥ ਆਪੇ ਆਵਾ ਸਰਧਾ ਧਰਾ ॥
ਗੁਰੂ ਕਿਰਪਾ ਤੇ ਮੁਕਤੀ ਪਾਵੈ ॥ ਜਨਮ ਮਰੰਨ ਕੇ ਘੇਰ ਨਾ ਆਵੈ ॥823॥
ਯੁਗ[2] ਸੂਰਨ[2] ਕ੍ਾ ਭਯੋ ਪ੍ਰਸਾਦਿ ॥ ਗੁਰ ਆਦਿ ਛਕਾ ਬਹੁ ਭਾ[3] ਅਹਿਲਾਦ ॥
ਖਿਲ੍ ਸਿਕਾਰ ਊਨੇ ਪੁਨਿ ਆਏ ॥ ਬੈਠ ਪਲਘ ਪਰ ਦਰਸ ਦਿਖਾਏ ॥824॥

(ਮੇਘ ਸਿੰਘ ਨੂੰ ਉਪਦੇਸ਼)

ਮੇਘ੍ ਸਿੰਘ ਇਕ ਸਾਧ ਸੁ ਆਈ ॥ ਸਬਦੰ ਗਾਣੈ ਪ੍ਰੀਤੀ ਲਾਈ ॥
ਲੰਗਰ ਮੁ ਕੋਲੇ ਇਕਰਾਵੇ ॥ ਗੁਰ ਅੰਗੀਠਾ ਆਨ ਜਗਾਵੈ[4] ॥825॥
ਗੁਰ ਮੋ ਨਿਸਚਾ ਹੈ ਜਿਸ ਭਾਰੀ ॥ ਸੇਵਾ ਕਰਤ ਪ੍ਰੀਤੀ ਧਾਰੀ ॥
ਮਨ ਮੋ ਚਾਹੇ[5] ਗੁਰ[5] ਉਪਦੇਸਾ ॥ ਜਨਮ ਮਰਨ ਕੀ ਮੇਟੇ ਲੇਸਾ ॥826॥

॥ ਦੋਹਰਾ ॥

ਭਾਈ ਬਲੂ ਕੋ ਕਰੈ ਅਰਜੀ ਕਹੈ ਹਜੂਰ ॥
ਦੇ ਉਪਦੇਸਿ ਸਤਿਗੁਰ ਮੁਝੇ ਮੇਟੇ ਮੋਹਿ ਵਿਸੂਰ ॥827॥

॥ ਚੌਪਈ ॥

ਭਾਈ ਕਹੇ ਨ ਕਾਹਲ ਕੀਜੈ ॥ ਸਮਾਂ ਪਾਇ ਉਪਦੇਸੰ ਲੀਜੈ ॥
ਏਕ ਦਿਨਾ ਭਾਈ ਜੀ ਗਏ ॥ ਹਜੂਰ ਸਾਮਨੇ ਜਾਇ ਥਿਰਏ ॥828॥
ਮੇਵਾ ਸਿੰਘ ਤਹਾਂ ਚਲ ਆਯੋ ॥ ਪਾਨ ਜੋਰ ਕਰ ਸੀਸ ਨਿਵਾਯੋ ॥
ਅੰਤਰਜਾਮੀ ਤਿਸੁ ਮਨ ਜਾਨੀ ॥ ਬੈਨ ਬਖਾਨਾ ਸੁਭ ਗੁਨ ਬਾਨੀ ॥829॥
ਭਾਈ ਬਲੂ ਲਕਰੀ[6] ਪੇਖੋ[6] ॥ ਸੜ ਕਰ ਕੋਲੇ ਹੋਵਤ ਦੇਖੋ[7] ॥
ਕੋਲੇ ਦੇਵਤ ਕਾਮ ਸਵਾਰੀ ॥ ਬਹੁੜ ਹੋਵਤ ਸੋ ਭੀ ਛਾਰੀ ॥830॥
ਭਾਂਡੇ ਮਾਜਨ ਕੇ ਕੰਮੁ ਆਵੈ ॥ ਲਕੜੀ ਏਤੇ ਕੰਮ ਕਰਾਵੈ ॥
ਖਟ ਪ੍ਰਕਾਰੁ ਭੋਜਨੁ ਇਹੁ ਖਾਵੈ ॥ ਦੇਹੀ ਕੋ ਅਤਿ ਪੁਸਟ ਕਰਾਵੈ ॥831॥
ਭੂਖਨ ਬਸਨਨਿ ਪਹਿਰੇ ਮੂਢਾ ॥ ਟੇਢੀ ਪਾਗ ਚਲਤ[9] ਅਰੂਢਾ ॥
ਭੋਗੇ ਭੋਗੰ ਮਨ ਹਰਖਾਈ ॥ ਸਭ ਤੇ ਜਾਨੇ ਅਪਨ ਬਡਾਰੀ ॥832॥
ਸਾਸ[9] ਅਮੋਲਕ[8] ਬਿਰਥਾ ਗਵਾਵੈ ॥ ਜਨਮ ਮਰਨ ਸੰਕਟਿ ਪੁਨਿ ਪਾਵੈ ॥
ਭਾਈ ਬਲੂ ਅਰਜ ਅਲਾਈ ॥ ਜੀ ਉਧਾਰ ਕਿਮ ਹੋਇ ਸੁਖਦਾਈ ॥833॥

---

1. ਅ ਪੋਥੀ ਪਾਠਾਂਤ: ਗੁਰ ਲੀਨ 2. ਅ ਪੋਥੀ ਪਾਠਾਂਤਰ: ਜੁਗਮ ਸੂਰਨ 3 ਅ ਪੋਥੀ ਭਯਾ 4. ਅ ਪੋਥੀ ਸੁਪਾਵੈ 5. ਅ ਪੋਥੀ ਪਾਠਾਤਰ: ਚਹਿਤ ਗੁਰਦੇ 6. ਅ ਪੋਥੀ ਪਾਠਾਂਤਰ: ਲਕਰ ਜੋ ਆਹੀ 7. ਅ ਪੋਥੀ ਜਾਹੀ 8. ਅ ਪੋਥੀ ਸੁਚਲਤ 9. ਅ ਪੋਥੀ ਪਾਠਾਂਤਰ : ਅਮੋਲ ਸਾਸ ਸੁ

॥ ਦੋਹਰਾ ॥

ਸ੍ਰੀ ਹਜੂਰ ਜੀ ਕਹਤ ਭੇ ਸੁਨ ਭਾਈ ਮਨੁ ਲਾਇ ॥
ਵਾਹਿਗੁਰੂ ਸਿਮਰਨ ਕਰੈ ਜਨਮ ਸੰਫਲ ਹੁਇ ਜਾਇ ॥834॥

॥ ਚੌਪਈ ॥

ਪਰ ਉਪਕਾਰ ਸੇਵ ਬਹੁ ਕੀਜੈ ॥ ਵੰਡ ਖਾਵਨ ਮੁ ਸਦ ਮਨ ਦੀਜੈ ॥
ਪਰ ਕਾ ਬੁਰਾ ਨ ਰਾਖੋ ਚੀਤ ॥ ਬਾਣੀ ਬੋਲੇ ਮੁਖ ਤੇ ਸੀਤ ॥835॥
ਮੇਘ ਸਿੰਘ ਸੁਨ ਹੋਵਾ ਮਗਨਾ ॥ ਗੁਰ ਪਗ ਜਿਸ ਕੀ ਲਾਗੀ ਲਗਨਾ ॥
ਗੁਰ ਕਿਰਪਾ ਤੇ ਸੁਭ ਗਤਿ ਪਾਈ ॥ ਗੁਰ ਕੀ ਸੇਵਾ ਸਦਾ ਸੁਖਦਾਈ ॥836॥
ਸੇਵਾ ਪੰਥੀ ਸਾਧੂ ਆਏ ॥ ਧਰ[1] ਪ੍ਰੀਤੀ ਗੁਰ ਦਰਸਨ ਪਾਏ ॥
ਜਥਾ ਸਕਤਿ ਤਿਨ ਭੇਟਾ ਰਾਖੀ ॥ ਤਿਨ ਪ੍ਰਤਿ ਗੁਰ ਜੀ ਬਾਨੀ[2] ਭਾਖੀ[2] ॥837॥
ਮੇਰੀ ਆਇਸ[3] ਤੁਮ ਕੌ ਭਾਈ[3] ॥ ਨਖਾ[4] ਦਸਾ ਕੀ[4] ਕ੍ਰਿਤ ਕਰ ਖਾਂਈ[5] ॥
ਦਰਸਧ ਲਿਯਾਵੰਤ ਮਨ ਹਰਖਾਈ ॥ ਗੁਰ ਦਫ਼ਤਰ ਪਰ ਲੇਖੈ ਪਾਈ ॥838॥
ਭਾਈ ਬਲੂ ਪ੍ਰਤਿ ਗੁਰ ਭਾਖਾ ॥ ਸੇਵਾ ਕੀਜੈ ਚਿਤ ਅਭਿਲਾਖਾ ॥
ਧਰਮਸਾਲ ਮੋ ਸਾਧੂ ਗਏ[6] ॥ ਪਖ ਦਿਨ ਰਹਿ ਗੁਰ ਦਰਸਨ ਕਏ ॥839॥
ਖੁਸੀ ਹੇਤ ਤਬ ਅਰਜੀ ਕੀਨੀ ॥ ਤਿਨ ਕੀ ਪ੍ਰੀਤੀ ਸਤਿਗੁਰ[7] ਚੀਨੀ ॥
ਵਾਹਿਗੁਰੂ[8] ਸਿਮਰੈ ਮਨ ਲਾਈ ॥ ਗੁਰ ਚਰਨਨ ਮੈ ਪ੍ਰੀਤ ਮਹਾਈ[8] ॥840॥
ਭਾਈ ਬਲੂ ਪ੍ਰਤ ਗੁਰ ਅਲਾਯੋ ॥ ਕਯੋ ਜਾਵਨ ਹਿਤ ਚਿਤ ਉਠਾਯੋ ॥
ਭਾਈ ਸੇਵਾ ਧਜ [ਜੀ][9] ਬੋਲੇ ॥ ਜਹ ਤਹ ਗੁਰ ਜੀ ਤੁਮਰੇ ਓਲੇ ॥841॥

॥ ਦੋਹਰਾ ॥

ਭਾਈ ਦਯਾਲੇ ਨੇ ਕਹਯੋ ਪਾਛੇ ਦੇਰੇ ਆਹਿ ॥
ਸੁਨ ਕਰ ਸਹਬ ਕਹਤ ਭੈ[10] ਸੁਨ ਭਾਈ ਮਨ ਲਾਇ ॥842॥

॥ ਚੌਪਈ ॥

ਸਫਲ ਘੜੀ ਵਾਹੀ ਤੁਮ ਜਾਨੋ ॥ ਸਾਹਿਬ ਸਾਥ ਜੁ ਹੈ ਗੁਜਰਾਨੋ ॥
ਡੇਰੇ ਕੀ ਚਿੰਤਾ ਮਤ ਕੀਜੈ ॥ ਸਤਨਾਮ ਸਿਮਰਨ ਮਨ ਦੀਜੈ ॥843॥
ਭਾਈ ਦੁਖ ਭੰਜਨ ਸਰਬ ਤਿਆਗ ॥ ਬਸਾ ਪਾਸ ਮਮ ਭਯੋ ਬਡਭਾਗ ॥
ਅਸਨ ਬਸਨ ਕੀ ਕਮੀ ਨ ਕਾਈ ॥ ਬੈਠੋ ਗੁਜਰ ਕਰੋ ਮਿਲ ਭਾਈ ॥844॥
ਅਮੀਰ ਸਿੰਘ ਜੀ[11] ਖੜਾ ਰਹਾਨਾ ॥ ਤਿਸ ਪ੍ਰਤਿ ਗੁਰ ਜੀ ਬੈਨ ਬਖਾਨਾ ॥
ਬੈਠ ਜਹਾਂ ਕਯੋ ਖੜਾ ਰਹਾਯੋ ॥ ਹਾਥ ਜੋਰਿ ਤਿਨ ਬੈਨ ਅਲਾਯੋ ॥845॥

---

1. ਮੂਨ ਪੋਥੀ ਪਰੁ 2. ਅ ਪੋਥੀ ਪਾਠਾਂਤਰ: ਗਿਰਾ ਸੁਭਾਖੀ 3. ਅ ਪੋਥੀ ਪਾਠਾਂਤਰ: ਤੁਮ ਕਉ ਆਹਿ 4. ਅ ਪੋਥੀ ਪਾਠਾਂਤਰ: ਦਸਾ ਨਖਾ 5. ਅ ਪੋਥੀ ਮਾਹਿ 6. ਅ ਪੋਥੀ ਚੱਲ ਗਏ 7. ਅ ਪੋਥੀ ਸਤਿਕਰੁ 8. ੲ ਪੋਥੀ ਸਤਿਨਾਮੁ 9. ਅ ਪੋਥੀ ਵਿਚੋਂ 10. ਅ ਪੋਥੀ ਭਏ 11. ਅ ਪੋਥੀ ਤਬ

॥ ਦੋਹਰਾ ॥
ਸੀਤ ਦਿਵਸ ਆਏ ਅਬੈ ਬਸਨ ਬਨਾਵੋ ਜਾਇ ॥
ਕਹਯੋ[1] ਨ ਚਿੰਤਾ ਕਰ ਰਿਦੈ ਈਹਾਂ ਲੇਹੁ ਬਨਾਇ ॥846॥
॥ ਸੋਰਠਾ ॥
ਐਸੇ ਸ੍ਰੀ ਗੁਰ ਦਯਾਲ ਅਸਨ ਬਸਨ ਤਿਨ ਦੇਤ ਭੇ[2] ॥
ਸਭ ਕੀ ਕਰਤੇ ਪਾਲ ਦੀਨ ਦਿਯਾਲ ਹੈ ਬਿਰਦ ਜਿਨ ॥847॥

(ਭਾਈ ਸੇਵਾ ਸਿੰਘ ਨੂੰ ਉਪਦੇਸ਼)

॥ ਦੋਹਰਾ ॥
ਭਾਈ ਸੇਵਾ ਸਿੰਘ ਨੇ ਬਿਨੇ ਭਨੀ ਕਰ ਜੋਰ ॥
ਚਰਨਨ ਪ੍ਰੀਤੀ ਦੀਜੀਏ ਇਹ ਬਿਨਤੀ ਹੈ ਮੋਰ ॥848॥
॥ ਚੌਪਈ ॥
ਭਨਾ ਹਜੂਰ ਭਾਈ ਸੁਨ ਲੀਜੈ ॥ ਚਰਨਨ ਪ੍ਰੀਤੀ ਕਠਨ ਲਖੀਜੈ ॥
ਪਾਦ ਪਦਗ ਜਿਨ ਪ੍ਰੀਤੀ ਪਾਈ ॥ ਤਨੁ ਧਨੁ ਸੁਤ ਘਰੁ ਦੀਨ ਭਲਾਈ ॥849॥
ਸ੍ਰੀ ਅੰਗਦ[3] ਜੀ ਬੈਨ ਬਖਾਨਾ ॥ ਭਾਈ ਸੁਨੀਏ ਦੇ ਕਰ ਕਾਨਾ ॥
॥ ਤਥਾ ਸਲੋਕੁ ॥
ਜੋ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰ ਧਰੁ ਤਲੀ ਗਲੀ ਮੇਰੀ ਆਉ ॥
[4]ਇਤਿ ਮਾਰਗੁ ਪੈਰੁ ਧਰੀਜੈ ॥ ਸਿਰ ਦੀਜੈ ਕਾਣ ਨ ਕੀਜੈ ॥[4]
ਸਿਰ ਦੇਨਾ ਹੈ ਅਤ ਕਠਨਾਈ ॥ ਬਿਨ ਦੀਏ ਨਹਿ ਪ੍ਰੀਤਮ ਪ੍ਰਾਈ ॥850॥
ਭਾਈ ਅਰਜੀ ਪੁਨਾ ਬਖਾਨੀ ॥ ਬਖਸੋ ਆਪ ਸਰਬ ਗੁਨ ਖਾਨੀ ॥
ਕਹਯੋ ਹਜੂਰ ਨਹਿ ਚਿੰਤਾ ਕੀਜੈ ॥ ਵਾਹਿਗੁਰੂ ਸਿਮਰਨ ਮਨੁ ਦੀਜੈ ॥851॥
ਪੂਤ ਆਦਿ ਕੀ ਪ੍ਰੀਤ ਤਿਯਾਗੋ ॥ ਕਾਮ ਆਦਿ ਤੇ ਦੂਰੋ ਭਾਗੋ ॥
ਮਨ ਮੈ ਨਿਸਚਾ ਗਯਾਨੰ ਧਾਰੋ ॥ ਮੇਰੇ ਤੇਰ ਸਭ ਮਨ ਤੇ ਟਾਰੋ ॥852॥
ਮਰਨਾ ਮਨ ਤੇ ਨਾਹਿ ਬਿਸਾਰੋ ॥ ਸੋਕ ਹਰਖ ਨਹਿ ਮਨ ਮੈ ਧਾਰੋ ॥
ਸੁਨ ਭਾਈ ਗੁਰ ਚਰਨ ਗਹਾਨੇ ॥ ਜਿਸ ਕੇ ਜਾਗੇ ਭਾਗ ਮਹਾਨੇ ॥853॥
ਮਨ ਮੈਂ ਹੋਵਾ ਤਤੁਖਿਨ ਮਗਨਾ ॥ ਲਗੀ ਗੁਰੂ ਪਗ ਅਤਸੇ ਲਗਨਾ ॥
ਜੁਗਮ ਘਟੀ ਲਗ ਤੂਸਨ ਧਾਰੀ ॥ ਗੁਰ ਕੀ ਉਸਤਤਿ ਕਰੀ ਅਪਾਰੀ ॥854॥
ਕਵੀ ਕਹੈ ਕਹੋਂ ਇਕ ਸਾਖੀ ॥ ਜੋ ਵਰਤੀ ਸੋ ਦੇਵੋ ਭਾਖੀ ॥

(ਖਾਨ ਕੋਟ ਦੇ ਸਿਖ ਦੀ ਕਥਾ)

ਖ਼ਾਨ ਕੋਟ ਵਿਚੁ ਸਿਖੁ ਕਹਾਵੈ ॥ ਬਿਹਾਰੇ ਕਰ ਗੁਜਰਾਨ ਚਲਾਵੈ ॥855॥
ਬੇਚੀ ਬਸਤ ਸਦਨ ਕੋ ਚਾਲ ॥ ਸੌਦਾ ਘੋੜੇ ਜਿਨ ਕੇ ਨਾਲ ॥
ਚੰਦ੍ਰਭਾਗ ਕੇ ਗਏ ਕਨਾਰੇ ॥ ਅਪਰਾ ਚਢੀ ਨ ਆਵੈ ਵਾਰੇ ॥856॥

---

1. ਅ ਪੋਥੀ ਪਾਠਾਂਤਰ : ਕਹਯੋ ਹਜੂਰਿ ਬੈਠਿ ਜ਼ਾਹੁ ਤੁਮ ਈਹਾਂ ਲੇਹੁ ਬਨਾਇ 2. ਅ ਪੋਥੀ ਭਏ
3. ਗੁਰੂ ਨਾਨਕ ਸ਼ੁਧ ਹੈ : 4. ਮੂਲ ਪੋਥੀ ਵਿਚ ਪਾਠ ਅਸ਼ੁਧ ਪਾਠ ਹੈ :
ਸਿਰ ਦੀਜੈ ਕਾਣ ਨ ਕੀਜੈ ॥ ਇਉ ਇਤ ਮਾਰਗ ਪਾਵ ਧਰੀਜੈ ॥

|| ਦੋਹਰਾ ||

ਕਵੀ ਕਹੇ ਹਮ ਜਾਨ ਥਾ ਚੰਦ੍ਰਭਾਗ ਕੇ ਪਾਰ ||
ਨਦੀ ਕਿਨਾਰੇ ਸਿਖ ਮਿਲੇ ਬਿੜ[1] ਪ੍ਰੀਤਿ ਤਿਨ੍ਹ ਧਾਰ ||857||

|| ਚੌਪਈ ||

ਬੇੜੀ ਊਪਰਿ ਸਭ ਚੜਿ ਚਾਲ || ਹੈ ਗੌ ਮਹਿਖੀ ਮਾਨਵ ਨੌਲ ||
ਕਰਨਧਾਰ ਨੇ ਤਰੀ ਚਲਾਈ || ਚਲ ਕਰੁ ਨੌਕਾ ਮਧੁ ਜਬ ਆਈ ||858||
ਕਪਰ ਮਾਂਹਿ ਤਬ ਜਾਇ ਪਰਾਨੀ || ਕੇਵਟ ਨੇ ਤਬੰ ਚਉਰੀ ਬਾਨੀ ||
ਹਮਰੋ ਬਲ ਨਹਿ ਕੁਛੂ ਰਹਾਵਾ || ਗੁਰੂ ਪੀਰ ਲਿਹੁ ਆਪ[2] ਮਨਾਵਾ ||859||
ਹੈ ਗੈ ਮਹਿਖੀ ਦੀਨ ਉਤਾਰੀ || ਨਰ ਨਾਰੀ ਹੜ[3] ਚਲੇ ਅਪਾਰੀ ||
ਕੇਵੱਟ[4] ਬੇੜੀ ਦੀਨ ਤਿਯਾਗੀ || ਮਾਰੀ ਛੌਲ ਪ੍ਰਾਣ ਰਤ ਜਾਗੀ ||860||
ਹਾਹਾਕਾਰ ਭਯੋ ਤਬ ਭਾਰੀ || ਕੌਨ ਕਿਸੀ ਕੀ ਲਵੈ ਸਾਰੀ ||
ਬੇੜੀ ਕੰਧਾ ਬਾਲੂ ਘੇਰਾ || ਦੂਜੇ ਕੰਧਾ ਭਯੋ ਉਚੇਰਾ ||861||

|| ਦੋਹਰਾ ||

ਕਵੀ ਕਹੇ ਦਸ ਸਿਖ ਵਹੁ ਮਾਈ ਹਮਰੀ ਨਾਲ ||
ਦ੍ਵੈਦਸ ਨੌਕਾ ਪਰ ਖੜੇ ਦੁਖਤ ਭਏ ਤ੍ਰਿਸ ਕਾਲ ||862||

|| ਚੌਪਈ ||

ਜੀਵਨ ਆਸ ਟੂਟ ਹਮ[5] ਗਈ || ਗੁਰ ਸਾਹਿਬ ਸਿੰਘ ਸਰਨ ਦ੍ਰਿੜ ਲਈ ||
ਸੁਖਨਾ ਗੁਰ ਕੀ ਕਰੀ ਬਨਾਇ || ਅਰਦਾਸ ਕਰੀ ਅਤਸੇ[6] ਨ੍ਰਿਮਾਇ[6]. ||863||
ਊਨੇ ਕੀ ਅਬ ਸੁਨੀਏ ਗਾਥਾ || ਛੁਟੀ ਗੁਰ ਜੀ ਲੀਨੀ ਹਾਥ ||
ਭੀਤ ਸਾਥ ਲਾਈ ਜੁਗ ਬੇਰੀ || ਤਤੁਖਿਨੁ ਕੀਨੀ ਸੁਧੀ ਬੇਰੀ ||864||
ਭਾਈ ਸਬਾਏ ਪੂਛਨ ਕੀਨਾ || ਕਹਾਂ ਕਰਤ ਹੋ ਗੁਰ ਪ੍ਰਬੀਨਾ ||
ਨੌਕਾ ਕੀਨ ਪਾਰ ਗੁਰ ਕਹਯੋ || ਸਿਖਨ ਨੇ ਦੁਖ ਬਹੁਤਾ ਸਹਯੋ ||865||
ਬਿਨ ਮਲੱਾਹ ਬੇੜੀ ਭੀ[7] ਪਾਰ || ਸਿਖਨ ਕੀ ਕੀਨੀ ਪ੍ਰਤਪਾਰ ||
ਦ੍ਵੈਦਸ ਮਾਨਵ ਗੁਰੂ ਬਚਾਏ || ਅਵੱਰ ਨ ਬਾਚੇ ਬੀਚ ਰਹਾਏ ||866||
ਦਾਸ ਸਹਾਇ ਕਰੀ ਸੁਖਦਾਈ || ਜੇ ਕੋ ਲੇਵੈ ਗੁਰ ਸਰਨਾਈ ||
ਭਵ ਸਾਗਰ ਤੇ ਪਾਰ ਉਤਾਰੈ || ਸੋਭਾ ਜਾਵਤ ਸਦੇ ਬਲਿਹਾਰੈ ||867||

|| ਦੋਹਰਾ ||

ਸਯਾਲ ਦਿਨਾ ਸੰਗਤ ਅਤੀ ਸੂਾਇ ਮਧ ਜਬ ਆਇ ||
ਬਰਖਾ ਆਈ ਅਤ ਘਨੀ ਲਾਗਾ ਸੀਤ ਕੰਪਾਇ ||868||

---

1. ਮੂਲ ਪੋਥੀ ਫਿਨ 2. ਅ ਪੋਥੀ ਆਪਨ 3. ਅ ਪੋਥੀ ਲੜ 4. ਅ ਪੋਥੀ ਮਲਾਹਨ 5. ਅ ਪੋਥੀ ਸੋ 6. ਅ ਪੋਥੀ ਪਾਠਾਂਤਰ : ਅਤਿ ਦੀਨ ਮਾਇ 7. ਅ ਪੋਥੀ ਭਈ

ਦਿਵਾਨਖਾਨੇ ਗੁਰ ਹੁਤੇ ਸੇਵਕ[1] ਲੀਨ ਬੁਲਾਇ ॥
ਆਨ[2] ਦੋਸਾਲਾ ਦੇਰ ਬਿਨ[2] ਸੀਤ ਭਯੋ ਅਧਿਕਾਇ ॥869॥

॥ ਚੌਪਈ ॥

ਪੁਨਹ ਦੁਸਾਲਾ ਔਰ ਮੰਗਾਵਾ ॥ ਧਾਰਾ ਤਨ ਪਰ ਸੀਤ ਗਵਾਵਾ ॥
ਬਰਖਾ ਤੁਤਖਿਨ ਹਟਤੀ[3] ਭਈ ॥ ਸੰਗਤਿ ਹਰਖਤ ਉਨੇ ਅਈ[4] ॥870॥
ਆਇ ਹਜੂਰ ਤਿਨ ਬੰਦਨ ਕੀਨੀ ॥ ਭੇਟਾ ਰਾਖੀ ਪ੍ਰੀਤ[5] ਨਵੀਨੀ[5] ॥
ਸੁ ਹਜੂਰ ਖੀ ਗਿਰਾ ਅਲਾਈ ॥ ਬਰਖਾ ਆਈ ਕਿਤ ਬਰਖਾਈ ॥871॥
ਹਾਥ ਜੋਰ ਤਿਨ ਬਿਨੈ ਬਖਾਨੀ ॥ ਆਪ ਮਯਾ ਕਰਿ ਕੀਨੀ ਹਾਨੀ ॥
ਸ੍ਵਾਇ ਮਧੁ ਬਰੁਖਾ ਜਬ ਆਈ ॥ ਭਯੋ ਸਤਿ ਸੰਗਤਿ ਦੁਖੁ ਪਾਈ ॥8772॥
ਨਾਮ ਆਪ ਕਾ ਸਬਨ ਉਚਾਰਾ ॥ ਸੀਤੰ ਦੀਜੈ[6] ਆਪੁ ਨਿਵਾਰਾ ॥
ਰਾਵਰ ਮਯਾ ਐਸ ਤਬ ਹੋਈ ॥ ਬਰਖਾ ਸੀਤ ਗਏ ਜੁਗ ਖੋਈ ॥873॥

॥ ਦੋਹਰਾ ॥

ਸਿਖਨ ਹਿਤ ਜਾੜਾ ਧਰਾ ਬੇਦੀ ਕੁਲ ਕੇ ਨਾਥ ॥
ਸਿਖ ਗੁਰੂ ਕੇ ਰੋਮ ਹੈਂ ਰਹੋ ਸਦਾ ਤਿਨ ਸਾਥ ॥874॥

॥ ਚੌਪਈ ॥

ਟਾਲ੍ਹੀ ਇਕੁ ਬਨੁ ਸੋ ਕਟਵਾਈ ॥ ਬੀਸ[7] ਰਹੀ ਅਤਿ[7] ਲੰਮਵਾਈ ॥
ਗਾਡੇ ਪਰ ਜਬ ਪਾਵਨ ਲਾਗੇ ॥ ਨ ਜਾਇ ਉਠਾਵ ਦੁਖ ਮੋ ਪਾਗੇ ॥875॥
ਗੁਰ ਆਗੇ ਕੀਨੀ ਅਰਦਾਸ ॥ ਕਾਰਜ ਲਿਯਾਵੋਂ ਸ੍ਰੀ ਗੁਰ ਰਾਸ ॥
ਕਰਿ ਅਰਦਾਸੁ ਚਢਾਵਨ ਲਾਗੇ ॥ ਚਢਗ੍ਹੀ ਤਤਖਿਨ ਹਰਖੰ ਪਾਗੇ ॥876॥
ਲਯਾਏ ਨਰੰ[8] ਮਿਲ[9] ਦੇਰੁ ਨ ਕੀਨੀ ॥ ਨਿਸਚੇ ਮਯਾ ਗੁਰੂ ਕੀ ਚੀਨੀ ॥
ਆਇ ਹਜੂਰ ਬੰਦਨਾ ਗਾਈ ॥ ਪੂਛਤ ਭਏ ਸ੍ਰੀ ਗੁਰ ਸੁਖਦਾਈ ॥827॥
ਬਡਿ ਸਹਿਤੀ ਰਲਿ ਲਿਆਵਨ ਕੀਨਾ ॥ ਅਤਿਸੇ ਲਾਵਾ ਬਲੁ ਤੁਮ ਪੀਨਾ ॥
ਹਾਥ ਜੋਰੁ ਤਿਨ ਅਰਜੀ ਗਾਈ ॥ ਆਪ ਚਢਾਵਾ[8] ਗੁਰ ਸੁਖਦਾਈ ॥

॥ ਦੋਹਰਾ ॥

ਕਾਂਧ ਦਿਖਾਵਾ ਸਤਿਗੁਰੂ ਲਾਲੀ ਦ੍ਰਿਸਟੀ ਆਇ ॥
ਜਬ ਅਰਦਾਸਿ ਤੁਮ ਨੇ ਕਰੀ ਕਾਂਦਾ ਦਯੋ ਹਰਖਾਇ ॥879॥

॥ ਚੌਪਈ ॥

ਬਨੁ ਕਾਰਜ ਜੋ ਕਰ ਅਰਦਾਸ ॥ ਤਿਸ ਕਾ ਹੋਵਤ ਕਾਰਜ ਰਾਸ ॥
ਸੁਨ ਗੁਰਬਾਨੀ ਸਭ ਹਰਖਾਇ ॥ ਬਾਰ ਬਾਰ ਗੁਰ ਕੇ ਗੁਨ ਗਾਇੰ ॥889॥

---

1. ਅ ਪੋਥੀ ਬੁਧਿ ਸਿੰਘ 2. ਅ ਪੋਥੀ ਪਾਠਾਂਤਰ : ਦੁਸਾਲ ਅੰਗੀਠ ਲਿਆਇ ਤੂੰ 3. ਅ ਪੋਥੀ ਹਟਸੇ ਗਈ 4. ਅ ਪੋਥੀ ਭਈ 5. ਅ ਪੋਥੀ ਪਾਠਾਂਤਰ: ਮਨ ਹਰਖੀਨੀ 6. ਅ ਪੋਥੀ ਸੁ ਦੀਜੈ 7. ਅ ਪੋਥੀ ਪਾਠਾਂਤਰ : ਸਹੁ ਤੀਰ ਭਾ ਬਹੁਤ 8. ਅ ਪੋਥੀ ਨ ਗੁਰ 9. ਅ ਪੋਥੀ ਚਟਾਵਾ

ਭਾਈ ਬਲੂ ਧਜਾ ਆਇ ॥ ਅਰਦਾਸ ਕਰੀ ਗੁਰ ਕੇ ਅਗਵਾਇ ॥
ਗਰੀਬ ਨਿਵਾਜ ਭਾਂਡੇ ਜੇਤੇ[1] ॥ ਭਾਈ ਆਡੂ ਲੇ ਗਯੋ ਤੇਤੇ ॥881॥
ਸ੍ਰੀ ਹਜ਼ੂਰ ਸੁਨਿ ਗਿਰਾ ਅਲਾਈ ॥ ਚਾਹੋ ਸੋਨੇ ਦਯੋ ਬਨਾਈ ॥
ਸੋ ਗੁਰ ਭਾਈ ਤੁਮਰਾ ਆਹੀ ॥ ਦਾਵੇਦਾਰ ਅਹੇ ਸਮਦਾਈ ॥882॥
ਸਰਬ ਪਦਾਰਥ ਸੁਪਨਾ ਜਾਨੋ ॥ ਕਿਸੇ ਸਾਥ ਨਹਿ ਪ੍ਰੀਤ ਠਾਨੋ ॥
ਜਹ ਜਹੇ ਮਨ ਜਾਵੈ ਅਟਕਾਈ ॥ ਜਨਮ ਮਰਨ ਦੇਵੈ ਵਹੁ[2] ਭਾਈ ॥883॥

॥ ਦੋਹਰਾ ॥

ਮ੍ਰਿਗ ਤ੍ਰਿਸਨਾ ਕੇ ਨੀਰਵਤ ਸਰਬ ਜਗਤ ਲੋ ਜਾਨ ॥
ਗਯਾਨ ਬ੍ਰਿਤੀ ਮਨ ਮੇ ਧਰੈ ਅਗਯਾਨ ਕੀਜੈ ਹਾਨ ॥884॥

(ਸ਼ੇਰ ਦੀ ਕ਼ਥਾ)

॥ ਚੌਪਈ ॥

ਜੁਗ ਭਾਈ ਸੁਨ ਗੁਰ ਕੀ ਬਾਨੀ ॥ ਮਨ ਮੈ ਜਾਗੀ ਪ੍ਰੀਤ ਮਹਾਨੀ ॥
ਏਕ ਸਿੰਘ ਤਬੈ ਚਲ ਆਯੋ ॥ ਸ਼ੇਰੰ ਅਰੁਭਕ ਗਹਿ ਕਰ ਲਯਾਯੋ ॥885॥
ਜਬ ਹਜ਼ੂਰ ਕੌ ਦੀਨ ਦਿਖਾਈ ॥ ਦਿਖ ਮ੍ਰਿਗਾਚ ਗੁਰ ਗਿਰਾ ਅਲਾਈ ॥
ਸਿਖਾ ਕੀਨਾ ਵਡ ਉਪਕਾਰਾ ॥ ਨਾਹਰ ਸੁਤ ਕੌ ਪਾਰ ਉਤਾਰਾ ॥885॥
ਸਿਖ ਕਹਯੋ ਦੀਜੈ ਸਮਝਾਈ ॥ ਮੈਂ ਨਹਿ ਸਮਝਾ ਗੁਰ ਸੁਖਦਾਈ ॥
ਸ੍ਰੀ ਕਮਲਾਨਨ ਬੈਨ ਸੁਨਾਵਾ ॥ ਜਸਾ ਸਿੰਘ ਸਾਛੀ ਜਨਮਾਵਾ ॥887॥

॥ ਦੋਹਰਾ ॥

ਮਰਨ ਸਮੇ ਵਾਸਨ ਰਹੀ ਆਮ਼ਖ ਕਰੋ ਅਹਾਰ ॥
ਯਾ ਤੇ ਕੇਹਰ ਹੋਤ ਭਾ ਵਾਸਨ ਹੈ ਦੁਖ ਕਾਰ ॥888॥

॥ ਚੌਪਈ ॥

ਅੰਤ ਸਮੇ ਜੁ ਵਾਸਨ ਹੋਈ ॥ ਜਨਮ ਦੇਤ ਨਹਿ ਦੇਰੀ ਕੋਈ ॥
ਐਸੇ ਨਿਸਚੇ ਮਨ ਮੈਂ ਜਾਨੋ ॥ ਗੁਰੋ ਗ੍ਰੰਥ ਪ੍ਰਮਾਨ ਪ੍ਰਮਾਨੋ ॥889॥

॥ ਤਥਾ ਸਬਦੰ ॥

ਅੰਤਕਾਲ ਜੋ ਲਛਮੀ ਸਿਮਰੇ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲ ਵਲ ਔਤਰੈ[3] ॥1॥
ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ ॥ਰਹਾਉ॥
ਅੰਤਿ ਕਾਲ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬੇਸਵਾ ਜੋਨਿ ਵਲਿ ਵਲਿ ਅਉਤਰੈ ॥2॥

---

1. ਅ ਪੋਥੀ ਥੇ ਜੇਤੇ 2
2. ਅ ਪੋਥੀ ਸੋ
3. ਅ ਪੋਥੀ ਅਉਰੇ

ਅੰਤੁਕਾਲਿ ਜੋ ਲੜਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸੂਕਰ ਜੋਨਿ ਵਲਿ ਵਲਿ ਆਉਤਰੈ ॥3॥
ਅੰਤ ਕਾਲਿ ਜੋ ਮੰਦਰੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥4॥
ਅੰਤੁਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਿਤਿ ਤ੍ਰਿਲੋਚਨਿ ਤੇ ਨਰੁ ਮੁਕਤਾ ਪੀਤੰਬਰ ਵਾ ਕੇ ਰਿਦੈ ਵਸੈ ॥5॥890॥

॥ ਦੋਹਰਾ ॥

ਬੇਦ ਪੁਰਾਨ ਗ੍ਰੰਥਨ ਕਹਯੋ ਵਾਸਨ ਸਭ ਦੁਖ ਮੂਲ ॥
ਵਾਸਨ ਤਯਾਗਨ ਜਿਸ ਕਰੀ ਕੋ ਨ ਬਿਆਪੈ ਸੂਲ ॥891॥

॥ ਚੌਪਈ ॥

ਸੁਨ ਗੁਰ ਬਾਨੀ ਸਭ ਬਿਗਸਾਏ ॥ ਬਾਰ ਬਾਰ ਗੁਰ ਚਰਨ ਮਨਾਏ ॥
ਸ੍ਰੀ ਕਮਲਾਨਨ ਬੈਨ ਬਖਾਨਾ ॥ ਹੋਵੈ ਮ੍ਰਿਗਪਤਿ ਬਡ ਬਲਵਾਨਾ ॥892॥
ਗਾਢੋ[1] ਪਿੰਜਰ ਮਧ ਦਯੋ ਪਾਈ ॥ ਬਕਰੂ ਇਕ ਦੇਉ ਨਿਤ ਖਾਈ ॥
ਜਸਾ ਸਿੰਘ ਇਸੁ ਨਾਮੁ ਬੁਲਾਵੋ ॥ ਜਾਵੋ ਦੇਰੀ ਨਾਹਿ ਲਗਾਵੋ ॥893॥
ਜਿਮ ਗੁਰ ਭਾਖਾ ਤੈਸੇ ਕੀਨਾ ॥ ਪਿੰਜਰ ਪਾਵਾ ਸਿੰਘ ਅਤਿ ਪੀਨਾ ॥
ਪ੍ਰਾਲਬਸ ਲਗ ਜੀਵਤ ਰਹਯੋ ॥ ਤਯਾਗ ਤਨ ਪੁਨ ਮੁਕਤੰ ਭਯੋ ॥894॥

(ਕੁਝਰਵਾਲ ਦੇ ਸਿਖ ਦੀ ਸਾਖੀ)

ਕੁਝਰਵਾਲ ਖੰਡ ਪੁਰੀ ਰਹਾਵੈ ॥ ਗੁਰ ਸਿਖੀ ਕਉ ਸਦਾ ਕਮਾਵੈ ॥
ਊਨੇ ਸਾਹਿਬ ਆਵਤ ਭਏ ॥ ਚਪਲ ਅਸ੍ਵ ਗੁਰ ਕੌ ਅਰਪਏ ॥895॥

॥ ਦੋਹਰਾ ॥

ਸਤਿਗੁਰ ਸਾਹਿਬੁ ਬਚ ਭਨਾ ਇਹੁ ਮੁਰਦਾਰ ਕਯੋ ਲਿਯਾਇ ॥
ਮੋੜ ਲਿਆਏ ਸਿਵਰ ਮੈ ਨਿਸ ਕੋ ਪ੍ਰਾਣ ਬਿਲਾਇ ॥896॥

॥ ਚੌਪਈ ॥

ਭੌਰਾ ਹੋਤ ਕੌ ਦੂਸਰ ਲਯਾਏ ॥ ਹਾਥ ਜੋਰੁ ਕੈ ਬਿਨਾ ਅਲਾਏ ॥
ਭਨਾ ਹਜੂਰ ਹੈ ਤਿਸ ਕਾ ਭਾਈ ॥ ਸੁਨ ਗੁਰ ਬਾਨੀ ਕੇ ਬਿਸਮਾਈ ॥897॥
ਨਿਸਾ ਭਈ ਸੋ ਭੀ ਮਰ ਗਯੋ ॥ ਸਭ ਕੇ ਮਨ ਬਡ ਅਚਰਜ ਭਯੋ ॥
ਤ੍ਰਿਤੀਯ ਅਸ੍ਵ ਤਬ ਲਯਾਵਤ ਭਏ ॥ ਪੁਨਾ ਜੋਰੁ ਕਰੁ ਬਿਨੈ ਅਲਏ ॥898॥
ਭੂਲ ਹਮਾਰੀ ਖਿਮਾ ਕਰੀਜੈ ॥ ਜੋ ਹੋਈ ਸੁ ਬਖਸਿ ਕਰ ਦੀਜੈ ॥
ਬਿਨੈ ਸੁਨੀ ਸ੍ਰੀ ਗੁਰੂ ਬਖਾਨਾ ॥ ਤਿਨ ਕੀ ਚਿੰਤਾ ਕੀਨੀ ਹਾਨਾ ॥899॥

---

1. ਅ ਪੋਥੀ ਬਨਾਵੋ

ਇਨ ਦੁਨੋ ਥਾਂ ਤੁਮਰਾ ਦੇਨਾ ॥ ਰਹਿ ਤੁਮ ਪਾਸ ਮਿਟਾਯੋ ਰੇਨਾ ॥
ਗੁਰ ਘਰ ਪਹੁਚੇ ਚਿਤ ਨ ਕੀਜੈ ॥ ਤ੍ਰਿਤੀ ਅਸੂ ਨਿਜ ਪਾਸ ਰਖੀਜੈ ॥900॥
ਸੁਨ ਗੁਰਬਾਨੀ ਸਭ ਹਰਖਾਇ ॥ ਤ੍ਰਿਤੀ ਅਸੂ ਦ੍ਰਿਯੋ ਭੇਟ ਚਢਾਏ ॥
ਲੇ ਸਿਰਪਾਇ ਨਿਜ ਭਵਨ ਸਿਧਾਰੇ ॥ ਗੁਰ ਕੀਰਤਨ ਨਿਤ ਕਰਤ ਅਪਾਰੇ ॥901॥

## (ਰਸਾਇਣੀ ਨੂੰ ਬਾਬਾ ਜੀ ਨੇ ਬਲਾਉਣਾ)

॥ ਦੋਹਰਾ ॥

ਏਕ ਸਮੇ ਬੇਦੀਸੁ ਪ੍ਰਭੁ ਕਹੇ ਬੈਨ ਸੁਖਦਾਈ ॥
ਕੋਇ ਰਸੈਨੀ ਹੋਇ ਜੋ ਲੇਵੈ ਤਿਸੈ ਬੁਲਾਇ ॥902॥

॥ ਚੌਪਈ ॥

ਭ੍ਰਿਤ ਕਰ ਜੋਰ ਸਨਮੁਖ ਰਹਿ ਠਾਢੇ ॥ ਸੇਵਤ ਸਦਾ ਚਰਨ ਸੁਚ ਬਾਢੇ ॥
ਅਤਿ ਅਦਭੁਤ ਛਬਿ ਸੋਭਾ ਬਨਾਈ ॥ ਬੈਠੇ ਮੰਚ ਬੇਦ ਕੁਲ ਰਾਈ ॥903॥
ਏਕ ਨਰੂ ਨੇ ਬਿਨੇ ਅਲਾਈ ॥ ਹੈ ਰਜੋਵਾੜੇ ਮੋ ਸੁਖਦਾਈ ॥
ਹੁਕਮ ਸੁਨਾਵਾ ਗੁਰੂ ਲਖਾਵਾ ॥ ਲਯਾਵੋ ਟੋਲ ਦੇਰੁ ਬਿਹਾਵਾ ॥904॥
ਪਟਿਆਲੇ ਕੈਥਲ ਫਿਰ ਆਯੋ[5] ॥ ਜੀਂਦ ਖੋਜ ਤਹਾਂ ਨਹੀਂ ਪਾਯੋ ॥
ਨਾਭੇ ਆਯੋ ਰਾਜੇ ਪਾਸ ॥ ਰਾਜੇ ਕੀਨੋ ਆਦਰ ਤਾਸ ॥905॥

॥ ਦੋਹਰਾ ॥

ਹੇਮ ਹਨਨ ਹਿਤ ਚਾਹਿ ਚਿਤ ਸੇਵਕ ਦੀਨ ਜਨਾਇ ॥
ਦਾਦੂ ਪੰਥੀ ਸਾਧੂ ਇਕ ਰਾਜੇ ਪਾਸ ਰਹਾਇ ॥906॥

॥ ਚੌਪਈ ॥

ਤਿਸ ਪ੍ਰਤਿ ਰਾਜੇ ਕਹਾ ਬੁਝਾਈ ॥ ਜਾਵਹੁ ਊਨੇ ਦੇਰ ਬਿਹਾਈ ॥
ਸੁਨ ਕਰ ਸਿਵਕਾ ਪਰ ਚੜ ਚਾਲ ॥ ਆਵਾ ਊਨੇ ਭ੍ਰਿਤ ਬਹੁ ਨਾਲ ॥907॥
ਉਤਰ ਤਹੀ ਗੁਰੂ ਦਰਸਨ ਪਾਗਾ ॥ ਦ੍ਵੈਕਰੁ ਜੋਰ[2] ਜੁਹਾਰਨ ਲਾਗਾ ॥
ਪਗ ਮੋ ਪਉਏ ਲਾਬੀ ਧੋਤੀ ॥ ਗਰ ਮੋ ਮਾਲਾ ਰੇਸਮ ਪੋਤੀ ॥908॥
ਮਾਲੋ ਦੰਭ ਤਹਾਂ ਚਲ ਆਵਾ ॥ ਨੈਨੋ ਲਾਲੀ ਬਡ ਦਿਖਲਾਵਾ ॥
ਦੇਖਤ ਤਿਸੁ ਗੁਰ ਧੂਰਤ ਰੂਪਾ ॥ ਬਿਹਸੇ ਬਦਨ ਗੁਰ[5] ਕੁਲ ਭੂਪਾ[3] ॥909॥
ਗੁਰ ਸਰਵਗਯ ਤਵਨ ਛਲ ਜਾਨਾ ॥ ਤਉ ਭੀ ਆਦਰ ਬਚਨ ਬਖਾਨਾ ॥
ਆਉ ਸੰਤ ਜੀ ਰਾਜੀ ਆਏ ॥ ਕੀਜੈ ਦੇਰਾ[4] ਮਨ ਹਰਖਾਏ ॥710॥
ਗੁਰ ਗੰਭੀਰ ਨ ਕਟ ਬੈਚ ਕਰਹੀ ॥ ਜਗਜਨ ਸਭ ਨਿਜ ਕ੍ਰਿਤ ਫਲ ਹਹੀ ॥
ਜਦਪ ਗੁਰ ਪਦ ਪਾਵਨ ਰੂਪਾ ॥ ਭਯੋ ਪੁਨੀਤ ਨ ਕਸਮਲ ਕੂਪਾ ॥911॥

---

1. ਅ ਪੋਥੀ ਤਲ ਆਯੇ  2. ਅ ਪੋਥੀ ਜੋੜਿ  3. ਅ ਪੋਥੀ ਪਾਠਾਂਤਰ : ਸੁ ਗੁਰ ਕੁਲ ਭੂਪਾ
4. ਅ ਪੋਥੀ ਡੇਰਾ

ਸਾਬਨ ਬਸੰਨ ਸੂਛ ਕਰ ਡਾਰਤ ।। ਅਸਿਤ ਕਾਮ ਰੀਸਿ ਤਨੈਂ ਸਵਾਰਤ ।।
ਤਿਸ ਪ੍ਰਤਿ ਸ੍ਰੀ ਗੁਰ ਗਿਰਾ ਅਲਾਈ ।। ਦੀਨ ਬਡਾਈ ਮਾਯਾ ਪਾਈ ।।912।।
ਬੈਦਰਾਜ ਤੂੰ ਮਹਾ ਪ੍ਰਬੀਨਾ ।। ਪੇਖਤ ਹੀ ਹਮਹੂ ਲਖ ਲੀਨਾ ।।
ਨਿਜ ਗੁਨ ਅਬ ਹਿਕਮਾਇ ਦਿਖਾਵੋ ।। ਲੇਹੁ ਇਨਾਮ ਮਹਾਂ ਸੁਖ ਪਾਵੋ ।।913।।

।। ਦੋਹਰਾ ।।

ਗੁਰ ਬਾਨੀ ਕੋ ਅਕਨ ਕਰ ਬੋਲਾ ਸਹਿ ਹੰਕਾਰ ।।
ਬਿਦਿਆ ਸੀਖੀ ਮੈ ਘਨੀ ਦੇਖੋ ਗੁਰੂ ਮੁਰਾਰੁ ।।914।।

।। ਚੌਪਈ ।।

ਮੋ ਗੁਨ ਸਫਲ ਅਫਲ ਨਹਿ ਹੋਈ ।। ਪਰਖੁ ਲੇਹੁ ਗੁਰ ਜੂ[1] ਅਬ ਸੋਈ ।।
ਪ੍ਰਥਮ ਹੇਮ ਫਨ ਛਾਰ ਦਿਖਾਊ ।। ਪੁਨਹਿ ਰਸਾਇਨ ਰੀਤ ਬਤਾਊ ।।915।।
ਪਾਂਚ ਅਸਰਫੀ ਅਬ ਮੋਹਿ ਦੀਜੈ ।। ਮਾਨਵ ਪਾਸ ਬਠਾਵਨ ਕੀਜੈ ।।
ਮੁਹਰਾ ਪੰਚ ਹਾਥ ਤਿਸ ਦਈ ।। ਦ੍ਵਿਾਨ ਚਰਨ ਸਿੰਘ ਆਇਸ ਭਈ ।।916।।
ਪਾਸਿ ਬੈਠਿ ਕਰਿ ਲੇਹੁ ਬਨਾਇ[2] ।। ਤੂੰ ਬੁਧਵਾਨ ਰਹੋ ਚੌਕਸਾਇ ।।
ਲੇ ਕਰ ਮੁਹਰਾ ਦੇਰੇ[3] ਆਵਾ ।। ਚਰਨ ਸਿੰਘ ਕੋ ਸਾਥ ਲਿਆਵਾ ।।917।।
ਭਾਠੀ ਰਚ ਵਿਚੁ ਧਰੀ ਕੁਠਾਰੀ ।। ਅਵਰੁ ਧਾਤੁ ਬਹੁ ਤਾਮੈ ਡਾਰੀ ।।
ਮੁਹਰਾ ਲੀਨੀ ਜੇਬੰ ਪਾਈ ।। ਕਰ ਅਸ ਕਪਟ ਬਗੋਟ ਬਨਾਈ ।।918।।
ਬੂਟੀ ਊਖਰਿ ਪਾਵਨ ਕੀਨੀ ।। ਅਗਨਿ ਲਗਾਈ ਦੇਰ ਬਿਹੀਨੀ ।।
ਜੁਗਮ ਘਰੀ ਇਮ ਦੀਨ ਬਿਤਾਈ ।। ਕਾਢ[4] ਕੁਠਾਰੀ ਕਰ ਮੋ ਚਾਈ ।।919।।

।। ਦੋਹਰਾ ।।

ਆਵਾ ਗੁਰ ਪਹਿ ਕਹਤ ਭਾ ਸੁਨੀਏ ਸ੍ਰੀ ਬੇਦੀਸ ।।
ਚਾਂਮੀ ਕਰ ਮਾਰਨ ਕਰਾ ਦੇਖੋ ਈਸਨ ਈਸ ।।920।।

।। ਚੌਪਈ ।।

ਨਾਨਾ ਰੰਗੁ ਹਰਨ ਇਹ ਸਾਰਾ ।। ਕਹਾ ਰਸਾਇਨ ਔਸਧੁ ਪਾਰਾ ।।
ਜਗ ਦਾਤ ਮਸਾੜ੍ਹੀ ਤੂੰ ਸੁਾਮੀ ।। ਨਿਸਦਿਨੁ ਤੁਹਿ ਪਦੁ ਪਦਮ ਨਮਾਮੀ ।।921।।
ਆਪੁ ਗੁਯਾ ਕਰ ਕਾਰਜ ਹੋਵਾ ।। ਸਰਬ ਰੋਗੁ ਕੋ ਦੈਵਤ ਖੋਵਾ ।।
ਕਪਟੀ ਕਪੁਟ ਬੈਨ ਜਬ ਬੋਲਾ ।। ਚਾਹੇ ਅਪਨਾ ਪੜਦਾ ਖੋਲਾ ।।925।।
ਸ੍ਰੀ ਬੇਦੀਸ ਤਵਣ ਛਲ ਲਖ ਕਰ ।। ਉਛਲਯੋ ਰੋਥ ਮ੍ਰਿਖਾ ਮੁਨ ਰਿਸ ਭਰ ।।
ਅਰੁਨ ਨੈਨ ਕਰ ਭੌਹੁ ਤਨਾਈ ।। ਕੋਪ ਦ੍ਰਿਸਟਿ ਕਰ ਕਰੂਨ ਦਿਖਾਈ ।।923।।

---

1 ਅ ਪੋਥੀ ਜੀ
2. ਅ ਪੋਥੀ ਬਨਵਾਇ
3. ਅ ਪੋਥੀ ਡੇਰੇ
4. ਅ ਪੋਥੀ ਨਿਕਾਸ

ਅਹੋ ਕੁਮਤੀ ਕਯੋ ਛਲ ਕੀਨਾ ॥ ਚਾਮੀਕਰੁ ਨਹਿ ਮਾਰਨ ਕੀਨਾ ॥
ਮਾਤ ਪਿਤਾ ਗੁਰ ਗੋ ਦਿਜ ਮੀਤਿਕਿ ॥ ਸਾਧ ਸੁ ਨ੍ਰਿਪ ਕੁਲ ਸੰਗ ਪ੍ਰੀਤਿਕ[1] ॥924॥
ਇਨ ਦੇਸਨ ਸੰਗ ਛਲੁ ਜੋ ਕਰੈ ॥ ਰੌਰਵ ਨਰ[2] ਕਲਪ ਨਰਕ[2] ਪਰੈ ॥
ਸੋ ਕਿ ਕ੍ਰਿਤ ਤੈ ਪ੍ਰਗਟ ਕਮਾਈ ॥ ਮੋ ਦ੍ਰਿਗੰ ਮੁਹਰਾ ਲੀਨ ਦੁਰਾਈ ॥925॥

॥ ਦੋਹਰਾ ॥

ਅੰਤਰਜਾਮੀ ਕਹਤੁ ਹੈ ਪੁਨ ਤੂੰ ਕਰੈ ਦੁਰਾਇ ॥
ਗੁਰ ਘਰ ਤੇ ਪਰਵਾਹਿ ਨਹਿ ਬਾਹਰ ਲਿਦ ਬਕਾਇ ॥926॥

॥ ਚੌਪਈ ॥

ਗੁਰ ਕੀ ਨਿੰਦਾ ਜੋ ਸੁਨ ਪਾਵੈ ॥ ਮਰ ਕਰ ਸੋ ਨਰ ਅਧਗਤਿ ਜਾਵੈ ॥
ਧ੍ਰਿਗ ਤੁਹਿ ਧਰਮ ਕਰਮ ਧ੍ਰਿਗ ਬੇਖਾ ॥ ਧ੍ਰਿਗ ਬਿਦਿਯਾ ਗੁਨ ਦੰਭ ਬਿਸੇਖਾ ॥927॥
ਮਾਨਵ ਪਠਨ ਹੁਤਾ ਮੰਗਾਯਾ ॥ ਤੋ ਸਿਤ ਟੂਕ ਕਰਤ ਤੁਹਿ ਕਾਯਾ ॥
ਇਕ ਮਾਨਵ ਕੋ ਸਤਿਗੁਰ ਪ੍ਰੇਰਾ ॥ ਕੀਲੀ ਪਰ ਤਿਸ ਜਾਮਾ ਹੇਰਾ ॥928॥
ਆਂਦ੍ਰਾ ਜਬੈ ਲਿਯਾਵਨ ਠਾਨਾ ॥ ਖੀਸੇ ਸਿੱਖ ਤਵ ਪਾਵਾ ਪਾਨਾ ॥
ਨਿਕਸੀ ਮੁਹਰੈ ਤ੍ਰੈ ਅਰ ਦੋਈ ॥ ਉਠਿਯੋ ਕੰਪਿ ਕਪਟੀ ਤਬ ਸੋਈ ॥929॥
ਗੁਰ ਸਨ ਦ੍ਰੋਹ ਕਰਾ ਦੁਖ ਪਾਵਾ ॥ ਪੜਦਾ ਅਪਨਾ ਲੀਨ ਗਵਾਵਾ[3] ॥
ਨਿਰਖ ਸਭ ਸਭਾ ਬਿਸਮੈ ਹੋਈ ॥ ਲਾ[4] ਲਜਤ ਕਪਟੀ ਵਹੁ ਸੋਈ ॥930॥
ਦ੍ਰਿਗੁ ਨੀਚੇ ਮੁਖ ਆਵ ਨ ਬਾਨੀ ॥ ਨੈਨਨ ਤੇ ਜਲਧਾਰ ਚਲਾਨੀ ॥
ਹਾਥ ਜੋਰ ਕੈ ਬਿਨੈ ਅਲਾਈ ॥ ਮੈ ਭੂਲਾ ਬਖਸੋ ਸੁਖਦਾਈ ॥931॥
ਕਈ ਬਾਰ ਮੈ ਕਪਟੁ ਕਮਾਵਾ ॥ ਮਾਯਾ ਲਬ ਕਰ ਧਰਮੁ ਗੁਵਾਵਾ ॥
ਬਨਾ ਸਾਧ ਪਰ ਮਨ ਨਹਿ ਸਾਧਾ ॥ ਕਬੀ ਨ ਭਗਵਤਿ ਨਾਮ ਅਰਾਧਾ ॥
ਕੇਵਲ ਤਨ ਕੋ ਪੋਖਨੁ ਕੀਨੋ ॥ ਯਾਤੇ ਹੋਵਾ ਮੈ ਮਤ ਹੀਨੋ ॥932॥

॥ ਦੋਹਰਾ ॥

ਭਗਤੁ ਹਿਤੂ ਭਗਵੰਤੁ ਜੈ ਭਵ ਮੋਚਕ ਭੈ ਨਾਸੁ ॥
ਨਮੋ ਨਰਕ ਨਾਸਨ ਗੁਰੂ ਦਾਸਨ ਕੋ ਸੁਖ ਰਾਸ ॥933॥

॥ ਸੈਯਾ ॥

ਨਾਥ ਨਮਾਮਿ ਨਿਰੰਤਰ ਤੋਹਿ ਰਸਾਰਮਨੰ ਸੰਮਨੰ ਅਰਿਸਾਰੇ ॥
ਅਚੁਤੁ ਏਕੁ ਅਕਾਲ ਅਕਿੰਚਨ ਪਾਵਨ ਕੈ ਨਿਜ ਦਾਸ ਉਧਾਰੇ ॥
ਨੀਰਜ ਸੰਤ ਸਹੂਹ ਭਏ ਜਗ ਦਿਵਾਕਰ ਹੋਇ ਪ੍ਰਕਾਸ ਪਸਾਰੇ ॥
ਸਾਗਰੁ ਬੀਚੁ ਸਮੇਤ ਰਮਾਪਤਿ ਸੇਸ ਸਰੀਰ ਨਿਜ ਸਵਾਰੇ ॥934॥

---

1. ਅ ਪੋਥੀ ਪ੍ਰੀਤਿਕ 2. ਮੂਲ ਪੋਥੀ ਨਰ 3. ਅ ਪੋਥੀ ਵਿਚ ਇਸ ਮਗਰੋਂ ਇਹ ਵਾਧੂ ਪੰਗਤੀਆਂ ਦਰਜ ਹਨ : ਹਾਥ ਜੋਰੁ ਬਿਨਤੁ ਅਲਾਈ ॥ ਖਿਮਾ ਕਰੀਜੈ ਗੁਰ ਸੁਖਦਾਈ ॥ 4. ਅ ਪੋਥੀ ਭਾਂ

ਕਾਰਨ ਹੋ ਜਗ ਧਾਰਨ ਕੇ ਜੁ ਸੁਭਾ ਸੁਭੰ ਚਾਰ ਬਿਥਾਰਨਹਾਰੇ ॥
ਆਪ ਅਮੋਘ ਸਰੂਪ ਸਦਾ ਸੁਭ ਰੂਪੁ ਦਿਖਾਇ ਅੰਘੀ ਬਹੁ ਤਾਰੇ ॥
ਸੰਭਰ ਵੰਡ ਬਿਦਾਰ ਸੀਯ ਬਰ ਔਧਪੁਰੀ ਬੰਸ ਨਯਾਇ ਚਿਤਾਰੇ ॥
ਸ੍ਰੀ ਗੁਰ [1]ਨਾਨਕ ਬੰਸ ਸਿਰੋਮਣਿ ਜੀਤ ਹਰੀ ਨਭ ਸਸੀ [2]ਬਪੁ [2]ਧਾਰੇ ॥935॥

॥ ਚੌਪਈ ॥

ਪਾਨ ਜੋਰਿ ਅਸਿ ਉਸਤਤਿ ਠਾਨੀ ॥ ਕਹੀ ਨਿਮ੍ਰ ਹੁਇ ਐਸੀ ਬਾਨੀ ॥
ਦ੍ਰਵਿਤ ਭਏ ਸਿਖਨ ਸੁਖਦਾਈ ॥ ਕਰੀ ਮਯਾ ਸੁਠ ਗਿਰਾ ਅਲਾਈ ॥936॥
ਸਤਨਾਮ ਸਿਮਰੋ ਮਨੁ ਲਾਵੋ ॥ ਕਾਮਿ ਆਦਿ ਸਭ ਦੇਹ ਬਹਾਵੋ ॥
ਫੇਰਿ ਨ ਐਸੇ ਕ੍ਰਮੀ ਕਰੀਜੈ ॥ ਕੂਪਟੁ ਤ੍ਰਿਆਗੁ ਮਹਾ ਰਸੁ ਪੀਜੈ ॥937॥
ਮੁਹਰਾ ਲੇਵੋ ਅਬੇ ਉਠਾਈ ॥ ਗੁਰ ਘਰ ਹੈ ਪਰਵਾਹੁ ਨ ਕਾਈ ॥
ਮਾਨੁ ਬਚਨੁ ਤਬ ਮੁਹਰਾ ਲੀਨੀ ॥ ਗੁਰ ਕੇ ਪਗ ਪਰ ਬੰਦਨ ਕੀਨੀ ॥938॥
ਲੇ ਆਗ੍ਯਾ ਨਿਜ ਭਵਨ ਸਿਧਾਯਾ ॥ ਗੁਰ ਕਿਰਪਾ ਤੇ ਸੁਭ ਮਗ ਪਾਯਾ ॥

(ਤਲਾਓ ਖੋਦਣ ਦੀ ਸਾਖੀ)

ਏਕ ਦਿਵਸ ਗੁਰ ਕੇ ਮਨ ਆਈ ॥ ਤਾਲ ਲਵਾਵੈ ਬਡ ਸੁਖਦਾਈ ॥939॥
ਤੜਾਗ ਖੁਦਾਵਾ ਬਿਨਾ ਅਵਾਰਾ ॥ ਗੁਰ ਸਿਖਨ ਕੌ ਸੌਪੀ ਕਾਰਾ ॥
ਜੋ ਇਸ ਸੇਵੇ ਸੁਭ ਗਤਿ ਪਾਵੈ ॥ ਨ ਸੇਵੈ ਤਿਸੁ ਪਾਇ ਪਰ ਜਾਵੈ ॥940॥
ਜਿਨ ਜਿਨ ਸੇਵਾ ਕਰੀ ਬਨਾਈ ॥ ਤਿਨੁ ਤਨੁ ਰੋਗ ਨ ਲਾਗੋ ਆਈ ॥
ਜਿਨੋ ਨ ਗੁਰ ਕੀ ਮਾਨੀ ਬਾਨੀ ॥ ਪਾਇ ਪਰੀ ਤਨੁ ਸੁਖ ਕੀ ਹਾਨੀ ॥941॥

॥ ਦੋਹਰਾ ॥

ਨਰੁ ਨਾਰੀ ਅਤਿ ਦੁਖਤਿ ਭਏ ਗਈ ਪੁਕਾਰ ਹਜੂਰ ॥
ਸੁਨ ਹਜੂਰ ਫਿਰ ਬਚ ਭਨੇ ਕਰੈਂ ਸੇਵ ਦੁਖ ਚੂਰ ॥942॥

॥ ਚੌਪਈ ॥

ਨਗਰ ਮਾਹਿ ਸਭ ਨੇ ਸੁਨ ਪਾਵਾ ॥ ਚਲਤੇ ਭਏ ਸੰਭ ਦੇਰਿ ਬਿਹਾਵਾ ॥
ਬਾਲੀ ਬਾਲਾ ਨਰੁ ਅਰੁ ਨਾਰੀ ॥ ਸਰ[3] ਕੀ ਸੇਵਾ ਕਰੈਂ ਹਿਤ ਧਾਰੀ ॥943॥
ਮਾਤਾ ਆਦਿਕੁ ਸਗਲ ਸਵਾਣੀ ॥ ਸੇਵਾ ਕੀਤੀ ਪ੍ਰੀਤੀ ਠਾਣੀ ॥
ਸਾਹਿਬਜਾਦੇ ਸਭ ਚਲ ਆਏ ॥ ਕਰ ਕਰ ਸੇਵਾ ਮਨ ਬਿਗਸਾਏ ॥944॥
ਚੂਨਾ ਈਟ ਲਗੇ ਬਹੁ ਹੀਰੇ ॥ ਰਾਜਨ ਕੀਨੇ ਬਹੁ ਗਚ ਗੀਰੇ ॥
ਨਾਮ ਗੁਰੂ ਸਰ ਗੁਰ ਜੀ ਰਾਖਾ ॥ ਜਲ ਅਤਿ ਮਧੁਰ ਸੁਧਾ ਸਮ ਚਾਖਾ ॥945॥
ਸ੍ਰੀ ਕਮਲਾਨਨ ਗਿਰਾ ਅਲਾਈ ॥ ਜੋ ਪ੍ਰੀਤੀ ਕਰ ਨਾਵੈ ਆਈ ॥
ਅਠ ਸਠ ਤੀਰਥ ਕਾ ਫਲ ਪਾਵੈ ॥ ਸੁਤ ਬਿਤ ਨੁਤ ਰਾਜੈ ਜਸੁ [4]ਭਾਵੈ ॥946॥

---

1. ਅ ਪੋਥੀ ਸਤਿਗੁਰੂ 2. ਮੂਲ ਪੋਥੀ ਸੀਸ ਬਖੁ 3. ਅ ਪੋਥੀ ਸੱਚੁੰ 4. ਅ ਪੋਥੀ ਜਿਸ

॥ ਦੋਹਰਾ ॥

ਜੋ ਬਿਅਦਬੀ ਕਰੇਗਾ ਪਾਵੈ ਦੁਖ ਅਪਾਰ ॥
ਦੇਵ ਤਰੂ ਵੜ ਗੁਰੂ ਸਰ ਇਸ ਸੇਵਤ ਫਲ ਚਾਰ ॥947॥

॥ ਚੌਪਈ ॥

ਕਰ ਸਨਾਨ ਗੁਰ ਬਾਨੀ ਗਾਵੈ ॥ ਜਨਮ ਮਰਨ ਮੋ ਬਹੁਰਿ ਨ ਆਵੈ ॥
ਸੈਲਨ ਮਾਂਝ ਮਰੀ ਵਡ ਪਈ ॥ ਨਰ ਨਾਰੀ ਬਹੁ ਹੋਏ ਖਈ ॥948॥
ਊਨੇ ਮਹਿ ਤਿਨ ਕੀਆ ਪ੍ਰਵੇਸਾ ॥ ਸੁਨਿ ਪਾਯੋ ਬੇਦੀ ਕੁਲ ਏਸਾ ॥
ਚੂਨਾ ਸਿੰਘ ਕਉ ਮਰਜ ਹੋਈ[1] ॥ ਸੇਵਕ ਆਨ[2] ਗੁਰੂ ਪਹਿ ਗੋਈ[3] ॥949॥
ਸੁਨ ਕਰ ਸ੍ਰੀ ਗੁਰ ਬੈਨ ਬਖਾਨਾ ॥ ਨੀਰ ਗੁਰ ਸਰ[4] ਲਯੋ ਸੁਜਾਨਾ ॥
ਦੇਵੋ ਛੀਟੇ ਪਾਨ ਕਰਾਵੋ ॥ ਦੇਰ ਨ ਕੀਜੈ ਦੌਰਤ ਲਯਾਵੋ ॥950॥
ਸਤ ਬਚਨ ਕਹਿ ਸੇਵਕ ਦੌਰਾ[5] ॥ ਤਤਛਿਨੁ ਆਂਦਾ ਬਿਲਮ ਨ ਭੌਰਾ ॥
ਛੀਟੇ ਦੀਨੈ ਪਾਨ ਕਰਾਵਾ ॥ ਜਸ ਪਦ ਮਰਜ ਭਈ ਅਭਾਵਾ ॥951॥

॥ ਦੋਹਰਾ ॥

ਚਲ ਕਰ [ਆਯੋ][6] ਗੁਰੂ ਪਹਿ ਮਸਤਕਿ ਚਰਨ ਨਿਵਾਇ ॥
ਕੁਸਲ ਪੂਛੀ ਸਤਿਗੁਰੂ ਕੁਸਲ ਮਯਾ ਸੁਖਦਾਇ ॥

॥ ਚੌਪਈ ॥

ਹੁਕਮ ਦੀਆ ਸ੍ਰੀ ਗੁਰ ਸੁਖਦਾਈ ॥ ਨਗਰ ਮਾਂਝ ਜਲ ਦਯੋ ਸੰਝਾਈ[7] ॥
ਸੁਆਉ ਪਾਰ ਮਰੀ[8] ਰਹਾਵੈ ॥ ਊਨੇ ਮਾਝ ਨ ਵਰਨੀ ਪਾਵੈ ॥953॥
ਤੈਸੇ ਕੀਨਾ ਜਿਮ ਗੁਰ ਭਾਖਾ ॥ ਮਰੀ ਦੁਖ [6]ਨਹਿ ਕਿਨਹੀ ਚਾਖਾ[9] ॥
ਦੇਸ [10]ਦੇਸ ਥੀ ਨਰ ਬ੍ਰਹੁ ਆਵੈ[10] ॥ ਗੁਰੂ ਸਰੋਵਰੁ ਜਲ ਲੇ ਜਾਵੈ ॥954॥
ਜਿਸ ਕੋ ਦੇਵੈ ਪਾਨ ਕਰਾਈ ॥ ਮਰੀ ਭੀਤੁ[11] ਤਿਸ ਦੂਰਿ ਪਰਾਈ ॥
ਦੂਰ ਦੂਰ ਲੌ ਜਲ ਲੇ ਗਏ ॥ ਜਿਨ ਜਿਨ ਪੀਤਾ [12]ਸੁਖਏ ਭਏ ॥955॥
ਕਿਛਕ ਕਾਲ ਬੀਤਕ ਜਬ ਭਯੋ ॥ ਤਾਪ ਨਗਰ ਮੋ ਬ੍ਯਾਪ ਸੁ ਗਯੋ ॥
ਸਾਧ ਸੰਗਤਿ ਮਿਲ ਅਰਜੀ ਕੀਨ ॥ ਤਾਪ ਹਟਾਵੋ ਗੁਰੂ ਪ੍ਰਬੀਨ ॥956॥

॥ ਦੋਹਰਾ ॥

ਬਚਨ ਕਹਯੋ ਸ੍ਰੀ ਸਤਿਗੁਰੂ ਗੁਰ ਸਰ ਨਾਵੋ ਜਾਇ ॥
ਤਾਪ ਨ ਬਿਯਾਪੇ ਕਿਸੇ ਕੌ ਸੁਨਿ ਕਰ ਨਾਏ ਧਾਇ ॥957॥

---

1. ਅ ਪੋਥੀ ਸੁ ਹੋਈ 2. ਅ ਪੋਥੀ ਕੁ 3. ਅ ਪੋਥੀ ਪਾਠਾਂਤਰ : ਕਹੀਸੁ ਸੋਈ 4. ਅ ਪੋਥੀ ਸਰਥਾ 5. ਅ ਪੋਥੀ ਦਉਰਾ 6. ਅ ਪੋਥੀ ਵਿਚੋਂ 7. ਅ ਪੋਥੀ ਸੰਚਾਈ 8. ਅ ਪੋਥੀ ਮਰੀ 9. ਅ ਪੋਥੀ ਪਾਠਾਂਤਰ: ਨ ਕਿਨਹੀ ਰਜੁ ਚਾਖਾ 0. ਅ ਪੋਥੀ ਪਾਠਾਂਤਰ: ਪਿੰਡਾ ਥੀ ਲੋਗੁ ਬਾਹੁ ਆਵੈ ॥
11. ਅ ਪੋਥੀ ਭਯਾ 12. ਅ ਪੋਥੀ ਪੀਤਾ ਸੇ 13. ਅ ਪੋਥੀ ਬਯਾਪ

॥ ਚੌਪਈ ॥

ਭਾਪ ਨਗਰ ਤੇ ਐਸ ਪਰਾਨਾ ॥ ਦੇਖ ਸੇਰ ਜਿਮ ਕਰੀ ਨਸਾਨਾ[1] ॥
ਏਕ ਸਮੇ ਡਾਕੀ ਪਰ ਗਈ ॥ ਪ੍ਰਜਾ ਦੁਖ ਕਰ ਰੋਵਤ ਭਈ ॥958॥
ਆਏ ਹਜੂਰ ਤਿਨ ਬਿਨੈ ਬਖਾਨੀ ॥ ਨਾਸੋ ਜਾਂਕੀ ਗੁਰ ਸੁਖਦਾਨੀ ॥
ਸੁਨ ਕਰ ਸ੍ਰੀ ਗੁਰ ਗਿਰਾ ਅਲਾਈ ॥ ਸਰਹੋ ਸਾਗ ਖਾਵੋ ਸਭ ਜਾਈ ॥959॥
ਸਰਹੋ ਸਾਗ ਸੰਰਬ ਨੇ ਖਾਵਾ ॥ ਡਾਕੀ ਹਟ ਗਈ ਬਿਨ ਬਿਲਮਾਵਾ ॥
ਗੁਰ ਬਾਨੀ ਹੈ ਅਤਿ ਸੁਖਦਾਈ ॥ ਜੋ ਉਚਰੈ ਨਹਿ ਬਿਰਥਾ ਜਾਈ ॥960॥
ਏਕ ਦਿਵਸੁ ਗੁਰ ਕੇ ਮਨ ਆਈ ॥ ਨੈਨਾ ਦੇਵੀ ਪਰਸੋ ਜਾਈ ॥
ਦਸਮ ਮਹਿਲ ਜਿਸ ਕੋ ਪ੍ਰਗਟਾਵਾ ॥ ਸਰਬ ਪੰਥ ਤਿਸੁ ਪੂਜਿ ਕਰਾਵਾ ॥961॥
ਸੁਭ ਪਰਵਾਰੇ ਲੇ ਕਰਿ ਸਾਥ ॥ ਚਾਲੇ ਸਤਿਗੁਰੂ ਦੀਨਾ ਨਾਥ ॥
ਸਨੇ ਸਨੇ ਚਲ ਪਹੁਚੇ ਸ੍ਵਾਮੀ ॥ ਗੁਰ ਸਿਖਨ ਕੀ ਮੇਟਤ ਖਾਮੀ ॥962॥
ਪੁਰ ਅਨੰਦ ਥੀ ਸੋਢੀ ਆਵੈ ॥ ਗੁਰ ਦਰਸਨ ਕੀ ਇਛੁ ਧਰਾਵੈ ॥
ਮਿਲਤ ਭਏ ਵਡ ਪ੍ਰੀਤੀ ਧਾਰੀ ॥ ਬਾਰ ਬਾਰ ਜਾਵਤ ਬਲਿਹਾਰੀ ॥963॥
ਨੈਨਾ ਦੇਵੀ ਭੇਟ ਚਢਾਈ ॥ ਊਚ ਸਥਾਨੁ ਥਿਰੇ ਗੁਰ ਜਾਈ ॥
ਦੂਨਾ ਸਿੰਘ ਪ੍ਰਤਿ ਬੈਨ ਬਖਾਨਾ ॥ ਪਿਖੋ ਤਮਾਸਾ ਧਰਮ ਸੁਜਾਨਾ ॥964॥

(ਬਾਬਾ ਜੀਨੇ ਤਮਾਸ਼ਾ ਕਰਨਾ)

॥ ਦੋਹਰਾ ॥

ਜਹਾਂ ਲੋਕਿ ਬਹੁ ਥਿਰੇ ਥੇ ਰੁਪੀਏ ਸ੍ਰੀ ਗੁਰ ਡਾਰੁ ॥
ਲੂਟਨ ਲਾਗੇ ਸਬ [ਲੋਕ][2] ਗੇਰਤਿ ਗੁਰ ਅਪਾਰ ॥965॥

॥ ਚੌਪਈ ॥

ਪਾਗ ਉਤਰ ਬਹੁਤਨ ਕੀ ਗਈ ॥ ਏਕ ਦੂਜੇ ਕੋ ਗਾਰਨ ਦਈ ॥
ਦੇਵੈ ਮੁਸਟੀ ਔਰੁ ਚਲਾਇ ॥ ਜਿਮ ਜਿਮ ਲੂਟੈ ਗੁਰ ਬਿਗਸਾਇ ॥966॥
ਹਾਸ ਬਿਲਾਸ ਕਰਤ ਗੁਰ ਪੂਰੇ ॥ ਆਏ ਉਨੇ ਮੇਟਿ ਵਿਸੂਰੇ ॥
ਸੰਗਤ ਚਲ ਚਲ ਦਰਸਨ ਆਵੈ ॥ ਮਨ ਬਾਂਛਤ ਵਰ ਗੁਰ ਤੇ ਪਾਵੈ ॥967॥
ਬਾਬੇ ਬਿਕ੍ਰਮ ਸਿੰਘ ਤਨੁ ਆਇ ॥ ਮਾਤਾ ਨਿਕਸੀ ਭੇਟਾ ਗਾਇ ॥
ਹੁਕਮੁ ਕਰਾ ਸ੍ਰੀ ਗੁਰ ਸੁਖਦਾਈ ॥ ਕੜਾਹੀ ਆਦਿ ਨ ਤੜਕਾ ਲਾਈ ॥967॥

(ਸੂਰ ਦਾ ਸ਼ਿਕਾਰ ਕਰਨਾ)

ਅੰਮ੍ਰਿਤ ਸਿੰਘ ਇਕੁ ਬਹਿਰ ਸਿਧਾਇ ॥ ਸੂਕਰ ਦੇਖਾ ਪੈਲੀ ਮਾਇ ॥
ਚਾਂਹੇ ਦੈਵੋ ਗੁਰੈ ਸੁਨਾਈ ॥ ਸੀਤਲਾ ਭਏ ਨ[3] ਕਹਯੋ ਜਾਈ ॥969॥

---

1. ਅ ਪਥੀ ਪਰਾਨਾ 2. ਅ ਪੋਥੀ ਵਿਚੋਂ 3. ਅ ਪੋਥੀ ਨਾਨ੍ਹ

ਨੋਟ : * ਗੁਰੂ ਗੋਬਿੰਦ ਸਿੰਘ ਨੇ ਪਖੰਡੀ ਦੇ ਪਖੰਡ ਨੂੰ ਉਘਾੜਨ ਲਈ ਦੇਵੀ ਪੂਜਾ ਕਰਵਾਈ ਸੀ ਪਰ ਦੇਵੀ ਪ੍ਰਗਟ ਨਾ ਹੋਈ। ਪੰਡਤ ਨੇ ਕਿਹਾ ਕਿ ਉਹ ਬਲੀ ਮੰਗਦੀ ਹੈ। ਸਤਿਗੁਰੂ ਨੇ ਕਿਹਾ ਕਿ ਪੰਡਤ ਜੀ ਤੁਹਾਡੇ ਨਾਲੋਂ ਵਧੀਆ ਤੇ ਪਵਿਤਰ ਹੋਰ ਕੌਣ ਹੋ ਸਕਦਾ ਹੈ ? ਤੁਹਾਡੀ ਬਲੀ ਦਿੰਦੇ ਹਾਂ ਪੰਡਤ ਬਹਾਨਾ ਬਣਾ ਕੇ ਭੱਜ ਗਿਆ। ਸਤਿਗੁਰੂ ਨੇ ਤਲਵਾਰ ਕਢੀ ਤੇ ਸਿਖਾਂ ਨੂੰ ਕਿਹਾ ਇਹ ਹੀ ਸਾਡੀ ਦੇਵੀ ਹੈ।

॥ ਦੋਹਰਾ ॥

ਮਨ ਮੈ ਨਿਸਚਾ ਇਮ [1]ਧਰਾ ਪੂਛੇ ਦੇਉ ਸੁਨਾਇ ॥
ਮਧੁ ਦਿਵਾਨੁ ਜਬ ਬੈਠਿ ਗਾ[2] ਪੂਛਾ ਗੁਰ ਸੁਖਦਾਇ ॥970॥

॥ ਚੌਪਈ ॥

ਅੰਮ੍ਰਿਤੁ ਸਿੰਘ ਤੁਮ ਸੂਕਰ ਪੇਖਾ ॥ ਮਾਰ ਲਯਾਵੈ ਮਾਸੁ[3] ਬਿਸੇਖਾ ॥
ਅੰਮ੍ਰਿਤ ਸਿੰਘ ਸੁਨ ਅਰਜੀ ਕੀਨ ॥ ਅੰਤਰੁਜਾਮੀ ਗੁਰੂ ਪ੍ਰਬੀਨ ॥971॥
ਚਲੋ ਆਪ ਗੁਰ ਦੇਰੁ ਨ ਕੀਜੈ ॥ ਜੁਗਮ ਘਟੀ ਦਿਨ ਰਹਾ ਲਖੀਜੈ ॥
ਚੜੇ ਗੁਰੂ ਕਿਛੁ ਦੇਰੁ ਨ ਕੀਨਾ ॥ ਕਮਾਦ ਸਬ ਤਬ ਖੋਜਿ ਸੁ ਲੀਨਾ ॥972॥
ਦੂਤੀ[4] ਬਾਰ ਫਿਰ ਖੋਜਨੁ ਕੀਨ ॥ ਬਰਾਹਿ ਨ ਨਿਕਸਾ ਤਨੁ ਜਿਸ ਪੀਨ ॥
ਸਿੰਘਨ ਹਾਸੀ ਅਤਸੇ ਠਾਨੀ ॥ ਅੰਮ੍ਰਿਤ ਹਰਿ ਮਨ ਬਿਨੇ ਬਖਾਨੀ ॥973॥
ਗੁਰ ਜੀ ਮੇਰੀ ਕਰੋ ਸਹਾਇ ॥ ਸਵਾ ਰੁਪਯੋ ਲੇਹੁ ਕੜਾਹਿ ॥
ਮਨ ਕਰਿ ਐਸੀ ਬਿਨਤੀ ਗਾਈ ॥ ਗੁਰ ਸਾਹਿਬ ਸਿੰਘ ਹੋਇ ਸਹਾਈ ॥974॥

॥ ਦੋਹਰਾ ॥

ਸ੍ਰੀ ਕਮਲਾਨਨ ਬਚ ਭਨਾ ਖੋਜੋ ਤੀਜੀ ਬਾਰ ॥
ਬਚਨ ਮਾਨ ਟੋਲਨ ਲਗੇ ਨਿਕਸ ਸੂਰ ਬਲ ਧਾਰ ॥975॥

॥ ਚੌਪਈ ॥

ਕਹਯੋ ਹਜੂਰ ਨ ਜਾਵਨ ਪਾਵੈ ॥ ਇਹ ਸੂਕਰ ਹਮ ਮਾਰਾ ਭਾਵੈ ॥
ਬਾਬੇ ਕਾਨ ਸਿੰਘ ਅਸ ਮਾਰੀ ॥ ਲੀਨ ਗਿਰਾਇ ਲਗੀ ਨਹਿ ਬਾਰੀ ॥976॥
ਸੂਕਰ ਗੁਰ ਜੀ ਮੁਕਤੇ ਕੀਨਾ ॥ ਬੇਸਰ ਪਾਇ ਲਿਆਵਨ ਕੀਨਾ ॥
ਅੰਮ੍ਰਿਤ ਹਰਿ ਪ੍ਰਤਿ ਗਿਰਾ ਅਲਾਈ ॥ ਲਯਾਏ ਤੁਮ ਹਿਤੁ ਬਨ ਤੇ ਜਾਈ ॥977॥
ਸੁਖਨਾ ਕੀਤੀ ਪ੍ਰੀਤੀ ਲਾਇ ॥ ਯਾਂਤੇ ਤੁਮਰੇ ਭਏ ਸਹਾਇ ॥
ਅੰਮ੍ਰਿਤ ਹਰਿ ਨੇ ਨਿਸਚਾ ਕੀਨਾ ॥ ਮਨ ਮੈ ਜਾਗੀ ਪ੍ਰੀਤ ਨਵੀਨਾ ॥978॥

(ਹੁਕਮ ਸਿੰਘ ਦੀ ਕਥਾ)

ਇਕ ਮਸਤਾਨਾ ਨਗਰੁ ਰਹਾਵੈ ॥ ਹੁਕਮ ਸਿੰਘ ਤਿਸੁ ਨਾਮ ਬੁਲਾਵੈ ॥
ਮੌਜਿ ਆਇ ਤਬ ਬੋਲ ਸੁਨਾਈ ॥ ਨਾਤਰ ਤੂਸਨ ਹੀ ਰਹਿ ਜਾਈ ॥980॥

॥ ਦੋਹਰਾ ॥

ਬੇਪ੍ਰਵਾਹ ਸਦ ਸੰਤ ਹੈ ਧਰੈ ਨ ਕਿਸ ਕੀ ਕਾਨ ॥
ਗਯਾਨ ਵਿਗਯਾਨ ਵਿਰਾਗ ਮੈ ਸਦਾ ਰਹੈ ਸਵਧਾਨ ॥981॥

---

1. ਅ ਪੋਥੀ ਮ 2. ਅ ਪੋਥੀ ਗਯੋ 3. ਅ ਪੋਥੀ ਜਿਸੁ ਮਾਸ 4. ੲ ਪੋਥੀ ਦੂਜੀ
5. ਅ ਪੋਥੀ ਤਬ ਬੈਠ

ਗੁਰੂ ਗ੍ਰੰਥ ਸਾਹਿਬ ਵਿਖੇ ਸੰਤਨ ਮਹਿਮਾ ਗਾਇ ॥
ਸੋ ਸਲੋਕ ਅਤਿ ਮੰਜਿ ਹੈ ਦੇਵੌਂ ਅਬੈ ਸੁਨਾਇ ॥982॥

॥ ਤਥਾ ਸਲੋਕ ॥

ਜਿਨ ਪਟੁ ਅੰਦਰੁ ਬਾਹਰ ਗੁਦੜੁ ਤੇ ਭਲੇ ਸੰਸਾਰੁ ॥
ਤਿਨ੍ਹ ਨੇਹੁ ਲਗਾ ਰਬੁ ਸੇਤੀ ਦੇਖਣੇ ਦੀਦਾਰ ॥
ਰੰਗੁ ਹਸੈ ਰੰਗਿ ਰੋਵੈ ਚੁਪ ਭੀ ਕਰ ਜਾਹਿ ॥
ਪਰਵਾਹ ਨਾਹੀ ਕਿਸ ਕੇਰੀ ਬਾਝ ਨਾਇ ॥983॥

॥ ਚੌਪਈ ॥

ਕਹੁ ਗੁਰ ਐਸੇ ਅਗ੍ਰ ਸਿਧਾਏ ॥ ਜਿਨ ਸਿਖਨ ਕੇ ਸਭ ਦੁਖ ਘਾਏ ॥
ਏਕ ਦਿਵਸ ਮਸੰਤਾਨਾ ਆਵਾ ॥ ਸ੍ਰੀ ਗੁਰ ਪਗ ਪਰ ਸੀਸ ਨਿਵਾਵਾ ॥984॥
ਗੁਰ ਕਾ ਦਾੜ੍ਹਾ ਕਰ ਮੈ ਲੀਨਾ ॥ ਬੈਨ ਕਹਯੋ ਹੋਇ ਅਤਿਸੈ ਦੀਨਾ ॥
ਮਾਯਾ ਤੇ ਮੁਹਿ ਲਯੋ ਬਚਾਈ ॥ ਸੁਰ ਨਰ ਸਿਧ ਜਿਨ ਦੀਨ ਭ੍ਰਮਾਈ ॥985॥
ਸ੍ਰੀ ਕਮਲਾਨਨ ਬੈਨ ਬਖਾਨਾ ॥ ਮਾਯਾ ਤੁਮਰਾ ਕਯਾ ਕਰ ਹਾਨਾ ॥
ਹੋਇ ਨਚਿੰਤ ਨ ਚਿੰਤਾ ਕੀਜੈ ॥ ਵਾਹਿਗੁਰੂ ਸਿਮਰਨਿ ਮਨ ਦੀਜੈ ॥986॥
ਇਕ ਸੇਵਕ ਕੋ ਸ੍ਰੀ ਗੁਰ ਪ੍ਰੇਰਾ ॥ ਕੜਾਹਿ ਲਿਆਵੋ ਕਰੋ ਨ ਦੇਰਾ ॥
ਅਨਚਰ ਲਯਾਵਾ ਦੇਰ ਬਿਹਾਇ ॥ ਮਸਤਾਨੇ ਕਰ ਮੁ ਗੁਰ ਧਰਾਇ ॥987॥

॥ ਦੋਹਰਾ ॥

ਲੇਕਰ ਖਾਵਾ ਹਰਖੁ ਕਰ ਹੋਇ ਹੋਇ ਮੁਖ ਗਾਇ ॥
ਦਉਰ ਚਲਾ ਤਬ ਦੇਰ ਬਿਨੁ ਹੈ ਅਤ [1]ਬੇਪਰਵਾਹਿ[1] ॥988॥

॥ ਚੌਪਈ ॥

ਸਿਖਾਂ ਪੂਛਾਂ ਜੁਗ[2] ਕਰ ਜੋਰੀ ॥ ਇਸ ਪਰ ਮਯਾਂ ਗੁਰੂ ਨਹਿ[3] ਥੋਰੀ ॥
ਸ੍ਰੀ ਕਮਲਾਨਨ ਬੈਨ ਬਖਾਨਾ ॥ ਗਯਾਨ ਬ੍ਰਿਤੀ ਕਰ ਭਾ[4] ਮਸਤਾਨਾ ॥989॥
ਗਯਾਨਵਾਨ ਹੈ ਸਭ ਤੇ ਊਚਾ ॥ ਦੇਵ ਦਨੁਜ ਜਿਸ ਕੋ[5] ਨਹ ਪਹੂਚਾ[5] ॥
ਜੋ ਸੇਵੈ ਸੋ ਮੁਕਤਿ ਪਾਵੈ ॥ ਜਨਮ ਮਰਨ ਮੈ ਬਹੁਰਿ ਨ ਆਵੈ ॥990॥
ਜਿਸ ਨਗਰ ਮੈ ਸੰਤ ਰਹਾਵੈ ॥ ਸੋ ਥਾਨ ਸੁਖ ਸਾਥ ਬਸਾਵੈ ॥
ਹਾਣ ਲਾਭ ਜਿਸੁ ਰਹੀ ਨ ਕਾਈ ॥ ਬ੍ਰਹਮਾ ਨੰਦ ਮੈ ਸਦਾ ਸਮਾਈ ॥991॥
ਸੁਨ ਗੁਰ ਬਾਨੀ ਸਭ ਹਰਖਾਏ ॥ ਮਸਤਾਨ ਸੇਵ ਕਰੈ ਬਨਾਏ ॥
ਹੋਲਾ ਮੇਲਾ ਆਯੋ ਭਾਰੀ ॥ ਆਈ ਸੰਗਤ ਵਾਰ ਨ ਪਾਰੀ ॥992॥

---

1. ਮੂਲ ਪੋਥੀ ਪਾਠਾਂਤਰ : ਅਤਿਸੈ ਪਰਵਾਹਿ 2. ਅ ਪੋਥੀ ਗੁਰ 3. ਅ ਪੋਥੀ ਕਰੀਨ 4. ਅ ਪੋਥੀ ਭੈਯਾ 5. ਅ ਪੋਥੀ ਕਰਤੇ ਪੂਜਾਂ

(ਬੀਰ ਸਿੰਘ ਦੀ ਕਥਾ)

॥ ਦੋਹਰਾ ॥

ਬੀਰ ਸਿੰਘ ਆਯੋ ਤਬੈ ਮਾਝੇ ਸੰਗਤਿ ਨਾਲ ॥
ਸਬਦ ਪਠਤ ਹੈ ਪ੍ਰੀਤ ਸੋ ਗੁਰ ਸਿਖੀ ਕੀ ਚਾਲ ॥993॥

॥ ਚੌਪਈ ॥

ਜੁਗਮ ਘੜੀ ਤਿਨ ਖੜੇ ਬਿਤਾਈ ॥ ਬਿਨਾ ਹੁਕਮੁ ਕੋ ਬੈਠੇ ਜਾਈ ॥
ਲਗੀ ਧੂਪੁ ਬਹੁ ਮੁੜਕਾ ਚਾਲਾ ॥ ਰੰਚਕ ਭਰ ਨ ਮਨ ਤ੍ਰਿਸੁ ਹਾਲਾ ॥994॥
ਗੁਰ ਪਗ[1] ਨਿਸਚਾ ਹੈ ਤਿਸ ਭਾਰੀ ॥ ਚਾਹੈ ਅਪਨਾ ਮਨੁ ਤਨੁ ਵਾਰੀ ॥
ਦੀਨ ਕਸੌਟੀ ਸਤਿਗੁਰ ਪੂਰੇ ॥ ਤਿਸ ਕਾ ਮਨੁ ਨ ਦੇਖਾ ਊਰੇ ॥995॥
ਉਠਿ ਬੈਠੇ ਸੁਠਿ ਗਿਰਾ ਅਲਾਈ ॥ ਸੰਗਤਿ ਬੈਠੋ ਮਨੁ ਹਰਖਾਈ ॥
[ਸੁਨ ਭਾਈ ਤਬ ਚਰਨ ਗਹਾਨੇ ॥ ਖਟ ਪਦ ਜੈਸੇ ਕੰਜ ਲਪਟਾਨੇ ॥996॥][2]
ਨੈਨਨ ਤੇ ਜਲ ਧਾਰ ਚਲਾਈ ॥ ਭਯਾ ਹਰਖੁ ਮਨੁ ਨਵਨਿਧਿ ਪਾਈ ॥
ਧੂੜੀ ਲੇ ਲੇ ਮਾਥੇ ਲ੍ਹਾਵੇ ॥ [3]ਜਨਮ ਮਰਨ ਕੇ ਫਾਸ ਮਿਟਾਵੈ[3] ॥997॥

॥ ਦੋਹਰਾ ॥

ਸ੍ਰੀ ਕਮਲਾਨਨ ਬਚ ਭਨਾ ਭਾਈ ਰਾਜੀ ਆਇ ॥
ਪਾਨ ਜੋਰੁ ਕਰੁ ਕਹਤੁ ਭਾ ਆਪ ਮਯਾ ਸੁਖਦਾਇ ॥998॥

॥ ਚੌਪਈ ॥

ਧਰੀ ਉਪਾਇਨ ਅਤਸੇ ਰੂਰੀ ॥ ਅਵਰ ਸਾਥ ਜੋ ਆਂਦੀ ਭੂਰੀ ॥
ਚੰਦ ਬਦਨ ਗੁਰ ਗਿਰਾ ਅਲਾਈ ॥ ਜੋ ਭਾਈ ਕੋ ਹੈ ਸੁਖਦਾਈ ॥999॥
ਹੈ ਮਝੈਲ ਜੋ ਤੇਰੇ ਨਾਲ ॥ ਇਨ ਕੋ ਸਿਖ ਮਤ ਲਵੈ ਭਾਲ ॥
ਜਾਟ ਲੋਗ ਨ ਕਿਸ ਕੇ ਹੋਏ ॥ ਲੋੜ ਪੜੈ ਤੌ ਕਰਤੇ ਢੋਏ ॥1000॥
ਰਾਜ[4] ਅੰਸ ਨਹਿ ਖਾਵਨ ਕੀਜੈ ॥ ਜੋ ਆਵੈ ਸੋ ਵੰਡ ਛਕੀਜੈ ॥
ਮਾਝੇ ਲੋਗਨ ਹਾਕਮ ਜਾਨੋ ॥ ਮੇਰੇ ਜਾਨਨ ਨਿਸਚਾ ਠਾਨੋ ॥1001॥
ਏਹੁ ਸਰਬ ਤਵ ਦਰਨੀ ਲਾਏ ॥ ਦੇਹ ਪਦਾਰਥੁ ਸਿਖੁ ਕਹਾਏ ॥
ਲੋਭ ਲਹਰ ਜਬ ਇਨ ਕੋ ਜਾਗੇ ॥ ਬਿਗੜ ਜਾਹੇਂਗੇ ਪਰਮ ਅਭਾਗੇ ॥1002॥
ਤੂੰ ਮਨ ਅਪਨੋ ਨੀਵਾ ਰਾਖੀ ॥ ਮੈ ਭੀ ਹਾਂ ਇਹੁ ਕਬੀਂ ਨ ਭਾਖੀ ॥
ਜਿਨ ਜਿਨ ਮਨ ਕੋ ਨੀਵਾ ਰਾਖਾ ॥ ਵਾਹਿਗੁਰੂ ਸੁਧਾ[5] ਤਿਨ ਚਾਖਾ ॥1003॥

॥ ਦੋਹਰਾ ॥

ਭਾਈ ਜੀ ਕਰ ਜੋਰ ਕਰ[6] ਸਤ-ਸਤ ਮੁਖ ਗਾਇ ॥
ਮੈ ਗੁਲਾਮਨ ਗੁਲਾਮ ਹੋ ਬੇਦੀ ਕੁਲ ਕੇ ਰਾਇ ॥1004॥

---

1. ਅ ਪੋਥੀ ਪਰ 2. ਅ ਪੋਥੀ ਵਿਚੋਂ 3. ਅ ਪੋਥੀ ਪਾਠਾਂਤਰ: ਬਾਹੁ ਬਾਰੁ ਤੇ ਬ੍ਰਲ ਜਾਵੈਂ ॥
4. ਅ ਪੋਥੀ ਕਾਜ 5. ਅ ਪੋਥੀ ਰਸੁ 6. ਅ ਪੋਥੀ ਕਰਿ

|| ਚੌਪਈ ||

ਏਕ ਬਿਨੈ ਗੁਰ ਜੀ ਸੁਨਿ ਲੀਜੈ || ਸੇਵਕ ਜਾਨ ਨ ਰਿਸ ਕਛੁ ਕੀਜੈ ||
ਆਤਮ ਗਯਾਨ ਮੁਹਿ ਦੇਉ ਸਮਝਾਇ || ਜਾ ਸਮਝੇ ਅਗਯਾਨ ਬਿਲਾਇ ||1005||
ਕਹਯੋ ਹਜੂਰ ਤਵ ਦਯੋ ਸਮਝਾਈ || ਜਹਿ ਸਮਝੇ ਤੇ ਪਰਮ ਗਤਿ ਪਾਈ ||
ਜੋ ਦੀਸੈ ਸੋ ਗੋਬਿੰਦੁ ਜਾਨੋ || ਬਿਨਾ ਬ੍ਰਹਮੁ ਤੇ ਮਿਥਯਾ ਮਾਨੋ ||1006||
ਦੇਹਿ ਆਦਿ ਹੈ ਸਭ ਦੁਖਦਾਈ[1] || ਇਨ ਮੈ ਪ੍ਰੀਤ ਨ ਕਰੋ ਕਦਾਈ ||
ਜੋ ਬਿਹਾਰ ਸਭ ਕਲਪਤ ਜਾਨੋ || ਆਦਿ ਮਧੁ ਅੰਤੁ ਬ੍ਰਹਮ ਮਾਨੋ ||1007||

|| ਦੋਹਰਾ ||

ਗੁਰੂ ਗ੍ਰੰਥ ਮੈ ਗੁਰ ਕਹਯੋ ਸਿਖਨ ਕਰਾ ਉਧਾਰੁ ||
ਸੋਈ ਸਬਦੁ ਸ੍ਰਵਣ ਕਰੋ ਚਹੁ ਵੇਦਨ ਕੋ ਸਾਰ ||1008||

|| ਤਥਾ ਸਬਦ ||

ਸਕਲ ਬਨਸਪਤਿ ਮਹਿ ਬੈਸੰਤਰ ਸਗਲ ਦੂਧੁ ਮਹਿ ਘੀਆ ||
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧੋ ਜੀਆ ||1||
ਸੰਤਹੁ ਘਟਿ ਘਟਿ ਰਹਿਓ ਸਮਾਹਿਓ ||
ਪੂਰਨ ਪੂਰਿ ਰਹਿਓ ਸਰਬ ਮੈ ਜਲ ਥਲ ਰਮਈਆ ਆਹਿਓ || ਰਹਾਉ ||
ਗੁਣ ਨਿਧਾਨੁ ਨਾਨਕ ਜਸੁ ਗਾਵੈ ਸਤਿਗੁਰ ਭਰਮੁ ਚੁਕਾਇਓ ||
ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਓ ਸਮਾਇਓ ||2||1009||

|| ਚੌਪਈ ||

ਐਸਾ ਨਿਸਚਾ ਮਨ ਮੈ ਧਾਰੋ || ਬਾਹਿਰ ਕਾਰਜ ਸਰਬ ਸਵਾਰੋ ||
ਸੁਨ ਭਾਈ ਉਠਿ ਚਰਨ ਗਹਾਨੇ || ਮਨ ਮੈ ਜਾਗੀ ਪ੍ਰੀਤ ਮਹਾਨੇ ||1010||
ਪਨਹੀ ਝਾਰੀ[2] ਮਾਥੇ ਰਾਖੀ || ਰਿਦ ਮੋ ਰਾਖੀ ਜੋ ਗੁਰ ਭਾਖੀ ||
ਜਾਵੋ ਸਿਵਰ ਲਗਾਵਨ ਕੀਜੈ || ਲੰਗਰ ਸੇਵਨ ਮੋ ਮਨ ਦੀਜੈ ||1011||

|| ਦੋਹਰਾ ||

ਆਇਸ ਮਾਨੀ ਗੁਰ ਕੀ ਕੋਇਕੁ ਦਿਨ ਰਹਿ ਪਾਸ ||
ਹੋਲਾ ਭਯੋ ਬਤੀਤ ਜਬ ਚਾਲਿ ਸਦਮ ਹੁਲਾਸ ||1012||

|| ਚੌਪਈ ||

ਏਕ ਦਿਵਸ ਗੁਰ ਹੈ ਮੰਗਵਾਵਾ || ਚੜ੍ਹ ਕਰਿ ਚਾਲੇ ਬਿਨ ਬਿਲਮਾਵਾ ||
ਆਗੇ ਊਚਾ ਟਿਬਾ ਸੁ ਆਯੋ || ਹੈ ਕੋ ਸ੍ਰੀ ਗੁਰ ਚਰਨ ਲਗਾਯੋ ||1013||
ਹੈ ਚਲਾਕੀ ਛਾਲ ਚਲਾਈ || ਪਚਾਸ ਹਾਥੁ ਗਾ[3] ਊਚਾ ਥਾਈ ||
ਜਿਮ ਜਿਨ ਦੇਖਾ ਅਚਰਜ ਧਾਰਾ || ਗੁਰ ਕੀ ਉਪਮਾ ਕਰੈ ਅਪਾਰਾ ||1014||

---

1. ਅ ਪੋਥੀ ਸੁਖਦਾਈ 2. ਅ ਪੋਥੀ ਝਾੜੀ 3. ਅ ਪੋਥੀ ਗਯਾ

ਏਕ ਤਰੂ ਤਨ ਪਲਘ ਡਸਾਏ ॥ ਦੂਨਾ ਹਰਿ ਆਦਿ ਬੈਠਿ ਬਿਗਸਾਏ ॥
ਸੰਤ ਸਾਧੂ ਸਿਖੁ ਜੁੜਿ[1] ਆਏ ॥ ਚਹੂ ਓਰਿ ਬੈਠੇ ਸਮੁਦਾਏ ॥1015॥
ਮਾਰਤੰਡ ਤਾਪਾ ਅਤਿ ਭਾਰੀ ॥ ਸਭ ਕਾ ਮੁੜਕਾ ਚਲਾ ਅਪਾਰੀ ॥
ਸ੍ਰੀ ਹਜੂਰ ਜੀ ਰਹੇ ਬਿਰਾਜ ॥ ਸਬ ਬਿਚਾਰੈ ਕਯਾ ਕੀਨਾ ਸਾਜ ॥1016॥

॥ ਦੋਹਰਾ ॥

ਜੁਗਮਿ ਘੜੀ ਬੀਤਤ ਭਈ ਗੁਰ ਜੀ ਕਰਵਟ ਲੀਨ ॥
ਦੂਨਾ ਸਿੰਘ ਕਰ ਜੋੜ[2]ਕਰ ਤਬ ਹੀ ਬਿਨਤੀ ਕੀਨ ॥1017॥

॥ ਚੌਪਈ ॥

ਮਹਾਰਾਜ ਸਵਤਾ ਤਪਤਾਯੋ ॥ ਬਿਨਾ ਛਾਯ ਸਬ ਕੇ ਦੁਖ ਪਾਯੋ ॥
ਕਹਯੋ ਹਜੂਰ ਤੁਮ ਦੇਹੁ ਸੁਨਾਈ ॥ ਛਾਯਾ ਈਹਾਂ ਬਹੁ ਬਨ ਜਾਈ ॥1018॥
ਪੂਰਾ ਸੁ ਥਾਨ ਹਮਰਾ ਜਾਨੋ ॥ ਇਨ ਸੇਵਨ ਤੇ ਫਲੰ ਮਹਾਨੋ ॥
ਏਕ ਕੂਪ ਹਮ ਇਹਾ ਲਗਾਵੈ ॥ ਚਹੂੰ ਓਰਿ ਇਸ ਬਾਗ ਸੁਹਾਵੈ ॥1019॥
ਗੁੜ ਕਹੀਆਂ ਬਹੁ ਲੀਨ ਮੰਗਾਇ ॥ ਸਤਨਾਮ ਕਹਿ ਕਰ ਟਕ ਲਾਇ ॥
ਨਾਨਕ ਸਰ ਰਾਖਾ ਸੁਭ ਨਾਮਾ ॥ ਚਾਰ ਪਦਾਰਥੁ ਹੈ ਇਸੁ ਪਾਨਾ ॥1020॥
ਸੁਤ ਬਿਤ ਨੂਤ ਜੋ ਸੁਖ ਕੋ ਚਾਹੈ ॥ ਇਸ ਸੇਵਨ ਤੇ ਸਭ ਕਿਛੁ ਪਾਏ ॥
ਅਸ ਆਇਸ ਜਬ ਗੁਰ ਜੀ ਦੀਨੀ ॥ ਸਿਖਨ ਜਾਗੇ ਭਾਗ ਨਵੀਨੀ ॥1021॥
ਸੇਵਤ ਭੇ ਮਨ ਪ੍ਰਤਿ ਲਗਾਈ ॥ ਚਾਰ ਪਦਾਰਥ ਲੀਨੇ ਪਾਈ ॥
ਟਿਬਾ ਢਾਇ ਮਦਾਨ ਕਰਾਯੋ ॥ ਬਾਗ ਲਗਾਯੋ ਬਿਨ ਬਿਲਮਾਯੋ ॥1022॥

॥ ਦੋਹਰਾ ॥

ਨਾਨਕ ਸਰ ਜੋ ਨਾਇ ਹੈ ਨਾਨਕ ਪੁਰ ਕੋ ਜਾਇ ॥
ਬਿਨਾ ਜਪੁ ਤਪੁ ਬ੍ਰਿਤਿ ਕੀਏ ਦੀਨਾ ਵਰ ਗੁਰਖਾਇ ॥1023॥

## (ਊਨੇ ਬਾਰੇ ਭਵਿਖ ਬਚਨੀ)

॥ ਚੌਪਈ ॥

ਏਕ ਦਿਵਸ ਗੁਰ ਗਿਰਾ ਅਲਾਈ ॥ ਦੁਰਗ ਨਗਰ ਊਨਾ ਢਹ ਜਾਈ ॥
ਦੂਨਾ ਸਿੰਘ ਨੇ ਅਰਜੀ ਠਾਨੀ ॥ ਕੋਪ ਗਿਟਾ ਕਯੋ ਗੁਰੂ ਬਖਾਨੀ ॥1024॥
[3]ਭਨਾ ਹਜੂਰ ਸਮਾ ਮੰਦ ਆਵਾ[3] ॥ ਧਰਮ ਨ ਕਿਸ ਕਾ ਥਿਰੋ ਰਹਾਵਾ ॥
ਕਪਟੀ ਬਾਮੀ ਸਭ ਨਰ ਹੋਏ ॥ ਨਾਰਿ ਤਿਆਗਿ ਪਰ ਨਾਰੀ ਜੋਏ ॥1025॥

---

1 ਅ ਪੋਥੀ ਆਏ
2 ਅ ਪੋਥੀ ਜੋਰੁ
3. ਅ ਪੋਥੀ ਪਾਠਾਂਤਰ: ਕਹਯੋ ਸਾਹਿਬ ਕਾਲ ਮੰਦ ਆਵਾ ॥

ਸਿਖੀ ਮਾਰੰਗ ਦੀਨ ਤਿਆਗੇ ॥ ਮਦਰਾ ਮਾਸ ਗਨਕਾ ਪਾਗੇ ।
ਆਪ ਧਾਖੀ ਪੰਥਿ ਚਲਾਏ ॥ ਗੁਰ ਉਪਦੇਸਿ ਸੁਨਿ ਕਿਸ ਕੋ ਭਾਏ ॥1026॥
ਦੇਸ ਪੰਜਾਬ ਬਡੋ ਦੁਖੁ ਪਾਈ ॥ ਯਾਤੇ ਊਨਾ ਦਹਿ ਕਰ ਜਾਈ ॥
ਸਿੰਘ ਭੂਪ ਕੋ ਰਹਨ ਨ ਪਾਵੈ ॥ ਲਾਗਲ ਬਾਹੇ ਰੋਟੀ ਖਾਏ ॥1027॥
ਦੂਨਾ ਸਿੰਘ ਪੁਛ ਅਰਜੀ ਗੁਜ਼ਾਰੀ ॥ ਮੁਝੇ ਬਤਾਵਹੁ ਗੁਰ ਸੁਖਦਾਈ ॥
ਸਮਾ ਬਤੀਤ ਕੈਸੇ ਹੋਵੈ ॥ ਜਸ ਸੰਕਟ ਅਸ ਪਰਜਾ ਜੋਵੈ ॥1028॥
ਊਨਾ ਪੁਰਿ ਪੁਨ ਬਸੈ ਕਿ ਨਾਹੀ ॥ ਆਪ ਗਿਰਾ ਨਹਿ ਬਿਰਥਾ ਜਾਹੀ ॥
ਕਮਲਨੈਨ ਪੁਨ ਬੈਨ ਬਖਾਨਾ ॥ ਦੂਨਾ ਸਿੰਘ ਤੂੰ ਮਰਮ ਸਿਆਨਾ ॥1029॥

॥ ਦੋਹਰਾ ॥

ਸੋ ਗੁਨਾ ਊਨਾ ਕਰੋ ਬਸੈ ਲੋਗੁ ਬਹੁ ਆਇ ॥
ਪੌਰਸਾ [1]ਲੋਹਿ ਕਰੇਗਾ ਦੂਨ ਸਿਕਰੈ [2]ਬਾਇ ॥1030॥

॥ ਚੌਪਈ ॥

ਊਨੇ ਕਾ ਬਡ ਕਰਯੋ ਪ੍ਰਤਾਪੂ ॥ ਜੋ ਦਰਜੈ ਤਿਸ ਖਾਪੈ ਪਾਪੂ ॥
ਜਬ ਲਗ ਦੇਹੀ ਮੈ ਜਗ ਰਾਖੋ ॥ ਪੰਚ ਬੈਨਿ ਤੁਮਰੇ ਪ੍ਰਤਿ ਭਾਖੋ ॥1032॥
ਸਿੰਘਨ ਰਾਜ ਤਬੈ ਲਗ ਹੋਈ ॥ ਪਾਛੇ ਮੋਲ ਖਸੋਟੇ ਸੋਈ ॥
ਮਾਰ ਗਰਦ ਮੈ ਦੇ ਮਿਲਾਈ ॥ ਦੁਹਾਈ ਅਪੁਨੇ ਲੇ ਫਿਰਾਈ ॥1032॥
ਤੂੰ ਤੂੰ ਤਬੈ ਸਿੰਘ ਪੁਕਾਰੈ ॥ ਆਪ ਸ੍ਰੀ ਗੁਰ ਤਿਨੈ ਉਬਾਰੈ ॥
ਬਿਕ੍ਰਮ ਸਿੰਘ ਸੁਤ ਲੀਨ ਬੁਲਾਇ ॥ ਤਿਸ ਪ੍ਰਤਿ ਸ੍ਰੀ ਗੁਰ ਗਿਰਾ ਅਲਾਇ ॥1033॥
ਚਲੋ ਦੁਰਗ ਸੁਭ ਲਏ ਬਨਾਈ । ਸਤ ਬਚਨ ਤਿਨ ਬਾਨੀ ਗਾਈ ॥
ਦੂਨਾ ਸਿੰਘ [3]ਆਦਿਕ ਬਹੁ ਚਾਲੇ ॥ ਚਰ ਸੁਖਪਾਲੈ ਗੁਰੂ ਬਿਸਾਲੇ ॥1034॥
ਸਪਤ ਕੋਸ ਚੌਗਿਰਦੇ ਵੇਖਾ ॥ ਦੁਰਗ ਥਾਨ ਨ ਕੋਈ ਪੇਖਾ ॥
ਪਾਸਿ[4] ਚਿਤਾੜੇ ਗੇ[4] ਸੁਖਦਾਈ ॥ ਦੁਰਗ ਬਨਾਵੈ ਗਿਰਾ ਅਲਾਈ ॥1035॥

॥ ਦੋਹਰਾ ॥

ਦੂਨਾ ਸਿੰਘ ਕਰ ਜੋਰ ਕਰਿ ਦੀਨੋ ਸਲਾਹਿ ਹਟਾਇ ॥
ਸਪੂਤ ਬਿਕ੍ਰਮਾ ਸਿੰਘ ਪ੍ਰਤਿ ਪਾਛਲ ਘਰੁ ਦਿਖਲਾਇ ॥1036॥

॥ ਚੌਪਈ ॥

ਸ੍ਰੀ ਕਮਲਾਨਨ ਗਿਰਾ ਬਖਾਨੀ ॥ ਜੂਆਲਾ ਰਸਤਾ ਇਹਾਂ ਨ ਪਾਨੀ ॥
ਕੂਪ ਲਵਾਵੈ ਈਹਾਂ ਭਾਰੀ ॥ ਆਵਤ ਜਾਵਤ ਤ੍ਰਿਖਾ ਨਿਵਾਰੀ ॥ 1037॥

---

1. ਅ ਪੋਥੀ ਪਾਠਾਂਤਰ: ਸਾਲੋਹਿ ਪੋਰ
2. ਅ ਪੋਥੀ ਪਾਠਾਂਤਰ: ਸਿਕਾਰੁ ਕੋ
3. ਅ ਪੋਥੀ ਹਰਿ
4. ਅ ਪੋਥੀ ਪਾਠਾਂਤਰ: ਚਿਤਾੜੇ ਪਾਸਿ ਗਏ

ਬਾਟ ਸ਼ਿਸਟਾਨ ਟਕ[1] ਲਗਾਯੋ ॥ ਗੁਰ ਸਿਖਨ ਪ੍ਰਤਿ ਬੈਨ ਅਲਾਯੋ ॥
ਜੋ ਇਸ ਸੇਵੈ ਪ੍ਰੀਤੀ ਲਾਈ ॥ ਜਨਮ ਮਰਨ ਤਿਸ ਕਾ ਦੁਖ ਜਾਈ ॥1038॥
ਕਹਿ ਐਸੇ ਗੁਰ ਭਵਨ ਸਿਧਾਏ[2] ॥ ਸਿੰਘ[3] ਬਹਾਦਰ ਅਸ੍ਵ ਧਵਾਏ[3] ॥
ਚਣਨ ਖੇਤ ਇਕ ਮਗ ਮੈਂ ਆਵਾ ॥ ਮਧੁਰ ਮੰਜ ਗੁਰ ਬੈਨ ਅਲਾਵਾ ॥1039॥

॥ ਦੋਹਰਾ ॥

ਪਾਕਾ ਖੇਤ ਕਿ ਨਹਿ ਪਕਾ ਬਹਾਦਰੁ ਹਰਿ ਸੁਨ ਬੈਨ ॥
ਤਯਾਗ ਅਸ੍ਵ ਬੂਟਾ ਪੁਟਾ ਲਯਾਵਾ ਧਰ ਮਨ ਚੈਨ ॥1040॥

॥ ਚੌਪਈ ॥

ਗੁਰ ਪ੍ਰਤਿ ਬਾਨੀ ਮਧੁਰ ਅਲਾਈ ॥ ਦੇਖੋ ਬੂਟਾ ਗੁਰ ਸੁਖਦਾਈ ॥
ਸਿਵਾਕਾ ਸ੍ਰੀ ਗੁਰ ਦੀਨ ਠਹਿਰਾਇ ॥ ਗਿਰਾ ਕਹੀ ਤਿਸ ਪ੍ਰਤੀ ਸੁਨਾਇ ॥1041॥
ਬੂਟਾ ਪੂਟਾ ਜੋਗ ਨ ਕੀਨਾ ਭਾਗ ॥ ਬਿਗਾਨਾ ਸਿਰ ਧਰ[4] ਲੀਨਾ ॥
ਇਹ ਬਦਲਾ ਤਵ ਦੇਵਨ ਆਵੈ ॥ ਜਮ ਪਕੜੇ ਤਵ ਕਵਣੁ ਛਡਾਵੈ ॥1042॥
ਹਾਥ ਜੋਰੁ ਤਿੰਨ ਅਰਜੀ ਗਾਈ ॥ ਆਪ ਛਡਾਵੋ ਗੁਰ ਸੁਖਦਾਈ ॥
ਮੈ ਭੂਲਾ ਅਬ ਬਖਸੋ ਸੁਆਮੀ ॥ ਜੋ ਹੋਈ ਸੋ ਮੇਟੋ ਖਾਮੀ ॥1043॥
ਮੰਦ ਮਦ ਗੁਰ ਗਿਰਾ ਅਲਾਈ ॥ ਫਿਰ ਨ ਐਸੇ ਕਰੋ ਕਦਾਈ ॥
ਅਬ ਬਖਸਾ ਤਵ ਮੇਟੀ ਖਾਮੀ ॥ ਵਾਹਿਗੁਰੂ ਸਿਮਰੋ ਅਠ ਜਾਮੀ ॥1044॥
ਊਨੇ ਆਏ ਗੁਰ ਸੁਖਦਾਈ ॥ ਨਗਰ ਮਾਝ ਭਾ[5] ਤੁਪ ਅਧਕਾਈ ॥
ਸਿਖਨ ਮਿਲ ਕਰਿ ਅਰਜੀ ਠਾਨੀ ॥ ਤਾਪ ਹਟਾਵੋ[6] ਸੁਖਮਾ ਖਾਨੀ ॥1045॥

॥ ਦੋਹਰਾ ॥

ਬੈਨ ਬਖਾਨਾ ਸਤਗੁਰੂ ਸੁਨੋ ਸਿਖੁ ਮਨੁ ਲਾਇ ॥
ਨਰ ਨਾਰੀ ਜੋ ਨਗਰ ਮੈ ਚਿਤਾੜੇ ਇਟ ਪੁਜਾਇ ॥1046॥

॥ ਚੌਪਈ ॥

ਜੋ ਈਟਾ ਤਹਿ ਲੈ ਕਰਿ ਜਾਵੈ ॥ ਤਾਪ ਨ ਤਿਸ ਕੇ ਨਿਕਟੇ[7] ਆਵੈ ॥
ਸੁਨ ਗੁਰ ਬਾਨੀ ਸਭ ਨੇ ਮਾਨੀ ॥ ਨਰੁ ਨਾਰੀ ਸਭ ਈਟ ਉਠਾਨੀ ॥1048॥
ਮਾਤਾ ਡਲੇ ਧਰ ਲੇ ਗਈ ॥ ਔਰੁ ਕਿਸੀ ਕੀ ਕੌਨ ਗਿਨਈ ॥
ਤਾਪ ਨ ਤਿਸ ਕੋ ਬਹੁਰੋ ਆਵਾ ॥ ਸਤਗੁਰ ਬਚ ਸੁਭ ਭੇ ਸਫਲਾਵਾ ॥1048॥
ਭਯੋ ਤਿਯਾਰ ਕੂਪ ਜਬ ਸਾਰਾ ॥ ਆਪ ਗਏ ਸ੍ਰੀ ਗੁਰ ਕਰਤਾਰਾ ॥
ਚਠ ਕਢਾਇ ਦਿਯੋ ਬਹੁ ਦਾਨਾ ॥ ਚੰਦ ਬਦਨੁ ਤੇ ਬੈਨ ਬਖਾਨਾ ॥1049॥

---

1. ਅ ਪੋਥੀ ਕੇ 2. ਅ ਪੋਥੀ ਆਏ 3. ਅ ਪੋਥੀ ਪਾਠਾਂਤਰ : ਬਹਾਦਰ ਸਿੰਘ ਨਾਲ ਚਲ ਆਏ ॥
4. ਅ ਪੋਥੀ ਪਰ 5. ਅ ਪੋਥੀ ਭਯਾ 6. ਅ ਪੋਥੀ ਗੁਰ ਸੁਖਮਾ 7. ਅ ਪੋਥੀ ਨ ਆਵੈ

ਜਬ ਕੋ ਨੀਚ ਬੇਅਦਬੀ[1] ਕਰਹੈ ॥ ਜਲ ਸੂਕੇ ਨਹਿ ਥਿਰਤਾ ਧਰਹੈ ॥
ਐਸੇ ਕਹਿ ਗੁਰ ਊਨੇ ਆਏ । ਥੋੜੇ ਦਿਨ ਗਾ ਨੀਰ ਸੁਕਾਏ ॥1050॥

॥ ਦੋਹਰਾ ॥

ਸਤਿਗੁਰ ਸਾਹਿਬ ਜਬ ਸੁਨਾ ਦੂਨਾ ਸਿੰਘ ਪ੍ਰਤਿ ਗਾਇ ॥
ਕੀਚ ਕਢਾਵੋ ਤਿਸੁ ਬਿਖੋ ਮੰਦੁ ਬਸਤੁ ਕਿਨ ਪਾਇ ॥1051॥

॥ ਚੌਪਈ ॥

ਮਾਨੁ ਬਚਨੁ ਤਬ ਕੀਚ ਨਿਕਾਰਾ ॥ ਪਸੂ ਕਰੰਗ ਸੁ ਨਿਕਾਸਾ ਸਾਰਾ ॥
ਸੀਤ ਪ੍ਰਸਾਦ ਗੁਰੂ[2] ਤਵ ਪਾਵਾ[2] ॥ ਸੀਤਲ ਜਲ ਨਿਕਸਾ ਸੋਹਾਵਾ ॥1052॥
ਜਲ ਗਿਰਾਇ ਪਿੰਡ ਇਕ ਆਹੀ ॥ ਬਿਨੁ ਪਾਣੀ ਨਰ ਪਸੁ ਦੁਖ ਪਾਹੀ ॥
ਏਕੁ ਕੂਪਿ ਗੁਰੁ ਤਹਾਂ ਲਵੋਵਾ ॥ ਸੀਤ ਨੀਰ ਪੀ ਸਭ ਤ੍ਰਿਪਤਾਵਾ ॥1053॥
ਬਾਂਬੇ ਕਲਧਾਰੀ ਕੋ ਥਾਨ ॥ ਸੋ ਲਹਿ ਬਿਖੇ ਹੈ ਪ੍ਰਗਟ ਜਹਾਨ ॥
ਤਹਾਂ ਕੂਪੁ ਪੁਨਿ ਗੁਰੂ ਲਵਾਵਾ ॥ ਚੰਦ ਬਦਨੁ ਤੇ ਬੈਨ ਅੰਵਾਵਾ ॥ 1054॥
ਜੋ ਸੇਵਾ ਇਸ ਕੀ ਸਿਖ ਕਰੈ ॥ ਮਾਤ ਗਰਭ ਮੈ ਬਹੁਰ ਨ ਪਰੈ ॥
ਊਨੇ ਈਟਾਂ ਬਹੁ ਪਕ ਰਹੀਂ ॥ ਲੇ ਜਾਵੋ ਗੁਰ ਬਾਨੀ ਕਹੀ ॥1055॥
ਸੰਗਤਿ ਲੀਨੀ ਸੀਸ ਉਠਾਇ ॥ ਏਕ ਦਿਵਸ ਮੈ ਦਈ ਪਹੁਚਾਇ ॥
ਸੀਤਲੁ ਨੀਰ ਅਤਸੇ ਨਿਕਸਾ ॥ ਸਾਹਬ ਆਦ ਸਰਬ੍ਰ ਨੇ [3]ਸਰਸਾ ॥1056॥

॥ ਦੋਹਰਾ ॥

ਬਾਰਾ ਦਰੀ ਅਤਿ[4] ਸੁੰਦਰੁ ਮਾਤਾ ਦੀਨ ਬਨਾਇ ॥
ਜੋ ਦਰਸਨ ਤਹ[5] ਕਰੇਗਾ ਚਾਰਿ ਪਦਾਰਥ ਪਾਇ ॥1057॥

## (ਮਣਸਾ ਰਾਮ ਦੀ ਕਥਾ)

ਰਈਏਵਾਲ ਪਿੰਡ ਹੈ ਮਣਸਾ ਰਾਮੁ ਸੁਹਾਇ ॥
ਭੇਖ ਉਦਾਸੀ ਸਾਧ ਹੈ ਰਾਮ ਰਯਾ ਕਹਿਲਾਇ ॥1058॥

॥ ਚੌਪਈ ॥

ਗੁਰ ਕੀ ਮਹਿਮਾ ਤਿਨ ਸੁਨ ਪਾਈ ॥ ਦਰਸਨ ਕੀ ਰਿੰਦ ਇਛ ਉਠਾਈ ॥
ਜੁਗਮ ਥਾਂਨ ਤਿਨ ਲੀਨੇ ਸਾਥੰ ॥ ਲੇਕਰ ਸੰਗਤ ਚਾਲਾ ਪਾਥ ॥1059॥
ਊਨੇ ਕੇ ਜਬ ਭਯੋ ਨਜੀਕ ॥ ਏਕ ਪ੍ਰਤਗਯਾ ਚਾਹੇ ਚੀਤ ॥
ਗੋਪ ਪ੍ਰਸਾਦ ਰਖੋ ਮੈ ਪਾਸਾ ॥ ਮੁਝ ਤੇ ਮਾਂਗੇ ਗੇ ਸੁਖ ਰਾਸਾ ॥1060॥
ਪੰਚਮ ਬੁਰਕੀ ਖਾਵੰਨ ਕਰਹੈ ॥ ਮੇਰਾ ਮਨ ਤਬ ਨਿਸਚਾ ਧਰਹੈ ॥
ਜੁਗਮ ਥਾਂਨ ਮੈ ਆਦੇ ਨਾਲ ॥ ਧਰੈ ਪੋਸਾਕੀ ਦੀਨ ਦਿਆਲ ॥1061॥

---

1. ਮੂਲ-ਪੋਥੀ ਬਿਅਬੀ 2. ਅ ਪੋਥੀ ਪਾਠਾਂਤਰ : ਸਤਿਗੁਰ ਖਵਾਵਾ 3. ਅ ਪੋਥੀ ਭਏ 4. ਅ ਪੋਥੀ ਸੁਅਤਿ 5. ਅ ਪੋਥੀ ਤਹ ਹੀ

ਗੁਰੂ ਨਾਨਕ ਤਬ ਨਿਸਚੇ ਜਾਨੋ ।, ਜਬ ਇਹ ਮਾਂਗੀ [1]ਗੇ ਸੁਖਦਾਨੋ ॥
ਐਸਾ ਨਿਸਚਾ ਮਨ ਮੈ ਧਾਰਾ ॥ ਚਲ ਕਰ ਆਯੋ ਗੁਰ ਦਰਬਾਰਾ ।1062॥

॥ ਦੋਹਰਾ ॥

ਸੀਸ ਨਿਵਾਨਨ ਜਬ ਕਰ ਸ੍ਰੀ ਗੁਰ ਬੈਨ ਬਖਾਨ ॥
ਮਣਸਾ ਰਾਮ ਪ੍ਰਸੰਨ ਹੈ ਬ੍ਰੈਠੋ ਪਰਮ ਸੁਜਾਨ ॥1063॥

॥ ਚੌਪਈ ॥

ਲਯਾ ਪ੍ਰਸਾਦਿ ਜੋ ਹਮ ਹਿਤ ਆਂਦਾ ॥ ਸੁਨ ਗੁਰ ਬਚਨਾ ਭਾ[2] ਹਰਖਾਦਾ ॥
ਸ੍ਰੀ ਗੁਰ ਆਗੇ ਜਬ ਧਰ ਦੀਨਾ ॥ ਪੰਚ ਬਾਰ ਗੁਰ ਅਚਵਨ ਕੀਨਾ ॥1064॥
ਦੇਖ ਸਾਧ ਮਨ ਮੈ ਬਿਗੁਸਾਵਾ ॥ ਪਾਨ ਜੋਰ ਗੁਰ ਉਸਤਤਿ ਗਾਵਾ ॥
ਨਮੋ ਬੇਦ ਕੁਲ ਭਰਨ ਕ੍ਰਿਪਾਲਾ ॥ ਕਾਰਨ ਕਰਨ ਕ੍ਰਿਤਾਗ ਬਿਸਾਲਾ ॥1065॥
ਜਾ ਪ੍ਰੈ ਹੋਤ ਤਿਹਾਰੀ ਦਯਾ ॥ ਦੇਹੁ ਗਯਾਨ ਤਾਕੋ ਸੁਖ ਦਾਯਾ ॥
ਜੇ ਜੇ ਵੈਮੁਖ ਹੋਤੇ ਸਾਂਈ । ਸੇ ਨਰ ਇਤ ਉਤ ਨਾਂਹਿ ਸੁਹਾਈ ॥1066॥
ਜਾ ਪਰ ਸਦ ਹੀ ਤੁਮ ਅਨਕੂਲਾ ॥ ਸੂਲ ਹੋਤ ਹੈ ਤਾਕੋ ਫੂਲਾ ॥
ਜਿਨ ਪਰਮ ਤੁਮ ਪ੍ਰਤ ਕੁਲ ਗੁਸਾਈ ॥ ਕੋਟਿ ਕਰਮ ਤਿਨ ਕੇ [3]ਨਿਹਫਲਾਈ[3] ॥1067॥
ਤੁਮ ਭਾਵਤ ਪਾਪੀ ਜਨ ਤਰੈ ॥ ਤੁਮ ਨ ਭਾਂਵ ਸੁ ਕ੍ਰਿਤੀ ਬੂਡ ਮਰੈ ॥
ਸਰਨ ਜੋਗਿ ਸੁਨ ਸਰਨੀ ਆਵਾ ॥ ਜਨਮ ਮਰਨ ਕਾ ਮੇਟੋ ਹਾਵਾ ॥1068॥

॥ ਦੋਹਰਾ ॥

ਭੋ[4] ਪ੍ਰਸੰਨ ਸੁਨ ਬੈਨ ਤਿਸੁ ਕਹੀ ਗਿਰਾ ਅਭਿਰਾਮ ॥
ਮਨ ਬਚ ਕਰਮ ਸੁ ਪ੍ਰੀਤ ਕਰ ਨਾਮ ਜਪੋ ਸਤਿਨਾਮ ॥1069॥

॥ ਚੌਪਈ ।

ਮਾਨੁਖ ਦੇਹੀ ਸਫਲੁ ਕਰੀਜੈ ॥ ਵਿਰਤ[5] ਗਿਯਾਨ ਭਗਤ ਮਨੁ ਦੀਜੈ ॥
ਸਤ ਸੰਤੋਖ ਦਯਾ ਸਦ ਧਾਰੋ ॥ ਵਾਹਿਗੁਰੂ ਸਦ[6] ਸਦਾ ਚਿਤਾਰੋ ॥1070॥
ਜੁਗਮ ਥਾਨੁ ਤਿਸ ਭੇਟਾ ਦੀਨੇ ॥ ਪਟ ਸਿਵਾਇ ਗੁਰ ਪਹਿਰਨ ਕੀਨੇ ॥
ਮਣਸੇ ਰਾਮ ਵਡ ਨਿਸਚਾ ਪਾਵਾ ॥ ਲੈ ਸਿਰਪਾਇ ਨਿਰ ਭਵਨ ਸਿਧਾਵਾ ॥1071॥
ਬਰਸੁ ਮਾਂਹਿ ਛਟ ਬਾਰੀ ਆਵੈ ॥ ਜਥਾ ਸਕਤਿ ਨਿਤ ਭੇਟ ਚਢਾਵੈ ॥

## (ਇਕ ਚਰਮਕਾਰ ਦੀ ਕਥਾ)

ਇਕ ਚੰਮਿਆਰ ਗੁਰ ਪਾਸ ਰਹਾਈ ॥ ਆਦਿ ਤੇ ਬਰੋ ਸੇਵ ਕਰਾਈ ॥1072॥
ਸਿਖਨ ਸੰਤਨ ਜੋੜੇ[7] ਦੇਵੈ ॥ ਕਰ ਮਿਹਨਤ ਕਿਸ ਤੇ ਨਹਿ ਲੇਵੈ ॥
ਘੋੜਨ ਕੀ ਸਦ ਲਿਦ ਹਟਾਵੈ ॥ ਸਤਗੁਰ ਸਾਹਿਬ ਸਿੰਘ [8]ਅਲਾਵੈ ॥1073॥

---

1. ਅ ਪੋਥੀ ਪੂਰੇ 2. ਅ ਪੋਥੀ ਭਯਾ 3. ਅ ਪੋਥੀ ਪ੍ਰਾਠਾਤਰ : ਨੇਫਲ ਜ਼ਾਈ 4. ਅ ਪੋਥੀ ਭਏ 5. ਅ ਪਾਠਾਂਤਰ: ਪੋਥੀ ਵਿਰਤ ਕਉ 6. ਅ ਪੋਥੀ ਸਭ 7. ਅ ਪੋਥੀ ਪਾਠਾਂਤਰ: ਗੰਢ ਦੇਵੈ 8. ਅ ਪੋਥੀ ਪਾਠਾਂਤਰ : ਨਾਮ ਅਲਾਵੈ

॥ ਦੋਹਰਾ ॥

ਨਿਸਕਾਮ ਸੇਵ ਗੁਰੂ ਕੋ ਗੁਰ ਕੀਨ ਮਯਾ ਅਪਾਰ ॥
ਜੋ ਭਾਖੇ ਸੋ ਹੋਤ ਹੈ ਗੁਰ ਸੇਵ੍ਹਾ ਫਲੁ ਚਾਰ ॥1074॥

॥ ਚੌਪਈ ॥

ਸਿਖਯਨ ਬਿਨਤੀ ਗੁਰੈ ਸੁਨਾਈ ॥ ਭਨਤ ਚੰਮਿਆਰੁ[1] ਸੋ ਹੋ ਜਾਈ ॥
ਭਨਾ ਹਜੂਰ ਸੋ ਹੈ ਦਿਵ੍ਹਾਨਾ ॥ ਪਾਸ ਬੁਲਾਵਨ ਤਤਖਿਨ ਠਾਨਾ ॥1075॥

(ਗਜਣ ਸਿੰਘ ਦੀ ਕਥਾ)

ਭਾਈ ਗਜਣ ਸਾਹ ਤੂ ਹੋਵਾ ॥ ਦਿਵਾਨ ਸੰਗਯਾ ਲੇਵੋ ਜੋਵਾ ॥
ਜਾਇ ਮਾਲਵੇ ਹੋਲੇ ਹੋਲੇ ਆਓ ॥ ਚੇਲੇ ਬਹੁਤੁ ਬਨਾਇ ਲਿਆਓ ॥1076॥
ਸਤ ਬਚਨ ਕਹਿ ਜਾਵਤ ਭਯਾ ॥ ਬਡੋ ਪ੍ਰਤਾਪ ਬ੍ਰਿਧ ਜਿਸ ਗਯਾ ॥
ਹੋਲੇ ਮੋ ਸੋ ਚਲ ਕਰੁ ਆਯੋ ॥ ਪਚਾਸਕ ਚੇਲੇ ਸਾਧ ਲਯਾਯੋ ॥1077॥
ਸਰੀਰ ਭੁਯੁ ਹੈ ਜਿਸ ਕਾ ਭਾਰਾ ॥ ਇਕ ਮੂਸੱਲ ਬੜ ਕਰ ਮੋ ਧਾਰਾ ॥
ਮੋਰ ਪੰਖ ਪਗੀਯਾ ਮੋ ਰਾਖੇ ॥ ਬਦਰਾ ਵਤ ਉਚੇ ਬਚ ਭਾਖੇ ॥1078॥

॥ ਦੋਹਰਾ ॥

ਗਜਣ ਸਾਹਿ ਅਤਿ ਗਰਜਤ ਭਾ ਧੌਸੇ ਸਿੰਧ ਮਨਿੰਦ ॥
ਢੋਲ ਬਜਾਵਾ ਨਚਤ ਭੇ ਆਗੋਂ ਸੁਖਮਾਕੰਦ ॥1079॥

॥ ਚੌਪਈ ॥

ਜੁਗਮ ਘੜੀ ਲਗ ਕੌਤਕਿ ਕੀਨਾ ॥ ਬਹੁਤੁ ਉਸਤਤਿ ਕੀਨੀ ਪੀਨਾ ॥
ਪੂਰਾ ਸੁ ਭੇਟਾ ਆਗੇ ਰਾਖੀ ॥ ਤਿਲ ਫੂਲ ਲੇਵੋ ਬਿਨਤੀ ਭਾਖੀ ॥1080॥
ਸ੍ਰੀ ਹਜੂਰ ਜੀ ਬੈਨ ਅਲਾਵ੍ਹਾ ॥ ਗਜਣ ਸਾਹਿ ਰਾਜੀ ਤੂੰ ਆਵਾ ॥
ਸੁਨ ਕਰਾ ਗਾਜਾ [2]ਦੁਦਭ ਨੰਯਾਈ ॥ ਤੁਮਰੀ ਕਿਰਪਾ ਹੈ ਸੁਖਦਾਈ ॥1081॥

॥ ਸ੍ਵੈਯਾ ॥

ਸੁੰਦਰ ਇੰਦ੍ਰ ਸਭਾ ਤੁਮਰੀ ਦ੍ਰਿਗ ਭੀਤਰ ਦੇਖਿ ਹੀਯੋ ਹਰਖਾਯੋ ॥
ਕੋ ਅਸ ਦਾਸ ਹੈ ਤੁਮਰੋ ਗੁਰ ਜੀ ਜਾਸ ਕੋ ਚੀਤ ਨ ਦੇਖ ਬਿਕਾਯੋ ॥
ਧਨੁ ਹੋ ਧਨ ਮੈ ਆਜੁ ਪ੍ਰਭੂ ਤੁਮ ਰੂਪ ਸਰੋਵਰ ਮਾਂਹਿ ਅਨਾਯੋ ॥
ਮੈ ਤੋ ਗਰੀਬ ਚੰਮਿਆਰ ਹੁਤੋ ਪ੍ਰਭ ਆਪ ਗਰੀਬ ਨਿਵਾਸ ਕਹਾਯੋ ॥1081॥

॥ ਚੌਪਈ ॥

ਮੋ ਪਰ ਦਯਾ ਕਰੀ ਸੁਖਦਾਈ ॥ ਕੀਟੀ ਤੇ ਗੇਜਇੰਦ੍ਰ ਬਨਾਈ ॥
ਕੈਸੇ ਉਪਮਾ ਕਹੋ ਸੁਆਮੀ ॥ ਮੈ ਹੌ ਅਤਸੇ ਬਾਂਮੀ ਕਾਂਮੀ ॥1083॥

---

1. ਅ ਪੋਥੀ ਪਾਠਾਂਤਰ : ਚੰਮਿਆਰ ਕਹ ਤੁਹੈ
2. ਅ ਪੋਥੀ ਗਰਜ

ਭਨਾ ਹਜੂਰ ਜਾ ਸਿਵਰ ਲਗਾਵੋ ।। ਲੇਵੋ ਰਸਤੰ ਅਸਨ ਕਰਾਵੋ ।।
ਸਤ ਬਚਨ ਕਹਿ ਡੇਰੇ ਗਯੋ ।। ਰਸਤੰ ਲਈ ਪ੍ਰਸ਼ਾਦ ਕਰਯੋ[1] ।।1084।।
ਹੋਲਾ ਬੀਤਾ ਜਬ ਸੁਖਦਾਈ ।। ਸੰਗਤਿ ਨਿਜ ਨਿਜ ਭਵਨ ਸਿਧਾਈ ।।
ਗਜਣ ਸਾਹਿ ਲਯੋ ਸਿਰਪਾਵਾ ।। ਬਰਸੁ ਬਰਸੁ ਆਵਨ ਠਹਿਰਾਵਾ ।।1085।।
ਲੇ ਆਇਸ ਨਿਜ ਭਵਨ ਸਿਧਾਵਾ ।। ਗੁਰ ਕੀ ਕੀਰਤ ਕਰੈ ਬਨਾਵਾ ।।

(ਜਵਾਹਰ ਸਿੰਘ ਨੇ ਦਰਸ਼ਨਾ ਨੂੰ ਆਉਣਾ)

ਏਕ ਸਮੇ ਹਰਿ ਹਰਿ ਕੋ ਮਾਰੋ ।। ਨਾਮ ਜਵਾਹਰ ਸਿੰਘ ਉਦਾਰਾ ।।1086।।
ਮਨ ਵੈਰਾਗ ਧਾਰ ਬਡ ਭਾਗਾ ।। ਊਨੇ ਪੁਰ ਕੇ ਮਾਰਗ[2] ਲਾਗਾ ।।
ਕਛੁ ਕੁ ਦਾਸ ਸੰਗਿ ਨਿਜ ਲੀਨੇ ।। ਆਰਤ ਦਸਾ ਨੈਨ ਜਲ ਭੀਨੇ ।।1087।।
ਆਗੇ ਸ੍ਰੀ ਬੇਦੀ ਕੁਲ ਰਾਮਾ ।। ਬੈਠੇ ਸ੍ਰੀ ਊਨੇ ਪੁਰ ਧਾਮਾ ।।
ਕਹੂ ਜਾਇ ਗੁਰ ਨਿਕਟ ਅਲਾਵਾ ।। ਹਰੀ ਸਿੰਘ ਸੁਤ ਦਰਸਨ ਆਵਾ ।।1088।।
ਐਸੇ ਕਹਤ ਹੁਤੇ ਕੋਊ ਬਾਤਾ ।। ਤੌ ਲੌ ਆਵਾ ਗੁਰ ਰੰਗਿ ਰਾਤਾ ।।
ਹੈ ਚਾਲਾਕੀ ਸੁਭਗ ਲਿਆਯੋ ।। ਬਸ[3] ਮੰਜ ਬਹੁ ਦਰਬ ਧਰਾਯੋ ।।1089।।
ਪਾਦ ਪਦਮ ਪਰ ਬੰਦਨ ਕੀਨੀ ।। ਮਨ ਮੈ ਜਾਗੀ ਪ੍ਰੀਤਿ ਨਵੀਨੀ ।।
ਸ੍ਰੀ ਕਮਲਾਨਨ ਆਦਰ ਦੀਨਾ ।। ਬੈਠਿ ਸੁ ਜਾਇ ਬੁਧ ਪਰਬੀਨਾ ।।1090।।
ਦੇਖ ਹਸੇ ਗੁਰ ਸਾਰੰਗ ਪਾਨੀ ।। ਮ੍ਰਿਦ ਅਤਿਸੈ ਕਰ ਬਾਤ ਬਖਾਨੀ ।।
ਇਹ ਚਰਿਤ੍ਰ ਅਦਭੁਤਿ ਭਾ [4]ਭਾਈ ।। ਉਲਟ ਸੁਰਸੁਰੀ ਪੁਬ[5] ਬਹਾਈ ।।1091।।
ਹਰੀ ਸਿੰਘ ਸੁਤ ਹਯਾ ਚਲ ਆਯੋ ।। ਕਾਰਨ ਕਵਨ[6] ਜਾਤ ਗਨਾਯੋ ।।
ਤਵ ਪਿਤ ਮਨ ਤੇ ਬਡ ਹੰਕਾਰਾ ।। ਤੂ ਕਸ[7] ਆਵਾ ਗੁਰ ਦਰਬਾਰਾ ।।1092।।

।। ਦੋਹਰਾ ।।

ਵਹੁ ਅਭਿਮਾਨੀ ਪੁੰਨਿ ਕਾ ਤੂੰ ਭਾ ਵਿਗਤ ਵਿਖਾਦ ।।
ਹਿਰਨਾਛਯ ਘਰ ਹੋਤ ਭਾ ਅਜਬ ਪੁਤ੍ਰ ਪ੍ਰਹਿਲਾਦ ।।1093।।

।। ਚੌਪਈ ।।

ਜਵਾਹਰ ਸਿੰਘ ਸੁਨਿ ਬਿਨਤੀ ਠਾਨੀ ।। ਸਭ ਤੁਮਰੇ ਹੈ ਸੁਭ ਗੁਨ ਖਾਨੀ ।।
ਭੇ ਪ੍ਰਸੰਨ ਬੇਦੀ ਕੁਲ ਮੰਡਨ ।। ਕ੍ਰਿਪਾ ਰਾਸ[8] ਭ੍ਰਮ ਭੂਰ ਬਿਹੰਡਨ ।।1094।।
ਤਿਸ ਕੀ ਭੇਟ ਲੀਨ ਸੁਖ ਮਾਨੇ ।। ਸੌਂਪ ਦੀਨ ਨਿਜ ਤੋਸੇ ਖਾਨੇ ।।
ਡੇਰਾ ਸੁਭਗ ਥਾਨ ਗੁਰ ਦੀਨੋ ।। ਅਤਿ[9] ਆਦਰ ਸਭ ਬਿਧਿ ਕਰ ਕੀਨੋ ।।1095।।
ਆਇਸ ਲੇਕਰ ਡੇਰੇ ਗਯੋ ।। ਖਾਨ ਪਾਨ ਸ੍ਰੀ ਗੁਰ ਪਹੁਚਯੋ ।।
ਚਿਤ ਪ੍ਰਯੰਤ ਗੁਰ ਪਾਸ ਰਹਾਵਾ ।। ਗੁਰੂ ਮਯਾ ਤੇ ਬਡ ਸੁਖ ਪਾਵਾ ।।1096।।

---

1. ਅ ਪੋਥੀ ਸੁ ਕਰਯੋ 2. ਮੂਲ ਪੋਥੀ ਪਾਰ 3. ਅ ਪੋਥੀ ਬਸਨ
4. ਅ ਪੋਥੀ ਭਯਾ 5. ਅ ਪੋਥੀ ਪੂਰਬ 6. ਅ ਪੋਥੀ
7. ਅ ਪੋਥੀ ਕੈਸ਼ੇ 8. ਅ ਪੋਥੀ ਰਾਸ 9. ਅ ਪੋਥੀ ਅਤਿਸੇ

ਏਕ ਦਿਵਸ ਨਿਸ ਕੌ ਚਲ ਆਵਾ ॥ ਗੁਰ ਬਿਰਾਜੈ ਸੁਖੁ ਅਤ ਪਾਵਾ ॥
ਨਿਸ ਕੋ ਸ੍ਰੀ ਗੁਰ ਗ੍ਰੰਥ ਪਢਾਵੈ ॥ ਵਾਰੋ ਵਾਰੀ ਸਿਖ ਸੁਨਾਵੈ ॥1097॥

॥ ਦੋਹਰਾ ॥

ਪਢਨ ਹਾਰ[1] ਜਵਾਹਰ ਸਿੰਘ[1] ਦ੍ਰੀਨੋ ਤਬੈ ਉਠਾਇ ॥
ਆਪ ਪਾਠ ਕਰਨੇ ਲਗਾ ਊਚੀ ਸੁਰੈ ਸੁਨਾਇ ॥1098॥

॥ ਚੌਪਈ ॥

ਸ੍ਰੀ ਹਜੂਰ ਜੀ ਪੂਛਨ ਕੀਨਾ ॥ ਕੌਨ ਪਢਤ ਹੈ ਕਹੋ ਪ੍ਰਬੀਨਾ ॥
ਪਢੈ ਜਵਾਹਰ ਹਰਿ ਸੁਖਦਾਈ ॥ ਸੁਨ ਕਰਿ ਸ੍ਰੀ ਗੁਰ ਗਿਰਾ ਅਲਾਈ ॥1099॥
ਐਸਾ ਪਾਠ ਨ ਪੁਨਿ ਕਬ ਕੀਜੈ ॥ ਅਖਰ ਮਾਤ੍ਰਾ ਸੋਧ ਪਠੀਜੈ ।
ਗ੍ਰੰਥ ਗੁਰਨ ਕੀ ਦੇਹੀ ਜਾਨੋ ॥ ਅਦਬੰ ਸਾਥ ਪਠੋ ਹਿਤ ਠਾਨੋ ॥1100॥
ਸਤ ਬਚਨ ਸੁਨ ਤਿਨ ਤੇ ਗਾਵਾ ॥ ਗੁਰੂ ਮਯਾ ਤੇ ਬਡ ਸੁਖ ਪਾਵਾ ॥
ਭੋਰ ਭਈ ਤਬ ਬਿਨਤੀ ਠਾਨੀ ॥ ਆਇਸ ਦੀਜੈ ਸਾਰੰਗ ਪਾਨੀ ॥1101॥
ਅਟਕ ਔਰੁ ਤੁਰਕ ਬਹੁ ਆਏ ॥ ਆਦਿ ਸਰਕਾਰ ਤਹਾਂ[2] ਸਿਧਾਏ ॥
ਸੁਨ ਹਜੂਰ ਪੁਨ ਉਤਰੁ ਦੀਨਾ ॥ ਅਬ ਤੋ ਤੁਰਕੰ ਹੋਵੈ ਪੀਨਾ ॥1102॥
ਜਵਾਹਰ ਹਰੀ ਸੁਨ ਬਿਨੇ ਬਖਾਨੀ ॥ ਆਪ ਮਯਾ ਕੀਜੇ ਸੁਖਦਾਨੀ ॥
ਕਹਯੋ ਹਜੂਰ-ਜੁ ਮੇਰੀ ਸੈਨਾ ॥ ਗੀ[3] ਟਾਪੂ ਤਰ ਹੋਵੈ ਚੈਨਾ ॥1103॥
ਜਵਾਹਰ ਸਿੰਘ ਸੁਨ ਤੂਸਨ ਧਾਰੀ ॥ ਬਹੁਰ ਨ ਆਗੇ ਗਿਰਾ ਉਚਾਈ ॥
ਕਛਕ ਦਿਵਸ ਤਿਸ ਠੌਰ ਰਹਾਵਾ ॥ ਆਇਸ ਮਾਂਗੀ ਬਹੁ ਨਿਰਮਾਵਾ[4] ॥1104॥
ਦੀਨੋ ਸਿਰਪਾਉ ਬੇਦੀ ਸਹਿ ॥ ਚਾਲਾ ਚਮਕਿ ਪਦ ਪਰਸਤ ਸੀਸਹਿ ॥
ਸਦਨ ਆਪਨ ਜਾਇ ਬਿਰਾਵਾ ॥ ਗੁਰੂ ਮਯਾ ਤੇ ਬਡ ਸੁਖ ਪਾਵਾ ॥1105॥

**(ਬਾਬਾ ਸਾਹਿਬ ਸਿੰਘ ਨੇ ਡੁਬਦੀ ਬੇੜੀ ਬਚਾਉਣੀ)**

॥ ਦੋਹਰਾ ॥

ਸੇਵਾ ਪੰਥੀ ਸਾਧ ਹੈ ਮੋਹਨ ਜਾਕੋ ਨਾਮ ॥
ਝੰਗ ਸਿਆਲਾ ਜਾਤ ਭਾ ਮਾਈ ਮਿਲਨੈ ਕਾਮ ॥1106॥

॥ ਚੌਪਈ ॥

ਮੂਲਾ ਸਾਧ ਮਿਲਾ ਤਿਸ ਤਾਂਈ ॥ ਜੁਗਮ ਤਿਆਰੁ ਭਏ ਖਿਨ ਵਾਈਂ ॥
ਆਏ ਨੌਕਾ ਪਰ ਚਢ ਚਾਲੇ ॥ ਕਪਰ ਬੇੜੀ ਪਰੀ ਬਿਹਾਲੇ ॥1107॥
ਕੇਵਟ ਆਦਿ ਨਿਰਾਸ ਸਭ ਭਏ ॥ ਪੀਰ ਫਕੀਰ ਮਨਾਵ ਸਭ ਰਏ ॥
ਨੌਕਾ[5] ਤੋਂ[5] ਭੀ ਹੁਈ ਨ ਪਾਰੀ ॥ ਜੀਵਨ ਕੀ ਤਬ ਆਸ ਨਿਵਾਰੀ ॥

---

1. ਅ ਪੋਥੀ ਪਾਠਾਤਰ: ਕੁ ਜਵਾਹਰ ਹਰਿ 2. ਅ ਪੋਥੀ ਪਾਠਾਂਤਰ: ਤਬ ਤਹਾਂ 3. ਅ ਪੋਥੀ ਗਈਟ
4. ਅ ਪੋਥ ਨਿਮਰਾਵਾ
5. ਅ ਪੋਥੀ ਪਾਠਾਤਰ: ਨਉਕਾ ਤਉ

ਮੂਲੋ ਪੂਤ ਮੋਹਨ ਤਬ ਬੋਲਾ ॥ ਸਤਿਗੁਰ[1] ਸਾਹਿਬੁ ਲੀਜੈ ਓਲਾ[1] ॥
ਸਤਗੁਰ ਸਾਹਿਬ ਸਿਘ ਪੁਕਾਰੈ ॥ ਨੌਕਾ ਕੀਜੈ ਅਪਗਾ ਪਾਰੈ ॥1109॥
ਦਰਸਨ ਆਵੈ ਗੁਰ ਸੁਖਦਾਏ ॥ ਲੇਵੋਂ ਗੁਰ ਜੀ ਪ੍ਰਾਨ ਬਚਾਏ ॥
ਅਸ ਅਰਦਾਸ ਕਰੀ ਮਨ ਲਾਈ ॥ ਨੌਕਾ ਪਾਰ ਭਈ ਖਿਨ ਤਾਂਈ ॥1110॥
ਜਾਇ ਹਜੂਰ ਸੂ ਦਰਸਨ ਪਾਏ ॥ ਗੁਰੂ ਕਹਯੋ ਤੁਮ [2]ਕੈਸੇ ਆਏ[2] ॥
ਆਪ ਮਯਾ ਕਰੁ ਲੀਏ ਬਚਾਈ ॥ ਯਾਂਤੇ ਆਏ ਗੁਰ ਸਰਨਾਈ ॥1111॥

## (ਭਾਈ ਹੇਮੇ ਨੂੰ ਆਰੋਗ ਕਰਨਾ)

॥ ਸੋਰਠਾ ॥

ਭਾਈ ਹੇਮਾ ਸਾਧ ਸਭ ਉਪਾਧ ਤਯਾਗਨ ਕਰੀ ॥
ਨਿਤ ਪ੍ਰਤਿ ਗੁਰੂ ਅਰਾਧ ਊਨੇ [3]ਗੁਰ ਦਰਸਾਹਿਤ ॥1112॥

॥ ਦੋਹਰਾ ॥

ਕੋਇਕ ਦਿਨ ਤਹਿ ਰਹਿਤ ਭਾ ਭਯੋ ਦੇਹ ਬਡ ਤਾਪ ॥
ਖਾਨ ਪਾਨ ਤਯਾਗਨ ਕਰਾ ਮਾਨੋ ਮ੍ਰਿਤ ਤਨ ਦਾਪ ॥1113॥

॥ ਚੌਪਈ ॥

ਸਾਧਨ ਜੀਵਨ ਆਸ ਤਿਯਾਗੀ ॥ ॥ ਹੇਮੇ ਪ੍ਰੀਤੀ ਗੁਰ ਪਗ ਲਾਗੀ ॥
ਭੋਰ ਭਈ ਤਬ ਉਠ ਕਰਿ ਬੈਸਾ ॥ ਅੰਨ ਜਲ ਮਾਂਗਾ ਸੁਖਮੋ ਰੈਸਾ ॥1114॥
ਭਾਈ ਬਲੂ ਪੂਛਨ ਕੀਨਾ ॥ ਕੈਸੇ ਹੋਵਾ ਦੁਖ ਤਵ ਖੀਨਾ ॥
ਕਹਿ ਹੇਮਾ ਮੈ ਦੇਉ ਸੁਨਾਈ ॥ ਜੈਸੇ ਗੁਰ ਜੀ ਲਿਯੋ ਛਡਾਈ ॥1115॥
ਜਾਮਦੂਤ[4] ਮੁਹਿ ਗਹਿ ਲੇ ਚਾਲੇ ॥ ਹਥ ਮੋ ਪਕੜੇ ਹੈ ਵਡ ਭਾਲੇ[5] ॥
ਆਗੇ ਸਾਹਿਬ ਦਰਸਨ ਦੀਨ ॥ ਪਾਨ ਜੋਰ ਮੈ ਬੰਦਨ ਕੀਨ ॥ 1116॥
ਤਤਖਿਨੁ ਜਮ[6] ਚਰ[6] ਗਏ ਪਰਾਈ ॥ ਬਾਤ ਲਗੇ ਜਿਮ ਪਾਤ ਉਡਾਈ ॥
ਸਾਹਿਬ ਸਿੰਘ ਗੁਰ ਕਰਾ ਬਚਾਇ ॥ ਦੂਤਨ ਤੇ ਮੁਹਿ ਲੀਯੋ ਛਡਾਇ ॥1117॥

॥ ਦੋਹਰਾ ॥

ਐਸਾ ਗੁਰੂ ਨ ਸੇਵਤੇ ਜੋ ਜਮ ਤੇ ਛੁਟਕਾਇ ॥
ਧ੍ਰਿਗ ਧ੍ਰਿਗ ਤਿਨਾ ਕਾ ਜਨਮੁ ਹੈ ਪਰੈ ਨਰਕ ਮੋ ਜਾਇ ॥1118॥

॥ ਚੌਪਈ ॥

ਜਿਨ ਗੁਰ ਪਗ ਮੋ ਪ੍ਰੀਤੀ ਲਾਈ ॥ ਜਮ ਭੈ ਤਿਨ ਕੋ ਨਾਹਿ ਕਦਾਈ ॥
ਏਕਾ ਦਿਵਸ ਗੁਰ ਲਗਾ ਦਿਵਾਨ ॥ ਹੇਮਾ ਬੈਠਾ ਬੀਚ ਸੁਜਾਨ ॥1119॥
ਭਈ ਭੀਰ ਤਬ ਅਤਸੇ ਭਾਰੀ ॥ ਹੇਮ ਖੰਘ ਭਈ ਤਿਸ ਬਾਰੀ[7] ॥
ਦਿਵਾਨ ਮੁ[8] ਥੂਕਾ ਮੁਖ ਨਿਵਾਈ ॥ ਕਿਸੇ ਨ ਜਾਨਾ ਭਾ [9]ਹਰਖਾਈ ॥1120॥

---

1. ਅ ਪੋਥੀ ਪਾਠਾਂਤਰ: ਸਾਹਿਬ ਸਿੰਘ ਕਾ ਲੀਜੈ ਓਲਾ ॥ 2. ਅ ਪੋਥੀ ਪਾਠਾਂਤਰ: ਜੁਗ ਸੁਖ ਸੋ ਆਏ ॥
3. ਅ ਗਯਾ 4. ਅ ਪੋਥੀ ਜਮਦੂਤ 5. ਅ ਪੋਥੀ ਭਾਗ 6. ਅ ਪੋਥੀ ਦੂਤ ਸ੍ਰੂ 7. ਅ ਪੋਥੀ ਭਾਰੀ
8. ਪੋਥੀ ਮੁਹ 9. ਅ ਪੋਥੀ ਭਯਾ

ਦੁਤੀ ਦਿਵਸ ਜਬ ਲਗਾ ਦਿਵਾਨ ॥ ਹੇਮਾ ਬੈਠਾ ਸਭ ਮਧ ਆਂਨ ॥
ਅੰਤਰਿਜਾਮੀ ਬੈਨ ਬਖਾਨਾ ॥ ਸਭ ਕੇ ਸੁਨਤੇ ਨਾਹੀ ਛਾਨਾ ॥1121॥
ਦਿਵਾਨੁ ਮਧੁ ਜਿਸ ਕੋ [1]ਲਉ [1]ਆਵੈ ॥ ਦਿਵਾਨ ਤਿਯਾਗ ਸੋ ਬਾਹਰਿ ਜਾਵੈ ॥
ਦੇਵੀ ਦੇਵਿ ਇਹਾ ਨਿਤੁ ਆਵੈ ॥ ਕਰ ਕਰ ਦਰਸਨ ਭੁਵਨ ਸਿਧਾਵੈ ॥1122॥

॥ ਦੋਹਰਾ ॥

ਲਬ ਨਹਿ ਕਿਸ ਕੇ ਪਗ ਛੁਹੈ ਯਾਂਤੇ ਦੂਰੇ ਡਾਰ ॥
ਹੇਮੇ ਮਨ ਨਿਸਚਾ ਧਰਾ[2] ਮੋ ਪ੍ਰਤਿ ਗੁਰੂ ਉਚਾਰ ॥1123॥

॥ ਚੌਪਈ ॥

ਰਹਿਰਾਸ ਭੋਗ ਜਬੈ ਸੁਭ ਪਾਏ ॥ ਦੇਵੀ ਦੇਵ ਸਗੇਲ ਚਲ ਆਏ ॥
ਅਤਰ ਆਦਿ ਸੁਗੰਧ ਬਹੁ ਆਈ ॥ ਜੋ ਗੁਰ ਬਾਨੀ ਪੂਰਾ ਅਲਾਈ ॥1124॥
ਸਭ ਨੇ ਜਾਨ੍ਹਾ ਨਿਰਜੋਰ ਆਏ ॥ ਦਈ ਗੰਧ ਜਿਨੋ ਮਹਕਾਏ ॥

(ਭਾਈ ਸਬਾਯਾ ਦੀ ਕਥਾ)

ਭਾਈ ਸਬਾਯਾ ਹੈ ਵਿਰਾਗੀ ॥ ਗੁਰ ਕੇ ਪਗ ਮੋ ਪ੍ਰੀਤੀ ਲਾਗੀ ॥1125॥
ਕਰੈ ਕਿਰਤ ਜੋ ਹੋਵੈ ਪਾਸੂ[3] ॥ ਊਨੇ ਜਾ ਕਰ ਕਰੇ ਨਿਵਾਸੂ ॥
ਸਾਗ ਆਦਿ[4] ਵਰ ਅਸਨ [4]ਬਨਾਵੈ ॥ ਗੁਰੈ ਖੁਲਾਵੈ ਮਨ ਬਿਗਸਾਵੈ ॥1126॥
ਪ੍ਰਸੰਨ ਕਰਤ ਹੈ ਗੁਰ ਕੇ ਪਾਸੁ ॥ ਉਤਰ ਦੇਵੈ ਸੁਖਮਾ ਰਾਸੂ ॥
ਲੇਕਰ ਬਿਜਨਾ ਗੁਰੈ ਝੁਲਾਵੈ ॥ ਦਰਸਨ ਕਰੁ ਕਰੁ ਬਲੁ ਬਲੁ ਜਾਵੈ ॥1127॥
ਗੁਰੂ ਮਯਾ ਭਯੋ ਆਤਮ ਗਯਾਨ ॥ ਜਨਮ ਮਰਨ ਤਿਨ ਕੀਨੋ ਹਾਂਨ ॥
ਏਕ ਦਿਵਸ ਊਨੇ ਕੋ ਜਾਤਾ ॥ ਮਗ ਮੋ ਸੇਰ ਮਿਲਾ ਬਿਖਯਾਤਾ ॥1128॥

॥ ਦੋਹਰਾ ॥

ਤਾਸ ਪ੍ਰਤੀ ਇਮ ਕਹਤ ਭਾ [5]ਸੁਨ ਕੇਹਰਿ ਬਲਵਾਨ[6] ॥
ਸਾਹਿਬ ਹਰਿ ਪਹਿ ਜਾਤ ਹੋ ਦੇਵੋ ਮਗੰ ਸੁਜਾਨ ॥1129॥

॥ ਚੌਪਈ ॥

ਸੁਨ ਗੁਰ ਨਾਮੰ ਮਾਰਗ ਤਯਾਗਾ ॥ ਗੁਰ ਡਰ ਪਸੂ ਕਰੈ ਅਨੁਰਾਗਾ ॥
ਮਾਨਵ ਕੀ ਕਯਾ ਕਹੋ ਕਹਾਨੀ ॥ ਦੇਵ ਦਨੁਜ ਗੁਰ ਮਾਨੇ ਆਨੀ ॥1130॥

(ਭਾਈ ਦਰਬਾਰੀ ਦੀ ਕਥਾ)

ਸਹ ਜੀਵਣ ਨਗਰੁ ਏਕ ਸੁ ਆਇ ॥ ਭਾਈ ਦਰਬਾਰੀ ਤਹਾਂ ਰਹਾਇ ॥
ਗੁਰ ਕੇ ਦਰਸਨ ਊਨੇ ਆਵਾ ॥ ਧਰ ਕਰ ਭੇਟਾ ਦਰਸਨ ਪਾਵਾ ॥1131॥
ਬਾਰ ਬਾਰ ਸਤਗੁਰੂ ਬੁਲਾਵੈ ॥ ਸੇਵਕ ਜਾਨ ਅਨੰਦੁ ਬਢਾਵੈ ॥
ਧਰਮ ਸਾਲ ਮੋ ਸਿਵਰ ਕਰਾਵਾ ॥ ਭਾਈ ਬਲੂ ਪ੍ਰੀਤ ਗੁਰੂ ਅਲਾਵਾ ॥1132॥

---

1. ਅ ਪੋਥੀ ਕਉ ਥੁਕਿ 2. ਅ ਪੋਥੀ ਧਰਾ 3. ਅ ਪੋਥੀ ਸਿਪਾਸੂ 4. ਅ ਪੋਥੀ ਆਦਿਕ ਅਸਨ
5. ਅ ਪੋਥੀ ਭਯੋ
6. ਮੂਲ ਪੋਥੀ ਬਲਹਾਨੁ

ਸੇਵਾ ਕੀਜੈ ਇਨ ਬਰਧਾਈ[1] ॥ ਪ੍ਰਸਾਦਿ ਛਕਾਵੈ ਪ੍ਰੀਤੀ ਲਾਈ ॥
ਕੇਚਕ ਦਿਨਾ ਰਹੇ ਸੁਖ ਪਾਇ ॥ ਖੁਸੀ ਲਈ ਬਹੁਰੋ ਹਰਖਾਇ ॥1133॥

॥ ਦੋਹਰਾ ॥

ਸਿਰੋਪਾਇ ਦੇਵਨ ਹਿਤੰ ਸਤਿਗੁਰ ਤਬੈ ਮੰਗਾਇ ॥
ਭਾਈ ਜੀ [2]ਤਬ ਹੀ [2]ਕਹਯੋ ਸੁਨੋ ਗੁਰੂ ਸੁਖਦਾਇ ॥1134॥

॥ ਚੌਪਈ ॥

ਇਹੁ ਸਿਰਪਾਇ ਦਿਜੈ ਸੁਖਦਾਈ ॥ ਜਨਮ ਮਰਨ ਮਮ ਦਿਯੋ ਮਿਟਾਈ ॥
ਸੁਨ ਹਜੂਰ ਅਤਿਸੇ ਬਿਗਸਾਏ ॥ ਭਾਈ ਪ੍ਰਤਿ ਗੁਰ ਬੈਨ ਅਲਾਏ ॥1135॥
ਧੰਨੁ ਤੂ ਭਾਈ ਜਿਮ ਮਨ ਆਈ ॥ ਜਨਮ ਮਰਨ ਅਤਸੇ ਦੁਖਦਾਈ ॥
ਸਤ ਚਿਤ ਅਨੰਦ ਮਨ ਮੈ ਧਾਰੋ ॥ ਜਗਤ ਸਰਬ ਕੋ ਸੁਪਨ ਬਿਚਾਰੋ ॥1136॥
ਅਥਵਾ ਇਸ ਕੋ ਕਲਪਤ ਜਾਨੋ ॥ ਕਿਵਾਸਤ ਸਰੂਪ ਹੀ ਮਾਨੋ ॥
ਜਲ ਤਰੰਗੁ ਇਕ ਜਿਮ ਰੂਪਾ ॥ ਤਿਮ ਜਗ ਬ੍ਰਹਮੁ ਏਕੁ ਅਨੂਪਾ ॥1137॥
ਇਹੁ ਨਿਹਚਾ ਨਿਜ [3]ਮਨ ਮੈ ਧਾਰੋ ॥ ਵਾਹਿਗੁਰੂ ਸਦ ਮੁਖੋ ਉਚਾਰੋ ॥
ਸੁਨ ਕਰ ਭਾਈ ਮਨ ਹਰਖਾਵਾ ॥ ਬਾਰ ਬਾਰ ਪਗ ਸੀਸ ਨਿਵਾਵਾ ॥1138॥
ਲੇ ਖੁਸੀ ਨਿਜ ਭਵਨ ਸਿਧਾਯੋ ॥ ਗੁਰੂ ਮਯਾ ਤੇ ਉਚ ਪਦ ਪਾਯੋ ॥
ਮਾਤਾ ਜੀ ਜੁਗ ਪੂਤ ਬੁਲਾਏ ॥ ਤੇਗ ਸਿੰਘ ਬਿਕ੍ਰਮ ਸਿੰਘ ਆਏ ॥1139॥
ਗੋਦ ਬੈਠਾਇ ਸਿਰ ਕਰ ਫੇਰਾ ॥ ਮਾਤਾ ਬੋਲੀ ਮੁਖੁ ਸੁਤ ਹੇਰਾ ॥
ਹਾਥ ਛਪਾਵੈ ਤੁਮਰੇ ਆਜਾ ॥ ਸੀਤਲਾ ਕੁ ਭੈ ਜਾਵੈ ਭਾਜਾ ॥1140॥

(ਬਾਬਾ ਤੇਗ ਸਿੰਘ ਦੇ ਦੇਹਾਂਤ ਬਾਰੇ ਦੱਸਣਾ)

॥ ਦੋਹਰਾ ॥

ਸਾਹਿਬਜਾਦੇ ਤੇਗ ਸਿੰਘ ਮਾਤਾ ਪ੍ਰਤਿ ਬਚ ਗਾਏ ॥
ਹਮ ਨਹਿ ਰਹਿਣਾ ਲੋਕਿ ਮਹਿ ਕੈਸੇ ਹਾਥ ਛਪਾਇ ॥1141॥[4]

॥ ਚੌਪਈ ॥

ਮਾਤਾ ਸੁਨ ਕਰੁ ਗਿਰਾ ਉਚਾਰੀ ॥ ਕੈਸੇ ਬੋਲੇ ਸੁਤ ਦੁਖ ਹਾਰੀ ॥
ਬਾਬਾ ਬੋਲਾ ਸੁਨੋ ਮਮ ਮਾਈ ॥ ਮੈ ਨਹਿ ਅਨਥਾ ਗਿਰਾ ਅਲਾਈ ॥1142॥
ਜੁਗਮ ਬਰਸ ਮਮ ਜੀਵਨ ਰਹਾ ॥ ਕਿਤ ਹਿਤ ਹਾਥ ਛਪਾਵਨ ਕਹਾ ॥
ਐਸੇ ਕਹਿ ਕਰਿ ਗਏ ਸਿਕਾਰਾ ॥ ਮਾਤਾ ਕੇ ਮਨ ਚਿੰਤ ਅਪਾਰਾ ॥1143॥
ਸਾਹਬਜਾਦੇ ਬਾਨੀ ਸਾਚੀ ॥ ਯਾਤੇ ਮਾਤਾ ਦੁਖੋ ਮੈ ਰਾਚੀ ॥
ਭਾਈ ਅਮੀਰ ਸਿੰਘ ਧਰ ਭਾਇ ॥ ਬਸਨ ਪੋਥੀ ਦਈ ਪਠਾਇ ॥1144॥

---

1. ਅ ਪੋਥੀ ਬਨਾਈ  2. ਅ ਪੋਥੀ ਦਰਬਾਰੀ  3. ਮੂਲ ਪੋਥੀ ਜਿਨ  4. ੲ ਪੋਥੀ ਵਿਚ ਇਸ ਮਗਰੋਂ ਬਾਬਾ ਫਰੀਦ ਦਾ ਇਹ ਸਲੋਕ ਅੰਕਿਤ ਹੈ : ਫਰੀਦਾ ਰੁਤ ਫਿਰੀ ਵਣ ਕੰਬਿਆ ਪਤ ਝੜੇ ਝੜਿ ਪਾਹਿ ॥ ਚਾਰ ਕੁੰਡਾ ਢੂੰਡੀਆ ਰਹਣ ਕਥਾਊ ਨਾਹਿ ॥1142॥

[1]ਸ਼ਾਮ੍ਹ ਸਿੰਘ ਇਕ ਪਾਸ ਰਹਾਵੈ ॥ ਗੁਰੂ ਗ੍ਰੰਥ ਨਿਤੁ ਪਾਠ ਕਰਾਵੈ ॥
ਸਾਹਬ ਪਾਸ ਪੋਥੀ ਲੈ ਗਯਾ ॥ ਹਾਥ ਜੋਰ ਕਰ ਕਹਤਾ ਭਯਾ ॥1145॥
ਅਮੀਰ ਸਿੰਘ ਜੀ ਪੋਥੀ ਭੇਜੀ ॥ ਲੇਵੋ ਗੁਰ ਜੀ ਰਿਦ ਹਰਖੇਸੀ ॥
ਕਹਯੋ ਹਜ਼ੂਰ ਸੁਨੋ ਤੂ ਭਾਈ ॥ ਪੜੋ ਗੁਣੋ ਨਿਤ ਪ੍ਰੀਤੀ ਲਾਈ ॥1146॥
ਪੋਥੀ ਪੰਥ ਹਰੀ ਕਾ ਜਾਨੋ ॥ ਜਨਮ ਮਰਨ ਪਠ ਕੀਜੈ ਹਾਨੋ ॥
ਸਤ ਸਰੂਪ ਅਭਯਾਸ ਕਰੀਜੈ ॥ ਪਠਨੁ ਸੁਨਨ ਕੋ ਇਹ ਫਲ ਲੀਜੈ ॥1147॥

॥ ਦੋਹਰਾ ॥

ਸਯਾਮ ਸਿੰਘ ਕਰੁ ਜੋਰੁ ਬਿਨੈ ਭਨੀ ਸਿਰ ਨਯਾਇ ॥
ਰਾਵਰ ਸਰਨੀ ਮੈ ਪਰਾ ਦੇਵੋ ਬ੍ਰਹਮ ਦਿਖਾਇ ॥1148॥
ਜੁਗਲ ਘੜੀ ਤੂਸਨ ਰਹੇ ਬਹੁੜੋ ਬੈਨ ਬਖਾਨ ॥
ਊਚੀ ਧੁਨਿ ਕਰੁ ਕਹਤੁ ਭੇ ਗੁਰੂ ਗ੍ਰੰਥ ਪ੍ਰਮਾਨ ॥1149॥

॥ ਤਥਾ ਬਾਕੰ ॥

ਭੈ ਤੇਰੇ ਡਰੁ ਅਗਲਾ ਖਪਿ ਖਪਿ ਛਿਜੈ ਦੇਹੁ ॥
ਨਾਇ ਜਿਨਾ ਸੁਲਤਾਨ ਖਾਨ ਹੋਂਦੇ ਡਿਠੇ ਖੇਹੁ ॥
ਨਾਨਕ ਉਠੀ ਚਲਿਆ ਸਭ ਕੂੜੇ ਤੁਟੇ ਨੇਹੁ ॥2॥[2]

॥ ਚੌਪਈ ॥

ਸਾਮ ਸਿੰਘ ਜਿਨ ਮਨ ਭਯ ਧਾਰਾ ॥ ਤਿਨ ਲੀਨੋ ਹੈ ਕਾਜ ਸਵਾਰਾ ॥
ਔਰ ਵਾਕ ਸੁਨੋ ਮਨੁ ਲਾਈ ॥ ਜਾਂਤੇ ਤੇਰੋ ਸੰਸਾ ਜਾਈ ॥1150॥

॥ ਸ੍ਰੀ ਗੁਰ ਗ੍ਰੰਥੇ ॥

ਜਿਨ ਮਨ ਭੈ ਤਿਨ ਨਾਹਿ ਭੈ ਮੁਚ ਭੈ ਨ ਭਵਿਆ ॥
ਨਾਨਕ ਏਹੁ ਪਟੰਤਰਾ ਤਿਤੁ ਦੀਬਾਣੁ ਗਇਆ ॥1॥

॥ ਚੌਪਈ ॥

ਵਾਹਿਗੁਰੂ ਸਦ ਨੇੜੇ ਜਾਨੋ ॥ ਜਨਮ ਮਰਨ ਇਮ ਕੀਜੈ ਹਾਨੋ ॥
ਸਤ ਸਤ ਸਤ ਤਿਸ ਗਾਵਾ ॥ ਗੁਰੂ ਮਯਾ ਤੇ ਬਡ ਸੁਖ ਪਾਵ੍ਹਾ ॥1151॥
ਸਾਮ ਸਿੰਘ ਪੁਨਿ ਬਿਨੇ ਬਖਾਨੀ ॥ ਸਿਖੀ ਰੀਤ ਕਹੋਂ ਗੁਨਖਾਨੀ ॥
ਕਹਯੋ ਹਜ਼ੂਰ ਸੁਨੋ ਮਨ ਲਾਈ ॥ ਸਿਖੀ ਮਾਰਗੁ ਦੇਉ ਬਤਾਈ ॥1152॥

## (ਸਿਖੀ ਦਾ ਸਰੂਪ)

ਗੁਰੂ ਬਿਨਾ ਨਹਿ ਮਾਨੇ ਆਨ ॥ ਇਸ ਊਪਰਿ ਸੁਨ ਲੇ ਪਰਮਾਨ ॥
ਰਾਗ ਤਜੋ ਪਰ ਗੁਨ ਨ ਬਿਸਾਰੋ ॥ ਗੁਰ ਕੇ ਸਮ ਹਰਿ ਕੋ ਨ ਨਿਹਾਰੋ ॥1153॥

---

1. ਅ ਪੋਥੀ ਸਾਂਮ 2. ਏ ਪੋਥੀ ਵਿਚ ਇਸ ਮਗਰੋਂ ਇਹ ਪੰਗਤੀਆਂ ਦਰਜ ਹਨ :
॥ ਤਥਾ ਬਾਬਾ ਫਰੀਦ ਜੀ ਕਾ ਸਲੋਕ ॥ ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇ ਭੀ ਗਏ ॥ ਕੂੜਾ ਸੌਦਾ ਕਰ ਗਏ ਗੋਰੀ ਆਇ ਪਏ ॥

ਹਰਿ ਨੇ ਜਨਮ ਦੀਓ ਜੱਗ ਮਾਂਹੀਂ ।। ਗੁਰ ਨੇ ਆਵਾਗਵਨ ਛਡਾਹੀ ।।
ਹਰਿ ਕੁਟੰਬ ਜਾਲ ਮਹਿ ਗੇਰਾ ।। ਗੁਰਾ ਜੀ ਕਾਟਾ ਬੰਧਨ ਮੇਰਾ ।।1154।।
ਹਰਿ ਜੀ ਭੋਗ ਰੋਗ ਉਰਿਝਾਯੋ ।। ਗੁਰ ਜੋਗੀ ਕਰ ਸਭੀ ਛੁਟਾਯੋ ।।
ਹਰਿ ਜੀ ਕਰਮ ਧਰਮ ਭਰਮਾਯੋ ।। ਗੁਰ ਜੀ ਆਤਮ ਰੂਪ ਦਿਖਾਯੋ ।।1155।।
ਹਰਿ ਜੀ ਮੋਹਿ ਮਾਹਿ ਛੰਪਾਯੋ ।। ਗੁਰ ਦੀਪਕ ਦੇ ਆਪ ਦਿਖਾਯੋ ।।
ਪੁਨ ਹਰਿ ਭਰਮ ਮਾਹਿ ਲਪਟਾਏ ।। ਗੁਰ ਜੀ ਸਭ ਹੀ ਭ੍ਰਮੁ ਮਿਟਾਏ ।।1156।।
ਨਾਨਕ ਗੁਰ ਪੈ[1] ਤਨ ਮਨ ਵਾਰੋ ।। ਗੁਰ ਨਾ ਤਜੋ ਹਰਿ ਕੋ ਤਜ ਡਾਰੋ ।।
ਸ੍ਰੀ ਗੁਰ ਦੇਵ ਹੈ ਸਭ ਤੇ ਊਚੇ ।। ਇੰਦ੍ਰੀ ਦੇਹ ਤਿਯਾਗੇ ਸੂਛੇ ।।1157।।
ਬਯਾਪਕ ਬ੍ਰਹਮੁ ਬਿਖੇ ਮਨੁ ਲਾਂਵਾ ।। ਸਬਦ ਸੁਨਾਇ ਸੰਦੇਹ ਮਿਟਾਵਾ ।।
ਗੁਰ ਕੋ ਧਯਾਨੁ ਅਹੈ ਸੁਖਦਾਨੀ ।। ਅਖੰਡਤ ਬਯਾਪਕ ਗੁਰ ਕੋ ਮਾਨੀ ।।1158।।
ਸਤ੍ਰ ਮਿਤ੍ਰ ਜਿਸ ਗੁਰ ਕਾ ਨਾਹੀ ।। ਦੇਹ ਮਮਤਾ ਜਿਨ ਲੀਨੀ ਖਾਹੀ ।।
ਔਰ ਉਪਾਧ ਸਭ ਦੀਨ ਤਯਾਗ ।। ਆਤਮ ਸਿੰਧ ਵਿਖੇ ਅਨੁਰਾਗ ।।1159।।

।। ਦੋਹਰਾ ।।

ਰਿਧ ਸਿਧ ਨਵ ਨਿਧਿ ਜੋ ਤਕੇ ਨ ਤਿਨ ਕੀ ਓਰ ।।
ਨਾਮ ਵਿਖੇ ਲੈ ਲੀਨ ਸਭ ਭਯਾ ਗਯਾਨ ਖੰਡ ਸੋਰ ।।1160।।[2]

।। ਚੌਪਈ ।।

ਗੁਰ ਬਿਨ ਗਯਾਂਨ ਨ ਕਿਸ ਕੌ ਹੋਵੈ ।। ਜਪੁ ਤਪੁ ਜੋਗ ਕਰੈ ਫਿਰ ਰੋਵੈ ।।
ਤਾਂਤੇ ਗੁਰ ਕੋ ਗੋਬਿੰਦ ਜਾਨੇ ।। ਜੋ ਗੁਰ ਭਾਖੇ ਸੋਈ ਮਾਨੇ ।।1161।।
ਸਾਂਮ ਸਿੰਘ ਸੁਨ ਹੋਵਾ ਮਗਨਾ ।। ਸਤਨਾਮ ਮੋ ਲਾਗੀ ਲਗਨਾ ।।
ਏਕ ਸਿਖ ਤਬ ਆਇ ਖੜੋਵਾ ।। ਪਾਨ ਜੋਰੁ ਕਰੁ ਨਿੰਮਰੀ ਹੋਵਾ ।।1162।।
ਸ੍ਰੀ ਕਮਲਾਨਨ ਪੂਛਨ ਕੀਨਾ ।। ਕਯੋ ਖੜੋਤਾ ਕਹੋ ਪ੍ਰਬੀਨਾ ।।
ਹਾਥ ਜੋਰ ਤਿਸੁ ਅਰਜੀ ਠਾਂਨੀ ।। ਦਰਸਨ ਕਰਤ ਹੈ ਗੁਨ ਖਾਨੀ ।।1163।।
ਕਹਯੋ ਹਜ਼ੂਰ ਮਰਨ ਰਖ ਯਾਦ ।। ਦਰਸਨ ਹਮਰਾ ਹਰੈ ਬਿਖਯਾਦ ।।
ਜਬ ਲਗ ਜੀਵੈ ਨਾਮ ਚਿਤਾਰ ।। ਆਬੈ ਨਾਹੀ ਕਬ ਹੀ ਹਾਰ ।।1164।।

।। ਦੋਹਰਾ ।।

ਸੁਨ ਕਰ ਸਿਖ ਮਨ ਮਗਨ ਭਾ[3] ਤਯਾਗ ਕਾਟ ਜੰਜਾਰ ।।
ਵਾਹਿਗੁਰੁ ਸਦ ਸਿਮਰ ਕੈ ਹੋਵਾ ਭਵ ਤੇ ਪਾਰ ।।1165।।

---

1. ਅ ਪੋਥੀ ਪੈਰ
2. ਅ ਪੋਥੀ ਵਿਚ ਇਸ ਮਗਰੋਂ ਵਾਧੂ ਦੋਹਰਾ ਅੰਕਿਤ ਹੈ :
   ਧੰਨ ਭਾਈ ਗੁਰਦਾਸ ਜੀ ਐਸੇ ਕਰਹਿ ਬਖਾਨ ।।
   ਰਿਧਿ ਸਿਧ ਨਾਵੇਂ ਕੀ ਦਾਸੀ ਨਾਮ ਜਪੋ ਮਨ ਠਾਨ ।।1161।।
3. ਅ ਪੋਥੀ ਭਯਾ

## (ਇਕ ਸ਼ਰਧਾਲੂ ਸਿਖ ਦੀ ਕਥਾ)

॥ ਚੌਪਈ ॥

ਕੂਜਰਾਵਾਲ ਇਕ ਸਿਖ ਰਹਾਵੈ ॥ ਗੁਰ ਪੁਰ ਸਰਧਾ ਅਧਕ ਰਹਾਵੈ[1] ॥
ਤਿਹ ਛਤ੍ਰੀ ਜੋਰੇ ਜੁਗ ਹਾਥਾ ॥ ਸ੍ਰੀ ਸਤਿਗੁਰ ਪਦ ਨਾਯੋ ਮਾਥਾ ॥1166॥
ਆਤਰ[2] ਭਯੋ ਕਹਿ ਹੇ ਜਗ ਹੇਤੂ ॥ ਜਗਤਾ ਤਮ ਬੇਦੀ ਕੁਲ ਕੇਤੂ ॥
ਹੂੰ ਧਨ ਬ੍ਰਿਧ ਕੁਲ[3] ਰਹੈ ਦੇਹੀ ॥ ਮਿਟੈ[4] ਉਲਟ ਗ੍ਰਿਹ ਬੰਧ ਸਨੇਹੀ ॥1167॥
ਭੁੱਵ ਕਲੇਸਹਾ ਪੁਰਮ ਵਤੰਸਾ ॥ ਅਢਪੋ ਬਨਿਜ ਲਾਭ ਦੁਸਮੰਸਾ ।
ਅੰਤਰਜਾਮੀ ਸੰਤ ਸਹਾਈ ॥ ਬਨਿਜ ਬਿਖੇ ਮੁਹਿ ਕਰੋ ਸਹਾਈ ॥1168॥

॥ ਦੋਹਰਾ ॥

ਅਸ ਕਹਿ ਚਾਲਯੋ ਬਨਜ ਹਿਤ ਬਨੁਜਾਰੋ ਬਡਭਾਗ ॥
ਸਿੰਘਨ ਸੈਨਾ ਕੇ ਵਿਖੇ ਕਢਯੋ ਹਰ ਅਨੁਰਾਗ ॥1169॥

॥ ਚੌਪਈ ॥

ਦਿਨ ਦਿਨ ਧੁਨ ਕੀ ਬ੍ਰਿਧੀ ਹੋਵੈ ॥ ਜਿਮ ਜਿਮ ਬਰਧੈ ਸੰਕਟ ਖੋਵੈ ॥
ਐਸ ਭਾਤ ਬੀਤਯੋ ਕਛੁ ਕਾਲਾ ॥ ਗੁਰੂ ਮਯਾ ਤੇ ਧੰਨ ਬਿਸਾਲਾ ॥1170॥

॥ ਦੋਹਰਾ ॥

ਅਟਕ ਪਾਰ ਡੇਰਾ ਗਯੋ ਛਤ੍ਰੀ ਕੇ ਮਨ ਆਇ ॥
ਅੰਨ ਖਰੀਦਨ ਮੈ ਕਰੋ ਖੈਰਾਵਾਦੋ ਜਾਇ ॥1171॥

॥ ਚੌਪਈ ॥

ਰਜਤ ਮੁਦ੍ਰਕਾ ਲੈ ਅਸੂ ਰੂਢਾ ॥ ਖੈਰਾਵਾਦ ਗਯੋ ਮਤ ਗੂਢਾ ॥
ਨਾਨਾ ਬਸਤ ਲੀਨ ਤਿਨ ਸੰਗਾ ॥ ਚਲਯੋ ਲਾਦ ਸੋ ਪੀਠ ਤੁਰੰਗਾ ॥1172॥
ਸਤਗੁਰ ਸਾਹਿਬ ਸਿੰਘ ਉਚਾਰੈ ॥ ਚਲਾ ਜਾਤ ਮਨ ਪ੍ਰੀਤੀ ਧਾਰੈ ॥
ਚਹੂੰ ਓਰਿ ਨਿਰਖਤ ਭੈ ਭੀਤਾ ॥ ਬਿਨਾ ਸਾਥ ਤੇ ਡਰਪਤ ਚੀਤਾ ॥1173॥
ਮਨ ਸੁਕਚਾਨ ਭਯੋ ਸ੍ਰਮ ਆਹੀ ॥ ਸਨੇ ਸਨੇ ਗਾ[5] ਗਿਰਵਰ ਮਾਹੀ ॥
ਪਰਯੋ ਸੋਰ ਉਤ ਸੈਨ ਮਝਾਰੀ ॥ ਹਾਹਾਕਾਰ ਭਯੋ ਡਰ ਭਾਰੀ ॥1174॥
ਭੇਰ ਢੋਲ ਪਰ ਬਾਜਨ ਲਾਗੇ ॥ ਇਤ ਉਤ ਬੀਰਾ ਜੁਧ ਮੈ ਲਾਗੇ ॥
ਸੋ ਸੁਨਿ ਡਰ ਨਿਜ ਮਨ ਮੈ ਕੰਪਾ ॥ ਹੈ ਤੇ ਗਿਰਯੋ ਮਹੀਤਲ ਝੰਪਾ ॥1175॥
ਗੋਣ ਡਾਰ ਲੈ ਬਾਜੀ ਧਾਯੋ ॥ ਖੈਰਾਵਾਦ ਉਲਟਿ ਪੁਨ ਆਯੋ ॥
ਮਨ ਭੀ ਪੀੜ ਨ ਕਹਿ ਮੁਖ ਬਾਤੀ ॥ ਬਨ ਮੇ ਗੇਰ ਆਯੋ ਧਨ ਥਾਤੀ ॥1176॥
ਬ੍ਯਾਕੁਲ ਭਯੋ ਪਰਮ ਧਨ ਹੇਤੂ ॥ ਸੁਮਰੈ ਸ੍ਰੀ ਬੇਦੀ ਕੁਲ ਕੇਤੂ ॥
ਹੈ ਕਰੁਣਾ ਕਰ ਗੋਣ ਬਚਾਵੋ ॥ ਖਟਿਆ ਧਨ ਨਹਿ ਬ੍ਰਿਥਾ ਗਵਾਵੋ ॥1177॥

1. ਅ ਪੋਥੀ ਧਰਾਵੈ 2. ਅ ਪੋਥੀ ਆਰਤ 3. ਅ ਪੋਥੀ ਕੁਸਲ 4. ਅ ਪੋਥੀ ਮਿਲੈ
5. ਅ ਪੋਥੀ ਗਯੋ

॥ ਦੋਹਰਾ ॥

ਸਾਰੀ ਨਿਸ ਬਿਲਪਤੇ ਭਯੋ ਗਟੀ ਗਨਤ ਮਮ ਮਾਂਹਿ ॥
ਗੁਰ ਸਾਹਿਬ ਸਿੰਘ ਰਖਯਾ ਕਰੋ ਆਪ ਬਿਨਾ ਕੋ ਨਾਹਿ ॥1178॥

॥ ਚੌਪਈ ॥

ਮੁਹਿ ਸਹਾਇ ਕੀਜੈ ਗੁਰ ਐਸੇ ॥ ਗਜ [1]ਗ੍ਰਾਹਿ ਤੇ ਰਾਖਯੋ ਜੈਸੇ ॥
ਤਜੀ ਤ੍ਰਾਸ ਤੇ ਗਿਰਵਰ ਕੋਨਾ ॥ ਵਿਵਿਧ ਬਸਤੁ ਪੂਰਨ ਹੈ ਗੋਨਾ ॥1179॥
ਹੌ ਅਤਿ ਦੀਨ ਰਾਵਰੀ ਸਾਮਾ ॥ ਕੀਜੇ ਕ੍ਰਿਪਾ ਮੋ ਪਰ ਰਾਮਾ ॥
ਤਵ ਲਗ ਹੋਤ ਭਈ ਭੁਨਸਾਰਾ ॥ ਗੋਨ ਹੇਤ ਤਬ ਚਲਾ ਪਰਹਾਰਾ ॥1180॥
ਆਯੋ ਤਹਾਂ ਛਤ੍ਰ ਸੁਤ ਦੌਰਾ ॥ ਤਜੀ ਗੋਨ ਹੁਤੀ ਜਿਹ ਠੌਰਾ ॥
ਨਿਰਖੀ ਤੈਸ ਜਾਇ ਤਿਹ ਗੋਨਾ ॥ ਜੈਸੇ ਗਯੋ ਛਾਡਿ ਗਿਰ ਕੋਨਾ ॥1181॥
ਲਗਾ ਉਚਾਨ ਨ ਚੁਕੀ ਜਾਵੈ ॥ ਮਾਨਵ ਕੋਈ ਨਦਰੁ ਨ ਆਵੈ ॥
ਪਾਨ ਜੋਰੁ ਪੁਨਿ ਬਿਨੇ ਬਖਾਨੀ ॥ ਕੋ ਨਰ ਭੇਜੋ ਗੁਰ ਸੁਖਦਾਨੀ ॥1182॥
ਇਕ ਸਿਖ ਆਵਤ ਤਬ ਤਿਨ ਚੀਨਾ ॥ ਕਰ ਮੋ ਸਾਵਾ ਨੇਜਾ ਲੀਨਾ ॥
ਖਤ੍ਰੀ ਕੇ ਮਨ ਭਯੋ ਅਨੰਦੂ ॥ ਗੋਨ ਚਵਾਹਿ ਦੁਖ ਕਰੈ ਨਿਕੰਦੂ ॥1183॥
ਆਵਤ ਸਿੰਘ ਨੇ ਫਤੇ ਬੁਲਾਈ ॥ ਗੋਣ ਉਚਾਇ ਕਰ ਅਸੂ ਧਰਾਈ ॥
ਲੋਪ ਭਯੋ ਕਿਛੁ ਦੇਰੁ ਨ ਕੀਨੀ ॥ ਸਿਖ ਮਨ ਜਾਗੀ ਪ੍ਰੀਤ ਨਵੀਨੀ ॥1184॥

॥ ਦੋਹਰਾ ॥

ਜੇਕਰ ਮਾਨਵ ਇਹੁ ਹੁਤੋ ਲੋਪੁ ਸੋ ਕੈਸੇ ਹੋਤ ॥
ਚਿੰਤਾ ਸਾਗਰ ਡੁਬਤ ਮੈਂ ਆਇ ਹੋ ਕਰ ਪੋਤ ॥1185॥

॥ ਚੌਪਈ ॥

ਨੈਨਨ ਤੇ ਜਲ ਧਾਰ ਚਲਾਨੀ ॥ ਆਏ ਮਮ ਹਿਤ ਸਾਰੰਗ ਪਾਨੀ ॥
ਦਰਸਨ ਕੀ ਮਨ ਇਛਾ ਧਾਰੀ ॥ ਊਨੇ ਚਾਲਾ ਕਰੀ ਨ ਬਾਰੀ ॥1186॥
ਸ੍ਰੀ ਪੁਰ ਊਨਾ ਨਿਰਖਯੋ ਜਾਈ ॥ ਜਿਹ ਬਿਲੋਕਿ ਰਹ ਸੁਰਗ ਲਜਾਈ ॥
ਨਿਰਖਯੋ ਦ੍ਵਾਰ ਊਚ ਅਤਿ ਚਾਰੂ ॥ ਚੌਪਟ ਅਟਾ ਅਨੂਪ ਸੁ ਢਾਰੂ ॥1187॥
ਪਲਘ ਬਿਰਾਜਤ ਗੁਰ ਸੁਖਦਾਈ ॥ ਜਿਨ ਕੀ ਮਹਿਮਾ ਕਥਨੁ ਨ ਜਾਈ ॥
ਜਾਇ ਸਿਖ ਨੇ ਦਰਸਨ ਪਾਵਾ ॥ ਧਰੀ ਉਪਾਇਨ ਸੀਸ ਨਿਵਾਵਾ ॥1188॥
ਪੂਛਾ ਸਾਹਿਬ ਕਹਿ ਤੇ ਆਯੋ ॥ ਪਾਨ ਜੋਰ ਸਿਖ ਬੈਨ ਅਲਾਯੋ ॥
ਕਝਰਦ੍ਵਾਰ ਰਹੌ ਸੁਖਦਾਈ ॥ ਬੀਚੇ ਅਟਵੀ ਭਏ ਸਹਾਈ ॥1189॥
ਜੋਰ ਜੁਗਮ ਕਰ ਉਸਤਤਿ ਕੀਨੀ ॥ ਪ੍ਰੇਮ ਸਲਲ ਰੁਚ ਰਾਖੇ ਭੀਨੀ ॥
ਨਿਰਖ ਤਾਸਿ ਗਤਿ ਸਤਿਗੁਰ ਸੁਾਮੀ ॥ ਸਮਦਰਸੀ ਪ੍ਰਭ ਅੰਤਰਜਾਮੀ ॥1190॥

---

1. ਅ ਪੋਥੀ ਗਜਹਿ

ਬੋਲੇ ਸ੍ਰੀ ਮੁਖ ਬੈਨ[1] ਸੁਰੰਗ ॥ ਨਿਕਸਤ ਜਿਮ ਪੰਕਜ ਤਜ ਭ੍ਰਿੰਗ ॥
ਸੁਖ ਕੇ ਸਾਥ ਅਬੈ ਤੂ ਆਵਾ ॥ ਹਾਥ ਜੋਰ ਤਿਨ ਬੈਨ ਅਲਾਵਾ ॥1191॥

॥ ਦੋਹਰਾ ॥

ਸੂਖ ਭਯੋ ਮੰਮ ਤਾਸ ਦਿਨੁ ਜਾ ਦਿਨੁ ਭਏ ਸਹਾਇ ॥
ਕਮਲ ਬਦਨ ਤੇ ਗੁਰ ਭਨਾ ਬੈਠ ਜਾਹੁ ਸੁਖ ਪਾਇ[2] ॥1192॥

॥ ਚੌਪਈ ॥

ਧਰਮਸਾਲ ਮੈ ਸਿਵਰ ਕਰਾਵਾ ॥ ਪ੍ਰਸਾਦ ਛਕਾਵਾ ਸਿਖ ਬਿਗਸਾਵਾ ॥
ਦੂਤੀ ਦਿਨਾ ਫਿਰ ਅਰਜੀ ਕੀਨੀ ॥ ਭਵ ਤੇ ਤਾਰੋ ਸੇਵਕ ਚੀਨੀ ॥1193॥
ਕਮਲ ਬਦਨ ਗੁਰ ਗਿਰਾ ਅਲਾਈ ॥ ਸਤਨਾਮ ਸਿਮਰੋ ਸੁਖਦਾਈ ॥
ਤਨ ਸੁਆਦ ਸਭ ਮੋਹ ਤਿਆਗੋ ॥ ਸੰਤਮੋ ਸੇਵਾ ਮੋ ਅਨੁਰਾਗੋ ॥1194॥
ਮਨ ਕੋ ਨੀਵਾ ਸਦਾ ਰਖੀਜੈ ॥ ਦੁਖੀਏ ਪਰ ਨਿਤ ਮਯਾ ਕਰੀਜੈ ॥
ਛਿਦ੍ਰ ਪਰਾਯਾ ਕਬੀ ਨ ਦੇਖੋ ॥ ਸਰਬ ਜਗਤ ਮੈ ਆਤਮ[3] ਪੇਖੋ ॥1195॥
ਪ੍ਰਭ ਕਾ ਭਾਣਾ ਮਾਥੇ ਮਾਨੋ ॥ ਜੋ ਹੋਵਾ ਨਹਿ ਕਰੋ ਗਿਲਾਨੋ ॥
ਦੁਖ ਭੂਖ ਤਿਖ ਸਮ ਕਰ ਜਾਨੋ ॥ ਵਾਹਗੁਰੂ ਸਦ ਸਿਮਰਨ ਠਾਨੋ ॥1196॥

॥ ਦੋਹਰਾ ॥

ਅਸ ਉਧਦੇਸੰ ਗੁਰ ਕਰਾ ਸੁਨ ਸਿਖੁ ਭਯੋ ਨਿਹਾਲ ॥
ਹੋਇ ਨਿਮਰ ਅਤਸੇ ਘਨਾ ਪਾਦ ਪਦਮ ਧਰ ਭਾਲ ॥1197॥

॥ ਚੌਪਈ ॥

ਸਿਰੋਪਾਇ ਸ੍ਰੀ ਸਤਿਗੁਰ ਦੀਨਾ ॥ ਬੰਧਤ ਹੀ ਸਿਰ ਰੰਗ ਭਾ ਪੀਨਾ ॥
ਲੇ ਆਇਸ ਨਿਜ ਭਵਨ ਸਿਧਾਵਾ ॥ ਦਿਵਸੁ ਰਾਤ ਗੁਰ ਪਾਦ ਮਨਾਵਾ ॥1198॥

### (ਬਾਬਾ ਸਾਹਿਬ ਸਿੰਘ ਨੇ ਭਵਿਖ ਬਚਨ ਕਹਨੇ)

ਮਾਤਾ ਨੇਮ ਹਜੂਰ ਪਹਿ ਆਵੈ ॥ ਦੈ ਪ੍ਰਦਛਨਾ ਸੀਸ ਨਿਵਾਵੈ ॥
ਏਕ ਦਿਵਸ ਗੁਰ ਗਿਰਾ ਅਲਾਈ ॥ ਸਿੰਘਨ ਸਿਰ ਬਿਪਤਾ ਬਡਿ ਆਈ ॥1199॥
ਸੁਨ ਮਾਤਾ ਤਬ ਬਿਨਤੀ ਠਾਂਨੀ ॥ ਕੈਸੇ ਹੋਵੈ ਕਹੁ ਗੁਨਖਾਨੀ ॥
ਸ੍ਰੀ ਕਮਲਾਨਨ ਗਿਰਾ ਅਲਾਈ ॥ ਸਿੰਘਨ ਨਾਰੀ ਬਹੁ ਬਿਲਲਾਈ ॥1200॥
ਹਿੰਦੂ ਤੁਰਕ ਸਕਲ ਦੁਖ ਪਾਵੈ ॥ ਚਲੈ ਨ ਜੋਰ ਅਤਸੇ ਪਛੁਤਾਵੈ ॥
ਈਸਰੁ ਭਾਣਾ ਹੈ ਅਤਿ ਭਾਰਾ ॥ ਸਾਧਕ ਸਿਧ ਨਹਿ ਪਾਵੈ ਪਾਰਾ ॥1201॥

॥ ਦੋਹਰਾ ॥

ਮੋਨ ਰਾਜ ਬਡ ਕਰੈਗੇ ਰਹਿਨ ਨ ਦੇ ਕਿਸ ਮਾਨ ॥
ਚਾਰ ਵਰਣ ਆਸ੍ਰਮ ਸਕਲ [4]ਮਾਨੇ ਤਿਨ ਕੀ ਆਂਨ ॥1202॥

---

1. ਮੂਲ ਪੋਥੀ ਬੈ
2. ਮੂਲ ਪੋਥੀ ਧਾਮ
3. ਅ ਪੋਥੀ ਬ੍ਰਹਮ ਇਕੁ
4. ਅ ਪੋਥੀ ਸਗਲ

॥ ਚੌਪਈ ॥

ਭਾਈ ਸੀਯਾਂ ਰਾਮ ਬਨ ਟੋਰੇ ॥ ਨਲ ਸਾਰਖੇ ਬਨੇ ਭਟ ਕੋੜੇ ॥
ਪਾਂਡਵ ਭਾਵੀ ਕਰੇ ਮਜੂਰ ॥ ਦਹਿ ਸਿਰ ਭਾਵੀ ਕਰ ਦਿਯੋ ਧੂਰ ॥ 1203॥
ਕੰਸ ਸਰੀਖੇ ਗਰਦ ਮਿਲਾਏ ॥ ਹਰੀ ਚੰਦ ਸੇ ਹਾਣ ਬਿਕਾਏ ॥
ਤ੍ਰਿਸੰਕੁ ਰਾਜਾ ਭਯਾ ਚੰਡਾਲ ॥ ਸਹੰਸ੍ਰ ਬਾਹੂ ਭੁਜ ਕਟੀ ਬਿਸਾਲ ॥1204॥
ਸਿਸਪਾਲ ਜਰਾ ਸਿੰਧੁ ਜੋਧਾ ॥ ਭਾਵੀ ਨੇ ਭਲ ਤਿਨ ਕੋ ਸੋਧਾ ॥
ਦੁਰਜੋਧਨ ਜਨਮੇਜਾ ਆਹੀ ॥ ਸਭ ਜਾਂਨੇ ਜੋ ਗਤਿ ਤਿਨ ਪਾਈ ॥1205॥
ਪਰਸ ਰਾਮ ਸੇ ਹੈ ਬਲਵਾਨਾ ॥ ਭਾਵੀ ਲੇ ਕਰਿ ਦੀਨੇ ਹਾਨਾ ॥
ਦੇਵ ਪਤੀ ਅਤਸੇ ਗਰਬੀਲਾ ॥ ਸਹਸ ਭਗ ਪਾਇ ਭਾਵੀ ਕੀਲਾ ॥1206॥

॥ ਦੋਹਰਾ ॥

ਭਾਵੀ ਪਰਬਲ ਹੈ ਬਡੀ ਦੇਵ ਦਨੁਜ ਨਹਿ ਮੇਟ ॥
ਅਬ ਸ੍ਰਿਘਨ ਕੇ ਸਿਰੁ ਅਈ ਢਾਰੇ[1] ਤਿਨ ਕੋ ਪੇਟ ॥1207॥

॥ ਚੌਪਈ ॥

ਸੁਨ ਕਰ ਮਾਤਾ ਅਤਸੇ ਕਾਂਪੀ ॥ ਨੈਨਨ ਧਾਰ ਚਲੀ ਹੈ ਬਾਕੀ ॥
ਹਾਥ ਜੋਰੁ ਕਰੁ ਬਿਨੇ ਬਖਾਨੀ ॥ ਆਪ ਗਿਰਾ ਕਦ[2] ਹੋਇ ਨ ਹਾਂਨੀ ॥1208॥
ਧਰਮ ਹਮਾਰਾ ਥਿਰਤਾ ਪਾਵੈ ॥ ਰਾਵਰ ਕਹਯੋ ਨ ਕੋਇ ਹਟਾਵੈ ॥
ਭਨਾ ਹਜੂਰ ਨ ਚਿੰਤਾ ਕੀਜੈ ॥ ਕੋ ਦਿਨੁ ਔਖਾ ਫਿਰ ਸੁਖ ਲੀਜੈ ॥1209॥
ਧਰਮ ਤੁਮਾਰੇ ਥਿਰਤਾ ਪਾਈ ॥ ਮਮ ਮਯਾ ਕਰਿ ਜਸੁ ਅਧਿਕਾਈ ॥
ਸੁਨ ਕਰਿ ਮਾਤਾ ਭਵਨ ਪਧਾਰੀ ॥ ਗੁਰ ਕੀ ਬਾਨੀ ਰਿਦੇ ਚਿਤਾਰੀ ॥1215॥

(ਸੋਭਾ ਢਾਡੀ ਦੀ ਕਥਾ)

ਸੋਭਾ ਢਾਢੀ ਚਲ ਕਰਿ ਆਵਾ ॥ ਢਢ ਬਜਾਈ ਗੁਰ ਜਸ ਗਾਵਾ ॥
ਸ੍ਰੀ ਗੁਰ ਬਾਨੀ ਤਿਸ ਪ੍ਰਤਿ ਗਾਈ ॥ ਰਾਤਾ ਪਾਲਾ ਭਾ ਵਡ ਭਾਈ ॥1211॥

॥ ਦੋਹਰਾ ॥

ਸੁਨ ਕਰ ਆਗੇ ਕਹਤ ਭਾ [3]ਆਪ ਸੁਨੋ ਸੁਖ ਰਾਸ ॥
ਸੋ ਗਜ ਕਾਲੇ ਬਾਸ ਕਰ ਆਵਾ ਮੇਰੇ ਪਾਸ ॥1212॥

॥ ਚੌਪਈ ॥

ਭਨਾ ਹਜੂਰ ਤੂ ਕੈਸੇ ਬਾਚਾ ॥ ਢਾਢੀ ਕਹਯੋ ਸੁਨੋ ਗੁਰ ਸਾਚਾ ॥
ਜਬ ਪਾਲਾ ਮੁਹਿ ਮਾਰਨ ਧਾਵਾ ॥ ਤਵ ਮੈ ਰਾਵਰ ਨਾਮ ਅਲਾਵਾ ॥
ਰਤੀ ਨ ਠਹਿਰਾ ਭਜ ਕਰ ਗਯਾ ॥ ਜੈਸੇ ਏਣੰ ਹਰੀ ਦਬੰਯਾ ॥
ਸੁਨ ਕਰ ਸਾਹਿਬੁ ਬਹੁ ਬਿਗਸਏ ॥ ਉਤਾਰ ਪੁਸਾਕੀ ਦੇਵਤ ਭਏ ॥1214॥

1. ਅ ਪੋਥੀ ਫਾਕੇ 2 ਅ ਪੋਥੀ ਗੁਰ 3. ਅ ਪੋਥੀ ਭਯਾ

ਸੀ ਪੁਸਾਕ ਪਸਮੀਨੈ ਭਾਰੀ ॥ ਗੁਰ ਕੀ ਨੁਤ ਗਾਵੈ ਬਹੁ ਬਾਰੀ ॥
ਪੰਚ ਰੁਪੈਯੇ ਰੋਜੰ ਕੀਨੇ ॥ ਦਾਲਦ ਤਿਸੰ ਕਾ ਕੀਨੋ ਹੀਨੇ ॥1215॥
ਦਮਦਮੇ ਇਕ ਦਿਨੁ ਗੁਰੁ ਆਏ ॥ ਪ੍ਰਲਘੁ ਖਿਰੇ ਸੁਭ ਬੈਨ ਅਲਾਏ ॥
ਮਾਨੁਖ ਦੇਹੀ ਹੈ ਸੁਖਦਾਈ ॥ ਹਰੀ ਮਿਲਨ ਕੀ [1]ਸੀੜੀ [1]ਭਾਈ ॥1216॥
ਦੇਵ ਦਨੁਜ ਇਸ ਕੋ ਸਦ ਚਾਹੇ ॥ ਮ੍ਰਿਤੁ ਮੰਡਲੁ ਮੈ ਪੁਨ [2]ਜਨਮਾਹੇ ॥
ਕਰ ਗੁਰ ਸੇਵਾ ਜਨਮੁ ਸੁਵਾਰੈ ॥ ਗਯਾਂਨ ਵਿਗਯਾਨ ਰਿਦੈ ਮੋ ਧਾਰੇ ॥1217॥

॥ ਦੋਹਰਾ ॥

ਜਨਮ ਮਰਨ ਕੀ ਫਾਸ ਕਟ ਲੀਨ ਬ੍ਰਹਮ ਮੋ ਹੋਇ ॥
ਤੁਮ ਭੀ ਕਰੋ ਉਪਾਇ ਤਿਮ ਲੇਹੁ ਸਰੂਪੇ ਜੋਇ ॥1218॥

॥ ਚੌਪਈ ॥

ਅਸ ਔਸਰ ਫਿਰ ਹਾਥੁ ਨ ਆਵੈ ॥ ਨਿਮਖ ਨਿਮਖ ਮੋ ਕਾਲ ਦਬਾਵੇ ॥
ਸਤਨਾਮ ਸਿਮਰੋ ਮਨੁ ਲਾਈ ॥ ਸਤ ਸਰੂਪ ਜੋ ਦੇਤ ਜਨਾਈ ॥1219॥
ਕਾਮਾਦਿਕ ਸਭ ਸਤਰੂ ਜਾਨੋ ॥ ਦੇਹ ਹੰਤਾ ਕੋ ਕੀਜੈ ਹਾਨੋ ॥
ਸਿਖ ਸਾਧ ਕੀ ਸੇਵ ਕਮਾਵੋ ॥ ਵੰਡ ਖਾਵਨ ਮੋ ਸਦ ਮਨ ਲਾਵੋ ॥1220॥
ਪਾਨ ਜੋਰ ਸਿਖਨ ਤਬ ਗਾਵਾ ॥ ਸਤ ਸਤ ਜਿਮ ਗੁਰੂ ਅਲਾਵਾ ॥
ਮਯਾ ਕਰੀ ਹਮ ਪਰ ਸੁਖਦਾਈ ॥ ਭਵ ਸਾਗਰ ਤੇ ਪਾਰ ਲੰਘਾਈ ॥1221॥

## (ਹਜ਼ੂਰਾ ਸਿੰਘ ਦੇ ਪੁਤਰ ਨੂੰ ਵਾਪਸ ਬੁਲਾਉਣਾ)

ਦਿਵਾਨ ਸੁ ਚਰਨ ਸਿੰਘ ਗੁਰ ਕੇਰਾ ॥ ਸਤਿਗੁਰ ਸੇਵੈ ਕਰੈ ਨ ਬੇਰਾ ॥
ਸਿੰਘ ਹਜੂਰਾ ਸੁਤ ਤਿਮੁ ਆਹੀ ॥ ਨਿਸ ਕੋ ਨਸ ਗਾ ਕਰੀਬਿ ਜਾਹੀ ॥1222॥

॥ ਦੋਹਰਾ ॥

ਮਾਤਾ [3]ਤਿਸ ਕੀ ਰੋਤ ਭਈ ਭਾ ਵ੍ਰਿਯੋਗ ਸੁਤ ਜਾਸ ॥
ਗੁਰ ਹਜੂਰ ਅਰਜੀ ਕਰੀ ਪੂਤ ਬਿਨਾ ਦੁਖ ਰਾਸ ॥1223॥

॥ ਚੌਪਈ ॥

ਸ੍ਰੀ ਹਜੂਰ[4] ਜੀ ਪੂਛਨ ਕੀਨਾ ॥ ਕਹਾ ਗਯੋ ਹੈ ਕਹੋ ਪ੍ਰਬੀਨਾ ॥
ਅਟਕੇ ਪਾਰ ਗਯੋ ਸੁਖਦਾਈ ॥ ਜਵਾਹਰ ਹਰਿ ਮੁਖ ਪ੍ਰੀਤਿ ਸਦਾਈ ॥1224॥
ਕਹਯੋ ਹਜੂਰ ਨ ਚਿੰਤਾ ਕੀਜੈ ॥ ਦਸ ਦਿਨ ਪਾਛੇ ਅਯੋ ਲਖੀਜੈ ॥
ਈਹਾ ਸਤਗੁਰ ਐਸ ਅਲਾਵਾ ॥ ਤਿਸ ਕੀ ਗਾਥ ਸੁਨੋ ਮਨ ਲਾਵਾ ॥1225॥
ਤਤਖਿਨ ਲਾਗੀ ਮਨੈ ਉਚਾਟਾ ॥ ਖਾਨ ਸੁ ਪਾਨ ਗਯੋ ਸਭ ਹਾਟਾ ॥
ਐਸੀ ਖੈਚੰ ਸਤਿਗੁਰ ਪਾਈ ॥ ਚਾਹੇ ਊਨੇ ਜਾਉ ਉਡਾਈ ॥1226॥

---

1. ਅ ਪੋਥੀ ਕੌ ਸੀਢੀ 2. ਅ ਪੋਥੀ ਆਇ 3. ਅ ਪੋਥੀ ਮਾਈ
4. ਏ ੲ ਪੋਥੀ ਸਤਿਗੁਰ

ਜਵਾਹਰ ਹਰਿ ਤਿਸੁ ਬਹੁ ਹਟਾਵੈ ॥ ਤਿਸ ਕੌ ਨਾਹੀ ਬੋਲਿ ਸੁਹਾਵੈ ॥
ਸਨੇ ਸਨੇ ਚਲ ਉਨੇਂ ਆਵਾ ॥ ਆਇ ਗੁਰੂ ਪਹਿ ਸੀਸ ਨਿਵਾਵਾ ॥1227॥

॥ ਦੋਹਰਾ ॥

ਪੂਛਨ ਕੀਨਾ ਸਤਿਗੁਰੂ ਕੈਸੇ ਆਵਨ ਕੀਨ ॥
ਕਾਗਜ ਮਾਨਵ ਨਹਿ ਪਠਾ ਕਹੋ ਪ੍ਰਗਟ ਪ੍ਰਬੀਨ ॥1228॥

॥ ਚੌਪਈ ॥

ਪਾਨ ਜੋਰ ਤਿਨ ਬਿਨਤੀ ਗਾਈ ॥ ਰਾਵਰ ਮਨੈ ਉਚਾਟ ਲਗਾਈ ॥
ਖਾਨ ਪਾਨ ਗੋੜਾਕਾ ਭੂਲੀ ॥ ਬਿਨ ਦਰਸਨ ਸਭ ਜਾਨੋ ਸੂਲੀ ॥1229॥
ਕਹਯੋ ਹਜੂਰ ਜਾਹੁ ਨਿਜ ਸਦਨਾ ॥ ਮਾਤ ਪਿਤਾ ਮਿਲ ਦੁਖ ਦਯੋ ਕਦਨਾ ॥
ਤਾਤ ਮਾਤ ਮਿਲ ਭਯੋ ਅਨੰਦੂ ॥ ਜਿਨ ਸੁਤ ਮਿਲ ਗਾ ਸੁਖਮਾ ਕੰਦੂ ॥1230॥

(ਹੋਲਾ ਮਹਲਾ ਮਨਾਉਣਾ)

ਫਾਗਨ ਮਾਸ ਅਯੋ ਸੁਖਦਾਈ ॥ ਸ੍ਰੀ ਕਮਲਾਨਨ ਗਿਰਾ ਅਲਾਈ ॥
ਹੁਕਮੁ ਸੁਨਾਵੈ ਲਿਖੋ ਬਨਾਈ ॥ ਜੋ ਗੁਰ [ਕੋ][1] ਅਹੈ ਸੁਖਦਾਈ ॥1231॥
ਲਿਖ ਲਿਖ ਭੇਜੇ ਦੇਰ ਬਿਹਾਈ ॥ ਹੁਮ ਹੁਮਾਇ ਕਰਿ ਸੰਗਤਿ ਆਈ ॥
ਬਨੀ ਗੁਲਾਲੀ ਬਰਨ ਨ ਜਾਵੈ ॥ ਲੰਗਰ ਹੋਵਤ ਕੌਨ ਗਿਨਾਵੈ ॥1232॥
ਰਾਜਾ ਰਾਨਾ ਬਹੁ ਚਲ ਆਏ ॥ ਚੌਗਿਰਦ ਊਨੇ ਦੇਰੇ ਲਾਏ ॥
ਸ੍ਰੀ ਕਮਲਾਨਨ ਗਿਰਾ ਅਲਾਈ ॥ ਗੁਰ ਘਰ ਰਸਤੁ ਕਮੀ ਨ ਕਾਈ ॥1233॥
ਜੋ ਮਾਂਗੇ ਨਹਿ ਨਾਂਹਿ ਕਰੀਜੈ ॥ ਸਰਪੀ ਸਿਤਾ ਸੁ ਚਾਵਲ ਦੀਜੈ ॥
ਦਾਲ ਚੂਨ ਅੰਬਾਰ ਲਗਾਵੋ ॥ ਵਾਹਿਗੁਰੂ ਕਹਿ ਦੇਤੇ ਜਾਵੋ ॥1234॥
ਆਵਤ ਸੰਗਤਿ ਬਨੁ ਬਨੁ ਟੋਲੈ ॥ ਗਾਵੈ ਸਬਦ ਊਚੇ ਬੋਲੈ ॥
ਧਰੇ ਉਪਾਇਨ ਗਿਨੀ ਨ ਜਾਈ ॥ ਦਮੜੇ ਮੁਹਰਾ ਚੀਰ ਸੁਹਾਈ ॥1235॥

॥ ਦੋਹਰਾ ॥

ਹੈ ਗੈ ਬੇਸਰ ਊਠ ਬਹੁ ਗਊ ਭੈਸ ਨਹਿ ਵਾਰ ॥
ਪਸੁ ਅੰਬਰ ਪਟੰਬਰ ਬਹੁਤ ਕਰਾ ਨ ਜਾਇ ਸੁਮਾਰ ॥1236॥

॥ ਦੋਹਰਾ ॥

ਭਯੋ ਕੁਲਾਹਲ ਬਰਨ ਨ ਜਾਈ ॥ ਗਣਪਤਿ ਗਿਰਾ ਵਾਰ ਨਹਿ ਪਾਈ ॥
ਜੁਗਮ ਸਪੂਤ ਗੁਰ ਲੀਨ ਬੁਲਾਇ ॥ ਤਿਨੋ ਪ੍ਰਤੀ ਮੰਜ ਬਾਨੀ ਗਾਏ ॥1237॥
ਸਾਹਬਜਾਦੇ ਲਿਯੋ ਬੁਲਾਈ[2] ॥ ਹੋਲਾ ਖੇਲੋ ਮਨ ਹਰਖਾਈ ॥
ਗੁਲਾਲੀ ਥੈਲੇ ਸਾਥ ਉਚਾਵੋ ॥ ਕੇਸੂ ਤੁਣ ਰੰਗੁ ਮਸਕ ਭਰਾਵੋ ॥1238॥

1. ੲ ਪੋਥੀ ਵਿਚ 2. ਅ ਪੋਥੀ ਬਨਾਈ

ਬੀਚ ਬਜਾਰੈ ਖੇਲੋ ਜਾਈ ॥ ਜੁਗ ਭੈਯਾ ਜੁਗ ਧੜੇ ਬਨਾਈ ॥
ਸਤ ਬਚੰਨੁ ਕਹਿ ਖੇਲਤ[1] ਫਿਰਿਤੇ[1] ॥ ਆਪੋ ਅਪਨੇ ਸੇਵਕ ਕਹਿਤੇ[2] ॥1239
ਗੋ[3] ਅੰਬਾਰੀ ਭਏ ਅਰੂਢੇ ॥ ਬਾਜੇ ਬਾਜੈਂ ਅਤਸੇ ਰੂਢੇ ॥
ਬਿਪਨੀ ਮਧੁ ਕੰਤੂਹਲ ਹੋਵਾ ॥ ਜੋ ਜਾਨੇ ਜਿਨ ਨੈਨੋ ਜੋਵਾ ॥1240॥
॥ ਦੋਹਰਾ ॥
ਜੁਗਮ ਘਰੀ ਇਮ ਖੇਲ ਕਰ ਉਤਰੇ ਸਿਵਰ ਮਝਾਰ ॥
ਸੇਤ ਚੀਰ ਪੁਨ ਪਹਰ ਕਰ ਆਏ ਗੁਰ ਦਰਬਾਰ ॥1241॥
॥ ਚੌਪਈ ॥
ਬੇਦੀ ਸੋਢੀ ਬਹੁ ਤਹ ਆਏ ॥ ਅਏ ਸਿਰਦਾਰ ਮਨ ਸਰਧਾਏ ॥
ਰਾਗੀ ਕੀਰਤ ਕਰੈ ਬਨਾਈ ॥ ਸਾਧਸੰਤ ਚੌਗਿਰਦੇ ਛਾਈ ॥1242॥
ਹੁਕਮ ਦਿਯਾ ਸੁਭ ਰੰਗ ਬਨਾਵੋ ॥ ਬਹੁ[4] ਪਿਚਕਾਰੀ [5]ਆਨ ਧਰਾਵੋ[5] ॥
ਭਯੋਰੰ[6] ਤੰਬੂ ਦਯੋ ਲਗਾਈ ॥ ਹਮ ਖੇਲਾਗੇ ਮਨੁ ਹਰਖਾਈ ॥1243॥
ਸਤ ਬਚੰਨ ਚਰ ਬੈਨ ਬਖਾਨੇ ॥ ਸੁਨ ਸੁਨ ਸਭ ਕੇ ਮਨ ਹਰਖਾਨੇ ॥
ਰਹਰਾਸ ਭੋਗ ਸਭੈ ਸੁਨ ਧਾਏ ॥ ਖਾਇ ਅਸਨ੍ਰ ਸੁਖ ਨਿਸਾ ਬਿਤਾਏ ॥1244॥
ਭੋਰ ਹੋਤ ਸੁਭ੍ਰ ਤੰਬੂ ਲਾਏ ॥ ਰੰਗਨ ਦੇਗੇ ਪੂਰ ਧਰਾਏ ॥
ਧਰ ਪਿਚਕਾਰੀ ਪੁਰਟ ਮਹਾਨੀ ॥ ਚਾਂਦੀ ਪੀਤਲ ਤਾਂਬੇ ਸਾਨੀ ॥1245॥
॥ ਦੋਹਰਾ ॥
ਲਾਲੰ ਪੀਤੰ ਸੋਸਨੀ ਹਰੀ ਗੁਲਾਲੀ ਜਾਨ ॥
ਅਬ ਰਖੁ ਦੀਨ ਮਿਲਾਇ ਕਰ ਬਨੀ ਸੁ ਸੇਤ ਮਹਾਨ ॥1246॥
॥ ਚੌਪਈ ॥
ਭਰ ਭਰ ਥੈਲੇ ਆਨ ਧਰਾਏ ॥ ਤਖਤ ਗੁਰੂ ਕੇ ਹੇਤ ਡਸਾਏ ॥
ਸਾਹਬਜਾਦੇ ਮਿਲ ਕਰ ਆਏ ॥ ਸਿੰਘ ਸਰਦਾਰ ਭੇ ਇਕਠਾਏ ॥1247॥
ਏਕ ਓਰਿ ਸਭ ਬਾਬੇ ਕੀਨੇ ॥ ਦੂਤੀ ਓਰਿ ਸਿਰਦਾਰੈ ਚੀਨੇ ॥
ਤ੍ਰਿਤੀ ਓਰਿ ਰਸੁ ਭਾਗੀ ਬੈਠੇ[7] ॥ ਗਾਵਤ ਸਬਦੰ ਪ੍ਰੀਤ ਬਸੇਸੇ ॥1248॥
ਸ੍ਰੀ ਦਰਬਾਰ ਪ੍ਰਥਮ ਚਲਿ ਗਏ ॥ ਮੀਠੇ ਓਰ ਪ੍ਰਦੱਛਨਾ ਦਏ ॥
ਅਤਰ ਗੁਲਾਲ ਦਰਬਾਰ ਚਢਾਇ ॥ ਥਿਰੇ ਦਿਵਾਨ ਮਧੁ ਪੁਨ ਆਇ ॥1249॥
ਚਤਰ ਓਰਿ ਸੰਗਤਿ ਮਿਲ ਬੈਠੀ ॥ ਦਰਸਨ ਕਰ ਕਰ ਮਨ ਜਿਨ ਰਹਸੀ ॥
[ਆਪ ਗੁਰੂ ਜੀ ਰਹੁ ਬਿਗਸਾਏ ॥ ਤਖਤ ਸੁ ਕੈਸੇ ਦਰਸ ਦਿਖਾਏ ॥1249॥][8]
॥ ਦੋਹਰਾ ॥
ਜਿਮ ਸਵਿਤਾ ਕੇ ਉਦਤ ਹੀ ਕੰਜ ਖਿੜਤ ਹੈ ਬ੍ਰਿੰਦ ॥
ਤਿਮ ਸੰਗਤਿ ਆਨੰਦ ਭਾ ਨਿਰਖਤ ਬੇਦੀ ਚੰਦ ॥1250॥

---

1. ਅ ਪੋਥੀ ਪਾਠਾਂਤਰ: ਖੇਲਨ ਚਾਲੇ 2. ਅ ਪੋਥੀ ਨਾਲੇ 3. ਅ ਪੋਥੀ ਗਏ 4. ਅ ਪੋਥੀ ਵਿਚ ਨਹੀਂ ਹੈ। 5. ਅ ਪੋਥੀ ਪਾਠਾਂਤਰ : ਆਇ ਤਿਯਾਰ ਕਰ ਵਾਵੋਂ 6. ਅ ਪੋਥੀ ਸਕਾਰ 7. ਅ ਪੋਥੀ ਬੈਸੇ 8. ਅ ਪੋਥੀ ਵਿਚੋਂ

॥ ਕਬਿਤ ॥

ਕਰ ਪਿਚਕਾਰੀ ਸਭ ਰੰਗ ਮੰਜ ਭਰੀ ਧਾਰੀ
ਸਤਗੁਰ ਅਵਤਾਰੀ ਗਿਰਾ ਭਨੀ ਸੁਖਕਾਰੀ ਹੈ ॥
ਜਬ[1] ਦੀਨ[1] ਹੈ ਚਲਾਈ ਮਾਨੋ ਅਮੀ ਛਟਕਾਈ
ਸਤਗੁਰ ਸੁਖਦਾਈ ਜਿਨ ਮਹਿਮਾ ਸਵਾਈ ਹੈ ॥
ਦੇਵ ਨਟੀ ਆਈ ਧਾਈ ਕੀਰਤ ਕਰੈ ਬਨਾਈ
ਨਰ ਨਾਰੀ ਹਰਖਾਈ ਮੁੱਖ[2] ਤਿਨੋ ਪਾਈ ਹੈ ॥
ਸੋਭੇ ਲੀਨ ਸਰਨਾਈ ਸਤਗੁਰ ਸੁਖਦਾਈ
ਤਿਨੋ ਕੀ ਕਟਤ ਫਾਹੀ ਪ੍ਰੀਤ ਅਧਿਕਾਈ ਹੈ ॥1252॥

॥ ਸ੍ਵੈਯਾ ॥

ਦੇਵ ਮਿਲੇ ਗਨ ਗੈਨ ਬਿਖੇ ਸੁਭ ਫੂਲਨ ਕੀ ਬਰਖਾ ਬਰਖਾਈ ॥
ਤਿਨ ਕੀ ਜੁਵਤੀ ਮਿਲ ਨਾਚਤ ਹੈ ਰਾਗ ਬਿਖੇ ਗੁਰ ਕੋ ਜਸੁ ਗਾਈ ॥
ਬਾਜ ਬਜੇ ਕਵਿ ਕੌਨ ਗਨੇ ਬਹੁ ਦੇਤ ਸੁਨਾਇ ਨ ਜਾਤ ਲਖਾਈ ॥
ਏਕ ਸ੍ਰੀ ਗੁਰ ਜਾਨਤ ਭੇ ਤਬ ਬਾਰੈ ਬਾਰ ਸੁ ਦੇਤ ਬਤਾਈ ॥1253॥

॥ ਦੋਹਰਾ ॥

ਰੈਨ ਸੈਨ ਸ੍ਰੀ ਗੁਰ ਕਰੀ ਜਾਵੇ ਅਤਨੇ ਧਾਮ ॥
ਮਾਨ ਬਚਨ ਸੋ ਜਾਤ ਭੇ ਕਰ ਕਰ ਪਗਨ ਪ੍ਰਨਾਮ ॥1254॥

॥ ਸ੍ਵੈਯਾ ॥

ਚਾਰ ਘਟੀ ਲਗ ਖੇਲਤ ਭੇ ਗੁਰ ਭਾ ਕੌਤੂਹਲ ਬਰਨ ਜਾਈ ॥
ਪੁਨ ਸਪੂਤਨ ਕੋ ਸੁਭ ਆਇਸ ਜਾਵੋ ਖੇਲੋ ਮਨ ਹਰਖਾਈ ॥
ਆਪ ਉਠੇ ਮੰਚ ਓਰਿ ਗਏ ਤਬ ਬੈਠ ਗਏ ਸਿਖਨ ਸੁਖਦਾਈ ॥
ਪਾਚ ਦਿਨਾ ਇਮ ਖੇਲ ਕਰਾ ਗੁਰ ਏਕ ਜਬਾਨੁ ਕਹ੍ਯੋ ਨਹਿ ਜਾਈ ॥1255॥

॥ ਦੋਹਰਾ ॥

ਮਹਲੇ ਕਾ ਦਿਨੁ ਆਤ ਭਾ ਸ੍ਰੀ ਗੁਰ ਆਇਸ ਦੀਨ ॥
ਹੈ ਗੈ ਕਰੈ ਤਿਯਾਰ ਅਬ ਸਤ ਬਚਨੁ ਤਿਨ ਕੀਨ ॥1256॥
ਪ੍ਰਸਾਦਿ ਛਕਾ ਤਿਯਾਰੀ ਕਰੀ ਸ੍ਰੀ ਦਰਬਾਰ[3] ਸਿਧਾਇ[3] ॥
ਭੇਟ ਧਰੀ ਬੰਦਨ ਕਰੀ ਬਾਜ ਬਜੇ ਸਮਦਾਇ ॥1257॥

---

1. ਅ ਪੋਥੀ ਪਾਠਾਂਤਰ: ਤਬ ਦੀਨੀ ਤਬੈ ਚੀਨੀ ਹੈ
2. ਅ ਪੋਥੀ ਸੁਖ ਸੁਭ
3. ਅ ਪੋਥੀ ਪਾਠਾਂਤਰ: ਦਰਬਾਰ ਜੀ ਆਪਿ ਸਿਧਾਈ

॥ ਸ੍ਵੈਯਾ ॥

ਗੁਲਾਬ ਗਜਬ ਤੇ [1]ਗਜ ਸੋਭਤ ਸੰਨ ਅੰਬਾਰਿ ਖਚੇ ਬਿਚ ਹੀਰੇ ॥
ਮੋਤੀ ਹੈਂ ਗੋਲ ਅਮੋਲਕ ਝਾਲਰ ਮਖਮਲ ਝੂਲ ਪਰੀ ਚਹੁ ਫੀਰੇ ॥
ਬਿਨ ਦੇਰ ਸਵਾਰ ਭਏ ਸੁਖਦਾਇ ਗੁਰ ਸਾਹਿਬ ਸਿੰਘ ਹੈ ਜਗ ਪੀਰੇ ।
ਸਿੰਘ ਦੂਨਾ ਸਿਰੁ ਚੌਰੁ ਢੁਰਾਵਤ ਬਾਤ ਕਰਤ ਗੁਰ ਸੰਗ ਸਧੀਰੇ ॥1258॥

॥ ਦੋਹਰਾ ॥

ਤੇਗ[2] ਸਿੰਘ ਸਮਰਥ ਅਤ ਗਜ ਪਰ[3] ਭਏ ਸਵਾਰ ॥
ਗੁਰ ਬਿਕ੍ਰਮ ਸਿੰਘ ਸੁਜਾਨ ਜੋ ਦੋੜੇ ਫੀਲੁ ਬਿਨੁ ਬਾਰ ॥1259॥

॥ ਸ੍ਵੈਯਾ ॥

ਰਾਜੇ ਸਿਰਦਾਰ ਜੁ ਸਿੰਘ ਹੁਤੇ ਜਿਤੁ ਹੈ ਗੈ ਚੜ੍ਹ ਸੁ ਆਏ ਸਾਰੇ ॥
ਭੂਖਨ ਚੀਰ ਧਰੇ ਅਤਿ ਸੋਭਤ ਬਾਰੰ ਬਾਰ ਕਰੈ ਸੁ ਜੁਹਾਰੇ ॥
ਪੰਜ ਹਜਾਰ ਮੰਗਾਇ ਰੁਪੈਯਾ ਧਰੇ ਗੁਰ ਪਾਸ ਲਗੀ ਨਹਿ ਬਾਰੇ ॥
ਅੰਜਲਿ ਭਰ ਕਰ ਦੀਨ ਮਹਾਵਤ ਲੇ ਦਮੜੇ ਚਿਤ ਭਾ ਹਰਖਾਰੇ ॥1260॥

॥ ਚੌਪਈ ॥

ਆਇਸ ਦੀਨੀ ਸਤਗੁਰ ਪੂਰੇ ॥ ਬਾਜ ਬਜਾਵੇਂ ਅਤਸੇ ਰੂਰੇ ॥
ਕੇਤ ਝੁਲਾਵੇ ਬਾਜੇ ਬਾਜੇ ॥ ਚਾਲੇ ਸ੍ਰੀ ਗੁਰ ਹਸਤੀ ਰਾਜੇ ॥1261॥
ਪੁਨਾ[4] ਪੌਰ ਮੋ ਆਏ ਸ੍ਵਾਮੀ ॥ ਪੌਰ ਦ੍ਵਾਰ ਕੋ ਬਿਤੰ ਦਮਾਮੀ ॥
ਭੀੜ ਭਈ ਕਿਛੁ ਵਾਰ ਨ ਪਾਰੇ ॥ ਭਰ ਭਰ ਮੁਸਟ ਰਜਤ ਪਣ ਡਾਰੇ ॥1262॥
ਜੁਗਮ ਉਰਿ ਗੁਰ ਮੁਸਟ ਚਲਾਵੇ ॥ ਲੈ ਲੇ ਲੱਗੀ ਮਹਾ ਹਰਖਾਵੈ ॥
ਬੀਚ ਬਜਾਰ ਲੰਘੇ ਸੁਖਦਾਈ ॥ ਪ੍ਰਿਖ ਕਰ ਸਿਖ ਮਨੈ ਹਰਖਾਈ ॥1263॥

॥ ਦੋਹਰਾ ॥

ਬਾਮੇ[5] ਪ੍ਰਦਛਨ ਨਗਰ ਕੌ ਦੀਨੀ ਗੁਰ ਸੁਖਦਾਇ ॥
ਹੋਲ ਗਢ ਹੋਲਾ ਖਿਲੇ ਥਿਰੇ ਪਲੰਘੁ ਪਰ ਆਇ ॥1264॥
ਸਭ ਨਜਰਾਨਾ ਦੇਤ ਭੇ ਜੋ ਜੋ ਦਰਸਨ ਆਇ ॥
ਲਾਗੀ ਢੋਏ ਲੈ ਮਿਲੇ ਦੀਨ ਬਿਤ ਹਰਖਾਇ ॥1265॥
ਖੇਲ ਮਹਲਾ ਹਿਤ ਭਰੇ ਆਏ ਬੇਦੀ ਰਾਇ ॥
ਜੋ ਅਨੰਦ ਤਿਸ ਦਿਨ ਭਯੋ ਤੇ ਕਹਯੋ ਨ ਜਾਇ ॥1266॥

---

1. ਅ ਪੋਥੀ ਤੇ
2. ਅ ਪੋਥੀ ਗੁਰ ਤੇਗ ਸਿੰਘ
3. ਅ ਪੋਥੀ ਪਤਿ
4. ਅ ਪੋਥੀ ਪੁਰਾ
5. ਮੂਲ ਪੋਥੀ ਬਾਂਬੇ

॥ ਚੌਪਈ ॥

ਸੋਯ ਨਿਸਾ ਸੁਖ ਦੀਨ ਬਿਤਾਈ ॥ ਭੋਰ ਹੇਤ ਸੰਗਤਿ ਚਲ ਆਈ ॥
ਸਿਰੋਪਾਇ ਬਖਸੇ ਗੁਰ ਪੂਰੇ ॥ ਸਭ ਕੇ ਸੀਸ ਬੰਧਾਏ ਰੂਰੇ ॥1267॥
ਰਾਜੇ [1]ਰੰਕ ਲੇ ਭਵਨ ਸਿਧਾਏ ॥ ਬਾਰ ਬਾਰ ਗੁਰ ਕੇ ਗੁਨ ਗਾਏ ॥

**(ਭਾਈ ਗੁਰਦਿਤਾ ਜੀ ਦੀ ਕਥਾ)**

ਨਿਸਾ ਭਈ ਗੁਰ ਬੈਠ ਅਲਾਵਾ ॥ ਭਾਈ ਗੁਰਦਿਤਾ ਕ੍ਯੋਂ ਨ [2]ਆਵਾ ॥1263॥
ਹੁਕਮ ਸੁਨਾਵਾ ਲਿਖੌ ਬਨਾਈ ॥ ਆਵੈ ਛੇਤੀ ਦਰਸਨ ਪਾਈ ॥
ਲਿਖ ਕਰ ਭੇਜਾ ਦੇਰ ਨ ਕੀਨ ॥ ਪੜ੍ਹ ਕਰ ਭਾਈ ਹਰਖ ਨਵੀਨ ॥1269॥
ਭਾਈ ਗੁਰਦਿਤਾ ਭਯੋ ਤਿਯਾਰ ॥ ਸਾਧ ਸੰਗਤ ਬਹੁ ਲੀਨੀ ਨਾਰੀ ॥
ਮਾਰਗ ਮਾਂਝ ਨਦੀ ਜਬ ਆਈ ॥ ਚੜ੍ਹੇ ਸੁ ਨੌਕਾ ਬਿਲਮ ਬਿਹਾਈ ॥1270॥

॥ ਦੋਹਰਾ ॥

ਨਦੀ ਮਾਂਝ ਨੌਕਾ ਗਈ ਆਂਧੀ ਆਈ ਅਪਾਰ ॥
ਵਾਰ [3]ਪਾਰ ਨ ਦ੍ਰਿਸਟ ਪਰੇ ਕੇਵਟ ਭਏ ਲਚਾਰ ॥1272॥

॥ ਚੌਪਈ ॥

ਨੌਕਾ ਡੂਬਨ ਭਈ ਤਿਯਾਰੂ ॥ ਕਰਨਧਾਰ ਤਬ ਰਹਯੋ ਪੁਕਾਰੂ ॥
ਤਰੀ ਚਲੀ ਨਹਿ ਹਮਰਾ ਜੋਰਾ ॥ ਗੁਰੂ ਮਨਾਵੋ ਜੋ ਹੈ ਤੋਰਾ ॥1272॥
ਭਾਈ ਗੁਰ ਦਿਤੇ ਰਾਮ ਬਖਾਨਾ ॥ ਹੈ ਹਮਰਾ ਗੁਰ ਅਤ ਬਲਵਾਨਾ ॥
ਸਤਗੁਰ ਸਾਹਿਬ ਸਿੰਘ ਉਚਾਰਾ ॥ ਆਪ ਕਰਤ ਹੋ ਭਵ ਤੇ ਪਾਰਾ ॥1273॥
ਬੇੜੀ ਦੀਜੈ ਪਾਰ ਲੰਘਾਇ ॥ ਹਮ ਆਏ ਗੁਰ ਤਵ ਸਰਨਾਇ ॥
ਜਬ ਭਾਈ ਅਰਦਾਸ ਬਖਾਨੀ ॥ ਤਤ ਖਿਨ ਆਏ ਸਾਰੰਗਪਾਨੀ ॥1274॥
ਤਤਖਿਨ ਨੌਕਾ ਹੋਈ ਪਾਰੀ ॥ ਆਂਧੀ ਨਾਸੀ ਲਗੀ ਨ ਬਾਰੀ ॥
ਕੇਵਟ ਮਨ ਮੈ ਅਚਰਜ ਧਾਰਾ ॥ ਬੇੜੀ ਕੈਸੇ ਹੋਈ ਪਾਰਾ ॥1275॥

॥ ਦੋਹਰਾ ॥

ਰਾਮ ਗੁਰਦਿਤੇ ਤਬ ਕਹਯੋ ਸੁਨ ਕੇਵਟ ਮਨ ਲਾਇ ॥
ਗੁਰੂ ਹਮਾਰੈ ਅਤ ਬਲੀ ਦੀਨੀ ਪਾਰ ਲੰਘਾਇ ॥1276॥

॥ ਚੌਪਈ ॥

ਦੇਹੁ ਮਿਲਾਹੀ ਅਗਰ ਸਿਧਾਏ ॥ ਉਨੇ ਕੀ ਗਾਥ [4]ਦੇਉ ਸੁਨਾਏ ॥
ਜੁਗਮ ਘੜੀ ਸਤਗੁਰ ਕੀ ਦੇਹੀ ॥ ਸੀਤਲ ਹੋਈ ਬਹੁ ਤਨ ਜੋਹੀ ॥1277॥

---

1. ਅ ਪੋਥੀ ਰਸ
2. ਅ ਪੋਥੀ ਲਹ
3. ਅ ਪੋਥੀ ਉਰਵਰ
4. ਪੋਥੀ ਗਾਥਾ

॥ ਦੋਹਰਾ ॥

ਪਾਛੇ ਉਠਿ ਬੈਠੇ ਗੁਰੂ ਦਾਸ ਦੇਖਿ ਬਿਗਸਾਇ ॥
ਹਾਥ ਜੋਰੁ ਤਿਨ ਪੂਛਿਯਾ ਕਥਾ ਕੀਨੋ ਸੁਖਦਾਇ ॥1278॥

॥ ਚੌਪਈ ॥

ਗਦ ਗਦ ਬਾਨੀ ਗੁਰੂ ਅਲਾਈ ॥ ਸੰਤਨ ਨੌਕਾ ਪਾਰ ਲੰਘਾਈ ॥
ਭਾਈ ਗੁਰਦਿਤਾ ਹੈ [1]ਜਿਸ ਨਾਮੁ ॥ ਆਏ ਚਲ ਕਰ ਗੁਰ ਕੀ ਸਾਮ ॥1279॥
ਯਾ ਮੇਂ ਗਾਥਾ ਔਰੁ ਸੁਨੀਜੈ ॥ ਜੋ ਚਾਹੋ ਸੋ ਗੁਰ ਤੇ ਲੀਜੈ ॥
ਪਾਛਲ ਗਾਥਾ ਅਗਰ ਬਖਾਨੋ ॥ ਜਨਮ ਮਰੰਨ ਜੋ ਕਰਤੀ ਹਾਨੋ ॥1280॥

(ਮੁਹਰ ਸਿੰਘ ਦੀ ਕਥਾ)

ਗਯਾ ਪਰਸ ਇਕ ਸਿਖ ਚਲ ਆਵਾ ॥ ਮੁਹਰ ਸਿੰਘ ਜਿਸ ਨਾਮ ਸੁਹਾਵਾ ॥
ਭਾਈ ਬਲੂ ਨਾਲ[2] ਲਿਯਾਯੋ ॥ ਧਰੀ ਉਪਾਇਨ ਸੀਸ ਨਿਵਾਯੋ ॥ 1281॥
ਸ੍ਰੀ ਕਮਲਾਨਨ ਪੂਛਾ ਤਾਇ ॥ ਕਾਹਿ ਤੇ ਆਵਾ ਸਿਖ ਧਰ ਭਾਇ ॥
ਪਾਨ ਜੋਰ ਸਿਖ ਅਰਜ ਅਲਾਈ ॥ ਗਯਾ ਪਰਸ ਆਵਾ ਸੁਖਦਾਈ ॥1282॥
ਅਪਗਾ ਡੂਬਾ ਥਾ ਮਮ ਭ੍ਰਾਤਾ ॥ ਭਈ ਅਧੋਗਤਿ ਤਿਸ ਬਖਿਯਾਤਾ ॥
ਹੇਤ ਤਿਸੇ ਕੇ ਪਿੰਡੁ ਭਰਾਏ ॥ ਅਧੋਗਤੀ ਤੇ ਲਿਯਾ ਛਡਾਏ ॥1283॥

॥ ਦੋਹਰਾ ॥

ਤਿਸ ਕੀ ਬਾਨੀ ਸੁਨ ਗੁਰੂ ਉਤਰੁ ਤਾਕੋਂ ਦੀਨ ॥
ਅਨੁਜ ਤੁਮਾਰਾ ਤੁਮ ਸਦਨ ਕੂਤੀ ਉਦਰ ਲੀਨ ॥1284॥

॥ ਚੌਪਈ ॥

ਸੁਨ ਕਰ ਸਿਖ ਨੇ ਅਰਜਿ ਅਲਾਈ ॥ ਗਯਾ ਮਹਾਤਮ ਹੈ ਅਧਕਾਈ ॥
ਭਨਾ ਹਜੂਰ ਅਹੈ ਸਤ ਐਸੇ ॥ ਗਯਾ ਮਹਾਤਮ[3] ਬਿਰਥਾ ਕੈਸੇ ॥1285॥
ਜੀਵ ਵਾਸਨਾ ਬਧਾ ਰਹਾਵੈ । ਯਾਤੇ ਜੋ ਜਨ ਆਵੈ ਜਾਂਵੈ ॥
ਭਾਈ ਗੁਰਦਾਸ ਪੌੜੀ ਗਾਈ ॥ ਸੁਨ ਲੀਜੈ ਤਵ ਸੰਸਾ ਜਾਈ ॥1286॥

॥ ਤਥਾ ਪਉੜੀ ॥

ਫਿਰ ਜੈਮਨ ਰਿਖ ਬੋਲਿਆ ਜੁਜਰ ਵੇਦ ਮਥੁ ਕਥਾ ਸੁਨਾਵੈ ॥
ਕਰਮਾ ਉਤੇ ਨਿਬੜੈ ਦੇਹੀ ਮਧੁ ਕਰੈ ਸੋ ਪਾਵੈ ॥
ਥਾਪ ਸੁ ਕਰਮ ਸੰਸਾਰ ਵਿਚ ਕਰਮ ਵਾਸ ਕਰ ਆਵੈ ਜਾਵੈ ॥
ਸਹਸਾ ਮਨਹੁ ਨ ਚੁਕਈ ਕਰਮਾ ਅੰਦਰੁ ਭਰਮ ਭੁਲਾਵੈ ॥
ਕਰਮ ਵਰਤਣ ਜਗਤ ਕੀ ਇਕੋ ਮਾਇਆ ਬ੍ਰਹਮ ਕਹਾਵੈ[4] ॥
ਜੁਜਰ ਵੇਦ ਕਉ ਮਥਨੁ ਕਰੁ ਤਤ ਬ੍ਰਹਮੁ ਵਿਲੁ ਭਰਮੁ ਮਿਲਾਵੈ ॥

---

1. ੲ ਪੋਥੀ ਚੰਦ 2. ਅ ਪੋਥੀ ਨਾਮ 3. ਅ ਪੋਥੀ ਪਾਠਾਂਤਰ : ਨ ਬਿਰਥਾ
4. ਅ ਪੋਥੀ ਕਮਾਵੈ

ਕਰਮ ਦ੍ਰਿੜਾਇ ਜਗਤੁ ਵਿਚ ਕਰਮੁ ਬੰਧ ਕਰ ਆਵੈ ਜਾਵੈ ॥
ਸਤਿਗੁਰ ਬਿਨਾ ਨ ਸਹਸਾ ਜਾਵੈ ॥1287॥
ਮੁਹਰ ਸਿੰਘ ਸੁਨ ਅਰਜੀ ਗਾਈ ॥ ਆਪ ਗਿਰਾ ਹੈ ਸਤ ਸਦਾਈ ॥
ਮਿਹਰ ਸਿੰਘ ਕਾ ਕਰੋ ਉਧਾਰ ॥ ਬਾਰ ਬਾਰ ਮੈ ਕਰਯੋ [1]ਜੁਹਾਰ ॥1288॥
ਰਾਵਰ ਬਿਨ ਕੋ ਕਰੈ ਸਹਾਈ ॥ ਚਾਰ ਵੇਦ ਖਟ ਐਸੇ ਗਾਈ ॥
ਜੈਸੇ ਤਿਸ ਕਾ ਹੋਇ ਉਧਾਰਾ ॥ ਤਿਮ[2] ਸਮਝਾਵੋ ਗੁਰੂ ਮੁਰਾਰਾ ॥1289॥

॥ ਦੋਹਰਾ ॥

ਸਿਖ ਬਿਨਤੀ ਜਬ ਅਸ ਕਰੀ ਸ੍ਰੀ ਗੁਰ ਭਏ ਦਿਯਾਲ ॥
ਚੰਦ ਬਦਨ ਤੇ ਬਚ ਭਨਾ ਜੋ ਕਾਟਤ ਜਗ ਗਾਲ ॥1290॥

॥ ਚੌਪਈ ॥

ਗੁਰੂ ਗ੍ਰੰਥ ਕਾ ਭੋਗ ਪਵਾਵੋ ॥ ਸਿਖਨ ਕੋ ਪ੍ਰਸਾਦਿ ਛਕਾਵੋ ॥
ਅਕਾਲ ਬੁੰਗਾ ਸ੍ਰੀ ਦਰਬਾਰ ॥ ਪੁਸਾਕ ਦੇਵੋ ਕਰੋ ਨ ਬਾਰ ॥1291॥
ਮੁਹਰ ਸਿੰਘ ਨੇ [3]ਬਾਨੀ[3] ਮਾਨੀ ॥ ਪੁਨਾ ਸੁ ਬਿਨਤੀ ਕਰੀ ਬਖਾਨੀ ॥
ਆਇਸ [4]ਦੀਜੈ ਗੁਰ ਸੁਖਦਾਈ ॥ ਕਰੋ ਜੁ ਆਇਸ ਕਰੋ ਬਨਾਈ ॥1292॥
ਸਿਰੇਪਾਇ ਲੇ ਆਇਸ [5]ਗੁਰ ਕੀ ॥ ਜਾਇ ਸੁ ਰੀਤੀ ਕੀਨੀ ਧੁਰਿ[6] ਕੀ ॥
ਪਾਛਲ ਗਾਥ ਸੁਨੋ ਮਨੁ ਲਾਈ ॥ ਸ੍ਰੀ ਕਮਲਾਨਨ ਗਿਰਾ ਅਲਾਈ ॥1293॥

**(ਭਾਈ ਗੁਰਦਿਤੇ ਦੀ ਬਾਕੀ ਕਥਾ)**

ਅਸ੍ਵ[7] ਪੰਚ ਆਗੇ ਲੇ ਜਾਵੋ ॥ ਭਾਈ ਗੁਰਦਿਤਾ ਰਾਮ ਚਢਾਵੋ ॥1294॥
ਕਰ ਸਤਕਾਰ ਲਿਆਵੋ ਤਾਸ ॥ ਭਾਈ ਗੁਰਦਿਤਾ ਸੁਖ ਕੀ ਰਾਸ ॥1294॥

॥ ਦੋਹਰਾ ॥

ਭਾਈ ਬਲੂ ਆਦਿ ਲੇ ਆਗੋ ਲੇਵਨ ਆਇ ॥
ਸ੍ਵਾਇ ਕਿਨਾਰੇ ਮਿਲਤ ਭੇ ਧਰ ਕਰ ਮਨ ਮੇ ਚਾਇ ॥1295॥

॥ ਚੌਪਈ ॥

ਦੇਰ ਬਿਹਾਇ ਮਿਲ ਊਨੇ ਚਾਲੇ ॥ ਸਬਦ ਪੜਤ ਹੈ ਪ੍ਰੀਤ ਬਿਸਾਲੇ ॥
ਜਾਇ ਹਜੂਰ ਪਹਿ ਕਰਾ ਦਿਦਾਰ ॥ ਸੋਨ ਸੁਧਾ [8]ਪੈ ਗਯਾਨੈ ਸਾਰ[9] ॥1296॥
ਹੁਕਮ ਕਰਾ ਗੁਰ ਆਵੋ ਆਗੈ ॥ ਸੁਨ ਸਭ ਸਾਧੂ ਹਰਖੈ ਪਾਗੇ ।
ਪਾਦ ਪਦਮ ਧਰ ਸੀਸ ਨਿਵਾਏ ॥ ਚੰਦ ਬਦਨ ਤੇ ਬੈਨ ਅਲਾਏ ॥1297॥
ਭਾਗੁ ਹੋਆ ਗੁਰ ਸੰਤ ਮਿਲਾਇਆ ॥ ਪ੍ਰਭ ਅਬਿਨਾਸੀ ਘਰੁ ਮਹਿ ਪਾਯਾ ॥
ਮਧੁਰ ਮੰਜ ਪੁਨ ਗਿਰਾ ਅਲਾਈ ॥ ਸਾਧ ਸੰਤ ਬੈਸੇ ਸੁਖ ਪਾਈ ॥
ਭਾਈ ਬਲੂ ਪ੍ਰਤਿ ਗੁਰ ਭਾਖਾ ॥ ਅਸਨ ਛਕਾਵੋ ਧਰੁ ਅਭਿਲਾਖਾ ॥1298॥

---

1. ਅ ਪੋਥੀ ਕਰੋ 2. ਮੂਲ ਪੋਥੀ ਤਿਸ 3. ਅ ਪੋਥੀ ਗੁਰ ਗਿਰਾ ਸੁ 4. ਅ ਪੋਥੀ ਆਦਿਸ
5. ਅ ਪੋਥੀ ਆਇ 6. ਅ ਪੋਥੀ ਬਰਕੀ 7. ਅ ਪੋਥੀ ਘੋੜੇ 8. ਅ ਪੋਥੀ ਸੁਧਾਰ
9. ਪੋਥੀ ਕੋ ਸਾਰ

॥ ਦੋਹਰਾ ॥

ਧਰਮਸਾਲ ਮੋ ਲਯਾਤ ਭਾ [1]ਭਾਈ ਪਰਮ ਸੁਜਾਨ ॥
ਅਸਨ ਆਦਿ ਸੇਵਾ ਕਰੀ ਬਾਰ-ਬਾਰ ਹਿਤ ਠਾਨ ॥1299॥

॥ ਚੌਪਈ ॥

ਏਕ ਜਾਮ ਜਬ ਦਿਵੱਸੁ ਰਹਾਵਾ ॥ ਕਿਰਤਨ ਹੋਵਾ ਅਧਿਕ ਸੁਹਾਵਾ ॥
ਭਾਈ ਗੁਰਦਿਤਾ ਜੀ ਚੱਲੁ ਆਏ ॥ ਸਾਧ ਸੰਗਿ ਸਭ ਸਾਥ ਲਿਆਏ ॥1300॥
ਧਰੀ ਉਪਾਇਨ ਪ੍ਰੀਤੀ ਸੋਥੈ ॥ ਸ੍ਰੀ ਕਮਲਾਨਨ ਪੂਛੀ ਗਾਥੈ ॥
ਮਗ ਮੋ ਤੈਂ ਸੁਖ ਸਾਥੀ ਆਏ ॥ ਭਾਈ ਜੀ ਸੁਭ ਬੈਨ ਅਲਾਏ ॥1301॥
ਅਪਗਾ ਤੇ ਗੁਰ ਪਾਰ ਉਤਾਰੇ ॥ ਨਾਤਰ ਡੂਬੇ ਥੇ ਹਮ ਸਾਰੇ ॥
ਤਿਸੀ ਭਾਂਤਿ ਗੁਰ ਮਯਾ ਕਰੀਜੈ ॥ ਭਵ ਸਾਗਰ ਤੇ ਪਾਰ ਕਰੀਜੈ ॥1302॥
ਜਨਮ ਮਰਨ ਦੁਖ ਅਤਸੇ ਭਾਰੀ ॥ ਦੂਰਿ ਕਾਰੋ ਗੁਰ ਕਰੋ ਨ ਬਾਰੀ ॥
ਸ੍ਰੀ ਕਮਲਾਨਨ ਬੈਨ ਬਖਾਨਾ ॥ ਭਾਈ ਸੁਨੀਏ ਹੁਇ ਸਵਧਾਨਾ ॥1303॥
ਜੋ ਕਰਨੀ ਥਾ ਤੂ ਕਰ ਰਹਯਾ ॥ ਗੁਰ ਨਾਨਕ ਕੀ ਤੁਮ ਪਰ ਮਯਾ ॥
ਧੀਰਜ ਧਾਰੀ ਸਦਾ ਬਿਚਾਰੀ ॥ ਵੰਡ ਖਾਵਨ ਮੁਹੁ ਪ੍ਰੀਤੀ ਧਾਰੀ ॥1304॥

॥ ਦੋਹਰਾ ॥

ਸੰਤਨ ਮੈ ਤਵ ਪ੍ਰੀਤਿ ਬਹੁ ਕਰਤ ਨਿਸਾ ਅਰੁ ਭੋਰ ॥
ਵਾਹਿਗੁਰੂ ਨਿਤ ਜਾਪੀਏ ਤੂਟੈ ਜ਼ਮ ਕਾ ਸੋਰ ॥1305॥

॥ ਚੌਪਈ ॥

ਗਿਯਾਨੈ ਨਿਸਚਾ ਮਨ ਮੈ ਧਾਰੋ ॥ ਤੀਨ ਇਛਨਾ ਦੂਰ ਨਿਵਾਰੋ ॥
ਸੁਪਨੇ ਤੁਲ ਤੁਮ ਜਗ ਕੋ ਜਾਨੋ ॥ ਯਾਂਤੇ ਹੈ ਸ੍ਰੀ ਗ੍ਰੰਥ ਪ੍ਰਮਾਨੋ ॥1306॥

॥ ਤਥਾ ਸਲੋਕੁ ॥

ਘਟੰਤ ਰੂਪ ਘਟੰਤ ਦੀਪੰ ਘਟੰਤ ਰਵਿਸ ਸੀਅਰੁ ਨਖਤ੍ਰ ਗਗਨੰ ॥
ਘਟੰਤ [2]ਸੁਧਾ ਗਿਰਤ੍ਰਰ ਸਿਖੰਡ ਘਟੰਤ ਲਲਨਾ ਸੁਤ ਭ੍ਰਾਤ ਹੀਤੰ ॥
ਘਟੰਤ ਕਨਕ ਮਾਨਕ ਮਾਯਾ ਸ੍ਵਰਗ ਰੂਪੰ ॥
ਨਹਿ ਘਟੰਤੁ ਕੇਵਲ ਗੋਪਾਲ ਅਚੁਤ ਅਸਥਿਰੰ ਨਾਨਕ ਸਾਧ ਸੁਜਨਹ ॥1307॥

॥ ਦੋਹਰਾ ॥

ਜਗੁ ਰਚਨਾ ਸਭ ਝੂਠੁ ਹੈ ਜਾਨ ਲੇਹੁ ਰੇ ਮੀਤ ॥
ਕਹਿ ਨਾਨਕ ਥਿਰ ਨ ਰਹੇ ਜਿਉ ਬਾਲੂ [3]ਕੀ ਭੀਤ ॥1308॥

---

1. ਅ ਪੋਥੀ ਭਯਾ
2. ਅ ਪੋਥੀ ਘਟੰ ਤਥ
3. ਅ ਪੋਥੀ ਬਾਰੂ

॥ ਚੌਪਈ ॥

ਜਿਸ ਆਸਰ ਇਹੁ ਜਗਤੁ ਤਰਾਵੈ[1] ॥ ਸਤ ਸਰੂਪ ਬੇਦ ਤਿਸ ਗਾਵੈ ।
ਸੋ ਸਰੂਪ ਸੁਭ ਅਪਨਾ ਜਾਨੋ ॥ ਜਹਿ ਜਾਨੇ ਨਹਿ ਆਇ ਜਹਾਨੋ ॥1309॥
ਸਾਧਕ ਸਿਧ ਰਿਖੀ ਹੈ ਜੇਤੇ ॥ ਕਰੈ ਜਤਨ ਬਹੁ ਖੋਜੈ ਤੇਤੇ ॥
ਕੋਇਕ ਪਾਵਤ ਨਿਸਚਿਤ ਗਯਾਨਾ ॥ ਜਨਮ ਮਰਨ ਤਿਸੁ ਹੋਵਤ ਹਾਨਾ ॥1310॥
ਸੁਨ ਕਰ ਭਾਈ ਬਿਨਤੀ ਗਾਈ ॥ ਸਿਖੀ ਰੀਤ ਕਹੋ ਸੁਖਦਾਈ ॥
ਸਿਖੀ ਰੀਤ ਸੁਨੋ ਮਨ ਲਾਏ ॥ ਕਹੀ ਗੁਰਦਾਸ [ਸਨ][2] ਮਨ ਬਿਗਸਾਏ ॥1311॥

॥ ਤਥਾ ਪਉੜੀ ॥

ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ ॥
ਆਖਣਿ ਆਖਿ ਨ ਸਕੀਐ ਲੇਖੁ ਅਲੇਖ ਨ ਜਾਈ ਲਿਖੀ ॥
ਗੁਰਮੁਖਿ ਪੰਥਿ ਵਿਖਾਣੀਐ ਅਪੜਿ ਨ ਸਕੈ ਇਕਤੁ ਵਿਖੀ ॥
ਸਿਲ ਅਲੂਣੀ ਚਟਣੀ ਤੁਲ ਨ ਲਖ ਅਮਿਆ ਜਸ ਇਖੀ ॥
ਗੁਰਮੁਖਿ ਸੁਖਿ ਫਲੁ ਪਾਇਆ ਭਾਇ ਭਗਤਿ ਵਿਰਲੀ ਜੂ ਬਿਰਿਖੀ ॥
ਚਾਰ ਪਦਾਰਥ ਭਿਖਕ ਭਿਖੀ ॥1312॥

॥ ਦੋਹਰਾ ॥

ਸਿਖੀ ਧਾਰਨ ਅਤਿ ਕਠਿਨ ਧਾਰਤ ਵਿਰਲਾ ਕੋਇ ॥
ਸਿਰ ਕਾ ਸਰਫਾ ਨਹਿ ਕਰੈ ਗੁਰ ਪਗ[3] ਬਾਸੇ ਸੋਇ ॥1313॥
ਸੁਨ ਕਰਿ ਭਾਈ ਸਤ ਕਹਯੋ ਕੀਨੀ ਮਯਾ ਦਯਾਲ ॥
ਸੇਵਕ ਜਾਨਾ[4] ਬਚ ਭਨੇ ਜਨ ਕੀ ਕੀਨੀ ਪਾਲ ॥1314॥

॥ ਚੌਪਈ ॥

ਉਠਿ ਭਾਈ ਮਾਤਾ ਪਹਿ ਗਏ ॥ ਦੀਨੀ ਭੇਟਾ ਸੀਸ ਨਿਵਏ ॥
ਸ੍ਰੀ ਦਰਬਾਰੇ ਕਰਾ[5] ਦੀਦਾਰ ॥ ਸਾਹਬਜਾਦਨ ਮਿਲ ਹਿਤ ਧਾਰ ॥1315॥
ਧਰਮਸਾਲ ਮੋ ਆਇ ਬਿਰਾਨੇ ॥ ਸੰਤ ਸਮਾਗਮ ਭਯੋ ਮਹਾਨੇ ॥
ਪਾਛਲ ਗਾਥ ਸੁਨੋ ਮਨ ਲਾਈ ॥ ਜੋ ਗੁਰ ਕੀ ਹੈ ਅਤਿ ਸੁਖਦਾਈ ॥1316॥
ਚਰਨ ਸੁ ਗੰਧਾ[6] ਗੁਰੂ[6] ਪਧਾਰੇ ॥ ਤੇਗ ਸਿੰਘ ਪ੍ਰਤਿ ਬੈਨ ਉਚਾਰੇ ॥
ਖੂਹੇ ਬੂਟੇ ਦੇਵੋ ਲਾਈ ॥ ਆਵਤ ਜਾਵਤ[7] ਨਰ[7] ਸੁਖ ਪਾਇ ॥1317॥

॥ ਦੋਹਰਾ ॥

ਅਤਰ ਸਿੰਘ ਜਵਾਹਰ[8] ਹਰਿ ਅਰਜਿ ਕਰੀ ਕਰ ਜੋਰੁ ॥
ਕੂਪ ਬਾਰ[9] ਲਾਵਨ ਕਰੈ ਛਿਤ ਬਖਸੋ ਗੁਰ ਮੋਰ ॥1318॥
ਬਖਸੀ ਸ੍ਰੀ ਗੁਰ ਮਯਾ ਕਰੁ ਲਾਏ ਜਗੁ ਬਿਨੁ ਦੇਰ ॥
ਗੁਰੂ ਮਯਾ ਜੁਗ ਭ੍ਰਾਤ ਪਿਖ ਬਾਰ ਬਾਰ ਪਗ ਹੇਰ ॥1319॥

---

1. ਅ ਪੋਥੀ ਤਹਰ ਹਾਵੈ 2. ਪੋਥੀ ਵਿਚੋਂ 3. ਅ ਪੋਥੀ ਰਿਤ
4. ਅ ਪੋਥੀ ਸੁਭ ਬਚ 5. ਅ ਪੋਥੀ ਸੁ ਕਰਾ 6. ਅ ਪੋਥੀ ਗੰਗਾ ਰੂਪ
7. ਅ ਪੋਥੀ ਜਹਤੂ ਨਰੂ 8. ਅ ਪੋਥੀ ਜ਼ਵਾਹਰ ਸਿੰਘ 9. ਅ ਪੋਥੀ ਬਾਗ

## (ਦੂਨਾ ਸਿੰਘ ਦੀ ਕਥਾ)

ਦੂਨਾ ਸਿੰਘ ਸਿਰਦਾਰੁ ਪ੍ਰਤਿ ਸ੍ਰੀ ਗੁਰ ਬੈਨ ਅਲਾਇ ॥
ਬਗੀਚੀ ਲਾਵਨ ਤੁਮ ਕਰੋ ਲਾਈ ਗੁਰ ਬਚਨਾਇ ॥1320॥
ਹੈ [1]ਅਰਨਾਲੇ ਜਨ [2]ਦੁਖੀ ਦੀਨੋ ਰੂਪ ਲਵਾਇ ॥
ਭੂਤ ਲਵਾਵਨ ਤਹਿ ਕਰੇ ਭਈ ਛਾਇ ਸਮਦਾਇ ॥1321॥

॥ ਚੌਪਈ ॥

ਹੈ ਅਰਨਾਲੇ ਕੇ ਜਿਮੀਦਾਰ ॥ ਊਨੇ ਹਦ ਪਰ ਕਰਤੇ ਰਾਰ ॥
ਸ੍ਰੀ ਗੁਰ ਸਾਹਿਬ ਗਿਰਾ ਅਲਾਈ ॥ ਆਵੈ ਖਡ ਦੇ ਰਾਰ ਮਿਟਾਈ ॥1322॥
ਚਾਲੀ ਖਡ ਤਬ[3] ਅਤਸੇ ਜੋਰਾ ॥ ਮੇਟਿ ਦੀਓ ਜਿਸੁ ਸਬ[4] ਕੋ ਸੋਰਾ ॥
ਦਿਜ ਕੋ ਹਥਨੀ ਗੁਰ ਪੁਨ ਦੀਨੀ ॥ ਹਾਥ ਜੋਰ ਤਿਨ[5] ਬਿਨਤੀ ਕੀਨੀ ॥1323॥
ਜਿਮੀ ਦਿਵਾਵੋ ਸਤਿਗੁਰ ਪੂਰੇ ॥ ਕੂਪ ਲਗਾਵੋ ਮਿਟੇ ਵਿਸੂਰੇ ॥
ਪਾਸ ਕਲੌਦੇ ਗਏ ਸੁਖਦਾਈ ॥ ਕੂਪ ਲਗਾਵਾ ਮਨ ਹਰਖਾਈ ॥1324॥[6]
ਖਿਲਤੁ ਸਿਕਾਰੁ ਗੁਰੂ ਦਿਆਰੁ ॥ ਆਇ ਥਿਰੇ ਸੁਭ ਭੂਮਿ ਨਿਹਾਰੁ ॥
ਬਡੋ ਸਪੂਤ ਤੇਗ ਸਿੰਘ ਆਇ ॥ ਤਿਸ ਪ੍ਰਤਿ ਸ੍ਰੀ ਗੁਰੁ ਬੈਨ ਅਲਾਇ ॥1325॥

॥ ਦੋਹਰਾ ॥

ਜੁਗਮ ਕੂਪ ਇਕ ਬਾਗੁ ਸੁਭ ਲਾਵੋ ਕਰੋ ਨ ਦੇਰ ॥
ਮਾਨ ਬਚਨ ਲਾਵਨ ਕਰੇ ਹੈ ਗੁਰ ਬਚਨ ਉਚੇਰ ॥1326॥[7]
ਸਾਹਿਬ ਬਿਕ੍ਰਮ ਸਿੰਘ ਪ੍ਰਤਿ ਸ੍ਰੀ ਗੁਰ ਬੈਨ ਬਖਾਨ ॥
ਕੂਪ ਬਾਗ ਲਾਵੋ ਇਹਾਤੂੰ ਸੁਤ ਬਡੋ ਸੁਜਾਨ ॥1327॥
ਮਾਨ ਬਚਨ ਸਤਿਗੁਰੂ ਕਾ ਜੁਗਮ ਲਵਾਵਨ ਕੀਨ ॥
ਕਾਨ ਸਿੰਘ ਬਾਬੇ ਪ੍ਰਤੀ ਗੋਰ ਜੀ ਆਇਸ ਦੀਨ ॥1328॥

॥ ਚੌਪਈ ॥

ਕੂਪ ਬਾਗ ਤਿਨ ਲੀਆ ਲਵਾਇ ॥ ਮਾਨੀ ਆਇਸ ਦੇਰ ਬਿਹਾਇ ॥
ਸਿੰਮਲ [8]ਨਾਲਾ ਕੂਪ ਲਵਾਵਾ ॥ ਬਾਸਮਤੀ ਸੁਭ ਖੇਤ ਜਮਾਵਾ[9] ॥1329॥
ਧਾਸੰ[10] ਆਵੈ ਬਾਗ ਲਵਾਯੋ ॥ ਗਜੇਣ ਸਾਹ ਨੇ ਬੈਨ ਸੁਨਾਯੋ ॥
ਧਰਮਸਾਲ ਮੈ ਲੇਉ ਬਨਾਈ ॥ ਫਿਬੇ ਪਰ ਗੁਰ ਛਿਤ ਦਿਵਾਈ ॥1330॥

---

1. ਅ ਪੋਥੀ ਅਸਵ 2. ਅ ਪੋਥੀ ਲੋਗੁ ਬਹੁ 3. ਅ ਪੋਥੀ ਤੇ 4. ਅ ਪੋਥੀ ਬਨ 5. ਅ ਪੋਥੀ ਤਿਸੁ
6. ਅ ਪੋਥੀ ਵਿਚ ਇਹ ਪੰਗਤੀਆਂ ਇਸ ਮਗਰੋਂ ਵਾਧੂ ਹਨ ॥
ਅਰੁਨਾਲੇ ਕੋਟਲੇ ਬਿਚਕਾਰੁ ॥ ਆਇ ਥਿਰੇ ਸ੍ਰੀ ਗੁਰੂ ਮੁਰਾਰੂ ॥
7. ਅ ਪੋਥੀ ਵਿਚ ਇਸ ਮਗਰੋਂ ਇਹ ਪੰਗਤੀਆਂ ਵਾਧੂ ਹਨ : ਪਾਸਿ ਗਰੂ ਸਰ ਕੈ ਤਬੇ ਦੇਵੋਂ ਖੂਹੀ ਲਵਾਇ ॥
ਦੁਖ ਭੰਵਨਿ ਖੂਹੀ ਲਗੀ ਜੋ ਨਾਵੇ ਦੁਖ ਸਭ ਜਾਇ ॥
8. ੲ ਪੋਥੀ ਸਿੰਗਲ 9. ਅ ਪੋਥੀ ਬਿਜਾਵਾ 10. ਅ ਪੋਥੀ ਆਵੇ ਥੈਕੂੰ

ਰਾਮਪੁਰੇ ਪੁਨ ਜਾਏ ਥਰਾਨੇ ॥ ਜੁਗ ਪੂਤਨ ਪ੍ਰਤਿ ਬੈਨ ਬਖਾਨੇ ॥
ਤਬੇਲੇ ਲੇਵੋ ਇਹਾਂ ਬਨਾਇ ॥ ਘੋੜੀ ਰਾਖੌ ਇਹਾਂ ਬਨਾਇ ॥1331॥
ਸਤ ਬਚੰਨ ਜੁਗ ਭਾਈਨੰ ਗਏ ॥ ਤਤਖਿਨੰ ਲੀਨੇ ਥਾਨ[1] ਬਨਾਏ[1] ॥
ਹਿੰਦਨ ਪ੍ਰਤੀ ਗੁਰੂ ਬਚ ਭਾਖਾ ॥ ਇਸ ਥਿਰ ਬਸਨੇ ਤਜ ਅਭਿਲਾਖਾ ॥1332॥
ਜਾਤ ਕਮੀਨੀ ਇਹਾ ਰਹਾਵੈ ॥ ਦਰਬਾਰ ਓਰਿ ਹਿੰਦੂ ਬਸਾਵੈਂ[2] ॥
ਜਿਮ ਜਿਮ ਆਇਸ ਗੁਰ ਜੀ ਦੀਨੀ ॥ ਸਭ ਨੇ ਸਿਰ ਪਰ ਧਰ ਤਬ ਲੀਨੀ ॥1333॥

॥ ਦੋਹਰਾ ॥

ਬਜਾਰ ਮਧੁ ਸ੍ਰੀ ਸਤਿਗੁਰੂ ਦੀਨੋ ਕੂਪੂ ਲਵਾਇ ॥
ਸੁਥਰੇ ਅਰਜੀ ਤਬ ਕਰੀ ਛਿਤ ਬਖਸੋ ਸੁਖਦਾਇ ॥1334॥

॥ ਚੌਪਈ ॥

ਧਰਮਸਾਲ ਹਿਤ ਗੁਰੂ ਦਿਵਾਈ ॥ ਸੁਥਰੇ ਨੇ ਧਰਮਸਾਲ ਬਨਾਈ ॥
ਨਗਰ ਪੈਂਚ ਸਤਿਗੁਰੂ ਬੁਲਾਏ ॥ ਆਏ ਸਰਬ ਨੇ ਸੀਸ ਨਿਵਾਏ ॥1335॥
ਏਕ ਸਾਰ ਲਯੋ ਹਾਟ ਬਨਾਇ ॥ ਭੀਤਰ ਲੇਵੋ ਚੌਕੁ ਰਖਾਇ ॥
ਜਿਮ ਗੁਰ ਭਾਖਾ ਤਿਮੇ ਬਨਾਵਾ ॥ ਰੰਚਕ ਭਰ ਨਹਿ ਕਿਨੈ ਹਟਾਵਾ ॥1336॥
ਸ੍ਰੀ ਗੁਰ ਕੌ ਗੋਬਿੰਦੁ ਜਾਨੈ ॥ ਔਰ ਨ ਕਿਸ ਕੀ ਬਾਤ ਪ੍ਰਮਾਨੇ ॥
ਧਰਮਸਾਲ ਜੁਗ ਬਲੂ ਕੀਨੀ ॥ ਭਾਈ ਆਂਡੂ ਕੀ ਇਕ ਚੀਨੀ ॥1337॥
ਬਾਘ ਸਿੰਘ ਧਰਮਸਾਲ ਬਨਾਈ ॥ ਭਾਈ ਹਾੜੀ ਭਿੰਨ ਰਚਾਈ ॥
ਭਾਈ ਖਿਲਾਰੀ ਸਾਧ ਉਦਾਸੀ ॥[3] ਧਰਮਸਾਲ ਕੀਨੀ ਸੁਖ ਰਾਸੀ[3] ॥1338॥

॥ ਦੋਹਰਾ ॥

ਕੂਪ ਲਾਇ[4] ਸਤਿਗੁਰ ਦਯੋ ਜੋ ਦਾਤਾ ਫਲ ਚਾਰ ॥
ਸਤਿਗੁਰੂ ਸਾਹਿਬੁ ਸੇਵ ਮਨ ਕਦੇ ਨ ਆਵੇ ਹਾਰ ॥1339॥

### (ਬਾਬਾ ਤੇਗ ਸਿੰਘ ਦੇ ਅਕਾਲ-ਚਲਾਣੇ ਦੀ ਕਥਾ)

॥ ਚੌਪਈ ॥

ਅਬ ਲਗ ਆਨੰਦ ਕੀ ਗਥ ਗਾਈ ॥ ਕਹੋ ਆਗੇ ਜਿਮ ਭੀ ਦੁਚਿਤਾਈ ॥[5]
ਸ੍ਰੀ ਗੁਰ ਤੇਗ ਸਿੰਘ ਸੁਖ ਦਾਤਾ ॥ ਬਾਗ ਆਪਨੇ ਗਏ ਬਿਖਿਯਾਤਾ ॥1340॥
ਜੁਗਮ ਭਯਾ ਮਿਲ ਖੇਲਨ-ਲਾਗੇ ॥ ਖਾਨ ਪਾਨ ਕਰ ਆਨੰਦ ਪਾਗੇ ॥
ਜਬ ਚੜਨੇ ਕਉ ਕੌ ਭਏ ਤਯਾਰਾ ॥ ਬਾਗ ਪ੍ਰਤਿ ਤਬ ਬੈਨ ਉਚਾਰਾ ॥1341॥
ਅੰਤਿ ਮੇਲਿ ਕਰਾ ਤੁਮ ਸੰਗਾ ॥ ਬਾਗ ਰਹੋ ਸਦ ਅਪਨੇ ਰੰਗਾ ॥
ਅਨੁਜ ਪਾਸ ਤੇ ਗਿਰਾ ਅਲਾਈ ॥ ਭਾਈ ਜੀ ਕਿਮ ਬਾਨੀ ਗਾਈ ॥1342॥
ਤੇਗ[6] ਸਿੰਘ ਸੁਨ ਬੈਨ ਬਖਾਨਾ ॥ ਭਾਈ ਆਜ[7] ਸੁਨੋ ਦੇ ਕਾਨਾ ॥
ਹਮ ਤਜਨਾ ਹੈ ਇਹੁ ਜਹਾਨ ॥ ਯਾ ਤੇ ਹਮਨੇ ਬੈਨ ਬਖਾਨ ॥1343॥

---

1. ਅ ਪੋਥੀ ਪਾਠਾਂਤਰ: ਤੁਰਤ ਬਨਵਾਇ 2. ਅ ਪੋਥੀ ਨ ਬਸਾਵੈ 3. ਅ ਪੋਥੀ ਪਾਠਾਂਤਰ : ਕਰ ਧਰਮ ਸਾਲੁ ਸੁਖਾਮਰਾਸੀ ॥ 4. ਅ ਪੋਥੀ ਲਵਾਇ 5. ਅ ਪੋਥੀ ਰੁਚਿਤਾਈ 6. ਮੂਲ ਪੋਥੀ ਤੇਜ 7 ਅ ਪੋਥੀ ਆਜੀ ਤੁਮ

ਤੁਮ੍ਰਾ ਹਮਰਾ ਮੇਲ ਜੁ ਆਹੀ ॥ ਕੋ ਦਿਨ ਜਾਨੋ ਨਿਸਚੇ ਪ੍ਰਾਹੀ ॥
ਹੋਇ ਪ੍ਰਸੰਨ ਸਿਕਾਰ ਖਿਲਾਵੋ ॥ ਖੁਸ ਖੁਸਾ ਹੋਇ ਮਨ ਹਰਖਾਵੋ ॥1344॥

॥ ਦੋਹਰਾ ॥

ਭ੍ਰਾਤਾ ਕੇ ਇਮ ਬੈਨ ਸੁਨ ਬਿਕ੍ਰਮ ਸਿੰਘ ਸੁਜਾਨ ॥
ਪਾਨ ਜੋਰ ਪੂਛਤ ਭਏ ਕੈਸੇ ਬੈਨ ਬਖ਼ਾਨ ॥1345॥

॥ ਚੌਪਈ ॥

ਤੇਗ ਸਿੰਘ ਸੁਨ ਬੈਨ ਉਚਾਰਾ ॥ ਗਵੈਂ ਬੈਕੁੰਠਿ ਕਰੈ ਨ ਬਾਰਾ ॥
ਬਿਕ੍ਰਮ ਸਿੰਘ ਪੁਨ ਗਿਰਾ ਅਲਾਈ ॥ ਮੋਹਿ ਤਿਆਗਨ ਕਿਮ ਬਨੁ ਆਈ ॥1346॥
ਕਹਯੋ ਤੇਗ ਸਿੰਘ ਸੁਨ ਭ੍ਰਾਤਾ[1] ॥ ਦੇਹਨ ਮਿਲਨ ਬਿਛੁਰਨ ਬਿਖਯਾਤਾ ॥
ਆਦ ਨੇਤ ਐਸੇ ਹੀ ਹੋਈ ॥ ਜੋ ਆਯਾ ਥਿਰ ਰਹੇ ਨ ਕੋਈ ॥1347॥
ਕਾਲੁ ਬਲੀ ਇਕ ਖੇਲ ਉਪ੍ਰਾਵਾ ॥ ਕਰ ਉਤਪਤੀ ਬਹੁਰਿ ਲੇ ਖਾਵਾ ॥
ਦੇਵ ਦਨੁਜ ਆਦਿ ਹੈ ਜੇਤੇ ॥ ਕਾਲ ਬਲੀ ਨੇ ਖਾਏ ਤੇਤੇ ॥1348॥
ਤਾਂਤੇ ਵਾਹਿਗੁਰੂ ਸੁਖਦਾਈ ॥ ਜਾਂਹਿ ਜਪੇ ਤੇ ਸੁਭ ਪਦ ਪਾਈ ॥
ਕਰ ਸਤ[2] ਸੰਗਤਿ ਨਾਮ ਅਰਾਧਾ ॥ ਕਾਲ ਬਲੀ ਕੋ ਤਿਸ ਨੇ ਬਾਧਾ ॥1349॥

॥ ਦੋਹਰਾ ॥

ਐਸੇ ਬੈਨੁ ਸੁਭ ਅਨੁਜ ਪ੍ਰਤਿ ਕਹੜੇ ਮਾਰਗਿ ਮਾਂਹਿ ॥
ਹੈ ਸਾਲਾ ਮੈ ਆਤ ਭੇ ਅਸ੍ਰੁਨ ਬੈਨ ਸੁਨਾਹਿ ॥1350॥

॥ ਚੌਪਈ ॥

ਹਮਰਾ ਤੁਮਰਾ ਮੇਲਿ ਸੁ ਐਸਾ ॥ ਨੌਕਾ ਪਰ ਭਾ ਮੇਲਾ ਜੈਸਾ ॥
ਛਕ ਸਿੰਘ ਸੁਨਯੋ [3]ਜਬ ਬੈਨਾ ॥ ਜਿਸ ਕੇ ਮਨ ਤੇ[4] ਛੁਟ ਗਾ[4] ਚੈਨਾ ॥1351॥
ਜਿਸੁ ਪਰੁ ਗੁਰ ਕੀ ਕਿਰਪਾ ਭੂਰੀ ॥ ਬੋਲਾ ਬਾਨੀ ਅਤਸੇ ਰੂਰੀ ॥
ਹਮਰਾ ਪਾਛੇ ਕਵਨ ਹਵਾਲਾ ॥ ਤੁਮ ਚਾਹੋ ਪਰਲੋਕ ਸਮਾਲਾ ॥1352॥
ਤੇਗ ਸਿੰਘ ਜੀ ਬੈਨ ਬਖਾਨਾ ॥ ਭਾਈਏ ਸੇਵਾ ਕਰੋ ਮਹਾਨਾ ॥
ਹਮ ਜਾਨਾ ਹੈ ਦੇਰ ਬਿਹਾਈ ॥ ਪਾਛੇ ਲੇਵੈ ਤੁਮੈ ਬੁਲਾਈ ॥1353॥
ਛਕੁ ਸਿੰਘ ਪੁਨ ਅਰਜੀ ਠਾਨੀ ॥ ਕਦੋ ਬੁਲਾਵੋਗੇ ਗੁਨਖਾਨੀ ॥
ਮੰਜ ਮਧੁਰ ਸੁਠ ਬਾਨੀ ਗਾਈ ॥ ਲੇਵੈਗੇ ਤੁਧ ਤੁਰਤ ਬੁਲਾਈ ॥1354॥

॥ ਦੋਹਰਾ ॥

ਪੁਨਿ ਮਧੁਰੀ ਬਾਨੀ ਕਹੀ ਬਿਕ੍ਰਮ ਸਿੰਘ ਮਮ ਰੂਪ ॥
ਜੋ ਇਨ ਕੀ ਸੇਵਾ ਕਰੈ ਪਰੈ ਨ ਭਵ ਤਮ ਕੂਪ ॥1355॥

---

1. ਅ ਪੋਥੀ ਤੁਮ ਭ੍ਰਾਤਾ 2. ਅ ਪੋਥੀ ਸਭ 3. ਅ ਪੋਥੀ ਸੁਨ ਅਸ
4. ਅ ਪੋਥੀ ਕਾ ਟੂਟਾ

॥ ਚੌਪਈ ॥

ਛਕੁ ਸਿੰਘ ਪ੍ਰੀਤ ਗਿਰਾ ਅਲਾਈ ॥ ਹੈ ਹਮਰਾ ਸੇਵੋ ਮਨ ਲਾਈ ॥
ਪੁਨਿ ਤੂੰ ਆਵੈ ਹਮਰੇ ਪਾਸ ॥ ਸਾਥ ਲਿਆਨੀ ਤਿਸ ਸੁਖਰਾਜ ॥1356॥
ਛਕ ਸਿੰਘ ਪੁਨਿ ਬੈਨ ਬਖਾਨਾ ॥ ਕੈਸੇ ਲਯਾਵੋਗਾ ਗੁਨਖਾਨਾ ॥
ਕਹਿ ਬਾਬਾ ਤੂ ਸੁਨ ਮਨ ਲਾਈ ॥ ਦੇਹ ਤਿਆਗੇ ਗਾ ਜਬ ਭਾਈ ॥1357॥

॥ ਦੋਹਰਾ ॥

ਤਤਖਿਨ ਦੇਹ ਤਿਯਾਗ ਹੈ ਆਵੈ ਤੁਮਰੇ ਸਾਥ॥
ਜੋ ਜੋ ਹਮਨੇ ਕਹਿ ਦੀਓ ਰਾਖੋ ਸਿਮ੍ਰਿਤ ਗਾਥ ॥1358॥

॥ ਚੌਪਈ ॥

ਛਕੁ ਸਿੰਘ ਪੁਨ ਬਿਨਤੀ ਠਾਨੀ ॥ ਕਾਹਲੀ ਕਰਤੇ ਕਯੋ ਗੁਨ ਖਾਨੀ ॥
ਬਾਬੇ ਸਾਹਬ ਉਤਰੁ ਦੀਨਾ ॥ ਸੁਨੀਏ ਬੈਨ ਬੁਧੁ ਪ੍ਰਬੀਨਾ ॥1359॥
ਲਖਾ ਸਿੰਘ ਹੈ ਨਿਮਕ ਹਰਾਮ ॥ ਦੁਖ ਦੀਨਾ ਦਿਨ ਆਠੋ ਜਾਮ ॥
ਅੰਤੁ ਕਾਲ [1]ਅਧੋਗਤਿ ਪਾਵੈ ॥ ਸੜਨ ਰੋਗ ਤਨ ਮਾਹਿ ਉਠਾਵੈ ॥1360॥

॥ ਦੋਹਰਾ ॥

ਮੁਰੀਦੀ ਸਰਵਰ ਗਹੇਗਾ[2] ਦੇਵੈ ਕੇਸ ਮੁਨਾਇ ॥
ਕ੍ਰਿਮ ਦੇਹ ਮੈ ਪਰੈ ਗੇ ਮਰ ਕਰ ਨਰਕ ਸਿਧਾਇ ॥1361॥

॥ ਚੌਪਈ ॥

ਤੈਸੇ ਬੈਨ ਗੁਰੂ ਕੇ ਹੋਏ ॥ ਜੋ ਸ੍ਰੀ ਬਾਬੇ ਰਸਨਾ [3]ਗੋਏ ॥
ਦਿਵਾਨਖਾਨੇ[4] ਜਾਇ ਬਿਰਾਜੇ ॥ ਜਾਨ[5] ਬੈਕੁੰਠ ਸਾਜਨ ਲਾਗੇ ॥1362॥
ਸ੍ਰੀ ਗੁਰ ਤੇਗ ਸਿੰਘ ਸੁਖਦਾਈ ॥ ਮਾਤਾ [6]ਪਾਸ ਗਏ ਹਰਖਾਈ ॥
ਚਰਨ ਕਮਲੁ ਪਰ ਸੀਸ ਨਿਵਾਯੋ ॥ ਚੰਦ ਬਦਨ ਤੇ ਬੈਨ ਅਲਾਯੋ ॥1363॥
ਦਸ ਬਿਸਤ੍ਰ ਸਿਸ ਪ੍ਰਾਣ ਤਿਆਗੇ ॥ ਸਾਖੀ ਹਮਰੇ ਚਲੇ ਸੁਭਾਗੇ ॥
ਹਮ ਭੀ ਚਲਨਾ ਹੈ ਸੁਨ ਮਾਈ ॥ ਰਾਜ ਰੰਕ ਨਹਿ ਰਹਣਾ ਪਾਈ ॥1364॥
ਸੁਨ ਕਰ ਮਾਤਾ ਅਤਿ ਰੁਦਨਾਈ ॥ ਤੇਗ[7] ਸਿੰਘ ਕਿਮ ਗਿਰਾ ਅਲਾਈ ॥
ਕਹਿਤ ਭਏ ਨਹਿ ਚਿੰਤਾ ਕੀਜੈ ॥ ਬਿਕ੍ਰਮ ਸਿੰਘ ਤੇ ਸੇਵਾ ਲੀਜੈ ॥
ਪਾਸਿ ਸਵਾਣੀ ਜਾਇ ਬਿਰਾਜੇ ॥ ਤਾਸ ਪ੍ਰਤਿ ਸੁਠ ਬੈਨ ਬਖਾਨੈ ॥
ਬੈਕੁੰਠ ਜਾਨ ਹਮ ਭੇ ਤਿਆਰ ॥ ਤੂ ਮਾਤਾ ਸੇਵਤ[8] ਹਿਤ ਧਾਰ ॥1366॥
ਸੁਨਿ ਸਵਾਨੀ ਨੇ [9]ਅਰਜੀ ਗਾਈ [10] ॥ ਆਪ[11] ਸਾਥ ਚਾਲੋ ਸੁਖਦਾਈ ॥
ਸਪਤ ਲੋਕ ਕੇ ਸੁਖ ਹੈ ਜੇਟੀ ॥ ਆਪ ਬਿਨਾ ਨਰਕੁ ਤੁਲੁ ਤੇਈ ॥1367॥

---

1. ਅ ਪੋਥੀ ਕਾਲੁ ਮੈ 2. ਅ ਪੋਥੀ ਗਏਗਾ 3. ਅ ਪੋਥੀ ਪਾਠਾਂਤਰ: ਜੋ ਰਸਨਾ ਤੇ 4 ਅ ਪੋਥੀ ਸੁਖ਼ਾਨੇ 5 ਅ ਪੋਥੀ ਪਾਠਾਂਤਰ : ਬੈਕੁੰਠਿ ਜਾਨਿ ਕੇ ਸਾਜਨ ਸਾਜੇ ॥ 6 ਅ ਪੋਥੀ ਮਾਤਾ ਜੀ 7. ਅ ਪੋਥੀ ਸੁਤ ਤੇਗ 8. ਅ ਪੋਥੀ ਸੇਵਿਨ ਕਰ 9. ਅ ਪੋਥੀ ਤਬ 10 ਅ ਪੋਥੀ ਸੁਗਾਈ 1 . ਅ ਪੋਥੀ ਆਪ ਕੇ

ਤੇਗ ਸਿੰਘ ਗੁਰ ਬੈਨ ਬਖਾਨਾ ॥ ਚਲੋ ਸਾਥ ਮਨ ਹਰਖੰ ਠਾਨਾ ॥
ਦਿਵਾਨਖਾਨੇ ਚਲ[1] ਕਰਿ ਆਏ ॥ ਜਸਾ ਸਿੰਘ ਆਸਾ ਸਿੰਘ ਧਾਏ[2] ॥1368॥

॥ ਦੋਹਰਾ ॥

ਕਈ ਬਾਰ ਤੁਮ ਪ੍ਰਤਿ ਭਨਾ ਚੋਰੋ ਭ੍ਰਾਤ ਹਰਖਾਇ ॥
ਪਾਸ ਹਮਾਰੇ ਤੁਮ ਰਹੋ ਅਬ ਮਾਨੋ ਮੋਹਿ ਰਜਾਇ ॥1369॥[3]

॥ ਚੌਪਈ ॥

ਹਮ ਬੈਕੁੰਠਿ ਕੋ ਭਏ ਤਿਯਾਰ ॥ ਭ੍ਰਾਤਾ ਸੇਵੋ ਤੁਮ ਹਿਤ ਧਾਰ ॥
ਔਰ ਚਰਨ ਪ੍ਰਤਿ ਗਿਰਾ ਅੱਲਾਈ ॥ ਭਾਈਆ ਸੇਵੋ ਤੁਮ ਹਿਤ ਲਾਈ ॥1370॥
ਬੈਸਿ ਕੁਮਾਰ ਅਪਾਰ ਸੁਹਾਵਨ ॥ ਗਰਬੀਲੀ ਸੀ ਅਤਸੇ ਪਾਵਨ[4] ॥
ਗੌਰ ਵਰਣ ਅਵਰਣਿ ਵਿਹੀਨਾ ॥ ਕ੍ਰਿਪਾ ਸੀਲ ਅਤਿ ਕੋਮਲ ਸੀਨਾ ॥1371॥
ਚਰਨ ਚ਼ਾਪ[5] ਪੰਕਜ ਸੇ ਕ੍ਰੋਮਲ ॥ ਜਿਨ ਪਰਸਤ ਤਨ ਮਨ ਹੋਇ ਕੋਮਲ ॥
ਇਹੁ ਬਿਧਿ ਪ੍ਰਭੂ ਤੇਗ ਮ੍ਰਿਗ ਰਾਈ ॥ ਨਿਤੁ ਦਰਸਾਵੈ ਬੈਸਿ ਸੁਹਾਈ ॥1372॥
ਨ੍ਰਿਖ ਤੇਗ ਸਿੰਘ ਮੋਹਨ ਮੂਰਤਿ ॥ ਤਾਤ ਮਾਤ ਮਨ ਆਨੰਦ ਪੂਰਤ ॥
ਏਕ ਦਿਵਸੁ ਧਾਰਾ ਜੂਰ ਤਨ ਮੋ ॥ ਵਾਸਤਵ[6] ਕੋਊ ਕਲੇਸ ਨ ਮਨ ਮੋ ॥1373॥

॥ ਦੋਹਰਾ ॥

ਭਾਈ ਗੁਰਦਿਤੇ[7] ਆਦਿ ਲੇ ਸਾਧੁ ਹੁਤੇ ਸਮਦਾਇ ॥
ਤਿਨ ਹਿਤ ਮਾਤ ਪ੍ਰਸਾਦ ਸੁਭ ਕਰਵਾਯੋ ਹਿਤ ਲਾਇ ॥1374॥

॥ ਚੌਪਈ ॥

ਸਾਧ ਸਰਬਤ ਤਬ ਲਏ ਬੁਲਾਈ ॥ ਪਾਤ ਬਠਾਈ ਮਨ ਹਰਖਾਈ ॥
ਬਾਬੇ ਬਿਕ੍ਰਮ ਸਿੰਘ ਥੀ[8] ਆਦਿ ॥ ਪ੍ਰਸਾਦਿ ਬਰਤਾਵੈ ਧਰ ਮਿਰਜਾਦ ॥1375॥
ਏਕ ਬਾਰ ਦੇ ਜਾਵਹਿ ਜਾਂਹੀ ॥ ਬਹੁਰ ਨ ਜਾਚਨ-ਕੀ ਰਹਿ ਚਾਹੀ ॥
ਪੰਚਾਮ੍ਰਿਤ ਕਚੋਰੀ ਪੂਰੀ ॥ ਪਾਇ ਸੂਪ[9] ਸਾਦੋ[9] ਜਿਨ ਭੂਰੀ ॥1376॥
ਸਿਤਾ ਘ੍ਰਿਤ ਬਹੁ ਊਪਰਿ ਪਾਏ ॥ ਭਲੇ ਪਕੌੜੀ ਦਧ ਲਪਟਾਏ ॥
ਕੜੀ[10] ਬਨਾਈ ਅਤਸੇ ਰੂਰੀ ॥ ਧਨੀਆ ਮਰਚੀ ਜੀਰਾ ਪੂਰੀ ॥1377॥
ਸੂਖਮ ਚਾਵਰ ਪਹ ਤਜ ਚਾਂਹੀ ॥ ਤੁਰਤ ਪੁਚਾਹਿ ਸਬਨ ਨੇ ਖਾਹੀ ॥
ਭਯੋ ਅਹਾਰ ਅਖੁਟ ਸਬ ਭਾਤੀ ॥ ਬਿਸਮੇ ਭੇ ਗਤਿ ਕਿਨਹੁ ਨ ਜਾਤੀ ॥1378॥
ਸੁਬ ਅਘਾਇ ਉਠੇ ਜਿਹ ਕਾਲਾ ॥ ਥਾਨੁ ਰੁਪੈਯੇ ਦਏ ਬਿਸਾਲਾ ॥
ਤੇਗ ਸਿੰਘ ਇਕੁ ਨਰੂ ਪਠਾਵਾ ॥ ਮਾਤ ਪਾਸ ਤਤਕਾਲੈ ਆਵਾ ॥1379॥

---

1. ਅ ਪੋਥੀ ਪੁਨ ਚਲੁ 2. ਅ ਪੋਥੀ ਬੁਲਾਏ 3. ਅ ਪੋਥੀ ਵਿਚ ਇਸ ਮਗਰੋਂ ਇਹ ਵਾਧੂ ਪੰਗਤੀਆਂ ਦਰਜ ਹਨ : ਜਸਾ ਸਿੰਘ ਨਾਰਾਇਣ ਸਿੰਘ ਦੋਈ ॥ ਦੋਨੋ ਹਮ ਪਹਿ ਆਵੈ ਸੋਈ ॥
ਹੈ ਸਿਰਦਾਰੁ ਅਤਿ ਸੋ ਬੁਧਵਾਨ ॥ ਭਾਈ ਸੇਵਾ ਕਰੈ ਮਹਾਨ ॥1370॥
4. ਅ ਪੋਥੀ ਆਘਾਵਾਨ 5. ਅ ਪੋਥੀ ਚਾਰ 6. ਅ ਪੋਥੀ ਵਸਤ੍ਰ 7. ਅ ਪੋਥੀ ਰਾਮ ਆਦਿ
8. ਮੂਲ ਪੋਥੀ ਦੀ 9 ਅ ਪੋਥੀ ਪਾਠਾਂਤਰ : ਪਸੂ ਪ੍ਰਸਾਦਿ 10. ਅ ਪੋਥੀ ਕੜਾਹੀ

ਕੜੀ ਭਲੇ ਮੰਗਵਾਨ ਕੀਨੇ ॥ ਮਾਤਾ ਸਾਹਿਬ ਪਠ ਤਵ ਦੀਨੇ ॥
ਲੇ ਬੁਰਕੀ ਜਬ ਮੁਖ ਮੋ ਮਾਈ ॥ ਚੰਦ ਬਦਨੁ ਤੇ ਗਿਰਾ ਅਲਾਈ ॥1380॥

॥ ਦੋਹਰਾ ॥

ਕੜੀ ਭਲੇ ਹੈ ਅੰਤਕੇ ਫੇਰ ਨ ਕਦੇ ਛਕਾਇ ॥
ਐਸੇ ਕਹਿ ਬਿਗਸਤ ਭਏ ਜਹ ਦਰਸੇ ਅਘ ਜਾਇ ॥1381॥

॥ ਚੌਪਈ ॥

ਭਾਈ ਗੁਰਦਿਤਾ ਜੀ ਚਲ ਗਏ ॥ ਪਾਨ ਜੋਰ ਕਰਿ ਸੀਸ ਨਿਵਾਏ ॥
ਆਇਸ ਮਾਂਗੀ ਜਾਵਨ ਕੇਰੀ ॥ ਕਹਿਤ ਭਏ ਬਾਨੀ ਤਿਹ ਬੇਰੀ ॥1382॥
ਅੰਤੈ ਮੇਲਿ ਅਹੈ ਅਬ ਭਾਈ ॥ ਭਾਈ ਕਹਯੋ ਕਿਮ ਗਿਰਾ ਅਲਾਈ ॥
ਬਾਬੇ ਭਨਾ ਸੁਨੌ ਕੇ ਕਾਨਾ ॥ ਹਮ ਤਜਨਾ ਹੈ ਇਹ ਜਹਾਨਾ ॥1383॥
ਜਾਵੋ ਅਬੈ ਦੇਰੁ ਮਤਿ ਕੀਜੈ ॥ ਵਾਹਿਗੁਰੂ ਜਪੁ ਸੁਭ ਮਤੁ ਲੀਜੈ ॥
ਮਾਨ[1] ਬਚਨ ਚਲ ਗੁਰ ਪਹਿ ਆਏ ॥ ਸਿਰੋਪਾਇ ਸਤਿਗੁਰੂ ਦਿਵਾਏ ॥1384॥

॥ ਦੋਹਰਾ ॥

ਮਸਤਕ ਤਬ ਟੇਕਤ ਭਏ ਸਨੇ ਸਨੇ ਮੰਗ ਚਾਲ ॥
ਸੁਧਾ ਸਰੋਵਰੁ ਜਾ ਥਿਰੇ ਗੁਰ ਪਦ ਪ੍ਰੀਤਿ ਬਿਸਾਲ ॥1385॥

॥ ਚੌਪਈ ॥

ਪਾਛਲ ਗਾਥ ਦੇਉ ਸਮਝਾਈ ॥ ਜਮਿ ਬਾਬੇ ਨੇ ਦੇਹੁ ਤਜਾਈ ॥
ਸੀਤਲਾਂ ਤਨ ਮਹਿ ਨਿਕਸਤ ਭਈ । ਬਹੁ ਨਿਕਸੀ ਕਿਛੁ ਬਰਨ ਨ ਗਈ ॥1386॥
ਗੌਰ ਸਰੀਰ ਪਪੋਲਨ ਜੋਤੀ ॥ ਮਨੋ ਥਾਰ[2] ਮੈ ਬਿਖਰੇ ਮੋਤੀ ॥
ਸਘਨ ਪਪੋਲਾ ਐਸ ਉਮੰਗਾ ॥ ਕਿਧੋ ਬੁਦਬੁਦਾ ਉਪਜ ਤਰੰਗਾ ॥1387॥
ਸਗਲ ਸਰੀਰ ਪ੍ਰਭਾ ਥੀ ਜੇਤੀ ॥ ਏਕੈ ਬਾਰ ਉਮੰਗ ਭੀ ਤੇਤੀ ॥
ਸੁਨੀ ਖ਼ਬਰ ਸ੍ਰੀ ਗੁਰ ਸੁਖਦਾਈ ॥ ਆਪ ਗਏ ਤਹ ਮਯਾ ਕਰਾਈ ॥1323॥
ਤੇਗ ਸਿੰਘ[3] ਜੀ ਬਿਨਤੀ ਠਾਨੀ ॥ ਕਰੀ ਦਯਾ ਗੁਰ ਸੁਭ ਗੁਨ ਖਾਨੀ ॥
ਹਾਥ ਕਮਲ ਸੀਸ ਗੁਰ ਫੇਰਾ ॥ ਹੇਤ ਕਰਾ ਬਹੁਤਾ ਤਿਸੁ ਬੇਰਾ ॥1389॥
ਤੇਗ ਸਿੰਘ ਜੀ ਗਿਰਾ ਅਲਾਈ ॥ ਸੁਨੋ ਜੀਆ ਜੀ ਪ੍ਰੀਤੀ ਲਾਈ ॥
ਕਹਿ ਐਸੇ ਗੁਰ ਅੰਚੁਰ ਪਾਵਾ ॥ ਗੁਰ ਕੇ ਚਰਨਨ ਸੀਸ ਨਿਵਾਵਾ ॥1390॥

॥ ਦੋਹਰਾ ॥

ਜੋ ਜੋ ਅਵਗੁਨ ਮੈ ਕਰੇ ਬਖਸੇ ਦੀਨ ਦਿਆਲ ॥
ਪਤਿਤ ਉਧਾਰਨ ਬਿਰਦੁ ਤਵ ਮੈ ਹਾਂ ਤੁਮਰੋ ਬਾਲ ॥1391॥

---

1. ਅ ਪੋਥੀ ਮਨ
2. ਅ ਪੋਥੀ ਬਾਰ
3. ੲ ਪੋਥੀ ਮ੍ਰਿਗੇਸ

[1]ਸੁਤ ਬਿਨਤੀ ਸੁਨ ਕਰੁ ਗੁਰੂ ਭਨੀ ਗਿਰਾ ਅਭਿਰਾਮ ॥
ਬਚਾ ਬਖਸ਼ਾ ਹਮ ਤੁਮੈ ਤੂ ਅਤਸੈ ਗੁਣ ਧਾਮ ॥1392॥

॥ ਚੌਪਈ ॥

ਬਖਸੁ ਗਿਰਾ ਜਬ ਗੁਰੂ ਅਲਾਈ ॥ ਤੇਗ ਸਿੰਘ ਪੁਨਿ ਬਾਨੀ ਗਾਈ ॥
ਰਾਵਰ ਬੈਨ ਮਾਨ ਮੈ ਆਵਾ ॥ ਅਬ ਮੋਕੋ ਹੈ ਜਾਵਨ ਭਾਵਾ ॥1394॥
ਸੁਨ ਹਜੂਰ ਜੀ ਗਿਰਾ ਬਖਾਨੀ ॥ ਕਹਿਨੇ ਜੋਗ ਨ ਤੁਮ ਅਸ ਬਾਨੀ ॥
ਜਾਵਨ ਔਸਰ ਹਮਰਾ ਆਵਾ ॥ ਤੁਮ ਕੋ ਚਹੀਏ ਰਾਜੁ ਕਮਾਵਾ ॥1394॥
ਹਾਥ ਜੋਰੁ ਪੁਨਿ ਬਿਨਟੀ ਠਾਨੀ[2] ॥ ਸੁਨੋ ਜੀਆ ਜੀ ਸੁਭ ਗੁਨ ਖਾਨੀ ॥
ਬੁਰਾ ਸਮਾ ਅਬ ਅਤਸੇ ਆਵਾ ॥ ਕਲਯੁਗ ਨੇ ਅਤਸੇ ਬਲ ਪਾਵਾ ॥1395॥
ਜਬ ਲਗ ਆਪ ਥਿਰੇ ਹੌ ਸੁਆਮੀ ॥ ਕਲ ਭੈ ਭੀਤਰ ਹੈ ਅਨੁਗਾਮੀ ॥
ਯਾਂਤੇ ਹਮ ਅਬ ਜਾਵਨ ਠਾਨੇ ॥ ਪੁਨ ਮਾਤਾ ਪ੍ਰਤਿ ਬੈਨ ਬਖਾਨੇ ॥1396॥

॥ ਦੋਹਰਾ ॥

ਮਾਤਾ ਸਾਹਿਬੁ ਬਖਸੀਏ ਮੈ ਸੇਵਕਿ ਹੋ ਬਾਰ ॥
ਅਵਗੁਨਿ ਕੀਨੇ ਅਤਿ ਘਨੇ ਤਿਨ ਤੇ ਕੀਜੈ ਪਾਰ ॥1397॥

॥ ਚੌਪਈ ॥

ਸੁਨ ਕਰ ਮਾਤਾ ਬਹੁ ਰੁਦਨਾਈ ॥ ਤੇਗ ਸਿੰਘ ਜੀ ਗਿਰਾ ਅਲਾਈ ॥
ਮਾਤਾ ਆਤਮ ਸਤ ਸਰੂਪਾ ॥ ਦੇਹ ਮਿਥਿਆ ਹੈ ਅਤਸੇ ਰੂਪਾ ॥1398॥
ਯਾਤੇ ਰੋਦਨ ਨਹਿ ਬਨਿ ਆਵੈ ॥ ਸਤ ਬ੍ਰਹਮ ਨ ਆਵੈ ਜਾਵੈ ॥
ਪੁਨਾ ਅਨੁਜ ਪ੍ਰਤਿ ਗਿਰਾ ਅਲਾਈ ॥ ਸੁਨ ਬਿਕ੍ਰਮ ਸਿੰਘ ਤੂ ਸੁਖਦਾਈ ॥1399॥
ਮਾਤ ਪਿਤਾ ਕੀ ਆਇਸ ਮਾਨੋ ॥ ਹੁਕਮ ਨ ਕਬਹੀ ਮੋੜਨ ਠਾਨੋ ॥
ਅੰਗ ਸੰਗ ਮੋ ਲੇਹੁ ਪਛਾਨੂ ॥ ਏਕ ਬੈਨ ਤੂ ਹਮਰੋ ਮਾਨ ॥1400॥

॥ ਦੋਹਰਾ ॥

ਮੋਹਨ ਗਜ ਤੁਮ ਰਾਜ ਹੈ ਹਮਰੇ ਫੂਲਾ ਨਾਲ ॥
ਗੰਗਾ ਭੇਜੋ ਪ੍ਰੀਤਿ ਕਰੁ ਪਾਵੇ ਹਾਥੀ ਪਾਲ ॥1401॥

॥ ਚੌਪਈ ॥

ਸਤ ਬਚਨ ਅਨੁਜੈ[3] ਗਾਵਾ ॥ ਜੋ ਭਾਖੋ ਮੈ ਸੀਸ ਧਰਾਵਾ ॥
ਭ੍ਰਾਤਾ ਜੀ ਮੁਹਿ ਸੇਵਕੁ ਜਾਨੋ ॥ ਮਯਾ ਕਰੀਜੈ ਮਯਾ ਨਿਧਾਨੋ ॥1402॥
ਸਵਾ ਜਾਮ ਜਬ ਨਿਸਾ ਰਹਾਈ ॥ ਚੰਦ ਬਦਨ ਤੇ ਗਿਰਾ ਅਲਾਈ ॥
ਕਰ ਲੇਪਨ ਦੇਉ ਕੁਸਾ ਬਿਛਾਇ ॥ ਊਪਰਿ ਦੇਵੋਂ ਹਮੈ ਪੁਢਾਇ ॥1403॥

---

1. ਅ ਪੋਥੀ ਸੁਨ
2. ਅ ਪੋਥੀ ਲਗਾਈ
3. ਅ ਪੋਥੀ ਪਾਠਾਂਤਰ : ਸੁਨ ਅਗਰੈ

ਦੂਨਾ ਸਿੰਘ ਚਲ ਗੁਰ ਪਹਿ ਗਯੋ ॥ ਬਾਬ੍ਰੇ ਭਨਾ ਸੁ ਬੈਨ ਅਲਯੋ ॥
ਗੁਰ ਜੀ ਮੇਰੀ ਅਰਜੀ ਮਾਨੋ ॥ ਭਾਗਵਾਨ ਸੁਤ ਰਾਖਨ ਠਾਨੋ ॥1404॥
ਸੁਨ ਹਜੂਰ ਜੀ ਗਿਰਾ ਬਖਾਨੀ ॥ ਸੁਨੋ ਸਿੰਘ ਜੀ ਨਿਸਚੋ ਠਾਨੀ ॥
ਤੇਗ ਸਿੰਘ ਮਾਨਵ ਮਤ [1]ਜਾਨੋ ॥ ਸ੍ਰੀ ਚੰਦ ਸਾਹਿਬ ਤਾਹਿ ਪਛਾਨੋ ॥1405॥

॥ ਦੋਹਰਾ ॥

ਭਾਈ ਬਲੂ ਤਬ ਕਹਯੋ ਲੇਵੈ ਗ੍ਰੰਥ ਅਵਾਜ ॥[2]
ਸੋਇ ਸਬਦ ਸੁਨ ਲੀਜੀਐ ਚਾਲਨ ਕਾ ਹੈ ਸਾਜ ॥1406॥

॥ ਤਥਾ ਸਬਦੁ ॥

ਜਿਨ ਤੁਮ ਭੇਜੇ ਤਿਨੈ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥
ਅਨਦ ਮੰਗਲ ਗੁਨ ਗਾਉ ਸਹਿਜ ਧੁਨਿ ਨਿਹਚਲੁ ਰਾਜ ਕਮਾਉ ॥1॥
ਤੁਮ ਘਰਿ [4]ਆਵੋ ਮੇਰੇ ਮੀਤ ॥
ਤੁਮਰੇ ਦੋਖੀ ਹਰਿ ਆਖਿ ਨਿਵਾਰੇ ਅਪਦਾ ਭਈ ਹੈ ਬਤੀਤ ॥ਰਹਾਉ॥
ਪ੍ਰਗਟ ਕੀਨੇ ਪ੍ਰਭੁ ਕਰਨੇਹਾਰੇ ਨਾਸਨ ਭਾਜਨ ਥਾਕੇ ॥
ਘਰੁ ਮੰਗਲ ਵਾਜਹਿ ਨਿਤੁ ਵਾਜੇ ਅਪਨੇ ਖਸਮੁ ਨਿਵਾਜੇ ॥2॥
ਅਸਥਿਰ ਰਹਹੁ ਡੋਲਹੁ ਮਤਿ ਕਬਹੂ ਗੁਰ ਕੇ ਬਚਨੁ ਅਧਾਰੁ ॥
ਜੈ ਜੈ ਕਾਰ ਸਗਲ[5] ਭੂ ਮੰਡਲ ਮੁਖ ਉਜਲ ਦਰਬਾਰੁ ॥3॥
ਜਿਸ ਕੇ ਜੀਉ ਤਿਨ ਹੀ ਫੇਰੇ ਆਪੇ ਭਇਆ ਸਹਾਈ ॥
ਅਚਰਜ ਕੀਆ ਕਰਨੇਹਾਰੇ ਨਾਨਕ ਸਚਿ ਵਡਿਆਈ ॥4॥1407॥

॥ ਚੌਪਈ ॥

ਸ੍ਰੀ ਕਮਲਾਨਨ ਬੈਨ ਬਖਾਨਾ ॥ ਭਾਈ ਸੁਨੀਏ ਹੁਇ ਸਵਧਾਨਾ ॥
ਸੁਤ ਕਾ ਸੁਤ ਮੈ ਇਸੇ ਬਨਾਵੋ ॥ ਅਬ ਜਾਵਨ ਤੇ ਨਾਹਿ ਹਟਾਵੋ ॥1408॥
ਦੂਨਾ ਸਿੰਘ ਸੁਨ ਜਾਵਤ ਭਯੋ ॥ ਜਿਮ ਤਿਨ ਭਾਖਾ ਤੈਸੇ ਕਹਯੋ ॥
ਕਰ ਲੇਪਨੁ ਸੁਭ ਕੁਸਾ ਬਿਛਾਈ ॥ ਤੇਗ ਸਿੰਘ ਕੋ ਦੀਨ ਪੁਚਾਈ ॥1409॥
ਮਾਤਾ ਆਦਿਕ ਰੋਵਨ ਲਾਗੇ ॥ ਬਾਬੇ ਕਹਤ[6] ਭਾ [6]ਅਨੁ ਰਾਗੇ ॥
ਮੋਰੇ ਹਿਤ ਨਹਿ ਰੋਵੈ ਕੋਈ ॥ ਵਾਹਿਗੁਰੂ ਸਿਮਰੋ ਦੁਖੁ ਖੋਈ ॥1410॥

॥ ਦੋਹਰਾ ॥

ਵਾਹਿਗੁਰੂ ਸ੍ਰੀ ਵਾਹਿਗੁਰੂ ਕੀਨਾ ਆਪਿ ਉਚਾਰਿ ॥
ਸ੍ਵਾਸ ਤਿਆਗਨ ਤਬ ਕਰੇ ਲਗੀ ਨ ਰੰਚਕ ਬਾਰ ॥1411॥

---

1. ਅ ਪੋਥੀ ਠਾਨੇ 2. ਅ ਪੋਥੀ ਵਿਚ ਪੰਗਤੀਆਂ ਵਾਧੂ ਹਨ ॥
ਭਨਾ ਹਜੂਰ ਲੇਵੇ ਅਬੈ ਸੋਈ ਸਾਜੈ ਸਾਜ ॥ ਗੁਰੂ ਗ੍ਰੰਥ ਕੋ ਖੋਲਿ ਕਰੁ ਭਾਈ ਲਈ ਅਵਾਜ ॥
3 ਅ ਪੋਥੀ ਪਾਠਾਂਤਰ : ਸੋਈ ਸਬਦੁ ਸੁਨ ਲੀਜੀਏ ਚਾਨਣ ਕਾਹੇ ਸਾਜ ॥ 4. ਅ ਪੋਥੀ ਅਵਹੁ 5. ਅ ਪੋਥੀ ਜਗਤ ਸਗਲ 6. ਅ ਪੋਥੀ ਬੇਲਾ ਸਹਿ

॥ ਚੌਪਈ ॥

ਮਾਤਾ ਆਦਿਕ ਜੁਵਤੀ ਜੇਤੀ ॥ ਹੋਇ ਦੁਖਤ ਸਭ ਰੋਵਤ ਤੇਤੀ ॥
ਦਾਸੀ ਦਾਸ ਸਗਲ ਮਿਲ ਰੋਏ ॥ ਜਿਨ ਕੇ ਸੁਾਮੀ ਛਿਤੁ ਪਰੁ ਮੋਏ ॥1412॥
ਤਬ ਦਿਵਾਨ ਚਰਨ ਸਿੰਘ ਆਵਾ ॥ ਤਿਸ ਪ੍ਰਤਿ ਗੁਰ ਜੀ ਬੈਨ ਅਲਾਵਾ ॥
ਤੇਗ ਸਿੰਘ ਪਹੁਚਾਵਨ ਕੀਨਾ ॥ ਸੋ ਸੁਨ ਉਚੇ ਰੁਦਨ ਭੀਨਾ ॥1413॥
ਪਲਘ ਤਿਆਗਨ ਸਤਗੁਰ ਕੀਨ ॥ ਸਫ ਤਰ ਪੈਸੇ [1]ਗੁਰ ਪਰਬੀਨ ॥
ਦਿਵਾਨ ਆਦਿਕ ਰੋਵਨ ਲਾਗੇ ॥ ਧੀਰਜ ਬਚ ਕਹਿ ਗੁਰੂ ਸਭਾਗੇ ॥1414॥

॥ ਸਲੋਕ ॥

ਕਬੀਰ ਸੰਤੁ ਮੂਏ ਕਿਆ ਰੋਈਐ ਜੋ ਅਪੁਨ ਗ੍ਰਿਹਿ ਜਾਇ ॥
ਰੋਵਹੁ ਸਾਕਤ ਬਾਪੁਰੇ ਜਿ ਹਾਟੈ ਹਾਟ ਬਿਕਾਇ ॥1415॥

॥ ਚੌਪਈ ॥

ਵਾਹਿਗੁਰੂ ਸਿਮਰੋ ਮਨ ਲਾਈ ॥ ਚਿੰਤਾ ਕਾ ਨਹਿ ਅਉਸਰ ਭਾਈ ॥
ਦੁਨਾ ਸਿੰਘ ਪ੍ਰਤਿ ਬੈਨ ਬਖਾਨਾ ॥ ਜਾਵੋ ਤਿਯਾਰੀ ਕਰੋ ਮਹਾਨਾ ॥1416॥

**(ਬਾਬਾ ਤੇਗ ਸਿੰਘ ਦੀ ਪਤਨੀ ਦੇ ਸਤੀ ਹੋਣ ਦੀ ਕਥਾ)**

ਸਤ ਬਚਨ ਕਹੁ ਤਯਾਰੀ ਕੀਨੀ ॥ ਜਿਮ ਜਿਮ ਆਇਸ ਸ੍ਰੀ ਗੁਰ ਦੀਨੀ ॥
ਤੇਗ ਸਿੰਘ ਕੀ ਮਹਿਲਾ ਜੋਈ ॥ ਸਾਥ ਚਲਨ ਕਉ ਤਯਾਰ ਸੁ ਹੋਈ ॥1417॥
ਹਜੂਰ ਪਹਿ ਤਿਸੁ ਭ੍ਰਾਤ ਪਠਾਵਾ ॥ ਪਾਨ ਜੋਰ ਤਿਨ ਬੈਨ ਅਲਾਵਾ ॥
ਬੇਬੇ ਆਇਸ ਚਹੇ ਸੁਆਮੀ ॥ ਸੁਾਮੀ ਸਾਥ ਹੋਇ ਅਨੁਗਾਮੀ ॥1418॥
ਸੁਨ ਕਰ ਸਾਹਿਬ ਬੈਨ ਬਖਾਨਾ ॥ ਜੁਗਮ ਕੁਲ ਇਨ ਕਰੀ ਮਹਾਨਾ ॥
ਨਿਹਾਲ ਕੌਰ ਨਿਹਾਲੁ ਸੁ ਹੋਈ ॥ ਪਤੀ ਸਾਥ ਸੁਖ ਪਾਵੈ ਸੋਈ ॥1419॥

॥ ਦੋਹਰਾ ॥

ਹੁਲਾਸ ਰਾਇ ਪ੍ਰਤਿ ਗੁਰ ਕਹਯੋ ਜਾਵੋ ਕਰੋ ਨ ਦੇਰ ॥
ਜਾਇ ਕਹਯੋ ਭਗਨੀ ਪ੍ਰਤੀ ਭਈ ਤਿਯਾਰ ਬਿਨੁ ਬੇਰ ॥1420॥

॥ ਚੌਪਈ ॥

ਫਿਰਿ ਮਾਨਵ ਸ੍ਰੀ ਗੁਰੂ ਪਠਾਵਾ ॥ ਦਾਨ ਕਰੋ ਜੋ ਤਵ[2] ਮਨ ਭਾਵਾ ॥
ਸੰਰਬ ਖਜਾਨੇ ਆਪਨੇ ਜਾਨੋ ॥ ਜੋ ਚਹੀਤ ਸੋ ਲੇਵਨ ਠਾਨੋ ॥1421॥
ਜੁਗਮ ਲਾਖ ਕੇ ਭੂਖਨ ਤੇਰੇ ॥ ਕਰੋ ਦਾਨੁ ਕਛੁ ਕਰੋ ਨ ਬੇਰੇ ॥
ਨਿਹਾਲ ਕੌਰ ਸੁਨ ਮਨ ਬਿਗਸਾਈ ॥ ਕਰ ਸਨਾਨ ਸਸ ਆਗਯਾ ਪਾਈ ॥1422॥
ਮਸਤਕ ਲਾਲੀ ਆਨ ਬਿਰਾਜੀ ॥ ਸਤੀ ਜਾਨਕੀ ਮਾਨੋ ਰਾਜੀ ॥
ਭੂਖਨ ਬਸਨ ਲਾਲ ਤਨ ਪਾਏ ॥ ਮਾਤਾ ਜੀ ਕੇ ਚਰਨ ਗਹਾਏ ॥1423॥

---

1. ਅ ਪੋਥੀ ਬੈਸੇ
2. ਅ ਪੋਥੀ ਤੁਮ

ਹਾਥ ਜੋਰ ਪੁਨ ਬਿਨੇ ਬਖਾਨੀ ॥ ਅਵਗੁਨ ਹਮਰੇ ਖਿਮੋ ਸਿਯਾਨੀ ॥
ਮਾਤਾ ਸਾਹਿਬ ਕਰ ਸਿਰ ਫੇਰਾ ॥ ਕਹਯੋ ਬੈਨ ਵਰ[1] ਅੰਮੀ ਨਿਚੋਰਾ ॥1424॥

॥ ਦੋਹਰਾ ॥

ਪਾਰਵਤੀ ਸਿਵ ਸਾਥ ਜਿਮ ਰਾਮ ਸਾਥ ਜਿਮ ਸੀਤ ॥
ਬਸਿਸਟ ਸਾਥ ਰੁੰਧਤਿ ਰਹੈਂ ਪਤੀ ਸਾਥ ਤੁਮ ਨੀਤ ॥1425॥

॥ ਚੌਪਈ ॥

ਚੰਦ੍ਰ ਸਾਥ ਜਿਮ ਰਹਿ ਚਾਂਦਨੀ ॥ ਘਨੋ ਬਿਖੇ ਜਿਮ ਦਮਕ ਦਾਮਨੀ ॥
ਕੰਤ ਸਾਥ ਤਿਮ ਸਦਾ ਰਹਾਵੋ ॥ ਪਰਲੋਕਿ ਮਾਹਿ ਬਡ ਸੁਖ ਪਾਵੋ ॥1426॥
ਨਿਹਾਲ ਕੌਰ ਸੁਨ ਸਸ ਕੀ ਬਾਨੀ ॥ ਬਿਕ੍ਰਮ ਸਿੰਘ ਕੀ ਭੁਜਾ ਗਹਾਨੀ ॥
ਮਾਤਾ ਜੀ ਕੇ ਕਰ ਪਕਰਾਈ ॥ ਮੰਜ ਮਧੁਰ ਤਬ ਬਾਨੀ ਗਾਈ ॥1427॥
ਬਡੋ ਪੂਤ ਕਰ ਇਨ ਕੋਂ ਜਾਨੋਂ ॥ ਇਨੇ ਸਵਾਨੀ ਮੋ ਕੋਂ ਮਾਨੋ ॥
ਪੋਤੇ ਤੁਮਰੇ ਗ੍ਰਹ ਪ੍ਰਗਟਾਵੈ ॥ ਤਿਨ ਕੋਂ ਦੇਖ ਬਡੋ ਸੁਖ ਪਾਵੈ ॥1428॥

॥ ਦੋਹਰਾ ॥

ਸੇਵਾ ਤੁਮਰੀ ਕਰਨ ਥੀ ਅਬ ਚਾਲੋ ਮਮ ਸਾਥ ॥
ਯਾਂਤੇ ਚਾਲਨ ਮਮ ਬਨ੍ਯੋ ਚਰਨ ਨਯਾਯੋ ਮਾਥ ॥1429॥

॥ ਚੌਪਈ ॥

ਅਵਰ ਸਵਾਨੀ ਦਾਸੀ ਦਾਸਾ ॥ ਸਰਬ ਪ੍ਰਤੀ ਤਬ ਬਚਨੁ ਪ੍ਰਕਾਸਾ ॥
ਮਾਤਾ ਸਾਹਿਬ ਸੇਵਨ ਕੀਜੈ ॥ ਜਨਮ ਮਰਨ ਦੁਖ ਤੁਮਰਾ ਛੀਜੈ ॥1430॥
ਤਬ ਲਗੁ ਜੁਗਮੁ ਬਿਬਾਨ ਬਨਾਏ ॥ ਸਨਾਨ ਕਰਾਇ ਬਿਬਾਨੋ ਪਾਇ ॥
ਅਗ੍ਰ ਬਿਬਾਨੁ ਤੇਗ ਸਿੰਘ ਕੀਨੋ ॥ ਪਾਛੇ ਕੁਵਰਿ ਨਿਹਾਲੁ ਪ੍ਰਬੀਨੋ ॥1431॥
ਜੁਗਲ ਬਿਬਾਨ ਸੁਹਾਵਹਿ ਐਸੇ ॥ ਪੁਰਖ ਸਮੇਤ ਪ੍ਰਕ੍ਰਿਤੀ ਜੈਸੇ ॥
ਪੂਤ ਨੁਖਾ ਕੋ ਬਿਦਾ ਕਰਾਈ ॥ ਸ੍ਰੀ ਜਗਮਾਤ ਮੂਰਛਾ ਖਾਈ ॥1432॥
ਹਾਹਾਕਾਰ ਭਯੋ ਇਹ ਬਾਰੀ ॥ ਰੋਵਤ ਖਰੇ [2]ਨਰੁ ਅਰੁ ਨਾਰੀ ॥
ਚੇਤਨ ਕੀ ਕਯਾ ਕਰੋ ਬਖਾਨਾ ॥ ਹੈ ਗੈ ਆਦਿ ਰੋਵਨ ਠਾਨਾ ॥1433॥
ਭੂਖਨ ਬਸਨ [3]ਸਮਾਜ ਅਵਰੀਆ ॥ ਭਰਾ ਵਿਮਾਨੁ ਨਿਹਾਲੁ ਕੁਵਰੀਆ ॥
ਦਸੋ ਦਿਸਾ ਬਾਂਟਤ ਧਨੁ ਚਲੀ ॥ ਕਰੁ ਸ੍ਰਿੰਗਾਰ ਬੈਠੀ ਛਬੁ ਖੁਲੀ ॥1434॥
ਚੌਤਰੇ[4] ਊਪਰਿ ਗੁਰੂ ਬਿਰਾਨੇ ॥ ਚੰਦ ਬਦਨ ਤੇ ਬੈਨ ਬਖਾਨੇ ॥
ਮਾਰੂ ਸਬਦ ਪੜੇ ਹਿਤੁ ਲਾਇ ॥ ਰੋਵਣੁ[5] ਰੀਤੀ ਦੇਹੁ ਹਟਾਇ ॥1435॥

---

1. ਅ ਪੋਥੀ ਸੁ
2. ਅ ਪੋਥੀ ਬਰੇ
3. ੲ ਪੋਥੀ ਬਸਤ੍ਰ
4. ਅ ਪੋਥੀ ਚਉ ਤਰਫੇ
5. ਅ ਪੋਥੀ ਰੋਵਤਿ

॥ ਦੋਹਰਾ ॥

ਨਿਹਾਲ ਕੌਰ ਸਤਿਗੁਰੂ ਕੋ ਦੂਰੈ ਬੰਦਨ ਕੀਨ ॥
ਭ੍ਰਾਤਾ ਪਠ ਬਿਨਤੀ ਕਰੀ ਸੋ ਆਗੇ ਕਹਿ ਦੀਨ ॥1436॥

॥ ਸ੍ਵੈਯਾ ॥

ਹੇ ਜਗਦੀਸ ਕ੍ਰਿਪਾ ਨਿਧਿ ਕਾਰਨ ਤਾਰਨ ਲੋਕ ਉਧਾਰਨਹਾਰੇ ॥
ਦੇਵਨ ਦੇਵ ਅਭੇਵ ਪ੍ਰਮਾਤਮ ਯਾ ਜਗ ਮਾਹਿ ਤਰੇ ਤੁਮ ਤਾਰੇ ॥
ਯਾ ਪਦ ਪੰਕਜ ਕੀ ਰਜ ਸੇਵਤ ਭਾਲ ਕਪੀ ਤਰਗੇ ਨਿਧ ਖਾਰੇ ॥
ਮੋ ਸੇ ਕ੍ਰਿਤ ਘਨ ਤਾਰਨ ਕੋ ਉਠੇ ਮਾਂਝ ਭਏ ਗੰਗਧਾਰੇ ॥1437॥
ਕੀਜੈ ਕ੍ਰਿਪਾ ਮਮ ਊਧ੍ਰਰਿ ਸ੍ਰੀ ਗੁਰ ਪੂਰਨ ਹ੍ਵੈ ਇਹ ਮਾਂਗ ਹਮਾਰੋ ॥
ਮੈ ਤਾਂ [1]ਅਤਰਨ ਜਾਨਤ ਹੌ ਕਛੁ ਹੈ ਜਗ ਸਿੰਧੁ ਬਡੋ ਬਿਸਤਾਰੋ ॥
ਕੰਤ ਜਹਾਜ ਕੀਯੋ ਅਬ ਮੈ ਤੁਮ ਖੇਵਟ ਹੂਜਿਯੈ ਤਾਰਨ ਹਾਰੋ ॥
ਆਗ ਕੋ ਭੈ ਬਹਿ ਡੁਲਾਇ ਨਹੀਨਿ ਪਾਰ ਪਰੈ ਮੁਹਿ ਹੋਇ ਉਧਾਰੋ ॥1438॥

॥ ਚੌਪਈ ॥

ਨੁਖਾ ਬਿਨੈ ਜਬੈ ਸੁਨ ਪਾਈ ॥ ਸ੍ਰੀ ਕਮਲਾਨਨ[2] ਗਿਰਾ ਅਲਾਈ ॥
ਮਨ ਮੈ ਚਿੰਤਾ ਰੰਚ ਨ ਕੀਜੈ ॥ ਈਹਾਂ ਜਸ ਆਗੈ ਸੁਖ ਲੀਜੈ ॥1439॥
ਸਾਧ ਸਾਧ ਪੁਤਰੀ ਵਡਭਾਗੀ ॥ ਪਤੀ ਮਾਂਹਿ ਰੁਚਿ ਜਿਸ ਕੀ ਜਾਗੀ ॥
ਸਪਤ ਕੁਲ ਪੇਕੀ ਤੁਮ ਤਾਰੀ ॥ ਸਪਤ ਹਮਾਰੀ ਕੀਨੀ ਪਾਰੀ ॥1440॥
ਜਾ ਕੁਰ ਭ੍ਰਾਤੇ ਦੀਨ ਸੁਨਾਈ ॥ ਨਿਹਾਲ ਕੌਰ ਸੁਨ ਮਨ ਹਰਖਾਈ ॥
ਪੌਰ ਤੇ ਨਿਕਸਯੋ ਜਬੈ ਵਿਮਾਨਾ ॥ ਨਗਰ ਬਗਰ ਮੈ ਸੋਰ ਉਠਾਨਾ ॥1441॥
ਆਗੇ ਕੀਨੋ ਤੇਗ ਮ੍ਰਿਗਿੰਦਾ ॥ ਪਾਛੇ ਕੁਵਰ ਨਿਹਾਲ ਸੁ ਚੰਦਾ ॥
ਹਯ ਸਵਾਰ ਭੇ ਸਾਰੰਗ ਪਾਨੀ ॥ ਪਾਛੇ ਚਾਲੇ ਸਭੀ ਗੁਨ ਖਾਨੀ 1442॥
ਜੋ ਜੋ ਲੋਕਿ ਚਲੈ ਮਿਲ ਸੰਗੀ ॥ ਸੋਕ ਰੀਤ ਸਭ ਰਿਦਯ ਉਮੰਗੀ ॥
ਧਨ ਭੂਖਨ ਸਭ ਮਾਤ ਪ੍ਰਸੂਟੇ ॥ ਲੇਨਹਾਰ ਲੈ ਲੈ ਕਰ ਹੂਟੇ ॥1443॥
ਪਹੁਚੇ ਸਰਿਤਾ ਤੀਰ ਵਿਮਾਨਾ ॥ ਜਹਾਂ ਚਿਤਾ ਕੋ ਸੰਜਮਿ ਠਾਨਾ ॥
ਚਿਤਾ ਨਿਕਟਿ ਜੁਗ ਜਾਇ ਧਰਾਏ ॥ ਬਾਜਿ ਤਯਾਗੁ ਸ੍ਰੀ ਗੁਰ ਉਤਰਾਏ ॥1444॥

॥ ਦੋਹਰਾ ॥

ਨੌਨ ਦਾਨ ਬਹੁਤਾ ਕਰਾ ਨਿਹਾਲ ਕੌਰ ਤਿਹ ਬਾਰ ॥
ਚਿਤਾ ਥਿਰੀ ਤਿਹ ਛਿਨ ਵਿਖੇ ਜਾਨੂ ਪਤਿ ਸਿਰੁ ਧਾਰ ॥1445॥

॥ ਚੌਪਈ ॥

ਬਿਕ੍ਰਮ ਸਿੰਘ ਪਗ ਸੀਸ ਨਿਵਾਵਾ ॥ ਨਿਹਾਲ ਕੌਰ ਤਬ ਬੈਨ ਅਲਾਵਾ ॥
ਜੁਗ ਗੁਰਿਆਈ ਤੁਮ ਗ੍ਰਿਹਿ ਆਈ ॥ ਬਰਧੋ ਫੂਲੋ ਬਡ ਸੁਖ ਪਾਈ ॥1446॥

---

1. ਅ ਪੋਥੀ ਤੋ
2. ੲ ਪੋਥੀ ਕਰੁਣਾਨਿਧਿ

ਗੁਪਾਲ ਸਿੰਘ ਬਿਨੇ ਤਬ ਬਰਨੀ ॥ ਸ੍ਰੀ ਜਗ ਮਾਤ ਭਲੀ ਤਵ ਕਰਨੀ ॥
ਭਵਿਖਤ ਬਾਤ ਬਖਾਨੋ ਕੋਈ ॥ ਤੁਮਰੀ ਕਹੀ ਸਤਹੀ ਹੋਈ ॥1447॥
ਜਬ ਅਸ ਕਹਯੋ ਗੁਪਾਲ ਮ੍ਰਿਗੇਸੰ ॥ ਬੋਲੀ ਮਾਤਾ ਗਿਰਾ ਬਿਸੇਸੰ ॥
ਏਕ ਬਚਨੁ ਭਾਖੋਂ ਤੁਮ ਪਾਹੀ ॥ ਸੋਇ ਸੁਨੀਜੈ ਪ੍ਰੀਤੀ ਲਾਈ ॥1448॥

॥ ਦੋਹਰਾ ॥

ਇਹ ਮਮ ਕੰਤ ਹੰਜੂਰ ਸੁਤ ਭ੍ਰਾਤ ਧਾਮ ਉਪਜਾਇ ॥
ਹੋਵੈ ਅਤਿ ਗੰਭੀਰ ਪ੍ਰਭ ਗੁਰ ਸਿਖਯਨ ਮਨ ਭਾਇ ॥1449॥

॥ ਚੌਪਈ ॥

ਏਕ ਬੈਨ ਮਾਨੋ ਮਮ ਔਰਾ ॥ ਵਾਹਿਗੁਰੂ ਸਿਮਰੋ ਚਹੁ ਓਰਾ ॥
ਸਤ ਬਚਨ ਤਬ ਸਭ ਨੇ ਠਾਨਾ ॥ ਮਾਤਾ ਜੀ ਇਕੁ ਚਲਤ ਦਿਖਾਨਾ ॥1450॥
ਹਾਥ ਜੋਰੁ ਕਰਿ ਸੀਸ ਨਿਵਾਵਾ ॥ ਪ੍ਰਾਨ ਗਏ ਨਹਿੰ ਤਨ ਕਰ ਹਾਵਾ ॥
ਐਸੀ ਰੀਤ ਕਰੀ ਸੁਖਦਾਈ ॥ ਆਗੇ ਸਤੀ ਨ ਐਸੀ ਭਈ ॥1451॥
ਚੌਂ ਦਿਸ ਲਕਰੀ[1] ਧਰੀ ਅਪਾਰੀ ॥ ਲਾਂਬੂ ਲਾਵਾ ਕਰੀ ਨ ਬਾਰੀ ॥
ਭਯੋ ਦਾਹ ਦੰਪਤਿ ਕੋ ਜੈਸੇ ॥ ਤਾਸ ਰੀਤ ਕਬਿ ਬਰਨੇ ਕੈਸੇ ॥1452॥
ਦੰਪਤਿ ਦਾਹੁ ਐਸ ਜਬ ਭਯੋ ॥ ਗੁਰੂ ਆਦਿ ਉਠਿ ਮਜਨ ਕਯੋ ॥
ਸ੍ਰੀ ਮਤਿ ਬਿਕ੍ਰਮ ਸਿੰਘ ਸੁਹਾਯੋ ॥ ਤੋਯ ਤਿਲਾ ਜਲ ਦੁਹਨਿ ਦਿਵਾਯੋ ॥1453॥
ਸੋਕਾਰਤ ਸਭ ਘਰ ਮੋ ਆਏ ॥ ਖਾਨ ਪਾਨ ਨਹਿ ਕਿਸੇ ਸੁਹਾਏ ॥
ਜਹ ਤਹ, ਖਬਰ ਪਹੁਚ ਬਿਨ ਦੇਰੀ ॥ ਬੇਦੀ ਸਿਖ ਆਏ ਤਿਸੁ ਬੇਰੀ ॥1454॥

(ਬਾਬਾ ਗੁਰਦਿਤਾ ਰਾਮ ਨਾਲ ਬਚਨ ਬਿਲਾਸ)

॥ ਦੋਹਰਾ ॥

ਅਡਣ ਸਾਹੀ ਸਾਧ ਲੇ ਭਾਈ ਗੁਰ ਦਿਤਾ ਰਾਮ ॥
ਪਹੁਚੇ ਊਨੇ ਕੇ ਵਿਖੇ ਰੋਏ ਲੇ ਕਰ ਨਾਮ ॥1455॥

॥ ਚੌਪਈ ॥

ਏਕ ਘੜੀ ਲਗ ਸਭ ਰੁਦਨਾਏ ॥ ਸ੍ਰੀ ਕੋਮਲਨੈਨ ਬੈਨ ਅਲਾਏ ॥
ਰੁਦਨ ਤਿਯਾਗੋ ਸਾਧ ਸਿਆਨੇ ॥ ਜਗਤ ਐਸ ਹੈ ਸੁਪਨ ਸਮਾਨੇ ॥1456॥
ਵਹੁ ਬਿੰਦੀ ਹੈ ਹਮਰੇ ਪੂਤਾ ॥ ਤੁਮ ਨਾਦੀ ਹੋ ਪੂਤ ਸਪੂਤਾ ॥
ਗਯਾਨ ਮਈ ਗੁਰ ਬੈਨ ਅਲਾਏ ॥ ਸਭ ਕੋ ਦੀਨੋ ਸੋਕ ਹਟਾਏ ॥1457॥
ਤੀਨ ਦਿਵਸ ਰਹਿ ਕਰ ਗੁਰ ਪਾਸਾ ॥ ਆਇਸ ਮਾਂਗੀ ਚਲਬੇ ਆਸਾ ॥
ਕਮਲਨੈਨ ਜੀ ਗਿਰਾ ਅਲਾਈ ॥ ਫਿਰ ਨਹਿ ਹਮ ਤੁਮ ਮਿਲਣਾ ਭਾਈ ॥1458॥
ਨਦੀਆ ਵਾਹਿ ਵਿਛੁਨੀਆ ਮੇਲਾ ਸੰਜੋਗੀ ਰਾਮ ॥

---

1. ਅ ਪੋਥੀ ਲਕੜੀ

॥ ਦੋਹਰਾ ॥

ਜੋ ਮੋ ਕੋ ਮਿਲਿਆ ਚਹੈ ਸਤਨਾਮ ਮਹਿ ਰਾਚ ॥
ਦੇਹ ਤਿਆਗ ਮਮ ਮਿਲੇਗਾ ਮਮ ਬਾਣੀ ਹੈ ਸਾਚ ॥1459॥

॥ ਚੌਪਈ ॥

ਲੇਕਰੁ ਆਇਸ ਸਾਧ ਸਿਧਾਏ ॥ ਔਰੁ ਜੁ ਆਏ ਸਭੁ ਬਿਦਾਏ ॥
ਫੂਲਿ ਸ੍ਰੀ ਗੰਗਾ ਜੀ ਕਰੇ ਤਿਯਾਰ ॥ ਇਕ ਹੁਸਤੀ ਵਰ [1]ਘੋੜੇ ਚਾਰ[2] ॥1460॥
ਭੂਖਨ ਬਸਨ ਬਿਤ ਬਹੁ ਭੇਜਾ ॥ ਪੁਨਿ ਆਂਚਰ ਜਹਿ ਦੀਨੀ ਸਿਹਜਾ ॥
ਛਕ ਸਿੰਘ ਗਾਥ ਪਾਛੈ ਗਾਈ ॥ ਜੋ ਰਹੀ ਸੋ ਦਿਉ[3] ਸੁਨਾਈ ॥1461॥
ਬਾਬੇ ਬੈਨੰ ਪੂਰੇ ਭਏ ॥ ਛਕ ਸਿੰਘ ਅਸੁ ਪ੍ਰਾਨ ਤਜ ਦਏ ॥
ਬਾਬੇ ਪਾਸ ਗਏ ਬਿਨ ਦੇਰੀ ॥ ਜਿਨ ਪਰ ਮਯਾ ਹੁਤੀ ਗੁਰ ਕੇਰੀ ॥1462॥
ਚੜਿ ਹਜੂਰ ਹੈ ਨੂਰ ਪੁਰ ਗਏ ॥ ਜਾਨ ਜਗੀਰੰ ਸਿਵਰ ਲਗਾਏ ॥
ਨਭੰ ਮਾਹਾਂ ਬਦਰਾ ਤਬ ਗਾਜਾ ॥ ਜਲ ਵਰਖਨ ਕਾ ਕੀਨੋ ਸਾਜਾ ॥1463॥

॥ ਦੋਹਰਾ ॥

ਮੇਘ ਪ੍ਰਤੀ ਸ੍ਰੀ ਸਤਿਗੁਰੂ ਕਹੀ ਗਿਰਾ ਰਿਸਿ ਸਾਥ ॥
ਪੂਤ ਹਮਾਰਾ ਮਿਤ੍ਰ ਹੈ ਤੂੰ ਚਹਿ ਵਰਖਾ ਪਾਥ ॥1464॥

॥ ਚੌਪਈ ॥

ਬਿਨਾ ਬਿਲਮ ਮੇਘ ਹਟ ਗਯੋ ॥ ਏਕ ਬੂੰਦ ਨਹਿ ਜਲ ਬਰਖਾਯੋ ॥
ਬਿਨ ਬਰਖਾ ਪਰਜਾ ਉਕਲਾਈ ॥ ਖੇਤੀ ਸੂਕੀ ਜੀਉ ਮਰਾਹੀ ॥1465॥
ਗਊ ਬ੍ਰਿਧਾ ਤਹ ਆਵਨ ਕੀਨਾ ॥ ਚਾਰ ਘਟ੍ਰੀ ਲਗ ਠਹਿਰੀ ਦੀਨਾ ॥
ਦੁਤੀ ਦਿਵਸ ਬਹੁਰ ਚਲ ਆਈ ॥ ਚਾਰ ਘਟੀ ਲਗ ਖੜੀ ਰਹਾਈ ॥1466॥
ਤ੍ਰਿਤੀ ਦਿਵਸ ਤਹ ਆਵਨ ਕੀਨ੍ਹਾ ॥ ਰੋਈਂ ਅਤਿਸੈ ਹੰ[4] ਬਹੁ ਦੀਨਾ ॥
ਸ੍ਰੀ ਕਮਲਾਨਨ ਪੂਛਨ ਕੀਨੋ ॥ ਕਹਯੋ[5] ਤੂ ਕਹੋ ਰੋਈ ਪ੍ਰਬੀਨੋ ॥1467॥

॥ ਦੋਹਰਾ ॥

ਸੀਸ ਹਲਾਵਨ ਤਿੱਲ ਕਰਾ ਨੈਨਨ ਤੇ ਜਲ ਜਾਇ ॥
ਮਯਾ ਨਿਧਾਨ ਬਚ ਇਮ ਕਹਯੋ ਜਾਵੋ ਬਰਖਾ ਆਇ ॥1468॥

---

1. ਅ ਪੋਥੀ ਚਾਰੁ
2. ਅ ਪੋਥੀ ਨਾਰੁ
3. ਅ ਪੋਥੀ ਦੇਹੁ
4. ਅ ਪੋਥੀ ਹੁਇ
5. ਅ ਪੋਥੀ ਕਯੋ ਆਈ

॥ ਚੌਪਈ ॥

ਦੇ ਪ੍ਰਦਛਣੁ ਲੋਪ[1] ਸੁ ਹੋਈ ॥ ਬਹੁਰਿ ਨ ਕਿਸਨੈ ਨੈਨੋ ਜੋਈ ॥
ਪੂਛਾ ਸਿਖਨ ਬਿਨਤੀ ਠਾਨੀ ॥ ਗਊ ਕੌਨ ਥੀ ਸੁਭ ਗੁਨ ਖਾਨੀ ॥1469॥
ਸ੍ਰੀ ਕਮਲਾਨੰਨ ਗਿਰਾ ਅਲਾਈ ॥ ਪ੍ਰਿਥੀ ਧੇਨੂ ਰੂਪੰ ਧਰੁ ਆਈ ॥
ਬਰਖਾ ਹੇਤੰ ਆਇ ਪੁਕਾਰੀ ॥ ਭੋਰ ਹੋਤ ਬਰਖੈ ਬਹੁ ਬਾਰੀ ॥1470॥
ਕਹਿ ਐਸੇ ਗੁਰ ਤੂਸਨ ਕੀਨੀ ॥ ਭੋਰ ਭਈ ਬਰਖਾ ਅਤਿ ਪੀਨੀ ॥
ਢਾਬਾਂ ਛਪੜ ਤਾਲ ਭਰਾਨੇ ॥ ਜੀਵ ਜੰਤ ਸਗਲੇ ਹਰਖਾਨੇ ॥1471॥
ਏਕ ਦਿਵਸਿ ਬਡ ਗਰਦ ਉਡਾਨੀ ॥ ਆਪਸੁ ਮੁ ਸਿੰਘ ਬੋਲੇ [2]ਬਾਨੀ ॥
ਸਤਿਗੁਰ ਸਾਹਿਬ ਤਿਨ ਤੇ ਪੂਛਾ ॥ ਕਯਾ ਦੇਖਤ ਤੁਮ ਇਸ ਧਰ ਸੂਛਾ ॥1472॥

॥ ਦੋਹਰਾ ॥

ਪਾਨ ਜੋਰ ਸਿਖਨ ਕਹਯੋ ਗਰਦ ਉਠੀ ਉਸ ਓਰ ॥
ਸ੍ਰੀ ਹਜੂਰ ਜੀ ਬਚ ਭਨ੍ਯੋ ਆਏ ਸਹੀਦ ਕਰ ਜੋਰ ॥1473॥

(ਸ਼ਹੀਦ ਸਿੰਘ ਨੇ ਇਕ ਸਿਖ ਦੇ ਚੇਪੜ ਮਾਰਨੀ)

॥ ਚੌਪਈ ॥

ਕਾਬੁਲ ਕੇ ਇਨ ਮੇਵੇ ਖਾਏ ॥ ਹਟ ਕਰ ਅਬ ਦਰਸਨ ਕੌ ਆਏ ॥
ਤਬ ਲਗ ਇਕ ਸਿਖ ਸਿਖ ਚੁਕਾ ਆਨਾ ॥ ਲਗੀ ਚਪੇਟ ਪੀੜ ਮਹਾਨਾ ॥1474॥
ਗੁਰ ਕੇ ਆਗੇ ਆਨ ਧਰਾਵਾ ॥ ਕਮਲ ਨੈਨ ਤਬ ਬੈਨ ਅਲਾਵਾ ॥
ਕਯਾ ਤੁਮ ਹੋਵਾ ਦੇਹੁ ਬਤਾਈ ॥ ਸੋ ਨਹਿ ਬੋਲਾ ਮੁਰਛਤ ਪਾਈ ॥1475॥
ਤਿਸ ਪਰ ਗੁਰ ਜੀ ਜੀ ਸੰਚਾਵਾ ॥ ਬਿਨਾ ਬੇਰ ਚੇਤਨ[3] ਹੁਇ ਆਵਾ ॥
ਪੂਛਾ ਸਾਹਿਬ ਕ੍ਰਿਯਾ ਤੁਧ ਹੁਯੋ[4] ॥ ਪਾਨ ਜੋਰ ਸੋ ਕਹੁਤੋ ਭਯੋ ॥1476॥
ਹੋਨ ਸੁਚੇਤ ਬਾਝ ਮੈ ਗਿਯਾ ॥ ਸੁਖਾ ਤਿਯਾਰੁ ਆਗੇ ਸਿੰਘ ਕਿਯਾ ॥
ਮੋਕੋ ਭਾਖਾ ਦੇਹੁ ਛਨਾਈ ॥ ਲਾਗ ਛਨਾਵਨ ਦੇਰ ਬਿਹਾਈ ॥1477॥

॥ ਦੋਹਰਾ ॥

ਤੇਜ ਨ ਤਿਸ ਕਾ ਮੈ ਸਹਾ ਸਾਫਾ ਛੂਟਾ ਪਾਨ ॥
ਹਨਾ ਤਮਾਚਾ ਤਾਨ ਕਰ ਦਾੜਾ ਕੀਨੀ ਹਾਨ ॥1478॥

॥ ਚੌਪਈ ॥

ਭਨਾ ਹਜੂਰ ਸ਼ਹੀਦ ਸਾ [5]ਸੋਇ ॥ ਤਿਨ ਕਾ ਤੇਜ ਨ ਸਹਿ ਸਕ ਕੋਇ ॥
ਸਤਨਾਮ ਸਦਾ ਮੁਖੋ ਉਚਾਰੋ ॥ ਜਿਹ ਸਿਮਰਨ ਕਾ ਫਲ ਹੈ ਭਾਰੋ ॥1479॥

(ਭਾਈ ਭਾਗ ਸਿੰਘ ਦਾ ਕਥਾ)

ਭਾਈ ਭਾਗ ਸਿੰਘ ਚਲ ਆਯੋ ॥ ਬਾਬੇ ਹੇਤੋ ਕਰ ਰੁਦਨ ਬੁਲਾਯੋ ॥
ਭਨਾ ਹਜੂਰ ਸੁਨੋ ਤੁਮ ਭਾਈ ॥ ਸੰਤ ਹੇਤ ਕਯਾ ਸੋਕ ਕਰਾਈ ॥1480॥

---

1. ਅ ਪੋਥੀ ਗਯੋ ਲੋਪ 2. ਅ ਪੋਥੀ ਤਬ ਬਾਨੀ 3. ਅ ਪੋਥੀ ਸੁਚੇਤ 4. ਅ ਪੋਥੀ ਦਯੋ
5. ੲ ਪੋਥੀ ਥਾ

ਸੁਪਨ ਸਮਾਨ ਜਗਤ੍ਰ ਕੋ ਜਾਨੋ ॥ ਜੀਵ ਪ੍ਰਮਾਤਮ ਏਕ ਪਛਾਨੋ ॥
ਸੰਜੋਗ ਵਿਜੋਗ ਸਦਾ ਚਲ ਆਇ ॥ ਜੋ ਹੋਆ ਨਹੀ ਥਿਰੰ ਰਹਾਇ ॥1481॥
ਆਪ ਸਰੂਪੰ ਦ੍ਰਿਸਟਾ ਮਾਨੋ ॥ ਜੋ ਹੁਵੈ ਸੋ ਕਲਪਤ ਜਾਨੋ ॥
ਆਪ ਸਾਰਖੇ ਸੰਤ ਸੁਜਾਨਾ ॥ ਹੰਤਾ ਮਮਤਾ ਕੀਨਾ ਹਾਨਾ ॥1482॥

॥ ਦੋਹਰਾ ॥

ਸੁਨ ਕਰ ਭਾਈ ਭਾਗ ਸਿੰਘ ਚਰਨ ਗਹੇ ਅਕੁਲਾਇ ॥
ਧੰਨ ਧੰਨ ਸਮਰਥੁ ਗੁਰੂ ਜਿਨ ਮਨ ਧੀਰਜ ਆਇ ॥1483॥

॥ ਚੌਪਈ ॥

ਕੋਇਕੁ ਦਿਨਾ ਰਹੇ ਗੁਰ ਪਾਸਾ ॥ ਆਇਸ ਮਾਂਗੀ ਭਏ ਉਦਾਸਾ ॥
ਭਨਾ ਹਜੂਰ ਅੰਤ ਕਾ ਮੇਲਾ ॥ ਦੇਹੀ ਕਰ ਫਿਰ ਮਿਲਨ ਦੁਹੇਲਾ ॥1484॥
ਸੁਨ ਕਰ ਭਾਈ ਨੈਨ ਭਰਾਨੇ ॥ ਕੈਸਾ ਬੈਨ ਕਹਯੋ ਸੁਜਾਨੇ ॥
ਭਨਾ ਹਜੂਰ ਨ ਦੇਹੁ ਮਿਲਾਈ ॥ ਆਤਮ ਸਾਥ ਮਿਲੇਗੇਂ ਭਾਈ ॥1485॥
ਸੁਨ ਕਰ ਭਾਈ ਮਨ ਹਰਖਾਵਾ ॥ ਪਾਦ ਪਦਮ ਪਰ ਸੀਸ ਨਿਵਾਵਾ ॥
ਚਲਤ ਭਏ ਨਹਿ ਕੀਨੀ ਦੇਰੀ ॥ ਬਾਰੰ ਬਾਰੰ ਮੂਰਤ ਗੁਰ ਹੇਰੀ ॥1486॥
ਜੁਗਮ ਮਹੀਨੇ ਤਹਾ ਬਿਤਾਏ ॥ ਬਹੁੜੋ ਚੜ੍ਹਿ ਕਰੁ ਊਨੇ ਆਏ ॥
ਪਲਘੂ ਬਿਰਾਜੇ ਗੁਰ ਸੁਖਦਾਈ ॥ ਸਾਹਿਬਜਾਦਾ ਲੇਹੁ ਬੁਲਾਈ ॥ 1487॥
ਬਿਕ੍ਰਮ ਸਿੰਘ ਜੀ ਬੈਨ ਅਲਾਵਾ ॥ ਹਾਜਰ ਗੁਰੂ ਜੀ ਕਹੋ ਦੁਖ ਪਾਵਾ ॥
ਸ੍ਰੀ ਕਮਲਾਨੰਨ ਗਿਰਾ ਅਲਾਈ ॥ ਤੋਪਾ ਦੋਵੇ ਸਭੇ ਕਟਾਈ ॥1488॥
ਸਤਿ ਬਚੰਨੁ ਤਬ [1]ਸੁਭ ਸੁਤ ਗਾਯੋ ॥ ਦੂਨੇ ਸਿੰਘ ਸੁਨ ਬੈਨ ਅਲਾਯੋ ॥
ਸਾਧ ਸੰਤ ਇਨਿ ਦਰਸਨ ਪਾਵੈ ॥ ਸਤ੍ਰੂਨ ਕੇ ਮਨੁ ਭੈ ਰਹਾਵੈ ॥1489॥
ਕਹਯੋ ਹਜੂਰ ਸਿੰਘ ਜੀ ਸੁਨੀਏ ॥ ਇਹ ਤੋਪਾ ਦੁਖਦਾਈ ਗੁਨੀਏ ॥
ਤੁਮ ਜਾਵੋ ਅਬ ਖੜੀ ਰਹਾਵੈ ॥ ਪਾਛੇ ਕਸਟੰ ਬਹੁ ਦਿਖਲਾਵੈ ॥1490॥

॥ ਦੋਹਰਾ ॥

ਸਪੂਤ ਬਿਕ੍ਰਮ ਸਿੰਘ ਪ੍ਰਤਿ ਕਹੀ ਗਿਰਾ ਸੁਖਦਾਨ ॥
ਰਹਿਨ ਦਿਉ ਨਹਿ ਕਾਟੀਏ ਸਤ ਬਚਨ ਤਿਨ ਠਾਨ ॥1491॥

## (ਮਹਾਂ ਸਿੰਘ ਦੀ ਕਥਾ)

॥ ਚੌਪਈ ॥

ਏਕ ਦਿਵਸ ਗੁਰ ਗਿਰਾ ਅਲਾਈ ॥ ਜੁਗਮ ਹੈ ਸੁਭ ਸੰਗਤ ਲਯਾਈ ॥
ਇਕ ਮੁਸਕੀ ਇਕ ਸੁਰਖਾ ਲਯਾਏ ॥ ਹੈ ਅਤ ਚੰਚਲ ਚਾਲ ਸੁਹਾਏ ॥1492॥

---

*1. ਮੂਲ ਪੋਥੀ ਸੁਤ ਗੁਭ

ਤਬ ਲਗ ਸੰਗਤ ਆਈ ਧਾਈ ॥ ਮਨ ਮੈ ਜਿਨ ਕੇ ਰਤ ਅਧਿਕਾਈ ॥
ਜੁਗ ਘੋੜੇ ਤਿਨ ਆਨ ਚਢਾਏ ॥ ਦਮੜੇ ਭੂਖਨ ਬਸਨ ਧਰਾਏ ॥1493॥
ਮਹਾਂ ਸਿੰਘ ਬੈਠਾ [1]ਗੁਰ ਪਾਸ ॥ ਮਨ ਮੈ ਕੀਨੀ ਤਿਨ ਅਰਦਾਸ ॥
ਦ੍ਰਿੜ ਸੈਧ ਵਰ[2] ਮੁਝੈ ਦਿਵਾਵੈ ॥ ਕਰੈ ਮਯਾ ਮੁਹਿ ਮਨ ਹਰਖਾਵੈ ॥1494॥
ਮਹਾਂ ਸਿੰਘ ਕੇ ਮਨ ਕੀ ਜਾਨੀ ॥ ਸ੍ਰੀ ਕਮਲਾਨਨ ਗਿਰਾ ਬਖਾਨੀ ॥
ਮਹਾਂ ਸਿੰਘ ਜੁਗ ਬਾਜੀ ਲੀਜੈ ॥ ਚੜ੍ਹਿ ਕਰ ਫੇਰੋ ਪਾਸ ਰਖੀਜੈ ॥1495॥

॥ ਦੋਹਰਾ ॥

ਮਹਾ ਸਿੰਘ ਕਰ ਜੋਰੁ ਕਰ ਕਹੀ ਗਿਰਾ ਰਸਾਲ ॥
ਘਟ ਘਟ ਜਾਨਨਹਾਰ ਗੁਰ ਕਾਟਤ ਸਿਖਨ ਕਾਲ ॥1496॥

॥ ਚੌਪਈ ॥

ਤੀਨ ਦਿਵਸ ਸੰਗਤ ਰਹਾਈ ॥ ਲੇਇ ਖੁਸੀ ਝਬ ਭਵਨ ਸਿਧਾਈ ॥

## (ਬੈਲ ਨੂੰ ਮਾਰਨ ਵਾਲੇ ਨੂੰ ਸਜਾ)

ਇਕ ਮਾਨਵ ਨੇ ਖਬਰੰ ਦੀਨੀ ॥ ਮੁਨ[3] ਮੈ ਬੈਲੰ ਅੰਤ[4] ਦੁਖ ਪੀਨੀ ॥1497॥
ਚੰਦ੍ਰਹਾਸ ਕਿਸੇ ਮੁਖ ਮਾਰੀ ॥ ਯਾਂਤੇ ਗਿਰਗਾ ਧਰਨ ਮਝਾਰੀ ॥
ਗੁਰੂ ਭਨਾ ਸਕਟਾ ਲੈ ਜਾਵੋ ॥ ਊਪਰਿ ਤਿਸ ਕੌ ਪਾਇ ਲਿਯਾਵੋ ॥1498॥
ਮਾਨ ਹੁਕਮ ਤਿਸ ਲਯਾਵਨ ਕੀਨਾ ॥ ਟਹਿਲ ਕਰਾਈ ਗੁਰ ਪ੍ਰਬੀਨਾ ॥
ਸੁਤ ਕੌ ਲੀਨਾ ਪਾਸ ਬੁਲਾਈ ॥ ਗਿਰਾ ਭਨੀ ਤਿਸ ਪ੍ਰਤਿ ਸੁਖਦਾਈ ॥1499॥
ਬੈਲ ਪ੍ਰਤਿ ਜਿਸ ਜਖਮ ਲਗਾਵਾ ॥ ਤਿਸ ਕਉ ਖੋਜੋ ਬਿਲਮ ਬਿਹਾਵਾ ॥
ਸਤ ਬਚਨ ਕਰ ਖੋਜਨੁ ਕੀਨਾ ॥ ਤੁਰਕ ਚਮਯਾਰੰ ਟੋਲਿ ਸੁ ਲੀਨਾ ॥1500॥

॥ ਦੋਹਰਾ ॥

ਫਾਸੀ ਦੇਵੋ ਨੀਚ ਕੌ ਭਨਾ ਬਚਨੁ ਹਜੂਰ ॥
ਹਨਾ ਕੁਠਾਰ ਇਨ ਬੈਲ ਕੋ ਪਾਵੋ ਇਸ ਮੁਖ ਧੂਰ ॥1501॥
ਸਾਹਿਬ ਬਿਕ੍ਰਮ ਸਿੰਘ ਜੀ ਭਨੀ ਬਿਨੇ ਘਿਘਆਇ ॥
ਪ੍ਰਾਨ ਬਚਾਵੋ ਨੀਚ ਕੇ ਸ੍ਰੀ ਗੁਰ ਜੀ ਸੁਖਦਾਇ ॥1502॥

॥ ਚੌਪਈ ॥

ਸ੍ਰੀ ਕਮਲਾਨਨ ਗਿਰਾ ਅਲਾਈ ॥ ਇਸ ਨੀਚ ਵਡ ਕਰੀ ਖੁਟਾਈ ॥
ਮਮ ਬੈਠੇ ਇਨ ਕਰਾ ਬਿਗਾਰਾ ॥ ਯਾਂਤੇ ਚਹੀਏ[5] ਇਸ ਕੌ ਮਾਰਾ ॥1503॥
ਜੀਏ ਬਾਨੀ ਸੁਨਤ ਗੁਸੈਲੀ ॥ ਬਿਕ੍ਰਮ ਸਿੰਘ ਮਯਾ ਮਨ ਫੈਲੀ ॥
ਇਸ ਪ੍ਰਾਨ ਬਚਾਵੋ ਦੀਨ ਦਿਆਲ ॥ ਸਿੰਖਨ ਕੀ ਕਰਤੇ ਪ੍ਰਤਿ ਪਾਲ ॥1504॥

---

1. ਅ ਪੋਥੀ ਸ੍ਰੀ ਗੁਰ 2. ਅ ਪੋਥੀ ਵਗੁਰ 3. ਮੂਲ ਪੋਥੀ ਮਨ 4. ਅ ਪੋਥੀ ਬਡ 5. ਅ ਪੋਥੀ ਪਾਠਾਂਤਰ : ਚਹੀਯੇ ਯਾਕੋ

[1]ਤੁਮਰੋ ਕਹਯੋ ਨ ਪੂਤ ਹਟਾਵੈ[1] ॥ ਔਰ ਇਸੈ ਕੌ ਡੰਡ ਦਿਵਾਵੈ ॥
ਭੂਜਾ ਸਜੀ ਇਸੁ ਦੇਹੁ ਕਟਾਈ ॥ ਜਿਸੁ ਕਰਿ ਤੇ[2] ਇਨ ਕਰੀ ਬੁਰਾਈ ॥1505॥
ਦੀਨੀ ਤਿਸ ਕੀ ਬਹਿ ਕਟਾਇ ॥ ਜੋ ਕੀਨੋ ਲੀਨੋ ਫਲ ਪਾਇ ॥
ਆਪ ਗੁਰੂ ਹੈ ਸਦ ਨਿਰਵੈਰ ॥ ਕਿਸ ਸਨ ਪ੍ਰੀਤ ਨ ਕਿਸ ਸੰਨ ਬੈਰ ॥1506॥

**(ਬਲਵੰਤ ਸਿੰਘ ਦੀ ਕਥਾ)**

॥ ਦੋਹਰਾ ॥

ਮਿਘਆਣੇ ਮੋ ਬਲਵੰਡ ਸਿੰਘ ਆਵਾ ਦਰਸਨ ਹੇਤ ॥
ਸਵਾ ਸੌ ਦਮੜਾ ਧਰਾ ਹੈ ਇਕ ਚਾਲਾ [ਹੈ][3] ਦੇਤ ॥1507॥

॥ ਚੌਪਈ ॥

ਭਨਾ ਗੁਰੂ ਤੁਮ ਰਾਖੋ ਭਾਈ ॥ ਭਾ ਮਸੰਦ ਵਡ ਪੂਜਾ ਖਾਈ ॥
ਲੋਗਨ ਆਖੋ ਗੁਰ ਪਹਿ ਚਾਲੇ ॥ ਲੇਵੋ ਪੂਜਾ ਬਾਂਧੋ ਪਾਲੇ ॥1508॥
ਪਾਨ ਜੋਰ ਤਿਨ ਬਿਨਤੀ ਕੀਨੀ ॥ ਹਮ ਲੋਗ ਹੈ ਅਤਮਤ ਹੀਨੀ ॥
ਬਖਸਨਹਾਰੇ ਆਪ ਸੁਆਮੀ ॥ ਹਮ ਅਤਸੇ ਹੈ ਬਾਮੀ ਕਾਮੀ ॥1509॥
ਸੁਨਿਤਿ ਸੁ ਬਿਨਤੀ ਭਏ ਦਯਾਲਾ ॥ ਲੀਨੀ ਭੇਟਾ ਕਰੀ ਨ ਟਾਲਾ ॥
ਦੀਨਨ ਕੀ ਸਦ ਕਰ[4] ਹੈ[4] ਸਹਾਈ ॥ ਫੂਲੋ ਕੋਮਲ ਗੁਰ ਸੁਖਦਾਈ ॥1510॥
ਕੋਇਕ[5] ਦਿਨ ਰਹਾ ਗੁਰ ਪਾਸ ॥ ਪੁਨਾ ਚਲਨ ਕੀ ਕੀਨੀ ਆਸ ॥
ਆਯਸ ਮਾਂਗੀ ਬੈਨ ਬਖਾਨਾ ॥ ਕਰੋ ਖੁਸੀ ਸ੍ਰੀ ਗੁਰ ਸੁਖ ਦਾਨਾ ॥1511॥

॥ ਦੋਹਰਾ ॥

ਸ੍ਰੀ ਕਮਲਾਨਨ ਬਚ ਭਨਾ ਮਿਲਨਾ ਥਾ ਇਸ ਬਾਰ[6] ॥
ਦੇਹੁ ਕਰ ਬਹੁਰੋ[7] ਨਾ ਮਿਲੋ ਕਹੇ ਬਚਨ ਹਿਤ ਧਾਰ ॥1512॥

॥ ਚੌਪਈ ॥

ਸੁਨ ਕਰ ਭਾਈ ਚਰਨ ਗਹਾਨੇ ॥ ਮੇਰੀ ਕੀਜੈ ਗੁਰ ਕਲਿਯਾਨੇ ॥
ਦਾਸਨਿ ਦਾਸ ਦਾਸ ਮੁਹਿ ਜਾਨੋ ॥ ਜਨਮ ਮਰਨ ਮੁਹਿ ਕੀਜੈ ਹਾਨੋ ॥1513॥
ਸਤਿਗੁਰ ਸਾਹਿਬ ਬੈਨ ਬਖਾਨਾ ॥ ਵਾਹਿਗੁਰੂ ਸਿਮਰੋ ਸੁਖਦਾਨਾ ॥
ਦੇਹ ਆਦਿ ਮਿਥਿਆ ਸਭ ਜਾਨੋ ॥ ਜਿਨ ਆਤਮ ਕੌ ਸਤ ਪਛਾਨੋ ॥1514॥
ਸਿਰੋਪਾਇ ਸਤਿਗੁਰੂ ਦਿਵਵਾ ॥ ਲੇਕਰ ਸੋ ਨਿਜ ਭਵਨ ਸਿਧਾਵਾ ॥
ਦਮਦਮੇ ਇਕੁ ਦਿਨੁ ਗੁਰ ਆਏ ॥ ਸੀਸ ਨਯਾਇ ਕਰੁ ਬੈਨ ਅਲਾਏ ॥1515॥

**(ਦਮਦਮੇ ਦੀ ਸੇਵਾ)**

ਦਮਦਮਾ ਮੋਰਾ ਤਨ ਜਾਨੋ ॥ ਇਸ ਸੇਵਨ ਤੇ ਫਲ ਮਹਾਨੋ ॥
ਇਕ ਮਾਨਵ ਕੌ ਸ੍ਰੀ ਗੁਰ ਪ੍ਰੇਰਾ ॥ ਬਾਬਾ ਕਾਨ ਸਿੰਘ ਤਿਨ ਹੇਰਾ ॥1516॥

---

1. ਅ ਪੋਥੀ ਪਾਠਾਂਤਰ : ਨੋਗਿਰਾਨ ਤੁਮ ਕਹਯੋ ਹਟਾਵੈ ॥ 2. ਅ ਪੋਥੀ ਸੋ 3. ਅ ਪੋਥੀ ਵਿਚੋਂ
4. ਅ ਪੋਥੀ ਕਰੈ 5. ੲ ਪੋਥੀ ਕਛੁਕੁ 6. ਅ ਪੋਥੀ ਸਾਰ 7. ਅ ਪੋਥੀ ਬਹੁਤੋ

॥ ਦੋਹਰਾ ॥

ਬਾਬੇ ਪ੍ਰਤਿ ਤਿਸ ਨੇ ਭਨਾ ਕਹਯੋ ਹਜੂਰੰ ਬੈਨ ॥
ਪਾੜ ਪਯੋ ਜੁਗ ਖੂਹਨ ਕਾ ਬਨਵਾਵੋ ਧਰਿ ਚੈਨ ॥1517॥

॥ ਚੌਪਈ ॥

ਸੁਨ ਕਰ ਬਾਬੇ ਬੈਨ ਬਖਾਨਾ ॥ ਆਵੇ ਮੋ ਨਹਿ ਈਟ ਸੁਜਾਨਾ ॥
ਸੁਨ ਕਰ ਮਾਨਵ ਗੁਰੈ ਸੁਨਾਵਾ ॥ ਨਿਜ ਸਪੂਤ ਸਤਿਗੁਰੂ ਬੁਲਾਵਾ ॥1518॥
ਬਿਕ੍ਰਮ ਸਿੰਘ ਆਵਾ ਬਿਨ ਦੇਰੀ ॥ ਪਾਨ ਜੋਰ ਕਰ ਬਿਨਤੀ ਟੇਰੀ ॥
ਜੋ ਭਾਖੋ ਸੋ ਕਰੋ ਸੁਆਮੀ ॥ ਯਾ ਮੋ ਰੰਚਕ ਨਾਹੀ ਖਾਮੀ ॥1519॥
ਭਨਾ ਹਜੂਰ ਜੁਗ ਕੂਪ ਲਵਾਵੋ ॥ ਚੂਨਾ ਈਟੈ ਕਲੀ ਲਵਾਵੋ ॥
ਮਾਨੀ ਆਦਿਸ ਦੇਰ ਨ ਕੀਨੀ ॥ ਲਗੀ ਉਸਾਰੀ ਦੇਰ ਬਿਹੀਨੀ ॥1520॥

॥ ਦੋਹਰਾ ॥

ਸੁਖੇ ਕੀ ਜਹ ਦੇਗ ਥੀ ਇਕ ਤਹ ਲਾਵਨ ਕੀਨ ॥
ਤੇਗ ਸਿੰਘ ਹੈਸਾਲ ਮਹ ਦੁਤੀਆ ਲਾਇ ਵਰ[1] ਦੀਨ ॥1521॥

॥ ਚੌਪਈ ॥

ਤੀਨ ਦਿਵਸ ਜਬ ਭਏ ਬਤੀਤਾ ॥ ਦੇਖਨ ਅਏ ਗੁਰ ਧਰ ਪ੍ਰੀਤਾ ॥
ਟਹਿਲ ਦੇਖ ਮਨ ਮੋ ਹਰਖਾਏ ॥ ਸੁਭ ਸਪੂਤ ਪ੍ਰਤਿ ਬੈਨ ਅਲਾਏ ॥1522॥
ਧੰਨ ਬਿਕ੍ਰਮ ਸਿੰਘ ਪਰਮ ਸੁਜਾਨਾ ॥ ਬੈਨ ਹਮਾਰਾ ਤਤਖਿਨ ਮਾਨਾ ॥
ਜਾਵੋ ਖੇਲੋ ਮਨ ਹਰਖਾਈ ॥ ਬੈਠਿ ਬਨਾਵੈ ਰਿਦ ਬਿਗਸਾਈ ॥1523॥
ਪਾਖ ਦਿਵਸ ਗੁਰੂ ਕੂਪ ਲਵਾਏ ॥ ਚਠ ਕਰਾਈ ਦ੍ਵਿਜ ਜਿਵਾਏ ॥
ਮਹਿਲਾ ਪ੍ਰਤਿ ਗੁਰ ਆਦਿਸ ਦੀਨੀ ॥ ਕੂਪ ਲਗਾਵੋ ਜੁਗਮ ਪ੍ਰਬੀਨੀ ॥1524॥
ਸਤ ਬਚਨ ਕਰ ਤਿਨੋ ਬਨਾਏ ॥ ਨਾਮ ਤਿਨੋ ਕੇ ਦੇਉ ਸੁਨਾਏ ॥
ਸਰ ਸੰਤੋਖੁ ਏਕ ਕੋ ਨਾਮ ॥ ਮੁਕਤਿਸਰ ਸੁਭ ਦੁਤੀ ਅਭਿਰਾਮ ॥1525॥
ਮਾਤਾ ਸਾਹਿਬ ਜੁਗਮ ਲਵਾਏ ॥ ਨਾਨ ਕਰੇ ਜੋ ਸਭ ਫਲ ਪਾਏ ॥
ਦਿਵਾਨ ਚਰਨ ਸਿੰਘ ਗੁਰ ਨੇ ਪ੍ਰੇਰਾ ॥ ਬਾਗ ਕੂਪ ਲਾਵੋ ਬਿਨ ਦੇਰਾ[2] ॥1526॥

॥ ਦੋਹਰਾ ॥

ਮਾਨ ਬਚਨੁ ਸਤਿਗੁਰੂ ਕਾ ਲੀਨੇ ਜੁਗਮ ਲਵਾਇ ॥
ਦਿਵਾਨ ਪਰ ਪਰਸੰਨ ਭੋ ਹੋਲ ਗੜਿ ਫਿਰ ਜਾਇ ॥1527॥[3]

॥ ਚੌਪਈ ॥

ਪਕੇ ਤਬੇਲੇ ਪੁਨ ਗੁਰ ਆਏ ॥ ਸਪੂਤ ਪ੍ਰਤੀ ਸੁਭ ਬੈਨ ਅਲਾਏ ॥
ਕੂਪ ਲਵਾਵੋ ਕਰੋ ਨ ਬਾਰੀ ॥ ਨਰੁ ਨਾਰੀ ਮਿਲ[4] ਪੀਵੈ ਬਾਰੀ ॥1528॥

---

1. ਅ ਪੋਥੀ ਇਸੰ 2. ਅ ਪੋਥੀ ਬੇਰੀ 3. ਅ ਪੋਥੀ ਇਸ ਮਗਰੋਂ ਪੋਥੀ ਵਿਚ ਇਹ ਦੋਹਰਾ ਵਾਧੂ ਹੈ :
ਆਸਾ ਸਿੰਘ ਸਿਰਦਾਰ ਕਉ ਜਿਮੀ ਦੀਨ ਹਰਖਾਈ ॥
ਕੂਪੁ ਬਾਗੁ ਲਵਾਇ ਤੂ ਲਾਏ ਬਿਣ ਬਿਲਮਾਈ ॥1528॥

4. ਅ ਪੋਥੀ ਦੁ

ਬਚਨ ਮਾਨ ਸੁਤ[1] ਕੂਪੁ ਲਵਾਵਾ ॥ ਪਰ ਉਪਕਾਰੰ ਗੁਰੂ[2] ਦ੍ਰਿੜਾਵਾ ॥
ਬਾਗ ਕੂਪ ਤੜਾਗ ਜੋ ਬਾਪੀ ॥ ਇਨ ਕਾ ਪੁੰਨ ਨਹ ਜਾਇ ਅਲਾਪੀ ॥1529॥
ਯਾਂਤੇ ਤੇ ਸ੍ਰੀ ਗੁਰ ਕੂਪ ਲਵਾਵੈਂ ॥ ਜੀਵਨ ਕੋ ਬਹੁ ਸੁਖ ਦਿਖਾਵੈਂ[3] ॥
ਖਡ ਊਪਰਿ ਨਾਵਣ ਸੁਭ ਥਾਨਾ ॥ ਮਾਤ ਬਨਾਵਾ ਪਕ ਜਹ ਪਾਨਾ ॥1530॥

(ਭਾਈ ਸੇਵਾ ਸਿੰਘ ਦੀ ਕਥਾ)

ਭਾਈ ਸੇਵਾ ਸਿੰਘ ਜੀ ਆਏ ॥ ਸਾਹਿਬਜਾਦੇ ਹਿਤ ਰੁਦਨਾਏ ॥
ਸ੍ਰੀ ਹਜੂਰ ਜੀ ਗਿਰਾ ਅਲਾਈ ॥ ਰੋਵਨ ਤੁ ਕੋ ਨਹਿ ਬਨੁ ਆਈ ॥1531॥
ਨਾਮ ਰੂਪ ਕਰ ਰਚਯੋ ਅਖਾਰਾ ॥ ਸੁੰਦਰ ਨਾਮੁ ਕਿਯੋ ਸੰਸਾਰਾ ॥
ਬਿਖਿਆ ਬਿਖੈ ਰਤ ਕੁਟਿਲ ਕੁਭਾਵਨ ॥ ਬਧੇ ਲੋਕ ਸੁਨ ਨਾਮ ਸੁਹਾਵਨ ॥1532॥

॥ ਦੋਹਰਾ ॥

ਨਾਮ ਰੂਪ ਸੁੰਦਰ ਨਿਰਖੁ ਮਿਤ੍ਰ ਨ ਕੀਜੈ ਮੰਦ ॥
ਆਖਨ ਕੋ ਆਂਧਾ ਕਰਤ ਨਾਮ-ਮੋਤਿਯਾ ਬਿੰਦ ॥1533॥

॥ ਕਬਿਤ ॥

ਦੇਖਨਿ[4] ਕੋ ਔਰੁ ਅਰ ਭੀਤਰ ਤੇ ਔਰੁ ਤੌਰ
ਮਹਾਂ ਰੋਗ ਠੌਰ ਗੌਰ ਭੇਦ ਜੋਰਿ ਰਤਿ ਹੈ ॥
ਜੋਈ ਹੈ ਮਿਠਾਈ ਨਰੈ ਅਤਸੈ ਖਟਾਈ ਭਈ
ਏਵ ਭੌਰੀ ਏਕ ਧਾਰ ਕਦੀ ਨ ਚਲਤਿ ਹੈ ॥
ਆਦਿ ਸੁਖ ਯਾਂਕੇ ਅੰਤ ਕਾਲੁ ਮੈ ਦੁਖਤ ਰੌਤ
ਸਰਿਤਾ ਪ੍ਰਵਾਹ ਸਮ ਚਲਯੋ ਜਾਤ ਗਤਿ ਹੈ ॥
ਕਾਚੋ ਹੈ ਰੇ ਕਾਚੋ ਜਗ ਨੀਕੇ ਹੈ ਨਿਹਾਰਯੋ ਕਹੂੰ
ਸਾਚੇ ਕੋ ਬਨਾਯੋ ਤਾਤੇ ਸਾਚੋ ਸੋ ਲਗਤਿ ਹੈ ॥1434॥
ਕਾਮ ਕ੍ਰੋਧੁ ਲੋਭ ਮੋਹ ਗਰਬ ਸਰਬ ਦ੍ਰੋਹ
ਭੇਦ ਭਾਵ ਭ੍ਰਾਤ ਸੂਲ ਨਾਹਿ ਯਾ ਸਮਾਨ ਕੋ ॥
ਮੀਠੋ ਕਾਲ ਕੂਟ ਕਾਲ ਲੂਟ ਪਰੀ ਹੈ
ਛੂਟਤ ਨ ਕੇਹੂ ਕੈਦ ਕੀਜੋ ਯਾ ਗੁਮਾਨ ਕੋ ॥
ਗਤਾ ਗਤ ਦੇਖਿ ਯੰਤ੍ਰ ਤਾਰ ਕੇ ਬਰਾਬਰ ਹੈ
ਸਾਬਰ[5] ਜਿਮ੍ਰ ਮ੍ਰਾਯੋ ਤਿਸ ਖੇਲ ਅਗਾਯਨ ਕੋ ॥

1. ਅ ਪੋਥੀ ਸੁਰ
2. ਅ ਪੋਥੀ ਗਰ ਸ਼ਿਖਨ
3. ਅ ਪੋਥੀ ਦਿਖਾਵੈ
4. ਮੂਲ ਪੋਥੀ ਦੇਖ
5. ਅ ਪੋਥੀ ਸਾਬਰ

ਪ੍ਰਾਈ ਹੈ [1]ਜਹਾਨ ਬਾਨ[2] ਜੌ ਲੌ ਗਯਾਨ ਭਯੋ
ਝਾਗੀਯੋ ਜੁ ਗਯਾਨ ਕਯੋ ਤਯੋ ਲਾਗੀ ਹੈ ਜਹਾਨ ਕੋ ॥1535॥
ਸੋਮ ਰਸੂਆ ਕੇ ਨਯਾਇ ਅੰਤ ਪਛਤਾਇ ਹੋਤ
ਬਾਜਤ ਸਿਮਾਨ ਢੋਲ ਪੋਲ[3] ਖੋਲ ਬੀਚ[3] ਹੈ ॥
ਅੰਤ ਕਬਿੜਾਲ ਪਰਯੋ ਸੂਝਤ ਪ੍ਰਤਛ ਅਛ
ਦੇਖ ਕੈ ਕਬੂਤਰ ਸਮਾਨ ਆਂਖ[4] ਮੀਚ ਹੈ ॥
ਪੀਸਤ ਚਬਾਯੋ ਸੋਟੀ ਲਾਭ ਮੈ ਰਹੀਯੋ ਫੇਰ
ਹਾਥ ਕਹਾ ਲਾਗੈ ਜਬ ਚੂਨ ਮਿਲਯੋ ਕੀਚ ਹੈ ॥
ਮੇਰ ਕੇ ਸਮਾਨ ਊਚੋ ਭਾਸਤ ਹੈ ਨੈਨਨ ਮੈ
ਭੇਦ ਕੇ ਬਿਚਾਰੇ ਮਹਾ ਨੀਚਨ ਕੋ ਨੀਚ ਹੈ ॥1536॥

॥ ਦੋਹਰਾ ॥

ਸੇਵਾ ਸਿੰਘ ਸੁਨ ਬੈਨ ਕੋ ਗਹੈ ਚਰਨ ਉਕਲਾਇ[5] ॥
ਉਸਤਤ ਬਰਨਨ ਤਬ ਕਰੀ ਭੁਯੰਗ ਪ੍ਰਯਾਤ ਬਨਾਇ ॥1537॥

॥ ਭੁਯੰਗ ਪ੍ਰਯਾਤ ਛੰਦ ॥

ਨਵੋ[6] ਦੇਵ ਦੇਵੀ ਅਘੋ ਓਘ ਹਾਰੰ ॥ ਕਲਾਧਾਰ ਅਕਾਸ ਮੈ ਚੰਦ੍ਰ ਚਾਰੰ ॥
ਮਹਾਂ ਰੂਪ ਰੂਪੰ ਮਹਾਦੇਵ ਦਾਤਾ ॥ ਸਰਦ ਚੰਦ ਗਾਤੰ ਮਹਾ ਗਿਯਾਨ ਗਯਾਤ੍ਰਾ ॥1538॥
ਮੁਕੰਦੰ ਮਹਾ ਨੰਦਦੰ ਬੰਦਿਨੀਯੰ ॥ ਦਯਾ ਹੀ [7]ਹਕਾਰੰ[8] ਸਭੇ ਜੀਵ ਜੀਯੰ ॥
ਨਮੋ ਚਾਰ ਤੁੰਡੰ ਨਮੋ ਗੂੜ ਗੂੜੰ ॥ ਹਰੀਯੰ ਕਰੀਯੰ ਨਮੋ ਚੰਦ੍ਰ ਚੂੜੰ ॥1539॥
ਮਹਾ ਤੇਜ ਰਾਸੰ ਸਦਾ ਸੁ ਪ੍ਰਕਾਸੰ ॥ ਰਮਾ ਬਾਮ ਅੰਗੀ ਮਹਾ ਰੂਪ ਭਾਸੰ ॥
ਨਮੋ ਦੇਵ ਪੀਤਾਂਬਰੰ ਧਾਰਨੇਯੰ ॥ ਨਮੋ ਗਾੜ ਬਾਹੰ ਅਜੋਨੀ ਅਜੇਯੰ ॥1540॥
ਨਮੋ ਮਛ ਕਛੰ ਵਰਾਹੰ ਮ੍ਰਿਗਾਰੰ ॥ ਨਮੋ ਪਰਸ ਰਾਮੰ ਬਲਿੰ ਜਾਚਿ ਕਾਰੰ ॥
ਨਮੋ ਰਾਮ ਸਯਾਮੰ ਨਮੋ ਬੁਧ ਰੂਪੰ ॥ ਕਲੰਕੰ ਬਿਨਾ ਨੇ ਕਲੰਕੀ ਸਰੂਪੰ ॥1541॥
ਨਮੋ ਨਾਨਕੰ ਅੰਗਦੰ ਅਮਿਰਦਾਸੰ ॥ ਨਮੋ ਰਾਮਦਾਸੰ ਅਰਜਨੰ ਪ੍ਰਕਾਸੰ ॥
ਨਮੋ ਹਰਿ ਗੋਬਿੰ ਹਰੀ ਰਾਇਦੰ ਦਯਾਲੰ ॥ ਹਰੀ ਕ੍ਰਿਸਨ ਤੇਗ ਬਹਾਦਰੰ ਹਿੰਦੂ ਪਾਲੰ॥
॥1542॥
ਗੋਬਿੰਦ ਮ੍ਰਿਗਾਰੰ ਨਮੋ ਸਿਖ ਰੂਪੰ ॥ ਨਮੋ ਸਾਹ ਬੇਣੰ ਪਤਿੰ ਬੇਦ ਭੂਪੰ ॥
ਨਮੋ ਕੰਜ ਨੈਨੰ ਨਮੋ ਕੰਜ ਪ੍ਰਣੰ ॥ ਨਮੋ ਚਾਰ ਬਾਹੰ ਅਭੂਤੇ ਅਕਾਣਿੰ ॥1543॥
ਨਮੋ ਇੰਦ੍ਰ ਇੰਦ੍ਰ ਅਨਾਦ ਰਵਿ ਭੂਤੰ ॥ ਕਬੈ ਰੰਚਤ੍ਰਰ ਆਨਨੰ[9] ਬ੍ਰਿਸਨ ਸੂਤੰ ॥
ਨਮੋ ਸੇਸ ਸਾਈ ਨਮੋ ਗੋ ਸਹਾਯੰ ॥ ਨਮੋ ਵਾਸਨ ਸਿਧ ਕਰਤਾਰ ਗਾਯੰ ॥1544॥

---

1. ਅ ਪੋਥੀ ਪਾਈਜੈ 2. ਅ ਪੋਥੀ ਬਾਨ 3. ਅ ਪੋਥੀ ਪਾਠਾਤਰ: ਅਛ ਮੀਠ ਹੈ 4. ਅ ਪੋਥੀ ਅਛ
5 ਅ ਪੋਥੀ ਕਉਲਾਈ 6. ਅ ਪੋਥੀ ਨਮੋ 7. ਅ ਪੋਥੀ ਦੀਹ 8. ਅ ਪੋਥੀ ਕਾਰੇ
9. ਅ ਪੋਥੀ ਆਸਨੰ

ਮਹਾਰਾਜ ਬੇਦੀ ਕ੍ਰਿਪਾ ਬੇਗ ਕੀਜੈ ॥ ਚਹੋ ਚਿਤਮੈ ਜੋ ਵਹੈ ਮੋਹਿ ਦੀਜੈ ॥
ਗਹਯੋ ਦ੍ਵਾਰ ਤੇਰੋ ਅਭਯ ਕੀਜੀਯੈ ਜੂ ॥ ਨਿਜੰ ਦਾਸ ਕੌ ਜਾਨ ਰਖਿ ਲੀਜੀਯੈ ਜੂ ॥
॥1545॥

॥ ਦੋਹਰਾ ॥

ਅਸ ਉਸਤਤਿ ਭਾਈ ਕਰੀ ਕਰੀ ਮਯਾ ਗੁਰ ਦ੍ਵਿਆਰ ॥
ਗੁਰ ਸੇਵਕੁ ਜਾਨ੍ਹਾ ਆਪਨਾ ਭਵ ਤੇ ਕੀਨਾ ਪਾਰ ॥1546॥

(ਮਹਾਰਾਜਾ ਰਣਜੀਤ ਸਿੰਘ ਦੀ ਰਾਣੀ)

॥ ਚੌਪਈ ॥

ਰਣਜੀਤ ਸਿੰਘ ਕੀ ਰਾਣੀ ਆਈ ॥ ਗੁਰ ਪੂਤ ਹਿਤ ਬਹੁ ਰੁਦਨਾਈ ॥
ਸ੍ਰੀ ਗੁਰ ਸਾਹਿਬੁ ਧੀਰਜੁ ਦੀਨ੍ਹਾ ॥ ਵਿਰਤਿ ਗਿਰਾ ਕਹਿ ਧੀਰਜ ਕੀਨਾ ॥1547॥
ਮਾਤਾ ਸਾਹਿਬ ਪਹਿ ਪੁਨ ਗਈ ॥ ਕਰ ਬ੍ਰਿਲਾਪੁ ਅਤ੍ਰਿਸੇ ਰੁਦਨਾਈ ॥
ਤੀਨ ਦਿਵਸ ਰਹਿ ਭੇਟ ਚਢਾਨੀ ॥ ਚਾਂਮੀ ਕਰਕੋ ਪਲਘ ਮਹਾਨੀ ॥1548॥
ਹੋਇ ਬਿਦਾ ਪੁਨਿ ਭਵਨ ਸਿਧਾਈ ॥ ਯਾਛਲ ਗਾਥ ਸੁਨੋ ਮਨ ਲਾਈ ॥

(ਬਾਬਾ ਸਾਹਿਬ ਸਿੰਘ ਦਾ ਆਪਣੇ ਪੈਰੋਕਾਰਾਂ ਨੂੰ ਉਪਦੇਸ਼)

ਬਾਬੇ ਬਿਕ੍ਰਮ ਸਿੰਘ ਕਰ ਜੋਰੇ ॥ ਬਿਨੈ ਬਖ਼ਾਨੀ ਗੁਰ ਕੈ ਧੋਰੇ ॥1549॥
ਘੋੜਿ ਚੜਨ ਪ੍ਰਤਿ ਦੇਵੈ ਘੋਰੇ ॥ ਆਇਸ ਦੀਜੈ ਸ੍ਰੀ ਗੁਰ ਮੋਰੇ ॥
ਸੁਨਿ ਕਰ ਸਾਹਿਬ ਗਿਰਾ ਬਖਾਨੀ ॥ ਸੁਨਤ ਸਪੂਤ ਤੂੰ ਮੁਹਿ ਸੁਖਦਾਨੀ ॥1550॥
ਆਦਿ ਦੂਨਾ ਸਿੰਘ ਲੀਨ ਬੁਲਾਇ ॥ ਸ੍ਰੀ ਕਮਲਾਨਨ ਬੈਨ ਅਲਾਇ ॥
ਬਿਕ੍ਰਮ ਸਿੰਘ ਮੇਰਾ ਤਨ ਜਾਨੋ ॥ ਇਨ[1] ਸੇਵਨ ਤੇ ਫਲੰ ਮਹਾਨੋ ॥1551॥
ਗੁਰਿਆਈ ਆਦਿ ਜੁ ਹੈ ਬਿਭੂਤਿ ॥ ਸਭ ਅਰਪੀ ਇਹੁ ਰਾਖੇ ਸੂਤਿ ॥
ਇਨ ਸੇਵੈ ਸੋ ਮਮ ਕੋ ਸੇਵੈ ॥ ਚਾਰਿ ਪਦਾਰਥੁ ਤਤੁ ਖਿਨ ਲੇਵੈ ॥1552॥

॥ ਦੋਹਰਾ ॥

ਜੋ ਇਰਖਾ ਇਨ ਸੰਗ ਕਰੈ ਪਰੈ ਨਰਕਿ ਮਹਿ ਜਾਇ ॥
ਲਖਾ ਸਿੰਘ ਤਬ ਬੋਲਿਯਾ ਸੁਨੋ ਗੁਰੂ ਸੁਖਦਾਇ ॥1553॥

॥ ਚੌਪਈ ॥

ਪਿਤਾ ਪੂਤ ਮਹਿ ਭੇਦ ਨ ਕੋਈ ॥ ਆਪ ਗਿਰਾ ਨਹਿ ਅੰਨਥਾ ਹੋਈ ॥
ਭਨਾ ਹਜੂਰਿ ਤੁਹਿ ਨਿਸਚੇ ਕੀਨਾ ॥ ਬਿਕ੍ਰਮ ਕੋ ਮਮ ਤਨ ਚੀਨਾ ॥1554॥
ਉਠ ਮਮ ਚਰਨੀ ਲਾਵੋ ਹਾਥਾ ॥ ਮਮ ਪਾਛੈ ਨਹਿ ਚਲੀ ਕੁਪਾਥਾ ॥
ਉਠਿ ਹਜੂਰਿ ਕੇ ਚਰਨ ਗਹਾਨੇ ॥ ਤਬੈ ਗੁਰੂ ਜੀ ਬੈਨ ਬਖਾਨੇ ॥1555॥
ਸੁਨੋ ਖਾਲਸਾ ਇਨ ਕਰੀ ਸੁਗੰਦ ॥ ਮਮ ਪਾਛੈ ਇਹ ਬਿਗਰੈ ਮੰਦ ॥
ਬਿਕ੍ਰਮ ਸਿੰਘ ਸਨ ਬੈਰ ਕਮਾਵੈ ॥ ਹੋ ਕੋੜੀ ਮਰ ਨਰਕ ਸਿਧਾਵੈ ॥1556॥

---

1. ਅ ਪੋਥੀ ਇਸ

ਕਹਿ ਐਸੇ ਗੁਰ ਤੂਸਨ ਧਾਰੀ ॥ ਆਲਮ ਹਰਿ ਪ੍ਰਤਿ ਗਿਰਾ ਉਚਾਰੀ ॥
ਤੋਸੇਖਾਨਾ ਜੋ ਤੁਮ ਪਾਸੀ । ਬਿਕ੍ਰਮ ਸਿੰਘ ਕਾ ਜਾਨੋ ਰਾਸੀ ॥1557॥
ਕਹਿ [1]ਹੁਕਮ ਨਹਿ ਕਬੀ ਹਟਾਵੋ ॥ ਸਤ ਸਤ ਕਹਿ ਬੈਨੰ [2]ਗਾਵੋ ॥
ਆਲਮ ਸਿੰਘ ਕਹੇ ਬਚ ਰੂਰੇ ॥ ਅਰਜੀ ਸੁਨੀਏ ਸ੍ਰੀ ਗੁਰ ਪੂਰੇ ॥1558॥

॥ ਦੋਹਰਾ ॥

ਮੈ ਗੁਲਾਮ ਹੌ ਤਿਨ ਕਾ ਜੋੜਾਂ ਝਾੜੋਂ ਨੀਤ ॥
ਪਿਤਾਮਾ ਲਹੈ ਪੂਤ ਕਾ ਤੋ ਭੀ ਰਾਖੀ ਨੀਤ ॥1559॥
ਸੁਨ ਕਰ ਤਿਸ ਕੇ ਬੈਨ ਕਉ ਸਤਿਗੁਰ ਜੀ ਹਰਖਾਇ ॥
ਗਯਾਨ ਸਿੰਘ ਤਬ ਆਤ ਭਾ ਦਰੋਗਾ ਹੈਨ ਕਹਾਇ ॥1560॥

॥ ਚੌਪਈ ॥

ਤਿਸ ਪ੍ਰਤਿ ਸ੍ਰੀ ਗੁਰ ਗਿਰਾ ਅਲਾਈ ॥ ਹੈਸਾਲਾ ਤੁਮ ਪਹਿ ਸਮੁਦਾਈ ॥
ਬਿਕ੍ਰਮ ਸਿੰਘ ਕੀ ਸਗਲ ਪਛਾਨੋ ॥ ਇਨ ਕੀ ਆਇਸ ਸਿਰ ਪਰ ਮਾਨੋ ॥1561॥
ਹੈ ਗੇ ਗੋ ਮਹਿਖੀ ਹੈ ਜੇਤੀ ॥ ਸਾਹਬਜਾਦੇ ਕੀ ਹੈ ਤੇਤੀ ॥
ਕਾਮਦਾਰ ਸੁਨ ਸਭ ਹਰਖਾਏ ॥ ਬਿਕ੍ਰਮ ਸਿੰਘ ਪ੍ਰਗ਼ ਸੀਸ ਨਿਵਾਏ ॥1562॥

**(ਮਹਾਰਾਜਾ ਰਣਜੀਤ ਸਿੰਘ ਨੇ ਮੁੜ ਚਪੜਾਲ ਦਾ ਇਲਾਕਾ ਵਾਪਸ ਮੰਗਣਾ)**

ਰਤਨ ਸਿੰਘ ਤਬੇ ਚਲ ਆਯੋ ॥ ਪਾਨ ਜੋਰ ਕਰ ਸੀਸ ਨਿਵਾਯੋ ॥
ਸਰਕਾਰ ਅਰਜੀ ਅਗਰ ਧਰਾਈ ॥ ਮੁਨਸੀ ਤੇ ਗੁਰ ਲੀਨ ਬਚਾਈ ॥1563॥
ਗਰੀਬ ਨਿਵਾਜ ਬਿਨੇ ਸੁਨਿ ਲੀਜੈ ॥ ਸਿਖ ਜਾਨ ਨਿਤ ਯਾਦ ਰਖੀਜੈ ॥
ਚਪੜਾਲ ਬਖਸੋ ਗੁਰ ਸੁਖਦਾਈ ॥ ਤਿਸ ਥੀ ਲੇਹੁ ਜਗੀਰ ਸਵਾਈ ॥1564॥
ਹੀਰਾ ਸਿੰਘ ਕੁ ਮੈ ਲਿਖ ਦੀਨੀ ॥ ਰਾਵਰ ਬਖਸੋ ਸੇਵਕ ਚੀਨੀ ॥
ਸੁਨ ਹਜੂਰ ਜੀ ਨੈਨ ਚਢਾਏ ॥ ਭਨੀ ਗਿਰਾ ਨਹਿ ਬਿਰਥੀ ਜਾਏ ॥1565॥
ਮੇਰੇ ਬੈਠਯਾ ਚਹਿ ਚਪੜਾਲ ॥ ਕਾਣੇ ਕਾ ਅਬ ਆਯਾ ਕਾਲ ॥
ਮੁਨਸੀ ਕੋ ਗੁਰ ਲੀਨ ਬੁਲਾਵਾ ॥ ਹੁਕਮਨਾਮਾ [3]ਤੁਰਤੁ ਲਿਖਾਵਾ ॥1566॥
ਪਾਤਿਸਾਹਿ ਮੈ ਤੁਮੈ ਬਨਾਵਾ ॥ ਦੇਸ ਪੰਜਾਬ ਕਾ ਰਾਜ ਕਰਾਵਾ ॥
ਚਪੜਾਲ ਤਬ ਤੁਮ ਹਮ ਕੋ ਦੀਨੀ ॥ ਸੁਤੁ ਨਾਤੀ ਤਬ ਹੋਇ ਪੀਨੀ ॥1567॥
ਤੋਪ ਜੰਬੂਰੇ ਸੈਨਾ ਘਨੀ ॥ ਭਰੇ ਖਜਾਨੇ ਜਾਇ ਨ ਗਨੀ ॥
ਯਾਂਤੇ ਤੂ[4] ਮਨ ਮੈ ਗਰਬਾਵਾ ॥ ਗੁਰ ਗ੍ਰਿਹਿ ਮਾਹਿ ਹਾਥ ਤੁਮ ਪਾਵਾ ॥1568॥

॥ ਦੋਹਰਾ ॥

ਲੈ ਚਪੜਾਲ ਤੂ ਦੇਰ ਬਿਨੁ ਹਮ ਕਉ ਚਿਪ ਚਤਾਹਿ ॥
ਜੜਾ ਤੁਮਾਰੀ ਖੋਦ ਕਰਿ ਦੇਵੋ ਸਿੰਧ ਬ੍ਰਹਾਗਿ ॥1559॥
ਧਯਾਨੇ ਹੀਰੇ ਕੇ ਲੀਏ ਹਮ ਗ੍ਰਿਹ ਪਾਵਾ ਹਾਥ ॥
ਅਬ ਗਤ ਦੋਨੋ ਮਹੈਗੇ ਮਾਂਗਾ ਮਿਲੈ ਨ ਪਾਥ ॥1570॥

---

1. ਅ ਪੋਥੀ ਕਰੈ 2. ਅ ਪੋਥੀ ਬਾਨੀ 3. ਅ ਪੋਥੀ ਸੁਨਾਵਾ 4. ਅ ਪੋਥੀ ਤੁਮ

॥ ਚੌਪਈ ॥

ਤਵ ਜਨਨੀ ਪਰ ਅਹੈ ਤਲਾਕ ॥ ਜ੍ਹੋ ਨੰਹ ਲੇਵੈ ਸੁਨ ਮਮ ਵਾਕ ॥
ਦਈ ਠੁਟੀ ਕੋ ਮੇਟਨ ਹਾਰਾ ॥ ਜ਼ਬਾਨ ਬੰਦ ਤੂ ਮਰੈ ਗਵਾਰਾ ॥1571॥
ਲਿਖ ਕਰਿ ਐਸੇ ਦੀਨ ਪਠਾਈ ॥ ਪਾਛੇ ਸੁਖਨਾ ਗੁਰੂ ਅੇਲਾਈ ॥
ਪੰਜ ਸੈ ਦਮੜੇ ਕਾ ਕੜਾਹਿ ॥ ਲੈ ਚਪੜਾਲ ਹਮ ਕਰੌ ਬਨਾਇ ॥1572॥
ਇਕੁ ਮਾਨਵ ਚਪੜਾਲ ਪਠਾਵਾ ॥ ਕਾਰਦਾਰ ਸਭ ਲੀਨ ਬੁਲਾਵਾ ॥
ਪੁਨ ਬਾਨੀ ਕਮਲਾਨਨ ਗਾਬੀ ॥ ਚਪੜਾਲ ਅੰਸ ਅੱਤਿ ਦੁਖ ਪਾਈ ॥1573॥
ਜੋ ਇਸ ਲੇਵੈ ਸੋ ਮਰਿ ਜਾਈ ॥ ਭੋਗ ਨਰਕ ਨੁਹਿ ਕੋਇ ਛਡਾਈ ॥
ਕਹ ਕਰੁ ਐਸੇ ਸੁਖ ਸੋ ਸੋਏ ॥ ਜਿਨ ਸਿਖਨ ਕੇ ਸੰਕਟ ਖੋਏ[2] ॥1574॥
ਉਠਿ ਕਰਿ ਕਹੀ ਗਿਰਾ ਅਤਿ ਰੂਰੀ ॥ ਜੋ ਸਿਖਨ ਕੇ ਸੰਕਟ ਚੂਰੀ[3] ॥
ਚੁਟਕੀ ਮਾਰੀ ਖਿਰ ਖਿਰ ਹਾਸੇ ॥ ਜਿਨ ਆਨਨ ਰਾਕਾਪਤਿ[4] ਬਾਸੇ ॥1575॥
ਸ੍ਰੀ ਗੁਰ ਸਾਹਿਬ ਵੰਸ ਦਿਨੇਸਾ ॥ ਜਗ ਤਾਰਨ ਕਾਰਨ ਬਿਸੇਸਾ ॥
ਜਠਰ ਪੀਰ ਮਿਸ ਕਛੁਕ ਬਨਾਯੋ ॥ ਸ੍ਰੀ ਗੁਰ ਬਿਕ੍ਰਮ ਸਿੰਘ ਬੁਲਾਯੋ ॥1576॥

**(ਬਾਬਾ ਸਾਹਿਬ ਸਿੰਘ ਦੀ ਪਰਲੋਕ ਗਵਨ ਦੀ ਕਥਾ)**

॥ ਦੋਹਰਾ ॥

ਗੁਰੂ ਭਤੀਜਾ ਕਾਨ ਸਿੰਘ ਸੋ ਭੀ ਲੀਨ ਬੁਲਾਇ ॥
ਆਇ ਜੁਗ ਮਨ ਪ੍ਰੀਤ ਧਰ ਬੈਸੇ ਸੀਸ ਨਯਾਇ[5] ॥1577॥

॥ ਚੌਪਈ ॥

ਕਹਯੋ ਦੁਹਨ ਸੋ ਪ੍ਰਗਟ ਬੁਲਾਈ ॥ ਮੋਹਿ ਉਦਰ ਬਾਂਧਾ ਨਿਪਜਾਈ ॥
ਅੰਗ ਅੰਗ ਸਿਥਲਾਵਤ ਐਸੇ ॥ ਪਾਵ ਸੰਦਨ[6] ਤਟ ਸਿਕਤਾ ਜੈਸੇ ॥1578॥
ਵੈਦ ਬੁਲਾਵੋ ਦੇਰ ਬਿਹਾਈ ॥ ਦਿਖ ਧਮਨੀ ਦੇ ਰੋਗ ਗਵਾਈ ॥
ਐਸੇ ਹੈ ਜਗ ਮੋ ਕਹਵਾਵਤ ॥ ਰੋਗ ਘਟਤ ਕਛੁ ਔਖਧ ਖਾਵੰਤ ॥1579॥
ਵੈਦ ਬੁਲਾਵਾ ਦੇਰ ਬਿਹੀਨਾ ॥ ਕਰ ਮਹਿ ਕਰ ਲੈ ਦੇਖਨ ਕੀਨਾ ॥
ਦੇਖ ਵੈਦ ਅਸ ਬਿਨਤੀ ਕੀਨੀ ॥ ਨਾਥ ਨਿਰਾਮੈ ਧਮਨੀ ਚੀਨੀ ॥1580॥
ਕੋਟ ਰੋਗ ਤਵ ਦਰਸਤ ਨਸੈ ॥ ਤੁਮਰੈ ਬੀਚ ਰੋਗ ਕਤ ਧਸੈ ॥
ਕਹਯੋ ਪ੍ਰਭੂ ਹੈ ਵੈਦ ਸੁਜਾਨਾ ॥ ਕਰੁ ਚਕਿਸਤਾ ਦੇਰ[7] ਬਿਹਾਨਾ ॥1581॥

॥ ਦੋਹਰਾ ॥

ਜਬ ਐਸੇ ਗੁਰ ਜੀ ਕਹਯੋ ਤਬੈ ਵੈਦ ਤ੍ਰਤ ਕਾਲ ॥
ਦੀਨੇ ਅਰਕ ਮਿਲਾਇ ਕਰੁ ਪੀਤੇ ਗੁਰੂ ਦਯਾਲ ॥1582॥

---

1. ਅ ਪੋਥੀ ਹੈ 2. ਮੂਲ ਪੋਥੀ ਸੋਏ 3. ਅ ਪੋਥੀ ਸਭ ਚੂਰੀ 4. ਪੋਥੀ ਪਪਤਿ 5. ਅ ਪੋਥੀ ਨਿਵਾਇ 6. ਅ ਪੋਥੀ ਸੇਨਦ 7. ਅ ਪੋਥੀ ਦੇਗ

॥ ਚੌਪਈ ॥

ਤਤਛਿਨ ਦੀਨੇ ਪੁਨਹਿ ਤਿਯਾਗੀ ॥ ਜਿਨ ਨਿਰਖੇ ਸਿਖ ਭੇ ਬਡਭਾਗੀ ॥
ਪਾਗ ਬਾਂਧ ਸੰਚੁਤ ਭੂਏ ਪੂਤ ॥ ਦੇਖਿ ਅਨੰਦਤ ਭਈ ਸਭਾ ਸਭ ॥1583॥
ਅਸੂ ਅਰੂਢ ਬੇਦਿ ਕੁਲ ਮੰਡਨ ॥ ਆਏ ਨਗਰ ਪਾਪ ਬਿਖੰਡਨ ॥
ਬਿਚ ਬਜਾਰ ਜਬੈ ਚਲ ਆਏ ॥ ਨਗਰ ਲੋਕਿ ਸੁਨਿ ਸੁਨਿ ਕਰ ਧਾਏ ॥1584॥
ਪਾਨ ਜੋਰ ਕਰ ਸੀਸ ਨਿਵਾਵੈ ॥ ਦੇਖਿ ਅਰੋਗਿ ਮਨੈ ਹਰਖਾਵੈ ॥
ਦਿਵਾਨ ਥਾਨੇ ਜਾਇ ਥਿਰਾਨੇ ॥ ਸਾਧਸੰਗਤ ਤਬ ਜੁਰੀ ਮਹਾਨੇ ॥1585॥
ਗਦ ਗਦ ਬਾਣੀ ਗੁਰੂ ਅਲਾਈ ॥ ਮਸਤਕਿ ਪਰ ਬਡਿ ਲਾਲੀ ਆਈ ॥
ਬੁਲਾਵੋ ਰਾਗੀ ਕ੍ਰਿਤਨ ਹੋਵੈ ॥ ਜਨਮ ਮਰਨ ਜੋ ਸੰਕਟ ਖੋਵੈ[1] ॥1586॥
ਆਇ ਰਾਗੀ ਸਾਜ ਬਜਾਏ ॥ ਧਰ ਮਨ ਪ੍ਰੀਤੀ ਇਕ ਰਸ ਗਾਏ ॥
ਤਿਹ ਛਿਨ ਸੁਨ ਕਰ ਸੋਚ ਬਿਮੋਚਨ ॥ ਤਤ ਖਿਨ ਮੂੰਦ ਕਮਲ ਦਲ ਲੋਚਨ ॥1587॥
ਲਗੀ ਸਮਾਧ ਅਖੰਡ ਸਰੂਪਾ ॥ ਜਿਹ ਜਾਨੈ ਆਨੰਦ ਅਨੂਪਾ ॥
ਸਗਰੇ ਅੰਗ ਅਡੋਲ ਰਹਾਏ ॥ ਚਾਰ ਘੜੀ ਜਬ ਐਸ ਬਿਤਾਏ ॥1588॥
ਬਿਕਸੇ ਤਬੈ ਰੁਚਿਰ ਜੁਗ ਲੋਚਨ ॥ ਬੋਲੇ ਬਾਨੀ ਬੰਧ ਬਿਮੋਚਨ ॥
ਭਯੋ ਦਸ ਦਿਵਸ ਭਨੈ[2] ਕਲਿ ਆਵਾ ॥ ਅਕਾਲ ਪੁਰਖ ਮੁਝ ਬੋਲ ਪਠਾਵਾ ॥1589॥
ਪੁਸਪ ਕਪੂਰ ਪਟੀਰ ਘਨੇਰਾ ॥ ਕੁਸਾ ਗੁਲਾਬ ਸੁਗੰਧ ਬਖੇਰਾ ॥
ਆਨਹੁ ਸੌਜ ਬਿਲੰਬ ਗਵਾਏ ॥ ਮਮ ਪਾਛੇ ਮਤ ਰੁਦਨ ਕਰਾਏ ॥1590॥
ਸੁਨ ਅਸ ਬਚਨ ਮ੍ਰਿਦੁਲ ਜੁਗ ਗੁਰ ਕੇ ॥ ਸਿਖਨ ਕੇ ਲੋਚਨ[3] ਜਲ ਢਰਕੇ ॥
ਗੁਰ ਸਪੂਤ ਸੁਨ ਅੱਤ ਰੁਦਨਾਵਾ ॥ ਮੋਕੋ ਕਿਸ ਕੇ ਕਾਛੇ ਪਾਵਾ ॥1591॥
ਸੁਨ ਕਰ ਸਾਹਿਬ ਭੁਜ ਗਹਿ ਲੀਨੀ ॥ ਸਿਰ ਕਰ ਫੇਰਾ ਮਯਾ ਸੁ ਕੀਨੀ ॥
ਬੈਨ ਭਨਾ ਨਹਿ ਚਿੰਤਾ ਕੀਜੈ ॥ ਮੋ ਕੋ ਅਪੁਨੇ ਸਾਥ ਲਖੀਜੈ ॥1592॥
ਪਰ ਨਾਰੀ ਧਨ ਬਿਖ ਸਮ ਜਾਨੋ ॥ ਕਾਮ ਆਦਿ ਸਭ ਕੀਜੈ ਹਾਨੋ ॥
ਪਰ ਕਾ ਬੁਰਾ ਨ ਰਾਖੋ ਚੀਤ ॥ ਕਬਿ ਨ ਬਿਆਪਿ ਤੁਮ ਕੋ ਭੀਤ ॥1593॥
ਦੇਗ ਚਲਾਵੋ ਨਿਸ ਅਰੁ ਬਾਸ ॥ ਵੰਡ ਖਾਵਨ ਕੀ ਰਾਖੋ ਆਸ ॥
ਸੰਗਤਿ ਕੋ ਨਿਜ ਰੂਪ ਪਛਾਨੋ ॥ ਤਿਨ ਕਾ ਭਾਖਾ ਲੇਵੋ ਮਾਨੋ ॥1594॥

॥ ਦੋਹਰਾ ॥

ਸਰੀਕ ਨ ਤੁਮਰਾ ਮੈ ਰਖਾ ਤੁਮ ਸਨ ਸਾਂਡੇ ਰਾਰ ॥
ਬੈਰਿ ਕਰੈ ਤਤਖਿਨ ਮਰੈ ਖਾਵੈ ਜਮ ਤੇ ਮਾਰ ॥1595॥

1. ਮੂਲ ਪੋਥੀ ਹੋਵੈ
2. ਅ ਪੋਥੀ ਪਾਠਾਂਤਰ : ਸਭ ਲੋਕ ਲਿਆਵਾ
3 ਅ ਪੋਥੀ ਲੋਚਨ

॥ ਚੌਪਈ ॥

ਤੇਗ ਸਿੰਘ ਤੁਮ ਘਰ ਜਨਮਾਵੈ ॥ ਮਾਤ ਪਿਤਾ ਸੁਖ ਅਤਹ ਦਿਖਾਵੈ ॥
ਹਾਣ ਲਾਭ ਜੁਗ ਸਮ ਕਰ ਜਾਨੋ ॥ ਜਗ ਕੋ ਸੁਪਨੇ ਤੁਲ [1]ਪਛਾਨੋ ॥1596॥
ਮ੍ਰਿਗ ਤ੍ਰਿਸਨਾ ਕੀ [2]ਨੀਰ ਜੁ ਆਹੀ ॥ ਦੇਖੰਤੇ ਦੇਖਤ ਜਾਤ ਬਿਲਾਹੀ ॥
ਨਭ ਸਮ ਬਯਾਪਤ ਜੋ ਸਭ ਮਾਹੀ ॥ ਅਸ ਪ੍ਰਮਾਤਮ ਬਿਨੁ ਕੋ ਨਾਹੀ ॥1597॥
ਭੂਤ ਭਵਿਖ ਨਹਿ ਨਾਮ [3]ਪ੍ਰਣਾਮਾ ॥ ਯਾਂਤੇ ਸਹਤ[4] ਕਹਤ ਸਰੁਤ ਧਾਮਾ ॥
ਮਾਯਾ ਜੰਗਤ ਅਵਿਦਿਯਾ ਆਦੰ ॥ ਜਿਸ ਬਿਨਾ ਜੜ ਮਹਿ ਬਿਸਮਾਦੰ ॥1598॥
ਯਾਤੇ ਚੇਤਨ ਨਾਮ ਬਤਾਵੈਂ ॥ ਮਨ ਆਦੀ ਚੰਚਲੁ ਹ੍ਵੈ ਜਾਵੈ ॥
ਜਿਸ ਬਹੀਨ ਦੁੱਖ ਸਗਰੇ ਹੇਰੀ ॥ ਬਿਸਯਾਨੰਦ ਬੂੰਦ ਜਿਸ ਕੇਰੀ ॥1599॥
ਸੋ ਅਨੰਦ ਕੋ ਉਦੈ ਅਪਾਰਾ ॥ ਤਿਸ ਮਹਿ ਬ੍ਰਿਤ ਟਿਕੀ ਇਕ ਸਾਰਾ ॥
ਜੋ ਮਾਨਵ ਅਗਯਾਨ ਬਿਨਾਸੈ ॥ ਪਾਇ ਕ੍ਰਿਪਾ ਸਮਝੇ ਗੁਰ ਆਸੇ ॥
ਬ੍ਰਿਤ ਥੂਲ ਤੇ ਲੀਨ ਹਟਾਇ ॥ ਸੂਖਮ ਮੈ ਬਿਚਾਰ ਮਨ ਲਾਇ ॥
ਰਜੂ ਸਰਪ ਜਗਤ ਕੌ ਜਾਨਾ ॥ ਸਤਯ ਸਰੂਪ ਆਪ ਕੌ ਮਾਨਾ ॥1600॥
ਬਾਲਕ ਤਰੰਨ ਬ੍ਰਿਧ ਨਹਿ ਹੋਵਾ ॥ ਜਨਮ ਮਰਨ ਨਹਿ ਜਿਸ ਮੈ ਜੋਵਾ ॥
ਦੇਹਾਦਿਕ ਹੰਤਾ ਨਿਰਵਾਰ ॥ ਸੋ ਸਰੂਪ ਜਾਨੋ ਨਿਰਧਾਰ ॥1601॥

॥ ਦੋਹਰਾ ॥

ਐਸੇ ਬੈਨ ਸਪੂਤ ਪ੍ਰਤਿ ਸ੍ਰੀ ਗੁਰ ਦੀਨ ਸੁਨਾਇ ॥
ਸੰਸੇ ਚਿੰਤਾ ਸੋਕ ਜੋ ਦੀਨੋ ਸਰਬ ਹਟਾਇ ॥1602॥

॥ ਚੌਪਈ ॥

ਮਾਤਾ ਸਾਹਿਬ ਪੁਨ ਚਲਿ ਆਈ ॥ ਦਈ ਪ੍ਰਦਛਨਾ ਸੀਸ ਨਿਵਾਈ ॥
ਪਾਨ ਜੋਰ ਕਰ ਬਿਨਤੀ ਠਾਨੀ ॥ ਸਾਥ ਲਿਜਾਵੋ ਮਮ ਗੁਨ ਖਾਨੀ ॥1603॥
ਸਤੀ ਹੋਨ ਕੀ ਮਮ ਮਨ ਆਸਾ ॥ ਆਇਸੁ ਦੀਜੈ ਸੁਭ ਗੁਨ ਰਾਸਾ ॥
ਸੁਨ ਕਰੁ ਸਾਹਿਬ ਬੈਨ ਬਖਾਨਾ ॥ ਮਨ ਚਿੰਤਾ ਤੁਮ ਕੀਜੈ ਹਾਨਾ ॥1604॥
ਬਿਕ੍ਰਮ ਸਿੰਘ ਕੌ ਪਾਲਨ ਕੀਜੈ ॥ ਪੌਤ੍ਰਨ ਕੌ ਸੁਖ ਨੈਨ ਦਿਖੀਜੈ ॥
ਖਾਨ ਪਾਨ ਤੁਮਰਾ ਜਗ ਆਹੀ ॥ ਬਿਨ ਭੋਗੇ ਨਹਿ ਜਨਮੁ ਮਿਟਾਈ ॥1605॥
ਵਾਹਿਗੁਰੂ ਸਦ ਸਿਮਰਨ ਕੀਜੈ ॥ ਚਿੰਤਾ ਸੋਕ ਦੂਰਿ ਕਰੀਜੈ ॥
ਦੇਹ ਸੜੇ ਤੇ ਨ ਕਛੁ ਪਾਈਐ ॥ ਬਚਨ ਮਨੇ ਤੇ ਹਰਿ ਪੁਰ ਜਾਈਐ ॥1606॥
ਯਦਪਿ ਵਿਛੋੜਾ ਹੈ ਅਤਿਭਾਰੀ ॥ ਮਮ ਆਇਸ ਨਹਿ ਦੇਵੋ ਟਾਰੀ ॥
ਸਤ ਬਚਨ ਸੁਨ ਮਾਤਾ ਗਾਯੋ ॥ ਗੁਰ ਕਾ ਬੈਨ ਸੀਸ ਚਢਾਯੋ ॥1607॥

---

1. ਅ ਪੋਥੀ ਤੁਮ 2. ਅ ਪੋਥੀ ਕਾ 3. ਅ ਪੋਥੀ ਨਾਸ 4. ਅ ਪੋਥੀ ਸਤ

॥ ਦੋਹਰਾ ॥

ਕਾਨ ਸਿੰਘ ਗੁਰ ਭ੍ਰਾਤ ਸੁਤ ਬੇਦੀ ਅਵਰ ਜਿ ਸਾਥ ॥
ਤਿਨੋ ਪ੍ਰਤੀ ਸ੍ਰੀ ਸਤਗੁਰੂ ਕਹਿ ਸਮਝਾਈ ਗਾਥ ॥1608॥

॥ ਚੌਪਈ ॥

ਬਿਕ੍ਰਮ ਸਿੰਘ ਕੀ ਮਾਨੋ ਆਨ ॥ ਪਾਵੋਗੇ ਸੁਖ ਜੁਗਮ ਜਹਾਨ ॥
ਸਤ ਬਚਨ ਤਬ ਸਭ ਨੇ ਗਾਯੋ ॥ ਗੁਰ ਸਪੂਤ ਕੋ ਸੀਸ ਨਿਵਾਯੋ ॥1609॥
ਕਾਰਦਾਰ ਜਿਤੇ ਗੁਰ ਪਾਸ ॥ ਤਿਨੋ ਪ੍ਰਤਿ ਸ੍ਰੀ ਗੁਰ ਬੈਨ ਪ੍ਰਕਾਸ ॥
ਸਾਹਿਬਜਾਦੇ ਆਇਸ ਮਾਨੋ ॥ ਬੈਠੇ ਕੀਜੈ ਸੁਭ ਗੁਜਰਾਨੋ ॥1610॥
ਸਤ ਬਚਨ ਮਿਲ ਸਭ ਨੇ ਗਾਯੰ ॥ ਗੁਰ ਸਪੂਤ ਪਗ ਸੀਸ ਨਿਵਾਯੋ ॥
ਸ੍ਰੀ ਗੁਰ ਬਿਕ੍ਰਮ ਸਿੰਘ ਸੁਜਾਨਾ ॥ ਭਿੰਨ ਭਿੰਨ ਦੇ ਸਭ ਕੋ ਮਾਨਾ ॥1611॥
ਭਾਈ ਬਲੂ ਆਦਿਕ ਸਾਧੂ ॥ ਹੈ ਗੁਰ ਪਾਸ ਰਹਿਤ ਉਪਾਧੂ ॥
ਹਾਥ ਜੋਰ ਤਿਨ ਬਿਨਤੀ ਕੀਨ ॥ ਮਯਾ ਕਰੀਜੈ ਸੇਵਕ ਚੀਨ ॥1612॥[1]

॥ ਦੋਹਰਾ ॥

ਰੋਾਵਰ ਦਰਸਨ ਗ੍ਯਾਨਮੈਯ ਬਿਨੁ ਦਰਸੇ ਮਰ ਜਾਇ ।
ਲੀਜੈ ਸੰਗਿ ਦਿਆਲ[2] ਜੀ ਨਾਤਰ ਗਯਾਂਨ ਦ੍ਰਿੜਾਇ ॥1613॥

॥ ਚੌਪਈ ॥

ਸੁਨੇ ਤਿਨ [3]ਬਾਨੀ ਗੁਰ ਬਿਗਸਾਇ ॥ ਚੰਦ ਬਦਨੁ ਤੈ ਬੈਨ ਅਲਾਏ ॥
ਸਤ ਚਿਤ ਨੰਦ ਨਾਮੁ ਜੁ ਕਹੀਅਤਿ ॥ ਸੂਖਮ ਤੇ ਅਤਿ ਸੂਖਮ ਲਹੀਅਤਿ ॥1614॥
ਤਿਸ ਢਿਗ[4] ਕਾਲ ਨ ਪਹੁਚੈ ਆਇ ॥ ਅਬਿਨਾਸੀ ਜੋ ਜੋਤ ਰਹਾਇ ॥
ਸੋ ਸਰੂਪ ਅਪਨੋ ਪਹਿਚਾਨੋ ॥ ਰਹੋ ਅਨੰਦ ਸੋਕ ਨਹਿ ਠਾਨੋ ॥1615॥
ਇਕ ਰਸ ਸਦਾ [ਨਹੀ][5] ਤਨ ਤਰਨਾ ॥ ਬ੍ਰਿਧੁ ਜਨਮ ਨਾਹਿ ਕਬ ਮਰਨਾ ॥
ਦੂਖ ਦਰਿਦ੍ਰ ਨਹੀ ਜਿਸ ਮਾਂਹੀ ॥ ਰੂਪ ਅਨੰਦ ਬਿਘਨ ਕੋ ਨਾਹੀ ॥1616॥

॥ ਦੋਹਰਾ ॥

ਗੁਰ ਨਿਵਾਸੁ ਤਿਸੁ ਥਾਨ ਮੋ ਹਰਖੁ ਸੋਕਿ ਜਿਹ ਨਾਹਿ ॥
ਸਿਖ ਭੀ ਜਾਵਨੁ ਤਹਿ ਕਰੇ ਜਿਸੁ ਮਨੁ ਪ੍ਰੀਤੀ ਆਹਿ ॥1617॥

॥ ਚੌਪਈ ॥

ਪਰਮ ਦੁਖੀ ਲਖੁ ਜਗ ਕੇ ਜੀਵਾ ॥ ਜਿਨ ਕੇ ਮਨ ਮੋ ਸਾਂਤ ਨ ਥੀਵਾ ॥
ਦੇਹਿ ਅਹੰਤਾ ਧਰਿ ਧਰਿ ਗਾਢੇ ॥ ਦਿਨੁ ਪ੍ਰਤਿ ਰਾਗੁ ਦ੍ਵੈਖ ਬਹੁ ਬਾਢੇ ॥1618॥

---

1. ਅ ਪੋਥੀ ਇਹ ਪੰਗਤੀਆਂ ਇਸ ਮਗਰੋਂ ਅੰਕਿਤ ਕੀਤੀਆਂ ਗਈਆਂ ਹਨ :
ਭਾਈ ਬਾਲੂ ਆਦਿਕ ਸਾਧੂ ॥ ਹੈ ਗੁਰ ਪਾਸਿ ਰਹਿਤ ਉਪਾਧੂ ॥
ਹਾਥ ਜੋਰੁ ਤਿਨ ਬਿਨਤੀ ਕੀਨ ॥ ਮਯਾ ਕਾਰੀਜੈ ਸੇਵਕ ਚੀਨ ॥1611॥

2. ਅ ਪੋਥੀ ਕਿਰਪਾਲ 3. ਅ ਪੋਥੀ ਤਿਸ 4. ਅ ਪੋਥੀ ਨਿਕਟ 5. ਅ ਪੋਥੀ ਵਿਚੋਂ

ਪੰਜ ਕਲੇਸਨਿ ਬਸੀ ਹਮੇਸ ॥ ਭਰਮਤ ਮਾਯਾ ਲਗੇ ਬਿਸੇਸ ॥
ਬਾਦਿ ਬਿਰੋਧੀ ਪਚਿ ਪਚਿ ਮੁਰੈ ॥ ਸੰਕਟ ਸਹੈ ਨਰਕ ਮਹੁ ਪਰੈ ॥1619॥
ਤਿਨ ਜੀਵਨ ਕੇ ਹਿਤ ਕੋ ਕਰਬੇ ॥ ਸਤਗੁਰ ਕਰੈ ਦੇਹੁ ਜਗੁ ਧਰਬੇ ॥
ਅਪਨੀ ਸਕਤਿ ਸਹਿਤ ਉਪਦੇਸੈ ॥ ਉਰ ਤੇ ਹਰਹਿ ਬਿਕਾਰ ਬਿਸੇਸੇ ॥1620॥
ਭਲੇ ਪੰਥ ਕੋ ਚਲਨੁ ਬਤਾਵੈ ॥ ਸੂਧੀ ਲਹੈ ਤਿਸੁ ਰੀਤੁ ਚਲਾਵੈ ॥
ਕੁਸ਼ਟ ਨਰਕ ਤੇ ਲੇਇ ਬਚਾਇ ॥ ਬਡੇ ਭਾਗ ਜੋ ਨਰ ਗੁਰ ਪਾਇ ॥1621॥
ਲੇ ਉਪਦੇਸਿ ਤਰੇ ਜਗ ਸਾਗਰ ॥ ਅਪਰ ਤੁਰਾਵਹਿ ਹੋਤਿ ਉਜਾਗਰ ॥
ਸੁਭ ਮਗ ਕੋ ਬਤਾਇ ਕਰ ਕਾਰਜ ॥ ਅਪਨ ਥਾਨੁ ਪਹੁਚੈ ਗੁਰ ਆਗਰ ॥1622॥
ਗ੍ਰੀਖਮ ਛਿਤ ਪਰ ਦੂਰ ਭਿਛ ਕਰਾਲਾ ॥ ਜਹ ਤਹ ਉਪਜਹ ਤਪਤ ਬਿਸਾਲਾ ॥
ਜੀਵ ਦੁਖੀ ਪਿਖ ਕੈ ਤਤ ਕਾਲੈ ॥ ਬਿੰਦਤੁਹ ਨਭ ਮਹਿ ਮੇਘਨ ਮਾਲੈ ॥1623॥
ਬਰਖਾ ਕਰਕੈ ਤਪਤੁ ਮਿਟਾਵੈ ॥ ਅੰਨ ਉਪਾਵਨ ਤੈ ਤ੍ਰਿਪਤਾਵੈ ॥
ਪੁਨਿ ਸੋ ਮੇਘ ਲੀਨ ਹੁਇ ਜਾਇ ॥ ਜਹ ਤੇ ਆਵੈ ਤਹਾਂ ਬਿਲਾਇ ॥1624॥
ਤਿਮ ਸਤਿਗੁਰ ਕੇ ਲਖਹੁ ਸਰੀਰ ॥ ਸੁਭ ਮਗ ਉਪਦੇਸਤ ਕਰ ਧੀਰ ॥
ਨਿਜ ਸਥਾਨ ਮਹਿ ਪਹੁਚਹਿ ਜਾਇ ॥ ਨਿਤ ਸਿਖਨ ਕੇ ਰਹੈ ਸਮਾਇ ॥1625॥
ਉਪਜੈ ਪ੍ਰੇਮ ਭਾਉ ਮਨ ਜਾਕੇ ॥ ਅੰਗ ਸੰਗ ਸਤਿਗੁਰ ਕੈ ਤਾਂਕੇ ॥
ਸਤਨਾਮ ਸਿਮਰਨ ਕੋ ਦੀਨ ॥ ਜਿਸ ਤੇ ਬਨੇ [1]ਨਹੀ ਕਬ ਹੀਨ ॥1626॥

॥ ਦੋਹਰਾ ॥

ਭਾਈ ਬੱਲੂ ਆਦਿ ਲੇ ਸੁਨ ਕਰਿ ਬਰ ਗੰਭੀਰ ॥
ਤੀਨੋ ਤਾਪ ਨਿਵਰਤ ਭੇ ਜਨਮ ਮਰਨ ਹਰਿ ਪੀਰ ॥1627॥
ਪਾਨ ਜੋਰ ਨੁਤੇ ਕਰਤੇ ਭੇ ਭਾਈ ਬੱਲੂ ਆਦਿ ॥
ਪਠਤ ਸੁਨਤ ਰਿਦ ਸਾਂਤ ਦੈ ਹਰਤੀ ਰਿਦੈ ਬਿਖਾਦ ॥1628॥
ਜੀਤ ਮ੍ਰਿਗੇਸ ਗ੍ਰਿਹ ਪ੍ਰਗਟ ਭੇ ਸਿਖਨੁ ਸੁਭ[2] ਮਗ ਪਾਇ ॥
ਬੈਕੁੰਠਿ ਗਵਨ ਅਬ ਚਾਹਿਤੇ ਬੇਦੀ ਕੁਲ ਕੇ ਰਾਇ ॥1629॥
ਦਾਸਨ ਦਾਸੁ ਹਮ ਆਪ ਕੇ ਜਪੁ ਤਪੁ ਬ੍ਰਤਿ ਤੇ ਹੀਨ ॥
ਸਤ ਚਿਤ ਅਨੰਦ ਰੂਪ ਜੋ ਆਪ ਮਯਾ ਤੇ ਚੀਨ ॥1130॥

॥ ਸ੍ਵੈਯਾ ॥

ਬੂਡਤ ਸਿੰਧ ਬਿਖ ਵਈ ਬਸਤੂ ਮਛ ਹ੍ਵੈ ਜਾਸ ਹੁਜਾਰਖੁ ਲੀਯੋ ॥
ਕੂਰਮ ਹ੍ਵੈ ਰਸ ਰਾਸ ਮਥਯੋ ਫਿਰ ਲੋਕ[3] ਹ੍ਵੈ ਭੂਮ ਕੋ ਕਾਰਜ ਕੀਯੋ ॥

---

1. ਅ ਪੋਥੀ ਨਹੁ
2. ਮੂਲ ਪੋਥੀ ਸੁਖ
3. ਅ ਪੋਥੀ ਕੋਲ

ਬਾਵਨ ਹੋਇ ਛਲਯੋ ਬਲ ਕੋ ਇਤ ਆਦਿਕ ਰੂਪ ਅਨੇਕ ਥੀਯੋ[1] ॥
ਸੋ ਪ੍ਰਭੁ ਜੂ ਕਲਧਾਰ ਪ੍ਰਤਾਪ ਤੇ ਬੇਦਿਨ ਬਿਸ ਮੈ ਦੇਖਿ ਸੁ ਲੀਯੋ ॥1631॥
ਸੁੰਦਰ ਰੂਪ ਅੰਰੂਪ[2] ਮਹਾਂ ਮ੍ਰਿਦ ਪੂਰਨ ਚੌਦਹ ਲੋਕਨ ਕਾਰਕ ॥
ਕਾਰਨ ਭਦ੍ਰ ਉਪਦ੍ਰ ਨਿਵਾਰਨ ਬੇਦ ਕਹੈ ਸੋਈ ਬਾਰਨ ਤਾਰਕ ॥
ਸ੍ਰੀ ਕਲਧਾਰ ਕਹਯੋ ਕਰਬੋ ਤਜਿ ਛੀਰ ਸਮੁੰਦ੍ਰਹਿ ਛੁਦ੍ਰ ਉਧਾਰਕ ॥
ਸ੍ਰੀਮਤ ਜੀਤ ਮ੍ਰਿਗੇਸ ਅਗਾਰ ਮੈ ਸ੍ਰੀ ਜਗਦੀਸ ਭਏ ਵਰ ਬਾਰਕ ॥1632॥

॥ ਦੋਹਰਾ ॥

ਭਾਈ ਬਲੂ ਆਦਿ ਲੈ ਉਸਤਤਿ ਕਰੀ ਬਖਾਨ ॥
ਸ੍ਰੀ ਗੁਰ ਸਾਹਿਬ ਮਯਾ ਤੇ ਉਪਜਾ ਰਿਦੇ ਗਯਾਨ ॥1633॥

॥ ਚੌਪਈ ॥

ਰਾਗੀ ਆਏ ਕੀਰਤਨ ਹੋਵਾ ॥ ਜੋਇ ਸੁਨੇ ਰਿਦ ਸੰਕਟ ਖੋਵਾ ॥
ਦੂਰ ਦੂਰ ਲੌ ਸੁਧ ਤਬ ਹੋਈ ॥ ਦਰਸ ਹੇਤ ਚਲ ਆਏ ਸੋਈ ॥1634॥
ਜੋਗੀ ਜਤੀ ਪੁੰਜ ਬ੍ਰਹਮਚਾਰੀ ॥ ਬੈਰਾਗੀ ਬਹੁ ਭੇਖਨ ਧਾਰੀ ॥
ਸਿਖ ਸਾਧ ਸੁਨ ਜਬ ਜਿਸ ਕਿਸ ॥ ਉਤਲਾਵਤ[3] ਗਨ ਦਸ ਦਿਸ ॥1635॥
ਪੀਰ ਫਕੀਰ ਸਾਧ ਸਭ ਆਏ ॥ ਦਰਸਹਿ ਚੋਪ ਵਧਾਵਤਿ ਥਾਏ ॥
ਧੰਨ ਧੰਨ ਗੁਰ ਸਤਿਗੁਰ ਪੂਰੇ ॥ ਕਹੈ ਸਕਲ ਇਮ ਨਿਕਟਿ ਕਿ ਦੂਰੇ ॥1636॥
ਚਹੁੰ ਦਿਸ਼ਨ ਤੇ ਮੇਲਾ ਭਯੋ ॥ ਸਤਗੁਰ ਸਭ ਕੋ ਦਰਸਨ ਦਯੋ ॥
ਉਚਰਹਿ ਉਸਤਤਿ ਕਰਹਿ ਸੁਨਾਵਨ ॥ ਜਗਤ ਉਧਾਰਨ ਹਿਤ ਤੁਮ ਆਵਨ ॥1637
ਲਾਖਨ ਕੋ ਦੇਕਰ ਸੁਭ ਗਿਆਨ ॥ ਕੋਰ[4] ਸੁ ਲਾਗੇ ਭਗਤਿ ਮਹਾਨ ॥
ਗੁਰ ਸਿਖੀ ਜਿਤ ਕਿਤ ਬਿਸਤਾਰੀ ॥ ਦੈ ਉਪਦੇਸ ਕਰੇ ਭਵ ਧਾਰੀ ॥1638॥
ਇਤ ਆਦਿਕ ਜਸੁ ਕਰੈ ਉਚਾਰੰਨਿ ॥ ਦਰਸਨ ਪ੍ਰਾਪਤ ਨਰਨ ਹਜਾਰਨ ॥
ਸ੍ਰੀ ਮੁਖ ਸਭਨ ਸੁਨਾਇ ਬਖਾਨਾ ॥ ਸਾਧ ਸੰਗਤਿ ਸੁਨੋ ਸਵਧਾਨਾ ॥1639॥

॥ ਦੋਹਰਾ ॥

ਬਿਕ੍ਰਮ ਸਿੰਘ ਮਮੁ ਰੂਪ ਹੈ ਇਸ ਸੇਵੈ ਫਲ ਚਾਰ ॥
ਵੈਰ ਕਰੈ ਇਸ ਸੋਧਿ ਜੋ ਭੋਗੈ ਨਰਕ ਹਜਾਰ ॥1640॥

॥ ਚੌਪਈ ॥

ਤਾਤੇ ਜੋ ਮਮ ਸਿਖ ਕਹਾਵੈ ॥ ਤਜ ਇਰਖਾ ਇਸ ਪਾਦ ਮਨਾਵੈ ॥
ਸੁਨ ਗੁਰ ਬਾਨੀ ਸਭ ਨੇ ਮਾਨੀ ॥ ਹਾਥ ਜੋਰ ਸਭ ਬੈਦਨ ਠਾਨੀ ॥1641॥
ਰਹਰਾਸ ਆਰਤਾ ਪਾਠ[5] ਬਨਾਈ ॥ ਦੇਵ ਸਭਾ ਸਭ ਚਲ ਕਰ ਆਈ ॥
ਬਿਧ ਭਵ ਹਰੀ ਪ੍ਰਦਛਨਾ ਦੀਨੀ ॥ ਪਾਨ ਜੋਰ ਕਰ ਬਿਨਤੀ ਕੀਨੀ ॥1642॥

---

1. ਅ ਪੋਥੀ ਜੁ ਥੀਯੋ 2. ਅ ਪੋਥੀ ਅਨੂਪ 3. ਅ ਪੋਥੀ ਆਵਤ ਗਨ 4. ਅ ਪੋਥੀ ਕੋਟ 5. ਅ ਪੋਥੀ ਪਢਾ

ਹਰਿਪੁਰ ਚਾਲੋ ਗੁਰ ਸੁਖਦਾਈ ॥ ਦੇਵਨ ਦੀਜੈ ਸੁਖ ਅਧਿਕਾਈ ॥
ਛਿਤ ਪਰ ਬਹੁ ਬਿਧਿ ਰਾਜ ਕਮਾਵਾ ॥ ਗੁਰ ਸਿਖਨ ਸੁਭ ਮਾਰਗ ਪਾਵਾ ॥1643॥
ਜੋ ਕਰਨਾ ਥਾ ਸੋ ਕਰ ਲੀਨਾ ॥ ਸੁਭ ਸਪੂਤ ਗਾਦੀ ਪਰ ਕੀਨਾ ॥
ਸੁਨ ਦੇਵਨ ਕੀ ਗਿਰਾ ਰਸੀਲੀ ॥ ਕਹੀ ਗਿਰਾ ਸਤਿਗੁਰ ਚਟਕੀਲੀ ॥1644॥
ਹੇਤ ਸਕਾਰੇ ਹਮ ਚਲ ਆਵੈ ॥ ਤੁਮਰੋ ਕਹਿਨੋ ਨਾਹਿ ਹਟਾਵੈ ॥
ਸੁਨ ਦੇਵਨ ਪੁਖ ਬਰਖਾ ਲਾਈ ॥ ਧੂਪ ਧੁਖਾਵਨਿ ਰਤ ਦਿਖਾਈ ॥1645॥
ਕਰ ਕਰ ਨਮੋ ਲੋਪੁ ਹੁਇ ਗਏ ॥ ਕਿਨੋ ਕਿਨੋ ਕੌ ਦਰਸਨ ਭਏ ॥
ਦੇਵ ਗਿਰਾ ਸੁਨ ਸਿਖ ਬਿਗਸਾਨੇ[1] ॥ ਨੈਨਨ ਤੇ ਜਲ ਧਾਰ ਗਿਰਾਨੇ ॥1646॥
ਜਨ ਕਰੁਨਾ ਰਸ ਵਹਤ ਸਰੀਰਾ ॥ ਧਰੇ ਬਿਸੂਰਤ ਹੋਇ ਅਧੀਰਾ ॥
ਗੁਰੂ ਗਯਾਨ ਘਨ ਪਿਖ ਸਭ ਤਾਈ ॥ ਸ੍ਰੀ ਮੁਖ ਤੇ ਮ੍ਰਿਦੁ ਗਿਰਾ ਅਲਾਈ ॥1647॥
ਤਨ ਸਨੇਹ ਸਭ ਝੂਠਾ ਜਾਨਹੁ ॥ ਕਿਉ ਬਿਖਾਦ ਏ ਤੋ ਮਨ ਠਾਨਹੁ ॥
ਦੇਹ ਮਿਲਨ ਬਿਛਰਨ ਇਸ ਭਾਂਤੀ ॥ ਹੋਤ ਦਿਵਸ ਪੁਨ ਆਵਹਿ ਰਾਤੀ ॥1648॥
ਜੇ ਨਰ ਮਿਲੇ ਸਬਦ ਕੇ ਸੰਗਾ ॥ ਰਹੇ ਸਦੀਵ ਰਾਚ ਤਿਹ ਰੰਗਾ ॥
ਤੇ ਨਹਿ ਬਿਛਰਹਿ ਬਹੁਰ ਕਦਾਈ ॥ ਜਿਉ ਨੀਰਹਿ ਮੈ ਨੀਰ ਸਮਾਈ ॥1649॥
ਮੁਝ ਕੋ[2] ਮਿਲਨੇ ਕੀ ਜਿਹ ਚਾਹੀ ॥ ਕਬਹੂੰ ਬਿਛਰਨ ਭਾਵਹਿ ਨਾਹੀ ॥
ਸੋ ਨਰ ਸਬਦ ਕਰਹਿ ਅਭਯਾਸਾ ॥ ਸ੍ਰਵਣ ਮਨਨ ਨਿਤ ਪ੍ਰਤਿ ਨਿਧਯਾਸਾ ॥1650॥
ਨਿਰ ਸੰਦੇਹ ਮਿਲੈ ਮੁਝ ਮੁਝ ਸੰਗਾ ॥ ਬਹੁਰ ਨ ਬਿਛਰੈ ਹ੍ਵੈ ਇਕ ਰੰਗਾ ॥
ਤਾਤੇ ਤੁਮ ਅਬ ਤਜਹੁ ਬਿਖਾਦਾ ॥ ਗਾਵਹੁ ਸਬਦੁ [3]ਕਰਹੁ ਅਹਿਲਾਦਾ ॥1651॥
ਦ੍ਰਿਸਟਮਾਨ ਜੋ ਸਰਬ ਪਸਾਰਾ ॥ ਨਾਸਵੰਤ ਸੋ ਲੇਹੁ ਬਿਚਾਰਾ ॥
ਹੋਵਤ ਵਿਪਰਜੈ ਥਿਰ ਨ ਰਹਾਈ ॥ ਜਿਹ ਧਰੁਵ ਕਹਤ ਅਧਰੁਵ ਹ੍ਵੈ ਜਾਈ ॥1652॥

॥ ਸ੍ਵੈਯਾ ॥

ਕਰੁਨਾ ਗੁਰ ਜਾਚ ਸਦਾ ਸੁਖ ਦਾਮਨ ਕੇਰ ਬਿਕਾਰ ਕਰੋ ਹਰਨਾ ॥
ਹਰਿ ਨਾਹਿ ਭਜੈ ਭਵ ਕੋ ਕਰਤਾ ਮਹਿਮਾ ਗੁਨ ਕੈ ਪਰਹੋ ਸਰਨਾ ॥
ਸਰਨਾ ਮਨ ਆਨ ਹੰਕਾਰ ਤਜੋ ਥਿਰ ਹੋਤ ਨਹੀ ਤਨ ਮੈ ਤਰਨਾ ॥
ਤਰਨਾ ਜਗ ਸਿੰਧ ਸੁਗੰਧ ਚਹੋ ਕਹ ਨਾਲ ਬਖਾਦ [4]ਕਹੋ ਕਰਨਾ ॥1653॥

॥ ਦੋਹਰਾ ॥

ਸੁਨ ਗੁਰ ਬਾਨੀ ਸੁਭਗ ਅਤ ਮਨ ਮੈ ਧਾਰਨ ਕੀਨ ॥
ਵਿਰਤਿ ਵਿਵੇਕ ਗਿਯਾਨ ਮੈ ਕਰਤ ਅਗਯਾਨੇ ਹੀਨ ॥1654॥

---

1. ਅ ਪੋਥੀ ਬਿਗੰਸਾਨੇ
2. ਅ ਪੋਥੀ ਸੋ
3. ਅ ਪੋਥੀ ਬਾਣੀ
4. ਅ ਪੋਥੀ ਖਬਾ-

॥ ਚੌਪਈ ॥

ਆਇ ਲਾਂਗਰੀ ਬਿਨਤੀ ਠਾਂਨੀ ॥ ਪ੍ਰਸਾਦ ਤਯਾਰ ਭਯਾ ਗੁਨਖਾਨੀ ॥
ਸੁਭ ਸਪੂਤ ਗੁਰ ਪਾਸ ਬੁਲਾਯਾ ॥ ਚੰਦ ਬਦਨ ਤੇ ਬੈਨ ਅਲਾਯਾ ॥1655॥
ਜਾਇ ਬਚਾ ਅਬ ਦੇਹੁ ਬਰਤਾਇ ॥ ਸੁਨ ਸਪੂਤ ਤਬ ਬਿਨਤੀ ਗਾਇ ॥
ਆਪਿ ਜੀਆ ਜੀ ਛਕੋ ਪ੍ਰਸਾਦਿ ॥ ਤਬ ਹਮਰੇ ਮਨ ਹੁਇ ਅਹਿਲਾਦ ॥1656॥
ਮੰਜ ਗਿਰਾ ਤਬ ਸ੍ਰੀ ਗੁਰ ਗਾਈ ॥ ਖਾਨ ਪਾਨ ਮੁਹਿ ਰੁਚੇ ਨ ਰਾਈ ॥
ਅਕਾਲ ਪੁਰਖ ਪੈ ਜਾਵੋ ਭੋਰ ॥ ਮਮ ਪਾਛੈ ਮਤਿ ਕੀਜੈ ਸੋਰ ॥1657॥

॥ ਦੋਹਰਾ ॥

ਜਬ ਮਹਿਲਾ ਅਸ ਬਚ ਸੁਨੇ ਊਚੇ ਰੁਦਨੰ ਕੀਨ ॥
ਸਾਹਿਬਜਾਦੇ ਆਦਿ ਲੈ ਰੋਵੈ ਹੁਇ ਕਰ ਦੀਨ ॥ 1658॥
ਕਰ ਮੋ ਕਰ ਸ੍ਰੀ ਗੁਹ ਗਹਾ ਸੁਤ ਕੋ ਪ੍ਰੀਤੀ ਸਾਥ ॥
ਵਿਰਤਿ ਵਿਵੇਕ ਵਿਗਿਯਾਨ ਮੈ ਕਹਿ ਸਮਝਾਈ ਗਾਥ ॥1659॥

॥ ਸੈਯਾ ॥

ਹੋਵਨਹਾਰ ਫਰੈ ਨਹਿ ਨੈਕਹੂੰ ਜਦਪ ਲਾਖ ਉਪਾਵ ਬਨਾਯਾ ॥
ਤਾਤੇ ਨ ਸੋਕ ਕਰੈ ਮਨ ਮੈ ਪੰਡਿਤ ਖੰਡਤ ਭ੍ਰਾਂਤਿ ਮਹਾਂ ਦੁਖ ਦਾਯਾ ॥
ਦੇਵ ਕੀ ਆਯਸ ਹੂਇ ਬਿਨਾ ਨਹਿ ਡੋਲਤ ਹੈ ਇਕ ਪਾਤ ਦ੍ਰੁਮਾਯਾ ॥
ਯਾਂਹੀ ਤੇ ਚਿੰਤ ਤਜੋ ਸੁਤ ਸੁੰਦਰ ਰੋਦਨ ਤੇ ਬਰਜੋ ਨਿਜ ਮਾਯਾ ॥1660॥
ਸ੍ਰੀ ਕਲ ਧਾਰਿ ਕਹਾਂ ਜੁ ਕਲਾਨਿਧ ਔਰੁ ਕਹਾਂ ਹੈ ਅਜੀਤ ਮ੍ਰਿਗਾਰੀ ॥
ਸ੍ਰੀ ਮਹਿਬੂਬ ਮ੍ਰਿਗਿੰਦ ਕਹਾ ਤੇਗ ਸਿੰਘ ਸਪੂਤ ਜੁ ਪ੍ਰਾਨ ਹਮਾਰੀ ॥
ਔਰੁ ਅਨੇਕ ਗਏ ਹਮ ਦੇਖਤ ਯਾਂ ਜਗ ਮਾਂਹਿ ਕਲੇਵਰ ਧਾਰੀ ॥
ਏ ਜਬ ਆਂਖਨ ਤੇ ਦੂਰਗੇ ਤਬ ਕਿਮ ਥਿਤ ਆਹਿ ਹਮਾਰ ਤੁਮਾਰੀ ॥1661॥

॥ ਚੌਪਈ ॥

ਕੋਈ ਪੂਰਬ ਤੇ ਚਲ ਆਯਾ ॥ ਕੋਈ ਉਤਰ ਤੇ ਤਬ ਧਾਯਾ ॥
ਦਛਨ ਆਦਿ ਦੇਸ ਤੇ ਆਏ ॥ ਨਦੀ ਕਿਨਾਰੇ ਭਏ[1] ਇਕਠਾਏ ॥1662॥
ਚਢਿ ਨੌਕਾ ਤੇ ਹੋਏ ਪਾਹੀ ॥ ਬਿਛੁਰ ਗਏ ਪੁਨ ਲਗੀ ਨ ਬਾਰੀ ॥
ਮਾਤ ਪਿਤਾ ਸੁਤ ਬੰਧਪੁ ਤੈਸੇ ॥ ਬਿਛੁਰ ਜਾਹਿ ਪੁਨਿ ਮਿਲੈ ਨ ਤੈਸੇ ॥1663॥
ਸੰਜੋਗੁ ਵਿਜੋਗੁ ਆਦੈ ਹੋਵਾ ॥ ਜੋ ਜਨਮਾ ਸੋ ਨਿਸਚੇ ਮੋਵਾ ॥
ਤਾਤੇ ਮੋਹਿ ਤਿਆਗੋ ਪੂਤਾ ॥ ਤੇਰਾ ਮੈ ਜਗ ਰਾਖਯੋ ਸੂਤਾ ॥1664॥
ਆਤਮ ਗਯਾਨ ਰਿਦੇ ਨਿਜ[2] ਧਾਰੋ ॥ ਵਾਹਿਗੁਰੂ ਸਦ ਰਿਦੇ ਸੁਮਾਰੋ ॥
ਪਰ ਨਾਰੀ ਧਨ ਮਿਰਤਕ ਜਾਨੋ ॥ ਦੇਗ ਚਲਾਵਨ ਮੈ ਹਿਤ ਠਾਨੋ ॥1665॥

---

1 ਅ ਪੋਥੀ ਭੇ    2 ਅ ਪੋਥੀ ਮਤਿ

॥ ਸ੍ਵੈਯਾ ॥

ਯਾਂਤੇ ਪ੍ਰਸੰਨ ਰਹੋਂ ਮਨ ਮੈਂ ਇਹੁ ਰੀਤ ਸਨਾਤਨ ਬੇਦਨ ਗਾਈ ॥
ਸੋਕ ਕੈ ਜੋਗ ਅਪੂਰਬ ਬਾਤ ਹੈ ਜਾਨ ਸੁਜਾਨ ਨ ਆਨੰਦਿ ਢਾਈ ॥
ਜੋ ਲੌ ਜੀਯੋ ਤੋ ਪ੍ਰਸੰਨ ਜੀਯੋ ਸੁਖ ਸੰਪਤ ਬਾਗੋ ਅਗਾਰ ਸਦਾਈ ॥
ਯੌ ਕਹਿ ਪੁਤ੍ਰਹਿ ਸੀਸ ਧਰਯੋ ਕਰ ਜਿਤ ਰਿਦੇ ਸੋਕ ਸੁ ਦੀਨ ਮਿਟਾਈ ॥1666॥

॥ ਚੌਪਈ ॥

ਆਇਸ ਦੀਨ [1]ਪੁਨਾ ਗੁਰ ਪੂਰੇ ॥ ਬਾਟੋ ਲੰਗਰ ਮਿਟੇ ਵਿਸੂਰੇ ॥
ਸਤ ਬਚਨ ਕਹਿ ਸੀਸ ਨਿਵਾਵਾ ॥ ਲੰਗਰ ਮੋ ਮਾਨਵ ਪਠਾਵਾ ॥1667॥
ਸੂਪਕਾਰ ਆਇਸ ਸੁਨ ਪਾਈ ॥ ਪ੍ਰਸਾਦ ਬਾਟਾ ਦੇਰ ਬਿਹਾਈ ॥
ਨਰ ਨਾਰੀ ਲੇ ਸਭ ਨੇ ਖਾਵਾ ॥ ਗੁਰ ਕੀ ਗਾਥੇ ਸੁਨੋ ਮਨ ਲਾਵਾ ॥1668॥
ਸ੍ਰੀ ਕਮਲਾਨਨ ਗਿਰਾ ਅਲਾਈ ॥ ਰਾਗੀ ਗਾਵੈ ਪ੍ਰੀਤੀ ਲਾਈ ॥
ਗਯਾਂਨ ਵਿਗਯਾਨ ਮਯ ਸਬਦੁ ਜੁ ਭਾਰੀ ॥ ਮ੍ਰਿਦੁਲ ਮਧੁਰ ਧੁਨਿ ਰਾਗ ਮਝਾਰੀ ॥
1669॥

ਪੁਨ ਜਪੁ ਤਪੁ ਹੈ ਗਯਾਨ ਸੁ ਧਯਾਨਾ ॥ ਬੈਠਹਿ ਸਿਖ ਕਰਹਿ ਕਲਯਾਨਾ ॥
ਬਾਦਿਤ੍ਰ ਤਾਰ ਬਜਾਵਹਿ ਪਾਨਾ ॥ ਹੈ ਅਨੰਦ ਉਤਸਵ ਬਿਧ ਨਾਨਾ ॥1670॥
ਏਕੰਕਾਰ ਪ੍ਰੀਤ ਰਸ ਪਾਗੇ ॥ ਨਿਸ ਬਾਸਰ ਹਿਰਦੇ ਅਨੁਰਾਗੇ ॥
ਦਰਸਨ ਕਰਹਿ ਮਲਿਨਤਾ ਭਾਗੀ ॥ ਨੌਧਾ ਭਗਤਿ ਰਿਦੇ ਮਹਿ ਜਾਗੀ ॥1671॥
ਏਕਰੰਗ ਮਹਿ ਰਾਗੇ ਸਬ ਹੀ ॥ ਦ੍ਵੈਤ ਭਾਉ ਉਰਿ ਆਇਸ ਨ ਕਬਹੀ ॥
ਨਾਮ ਜਪਤ ਚਾਤਕ ਕੀ ਭਾਂਤੀ ॥ ਸਤਿ ਆਦਿ ਪਾਈ ਜਿਨ ਬਾਤੀ ॥
ਉਰ [2]ਧਯਾਨ ਚਕੋਰਹਿ ਚੰਦੂ ॥ ਲੋਚਨਿ ਅਲਿ[3] ਗੁਰ ਪਦ ਅਰਬਿੰਦੂ ॥1673॥
ਸੂਛ ਰਿਦੇ ਜਯੋਂ ਗੰਗਾ ਨੀਰੂ ॥ ਹਰਤ ਸਹੋਦਰ ਜਿਉ ਪਰ ਪੀਰੂ ॥
ਰਾਗ ਕਰਤ ਪੁਲਕਤ ਤਨ ਐਸੇ ॥ ਪਰਮਾਨੰਦ ਮਹਿ ਜੋਗੀ[4] ਜੈਸੇ ॥1674॥
ਸੇਵਾ ਕਰਹਿ ਧਰਹਿ ਉਰਿ ਭਾਊ ॥ ਪਾਇ ਪਰਮ ਪਦ ਪ੍ਰਭੂ ਪਸਾਊ ॥
ਬਿਨਾ ਜਤਨ ਪਾਯੋ ਪੁੰਜ ਗਯਾਨਾ ॥ ਜਨਮ ਮਰਨ[5] ਕਰ ਲੀਨੋ ਹਾਨਾ ॥1675॥

॥ ਦੋਹਰਾ ॥

ਤਿਨ ਕੀ ਮਹਿਮਾ ਕਿਉ ਕਹੋ ਜੋ ਸਿਖ ਗੁਰੂ ਹਦੂਰ ॥
ਮਮ ਮਤ ਮਸ਼ਕ ਸੁਮਾਨ ਹੈ ਕਸ ਚਾਵਹਿ ਗਿਰ ਭੂਰ ॥1696॥

1. ਅ ਪੋਥੀ ਦੀ　2. ਅ ਪੋਥੀ ਉਰ ਮਹਿ
3. ਅ ਪੋਥੀ ਮਲ　4. ੲ ਪੋਥੀ ਸਾਧੂ
5. ੲ ਪੋਥੀ ਆਵਾਗਮਨ

॥ ਚੌਪਈ ॥

ਜਾਮ ਨਿਸੇ ਗੁਰ ਕੀਨਾ ਮਜਨ ॥ ਮਿਲੇ ਆਇ ਤਬ ਹੀ ਸਬ ਸੁਜਨ ॥
ਤਿਹ ਛਿਨ ਬੈਠੇ ਸੋਚ ਬਿਮੋਚਨ ॥ ਸੁਨਤਯੋ ਮੁਦੇ ਕਮਲ ਦਲ ਲੋਚਨ ॥1677॥
ਲਗੀ ਸਮਾਧ ਅਖੰਡ ਸਰੂਪਾ ॥ ਜਿਹ ਕੇ ਜਾਨੇ ਅਨਦ ਅਨੂਪਾ ॥
ਸਗਰੇ ਅੰਗ ਅਡੋਲ ਰਹਾਏ ॥ ਚਤੁਰ ਮਹੂਰਤ ਜਬੈ ਬਿਤਾਏ ॥1678॥
ਬਿਕਸੇ ਤਬੈ ਰੁਚਿਰ ਜੁਗ ਲੋਚਨ ॥ ਬੋਲੇ ਬਾਨੀ ਬੰਧਿ ਬਿਮੋਚਨ ॥
ਆਜ ਸਮਾਵਨ ਸੁਭ ਦਿਨ ਆਯੋ ॥ ਸ੍ਰੀ ਗੁਰ ਨਾਨਕ ਦਰਸ ਦਿਖਾਯੋ ॥1679॥
ਬਿਨਾ ਨਾਮ ਨਹਿ ਮੁਝ ਕਿਛੁ ਭਾਵੈ ॥ ਜਪੈ ਨਾਮ ਗੁਰ ਮਹਿ ਸਮਾਵੈ ।
ਵਾਹਿਗੁਰੂ ਸਭ ਮੁਖਹੁ [1]ਬਖਾਨਹੁ[2] ॥ ਕਰਹੁ ਹਰਖੁ ਕਛੁ ਸੋਕ ਨ ਠਾਨਹੁ ॥1680॥
ਸੁਨ ਅਸ ਬਚਨ ਮ੍ਰਿਦੁਲ ਜਗ ਗੁਰ ਕੇ ॥ ਸਿਖਨ ਕੇ ਲੋਚਨਿ ਜਲੁ ਢਰਕੇ ॥
ਸਗਰੇ ਪੁਰ[3] ਪਹਿ ਪਰਯੋ ਸੁਰੋਰਾ ॥ ਰੁਦਨ ਕਰਤ ਭਏ ਜਿਤ ਕਿਤ ਠੌਰਾ ॥1681॥
ਗੁਰ ਆਨਨ ਆਰੁਨਤਾ ਆਈ ॥ ਜਯੋ ਅਰਣੋਦਯ ਰੁਚਿਰ ਸਹਾਈ ॥
ਸੁਤ ਸੇਵਕ ਚਹੁ ਦਿਸ ਪਰਵਾਰਾ ॥ ਬਦਨੁ ਕਮਲ ਜਿਨ ਕੇਰ ਅਪਾਰਾ ॥1682॥

॥ ਦੋਹਰਾ ॥

ਬਿਕ੍ਰਮ ਸਿੰਘ ਸਪੂਤ ਪ੍ਰਤਿ ਸ੍ਰੀ ਗੁਰ ਬੈਨ ਅਲਾਇ ॥
ਪਦਾਰਥ ਲਯਾਵੋ ਦਾਨ ਹਿਤ ਦੇਵੈ ਦੇਰ ਬਿਹਾਇ ॥1683॥
ਸਤ ਬਚਨ ਸੁਨ ਕਹਤ ਭਾ ਲੀਜੈ ਦੀਨ ਦਿਯਾਲ ॥
ਲਯਾਇ ਸੌਜ ਆਗੇ ਧਰੀ ਕੀਜੈ ਦਾਨ ਬਿਸਾਲ ॥1684॥

॥ ਸ੍ਵੈਯਾ ॥

ਧਨ ਗੰਜ ਅਸ੍ਵ ਪਲਾਨਨ ਸੰਜੁਤਿ ਪੋਤਨ ਮਾਲ ਬਿਸਾਲ ਬਨੈਯਾ ॥
ਅੰਨ ਅਸੰਖ ਪਟੰਬਰ ਕੰਬਰ ਕੰਚੁਨ ਸੁਦ੍ਰਿਕਾ ਔਰ ਰੁਪੈਯਾ ॥
ਭਾਜਨ ਆਯੁਧ ਭੂ ਸਿਹਜਾ ਤਨ ਪ੍ਰਾਣ ਬਿਸਾਲ ਮਹਾ ਝਲ ਕਯਾ ॥
ਵਿਪ੍ਰਨ ਦੀਨ ਯਥਾ ਕ੍ਰਮ ਸੋ ਗੁਰ ਬੰਸ ਬਿਭੂਖਣ ਦੂਖਣ ਹਯਾ ॥1685॥
ਲਾਲ ਦੁਸਾਲ ਬਿਸਾਲ ਅਪੂਰਬ ਮਾਲ ਪ੍ਰਵਾਲ ਮਹਾ ਛਬਨੈਯਾ ॥
ਖੇਮੇ ਕਨਾਤ ਬਿਤਾਨੁ ਬਨਾਤ ਕੇ ਕੰਚਨ ਕੇ ਮ੍ਰਿਗ ਜਾਨ ਫਦਯਾ ॥
ਸੁੰਦਰ ਰੂਪ ਬਨੀ ਮਸ ਲੰਦਨ ਸਯੰਦਨ ਸੰਜੁਤ ਬਾਜ ਬ੍ਰਿਖੰਜਾ ॥
ਤਿਲ ਧਾਨ ਅਜ ਮਹਿਖੀ ਬਹੁਤੀ ਦਿਜਨ ਦੈ ਹਰਖੇ ਸੁਖ ਦਯਾ ॥1686॥

---

1. ਅ ਪੋਥੀ ਮੁਖੋ
2. ਅ ਪੋਥੀ ਬਖਾਨਤੁ
3. ਮੂਲ ਪੋਥੀ ਗੁਰ

॥ ਦੋਹਰਾ ॥

ਦਾਨ ਜਿਤਾ ਸ੍ਰੀ ਗੁਰ ਕੀਯਾ ਸ੍ਰੇਸ ਨ ਪਾਵੈ ਪਾਰ ॥
ਨਿਰਧਨ ਸੇ ਸਰਧਨ ਭਏ ਦਿਯਾ ਦਾਨ ਕਰਤਾਰ ॥1687॥

॥ ਚੌਪਈ ॥

ਆਇਸ ਪੁਨਾ ਕਹੀ ਗੁਰ ਪੂਰੇ ॥ ਬਿਕ੍ਰਮ ਸਿੰਘ ਸੁਨੋ ਸੁਤ ਰੂਰੇ ॥
ਦਮਦਮੇ ਪੈ ਦਾਹਿ ਕਰਾਵੋ ॥ ਤਿਸ ਥਾਨ ਪੁਨ ਝੰਡਾ ਲਾਵੋ ॥1688॥
ਸਭ ਬਿਧ ਮੈ ਤੁਮ ਕਰੌ ਸਹਾਇ ॥ ਮਨ ਤੇ ਦੀਜੈ ਚਿੰਤ ਬਹਾਇ ॥
ਪੁਨ ਪੂਛਾ ਦਿਨ ਕਿਤਨਾ ਆਵਾ ॥ ਚਤੁਰ ਘਰੀ [1]ਸਿਖ ਬੈਨ ਅਲਾਵਾ ॥1689॥
ਅਮਲ ਲਯਾਵੈਂ ਆਇਸੁ ਦੀਨੀ ॥ ਸੁਨ ਸਪੂਤ ਪੁਨਿ ਬਿਨਤੀ ਕੀਨੀ ॥
ਅਮਲ ਨ ਵੇਲਾ ਭਾ ਸੁਖਦਾਈ ॥ ਗਦ ਗਦ ਬਾਨੀ ਗੁਰੂ ਅਲਾਈ ॥1190॥
ਪੂਤ ਹਮਾਰਾ ਵੇਲਾ ਹੋਵਾ ॥ ਹਰਿ ਪੁਰ ਗਵਨ ਕਾਲ ਹਮ ਜੋਵਾ ॥
ਐਸੇ ਕਹਿ ਮਾਵਾ ਕਰ ਲੀਨਾ ॥ ਨੀਰੈ ਸਾਥ ਅਚਨ ਤਬ ਕੀਨਾ ॥1691॥

॥ ਦੋਹਰਾ ॥

ਪੁਨ ਸੁਚੇਤਾ ਕਰੰਤ ਭਏ ਥਿਰੇ ਪਲਘੁ ਪਰ ਆਇ ॥
ਨਾਨ ਕਰਾ ਤਿਸੁ ਖਿਨ ਬਿਖੇ ਪੀਤੰ ਬਸਨ ਉਡਾਇ ॥1692॥

॥ ਚੌਪਈ ॥

ਹੁਕਮ ਕਰਾ ਦਿਹੁ ਕੁਸਾ ਬਿਛਾਈ ॥ ਸੇਤ ਬਸਨ ਲਿਉ ਉਤੇ ਉਡਾਈ ॥
ਮਾਨ ਬਚਨ ਤਬ ਕੈਸੇ ਕੀਨਾ ॥ ਸ੍ਰੀ ਗੁਰ ਜੀ ਤਬ ਭਏ ਅਸੀਨਾ[2] ॥1693॥
ਮਹਿਲਾ ਪੂਤ ਆਦਿ ਰੁਦਨਾਏ ॥ ਦੇਖ ਰੁਦਨ ਗੁਰ ਬੈਨ ਅਲਾਏ ॥
ਰੁਦਨ ਤਯਾਗ ਸਤਿਨਾਮੁ ਉਚਾਰੋ ॥ ਹਮਰੀ ਕਹਿਵਤ ਰਿਦ ਮੋ ਧਾਰੋ ॥1694॥
ਤਾਤੇ ਸਬਦੁ ਕਰਹੁ ਅਭਿਯਾਸਾ ॥ ਸਗਲੋ ਭੇਦ ਹੋਇ ਪ੍ਰਕਾਸਾ ॥
ਮੋ ਸਿਖਹੁ ਸਭ ਤਜਹੁ ਬਿਖਾਦਾ ॥ ਖੈਵ ਤਨ ਅਹੰ ਸਮਾਰਹੁ ਆਦਾ ॥1695॥
ਇਸ ਪ੍ਰਕਾਰੁ ਉਪਦੇਸਿ ਘਨੇਰਾ ॥ ਦੈ ਕਰ ਗੁਰ ਅਗਯਾਨ ਕਟੇਰਾ ॥
ਆਪ ਸ੍ਰੀ ਸਪੁ ਪਠਨੇ ਲਾਗੇ ॥ ਪੂਤ ਆਦਿ ਸਭ ਸੁਨੈ ਸਭਾਗੇ ॥1696॥
ਪਾਇ ਭੋਗ ਸਲੋਕ ਉਚਾਰਾ ॥ ਪੌੜ ਗਏ ਤਬ ਕਰੀ ਨ ਬਾਰਾ ॥
ਹਰਿ ਹਰ ਬ੍ਰਿਧਿ ਸਨਦਾਇਕ ਆਏ ॥ ਰਵਿ ਸਸਿ ਦੇਵ ਸਕਲ ਤਬ ਧਾਏ ॥1697॥

॥ ਦੋਹਰਾ ॥

ਬਾਲਮਿਕ ਅਰੁ ਰੋਮਿ ਰਿਖੁ ਕਾਕ ਭਸੁੰਡ ਸੁਜਾਨ ॥
ਬ੍ਰਕ ਦਾਲਭ ਤੇ ਆਦਿ ਜੋ ਆਏ ਰਿਖੀ ਮਹਾਨ ॥1698॥

---

1. ਅ ਪੋਥੀ ਘੜੀ
2. ਅ ਪੋਥੀ ਅਧੀਨਾ
3. ਅ ਪੋਥੀ ਅਭਾਏ

ਨਾਮਦੇਵ ਥੀ ਆਦਿ ਲੇ ਸਰਬ ਭਗਤੁ ਚਲਿ ਆਇ ॥
ਪਾਨ ਜੋਰ ਉਸਤਤਿ ਕਰੈ ਜੈ ਜੈ ਬੇਦੀ ਰਾਇ ॥1699॥
ਇਕ ਬਿਬਾਨ ਮਨੁਹਰ ਤਹਾਂ ਪੰਜ ਮਣੀ ਜਿਸ ਮਾਹਿ ॥
ਅਤਿ ਪ੍ਰਕਾਸ ਸੰਸਯੁਤ[1] ਸੋ ਕਉਨ ਕਹੈ ਛਬਿ ਤਾਹਿ ॥1700॥

॥ ਚੌਪਈ ॥

ਇਜੇ ਆਦਿ ਪਾਰਖਦ-ਆਏ[2] ॥ ਜਹਾਂ ਹੁਤੇ ਬੇਦੀ ਕੁਲ ਰਾਏ ॥
ਚਵਰ ਢੁਰਾਵੈ ਵਾਰੈ ਵਾਰੀ ॥ ਗੁਰ ਕੀ ਉਸਤਤਿ ਕਰੈ ਅਪਾਰੀ ॥1701॥
ਨਿਜ ਸਰੂਪ ਗੁਰੂ ਤਬ ਧਾਰਾ ॥ ਭੁਜਾ ਚਾਰ ਦੁਤਿ ਅਭੈ ਅਪਾਰਾ ॥
ਸੰਖ ਚਕ੍ਰ ਕਰ ਕਮਲਨ ਮਾਹੀ ॥ ਗਦਾ ਪਦਮ ਅਤਿ ਸੁੰਦਰ ਆਹੀ ॥1702॥

॥ ਦੋਹਰਾ ॥

ਕੰਕਨ ਅੰਗਦਿ ਆਦਿ ਲੇ ਭੂਖਨ ਅੰਗਨ ਧਾਰ ॥
ਕੋਟਿ ਕਾਮ ਦਿਖਲਾਜਈ ਸੋਭਾ ਬਨੀ ਅਪਾਰ ॥1703॥

॥ ਚੌਪਈ ॥

ਚਢੇ ਬਿਬਾਨੁ ਉਪਰਿ ਤਤਕਾਲਾ ॥ ਬੀਚ ਅਕਾਸੈ ਚਲੇ ਉਤਾਲਾ ॥
ਦੇਵ ਨਟੀ[3] ਕਰਤੀ ਕਲ ਗਾਨਾ ॥ ਗੀਰ ਬਾਣ ਕੇ ਬਜੇ ਨਿਸਾਨਾ ॥1704॥
ਦੇਵ ਤਰੂ ਕੇ ਪੁਖ ਬਰ ਖਾਵੈ ॥ ਗੁਰੋ ਮੂਰਤ ਪਰ ਬਲਿ ਬਲਿ ਜਾਵੈ ॥
ਬੈਕੁੰਠਿ ਮਧਿ[4] ਪਹੁਚੇ ਸੁਖਦਾਈ ॥ ਅਕਾਲ[5] ਪੁਰਖ ਮਹਿ ਗਏ ਸਮਾਈ ॥1705॥
ਪਾਛਲ ਗਾਥ ਕਹੌ ਸਮਝਾਈ ॥ ਜਿਮ ਹੋਈ ਤਿਮ ਦੇਉਂ ਬਤਾਈ ॥
ਸ੍ਰੀ ਹਜੂਰ ਜਬ ਦੇਹ ਤਜਾਵਾ ॥ ਬਿਕ੍ਰਮ ਸਿੰਘ ਦਿਖ ਅਦਿ ਰੁਦਨਾਵਾ ॥1706॥

॥ ਸ੍ਵੈਯਾ ॥

ਅੰਤਰੁ ਧਯਾਨ ਭਏ ਪ੍ਰਭ ਜੂ ਜਿਹ ਧਯਾਨ ਕੋ ਸੰਭ ਭਵਾਨਿ ਧਰੈ ॥
ਅੰਤ ਨ ਪਾਵਤ ਬੇਦ ਕਤੇਬ ਹੂੰ ਜੇਬਕੋ ਸੁਨੈ ਗੁਰ ਤੇਤ ਰਰੈ ॥
ਜਾ ਸਤ ਤੇ ਭਾਸ ਅਸਤ ਹੂ ਜਯੋ ਨਟੂਆ ਬਹੁ ਖੇਲ ਕਰੈ ॥
ਸ੍ਰੀ ਗੁਰ ਬੰਸ ਸੁ ਮਾਨਸ ਹੰਸ ਹੈ ਅਜ ਕੋ ਤਾਲ ਪਵਿਤ੍ਰ ਕਰੈ ॥1707॥
ਸੋਰ ਪਰਯੋ ਪੁਰਿ ਅੰਤਹਿ ਜਾਗ ਉਠੀ ਅਤਿ ਸੋਕਿ ਕੀ ਬਾਤੀ ॥
ਕਾਹੂ ਸਮਾਰ ਰਹੀ ਨਵ ਹੀ ਛਿਨ ਘਾਇ ਭਏ ਬਿਰਹਾ ਕੁਭਾਂਤੀ ॥
ਆਨੰਦ ਪਾਤਿ ਗਿਰਾਇ ਦਏ ਤਨ ਪਾਦਖ ਤੇ ਕਰੁਣਾ ਰਸ ਛਾਤੀ ॥
ਸ੍ਰੀ ਊਨੇ ਮਾਹਿ ਜਿਤੀ ਵਰ ਸੰਗਤਿ ਖਾਇ ਤਵਾਰਹਿ ਤਾੜਤ ਛਾਤੀ ॥1708॥

---

1. ਅ ਪੋਥੀ ਸੰਯੁਕਤ
2. ਅ ਪੋਥੀ ਲਯਾਏਂ
3. ਅ ਪੋਥੀ ਨਦੀ ਸੁਕਰੈ
4. ਅ ਪੋਥੀ ਮੈ
5. ਅ ਪੋਥੀ ਅਕਾਸੁ

ਇਵ ਰੋਵਤ ਸ੍ਰੀ ਗੁਰ ਬਿਕ੍ਰਮ ਸਿੰਘ ਜੂ ਕਾਂਨ ਮ੍ਰਿਗੇਸ ਜੂ ਰੋਇ ਪੁਕਾਰੇ ॥
ਉਤ ਖਾਸ ਅਮੀਰ ਵਜ਼ੀਰ ਅੰਬੀਰ ਹੂੰ ਚਾਕਰੁ ਚਾਕਰੀ ਮੇਂ ਜੁਈ ਭਾਰੇ ॥
ਉਤ ਦਾਸੀਆਂ ਦਾਸ ਮਹਾਂ ਤਜਿ ਆਸ ਗਿਰੇ ਧਰਨੀ ਪਰ ਰੋਇ ਉਚਾਰੇ ॥
ਸਭ ਹੀ ਬਿਰਹਾਨਲਿ ਲਾਗ ਜਰੇ ਮਾਤ ਨਿਕੇਤਨ ਭਏ ਦੁਖ ਭਾਰੇ ॥1709॥
ਹਾਂ ਜਗਦੀਸੁਰ ਹਾਂ ਕਰੁਣਾਨਿਧਿ ਹਾਂ ਕਮਲਾਪਤਿ ਨਿਤ ਨਏ ॥
ਹਾਯ ਪਯੋਨਿਧਿ ਸੈਨ ਸੁਖਾਕਰ ਹਾਇ ਅਨੰਦ ਸਰੂਪ ਜਏ ॥
ਹਾਇ ਅਕਾਲ ਅਕਾਲ ਸ੍ਰੀ ਗੁਰ ਮੂਰਤਿ ਮੋਹਿ ਬਢਾਇ ਵਿਮੋਹਿ ਭਏ ॥
ਹਾਇ ਅਬੈ ਬ੍ਰਤ ਰਾਤ ਹੁਤੇ ਤਜਿ ਦਾਸਨਿ ਕੋ ਕਹਿ ਓਰਿ ਗਏ ॥1710॥

॥ ਦੋਹਰਾ ॥

ਮਾਤ ਆਦਿ ਦਾਸੀ ਜਿਤੀ ਔਰੁ ਜੁ ਬੇਦੀ ਨਾਰਿ ॥
ਖੋਰਿਸ[1] ਰੋ ਰਹੁ ਪੀਟਤੀ ਹਾਇ ਸੁ ਹਾਇ ਪੁਕਾਰ ॥1711॥[2]

॥ ਚੌਪਈ ॥

ਸ੍ਰੀ ਮਾਤਾ ਪ੍ਰਤਿ ਜਾਇ ਵਖਾਨਾ ॥ ਸੋਕਿ ਤਿਯਾਗ ਹੂਜੇ ਸਵਧਾਨਾ ॥
ਆਵਨ ਜਾਵਨ ਤਿਨ ਕੇ ਹਾਥਾ ॥ ਅਤਿਸੈ ਪਾਵਨ ਜਿਨ ਕੀ ਗਾਥਾ ॥1712॥
ਅੰਤ ਕ੍ਰਿਯਾ ਅਬ ਚਿਉ ਕਰਵਾਈ ॥ ਦੇਰ ਨ ਕੀਜੈ ਸਭ ਜਗ ਮਾਈ ॥
ਸ੍ਰੀ ਮਾਤਾ ਤਬ ਸੁਤ ਕੋ ਪ੍ਰੇਰਾ ॥ ਪਿਤ ਕ੍ਰਿਆ ਕੀਜੈ ਨਹਿ ਦੇਰਾ ॥1713॥
ਸਤ ਬਚਨ ਬਾਬੇ ਜਬ ਗਾਯੋ ॥ ਭਾਈ [3]ਕਾਨ ਸਿੰਘ ਬੁਲਾਯੋ ॥
ਔਰੁ ਸੁ ਬੇਦੀ ਲੀਓ ਹਕਾਰ ॥ ਦਿਵਾਨ ਮੁਸਦੀ ਹੈ ਕਮਦਾਰ ॥1714॥
ਸਾਧ ਸੰਤ ਮਿਲ ਕਰ ਸਮੁਦਾਈ ॥ ਕੀਰਤਨ ਕਰਤੇ ਅਤਿ ਹਿਤ ਲਾਈ ॥
ਬਿਵਾਨ ਬਨਾਵਾ ਜਰੀ ਲਗਾਇ ॥ ਪੁਰਟ ਫੂਲ ਦੀਨੇ ਲਟਕਾਇ ॥1715॥
ਥਾਲ ਸੁ ਗਾਗਰ ਸੋਨੇ ਕੇਰੀ ॥ ਅਵਰ ਸਮਿਗ੍ਰੀ ਕੀਨ ਬਹੁਤੇਰੀ ॥
ਸ੍ਰੀ ਹਜੂਰ ਤਬ [4]ਨਾਨ ਕਰਾਵਾ ॥ ਸੇਤ ਬਸਨ ਤਬ[5] ਤਨੈ ਉਢਾਵਾ ॥1716॥
ਬੇਦ ਬਿਧੀ ਸਭ ਕਿਰਿਆਂ ਕਰਾਈ ॥ ਬਿਬਾਨ ਬਿਖੇ ਤਬ ਲੈ ਪੌਢਾਈ ॥
ਬਹੁ ਮੋਲਿ ਦੁਸਾਲੇ ਊਪਰਿ ਪਾਇ ॥ ਚੌਰੁ ਢੁਰਾਵੈ ਮਿਲ ਸਮੁਦਾਇ ॥1717॥

॥ ਦੋਹਰਾ ॥

ਰੁਪੀਯੇ ਮੁਹਰਾਂ ਬੁਦਕੀਆਂ ਭਰੁ ਭਰੁ ਥੈਲੇ ਆਨ ॥
ਸੁਟਨ[6] ਲਾਗੇ ਊਪਰੋ ਰੰਕ ਭਏ ਧੰਨਵਾਨ ॥1718॥

---

1 ਅ ਪੋਥੀ ਖੋਇਸ
2. ਅ ਪੋਥੀ ਇਸ ਮਗਰੋਂ ਇਹ ਵਾਧੂ ਦੋਹਰਾ ਮਿਲਦਾ ਹੈ :
ਬਲ ਸੇਵਾ ਸਿੰਘ ਜੀ ਔਰ ਜਿਤੇ ਬੁਧਿਵਾਨੁ ॥
ਮਿਲ ਕਰਿ ਕੋ ਸਭ ਕਹਤ ਭਏ ਕਰੋ ਕ੍ਰਿਯਾ ਸਵਧਾਨੁ ॥1712॥
3. ਅ ਪੋਥੀ ਭਾਈ ਆ 4. ਅ ਪੋਥੀ ਤਨ 5. ਅ ਪੋਥੀ ਸੁਭ 6. ਅ ਪੋਥੀ ਲੁਟਨ

॥ ਚੌਪਈ ॥

ਮਾਰੂ ਸਬਦੁ ਪਢਤ ਲਿਵ ਲਾਇ ॥ ਲੀਨ ਬਿਵਾਨ[1] ਕਾਂਧ ਉਠਾਇ ॥
ਆਗੇ ਕੋਤਲ ਦੀਨ ਚਲਾਈ ॥ ਪਾਛੇ ਫੀਲ ਭਏ ਸਮੁਦਾਈ ॥1719॥
ਦੇਵਨ ਫੂਲ ਫੂਲ ਬਰਖਾਏ ॥ ਜਿਨ ਕੇ ਆਂਗਨ ਬੁਜੇ ਬੁਧਾਏ ॥
ਮੇਘਨ[2] ਓਟ ਬਿਵਾਨ ਫਿਰਾਵੈ ॥ ਸ੍ਰੀ ਗੁਰੁ ਕੋ ਜਸਿ ਬਹੁ ਬਿਧ ਗਾਵੈ ॥1720॥

॥ ਦੋਹਰਾ ॥

ਅਧ ਮਾਰਗ ਸੋ ਆਇ ਕੈ ਕੀਨ ਖ਼ਬਾ ਬਿਧ ਦਾਨਾ ॥
ਤਬ ਫਿਰ ਕੰਧ ਉਚਾਇ ਕੈ ਚਲੇ ਲਵਾਇ ਬਿਵਾਨ[3] ॥1721॥

॥ ਚੌਪਈ ॥

ਪਾਸ ਦਮਾਮੇ[4] ਤਬ ਚਲਿ ਆਏ ॥ ਸਬਦੁ ਪਢਤ ਹੈ ਪ੍ਰੀਤੀ ਲਾਏ ॥
ਚੰਦਨ ਚਿਤਾ ਰਚਾਇ ਤਹਾਂ ਹੀ ॥ ਧਰ ਬਿਮਾਨ ਆਨ ਤਿਹ ਪਾਹੀ ॥1722॥
ਪਟ ਉਚਾਇ ਪ੍ਰਭੂ ਦਰਸਨ ਦੇਖਾ ॥ ਉਰ ਉਪਜਤ ਭਾ ਮੋਹ ਬਿਸੇਖਾ ॥
ਹਾਇ ਹਾਇ ਕਰ ਧਰਨ ਗਿਰਾਨੇ ॥ ਅਤਹਿ ਵਿਛੋੜਾ ਦਿਖ ਅਕੁਲਾਨੇ ॥1723॥
ਧਰ ਧੀਰਜ ਪੁਨ ਚਿਤਾ ਬਨਾਈ ॥ ਸ੍ਰੀ ਗੁਰ ਦੇਹੀ ਦੀਨ ਟਿਕਾਈ ॥
ਸਭ ਬਿਵਹਾਰ ਪਰ ਪੂਰਨ ਕੀਨੋ ॥ ਲੰਬੂ ਦੀਨੋ ਮਨੁ ਭਾਧੀਨੋ ॥1724॥

॥ ਸ੍ਵੈਯਾ ॥

ਲੋਚਨ ਤੇ ਜਲ ਮੋਚਤ ਸੋਚਤ ਨਿਮ੍ਰ ਕਰੈ ਮੁਖਿ ਹੀ ਦੁਚਿਤਾਈ ॥
ਏਕ ਕੇ ਸੰਗ ਨਾ ਦੂਸਰੋ ਬੋਲਤ ਦੇਖਨ ਕੋ ਨਹਿ ਦ੍ਰਿਸ਼ਟਿ ਚਲਾਈ ॥
ਜਯੋ ਬਹੁ ਨਾਗਨ ਕੀ ਮਣਿ ਏਕ ਭਈ ਤਬ ਲੁਪ ਨਹੀ ਪੁਨ ਪਾਈ ॥
ਭਾਗ ਬਿਹੀਨ ਬਿਯੋਗ ਸਹਿਯੋਗ ਗੁਰ ਸੰਗਿ ਗਏ ਨ ਸਰੀਰ ਬਹਾਈ ॥1725॥
ਪੇਖਹੁ ਪ੍ਰੀਤ ਪਤੰਗਨ ਕੀ ਛਿਨ ਮੈ ਤਨੁ ਦੇਤ ਬਿਲੋਕਿ ਪ੍ਰਕਾਸਾ ॥
ਨਾਦ ਸੁਨੇ ਅਹਿਲਾਦ ਰਿਦੇ ਕਰਿ ਹ੍ਵੈ ਬਿਸਮਾਦਤੇ ਏਣ ਬਿਲਾਸਾ ॥
ਏਕ ਸੁਗੰਧ ਓ ਅੰਧ ਮਧੂ ਬ੍ਰਿਤ ਛੋਰਤ ਨਾਹਿ ਪ੍ਰਦੇਸ ਮੈ ਪਾਸਾ ॥
ਮੀਨ ਰਹੇ ਜਲ ਤੇ ਸੁਖ ਸੋ ਬਿਛੁਰੇ ਮਰ ਜਾਤ ਸੁ ਪ੍ਰੇਮ ਉਪਾਸਾ ॥1726॥

॥ ਦੋਹਰਾ ॥

ਕਿਯਾ ਇਹ ਜੰਤ ਮਲੀਨ ਥੇ ਬਿਨ ਪ੍ਰੀਤਮ ਤਜ ਪ੍ਰਾਨ ॥
ਹਮ ਤੋ ਮਾਨੁਖ ਦੇਹ ਥੇ ਪ੍ਰਾਨਨ ਦੀਨੀ ਹਾਨ ॥1727॥
ਪਾਹਨ ਤੇਉ ਰਹੇ ਨਿਠਰ ਲੀਨ[5] ਬਿਯੋਗ ਸਹਾਰ ॥
ਦਿਨ ਸਾਥੋ ਹੈ ਕੋਚ ਭਲ ਬਿਨਾ ਆਬ ਫਟ ਚਾਰ ॥1728॥

---

1. ਅ ਪੋਥੀ ਪਾਠਾਂਤਰ : ਲੀਨ ਸੁ ਬਿਬਾਨੁ 2. ਅ ਪੋਥੀ ਮੇਘਨ 3. ਅ ਪੋਥੀ ਬਿਮਾਨ 4. ਅ ਪੋਥੀ ਦਮਦਮੇ 5. ਅ ਪੋਥੀ ਲੀਯੋਨ

॥ ਚੌਪਈ ॥

ਐਸੇ ਬੈਨ ਕਹਤੁ ਦੁਖ ਪਾਵਾ ॥ ਤਬ ਲਗ ਸਾਧ ਏਕ ਚਲ ਆਵਾ ॥
ਕਰ ਤੌਂਬੀ ਤਨ ਛਾਰ ਲਗਾਈ॥ ਰੁਦਨ ਕਰੈ ਫਿਰ ਹਸਤ ਠਠਾਈ ॥1729॥
ਦਿਖ ਜੁਗ ਰੀਤੀ ਸਬ ਬਿਸਮਾਏ ॥ ਪੂਛਤ ਭਏ ਨਿਜ ਕਹ ਤੇ ਆਏ ॥
ਰੋਵਨ ਹਸਨ ਦਿਉ ਸਮੁਝਾਈ ॥ ਜੁਗਮ ਰੀਤ ਕਿਮ ਆਪ ਕਰਾਈ ॥1730॥
ਕਹੇ ਸਾਧ ਤੁਮ[1] ਸੁਨੋ ਪਿਆਰੇ ॥ ਜੁਗਮ ਰੀਤ[2] ਸੁਨੋ ਹਿਤ ਧਾਰੇ ॥
ਅਬ ਹਜੂਰ ਮੁਹਿ ਬਨੇ ਮਿਲਾਨੇ ॥ ਖਿਲਤ ਸਕਾਰੈ ਹੁਇ ਸਵਧਾਨੇ ॥1731॥
ਇਹਾ ਚਿਖਾ ਮਹਿ ਦੇਹ ਜਲਾਈ ॥ ਊਹਾਂ ਸਿਕਾਰ ਖਿਲਤ ਬਿਗਸਾਈ ॥
ਹਸਨਾਂ ਰੋਦਨ ਯਾਂਤੇ ਕੀਨਾ ॥ ਗੁਰ ਕੀ ਮਹਿਮਾ ਹੈ ਅਤਿ ਪੀਨਾ ॥1732॥
ਤੁਮ ਕਯੋ ਰੋਵਤ ਹੁਇ ਦੁਖਿਯਾਰੀ ॥ ਜਨਮ ਮਰਨ ਤੇ ਸਤਿਗੁਰ ਪਾਰੀ ॥
ਜਗ ਮੈ ਆਏ ਸਿਖ ਉਧਾਰਨ ॥ ਬਿਨ ਦੇਰੀ ਜਿਨ ਤਾਰਾ ਬਾਰਨ ॥1733॥

॥ ਦੋਹਰਾ ॥

ਸਾਧ ਬੈਨ ਸੁਨ ਕਰ ਸਭੈ ਮਨ ਮੈ ਧੀਰਜ ਪਾਇ ॥
ਸਾਧ ਲੋਪ ਤਤਛਿਨ ਭਯੋ ਸਭ ਕੋ ਧੀਰ ਦ੍ਰਿੜਾਇ ॥1734॥

॥ ਚੌਪਈ ॥

ਦਾਹ ਕਰਾ ਤਿਲਆਂਜਲ ਦੀਨੀ ॥ ਕਰ ਸਨਾਨ ਪੁਨ ਭਏ ਅਧੀਨੀ ॥
ਕੀਰਤਿ ਸੋਹਿਲਾ ਪਢਾ ਬਨਾਇ ॥ ਕਰਿ ਅਰਦਾਸ ਕੜਾਹਿ ਬਰਤਾਇ ॥1735॥
ਸੋਕਾਰਤ ਸਭ ਘਰੁ ਮਹੁ ਆਏ ॥ ਪ੍ਰਭੁ ਬਿਯੋਗ ਸਰ ਦੇਹ ਗਡਾਏ ॥
ਪੁਸਪ ਚੁਨਤ ਭੇ[3] ਕਰੀ ਦੇਰੀ[3] ॥ ਗੁਰ ਚਰਨਨ ਜਿਨ ਪ੍ਰੀਤ ਘਨੇਰੀ ॥1736॥
ਗੰਗਾ ਪਠਨੇ ਭਯੇ ਤਿਯਾਰ ॥ ਸਮਗ੍ਰੀ ਤਿਯਾਰ [4]ਕਰੀ ਬਿਨ ਬਾਰ ॥
ਗਿਯਾਰਾ ਘੋੜੇ ਜੁਗਮ ਗਇੰਦੂ ॥ ਸੋਨੇ ਸਾਜ ਲਗਾ ਧਨ ਬਿੰਦੂ ॥1737॥
ਭੂਖਨ ਬਸਨ ਤੰਬੂ ਬਨਾਤੀ ॥ ਕਨਾਤ ਚਾਨਣੀ ਮਾਯਾ ਥਾਤੀ ॥
ਅਨਿਕ ਸੁਭਾਵਨ ਗਨੇ ਨ ਜਾਈ ॥ ਮਸਲੰਦ ਗਲੀਚੇ ਅਧਿਕ ਸੁਹਾਈ ॥1738॥
ਸੋਨ ਪਾਲਕੀ ਸਜੀ ਬਨਾਇ ॥ ਸ੍ਰੀ ਗੁਰ ਕੇ ਫੂਲ ਦੀਨ ਟਿਕਾਇ ॥
ਚੌਰੁ ਢੁਰਾਵੈ ਦੋਨੋ ਓਰਾ ॥ ਰਾਗੀ ਗਾਵਤ ਸੁਧਾ ਨਿਚੋਰਾ ॥1739॥

॥ ਦੋਹਰਾ ॥

ਸ੍ਰੀ ਗੁਰ ਬਿਕ੍ਰਮ ਸਿੰਘ ਜੀ ਦੀਨ ਫੂਲ ਪਹੁਚਾਂਇ ॥
ਸ੍ਰੀ ਊਨੇ ਫਿਰ ਆਤ ਭੇ ਨੈਨ ਨੀਰੁ ਢੁਰਾਇ ॥1740॥

---

1. ਅ ਪੋਥੀ ਤੁਮ ਚਲੋ
2. ਅ ਪੋਥੀ ਮਰੀਤ
3. ਅ ਪੋਥੀ ਪਾਠਾਂਤਰ : ਭਏ ਕਰੀ ਨ ਦੇਰੀ
4. ਅ ਪੋਥੀ ਤਿਯਾਗੁ

॥ ਚੌਪਈ ॥

[1]ਸਤ ਧਵ[1] ਕਨਾਰ ਪੁਸਪ ਲੇ ਗਏ ॥ ਚਢਿ[2] ਨੌਕਾ[3] ਬੀਚ ਸਿਧਾਏ ॥
ਨੌਕਾ ਹਟ ਕਰ ਪਾਛੈ ਆਵੈ ॥ ਆਗੇ ਹੋਵਨ ਨੈਕ ਨ ਧਾਵੈ ॥1741॥
ਬੁਧਵਾਨਨ ਤਬ ਕਰਾ ਬਿਚਾਰਾ ॥ ਗੁਰ ਫੂਲ ਪਰਸ ਚਹਿਤ ਜਲ ਧਾਰਾ ॥
ਜਲ ਮੈ ਦੀਨ ਪੁਸਪ ਛੁਹਾਈ ॥ ਨੌਕਾ ਤਤਖਿਨੁ ਪਾਰ ਪਰਾਈ ॥1742॥
ਆਗੇ ਚਾਲੇ ਕਰੀ ਨ ਦੇਰੀ ॥ ਜਮਨਾ ਤਟ ਪਰ ਗੇ ਬਿਨੁ ਬੇਰੀ ॥
ਏਕ ਦ੍ਵਿਜ ਤਬ ਪੂਛਨਿ ਲਾਗਾ ॥ ਕਿਸ ਕੇ ਫੂਲਿ ਹੈ ਕਹੋ ਸੁਭਾਗਾ ॥1743॥
ਮਾਨਵ ਨੇ ਤਬ ਗਿਰਾ ਸੁਨਾਈ ॥ ਸਤਿਗੁਰ ਸਾਹਿਬ ਸਿੰਘ ਫੂਲ ਭਾਈ ॥
ਬਿਪ੍ਰ ਕਹਾ ਤੁਮ ਝੂਠ ਉਚਾਰਾ ॥ ਕਰ ਸਨਾਨ ਗੁਰ ਹੋਏ ਪਾਰਾ ॥1744॥
ਪੰਜ ਰੁਪੀਯੇ ਮੋ ਕਉ ਦੀਨੇ ॥ ਭਲੀ ਭਾਂਤਿ ਮੇਂ ਸ੍ਰੀ ਗੁਰ ਚੀਨੇ ॥
ਸੁਨਿ ਕਰਿ ਕੌਤਕਿ ਅਚਰਜ ਮਾਨਾ ॥ ਆਗੇ ਕਉ ਤਬ ਕਰ ਪਯਾਨਾ ॥1745॥

॥ ਦੋਹਰਾ ॥

ਮਾਰਗਿ ਭੂਲ ਬਨ ਮੋ ਪਰੇ ਮਹੀਵਾਲ ਇਕ ਪੇਖ ॥
ਮਾਰਗਿ ਪੂਛਨ ਤਬ ਕਰਾ ਸਭ ਕੇ ਚੀਤ ਬਸੇਖ ॥1746॥

॥ ਚੌਪਈ ॥

ਕਿਸ ਕੇ ਫੂਲਿ ਤਿਸ [3]ਗਿਰਾ ਅਲਾਈ ॥ ਤਿਨੋ ਕਹਾ ਸ੍ਰੀ ਗੁਰ ਕੇ ਭਾਈ ॥
ਸੁਨ ਕਰਿ ਤਿਸ ਨੇ ਗਿਰਾ ਬਖਾਨੀ ॥ ਖਿਲਤ ਸਿਕਾਰ ਗਏ ਸੁਖਦਾਨੀ ॥1747॥
ਸੁਨ ਕਰਿ ਸਭ ਮਨ ਮੋ ਬਿਸਮਾਏ ॥ ਕਰਿ ਕੀਰਤਿ ਗੁਰ ਅਗਰ ਸਿਧਾਏ ॥
ਸ੍ਰੀ ਗੰਗਾ ਪਰ ਜਾਇ ਬਿਰਾਨੇ ॥ ਬਿਧ ਪੂਰਬਿ ਗੁਰ ਫੂਲਿ ਤਰਾਨੇ ॥1748॥

॥ ਦੋਹਰਾ ॥

ਧੈ ਗੈ ਗੋ ਭੂਖਨ ਬਸਨ ਪ੍ਰੋਧਾ ਕੋ ਤਬ ਦੀਨ ॥
ਔਰ ਬਿਪ੍ਰ ਜੋ ਗੰਗ ਕੂਤੈ ਦਮੜਾ ਨਾਵਾ ਕੀਨ ॥1749॥
ਬਡੋ ਸੁ ਜਸੁ ਤਹਿ ਹੋਤ ਭਾ ਲੇ ਭੂਸਰ ਹਰਖਾਇ ॥
ਪਾਛਲ ਗਾਥਾ ਹੈ ਭਲੀ ਸੋਇ ਸੁਨੋ ਮਨ ਲਾਇ ॥1750॥

॥ ਚੌਪਈ ॥

ਤੇਰਸਿ ਦਿਵਸ[4] ਜਬੇ ਚਲਿ ਆਵਾ ॥ ਗੁਰ ਸਪੂਤ ਸਬ ਬਯੋਂਤ ਬਨਾਵਾ ॥
ਕ੍ਰਿਯਾ ਕਰਾਈ ਅਤਿਸੈ ਰੂਰੀ ॥ ਕੋਈ ਬਾਤ ਨ ਰਹੀਆ ਊਰੀ ॥1751॥

---

1. ਅ ਪੋਥੀ ਸੁਲ ਧ੍ਰ
2. ਅ ਪੋਥੀ ਪਾਠਾਂਤਰ ਚਢਿ ਕਰ ਨਉਕਾ
3. ਅ ਪੋਥੀ ਤਿਸਨੇ
4 ਅ ਪੋਥੀ ਦਿਨਸੁ

ਸਿਹਜਾ ਹੈ ਗੈ ਭੂਖਨਿ ਦੀਨੋ ॥ ਧੇਨ ਬਾਸਨ ਬਸਨ ਨਵੀਨੇ ॥
ਲੈ ਆਚਾਰਜ ਮਨੁ ਹਰਖਾਵਾ ॥ ਬਿਕ੍ਰਮ ਸਿੰਘ ਕਾ ਬਡਿ ਜਸੁ ਗਾਵਾ ॥1752॥
ਮਾਤਾ ਸਾਹਿਬ ਬੇਦੀ ਜੇਤੇ ॥ ਸਾਧ ਸੰਗਤਿ ਮਿਲਿ ਇਕਠੇ ਤੇਤੇ ॥
ਭੂਪਿ ਸਿਰਦਾਰ ਆਏ ਜੇਈ ॥ ਪਾਗ ਬੰਧਾਈ ਮਿਲ ਕਰ ਤੇਈ ॥1753॥
ਸਤਾਰਵ ਕੌ ਤੈਸੀ ਬਿਧਿ ਕੀਨੀ ॥ ਪ੍ਰੋਧਾ ਕੌ ਸੁਭ ਸਿਹਜਾ ਦੀਨੀ ॥
ਹੈ ਗੈ ਧੇਨ ਬਿਤ ਪਟ ਦਿਵਾਏ ॥ ਲੈ ਭੂਸਰ ਮਨ ਮੈ ਹਰਖਾਏ ॥1754॥

॥ ਦੋਹਰਾ ॥

ਯਗ ਕਰਾਯੋ ਅਤਿ ਘਨਾ ਦਿਜ ਸਾਧਨ ਭੁੰਚਾਇ ॥
ਮੁਗਮਾ ਰੁਪੈਯੇ ਦਖਣਾ ਦੀਨੀ ਮਨੁ ਹਰਖਾਇ ॥1755॥
ਅਵਰੁ ਲਾਗਿ ਜਿਨ ਕੋ ਹੁਤਾ ਨਾਊ ਵਾਰੀ ਆਦਿ ॥
ਸਭ ਕੋ ਦੀਨਾ ਹਰਖ ਧਰਿ ਰਾਖੀ ਕੁਲ ਮਿਰਜਾਦ ॥1756॥

॥ ਚੌਪਈ ॥

ਭਾਈ ਤੇਜਾ ਸਿੰਘ ਹਰਖਾਈ ॥ ਸੇਵਾ ਸਿੰਘ ਪ੍ਰਤਿ ਗਿਰਾ ਅਲਾਈ ॥
ਗੁਰ ਗਾਥਾ ਹੈ ਅਤਿਸੈ ਰੂਰੀ ॥ ਕਰੀ ਬਖਾਨ ਕਛੁ ਰਹੀ ਨ ਊਰੀ ॥1757॥
ਜਿਉ ਜਿਉ ਗੁਰ ਪ੍ਰੇਰ ਕਹਾਈ ॥ ਤੈਸੈ ਬਰਨੀ ਪ੍ਰੀਤੀ ਲਾਈ ॥
ਤਵ ਪ੍ਰੇਰਨ ਕਰਿ ਕਰੀ ਬਖਾਨ ॥ ਆਦੈ[1] ਅੰਤੇ ਅਮੀ ਸਮਾਨ ॥1758॥
ਆਜਿ[2] ਧੰਨ ਧੰਨ ਮੈ ਹੋਵਾ ॥ ਗੁਰ ਗਾਥਾ ਨੇ ਸੰਕਟਿ ਖੋਵਾ ॥
ਜਥਾ ਮਤੀ ਮੈ ਭਾਖ ਸੁਨਾਈ ॥ ਰਾਖੀ ਨਾਹੀ ਕਛੁ ਦੁਰਾਈ ॥1759॥
ਸਿਖਨ ਹੇਤ ਭਲੀ ਬਿਧ ਬਰਨੀ ॥ ਭਵ ਸਾਗਰੁ ਕਉ[3] ਮਾਨੋ ਤਰਨੀ ॥
ਪਾਂਚ ਕਲੇਸ ਹੈ ਕਰੀ ਸਮਾਨਾ ॥ ਤਿੰਨ ਖੰਡਨ ਵਰ ਹਰੀ ਮਹਾਨਾ ॥1760॥

॥ ਦੋਹਰਾ ॥

ਪ੍ਰੇਰਾ ਤੁਮ ਅਤਿ ਮਯਾ ਕਰਿ ਗੁਰ ਗੁਨ ਕਹੇ ਬਨਾਇ ॥
ਮੇਯਾ ਮਸ ਅਤਿ ਅਪਲ ਸੀ ਸ੍ਰੀ ਗੁਰ ਕੀਨ [4]ਸਹਾਇ ॥1761॥

॥ ਚੌਪਈ ॥

ਭਾਈ ਸੇਵਾ ਹਰਿ ਸੁਨ ਬਾਨੀ ॥ ਨੈਨਨ ਤੇ ਜਲ ਧਾਰ ਚਲਾਨੀ ॥
ਕ੍ਰਿਤ ਕ੍ਰਿਤ ਮੋਕੋ ਕਰਾ ਪਿਯਾਰੇ ॥ ਅਮੀ ਸਮਾਨ ਗੁਰ ਗਾਥ ਉਚਾਰੇ ॥1762॥
ਪ੍ਰਤਿ ਉਪਕਾਰ ਨ ਮੋ ਤੇ ਹੋਵੈ ॥ ਤਵ ਪਗ[5] ਬੰਦਨ ਸੰਕਟ ਖੋਵੈ ॥
ਕੋਟਿ ਜਨਮ ਲਗਿ ਸੇਵਾ ਠਾਨੋ ॥ ਤਵ ਉਪਕਾਰ ਨ ਹੋਵੈ ਹਾਨੋ ॥1763॥

---

1. ਅ ਪੋਥੀ ਆਦਿਸੋ
2. ਅ ਪੋਥੀ ਆਜਿਸੁ
3. ਅ ਪੋਥੀ ਕੋ
4. ਅ ਪੋਥੀ ਕਰੀ
5. ਅ ਪੋਥੀ ਪਦ

ਤਰ ਗਿਰ ਸਰਿਤਾ ਧਰਨੀ ਨਯਾਈ ॥ ਸੰਤ ਉਪਕਾਰੀ ਸਦਾ ਜੁਗ ਆਈ ॥
ਜਗ ਮੈ ਜਨਮ ਸਫਲ ਮਮ ਭਯੋ ॥ ਆਪ ਮੋਯਾ ਤੇ ਭ੍ਰਮ ਸਭ ਗਯੋ ॥1764॥
ਮੋਕੋ ਦਾਸਨਿ ਦਾਸ ਪਛਾਨੋ ॥ ਦਿਹੁ ਆਗ੍ਯਸ ਅਬਿ ਜਾਵਨ ਠਾਨੋ ॥
ਆਪ ਕਥਾ ਜੋ ਸੁਨੇ ਸੁਨਾਈ ॥ ਦੇਵੈ ਧੇਨ ਵਤ² ਕਾਮਦ ਗਾਈ ॥1764॥
ਸੁਤ ਬਿਤ ਨੂਤ ਬਿਹੂ ਦੇਵਨਹਾਰੀ ॥ ਵਿਰਤ ਗਿਯਾਨ ਵਿਗਯਾਨ ਵਧਾਰੀ ॥
ਜਨਮ ਮਰਨ ਤਰਕੋ ਹੈ ਆਰੀ ॥ ਅਗਯਾਨ ਰੂਪ ਕੋ ਹੈ ਅਤਿ ਘਾਰੀ ॥1766॥
ਦੇਵੈ ਮੁਕਤੀ ਕਰੈ ਨ ਬਾਰੀ ॥ ਦੇਹੁ ਹੰ ¹ਕੋ ਅਹੈ ਕਟਾਰੀ ॥
ਮਾਨੋ ਲਾਗੀ ਆਨੰਦ ਬਾਰੀ ॥ ਗੁਰ ਸਿੱਖਨ ਸੁਨ ਰਿਦ ਮੈ ਧਾਰੀ ॥1767॥

॥ ਦੋਹਰਾ ॥

ਤੀਰਥ ਕੋਟਿ ਮੱਜਨੁ ਕਿਯੇ ਬੇਦਿ ਆਦਿ ਕਰਿ ਪਾਠੁ ॥
ਹੈ ਗੈ ਗੋ ਮਹਿਖੀ ਇਲਾ ਅਸੁਮੇਧ ਕਰ ਸਾਠ ॥1768॥
ਗਾਥਾ ਗੁਰ ਕੀ ਹੈ ਅਧਿਕ ਮੁਕਤਿ ਭੁਕਤਿ² ਦਾਤਾਰੁ ॥
ਪਠੈ ਸੁਨੈ ਜੋ ਨੇਮ ਧਰਿ ਭਵ ਤੇ ਹੋਵੈ ਪਾਰ ॥1769॥
ਭਾਈ ਤੇਜਾ ਸਿੰਘ ਕੇ ਪਾਂਦ ਪਦਮ ਸਿਰੁ ਨਯਾਇ ॥
ਭਾਈ ਸੇਵਾ ਸਿੰਘ ਜੀ ਜਾਤ ਭਏ ਹਰਖਾਇ ॥1770॥

॥ ਚੌਪਈ ॥

ਜੁਗ ਗੁਰ ਸਿਖ੍ਨ ਕੇ ਰਸ ਮਾਦਾ ॥ ਪਠੈ ਸੁਨੈ ਪਾਇ ਅਹਿਲਾਦਾ ॥
ਹੈ ਪੁਨੀਤ ਗੁਰੂ ਇਤਿਹਾਸਾ ॥ ਸ੍ਰਵਨ ਕਰੈ ਛੁਟੈ ਭਿਵ ਧਾਸਾ³ ॥1771॥
ਮਨ ਬਚ ਕ੍ਰਮ ਕੀਏ ਅਘ ਨਾਸੇ ॥ ਸੰਤ ਸਮਾਗਰ ਗੁਰ ਪੁਰ ਬਾਸੈ ॥
ਗਯਾਨ ਬਿਗਯਾਨ ਜੋਗਿ ਤਿਨ੍ਹ ਪਾਵਾ ॥ ਸੰਤਨ ਸੇਵਾ ਜਿਨ ਮਨ ਲਾਵਾ ॥17 2॥

॥ ਦੋਹਰਾ ॥

ਚਾਰ ਜੁਗਨ ਮੈ ਸੰਤ ਜੋ ਸਬ ਦੇ ਪਾਂਦ ਮਨਾਇ ॥
ਗੁਰ ਨਾਨਕ ਥੀ ਆਦਿ ਲੈ ਦ੍ਵਾਦਸ ਮਹੱਲ ਧਿਆਇ ॥1773॥
ਸਭ ਕੇ ਪਾਇ ਪਸਾਇ ਕੈ ਗ੍ਰੰਥ ਸਪੂਰਨ ਕੀਨ ॥
ਕਾਬ ਕੋਸ ਨਹਿ ਮੱਮ ਪਠਾ ਮਯਾ ਗੁਰੂ ਕੀ ਚੀਨ ॥1774॥⁴

1. ਅ ਪੋਥੀ ਹੰਗਦਾ
2. ਅ ਪੋਥੀ ਭਗਤਿ
3. ਮੂਲ ਪੋਥੀ ਪਾਸ।
4. ਅ ਪੋਥੀ ਵਿਚ ਇਸ ਮਗਰੋਂ ਇਹ ਵਾਧੂ ਦੋਹਰਾ ਅੰਕਿਤ ਹੈ :
ਮੰਗਲੁ ਰੂਪਿ ਗਰੰਥੁ ਇਹੁ ਭਯਾ ਪੂਰਨ ਸੁਖਕਾਰੁ ॥
ਧਰੁ ਸਰਧਾ ਜੋ ਜਨ ਪਢੈ ਪਾਠੈ ਮੰਗਲੁ ਚਾਰੁ ॥ 1775॥

ਅਬੈ ਕਵੀ ਨਿਜ ਬੇਨਤੀ ਭਨਤ ਗੁਰੂ ਕੇ ਪਾਸ ॥
ਸ੍ਰੀ ਗੁਰ ਸਾਹਿਬ ਸਿੰਘ ਜੀ ਕਾਟੋ ਜਮ ਕੀ ਫਾਸ ॥1775॥

॥ ਸੈਵਯਾ ॥

ਸਾਹਿਬ ਤੂ ਸਭ ਕੋ ਜਗ ਮੈ ਗੁਰ ਸਾਹਿਬ ਸਿੰਘ ਕ੍ਰਿਪਾ ਨਿਧਿ ਸਾਚੇ ॥
ਤੇਰੀ ਕ੍ਰਿਪਾ ਕਰਿ ਕੈ ਸਤ ਭ੍ਰਸਤ ਏ ਜੁ ਬਨਾਂਵ ਬਨਾ ਜਗ ਕਾਚੇ ॥
ਰ੍ਰਿਧ ਔ ਸਿਧ ਸਭੈ ਨਿਧਿ ਕੋ ਗਨ ਤੇਰੇ ਪਦਾਂਬੁਜ ਗੋ ਚਰ ਨਾਚੇ ॥
ਸੋਭੇ ਅਨਾਥ ਪੂਰ ਮਯਾ ਕਰੋ ਗੁਰ ਰਾਵਰ ਪਾਦ ਵਿਖੇ ਮਨ ਰਾਚੇ ॥1776॥
ਜਾਸ ਕੋ ਧਯਾਨ ਮੁਨਿੰਦ੍ਰ ਧਾਰੈ ਸਿਵ ਔਰ ਬਿਰੰਚਹਿ ਪਾਰ ਨ ਪਾਯੋ ॥
ਚਾਰਿਹੂੰ ਬੇਦ ਕਹੈ ਜਿਹ ਕੀਰਤ ਨੇਤ ਹੀ ਨੇਤ ਸੁ ਨੇਤ ਬਤਾਯੋ ॥
ਸੁਧ ਸਰੂਪੁ ਅਲੇਖੁ ਅਪੂਰਬ ਸਿਧਨ ਸਿਧ ਪ੍ਰਦਾਯਕ ਗਾਯੋ ॥
ਜੈ ਕਲਿਧਾਰਿ ਕੀਯੋ ਉਪਕਾਰਿ ਜੂ ਐਸੇ ਅਲਖੁ ਪ੍ਰਤਖ ਦਿਖਾਯੋ ॥1777॥

॥ ਕਬਿਤ ॥

ਜੋਗਨ ਮੈ ਈਸ ਜੈਸੇ ਅੰਗਨ ਮੈ ਸੀਸ ਜੈਸੇ
ਆਯੁਧ ਮੈ ਬਜ੍ਰ ਜੈਸੇ ਦੇਹਨ ਮੇ ਨਰ ਜੁ ॥
ਬਾਯੂ ਮੈ ਮਰੀਚ ਜੈਸੇ ਬੇਦਨ ਮੈ ਸਿਯਾਮ ਬੇਦ
ਜਖ ਮੈ ਕੁਬੇਰ ਜੈਸੇ ਗਿਰ ਬੀਚ ਮੇਰ ਜੂ ॥
ਰਿਖਨ ਮੈ ਦੇਵ ਰਿਖ ਸਾਂਪਨ ਮੈਂ ਸੇਸ ਨਾਗ
ਗੰਧ੍ਰਬ ਮੈ[1] ਚਿਤ੍ਰਰਥ ਜੈਸੇ ਮਹਾ ਵਰ ਜੂ ॥
ਸਿਧਨ ਮੈ ਕਪਲ ਮੁਨੀ ਉਤਮ ਬਤਾਬੈ ਸਬ,
ਕਲਾਧਾਰ ਘਰ ਮਹਿ ਤੈਸੇ ਸਾਹਿਬ ਸਿੰਘ ਜੂ ॥1778॥

॥ ਦੋਹਰਾ ॥

ਤੁਮ ਸਮ ਦਾਤਾ ਹੈ ਨਹੀ ਦੀਨ ਨ ਮਮ ਤੁਲ ਆਹਿ ॥
ਸੋਭਾ ਕਿੰਕਰ ਆਪ ਕਾ ਕੀਜੈ ਅੰਤ ਸਹਾਇ ॥1779॥
ਰਾਵਰ ਸੁਪ ਸੁਤ ਸੁਭ ਗੁਣੀ ਮੁਝ ਖਉ ਆਇਸ ਦੀਨ ॥
ਗੁਰ ਸਾਖੀ ਸੁਖਦਾਇਨੀ ਰਚੋ ਅਮੀ ਰਸਭੀਨ ॥1780॥
ਗ੍ਰਿੰਥ ਰਚਾ ਤਿਨ ਮਾਨ ਬਚ ਜਾਮੈ ਗੁਰ ਜਸ ਭੂਰ ॥
ਮਯਾ ਗੁਰੂ ਗੁਰਦਿਤ ਚੰਦ ਸੋਭਾ ਤਿਨ ਪਗ ਧੂਰ ॥1781॥

॥ ਸੋਰਠਾ ॥

ਮੈ ਪ੍ਰਣਵੋ ਕਰ ਜੋਰ ਬਾਦਿ ਰਹਿਤ ਕਵਿ ਜੇ ਜਗਤ ॥
ਜਿਨ ਦੀਜਹੁ ਕਛੁ ਖੋਰੁ ਅਲਪਿ ਬੁਧਿ ਮਮ ਜਾਨੀ ਯਹੁ ॥1782॥

---

1. ਅ ਪੋਥੀ ਨਮੈ

ਪਢਿਯਹੁ ਸੰਤ[1] ਸੁਧਾਰ ਜੋ ਅਜੋਗਤਾ ਹੋਇ ਕਛੁ ॥
ਸਤਗੁਰ ਜਸੁ ਸੁਖਕਾਰ ਮੰਗਲ ਮੈ ਸਭ ਕੌ ਸੁਖਦ ॥1783॥

॥ ਦੋਹਰਾ ॥

ਪਿਤ ਦਰਬਾਰੀ ਤੇ ਜਨਮ ਮਾਤ ਲਛਮੀ ਨਾਮ[2] ॥
ਤਿਨ ਤੇ ਸੋਭਾ ਪ੍ਰਗਟ ਭਾ ਕਥੀ ਕਥਾ ਸੁਖਦਾਨ ॥1784॥
ਆਨ ਭਰੋਸ ਤਯਾਗ ਕਰਿ ਮੈ ਗੁਰ ਤਵ ਸਰਨਾਇ ॥
ਭਵ ਤੇ ਕੀਜੈ ਪਾਰ ਪ੍ਰਭ ਜਨਮ ਮਰਨ ਮਮ ਹਾਇ ॥1785॥
ਵਾਹਿਗੁਰੁ ਸਭ ਤੇ ਅਧਕਿ ਲੇਤ ਨ ਕੀਜੈ ਬਾਰ ॥
ਬੇਦ ਆਦਿ ਨਿਰਨੈ ਕਰਾ ਪਤਿਤ ਉਧਾਰਨ ਹਾਰ ॥1786॥

॥ ਛੰਦੁ ॥

ਗੁਣ ਗਾਇ ਪਤਿਤ ਸੁਧਾਮ ਗਏ ਬਹੁ ਸੰਤ ਸਰੁਤਿ ਗਾਵਹਿ ਸਦਾ ॥
ਗਜ ਗੀਧ ਬਯਾਧ ਵਿਰਾਧ ਗਨਕਾ ਗਏ ਹਰਿ ਪੁਰ ਹੈ ਮੁਦਾ ॥
ਖਲ ਸੁਪਚ ਜਾਂਟਕਿਰਾਂਤ ਸਕ ਕਮੀਨ ਪਾਵਨ ਬਹੁ ਭਏ ॥
ਪ੍ਰਭ ਨਾਮੁ ਜਪਤੁ ਅਪਾਰ ਭਵਨਿਧਿ ਬਿਨਾ ਸ੍ਰਮ ਹਰਿਪੁਰ ਗਏ ॥1787॥
ਬੇਦਿਵੰਸ ਭੂਖਣ ਚਰਤ ਪਾਵਨ ਸੁਨਹਿ ਜੋ ਨਰ ਨਾਰੀ ॥
ਅਘ ਔਘ ਲੇਸ ਨ ਰਹੈ ਤਾਂ ਕਰ ਭਗਤੁ ਪ੍ਰਭੁ ਪਦ ਪਾਵਹੀ ॥
ਯਹ ਜਾਨ ਕੈ ਭਾਖ਼ਾ ਚਰਿਤ੍ਰ ਸੁਨ ਸੁ ਜਨ ਹਿਯ ਹੁਲਸੈ ਸਦਾ ॥
ਨਹਿ ਭਨਤਿ[3] ਸੁਕ੍ਰਤੁ ਸੁ ਦੇਸ ਕਵਿ ਮੈ ਸੋਭਾ ਗੁਣ ਗਾਯੋ ਮੁਦਾ ॥1788॥

॥ ਸੋਰਠਾ ॥

ਨਾਮ ਕੀਰਤਨਿ ਜਾਸ ਮਿਟੇ ਪਾਪ ਬਹੁ ਜਨਮ ਕੋ ॥
ਚਹੈ ਨ ਭਵ ਨਿਧਿ ਤ੍ਰਾਸ ਸੋ ਹਰਿ ਪਦ ਬੰਦਨੁ ਕਰੋ ॥1789॥

॥ ਦੋਹਰਾ ॥

ਸੁਕਲ ਪਖ ਸੁਭ[4] ਤ੍ਰਿਯੋਦਸੀ ਸਾਵਨ ਕੋ ਸੁਭ ਮਾਸ ॥
ਸਸਿ ਮੁਨਿ ਬਸਿ ਸੰਮਤ ਹੁਤੋ ਸੁਕ੍ਰਵਾਰ ਸੁਖਰਾਸ ॥1790॥
ਤਿਸ ਦਿਨੁ ਗਿਰੰਥ ਸਮਾਪਤੀ ਗੁਰ ਪਗ ਫੂਲਿ ਚਢਾਇ ॥
ਨੀਮ ਕਟਕਿ ਕਾਵੀਸਰੀ ਗੁਰ ਜਸ ਅਗ੍ਰ ਮਹਿਕਾਇ ॥1791॥
ਅਗਯਾਨ ਤਪਤ ਕਰਿ ਤਪਤ ਨਰ ਨਿਸ ਦਿਨੁ ਪਰੇ ਜਰੰਤ ॥
ਗੁਰ ਬਿਲਾਸਿ ਸ੍ਰੀ ਖੰਡ ਹੈ ਪਠਤੁ ਸੁਨਤ ਦੁਖ ਹੰਤ ॥1792॥

---

1. ਅ ਪੋਥੀ ਸੋਧ
2. ਅ ਪੋਥੀ ਜਾਨ
3. ੲ ਪੋਥੀ ਕਹਿਤ
4. ਅ ਪੋਥੀ ਸੁਭ ਦਿਨ

ਮਦ੍ਰ ਸੁ ਦੇਸ ਉਧਾਰ ਹਿਤੁ ਸੁਧਾ ਤਾਲ[1] ਗੁਰ ਕੀਨ ॥
ਤਹਾਂ ਬੈਸਿ ਗਿਰੰਥ ਰਚਾ ਸੋਭੇ ਦਾਸ ਪ੍ਰਬੀਨ ॥1793॥
ਤਜਿ ਮਨੁ ਕਪੱਟਿ ਜੰਜਾਲ ਸਭਿ ਸੁੰਨੇ ਗੁਰ ਯਸੁ ਹਿਤ ਲਾਇ ॥
ਕਾਲੁ ਕ੍ਰਿਯਾ ਅਤਿ ਮਲਿਨੁ ਹੈ ਵਾਹਿਗੁਰੂ ਮੁਖ ਗਾਇ ॥1794॥
ਸਪਤ ਧਿਯਾਇ ਸੁਭ ਗ੍ਰੰਥ ਕੇ ਜਾ ਮੋ ਕਥਾ ਅਪਾਰਿ ॥
ਪਠੈ ਸੁਨੈ ਜੋ ਹੇਤ ਕਰੁ ਹੋਵੈ ਭਵ ਤੇ ਪਾਰਿ ॥1795॥
ਰਸ ਹਜਾਰ ਵਰ [2]ਸੁਭਗ ਸਤ ਉਪਰਿ ਗਿਨ ਲੈ ਸਾਠ ॥
ਭਗਤਿ ਪਾਇ ਅਨੁਪਾਇਨੀ ਹਿਤੁ ਧਰ ਕਰ ਹੈ ਪਾਠ ॥1796॥

ਇਤਿ ਸ੍ਰੀ ਗੁਰ ਬਿਲਾਸ ਗ੍ਰੰਥੇ ਸ੍ਰੀ ਸਤਿਗੁਰ ਸਾਹਿਬ ਸਿੰਘ ਜੀ ਕੋ ਸਚੁਖੰਡ ਪ੍ਰਸਥਾਨ ਬਰਨਨੰ ਨਾਮੁ ਸਪਤਮੋ ਧਿਆਇ ॥1॥
ਸਮਾਪਤੰ ਮਸਤੁ ਸੁਭ ਮਸਤੁ ॥1॥1॥

॥ ਦੋਹਰਾ ॥

ਲਿਖਣਹਾਰ ਭੂਲੇ ਸਦਾ ਪੜੀਓ ਸੁਧਿ ਬਨਾਇ ॥
ਮਾਨਸੁ ਭੂਲੇ ਛਿਨਕ ਮੈ ਹੈ ਅਭੁਲ ਰੈਘੁਰਾਇ ॥1॥1॥

ਕ੍ਰਿਤ ਕਵਿ ਭਾਈ ਸੋਭਾ ਰਾਮ ਅਡਣਸਾਹੀ ਕੀ ਭਾਈ ਗੁਰਦਿੱਤ ਰਾਮ ਜੀ ਕਾ ਜਗਿਆਸੀ ਤਿਸ ਨੇ ਸ੍ਰੀ ਗੁਰ ਬਿਲਾਸ ਕੀਤਾ ਬਾਬੇ ਸਾਹਿਬ ਸਿੰਘ ਜੀ ਕਾ ॥1॥
॥1॥1॥ ਅਥ ਸੁਭ ਸੰਮਤ 1915 ਮਿਤੀ ਅਸੂ ਦਿਨੇ 24 ਵਾਰ ਸੁਕਰ ਦਿਨ ਦੇਵੀ ਕਾ ਵਰਤੁ ਲਿਖਤ ਸਮਾਪਤੰ ॥1॥
॥1॥ ਬਕਲਮ ਨਾਥੀ ਰਾਮ ॥
ਇਤ ਸ੍ਰੀ ਗੁਰੂ ਬਾਬਾ ਸਾਹਿਬੁ ਸਿੰਘ ਹਰਿਪੁਰਿ ਵਾਸੰ ॥
ਭੂਲਿ ਚੁਕਿ ਬਖਸੇ ਸਤਿਗੁਰੂ ॥

---

1. ਅ ਪੋਥੀ ਸਰੁ ਪਾਲ
2. ਅ ਪੋਥੀ ਜੁਗ

## ਅੰਤਕਾ-I

## (ਮਿਥਿਹਾਸਕ ਹਵਾਲੇ)

**ਊਧੋ**

ਇਹ ਸ੍ਰੀ ਕ੍ਰਿਸ਼ਨ ਜੀ ਦਾ ਪਰਮ ਭਗਤ ਸੀ ਤੇ ਰਿਸ਼ਤੇ ਵਿਚ ਉਨ੍ਹਾਂ ਦਾ ਚਾਚਾ ਲਗਦਾ ਸੀ। ਇਹ ਗੋਕਲ ਤੋਂ ਗੋਪੀਆਂ ਦੇ ਸੁਨੇਹੇ ਲੈ ਕੇ ਬ੍ਰਿੰਦਾਬਨ ਵਿਖੇ ਸ੍ਰੀ ਕ੍ਰਿਸ਼ਨ ਨੂੰ ਪਹੁੰਚਾਇਆ ਕਰਦਾ ਸੀ।

**ਅਹਲਿਆ**

ਇਹ ਗੌਤਮ ਰਿਸ਼ੀ ਦੀ ਪਤਨੀ ਸੀ ਜਿਸ ਕਰਕੇ ਛਲ ਨਾਲ ਇੰਦਰ ਨੇ ਭੋਗ ਕੀਤਾ। ਗੌਤਮ ਰਿਸ਼ੀ ਨੇ ਸਰਾਪ ਦੇ ਕੇ ਇਸ ਨੂੰ ਸਿਲ ਬਣਾ ਦਿਤਾ। ਤ੍ਰੇਤੇ ਯੁਗ ਵਿਚ ਸ੍ਰੀ ਰਾਮ ਚੰਦਰ ਦੀ ਚਰਨ ਛੁਹ ਪ੍ਰਾਪਤ ਕਰਕੇ ਇਹ ਮੁਕਤ ਹੋ ਕੇ ਬੈਕੁੰਠ ਨੂੰ ਚਲੇ ਗਈ।

**ਅਕਰੂਰ**

ਇਹ ਸ੍ਰੀ ਕ੍ਰਿਸ਼ਨ ਦਾ ਪਰਮ ਸੇਵਕ ਸੀ ਜੋ ਰਿਸ਼ਤੇ ਵਿਚ ਉਨ੍ਹਾਂ ਦਾ ਚਾਚਾ ਸੀ। ਜਦੋਂ ਕੰਸ ਨੇ ਕ੍ਰਿਸ਼ਨ ਤੇ ਬਲਰਾਮ ਨੂੰ ਯਗ ਦੇ ਬਹਾਨੇ ਮਥੁਰਾ ਸਦਿਆ ਸੀ ਤਾਂ ਇਹ ਉਨ੍ਹਾਂ ਨੂੰ ਗੋਕਲ ਤੋਂ ਮਥੁਰਾ ਲੈ ਕੇ ਗਿਆ ਸੀ। ਇਸ ਦੀ ਗਿਣਤੀ ਪੁਰਾਤਨ ਭਗਤਾਂ ਵਿਚ ਕੀਤੀ ਜਾਂਦੀ ਹੈ।

**ਅਜਾਮਲ**

ਇਹ ਕਨੌਜ ਦਾ ਬ੍ਰਾਹਮਣ ਸੀ ਜਿਸ ਨੇ ਵੇਸਵਾ ਨਾਲ ਵਿਆਹ ਕੀਤਾ ਤੇ ਇਸ ਦੇ ਦਸ ਪੁਤਰ ਜਨਮੇ। ਸਭ ਤੋਂ ਛੋਟੇ ਦਾ ਨਾ ਨਾਰਾਇਣ ਰਖਿਆ। ਅੰਤ ਸਮੇਂ ਜਦੋਂ ਜਮਾਂ ਤੋਂ ਡਰਦਿਆਂ ਮਾਰਿਆਂ ਨਾਰਾਇਣ ਨਾਰਾਇਣ ਕਰਨ ਲੱਗਾ ਤੇ ਇਸ ਦਾ ਜਮਾਂ ਤੋਂ ਛੁਟਕਾਰਾ ਹੋ ਗਿਆ।

**ਅਠਸਠ ਤੀਰਥ**

ਹਿੰਦੂ ਵਿਚਾਰਧਾਰਾ ਅਨੁਸਾਰ ਤੀਰਥ ਇਸ਼ਨਾਨ ਨਾਲ ਮੁਕਤੀ ਮਿਲਦੀ ਹੈ। 68 ਤੀਰਥ ਮੰਨੇ ਗਏ ਹਨ ਜਿਨ੍ਹਾਂ ਦੇ ਨਾਮ ਹਨ। (1) ਉਅੰਕਾਰ (2) ਅਯੁਧਿਆ (3) ਅਵੰਤਿਕਾ (4) ਏਰਾਵਤੀ (5) ਸ਼ਤਦਰੂ (6) ਸਰਸਵਤੀ (7) ਸਰਯੂ (8) ਸਿੰਧੁ (9) ਸ਼ਿਪ੍ਰਾ (10) ਸ਼ੋਣ (11) ਸ੍ਰੀ ਸ਼ੈਲ (12) ਸ੍ਰੀ ਰੰਗ (13) ਹਰਿਦੁਆਰ (14) ਕਪਾਲ ਮੋਚਨ (15) ਕਪਿਲੋਦਕ (16) ਕਾਂਸ਼ੀ (17) ਕਾਂਚੀ (18) ਕਾਲੰਜਰ (19) ਕਾਵੇਰ (20) ਕੁਰਖੇਤ੍ਰ (22) ਕੇਦਾਰਨਾਥ

(22) ਕੌਸ਼ਕੀ (23) ਗਯਾ (24) ਗੋਕਰਣ (25) ਗੋਦਾਵਰੀ (26) ਗੋਮਤੀ (27) ਗੋਵਰਧਨ (28) ਗੰਗਾ ਸਾਗਰ (29) ਗੰਡਕਾ (30) ਘਰ ਘਰਾ (31) ਚਰਮਨੇਵਤੀ (32) ਚਿਟ੍ਰਕੂਟ (33) ਚੰਦ੍ਰਭਾਗਾ (34) ਜਗਨਨਾਥ (35) ਜਵਾਲਾ ਮੁਖੀ (36) ਤਾਪਤੀ (37) ਤਾਗ੍ਰਪਰਣੀ (38) ਤੁੰਗਭਦ੍ਰਾ (39) ਦਸ਼ਸ੍ਵਮੇਧ (40) ਦ੍ਰਿਸ਼ਦਵਤੀ (41) ਦਵਾਰਿਕਾ (42) ਧਾਰਾ (43) ਨਰਮਦਾ (44) ਨਾਗਤੀਰਥ (45) ਨੈਮਿਸ (46) ਪੁਸ਼ਕਰ (47) ਪ੍ਰਯਾਗ (48) ਪ੍ਰਿਥਦਕ (49) ਬਦਰੀ ਨਾਰਾਇਣ (50) ਭਦ੍ਰੇਸ਼ਵਰ (51) ਮਥਰਾ (52) ਮਾਨਸਰੋਵਰ (53) ਮਾਯਾਪੁਰੀ (54) ਮੰਦਾਕਨੀ (55) ਯਮੁਨਾ (56) ਰਾਮੇਸ਼ਵਰ (57) ਵਿਤਸਤਾ (58) ਵਿੰਧ੍ਯ (59) ਵਿਯਾਸ (60) ਵਿਮਲੇਸ਼ਵਰ (61) ਵੇਣਾ (62) ਵੇਤ੍ਰਵਤੀ (63) ਵੈਸ਼ਨੌਵੀ ।

**ਅਰਜਨ**

ਇਹ ਪੰਜਾ ਪਾਂਡਵਾਂ ਵਿਚੋਂ ਇਕ ਸੀ ਜੋ ਤੀਰਅੰਦਾਜ਼ੀ ਤੇ ਯੁੱਧਕਲਾ ਵਿਚ ਬੜਾ ਪ੍ਰਵੀਨ ਤੇ ਵੀਰ ਪੁਰਸ਼ ਸੀ । ਇਸ ਨੇ ਮੱਛੀ ਦੀ ਅੱਖ ਦਾ ਅਕਸ ਤੇਲ ਦੇ ਕੜਾਹੇ ਵਿਚ ਦੇਖਕੇ ਇਸ ਦਾ ਨਿਸ਼ਾਨਾ ਫੁੰਡਿਆ ਤੇ ਰਾਜੇ ਦ੍ਰੋਪਦ ਦੀ ਬੇਟੀ ਦ੍ਰੋਪਦੀ ਨੂੰ ਸੁਯੰਵਰ ਵਿਚ ਹਾਸਿਲ ਕੀਤਾ । ਮਹਾਭਾਰਤ ਦੇ ਯੁੱਧ ਸਮੇਂ ਇਸ ਨੇ ਆਪਣੇ ਸੰਬੰਧੀਆਂ ਵਿਰੁਧ ਲੜਨ ਤੋਂ ਇਨਕਾਰ ਕਰ ਦਿਤਾ ਤੇ ਹਥਿਆਰ ਸੁਟ ਦਿਤੇ ਪਰ ਸ੍ਰੀ ਕ੍ਰਿਸ਼ਨ ਨੇ ਇਸ ਨੂੰ ਕਰੱਤੱਵ ਪਾਲਣ ਦੀ ਸਿਖਿਆ ਦਿਤੀ ਤੇ ਮੁੜ ਸਾਵਧਾਨ ਕੀਤਾ । ਇਉਂ ਅਰਜਨ ਗੀਤਾ ਗਿਆਨ ਦਾ ਸਾਧਨ ਬਣਿਆ । ਇਸ ਨੂੰ ਧਨੰਜੈ, ਸਾਰਸ਼ ਆਦਿ ਵੀ ਆਖਿਆ ਜਾਂਦਾ ਹੈ ।

**ਅਨੰਗ** (ਦੇਖੋ ਕਾਮ ਦੇਵ)

**ਅੰਗਦ**

ਇਹ ਬਾਲੀ ਦਾ ਪੁਤਰ ਤੇ ਸੁਗ੍ਰੀਵ ਦਾ ਭਤੀਜਾ ਸੀ ਜੋ ਤਾਰਾ ਦੇ ਉਦਰ 'ਚੋਂ ਪੈਦਾ ਹੋਇਆ ਇਹ ਰਾਮ ਚੰਦਰ ਦਾ ਦੂਤ ਬਣ ਕੇ ਰਾਵੰਣ ਦੀ ਸਭਾ ਵਿਚ ਗਿਆ ਸੀ ।

**ਅੰਬਰੀਕ**

ਕੱਤਕ ਦੀ ਦਵ੍ਵਾਦਸ਼ੀ ਨੂੰ ਰਾਜਾ ਅੰਬਰੀਕ ਨੇ ਇਕਾਦਸ਼ੀ ਦਾ ਵਰਤ ਉਪਾਰਣ ਤਿਆਰ ਕੀਤਾਂ ਤਾਂ ਕੁਦਰਤੀ ਦੁਰਵਾਸ਼ਾ ਰਿਸ਼ੀ ਆ ਗਿਆ । ਰਾਜਾ ਨੇ ਬੇਨਤੀ ਕੀਤੀ ਕਿ ਆਪ ਮੇਰੇ ਘਰ ਭੋਜਨ ਕਰੋ ਤਾਂ ਉਸ ਨੇ ਆਖਿਆ ਕਿ ਮੈ ਇਸ਼ਨਾਨ ਕਰਕੇ ਆਉਂਦਾ ਹਾਂ । ਕਾਫ਼ੀ ਦੇਰ ਨਾ ਵਾਪਸ ਪਰਤਿਆ ਤਾਂ ਰਾਜਾ ਨੇ ਪ੍ਰੋਹਤ ਦੇ ਕਹਿਣ ਤੇ ਭੋਜਨ ਕਰ ਲਿਆ । ਜਦੋਂ ਇਸ ਗੱਲ ਦਾ ਦਰਵਾਸ਼ਾ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੀ ਜਟ ਪੁੱਟ ਕੇ ਤੇਜ ਪੁੰਜ ਪੁਰਖ ਤਿਆਰ ਕੀਤਾ ਜੋ ਅੰਬਰੀਕ ਨੂੰ ਮਾਰਨ ਲੱਗਾ ਤਾਂ ਵਿਸ਼ਨੂੰ ਨੇ ਰਾਜੇ ਦੀ ਰਖਿਆ ਲਈ ਸੁਦਰਸ਼ਨ ਚੱਕਰ ਭੇਜਿਆ ਜਿਸ ਨੇ ਤੇਜ ਪੁੰਜ ਪੁਰਸ਼ ਦਾ ਨਾਸ਼ ਕੀਤਾ

ਤੇ ਫਿਰ ਦੁਰਵਾਸ਼ਾ ਮਗਰ ਹੋ ਪ੍ਰਿਆ। ਜਦੋਂ ਕਿਸੇ ਲੋਕ ਵਿਚ ਕਿਸੇ ਤ੍ਰਾਂ ਬਚਾ ਹੁੰਦਾ ਨਾ ਦਿਸਿਆ ਤਾਂ ਦੁਰਵਾਸ਼ਾ ਰਾਜਾ ਅੰਬਰੀਕ ਦੀ ਸ਼ਰਣ ਵਿਚ ਆਇਆ। ਰਾਜਾ ਨੇ ਉਸ ਨੂੰ ਬਚਾਂ ਲਿਆ।

**ਸਹਸ ਬਾਹੂ**

ਇਹ ਇਕ ਚੰਦ੍ਰ ਬੰਸੀ ਰਾਜਾ ਸੀ ਜਿਸ ਦੀਆਂ ਇਕ ਹਜ਼ਾਰ ਬਾਹਾਂ ਸਨ। ਇਸ ਨੇ ਪਚਾਸੀ ਹਜ਼ਾਰ ਸਾਲ ਰਾਜ ਕੀਤਾ। ਇਹ ਰਿਸ਼ੀ ਜਮਦਗਨ ਪਾਸੋਂ ਕਾਮਧੇਨ ਲੈਣ ਲਈ ਗਿਆ ਤਾਂ ਉਹ ਨਾ ਮੰਨਿਆ। ਇਸ ਨੇ ਫੌਜ ਲੈ ਕੇ ਹਮਲਾ ਕੀਤਾ ਤੇ ਰਿਸ਼ੀ ਦੀ ਹਤਿਆ ਕਰ ਦਿਤੀ। ਰਿਸ਼ੀ ਦੇ ਪੁਤਰ ਪਰੈਸ ਰਾਮ ਨੇ ਇਸ ਨੂੰ ਮਾਰ ਦਿਤਾ।

**ਸਨਕਾਦਿਕ**

ਬ੍ਰਹਮਾ ਦੇ ਚਾਰ ਮਾਨਸਿਕ ਪੁਤਰ ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ ਹੋਏ ਹਨ। ਸਨਤ ਕੁਮਾਰ ਇਨ੍ਹਾਂ ਵਿਚ ਪ੍ਰਮੁੱਖ ਹੈ।

**ਸਰਵਣ**

ਇਹ ਮਾਤਾ ਪਿਤਾ ਦੀ ਸੇਵਾ ਕਰਨ ਵਾਲਾ ਨੌਜਵਾਨ ਸੀ ਜੋ ਆਪਣੇ ਨੇਤ੍ਰਹੀਣ ਮਾਪਿਆਂ ਨੂੰ ਬਹਿੰਗੀ ਵਿਚ ਬੈਠਾ ਕੇ ਤੀਰਥ ਯਾਤਰਾ ਕਰਵਾ ਰਿਹਾ ਸੀ। ਇਹ ਉਨ੍ਹਾਂ ਲਈ ਪਾਣੀ ਲੈਣ ਲਈ ਨਦੀ ਤੇ ਗਿਆ। ਜਦੋਂ ਇਸ ਨੇ ਲੋਟਾ ਭਰਿਆ ਤਾਂ ਗੜ ਗੜ ਦੀ ਆਵਾਜ਼ ਸੁਣ ਕੇ ਦਸਰਥ ਨੇ ਜੰਗਲੀ ਜੀਵ ਸਮਝ ਕੇ ਤੀਰ ਮਾਰਿਆ। ਇਹ ਮਰ ਗਿਆ। ਦਸ਼ਰਥ ਨੂੰ ਦਿਲੀ ਅਫਸੋਸ ਹੋਇਆ ਤੇ ਉਹ ਸਰਵਣ ਦੇ ਮਾਪਿਆਂ ਪਾਸ ਗਿਆ ਤੇ ਸਾਰੀ ਗਲ ਦੱਸ ਕੇ ਮੁਆਫੀ ਮੰਗੀ। ਉਨ੍ਹਾਂ ਨੇ ਸੋਰਾਪ ਦਿਤਾ ਕਿ ਜਿਵੇਂ ਅਸੀਂ ਪੁਤਰ ਵਿਯੋਗ ਵਿਚ ਮਰ ਰਹੇ ਹਾਂ। ਤੂੰ ਵੀ ਇਵੇਂ ਤੜਪਦਾ ਮਰੇਂ। ਇਹ ਆਖ ਕੇ ਉਹ ਦੋਨੋ ਮਰ ਗਏ। ਦਸਰਥ ਰਾਮ ਚੰਦਰ ਜੀ ਦੇ ਵਿਯੋਗ ਵਿਚ ਗੁਜ਼ਰ ਗਿਆ।

**ਸਰੁਤਿ**

ਸਰੁਤਿ ਦਾ ਅਰਥ ਹੈ ਸੁਣੀ ਹੋਈ ਗਲ। ਕਿਉਂਕਿ ਪਹਿਲਾਂ ਵੇਦ ਲਿਖਤ ਰੂਪ ਵਿਚ ਨਹੀਂ ਸਨ ਸਗੋਂ ਜ਼ਬਾਨੀ ਯਾਦ ਕੀਤੇ ਜਾਂਦੇ ਸਨ। ਇਸੇ ਕਾਰਨ ਵੇਦਾਂ ਨੂੰ ਸਰੁਤਿ ਵੀ ਆਖਿਆ ਜਾਂਦਾ ਹੈ।

**ਸਿੰਙੀ ਰਿਖੀ**

ਇਹ ਇਕ ਸਿੰਗਾਂ ਵਾਲਾ ਰਿਖੀ ਸੀ। ਪੌਰਾਣਿਕ ਕਥਾ ਅਨੁਸਾਰ ਵਿਭਾਂਡਕ ਰਿਖੀ ਦਾ ਉਰਵਸ਼ੀ ਅਪਸਰਾ ਨੂੰ ਦੇਖਕੇ ਵੀਰਜ ਡਿੱਗ ਪਿਆ ਜਿਸ ਨੂੰ ਇਕ ਹਿਰਨੀ ਪੀ ਗਈ। ਉਸ ਦੇ ਪੇਟ ਤੋਂ ਇਸ ਰਿਖੀ ਦਾ ਜਨਮ ਹੋਇਆ। ਇਹ ਪਿਤਾ ਦੇ ਆਸ਼ਰਮ ਵਿਚ ਰਹਿ ਕੇ ਬ੍ਰਹਮਚਾਰਯ ਧਾਰਨ ਕਰਕੇ ਵਿਦਿਆ ਗ੍ਰਹਿਣ ਕਰਦਾ ਰਿਹਾ। ਇਕ ਵਾਰ ਅੰਗ ਦੇਸ਼ ਵਿਚ ਵਰਖਾ ਨਾ ਹੋਈ ਤੇ ਕਾਲ ਪੈ ਗਿਆ। ਰਿਖੀਆਂ ਨੇ ਰਾਜੇ ਦੇ ਪੁੱਛਣ ਤੇ ਮੀਂਹ ਪੈਣ ਦਾ ਉਪਾ ਦੱਸਿਆ ਕਿ ਸਿੰਙੀ ਰਿਖੀ ਨੂੰ ਦੇਸ਼ ਵਿਚ ਲਿਆਦਾ ਜਾਵੇ ਤਾਂ ਬਰਖਾ ਹੋਵੇਗੀ। ਉਸ ਨੇ ਵਸ਼ੇਵਾਵਾਂ ਭੇਜੀਆਂ ਜੋ ਇਸ ਨੂੰ ਮੋਹ ਕੇ ਲੈ ਆਈਆਂ। ਵਰਖਾ ਹੋਈ। ਰਾਜਾ ਖੁਸ਼

ਹੋਇਆ ਤੇ ਉਸ ਨੇ ਆਪਣੀ ਪਾਲਤੂ ਪੁਤਰੀ ਸ਼ਾਂਤਾ ਦਾ ਵਿਆਹ ਇਸ ਨਾਲ ਕਰ ਦਿਤ ਜੋ ਅੱਸਲ ਵਿਚ ਰਾਜਾ ਦਸ਼ਰਥ ਦੀ ਪੁਤਰੀ ਸੀ ।

**ਸਿਧੀਆਂ**

ਯੋਗ ਸਾਧਨਾ ਉਪ੍ਰੰਤ ਜੋ ਸ਼ਕਤੀ ਪ੍ਰਾਪਤ ਹੁੰਦੀ ਹੈ ਉਸ ਨੂੰ ਸਿਧੀ ਆਖਿਆ ਜਾਂਦਾ ਹੈ। ਇਹ ਮੁਖ ਰੂਪ ਵਿਚ ਅੱਠ ਹਨ : (1) ਅਣਿਮਾ = ਛੋਟਾ ਹੋ ਜਾਣਾ 2) ਮਹਿਮਾ = ਵੱਡਾ ਹੋ ਜਾਣਾ 3) ਗਰਿਮਾ = ਭਾਰਾ ਹੋ ਜਾਣਾ 4) ਲਘਿਮਾ = ਹੌਲਾ ਹੋ ਜਾਣਾ 5) ਪ੍ਰਾਪਤਿ = ਮਨ ਇਛਿਤ ਵਸਤੂ ਪ੍ਰਾਪਤ ਕਰ ਲੈਣੀ 6) ਪ੍ਰਾਕਾਮਯ = ਅੰਦਰ ਦੀ ਜਾਣ ਲੈਣੀ 7) ਈਸ਼ਿਤਾ = ਮਨ ਮਰਜ਼ੀ ਅਨੁਸਾਰ ਦੂਸਰਿਆਂ ਨੂੰ ਪ੍ਰੇਰ ਲੈਣਾ 8) ਵਸ਼ਿਤਾ = ਹਰ ਕਿਸੇ ਨੂੰ ਕਾਬੂ ਕਰ ਲੈਣਾ ।

ਇਨ੍ਹਾਂ ਤੋਂ ਇਲਾਵਾ ਦਸ ਸਿਧੀਆਂ ਹੋਰ ਵੀ ਮੰਨੀਆਂ ਦੀਆਂ ਹਨ ਜਿਨ੍ਹਾਂ ਨੂੰ ਰਲਾ ਕੇ ਇਹ ਅਠ੍ਹਾਰਾਂ ਬਣ ਜਾਂਦੀਆਂ ਹਨ । 1) ਅਨੂਰਮਿ = ਭੁਖ ਪਿਆਸ ਨਾ ਲਗਣੀ 2) ਦੂਰ ਸ੍ਰਵਣ = ਦੂਰ ਦੀ ਗਲ ਸੁਣ ਲੈਣੀ 3) ਦੂਰ ਦਰਸ਼ਨ = ਦੂਰ ਬੈਠੇ ਸਭ ਨੂੰ ਦੇਖ ਲੈਣਾ 4) ਮਨੋਵੇਗ = ਮਨ ਦੇ ਵੇਗ ਵਾਂਗ ਜਿਥੇ ਚਹੁਣਾ ਚਲੇ ਜਾਣਾ 5) ਕਾਮਰੂਪ = ਜਿਸ ਤਰ੍ਹਾਂ ਚਹੁੰਣਾ ਉਸੇ ਤਰ੍ਹਾਂ ਰੂਪ ਧਾਰ ਲੈਣਾ 6) ਪਰ ਕਾਇਆਂ ਪ੍ਰਵੇਸ਼ = ਭੂਤ ਵਾਂਗ ਪਰਾਏ ਸਰੀਰ ਵਿਚ ਵੜ ਜਾਣਾ 7) ਸੁਛੰਦ ਮ੍ਰਿਤ = ਮਰਜ਼ੀ ਨਾਲ ਮਰ ਮਾਣਾ 8) ਸੁਰ ਕ੍ਰੀੜਾ = ਦੇਵਤਿਆਂ ਦੀ ਕ੍ਰੀੜਾ ਦੇਖ ਲੈਣੀ 9) ਸੰਕਲਪ ਸਿਧੀ = ਜੋ ਸੰਕਲਪ ਕਰਨਾ, ਪੂਰਾ ਹੋ ਜਾਣਾ 10) ਅਪ੍ਰਤਿਹੱਤ ਗਤਿ = ਜਿਥੇ ਜਾਣਾ ਚਾਹੇ ਉਥੇ ਬਿਨਾ ਰੋਕ ਟੋਕ ਚਲੇ ਜਾਣਾ ।

**ਸ਼ਿਵ ਜੀ**

ਸ਼ਿਵ ਜੀ ਜਗਤ ਦਾ ਸੰਹਾਰ ਕਰਨ ਵਾਲਾ ਦੇਵਤਾ ਮੰਨਿਆ ਜਾਂਦਾ ਹੈ। ਇਹ ਕੈਲਾਸ਼ ਪਰਬਤ ਉਪਰ ਸਮਾਧੀ ਵਿਚ ਸਥਿਤ ਰਹਿੰਦਾ ਹੈ । ਇਸ ਦੀਆਂ ਜਟਾਵਾਂ ਵਿਚੋਂ ਗੰਗਾ ਨਿਕਲੀ ਹੈ । ਇਸ ਦੇ ਗਲ ਵਿਚ ਸੱਪਾਂ ਦੀ ਮਾਲਾ, ਹੱਥ ਵਿਚ ਤ੍ਰਿਸ਼ੂਲ ਤੇ ਡੌਰੂ ਹੈ । ਇਹ ਨੰਦੀ ਬੈਲ ਤੇ ਸਵਾਰੀ ਕਰਦਾ ਹੈ । ਇਸ ਦੀ ਪਤਨੀ ਪਾਰਬਤੀ ਤੇ ਪੁਤਰ ਸਕੰਦ ਤੇ ਗਣੇਸ਼ ਹਨ । ਭੈਰਵ ਆਦਿ ਕਈ ਗਣ ਸੇਵਕ ਹਨ । ਭੂਤਾਂ ਪ੍ਰੇਤਾਂ ਦਾ ਸੁਆਮੀ ਹੋਣ ਕਾਰਨ ਇਸ ਨੂੰ ਭੂਤੇਸ਼ਰਵ ਵੀ ਆਖਿਆ ਜਾਂਦਾ ਹੈ । ਸ਼ਿਵਲਿੰਗ ਦੀ ਪੂਜਾ ਕੀਤੀ ਜਾਂਦੀ ਹੈ । ਸਾਗਰ ਮੰਥਨ ਸਮੇਂ ਨਿਕਲੀ ਸਾਰੀ ਜ਼ਹਿਰ ਇਸ ਨੇ ਆਪਣੇ ਮੂੰਹ ਵਿਚ ਪਾ ਲਈ ਪਰ ਅੰਦਰ ਨਾ ਲੰਘਾਈ ਜਿਸ ਕਾਰਨ ਇਸ ਦਾ ਕੰਠ ਨੀਲਾ ਹੋ ਗਿਆ । ਇਸ ਲਈ ਇਸ ਨੂੰ ਨੀਲ ਕੰਠ ਵੀ ਆਖਿਆ ਜਾਂਦਾ ਹੈ । ਪੌਰਾਣਿਕ ਕਥਾਵਾਂ ਅਨੁਸਾਰ ਜਦੋਂ ਇਹ ਤੀਸਰਾ ਨੇਤਰ ਖੋਲ੍ਹਦਾ ਹੈ ਤਾਂ ਪਰਲੋ ਆਉਂਦੀ ਹੈ ।

**ਸੀਤਾ**

ਇਹ ਰਾਜਾ ਜਨਕ ਦੀ ਪੁਤਰੀ ਤੇ ਸ੍ਰੀ ਰਾਮ ਚੰਦਰ ਦੀ ਸੁਪਤਨੀ ਸੀ ਜੋ ਬਨੋਵਾਸ ਸਮੇਂ ਉਨ੍ਹਾਂ ਨਾਲ ਰਹੀ । ਰਾਵਣ ਇਸ ਨੂੰ ਉਠਾ ਕੇ ਲੈ ਗਿਆ ਤੇ ਰਾਮ ਚੰਦਰ ਨੇ ਯੁੱਧ

ਕਰਕੇ ਇਸ ਨੂੰ ਵਾਪਸ ਲੈ ਕੇ ਆਂਦਾ। ਲੋਕਾਂ ਦੀਆਂ ਗੱਲ ਸੁਣਕੇ ਸ੍ਰੀ ਰਾਮ ਚੰਦਰ ਨੇ ਇਸ ਦੀ ਅਗਨੀ ਪ੍ਰੀਖਿਆ ਲਈ ਪਰ ਫਿਰ ਵੀ ਗਰਭਵਤੀ ਸੀਤਾ ਨੂੰ ਬਨਵਾਸ ਦੇ ਦਿਤਾ ਜਿਥੇ ਇਹ ਬਾਲਮੀਕੀ ਆਸਰਮ ਵਿਚ ਰਹੀ। ਇਥੇ ਲਵ ਕੁਸ਼ ਦਾ ਜਨਮ ਹੋਇਆ। ਜਦੋ ਰਾਮ ਚੰਦਰ ਨੇ ਅਸ਼ਵਮੇਧ ਯੱਗ ਕਰਕੇ ਘੋੜਾ ਛੱਡਿਆ ਤਾ ਲਵਕੁਸ਼ ਨੇ ਉਸ ਨੂੰ ਪਕੜ ਲਿਆ। ਯੁੱਧ ਸੁਰੂ ਹੋਇਆ ਪਰ ਬਾਲਮੀਕੀ ਨੇ ਵਿਚ ਪੈ ਕੇ ਸਾਰੀ ਗੱਲ ਨਜਿੱਠੀ। ਸੀਤਾ ਪੁਤਰਾਂ ਸਮੇਤ ਅਯੁਧਿਆ ਚਲੇ ਗਈ ਪਰ ਉਥੇ ਜਾ ਕੇ ਉਸ ਧਰਤੀ ਨੂੰ ਬੇਨਤੀ ਕੀਤੀ ਕਿ ਮੈਨੂੰ ਵਿਚ ਸਮਾ ਲੈ। ਧਰਤੀ ਫਟ ਗਈ ਤੇ ਸੀਤਾ ਵਿਚ ਸਮਾ ਗਈ।

**ਸੁਗਰੀਵ**

ਇਹ ਕਿਸ਼ਕਿੰਧਾ ਦੇ ਰਾਜਾ ਬਾਲੀ ਦਾ ਛੋਟਾ ਭਰਾ ਸੀ ਜਿਸ ਦੀ ਮਿਤ੍ਰਤਾ ਨਾਲ ਰਾਮ ਚੰਦਰ ਨੇ ਲੰਕਾ ਫਤਹਿ ਕੀਤੀ। ਰਾਮਾਇਣ ਅਨੁਸਾਰ ਇਹ ਸੂਰਜ ਦਾ ਪੁਤਰ ਸੀ। ਰਾਮ ਚੰਦਰ ਨੇ ਬਾਲੀ ਨੂੰ ਮਾਰਕੇ ਇਸ ਨੂੰ ਕਿਸ਼ਕਿਧਾ ਦਾ ਰਾਜਾ ਬਣਾਇਆ।

**ਸੁਦਾਮਾ**

ਇਹ ਸ੍ਰੀ ਕ੍ਰਿਸ਼ਨ ਜੀ ਦਾ ਬਾਲ ਸਖਾ ਸੀ ਜੋ ਬੜਾ ਗਰੀਬ ਸੀ। ਇਕ ਵਾਰ ਇਹ ਆਪਣੀ ਪਤਨੀ ਦੇ ਜੋਰ ਦੇਣ ਤੇ ਉਨ੍ਹਾਂ ਨੂੰ ਮਿਲਣ ਲਈ ਗਿਆ ਤੇ ਨਾਲ ਜੋ ਭੁਨਾ ਲੈ ਗਿਆ। ਸ਼ਾਹੀ ਠਾਠ ਬਾਠ ਦੇਖ ਕੇ ਬੜਾ ਹੈਰਾਨ ਹੋਇਆ। ਆਪਣੀ ਗਰੀਬੀ ਤੋਂ ਡਰਦਾ ਵਾਪਸ ਮੁੜਨ ਲੱਗਾ ਤਾਂ ਕ੍ਰਿਸ਼ਨ ਜੀ ਨੇ ਆ ਕੇ ਉਸ ਦੀਆਂ ਪ੍ਰਕਰਮਾਂ ਕੀਤੀਆਂ, ਚਰਨ ਧੋਤੇ, ਰਾਜ ਸਿੰਘਾਸਣ ਤੇ ਬਿਠਾ ਕੇ ਭੁਨੇ ਜੋ ਖਾਧੇ। ਉਸ ਦਾ ਦੁੱਖ ਦਲਿਦਰ ਦੂਰ ਕਰ ਦਿਤਾ।

**ਸੁਰਧੇਨ**

ਸਾਗਰ ਮੰਥਨ ਉਪ੍ਰੰਤ 14 ਰਤਨ ਨਿਕਲੇ। ਇਨ੍ਹਾਂ ਵਿਚੋਂ ਇਕ ਰਤਨ ਸੁਰਸੇਨ (ਕਾਮਧੇਨ) ਸੀ ਜੋ ਇੰਦਰ ਨੂੰ ਮਿਲੀ ਸੀ। ਹੁਣ ਇਹ ਗਾਂ ਇੰਦਰ ਪਾਸ ਸੁਵਰਗ ਵਿਚ ਰਹਿੰਦੀ ਹੈ। 'ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਜੋ ਕੋਈ ਕਾਮਨਾ ਇਸ ਪਾਸ ਕਰੀਏ ਉਹ ਪੂਰੀ ਹੋ ਜਾਂਦੀ ਹੈ।

ਬ੍ਰਹਮ ਵੈਵਰਤ ਪੁਰਾਣ ਅਨੁਸਾਰ ਕਪਲਾਂ ਗਊ ਵਿਸ਼ਨੂੰ ਨੇ ਬ੍ਰਹਮਾਂ ਨੂੰ ਦਿਤੀ। ਬ੍ਰਹਮਾਂ ਤੋਂ ਭ੍ਰਿਗੂ ਰਿਸ਼ੀ ਲੈ ਗਿਆ ਤੇ ਇਸ ਤੋਂ ਮਗਰੋਂ ਜਮਦਗਨ। ਜਦੋਂ ਜਮਦਗਨ ਰਿਸ਼ੀ ਕਾਰਤਵੀਰਯ ਹੱਥੋਂ ਮਾਰਿਆ ਗਿਆ ਤਾਂ ਇਹ ਗਊ ਬ੍ਰਹਮ ਲੋਕ ਨੂੰ ਚਲੇ ਗਈ। ਇਛਾਪੂਰੀਆ ਕਰਨ ਵਾਲੀ ਹੋਣ ਕਾਰਨ ਇਸ ਦੀ ਪ੍ਰਾਪਤੀ ਲਈ ਲੋਕ ਤਪ ਸਾਧਨਾ ਕਰਦੇ ਹਨ।

**ਸੁਰਤਰ (ਦੇਖੋ ਕਲਪਤਰੂ)**

**ਸ਼ੇਸ਼ ਨਾਗ**

ਇਸ ਨੂੰ ਨਾਗਾਂ ਦਾ ਰਾਜਾ ਮੰਨਿਆ ਜਾਂਦਾ ਹੈ। ਜਦੋਂ ਮਹਾਂ ਪਰਲੋ ਹੁੰਦੀ ਹੈ ਤਾਂ ਵਿਸ਼ਨੂੰ ਇਸ ਦੀ ਸੇਜ ਤੇ ਨਿਵਾਸ ਕਰਦੇ ਹਨ। ਜਦੋਂ ਇਹ ਉਬਾਸੀ ਲੈਂਦਾ ਹੈ ਤਾਂ

ਭੂਚਾਲ ਆਉਂਦਾ ਹੈ। ਹਰ ਕਲਪ ਦੇ ਅਖੀਰ ਤੇ ਇਹ ਆਪਣੇ ਮੂੰਹ ਵਿਚੋਂ ਜ਼ਹਿਰੀ ਅੱਗ ਕਢਦਾ ਹੈ ਜਿਸ ਨਾਲ ਸਾਰੀ ਸ੍ਰਿਸ਼ਟੀ ਦਾ ਨਾਸ਼ ਹੋ ਜਾਂਦਾ ਹੈ। ਦੇਵਤਿਆਂ ਨੇ ਸਾਗਰ ਮੰਥਨ ਸਮੇਂ ਇਸ ਨੂੰ ਨੇਤ੍ਰੀ ਬਣਾਇਆ ਸੀ। ਇਸ ਨੂੰ ਅਨੰਤ ਤੇ ਅਸੀਮ ਵੀ ਆਖਿਆ ਜਾਂਦਾ ਹੈ।

**ਹਨੂੰਮਾਨ**

ਇਹ ਰਾਮ ਚੰਦਰ ਦਾ ਪਰਮ ਸੇਵਕ ਸੀ ਜੋ ਸੁਗ੍ਰੀਵ ਦਾ ਮੰਤਰੀ ਤੇ ਬਾਂਦਰ ਸੈਨਾ ਦਾ ਮੁਖੀ ਇਕ ਬਹਾਦਰ ਸਰਦਾਰ ਸੀ। ਇਸ ਨੂੰ ਪਵਨ ਪੁਤਰ ਵੀ ਆਖਿਆ ਜਾਂਦਾ ਹੈ ਕਿਉਂਕਿ ਇਹ ਪਵਨ ਦੇਵਤਾ ਵੀ ਸ਼ਕਤੀ ਨਾਲ ਗੌਤਮ ਰਿਖੀ ਦੀ ਕਵਾਰੀ ਕੰਨਿਆ ਅੰਜਲੀ ਦੀ ਕੁੱਖ ਵਿਚੋਂ ਪੈਦਾ ਹੋਇਆ ਸੀ। ਜਿਸ ਦਿਨ ਇਹ ਪੈਦਾ ਹੋਇਆ, ਉਸ ਦਿਨ ਸੂਰਜ ਨੂੰ ਫਲ ਸਮਝ ਕੇ ਖਾਣ ਲਈ ਲਪਕਿਆ ਤਾਂ ਇੰਦਰ ਦੇਵਤਾ ਨੇ ਵਜਰ ਮਾਰ ਕੇ ਇਸ ਨੂੰ ਧਰਤੀ ਤੇ ਸੁਟ ਦਿਤਾ ਜਿਸ ਕਾਰਨ ਇਕ ਹਨੁ (ਜਵਾੜਾ) ਵਿੰਗਾ ਹੋ ਗਿਆ। ਇਸ ਦਾਂ ਨਾਮ ਹਨੂੰਮਾਨ ਪੈ ਗਿਆ। ਇਸ ਨੇ ਰਾਮ-ਰਾਂਵਣ ਯੁੱਧ ਵਿਚ ਕਮਾਲ ਕੀਤੀ। ਲਛਮਣ ਦੀ ਬੇਹੋਸ਼ੀ ਦੂਰ ਕਰਨ ਲਈ ਸੰਜੀਵਨੀ ਬੂਟੀ ਲਿਆਂਦੀ ਪਰ ਇੰਨੀ ਸੇਵਾ ਦੇ ਬਾਵਜੂਦ ਇਸ ਨੂੰ ਇਕ ਕਛੋਟੀ ਹੀ ਬਖਸ਼ਿਸ਼ ਵਜੋਂ ਮਿਲੀ। ਆਖਿਆ ਜਾਂਦਾ ਹੈ ਕਿ ਇਕ ਵਾਰ ਇਸ ਨੇ ਜੰਗਲ ਵਿਚ ਜਾਂਦੇ ਰਿਸ਼ੀਆਂ ਨੂੰ ਲੁਟਿਆ ਸੀ ਤੇ ਉਨ੍ਹਾਂ ਪਾਸ ਕੇਵਲ ਕਛ ਹੀ ਰਹਿਣ ਦਿਤੀ ਸੀ। ਸੋ ਇਸ ਨੂੰ ਪ੍ਰਾਪਤ ਹੋਈ।

**ਕਰਮਾ ਬਾਈ**

ਇਹ ਵਿਸ਼ਨੂੰ ਦੀ ਪਰਮ ਭਗਤਣੀ ਸੀ ਜਿਸ ਨੇ ਆਪਣੇ ਪਤੀ ਨੂੰ ਇਸ ਲਈ ਤਿਆਗ ਦਿਤਾ ਸੀ ਕਿ ਇਹ ਵੈਸ਼ਨਵ ਨਹੀਂ ਸੀ। ਇਸ ਦੀ ਖਿਚੜੀ ਖਾਣ ਲਈ ਜਗੰਨਾਥ ਜੀ ਖੁਦ ਗਏ ਸਨ।

**ਕਲਪਾਤਰੂ**

ਇਹ ਇੰਦਰ ਦੇ ਬਾਗ ਦਾ ਇਕ ਬ੍ਰਿਛ ਹੈ ਜਿਸ ਹੇਠ ਬੈਠ ਕੇ ਜੋ ਕਾਮਨਾ ਕੀਤੀ ਜਾਵੇ ਪੂਰੀ ਹੋ ਜਾਂਦੀ ਹੈ। ਇਹ ਸਾਗਰ ਮੰਥਨ ਤੇ ਇਸ ਵਿਚੋਂ ਨਿਕਲੇ ਰਤਨਾਂ ਵਿਚੋਂ ਇਕ ਰਤਨ ਸੀ।

**ਕਸ਼ਪ**

ਇਹ ਬ੍ਰਹਮਾ ਦੇ ਪੁਤਰ ਮਰੀਚ ਦਾ ਬੇਟਾ ਸੀ। ਜਿਸ ਦੀ ਗਿਣਤੀ ਪਰਜਾਪਤੀਆਂ ਵਿਚ ਹੁੰਦੀ ਹੈ। ਵਾਮਨ ਅਵਤਾਰ ਇਸ ਦਾ ਪੁਤਰ ਸੀ।

**ਕਾਕ ਭਸੁੰਡ**

ਇਹ ਇਕ ਬ੍ਰਾਹਮਣ ਸੀ ਜੋ ਲੋਮਸ਼ ਰਿਸ਼ੀ ਦੇ ਸਰਾਪ ਨਾਲ ਕਾਂ ਬਣਿਆ ਤੇ ਲੰਮੀ ਉਮਰ ਵਾਲਾ ਹੋ ਕੇ ਰਿਸ਼ੀਆਂ ਨੂੰ ਕਥਾ ਸੁਣਾਉਂਦਾ ਰਿਹਾ।

**ਕਾਮਦੇਵ**

ਇਸ ਦੀ ਪਤਨੀ ਦਾ ਨਾਮ ਰਤੀ ਹੈ। ਇਹ ਸੁੰਦਰ ਸਰੂਪ ਦਾ ਸੁਆਮੀ ਹੈ। ਇਸ

ਪਾਸ ਫੁਲਾਂ ਦਾ ਧੁਨਸ਼ ਤੇ ਫੁਲਾ ਦੇ ਪੰਜ ਤੀਰ ਹਨ। ਇਨ੍ਹਾਂ ਦੇ ਨਾਮ ਹਨ-ਲਾਲ ਕਮਲ, ਨੀਲਾ-ਕਮਲ, ਅਸ਼ੋਕ, ਅੰਬਾਂ ਦਾ ਬੂਰ ਤੇ ਮਾਲਤੀ। ਪਰ ਕੁਝ ਗ੍ਰੰਥਾਂ ਵਿਚ ਇਨ੍ਹਾਂ ਦੇ ਨਾਮ ਲਿਖੇ ਹਨ-ਸੰਮੋਹਨ, ਉਨਮਾਦਨ. ਸ਼ੋਸ਼ਣ, ਤਾਪਨ ਤੇ ਸਤੰਭਨ। ਇਹ ਇੰਦਰ ਸਭਾ ਦਾ ਖਾਸ ਸ਼ਿੰਗਾਰ ਹੈ ਜੋ ਦੇਵਤਿਆਂ ਦੇ ਤਪਾਂ ਵਿਚ ਵਿਘਨ ਪਾਉਂਦਾ ਹੈ। ਤਪੀਸ਼ਰ ਸ਼ਿਵ ਜੀ ਨੇ ਇਸ ਨੂੰ ਆਪਣਾ ਤੀਸਰਾ ਨੇਤਰ ਖੋਲ੍ਹ ਕੇ ਭਸਮ ਕੀਤਾ।

**ਕਾਮਧੇਨ**

ਸਾਗਰ ਮੰਥਨ ਸਮੇਂ ਚੌਦਾਂ ਰਤਨਾਂ ਵਿਚੋਂ ਇਕ ਰਤਨ ਕਾਮਧੇਨ ਗਊ ਸੀ ਜੋ ਇੰਦਰ ਨੂੰ ਮਿਲੀ। ਇਹ ਹੁਣ ਸਵਰਗ ਵਿਚ ਰਹਿੰਦੀ ਹੈ ਤੇ ਹਰ ਇਛਾ ਪੂਰੀ ਕਰਨ ਤੇ ਸਮਰਥ ਮੰਨੀ ਜਾਂਦੀ ਹੈ।

**ਕਾਲੀ-ਨਥਨ**

ਇਹ ਇਕ ਜ਼ਹਿਰੀਲਾ ਨਾਗ ਸੀ ਜੋ ਜਮਨਾ ਦੇ ਛੰਭ ਵਿਚ ਰਹਿੰਦਾ ਸੀ। ਕੰਸ ਨੇ ਕ੍ਰਿਸ਼ਨ ਨੂੰ ਮਾਰਨ ਲਈ ਇਕ ਸਕੀਮ ਬਣਾਈ। ਨੰਦ ਨੂੰ ਇਹ ਸੁਨੇਹਾ ਭੇਜਿਆ ਕਿ ਜਮਨਾ ਵਾਲੇ ਛੰਭ ਵਿਚੋਂ ਫੱਲ ਚੁਣ ਕੇ ਭੇਜੇ ਜਾਣ। ਇਸ ਤਰ੍ਹਾਂ ਕਰਨ ਨਾਲ ਸਾਰਾ ਪਰਿਵਾਰ ਜ਼ਹਿਰੀਲੇ ਨਾਗਾਂ ਦਾ ਸ਼ਿਕਾਰ ਬਣ ਸਕਦਾ ਸੀ। ਸ੍ਰੀ ਕ੍ਰਿਸ਼ਨ ਨੇ ਜਦੋਂ ਜਮਨਾਂ ਵਿਚ ਛਲਾਂਗ ਮਾਰੀ ਤਾਂ ਨਾਗ ਉਨ੍ਹਾਂ ਦੇ ਚਰਨ ਨੂੰ ਜ਼ਰੂਰ ਛੁਹਿਆ ਪਰ ਉਸ ਨੇ ਡੰਗ ਨਾ ਮਾਰਿਆ ਸਗੋਂ ਸ਼ਰਣ ਪੈ ਗਿਆ। ਕ੍ਰਿਸ਼ਨ ਜੀ ਨੇ ਉਸ ਨੂੰ ਉਹ ਥਾਂ ਛੱਡ ਕੇ ਸਮੁੰਦਰ ਵਿਚ ਚਲੇ ਜਾਣ ਲਈ ਹੁਕਮ ਦਿਤਾ ਤੇ ਉਹ ਆਪਣੇ ਸਾਥੀਆਂ ਸਮੇਤ ਉਥੋਂ ਚਲੇ ਗਿਆ।

**ਕੁਬਿਜਾ**

ਇਹ ਕ੍ਰਿਸ਼ਨ ਦੇ ਮਾਮਾ ਕੰਸ ਦੀ ਇਕ ਕੁੱਬੀ ਦਾਸੀ ਸੀ। ਜਦੋਂ ਬਲਰਾਮ ਤੇ ਸ੍ਰੀ ਕ੍ਰਿਸ਼ਨ ਮਥੁਰਾ ਗਏ ਤਾਂ ਇਹ ਰਸਤੇ ਵਿਚ ਮਿਲ ਗਈ ਤੇ ਇਸ ਨੇ ਸ੍ਰੀ ਕ੍ਰਿਸ਼ਨ ਨੂੰ ਫੁੱਲਾਂ ਦੀ ਮਾਲਾ ਪਹਿਨਾਈ ਤੇ ਮੱਥੇ ਤੇ ਚੰਦਨ ਦਾ ਟਿੱਕਾ ਲਗਾਇਆ। ਇਹ ਜਦੋਂ ਤਿਲਕ ਲਗਾਉਣ ਦੀ ਕੋਸਿਸ਼ ਕਰ ਰਹੀ ਸੀ ਤਾ ਇਸ ਦਾ ਹੱਥ ਉਨ੍ਹਾਂ ਦੇ ਮੱਥੇ ਤਕ ਨਾ ਪਹੁੰਚਿਆਂ ਤਾਂ ਮਹਾਰਾਜ ਨੇ ਇਸ ਦੇ ਪੈਰ ਉਪਰ ਪੈਰ ਰੱਖ ਕੇ ਤੇ ਹੱਥ ਨਾਲ ਠੋਢੀ ਨੂੰ ਉਤਾਹ ਚੁਕਿਆ ਤੇ ਉਸ ਕੁੱਬ ਸਿੱਧਾ ਹੋ ਗਿਆ। ਇਹ ਪਰਮ ਸੁੰਦਰੀ ਬਣ ਗਈ।

**ਕੂਬਰੀ** (ਦੇਖੋ ਕੁਬਿਜਾ)

**ਕੰਸ**

ਕੰਸ ਮਥਰਾ ਦੇ ਰਾਜਾ ਉਗ੍ਰਸੇਨ ਦਾ ਪੁਤਰ ਸੀ ਜਿਸ ਨੇ ਆਪਣੇ ਪਿਤਾ ਦਾ ਰਾਜ ਭਾਗ ਖੋਹ ਲਿਆ ਸੀ ਤੇ ਉਸ ਨੂੰ ਕੈਦ ਕਰ ਲਿਆ ਸੀ। ਇਹ ਬੜਾ ਜ਼ਾਲਮ ਸੀ। ਜੋਤਸ਼ੀਆਂ ਨੇ ਦੱਸਿਆ ਕਿ ਤੇਰਾ ਕਤਲ ਤੇਰੀ ਭੈਣ ਦੇਵਕੀ ਦਾ ਪੁਤਰ ਕਰੇਗਾ ਤਾਂ ਇਸ ਨੇ ਆਪਣੀ ਭੈਣ ਤੇ ਭਣੋਈਏ ਨੂੰ ਕੈਦ ਕਰ ਦਿਤਾ ਪਰ ਇਨ੍ਹਾਂ ਨੇ ਕਿਸੇ ਤਰ੍ਹਾਂ ਬਲਭਦ੍ਰ ਤੇ ਸ੍ਰੀ ਕ੍ਰਿਸ਼ਨ ਨੂੰ ਬਾਹਰ ਭੇਜ ਦਿਤਾ ਜਿਨ੍ਹਾਂ ਦੀ ਪਾਲਣਾ ਕ੍ਰਮਵਾਰ ਰੋਹਣੀ ਤੇ ਨੰਦ ਗਵਾਲੇ

ਨੇ ਕੀਤੀ। ਕ੍ਰਿਸ਼ਨ ਨੇ ਧਨੁਖ ਯੁਧ ਵਿਚ ਇਸ ਨੂੰ ਮਾਰ ਦਿਤਾ ਅਤੇ ਰਾਜ ਭਾਗ ਮੁੜ ਉਗ੍ਰਸੈਨ ਨੂੰ ਦੇ ਦਿਤਾ।

**ਗਣਪਤੀ**

ਦੇਵਤਿਆਂ ਦੇ ਸੇਵਕਾਂ ਨੂੰ ਗਣ ਆਖਿਆ ਜਾਂਦਾ ਹੈ। ਇਨ੍ਹਾਂ ਦਾ ਸੁਆਮੀ ਗਣੇਸ਼ ਹੈ। ਇਸ ਲਈ ਇਸ ਨੂੰ ਗਣਪਤੀ ਆਖਦੇ ਹਨ। ਇਹ ਪਾਰਵਤੀ ਦਾ ਪੁਤਰ ਸੀ ਜਿਸ ਦੀ ਸਿਰਜਣਾ ਪਾਰਵਤੀ ਨੇ ਆਪਣੇ ਪਿੰਡੇ ਤੇ ਮਲਕੇ ਲਾਹੈ ਵਟਣੇ ਤੋਂ ਕੀਤੀ। ਇਸ ਨੂੰ ਪਹਿਰੇਦਾਰ ਬਣਾ ਕੇ ਖੜ੍ਹਾ ਕਰ ਦਿਤਾ। ਸ਼ਿਵ ਆਏ ਤਾਂ ਇਸ ਨੇ ਉਨ੍ਹਾਂ ਨੂੰ ਅੰਦਰ ਜਾਣ ਤੋਂ ਰੋਕਿਆ। ਸ਼ਿਵ ਜੀ ਨੇ ਗੁੱਸੇ ਵਿਚ ਇਸ ਦਾ ਸ਼ਿਰ ਲਾਹ ਦਿਤਾ। ਜਦੋਂ ਪਾਰਵਤੀ ਨੂੰ ਪਤਾ ਲਗਾ ਤਾਂ ਉਹ ਵਿਰਲਾਪ ਕਰਨ ਲੱਗੀ। ਸ਼ਿਵ ਜੀ ਨੇ ਇਸ ਨੂੰ ਹਾਥੀ ਦਾ ਸਿਰ ਲਗਾ ਕੇ ਸੁਰਜੀਤ ਕਰ ਦਿਤਾ।

**ਗਨਕਾ**

ਪੌਰਾਣਿਕ ਕਥਾ ਅਨੁਸਾਰ ਇਹ ਇਕ ਸੁੰਦਰ ਵੇਸ਼ਵਾ ਸੀ। ਇਕ ਵਾਰ ਅਚਾਨਕ ਸੰਤਾਂ ਨੇ ਉਸ ਨੂੰ ਦੇਖਿਆ ਤੇ ਉਸ ਦਾ ਪਾਰ ਉਤਾਰਾ ਕਰਨ ਦੀ ਵਿਧੀ ਸੋਚੀ। ਉਹ ਉਸ ਨੂੰ ਆਪਣਾ ਤੋਤਾ ਦੇ ਗਏ ਅਤੇ ਜਾਣ ਲੱਗੇ ਕਹਿ ਗਏ ਕਿ ਤੂੰ ਇਸ ਤੋਤੇ ਨੂੰ ਰਾਮ ਰਾਮ ਸਿਖਾਇਆ ਕਰ 'ਤੇ ਤੇਰਾ ਪਾਰ ਉਤਾਰਾ ਹੋ ਜਾਵੇਗਾ। ਰਾਮ ਰਾਮ ਕਹਿੰਦਿਆਂ ਉਸ ਦੀ ਜ਼ਿੰਦਗੀ ਵਿਚ ਅਜਿਹਾ ਪਰਿਵਰਤਨ ਆਇਆ ਕਿ ਉਹ ਵੇਸ਼ਵਾ ਦਾ ਧੰਦਾ ਤਿਆਗ ਕੇ ਸਿਮਰਨ ਵਿਚ ਲੱਗ ਗਈ। ਉਸ ਦਾ ਪਾਰ ਉਤਾਰਾ ਹੋ ਗਿਆ।

**ਗਰੁੜਧਵਜ (ਦੇਖੋ ਵਿਸ਼ਨੂੰ)**

**ਗੰਧਰਵ**

ਸਵਰਗ ਦੇ ਗਵਈਏ ਗੰਧਰਵ ਨਾਮ ਨਾਲ ਯਾਦ ਕੀਤੇ ਜਾਂਦੇ ਹਨ। ਪੌਰਾਣਿਕ ਸਾਹਿਤ ਵਿਚ ਜ਼ਿਕਰ ਹੈ ਕਿ ਇਹ ਗੰਧਰਵ ਕੱਸ਼ਪ ਦੀਆਂ ਦੋ ਧੀਆਂ-ਮੁਨੀ ਤੇ ਪ੍ਰਧਾ-ਦੀ ਸੰਤਾਨ ਹਨ। ਇਨ੍ਹਾਂ ਦੀ ਗਿਣਤੀ 6333 ਦੱਸੀ ਜਾਂਦੀ ਹੈ ਪਰ ਸੁਪ੍ਰਸਿਧ ਗੰਧਰਵ ਹਨ ਹਾਹਾ, ਹੂਹੂ, ਚਿਤ੍ਰਰਥ, ਹੰਸ,ਤੰਬਰ, ਵਿਸ਼ਵਾਸੂ ਗੋਮਾਯ ਤੇ ਨੰਦੀ ਆਦਿ। ਇਨ੍ਹਾਂ ਦਾ ਕੰਮ ਦੇਵ ਸਭਾ ਵਿਚ ਗਾਉਣਾ ਹੈ।

**ਚਾਰ ਪਦਾਰਥ :**

ਪੁਰਾਤਨ ਧਰਮ ਗ੍ਰੰਥ ਵਿਚ ਮਾਨਵੀ ਜੀਵਨ ਲਈ ਅਤਿਅੰਤ ਲੋੜੀਦੀਆਂ ਚੀਜ ਨੂੰ ਪਦਾਰਥ ਆਖਿਆ ਗਿਆ ਹੈ ਜਿਨ੍ਹਾਂ ਦੀ ਸੰਖਿਆ ਚਾਰ ਹੈ-ਧਰਮ, ਅਰਥ, ਕਾਮ ਮਕੋਸ਼.

**ਚੰਦ੍ਰਹਾਂਸ**

ਮਹਾਭਾਰਤ ਅਨੁਸਾਰ ਇਹ ਦੱਖਣ ਦਾ ਇਕ ਰਾਜਾ ਸੀ ਜਿਸ ਦੇ ਮਾਪੇ ਬਚਪ ਵਿਚ ਗੁਜ਼ਰ ਗਏ ਸਨ ਤੇ ਉਸ ਦੇ ਵਜ਼ੀਰ ਧ੍ਰਿਸ਼ਟਬੁਧੀ ਨੇ ਉਸ ਦਾ ਸਾਰਾ ਰਾਜ ਭਾ ਸੰਭਾਲ ਲਿਆ ਸੀ। ਜੋਤਸ਼ੀਆਂ ਨੇ ਚੰਦ੍ਰਹਾਂਸ ਨੂੰ ਦੱਸਿਆ ਕਿ ਤੂੰ ਚਕਰਵਤੀ ਰਾਜਾ ਬਣ

ਹੈ ਤਾਂ ਧ੍ਰਿਸ਼ਟਬੁਧੀ ਨੇ ਇਸ ਨੂੰ ਮਾਰਨ ਦਾ ਫੈਸਲਾ ਕੀਤਾ ਪਰ ਇਨ੍ਹਾਂ ਸਾਜਿਸ਼ਾਂ ਦਾ ਨਤੀਜਾ ਉਲਟਾ ਹੀ ਨਿਕਲਿਆ। ਉਸ ਦੀ ਧੀ ਦਾ ਚੰਦ੍ਰਹਾਂਸ ਨਾਲ ਇਸ ਦਾ ਵਿਆਹ ਹੋ ਗਿਆ ਤੇ ਉਸ ਦਾ ਪੁੱਤਰ ਕਤਲ ਹੋ ਗਿਆ। ਧ੍ਰਿਸ਼ਟਬੁਧੀ ਨੇ ਸਾਜਿਸ਼ਾਂ ਕਰਕੇ ਆਪਣਾ ਘਰ ਬਰਬਾਦ ਕਰ ਲਿਆ ਜੇਹਾ ਬੀਜੋਗੇ ਤੇਹਾ ਫਲ ਪਾਉਗੇ।

**ਜਸੁਧਾ**

ਗੋਕਲ ਵਾਸੀ ਨੰਦ ਗਵਾਲੇ ਦੀ ਪਤਨੀ ਤੇ ਸ੍ਰੀ ਕ੍ਰਿਸ਼ਨ ਦੀ ਪਾਲਕ ਮਾਤਾ ਸੀ। (ਵਿਸਥਾਰ ਲਈ ਦੇਖੋ ਕ੍ਰਿਸ਼ਨ)

**ਦੁਰਯੋਧਨ**

ਇਹ ਧ੍ਰਿਤਰਾਸ਼ਟਰ ਦਾ ਵੱਡਾ ਪੁਤਰ ਤੇ ਕਰੌਵਾਂ ਦਾ ਮੁਖੀ ਸੀ। ਇਸ ਨੇ ਆਪਣੇ ਪਾਂਡਵ ਭਰਾਵਾਂ ਨਾਲ ਅਨਿਆਂ ਕੀਤਾ। ਰਾਜਾ ਪੰਡੂ ਦੇ ਤਪ ਸਾਧਨਾ ਲਈ ਚਲੇ ਜਾਣ ਕਾਰਨ ਸਾਰਾ ਰਾਜ ਭਾਗ ਧ੍ਰਿਤਰਾਸ਼ਟਰ ਪਾਸ ਸੀ ਜਿਸ ਦੇ ਨੇਤਰਹੀਣ ਹੋਣ ਕਾਰਨ ਰਾਜ ਭਾਗ ਦਾ ਕੰਮ ਦੁਰਯੋਧਨ ਚਲਾਉਂਦਾ ਸੀ। ਪੰਡੂ ਦੀ ਮੌਤ ਮਗਰੋਂ ਉਸ ਦੇ ਪੰਜੇ ਪੁਤਰ ਇਸ ਪਾਸ ਆਏ ਤਾਂ ਉਨ੍ਹਾਂ ਨਾਲ ਚੰਗਾ ਵਰਤਾ ਕੀਤਾ ਗਿਆ ਪਰ ਦੁਰਯੋਧਨ ਇਨ੍ਹਾਂ ਦਾ ਰਾਜ ਭਾਗ ਹਥਿਆਉਣਾ ਚਾਹੁੰਦਾ ਸੀ। ਇਸ ਨੇ ਯੁਧਿਸਟਰ, ਜੋ ਪਾਂਡਵਾਂ ਦਾ ਮੁਖੀ ਤੇ ਆਪਣਾ ਰਾਜ ਭਾਗ ਬੜੀ ਸਿਆਣਪ ਨਾਲ ਚਲਾਉਂਦਾ ਸੀ, ਨੇ ਧੋਖੇ ਨਾਲ ਜੂਏ ਵਿਚ ਰਾਜ ਭਾਗ ਤੇ ਦ੍ਰੋਪਤੀ ਜਿਤ ਲਈ। ਦ੍ਰੋਪਤੀ ਦੀ ਦਰਬਾਰ ਵਿਚ ਬੇਇਜ਼ਤੀ ਕੀਤੀ ਤੇ ਪਾਂਡਵਾਂ ਨੂੰ ਬਾਰਾਂ ਸਾਲਾਂ ਲਈ ਬਨਵਾਸ ਲਈ ਭੇਜ ਦਿਤਾ। ਸਮਾਂ ਪੂਰਾ ਹੋਣ ਤੇ ਉਹ ਵਾਪਸ ਆ ਗਏ ਤੇ ਆਪਣਾ ਰਾਜਭਾਗ ਵਾਪਸ ਮੰਗਿਆ। ਇਹ ਮੁਨਕਰ ਹੋ ਬੈਠਾ। ਕ੍ਰਿਸ਼ਨ ਨੇ ਸੁਲਾਹ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਦੁਰਯੋਧਨ ਅੜਿਆ ਰਿਹਾ। ਮਹਾਂਭਾਰਤ ਦਾ ਯੁਧ ਹੋਇਆ। ਦੁਰਯੋਧਨ ਪਾਂਡਵਾਂ ਹਥੋਂ ਬੁਰੀ ਤਰ੍ਹਾਂ ਮਰਿਆ।

**ਦੇਵਤਰੂ** (ਦੇਖੋ ਕੁਲਪਤਰੂ)

**ਧਨੰਜੈ** (ਦੇਖੋ ਅਰਜਨ)

**ਧਰੂ**

ਇਹ ਰਾਜਾ ਉਤਾਨਪਾਦ ਦਾ ਪੁਤਰ ਸੀ। ਇਸ ਦੀ ਮਾਤਾ ਦਾ ਨਾਮ ਸੁਨੀਤਾ ਸੀ ਪਰ ਰਾਜੇ ਦਾ ਆਪਣੀ ਦੂਸਰੀ ਰਾਣੀ ਸਰੁਚਿ ਨਾਲ ਜ਼ਿਆਦਾ ਪਿਆਰ ਸੀ। ਇਕ ਦਿਨ ਧਰੂ ਆਪਣੇ ਪਿਤਾ ਦੀ ਗੋਦੀ ਵਿਚ ਬੈਠਾ ਤਾਂ ਮਤ੍ਰੇਈ ਮਾਂ ਨੇ ਉਸ ਨੂੰ ਫੜ ਕੇ ਉਠਾ ਦਿਤਾ ਤੇ ਕਿਹਾ ਕਿ ਤੂੰ ਇਥੇ ਬੈਠਣ ਦਾ ਅਧਿਕਾਰੀ ਨਹੀਂ। ਮੇਰਾ ਪੁਤਰ ਰਾਜਾ ਬਣੇਗਾ। ਇਹ ਆਪਣੀ ਮਾਤਾ ਦੇ ਕਹਿਣ ਤੇ ਰਾਜ ਭਾਗ ਪ੍ਰਾਪਤ ਕਰਨ ਲਈ ਤਪ ਸਾਧਨਾ ਵਿਚ ਲਗ ਗਿਆ। ਪੂਰਨ ਪਦ ਦੀ ਪ੍ਰਾਪਤੀ ਕੀਤੀ। ਵਾਪਸ ਆ ਕੇ ਭਰਾ ਦੇ ਦੈਂਤਾਂ ਹੱਥੋਂ ਮਾਰੇ ਜਾਣ ਕਾਰਨ ਰਾਜਾ ਬਣਿਆ ਤੇ ਇਸ ਨੇ 36 ਹਜ਼ਾਰ ਸਾਲ ਰਾਜ ਕੀਤਾ ਅਤੇ ਇਸ ਮਗਰੋਂ ਤਾਰਾ ਮੰਡਲ ਵਿਚ ਅਟਲ ਪਦਵੀ ਪਾਈ।

**ਧ੍ਰਿਸ਼ਟਬੁਧੀ**

ਇਹ ਚੰਦ੍ਰਹਾਸ ਦਾ ਭ੍ਰਿਸ਼ਟ ਵਜ਼ੀਰ ਸੀ ਜਿਸ ਨੇ ਸਾਜਿਸ਼ਾਂ ਕਰਕੇ ਆਪਣਾ ਘਰ

ਬੰਦਬਾਦ ਕਰ ਲਿਆ। (ਵਿਸਥੰਰ ਲਈ ਦੇਖੋ ਚੰਦ੍ਰਹਾਸ)

**ਨਉਨਿਧ**

ਨਿਧ ਦਾ ਅਰਥ ਖ਼ਜ਼ਾਨਾ ਹੈ। ਪੁਰਾਤਨ ਹਿੰਦੂ ਗ੍ਰੰਥਾਂ ਵਿਚ ਨੌਂ ਨਿਧੀਆਂ ਗਿਣੀਆਂ ਗਈਆਂ ਹਨ ਜਿਨ੍ਹਾਂ ਦਾ ਮਾਲਕ, ਦੇਵਤਿਆਂ ਦਾ ਖਜ਼ਾਨਚੀ ਕੁਬੇਰ ਸੀ। ਇਨ੍ਹਾਂ ਦੀ ਗਿਣਤੀ ਇਸ ਪ੍ਰਕਾਰ ਹੈ : 1) ਪਦਮ 2) ਮਹਾਂਪਦਮ 3) ਸੰਖ 4) ਮਕਰ 5) ਕੱਛਪ 6) ਮੁਕੰਦ 7) ਕੁੰਦ 8) ਨੀਲ 9) ਵਰਚ

**ਨਰ ਸਿੰਘ**

ਪੁਰਾਣਾ ਅਨੁਸਾਰ ਨਰ ਸਿੰਘ ਵਿਸ਼ਨੂੰ ਦਾ ਅਵਤਾਰ ਹੈ ਜਿਸ ਦਾ ਅੱਧਾ ਸਰੀਰ ਮਨੁਖ ਦਾ ਤੇ ਅੱਧਾ ਸ਼ੇਰ ਦਾ ਹੈ। ਜਦੋਂ ਹਰਨਾਕਸ਼ ਨੇ ਪ੍ਰਹਿਲਾਦ ਨੂੰ ਤਸੀਹੇ ਦੇਕੇ ਮਾਰਨ ਚਾਹਿਆ ਤਾਂ ਵਿਸ਼ਨੂੰ ਨੇ ਨਰ ਸਿੰਘ ਦਾ ਰੂਪ ਧਾਰ ਕੇ ਉਸ ਦਾ ਨਾਸ ਕਰਕੇ ਆਪਣੇ ਭਗਤ ਦੀ ਰਖਿਆ ਕੀਤੀ।

**ਨਰਸੀ**

ਇਹ ਪਰਮ ਭਗਤ ਸੀ। ਇਸ ਦੀ ਹੁੰਡੀ ਆਪ ਭਗਵਾਨ ਨੇ ਤਾਰੀ ਸੀ। ਇਹ ਭਗਤਾਂ ਦਾ ਵਿਸ਼ਵਾਸ ਹੈ।

**ਨਰਕ**

ਪੌਰਾਣਿਕ ਸਾਹਿਤ ਵਿਚ ਨਰਕ ਦੀ ਕਲਪਨਾ ਕੀਤੀ ਗਈ ਹੈ ਜਿਥੇ ਮਰਨ ਉਪਰੰਤ ਜੀਵ ਨੂੰ ਉਸ ਦੇ ਪਾਪਾਂ ਕਰਮਾਂ ਦਾ ਫਲ ਮਿਲਦਾ ਹੈ। ਇਥੇ ਧਰਮ ਰਾਜ ਜੀਵਾਂ ਦਾ ਕਰਮਾ ਅਨੁਸਾਰ ਫੈਸਲਾ ਕਰਦਾ ਹੈ। ਮੰਦ ਕਰਮੀ ਨਰਕ ਵਿਚ ਜਾਂਦੇ ਹਨ ਤੇ ਪੁੰਨ ਕਰਮੀ ਸਵਰਗ ਵਿਚ। ਨਰਕ ਦੀਆਂ ਕਿਸਮਾਂ ਦਾ ਜ਼ਿਕਰ ਪੁਰਾਤਨ ਸਾਹਿਤ ਵਿਚ ਮਿਲਦਾ ਹੈ। ਮਨੂ ਸਿਮ੍ਰਿਤੀ ਵਿਚ 21 ਨਰਕਾਂ ਬਾਰੇ ਚਰਚਾ ਹੈ।

**ਨਾਰਦ**

ਪੌਰਾਣਿਕ ਸਾਹਿਤ ਅਨੁਸਾਰ ਇਹ ਇਕ ਪ੍ਰਸਿਧ ਰਿਸ਼ੀ ਹੈ ਜਿਸ ਦੇ ਹੱਥ ਵਿਚ ਵੀਣਾ ਹੈ ਤੇ ਉਹ ਪ੍ਰਭੂ-ਉਸਤਤ ਵਿਚ ਲੱਗਾ ਰਹਿੰਦਾ ਹੈ। ਭਗਤੀ ਕਰਦਾ ਹੈ। ਇਸ ਨੇ ਹੀ ਧਰੂ ਭਗਤ ਨੂੰ ਉਪਦੇਸ਼ ਦੇ ਕੇ ਭਗਤੀ ਕਰਨ ਲਈ ਲਗਾਇਆ ਸੀ।

**ਨੰਦ ਚੰਦ (ਦੇਖੋ ਕ੍ਰਿਸ਼ਨ)**

**ਪਰਸ ਰਾਮ**

ਇਹ ਜਮਦਗਨ ਤੇ ਕਮਾਲੀ ਰੇਣੁਕਾ ਪੁਤਰ ਸੀ। ਜਿਸ ਨੇ ਆਪਣੇ ਕੁਹਾੜੇ ਨਾਲ 21 ਵਾਰੀ ਖਤਰੀਆਂ ਦਾ ਨਾਸ਼ ਕੀਤਾ ਤੇ ਧਰਤੀ ਬ੍ਰਾਹਮਣਾ ਦੇ ਹਵਾਲੇ ਕੀਤੀ। ਖਤਰੀਆਂ ਨਾਲ ਇਸ ਦੇ ਝਗੜੇ ਦਾ ਕਾਰਨ ਇਹ ਸੀ ਕਿ ਇਸ ਦੇ ਪਿਤਾ ਨੂੰ ਰਾਜਾ ਸਹਸ੍ਰਬਾਹੂ ਨੇ ਕਤਲ ਕਰ ਦਿਤਾ ਸੀ।

**ਪ੍ਰਹਿਲਾਦ**

ਇਹ ਹਰਨਾਕਸ਼ ਦਾ ਧਰਮੀ ਪੁਤਰ ਸੀ ਜਿਸ ਨੇ ਭਗਤੀ ਕਰਕੇ ਪਰਮ ਪਦ ਪ੍ਰਾਪਤ

ਕੀਤਾ । ਇਹ ਵਿਸ਼ਨੂੰ ਭਗਤ ਸੀ ਪਰ ਇਸ ਦਾ ਪਿਤਾ ਇਸ ਗਲ ਨੂੰ ਮਾੜਾ ਜਾਣਦਾ ਸੀ ਜਿਸ ਕਰਕੇ ਇਸ ਨੂੰ ਅਸਹਿ ਤੇ ਅਕਹਿ ਤਸੀਹੇ ਦਿਤੇ ਗਏ । ਵਿਸ਼ਨੂੰ ਨੇ ਨਰ ਸਿੰਘ ਦਾ ਰੂਪ ਧਾਰ ਕੇ ਹਰਨਾਕਸ਼ ਨੂੰ ਨਹੁੰਦਰਾਂ ਨਾਲ ਪਾੜ ਦਿਤਾ ਤੇ ਪ੍ਰਹਿਲਾਦ ਨੂੰ ਬਚਾ ਲਿਆ ।

**ਪ੍ਰਿਥਾ ਨੁਖਾ (ਦੇਖੋ ਦ੍ਰੋਪਤੀ)**

**ਪਰੀਖਯਤ**

ਇਹ ਚੰਦ੍ਰਬੰਸੀ ਰਾਜਾ ਪਰੀਖਯਤ ਅਭਿਮੰਨੂੰ ਦਾ ਪੁਤਰ ਸੀ । ਇਕ ਵਾਰ ਇਹ ਜੰਗਲ ਵਿਚ ਸ਼ਿਕਾਰ ਖੇਡਣ ਲਈ ਤਾਂ ਪਿਆਸ ਵਿਚ ਵਿਆਕੁਲ ਨੇ ਸ਼ਮੀਕ ਰਿਖੀ ਪਾਸੋ ਪਾਣੀ ਮੰਗਿਆ ਪਰ ਉਹ ਸਮਾਧੀ ਸਥਿਤ ਸੀ । ਪਰੀਖਯਤ ਨੇ ਗੁਸੇ ਵਿਚ ਆ ਕੇ ਉਸ ਦੇ ਗਲ ਵਿਚ ਮਰਿਆ ਹੋਇਆ ਸੱਪ ਪਾ ਦਿਤਾ । ਜਦੋਂ ਰਿਖੀ ਨੇ ਦੇਖਿਆ ਤਾਂ ਸਰਾਪ ਦਿਤਾ ਕਿ ਹਫਤੇ ਅੰਦਰ ਅੰਦਰ ਤਛਕ ਨਾਗ ਦੇ ਲੜਨ ਨਾਲ ਮਰ ਜਾਂਹ । ਉਸ ਨੇ ਬਚਣ ਦੇ ਬੜੇ ਯਤਨ ਕੀਤੇ ਪਰ ਤਛਕ ਨਾਗ ਨੇ ਫੁੱਲਾਂ ਵਿਚ ਦਾਖਲ ਹੋ ਕੇ ਡੰਗ ਮਾਰ ਦਿੱਤਾ । ਇਹ 96 ਸਾਲਾਂ ਦੀ ਉਮਰ ਵਿਚ ਮਰ ਗਿਆ ।

**ਪਰੁਰਵਾ**

ਇਹ ਪਹਿਲਾ ਚੰਦ੍ਰਵੰਸੀ ਰਾਜਾ ਸੀ ਜੋ ਬੁਧ ਦਾ ਪੁਤਰ ਸੀ ਤੇ ਇਨਾਂ ਦੇ ਗਰਭ ਵਿਚੋਂ ਪੈਦਾ ਹੋਇਆ ਸੀ । ਇਸ ਦੀ ਰਾਜਧਾਨੀ ਪ੍ਰਯਾਗ ਪਾਸ ਪ੍ਰਤਿਸ਼ਠਾਨ ਪੁਰ ਸੀ । ਇਹ ਪ੍ਰਭੂ ਭਗਤ ਸੀ ।

**ਪੁਰਾਣ**

ਇਹ ਅਠ੍ਹਾਰਾਂ ਹਨ . ਬ੍ਰਹਮ, ਪਦਮ, ਵਿਸ਼ਨੂੰ, ਸ਼ਿਵ, ਭਾਗਵਦ ਮਾਰਕੰਡੇ, ਨਾਰਦ, ਬ੍ਰਹਮ, ਵੈਵਰਤ, ਲਿੰਗ, ਵਰਾਹ, ਸਕੰਦ, ਵਾਮਨ, ਕੂਰਮ, ਮਤਸਯ, ਗਰੁੜ, ਬ੍ਰਹਮਾ ਤੇ ਭਵਿਸ਼ਯ ।

**ਪੰਚਾਲੀ (ਦੇਖੋ ਦਰੋਪਤੀ)**

**ਬਭੀਖਣ**

ਇਹ ਰਾਵਣ ਦਾ ਛੋਟਾ ਭਰਾ ਤੇ ਭਲਾ ਪੁਰਖ ਸੀ ਜਿਸ ਨੇ ਰਾਵਣ ਨੂੰ ਸੀਤਾ ਨੂੰ ਵਾਪਸ ਕਰਨ ਲਈ ਆਖਿਆ ਪਰ ਉਹ ਨਾ ਮੰਨਿਆਂ । ਇਸ ਨੇ ਰਾਵਣ ਰਾਮ ਯੁਧ ਵਿਚ ਰਾਮ ਚੰਦਰ ਦਾ ਸਾਥ ਦਿਤਾ ਤੇ ਰਾਵਣ ਦੇ ਮਾਰਨ ਲਈ ਭੇਦ ਦੱਸ ਦਿਤਾ ਕਿ ਉਸ ਦੇ ਹਿਰਦੇ ਵਿਚ ਅੰਮ੍ਰਿਤ ਕੁੰਡ ਹੈ ਜਿਸ ਕਾਰਨ ਉਸ ਦੇ ਕੱਟੇ ਹੋਏ ਅੰਗ ਮੁੜ ਜੁੜ ਜਾਂਦੇ ਹਨ । ਇਸ ਅੰਮ੍ਰਿਤ ਕੁੰਡ ਨੂੰ ਸੁਕਾ ਕੇ ਹੀ ਰਾਵਣ ਨੂੰ ਮਾਰਿਆ ਜਾ ਸਕਦਾ । ਰਾਮ ਚੰਦਰ ਨੇ ਅੰਮ੍ਰਿਤ ਕੁੰਡ ਅਗਨ ਤੀਰਾਂ ਨਾਲ ਸੁਕਾ ਦਿਤਾ ਤੇ ਰਾਮ ਬਾਣ ਨਾਲ ਰਾਵਣ ਢਹਿ ਢੇਰੀ ਹੋ ਗਿਆ । ਲੰਕਾ ਜਿਤ ਕੇ ਰਾਮ ਚੰਦਰ ਨੇ ਬਭੀਖਣ ਨੂੰ ਉਥੋਂ ਦਾ ਰਾਜਾ ਬਣਾ ਦਿਤਾ ।

**ਬ੍ਰਹਮਾ**

ਇਸ ਨੂੰ ਜਗਤ ਰਚਨਾ ਕਰਨ ਵਾਲਾ ਦੇਵਤਾ ਮੰਨਿਆ ਜਾਂਦਾ ਹੈ । ਪੌਰਾਣਿਕ

ਕਥਾ ਅਨੁਸਾਰ ਇਸ ਦਾ ਜਨਮ ਸਮੁੰਦਰ ਵਿਚ ਸ਼ੇਸ਼ ਨਾਮ ਦੀ ਸੇਜਾ ਤੇ ਬਿਰਾਜਮਾਨ ਵਿਸ਼ਨੂੰ ਦੀ ਧੁੰਨੀ ਵਿਚ ਫੁੱਟੇ ਕੰਵਲ ਵਿਚ ਹੋਇਆ। ਇਸ ਦਾ ਰੰਗ ਲਾਲ, ਚਾਰ ਮੂੰਹ ਅਤੇ ਚਾਰ ਬਾਹਾਂ ਦਸੀਆਂ ਜਾਂਦੀਆਂ ਹਨ। ਇਨ੍ਹਾਂ ਚੌਹਾਂ ਤੋਂ ਚਾਰੇ ਵੇਦਾਂ ਦੀ ਸਿਰਜਨਾ ਮੰਨੀ ਜਾਂਦੀ ਹੈ। ਇਸ ਦੀ ਸਵਾਰੀ ਹੰਸ ਹੈ। ਸਨਕ, ਸਨੰਦਨ, ਸਨਾਤਨ ਤੇ ਸਨਤ ਚਾਰ ਮਾਨਸਿਕ ਪੁੱਤਰ ਤੇ ਸਰੋਸਵਤੀ ਤੇ ਤਿਲੋਤਮਾ ਦੋ ਪੁਤਰੀਆਂ ਹਨ।

**ਬਾਲਮੀਕ**

ਇਹ ਚੰਡਾਲ ਸੀ। ਚੋਰੀ ਡਾਕੇ ਮਾਰਨ ਵਾਲਾ ਬੰਦਾ ਸ੍ਰੀ ਗੁਰ ਸੰਤਾਂ ਨੇ ਸ਼ੁਭ ਉਪਦੇਸ਼ ਦੇ ਕੇ ਇਸ ਨੂੰ ਸੱਚ ਦੇ ਮਾਰਗ ਤੇ ਪਾ ਦਿਤਾ। ਇਸਨੇ ਭਜਨ ਕਰਕੇ ਪਰਮ ਪਦ ਦੀ ਪ੍ਰਾਪਤੀ ਕਰ ਲਈ। ਜਦੋਂ ਪਾਂਡਵਾਂ ਨੇ ਯੱਗ ਕੀਤਾ ਤਾ ਆਪੇ ਵੱਜਣ ਵਾਲੀ ਘੰਟੀ ਨਾ ਵੱਜੀ। ਯੁਧਿਸ਼ਟਰ ਦੇ ਪੁਛਣ ਤੇ ਸ੍ਰੀ ਕ੍ਰਿਸ਼ਨ ਜੀ ਨੇ ਇਸ ਦਾ ਕਾਰਨ ਦਸਿਆ ਕਿ ਨਿਰਾਦਰੀ ਵਾਲੀ ਗੱਲ ਹੋਈ ਹੈ। ਪਤਾ ਲਗਾ ਕਿ ਰਿਸ਼ੀ ਬਾਲਮੀਕੀ ਨੂੰ ਅਛੂਤ ਸਮੇਝ ਕੇ ਯੱਗ ਵਿਚ ਸ਼ਾਮਲ ਨਹੀਂ ਕੀਤਾ ਗਿਆ। ਇਸ ਤੇ ਉਨ੍ਹਾਂ ਨੂੰ ਵਾਪਿਸ ਬੁਲਾ ਕੇ ਦ੍ਰੋਪਤੀ ਨੇ ਮੁਆਫੀ ਮੰਗੀ ਤੇ ਸ੍ਰੀ ਕ੍ਰਿਸ਼ਨ ਨੇ ਚਰਨ ਧੋਤੇ ਤਾਂ ਜਾ ਕੇ ਯੱਗ ਸੰਪੂਰਨ ਹੋਣ ਦੀ ਘੰਟੀ ਵੱਜੀ।

**ਬਾਵਨ**

ਬਲਿ ਰਾਜਾ, ਜਿਸ ਨੇ ਤਿੰਨਾ ਲੋਕਾਂ ਦਾ ਰਾਜ ਪ੍ਰਾਪਤ ਕਰ ਲਿਆ ਸੀ, ਨੂੰ ਜਿਤਣ ਲਈ ਵਿਸ਼ਨੂੰ ਨੇ ਬਾਵਨ ਅਵਤਾਰ ਧਾਰਨ ਕਰਕੇ ਢਾਈ ਕਰਮ ਥਾਂ ਮੰਗੀ। ਬਲਿ ਨੇ ਮੰਤਰੀ ਦੇ ਵਰਜਣ ਦੇ ਬਾਵਜੂਦ ਸੰਕਲਪ ਕਰ ਲਿਆ। ਬਾਵਨ ਨੇ ਦੋ ਕਰਮਾਂ ਨਾਲ ਪ੍ਰਿਥਵੀ ਤੇ ਆਕਾਸ਼ ਮਿਣ ਲਏ ਤੇ ਤੀਸਰੇ ਕਰਮ ਵਿਚ ਸਰੀਰ ਵੀ ਮਿਣ ਲਿਆ। ਇਸ ਦੀ ਭਗਤੀ ਭਾਵਨਾ ਦੇਖ ਕੇ ਵਿਸ਼ਨੂੰ ਨੇ ਇਸ ਨੂੰ ਪਤਾਲ ਦਾ ਰਾਜਾ ਬਣਾ ਦਿਤਾ ਤੇ ਆਪ ਦਵਾਰਪਾਲ ਬਣ ਕੇ ਰਹਿਣਾ ਮਨਜ਼ੂਰ ਕੀਤਾ।

**ਬਿਦਰ**

ਇਹ ਬਿਆਸ ਰਿਸ਼ੀ ਦਾ ਪੁਤਰ ਸੀ ਜੋ ਕ੍ਰਿਸ਼ਨ ਜੀ ਦਾ ਚੰਗਾ ਸਨੇਹੀ ਤੇ ਨੀਤੀ ਵੇਤਾ ਸੀ। ਇਹ ਹਮੇਸ਼ਾ ਕਰੌਵਾਂ ਤੇ ਪਾਂਡਵਾਂ ਨੂੰ ਆਪਸ ਵਿਚ ਚੰਗੀ ਤਰ੍ਹਾਂ ਬਿਉਹਾਰ ਕਰਨ ਲਈ ਆਖਦਾ ਸੀ। ਇਹ ਉੱਚੇ ਆਚਰਣ ਦਾ ਧਾਰਨੀ ਸੀ ਜਿਸ ਕਾਰਨ ਸ੍ਰੀ ਕ੍ਰਿਸ਼ਨ ਦੁਰਯੋਧਨ ਦੀ ਥਾਂ ਇਸ ਪਾਸ ਠਹਿਰੇ। ਇਹ ਸ੍ਰੀ ਕ੍ਰਿਸ਼ਨ ਦੇ ਪ੍ਰਲੋਕ ਗਮਨ ਉਪਰੰਤ ਬਿਦਰ ਦਾ ਦੇਹਾਂਤ ਪ੍ਰਭਾਸ ਖੇਤਰ ਵਿਖੇ ਹੋਇਆ।

**ਭਗੀਰਥ**

ਮਹਾਂਭਾਰਤ ਅਨੁਸਾਰ ਇਹ ਦਿਲੀਪ ਦਾ ਪੁਤਰ ਸੂਰਜਵੰਸੀ ਅਯੋਧਿਆ ਦਾ ਰਾਜਾ ਸੀ। ਇਸ ਨੇ ਅਪਣੇ ਸਗਰ 60 ਹਜ਼ਾਰ ਪੁਤਰਾਂ ਦੀ ਗਤੀ ਲਈ, ਜੋ ਕਪਿਲ ਰਿਸ਼ੀ ਦੀ ਕ੍ਰੋਧ ਅਗਨੀ ਨਾਲ ਭਸਮ ਹੋ ਗਏ ਸਨ, ਘੋਰ ਤਪ ਕਰਕੇ ਗੰਗਾ ਨੂੰ ਧਰਤੀ ਤੇ ਲਿਆਉਣ ਲਈ ਬ੍ਰਹਮਾ ਤੇ ਸ਼ਿਵਜੀ ਨੂੰ ਮੰਨਾ ਲਿਆ। ਗੰਗਾ ਨੂੰ ਭਗੀਰਥੀ ਨਾਮ ਇਸੇ

ਲਈ ਦਿਤਾ ਜਾਂਦਾ ਹੈ ।

**ਭੀਲਣੀ**

ਇਹ ਭੀਲ ਜਾਤੀ ਇਸਤਰੀ ਸੀ ਜੋ ਪੰਪਾਸਰ ਦੇ ਕਿਨਾਰੇ ਰਹਿੰਦੀ ਸੀ । ਇਹ ਮੰਤੰਗ ਰਿਖੀ ਦੀ ਸੇਵਿਕਾ ਸੀ । ਬਨਵਾਸ ਸਮੇਂ ਰਾਮ ਚੰਦ੍ਰ ਇਸ ਦੇ ਆਸ਼ਰਮ ਵਿਚ ਠਹਿਰੇ ਤੇ ਜੂਠੇ ਬੇਰ ਖਾ ਕੇ ਬੜੇ ਪ੍ਰਸੰਨ ਹੋਏ । ਇਹ ਰਾਮ ਚੰਦਰ ਦੇ ਦੇਖਦੇ ਹੀ ਚਿਤਾ ਬਣਾ ਕੇ ਭਸਮ ਹੋ ਗਈ ।

**ਮਚੰਨ (ਦੇਖੋ ਕਾਮਦੇਵ)**

**ਮਹਿਖਾਸੁਰ**

ਝੋਟੇ ਦੀ ਸ਼ਕਲ ਦਾ ਇਕ ਦੈਂਤ ਜੋ ਰੰਭਾ ਦਾ ਪੁਤਰ ਦੇ ਮੱਝ ਦੀ ਕੁਖ ਵਿਚੋਂ ਜਨਮਿਆ ਸੀ । ਦੁਰਗਾ ਨੇ ਇਸ ਨੂੰ ਆਪਣੀ ਤਲਵਾਰ ਨਾਲ ਮਾਰਿਆ ।

**ਮਧੁ ਕੈਟਭ**

ਇਹ ਦੋ ਦੈਂਤ ਸਨ ਜੋ ਵਿਸ਼ਨੂੰ ਦੀ ਕੰਨ ਦੀ ਮੈਲ ਵਿਚੋਂ ਪੈਦਾ ਹੋਏ ਹਨ ! ਚਾਰੇ ਪਾਸੇ ਪਾਣੀ ਹੀ ਪਾਣੀ ਸੀ ਜਾਂ ਬ੍ਰਹਮਾ ਕੰਵਲ ਵਿਚੋਂ ਪੈਦਾ ਹੋ ਚੁਕਾ ਸੀ । ਇਹ ਦੋਨੋਂ ਬ੍ਰਹਮਾਂ ਨੂੰ ਮਾਰਨ ਲਈ ਭੱਜੇ ਤਾਂ ਵਿਸ਼ਨੂੰ ਨੇ 5000 ਸਾਲ ਇਨ੍ਹਾਂ ਨਾਲ ਯੁੱਧ ਕੀਤਾ । ਇਨ੍ਹਾਂ ਦੈਂਤਾਂ ਨੇ ਵਿਸ਼ਨੂੰ ਦੀ ਬਹਾਦਰੀ ਦੇ ਪ੍ਰਸੰਨ ਹੋ ਕੇ ਕੁਝ ਮੰਗਣ ਲਈ ਆਖਿਆ ਤਾਂ ਇਨ੍ਹਾਂ ਨੇ ਸਿਰ ਮੰਗ ਲਏ । ਇਨ੍ਹਾਂ ਨੇ ਸ਼ਰਤ ਲਗਾਈ ਕਿ ਸਾਡੇ ਸਿਰ ਖੁਸ਼ਕ ਥਾਂ ਤੇ ਕੱਟੇ ਜਾਣ । ਵਿਸ਼ਨੂੰ ਨੇ ਆਪਣੇ ਪੱਟ ਤੇ ਰਖ ਕੇ ਇਨ੍ਹਾਂ ਦੇ ਸ਼ੀਸ ਕੱਟੇ ਤੇ ਜੋ ਮਿਝ ਪਾਣੀ ਵਿਚ ਗਈ ਉਸ ਤੋਂ ਧਰਤੀ ਬਣ ਗਈ । ਜਿਸ ਕਾਰਨ ਧਰਤੀ ਨੂੰ ਮੇਦਨੀ ਵੀ ਕਹਿੰਦੇ ਹਨ ।

**ਮੈਨ (ਦੇਖੋ ਕਾਮਦੇਵ)**

**ਮੋਰਧੁਜ**

ਇਹ ਰਤਨਪੁਰ ਦਾ ਇਕ ਧਰਮਾਤਮਾ ਰਾਜਾ ਸੀ ਜਿਸ ਨੇ ਅਸ਼ਵਮੇਧ ਯੱਗ ਕਰਨ ਲਈ ਆਪਣੇ ਪੁਤਰ ਤਾਮਰਧਵਜ ਦੀ ਨਿਗਰਾਨੀ ਵਿਚ ਘੋੜਾ ਛੱਡਿਆ । ਉਸੇ ਸਮੇਂ ਯੁਧਿਸ਼ਟਰ ਨੇ ਵੀ ਅਸਵਮੇਧ ਯੱਗ ਦਾ ਘੋੜਾ ਅਰਜਨ ਤੇ ਸ੍ਰੀ ਕ੍ਰਿਸ਼ਨ ਦੀ ਨਿਗਰਾਨੀ ਹੇਠ ਛੱਡਿਆ । ਜਦੋਂ ਦੋਨਾਂ ਦਲਾਂ ਦਾ ਮੁਕਾਬਲਾ ਹੋਇਆ ਤਾਂ ਤਾਮਰਧਵਜ ਨੇ ਅਰਜਨ ਤੇ ਕ੍ਰਿਸ਼ਨ ਨੂੰ ਮੂਰਛਿਤ ਕਰਕੇ ਅਤੇ ਸਾਰੀ ਪਾਂਡਵ ਸੈਨਾ ਨੂੰ ਜਿਤ ਕੇ ਦੋਵੇਂ ਘੋੜੇ ਆਪਣੇ ਪਿਤਾ ਪਾਸ ਲੈ ਆਂਦੇ

ਹੋਸ਼ ਆਉਣ ਤੇ ਕ੍ਰਿਸ਼ਨ ਨੇ ਬ੍ਰਾਹਮਣ ਦਾ ਰੂਪ ਧਾਰਨ ਕੀਤਾ ਤੇ ਅਰਜਨ ਨੂੰ ਆਪਣਾ ਚੇਲਾ ਬਣਾਇਆ । ਦੋਨਾਂ ਨੇ ਰਾਜਾ ਮੋਰ ਧੁਜ ਨੂੰ ਜਾਕੇ ਅਸ਼ੀਰਵਾਦ ਦਿੱਤਾ ਤੇ ਆਖਿਆ ਕਿ ਕਾਲ ਰੂਪ ਸਿੰਘ ਮੇਰੇ ਪੁਤਰ ਨੂੰ ਲੈ ਕੇ ਚਲਾ ਗਿਆ ਹੈ । ਜੇ ਤੂੰ ਆਪਣਾ ਅੱਧਾ ਸਰੀਰ ਦੇ ਦੇਵੇ ਤਾਂ ਉਹ ਮੁੜ ਸਕਦਾ ਹੈ । ਮੋਰਧੁਜ ਆਪਣਾ ਅੱਧਾ ਸਰੀਰ ਚਿਰਵਾਉਣ ਲਈ ਤਿਆਰ ਹੋ ਗਿਆ । ਜਦੋਂ ਉਸ ਦੀ ਰਾਣੀ ਕੁਮੁਦਵਤੀ ਤੇ ਪੁਤਰ ਤਾਮਰਧਵਜ ਆਰਾ ਫੜ ਕੇ ਚੀਰਨ ਲੱਗੇ ਤਾਂ ਕ੍ਰਿਸ਼ਨ ਜੀ ਨੇ ਪ੍ਰਸੰਨ ਹੋ ਕੇ ਆਪਣਾ ਅਸਲੀ

ਰੂਪ ਵਿਆਇਆ ਤੇ ਰਾਜੇ ਨੂੰ ਛਾਤੀ ਨਾਲ ਲਗਾ ਕੇ ਅਸ਼ਵਮੇਧ ਯੱਗ ਪੂਰਾ ਕਰਨ ਦੀ ਆਗਿਆ ਦਿਤੀ।

**ਰਕਤਬੀਜ**

ਇਹ ਇਕ ਰਾਕਸ਼ ਸੀ ਜੋ ਰਾਜੇ ਸ਼ੁੰਭ ਦਾ ਸੈਨਾਪਤੀ ਸੀ। ਇਸ ਬਾਰੇ ਪ੍ਰਸਿਧ ਹੈ ਕਿ ਯੁੱਧ ਵਿਚ ਜਿਨੇ ਤੁਪਕੇ ਇਸ ਦੇ ਖੂਨ ਦੇ ਧਰਤੀ ਦੇ ਡਿਗਦੇ ਸਨ, ਉਨੇ ਰਾਕਸ਼ ਹੋਰ ਪੈਦਾ ਹੋ ਜਾਂਦੇ ਸਨ। ਇਸ ਨੂੰ ਦੁਰਗਾ ਤੇ ਕਾਲੀ ਦੇਵੀ ਨੇ ਰਲ ਕੇ ਮਾਰਿਆ ਸੀ। ਕਾਲੀ ਨੇ ਇਸ ਦੇ ਖੂਨ ਦੇ ਤੁਪਕੇ ਚੱਟੇ ਜਿਸ ਕਾਰਨ ਕੋਈ ਦੈਂਤ ਪੈਦਾ ਨਾ ਹੋਇਆ ਤੇ ਦੁਰਗਾ ਨੇ ਇਸ ਦਾ ਸਿਰ ਵੱਢ ਦਿਤਾ।

**ਰਾਮ ਚੰਦਰ**

ਇਹ ਰਘੁਵੰਸ਼ੀ ਰਾਜਾ ਦਸ਼ਰਥ ਤੇ ਪੁਤਰ ਸਨ। ਆਪ ਦੀ ਮਾਤਾ ਦਾ ਨਾਮ ਕੌਸ਼ਲਿਆ ਸੀ। ਇਨ੍ਹਾਂ ਦੇ ਸ਼ਰਧਾਲੂ ਇਨ੍ਹਾਂ ਨੂੰ ਵਿਸ਼ਨੂੰ ਦਾ ਸਤਵਾਂ ਅਵਤਾਰ ਮੰਨਦੇ ਹਨ ਤੇ ਮਰਿਯਾਦਾ ਪੁਰਸ਼ੋਤਮ ਕਹਿ ਕੇ ਸਤਿਕਾਰ ਦਿੰਦੇ ਹਨ। ਆਪ ਨੇ ਵਸ਼ਿਸ਼ਟ ਰਿਸ਼ੀ ਤੋਂ ਵਿਦਿਆ ਪ੍ਰਾਪਤ ਕੀਤੀ। ਵਾਸੁਦੇਵ ਤੋਂ ਵੇਦਾਂਤ ਤੇ ਵਿਸ਼ਵਾ ਮਿਤ੍ਰ ਤੋਂ ਸ਼ਸਤ੍ਰ ਵਿਦਿਆ ਪ੍ਰਾਪਤ ਕਰਕੇ ਵੱਡੇ ਯੋਧੇ ਤੇ ਨੀਤੀ ਨਿਪੁੰਨ ਸ਼ਾਸਕ ਬਣੇ। ਰਾਜਾ ਜਨਕ ਦੀ ਪੁਤਰੀ ਸੀਤਾ (ਵੇਖੋ ਸੀਤਾ) ਨਾਲ ਵਿਆਹ ਕੀਤਾ। ਰਾਜ ਤਿਲਕ ਤੇ ਮਤ੍ਰੇਈ ਮਾਤਾ ਕਕੱਈ ਦੇ ਰਾਜਾ ਦਸ਼ਰਥ ਨਾਲ ਕੀਤੇ ਬਚਨ ਨੂੰ ਪੂਰਨ ਲਈ ਚੌਦਾਂ ਸਾਲ੍ਹਾਂ ਦਾ ਬਨਵਾਸ ਸਵੀਕਾਰ ਕੀਤਾ। ਬਨਵਾਸ ਸਮੇਂ ਰਾਵਣ ਦੀ ਭੈਣ ਸਰੂਪਨਖਾਂ ਦਾ ਲਛਮਣ ਨਾਲ ਝਗੜਾ ਹੋ ਗਿਆ ਜਿਸ ਦਾ ਬਦਲਾ ਲੈਣ ਲਈ ਰਾਵਣ ਸੀਤਾ ਨੂੰ ਚੁਕ ਕੇ ਲੈ ਗਿਆ। ਰਾਮ ਰਾਵਣ ਯੁੱਧ ਹੋਇਆ ਤੇ ਸੀਤਾ ਨੂੰ ਮੁੜ ਪ੍ਰਾਪਤ ਕੀਤਾ। ਜਿਸ ਉਪ੍ਰੰਤ ਰਾਮ ਲਛਮਣ ਤੇ ਸੀਤਾ ਵਾਪਸ ਅਯੋਧਿਆ ਆ ਗਏ। ਰਾਮ ਚੰਦਰ ਰਾਜਾ ਬਣੇ।

**ਰਾਵਣ**

ਇਹ ਲੰਕਾ ਦਾ ਰਾਜਾ ਤੇ ਰਾਕਸ਼ਾਂ ਦਾ ਨੇਤਾ ਸੀ। ਇਸ ਦੇ ਦਸ ਸਿਰ ਸਨ ਤੇ ਵੀਹ ਬਾਹਾਂ, ਕਦ ਕਾਠ ਪਹਾੜ ਜਿਹਾ, ਅੱਖਾਂ ਤਾਂਬੇ ਦੀਆਂ, ਸ਼ਕਲ ਸੂਰਤ ਬੜੀ ਭਿਆਨਕ ਸੀ। ਇਸ ਨੇ ਸ਼ਿਵ ਜੀ ਪਾਸੋਂ ਅਮਰ ਰਹਿਣ ਦਾ ਵਰ ਪ੍ਰਾਪਤ ਕੀਤਾ ਹੋਇਆ ਸੀ। ਦੇਵਤੇ ਇਸ ਦੇ ਸੇਵਕ ਸਨ। ਮੇਘਨਾਦ ਇਸ ਦਾ ਬਲੀ ਪੁਤਰ ਸੀ ਜਿਸ ਨੇ ਇੰਦਰ ਨੂੰ ਜਿੱਤ ਲਿਆ ਸੀ ਪਰ ਰਾਮ ਚੰਦਰ ਦੀ ਸਤਵੰਤੀ ਇਸਤਰੀ ਨੂੰ ਉਧਾਲਣ ਦੇ ਕੁਕਰਮ ਕਾਰਨ ਹਨੂਮਾਨ ਤੇ ਸੁਗ੍ਰੀਵ ਦੀ ਸੈਨਾ ਲੈ ਕੇ ਰਾਮ ਚੰਦਰ ਨੇ ਲੰਕਾ ਤੇ ਚੜ੍ਹਾਈ ਕਰਕੇ ਇਸ ਨੂੰ ਮਾਰ ਦਿਤਾ।

**ਵਿਸ਼ਨੂੰ**

ਇਹ ਜਗਤ ਦੀ ਪ੍ਰਤਿਪਾਲਣਾ ਕਰਨ ਵਾਲਾ ਪ੍ਰਸਿਧ ਦੇਵਤਾ ਹੈ ਜੋ ਸ਼ੇਸ਼ਨਾਗ ਤੇ ਬਿਰਾਜਮਾਨ ਹੈ ਜਿਥੇ ਲਛਮੀ ਇਸ ਦੇ ਚਰਨ ਘੁੱਟਦੀ ਹੈ। ਇਸ ਦੀ ਨਾਭੀ ਵਿਚੋਂ ਨਿਕਲੇ ਕਮਲ ਫੁੱਲ ਵਿਚ ਬ੍ਰਹਮਾਂ ਨੇ ਜਨਮ ਲਿਆ। ਸ਼ਿਵ ਜੀ ਇਸ ਦੇ ਮੱਥੇ ਵਿਚੋਂ ਪ੍ਰਗਟ ਹੋਏ।

ਇਸ ਦੀਆਂ ਚਾਰ ਭੁਜਾਵਾਂ ਹੁਨ ਜਿਨ੍ਹਾਂ ਵਿਚ 'ਸੰਖ, ਚੱਕਰ, ਗਦਾ ਤੇ ਪਦਮ ਧਾਰਨ ਕੀਤਾ ਹੋਇਆ ਹੈ। ਇਸ ਦੀ ਸਵਾਰੀ ਗਰੁੜ ਹੈ। ਇਸ ਦਾ ਨਿਵਾਸ ਸਥਾਨ ਬੈਕੁੰਠ ਹੈ। ਜਦੋ ਦੁਨੀਆਂ ਵਿਚ ਪਾਪ ਵੱਧ ਜਾਂਦੇ ਹੰਨ ਤਾਂ ਇਹ ਭਗਤਾਂ ਦੀ ਰੱਖਿਆ ਲਈ ਅਵਤਾਰ ਧਾਰ ਕੇ ਦੁਸ਼ਟਾਂ ਦਾ ਨਾਸ਼ ਕਰਦਾ ਹੈ। ਇਸ ਨੇ ਮਛ ਕੱਛ ਵਰਾਹ ਆਦਿ ਅਵਤਾਰ ਧਾਰਨ ਕੀਤੇ। ਇਸ ਨੂੰ ਗਰੜ ਧੁਜ ਵੀ ਆਖਦੇ ਹਨ।

## ਅੰਤਕਾ 2

ਪਾਠਕਾਂ ਦੀ ਸੁਵਿਧਾ ਅਤੀ ਗੁਰ ਬਿਲਾਸ ਬਾਬਾ ਸਾਹਿਬ ਸਿੰਘ ਬੇਦੀ ਵਿਚ ਆਏ ਔਖੇ ਸ਼ਬਦਾਂ ਦੇ ਅਰਥ ਅੱਖਰ-ਕ੍ਰਮ ਅਨੁਸਾਰ ਦਿਤੇ ਜਾ ਰਹੇ ਹਨ ਤਾਂ ਕਿ ਉਹ ਪੜ੍ਹਦਿਆਂ ਇਸ ਗ੍ਰੰਥ ਦਾ ਆਨੰਦ ਮਾਣ ਸਕਣ ।

(ੳ)

| ਸ਼ਬਦ | ਅਰਥ |
|---|---|
| ਉਕਲਾਈ | ਦੁੱਖੀ, ਤੜਪਦਾ ਹੈ |
| ਉਡਗਨ | ਤਾਰੇ, ਜੁਗਨੂੰ, ਟਟਹਿਣੇ |
| ਉਡਗਪਤੀ | ਚੰਦਰਮਾਂ |
| ਉਤੰਗ | ਉੱਚਾ, ਬੁਲੰਦ |
| ਉਦਰ | ਪੇਟ, ਢਿੱਡ |
| ਉਦੋਤ | ਪ੍ਰਗਟ |
| ਉਨਮਤ | ਪਾਗਲ, ਦੀਵਾਨਾ |
| ਉਪਚਾਰ | ਇਲਾਜ |
| ਉਪਾਲੰਭ | ਉਲਾਂਭਾ |
| ਉਪਾਇਨ | ਭੇਟਾ, ਸੌਗਾਤ |
| ਉਪਾਧੂ | ਝਗੜਾ, ਕਲੇਸ਼ |
| ਊਰੇ | ਊਣੇ |
| ਊਰਧ | ਉਲਟ |
| ਓਜ | ਜੋਸ਼ |
| ਓਦਨ | ਭਾਤ, ਚੌਲ |

(ਅ)

| ਸ਼ਬਦ | ਅਰਥ |
|---|---|
| ਅਸ | ਇਵੇਂ ਇਸ ਪ੍ਰਕਾਰ |
| ਅਸ਼ਟ ਭੁਜੀ | ਅੱਠ ਬਾਹਾਂ ਵਾਲੀ |
| ਅਸਟਮ | ਅੱਠਵੀਂ |
| ਅਸਤਨ | ਥਣ, ਦੁੱਧੀਆਂ |
| ਅਸਨ | ਭੋਜਨ |
| ਅਸ੍ਵ | ਘੋੜਾ |
| ਅਸਿ | ਤਲਵਾਰ |

| | |
|---|---|
| ਅਸੂੰਵਾਂ | ਅਥਰੂ, ਹੰਝੂ, ਅਸ਼ਕ |
| ਅੰਹਾਰ | ਖਾਣਾ |
| ਅਹਿ | ਸੱਪ |
| ਅਹਿਲਾਦ | ਪ੍ਰਸੰਨਤਾ, ਖੁਸ਼ੀ |
| ਅਕਿਰਤਘਨ | ਕੀਤਾ ਨਾ ਜਾਨਣ ਵਾਲਾ, ਅਹਿਸਾਨ ਫਰਾਮੋਸ਼ |
| ਅਕੁਲਾਵੇ | ਦੁਖੀ |
| ਅਕੋਰ | ਭੇਟਾ, ਸੌਗਾਤ |
| ਅਖਜ | ਕੰਵਲ, ਨੀਰਜ |
| ਅਖੇਟ | ਸ਼ਿਕਾਰ |
| ਅਖੇੜ | ਸ਼ਕਿਾਰ |
| ਅਗਨੰਤ | ਅਣਗਿਣਤ |
| ਅਗਮ | ਜਿਥੇ ਜਾਂਦਿਆ ਨਾ ਜਾ ਸਕੇ |
| ਅਗ੍ਰ | ਅੱਗੇ, ਸਾਹਮਣੇ |
| ਅਘਾਇ | ਤ੍ਰਿਪਤ ਹੋਏ, ਰੱਜ ਗਏ |
| ਅਘਿ | ਖਾਪ |
| ਅਚਵਾਵਨ | ਖਿਲਾਉਣਾ ਪਿਲਾਉਣਾ |
| ਅਛਰ | ਅੱਖਰ |
| ਅਛੂਤ | ਜਿਸ ਨੂੰ ਛੁਹਿਆ ਨਾ ਸਕੇ |
| ਅਜਾ | ਬਕਰੀ/ਬਕਰਾ |
| ਅਤੀਤ | ਫਕੀਰ, ਸਾਧੂ, ਭੂਤਕਾਲ |
| ਅਦਬ | ਸਤਿਕਾਰ |
| ਅਧਮ | ਨੀਚ |
| ਅਧਰ | ਹੋਂਠ, ਬੁੱਲ੍ਹ |
| ਅਨਲ | ਅੱਗ |
| ਅਨਾਸਾ | ਅਮਰ, ਅਬਿਨਾਸੀ |
| ਅਨੁਕੰਪਾ | ਕਿਰਪਾ, ਦਇਆ, ਕਰੁਣਾ |
| ਅਨੁਚਰ | ਨੌਕਰ, ਸੇਵਕ |
| ਅਨੁਜ | ਛੋਟਾ ਭਰਾ |
| ਅਨੁਰਾਗ | ਪਿਆਰ, ਲਗਾਓ |
| ਅਪਗਾ | ਨਦੀ |
| ਅਪਕਾਰ | ਮਾੜਾ ਕੰਮ |
| ਅਪਕਾਰੀ | ਮੰਦ ਕਰਮੀ, ਮਾੜਾ ਕੰਮ ਕਰਨ ਵਾਲਾ |
| ਅਪਜਸ | ਬਦਨਾਮੀ |

| | |
|---|---|
| ਅਪਢ | ਅਨਪੜ੍ਹ |
| ਅਬਲਾ | ਕਮਜ਼ੋਰ, ਭਾਵ ਇਸਤਰੀ |
| ਅਬਲੰਬ | ਦੇਰੀ |
| ਅਬਾਰੂ | ਦੇਰ |
| ਅਭਯਾਗਤ | ਪ੍ਰਹੁਣਾ, ਅਤਿਥੀ, ਯਾਤਰੀ, ਮੁਸਾਫਿਰ |
| ਅਭਿਰਾਮ | ਸੁੰਦਰ |
| ਅਮੈ | ਅਮੀ, ਅੰਮ੍ਰਿਤ |
| ਅਮੋਲੀ | ਅਮੋਲਕ |
| ਅਯੜ | ਇੱਜੜ |
| ਅਰਜੀ | ਬੇਨਤੀ |
| ਅਰਧ | ਅੱਧਾ |
| ਅਰਪੰਤੇ | ਅਰਪਣ ਕਰਦੇ ਜਾਂ ਭੇਟਾ ਕਰਦੇ ਹਨ |
| ਆਬ | ਪਾਣੀ |
| ਅਰਾਕੀ | ਘੋੜਾ |
| ਅਰਿ | ਦੁਸ਼ਮਣ, ਵੈਰੀ |
| ਅਰੁਕੋ | ਅੱਕ ਤੋਂ |
| ਅਰੁਣ | ਲਾਲ, ਕੰਵਲ |
| ਅਰੂਢ | ਲੀਨ, ਮਸਤ, ਮਦਹੋਸ਼ |
| ਅਲਖ | ਅਦ੍ਰਿਸ਼ਟ |
| ਅਲਮਸਤ | ਦੀਵਾਨਾ, ਆਪਣੇ ਆਪ ਵਿਚ ਮਸਤ |
| ਅਲਾਵਾ | ਬੋਲਿਆ |
| ਅਲਿ | ਭੌਰਾ |
| ਅਲੰਬਾਰ | ਗਹਿਣਾ, ਭੂਖਣ |
| ਅਲੰਭ | ਆਸਰਾ, ਓਟ, ਤਕੀਆ |
| ਅਵਤੰਸ | ਅਵਤਾਰ |
| ਅਵਰਨ | ਖੁਰਦਾ, ਓਲਾ |
| ਅਵਿਲੋਕ | ਦੇਖਕੇ |
| ਆਇਸ | ਹੁਕਮ, ਆਦੇਸ਼ |
| ਆਨਨ | ਅੰਦਰ, ਅਕਾਸ਼ |
| ਆਮਖ | ਮਾਸ |
| ਆਰਤ | ਦੁਖੀ |
| ਅੰਬਰ | ਕਪੜੇ |
| ਅੰਬਾ | ਮਾਤਾ |

| | |
|---|---|
| ਔਸਰ | ਮੌਕਾ, ਵੇਲਾ, ਅਵਸਰ |
| ਔਖਧ | ਦਵਾਈ |
| ਅੰਗਰੀ | ਉਂਗਲੀ |
| ਅੰਜੁਲ | ਚੂਲੀ |
| ਅੰਦੇਸਾ | ਚਿੰਤਾ, ਫਿਕਰ, ਦੁਬਿਧਾ, ਝੋਰਾ |
| ਅੰਭ | ਪਾਣੀ |
| ਅੰਭਜ | ਕੰਵਲ |

(ੲ)

| | |
|---|---|
| ਇਕਾਂਗ | ਇਕ ਅੰਗ |
| ਇਮ | ਇਵੇਂ |
| ਈਸ | ਈਸ਼ਵਰ, ਮਾਲਕ |
| ਈਸ੍ਵਰਜ | ਵੈਭਵ, ਐਸ਼ੋ-ਇਸ਼ਰਤ |
| ਈਠਾ | ਮਿੱਠਾ |
| ਈਠੀ | ਮਿੱਠੀ, ਮਧੁਰ |
| ਈਠੈ | ਮਿੱਠੇ |
| ਈਧਨ | ਬਾਲਣ |
| ਏਣ | ਹਿਰਣ |

(ਸ)

| | |
|---|---|
| ਸਸਾ | ਸੈਹਾ, ਖਰਗੋਸ਼ |
| ਸਤਦ੍ਰਬ | ਸਤਲੁੱਜ ਦਰਿਆ |
| ਸਮਸਰ | ਬਰਾਬਰ |
| ਸਸਿ | ਚੰਦਰਮਾ |
| ਸਸੁਰ | ਸਹੁਰਾ, ਧਰਮ ਪਿਤਾ |
| ਸਸੇ | ਖਰਗੋਸ਼, ਸੈਹੇ |
| ਸਕੇਲ | ਇਕਤਰ ਕਰਕੇ |
| ਸਕੇਲੀ | ਇਕਤਰ ਕੀਤੀ |
| ਸਹੰਸ | ਹਜ਼ਾਰ |
| ਸਕੰਧ | ਕੰਧਾ, ਮੋਢਾ |
| ਸ਼ਖਾ | ਮਿਤਰੁ |
| ਸਗ | ਕੁੱਤਾ |
| ਸਠ | ਮੂਰਖ, ਢੀਠ |
| ਸਤੁਦ੍ਰਵ | ਸਤਲੁਜ |
| ਸਦਨ | ਘਰੁ, ਗ੍ਰਿਹ, ਨਿਵਾਸ-ਸਥਾਨ |

| | |
|---|---|
| ਸਨਮੁਖ | ਸਾਹਮਣੇ, |
| ਸਨਾਨ | ਇਸ਼ਨਾਨ |
| ਸ਼ਨੇ ਸਨੇ | ਹੌਲੀ ਹੌਲੀ |
| ਸਪਤ | ਸੱਤ |
| ਸਫਰੀ | ਮੱਛੀ |
| ਸਮਸ | ਸਾਰੀ, ਸਮਸਤੀ |
| ਸਮਸਰ | ਬਰਾਬਰ |
| ਸਮਰ | ਯੁੱਧ, ਲੜਾਈ |
| ਸਮੀਪ | ਨੇੜੇ, ਪਾਸ |
| ਸਮੇਰ | ਇਕ ਪਹਾੜ ਦਾ ਨਾਂ |
| ਸਰਮਾਂ | ਕੁੱਬਾ |
| ਸਰਵਰੀ | ਬਰਾਬਰੀ, ਮੁਕਾਬਲਾ, ਤੁਲਨਾ |
| ਸਰਾਹੀ | ਸਿਫਤ ਸਲਾਹ |
| ਸਰਿਤਾ | ਨਦੀ |
| ਸ੍ਰਿੰਗ | ਪਹਾੜ ਦੀ ਚੋਟੀ |
| ਸਰੋਜ | ਕੰਵਲ |
| ਸ੍ਰੋਣਤ | ਖੂਨ |
| ਸਵ | ਸ਼ਵ, ਲਾਸ਼ |
| ਸ਼ਵਰੀ | ਭੀਲਣੀ |
| ਸਵਾਨੀ | ਪਤਨੀ, ਇਸਤ੍ਰੀ, ਸਵਾਣੀ |
| ਸ੍ਵਾਦਿਲ | ਸੁਆਦਲੇ |
| ਸ੍ਵਾਨ | ਕੁੱਤਾ |
| ਸਵਿਤਾ | ਨਦੀ |
| ਸਾਦਰ | ਆਦਰ ਸਹਿਤ |
| ਸਾਰਥੀ | ਰਥਵਾਨ |
| ਸਿਸ | ਸਿੱਖ, ਸ਼ਿਸ਼, ਚੇਲਾ, ਅਨੁਯਾਈ, ਬੱਚਾ |
| ਸਿਸਹਿ | ਬੱਚੇ ਨੂੰ |
| ਸਿਸਤ | ਨਿਸ਼ਾਨਾ |
| ਸਿਤਾ | ਮਿਸ਼ਰੀ |
| ਸਿਤਾਬ | ਜਲਦੀ |
| ਸਿਰਗੁੰਮ | ਰੋਡੇ, ਮੋਨੇ |
| ਸਿਵਰ | ਕੈਂਪ (Camp) |
| ਸ਼ੀਤ | ਸਰਦੀ |

| | |
|---|---|
| ਸੁਤਰ | ਊਠ |
| ਸੁਤਾ | ਪੁਤਰੀ, ਧੀ |
| ਸੁਧਾ | ਅੰਮ੍ਰਿਤ |
| ਸੁਧਾਕਰ | ਚੰਦਰਮਾ |
| ਸੁਪਚ | ਚੰਡਾਲ, ਨੀਵੀਂ ਜਾਤ ਦਾ ਵਿਅਕਤੀ, ਮੰਦ ਕਰਮੀ |
| ਸੁਮੀਪ | ਨੇੜੇ |
| ਸੁਰੰ | ਦੇਵਤੇ |
| ਸੂਕਰ | ਸੂਰ |
| ਸੂਧ | ਸਿਧਾ, ਸਰਲ |
| ਸੂਧੀ | ਸਿਧੀ |
| ਸੂੰਨੀ | ਝਾੜੂ, ਬੁਹਾਰੀ |
| ਸੂਪਕਾਰ | ਲਾਂਗਰੀ, ਰਸੋਈਆ |
| ਸੂਰ | ਸੂਰਮਾ |
| ਸੂਰਜਗ੍ਰਣ | ਸੂਰਜ ਗ੍ਰਹਿਣ |
| ਸੇਤ | ਚਿੱਟਾ, ਸਫ਼ੇਦ |
| ਸੈਨਾਨੀ | ਸਿਪਾਹੀ, ਫੌਜੀ |
| ਸੈਲ | ਪਹਾੜ |
| ਸੈਲੰ | ਸੈਰ ਸਪਾਟਾ |
| ਸੋਕਾਤਰ | ਸ਼ੋਕ ਵਿਚ, ਦੁਖੀ |
| ਸੰਘਾਰ | ਨਾਸ਼ |
| ਸੰਚਾ | ਇਕਠਾ ਕੀਤਾ |
| ਸੰਪਤ | ਸੰਪਤੀ, ਜਾਇਦਾਦ |
| ਸੰਪੈ | ਸੰਪਤੀ |
| ਸੰਮਤ | ਸਾਲ |

(ਹ)

| | |
|---|---|
| ਹਈ | ਹੈ |
| ਹਸਤ | ਹੱਥ |
| ਹਸਤੀ | ਹਾਥੀ |
| ਹਸਤਨੀ | ਹਥਨੀ |
| ਹਕਾਰਯੋ | ਬੁਲਾਇਆ, ਆਵਾਜ਼ ਮਾਰੀ |
| ਹਨੇ | ਮਾਰੇ, ਕਤਲ ਕੀਤੇ |
| ਹਮਾਰ | ਸਾਡੀ/ਸਾਡੇ |
| ਹਯ | ਘੋੜਾ |

| | |
|---|---|
| ਹਰਖ | ਪ੍ਰਸੰਨਤਾ, ਖੁਸ਼ੀ |
| ਹਰਖਾ | ਪ੍ਰਸੰਨ ਹੋਇਆ |
| ਹਰਖਾਵਾ | ਪ੍ਰਸੰਨ ਹੋਇਆ |
| ਹਰਤਾ | ਦੂਰ ਕਰਨ ਵਾਲਾ |
| ਹਰਿ | ਸਿੰਘ, ਵਿਸ਼ਨੂੰ, ਪਰਮਾਤਮਾ |
| ਹਰਿਪੁਰ | ਬੈਕੁੰਠ, ਸੁਵਰਗ, ਸੱਚਖੰਡ |
| ਹਲਤਪਲਤ | ਲੋਕ ਪਰਲੋਕ |
| ਹਰਣਾਖੀ | ਹਿਰਣ ਦੀਆਂ ਅੱਖਾਂ ਵਰਗੀਆਂ ਅੱਖਾਂ ਵਾਲੀ ਇਸਤਰੀ |
| ਹਾਟਕ | ਸੋਨਾ |
| ਹਾਵਾ | ਦੁੱਖ, ਸੰਤਾਪ |
| ਹੁਲਸਾਵਾ | ਪ੍ਰਸੰਨ ਹੋਇਆ |
| ਹੇਮ | ਸੋਨਾ |
| ਹੇਤ | ਵਾਸਤੇ |
| ਹੇਰੇ | ਦੇਖੇ |
| ਹੈਸ਼ਾਲਾ | ਅਸਤਬਲ, ਘੋੜਿਆਂ ਨੂੰ ਰਖਣ ਵਾਲੀ ਥਾਂ |
| ਹੰਤਾ | ਹੰਗਤਾ, ਹਉਮੈ, ਅਹੰਕਾਰ |

(ਕ)

| | |
|---|---|
| ਕਟ | ਲੱਕ, ਕਟਿ |
| ਕਟਕ | ਕੌੜਾ |
| ਕਟਾਖ | ਨਜ਼ਰ, ਨਦਰਿ, ਕਟਾਕਸ |
| ਕਨ | ਵੱਲ, ਕੰਨੀ |
| ਕਪਟੀ | ਬੇਈਮਾਨ |
| ਕਪੋਲ | ਗੱਲ੍ਹਾਂ |
| ਕਮਲਦਲ | ਕੰਵਲਾਂ ਦਾ ਸੰਮੂਹ |
| ਕਮਲਾਖਯ | ਕੰਵਲ ਵਰਗੀਆਂ ਅੱਖਾਂ ਵਾਲੇ |
| ਕਰ | ਹੱਥ |
| ਕਰਹਲ | ਊਠ, ਬੋਤਾ |
| ਕਰਖੈ | ਉਤੇਜਿਤ ਕਰਨਾ |
| ਕਰਛਾ | ਕੜਛਾ |
| ਕਰਲਾਪ | ਵਿਰਲਾਪ, ਰੁਦਨ |
| ਕਰੁਣਾਕਰ | ਦਇਆਲੂ, ਕਿਰਪਾਲੂ |
| ਕਰੁਨਧਾਰ | ਮਲਾਹ |

| | |
|---|---|
| ਕਰੁਨਾਂ | ਦਇਆ |
| ਕਲਮਲ | ਪਾਪ |
| ਕਲਿਲ | ਢੇਰ, ਸੰਮੂਹ, ਡੂੰਘਾ |
| ਕਾਸਟ | ਲਕੜੀ |
| ਕਾਂਖਾ | ਇੱਛਾ |
| ਕਾਤਰ | ਕਾਇਰ |
| ਰਾਨਨ | ਜੰਗਲ, ਘਰ- |
| ਕਾਮਦ | ਇਛਾਪੂਰਕ, ਮੁਰਾਦਾਂ ਪੂਰੀਆਂ ਕਰਨ ਵਾਲਾ |
| ਕਾਮਦਾਰ | ਕਾਮਾ, ਨੌਕਰ |
| ਕਾਰਦਾਰ | ਕਰਿੰਦੇ, ਕਾਮੇ |
| ਕਿਨ੍ਹਾਨ | ਘੋੜਾ |
| ਕਿਰਤਨ | ਕੀਰਤਨ, ਹਰਿਜਸ |
| ਕਿਰਪਨ | ਕੰਜੂਸ |
| ਕਿੰਕਨਚਾਰੀ | ਤਗਾਗੀ |
| ਕਿੰਕਰ | ਗੁਲਾਮ |
| ਕਿਕਾਨ | ਘੋੜਾ |
| ਕੀਟੀ | ਕੀੜੀ |
| ਕੀਰਤ | ਸਿਫ਼ਤ, ਉਪਮਾਂ, ਜਸ |
| ਕੀਰਤੀ | ਸੋਭਾ |
| ਕੀਰੇ | ਕੀੜੇ |
| ਕੁਸਟੀ | ਕੋਹੜੀ |
| ਕੁਸਾ | ਦੱਭ, ਇਕ ਸਖਤ ਕਿਸਮ ਦਾ ਘਾਹ |
| ਕੁੰਕਮ | ਕੇਸਰ |
| ਕੁਚ | ਔਰਤ ਦੀਆਂ ਦੁਧੀਆਂ |
| ਕੁਚੀਲ | ਗੰਦਾ |
| ਕੁਠਾਰਾ | ਕੁਹਾੜਾ |
| ਕੁਪਾਥਾ | ਮਾੜਾ ਰਾਹ, ਕੁਮਾਰਗ |
| ਕੁਬੈਨ | ਮਾੜੇ ਬਚਨ |
| ਕੁਮਦਨੀ | ਲਾਲ ਕੰਵਲ |
| ਕੁਰਖੇਤ | ਕਰੂਕਸ਼ੇਤਰ |
| ਕੁਲਾਹਲ | ਰੌਲਾ ਰੱਪਾ, ਸ਼ੋਰ ਸ਼ਰਾਬਾ |
| ਕੂਕਰ | ਕੁੱਤਾ |
| ਕੂਪ | ਖੂਹ |

| | |
|---|---|
| ਕੂਰੈ | ਕੂੜੇ |
| ਕੇਸਨ | ਕੇਸਾਂ ਦਾ, ਵਾਲਾਂ ਦਾ |
| ਕੇਹਰ | ਸ਼ੇਰ |
| ਕੇਤਕ | ਕਿੰਨੇ ਹੀ |
| ਕੇਵਟ | ਮਲਾਹ |
| ਕੋਕਲਾ | ਕੋਇਲ |
| ਕੋਟ | ਕਰੋੜ, ਕਿਲਾ |
| ਕੋਤਲ | ਘੋੜਾ |
| ਕੋਪ | ਗੁੱਸਾ, ਕ੍ਰੋਧ |
| ਕੋਪੀਨ | ਲੰਗੋਟੀ |
| ਕੌਲ | ਕੰਵਲ |
| ਕੰਕਣ | ਕੰਗਣ, ਬਾਂਹ ਵਿਚ ਪਾਉਣ ਵਾਲਾ ਇਕ ਗਹਿਣਾ |
| ਕੰਕਨ | ਕੰਗਣ |
| ਕੰਚਨ | ਸੋਨਾ |
| ਕੰਚਨਿ | ਕੰਜਰੀ, ਵੇਸ਼ਵਾ |
| ਕੰਚੁਕੀ | ਅੰਗੀ, ਬੰਡੀ, ਚੋਲੀ, ਬੈਸਰੀ |
| ਕੰਜ | ਕੰਵਲ |
| ਕੰਤ | ਪਤੀ |
| ਕੰਦਰ | ਗੁਫ਼ਾ |

## (ਖ)

| | |
|---|---|
| ਖਸਟ | ਛੇ |
| ਖਸਟਮ | ਛੇਵਾਂ |
| ਖਸੋਟ | ਖੋਹਣਾ |
| ਖਗ | ਪੰਛੀ |
| ਖਟ | ਛੇ |
| ਖਟੀਕ | ਕਸਾਈ |
| ਖਲ | ਮੂਰਖ |
| ਖੜਗ | ਤਲਵਾਰ |
| ਖਿਦਮਤ | ਸੇਵਾ, ਟਹਿਲ |
| ਖਿਤੰਗ | ਘੋੜਾ |
| ਖਿਣਕ | ਛਿਨ ਵਿਚ, ਪਲ ਵਿਚ |
| ਖੀਚਰ | ਖਿਚੜੀ |
| ਖੀਨਾ | ਕਮਜ਼ੋਰ |

| | |
|---|---|
| ਖੀਰ | ਦੁੱਧ |
| ਖੁਟਾਈ | ਬੇਈਮਾਨੀ, ਧੋਖਾ, ਹੇਰਾਫੇਰੀ |
| ਖੇਤ | ਜੰਗ ਦਾ ਮੈਦਾਨ |
| ਖੰਜਨ | ਇਕ ਪੰਛੀ, ਮਮੋਲਾ |
| ਖੰਡ | ਟੋਟਾ, ਭਾਗ, ਹਿੱਸਾ |

(ਗ)

| | |
|---|---|
| ਗਇੰਦ | ਹਾਥੀ |
| ਗਹਿ | ਪਕੜਕੇ |
| ਗਜ | ਹਾਥੀ |
| ਗਜਗਾਮਨਿ | ਹਾਥੀ ਦੀ ਚਾਲ ਵਲੀ |
| ਗਯੰਦ | ਹਾਥੀ |
| ਗਰਬ | ਅਹੰਕਾਰ |
| ਗਰਲ | ਜ਼ਹਿਰ |
| ਗ੍ਰਿਧ | ਗਿਰਝ |
| ਗਿਰ | ਪਹਾੜ |
| ਗਰੂਰ | ਅਹੰਕਾਰ |
| ਗਵਨ | ਜਾਣਾ |
| ਗਵਾਰ | ਮੂਰਖ, ਉਜੱਡ |
| ਗਜਿੰਦਰ | ਹਾਥੀ ਦਾ ਮੁਖੀ |
| ਗਾਰੀ | ਗਾਲ੍ਹਾਂ |
| ਗਿਰਪਤ | ਪਹਾੜੀ ਰਾਜਾ |
| ਗਿਰਾ | ਬਾਣੀ, ਬੋਲ |
| ਗੋਡ | ਗੋਊ |
| ਗੋਈ | ਆਖੀ |
| ਗੰਜ | ਖਜ਼ਾਨਾ, ਭੰਡਾਰ |

(ਘ)

| | |
|---|---|
| ਘਘਰ | ਇਕ ਦਰਿਆ ਦਾ ਨਾਮ, ਘੱਗਰ |
| ਘਾਈ | ਜਖਮੀ ਕੀਤਾ |
| ਘਾਈਨ | ਘਾਈਆਂ ਨੇ, ਘਾ ਘੋਤਣ ਵਾਲਿਆਂ ਨੇ, |
| ਘਾਵ | ਜ਼ਖਮ |
| ਘੰਟਕਾ | ਘੁੰਗਰੂ, ਘੰਟੀਆਂ |

(ਚ)

| | |
|---|---|
| ਚਖ | ਅੱਖਾਂ |
| ਚਖਵਰ | ਨੇਤਰ, ਅੱਖੀਆਂ |
| ਚਪਲ | ਚੰਚਲ |
| ਚਬਰਾ | ਚਾਵਲ |
| ਚਤਰੁਥ | ਚੌਥਾ |
| ਚਰਨਦਾਸੀ | ਜੁੱਤੀ |
| ਚਲਬੇ | ਚਲਣ ਦੀ |
| ਚਾਂਪ | ਕਮਾਨ |
| ਚਾਰ ਪਦਾਰਥ | ਧਰਮ, ਅਰਥ, ਕਾਮ ਅਤੇ ਮੋਖ |
| ਚਾਰੂ | ਸੁੰਦਰ |
| ਚੀਨੀ | ਦੇਖੀ |
| ਚੀਰ | ਕਪੜੇ, ਵਸਤਰ |
| ਚੂਨ | ਆਟਾ |
| ਚੰਦ੍ਰਹਾਂਸ | ਇਕ ਹਥਿਆਰ |

(ਛ)

| | |
|---|---|
| ਛਟਮ | ਛੇਵੀਂ |
| ਛਤਰੀ | ਖਤਰੀ |
| ਛਲਾਇਨ | ਛੱਲੇ, ਉਂਗਲ ਵਿਚ ਪਾਉਣ ਵਾਲਾ ਇਕ ਗਹਿਣਾ |
| ਛਾਗ | ਬਕਰਾ |
| ਛਾਛ | ਲੱਸੀ |
| ਛਾਜਾ | ਛੱਜਾ, ਝਰੋਖਾ ਜਿਥੋਂ ਬੈਠ ਕੇ ਬਾਹਰ ਦੇ ਨਜ਼ਾਰੇ ਦੇਖੇ ਜਾ ਸਕਦੇ ਹਨ । |
| ਛਾਰ | ਸੁਆਹ, ਮਿੱਟੀ, ਖੇਹ |
| ਛੁਧਾਤਰ | ਭੁੱਖ ਨਾਲ ਵਿਆਕੁਲ, |
| ਛਿਧੁਤ | ਭੁਖੇ ਪਿਆਸੇ |
| ਛਿਤਿ | ਪ੍ਰਿਥਵੀ, ਧਰਤੀ |
| ਛੀਂਟ | ਛਟੀਆਂ |
| ਛੀਨ | ਕਮਜ਼ੋਰ, ਕਸ਼ੀਣ |
| ਛੁਦ੍ਰ | ਛੋਟਾ, ਲਘੁ ਅਕਾਰੀ |
| ਛੰਨ | ਛਪਰੀ, ਘਾਹ ਫੂਸ ਦੀ ਬਣੀ ਝੌਂਪੜੀ |

(ਜ)

| | |
|---|---|
| ਜਗਤੇਸ | ਸ੍ਰਿਸਟੀ ਦਾ ਮਾਲ਼ਕ |
| ਜਨਨੀ | ਮਾਤਾ, ਜਨਮ ਦੇਣ ਵਾਲੀ |
| ਜਰਕਸੀ | ਸੋਨੇ ਦੀਆਂ ਤਾਰਾਂ ਦੀ ਕਢਾਈ |
| ਜਰਤ | ਜੜੇ ਹੋਏ |
| ਜਰਤੇ | ਜਲਦਿਆਂ, ਸੜਦਿਆਂ |
| ਜਲਧ | ਸਮੁੰਦਰ |
| ਜਲਧਰ | ਬਦਲ |
| ਜ੍ਵਰ | ਬੁਖਾਰ |
| ਜ੍ਵਲਤ | ਜਲਦੀਆਂ, ਬਲਦੀਆਂ |
| ਜ੍ਵਾਲਾ | ਅਗਨੀ |
| ਜਾਮ | ਪਹਿਰ |
| ਜਾਚਿਕ | ਅਭਿਲਾਸ਼ੀ, ਮੰਗਣ ਵਾਲੇ |
| ਜਾਡਾ | ਪਾਲਾ, ਠੰਢ, ਸਰਦੀ |
| ਜਾਯਾ | ਜਨਮ ਦੇਣ ਵਾਲ਼ੀ, ਜਣਨੀ, ਮਾਤਾ |
| ਜਿਸਟ | ਜੇਠ, ਵੱਡੇ |
| ਜਿਮ | ਜਿਵੇਂ |
| ਜੁਹਾਰ | ਨਮਸਕਾਰ, ਬੰਦਨਾ |
| ਜੁਗਲ | ਦੋਨੋ |
| ਜੁਵਤੀ | ਮੁਟਿਆਰ |
| ਜੂਰਾ | ਜੂੜਾ |
| ਜੇਰੇ | ਅਧੀਨ |
| ਜੰਗਮ | ਚਲਣ ਵਾਲੇ, ਗਤੀਮਾਨ |
| ਜੰਬਕ | ਗਿਦੜ |

(ਝ)

| | |
|---|---|
| ਝੇੜਾ | ਝਗੜਾ |

(ਟ)

| | |
|---|---|
| ਟੇਰਿ | ਬੋਲਕੇ |

(ਠ)

| | |
|---|---|
| ਠਠੇਰਾ | ਲੋਹਾਰ |
| ਠਾਂ | ਥਾਂ, ਸਥਾਨ |
| ਠੌਰ-ਠੌਰ | ਥਾਂ ਥਾਂ |

(ਡ)

| | |
|---|---|
| ਡੂਮ | ਮਿਰਾਸੀ |

(ਢ)

| | |
|---|---|
| ਢਿਗਿ | ਨੇੜੇ, ਪਾਸ, ਕੋਲ |
| ਢੋਰ | ਡੰਗਰ, ਪਸ਼ੂ |

(ਤ)

| | |
|---|---|
| ਤਕਸੀਰ | ਭੁੱਲ, ਗਲਤੀ |
| ਤਟ | ਕਿਨਾਰਾ, ਕੰਢਾ |
| ਤਰ | ਹੇਠਾਂ, ਨੀਚੇ |
| ਤਰਜਨ | ਫਿਟਕਾਰ, ਲਾਹਨਤ |
| ਤਰਵਰ | ਰੁੱਖ, ਦਰਖਤ |
| ਤ੍ਰਾਸ | ਡਰ, ਭਉ |
| ਤ੍ਰਿਖਾਤਰ | ਪਿਆਸ ਕਾਰਨ ਦੁਖੀ |
| ਤ੍ਰਿਖਾਵੰਤ | ਪਿਆਸਾ |
| ਤ੍ਰਿਗਦਜੋਨ | ਰੀਂਘਣ ਵਾਲੇ ਜਾਨਵਰਾਂ ਦੀ ਜੂਨ |
| ਤ੍ਰਿਪਤਾਰੀ | ਸੰਤੁਸ਼ਟ, ਤ੍ਰਿਪਤ |
| ਤ੍ਰੌਦਸ | ਤੇਰ੍ਹਾਂ, 3 + 10 = 13 |
| ਤਰੂ | ਦਰਖਤ |
| ਤਰੰਗ | ਲਹਿਰ |
| ਤਾਜੀ | ਘੋੜਾ |
| ਤਿਮਰ | ਅੰਧਕਾਰ, ਹਨੇਰਾ |
| ਤਿਮਰੰ | ਅੰਧਕਾਰ |
| ਤਿਯ | ਇਸਤਰੀ |
| ਤਿਰਭਾਵਲ | ਘਿਉ, ਆਟਾ ਤੇ ਮਿਠਾ ਬਰਾਬਰ ਬਰਾਬਰ ਪਾਕੇ ਤਿਆਰ ਕੀਤਾ ਗਿਆ ਕੜਾਹ ਪ੍ਰਸਾਦ । |
| ਤੀਛਣ | ਤਿਖਾ, ਤੇਜ਼ ਧਾਰ |
| ਤੁਖਾਰ | ਸਰਦੀ, ਠੰਢ |
| ਤੁਣੀਰ | ਤਰਕਸ, ਤੀਰਾਂ ਦਾ ਭੱਥਾ |
| ਤੁਪਕ | ਤੋਪ |
| ਤੁਫੰਗ | ਬੰਦੂਕ |
| ਤੁਰੰਗ | ਘੋੜਾ |
| ਤੂਸਨ | ਚੁਪ, ਮੋਨ |

(ਥ)

| | |
|---|---|
| ਥਾਰ | ਤੁਹਾਡੇ ਆਪ ਦੇ |
| ਥਾਰੇ | ਤੁਹਾਡੇ |
| ਥਿਰਾਨੇ | ਠਹਿਰੇ, ਜਾਂ ਟਿਕੇ |

(ਦ)

| | |
|---|---|
| ਦਸਤਾਰ | ਪਗੜੀ |
| ਦਸੇਰੇ | ਦਸ ਸੇਰ ਦਾ ਵੱਟਾ |
| ਦਹਾ | ਸਾੜਿਆ |
| ਦਧਿ | ਦੁਧ |
| ਦਯਾਸਿੰਧ | ਦਇਆ ਦਾ ਸਮੁੰਦਰ |
| ਦਰਬ | ਪੈਸਾ, ਧਨ, ਦੌਲਤ |
| ਦ੍ਰਬੀਭੂਤ | ਪਸੀਜਣਾ |
| ਦ੍ਰਿਗਪੁਤਰੀ | ਅੱਖ ਦੀ ਪੁਤਲੀ |
| ਦਲ | ਫੌਜ, ਇਕੱਠ, ਸੰਮੂਹ |
| ਦ੍ਵਾਦਸਿ | ਬਾਰ੍ਹਾਂ |
| ਦ੍ਵਾਰਪਾਲ | ਪਹਿਰੇਦਾਰ |
| ਦ੍ਵੈ | ਦੋ |
| ਦ੍ਵੈਖ | ਦ੍ਵੈਸ਼, ਦੂਜਾ ਭਾਵ |
| ਦ੍ਵੈਤ | ਦੂਜਾ ਭਾਵ |
| ਦਹਿਨਾ | ਖੱਬਾ |
| ਦਾਮਨਿ | ਬਿਜਲੀ |
| ਦਾਮਨੀ | ਬਿਜਲੀ |
| ਦਾਰਿਦ | ਦਲਿਦਰ |
| ਦਾਰਾ | ਇਸਤਰੀ, ਪਤਨੀ |
| ਦਿਆਰਾ | ਦਇਆਲ |
| ਦਿਜ | ਬ੍ਰਾਹਮਣ, ਪੰਡਿਤ |
| ਦਿਨਕਰ | ਸੂਰਜ |
| ਦਿਨੇਸ਼ | ਸੂਰਜ |
| ਦਿਪਤ | ਜਗਦੀ, ਬਲਦੀ, ਮਚਦੀ |
| ਦਿਵਾਕਰ | ਸੂਰਜ |
| ਦੀਰਘ | ਵੱਡਾ, ਵੱਡੇ ਆਕਾਰੀ |
| ਦੁਖਭੰਜਨ | ਦੁੱਖਾਂ ਦਾ ਨਾਸ਼ ਕਰਨ ਵਾਲਾ |

| | |
|---|---|
| ਦੁਗਾੜਾ | ਗੋਲੀ |
| ਦੁਤੀਆ ਕਾ ਚੰਦੂ | ਦੂਜ ਦਾ ਚੰਦ |
| ਦੁਤੀਯਾ | ਦੂਸਰਾ |
| ਦੁਰਗ | ਕਿਲਾ, ਕੋਟ |
| ਦੁਰਾਵਾ | ਲੁਕਾਇਆ, ਛੁਪਾਇਆ |
| ਦੁਲਭ | ਦੁਰਲਭ |
| ਦੇਗ | ਲੰਗਰ |
| ਦੇਰਬਹੀਨੇ | ਦੇਰ ਬਿਨਾ, ਤੁਰੰਤ |
| ਦੇਵਤਰੂ | ਕਲਪ ਬ੍ਰਿਛ |
| ਦੰਭ | ਪਾਖੰਡ |
| ਦੰਪਤੀ | ਜੋੜੀ, ਪਤੀ ਪਤਨੀ |

(ਧ)

| | |
|---|---|
| ਧਰ | ਧਰਤੀ |
| ਧਰਾ | ਧਰਤੀ |
| ਧ੍ਰਾਪੀਆ | ਤ੍ਰਿਪਤੀ, ਸੰਤੁਸ਼ਟੀ |
| ਧ੍ਰਿਸਟ | ਬੇਸ਼ਰਮ, ਢੀਠ |
| ਧਿਕ ਧਿਕ | ਧ੍ਰਿਗ ਧ੍ਰਿਗ, ਫਿਟੇ ਮੂੰਹ |
| ਧਾਮ | ਘਰ, ਭਵਨ |
| ਧਿਕਾਰ | ਲਾਹਨਤ, ਫਿਟਕਾਰ |
| ਧ੍ਵਜ | ਧਜ, ਝੰਡਾ, ਨਿਸ਼ਾਨ |
| ਧੇਨ | ਗਾਂ |

(ਨ)

| | |
|---|---|
| ਨਖਤ੍ਰ | ਨਛੱਤਰ, ਗ੍ਰਹਿ, ਸਿਤਾਰੇ |
| ਨਟੀ | ਨਰਤਕੀ, ਨੱਚਣਵਾਲੀ |
| ਨਮਾਨਿ | ਨਮੋ, ਨਮਸਕਾਰ |
| ਨਫੀਰੈਂ | ਇਕ ਵੱਜਣ ਵਾਲਾ ਸਾਜ਼ |
| ਨਰਿੰਦ | ਰਾਜਾ |
| ਨਵਧਾ ਭਗਤੀ | ਨੌ ਪ੍ਰਕਾਰ ਦੀ ਭਗਤੀ |
| ਨਾਸਕਾ | ਨੱਕ |
| ਨਾਹਰ | ਸ਼ੇਰ |
| ਨਾਨ | ਰੋਟੀ ਤੰਦੂਰੀ |
| ਨਾਭ | ਨਾਭੀ, ਧੁੰਨੀ |

| | |
|---|---|
| ਨਾਯ | ਨਿਵਾਉਣਾ, ਝੁਕਾਉਣਾ |
| ਨਿਸ ਬਾਸਰ | ਰਾਤ ਦਿਨ |
| ਨਿਸਾ | ਰਾਤ |
| ਨਿਹਸੋਗ | ਸੋਗ ਰਹਿਤ |
| ਨਿਹਾਰੀ | ਦੇਖੀ |
| ਨਿਹਾਲੀ | ਰਜ਼ਾਈ |
| ਨਿਕਟੰਤੇ | ਨਜ਼ਦੀਕ |
| ਨਿਕੇਤ | ਘਰ, ਰਹਾਇਸ਼ਗਾਹ |
| ਨਿਦੇਸ | ਹੁਕਮ, ਆਦੇਸ਼ |
| ਨਿਤਾਣਾ | ਕਮਜ਼ੋਰ, ਬਲਹੀਣ |
| ਨਿਧੁ | ਖਜ਼ਾਨਾ |
| ਨਿਰਵਿਕਲਪ | ਫੁਰਨੇ ਰਹਿਤ, ਸੂਨਯ ਅਵਸਥਾ |
| ਨੀਗਰ | ਬੱਚਾ, ਮੁੰਡਾ |
| ਨੀਰਜ | ਕੰਵਲ |
| ਨੁਖਾ | ਨੂੰਹ |
| ਨੁਤ | ਯਸ, ਉਸਤਤ, ਮਹਿਮਾ |
| ਨੂਤਨ | ਨਵਾਂ, ਨਵੀਨ |
| ਨੂਪਰ | ਘੁੰਗਰੂ |
| ਨੇਤ ਨੇਤ | ਇਹ ਵੀ ਨਹੀਂ ਇਹ ਵੀ ਨਹੀਂ, ਭਾਵ ਅਨੰਤ, ਅਥਾਹ ਬੇਅੰਤ |
| ਨੌਤਨ | ਨਵਾਂ |
| ਨੌਕਾ | ਬੇੜੀ |

(ਪ)

| | |
|---|---|
| ਪਊਏ | ਖੜਾਵਾਂ |
| ਪਸਮਿ | ਉਨ, ਪਛਮ |
| ਪਹਾਰ | ਪਹਾੜ, ਪਰਬਤ |
| ਪਖਾਰੇ | ਧੋਤੇ |
| ਪਗਨ | ਪੈਰਾਂ ਤੇ, ਚਰਨਾਂ ਤੇ |
| ਪਚਹਾਰੇ | ਝਖ ਮਾਰ ਕੇ ਥੱਕ ਗਏ |
| ਪਛ | ਪੰਖ, ਖੰਭ- |
| ਪਟਬੀਜਨਾ | ਜੁਜਨੂੰ, ਟਟਹਿਣਾ |
| ਪਟੀਰ | ਇਕ ਪ੍ਰਕਾਰ ਦਾ ਚੰਦਨ |
| ਪਟੰਬਰ | ਕਪੜੇ |

| | |
|---|---|
| ਪਠ | ਭੇਜ |
| ਪਠੇ | ਪੜ੍ਹੋ |
| ਪਣਵ | ਛੋਟਾ ਨਗਾਰਾ ਜਾਂ ਢੋਲ |
| ਪਦ | ਚਰਨ |
| ਪਨਹੀ | ਜੁੱਤੀ |
| ਪਰਸਨ | ਪ੍ਰਸ਼ਨ, ਸਵਾਲ |
| ਪਰਨਾ | ਆਸਰਾ, ਓਟ |
| ਪਰਵਾਨਾ | ਖ਼ਤ, ਰੁੱਕਾ, ਲਿਖਤੀ ਸੁਨੇਹਾਂ |
| ਪ੍ਰਸਤ੍ਰ | ਪ੍ਰਸੂਤ |
| ਪ੍ਰਹਾਰ | ਵਾਰ, ਹਮਲਾ |
| ਪ੍ਰਤੱਛ | ਪ੍ਰਤੱਖ |
| ਪ੍ਰਥਕ | ਵੱਖ |
| ਪ੍ਰਦਛਨਾ | ਪਰਿਕਰਮਾ |
| ਪ੍ਰੇਮਾਧੀਨ | ਪ੍ਰੇਮ ਦੇ ਅਧੀਨ |
| ਪ੍ਰੇਯ | ਪਿਆਰਾ |
| ਪ੍ਰਯੰਕ | ਪਲੰਘ |
| ਪ੍ਰੋਜਨ | ਪ੍ਰਯੋਜਨ, ਮਨੋਰਥ, ਮੰਤਵ |
| ਪਯਾਨ | ਜਾਣਾ |
| ਪਯੋਨਿਧਿ | ਸਮੁੰਦਰ |
| ਪਲਨਾ | ਪੰਘੂੜਾ |
| ਪ੍ਰਧਾ | ਪਾਧਾ, ਪੰਡਿਤ |
| ਪਾਹਿਨ | ਪੱਥਰ |
| ਪਾਗੇ | ਰੰਗੇ ਹੋਏ |
| ਪਾਛਲ | ਪਿਛਲਾ, ਮਗਰਲਾ |
| ਪਾਦ | ਪੈਰ, ਚਰਨ |
| ਪਾਦ ਸੇਵਨ | ਚਰਨ-ਸੇਵਾ |
| ਪਾਨ | ਹੱਥ |
| ਪਾਵਨ | ਪਵਿੱਤਰ |
| ਪਿਸਟ | ਪਿੱਠ, ਕੰਡ |
| ਪਿੰਗ | ਪਿੰਗਲਾ, ਲੂਲਾ, ਅੰਗਹੀਣ |
| ਪਿਪਾਸਾ | ਪਿਆਸ |
| ਪਿਯੂਖ | ਅੰਮ੍ਰਿਤ |
| ਪਿਲਕਨ | ਪੀਲੂ, ਇਕ ਫਲ |

| | |
|---|---|
| ਪੀਤ | ਪੀਲਾ |
| ਪੀਨ | ਬਲਵਾਨ |
| ਪੁਆਰ | ਇਕ ਵਾਰ ਮਰਨ ਉਪ੍ਰੰਤ ਮੁੜ ਜੀ ਪੈਣ ਵਾਲੇ ਦੀ ਰੂਹ ਦੀ ਯਾਤਰਾ ਨੂੰ ਪੁਆਰ ਜਾਣਾ ਆਖਦੇ ਹਨ । |
| ਪੁਹਪ | ਫੁੱਲ |
| ਪੁਹਮੀ | ਧਰਤੀ |
| ਪੁਲਕਤ | ਲੂੰ ਕੰਡੇ ਖੜ੍ਹੇ ਹੋਣੇ, ਵਿਸਮਾਦ, ਰੁਮਾਂਚਿਤ ਹੋਣਾ |
| ਪੈ | ਦੁਧ |
| ਪੌਰੀ | ਪੌੜੀ |
| ਪੰਕਜ | ਕੰਵਲ |

(ਫ)

| | |
|---|---|
| ਫਾਗ | ਹੋਲੀ |
| ਫੀਲ | ਹਾਥੀ |
| ਫੂਲ | ਅਸਥੀਆਂ, ਹੱਡੀਆਂ |

(ਬ)

| | |
|---|---|
| ਬਸਨ | ਬਸਤਰ, ਕਪੜੇ |
| ਬਹਰਾ | ਬੋਲਾ |
| ਬਕਵਾਦ | ਬਕਵਾਸ, ਝਗੜਾ, ਮੰਦਾ ਬੋਲਣਾ |
| ਬਗੋਇ | ਬੋਲੇ । |
| ਬਜ੍ਰ | ਪੱਥਰ |
| ਬਟ | ਬੋਹੜ ਦਾ ਦਰਖਤ |
| ਬਟਮਾਰ | ਰਾਹਮਾਰ, ਲੁਟੇਰਾ |
| ਬਟੋਰੀ | ਇਕਤਰ ਕੀਤੀ |
| ਬਦ | ਮੰਦ, ਮਾੜੇ |
| ਬਦਕਾਰ | ਮੰਦੀ, ਮਾੜੇ ਕਰਮ ਕਰਨ ਵਾਲਾ |
| ਬਦਨ | ਚਿਹਰਾ, ਮੁਖੜਾ |
| ਬਧਕ | ਸ਼ਿਕਾਰੀ |
| ਬਧੂ | ਵਹੁਟੀ |
| ਬਧੂਟੀ | ਬਹੂ, ਨਾਰੀ |
| ਬਪਰੀਤ | ਉਲਟ, ਪ੍ਰਤਿਕੂਲ |
| ਬਪੁ | ਸਰੀਰ |
| ਬਯੋਤ | ਵਿਉਂਤ, ਸਕੀਮ |

| | |
|---|---|
| ਬਯੋਮ | ਖਗੋਲ |
| ਬਰਜਿਆ | ਰੋਕਿਆ |
| ਬ੍ਰਹਮਚਰਜ | ਜਤ-ਸਤ ਰਖਣਾ |
| ਬਿੰਦ | ਸੰਮੂਹ-ਇਕੱਠ |
| ਬੜਵਾ | ਅਗਨੀ |
| ਬਾਸਰ | ਦਿਨ |
| ਬਾਂਛੇ | ਚਹੁੰਦੇ ਹਨ |
| ਬਾਢੀ | ਤਰਖਾਣ |
| ਬਾਤ | ਹਵਾ, ਹਨੇਰੀ |
| ਬਾਪੀ | ਬਉਲੀ |
| ਬਾਬਲੀ | ਬਉਲੀ |
| ਬਾਂਮ | ਇਸਤਰੀ |
| ਬਿਸਮਯ | ਪ੍ਰਸੰਨ, ਹੈਰਾਨ |
| ਬਿਸੇਖ | ਵਿਸ਼ੇਸ਼, ਖ਼ਾਸ |
| ਬਿਕਰਾਲ | ਭਿਆਨਕ |
| ਬਿਖ | ਜ਼ਹਿਰ, ਵਿਸ਼ |
| ਬਿਖਾਦ | ਝਗੜਾ |
| ਬਿਖਿਆਨ | ਵਿਸ਼ੇ ਵਿਕਾਰਾਂ ਵਿਚ |
| ਬਿਜਨ | ਪੱਖਾ |
| ਬਿਤ | ਵਿੱਤ, ਧਨ, ਪੈਸਾ |
| ਬਿਦਾਰ | ਪਾੜਨ, ਚੀਰਨਾ, ਮਾਰਨਾ |
| ਬਿਪ੍ਰ | ਬ੍ਰਾਹਮਣ, ਪੰਡਿਤ |
| ਬਿਬ | ਦੂਸਰਾ |
| ਬਿਭਵ | ਵੈਭਵ, ਠਾਠ ਬਾਠ, ਸ਼ਾਨ |
| ਬਿਭੂਖਣ | ਗਹਿਣੇ |
| ਬਿਮਲ | ਨਿਰਮਲ, ਸਾਫ |
| ਬਲੋਕ | ਦੇਖ |
| ਬਿਲੰਦਾ | ਉਚਾ, ਬੁਲੰਦ |
| ਬਿਲੰਬ | ਦੇਰੀ |
| ਬੀਥਨ | ਗਲੀਆਂ ਵਿਚ |
| ਬੀਨ | ਚੁਣ |
| ਬੇਰੀ | ਬੇੜੀ |
| ਬੋਧ | ਗਿਆਨ, ਸਮਝ |

| | |
|---|---|
| ਬੌਰੇ | ਕਮਲੇ, ਪਾਗਲ, ਦੀਵਾਨੇ |
| ਬੰਕੇ | ਸੁੰਦਰ ਜਵਾਨ, ਪਤੀ |

(ਭ)

| | |
|---|---|
| ਭਟ | ਸੂਰਮਾ, ਬੀਰ, ਬਹਾਦਰ |
| ਭਾਹਿ | ਅਗਨੀ |
| ਭਾਨ | ਸੂਰਜ |
| ਭਾਨ | ਮੱਥਾ, ਲਟਾਟ, ਮਸਤਕ |
| ਭੀਤਰ | ਅੰਦਰ |
| ਭੀਨਾ | ਭਿਜਿਆ ਹੋਇਆ, ਲੀਨ |
| ਭੀਰੂ | ਕਾਇਰ, ਡਰਪੋਕ, ਡਰਾਕਲ |
| ਭੁਚੰਗੀ | ਜਵਾਨ |
| ਭੁਜ | ਬਾਂਹ |
| ਭੂਸਰ | ਬ੍ਰਾਹਮਣ |
| ਭੂਖਨ | ਗਹਿਣੇ, ਭੂਸ਼ਣ, ਅਲੰਕਾਰ |
| ਭੂਪ | ਰਾਜਾ |
| ਭੌਣ | ਭਵਨ, ਲੋਕ, ਘਰ |
| ਭੌਨ | ਭਵਨ, ਘਰ, ਲੋਕ |
| ਭੰਡਾਰਾ | ਲੰਗਰ, ਸਦਾ-ਵਰਤ |

(ਮ)

| | |
|---|---|
| ਮਸਲਤਿ | ਸਲਾਹ, ਮਸ਼ਵਰਾ |
| ਮਹੀ | ਧਰਤੀ |
| ਮਜਨ | ਇਸ਼ਨਾਨ |
| ਮਮ | ਮੇਰਾ |
| ਮਝਾਰ | ਵਿਚ |
| ਮਧੁਕਰ | ਭੌਰਾ, ਭੰਵਰਾ |
| ਮਨਿੰਦ | ਵਾਂਗ |
| ਮਨੁਜ | ਮਨੁੱਖ, ਲੋਕਾਈ |
| ਮਮ | ਮੇਰੀ |
| ਮਯਾ | ਕਿਰਪਾ, ਮਿਹਰ, ਦਯਾ |
| ਮਰਦਨ | ਮਾਲਿਸ਼, ਮਲਣਾ |
| ਮ੍ਰਿਗਪਤਿ | ਸ਼ੇਰ |
| ਮ੍ਰਿਗੇਸ਼ | ਸ਼ੇਰ, ਸਿੰਘ, ਨਾਹਰ, ਕੇਹਰ |

| | |
|---|---|
| | ਮਿਠੀ, ਮਧੁਰ |
| ਮ੍ਰਿਦੁ | |
| ਮਹਿਖੀ | ਮੱਝ |
| ਮਹਿਲਾ | ਇਸਤਰੀ, ਪਤਨੀ |
| ਮਨੀਖਾਵਾਨ | ਬੁਧੀਵਾਨ, ਗਿਆਨਵਾਨ ਵਿਦਵਾਨ |
| ਮਲੀਨੀ | ਮੰਦੀ, ਮਲੀਨ |
| ਮਾਂਝ | ਵਿਚ |
| ਮਾਨਕ | ਕੀਮਤੀ ਮੋਤੀ |
| ਮਾਰਤੰਡ | ਸੂਰਜ |
| ਮਿਸਟ | ਮਿੱਠਾ |
| ਮਿਸਟਾਂਨ | ਮਿਠਿਆਈਆਂ |
| ਮਿਥਿਆ | ਝੂਠਾ |
| ਮਿਰਗਿੰਦ | ਸ਼ੇਰ, ਸਿੰਘ |
| ਮਿਲਖ | ਜਾਇਦਾਤ |
| ਮੀਤ | ਮਿਤਰ |
| ਮੀਨਾ | ਮੱਛੀ |
| ਮੁਸਟਾ | ਮੁੱਠਾ |
| ਮੁਕੰਦ | ਮੁਕਤੀਦਾਤਾ |
| ਮੁਛਾਲੇ | ਮੁਛਾਂ ਵਾਲੇ |
| ਮੁਦ੍ਰਕਾ | ਪੈਸੇ, ਸਿੱਕੇ |
| ਮੂਰਛਤ | ਬੇਹੋਸ਼. ਬੇਸੁਧ |
| ਮੁਰੀਦ | ਚੇਲਾ, ਸਿਖ, ਸ਼ਿਸ਼ |
| ਮੂਕ | ਚੁੱਪ, ਗੂੰਗਾ |
| ਮੂੜ | ਮੂਰਖ, ਉਜੱਡ |
| ਮੂੜਨ | ਮੂਰਖਾਂ ਨੇ |
| ਮੂੰਡ | ਸਿਰ |
| ਮੇਰੰ ਤੇਰੰ | ਆਪਣਾ ਪਰਾਇਆ |
| ਮੋਖ | ਮੁਕ੍ਤੀ |
| ਮੰਗਤ ਜਨ | ਭਿਖਾਰੀ, ਮੰਗਤੇ |
| ਮੰਨੀਆਂ | ਰੋਟੀਆਂ |

(ਯ)

| | |
|---|---|
| ਯਦਪਿ | ਭਾਵੇਂ |
| ਯਮਨ | ਮੁਗਲ |

(ਰ)

| | |
|---|---|
| ਰਈਯਤ | ਪਰਜਾ |
| ਰਸਾਲ | ਰਸੀਲਾ |
| ਰਜਤ | ਚਾਂਦੀ |
| ਰੇਜੂ | ਰੱਸੀ |
| ਰਵਿ | ਸੂਰਜ |
| ਰਾਦਾ | ਰਿਨ੍ਹਿਆ, ਬਣਾਇਆ |
| ਰਾਣ | ਰਾਠ, ਸਿਰਦਾਰ, ਰਾਜਾ |
| ਰਾਕਾ ਸਸਿ | ਪੂਰਨਮਾਸ਼ੀ ਦਾ ਚੰਦਰਮਾ, ਪੁੰਨਿਆ ਦਾ ਚੰਨ |
| ਰਾਵਰ | ਆਪਦਾ, ਰਾਜ ਮਹਿਲ, ਰਨਿਵਾਸ |
| ਰਾਰੰ | ਝਗੜਾ, ਲੜਾਈ, ਯੁੱਧ |
| ਰਿਸ | ਗੁੱਸਾ |
| ਰਿਪਗਨ | ਦੁਸ਼ਮਨਾ ਦੀ ਫੌਜ |
| ਰਿਪੁਨ | ਦੁਸ਼ਮਨਾਂ ਨੂੰ |
| ਰੁਧਰ | ਖੂਨ, ਲਹੂ, ਰੱਤ |
| ਰੁਜ | ਰੋਗ, ਬਿਮਾਰੀ |
| ਰੂਰ | ਸੁੰਦਰ, ਰੂੜਾ |
| ਰੇਨ | ਧੂੜੀ |
| ਰੰਕ | ਗਰੀਬ, ਧਨਹੀਣ |
| ਰੰਚ | ਥੋੜ੍ਹਾ ਜਿਹਾ |

(ਲ)

| | |
|---|---|
| ਲਸ਼ਕਰ | ਫੌਜ |
| ਲਸਟਕਾ | ਡੰਡਾ, ਸੋਟੀ |
| ਲਖਣ | ਲੱਛਣ |
| ਲਖਨ | ਲੱਛਣ |
| ਲਘੁ | ਛੋਟਾ, ਲਘੂ |
| ਲਜਾਨੈ | ਸ਼ਰਮਿੰਦਾ |
| ਲਵਣ | ਲੂਣ, ਨਮਕ |
| ਲਾਜੁ | ਸ਼ਰਮ, ਹਿਯਾ |
| ਲਿਲਾਰ | ਮੱਥਾ, ਲਲਾਟ, ਭਾਲ |
| ਲੋਚਨ | ਅੱਖੀਆਂ, ਨੇਤਰ |
| ਲੋਪ | ਅਲੋਪ |
| ਲੌਪੁਰ | ਲਾਹੌਰ |

(ਵ)

| | |
|---|---|
| ਵਤ | ਵਾਂਗ, ਫਿਰ |
| ਵਤਾਰ | ਅਵਤਾਰ |
| ਵਰਣਾਸਰਮ | ਵਰਣ-ਆਸ਼ਰਮ |
| ਵਿਸੂਰੇ | ਦੁੱਖ, ਝੋਰਾ |
| ਵਿਹੰਗਿ | ਪੰਖੀ |
| ਵਭੋ | ਵੈਭਵ, ਸ਼ਾਨ-ਸ਼ੌਕਤ |
| ਵਿਵੇਕ | ਗਿਆਨ |

## ਅੰਤਿਕਾ—3

## ਸਹਾਇਕ ਗ੍ਰੰਥਾਵਲੀ


| ਲੇਖਕ/ਸੰਪਾਦਕ ਦਾ ਨਾਂ | ਪੁਸਤਕ ਦਾ ਨਾਂ | ਪ੍ਰਕਾਸ਼ਕ |
|---|---|---|
| ਉਤਮ ਸਿੰਘ ਭਾਟੀਆ (ਡਾ.) | ਤੁਲਸੀ ਰਾਮਾਇਣ ਤੇ ਕਾਲੀਦਾਸ ਰਾਮਾਇਣ-ਤੁਲਨਾਤਮਕ ਅਧਿਐਨ | ਪਵਿਤਰ ਪ੍ਰਮਾਣਿਕ ਪ੍ਰਕਾਸ਼ਕ, ਪਟਿਆਲਾ |
| ਓਮ ਪ੍ਰਕਾਸ਼ ਸ਼ਰਮਾ (ਡਾ.) | ਅਲੰਕਾਰ ਵਿਧਾਨ | ਪੰਜਾਬ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ। |
| ਈਸ਼ਰ ਸਿੰਘ ਨਾਰਾ | ਰਾਜਾ ਜੋਗੀ ਇਤਿਹਾਸ ਬਾਬਾ ਸਾਹਿਬ ਸਿੰਘ ਬੇਦੀ | ਨਾਰਾ ਪਬਲੀਕੇਸ਼ਨ ਦਿਲੀ (ਦੂਜੀ ਛਾਪ) |
| ਸਤੇਂਦਰ (ਡਾ.) | ਪਾਂਡੁਲਿਪੀ ਵਿਗਿਆਨ | ਰਾਜਸਥਾਨ ਸਾਹਿਤਯ ਅਕੈਡਮੀ ਜੈਪੁਰ-1978 |
| ਸੁਰਿੰਦਰ ਸਿੰਘ ਕੋਹਲੀ (ਡਾ.) | ਪੰਜਾਬੀ ਸਾਹਿਤ ਦਾ ਇਤਿਹਾਸ | ਲਾਹੌਰ ਬੁਕ ਸ਼ਾਪ ਲੁਧਿਆਣਾ (ਦੂਜੀ ਛਾਪ) |
| | ਪੰਜਾਬੀ ਸਾਹਿਤ ਕੋਸ਼ (ਦੋ ਜਿਲਦਾਂ) | ਪੰਜਾਬ ਯੂਨੀਵਰਸਿਟੀ ਚੰਡੀਗੜ੍ਹ। |
| ਸ਼ਮਸ਼ੇਰ ਸਿੰਘ ਅਸ਼ੋਕ | ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੋਇਰ ਸਿੰਘ | ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪਹਿਲੀ ਛਾਪ) |
| ਸੰਤ ਸਿੰਘ ਸੇਖੋਂ (ਪ੍ਰੋ.) | ਸਾਹਿਤਿਆਰਥ, | ਲਾਹੌਰ ਬੁਕ ਸ਼ਾਪ, ਲੁਧਿਆਣਾ-1957 |
| | ਪੰਜਾਬੀ ਬੋਲੀ ਦਾ ਇਤਿਹਾਸ | ਭਾਸ਼ਾ ਵਿਭਾਗ, ਪਟਿਆਲਾ-1961 |
| ਕਾਨ੍ਹ ਸਿੰਘ (ਭਾਈ) | ਮਹਾਨ ਕੋਸ਼ | ਭਾਸ਼ਾ ਵਿਭਾਗ, ਪੰਜਾਬ ਤੀਜੀ ਛਾਪ |
| | ਗੁਰਛੰਦ ਦਿਵਾਕਰ | —ਉਹੀ— (ਦੂਜੀ ਛਾਪ) |

| | | |
|---|---|---|
| ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ | ਸ੍ਰੀ ਗੁਰੂ ਗ੍ਰੰਥ ਕੋਸ਼ (ਦੂਜੀ ਛਾਪ) | |
| ਗਣਪਤਿ ਚੰਦ੍ਰ ਗੁਪਤ (ਡਾ.) | ਹਿੰਦੀ ਸਾਹਿਤਯ ਕਾ ਵੈਗਿਯਾਨਕ ਇਤਿਹਾਸ | ਭਾਰਤੇਂਦੂ ਭਵਨ, ਚੰਡੀਗੜ੍ਹ-1965 |
| ਗਯਾਨ ਸਿੰਘ (ਗਿ.) | ਤਵਾਰੀਖ਼-ਗੁਰੂ ਖਾਲਸਾ | ਭਾਸ਼ਾ ਵਿਭਾਗ, ਪਟਿਆਲਾ। |
| ਗੁਰਸ਼ਰਨ ਕੌਰ ਜੱਗੀ (ਡਾ.) | ਭਾਰਤੀ ਕਾਵਿ ਸ਼ਾਸਤ੍ਰ | ਨਵਯੁਗ ਪਬਲਿਸ਼ਰ, ਦਿੱਲੀ (ਪਹਿਲੀ ਛਾਪ) |
| ਗੁਰਦੇਵ ਸਿੰਘ (ਡਾ.) | ਜਨਮ ਸਾਖੀ-ਗੁਰੂ ਨਾਨਕ ਸ਼ਾਹ ਕੀ | ਪੰਜਾਬੀ ਯੂਨੀਵਰਸਿਟੀ, ਪਟਿਆਲਾ-1985 |
| ਗੁਰਮੁਖ ਸਿੰਘ (ਡਾ.) | ਸੇਵਾਪੰਥੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ | ਭਾਸ਼ਾ ਵਿਭਾਗ ਪਟਿਆਲਾ 1986 |
| | ਗੁਰੂ ਨਾਨਕ ਬੰਸ-ਪ੍ਰਕਾਸ਼ | ਪੰਜਾਬੀ ਯੂਨੀਵਰਸਿਟੀ, ਪਟਿਆਲਾ-1986 |
| ਗੋਬਿਦ ਸਿੰਘ ਲਾਂਬਾ (ਡਾ.) | ਪੰਜਾਬੀ ਹੱਥ ਲਿਖਤ ਸਾਹਿਤ : ਖੋਜ ਤੇ ਖੋਜ ਵਿਧੀ | ਅਮਰਜੀਤ ਸਾਹਿਤ ਪ੍ਰਕਾਸ਼ਨ। ਪਟਿਆਲਾ-1981 |
| ਗੰਡਾ ਸਿੰਘ (ਡਾ.) | ਸ੍ਰੀ ਗੁਰ ਸੋਭਾ-ਸੈਨਾਪਤੀ | ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪਹਿਲੀ ਛਾਪ) |
| ਜਸਬੀਰ ਸਿੰਘ ਸਾਬਰ (ਡਾ.) ਗੁ. ਨਾ. ਯੂ. ਅੰਮ੍ਰਿਤਸਰ | ਗੁਰਬਿਲਾਸ ਬਾਬਾ ਸਾਹਿਬ ਸਿੰਘ ਬੇਦੀ : ਇਕ ਅਧਿਐਨ (ਅਣਛਪਿਆ ਖੋਜ ਪੱਤਰ) | |
| ਜੀਤ ਸਿੰਘ ਸੀਤਲ (ਡਾ.) | ਪੰਜਾਬੀ-ਸਾਹਿਤ ਦਾ ਆਲੋਚਨਾਤਮਕ ਇਤਿਹਾਸ | ਪੈਪਸੂ ਬੁਕ ਡੀਪੂ, ਪਟਿਆਲਾ |
| ਜੈ ਭਗਵਾਨ ਗੋਇਲ (ਡਾ.) | ਗੁਰ ਪ੍ਰਤਾਪ ਸੂਰਜ (ਸੰਖਿਪਤ) | ਪੰਜਾਬੀ ਯੂਨੀਵਰਸਿਟੀ, ਪਟਿਆਲਾ |
| | ਗੁਰੂ ਬਿਲਾਸ ਪਾਤਸ਼ਾਹੀ ੧੦ (ਹਿੰਦੀ) | ਭਾਸ਼ਾ ਵਿਭਾਗ, ਪੰਜਾਬ, ਪਟਿਆਲਾ। |

| | | |
|---|---|---|
| ਦੇਵਿੰਦਰ ਸਿੰਘ ਵਿਦਿਆਰਥੀ (ਡਾ.) | ਪੰਜਾਬੀ ਵਿਚ ਖੋਜ : ਸੰਭਾਵਿਨਾ ਤੇ ਸੇਧ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ-1979 |
| ਪਰਸੂਰਾਮ ਚਤੁਰਵੇਦੀ (ਆ.) | ਉਤਰੀ ਭਾਰਤ ਕੀ ਸੰਤ ਪਰੰਪਰਾ | ਭਾਰਤੀ ਭੰਡਾਰ, ਪ੍ਰਯਾਗ (ਪਹਿਲੀ ਛਾਪ) |
| ਪ੍ਰੇਮ ਸਿੰਘ (ਬਾਵਾ) | ਸਿਖ ਰਾਜ ਦੇ ਉਸਰੀਏ ਮਹਾਰਾਜਾ ਰਣਜੀਤ ਸਿੰਘ | ਲਾਹੌਰ ਬੁਕ ਸਾਪ, (ਦੂਜੀ ਛਾਪ) |
| ਪ੍ਰੇਮ ਪ੍ਰਕਾਸ਼ ਸਿੰਘ | ਭਾਰਤੀ ਕਾਵਿ ਸ਼ਾਸਤਰ | ਲਾਹੌਰ ਬੁਕ ਸ਼ਾਪ, ਲੁਧਆਣਾ (ਤੀਜੀ ਛਾਪ) |
| ਪਿਆਰਾ ਸਿੰਘ ਪਦਮ | ਸ੍ਰੀ ਗੁਰੂ ਗ੍ਰੰਥ ਸੰਕੇਤ ਕੋਸ਼ | ਪੰਜਾਬੀ ਯੂਨੀਵਰਸਿਟੀ, ਪਟਿਆਲਾ-1977 |
| ਪੰਜਾਬੀ ਯੂਨੀਵਰਸਿਟੀ, ਪਟਿਆਲਾ | ਪੰਜਾਬੀ ਸਾਹਿਤ ਕੋਸ਼ (ਪਹਿਲਾ ਭਾਗ) | ਪੰਜਾਬੀ ਯੂਨੀਵਰਸਿਟੀ, ਪਟਿਆਲਾ) |
| | ਪੰਜਾਬੀ ਸ਼ਬਦ ਜੋੜ ਕੋਸ਼ (ਸੱਤ ਹਿੱਸੇ) | |
| ਭਾਸ਼ਾ ਵਿਭਾਗ, ਪੰਜਾਬ, | ਹਿੰਦੂ ਮਿਥਿਹਾਸ ਕੋਸ਼ (ਪੰਜਾਬੀ ਅਨੁਵਾਦ | |
| | ਪੰਜਾਬੀ ਹੱਥ ਲਿਖਤਾ ਦੀ ਸੂਚੀ (ਦੋ ਭਾਗ) | |
| | ਗੁਰ ਬਿਲਾਸ ਪਾਤਸ਼ਾਹੀ ਛੇਵੀਂ (ਪਹਿਲੀ ਛਾਪ) | |
| ਰਤਨ ਸਿੰਘ ਜੱਗੀ (ਡਾ.) | ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ ਬੰਸਾਵਲੀ ਨਾਮਾਂ ਦਸਾਂ ਪਾਤਸ਼ਾਹੀਆਂ ਕਾ ਕੇਸਰ ਸਿੰਘ ਛਿੱਬਰ | ਨੀਊ ਬੁਕ ਕੰਪਨੀ, ਜਲੰਧਰ |
| | 'ਪਰਖ' ਵਿਸ਼ੇਸ਼ ਅੰਕ | ਪੰਜਾਬ ਯੂਨੀਵਰਸਿਟੀ, ਪਟਿਆਲਾ। |
| ਰਤਨ ਸਿੰਘ ਭੰਗੂ (ਸ਼ਹੀਦ) | ਪ੍ਰਾਚੀਨ ਪੰਥ ਪ੍ਰਕਾਸ਼ | ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ (ਪਹਿਲੀ ਛਾਪ) |
| ਲਲਿਤਾ ਪ੍ਰਸਾਦ ਦੁਬੇ | ਹਿੰਦੀ ਭਕਤ ਵਾਰਤਾ ਸਾਹਿਤਯ | ਸਾਹਿਤਯ ਸਦਨ, ਦੇਹਰਾਦੂਨ-1967 |

| | | |
|---|---|---|
| ਵੀਰ ਸਿੰਘ (ਭਾਈ) | ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ<br>ਪੁਰਾਤਨ ਜਨਮ ਸਾਖੀ | ਖਾਲਸਾ ਸਮਾਚਾਰ, ਅੰਮ੍ਰਿਤਸਰ |
| ਵੀਰ ਸਿੰਘ ਬੱਲ | ਗੁਰਕੀਰਤ ਪ੍ਰਕਾਸ਼ (ਸੰਪਾਦਕ ਡਾ. ਗੁਰਬਚਨ ਕੌਰ)<br>ਸਿੰਘ ਸਾਗਰ (ਸੰਪਾਦਕ ਡਾ. ਕ੍ਰਿਸ਼ਨਾ ਬਾਂਸਲ) | ਪੰਜਾਬੀ ਯੂਨੀਵਰਸਿਟੀ, ਪਟਿਆਲਾ<br>" " " |